Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਤਵਾਰੀਖ ਗੁਰੂ ਖਾਲਸਾ

ਗਿਆਨੀ ਗਿਆਨ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ।

ਸੋਰਠਾ।

ਏਕ ਅਕਾਲ ਦਯਾਲ ਸਤ ਚਿਤ ਆਨੰਦ ਰੂਪ ਪ੍ਰਭੂ। ਬ੍ਯਾਪਕ ਬਿੰਸ੍ਵ ਬਿਸਾਲ ਨਭ ਸਮ ਸਭ ਮੈਂ ਫਬ ਰਹ੍ਯੋ।੧।ਨਿਰਗੁਣ ਸਗੁਣ ਜੁਗ ਨਾਮ ਬੀਜ ਬ੍ਰਿੱਛ ਸਮ ਏਕ ਕੋ।ਨਿਜ ਉਪਾਸਨ ਸੁਖ ਧਾਮ ਭਜੈ ਜਸੋਂ ਪ੍ਰਭ ਮੈਂ ਤਿਸੈ।੨।ਏਕੋਂਅੀ [illegible] ਕਾਮ ਮੁਕ੍ਤਿ ਭੁਕ੍ਤਿ [illegible]

[illegible]

ਭਏ ਗੁਰੂ ਨਾਨਕ ਹੰਸ ਨਿਆਈ। ਦੇਸ ਬਿਦੇਸਨ ਮੇਂ ਅਟਕੇ ਭਟਕੇ ਸੁਭ ਬਾਨਿ ਗਿਆ
ਨ ਦ੍ਰਿੜਾਈ। ਕੁੱਲ ਸੁਲਾ ਉਪਦੇਸ ਅਮੁੱਲ ਦਯੋ ਜਿਸ ਤੁੱਲ ਨ ਕਾਹਿ ਕਦਾਈ। ਗਿਆ
ਨ ਹਰੀ ਸਤ ਨਾਮ ਤਰੀ ਪਰ ਚਾੜ ਭਵਾਂਬੁਧ ਬਿੰਸ੍ਰਿ ਤਰਾਈ। ੮॥ ਸ੍ਵੈ੦॥ ॥
ਸਾਖ ਸਹੀ ਗੁਰੂ ਸਿੱਖਨ ਕੀ ਅਭਿਲਾਖ ਸੁਲਾਖਨ ਲਾਖ ਭਰਾਈ। ਪੰਥ ਪ੍ਰਚਾਰ ਕ
ਰਯੋ ਨਿਰਮੱਲ ਅਚੱਲ ਗੁਰੂ ਸਿਖ ਰੀਤਿ ਚਲਾਈ। ਅੱਛਰ ਅੱਛ ਪ੍ਰਤੱਛ ਰਚੇ ਸਿ
ਖ ਦੱਛਨ ਕੋ ਬਿਦਯਾ ਬਰਦਾਈ। ਤਾਂ ਗੁਰੂ ਅੰਗਦ ਕੇ ਪਦ ਕੰਜ ਭਜੇ ਬਸੁਧਾ ਮਨਬੰ
ਛਤ ਪਾਈ। ੯॥ ਸ੍ਵੈ੦॥ ।ਕਰ ਸੇਵ ਅਤੀ ਸੁਮਤੀ ਗੁਰੁ ਤਾ ਲਿਯ ਬਾਦ ਨਿਬ
ਵਨ ਕੋ ਬਰਹੈ। ਤਪ ਕੇ ਬਲ ਠੌਰ ਤ੍ਰਿਬਿਸ ੨੨ ਸਦਾਬ੍ਰਤ ਮੋਖਦ ਭੋਗ ਦਏ ਧਰਹੈਂ। ਸੁਤ
ਮਾਤ ਪਿਤਾ ਗੁਰੂ ਨਾਂਹਿ ਮਰਯੋ ਸਮ ਰਾਮ ਰਹੇ ਜਬ ਲੌ ਧਰਹੈਂ। ਅਬ ਤਾਂ ਗੁਰ ਈਸਰ
ਤੀਸਰ ਕੋ ਬਹੁ ਬਾਰ ਕਬੀਸ ਨਮੋਂ ਕਰਹੈ। ੧੦॥ ਕਬਿੱਤੁ। ।ਸੋਢ ਬੰਸ ਹੰ
ਸ ਅਵਤੰਸ ਨਿਤ ਸੀਸ ਈਸ ਅੰਸ ਪਰਸੀਸ ਜੋਗ ਬੀਸ ਬਿਰਧਾਇਕੈ। ਕਲਪ ਤਰੋ
ਵਰ ਸਰੋਵਰ ਸੁਧਾ ਰਚਾਇ ਸੁਖਦ ਮਹੋਦਰ ਬੈਕੁੰਠ ਸਭ ਨ੍ਹਾਇਕੈ। ਭੂ ਗਤੀ ਪ੍ਰੇਮਸਾ
ਨੀ ਉਚਰੀ ਮਹਾਨੀ ਬਾਨੀ ਦਾਨੀ ਫਲ ਚਾਰ ਜੌ ਵਿਚਾਰ ਗਯਾਨ ਦਾਇਕੈਂ। ਗੁਰੂ ਅਮਦ
ਸ ਆਸ ਤੋਸ ਖਾਸ ਦਾਸਨ ਕੀ ਜੀਜੀਏ ਨਿਵਾਸ ਮੇਂ ਅਵਾਸ ਉਰ ਆਇਕੈ। ੧੧॥
ਕ੦॥ ।ਕਲਪ ਪ੍ਰਜੰਤ ਗੁਰ ਮਤ ਥਿਤ ਕਰ ਬੇਕੋ ਤੀਰਥ ਨਗਰ ਗੁਰੂ ਗੀਥ ਰਚੇ
ਸਾਰਹੈਂ। ਬਿਆਸ ਜੋਂ ਸਮਾਸ ਗੁਰੂ ਮਤ ਕੋ ਪ੍ਰਕਾਸ ਕੀਨ ਬਾਂਧੀ ਮਰਯਾਦ ਬੇਤਦਾਦ
ਸੁਖਕਾਰਹੈਂ। ਬੇਦ ਤੈ ਕਿਤੇ ਬਨ ਬਿਚਾਰ ਕੈ ਨਿਕਾਰ ਸਾਰ ਗੁਰੂ ਗੀਥ ਪੋਤ ਕੀਓ ਜੀਵ
ਗਨ ਤਾਰਹੈਂ। ਸੁਖ ਸਬ ਦਾਯਕੈਂ ਬਿਧਾਨਨੈਂ [illegible]

ਸਬ ਧਿਆਇ ਲਾਇ ਚਿਤ ਰੈਨ ਦਿਨਾ।ਹਰਿ ਗਿਆਨ ਦਾਨ ਬਿਗਿਆਨ ਚਹਿ ਪੂਰਨ ਭਏ
ਗਰੰਥ ਇਨਾ।੧੪॥ ।ਮੁਖ ਮਯੰਕ ਅਕਲੰਕ ਬੰਕ ਭ੍ਰਿਕੁਟੀ ਨਿਸੰਕ ਧਨਾ।ਕੰਜ
ਮੰਜ ਦ੍ਰਿਗ ਭੁੰਜ ਰੰਜ ਆਰਿਗੰਜ ਦੁਤਿ ਦਿਪਿ ਗਨਾ।ਅਦਨ ਬਦਨ ਛਬ ਕਦਨ ਮਦਨ ਦੁ
ਤਿ ਤੇਜ ਬਾਲ ਰਵਿ।ਪਰਮ ਜੋਤਿ ਉਦੋਤਿ ਸਤ੍ਰ ਖੱਦੋਤ ਲਹੇ ਦਬ।ਹਰਿ ਕ੍ਰਿਸ਼ਨ ਗੁਰੂ
ਸਮ ਬਿਸ਼ਨ ਨਹਿ ਕ੍ਰਿਸ਼ਨ ਜਿਸ਼ਨ ਕੀ ਕਥਾ ਕਹੋਂ।ਅਸ ਧਿਆਨ ਠਾਨ ਗੁਰੁ ਗਿਆਨ ਹਰਿਗਿਆ
ਨ ਗ੍ਰੰਥ ਪੂਰਨ ਚਹੋਂ।੧੫॥ ।ਰਿੱਧਿ ਸਿੱਧਿ ਸਮਰਿੱਧਿ ਸਿਧ ਪਰਸਿੱਧ ਜਗਤ੍ਰ ਗੁ
ਰੁ।ਦ੍ਰਿੜ੍ਹ ਬਬੇਕ ਵੈਰਾਗ੍ਯ ਗਿਆਨ ਬਗਿਆਨ ਸ਼ਾਂਤਿ ਉਰ।ਜਨਕ ਜਜਾਤੀ ਧਰਮ ਰਾ
ਜ ਸਮ ਰਾਜ ਜੋਗ ਭੁਰ।ਨਿਜ ਸਿਰ ਦੈ ਮਗ ਰਖ੍ਯੋ ਬੇਦ ਜਹਿ ਆਧਿਕ ਗਏ ਪੁਰ।
ਨਤ ਨਾਮ ਨਿਸ਼ਾਨ ਹਿੰਦੁ ਕੋ ਰਹਿਤੋ ਅਰਬ ਇਰਾਨ ਸਮਾ।ਵਹਿ ਨੇਮ ਗੁਰੂ ਗਹਿ ਨਮੋਂ
ਅਬ ਬਿਘਨ ਪਾਪ ਦੁਖ ਦਰੈਂ ਮਮਾ।੧੬॥ ।ਅੰਗ ਅੰਗ ਸੁਭ ਰੰਗ ਰੰਗ ਸਮਛ
ਬ ਤਰੰਗ ਉਠਾ।ਸਰਦ ਇੰਦੁ ਮੁਖ ਕੰਜ ਮੰਜ ਦ੍ਰਿਗ ਮੀਨ ਖੰਜ ਸੁਠਾ।ਛਬਿ ਅਦਪ ਸਾਨ
ਧ ਥੰਧ ਭੁਟ ਕਟ ਬਿਹੱਦ ਰਣਾ।ਠਾਨ ਪੰਥ ਹਿੰਦੁ ਦਾਨ ਬੇਦ ਮਗ ਰਖ੍ਯੋ ਛੱਤ੍ਰ ਪਣਾ।ਅ
ਸ ਗੁਰੂ ਗੋਬਿੰਦ ਅਰਿੰਦ ਕੇ ਪਦ ਅਰਬਿੰਦ ਮਲਿੰਦ ਭਯਾ।ਹਰਿ ਗਿਆਨ ਦਾਨ ਬਰ ਗਿਆ
ਨ ਚਹਿ ਭਏ ਗ੍ਰੰਥ ਇਹੁ ਇਤੀਅਯਾ।੧੭॥ ਸਵੈਯਾ। ।ਜਾਂ ਪਦ ਪੰਕਜ ਕੀਰ
ਜ ਪਾਇ ਤਰੇ ਤਮ ਸੇ ਜੜ ਜੀਵ ਅਪਾਰੋ।ਦੈਸਕ ਮੂਰਤਿ ਪੂਰਤਿ ਆਨੰਦ ਸੰਤ ਸਪੂਤ
ਗਵੰਤ ਉਦਾਰੋ।ਬੀਰ ਮ੍ਰਿਗੇਸ਼ ਬਿਸੇਸ਼ ਗੁਰੂ ਮਮ ਸੰਤ ਮਹੰਤ ਬ੍ਰਿਲਾਲਹਿ ਵਾਰੋ।ਤਾਂ
ਗੁਰੁ ਕੋ ਉਰ ਠਾਨ ਧਿਆਨ ਰਿਆਨ ਹਰੀ ਬਹੁ ਬਾਰ ਜੁਹਾਰੋ।੧੮॥ ਦੋਹਰਾ।
ਸ੍ਰੀ ਨਖੱਤ੍ਰ ਮ੍ਰਿਗੇਸ਼ ਜੋ ਬਿੱਦਿਆ ਗੁਰੁ ਮਮ ਵਾਹਿ।ਚਰਨ ਕਵਲ ਭਜ ਤਿਨੋਂ ਕੇ ਰਚੋਂ ਗ੍ਰੰ
ਥ ਅਬ ਜਾਹਿ।੧੯॥ ਚੌਪਈ। ।ਸਰਬ ਸ਼ਕ੍ਤਿ ਯੁਤ ਜਗਤ ਪਤੀ ਜੋ।ਰ
ਚਨਾ ਰਚਤ ਬਚਿੱਤ੍ਰ ਅਤੀ ਸੋ।ਏਕ ਬੂੰਦ ਪਾਨੀ ਤੇ ਪੈਦਾ।ਕਿਆ ਕਿਆ ਕਰਹੈ ਰੂਪ ਅਲੈ
ਦਾ।ਮੋਰ ਪੰਖ ਕੇ ਰੰਗ ਰੂਪ ਜੋ।ਚਮਕ ਦਮਕ ਨਕਸ਼ੇ ਅਨੂਪ ਸੋ।ਸੁਰ ਨਰ ਕੋਊ ਗਿ
ਨਨ ਸਕੇ ਹੈ।ਰਚਨੇ ਕੀ ਸ਼ਕਤੀ ਕਿਸ ਮੇਂ ਹੈ।ਅਜਬ ਅਨੋਖੀ ਜਗ ਫੁਲਵਾਰੀ।ਚਮ
ਨ ਸੁਮਨ ਬਿਬਧਾ ਗੁਲਕਾਰੀ।ਤਰੀ ਪਾਂਖੁਰੀ ਸ੍ਵਾਦ ਸੁਰੰਗੀ।ਰੰਗ ਢੰਗ ਬਹੁ ਅੰਗ
ਅਸੰਗੀ।ਗੁਨ ਰਸ ਰੂਪ ਅਨੂਪ ਸਜੀਲੋ।ਛਕੇ ਛੈਲ ਛਬ ਛੈਲ ਛਬੀਲੋ।ਕੱਦ ਬ
ਬੂਟ ਜੋਦ ਬਹੁਤੇ ਹੈਂ।ਜੰਦਰ ਇਕ ਤੇ ਇਕ ਚੜ੍ਹਤੇ ਹੈਂ।ਨਕਸ਼ ਨਗਾਰ ਨਾਮ ਨਿਕਤਾਏ

Digitized by Panjab Digital Library | www.panjabdigilib.org

।ਜੋਬਨ ਜੋਮ ਜੋਸ਼ ਜਬ ਗਾਈ।ਚਮਤਕਾਰ ਚੁਸਤੀ ਚਾਲਾਕੀ।ਨਖਰਾ ਦਾਇ ਅਦਾ
ਇ ਨਜ਼ਾਕੀ।ਲਿਰਕਨ ਲਫਨ ਲੋਲ ਲਹਿਰਾਵਨਾ।ਚਟਕ ਪਟਕ ਤਾ ਮਟਕ ਦਿਖਾਵ
ਨਾ।ਖਿਰੇ ਅਿਰੇ ਅਧਖਿਰੇ ਫੁਰੇਕੋ।ਫੈਲੇ ਫੂਲੇ ਫਬੇ ਫਰੇਕੋ।ਚਿਤਵਨ ਚਖਨ ਚਤੁ
ਰਾਇਤ ਚੋਰਤਾ।ਮੋਹਿਤ ਹੋਇ ਨ ਕੋ ਹਿਤ ਜੋਰਤਾ।ਹਠੇ ਭਰੇ ਮਦਮਦੇ ਚੁਵਤ ਰਸਾ।ਰਸੀ
ਆ ਆਸ਼ਕ ਭੌਰ ਰਹੇ ਫਸਾ।ਚਿਕਨੇ ਚਪਲ ਸਾਫ ਸੁਧ ਤੀਖੇ।ਅਧਿਕ ਆਮੀ ਤੈ ਬਿਖ
ਤੈ ਥੀਖੇ।ਦਾਰਣ ਦੁਖ ਦਰੋਗ ਨਸਾਵਨਾ।ਰੋਗ ਸੋਗ ਲਾਵਨ ਮੇਟਾਵਨਾ।ਅਨਕੂ
ਲੈਂ ਕਾਹੂ ਪ੍ਰਤਿ ਕੂਲੈਂ।ਖਟ ਰਸ ਅਿਠ ਰਸ ਅਨਿਕ ਅਤੂਲੈਂ।ਭਾਂਤ ਅਨੰਤੈ ਦੇਤ ਜਾਇ
ਕੈ।ਮੋਦ ਪ੍ਰਮੋਦ ਬਿਨੋਦ ਦਾਇਕੈਂ।੨੦॥ ਦੋਹਰਾ। ।ਆਧਿਭੂਤ ਬਾਜ਼ੀ ਜਗ
ਤ ਸਬ ਰਚੀ ਚੂਚਰ ਕਰਤਾਰ।ਜੜ੍ਹ ਚੇਤਨ ਜੁਗ ਭਾਂਤ ਕੀ ਬਰਨਨ ਕਰੀ ਉਦਾਰ।
੨੧॥ਸੁਰ ਨਰ ਮੁਨਿ ਜਨ ਅਸੁਰ ਗਨ ਪਸੁ ਪੰਛੀ ਲੈ ਆਹਿ।ਭ੍ਰਮ ਰਹੇ ਸਬ ਭ੍ਰਮਰ
ਜਿਮੋ ਮੋਹਿਤ ਵ੍ਹੈ ਇਸ ਮਾਂਹਿ।੨੨।ਹਰ ਹਰ ਮੈਂ ਮੈਂ ਭਰ ਰਹੀ ਓਤ ਪੋਤ ਪ੍ਰਭ ਜੋਤ।ਬੀ
ਜ ਬ੍ਰਿੱਛ ਸਮ ਏਕ ਬਪੁ ਸਬ ਕਿਛੁ ਪ੍ਰਭੁ ਤੈ ਹੋਤ।੨੩॥(ਆਪੇ ਰਸੀਆ ਆਪ ਰਸ
ਆਪੇ ਰਾਵਣਹਾਰਾ।ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰਾ। ਆਪੇ ਬਹੁ ਬਿਧਿ ਰੰਗ
ਲਾ ਸਖੀਏ ਮੇਰਾ ਲਾਲਾ।ਗੁਰੂ ਨਾਨਕ ਜੀ ਇਸੀ ਬਿਧਿ ਬੋਲੇ ਬਚਨ ਰਸਾਲਾ।੨੪॥
ਚੌਪਈ। ।ਪ੍ਰਭੂ ਬਿਅੰਤ ਸ਼ਕਤਿ ਅਨੰਤੈ।ਰਚਨਾ ਕਾ ਕੋਊ ਲਹੇ ਨ ਅੰਤੈ।ਕੁ
ਦਰਤ ਕਾਮਲ ਉਸਕੀ ਵੈਹੈ।ਪਲ ਮੇਂ ਕੁਛ ਤੇ ਕੁਛ ਦਿਖਟੈਹੈ।ਜਲ ਮੇਂ ਥਲ ਥਲ ਮੇਂ
ਜਲ ਭਰਹੈ।ਉਸਤੇ ਫਾਹੇ ਫਾਹਿ ਉਸਰ ਹੈ।ਰਾਵਣ ਮਨੂ ਦਲੀਪ ਅਵੇਹੈ।ਦਾਰਾ
ਔਰ ਸਿਕੰਦਰ ਜੇਹੈ।ਬਡੇ ਬਡੇ ਆਨੂਜ ਭੁਗੈਹੈ।ਦਏ ਮੌਤ ਕੇ ਪੰਜੇ ਮੈ ਹੈ।ਨੌਬਤ ਦੋ
ਦਿਨ ਚਲੇ ਬਜਾਹੈਂ।ਨਾਮ ਨਿਸ਼ਾਨ ਰਹਾਏ ਨਹਿ ਕਾਹੈਂ।ਜਗ ਜੀਵਨ ਨਹਿ ਸਦਾ ਪਿਅ
ਰੇ।ਸਿਰ ਪਰ ਬਜਹੈਂ ਕਾਲ ਨਗਾਰੇ।ਜੋ ਦਮ ਆਇ ਗਨੀਮਤ ਜਾਨੋ।ਇਕ ਦਿਨ ਕਰ
ਨਾ ਹੋਇ ਪਯਾਨੋ।ਪੈਗੰਬਰ ਅਵਤਾਰ ਫਕੀਰਾ।ਦੱਤ ਦਿਗੰਬਰ ਵਲੀ ਅਮੀਰਾ।ਜਿ
ਸ ਜਿਸ ਕੋ ਜਮ ਆਇ ਪੁਕਾਰੇ।ਉਠ ਉਠ ਚਲੇ ਗਏ ਬਿਨ ਬਾਰੇ।ਉਸਕਾ ਅੰਤ ਕਿਨੇ
ਨਹੀਂ ਪਾਯਾ।ਤਾਂ ਹੀ ਤੇ ਬੇਅੰਤ ਕਹਾਯਾ।ਥੋੜ੍ਹੇ ਅਕਲ ਇਲਮ ਕੇ ਗੋਰੇ।ਗਏ ਦੂਰਾਇ
ਦੂਰਾਵਤ ਔਰੈਂ।ਬੀਆਬਾਨ ਮੈਦਾਨ ਏਸ ਕਾ।ਅਬ ਲੌ ਭੇਤ ਨ ਕੋਊ ਲੇ ਸਕਾ।ਫਿਰ
ਫਤ ਫਿਤ ਹੀ ਹੈ ਗਏ।ਤੂੰ ਤੂੰ ਕਰਤੇ ਤੂੰ ਹੀ ਭਏ।ਲੂਨ ਡਲੀ ਸਿੰਧੁ ਥਾਹ ਲੈਨ ਜਿਯੋਂ

Digitized by Panjab Digital Library | www.panjabdigilib.org

ਈਸੁਈ ਜਲ ਰੂਪ ਐਨ ਤਯੋਂ।ਪ੍ਰਭੁ ਕੇ ਗੁਨ ਗਨ ਬਰਨਨ ਵਾਰੋ।ਅੰਤ ਨ ਲਹਿਤ ਮਲ
ਤਤਿਸ ਨਰੋ।ਇਕ ਮੁਖ ਸੇਂ ਕਹਿ ਸਰਬ ਜਹਾਨੀ।ਦ੍ਵੈ ਮੁਖ ਸਰਪ ਜੀਭ ਦ੍ਵੈ ਠਾਨੀ।
ਬਿਸ੍ਰਕ ਸੇਨ ਤੀਨ ਮੁਖ ਕੀਨੋ।ਅਜ ਸ਼ਿਵ ਚਾਰ ਪਾਂਚ ਧਰ ਲੀਨੋ।ਖਟ ਮੁਖ ਸ਼ਿਵ ਸੁਤ
ਬੈਠੋ ਬਨ ਹੈ।ਉੱਚੈ ਸ੍ਰਵਾ ਸਪਤ ਮੁਖ ਭਨ ਹੈ।ਕਰੇ ਅਸ੍ਵ ਨੌ ਦੇਵਨ ਔਰਨਾ।ਰਾਵਨ
ਦਸ ਠਟ ਲੀਨੇ ਫੈਰਨਾ।ਕਾਲੀ ਬਾਸਕ ਸੈ ਸੈ ਧਰੋ।ਸ਼ੇਸ਼ ਸਹੱਸ੍ਰ ਇਸੀ ਹਿਤ ਕਰੋ।
ਰਟਤ ਨਾਮ ਗੁਨ ਕਰਮ ਹਰੀ ਕੋ।ਤੌ ਭੀ ਅੰਤ ਨ ਲੇਤ ਜਰੀ ਕੋ।ਸਾਰਦ ਨਾਰਦ ਬੇਦ ਅ
ਦਿ ਸਬਾ।ਕਹਿਤ ਰਹਿਤ ਇਹੁ ਨੇਤਿ ਨੇਤਿ ਜਬਾ।ਪ੍ਰਭੁ ਕੇ ਗੁਨ ਗਨ ਗਿਨਨੇ ਵਾਰੋ।ਏਤ
ਨੇ ਬਡੇ ਬਡੇ ਜਬ ਹਾਰੋ।੨ ॥ ਦੋਹਰਾ। ।ਤਾਂਤੇ ਪ੍ਰਭੁ ਗੁਨ ਕਹਿਨ ਹਿਤ ਮ
ਮਇੱਛਆ ਤੁਛ ਐਸਾ।ਸਿੰਧੁ ਬਿੰਧੁ ਕਾਂ ਫੈਲਨਾ ਚੀਟੀ ਚਾਹੇ ਜੈਸਾ।੨ ॥ ਚੌਪਈ
॥ ।ਅੰਧ ਗਨੇ ਚਾਹੇ ਜੋ ਤਾਰੈਂ।ਪਿੰਗ ਅਟੋਂ ਚਹਿ ਬਾਈ ਧਾਰੈਂ।ਚਾਹੈ ਮੱਛਰ
ਮੇਰੂ ਉਠਾਵਨਾ।ਜਨਮ ਬਾਂਝ ਚਹਿ ਪੂਤ ਖਿਲਾਵਨਾ।ਖੁਸਰੀ ਸੁਤ ਚਹਿ ਪਤਿ ਸੰਜੋਗਸ
ਬਸਾ।ਅੰਧੀ ਮੁਰਗੀ ਚੋਗਾ ਖਸਖਸਾ।ਆਕਾਸ਼ ਮਨਈਆਂ ਖੇਪਾਂ।ਗਊਓ ਗ੍ਰਿਸ੍ਤੁ
ਸੇਂ ਕਹੇ ਅਲੇਪਾ।ਮਹਾ ਮਲੀਨ ਬੁੱਧਿ ਤਯੋਂ ਮੇਰੀ।ਬ੍ਰਿੱਤਿ ਫਿਰਤ ਨਹਿ ਇਸ ਦਿਸ ਫੇਰੀ
।ਉਕ੍ਤਿ ਯੁਕ੍ਤਿ ਅਨਭੂ ਕ੍ਤ ਨ ਫੁਰਹੈ।ਸ੍ਰੂਤੀ ਭੀ ਨ ਅਨੂਠੀ ਜੁਰਹੈ।ਰਿਤਵਤ ਬਾਤ ਰ
ਕਿਤ ਰਹਿ ਜੈਹੋਂ।ਜੋਰਨ ਹਿਤ ਚਿਤ ਜੋਰ ਲਗੈਹੋਂ।ਬੈਰਨ ਕਰੋਂ ਬਟੋਰਨ ਮਨ ਮੈਂ।ਬਾ
ਨੀ ਭੁਕ੍ਤ ਚੁਕ੍ਤ ਪਦ ਗਨ ਮੈਂ।ਜੋਰ ਸੰਕੋਚ ਲੋਰ ਬਹੁ ਆਛੋ।ਸਿਰਤ ਕਰਤ ਜੋ ਕਿਰਤ
ਕਾਛੋ।ਸੋ ਪਦ ਭੂਲਤ ਲਿਖਨ ਪ੍ਰਜੰਤੈਂ।ਰਹਿ ਜਾਵਤ ਪਛੁਤਾਵਤ ਅੰਤੈਂ।ਪੌਹੰਚ ਬਰ
ਸ ਉਮਰ ਮਮ ਭਈ।ਬੁੱਧਿ ਬੁਢੇਪੇ ਨੇ ਛਕ ਲਈ।ਐ ਪਰ ਸ਼ੌਕ ਨਹੀਂ ਦਿਲ ਛੋੜਤਾ।
ਨਿਸ ਦਿਨ ਗੁਰੂ ਜਸ ਰਟ ਬੋਲੋਰਤਾ।ਪਰ ਇਸ ਮੇਂ ਇਕ ਲਾਭ ਵਿਚਾਰੈਂ।ਸੇਵਕ ਦੋਨੋਹ
ਬ ਹਮਾਰੈਂ।ਗੁਰੂ ਜਸ ਗਾਵਤ ਜੇ ਤਨ ਜੈਹੈ।ਗੁਰੂ ਪੁਰਿ ਤੌ ਨਿਰਸੰਸੇ ਪੈਹੈਂ।ਦੂਤੀਏ ਕਾ
ਲ ਕਟਤ ਹੈ ਨੀਕੋ।ਮਨ ਨਹਿ ਜਾਤ ਕਿਸੀ ਦਿਸ ਠੀਕੋ।ਇਸ ਲਾਲਚ ਹਿਤ ਗੁਰੂ ਜਸ
ਕੇਰੀ।ਬਰਨ ਕਰਨ ਕੀ ਪ੍ਰੀਤਿ ਬਧੇਰੀ।ਨਾਤਰ ਮੈਂ ਕਛੁ ਨਹੀਂ ਸਜਾਨੋ।ਲਵਨ ਕਵ
ਨ ਕੀ ਚਾਲ ਨ ਜਾਨੋ।ਛੰਦ ਬੰਦ ਪਰਬੰਧ ਗਤੀਨਾ।ਰਸ ਭਾਵ ਅਨੁਭਾਵ ਜਤੀਨਾ।
ਬਰਣ ਚਰਣ ਸੁਠ ਧਰਣਨ ਆਵਤਾ।ਕਰਤਾ ਕਰਮ ਕ੍ਰਿਯਾ ਚੁਕ ਜਾਵਤਾ।ਜਮਕ
ਦਮਕ ਰਸ ਅਲੰਕਾਰ ਵਗਾਦ ਗਧ ਬਰਣ ਮੈਤ੍ਰੀ ਸਲੇਸ ਤਰਾ।ਸੰਚਾਰੀ ਉੱਦੀਪਨ

Digitized by Panjab Digital Library | www.panjabdigilib.org

ਔਰੈਂ ਅਸਥਾਈ ਗਣ ਅਪਗਣ ਰੀਤੈਂ ਪੁਨਿ ਅਵਰੇਵ ਬਖਾਨ ਜਾਤੀ ਜਹਿਤ ਅਜਹਿਤ ਲੱਛਨਾ ਖਯਾਤੀ ਗੌਣੀ ਰੂੜ੍ਹੀ ਜੋਗਕ ਆਦੈਂ ਬ੍ਰਿੱਤੀ ਕੀ ਨ ਲਖੇ ਮਰਜਾਦੈਂ ॥ ਕਾਬਯ ਕੋਸ਼ ਕਛੁ ਪੜ੍ਹਯੋ ਨ ਮੈਂ ਹੂੰ ਤਾਂਤੇ ਦੋਸ਼ ਅਦੋਸ਼ ਨ ਲੈਹੂੰ ਜਾਨਤ ਜੇ ਸ਼ਾਸਤ੍ਰ ਕੀ ਰਮਜੈਂ ਦੋਸ਼ ਲਗਤ ਤਿਨਹੂੰ ਕੀ ਸਮਝੈਂ ਗਾੜਿ ਦੇਤ ਦੂਖ ਸਮਝਨ ਵਾਰੈਂ ਕੋਪਨ ਹੋਇ ਬਿਸਮਯ ਵਿਚਾਰੈਂ ਤਯੋਂ ਮੁਹਿ ਕਾਬਯ ਰਚਨ ਕੀ ਰੀਤੀ ਜਾਵਤ ਆਵਤ ਨਾਹਿ ਬਿਨੀਤੀ ਏਕ ਪ੍ਰੇਮ ਗਾਵਨ ਗੁਰੁ ਜਸ ਕਾ ਪਰਯੋ ਇਸੀ ਰਸ ਕਾ ਚਿਤ੍ਰ ਰਸਕਾ ਤਾਂਤੇ ਗੁਰੂ ਘਰ ਕਾ ਜਸ ਬਰਨੌਂ ਜਿੰਹ ਆਸ੍ਰਿਤ ਹੈਹੌਂ ਭਵ ਤਰਨੌਂ ॥ ੨ ॥ ਦੋਹਰਾ ॥

ਸ੍ਰੀ ਗੁਰੂ ਗ੍ਰੰਥ ਸੁ ਪੰਥ ਕੋ ਬੰਦਨ ਕਰ ਬਹੁ ਭਾਇ ॥ ਕਾਰਣ ਗ੍ਰੰਥ ਬਨਾਨ ਕਾ ਅਬ ਬਰਨੋਂ ਸੁਖਦਾਇ ॥ ॥ ਦੋ ॥ ॥ ਸਜਨ ਅਸਜਨ ਸੁਕਵਿ ਕੁਕਵਿ ਸਬ ਕੋ ਬੰਦਨ ਧਾਰ ॥ ਇਤੀਹਾਸ ਇਹੁ ਬਾਰਤਕ ਸੁਨੋ ਸਜਨ ਧਰ ਪਯਾਰ ॥ ॥

## ਗ੍ਰੰਥ ਰਚਨ ਦਾ ਕਾਰਣ

ਸਬ ਤੋਂ ਪਹਿਲਾਂ ਗੁਰੂ ਦੇ ਪਰਮ ਪਯਾਰੇ ਪ੍ਰੇਮੀ ਗੁਣ ਗਾਹੀ ਸਜਨ ਜਨਾਂ ਨੂੰ ਏਸ ਇਤੀਹਾਸ ਰਚਣੇ ਦਾ ਕਾਰਣ ਦੇਖਾਉਂਦੇ ਹਾਂ ॥

ਸੰਮਤ ੧੯੩੪ ਜਾਂ ੩੫ ਬਿੱਕ੍ਰਮੀ ਵਿਚ ਜਦ ਪੋਥੀ ਪੰਥ ਪ੍ਰਕਾਸ਼ ਛੰਦਾ ਬੰਦੀ ਏਸ ਦਾਸ ਨੇ ਤੱਯਾਰ ਕੀਤੀ ਸੀ ਤਦ ਬਹੁਤ ਸਿਘ ਅਨੇਕ ਸ਼ਹਿਰਾਂ ਨਗਰਾਂ ਦੇ ਆਖਦੇ ਰਹਿਦੇ ਸੇ ਜਿਸ ਤਰਾਂ ਤੁਸਾਂ ਪੰਥ ਪ੍ਰਕਾਸ਼ ਪੋਥੀ ਰਚੀ ਹੈ ਤੈਸੇ ਕੋਈ ਬਾਰਤਕ ਪੰਜਾਬੀ ਬੋਲੀ ਵਿਚ ਖਾਲਸੇ ਦੀ ਤਵਾਰੀਖ ਬਣਾਓ ਜਿਸਨੂੰ ਥੋੜਾ ਬਹੁਤ ਪੜ੍ਹੇ ਹੋਏ ਇਸ੍ਰੀ ਪੁਰਖ ਭੀ ਪੜ੍ਹਕੇ ਗੁਰੂਆਂ ਦੀਆਂ ਤੇ ਸਿੱਖਾਂ ਦੀਆਂ ਕਥਾ ਸਮਝ ਲੈਣ ਕਯੋਂਕਿ ਛੰਦਾ ਬੰਦੀ ਪੁਸਤਕ ਨੂੰ ਕੋਈ ਕੋਈ ਪੜ੍ਹਦੇ ਸਮਝਦੇ ਹਨ ਸਬ ਨਹੀਂ ਪੜ੍ਹ ਸਮਝ ਸੱਕਦੇ ਕੁਛ ਤਾਂ ਉਨ੍ਹਾਂ ਸਿੱਖਾਂ ਦੇ ਕਹਨੇ ਤੇ ਕੁਛ ਕਪੂਰਥਲੇ[1] ਦੇ ਦੀਵਾਨ ਰਾਮਜਸ ਸਾਹਿਬ ਤੇ ਪੱਟਿਆਲੇ ਦੇ ਦੀਵਾਨ ਗੁਰਮੁਖ ਸਿੰਘ ਸਾਹਿਬ ਬਹਾਦੁਰ ਦੀ ਪ੍ਰੇਰਨਾ ਨਾਲ ਬਨਾਈ ਤੇ

[1] ਏਹ ਦੋਨੋ ਰਯਾਸਤਾਂ ਦੇ ਦੋਨੋਂ ਦੀਵਾਨ ਬਹੁਤ ਚੰਗੇ ਧਰਮੀ ਪਰੋਪਕਾਰੀ ਪੂਰੇ ਤਜਰਬੇਕਾਰ ਅਕਲਮੰਦ ਗੁਰੂ ਭਗਤ ਜਗਤ ਕੇ ਸੁਖਦਾਈ ਨਯਾਇਕਾਰੀ ਨਿਹਾਯਤ ਆਪਣੇ ਰਯਾਸਤ ਦੇ ਖੈਰਖ੍ਵਾਹ ਗਯਾਨੀ ਪੁਰਖ ਰਾਜਾ ਜਨਕ ਦੀ ਤਰਾਂ ਰਾਜ ਜੋਗ ਕਮਾਂਵਦੇ ਹੋਏ ਆਨੰਦ ਭੋਗਦੇ ਹੈਨ ॥ ਦੀਵਾਨ ਰਾਮਜਸ ਸਾਹਿਬ ਨੇ ਏਹੋ ਤਵਾਰੀਖ ਬਨੀ ਹੋਈ ਸੰਮਤ ੧੯੩੫ ਬਿਕ੍ਰਮ ਮੈਂ ਜਦ ਫੌਜਾਂ ਕਾਬੁਲ ਨੂੰ ਗਈਆਂ ਸਨ ਤਦ ਰਸਤੇ ਵਿਚ ਮੇਥੋਂ ਸੁਣੀ ਸੀ ਤੇ ਤਿਸ ਸਭਾ ਵਿਚ ਕਰਨੈਲ ਜੁਆਲਾ ਸਿੰਘ ਆਦਿਕ ਬਹੁਤ ਸਰਦਾਰ ਬੈਠਦੇ ਹੁੰਦੇ ਸੇ, ਤੇ ਇਸੇ ਬਹਾਨੇ ਸਤਸੰਗ ਹੁੰਦ

ਬਾਕੀ ਜਦ ਮੈਂ ਪੰਥ ਪ੍ਰਕਾਸ਼ ਰਚਣ ਦੇ ਸਮੇਂ ਤਵਾਰੀਖਾਂ ਉਰਦੂ ਬਹੁਤ ਦੇਖਿਆ ਕਰਦਾ ਸੀ ਤਦ ਸਬੱਬ ਸੇਂ ਜ਼ਿਆਦੇ ਏਸ ਗ੍ਰੰਥ ਦੇ ਰਚਣ ਦਾ ਸ਼ੌਕ ਪੈਦਾ ਹੋ ਗਿਆ ਕਾਹੇ ਤੇ ਹੋਰ ਸਬਨਾਂ ਮਜ਼੍ਹਬਾਂ, ਪੰਥਾਂ ਦੀਆਂ ਤਵਾਰੀਖਾਂ ਦੇਖਣ ਵਿਚ ਆਈਆਂ ਪਰ ਖਾਲਸੇ ਮਜ਼੍ਹਬ ਦੀ ਕੋਈ ਨਾ ਦੇਖੀ ਤੇ ਜੋ ਕੁਛ ਕਿਸੇ ੨ ਕਿਤਾਬ ਵਿਚ ਕਿਸੇ ਗੈਰ ਮਜ਼੍ਹਬ ਵਾਲੇ ਨੇ ਥੋੜਾ ੨ ਹਵਾਲ ਖਾਲਸੇ ਦਾ ਲਿਖਿਆ ਭੀ ਹੈ ਸੋ ਨਿੰਦਾ ਤੇ ਬੇਅਦਬੀ ਦਾ ਭਰਿਆ ਹੋਯਾ ਝੂਠ ਬਹੁਤ ਲਿਖਿਆ ਹੈ ਓਹ ਭੀ ਸੱਚੇ ਹੈਂ ਕਾਹੇ ਤੇ ਇਕ ਤਾਂ ਦੂਸਰੇ ਮਜ਼੍ਹਬ ਦਾ ਆਦਮੀ ਦੂਸਰੇ ਮਜ਼੍ਹਬ ਦਾ ਗਿਆਤਾ ਨਹੀ ਹੁੰਦਾ ਏਸੇ ਵਾਸਤੇ ਉਨ੍ਹਾਂ ਨੇ ਅੱਟ ਵੱਟ ਸੁਣਕੇ ਅੱਲਮ ਗੱਲਮ ਲਿਖ ਰੱਖਿਆ ਹੈ। ਦੂਸਰੇ ਜਦ ਪੰਥ ਖਾਲਸਾ ਹਿੰਦੂ ਤੁਰਕ ਦੇ ਨੇਤ੍ਰਾਂ ਵਿਚ ਕਣ ਦੀ ਤਰਾਂ ਰੜਕਦਾ ਹੈ ਤਾਂ ਫੇਰ ਓਹ ਕਿਉਂ ਨਾ ਮਤਸਰ ਦੇ ਭਰੇ ਹੋਏ ਬਚਨ ਖਾਲਸੇ ਦੇ ਬਾਬਤ ਲਿਖਣ, ਸੱਚ ਲਿਖਣਾ ਤਾਂ ਕਿਸੇ ਸੱਚੇ ਸਤਪੁਰਖ ਦਾ ਹੀ ਕੰਮ ਹੈ। ਹੋਰ ਏਧਰ ਜੇਹੜੀਆਂ ਪੋਥੀਆਂ ਸਿੱਖਾਂ ਨੇ ਰਚੀਆਂ ਹਨ ਉਨ੍ਹਾਂ ਵਿਚ ਪੁਰਾਣਾਂ ਦੀਆਂ ਕਥਾ ਅਤੇ ਗੁਰੂਆਂ ਦੀਆਂ ਕਰਾਮਾਤਾਂ ਵਰਣਨ ਤੇ ਤਾਂ ਐਤਨਾ ਜ਼ੋਰ ਦਿਤਾ ਹੈ ਜੋ ਕਿਤੇ ਬਸ ਨਹੀਂ ਕੀਤੀ ਪਰ ਸਾਲ ਸੰਮਤ ਦਾ ਪੂਰਾ ੨ ਪਤਾ ਇਕ ਭੀ ਨਹੀਂ ਦਿਖਾਯਾ ਜੇ ਕਿਤੇ ਕੁਛ ਲਿਖਿਆ ਭੀ ਹੈ ਸੋ ਪੂਰਬ ਉੱਤਰ ਬਿਚਾਰੇ ਬਿਨਾ ਹੈ (ਦੇਖੋ ਹਿੱਸਾ ਪੰਜਵਾਂ) ਏਸੇ ਕਾਰਣ ਤੇ ਇਨ੍ਹਾਂ ਸਬਨਾਂ ਗੱਲਾਂ ਦੀ ਸੱਚੀ ੨ ਦਰੁਸਤੀ ਦੇਖਾਵਣ ਲਈ ਏਸ ਤਵਾਰੀਖ ਗੁਰੂ ਖਾਲਸੇ ਦਾ ਅਰੰਭ ਕੀਤਾ ਹੈ।

ਸੰਮਤ ੧੫੨੬ ਬਿਕ੍ਰਮੀ ਤੋਂ ਲੈਕੇ ਸੰਮਤ ੧੯੪੮ ਤਕ ਇਸ ਸਵਾ ਚਾਰ ਸੌ ਬਰਸ ਵਿਚ ਜੋ ਕੋਈ ਬੜਾ ਕੰਮ ਕਿਸੇ ਗੁਰੂ ਸਾਹਿਬ ਨੇ ਯਾ ਕਿਸੇ ਗੁਰੂ ਜੀ ਦੇ ਸਿੱਖ ਨੇ ਕੀਤਾ ਹੈ ਓਹ ਸਬ ਹਾਲ ਸਚਾਰ ਲਿਖਣ ਦੀ ਮਨਸ਼ਾ ਧਾਰਕੇ ਏਹੋ ਤਵਾਰੀਖ ਖਾਲਸਾ ਇਕ ਉਰਦੂ, ਦੂਸਰੀ ਗੁਰਮੁਖੀ, ਪੰਜਾਂ ਹਿੱਸਿਆਂ ਵਿਚ ਤੱਯਾਰ ਕੀਤੀ ਹੈ।

੧ ਪ੍ਰਥਮ ਭਾਗ ਵਿਖੇ ਦਸਾਂ ਗੁਰੂ ਸਾਹਿਬਾਂ ਦੇ ਜੀਵਨ ਚਰਿਤ੍ਰ ਬਰਨੇ ਹੈਂ।

੨ ਦੂਸਰੇ ਭਾਗ ਵਿਖੇ ਬਾਬੇ ਬੰਦੇ ਸਾਹਿਬ ਦੀ ਸੂਰ ਬੀਰਤਾ ਤੇ ਪੰਥ ਖਾਲਸੇ ਦੇ ਇਕੱਠ ਹੋਕਰ ਸ਼ੱਤ੍ਰੂਆਂ ਨਾਲ ਜੰਗ ਕਰਨੇ ਲਿਖੇ ਹੈਂ।

੩ ਤੀਸਰੇ ਭਾਗ ਵਿਖੇ ੧੨ ਬਾਰਾਂ ਮਿਸਲਾਂ ਦਾ ਬ੍ਰਿਤਾਂਤ, ਪੰਥ ਕਾ ਤੇਜ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਘਰ ਦਾ ਆਦਿ ਤੋਂ ਅੰਤ ਤਕ ਪ੍ਰਸੰਗ ਹੈ।

Digitized by Panjab Digital Library | www.panjabdigilib.org

੪ ਚੌਥੇ ਭਾਗ ਵਿਖੇ ਫੂਲਬੰਸੀ ਰਾਜਿਆਂ, ਪਹਾੜੀ ਰਾਜਿਆਂ, ਸਰਬ ਦੇਸ ਦੇ ਸਿਖਾਂ, ਸਰ

ਦਾਰਾਂ, ਮਲੇਰ ਕੋਟਲੇ ਆਦਿਕ ਨਵਾਬਾਂ ਦਾ ਪ੍ਰਸੰਗ ਬਰਨੇਂਗੇ।

੫ ਪੰਜਮੇਂ ਭਾਗ ਵਿਖੇ ਚਾਰ ਪ੍ਰਕਾਰ ਦੇ ਸਾਹਬਜ਼ਾਦੇ, ਸਬ ਗੁਰੂ ਦੇ ਪੰਥ, ਗੁਰੂ ਦ੍ਵਾਰੇ,

ਸ਼ਹੀਦਗੰਜ, ਮਸੰਦ, ਬਾਈ ਮੰਜੀਆਂ ਦਾ ਬ੍ਰਿਤਾਂਤ ਬਰਨਨ ਹੈ।

ਇਹ ਗਲ ਯਾਦ ਰਹੇ ਕਿ ਦਸੋਂ ਗੁਰੂ ਸਾਹਿਬ ਜੋ ਇਸ ਪੰਥ ਦੇ ਪ੍ਰਚਾਰਕ ਹੋਏ ਹਨ ਉਨ੍ਹਾਂ ਦੇ ਪਰਮ ਪਵਿੱਤ੍ਰ ਜੀਵਨ ਚਰਿਤ੍ਰ ਅਤੀ ਉਤਮ ਗੁਣ, ਸੁੰਦ੍ਰ ਬਚਨ, ਬਿਨਾ ਪੱਖਪਾਤ ਸੱਚੇ ਉਪਦੇਸ਼ ਤੇ ਓਨ੍ਹਾਂ ਦੀਆਂ ਕਰਾਮਾਤਾਂ ਸਰਬ ਪ੍ਰਕਾਰ ਕਥਨ ਕਰਣ ਨੂੰ ਕੋਈ ਸਮਰਥ ਨਹੀਂ ਬਲਕੇ ਜਿਸ ੨ ਭਾਗਵਾਨ ਪ੍ਰੇਮੀ ਭਗਤ ਨੂੰ ਓਨ੍ਹਾਂ ਨੇ ਅਪਨੀ ਕ੍ਰਿਪਾ ਦ੍ਰਿਸ਼ਟੀ ਸੈਂ ਲੋਕ ਪ੍ਰਲੋਕ ਦੀ ਦੌਲਤ ਬਖਸ਼ ਕੇ ਤ੍ਰਿਪਤ ਕੀਤਾ ਹੈ, ਜਦ ਉਨ੍ਹਾਂ ਦੇ ਭੀ ਸੁਭਾਵ, ਗੁਣ, ਉਪਕਾਰ, ਪਰਾਕ੍ਰਮ, ਬਚਨ ਸਿਧੀਆਂ ਅਸੀਂ ਲਿਖ ਨਹੀਂ ਸਕਦੇ ਤਦ ਉਨ੍ਹਾਂ ਜਗਤ ਗੁਰਾਂ ਦੇ ਪਰੋਪਕਾਰ, ਸੁਭ ਗੁਣ, ਪੁਰਸ਼ ਦੀ ਬੁੱਧੀ ਵਿਚ ਕਿਸ ਪ੍ਰਕਾਰ ਆ ਸਕਦੇ ਹਨ ਜਿਨ੍ਹਾਂ ਦੇ ਚਰਨ ਕਵਲਾਂ ਦਾ ਧਿਆਨ ਹੀ ਕੇਵਲ ਮਹਾਪਾਪੀਆਂ ਦੀ ਕੱਲਿਆਨ ਕਰਦਾ ਹੈ ਤੇ ਜਿਨ੍ਹਾਂ ਦੇ ਨਾਮ ਰੂਪੀ ਜਹਾਜ਼ ਦੇ ਆਸਰੇ ਲੱਖਾਂ ਲੋਗ ਸੰਸਾਰ ਸਮੁੰਦ੍ਰ ਨੂੰ ਤਰ ਰਹੇ ਹਨ, ਸਾਰੀ ਸ੍ਰਿਸ਼ਟੀ ਜਿਨ੍ਹਾਂ ਦੇ ਦ੍ਵਾਰੇ ਸੇ ਮਨ ਬਾਂਛਤ ਧਰਮ, ਅਰਥ, ਕਾਮ, ਮੋਖ ਪਾਇਕੇ ਕ੍ਰਿਤਾਰਥ ਹੁੰਦੀ ਹੈ, ਕੋਟਾਨ ਕੋਟ ਜੀਵ ਜਿਨ੍ਹਾਂ ਦੇ ਅੰਮ੍ਰਿਤ ਰੂਪੀ ਬਚਨਾਂ ਨੂੰ ਪਾਨ ਕਰ ਅੰਮ੍ਰਿਤ ਪਦ ਨੂੰ ਪ੍ਰਾਪਤ ਹੋ ਗਏ ਹਨ, ਤੇ ਜਿਥੇ ੨ ਓਨ੍ਹਾਂ ਦੇ ਚਰਨ ਟਿਕੇ ਹਨ ਜਦ ਓਨ੍ਹਾਂ ਅਸਥਾਨਾਂ ਤੋਂ ਬੇਅੰਤ ਜੀਵਾਂ ਦੇ ਮਨੋਰਥ ਸਿੱਧ ਹੁੰਦੇ ਹਨ, ਤਦ ਐਡੇ ਵਡੇ ਸਮਰਥ ਮੀਰੀ ਪੀਰੀ ਦੇ ਮਾਲਕ, ਧਰਮ ਦੇ ਪਾਲਕ ਸੱਚੇ ਸਤ ਗੁਰਾਂ ਦੇ ਗੁਣਾਂ ਦੀ ਮਹਿਮਾ ਮੈਂ ਗਰੀਬ ਅਣਪੜ੍ਹ, ਤੁੱਛ ਬੁੱਧੀ, ਬੇ ਸਮਝ ਕੈਸੇ ਕਹਿ ਸਕਦਾ ਹਾਂ ਅਰਥਾਤ ਨਹੀਂ ਕਹਿ ਸਕਦਾ, ਪਰੰਤੂ ਦਿਲ ਦਾ ਪ੍ਰੇਮ, ਮਨ ਦਾ ਸ਼ੌਕ, ਚੁਪ ਕੀਤੇ ਨਹੀਂ ਰਹਿਣ ਦਿੰਦਾ ਇਸ ਵਾਸਤੇ ਉਨ੍ਹਾਂ ਮਹਾਤਮਾਂ ਦੇ ਸੁਜਸ ਦੇ ਸੁਮੇਰ ਵਿੱਚੋਂ ਕਣੀਆਂ ੨ ਚੁਣ ਕੇ ਸਬ ਨੂੰ ਸੁਖਦਾਯਕ ਸਾਖੀਆਂ, ਪ੍ਰਸੰਗ ਸੰਛੇਪ ਸੇ ਲਿਖਦਾ ਹਾਂ। ਹੁਣ ਮੈਂ ਉਸ ਅਕਾਲ ਪੁਰਖ ਦਾ ਹਜ਼ਾਰ ੨ ਧੰਨਿਆਬਾਦ ਕਰਦਾ ਹਾਂ ਜਿਸ ਦੀ ਕ੍ਰਿਪਾ ਨਾਲ ਇਸ ਪੁਸਤਕ ਦੇ ਬਣਨੇ ਦਾ ਸਬ ਸਾਮਾਨ ਪ੍ਰਾਪਤ ਹੋ ਗਯਾ ਹੈ। ਸਬ ਤੋਂ ਪਹਿਲਾਂ ਪੋਥੀਆਂ ਦੀ ਬਹੁਤ ਲੋੜ ਸੀ, ਸੋ ਕਈ ਬਰਸਾਂ ਵਿਚ ਅਵਲੋਕਨ ਕਰੀਆਂ, ਤੇ ਜਿਨ੍ਹਾਂ ਜਿਨ੍ਹਾਂ ਪੋਥੀਆਂ, ਤਵਾਰੀਖਾਂ, ਕਿ

Digitized by Panjab Digital Library | www.panjabdigilib.org

ਤਾਬਾਂ ਵਿੱਚੋਂ ਸਹਾਯਤਾ ਲਈ ਗਈ ਹੈ ਤਿਨ੍ਹਾਂ ਦੇ ਨਾਮ ਹੇਠਾਂ ਲਿਖਦੇ ਹਾਂ।

੧ ਜਨਮ ਸਾਖੀ ਭਾਈ ਬਾਲਾ
੨ ਜਨਮ ਸਾਖੀ ਭਾਈ ਮਨੀਸਿੰਘ
੩ ਜਨਮ ਸਾਖੀ ਸਰੂਪਦਾਸ
੪ ਸਾਖੀਆਂ ਭਾਈ ਗੁਰਬਖਸ਼ਸਿੰਘ
੫ ਸਾਖੀ ਭਾਈ ਕੇਸਰਾਸਿੰਘ
੬ ਸਾਖੀਆਂ ਭਾਈ ਦੀਪਸਿੰਘ ਸ਼ਹੀਦ
੭ ਗੁਰੂਬਿਲਾਸ ਪਾਤਸ਼ਾਹੀ ੬
੮ ਗੁਰਬਿਲਾਸ ਪਾਤਸ਼ਾਹੀ ੧੦
੯ ਨਿਰਬਾਣਰੀਜ ਕ੍ਰਿਤ ਪ੍ਰੀਤਮਦਾਸ
੧੦ ਸਾਧੂ ਸਮੁਨ ਸੁਚੰਦ੍ਰ ਕਾ ਨਾਨਕ ਚੰਦ
ਰੇਦੂਲਾਲ ਕੇ ਰਚਾ ਕ੍ਰਿਤ
੧੧ ਗੁਰੂ ਕੌਮਦੀ ਸੁਰੇਤਸਿੰਘ ਨਿਰਮਲੇ ਕ੍ਰਿਤ
੧੨ ਗੁਰੂ ਗਾਹਿ ਚਿੰਤਾਮਣੀ ਸਾਖੀ ਕ੍ਰਿਤ
ਭਾਈ ਬੁਧਸਿੰਘ ਕੀ
੧੩ ਗੁਰਪ੍ਰਤਾਪ ਸੂਰਜਪ੍ਰਕਾਸ਼ ਭਾਈ
ਸੰਤੋਖਸਿੰਘ ਜੀ ਕ੍ਰਿਤ
੧੪ ਪੰਥਪ੍ਰਕਾਸ਼ ਗਯਾਨਸਿੰਘ ਸੈ ਕ੍ਰਿਤ
੧੫ ਗੁਰਮਤਿ ਨਿਰਣਯ ਸਾਗਰ ਪੰਡਿਤ
ਤਾਰਾਸਿੰਘ ਕ੍ਰਿਤ
੧੬ ਤਵਾਰੀਖ ਪੰਜਾਬ
੧੭ ਤਵਾਰੀਖ ਮਖਜ਼ਨ ਪੰਜਾਬ
੧੮ ਦੁਬਿਸ੍ਤਾਂਨ ਮਜ਼ਾਹਿਬ
੧੯ ਮੁਹੀਤ ਆਜ਼ਮ
੨੦ ਬਕਾਯਾ ਬਾਬਾ ਨਾਨਕ ਅਮ੍ਰਿਤਸਰ
ਕਸ੍ਰ ਸਾਹਿਬ ਕਮਿਸ਼ਨਰ ਕ੍ਰਿਤ
੨੧ ਖੁਲਾਸਾ ਪੰਜਾਬ
੨੨ ਗੌਸ਼ਹ ਪੰਜਾਬ
੨੩ ਸੈਰੁਲ ਮੁਤਾਖਰੀਨ
੨੪ ਕਾਮਲੰਹ ਪੰਜਾਬ
੨੫ ਇਤਿਹਾਸ ਹਿੰਦੂ ਤਿਮਰ ਨਾਸਕ
੨੬ ਤਵਾਰੀਖ ਫਰਿਸ੍ਤ
੨੭ ਕ਼ਸਸਹਿਦ
੨੮ ਤਵਾਰ਼ੀਖ ਅੰਮ੍ਰਿਤਸਰ
੨੯ ਤਵਾਰੀਖ ਰਾਜਗਾਨ ਪੰਜਾਬ
੩੦ ਤਵਾਰੀਖ ਰੀਫਸ ਪੰਜਾਬ
੩੧ ਤਵਾਰੀਖ ਪਟਆਲਾ
੩੨ ਤਵਾਰੀਖ ਪ੍ਰਿੰਸਪਲ ਸਾਹਿਬ
੩੩ ਤਵਾਰੀਖ ਮੇਗੀਨ
੩੪ ਗੁਲਸ਼ਨ ਪੰਜਾਬ
੩੫ ਪ੍ਰੇਮਪ੍ਰਕਾਸ਼ ਸੁਮੇਰਸਿੰਘ ਜੀ ਕ੍ਰਿਤ

ਇਤਆਦਿਕ ਪੁਸਤਕਾਂ ਤੇ ਤਵਾਰੀਖਾਂ ਤੋ ਬਿਨਾ ਇਸ ਦਾਸ ਨੇ ੧੫ ਜਾ ੧੬ ਬਰਸ ਦੇਸ ੨ ਵਿਚ ਫਿਰ ੨ ਕਰ ਬਡੀ ਉਮਰ ਦੇ ਲੋਕਾਂ ਪਾਸੋਂ ਪੁੱਛ ਪੁੱਛ ਕੇ ਸਾਖੀਆਂ ਲਿਖੀਆਂ ਹਨ, ਤੇ ਆਪਨੇ ਪੜਪਿਤਾਮਾ ਨਗਾਹੀਆਸਿੰਘ ਤੇ ਪਿਤਾਮਾ ਰੂੰਘਾਸਿੰਘ, ਬਖਤਾਸਿੰਘ ਆਦਿਕ ਜੋ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਦੇ ਰਤਨਾਂ ਵਿਚ ਤੇ-

Digitized by Panjab Digital Library | www.panjabdigilib.org

ਬਾਬੇ ਬੰਦੇ ਬਹਾਦੁਰ ਦੇ ਨਾਲ ਜੁੱਧ, ਜੰਗਾਂ ਵਿਚ ਰਹੇ ਸੀ ਫਿਰ ਬਰਾੜਸਿੰਘ, ਮਰਾ ੜਾਸਿੰਘ ਨਵਾਬ ਕਪੂਰਸਿੰਘ ਜੀ ਦੇ ਡੇਰੇ ਨਾਲ ਲਸ਼ਕਰ ਖਾਲਸੇ ਵਿੱਚ ਤੇ ਰੁੱਘਾ ਸਿੰਘ, ਬਖਤਾਸਿੰਘ ਮਹਾਰਾਜੇ ਆਲਾਸਿੰਘ, ਅਮਰਸਿੰਘ ਦੇ ਨਾਲ ਰਹਿੰਦੇ ਸੀ ਬਹੁਤ ਸਾਖੀਆਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਤੇ ਕੁਛ ਆਪਨੀ ਦਾਦੀ[1] ਸਾਹਿਬ ਤੋਂ ਸੁਣਕੇ ਇਸ ਪੋਥੀ ਵਿੱਚ ਰੱਖੀਆਂ ਹਨ। ।ਤੇ ਪੀਰੋ ਲੁਹਾਰੀ ੧੧੭ ਬਰਸ ਦੀ ਜੋ ਮੌੜ ਪਿੰਡ ਮਾਲਵੇ ਦੇਸ ਮੈਂ ਸੰਮਤ ੧੯੩੯ ਨੂੰ ਜੀਉਂਦੀ ਤਨ ਅਰੋਗ ਦੇਖੀ ਸੀ, ਤੇ ਦੂਸਰਾ ਸੂਰਾ ਸਾਂਹਸੀ ਰੱਤੋਕੇ ਪਿੰਡ ਮਾਝੇ ਦੇਸ ਮੇਂ ੧੨੯ ਬਰਸ ਦਾ ਮਸ਼ਹੂਰ ਸੀ, ਤੀਸਰਾ ਭਾਈ ਮੁਕੰਦਸਿੰਘ ਨਿਹੰਗ ਕੌਲਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਜੀ ਮੈਂ ੧੩੪ ਬਰਸ ਦੀ ਉਮਰ ਭੋਗ ਕੇ ਸੰਮਤ ੧੯੪੨ ਨੂੰ ਗੁਜ਼ਰ ਗਿਆ ਹੈ, ਚੌਥਾ ਭਾਈ ਮੁਹਰਸਿੰਘ ਕਣਈ ਬਬੇਕਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਵਿਚ ਜੋਗੀਰਾਜ ੧੪੨ ਬਰਸ ਦੀ ਉਮਰ ਪਾਇਕੇ ਸੰਮਤ ੧੯੧੧ ਵਿੱਚ ਚੋਲਾ ਛੱਡ ਗਯਾ, ਪਾਂਚਵਾਂ ਭਾਈ ਹਜ਼ੂਰੀ ਅੱਡਣਸ਼ਾਹੀ ਸਾਧੂ ਅੰਮ੍ਰਿਤਸਰ ਜੀ ਵਿਚ ੧੩੨ ਬਰਸ ਦੀ ਉਮਰ ਭੋਗ ਕੇ ਸੰਮਤ ੧੯੪੬ ਮੇਂ ਮਰਿਆ ਹੈ ਇੱਤਆਦਿਕ ਬੜੀ ਬੜੀ ਉਮਰ ਦੇ ਬਹੁਤ ਲੋਗਾਂ ਪਾਸੋਂ ਪਿਛਲੇ ਹਾਲ ਜੋ ਪਰਮਪਰਾ ਉਨ੍ਹਾਂ ਦੇ ਕੁਛ ਸੁਣੇ ਹੋਏ ਤੇ ਕੁਛ ਦੇਖੇ ਹੋਏ ਸੇ ਪੁੱਛਕੇ, ਕੁਛ ਕਿਤੋਂ ੨ ਲਿਖੇ ਹੋਏ ਜੋ ਮਿਲੇ ਸੋ ਸਭ ਇਸ ਪੋਥੀ ਵਿੱਚ ਰੱਖੇ ਹੈਂ। ਇਸ ਪ੍ਰਕਾਰ ਬਹੁਤ ਮਿਹਨਤ ਨਾਲ ਏਹੁ ਪੁਸਤਕ ਤੱਯਾਰ ਕਰਕੇ ਕਈ ਬਰਸ ਦਾ ਰਖ ਛੱਡਿਆ ਸੀ, ਹੁਣ ਸ੍ਰੀ ਗੁਰੂ ਮਹਾਰਾਜ ਕਲਗੀਧਰ ਜੀ ਦੀ ਪ੍ਰੇਰਨਾ ਨਾਲ ਸ੍ਰੀਮਹਿਤ ਭਾਈ ਪ੍ਰੇਮਸਿੰਘ ਸਾਹਿਬ ਰਾਮਗੜ੍ਹੀਏ ਰਈਸ ਬਾਬੇ ਦੀ ਬੇਰ ਸਿਆਲਕੋਟ, ਸਰਦਾਰ ਹਰੀਸਿੰਘ ਸਾਹਿਬ ਰਾਯ ਬਹਾਦੁਰ ਆਲੂਵਾਲੀਏ ਰਈਸ ਸਿਆਲਕੋਟ, ਸਰਦਾਰ ਬੂਟਾਸਿੰਘ ਸਾਹਿਬ ਠੇਕੇਦਾਰ ਆਲੂਵਾਲੀਏ ਰਈਸ ਰਾਵਲਪਿੰਡੀ ਇਨ੍ਹਾਂ ਤਿਨ੍ਹਾਂ ਮਹਾਸ਼ਯ ਧਰਮਾਤਮਾ ਪਰਉਪਕਾਰੀ ਪੁਰਖਾਂ ਨੇ ਇਸ ਪਰਮ ਧਰਮ ਪਰੋਪਕਾਰ ਦੇ ਵਾਸ੍ਤੇ ਰੁਪਯਾ ਖਰਚ ਕਰਕੇ ਆਪਣੇ ਛਾਪੇਖਾਨੇ ਵਿਚ ਮੁੱਦ੍ਰਿਤ ਕਰਵਾਈ ਐਸੇ ਪਰਉਪਕਾਰੀਆਂ ਨੂੰ ਵਾਹਿਗੁਰੂ ਸਿੱਖੀ ਦਾਨ, ਲੋਕ ਪਰਲੋਕ ਦੀ ਇੱਜ਼ਤ ਬਖਸ਼ੇ।

[1] ਏਹ ਮਾਈ ੧੨੮ ਬਰਸ ਦੀ ਉਮਰ ਭੋਗ ਕੇ ਸੰ: ੧੯੧੩ ਮੈਂ ਸੁਰਗਬਾਸ ਹੋਈ ਹੈ ਇਸ ਦਾ ਬਾਪ ਹਰਦਿੱਤਸਿੰਘ ਦਸਮੇਂ ਪਾਤਸ਼ਾਹ ਜੀ ਦੇ ਪਾਸ ਟਹਿਲ ਵਾਲਾ ਸੀ

# ਆਰੰਭ

# ਤਵਾਰੀਖ਼ਗੁਰੂਖ਼ਾਲਸਾ

ਅਸੀਂ ਤੁਵਾਰੀਖ ਦੇ ਅਰੰਭ ਤੋਂ ਪਹਿਲਾਂ, ਤਵਾਰੀਖੀ ਇਲਮ ਪੜ੍ਹਨ ਦੇ ਫਾਯਦੇ ਦਿ
ਖਾਵਣ ਵਾਸਤੇ ਥੋੜਾ ਜੇਹਾ ਬ੍ਰਿਤਾਂਤ ਸ੍ਰਿਸ਼ਟੀ ਦੇ ਉਤਪਤਿ ਪ੍ਰਲੈ ਹੋਣ ਦਾ ਤੇ ਆਦਿ ਕਾਲ ਔਰ
ਬਰਤਮਾਨ ਕਾਲ ਦੀ ਅਦਲਾ ਬਦਲੀ ਦਾ ਨਮੂਨਾ ਦੇਖਾਂਉਂਦੇ ਹਾਂ ਕ੍ਯੋਂਕਿ ਜੇਕਰ ਪਹਿਲੇ
ਨੀਂਉਂ ਰੱਖੀ ਜਾਵੇ, ਕੰਧ ਉਸਰੇ ਤਾਂ ਹੀ ਪਿੱਛੋਂ ਚਿਤ੍ਰਕਾਰੀ ਹੁੰਦੀ ਹੈ।

ਸੱਟਅਧਿ ਸ੍ਰਿਸ਼ਟੀ ਦਾ ਉਤਪਤਿ ਹੋਣਾ ਲੋਗਾਂ ਨੇ ਆਪਣੀ੨ ਬੁੱਧਿ ਅਨੁਸਾਰ ਕਈ ਪ੍ਰਕਾਰ ਦਾ
ਲਿਖਿਆ ਹੈ ਪਰੰਤੂ ਈਸ਼੍ਵਰ ਦੀ ਇੱਛਿਆ ਸੇ ਹੋਣਾ ਸਬ ਨੇ ਮੰਨਿਆ ਹੈ, ਨ੍ਯਾਇ ਸ਼ਾਸ੍ਤ੍ਰ ਵਾਲੇ ਆ
ਖਦੇ ਹਨ ਪ੍ਰਮਾਣੂ ਚਾਰਾਂ ਤੱਤ੍ਵਾਂ ਦੇ ਜੋ ਹਮੇਸ਼ ਆਕਾਸ਼ ਵਿਚ ਰਹਿੰਦੇ ਹਨ, ਝਰੋਖੇ ਵਿੱਚੋਂ ਸੂਰ
ਜ ਦੀ ਕਿਰਣ ਨਾਲ ਦਿੱਸਿਆ ਕਰਦੇ ਹਨ, ਓਹ ਛੋਟੇ ਛੋਟੇ ਪ੍ਰਮਾਣੂ ਇਕੱਠੇ ਹੋਕੇ ਤ੍ਰਿਸਰੇਣੂ ਬਣੇ
ਹੋਏ ਦਿਖਾਈ ਦਿੰਦੇ ਹਨ ਪ੍ਰਮਾਣੂ ਕਦੀ ਕਿਸੇ ਨੂੰ ਨਹੀਂ ਦਿਸਦਾ ਈਸ਼੍ਵਰ ਦੀ ਇੱਛਿਆ ਨਾਲ ਓ
ਹੋ ਪ੍ਰਮਾਣੂ ਮਿਲ ਜਾਂਦੇ ਹਨ, ਪੌਣ ਦੇ ਪ੍ਰਮਾਣੂਆਂ ਤੋਂ ਪੌਣ, ਜਲ ਦੇ ਪ੍ਰਮਾਣੂਆਂ ਤੋਂ ਜਲ, ਧ
ਰਤੀ ਦੇ ਪ੍ਰਮਾਣੂਆਂ ਤੋਂ ਧਰਤੀ, ਅੱਗ ਦੇ ਪ੍ਰਮਾਣੂਆਂ ਤੋਂ ਅਗਨੀ ਏਸ ਤਰਾਂ ਅਸਥੂਲ ਤੱਤ੍ਵ
ਪ੍ਰਗਟ ਹੋ ਕਰਕੇ ਅੰਡੇਜ, ਜੇਰੇਜ, ਸੇਤੇਜ, ਉਦਭੁੱਜ ਚਾਰੇ ਖਾਣੀਆਂ ਦੀ ਸ੍ਰਿਸ਼ਟੀ ਪੈਦਾ ਹੋ ਜਾਂ
ਦੀ ਹੈ ਫੇਰ ਜਦ ਈਸ਼੍ਵਰ ਪ੍ਰਲੈ ਕਰਣ ਦੀ ਇੱਛਿਆ ਕਰਦਾ ਹੈ ਤਾਂ ਪ੍ਰਮਾਣੂ ਜੁਦੇ੨ ਹੋਕੇ ਅ
ਕਾਸ਼ ਵਿਚ ਰਮ ਜਾਂਦੇ ਹਨ। ਔਰ ਵੇਦ ਮੇ ਦੋ ਪ੍ਰਕਾਰ ਹੋਰ ਲਿਖੇ ਹੈਂ ਇਕ ਤਾਂ ਇਹ ਕਿ ਜੈਸੇ
ਜੀਵ ਨੀਂਦ ਦੇ ਬਲ ਕਰਕੇ ਛਿਨਕ ਮੇਂ ਸੁਪਨੇ ਦੀ ਸ੍ਰਿਸ਼ਟੀ ਰਚ ਲੈਂਦਾ ਹੈ ਤੈਸੇ ਈਸ਼੍ਵਰ ਮਾ
ਯਾ ਦੇ ਬਲ ਕਰਕੇ ਪਲ ਮੇਂ ਸਾਰੀ ਸ੍ਰਿਸ਼ਟੀ ਰਚ ਲੈਂਦਾ ਹੈ ਜੀਵ ਦੀ ਸ੍ਰਿਸ਼ਟੀ ਨਿੰਦ੍ਰਾ ਰਚਤ ਹੋ
ਣੇ ਤੇ ਤੁੱਛ ਹੁੰਦੀ ਹੈ ਈਸ਼੍ਵਰ ਦੀ ਸ੍ਰਿਸ਼ਟੀ ਮਾਯਾ ਰਚਤ ਹੋਣੇ ਕਰ ਕਲਪ ਪ੍ਰਯੰਤ ਬਣੀ ਰ

ਹਿੰਦੀ ਹੈ ਜੀਵ ਦੀ ਉਪਾਧੀ[1] ਗਯਾਨ[2], ਇਛਿਆ[3], ਤੁੱਛ ਹੋਣੇ ਤੈ ਉਸ ਦੀ ਸ੍ਰਿਸ਼ਟੀ ਤੁੱਛ ਹੈ ਔਰ ਈਸ਼੍ਵਰ ਦੀ ਉਪਾਧੀ ਗਯਾਨ ਮਹੱਤ ਹੋਣੇ ਤੇ ਉਸ ਦੀ ਸ੍ਰਿਸ਼ਟੀ ਮਹੱਤ ਹੈ ਅਰਥਾਤ ਬੇਅੰਤ ਹੈ। ਇਸ ਉੱਪਰ ਗੁਰੂ ਕਾ ਬਚਨ ਹੈ (ਆਪ ਸੱਤ ਧਾਰੀ ਸਤੁ ਸੱਤਾ। ਤਿਸ ਪ੍ਰਭੁ ਤੇ ਸਗਲੀ ਉਤਪੱਤਿ॥) ਦੂਜਾ ਪ੍ਰਕਾਰ ਇਉਂ ਹੈ ਜੈਸੇ ਸਮੇ ਸਿਰ ਬੀਜ ਦੀ ਇੱਛਿਆ ਸੈਂ ਬੀਜ ਵਿੱਚੋਂ ਅੰਕੁਰ ਆਪੇ ਪ੍ਰਗਟ ਹੋ ਜਾਂਦਾ ਹੈ ਤੈਸੇ ਸ੍ਰਿਸ਼ਟੀ ਪ੍ਰਗਟ ਹੋਣ ਦੇ ਸਮੇਂ ਪਰਮੇਸ਼੍ਵਰ ਨੂੰ ਇੱਛਿਆ ਫੁਰਦੀ ਹੈ ਉਸੇ ਇੱਛਿਆ ਦਾ ਨਾਮ ਮਾਯਾ ਹੈ ਉਸ ਦੇ ਬਧਣ ਨੂੰ ਮਹੱਤੱਤ੍ਵ ਆਖੀਦਾ ਹੈ ਮਹੱਤੱਤ੍ਵ ਤੋਂ ਤਮੋ ਸਤੋ ਰਜੋ ਗੁਣ ਮਈ ਤੀਨ ਪ੍ਰਕਾਰ ਦਾ ਹੰਕਾਰ ਪ੍ਰਗਟ ਹੁੰਦਾ ਹੈ ਜਿਨ੍ਹਾਂ ਨੂੰ ਸ਼ਿਵ, ਬਿਸ਼ਨੂ, ਬ੍ਰਮਾ, ਆਖਦੇ ਹਨ। ਪਹਿਲੇ ਤਮੋ ਗੁਣ ਤੋਂ ਆਕਾਸ਼, ਆਕਾਸ਼ ਤੋਂ ਦਸਵੇਂ ਹਿੱਸੇ ਵਿਚ ਪੌਣ, ਪੌਣ ਤੋਂ ਦਸਵੇਂ ਹਿੱਸੇ ਵਿਚ ਅਗਨੀ, ਅਗਨੀ ਤੋਂ ਦਸਵੇਂ ਹਿੱਸੇ ਵਿਚ ਜਲ, ਜਲ ਤੇ ਦਸਵੇਂ ਹਿਸੇ ਵਿਚ ਧਰਤੀ ਏਸ ਤਰਾਂ ਪੰਜੇ ਤੱਤ੍ਵ ਅਸਥੂਲ ਪ੍ਰਗਟ ਹੋਕੇ ਏਨ੍ਹਾਂ ਤੱਤ੍ਵਾਂ ਤੋਂ ਚੌਹਾਂ[4] ਖਾਣੀਆਂ ਦੀ ਸ੍ਰਿਸ਼ਟੀ ਅਸਥੂਲ ਪੈਦਾ ਹੋ ਜਾਂਦੀ ਹੈ। ਰਜੋਗੁਣ ਤੋਂ ਇੰਦ੍ਰੀਆਂ ਤੇ ਇੰਦ੍ਰੀਆਂ ਦੇ ਵਿਸ਼ੇ ਸੂਖਮ ਅਸਥੂਲ ਦੋਨੋਂ ਪ੍ਰਕਾਰ ਦੇ ਬਣ ਜਾਂਦੇ ਹਨ। ਸਤੋਗੁਣ ਤੋਂ ਅੰਤਹ ਕਰਣ ਤੇ ਸਰਬ ਪ੍ਰਕਾਰ ਦਾ ਗਯਾਨ ਇੰਦ੍ਰੀਆਂ ਦੇ ਦੇਵਤੇ ਪ੍ਰਗਟ ਹੋ ਜਾਂਦੇ ਹਨ, ਜਿਸ ਪ੍ਰਕਾਰ ਸ਼ੁੱਧ ਚੀਜ਼ ਵਿਚ ਪ੍ਰਤਿਬਿੰਬ ਪੈ ਜਾਂਦਾ ਹੈ ਤਿਸੀ ਪ੍ਰਕਾਰ ਅੰਤਹ ਕਰਣ ਸਤੋਗੁਣ ਦਾ ਕਾਰਜ ਸ਼ੁੱਧ ਹੋਣੇ ਤੈ ਇਸ ਵਿਚ ਜੇਹੜਾ ਚੈਤੰਨ ਪ੍ਰਮੇਸ਼੍ਵਰ ਦ ਪ੍ਰਤਿਬਿੰਬ ਪੈਂਦਾ ਹੈ ਓਹੋ ਜੀਵ ਹੋਕੇ ਕਰਮ ਧਰਮ ਕਰਨੇ ਭੋਗਣੇ ਦਾ ਅਭਿਮਾਨੀ ਬਣ ਬੈਠਦਾ ਹੈ। ਫੇਰ ਜਦ ਪ੍ਰਲੈ ਕਰਣ ਦੀ ਇੱਛਿਆ ਪਰਮੇਸ਼੍ਵਰ ਨੂੰ ਫੁਰਦੀ ਹੈ ਤਦ ਸਾਰੀ ਧਰਤੀ ਦੀ ਰਚਨਾ ਧਰਤੀ ਸਮੇਤ ਪਾਣੀ ਵਿਚ ਲਯ ਹੋ ਜਾਂਦੀ ਹੈ ਪਾਣੀ ਨੂੰ ਅਗਨੀ ਚੱਟਮ ਕਰ ਲੈਂਦੀ ਹੈ ਅਗਨੀ ਪੌਣ ਵਿਚ ਮਿਲ ਜਾਂਦੀ ਹੈ, ਪੌਣ ਅਕਾਸ਼ ਵਿਚ, ਅਕਾਸ਼ ਤਮੋਗੁਣੀ ਹੰਕਾਰ ਵਿਚ, ਹੰਕਾਰ ਮਹੱਤੱਤ੍ਵ ਵਿੱਚ, ਮਹੱਤੱਤ੍ਵ ਮਾਯਾ ਵਿਚ, ਮਾਯਾ ਪਰਮੇਸ਼੍ਵਰ ਦੀ ਇੱਛਿਆ ਰੂਪ ਸ਼ਕਤੀ ਹੈ ਸੋ ਪਰਮੇਸ਼੍ਵਰ ਤੋਂ ਜੁਦਾ ਨਹੀਂ ਏਹ ਉਤਪੱਤੀ ਪ੍ਰਲਯ ਬੇਦ ਮੇਂ ਲਿਖੀ ਹੈ ਦੇਖੋ ਛਾਂਦੋਗ ਉਪਨਿਸ਼ਦ। ਅਤੇ ਮੁਸਲਮਾਨਾ ਤੇ ਈਸਾਈਆਂ ਦੇ ਮਤ ਵਿਚ ਭੀ ਖੁਦਾ ਦੀ ਇੱਛਿਆ (ਕੁਦਰਤ) ਸੈਂ ਦੁਨੀਆਂ ਦੀ ਪੈਦਾਇਸ਼ ਦਾ ਹੋਣਾ ਮੰਨਿਆ ਹੈ। ਇਹ ਚਾਰ ਤ੍ਰੈ ਪ੍ਰਕਾਰ ਦੀ ਉਤਪੱਤੀ ਪ੍ਰਲਯ ਏਸ ਵਾਸਤੇ ਦੇਖਾਈ ਹੈ ਜੋ ਪੜ੍ਹਨ ਵਾਲੇ ਪ੍ਰੇਮੀਆਂ ਨੂੰ ਕੋਈ ਭ੍ਰਮ ਨਾਂ ਰਹਿ ਜਾਵੇ॥

Digitized by Panjab Digital Library | www.panjabdigilib.org

ਜੈਸੇ ਸਬਨਾ ਮਜ਼ਬਾਂ ਵਾਲਿਆਂ ਨੇ ਇੱਕੋ ਰੱਬ ਤੋਂ ਦੁਨੀਆਂ ਦੀ ਉਤਪੱਤੀ ਮੰਨੀ ਹੈ ਤੈਸੇ ਰੱ
ਬ ਭੀ ਸਬਨੇ ਇੱਕੋ ਹੀ ਮੰਨਿਆ ਹੈ ਅਤੇ ਮਜ਼ਬ ਧਰਮ ਭੀ ਉਸਦਾ ਇੱਕੋ ਹੈ, ਜੁਦੇ ੨ ਜੋ
ਨ੍ਹੇ ਬਹੁਤ ਮਜ਼ਬ ਦੇਖੀਦੇ ਹੈਨ ਏਹ ਸਬ ਆਪਨੀ ੨ ਬੁੱਧਿ ਅਨੁਸਾਰ ਲੋਗਾਂ ਦੇ ਬ
ਣਾਏ ਹੋਏ ਬਨਾਵਟੀ ਹਨ ਤੇ ਬਨਾਵਟ ਸਭ ਝੂਠੀ ਹੁੰਦੀ ਹੈ। ਏਸੇ ਕਰਕੇ ਗੁਰੂ ਸ
ਹਿਬਾਨੇ ਸਿੱਖ ਮਜ਼ਬ ਵਿਚ ਕੋਈ ਬਣਾਵਟ ਨਹੀ ਹੋਣ ਦਿਤੀ ਜੈਸਾ ਆਦਮੀ ਨੂੰ
ਪਰਮੇਸ੍ਵਰ ਨੇ ਪੈਦਾ ਕੀਤਾ ਹੈ ਉਸੇ ਤਰਾਂ ਰਹਿਣ ਦਾ ਹੁਕਮ ਗੁਰੂ ਜੀ ਨੇ ਦਿੱਤਾ ਹੈ ਤੇ ਇ
ਕ ਰੋਮ ਭੀ ਸਰੀਰ ਉਤੋਂ ਕੱਟਣ ਵਾਲੇ ਨੂੰ ਚੰਗਾ ਨਹੀਂ ਸਮਝਿਆ ਅਤੇ ਨਾ ਆਪਣਾ
ਦਾਵਾ ਪੰਥ ਉੱਤੇ ਰੱਖਿਆ ਹੈ, ਅਰਦਾਸ ਕਰਨ ਦੇ ਵਕਤ ਭੀ (ਸਤ ਸ੍ਰੀ ਅਕਾਲ ਪੁਰ
ਖ ਜੀ ਕਾ ਖਾਲਸਾ) ਬੋਲਿਆ ਜਾਂਦਾ ਹੈ ਗੁਰੂ ਕਾ ਖਾਲਸਾ ਨਹੀ ਬੋਲਿਆ ਜਾਂਦਾ।
ਜੇਹੜੇ ਲੋਗ ਪਰਮੇਸ੍ਵਰ ਦੀ ਕ੍ਰਿਤ ਆਗਿਆ ਭੰਗ ਕਰਕੇ ਹੁਕਮ ਅਦੂਲੀ ਦੇ ਗੁ
ਨਾਹੀ ਹੋਕਰ ਸਜ਼ਾ ਪਾਂਉਦੇ ਹਨ ਸਿੱਖ ਮਜ਼ਬ ਵਾਲੇ ਓਹ ਸਜ਼ਾ ਭੀ ਨਹੀਂ ਪਾਂਉਦੇ
ਕਿਉਂਕਿ ਰੱਬ ਦੀ ਰਚਨਾ ਦੇ ਵਿਰੋਧੀ ਨਹੀਂ ਜੈਸੇ ਰੱਬ ਪੈਦਾ ਕਰਦਾ ਹੈ ਉਸੇ ਤਰਾਂ ਰ
ਹਿੰਦੇ ਹਨ ਲਿੰਗ, ਕੰਨ, ਕੇਸ ਨਹੀਂ ਕਟਵਾਂਉਦੇ।
ਜੈਸੇ ਸ੍ਰਿਸ਼ਟੀ ਦੇ ਪੈਦਾ ਕਰਨ ਵਾਲਾ ਇੱਕੋ ਰੱਬ ਮਾਲਕ ਸਬਨੇ ਮੰਨਿਆ ਹੈ ਤੈਸੇ ਚੋਰੀ,
ਯਾਰੀ, ਠੱਗੀ, ਨਿੰਦਾ, ਮਤਸਰ, ਝੂਠ ਬੋਲਣਾ, ਜਿੱਦ ਬਾਦ ਆਦਿਕ ਖੋਟੇ ਕਰਮਾਂ ਦਾ
ਤਿਆਗ ਅਤੇ ਸਤ, ਸੰਤੋਖ, ਸੀਲ, ਛਿਮਾ, ਦਯਾ, ਮੁਹੱਬਤ, ਉਦਾਰਤਾ, ਮੁਨਸਫ ਹੋਣ,
ਸੱਚ ਬੋਲਣਾ ਇਤ੍ਯਾਦਿਕ ਉੱਤਮ ਕਰਮਾਂ ਦਾ ਸੰਗ੍ਰਹ ਕਰਣਾ ਤੇ ਬੁਰੇ ਭਲੇ ਕਰਮ
ਦਾ ਫਲ ਦੇਣ ਵਾਲਾ ਸਬ ਇਕ ਪਰਮੇਸ੍ਵਰ ਨੂੰ ਮੰਨਦੇ ਹਨ ਅਤੇ ਮੁਕਤੀ ਭੀ ਸੁਭ ਕ
ਰਮ, ਭਗਤੀ ਕਰਕੇ ਗਿਆਨ ਦ੍ਵਾਰਾ ਸਬ ਨੇ ਮੰਨੀ ਹੈ। ਇਸ ਤੋਂ ਇਹ ਬਾਤ ਸਾਬਤ ਹੋਗ
ਈ ਜੁ ਈਸ੍ਵਰ ਸਬ ਦਾ ਮਾਲਕ ਇੱਕ ਹੈ ਮਜ਼ਬ ਧਰਮ ਭੀ ਉਸ ਦਾ ਇੱਕੋ ਹੈ ਤੇ ਸ੍ਰਿ
ਸ਼ਟੀ ਭੀ ਉਸਨੇ ਇੱਕੋ ਤਰੀਕੇ ਨਾਲ ਪੈਦਾ ਕੀਤੀ ਹੈ। ਪਰ ਅਸਲ ਭੇਤ ਕੋਈ ਨਹੀਂ ਪਾ
ਸਕਿਆ ਜੋ ਕਿਸ ਵਕਤ ਤੇ ਕਿਸ ਤਰਾਂ ਸ੍ਰਿਸ਼ਟੀ ਰਚੀ ਹੈ ਤੇ ਗੁਰੂ ਨਾਨਕ ਸਾਹਿਬ ਜੀ ਦਾ
ਭੀ ਵਾਕ ਹੈ (ਥਿਤ ਵਾਰ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ। ਜਾ ਕਰਤਾ ਸਿਰਠੀ
ਕਉ ਸਾਜੈ ਆਪੇ ਜਾਣੈ ਸੋਈ।) ਤੇ ਦਸਮੇਂ ਪਾਤਸ਼ਾਹ ਭੀ ਇਉਂ ਆਖਦੇ ਹਨ (ਸ੍ਰਾ
ਪ ਆਪਨੀ ਬੁੱਧਿ ਹੈ ਜੇਤੀ। ਬਰਨਤ ਭਿੰਨ ਭਿੰਨ ਤੁਹਿ ਤੇਤੀ। ਤੁਮਰਾ ਲਖਾ ਨ ਜਾਇ

Digitized by Panjab Digital Library | www.panjabdigilib.org

ਪਸਾਰਾ॥ਕਿਤਾਬਿਧਿ ਸਜਾ ਪ੍ਰਥਮ ਸੰਸਾਰਾ॥) ਜੱਦਪਿ ਸਰਬ ਸ਼ਕਤੀਮਾਨ ਪਰਮੇ
ਸ਼ੁਰ ਨੇ ਆਪਣੀ ਕੁਦਰਤ ਦ੍ਵਾਰਾ ਪੰਜਾਂ ਤੱਤ੍ਵਾਂ ਤੋਂ ਸਾਰੀ ਦੁਨੀਆਂ ਇੱਕੇ ਤੌਰ ਸੇ ਰਚੀ ਹੈ
ਤੇ ਹਥ, ਪੈਰ, ਨਕ, ਕੰਨ, ਮੂੰਹ ਆਦਿਕ ਸਬ ਅੰਗ ਸਬਨੂੰ ਬਖਸ਼ੇ ਹਨ ਪਰੰਤੂ ਆਦਮੀ
ਨੂੰ ਰੱਬ ਨੇ ਇਕ ਐਸੀ ਬਚਿੱਤ੍ਰ ਸਮਰਥ ਬੁੱਧੀ ਬਖਸ਼ੀ ਹੈ ਜਿਸ ਦੇ ਜ਼ੋਰ ਨਾਲ ਏਹ ਉ
ਸ ਪਰਮ ਪਦ ਨੂੰ ਪ੍ਰਾਪ੍ਤ ਹੋ ਜਾਂਦਾ ਹੈ ਜਿਸ ਨੂੰ ਦੇਵਤਾ ਭੀ ਨਹੀਂ ਪਹੁੰਚ ਸੱਕਦੇ, ਏਸੇ ਲ
ਈ ਦੇਵਤਾ ਭੀ ਮਨੁਖ ਦੇਹੀ ਧਾਰਣ ਦੀ ਲੋੜ ਰੱਖਦੇ ਹਨ ਜੈਸੇ ਗੁਰੂ ਜੀ ਦਾ ਬਚਨ ਹੈ
(ਇਸ ਦੇਹੀ ਕਉ ਸਿਮਰਹਿ ਦੇਵ॥ ਸਾ ਦੇਹੀ ਭਜੁ ਹਰਿ ਕੀ ਸੇਵ॥) ਫੇਰ ਏਸੇ ਮਨੁੱਖ ਤਨ
ਤੇ ਬੁੱਧੀ ਦੇ ਬਲ ਨਾਲ ਆਦਮੀ ਸਾਰੀ ਖ਼ਲਕਤ ਦਾ ਸਰਦਾਰ ਬਣ ਰਹਿਆ ਹੈ।
ਯਥਾ (ਇਸ ਧਰਤੀ ਮਹਿ ਤੇਰੀ ਸਿਕਦਾਰੀ॥ ਅਵਰ ਜੋਨਿ ਤੇਰੀ ਪਨਿਹਾਰੀ॥) ਅਤੇ
ਸਬ ਤੋਂ ਕੰਮ ਲੈਂਦਾ ਹੈ ਬਡੇ ੨ ਬਲਵਾਨ ਹਾਥੀ ਸ਼ੇਰ ਆਦਿਕ ਜਾਨਵਰਾਂ ਨੂੰ ਆਪਣੇ
ਕਾਬੂ ਕਰ ਰੱਖਿਆ ਹੈ, ਆਦਮੀ ਆਪਣੀ ਸਮਝ ਦੇ ਬਲ ਕਰਕੇ ਆਪਣੇ ਸੁਖ ਭੋਗ
ਣ ਦੇ ਸਾਮਾਨ ਅਨੇਕ ਪ੍ਰਕਾਰ ਦੇ ਬਣਾ ਸੱਕਦਾ ਹੈ, ਹੋਰ ਕੋਈ ਨਹੀਂ ਬਣਾ ਸੱਕਦਾ
ਦੇਖੋ ਪਸ਼ੂ, ਪੰਛੀ, ਭੂਤ, ਪ੍ਰੇਤ ਜੈਸੇ ਆਦ ਕਾਲ ਮੇਂ ਜੰਗਲਾਂ, ਪਰਬਤਾਂ, ਬ੍ਰਿੱਛਾਂ ਦੀਆਂ,
ਕੰਦਰਾਂ ਦੇ ਅੰਦਰ ਰਹਿੰਦੇ ਸੇ ਉਸੇ ਤਰਾਂ ਘੁਰੋਂ, ਆਲ੍ਹਣੇ, ਬਣਾ ਕੇ ਹੁਣ ਭੀ ਰਹਿੰਦੇ ਹ
ਨ ਆਪਨੇ ਸੁਖ ਦੇ ਵਾਸ੍ਤੇ ਵਿਚਾਰ ਦੀ ਕੋਈ ਬਦਲਾ ਸ਼ੁਦਲੀ ਨਹੀਂ ਕਰ ਸਕਦੇ ਆ
ਦਮੀ ਆਪਨੀ ਅਕਲ ਦੇ ਜ਼ੋਰ ਅਤ੍ਯੰਤ ਉੱਨਤੀ ਨੂੰ ਪ੍ਰਾਪ੍ਤ ਹੋਕਰ ਸਾਰੀ ਖ਼ਲਕਤ ਦ
ਸਿਰਮੌਰ ਆਪ ਨੂੰ ਠਹਰਾ ਸੱਕਦਾ ਹੈ ਨਹੀਂ ਤਾਂ ਆਦਮੀ ਅਤੇ ਪਸ਼ੂ ਦੀ ਬਨਾਵਟ ਵਿ
ਚ ਕੁਛ ਬਹੁਤ ਭੇਦ ਨਹੀਂ ਕੀ ਤੁਸੀਂ ਕਦੀ ਨਹੀਂ ਪੜ੍ਹਿਆ ਸੁਣਿਆ ਜੁ ਤੁਹਾਡੇ ਵੱਡੇ
ਭੀ ਪਸ਼ੂਆਂ ਵਾਂਗੂ ਫਲ ਫੂਲ ਕੰਦ ਮੂਲ ਖਾ ਕਰ ਪੇਟ ਭਰ ਕੇ ਬ੍ਰਿੱਛਾਂ ਹੇਠ ਯਾ ਪਹਾ
ੜਾਂ ਦੀਆਂ ਕੰਦਰਾਂ ਵਿਚ ਰਾਤ ਦਿਨ ਬਾਂਦਰਾਂ ਮ੍ਰਿਗਾਂ ਦੀ ਤਰਾਂ ਜੰਗਲਾਂ ਵਿਚ ਰਹਿਆ
ਕਰਦੇ ਸੇ, ਆਪਣੇ ਸੁਖ ਵਾਸ੍ਤੇ ਫੂਸ ਦੀ ਝੌਂਪੜੀ ਭੀ ਨਹੀਂ ਬਣਾਵਦੇ ਸੇ ਅਤੇ ਨਾਂ ਕੁਛ
ਖੇਤੀ ਕਰ ਜਾਣਦੇ ਸੇ ਜੇਹੜਾ ਅੰਨ, ਜਵਾਰ, ਮੋਠ, ਮੂੰਗੀ, ਤਿਲ, ਬਾਜਰੀ, ਜੌਂ, ਚਣੇ
ਆਦਿਕ ਆਪੇ ਆਪਣੇ ਸਮੇਂ ਅਨੁਸਾਰ ਬਰਖਾ ਨਾਲ ਪੈਦਾ ਹੋ ਕਰ ਪਕ ਕੇ ਝੜ ਜਾਂ
ਦਾ ਸੀ ਓਹੋ ਦਾਣੇ ਚੁਣ ੨ ਚੱਬਦੇ ਰਹਿੰਦੇ ਸੇ ਤੇ ਉਨ੍ਹਾਂ ਨੂੰ ਰਿੰਨ੍ਹ ਪਕਾ ਕੇ ਖਾਣ ਦੀ ਭੀ ਅ
ਕਲ ਨਹੀਂ ਰਖਦੇ ਸੇ ਜੈਸਾ ਕਿ ਗ੍ਰੰਥ ਕਰਤਾ ਨੇ ਸੰਮਤ ੧੯੨੮ ਬਿੱਕ੍ਰਮੀ ਨੂੰ ਆਪਣੇ

Digitized by Panjab Digital Library | www.panjabdigilib.org

ਨੇੜਾਂ ਨਾਲ ਜਗਨਨਾਥ ਤੋ ਪਸ਼੍ਚਮ ੪੦ ਕੋਸ ਜਿਲੇ ਕਟਕ ਦੇ ਕਾਨਵਾਲੇ ਰਾਜਾ ਮਹੇਂਦ੍ਰ ਬਹਾਦਰ ਦੇ ਜੰਗਲਾਂ ਵਿਚ ਦੇਖੇ ਹਨ ਜਾਇ ਸ੍ਤ੍ਰੀ ਮਰਦ ਸਬ ਅਲਫ ਨੰਗੇ ਪੰਛੀਆਂ ਵਾਂਗੂ ਝਾੜਾਂ ਦੀਆਂ ਡਾਹਣਾਂ ਕੰਦਮੂਲ ਖਾ ਕੇ ਯਾ ਬਾਂਸ ਦੀ ਛੱਟੀ ਨੂੰ ਟੋਰ ਦੀ ਰੱਸੀ ਬੰਨ ਕੇ ਗੰਗੇਰਨ ਆਦਿ ਕਲਕਤੀ ਦੀ ਛੜੀ ਅੱਗੋਂ ਘਸਾ ਕਰ ਤੀਰ ਜੇਸੀ ਕਰ ਰੱਖਦੇ ਹਨ, ਉਸੇ ਤੀਰ ਕਮਾਨ ਨਾਲ ਜਾਨਵਰ ਮ੍ਰਿਗ ਆਦਿਕ ਮਾਰ ਕੇ ਕੱਚੇ ਹੀ ਖਾ ਲੈਂਦੇ ਹਨ। ਸੁੱਚਾ ਸੁਭ ਪੁੰਨ ਪਾਪ ਈਸ੍ਵਰ ਜੀਵ ਦੀ ਕੁਛ ਖਬਰ ਨਹੀਂ ਰਿਤ ਪਿੱਛੋਂ ਮਹੀਨੇ ਵਿਚ ਇਕ ਵਾਰੀ ਇਸ੍ਤ੍ਰੀ ਜਿਸ ਪੁਰਸ ਨਾਲ ਚਾਹੇ ਜੋੜਾ ਹੋ ਸਕਦੀ ਹੈ। ਏਸੇ ਤਰਾਂ ਪਹਿਲੇ ਸਬਨਾ ਮੁਲਕਾਂ ਵਿਚ ਜੰਗਲੀ ਬਣਮਾਣੂ ਸੇ ਸਨੇ ਸਨੇ ਸਬ ਬਸਤੀ ਹੁੰਦੀ ਗਈ। ਜੰਗਲਾਂ ਵਿਚੋਂ ਰਾਜਾ ਨੇ ਏਨਾਂ ਨੂੰ ਦੁਭਾਸ਼ੀਆਂ[੧] ਦ੍ਵਾਰੇ ਬੁਲਾਇ ਕਰ ਕੇ ਏਨ੍ਹਾਂ ਅੱਗੇ ਖਿੱਲਾਂ ਧਾਨਾਂ ਦੀਆਂ ਸਿਟਵਾ ਦੇਣੀਆਂ, ਏਨਾਂ ਨੇ ਖਾ ਖਾ ਕੇ ਖੁਸ਼ ਹੋਣਾ, ਜਦ ਰਾਜਾ ਆਖਦਾ ਕਿ ਤੁਸੀਂ ਕਪੜੇ ਪਹਿਨਿਆ ਕਰੋ ਤਾਂ ਜਵਾਬ ਦਿੰਦੇ ਕਿ ਸਾਨੂੰ ਬਾਘ ਖਾ ਜਾਊ। ਤੇ ਦੁਭਾਸ਼ੀਆਂ ਦ੍ਵਾਰਾ ਰਾਜਾ ਏਨ੍ਹਾਂ ਤੋਂ ਟੱਸਰ ਦੇ ਕੀੜੇ ਭੀ ਪਲਵਾ ਲੈਂਦਾ। ਏਸੇ ਤਰਾਂ ਪਹਿਲੇ ਸਬ ਮੁਲਕਾਂ ਵਿਚ ਜੰਗਲੀ ਵਸਦੇ ਸੇ। — ਜੱਦਯਪਿ ਇਤਿਹਾਸ ਤਿ ਮਰਨਾਸਕ ਰਾਜਾ ਸਿਵਪ੍ਰਸਾਦ ਕ੍ਰਿਤ, ਤਵਾਰੀਖ ਹਿੰਦ, ਇਤਿਹਾਸ ਭਾਰਤਵਰਸ਼ ਦੀਵਾਨ ਮਨੀਵਾਈ ਕ੍ਰਿਤ, ਇਤਿਹਾਸ ਹਜਾਰਾ ਸਿੰਘ ਕ੍ਰਿਤ, ਸੱਤਯਾਰਥ ਪ੍ਰਕਾਸ਼ ਸ੍ਵਾਮੀ ਦਯਾਨੰਦ ਜੀ ਕ੍ਰਿਤ ਆਦਿਕਾਂ ਵਿਚ ਲਿਖਿਆ ਹੈ ਕਿ (ਤ੍ਰਿਬਿਸ੍ਟਪ) ਤਿੱਬਤ ਦੇ ਪਸ਼੍ਚਮ ਦਿਸ਼ਾ ਈਰਾਣ ਦੇ ਰਹਨ ਵਾਲੇ ਆਰਯਾਨ ਲੋਗਾਂ ਨੇ ਹਿੰਦੂ ਕੁਸ਼ ਪਰਬਤ ਨੂੰ ਲੰਘ ਕੇ ਏਥੇ ਆ ਕੇ ਏਸ ਦੇਸ਼ ਨੂੰ ਬਸਾਯਾ ਹੈ ਏਸੇ ਕਰਕੇ ਏਸ ਦਾ ਨਾਮ ਆਰੀਯਾਵਰਤ ਹੈ ਤੇ ਭਾਰਥ ਰਾਜ ਨੇ ਅਖੰਡ ਰਾਜ ਕੀਤਾ ਹੈ ਏਸ ਕਰਕੇ ਭਾਰਥ ਖੰਡ ਮਸ਼ਹੂਰ ਹੈ। ਪਰੰਤੂ ਏਹ ਪਰਸੰਗ ਠੀਕ ਨਹੀਂ ਕਿਉਂਕੇ ਜੈਸੇ ਸਾਰੀ ਦੁਨੀਆਂ ਦੇ ਪੁਸਤਕਾਂ ਤੋ ਬੇਦ ਪਹਿਲੇ ਹਨ ਤੇ ਸਾਰੀਆਂ ਵਿਦਿਆਂ ਨਾਲੋਂ ਸੰਸਕ੍ਰਿਤ ਪਹਿਲੀ ਹੈ, ਕਾਹੇ ਤੇ ਬਡੇ ਬਿੱਦ੍ਵਾਨ ਅੰਗ੍ਰੇਜਾਂ ਨੇ ਭੀ ਏਸ ਨੂੰ ਸਾਰੇ ਇਲਮਾਂ ਦੀ ਮਾਂ ਲਿਖਿਆ ਹੈ। ਕਿਉਂਕੇ ਹੋਰ ਸਬਨਾ ਕਿਤਾਬਾਂ ਤੇ ਵਿਦਿਆਂ ਦਾ ਅੰਤ ਲਭਦਾ ਹੈ ਪਰ ਬੇਦਾਂ ਦਾ ਤੇ ਸੰਸਕ੍ਰਿਤ ਦਾ ਆਦ ਨਹੀਂ ਲਭਦਾ। ਏਸੇ ਤਰਾਂ ਆਰਯਾਵਰਤ ਭੀ ਸਬ ਮੁਲਕਾਂ ਤੋਂ ਪਹਿਲੇ ਦਾ ਆਬਾਦ ਹੈ ਕਿਉਂਕੇ ਏਸ ਮੁਲਕ ਦੀ ਬਿੱਦਿਆ ਸਬ ਤੋਂ ਪਹਿਲੇ ਦੀ ਹੈ। ਏਸਨੂੰ ਬ੍ਰਮਾ ਨੇ ਆਬਾਦ ਕੀਤਾ ਹੈ ਏਸੇ ਕਰਕੇ ਏਹ ਬ੍ਰਮਾ ਦੀ ਰਚਨਾ ਮੰਨੀਦਾ ਹੈ। ਫੇਰ ਏਥੋਂ ਹੀ ਜਾ ਕੇ ਆਪਣੇ ਨਾਮ ਪਰ ਪੂਰਬ ਦੀ ਤਰਫ ਬ੍ਰਮਾ ਨਾਮੀ ਮੁਲਕ ਬਸਾਯਾ। ਤੇ ਦੱਖਣ ਦੀ ਤਰਫ

[੧] ਦੁਭਾਸ਼ੀਏ ਭਾਵ ਉਹ ਜੋ ਦੋਹਾਂ ਬੋਲੀਆਂ ਦੇ ਜਾਣੂ ਹੋਣ ਅਰਥ ਸਮਝਾ ਸਕਣ,

ਸਿੰਗਲਾਦੀਪ (ਸੀਲ ਨ) ਮੁਲਕ (ਜਿਸਦੇ ਲੰਕਾ ਨਾਮੀ ਗੜ੍ਹ ਵਿਚ ਏਸੇ ਬ੍ਰਹਮਾ ਦਾ ਪੋਤ੍ਰਾ ਰਾਵਣ ਰਾਜ ਕਰਦਾ ਰਿਹਾ) ਬਸਾਯਾ ਜਾਂ ਤੇ ਪਿੱਛੋਂ ਵਲ ਬੁਖਾਰਾ ਤੇ ਸਮਰਕੰਦ ਦੇ ਤਖਤ ਪਰ ਬੈਠ ਕੇ ਈਰਾਨ, ਤੂਰਾਨ, ਰੂਸ, ਅਰਬ ਵਗੈਰਾ ਮੁਲਕਾਂ ਦੀ ਬਾਦਸ਼ਾਹੀ ਕੀਤੀ। ਏਸ ਤੋਂ ਸਾਬਤ ਹੋਯਾ ਕਿ ਸਬ ਮੁਲਕ ਆਰਯਾਵਰਤ ਵਿੱਚੋਂ ਨਿਕਲੇ ਹਨ। ਫੇਰ ਜਿਓਂ੨ ਈਸਾਈ, ਮੁਹੰਮਦੀ ਮਜ਼੍ਹਬ ਫੈਲਦੇ ਗਏ ਤਿਓਂ੨ ਬੈਦਕ ਮਤ ਘਟਦਾ ਗਿਆ। ਫੇਰ ਆਰਯਾਂ ਵਿਚੋਂ ਬ੍ਰਾਹਮਣ, ਛੱਤ੍ਰੀ, ਬੈਸ, ਸੂਦ੍ਰ ਏਹ ਚਾਰ ਭੇਦ ਹੋ ਗਏ। ਤੇ ਦੱਸ੍ਯੂ ਸੰਗਯਾ ਵਿਚੋਂ ਭੀਲ, ਕੋਲ, ਕਿਰਾਤ, ਕੋਲੀ, ਪਾਸੀ, ਸਾਂਹਸੀ, ਚੰਡਾਲ ਆਦਿਕ ਬਣ ਗਏ। ਤੇ ਯਵਨਾਂ ਵਿਚੋਂ ਰਾਖਸ਼, ਮਲੇਛ, ਪਿਸ਼ਾਚ, ਹਬਸ਼ੀ, ਮੁਸਲਮਾਨ, ਜ਼ਹੂਦੀ, ਈਸਾਈ ਆਦਿਕ ਅਨੇਕ ਮਜ਼੍ਹਬ ਤੇ ਅਨੰਤ ਜ਼ਾਤਾਂ ਦੇ ਲੋਗ ਬਣ ਗਏ। ਫੇਰ ਜਿਓਂ੨ ਸ੍ਰਿਸ਼ਟੀ ਵਧਦੀ ਗਈ ਤਿਓਂ੨ ਜਾਤਾਂ ਭੀ ਵਧਦੀਆਂ ਗਈਆਂ।

ਫੇਰ ਆਰਯਾਂ ਵਿਚੋਂ ਬੌਧ ਤੇ ਪਾਰਸੀ ਦੋ ਮਜ਼੍ਹਬ ਨਿਕਲੇ, ਪਾਰਸੀ ਜ਼ਰਦਸ਼ਤ ਤੋਂ ਚੱਲੇ ਤੇ ਬੌਧ ਮਤ ਸਾਕ੍ਯ ਮੁਨਿ ਗੋਤਮ ਬੁੱਧ ਤੋਂ ਚੱਲਿਆ ਹੈ। ਏਨ੍ਹਾਂ ਬੋਧਾਂ ਵਿਚੋਂ ਹੀ ਆਪ ਸਾਹਿਬ, ਬੱਜ੍ਰ ਨਾਭ ਜੈਸੇ ਬਹੁਤ ਬੜੇ੨ ਮਹਾਰਾਜੇ ਹੋ ਚੁਕੇ ਹਨ ਜਿਨਾਂ ਦੇ ਬੋਧ ਕੀਤੇ ਹੋਏ ਚੀਨ, ਭੋਟਾਨ, ਲਾਸਾ, ਬ੍ਰਹਮਾ, ਸੀਲਾਨ ਆਦਿਕ ਮੁਲਕ ਹੁਣ ਤਕ ਹਨ। — ਯਦੀ ਆਰਯਾਵਰਤ ਭੀ ਬਹੁਤ ਸਾਰਾ ਬੋਧ ਹੋ ਗਿਆ ਸੀ ਪਰੰਤੂ ਸ੍ਵਾਮੀ ਸ਼ੰਕਰਾਚਾਰਯ ਜੈਸੇ ਅਨੇਕ ਸਤ ਪੁਰਸ਼ਾਂ ਨੇ ਉੱਦਮ ਕਰਕੇ ਫੇਰ ਬੋਧ ਮਤ ਨੂੰ ਦਬਾ ਕੇ ਬੈਦਕ ਮਤ ਕਾਯਮ ਕਰ ਦਿੱਤਾ। ਹੁਣ ਏਨ੍ਹਾਂ ਬੋਧਾਂ ਵਿਚ ਭੀ ਜੈਨ, ਢੂੰਢੀਏ, ਪੂਜ, ਕਪਾਲਕ, ਸ੍ਰੇਵੜਾ, ਛਿੱਪਣ ਆਦਿਕ ਅਨੇਕ ਭੇਦ ਹਨ। ਏਸੇ ਤਰਾਂ ਜਿਓਂ੨ ਅਨੇਕ ਮਤ ਹੋਰ ਹੋਰ ਫੈਲਦੇ ਗਏ ਤਿਓਂ ਆਰਯਾ ਮਤ ਘਟ ਗਿਆ।

ਪੂਰਬ ਵੱਲ ਬ੍ਰਹਮਪੁਤ੍ਰ, ਪੱਛਮ ਵੱਲ ਹਾਮੂ ਦਰਿਆਇ, ਉੱਤ੍ਰ ਵਲ ਹਿਮਾਲਯ, ਦੱਖਣ ਵੱਲ ਰਾਸਕੁਮਾਰੀ ਏਨ੍ਹਾਂ ਚੌਹਾਂ ਹੱਦਾਂ ਦੇ ਅੰਦਰ੨ ਆਰਯਾਵਰਤ ਹੋਣਾ ਰਿਖੀਆਂ ਨੇ ਲਿਖਿਆ ਹੈ ਪਰ ਮਨੂ ਜੀ ਨੇ ਹਿਮਾਲਾ, ਬਿੰਧਿਆਚਲ, ਨੀਲਾਗਿਰੀ, ਰਾਸਕੁਮਾਰੀ ਪੱਛਮ ਦੀ ਤਰਫ ਅਟਕ ਦਰੀਯਾ, ਅਤੇ ਸਿੰਧ, ਕੱਛ ਦੇਸ ਵਾਲੇ ਸਮੁੰਦ੍ਰ ਦੀ ਖਾੜੀ ਇਤਨਾ ਹੀ ਆਰਯਾਵਰਤ ਕਿਹਾ ਹੈ ਏਸੇ ਕਰਕੇ ਇੰਦ੍ਰਮਣੀ ਨੇ ਦਯਾਨੰਦ ਸ੍ਵਾਮੀ ਨੂੰ ਕਾਠੀਆਵਾੜ ਅਨਾਰਯ ਦੇਸ ਦੇ ਰਹਣ ਵਾਲਾ ਅਨਾਰਯ ਲਿਖਿਆ ਹੈ।

ਜਿਸ ਸਮਯ ਬੇਟੀ ਰੋਟੀ ਦੀ ਸਾਂਝ ਆਰਯਾਂ ਵਿਚ ਭੀ ਈਸਾਈ ਮੁਸਲਮਾਨਾਂ ਵਾਂਗੂ ਸੀ, ਏਸੇ ਕਰਕੇ ਬਹੁਤ ਛੇਤੀ ਫੈਲ ਗਏ ਸਨ, ਹੋਰ ਜਾਤ, ਪਾਤ, ਬਰਣ, ਆਸ਼੍ਰਮ ਦਾ

Digitized by Panjab Digital Library | www.panjabdigilib.org

ਭੇਦ ਕੋਈ ਨਹੀਂ ਸੀ ਜੈਸਾ ਜੋ ਕੋਈ ਕੰਮ (ਪੇਸ਼ਾ) ਕਰਦਾ ਸੀ ਓਹੋ ਨਾਮ ਓਸ ਦਾ ਲਯਾ ਜਾਂਦਾ ਸੀ ਬ੍ਰਮਣ ਨਾਮ ਬੇਦ ਦਾ ਹੈ ਏਸੇ ਕਰਕੇ ਬੇਦ ਪੜ੍ਹਨ ਵਾਲੇ ਨੂੰ ਬ੍ਰਮਣ, ਸਸ੍ਤ੍ਰ ਬੰਨ੍ਹਣ ਵਾਲੇ ਨੂੰ ਸ਼ਤ੍ਰੀ ਜਿਸ ਤੋਂ ਬਦਲ ਕੇ ਛੱਤ੍ਰੀ, ਖੱਤ੍ਰੀ ਨਾਮ ਬਣ ਗਏ, ਬਿਪਾਰੀ ਵਿਹਾਰੀ ਨੂੰ ਬੈਸ਼ਯ, ਬਾਣੀਆਂ, ਸੁਸਰੂਖਾ, ਸੇਵਾ ਕਰਨ ਵਾਲੇ ਨੂੰ ਸ਼ੂਦ੍ਰ ਬੋਲਦੇ ਸੇ। ਹੋਰ ਆਪਸ ਮੇਂ ਖਾਣੇ ਪੀਣੇ ਆਦਿਕ ਬਰਤਣ ਦਾ ਕੋਈ ਫਰਕ ਨਹੀਂ ਸੀ ਜਿਸ ਦੇਸ ਬੀਪੀ ਬਹੁਤ ਹੁੰਦੇ, ਗਊਆਂ ਭੈਂਸਾਂ ਬਹੁਤ ਰਖਦਾ ਓਹ ਆਪਣੇ ਇਰਦ ਗਿਰਦ ਦਾ ਰਾਜਾ ਬਣ ਜਾਂਦਾ ਸੀ ਤੇ ਪ੍ਰਜਾ ਤੋਂ ਕੁਛ੨ ਕਰ ਲੈਕੇ ਓਨ੍ਹਾਂ ਦੀ ਪ੍ਰਤਿਪਾਲਾ ਕਰਦਾ ਰੈਹਦਾ ਸੀ ਏਸੇ ਪ੍ਰਕਾਰ ਬਹੁਤ ਰਾਜੇ ਹੋ ਗਏ ਚੰਦ੍ਰਮਾ, ਸੂਰਜ, ਨਾਗ ਆਦਿਕ ਨਾਮ ਵਾਲੇ ਜੇੜ੍ਹੇ ਲੋਕ ਪ੍ਰਸਿੱਧ ਹੋ ਗਏ ਓਨ੍ਹਾਂ ਦੀ ਸੰਤਾਨ ਚੰਦ੍ਰ ਬੰਸੀ, ਨਾਗਬੰਸੀ, ਮਸ਼ਹੂਰ ਹੋ ਗਈ ਓਨ੍ਹਾਂ ਵਿਚੋਂ ਇਕ ਮਨੂ ਭੀ ਸੂਰਜ ਬੰਸੀ ਪ੍ਰਸਿੱਧ ਰਾਜਾ ਹੋ ਗਯਾ, ਜਿਸ ਦਾ ਧਰਮ ਸ਼ਾਸ੍ਤ੍ਰ ਮਨੂ ਸਿੰਮ੍ਰਿਤੀ ਕਾਨੂਨ ਰਚਿਆ ਹੋਯਾ ਅਜ ਤਕ ਸਰਕਾਰੀ ਅਦਾਲਤਾਂ ਵਿਚ ਮੰਨਿਆ ਜਾਂਦਾ ਹੈ ਏਸੇ ਰਾਜਾ ਨੇ ਚਾਰਾਂ ਬਰਣਾਂ ਵਿਚੋ ਮੂਰਧ, ਸਿਕਤ, ਅੰਬਸ੍ਟ, ਨਿਖਾਦ, ਉੱਗ੍ਰ, ਸੂਰਕ, ਖਾਰਸਵ, ਭਿੱਖਕ, ਆਭੀਰ, ਗੋਲ, ਸ਼ੂੰਡ, ਬ੍ਰਾਤ ਆਦਿਕ ਅਠਾਰਾਂ ਪ੍ਰਕਾਰ ਦੇ ਭੇਦ ਕਰਕੇ ਲਿਖੇ ਹਨ ਜਿਨ੍ਹਾਂ ਅਠਾਰਾਂ ਬਰਣਾਂ ਦੇ ਰਾਜੇ ਬ੍ਰਾਮਣ ਆਪ ਨੂੰ ਮੰਨਦੇ ਹਨ ਤੇ ਪਰਸਰਾਮ ਦੇ ਵਕਤ ਬਹੁਤ ਜ਼ਾਤਾਂ ਦੇ ਭੇਦ ਹੋ ਗਏ ਏਸੇ ਕਰਕੇ ਸਹਜੇ ਸਾਹਿਜੇ ਰੋਟੀ ਬੇਟੀ ਦੀ ਸਾਂਝ ਭੀ ਆਪਣੀ੨ ਜ਼ਾਤ ਵਿਚ ਹੀ ਰਹਿ ਗਈ।

ਪਹਿਲੇ ਸਮਯ ਬੇਦਪਾਠੀ ਬ੍ਰਮਣ ਸਬ ਕੰਦਮੂਲ, ਫਲ ਫੂਲ ਨਾਲ ਯਾਂ ਛੱਤ੍ਰੀਆਂ, ਬੈਸਾਂ ਦੇ ਘਰਾਂ ਤੋਂ ਭਿੱਛਿਆ ਮੰਗ ਕੇ ਨਿਰਬਾਹ ਕਰ ਲੈਂਦੇ ਸੇ ਤੇ ਜਪ, ਤਪ, ਬੇਦ ਪਾਠ ਤੋ ਬਿਨਾ ਹੋਰ ਕੋਈ ਕੰਮ ਨਹੀਂ ਕਰਦੇ ਸੇ, ਤ੍ਯਾਗ, ਸੰਤੋਖ ਤਦ ਐਸਾ ਹੁੰਦਾ ਸੀ ਜੁ ਇਕ ਦਿਨ ਤੋਂ ਜ਼੍ਯਾਦੇ ਅੰਨ, ਪਹਿਰਣ ਤੋਂ ਜ਼੍ਯਾਦਾ ਬਸਤ੍ਰ ਨਹੀਂ ਰਖਦੇ ਸੇ ਬਲਕੇ ਜਦ ਇਕ ਬੇਟਾ ਹੋ ਜਾਂਦਾ ਤਾਂ ਇਸਤ੍ਰੀ ਨੂੰ ਮਾਤਾ ਤੁਲ ਸਮਝਦੇ ਸੇ। ਹੁਣ ਭੀ ਦੱਖਣ ਦੇਸ, ਕਾਠੀਆਵਾੜ੍ਹ, ਗੁਜਰਾਤ, ਮਲੇਵਾਰ ਦੇ ਬ੍ਰਾਮਣ ਸਿਵਾਇ ਬੇਦਪਾਠ, ਭਿੱਛਿਆ ਮੰਗਕੇ ਖਾਣ ਦੇ ਹੋਰ ਕੋਈ ਕੰਮ ਨੌਕਰੀ, ਖੇਤੀ ਬ੍ਯਾਪਾਰ ਆਦਿਕ ਨਹੀਂ ਕਰਦੇ। ਛੱਤ੍ਰੀ ਨੌਕਰੀ, ਖੇਤੀ, ਬ੍ਯਾਪਾਰ, ਸ਼ੂਦ੍ਰ ਪਰਾਈ ਸੇਵਾ ਕਰਕੇ, ਏਸ ਤਰਾਂ ਚਾਰੋਂ ਬਰਣ ਆਪਣੇ੨ ਧਰਮ ਅਨੁਸਾਰ ਗੁਜ਼ਾਰਾ ਕਰਦੇ ਸੇ, ਚਾਂਦੀ ਸੋਨਾ ਜਮਾਂ ਕਰਣ ਕੋਈ ਨਹੀਂ ਜਾਣਦਾ ਸੀ ਬ੍ਯਾਹ ਸ਼°

Digitized by Panjab Digital Library | www.panjabdigilib.org

ਦੀ ਮਨ ਪਸੰਦ ਜਿਸਨੂੰ ਸੁਯੰਬਰ ਆਖਦੇ ਹਨ ਹੋ ਜਾਂਦਾ ਸੀ ਚੰਗੇ ਕਪੜੇ ਗਹਿਣੇ ਪਹਿ
ਰਣ ਦਾ ਕੋਈ ਰਿਵਾਜ ਨਹੀਂ ਸੀ ਬਿਧਵਾ ਔਰਤ ਚੌਹਾਂ ਬਰਣਾਂ ਵਿਚ ਕੋਈ ਗਹਿਣਾ ਨਹੀਂ
ਪਾਂਉਂਦੀ ਸੀ, ਔਰਤ ਨੂੰ ਕੋਈ ਰੋਕ ਨਹੀਂ ਹੁੰਦੀ ਸੀ ਜਿਸ ਬਰਣ ਵਿਚ ਚਾਹੇ ਮਨ ਪਸੰਦ
ਸ਼ਾਦੀ ਕਰ ਲੈਂਦੀ ਸੀ ਤੇ ਚੌਹਾਂ ਬਰਣਾਂ ਦਾ ਇਤਫ਼ਾਕ ਤਦ ਐਸਾ ਸੀ ਕਿ ਜਿਸਦੇ ਪਾਸ
ਆਪਣੀ ਤੀਵੀਂ ਨਹੀਂ ਹੁੰਦੀ ਸੀ ਓਹ ਸੰਤਾਨ ਕਰਨ ਵਾਸਤੇ ਜਿਸ ਤੋਂ ਜਾਕੇ ਔਰਤ ਮੰਗੇ
ਤੇ ਜਿਸਦੇ ਘਰ ਦਸ ਬਰਸ ਦਾ ਬੇਟਾ ਹੋਵੇ ਓਹ ਆਪਣੀ ਔਰਤ ਮੰਗਣ ਵਾਲੇ ਨੂੰ ਦੇ
ਦਿੰਦਾ ਸੀ ਤੇ ਓਹ ਭੀ ਉਸ ਔਰਤ ਵਿਚੋਂ ਇਕ ਬੇਟਾ ਪੈਦਾ ਕਰਕੇ ਫੇਰ ਮੋੜਕੇ ਮਾਲਕ
ਨੂੰ ਦੇ ਜਾਂਦਾ ਸੀ ਏਸੇ ਤਰਾਂ ਕਈ ੨ ਲੋਗਾਂ ਦੇ ਘਰ ਇੱਕੋ ਔਰਤ ਹੀ ਸੰਤਾਨ ਪੈਦਾ ਕਰ
ਦਿੰਦੀ ਸੀ ਏਸੇ ਸਬਬ ਕਰਕੇ ਏਹ ਮੁਲਕ ਆਰਯਾ ਵਰਤ ਬਹੁਤ ਸੀਘ੍ਰ ਆਦਮੀ
ਆਂ ਨਾਲ ਭਰ ਗਯਾ ਸੀ ਤੇ ਦੌਲਤ, ਇਲਮ, ਹੁਨਰ, ਕਰਮ, ਧਰਮ, ਰਹਤ ਮਰਯਾਦਾ,
ਖਾਨ ਪਹਿਰਾਨ ਦੀ ਰੀਤੀ, ਬਿਹਾਰ ਪ੍ਰਮਾਰਥ ਦੀ ਸਾਮਗ੍ਰੀ ਵਿਚ ਏਹ ਮੁਲਕ ਹੋਰ ਸਾਰੇ
ਮੁਲਕਾਂ ਨਾਲੋਂ ਉੱਨਤੀ ਵਿਚ ਹੋ ਗਿਆ ਸੀ। ਅਜ ਕਲ ਜੇਹੜੇ ਹੁਨਰ ਤਾਰਬਰਕੀ
ਅੰਜਨ ਆਦਿਕਾਂ ਦੇ ਸਾਨੂੰ ਅਚੰਭਾ ਵਿਖਾਈ ਦੇ ਰਹੇ ਹਨ ਏਹ ਸਭ ਸੈਂਕੜੇ ਹੁਨਰ ਏਸ
ਦੇਸ ਤੋਂ ਯਰਮਨੀ ਵਾਲਿਆਂ ਨੇ ਭੇਦ ਲੈਜਾਕਰ ਸਿੱਧ ਕਰ ਲਏ ਹਨ ਏਹ ਸਭ ਪਹਿਲੇ
ਏਸੇ ਆਰਯਾ ਵਰਤ ਵਿਚ ਪ੍ਰਸਿੱਧ ਸੇ ਬਲਕੇ ਬਹੁਤ ਆਦਮੀ ਕਲ ਦੀਆਂ ਗੱ
ਡੀਆਂ ਜਿਨ੍ਹਾਂ ਨੂੰ ਬਿਵਾਨ ਆਖਦੇ ਸਨ ਓਨ੍ਹਾਂ ਵਿਚ ਬੈਠ ਕੇ ਜਿੱਥੇ ਚਾਹੁੰਦੇ ਆਕਾਸ਼
ਮਾਰਗ ਓਥੇ ਹੀ ਚਲੇ ਜਾਂਦੇ, ਤੇ ਆਪਣੇ ੨ ਉਡਨ ਖਟੋਲੇ ਆਕਾਸ਼ ਵਿੱਚ ਚੜ੍ਹਾਕੇ
ਪੰਛੀਆਂ ਵਾਂਗੂ ਉਡਦੇ ਹੋਏ ਜੁੱਧ ਜੰਗ ਕਰਦੇ ਫਿਰਦੇ ਸੇ ਹੋਰ ਜੇਹੜਾ ਜਾਦੂ ਦੇ ਇ
ਲਮ ਦਾ ਕੋਈ ਹਿੱਸਾ ਫ੍ਰੀਮੇਸਨ¹ ਵਾਲੇ ਲੋਗਾਂ ਨੇ ਸਿੱਧ ਕਰ ਰੱਖਿਆ ਹੈ ਏਹੋ ਜੇਹੇ ਬੇ
ਅੰਤ ਪ੍ਰਕਾਰ ਦੇ ਜਾਦੂ ਐਸ ਮੁਲਕ ਵਿਚ ਪ੍ਰਸਿੱਧ ਸੇ ਪਰ ਜੇਹੜੇ ਏਨ੍ਹਾਂ ਇਲਮਾਂ ਦੇ
ਗਿਆਤਾ ਬੇਦ ਉਪਬੇਦ, ਰੁੱਦ੍ਰ ਜਾਮਲ, ਬ੍ਰਹਮ ਜਾਮਲ ਆਦਿਕ ਪੋਥੀਆਂ ਨੂੰ ਪੜ੍ਹੇ
ਹੋਏ ਬ੍ਰਾਹਮਣ ਸੇ ਓਨ੍ਹਾਂ ਨੇ ਸਿਵਾਇ ਆਪਣੀ ਸੰਤਾਨ ਦੇ ਹੋਰ ਕਿਸੇ ਨੂੰ ਕੋਈ ਚੰਗਾ ਇਲ
ਮ ਹੁਨਰ ਨਾ ਸਿਖਾਯਾ, ਸ਼ਨੇ ਸ਼ਨੇ ਓਨ੍ਹਾਂ ਦੀ ਔਲਾਦ ਨੇ ਇਲਮ ਭੁਲਾਇ ਦਿਤਾ ਤੇ
ਹੋਰ ਨੂੰ ਨਾ ਪੜ੍ਹਾਯਾ ਏਸੇ ਕਰਕੇ ਓਹ ਇਲਮ ਏਸ ਦੇਸ ਵਿੱਚੋਂ ਜਾਂਦਾ ਰਿਹਾ॥

੧-ਇਕ ਫਿਰਕੇ ਦਾ ਨਾਮ ਹੈ

Digitized by Panjab Digital Library | www.panjabdigilib.org

ਏਸੇ ਤਰਾਂ ਤਿੰਨ ਚਾਰ ਸੌ ਬਰਸ ਦੇ ਪਹਿਲੇ ੨ ਏਸ ਮੁਲਕ ਵਿਚ ਜੋਗ ਅਭਿਆਸ ਦਾ
ਇਲਮ ਬਹੁਤ ਸੀ ਜਿਸ ਦੇ ਬਲ ਨਾਲ ਅਭਿਆਸੀ ਲੋਗ ਦਸਵੇਂ ਦੁਆਰ ਪ੍ਰਾਣ ਚ
ੜ੍ਹਾਕੇ ਬੈਠ ਰਹਿੰਦੇ ਸੇ, ਉਸੇ ਜੋਗ ਦੇ ਜ਼ੋਰ ਨਾਲ ਭੂਤ ਭਵਿਖਤ ਬਰਤਮਾਨ ਤਿੰਨਾਂ
ਕਾਲਾਂ ਦੀ ਬਾਤ ਦਸ ਦਿੰਦੇ ਸੇ, ਹੁਣ ਕੋਈ ੨ ਲੋਗ ਅੱਭਿਆਸ ਕਰਕੇ ਥੋੜ੍ਹੀ ੨ ਬਾਤ
ਤਾਂ ਤਿੰਨਾਂ ਕਾਲਾਂ ਦੀ ਕਹਿ ਸੱਕਦੇ ਹਨ ਪਰ ਅਸ਼ਟਾਂਗ ਜੋਗ ਕਰਵਾਉਣ ਵਾਲਾ ਜੋ
ਗੀਰਾਜ ਕੋਈ ਕਿਤੇ ਨਹੀਂ ਦੇਖੀ ਸੁਣੀ ਦਾ।

ਦੇਖੋ ਸੱਤਰ ਬਰਸ ਤੋਂ ਪਹਿਲੇ ੨ ਏਸੇ ਮੁਲਕ ਵਿਚ ਤੀਰ ਚਲਾਵਣ ਦਾ ਇਲਮ
ਜੈਸਾ ਪੋਥੀਆਂ ਵਿਚ ਲਿਖਿਆ ਹੈ ਉਸੇ ਪ੍ਰਕਾਰ ਦਾ ਬਹੁਤ ਪ੍ਰਸਿੱਧ ਸੀ ਤੀਰਾਂ ਦੇ
ਭਰੇ ਹੋਏ ਭੱਥੇ ਦਸ ੨ ਕਮਾਣਾਂ ਤੇ ਬੰਦੂਕਾਂ, ਤਲਵਾਰਾਂ, ਨੇਜ਼ੇ ਬਰਛੀਆਂ ਆਦਿਕ ਸ
ਬ ਸ਼ਸਤ੍ਰ ਘਰ ੨ ਪਏ ਹੁੰਦੇ ਸੇ ਤੇ ਸਬ ਲੋਗ ਸ਼ਸਤ੍ਰ ਚਲਾਉਣੇ ਹਰ ਵਕਤ ਸਿੱਖਦੇ
ਰਹਿੰਦੇ ਸੇ ਹੁਣ ਏਸ ਹੁਨਰ ਦਾ ਪੂਰਾ ੨ ਗਿਆਤਾ ਕੋਈ ਬੀ ਕਿਸੇ ਦੇਸ ਵਿਚ ਸੁਣਿਆ
ਨਹੀਂ ਜਾਂਦਾ ਜੇਕਰ ਮੁਸਲਮਾਨਾਂ ਦੇ ਰਾਜ ਦੀ ਤਰਾਂ ਜੋ ੮੦੦ ਬਰਸ ਤਕ ਚਲਿਆ
ਰਿਹਾ ਸੀ, ਸਰਕਾਰ ਅੰਗ੍ਰੇਜ਼ੀ ਦੀ ਹਕੂਮਤ ਭੀ ਬਣੀ ਰਹੀ ਤਾਂ ਨਵੇਂ ੨ ਢੰਗ ਦੇ ਹੁਨਰ
ਇਲਮ ਬਹੁਤ ਪ੍ਰਸਿੱਧ ਹੋ ਜਾਣਗੇ ਤੇ ਪਿਛਲਿਆਂ ਨੂੰ ਝੂਠ ਹੀ ਸਮਝਣਗੇ ਏਸੇ
ਤਰਾਂ ਸਾਰੀ ਦੁਨੀਆਂ ਦੇ ਬਿਹਾਰਾਂ ਦੀ ਤੇ ਇਲਮਾਂ ਦੀ ਉਤਪੱਤੀ, ਪ੍ਰਲਯ, ਅਦਲਾ
ਬਦਲੀ ਹਮੇਸ਼ ਹੁੰਦੀ ਰਹਿੰਦੀ ਹੈ।

ਹੇ ਮਿੱਤ੍ਰ ਬੀਚਾਰ ਕਰਕੇ ਦੇਖੋ, ਕਦੇ ਉਹ ਸਮਾਂ ਸੀ ਜੁ ਪਹਾੜਾਂ ਦੀਆਂ ਕੰਦਰਾਂ ਵਿਚ
ਤੇ ਦਰਖਤਾਂ ਦੇ ਹੇਠ ਬਿਨਾ ਬਿਸਤ੍ਰੇ ਆਨੰਦ ਨਾਲ ਸੌਂਦੇ ਸੇ, ਹੁਣ ਨਰਮ, ਮੁਲਾਇਮ
ਸੇਜਾ ਤੇ ਜੇਕਰ ਇਕ ਵਲੇਵਾਂ ਭੀ ਹੋਵੇ ਤਾਂ ਚੁਭਦਾ ਹੈ ਤਦ ਅੰਜੀਰ ਦੇ ਪੱਤੇ, ਭੋਜ ਪੱਤ੍ਰਨਾ
ਲ ਨੰਗ ਢੱਕਦੇ ਸੇ ਹੁਣ ਭਾਂਤ ਭਾਂਤ ਦੇ ਰੇਸ਼ਮੀ ਮਖਮਲ ਆਦਿਕ ਬਸਤ੍ਰਾਂ ਵਿਚ ਭੀ
ਅਨੇਕ ਛਿੱਦ੍ਰ ਨਿਕਲਦੇ ਹਨ। ਤਦ ਸਾਗ ਪੱਤ੍ਰ ਕੰਦ ਮੂਲ ਜੰਡ ਦੀ ਫਲੀ ਠੇਲਾ ਛ
ਕਕੇ ਪ੍ਰਮੇਸ਼ੁਰ ਦਾ ਧੰਨਬਾਦ ਕਰਦੇ ਸੇ ਹੁਣ ਛੱਤੀ ਪ੍ਰਕਾਰ ਦੇ ਅੰਮ੍ਰਿਤ ਰੂਪ ਭੋਜਨ ਭੀ
ਸੰਘ ਵਿਚ ਅਟਕ ਰਹਿੰਦੇ ਹਨ ਤੇ ਕਈ ਔਗੁਣ ਨਿਕਲਦੇ ਹਨ। ਤਦ ਛੋਟੀ ੨ ਨਦੀਆਂ
ਤੋਂ ਪਾਰ ਉਤਰਨਾ ਬਹੁਤ ਮੁਸ਼ਕਲ ਸੀ ਬੇੜੀਆਂ ਘੜਦੇ ੨ ਥੱਕ ਰਹਿੰਦੇ ਸੇ ਤੇ ਜ
ਹਾਜ਼ਾਂ ਉਤੇ ਪਾਲ ਤਾਣਕੇ ਅਕਾਸ਼ ਦੀ ਤਰਫ ਮੱਥਾ ਚੁੱਕ ੨ ਦੇਖਦੇ ਰਹਿੰਦੇ ਸੇ ਕਦ-

Digitized by Panjab Digital Library | www.panjabdigilib.org

ਪੌਣ ਆਦਿ ਤੇ ਜਹਾਜ਼ ਚੜ੍ਹੇ, ਹੁਣ ਅਗਨ ਬੋਟਾਂ ਤੇ ਪੁਲਾਂ ਦੇ ਰਸਤੇ ਬੜੇ੨ ਦਰਿਆਵਾਂ ਨੂੰ ਅੱਖੀਂ ਮੀਟੀਂ ਬੈਠੇ ਬਿਠਾਏ ਲੰਘ ਜਾਂਦੇ ਹਨ ਤਦ ਚਿੱਠੀ ਆਦਿਕ ਸੰਦੇਸਾ ਭੇਜਣਾ ਬੀਸ, ਪਚਾਸ ਕੋਸ ਪਰ ਬਹੁਤ ਮੁਸ਼ਕਿਲ ਹੁੰਦਾ ਸੀ ਹੁਣ ਹਜ਼ਾਰਾਂ ਕੋਹਾਂ ਦੀ ਖਬਰ ਘੜੀਆਂ, ਪਹਿਰਾਂ ਵਿਚ ਆ ਜਾਂਦੀ ਹੈ। ਤਦ ਚਾਲ੍ਹੀ, ਪੰਜਾਹ ਕੋਹ ਰਸਤਾ ਜਾਣਾ ਮੌਤ ਦੀ ਨਿਸ਼ਾਨੀ ਹੁੰਦੀ ਸੀ ਹੁਣ ਰੇਲ ਗੱਡੀ ਆਦਿਕ ਵਿਚ ਹਜ਼ਾਰਾਂ ਕੋਹ ਸੁੱਤੇ ਪਏ ਚਲੇ ਜਾਈਦਾ ਹੈ। ਤਦ ਬੜੇ੨ ਧਨੀਆਂ ਨੂੰ ਇਕ ਪੋਥੀ ਤੱਯਾਰ ਕਰਾਵਣੀ ਔਖੀ ਹੁੰਦੀ ਸੀ ਹੁਣ ਨਿਰਧਨਾਂ ਦੇ ਪਾਸ ਭੀ ਬਹੁਤ ਪੁਸਤਕ ਹੋ ਗਏ ਹਨ ਤੇ ਇਕ ਦਿਨ ਵਿਚ ਹਜ਼ਾਰਾਂ ਪੁਸਤਕ ਬਣ ਜਾਂਦੇ ਹਨ। ਤਦ ਮੋਟਾ ਕਪੜਾ ਭੀ ਬਖਤਾਵਰਾਂ ਨੂੰ ਔਖਾ ਮਿਲਦਾ ਸੀ ਹੁਣ ਕਲਾਂ ਦੇ ਸਾਥ ਘੰਟੇ ਤੇ ਪਹਿਰਾਂ ਵਿਚ ਹੀ ਸੌ ਸੌ ਮਣ ਪੱਕੇ ਰੂੰਈ ਦਾ ਮਲਮਲ ਖਾਸਾ ਆਦਿਕ ਮਨ ਭਾਉਂਦਾ ਕਪੜਾ ਤੱਯਾਰ ਹੋ ਜਾਂਦਾ ਹੈ ਤੇ ਇਨ੍ਹਾਂ ਕਲਾਂ ਦੀ ਕ੍ਰਿਪਾ ਨਾਲ ਹੀ ਗਰੀਬ ਗੁਰਬਾ ਭੀ ਕੋਮਲ ਤੇ ਬਾਰੀਕ ਕਪੜੇ ਪਹਿਰਦਾ ਹੈ। ਤਦ ਘਾਸ ਦੀ ਕੁੱਲੀ ਭੀ ਚੰਗੀ ਨਹੀਂ ਬਣਾ ਜਾਣਦੇ ਸੇ ਹੁਣ ਬੜੇ੨ ਸੁੰਦ੍ਰ ਮੰਦਰ ਭੀ ਪਸੰਦ ਨਹੀਂ ਆਂਵਦੇ। ਏਸੇ ਤਰਾਂ ਦਿਨੋ ਦਿਨ ਤੁਹਾਡੇ ਸੁਖ ਦੇ ਸਾਮਾਨ ਅਨੇਕ ਪ੍ਰਕਾਰ ਦੇ ਤੱਯਾਰ ਹੁੰਦੇ ਰਹਿੰਦੇ ਹਨ। ਤੁਸੀਂ ਆਪਣੇ ਆਦਿ ਕਾਲ ਦੇ ਚਾਲ ਚਲਨ ਤੇ ਦਿਨ ਗੁਜ਼ਾਰਣ ਦੇ ਹਾਲ ਨੂੰ ਤੇ ਅਜ ਕਲ ਦੇ ਬਰਤਾਵ, ਸੁਭਾਵ, ਰਹਿਤ, ਬਹਿਤ, ਅਸਬਾਬ, ਮਕਾਨ ਆਦਿਕਾਂ ਦੀ ਬਾਰਿੱਤ੍ਰ ਇਮਾਰਤਾਂ ਨੂੰ ਗਹੁ ਕੇ ਦੇਖੋ ਤਾਂ ਉਸ ਵਕਤ ਅਮੰਗਲ ਰੂਪ ਜੰਗਲਾਂ ਦੇ ਉਦੰਗਲਾਂ ਵਿਚ ਕੈਸੀ ਗੁਜ਼ਰਦੀ ਹੋਵੇਗੀ ਤੇ ਹੁਣ ਕੈਸੀ ਆਨੰਦ ਮੰਗਲ ਨਾਲ ਬੀਤਦੀ ਹੈ ਏਹ ਸਭ ਤੁਹਾਡੀ ਅਕਲ ਦਾ ਜੇਹੜੀ ਤੁਹਾਨੂੰ ਈਸ਼੍ਵਰ ਨੇ ਸਾਰੀ ਖਲਕਤ ਨਾਲੋਂ ਬਹੁਤੀ ਬਖਸ਼ੀ ਹੈ ਫਲ ਹੈ।

ਦੇਖੋ ਚਾਰ ਸੌ ਬਰਸ ਤੋਂ ਪਹਿਲੇ੨ ਏਹੋ ਅੰਗ੍ਰੇਜ਼ ਜੇਹੜੇ ਹੁਣ ਸੰਸਾਰ ਦੇ ਸਾਰੇ ਸੁਖ ਭੋਗਦੇ ਹੋਏ ਅਕਲ ਤੇ ਇਲਮ ਦਾ ਸੂਰਜ ਬਣ ਰਹੇ ਹਨ ਏਨ੍ਹਾਂ ਦੇ ਵੱਡੇ ਭੀ ਜੰਗਲਾਂ ਵਿਚ ਦਰਖਤਾਂ ਦੇ ਪੱਤੇ ਅਤੇ ਛਿੱਲੜਾਂ ਦੇ ਕਪੜੇ ਪਹਿਨਦੇ, ਸਰੀਰ ਉੱਤੇ ਰੰਗ ਫੇਰਦੇ ਹੁੰਦੇ, ਤੇ ਜੰਗਲੀ ਜਾਨਵਰਾਂ ਬਨਮਾਣੂਆਂ ਦੀ ਤਰਾਂ ਰਹਿੰਦੇ ਸੇ ਤੇ ਧੇਸਮਤ੍ਰ ਭੀ ਅਜੇਹੇ ਸੇ ਕਿ ਇੱਕ ਵਾਰੀ ਜੰਗ ਵਿੱਚੋਂ ਹਾਰ ਕੇ ਆਪਣੇ ਪੂਜਨੀਕ ਦੇਵਤਾ ਅਰਥਾਤ ਬੁੱਤ (ਮੂਰਤੀ) ਦੀ ਨਾਰਾਜ਼ਗੀ ਸਮਝ ਕੇ ਉਸਨੂੰ ਪ੍ਰਸੰਨ ਕਰਨ ਵਾਸਤੇ ਆਪਣੇ ਚਾਰ ੪੦੦

Digitized by Panjab Digital Library | www.panjabdigilib.org

ਸੋ ਬਾਲਕ ਉਸਦੀ ਬਲੀ ਦਾਨ ਕਰ ਦਿਤੇ।

ਅਰਬ ਦੇ ਲੋਗਾਂ ਦੀ ਤਰਫ ਧਿਆਨ ਕਰੀਏ ਤਾਂ ਹੱਜ ਦੇ ਦਿਨਾਂ ਨੂੰ ਇਸ੍ਤ੍ਰੀ ਪੁਰਖ ਨੰਗੇ
ਹੋਕੇ ਕਾਬੇ ਦੇ ਮੰਦਰ ਅੰਦਰ ਦਰਸ਼ਨ ਕਰਣ ਜਦ ਜਾਂਦੇ ਸੇ ਤਾਂ ਜਿਸ ਤਰਾਂ ਪਗੜੀ
ਬਦਲੀ ਦੀ ਹੈ ਆਪਸ ਵਿਚ ਇਸ੍ਤ੍ਰੀਆਂ ਬਦਲ ਲੈਂਦੇ ਸੇ, ਹੁਣ ਭੀ ਚਾਹੇ ਕਿਸੇ ਦੀ ਮ
ਈ ਸੱਠ ਬਰਸ ਦੀ ਰੰਡੀ ਕਿਉਂ ਨ ਹੋਵੇ ਤੇ ਭਾਵੇਂ ਆਪਣੇ ਪਤੀ ਨੂੰ ਘਰ ਵਿਚ ਹੀ ਛਡ ਗ
ਈ ਹੋਵੇ ਉਸ ਨੂੰ ਭੀ ਉਸਦੇ ਪੁੱਤ੍ਰ ਕਿਸੇ ਹੋਰ ਆਦਮੀ ਨਾਲ ਨਕਾਹ ਪੜ੍ਹਾਕੇ ਸੁਹਾਗ
ਣ ਬਣਾਕੇ ਹੱਜ ਕਰਾਂਉਦੇ ਹਨ ਆਖਦੇ ਹਨ ਕਿ ਬਿਨਾ ਖਾਵੰਦ ਦੀ ਬਾਂਹ ਫੜੇ ਦੇ ਪੂ
ਰਾ ਹੱਜ ਨਹੀਂ ਹੋਂਦਾ ਤੇ ਫੇਰ ਉਸ ਆਦਮੀ ਨੂੰ ਕੁਛ ਨਕਦੀ ਦੇਕੇ ਤਿਲਾਕ ਦਿਵਾਇ
ਦੇਂਦੇ ਹਨ ਚਾਹੇ ਕਿਤਨਾ ਹੀ ਕੋਈ ਖਾਨਦਾਨ ਅਮੀਰ ਕਿਉਂ ਨਾ ਹੋਵੇ ਏਹ ਰਸਮ ਸਬ
ਨੂੰ ਕਰਨੀ ਪੈਂਦੀ ਹੈ ਇਸ ਸ਼ਰਾ ਦੇ ਬੰਧੇ ਹੋਏ ਆਪਣੀਆਂ ਨੂਹਾਂ ਧੀਆਂ ਨੂੰ ਭੀ ਪਾਹ
ਲਾਂ ਸੁਹਾਗਣ ਬਣਾਕੇ ਹੱਜ ਕਰਵਾਉਂਦੇ ਹਨ। ਅਜੇਹੀਆਂ ਹੋਰ ਭੀ ਕਈ ਰੀਤਾਂ
ਉਸ ਮੁਲਕ ਵਿਚ ਹਨ ਜਿਨ੍ਹਾਂ ਨੂੰ ਸੁਣ ਵੇਖਕੇ ਬਹੁਤ ਗਿਲਾਨੀ ਆਂਵਦੀ ਹੈ ਉਨ੍ਹਾਂ
ਦੇ ਇਲਮ ਅਕਲ ਸ਼ਰਾ ਉੱਤੇ ਛਾਈ ਪਾਈ ਦੀ ਹੈ।

ਚੀਨ ਵਾਲੇ ਲੋਗ ਬਹੁਤ ਛੋਟੀਆਂ ਕੁੜੀਆਂ ਨੂੰ ਲੋਹੇ ਦੇ ਮੌਜੇ ਪਾਹਿਨਾ ਦਿੰਦੇ ਹਨ ਜਿ
ਸ ਕਰਕੇ ਉਨ੍ਹਾਂ ਦੇ ਪੈਰ ਨਹੀਂ ਵਧਦੇ, ਤੇ ਪੱਬਾਂ ਭਾਰ ਸੁਰੇਤੇ ਨਹੀਂ ਬੈਠ ਸਕਦੀਆਂ ਤੇ ਤੁਰ
ਫਿਰ ਭੀ ਨਹੀਂ ਸੱਕਦੀਆਂ, ਜੇ ਤੁਰਦੀਆਂ ਭੀ ਹਨ ਤਾਂ ਲੰਗੜਾ੨ ਕੇ। ਉਨ੍ਹਾਂ ਵਿਚਾ
ਰੀਆਂ ਨੂੰ ਤਾਂ ਸਾਰੀ ਉਮਰ ਦਾ ਰੋਗ ਲਗ ਜਾਂਦਾ ਹੈ ਤੇ ਓਹ ਮੂਰਖ ਛੋਟੇ ਪੈਰਾਂ ਨੂੰ ਸੁ
ਦ੍ਰ ਸਾਮਝਕੇ ਖੁਸ਼ ਹੁੰਦੇ ਹਨ। ਫੇਰ ਸਬ ਅਮੀਰ ਗਰੀਬ ਆਪਣੇ੨ ਵੇਹੜਿਆਂ
ਵਿੱਚ ਕੱਚੇ ਤਾਲਾਉ ਰੱਖਦੇ ਹਨ ਤੇ ਜੋ ਮੈਲੀ ਕੁਚੈਲੀ ਚੀਜ਼ ਹੁੰਦੀ ਹੈ ਸਬ ਇਨ੍ਹਾਂ ਵਿਚ
ਸਿੱਟਦੇ ਰੈਂਹਦੇ ਹਨ ਤੇ ਇਸ ਕਰਕੇ ਉਨਾਂ ਤਾਲਾਵਾਂ ਵਿੱਚ ਮੱਛੀ ਆਦਿਕ ਕਈ ਪ੍ਰਕਾਰ
ਦੇ ਬੇਅੰਤ ਜੀਵ ਪੈਦਾ ਹੋ ਜਾਂਦੇ ਹਨ ਫੇਰ ਉਨ੍ਹਾਂ ਨੂੰ ਪਕੜ੨ ਕੇ ਖਾਂਦੇ ਹਨ। ਆਪਣੇ
ਬਿਸ਼ਟਾ ਮੂਤ੍ਰ ਨਾਲ ਪਲੀਆਂ ਹੋਈਆਂ ਮੱਛੀਆਂ ਆਦਿਕ ਪਕੜ ਕੇ ਖਾਣ ਵਿਚ ਉ
ਨ੍ਹਾਂ ਨੂੰ ਗਿਲਾਨੀ ਨਹੀਂ ਹੁੰਦੀ। ਹੋਰ ਆਪਣੇ੨ ਘਰ ਦੇ ਮੁਰਦਿਆਂ ਨੂੰ ਸੰਦੂਕਾਂ ਵਿ
ਚ ਬੰਦ ਕਰਕੇ, ਸੌ ਸੌ ਬਰਸ ਤਕ ਘਰਾਂ ਵਿਚ ਰੱਖਕੇ, ਧੂਪ, ਦੀਪ ਕਰਕੇ ਚੌਰ ਝੂ
ਲਾਂਵਦੇ ਤੇ ਫੁਲ ਚੜ੍ਹਾਂਵਦੇ ਹਨ, ਸੌ ਬਰਸ ਪੂਰਾ ਹੋਏ ਤੇ ਪਿੱਛੋਂ ਉਸ ਸੰਦੂਕ ਨੂੰ

Digitized by Panjab Digital Library | www.panjabdigilib.org

ਬੜੇ ਬਾਜੇ ਗਾਜੇ ਨਾਲ ਬਾਹਰ ਲੈ ਜਾਕਰ ਕੇ ਦੱਬ ਆਉਂਦੇ ਹਨ। ਤੇ ਚੀਨ ਵਿਚ ਸਿਵਾ
ਇ ਬੌਧ ਮਜ਼ਬ ਦੇ ਹੋਰ ਕੋਈ ਮਜ਼ਬ ਨਹੀਂ ਤੇ ਸੀਲਾਨ, ਰੰਗੂਨ, ਬ੍ਰਹਮਾ ਆਦਿਕ ਦੇ ਮੁਲ
ਕਾਂ ਵਿਚ ਬੌਧ ਲੋਗ ਬਹੁਤ ਹਨ ਪਰ ਬਿਨਾ ਹਿੰਦੁਸਤਾਨ ਦੇ ਬੌਧਾਂ ਤੋਂ ਹੋਰ ਸਬ ਦੇਸਾਂ ਦੇ ਬੌ
ਧ ਮਾਸ ਅਹਾਰੀ ਹਨ, ਜੈਨੀ, ਸਰੇਉੜੇ, ਭਾਬੜੇ, ਢੂੰਢੀਏ, ਪੂਜ ਏਹ ਸਬ ਪਾਰਸ ਨਾਥ ਨੂੰ
ਮੰਨਣ ਵਾਲੇ ਬੌਧ ਹੀ ਕਹਾਂਵਦੇ ਹਨ। ਚੀਨ ਦੀ ਤਰਾਂ ਭੋਟਾਨ ਦੇਸ ਤੇ ਬ੍ਰਹਮਾ ਵਿਚ ਭੀ ਬ
ਹੁਤ ਰਸਮਾ ਉਲਟੀਆਂ ਪੁਲਟੀਆਂ ਹਨ ਬਲਕੇ ਹਿੰਦੁਸਤਾਨ, ਦੱਖਣ, ਹੈਦਰਾਬਾਦ ਦੇ
ਇਲਾਕੇ ਵਿੱਚ ਪੁਰਾਣੀਆਂ ਜੁਤੀਆਂ, ਪਗੜੀਆਂ ਸੰਦੂਕਾਂ ਵਿਚ ਭਰ ਰੱਖਦੇ ਹੈਨ ਤੇ ਮਰੇ ਤੋਂ
ਪਿਛੋਂ ਕਢਦੇ ਹਨ ਜਿਸਦੇ ਘਰੋਂ ਬਹੁਤ ਨਿਕਲਨ ਉਸਨੂੰ ਬੜਾ ਅਮੀਰ ਸਮਝਦੇ ਹਨ
ਆਰਯਾ ਵਰਤ ਵਿਚ ਲੜਕੀ ਚਾਹੇ ਤ੍ਰਿਨ ਬਰਸ ਦੀ ਹੋਵੇ ਲੋਭ ਦੇ ਮਾਰੇ ਸੱਠ ਬਰਸ ਦੇ
ਬੁੱਢੇ ਨਾਲ ਬ੍ਯਾਹ ਦਿੰਦੇ ਹਨ ਬੁੱਢਾ ਭੀ ਏਹ ਅਕਲ ਨਹੀਂ ਸਮਝਦਾ ਕਿ ਮੈਂ ਏਸਨੂੰ ਗੋ
ਦੀ ਖਿਲਾਵਾਂਗਾ ਯਾ ਪ੍ਰਲੋਕ ਵਿਚ ਸਾਥ ਲੈ ਜਾਵਾਂਗਾ। ਫਿਰ ਓਹ ਰੰਡੀ ਹੋਕੇ ਬਿਭਚਾਰ
ਕਰਦੀ ਹੈ ਬਹੁਤ ਬਾਜ਼ਾਰ ਵਿਚ ਬੈਠਕੇ ਪੇਸ਼ਾ ਕਰਣ ਲਗ ਜਾਂਦੀਆਂ ਹਨ ਬੜੀ ਇੱਜ਼ਤ,
ਅਕਲ ਦੇ ਕੋਟ ਓਸਦੇ ਵਾਰਿਸ ਏਨ੍ਹਾਂ ਬਾਤਾਂ ਨੂੰ ਤਾਂ ਪਾਪ, ਬੇਇੱਜ਼ਤੀ, ਸ਼ਰਮਿੰਦਗੀ ਨਹੀਂ
ਮੰਨਦੇ ਤੇ ਦੂਜੀ ਵਾਰੀ ਬਿਧਵਾ ਦੀ ਸ਼ਾਦੀ ਕਰਾਉਣ ਨੂੰ ਬਹੁਤ ਬੁਰਾ ਸਮਝਦੇ ਹਨ।
ਪਰ ਹੁਣ ਜੋ ਬਿਦ੍ਯਾ ਦਾ ਸੂਰਜ ਏਸ ਦੇਸ ਵਿਚ ਪ੍ਰਕਾਸ਼ ਕਰਨ ਲੱਗਾ ਹੈ ਅਸੀਂ ਆਸ
ਰੱਖਦੇ ਹਾਂ ਜੋ ਏਸ ਖੋਟੀ ਰਸਮ ਦੇ ਅੰਧੇਰੇ ਨੂੰ ਜ਼ਰੂਰ ਦੂਰ ਕਰ ਦੇਵੇਗਾ ਤੇ ਏਸ ਅਤੀਪਾ
ਪਤੋਂ ਲੋਕ ਬਚ ਜਾਣਗੇ ਤੇ ਆਪਣੇ ਪਰਾਚੀਨ ਧਰਮ ਨੂੰ ਧਾਰ ਲੈਣਗੇ ਜੇਹੜਾ ਚਾਰ ਹਜ਼ਾ
ਰ ਬਰਸ ਤੋਂ ਪਹਿਲੇ ਰਿਵਾਜ ਸੀ।

ਕਲਿਜੁਗ ਤੋਂ ਪਹਿਲੇ ਜਦ ਤਕ ਇਸਤ੍ਰੀ ਨੂੰ ਰਿਤ ਆਂਵਦੀ ਰਹੇ ਤਦ ਤਕ ਬਿਧਵਾ ਇਸਤ੍ਰੀ
ਨੂੰ ਪਤੀ ਕਰਾਂਉਂਦੇ ਰਹਿੰਦੇ ਸੇ, ਕਲਿਜੁਗ ਵਿਚ ਬਿਧਵਾ ਬਿਵਾਹ ਬੰਦ ਕਰਨ ਵਾਲਾ ਕੋ
ਈ ਹੁਕਮ ਬੇਦ ਸਾਸਤ੍ਰ ਮੈਂ ਨਹੀਂ ਬਲਕੇ ਪਰਾਸਰ ਰਿਖੀ ਨੇ ਲਿਖਿਆ ਹੈ ਕਿ ਜਿਸ ਇਸਤ੍ਰੀ
ਦਾ ਪਤੀ ਹੋਰ ਧਰ ਕਰ ਬੈਠੇ ਯਾ ਪਰਦੇਸ ਗਏ ਦੀ ਅਨੇਕ ਬਰਸ ਖਬਰ ਨਾਂ ਆ
ਵੇ ਯਾ ਸਾਧੂ ਬਨ ਜਾਵੇ ਯਾ ਨਪੁੰਸਕ ਹੋਵੇ ਓਹ ਇਸਤ੍ਰੀ ਹੋਰ ਪਤੀ ਕਰ ਲਵੇ"
ਪਰ ਬਿਧਵਾ ਇਸਤ੍ਰੀਆਂ ਦੇ ਵੈਰੀ ਬ੍ਰਹਮਣ ਲੋਕ ਏਹੋ ਜੇਹੇ ਰਿਖੀਆਂ ਦੇ ਬਚਨਾਂ ਦਾ ਅ
ਰਥ ਹੋਰਦਾ ਹੋਰ ਘੜਕੇ ਸੁਣਾ ਛੱਡਦੇ ਹਨ ਉਮੈਦ ਹੈ ਜੇਕਰ ਕੋਈ ਕਾਲ ਧਰਮ ਦ

Digitized by Panjab Digital Library | www.panjabdigilib.org

ਯਾਲੂ, ਨਿਆਇਕਾਰੀ, ਪ੍ਰਜਾਪਾਲਕ, ਸਰਕਾਰ ਅੰਗ੍ਰੇਜ਼ੀ ਦਾ ਰਾਜ ਆਰਯਾ ਵਰਤਦਿ
ਰਹਿਆ ਤਾਂ ਏਹੁ ਜੇਹੀ ਪ੍ਰਜਾਘਾਤਕ ਦੁਸ਼ਟ ਰਸਮ ਹੈ ਇਸ ਨੂੰ ਨਸ਼ਟ ਕਰਕੇ ਬਿਧਵਾ ਇ
ਸ੍ਤ੍ਰੀਆਂ ਦੀ ਅਸੀਸ ਭੀ ਲਈ ਜਾਵੇਗੀ। ਇਕ ਤਾਂ ਤੁਰਕ ਬਾਦਸ਼ਾਹਾਂ ਦੀ ਜ਼ੁਲਮੀ ਨੇ ਆ
ਰਯਾ ਕੌਮ ਨੂੰ ਬਹੁਤ ਘਟਾ ਦਿਤਾ, ਤੇ ਦੂਸਰੇ ਬਿਧਵਾਂ ਦੀ ਸ਼ਾਦੀ ਨਾ ਹੋਣੇ ਕਰਕੇ ਦਿਨ ਬ
ਦਿਨ ਘਾਟਾ ਪੈ ਰਿਹਾ ਹੈ ਇਸ ਨੁਕਸਾਨ ਦਾ ਕਾਰਣ ਸਿਵਾਇ ਬ੍ਰਾਹਮਣ ਕੌਮ ਦੇ ਹੋਰ ਕੋਈ
ਨਹੀਂ ਏਹੀ ਆਰਯ ਲੋਗਾਂ ਦੇ ਪੂਰੇ ੨ ਬਿਰੋਧੀ ਹਨ ਜਿਨ੍ਹਾਂ ਨੂੰ ਬੇ ਸਮਝ ਆਰਯਾ ਨੇ ਫੇ
ਰ ਆਪਣੇ ਗੁਰੂ, ਅਚਾਰਯ ਮੰਨ ਰੱਖਿਆ ਹੈ ਕਾਹੇ ਤੇ ਇਕ ਤਾਂ ਜੇ ਕੋਈ ਆਰਯ ਕਿਸੀ ਸ
ਬਬ ਨਾਲ ਦੂਸਰੇ ਮਜ਼ਹਬ ਮੈਂ ਰਲਾ ਗਯਾ, ਤੇ ਫੇਰ ਉਸਨੇ ਆਰਯ ਹੋਣਾ ਚਾਹਿਆ
ਤਾਂ ਬ੍ਰਾਹਮਣਾਂ ਨੇ ਉਸਨੂੰ ਨਾਂ ਮਿਲਣ ਦਿਤਾ, ਦੂਸਰੇ ਬੇਸ਼ੁਮਾਰ ਬਿਧਵਾ ਇਸਤ੍ਰੀਆਂ ਨੂੰ
ਝੂਠੇ ਮੂਠੇ ਬਨਾਵਟੀ ਸਲੋਕ ਸੁਣਾ ਸੁਣਾ ਕਰ ਸੰਤਾਨ ਪੈਦਾ ਕਰਨ ਤੋਂ ਬੰਦ ਕਰ ਰੱ
ਖਿਆ ਹੈ ਸੋਚਣੇ ਦੀ ਬਾਤ ਹੈ ਕਿ ਜਦ ਆਪਣੇ ਖੇਤ ਦੀ ਜ਼ਰਖ਼ੇਜ਼ ਜ਼ਿਮੀਨ ਭੀ ਜ਼ਿਮੀਦਾ
ਰ (ਬੇਲੀ) ਬੇਕਾਰ ਨਹੀਂ ਰਹਿਣ ਦਿੰਦਾ ਤਾਂ ਏਹੋ ਜੇਹੀ ਉੱਤਮ ਜ਼ਿਮੀਨ ਇਸਤ੍ਰੀ, ਆਦਮੀ
ਪੈਦਾ ਹੋਣ ਵਾਲੀ ਵੇਹਲੀ ਛੱਡ ਰੱਖਣ ਵਾਲੇ ਲੋਗਾਂ ਨੂੰ ਸਿਵਾਇ ਖੋਟੀ ਕਿਸਮਤ, ਬੇਸ
ਮਝੀ ਦੇ ਹੋਰ ਕੀ ਆਖਿਆ ਜਾਵੇ। ਏਨ੍ਹਾਂ ਗੱਲਾਂ ਦੇ ਨਫੇ ਨੁਕਸਾਨ, ਸਮੇ ਦੇ ਸੁਭਾਵ, ਆਦ
ਮੀਆਂ ਦੇ ਬਿਹਾਰਾਂ ਦੀ ਅਦਲਾ ਬਦਲੀ, ਨੇਕਾਂ ਦੀ ਨੇਕੀ, ਖੋਟਿਆਂ ਦੀ ਖੁਟਿਆਈ, ਬਹਾਦੁ
ਰਾਂ ਦੀ ਬਹਾਦੁਰੀ, ਨਾਮਵਰਾਂ ਦੀ ਨਾਮਵਰੀ ਏਹ ਸਭ ਫਾਇਦੇ ਤਵਾਰੀਖੀ ਇਲਮ ਤੋਂ ਹੀ
ਹਾਸਲ ਹੁੰਦੇ ਹਨ ਅਤੇ ਤਵਾਰੀਖਾਂ ਪੜ੍ਹ ਕੇ ਹੀ ਆਦਮੀ ਖਰਾਬ ਬਿਹਾਰਾਂ ਵਿੱਚੋਂ ਨਿਕਲ
ਕੇ ਅਤੀ ਉੱਤਮ ਚੰਗੇ ਰਸਤੇ ਪੈ ਕੇ ਬਿਹਾਰ ਦੀ ਸੁੱਧੀ ਪਰਮ ਸੁਖਦਾਈ ਉੱਨਤੀ ਵਿਚ ਆਪ
ਨੂੰ ਲੈ ਜਾਂਦਾ ਹੈ ਤਵਾਰੀਖਾਂ ਵਿੱਚੋਂ ਬਡਿਆਂ ਦੀ ਬਡਿਆਈ ਭੁਲਿਆਂ ਦੀ ਭੁਲ ਜਾਈ ਪੜ੍ਹ
ਕੇ ਆਪ ਭੀ ਓਹੋ ਜੇਹੇ ਹੋਣ ਦਾ ਪੁਰਖਾਰਥ ਕਰਦਾ ਹੈ, ਦੁਸ਼ਮਨਾਂ ਨੂੰ ਦੂਰ ਕਰਨ ਲਈ ਤੇ
ਆਪਣੀ ਕੌਮ ਦੀ ਮਦਦ, ਪਾਲਨਾ ਕਰਨ ਵਾਸਤੇ ਉਪਾਇ ਤਵਾਰੀਖਾਂ ਤੋਂ ਹੀ ਸਿੱਖਦਾ ਹੈ
ਲੜਾਕੇ ਭਿੜਾਕੇ ਦਗੇਦਾਰ ਫਰੇਬੀਆਂ ਤੇ ਬਰਤਣ ਦੀ ਅਕਲ ਤੇ ਇਤਫਾਕ, ਬੇਇ
ਤਫਾਕ ਦੇ ਫਾਇਦੇ, ਬੇਫਾਇਦੇ ਤਵਾਰੀਖਾਂ ਤੋਂ ਹੀ ਹੱਥ ਲੱਗਦੇ ਹਨ। ਦੇਸਾਂ ਪਰਦੇਸਾਂ
ਦੀ ਸੈਲ ਤੇ ਬਿਦਿਆਵਾਨਾਂ ਦੀ ਸੰਗਤ ਕਰਣ ਤੋਂ ਤੇ ਰਾਜ ਦਰਬਾਰ ਕਚੈਹਰੀਆਂ ਵਿ
ਚ ਜਾਣ ਤੋਂ ਕਸਬੀ ਲੋਗਾਂ ਦੇ ਚਾਲ ਚਲਣ, ਦਾਇ, ਅਦਾਇ, ਨਾਜ, ਨਖਰੇ, ਚੁਸਤੀ, ਚਾ

Digitized by Panjab Digital Library | www.panjabdigilib.org

ਲਾਕੀ ਬੋਲ ਚਾਲ ਤੋਂ, ਅਨੇਕ ਮਤਾਂ ਦੀਆਂ ਪੋਥੀਆਂ ਪੜ੍ਹਨ ਤੋਂ ਜੋ ਜੋ ਅਕਲਾਂ ਆਦ
ਮੀ ਸਿੱਖਦਾ ਹੈ ਏਹ ਸਭ ਤਵਾਰੀਖਾਂ ਦੇ ਪੜ੍ਹਨ ਨਾਲ ਆਪੇ ਹੀ ਦਿਲ ਵਿਚੋਂ ਪ੍ਰਗਟ ਹੋ ਪੈਂਦੀ
ਆਂ ਹਨ ਤੇ ਆਪਣੇ ਬਡਿਆਂ ਦੇ ਬਿਹਾਰ ਚਾਲ ਚਲਨ ਆਦਿ ਕਾਲ ਦੇ ਤੇ ਆਪਣੇ ਕੰਮ
ਕਾਰ ਬਿਹਾਰ ਵਰਤਮਾਨ ਦੇ ਅੱਛੀ ਤਰਾਂ ਮੁਕਾਬਲਾ ਕਰਕੇ ਪੂਰੇ ਪੂਰੇ ਆਰਾਮ
ਦੇ ਮਾਹਿਲ ਵਿਚ ਪਹੁੰਚ ਕਰ ਜਾਣਾ, ਬੁੱਧੀਮਾਨ ਸੰਸਾਰ ਵਿਚ ਸਦਾਵਣਾ ਭੀ ਤਵਾਰੀ
ਖਾਂ ਪੜ੍ਹੇ ਬਿਨਾ ਨਹੀਂ ਹੋ ਸਕਦਾ ਤੇ ਦੂਸਰੇ ਮਤ ਵਾਲਿਆਂ ਨਾਲ ਚਰਚਾ ਕਰਕੇ ਸ਼ਾਸਤ੍ਰ ਦੀ
ਲੜਾਈ ਨਾਲ ਦੁਸ਼ਮਨ ਪਰ ਫਤੇ ਪਾਉਣ ਦਾ ਪ੍ਰਕਾਰ ਭੀ ਤਵਾਰੀਖਾਂ ਤੋਂ ਹੀ ਸਿੱਖਿਆ
ਜਾਂਦਾ ਹੈ। ਸੰਪਤਾ ਪ੍ਰਾਪਤ, ਆਰਾਮ ਦਾ ਵਕਤ ਹੋਰ ਬਹੁਤ ਬਡੇ ੨ ਆਰਾਮ ਦਾਯਕ ਕੰ
ਮ ਪੈਦਾ ਕਰਕੇ ਖੁਸ਼ੀ ਆਨੰਦ ਰੈਹਣਾ ਤੇ ਬਿਪਤਾ ਦੇ ਵਕਤ ਰਾਜਾ ਨਲ, ਰਾਮਚੰਦ੍ਰ,
ਜੁਧਿਸ਼ਟਰ ਦੀ ਤਰਾਂ ਆਪਣੀ ਅਕਲ, ਹਿੰਮਤ, ਵਿਚਾਰ ਦੇ ਘੋੜੇ ਪਰ ਅਸਵਾਰ ਹੋ ਕੇ
ਬਿਪਤਾ ਬਘਿਆੜੀ ਦੇ ਪੰਜੇ ਵਿੱਚੋਂ ਨਿਕਲ ਜਾਣਾ ਤੇ ਉਸ ਬਿਪਤਾ ਵਿੱਚ ਭੀ ਜੁਕ੍ਤੀ ਉ
ਕ੍ਤੀ ਤੇ ਬੇਦਾਗ ਰਹਿਕੇ ਖੁਸ਼ੀ ੨ ਦਿਨ ਪੂਰੇ ਕਰ ਲੈਣੇ ਏਹ ਸਭ ਬਾਤਾਂ ਤਵਾਰੀਖੀ
ਵਿੱਦਿਆ ਤੋਂ ਹੀ ਸਿੱਧ ਹੁੰਦੀਆਂ ਹਨ ਦੇਖੋ ੧੭੬੦ ਤੋਂ ਲੈਕੇ ੧੮੩੦ ਸੰਮਤ ਬਿੱਕ੍ਰਮੀ
ਤਕ ਪੰਥ ਖਾਲਸੇ ਨੇ ਕੈਸੀਆਂ ਬੜੀਆਂ ੨ ਮੁਸੀਬਤਾਂ ਵਿਚ ਆਪਣਾ ਹੌਸਲਾ, ਇ
ਤਫਾਕ, ਸਿਦਕ, ਕੌਮੀ ਮੁਹੱਬਤ ਕਾਇਮ ਰੱਖਕੇ ਓੜਕ ਨੂੰ ਆਪਣੀ ਬਾਦਸ਼ਾਹੀ ਬ
ਣਾ ਲਈ ਸੀ, ਜੇੜ੍ਹੀ ਫੇਰ ਬੇਇਲਮ, ਜਾਹਲ, ਭੰਗੇਰੇ ਲੋਗਾਂ ਨੂੰ ਆਪਣੇ ਉਪ
ਦੇਸ਼ਾ ਥਾਪ ਕੇ ਥੋੜ੍ਹੇ ਹੀ ਦਿਨਾਂ ਵਿਚ ਬੇਇਤਫਾਕੀ ਨਾਲ ਬਰਾਤ ਦੀ ਆਤਸ਼ਬਾ
ਜ਼ੀ ਵਾਂਗੂ ਉਡਾ ਬੈਠੇ। ਰਾਮ ਕਰੇ ਇਸ ਬੇਇਤਫਾਕ ਦਾ ਸੱਤਿਆਨਾਸ ਜਾਵੇ ਜਿਸਨੇ
ਓਨ੍ਹਾਂ ਸਿੰਘਾਂ ਦੀ ਸੰਤਾਨ ਨੂੰ ਗੈਰ ਕੌਮ ਦੇ ਦੀਨ ਅਧੀਨ ਕਰਕੇ ਜਾਹਿਲ, ਮੂਰਖ, (ਫੂ
ਲ ਸਟੂਪਿਡ) ਕਹਾਯਾ ਜਿਨ੍ਹਾਂ ਨੇ ਸਿਰ ਦਿੱਤੇ, ਬੰਦ ਬੰਦ ਛੁਡਵਾਏ, ਅਨੇਕ ਦੁੱਖ
ਸਹਾਰੇ ਪਰ ਸਲਾਮ ਮੂੰਹੋਂ ਨਾ ਆਖੀ। ਏਹ ਰੰਗ ਢੰਗ ਭੀ ਤਵਾਰੀਖਾਂ ਤੋਂ ਹੀ
ਮਾਲੂਮ ਹੁੰਦਾ ਹੈ। ਘਰ ਦੀ ਫੁੱਟ ਬਡੇ ੨ ਸ਼ਹਿਨਸ਼ਾਹਾਂ ਤੇ ਮਜ਼੍ਹਬਾਂ ਨੂੰ ਬਰਬਾ
ਦ ਕਰ ਦਿੰਦੀ ਹੈ ਰਾਵਣ, ਦੁਰਜੋਧਨ ਦੀ ਤਰਫ ਧਿਆਨ ਕਰ ਲੋ, ਫੇਰ ਏਸੇ ਫੁੱ
ਟ ਨੇ ਫਰਾਂਸ ਵਾਲੇ ਜਰਮਨੀ ਵਾਲਿਆਂ ਤੋਂ ਹਰਾ ਦਿੱਤੇ, ਇਤਫਾਕ ਹਿੰਮਤ ਨੇ ਆ
ਪਣੇ ਨਾਲੋਂ ਵੀਹ ੨ ਹਿੱਸੇ ਵਾਲੇ ਅਨੇਕ ਬਾਦਸ਼ਾਹਾਂ ਨੂੰ ਜਿੱਤ ਲੀਤਾ ਤੇ ਬੇਇਤਫਾ

Digitized by Panjab Digital Library | www.panjabdigilib.org

ਕੀ ਦੀ ਫੁੱਟ ਨੇ ਉਸੇ ਦੇ ਪੇਟ ਨੂੰ ਪਨ੍ਹਵਾ ਕੇ ਭੁਸ ਭਰਵਾ ਦਿੱਤਾ। ਦੂਰ ਨਾ ਜਾਓ ਦੇਖੋ ਮਹਾ
ਰਾਜੇ ਰਣਜੀਤ ਸਿੰਘ ਦੀ ਅਨੂਪਮ ਬਾਦਸ਼ਾਹੀ ਸਿੱਖਾਂ ਦੀ ਫੁੱਟ ਨੇ ਮਿਟੀ ਕਰ ਸਿੱਟੀ ਤੇ
ਦਸ ਬਾਰਾਂ ਪੁੱਤ੍ਰ ਪੋਤ੍ਰੇ ਮਹਾਰਾਜ ਬਹਾਦੁਰ ਦੇ ਵੇਖਦੇ ਹੀ ਰਹਿ ਗਏ।

ਤਵਾਰੀਖਾਂ ਪੁਕਾਰ ੨ ਕਰ ਸੁਣਾ ਰਹੀਆਂ ਹਨ ਕਿ ਇਤਫਾਕ, ਇਲਮ ਸਾਰੇ ਸੁਖਾਂ, ਗੁ
ਣਾਂ, ਬਡਿਆਈਆਂ, ਬਰਕਤਾਂ ਦੀ ਜੜ੍ਹ ਹੈ ਤੇ ਇਤਫਾਕ, ਇਲਮ ਨਾਲ ਦੁਨੀਆਂ ਦੇ ਸਾ
ਰੇ ਸੁਖ, ਬਾਦਸ਼ਾਹੀ ਤਾਂ ਕੀ ਚੀਜ ਹੈ ਇੰਦ੍ਰ ਦੀ ਬਾਦਸ਼ਾਹੀ ਭੀ ਪੁਰਖ ਲੈ ਸਕਦਾ ਹੈ ਜੇ ਇ
ਸ ਵਿਚ ਕੁਛ ਸੰਸਾ ਹੋਵੇ ਤਾਂ ਆਰਯਾ ਵਰਤ ਦੇ ਇਤੀਹਾਸ, ਪੁਰਾਣ ਦੇਖ ਲਵੋ ਜੋ ਕਿਤ
ਨਿਆਂ ਰਾਜਿਆਂ ਨੇ ਚੱਕ੍ਰ ਵਰਤੀ ਹੋਕੇ ਇੰਦ੍ਰ ਨੂੰ ਭੀ ਆਪਣੇ ਤਾਬੇ ਕਰ ਲੀਤਾ ਹੈ। ਪਿਛਲੀ
ਕਥਾ ਨੂੰ ਛੱਡ ਕੇ ਅੰਗ੍ਰੇਜ਼ਾਂ ਨੂੰ ਹੀ ਦੇਖ ਲਵੋ ਜੋ ਇਲਮ ਇਤਫਾਕ ਦੇ ਜ਼ੋਰ ਨਾਲ ਕਿਸ
ਜਗਾ ਤੋਂ ਕਿਸ ੨ ਜਗਾ ਪਹੁੰਚ ਕਰ ਕੈਸੀ ਉੱਨਤੀ, ਸੁਧਾਰ, ਫਾਯਦਾ ਆਪਣੀ ਕੌਮ ਦਾ
ਕਰ ਰਹੇ ਹਨ ਏਨ੍ਹਾਂ ਸਬਨਾਂ ਬਾਤਾਂ ਦਾ ਗਯਾਨ ਪੁਰਸ਼ ਨੂੰ ਤਵਾਰੀਖਾਂ ਤੋਂ ਹੀ ਹੁੰਦਾ ਹੈ।
ਬਿੱਦ੍ਵਾਨ ਤਾਂ ਬਹੁਤ ਹੀ ਫਾਯਦੇ ਤਵਾਰੀਖ ਪੜ੍ਹ ਕੇ ਨਿਕਾਲ ਲੈਂਦੇ ਹੈਂ ਪਰ ਨਫੇ ਤੋਂ ਖਾਲੀ ਨਿ
ਦਾਨ ਭੀ ਨਹੀਂ ਰਹਿੰਦੇ ਹੋਰ ਨਾਂ ਹੋਊ ਤਾਂ ਚਿੱਤ ਦਾ ਪਰਚਾ, ਅਨੇਕ ਪ੍ਰਕਾਰ ਦੀਆਂ ਬਅੰਤ
ਕਥਾਂ ਦਾ ਗਯਾਨ ਜ਼ਰੂਰ ਹੀ ਹੋ ਜਾਵੇਗਾ ਤੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਤੀ ਉੱ
ਤਮ ਪਵਿੱਤ੍ਰ ਉਪਦੇਸ਼ ਪੜ੍ਹਕੇ ਸਬ ਕਲੇਸ਼ ਮਿਟਾ ਕਰ ਬਿਸ਼ੇਸ਼ ਸਰੂਪ ਬ੍ਰਹਮ ਵਿਖੇ ਪ੍ਰ
ਵੇਸ਼ ਕਰਕੇ ਆਪਣਾ ਜਨਮ ਸੁਧਾਰ ਲੈਣਗੇ।

ਤੇ ਮੁਲਕ ਪੰਜਾਬ ਜੋ ਸਰਕਾਰ ਅੰਗ੍ਰੇਜ਼ੀ ਦੀ ਹਕੂਮਤ ਤੋਂ ਪਹਿਲੇ ਕੈਸੀ ਬਿਪਤਾ
ਵਿਚ ਦੁਖੀ ਸੀ, ਤੇ ਮੁਸਲਮਾਨਾਂ ਦੇ ਜ਼ੁਲਮ ਦੇ ਪੰਜੇ ਵਿੱਚੋਂ ਖਾਲਸੇ ਨੇ ਛੁਡਾ ਕੇ ਕੈਸਾ
ਸੁਖ ਦਿੱਤਾ ਹੈ ਏਹ ਸਬ ਬ੍ਰਿਤਾਂਤ ਏਸ ਪੋਥੀ ਤੋਂ ਠੀਕ ੨ ਮਾਲੂਮ ਹੋ ਜਾਵੇਗਾ।

ਹੁਣ ਜਿਸ ਜਿਸ ਕੰਮ ਵਾਸਤੇ ਪ੍ਰਭੂ ਨੇ ੧੦ ਗੁਰੂ ਸਾਹਿਬਾਂ ਨੂੰ ਦੁਨੀਆਂ ਵਿਚ ਆਪਣੇ
ਖਾਸ ਗੀਆਂ ਵਿਚੋਂ ਭੇਜਿਆ ਹੈ ਉਹ ਕਾਰਣ ਦਿਖਾਂਉਦੇ ਹਾਂ।

ਜਦ ਤੋ ਪ੍ਰਭੂ ਨੇ ਸ੍ਰਿਸ਼ਟੀ ਰਚੀ ਹੈ ਤਦ ਤੋਂ ਏਹ ਮਰਯਾਦਾ ਥਾਪ ਰੱਖੀ ਹੈ ਕਿ ਜਦ ੨ ਕੋਈ
ਅੱਨਿਆਈ, ਨਿਰਦੈ, ਕਾਮੀ, ਕ੍ਰੋਧੀ, ਜ਼ਿੱਦੀ, ਪਾਪੀ ਲੋਗ ਸ੍ਰਿਸ਼ਟੀ ਪਰ ਅਤਿ ਦੁਖਦਾਈ
ਬਹੁਤ ਹੋ ਜਾਂਦੇ ਹਨ ਤਦ ੨ ਕੋਈ ਨਾ ਕੋਈ ਸਰੂਪ ਪ੍ਰਗਟ ਕਰ ਕੇ ਉਨ੍ਹਾਂ ਪਾਪੀਆਂ ਨੂੰ ਉ
ਨ੍ਹਾਂ ਦੇ ਕਰਮਾਂ ਦਾ ਫਲ ਦੁਖ ਦੇ ਕਰ ਨਾਸ਼ ਕਰਦਾ ਹੈ ਤੇ ਜੀਵਾਂ ਦੀ ਰੱਖਯਾ ਕਰ ਕੇ ਬੇ

Digitized by Panjab Digital Library | www.panjabdigilib.org

ਦ ਧਰਮ ਦੀ ਮ੍ਰਯਾਦਾ ਅਸਥਾਪਨ ਕਰਦਾ ਹੈ ਲੋਗਾਂ ਨੂੰ ਸੱਚੇ, ਸਿੱਧੇ ਰਸਤੇ ਚਲਾਕਰ ਪ੍ਰਮੇਸੁਰ ਦੀ ਭਗਤੀ ਕਰਣ ਵਿਚ ਲਾ ਦਿੰਦਾ ਹੈ।

ਜੈਸੇ ਪਹਿਲੇ ਪਹਿਲ ਪਰਮੇਸੁਰ ਦੀ ਭਗਤੀ ਬ੍ਰਮ ਗਿਆਨ ਤੋਂ ਭੁੱਲੇ ਹੋਏ ਜੀਵਾਂ ਦਾ ਭਲਾ ਕਰਣ ਵਾਸਤੇ ਹੰਸ ਅਵਤਾਰ ਹੋਕੇ ਬੇਅੰਤ ਲੋਗਾਂ ਨੂੰ ਪ੍ਰਭੂ ਦੀ ਭਗਤੀ ਕਰਣ ਲਾਯਾ ਤੇ ਬ੍ਰਮਾ ਜੈਸੇ ਪੜ੍ਹੇ ਹੋਏ ਪੁਰਖਾਂ ਨੂੰ ਬ੍ਰਮਗਿਆਨ ਦਾ ਉਪਦੇਸ਼ ਦੇਕਰ ਮੁਕ੍ਤੀ ਦਾ ਰਸਤਾ ਦਿਖਾਯਾ ਤੇ ਬ੍ਰਮਾ ਨੂੰ ਬ੍ਰਮ ਬਿਦਿਆ ਦੀ ਪ੍ਰਾਪਤੀ ਹੰਸਾ ਅਵਤਾਰ ਤੋਂ ਹੋਈ ਹੈ ਏਹ ਕਥਾ ਬਹੁਤ ਜਗਾ ਉਪਨਿਸ਼ਦਾਂ ਵਿਚ ਲਿਖੀ ਹੈ।

ਹੰਸ ਅਵਤਾਰ ਜਾਨਵਰ ਨਹੀਂ ਸਮਝਣਾ ਓਹ ਬਿਬੇਕੀ ਪੁਰਸ਼ ਸੀ ਕਾਹੇ ਤੇ ਜੈਸੇ ਦੂਧ, ਪਾਣੀ ਮਿਲੇ ਹੋਏ ਨੂੰ ਹੰਸ ਭਿੰਨ ੨ ਕਰ ਦੇਖਾਉਂਦਾ ਹੈ ਤੈਸੇ ਆਤਮਾ ਅਨਾਤਮਾ ਕਾ ਨਿਰਨੇ ਕਰਕੇ ਜੁਦਾ ਜੁਦਾ ਗਿਆਨ ਦੇਖਾਵਣੇ ਵਾਲੇ ਬਿਬੇਕੀ ਪੁਰਸ਼ ਨੂੰ ਹੰਸ ਅਖੀਦਾ ਹੈ ਸੋ ਪ੍ਰਭੂ ਨੇ ਨਾਮ ਜਪਣ ਦੀ ਸੱਚੀ ਭਗਤੀ ਅਤੇ ਬ੍ਰਮ ਬਿਦਿਆ ਦਾ ਪ੍ਰਚਾਰ ਕਰਣ ਵਾਸਤੇ ਬਿਬੇਕੀ ਪੁਰਖ ਦਾ ਅਵਤਾਰ ਧਾਰਿਆ ਸੀ ਏਸੇ ਵਾਸਤੇ ਹੁਣ ਭੀ ਜੋ ਕੋਈ ਬਿਬੇਕੀ ਬ੍ਰਮਗਿਆਨੀ ਪੁਰਖ ਹੈ ਉਸ ਨੂੰ (ਬ੍ਰਮਵਿੱਤ ਬ੍ਰਮੈਵ ਭਵਤਿ) ਐਸਾ ਬੇਦ ਮੇਂ ਲਿਖਾ ਹੈ ਤੇ ਗੁਰੂ ਸਾਹਿਬ ਨੇ ਭੀ (ਬ੍ਰਮਗਿਆਨੀ ਆਪ ਪਰਮੇਸੁਰ) ਫੁਰਮਾਯਾ ਹੈ ਤਾਂ ਤੇ ਹੁਣ ਭੀ ਬ੍ਰਮ ਗਿਆਨੀ ਬਿਬੇਕੀ ਪੁਰਖ ਨੂੰ ਹੀ ਹੰਸਾਵਤਾਰ ਬ੍ਰਮ ਰੂਪ ਮੰਨਕੇ ਉਸੇ ਦੀ ਸੇਵਾ ਭਗਤੀ ਸੰਗਤ ਜੇਹੜੇ ਲੋਗ ਕਰਦੇ ਹੈਂ ਓਹੋ ਸੰਸਾਰ ਭਵਾਂਬੁਧ ਤਰਦੇ ਹੈਨ ਹੋਰ ਕੋਈ ਨਹੀਂ ਤਰ ਸਕਦਾ।

ਫੇਰ ਜਦ ਕਈ ਜੁਗ ਬੀਤ ਗਏ ਤਾਂ ਹੰਸਾ ਅਵਤਾਰ ਦੇ ਪਿੱਛੋਂ ਲੋਗ ਧਰਮ ਦੇ ਰਸਤੇ ਤੋਂ ਭੁਲਕੇ ਅਧਰਮ ਦੇ ਰਾਹ ਪੈ ਗਏ ਤਦ ਰਾਮ ਕ੍ਰਿਸ਼ਨ ਅਵਤਾਰ ਹੋਕੇ ਮੁੜ ਉਸੇ ਧਰਮ ਦੇ ਰਸਤੇ ਵਿਚ ਫੇਰ ਲੋਗਾਂ ਨੂੰ ਤੋਰ ਦਿੱਤਾ।

ਦ੍ਵਾਪੁਰ ਦੇ ਅੰਤ ਵਿਚ ਬਿਆਸ ਜੀ ਨੇ ਅਵਤਾਰ ਧਾਰਕੇ ਜੱਦਯਪਿ ਬਿਦਿਆ ਪ੍ਰਚਾਰ, ਲੋਗਾਂ ਦਾ ਸੁਧਾਰ ਬਹੁਤ ਕੀਤਾ ਪਰੰਤੂ ਉਨ੍ਹਾਂ ਨੇ ਆਪਣੀ ਸਾਰੀ ਉਮਰ ਆਪਣੀ ਜਾਤਿ ਬੰਗਾ, ਬ੍ਰਮਣਾ ਦੇ ਵਾਸਤੇ ਖਰਚ ਕੀਤੀ ਪਹਿਲੇ ਇਤਿਹਾਸ ਪੁਰਾਣ ਬਣਾਏ ਜੋ ਏਨ੍ਹਾਂ ਦੀ ਕਥਾ ਸੁਣਾ ਕੇ ਬ੍ਰਮਣ ਗੁਜ਼ਾਰਾ ਕਰਦੇ ਰਹਿਣਗੇ ਫੇਰ ਉਨ੍ਹਾਂ ਪੁਰਾਣਾ ਵਿਚ ਰਾਜਿਆਂ ਦੀ ਮਹਿਮਾ ਲਿਖ ਕੇ ਉਨ੍ਹਾਂ ਤੋਂ ਬ੍ਰਮਣਾ ਵਾਸਤੇ ਪੂਜਾ ਉੱਤੇ ਜੇਜੀਆ ਲਗਵਾ ਦਿੱਤਾ

Digitized by Panjab Digital Library | www.panjabdigilib.org

ਜੇਹੜਾ ਇਕਰ ਹੁਣਤਾਂਈ ਪੁੰਨਅਦਾਨ ਦੇ ਬਹਾਨੇ ਬ੍ਰਮਣ ਲੋਗ ਅਨੇਕ ਪ੍ਰਕਾਰਦਾ ਉ
ਗਰਾਹ ੨ ਛਕਰਹੇ ਹਨ ਸੱਚ ਪੁੱਛੋ ਤਾਂ ਬਿਆਸਜੀ ਦੀ ਰਚਨਾ ਬ੍ਰਮਣਾ ਵਾਸ੍ਤੇ ਚਿੰਤਾ
ਮਣੀਆਂ ਦੇ ਹਾਰ ਤੇ ਕਲਪ ਬ੍ਰਿੱਛ ਦੇ ਡਾਰ ਸਮਝਨੇ ਚਾਹੀਏ ਆਪਣੀ ਸੰਤਾਨ ਵ
ਸ੍ਤੇ ਜੇਹੜੀ ਬਿਆਸਜੀ ਨੂੰ ਸੁੱਝੀ ਹੈ ਹੋਰ ਕਿਸੇ ਨੂੰ ਨਹੀਂ ਸੁੱਝੀ, ਐਸੀ ਜਾਗੀਰ, ਜਾਇਦਾਤ
ਬਣਾ ਗਿਆ ਹੈ ਜੇਹੜੀ ਕਦੇ ਮੁਕਣੀ ਨਹੀਂ।

ਅਸਲੀ ਬਿਆਸਜੀ ਦਾ ਮਨਸ਼ਾ ਏਹ ਸੀ ਕਿ ਬ੍ਰਮਣ ਲੋਗ ਆਪਣੀ ਆਜੀਵਿਕਾ
ਤੇ ਬੇ ਫਿਕਰ ਹੋਕੇ ਜਪ ਤਪ ਕਰਣਗੇ, ਬਿਦਿਆ ਪੜ੍ਹਕੇ ਹੋਰਨਾ ਬਰਣਾ ਨੂੰ ਬਿਦਿਆ
ਵਿੱਚੋਂ ਅਨੇਕ ਪ੍ਰਕਾਰ ਦੇ ਫਾਯਦੇ ਪਹੁੰਚਾਵਣਗੇ, ਛੱਤ੍ਰੀ, ਬੈਸ਼, ਸੂਦ੍ਰ, ਬ੍ਰਮਣਾਂ ਦੀ ਆ
ਜੀਵਕਾ ਕਰਾਂਉਂਦੇ ਰਹਿਣਗੇ ਸੋ ਛੱਤ੍ਰੀ, ਬੈਸ਼, ਸੂਦ੍ਰ ਤਾਂ ਆਪਣੇ ਧਰਮ ਉੱਤੇ ਜੈਸੇ ਕੇ
ਤੈਸੇ ਕਾਯਮ ਹਨ ਬ੍ਰਮਣਾਂ ਨੂੰ ਸਬ ਜੇਜ਼ੀਆ ਭਰੀ ਜਾਂਦੇ ਹਨ ਪਰ ਬ੍ਰਮਣ ਆਪਣੇ
ਧਰਮ ਤੇ ਹੀਨ ਹੋਗਏ ਇਕ ਤਾਂ ਅਮੋਲਕ ਰਤਨਾਂ ਦੀ ਖਾਣ ਬਿਦਿਆ ਵਿਸ਼ੇ ਭੋਗਾਂ ਦੇ
ਵਿੱਚ ਲੰਪਟ ਹੋਕੇ ਖੋ ਬੈਠੇ ਦੂਸਰੇ ਜਪ, ਤਪ, ਭਜਨ, ਭਗਤੀ, ਸਤ, ਸੰਤੋਖ ਆਦੀ ਕੋਈ
ਗੁਣ ਪੱਲੇ ਨਾ ਰੱਖਿਆ। ਜੇਹੜਾ ਬਿਦਿਆ ਅਧੀਨ ਕਰਨੇ ਦੇ ਬਦਲੇ ਪੁੰਨਅਦਾਨ ਦੇਣਾ
ਕਾਨੂਨ ਠਹਰਾਯਾ ਸੀ ਉਸਨੂੰ ਤਾਂ ਜਜਮਾਨੀ ਪਰੋਹਤੀ ਥਾਪਕੇ ਮੌਰੂਸੀ ਵਿਰਸਾ ਮੰ
ਨ ਬੈਠੇ, ਜ਼ੋਰੋ ਜ਼ੋਰੀ ਅਨੇਕ ਪ੍ਰਕਾਰ ਦੇ ਬਹਾਨੇ ਬਣਾ ਕਰ ਆਪਣੇ ਡਿਗਰੀ ਪਰਦੇ ਤਾਂ
ਉਗਰਾਹੀ ਜਾਂਦੇ ਹਨ ਤੇ ਆਪ ਕੋਈ ਫਾਂਯਦਾ ਤਿੰਨਾ ਬਰਣਾ ਨੂੰ ਨਹੀਂ ਪਹੁੰਚਾਂਵਦੇ।
ਬ੍ਰਮਣਾਂ ਦਾ ਧਰਮ ਸੀ ਕਿ ਪਹਿਲੇ ਤੀਸ ੩੦ ਬਰਸ ਤਕ ਬ੍ਰਮਚਰਯ ਧਾਰਕੇ ਬਿੱ
ਦਿਆ ਪੜ੍ਹਨੀ ਅਨੇਕ ਪ੍ਰਕਾਰ ਦੇ ਮੰਤ੍ਰ, ਤੰਤ੍ਰ, ਜੰਤ੍ਰ, ਦੇਵਤਾ ਪ੍ਰਸਿੱਧ ਕਰਣੇ ਜਿਨ੍ਹਾਂ ਤੋਂ ਤਿੰਨਾ
ਬਰਣਾ ਦੇ ਕਾਰਜਾਂ ਦੀ ਸਿੱਧੀ ਹੋਵੇ ਫੇਰ ਪੰਦ੍ਰਾਂ ਬਰਸ ਗ੍ਰਿਸ੍ਤ ਕਰਣਾ, ਜਦ ਇਕ ਬੇ
ਟਾ ਬੇਟੀ ਘਰ ਵਿਚ ਹੋ ਜਾਵੇ ਤਾਂ ਬਾਨਪ੍ਰਸ੍ਤ ਧਾਰ ਲੈਣਾ, ਜਪ, ਤਪ, ਬਿਦਿਆ ਦੇ ਚਮਤਕਾ
ਰ ਪ੍ਰਗਟ ਕਰਕੇ ਜਜਮਾਨਾਂ ਨੂੰ ਫਾਇਦੇ ਪਹੁੰਚਾਵਣੇ ਫੇਰ ਸੱਤਰ ੭੦ ਬਰਸ ਦੇ ਹੋਕੇ
ਸੰਨਿਆਸ ਧਾਰਣ ਕਰ ਬ੍ਰਮਗਿਆਨ ਵਿਖੇ ਮਨ ਕੋ ਲੀਨ ਕਰ ਦੇਣਾ ਏਹ ਜੋ ਬ੍ਰਮ
ਣਾਂ ਦੇ ਧਰਮ ਸਨ ਸੋ ਤਾਂ ਸਬ ਛੱਡ ਦਿੱਤੇ, ਇਕ ਦਾਨ, ਪੁੰਨ ਲੈ ਕੇ ਵਿਸ਼ੇ ਭੋਗਣ
ਉੱਤੇ ਲੱਕ ਬੰਨ੍ਹ ਬੈਠੇ। ਬ੍ਰਮਣ ਵਾਸ੍ਤੇ ਇਹ ਲਿਖਿਆ ਹੈ ਕਿ ਜੇਕਰ ਇਕ ਦਿਨ ਦਾ ਭੋਜ
ਨ ਘਰ ਵਿਚ ਹੋਵੇ ਤਾਂ ਦੂਸਰੇ ਦਿਨ ਵਾਸ੍ਤੇ ਸੰਗ੍ਰਹ ਨਾ ਕਰੇ ਹੁਣ ਦੇ ਬ੍ਰਮਣ ਬੇਸ਼ੁਮਾਰ

Digitized by Panjab Digital Library | www.panjabdigilib.org

ਦੌਲਤ, ਅੰਨ, ਬਸਤ੍ਰ ਜੇੜ੍ਹੇ ਖਾਂਦਿਆਂ ਪਹਿਨਦਿਆਂ ਸੌ ਬਰਸ ਤਕ ਨਾ ਮੁੱਕਣ ਘਰ ਵਿਚ ਰੱਖ ਕੇ ਫੇਰ ਦਾਨ ਲੈਣ ਨੂੰ ਦੌੜਦੇ ਹਨ। ਬ੍ਰਹਮਣ ਦਾ ਧਰਮ ਹੈ ਸਿਵਾਇ ਬੇਦ ਬਿਦਿਆ ਪੜ੍ਹਨ ਦੇ ਹੋਰ ਕੋਈ ਕੰਮ ਨਾ ਕਰੇ ਹੁਣ ਪੈਸੇ ਦੇ ਲਾਲਚ ਵਾਸਤੇ ਚੰਡਾਲਾਂ ਦੇ ਕੰਮ ਕਰਨ ਤੋਂ ਭੀ ਫਰਕ ਨਹੀਂ ਕਰਦੇ। ਏਸੇ ਵਾਸਤੇ ਹੁਣ ਦਾਨ ਪੁੰਨ ਦੇ ਅਧਿਕਾਰੀ ਬ੍ਰਹਮਣ ਨਹੀਂ ਰਹੇ। ਬੜਾ ਅਸਚਰਜ ਹੈ ਏਨਾਂ ਮੰਦਮਤੀ ਪਾਪੀ ਪੁਰਸ਼ਾਂ ਨੇ ਆਪ ਬਿਦਿਆ ਭੁਲਾ ਦਿਤੀ, ਹੋਰਨਾਂ ਨੂੰ ਅਨਅਧਿਕਾਰੀ ਦਸਦੇ ਰਹੇ, ਪੜ੍ਹਨ ਨਾਂ ਦਿੱਤੀ ਤੇ ਨਾਂ ਪੜ੍ਹਾਈ। ਏਸੇ ਤਰਾਂ ਅਸਾਡੇ ਦੇਸ ਦੀ ਅਤੀ ਉੱਤਮ ਮਹਾਂ ਬਿਦਿਆ ਜਿਸ ਦੇ ਚਮਤਕਾਰੇ ਮਹਾਂਭਾਰਥ ਇਤੀਹਾਸ ਵਿਚ ਪ੍ਰਕਾਸ਼ ਰਹੇ ਹਨ, ਓਹ ਭਾਰਤ ਵਰਸ਼ ਦੀ ਉੱਨਤੀ ਦਾ ਕਰਨ ਰਤਨਾ ਦੀ ਖਾਣ ਬਿਦਿਆ, ਬ੍ਰਹਮਣਾ ਨੇ ਨਸ਼ਟ ਕਰ ਛੱਡੀ। ਏਸ ਕਰਕੇ ਏਸ ਦੇਸ ਦੀ ਬਰਬਾਦੀ, ਖਰਾਬੀ ਦਾ ਕਾਰਨ ਸਿਵਾਇ ਬ੍ਰਹਮਣਾ ਦੇ ਹੋਰ ਕੋਈ ਨਹੀਂ।

ਪਹਿਲੇ ਤਾਂ ਬਿਆਸ ਜੀ ਨੇ ਹੀ ਬੁਰਾ ਕੀਤਾ ਜੋ ਆਪਣੀ ਜਾਤ ਦੇ ਮੋਹ ਵਿਚ ਫਸ ਕੇ ਏਸ ਕਮੀਨ ਕੌਮ ਦੀ ਪੂਜਾ, ਮਾਨਤਾ ਠਹਿਰਾਇ ਦਿੱਤੀ, ਪੂਜਾ, ਮਾਨਤਾ, ਜਪੀ, ਤਪੀ, ਸਤੀ ਜਤੀ, ਗੁਣੀ ਪੁਰਸ਼ ਦੀ ਰੱਖਣੀ ਸੀ ਚਾਹੇ ਕਿਸੇ ਕੌਮ ਵਿੱਚੋਂ ਹੁੰਦਾ। ਦੂਸਰਾ ਕੰਮ ਬਿਆਸ ਜੀ ਨੇ ਏਹ ਖੋਟਾ ਕੀਤਾ ਜੋ ਸੁਯੰਬਰ ਹਟਾ ਕੇ ਬਿਆਹ ਕਰਨਾ ਬ੍ਰਹਮਣਾ, ਨਾਈਆਂ ਦੇ ਇਖ਼ਤਿਆਰ ਕਰ ਦਿਤਾ ਜੇੜ੍ਹੇ ਲੋਭ ਲੈ ਕੇ ਲੋਗਾਂ ਦੀਆਂ ਧੀਆਂ ਨੂੰ ਰੋਗ ਲਾਇ ਛੱਡਦੇ ਹਨ। ਤੀਸਰਾ ਬਿਧਵਾ ਦਾ ਕਰੇਵਾ ਹਟਾਇ ਕੇ ਮਹਾਂ ਹੱਤਿਆ ਕੀਤੀ ਜਿਸ ਦਾ ਫਲ ਬਿਭਚਾਰ, ਖ਼ੂਨ, ਪਾਪ ਪਏ ਹੁੰਦੇ ਹਨ ਤੇ ਸਬੰਧੀਆਂ ਦੀ ਇੱਜ਼ਤ ਨਸ਼ਟ ਹੁੰਦੀ ਹੈ। ਚੌਥਾ ਹੋਰ ਭਾਰੀ ਬਿਗਾੜ ਕੀਤਾ ਜੋ ਇਕ ਪਰਮੇਸ਼ਰ ਦੀ ਪੂਜਾ, ਮਾਨਤਾ, ਭਗਤੀ ਛੁਡਾ ਕੇ ਸ਼ਿਵ, ਬਿਸ਼ਨੂੰ, ਗਣੇਸ਼, ਸੂਰਜ, ਸ਼ਕਤੀ, ਭੈਰੋਂ ਆਦਿਕ ਅਨੇਕ ਪਰਮੇਸ਼ਰ ਪੁਰਾਣਾਂ ਵਿਚ ਬਰਨਨ ਕਰ ਦਿਤੇ। ਤੇ ਰਾਮ ਕ੍ਰਿਸ਼ਨਾਦਿਕ ਰਾਜਿਆਂ ਦੀਆਂ ਮੂਰਤਾਂ ਪੂਜਨ ਵਿਚ ਲੋਗਾਂ ਨੂੰ ਲਾ ਛੱਡਿਆ।

ਫੇਰ ਇਨ੍ਹਾਂ ਤੋਂ ਪਿਛੋਂ ਸ਼ੰਕਰਾਚਾਰਯ ਹੋਏ ਉਨ੍ਹਾਂ ਨੇ ਭੀ ਬਹੁਤ ਲੋਗ ਤਾਂ ਸ਼ਿਵ ਲਿੰਗ ਪੂਜਣ ਲਾ ਦਿਤੇ ਤੇ ਕੁਛ ਬਧ ਗਿਆਨੀ ਬਣਾ ਦਿਤੇ ਜੇੜ੍ਹੇ ਆਪ ਨੂੰ ਬ੍ਰਹਮ ਮੰਨ ਕੇ ਸੁਕ੍ਰਿਤ, ਭਗਤੀ, ਜਪ ਤਪ ਹੀਨ ਹੋ ਕਰ ਬ੍ਰਹਮ ਗਿਆਨੀ ਸੱਨਿਆਸੀ ਸਦਾਉਣ ਲਗ ਪਏ। ਏਸੇ ਤਰਾਂ ਰਾਮਾਨੁਜ, ਨੀਮਾਰਕ, ਬਿਸ਼ਨੂੰ ਸ੍ਵਾਮੀ, ਮਾਧਵਾਚਾਰਯ, ਰਮਾ

Digitized by Panjab Digital Library | www.panjabdigilib.org

ਨੰਦ, ਬੱਲਭਾਚਾਰਯ, ਗੋਰਖ ਆਦਿਕ ਅਨੇਕ ਹੋਏ ਪਰ ਇੱਕ ਸੱਚੇ ਪਰਮੇਸ਼੍ਵਰ ਦਾ ਨਾ
ਮ ਕਿਸੇ ਨੇ ਨਾ ਜਪਾਯਾ ਸਭਨਾਂ ਨੇ ਆਪਣੇ ਆਪਣੇ ਪੰਥ ਚਲਾਵਣ ਨੂੰ ਜ਼ੋਰ ਲਾਏ
ਅਤੇ ਲੋਗਾਂ ਨੂੰ ਮੂਰਤਾਂ ਪੂਜਣ ਵਿਚ ਲਾਇਕੇ ਆਪਣੀ ੨ ਦੁਕਾਨਦਾਰੀ ਜਾਰੀ ਕੀਤੀ
ਪਰਮੇਸ਼੍ਵਰ ਦੀ ਭਗਤੀ ਕਿਸੇ ਨੇ ਨਾ ਦ੍ਰਿੜਾਈ ਇਕ ਆਰਯਾਵਰਤ ਵਿਚ ਅਨੇਕ
ਮਤ ਫੈਲ ਗਏ ਇਕ ਮਤ ਵਾਲਾ ਦੂਸਰੇ ਦੇ ਮਤ ਨੂੰ ਖੰਡਨ ਕਰਨ ਲਗਾ (ਦਸ ਪੂਰ
ਬੀਏ ਚੌਦਾਂ ਚੁੱਲ੍ਹੇ) ਏਹ ਗਲ ਜਦ ਭਾਰਤ ਬਰਸ ਵਿਚ ਹੋ ਗਈ ਤਦ ਤੁਰਕਾਂ ਨੇ ਆ
ਇਕੇ ਏਸ ਦੇਸ ਨੂੰ ਦਬਾ ਲੀਤਾ, ਏਥੋਂ ਦੇ ਵਸਨੀਕਾਂ ਦਾ ਨਾਮ ਹਿੰਦੂ, ਤੇ ਏਸ ਮੁਲਕ
ਦਾ ਨਾਮ ਹਿੰਦੁਸਤਾਨ ਮਸ਼ਹੂਰ ਕਰ ਦਿੱਤਾ। ਪਹਿਲੇ ਪਹਿਲ ਮਹਾਰਾਜੇ ਬਿਕ੍ਰਮਾਜੀਤ
ਦੇ ਵਕਤ ਏਸ ਆਰਯਾ ਵਰਤ ਮੁਲਕ ਉੱਤੇ ਤਾਤਾਰ ਦੇਸ ਦੇ ਲੋਗਾਂ ਨੇ ਚੜ੍ਹਾਈ ਕ
ਰਕੇ ਅੱਸੀ ਨੱਬੇ ਬਰਸ ਧੂਮ ਧਾਮ ਲੁੱਟ ਮਾਰ ਰੱਖੀ ਤੇ ਓਦੋਂ ਅਨੇਕ ਮਤਾਂ ਦੇ ਅਨੇਕ
ਰਾਜੇ ਏਸ ਦੇਸ ਵਿੱਚ ਸੇ ਜਿਨ੍ਹਾਂ ਵਿਚੋਂ ਦੋ ਰਾਜੇ ਬਹੁਤ ਬਡੇ ਸੇ ਇੱਕ ਬਿਕ੍ਰਮਾਜੀਤ,
ਦੂਸਰਾ ਪ੍ਰਿਥੀਪਾਲ, ਬਿੱਕ੍ਰਮਾਜੀਤ ਨਰਬਦਾ ਨਦੀ ਤੋਂ ਲੈਕੇ ਉੜੀਸਾ, ਬੰਗਾਲਾ,
ਹਿਮਾਲਾ, ਕਾਸ਼ਮੀਰ, ਕਾਬੁਲ, ਕੰਧਾਰ, ਸਿੰਧ ਆਦਿਕ ਏਧਰ ਦੇ ਸਭਨਾਂ ਮੁਲਕਾਂ
ਦਾ ਰਾਜਾ ਸੀ ਉਸਨੇ ਉਜੈਨ ਤੋਂ ਉੱਠਕੇ ਇੰਦ੍ਰਪ੍ਰਸ੍ਥ ਆਪਣੀ ਰਾਜਧਾਨੀ ਕਾਯਮ ਕਰਕੇ
ਆਪਣਾ ਸੰਮਤ ਚਲਾ ਦਿੱਤਾ। ਉਧਰ ਨਰਬਦਾ ਤੋਂ ਪਾਰ ਦੱਖਣ ਦੇਸ ਦਾ ਰਾਜਾ ਪ੍ਰਿ
ਥੀਪਾਲ ਰਾਜਾ ਸਾਲਿਬਾਹਨ ਦਾ ਬਾਪ, ਜਿਸ ਦੀ ਰਜਧਾਨੀ ਗੁਜਰਾਤ ਦੇਸ ਵਿਚ ਸ੍ਰਿ
ਵਪੁਰੀ ਸੀ ਜਿੱਥੇ ਹੁਣ ਭੀ ਉਸ ਦੇਸ ਦੇ ਲੋਗ ਗਯਾ ਵਾਂਙੂ ਪਿੰਡ ਭਰਾਂਉਂਦੇ ਹਨ ਤੇ ਮੇ
ਲਾ ਹੁੰਦਾ ਹੈ ਰਾਜ ਕਰਦਾ ਸੀ।।

ਬਿੱਕ੍ਰਮਾਜੀਤ ਦੀ ਤੇ ਪ੍ਰਿਥੀਪਾਲ ਦੀ ਆਪਸ ਵਿਚ ਦੁਸ਼ਮਣੀ ਰਹੀ, ਏਸੇ ਕਰਕੇ ਤਾਤਾ
ਰੀ ਲੋਗ ਭੀ ਪ੍ਰਵੇਸ਼ ਕਰ ਗਏ। ਫੇਰ ਜਦ ਸਾਲਿਬਾਹਨ ੧੫ ਬਰਸ ਦੀ ਉਮਰ ਵਿ
ਚ ਆਪਣੇ ਬਾਪ ਮਰੇ ਤੋਂ ਗੱਦੀ ਉੱਤੇ ਬੈਠਾ ਤਾਂ ਏਸਨੇ ਬਿੱਕ੍ਰਮਾਜੀਤ ਨਾਲ ਮਿਲਕੇ ਪ
ਹਿਲੇ ਤਾਤਾਰੀ ਲੋਗਾਂ ਨੂੰ ਮਾਰ ਕਰ ਭਾਰਤ ਵਰਸ ਵਿੱਚੋਂ ਨਿਕਾਲ ਦਿੱਤਾ ਤੇ ਬਿਕ੍ਰਮਾਜੀ
ਤ ਨਾਲ ਭੀ ਨਰਬਦਾ ਨਦੀ ਹੱਦ ਠਹਿਰਾਇ ਲਈ। ਪਰ ਥੋੜ੍ਹੇ ਦਿਨਾਂ ਪਿੱਛੋਂ ਬਿੱਕ੍ਰਮਾਜੀ
ਤ ਦੇ ਦੀਵਾਨ ਹੰਸਪਾਲ ਨੇ ਨਰਬਦਾ ਤੋਂ ਪਾਰ ਉਤਰ ਕੇ ਬਹੁਤ ਸਾਰਾ ਮੁਲਕ ਸਾਲਿ
ਬਾਹਨ ਦਾ ਦਬਾ ਲੀਤਾ, ਜਦ ਸਾਲਿਬਾਹਨ ਫੌਜ ਲੈਕੇ ਲੜਾਈ ਕਰਨ ਆਯਾ ਤਾਂ

Digitized by Panjab Digital Library | www.panjabdigilib.org

ਬਿਕ੍ਰਮਾਜੀਤ ਭੀ ਆਪਣੇ ਦੀਵਾਨ ਦੀ ਮਦਦ ਨੂੰ ਗਿਆ ਸਾਲਿਬਾਹਨ ਨੇ ਆਖਿਆ
ਤੂੰ ਬਹੁਤ ਬੜਾ ਧਰਮੀ ਰਾਜਾ ਤਿੰਨ ਸੌ ਬਰਸ ਦੀ ਉਮਰ ਦਾ ਮੇਰੇ ਬਾਪ ਦਾਦੇ ਜੈਸਾ
ਹੈਂ, ਮੈਂ ਤੇਰੇ ਸਾਥ ਲੜਨਾ ਨਹੀਂ ਚਾਹੁੰਦਾ, ਤੂੰ ਮੇਰਾ ਮੁਲਕ ਛੱਡ ਕੇ ਆਪਣੇ ਮੁਲਕ
ਵਿਚ ਜਾ ਰਹੁ। ਬਿੱਕ੍ਰਮਾਜੀਤ ਨੂੰ ਤਾਂ ਹੌਸਲਾ ਸੀ ਕਿ ਮੈਨੂੰ ਕੌਣ ਜਿੱਤ ਸਕਦਾ ਹੈ[੧] ਹਰਸ
ਦੀ ਦੇਵੀ ਮੇਰੀ ਮਦਦਗਾਰ ਹੈ। ਏਨ੍ਹਾਂ ਦੋਹਾਂ ਰਾਜਿਆਂ ਦਾ ਬੜਾ ਭਾਰੀ ਜੰਗ ਹੋਯਾ ਓੜੂ
ਕ ਸਾਲਿਬਾਹਨ ਦੇ ਹੱਥੋਂ ਬਿੱਕ੍ਰਮਾਜੀਤ ਦਾ ਸਿਰ ਕੱਟਿਆ ਗਿਆ। ਸਾਲਿਬਾਹਨ ਨੇ
ਬਿੱਕ੍ਰਮਾਜੀਤ ਦੀ ਜਗਾ ਇੰਦ੍ਰਪ੍ਰਸਤ ਦੇ ਤਖਤ ਉੱਤੇ ਬੈਠ ਕੇ, ਓਸਦਾ ਸੰਮਤ ਭੀ ਕਾਯਮ
ਰਖ ਕੇ, ਆਪਣੇ ਨਾਮ ਦਾ ਸਾਕਾ ਪ੍ਰਗਟ ਕਰ ਦਿਤਾ ਜੋ ਹੁਣ ਤਕ ਪੱਤ੍ਰੀਆਂ ਵਿਚ ਲਿਖੀਦਾ
ਹੈ। ਫੇਰ ਤਾਂ ਸਾਲਿਬਾਹਨ ਸਾਰੇ ਆਰਯਾਵਰਤ ਦਾ ਮਹਾਰਾਜਾ ਬਣ ਗਿਆ, ਪੰ
ਜਾਬ ਦੇਸ ਓਸਨੂੰ ਬਹੁਤ ਪਸੰਦ ਆਯਾ ਏਸੇ ਵਾਸਤੇ ਸਿਆਲਕੋਟ ਸ਼ਹਿਰ ਬਸਾ ਕੇ ਓਥੇ
ਹੀ ਰਹਣ ਲਗ ਪਿਆ ਤੇ ਏਸੇ ਰਾਜੇ ਦੇ ਬੇਟੇ ਪੂਰਨ ਭਗਤ ਅਤੇ ਰਸਾਲੂ ਮਸਹੂਰ
ਹੋ ਗਏ ਹਨ।

ਰਾਜਾ ਰਸਾਲੂ ਦੇ ਵਕਤ ਵਿਚ ਬਹੁਤ ਮੁਲਕ ਦੂਸਰੇ ਰਾਜੇ ਦਬਾ ਬੈਠੇ, ਦਿੱਲੀ ਵਿੱਚ
ਸਮੁੰਦ੍ਰਪਾਲ ਰਾਜਾ ਤਖਤ ਉੱਤੇ ਬੈਠ ਗਿਆ, ਉਸਦਾ ਬੇਟਾ ਚੰਦ੍ਰਪਾਲ ਹੋਯਾ, ੧੪ ਪੁ
ਸ਼ਤ ਓਸ ਦੀ ਔਲਾਦ ਨੇ ਰਾਜ ਕੀਤਾ, ਰਾਜਾ ਦੇਵ ਸਿੰਘ, ਰਣ ਸਿੰਘ, ਹਰ ਸਿੰਘ, ਸ਼ੇਰ
ਸਿੰਘ, ਜੀਵਣ ਸਿੰਘ ਆਦਿਕ ਬਹੁਤ ਰਾਜੇ ਹੋਏ ਫੇਰ ਸੰ: ੭੨੩ ਬਿ: ਨੂੰ ਰਾਜਾ ਅਨ
ਕਪਾਲ ਤੂਰ ਨੇ ਤਖਤ ਸੰਭਾਲ ਕੇ ੭ ਪੁਸ਼ਤ ਰਾਜ ਕੀਤਾ ਸੰ: ੯੩੭ ਬਿ: ਵਿਚ ਰਾਜ
ਬਲਦੇਵ ਚੁਹਾਣ ਦੇ ਪਾਸ ਦਿੱਲੀ ਆ ਗਈ, ਚੁਹਾਣਾਂ ਦੇ ਵਕਤ ਮਹਿਮੂਦ ਸ਼ਾਹ ਗ
ਜ਼ਨੀ ਵਾਲਾ ਗਿਆਰਾਂ ਵਾਰੀ ਏਸ ਮੁਲਕ ਉੱਪਰ ਹੱਲੇ ਕਰ ਕਰ ਆਯਾ, ਚੁਹਾਣਾ

੧- ਉਜੈਨ ਵਿਚ ਇਕ ਹਰਸ ਦੀ ਦੇਵੀ ਦੀ ਮੂਰਤਿ ਹੈ ਓਸਦੀ ਉਪਾਸ਼ਨਾ ਕਰਕੇ ਬਿੱਕ੍ਰਮਾਜੀਤ ਨੇ ਓਸ ਤੋਂ ਸੌ
ਬਰਸ ਜੀਉਂਦੇ ਰਹਿਣ ਦਾ ਬਰ ਲੈ ਰੱਖਿਆ ਸੀ ਜਦ ਸੌ ਬਰਸ ਪੂਰਾ ਹੋ ਜਾਂਦਾ ਤਾਂ ਆਪਣਾ ਸਿਰ ਕੱਟ ਕੇ
ਓਸ ਦੇਵੀ ਦੇ ਅੱਗੇ ਰਖ ਦਿੰਦਾ ਦੇਵੀ ਖੁਸ਼ੀ ਹੋ ਕੇ ਅਵਾਜ਼ ਕਰ ਦੇਂਦੀ (ਸਤਜੀਵ) ਤਾਂ ਫੇਰ ਸੌ ਬਰਸ ਬਿ
ਕ੍ਰਮਾਜੀਤ ਜੀਉਂਦਾ ਰਹਿੰਦਾ, ਤਿੰਨ ਵਾਰੀ ਸਿਰ ਚੜ੍ਹਾਯਾ, ਬਰ ਪਾਯਾ, ਜੀਂਦਾ ਰਿਹਾ ਏਸੇ ਹੌਸਲੇ ਉ
ਤੇ ਸਾਲਿਬਾਹਨ ਨਾਲ ਲੜਾਈ ਕਰ ਬੈਠਾ, ਜਦ ਸਾਲਿਬਾਹਨ ਨੇ ਜੰਗ ਵਿੱਚ ਬਿੱਕ੍ਰਮਾਜੀਤ ਦਾ ਸਿਰ
ਉਤਾਰਿਆ ਤੇ ਓਸ ਦੱਤ ਪੋਹਤ ਬਿੱਕ੍ਰਮਾਜੀਤ ਦਾ ਸਿਰ ਧੜ ਲੈ ਕੇ ਦੇਵੀ ਦੇ ਮੰਦਰ ਵਿਚ ਆਯਾ ਤਾਂ ਦੇਵੀ ਨੇ
ਜਵਾਬ ਦਿੱਤਾ ਹੁਣ ਨਹੀਂ ਜੀਉ ਸਕਦਾ, ਸਿਰ ਧਰਤੀ ਪਰ ਗਿਰ ਕੇ ਆਯਾ ਹੈ ਏਸ ਦੀ ਸੱਤਾ ਸਿਧ ਜੀ ਲੈ ਗਏ।

Digitized by Panjab Digital Library | www.panjabdigilib.org

ਨੇ ਉਸਨੂੰ ਠਹਰਣ ਤਾਂ ਨਾਂ ਦਿੱਤਾ, ਪਰ ਹਰਵਾਰੀ ਬੇਸ਼ੁਮਾਰ ਦੌਲਤ ਲੁੱਟ ਕੇ, ਤੇ ਕਈ ਹਜ਼ਾਰ ਲੜਕਾ ਲੜਕੀ ਪਕੜ ਕੇ ਲੈ ਜਾਂਦਾ ਰਿਹਾ, ਅਤੇ ਸੈਂਕੜੇ ਮੰਦਰ ਦੇਵਤਿਆਂ ਦੇ ਢਾਹ ਜਾਂਦਾ ਰਿਹਾ, ਓੜਕ ਨੂੰ ਸੰਮਤ ੧੧੯੮ ਬ੍ਰਿ: ਵਿਚ ਸ਼ਹਾਬੁੱਦੀਨ ਗੌਰੀ ਬਾਦਸ਼ਾਹ ਪਾਣੀਪਤਿ ਦੀ ਲੜਾਈ ਵਿਚ ਰਾਇ ਪਥੌਰਾ ਚੁਹਾਣ ਨੂੰ ਮਾਰਕੇ ਦਿੱਲੀ ਦਾ ਤਖਤ ਸੰਭਾਲ ਬੈਠਾ, ਏਸ ਮੁਲਕ ਦੇ ਬਾਦਸ਼ਾਹ ਤਦ ਮੁਸਲਮਾਨ ਹੋ ਗਏ ਜਿਨ੍ਹਾਂ ਨੇ ਸੰ: ੧੮੧੬ ਬ੍ਰਿ: ਤਕ ਆਰਯਾਵਰਤ ਦੀ ਬਾਦਸ਼ਾਹੀ ਕੀਤੀ ਏਸ ੬੧੮ ਬਰਸ ਵਿਚ ੫੩ ਬਾਦਸ਼ਾਹ ਮੁਸਲਮਾਨ ਹੋਏ, ਜਿਨ੍ਹਾਂ ਨੇ ਬੜੇ ੨ ਜ਼ੁਲਮ ਕਰਕਰ ਕਈ ਕਰੋੜ ਹਿੰਦੂ ਮੁਸਲਮਾਨ ਕਰ ਦਿੱਤਾ, ਮੁਸਲਮਾਨਾਂ ਨੇ ਏਹੋ ਜੇਹੇ ਥੋੜੇ ਜ਼ੁਲਮ ਨਹੀਂ ਕੀਤੇ ਜਿਨ੍ਹਾਂ ਨੂੰ ਯਾਦ ਕਰਣ ਤੋਂ ਛਾਤੀ ਨਾ ਫਟੇ ਤੇ ਨੇਤ੍ਰ ਜਲ ਨਾ ਬਰਸਾਵਣ, ਲਿਖਣ ਤੋਂ ਹੱਥ ਨਾਂ ਕੰਬ ਜਾਣ, ਏਸੇ ਵਾਸਤੇ ਅਸੀ ਤਾਂ ਲਿਖ ਨਹੀਂ ਸੱਕਦੇ, ਪਰ ਜੇਹੜਾ ਬ੍ਰਿਤਾਂਤ ਉਨ੍ਹਾਂ ਦੇ ਸ਼ਾਇਰਾਂ (ਕਵੀਸ਼ਰਾਂ) ਨੇ ਉਨ੍ਹਾਂ ਦੀ ਉਸਤਤਿ ਵਿਚ ਲਿਖ ਰੱਖਿਆ ਹੈ ਉਸੇ ਵਿੱਚੋਂ ਥੋੜਾ ਜੇਹਾ ਨਮੂਨਾ ਵਿਖਾਉਂਦੇ ਹਾਂ।

ਤਵਾਰੀਖ ਤਾਜੁਲਮੁਆਸਰ ਵਿਚ ਲਿਖਿਆ ਹੈ ਕੇ ਸੰ: ੧੨੬੩ ਬ੍ਰਿ: ਵਿਚ ਜਦ ਕੁਤਬਦੀਨ ਏਬਕ ਬਾਦਸ਼ਾਹ ਨੇ ਮੇਰਠ ਸ਼ਹਿਰ ਰਾਣੇ ਬੀਸ ਪਾਲ ਪਾਸੋਂ ਛੁਡਾਯਾ ਤਾਂ ਸਤਸੈ ੭੦੦ ਬੜੇ ੨ ਦੇਵਾਲੇ ਤੋੜ ਕੇ ਮਸੀਤਾਂ ਬਣਾਈਆਂ, ਤੇ ਬੀਸਪਾਲ ਤਾਂ ਸ਼ਹੀਦ ਹੋ ਗਯਾ ਸੀ, ਉਸਦੇ ਕੁਟੰਬ ਦਾ ਤਿੰਨ ਹਜ਼ਾਰ ਜੀਵ ਕਤਲ ਕਰਕੇ ਉਨ੍ਹਾਂ ਦੇ ਲਹੂ ਨਾਲ ਮੂਰਤਾਂ ਦਾ ਇਸ਼ਨਾਨ ਕਰਵਾ ਕੇ ਚੂਨਾ ਕਰ ਸਿੱਟਿਆ। ਫੇਰ ਜਦ ਏਸੇ ਬਾਦਸ਼ਾਹ ਨੇ ਕੋਇਲ ਸ਼ਹਿਰ ਰਾਣੀ ਜਗਦੇਈ ਤੋਂ ਛੁਡਾਯਾ ਤਾਂ ਸਭੇ ਮੰਦਰ ਦੇਵਤਿਆਂ ਦੇ ਮਸੀਤਾਂ ਕਰ ਸਿਟੇ, ਜਿਸ ਆਰਯ ਨੇ ਦੀਨ ਇਸਲਾਮ ਕਬੂਲ ਨਾਂ ਕੀਤਾ ਉਹੋ ਤੇਗ ਦੇ ਘਾਟ ਉਤਾਰਿਆ ਗਿਆ। ਸ਼ਹਿਰ ਕਲੰਜਰ ਵਿਚ ਬੜੇ ੨ ਇਕ ਸੌ ਤੇਰਾਂ ਮੰਦਰ ਮਸੀਤਾਂ ਕੀਤੇ ਗਏ, ਇਕ ਲੱਖ ਤੇਤੀ ਹਜ਼ਾਰ ਹਿੰਦੂ ਕਤਲ ਹੋਯਾ, ਪੰਜਾਹ ਹਜ਼ਾਰ ਜੁਆਨ ਔਰਤ ਮਰਦ ਪਕੜ ਕੇ ਗੁਲਾਮ ਲੌਂਡੀਆਂ ਬਣਾਵਣ ਵਾਸਤੇ ਗਜ਼ਨੀ ਦੇ ਮੁਲਕ ਵਿਚ ਭੇਜ ਦਿੱਤੇ, ਲੁਟੇ ਬਿਨਾ ਕਿਸੇ ਦਾ ਘਰ ਨਾ ਛਡਿਆ।

ਤਵਾਰੀਖ ਅਲਾਈ ਵਿਚ ਅਮੀਰ ਖੁਸਰੋ ਲਿਖਦਾ ਹੈ ਕਿ ਸੰ: ੧੩੫੬ ਬ੍ਰਿ: ਨੂੰ ਫੀਰੋਜ਼ਸ਼ਾਹ ਖਿਲਜੀ ਨੇ ਦੱਖਣ ਦੇਸ ਦੇ ਰਾਜਾ ਬੀਰਸੈਨ ਦਾ ਮੁਲਕ ਫਤੇ ਕਰਕੇ ਤਿੰਨ ਦ

Digitized by Panjab Digital Library | www.panjabdigilib.org

ਗੀ ਸਾਰਾ ਮਾਲਵਾ ਐਸਾ ਲੁਟਿਆ ਜੋ ਮਿੱਟੀ ਦੇ ਬਰਤਨਾ ਦੇ ਬਿਨਾ ਹੋਰ ਕੁਛ ਕਿਸੇ ਦੇ ਘਰ ਨਾਂ ਛੱਡਿਆ ਭਿਲਸਾ ਸ਼ਹਿਰ ਬੀਰ ਸੈਨ ਦੀ ਰਜਧਾਨੀ ਜੋ ਲੱਛਮੀ ਦਾ ਘਰ ਮਸ਼ਹੂਰ ਸੀ ਕੰਗਾਲ ਕਰਕੇ ਉਜਾੜ ਦਿੱਤੀ ਤੇ ਉਸ ਦੇਸ ਦੇ ਸਭ ਦੇਵਾਲੇ ਤੋੜ ਕੇ ਮਸੀਤਾਂ ਬਣਾਈਆਂ, ਮੂਰਤਾਂ ਦਾ ਫਰਸ਼ ਆਪਣੇ ਕਿਲੇ ਅੱਗੇ ਬਣਵਾਯਾ ਤੇ ਇਨ੍ਹਾਂ ਮੂਰਤਾਂ ਨੂੰ ਹਰਰੋਜ਼ ਇੱਕ ਹਜ਼ਾਰ ਹਿੰਦੂ ਦੇ ਲਹੂ ਨਾਲ ਇਸ਼ਨਾਨ ਕਰਾਵਣ ਦਾ ਹੁਕਮ ਸੀ।

ਅਲਾਉੱਦੀਨ ਖਿਲਜੀ ਦਾ ਹਾਲ ਅਮੀਰ ਅਬਦੁੱਲਾ ਆਪਨੀ ਕਿਤਾਬ ਵਿੱਚ ਲਿਖਦਾ ਹੈ ਕੇ ਏਹ ਬਾਦਸ਼ਾਹ ਆਪਨੇ ਦੀਨ ਦੀ ਉੱਨਤੀ ਵਾਸਤੇ ਦੂਸਰਾ ਖਲੀਫਾ ਉਮਰ ਸੀ। ਸ਼ਹਿਰ ਖੰਭਾਤ ਦੇ ਇਰਦੇ ਗਿਰਦੇ ਏਸਨੇ ਐਸੀ ਬੇਰਹਿਮੀ ਦੀ ਲੁੱਟ ਮਾਰ ਕੀਤੀ ਜੋ ਖੂਨ ਦੇ ਦਰੀਯਾ ਬਹਾਇ ਦਿੱਤੇ, ਸੋਨਾ, ਚਾਂਦੀ, ਹੀਰਾ, ਪੰਨਾ, ਕਪੜਾ, ਜ਼ੇਵਰ ਏਸ ਦੀ ਫੌਜ ਨੇ ਐਤਨਾ ਲੁਟਿਆ ਕਿ ਨੌਕਰੀ ਕਰਨ ਦੀ ਲੋੜ ਨਾਂ ਰਹੀ ਤੇ ਓੜਕ ਨੂੰ ਹਰ ਇਕ ਸਿਪਾਹੀ ਜੋ ਗਿਣਤੀ ਵਿਚ ਦੋ ਲੱਖ ਦੇ ਲਗਭਗ ਸੀ ਦੋ ਦੋ ਚਾਰ ਚਾਰ ਦਾਸ ਦਾਸੀਆਂ ਹਿੰਦੂ ਕੌਮ ਦੀਆਂ ਪਕੜ ਕੇ, ਤੇ ਦੌਲਤ ਦੇ ਘੋੜੇ ਊਠ ਲੱਦ ਕੇ ਆਪਣੇ ੨ ਮੁਲਕ ਨੂੰ ਨੌਕਰੀਆਂ ਛੱਡ ਕੇ ਚਲੇ ਗਏ, ਬਾਦਸ਼ਾਹ ਨੂੰ ਹੋਰ ਫੌਜ ਰੱਖਣੀ ਪਈ।

ਅਮੀਰ ਖੁਸਰੋ ਕਹਿੰਦਾ ਹੈ ਕਿ ਇਕ ਦਿਨ ਏਸ ਬਾਦਸ਼ਾਹ ਨੇ ਕਾਜ਼ੀਆਂ ਪਾਸੋਂ ਪੁੱਛਿਆ, ਹਿੰਦੂ ਕਾਫਰਾਂ ਵਾਸਤੇ ਸ਼ਰਾ ਵਿਚ ਕੀ ਲਿਖਿਆ ਹੈ ਤਾਂ ਇਕ ਪੀਰ ਮਰਦ ਸ਼ਾਹੀ ਕਾਜ਼ੀ ਨੇ ਅਰਜ਼ ਕੀਤੀ, ਹਿੰਦੂ ਧਰਤੀ ਮਾਫਕ ਲਿਖੇ ਹਨ, ਜਦ ਏਨ੍ਹਾਂ ਤੋਂ ਕੋਈ ਮੋਮਨ ਚਾਂਦੀ ਮੰਗੇ ਤਾਂ ਏਹ ਸੋਨਾ ਕਢ ਦੇਣ, ਜੇ ਮੁਸਲਮਾਨ ਏਨ੍ਹਾਂ ਦੀ ਤਰਫ ਥੁੱਕੇ ਤਾਂ ਹਿੰਦੂ ਆਪਣਾ ਮੂੰਹ ਚੌੜਾ ਕਰਕੇ ਉਸਨੂੰ ਚੱਟ ਜਾਵੇ, ਹਿੰਦੂ ਕੁਮਾਦ ਹੈ ਏਸ ਨੂੰ ਖੁਦਾਵੰਦ ਕਰੀਮ ਨੇ ਪੀਨ੍ਹਨ ਵਾਸਤੇ, ਮੋਮਨਾਂ ਦੀ ਖਿਦਮਤ ਕਰਨ ਨੂੰ ਪੈਦਾ ਕੀਤਾ ਹੈ, ਪੈਗੰਬਰ ਸਾਹਿਬ ਫੁਰਮਾਂਵਦੇ ਹਨ ਕਿ ਹਿੰਦੂ ਕਾਫਰਾਂ ਨੂੰ ਮਾਰੋ, ਲੁੱਟੋ, ਦੁਖ ਦੇਵੋ, ਜੈਸੇ ਕੈਸੇ ਦੀਨ ਮੇਂ ਲਿਆਵੋ, ਅਪਨੇ ਗੁਲਾਮ ਬਨਾਕੇ ਰੱਖੋ, ਹਿੰਦੂ ਦਾ ਮਾਲ ਮੁਸਲਮਾਨ ਵਾਸਤੇ ਮਾਂ ਦਾ ਦੁੱਧ ਹੈ ਜਿਤਨਾ ਬਹੁਤਾ ਕਸ਼ਟ ਹਿੰਦੂਆਂ ਨੂੰ ਦੇਵੋਗੇ ਉਤਨਾ ਬਹੁਤਾ ਬਹਿਸ਼ਤ ਤੁਹਾਨੂੰ ਖੁਦਾ ਬਖਸ਼ੇਗਾ। ਬਾਦਸ਼ਾਹ ਨੇ ਹੱਸ ਕੇ ਜਵਾਬ ਦਿੱਤਾ, ਮੀਯਾਂ ਕਾਜ਼ੀ ਸ਼ਰਾ ਦਾ ਕਮਾਵਣਾਂ ਤਾਂ ਬਹੁਤ ਦੂਰ ਹੈ ਪਰ ਮੈਂ ਆਪਣੀ ਫੌਜ ਨੂੰ ਏਹੋ ਹੁਕਮ ਦੇ ਰੱਖਿਆ ਹੈ ਜੋ ਕਿਸੇ ਹਿੰਦੂ ਦੇ ਘਰ ਛੀ ਮਹੀਨੇ ਦੇ ਗੁਜ਼ਾਰੇ ਤੋਂ ਜ਼ਿਆਦਾ ਕੋਈ ਚੀਜ਼ ਨਾਂ ਛੱਡਣੀ ਤੇ ਘਿਉ, ਦੁਧ, ਮੂੰਗੀ, ਚਾਵਲ,

Digitized by Panjab Digital Library | www.panjabdigilib.org

ਕਣਕ, ਖਰਬੂਜ, ਤਰਬੂਜ, ਅੰਬ ਆਦਿਕ ਕੋਈ ਚੰਗੀ ਚੀਜ਼ ਕੁੱਲ ਹਿੰਦੂ ਖਾਣੀ ਨਾ ਪਾਵੇਂ ਤੇ ਸੁੰਦ੍ਰ ਲੜਕਾ ਲੜਕੀ ਹਿੰਦੂਆਂ ਪਾਸ ਕੋਈ ਨਾ ਰਹਿਣ ਦੇਵੇ, ਪਕੜ ਲਿਆਵੇ।

ਫਿਰ ਤਵਾਰੀਖ ਫਰਿਸ਼ਤਾ ਵਿਚ ਲਿਖਿਆ ਹੈ ਕਿ ਏਸ ਬਾਦਸ਼ਾਹ ਦੇ ਵਕਤ ਹਿੰਦੂਆਂ ਪਰ ਐਡੀ ਸਖੀਮੀ, ਸਖਤੀ ਗੁਜ਼ਰਦੀ ਸੀ ਜੋ ਬਡੇ ਬਡੇ ਖਾਨਦਾਨਾ ਦੀਆਂ ਇਸਤ੍ਰੀਆਂ ਤੁਰਕਾਂ ਦੇ ਘਰਾਂ ਵਿਚ ਜਾਕੇ ਮਜੂਰੀ ਕਰਦੀਆਂ, ਤੇ ਹਿੰਦੂ ਸੈਂਕੜੇ ਭੁੱਖ ਦੇ ਦੁੱਖ ਨਾਲ ਨਦੀਆਂ ਵਿਚ ਡੁੱਬ ੨ ਮਰਦੇ ਪਰ ਦੀਨ ਮਨਜ਼ੂਰ ਨਹੀਂ ਕਰਦੇ ਸੇ।

ਤਵਾਰੀਖ ਅਲਾਈ ਵਿਚ ਮੁਹੰਮਦ ਤੁਗਲਕ ਆਦਲ ਬਾਦਸ਼ਾਹ ਦੇ ਬਾਬਤ ਲਿਖਾ ਹੈ ਕਿ ਏਸ ਬਾਦਸ਼ਾਹ ਜੈਸਾ ਦਬਦਬਾ ਹੋਰ ਕਿਸੇ ਬਾਦਸ਼ਾਹ ਦਾ ਨਹੀਂ ਹੋਯਾ, ਜਿਸ ਤਰਫ ਏਸ ਦੀ ਚੜ੍ਹਾਈ ਹੁੰਦੀ ਸੌ ਸੌ ਕੋਸ ਅੱਗੇ ਭਾਜੜਾਂ ਪੈਕੇ ਮੁਲਕ ਉਜਾੜ ਹੋ ਜਾਂਦਾ, ਇਕ ਹਜ਼ਾਰ ਹਿੰਦੂ ਦੀ ਲੋਥ ਤੇ ਦੋ ਸੌ ਜਲਾਦ ਏਸ ਦੇ ਦਰਵਾਜ਼ੇ ਅੱਗੇ ਹਰ ਵਕਤ ਬਣੇ ਰਹਿੰਦੇ, ਤੇ ਚਾਰ ਪਹਿਰ ਤੋਂ ਬਾਦ ਅਗਲੇ ਮੁਰਦੇ ਉਠਵਾਏ ਜਾਂਦੇ ਤੇ ਹੋਰ ਹਿੰਦੂ ਕਤਲ ਕਰਕੇ ਸਿੱਟੇ ਜਾਂਦੇ, ਫੌਜ ਵਿਚ ੯ ਲੱਖ ਘੋੜਾ, ੩੦ ਹਜ਼ਾਰ ਹਾਥੀ ਜੰਗੀ ਲੋਹੇ ਦੇ ਝੂਲਾਂ ਵਾਲੇ ਤੱਯਾਰ ਰਹਿੰਦੇ। ਬਾਦਸ਼ਾਹੀ ਕਾਰਖਾਨੇ ਵਿਚ ੪੪੪ ਰੇਸ਼ਮੀ ਕਪੜਾ ਬੁਣਨ ਵਾਲੇ ਜੁਲਾਹੇ ਦੀ ਕੁੰਭਲ, ਪੰਜ ਸੌ ਅੱਡਾ ਜ਼ਰੀ, ਬਾਫ, ਕਮਖਾਬ, ਖਿਲਤਾਂ ਵਾਸਤੇ ਜਾਰੀ ਰਹਿੰਦਾ ਸੀ, ਦਸ ਹਜ਼ਾਰ ਇਸਤ੍ਰੀ ਮਰਦ ਗਾਂਉਣ ਬਜਾਉਣ ਵਾਲੇ ਐਸੇ ਸਨ ਜੇੜ੍ਹੇ ਕਦੇ ਭੀ ਕਿਸੇ ਹੋਰ ਅੱਗੇ ਨਹੀਂ ਗਾਇ ਸਕਦੇ ਸੇ ਜੇ ਕਦਾਂਚ ਗਾਂਦੇ ਭੀ ਤਾਂ ਕਤਲ ਕੀਤੇ ਜਾਂਦੇ। ਦੋ ਹਜ਼ਾਰ ਭੇਡ ਬਕਰੀ, ਢਾਈ ਸੌ ਗਾਇ ਬੈਲ ਹਮੇਸ਼ ਸ਼ਾਹੀ ਬਵਰਚੀ ਖਾਨੇ ਵਿਚ ਖਰਚ ਹੁੰਦਾ, ਚਿੜੀਆਂ, ਕਬੂਤਰ, ਕੁਕੜ ਆਦਿਕ ਬੇਗਿਣਤ ਮਾਰੇ ਜਾਂਦੇ। ਚਾਰ ਵਜ਼ੀਰ ਹੱਥ ਜੋੜ ਕੇ ਹਮੇਸ਼ ਖੜੇ ਰਹਿੰਦੇ, ਇਕ ੨ ਵਜ਼ੀਰ ਦੀ ਤਨਖ਼ਾਹ ਪੰਦ੍ਰਾਂ ੨ ਲੱਖ ਰੁਪਯਾ ਮਹੀਨਾ ਸੀ, ਇਕ ੨ ਵਜ਼ੀਰ ਦੇ ਤਾਬੇ ਚਾਰ ੨ ਨਾਇਬ ਵਜ਼ੀਰ, ਇਕ ੨ ਨਾਇਬ ਦੇ ਅੱਗੇ ਚਾਰ ੨ ਦੁਬੀਰ, ਇਕ ੨ ਦੁਬੀਰ ਦੇ ਤਾਬੇ ਪੰਜ ੨ ਸੌ ਮੁਨਸ਼ੀ ਹੁੰਦਾ ਸੀ, ਜ਼ਾਲਮ ਐਸਾ ਸੀ ਕਿ ਆਪਣੇ ਸਕੇ ਭਾਈ ਬਹਾਵਲਦੀਨ ਤੇ ਭਾਣਜੇ ਗਿਆਸੁੱਦੀਨ ਨੂੰ ਬਾਗੀ ਹੋ ਜਾਣ ਦੇ ਸੀਸੇ ਵਿਚ ਮਰਵਾ ਕਰ ਉਨ੍ਹਾਂ ਦਾ ਮਾਸ ਪੁਲਾਉ ਵਿਚ ਰਿੰਨ ਕੇ ਉਨ੍ਹਾਂ ਦੇ ਬਾਲ ਬੱਚੇ ਨੂੰ ਖੁਵਾਇ ਦਿੱਤਾ, ਫੇਰ ਉਨਾ ਸਬਨਾਂ ਨੂੰ ਹਾਥੀਆਂ ਦੇ ਪੈਰਾਂ ਹੇਠ ਸਿਟਵਾ ਕੇ ਮਰਵਾ ਦਿੱਤਾ, ਤੇ ਦੌਲਤਾਬਾਦ ਸ਼ਹਿਰ ਜੋ ਬੜਾ ਮਸ਼ਹੂਰ ਸੀ ਐਸਾ ਕਤਲਾਮ ਕੀਤਾ ਕਿ

Digitized by Panjab Digital Library | www.panjabdigilib.org

ਬਿੱਲੀ ਕੁੱਤਾ ਭੀ ਕੋਈ ਨਾ ਛੱਡਿਆ।

ਤਵਾਰੀਖ ਅਲਾਈ ਵਿਚ ਲਿਖਿਆ ਹੈ ਕਿ ਜਦ ਅਲਾਉੱਦੀਨ ਸਿਕੰਦਰ ਨੇ ਸੰ: ੧੪੨੬
ਬਿੱਕ੍ਰਮੀ ਨੂੰ ਪੁਰਾਣੀ ਦਿੱਲੀ ਵਿਚ ਨਵਾਂ ਕਿਲਾ ਤੱਯਾਰ ਕੀਤਾ ਤਦ ੧੧ ਹਜ਼ਾਰ ਮੰਦ
ਰ ਹਿੰਦੂਆਂ ਦੇ ਚੰਗੇ ੨ ਗਿਰਵਾ ਕੇ ਉਨ੍ਹਾਂ ਦੀਆਂ ਮੂਰਤਾਂ ਤੇ ਪੱਥਰਾਂ, ਇੱਟਾਂ ਨਾਲ ਚਿ
ਣਵਾਯਾ ਸੀ, ਅਮੀਰ ਖੁਸਰੋ ਜੇਹਾ ਮੁਨਸਫ ਤੇ ਹੱਕ ਸ਼ਨਾਸੀ ਦਾ ਦਮ ਭਰਦਾ ਸੀ
ਉਹ ਜਲਾਲ ਦੀਨ ਖਿਲਜੀ ਬਾਦਸ਼ਾਹ ਦੀ ਨਰਮ ਮਿਜ਼ਾਜੀ ਤਾਂ ਐਸੀ ਲਿਖਦਾ ਹੈ
ਕਿ ਉਹ ਚੋਰਾਂ ਨੂੰ ਭੀ ਸਜ਼ਾ ਦੁੱਖ ਨਹੀਂ ਦੇ ਸੱਕਦਾ ਸੀ, ਕੇਵਲ ਚੋਰੀ ਨਾਂ ਕਰਣ ਦੀ ਕ
ਸਮ ਕਰਾ ਕੇ ਛਡ ਦਿੰਦਾ ਸੀ। ਉਹ ਕਥਾ ਛਪਾ ਗਿਆ ਜੇਹੜੀ ਅਬਦੁੱਲੇ ਖਾਂ ਨੇ ਲਿ
ਖੀ ਹੈ ਕਿ ਜਦ ਜਲਾਲਦੀਨ ਨੇ ਸੰ: ੧੩੪੪ ਬਿ: ਵਿਚ ਮਾਲਵਾ, ਕਾਠੀਆਵਾੜ, ਮੇ
ਵਾੜ, ਕੱਛ, ਗੁਜਰਾਤ ਆਦਿਕ ਮੁਲਕਾਂ ਵਿਚ ਫੌਜ ਲੈ ਜਾ ਕਰ ਹਿੰਦੂ ਨੂੰ ਲੁੱਟ ਕੇ
ਮੱਟੀ ਦੇ ਤਵੇ ਚੜ੍ਹਵਾ ਛੱਡੇ, ੩੦ ਹਜ਼ਾਰ ਛੋਕਰਾ ਛੋਕਰੀ ਬਿਲਾਪ ਕਰਦੇ ਹੋਏ ਮਾਂ
ਬਾਪ ਤੋਂ ਵਿਛੋੜ ਕੇ ਲੈ ਆਯਾ, ਤੇ ਉਹ ਇਨਾਮ ਵਿਚ ਮੁਸਲਮਾਨਾਂ ਨੂੰ ਟਹਿਲ ਕ
ਰਣ ਵਾਸਤੇ ਵੰਡ ਦਿੱਤੇ, ਤੇ ਚੌਦਾਂ ਹਜ਼ਾਰ ਸਿਰ ਬਡੇ ੨ ਹਿੰਦੂਆਂ ਦਾ ਕਿਲੇ ਦੀਆਂ ਕੰਧਾਂ
ਉੱਤੇ ਕਿਗਰਿਆਂ ਦੇ ਥਾਂਉਂ ਧਰਵਾ ਕੇ ਉਨ੍ਹਾਂ ਉੱਤੇ ਦੀਵੇ ਜਗਵਾਏ ਤੇ ਜਲਸਾ ਕੀਤਾ।
ਏਸ ਬਾਦਸ਼ਾਹ ਨੇ ਪ੍ਰਜਾ ਐਸੀ ਭੁੱਖੀ ਤੰਗ ਕਰ ਛੱਡੀ ਸੀ ਕਿ ਇਕਵਾਰੀ ਕਾਲ ਪੈ
ਗਿਆ, ਤੇ ਸਵਾ ਮਣ ਅੰਨ ਰੁਪਏ ਦਾ ਬਿਕਣ ਲੱਗਾ ਪਰ ਰੁਪਯਾ ਕਿਸੇ ਦੇ ਪਾਸ ਨ
ਹੀ ਛੱਡਿਆ ਸੀ ਜੋ ਲੋਕ ਖਰੀਦ ਕੇ ਖਾਂਦੇ, ਏਸੇ ਕਰਕੇ ਲੋਗ ਭੁੱਖੇ ਮਰ ਗਏ। ਏ
ਨ੍ਹਾਂ ਗੱਲਾਂ ਤੋਂ ਸਹੀ ਹੁੰਦਾ ਹੈ ਕਿ ਜਿਨ੍ਹਾਂ ਚੋਰਾਂ ਨੂੰ ਕਸਮ ਖੁਲਾ ਕੇ ਛੱਡ ਦਿੰਦਾ ਸੀ ਉਹ
ਮੁਸਲਮਾਨ ਹੋਣਗੇ।

ਦੇਖੋ ਫੀਰੋਜ਼ਸ਼ਾਹ ਜੋ ਨਿਹਾਯਤ ਭਲਾ ਮਾਨਸ, ਨੇਕ ਮਿਜ਼ਾਜ, ਮੁਨਸਫ ਬਾਦਸ਼ਾ
ਹ ਮੰਨਿਆ ਗਿਆ ਹੈ ਉਹ ਖੁਦ ਤਵਾਰੀਖ ਫੀਰੋਜ਼ੀ ਵਿਚ ਲਿਖਦਾ ਹੈ ਕਿ (ਮੇਰੇ ਤੋ
ਪਹਿਲੇ ਬਾਦਸ਼ਾਹ ਥੋੜ੍ਹੇ ੨ ਕਸੂਰ ਪਰ ਬੜੀ ੨ ਸਜ਼ਾ ਦਿੰਦੇ ਸੇ, ਕਤਲ ਕਰਦੇ, ਜਾ
ਜੀਉਂਦੇ ਹਿੰਦੂਆਂ ਨੂੰ ਅੱਗ ਵਿਚ ਜਲਵਾ ਦਿੰਦੇ ਤੇ ਹੱਥ ਪੈਰ, ਨੱਕ ਕਟਵਾ ਕੇ ਯਾ
ਅੰਧੇ ਕਰਕੇ ਸਿਟਵਾ ਛਡਦੇ ਸੇ, ਮੈਂ ਕਿਸੇ ਨੂੰ ਦੁਖ ਨਹੀਂ ਦੇਣਾ ਚਾਹੁੰਦਾ, ਹਿੰਦੂ ਮੁਸ
ਲਮਾਨ ਦੋਵੇਂ ਦੀਨ ਮੈਨੂੰ ਇੱਕੋ ਜੇਹੇ ਹਨ) ਪਰੰਤੂ ਤਵਾਰੀਖ ਫਰਿਸ਼ਤਾ ਵਿਚ ਲਿਖਿਆ

Digitized by Panjab Digital Library | www.panjabdigilib.org

ਹੈ ਕਿ ਜਦ ਫੀਰੋਜ਼ ਸ਼ਾਹ ਨੇ ਨਗਰ ਕੋਟ ਕਾਂਗੜਾ ਫਤੇ ਕੀਤਾ ਤਾਂ ਸਭ ਮੰਦਿਰ ਤੋ
ੜ ਕੇ ਮੂਰਤਾਂ ਨੂੰ ਗਊ ਦੇ ਕੱਚੇ ਚੰਮ ਵਿਚ ਸੀਊ ਕੇ ਬ੍ਰਾਹਮਣਾਂ ਦੇ ਗਲ ਬੰਧਵਾ ਦਿਤੀ
ਆਂ, ਦਸ ਹਜ਼ਾਰ ਬ੍ਰਾਹਮਨ ਛੱਤ੍ਰੀ ਨੂੰ ਜਬਰਨ ਗਊ ਦਾ ਮਾਸ ਖੁਲਾਯਾ, ੧੨ ਹਜ਼ਾ
ਰ ਬੁਤਪ੍ਰਸਤ ਕਤਲ ਕੀਤਾ। ਤਵਾਰੀਖ ਫੀਰੋਜ਼ਸ਼ਾਹੀ ਵਿਚ ਲਿਖਿਆ ਹੈ ਕਿ ਇ
ਕ ਬ੍ਰਾਹਮਨ ਦਿੱਲੀ ਵਿਚ ਆਪਣੇ ਘਰ ਅੰਦਰ ਬੈਠ ਕੇ ਮੂਰਤਿ ਪੂਜਾ ਕਰਦਾ ਸੀ
ਏਸ ਬਾਦਸ਼ਾਹ ਨੇ ਉਸ ਨੂੰ ਪਕੜ ਕਰ ਜੀਉਂਦਾ ਹੀ ਅੱਗ ਵਿਚ ਸੜਵਾ ਦਿਤਾ
।ਹਿੰਦੂਆਂ ਨੇ ਜਦ ਤਕ ਜੇਜ਼ੀਆ ਦੇਣਾ ਨਾ ਮੰਨਿਆ ਤਦ ਤਕ ਅਮਨ ਨਾ ਮਿਲਿ
ਆ ਚਾਬਕਾਂ ਨਾਲ ਚੰਮ ਉਡਦਾ ਰਿਹਾ, ਪੂਰਬ ਦੇਸ ਦੇ ਸਭ ਮੰਦਰ ਤੁੜਵਾ ਕੇ ਮ
ਸੀਤਾਂ ਕਰ ਦਿੱਤੀਆਂ, ੨੨ ਹਜ਼ਾਰ ਆਦਮੀ ਮੂਰਤਾਂ ਪੂਜਣ ਵਾਲੇ ਕਤਲ ਕੀਤੇ
ਗਏ। ਤੇ ਸਾਰੇ ਮੁਲਕ ਵਿਚ ਢੌਂਡੀ ਫਿਰਾਇ ਦਿੱਤੀ ਜੁ ਮੂਰਤੀ ਪੂਜਾ, ਸੰਖ ਦੀ ਅ
ਵਾਜ, ਬੇਦ ਸ਼ਾਸਤ੍ਰ ਦੀ ਕਥਾ ਆਦਿਕ ਮਕਰੂਹ (ਖਰਾਬ) ਕੰਮ ਕੋਈ ਨਾ ਕਰੇ।
ਇਸ ਦੇ ਇਨਸਾਫ ਦਾ ਇਹ ਹਾਲ ਸੀ ਕੇ ਇਕ ਵਾਰੀ ਦੋ ਸਰਾਫਾਂ ਨੇ ਅਰਜ਼ੀ ਦਿੱਤੀ
ਜੋ ਬਾਦਸ਼ਾਹੀ ਸ਼ਸ਼ਗਾਨੀ (ਦੁਆਨੀ) ਵਿੱਚ ਦੋ ਰੱਤੀ ਚਾਂਦੀ ਘਟ ਹੈ, ਟਕਸਾਲ
ਵਾਲਿਆਂ ਨੂੰ ਸਜ਼ਾ ਹੋਣੀ ਚਾਹੀਏ। ਬਾਦਸ਼ਾਹ ਨੇ ਵਜ਼ੀਰ ਨੂੰ ਪੁਛਿਆ, ਵਜ਼ੀਰ ਨੇ
ਟਕਸਾਲੀਆਂ ਤੋ ਰਿਸ਼ਵਤ ਛਕ ਕੇ ਆਖਿਆ ਸ਼ਸ਼ਗਾਨੀ (ਦੁਆਨੀ) ਦੇ ਵੱਧ ਘੱ
ਟ ਦੀ ਕੁਛ ਬਾਤ ਨਹੀਂ, ਸਿੱਕਾ ਕੁਆਰੀ ਕੰਨਿਆ ਹੈ ਇਸ ਦੀ ਬਦਨਾਮੀ ਹੋਈ ਤਾਂ ਫੇ
ਰ ਕੋਈ ਨਹੀਂ ਲਵੇਗਾ, ਇਹ ਸੁਣ ਕੇ ਬਾਦਸ਼ਾਹ ਨੇ ਉਲਟਾ ਉਨ੍ਹਾਂ ਸਰਾਫਾਂ ਨੂੰ ਕੈ
ਦ ਕਰ ਦਿਤਾ, ਏਹ ਇਨਸਾਫ ਦਾ ਨਮੂਨਾ ਹੈ।

ਹੁਣ ਬੰਦੋਬਸਤ ਦਾ ਹਾਲ ਸੁਣੋ। ਏਹੋ ਫੀਰੋਜ਼ਸ਼ਾਹ ਜਦ ਨਗਰ ਠੱਟੇ ਪਰ ਚੜ੍ਹਾ
ਈ ਕਰ ਕੇ ਗਯਾ, ਤਾਂ ਓਥੋਂ ਹਾਰ ਮੰਨ ਕੇ ਕੱਛ ਦੇਸ ਦੇ ਰਸਤੇ ਗੁਜਰਾਤ ਨੂੰ ਚੱਲਿਆ ਤਾਂ
ਛੀ ਮਹੀਨੇ ਕੱਛ ਮੁਲਕ ਦੇ ਜੰਗਲ ਅਤੇ ਰਣ ਵਿੱਚ ਹੀ ਭੁਲਿਆ ਫਿਰਦਾ ਰਿਹਾ,
ਕਾਠੀਆਵਾੜ, ਗੁਜਰਾਤ ਵਿੱਚ ਭੀ ਨਾਂ ਪਹੁੰਚ ਸੱਕਿਆ, ਲੱਖਾਂ ਜੀਵ ਮਰ ਗਏ, ਦਿੱ
ਲੀ ਵਿੱਚ ਵਜ਼ੀਰ ਪਾਸ ਛੇ ਮਹੀਨੇ ਕੁਛ ਖਬਰ ਨਾਂ ਪਹੁੰਚੀ।

ਹੁਣ ਸਰਕਾਰ ਅੰਗ੍ਰੇਜ਼ੀ ਦੇ ਪ੍ਰਤਾਪ ਨਾਲ ਇਕ ਲੜਕਾ ਸਕੂਲ ਦੇ ਪੜ੍ਹਨ ਵਾਲਾ
ਭੀ ਹਿੰਦੁਸਤਾਨ ਦਾ ਨਕਸ਼ਾ ਦੇਖ ਕੇ ਨਗਰ ਠੱਟੇ ਤੋਂ ਬਿਨਾਂ ਪੁੱਛੇ ਗੁਜਰਾਤ ਵਿਚ ਪਹੁੰ

Digitized by Panjab Digital Library | www.panjabdigilib.org

ਰ ਸੱਕਦਾ ਹੈ। ਅਤੇ ਏਸ ਬਾਦਸ਼ਾਹ ਨੇ ਬੜੇ ੨ ਸਖਤ ਜੇਜ਼ੀਏ ਹਿੰਦੂ ਲੋਗਾਂ ਪਰ ਲਾ ਛੱਡੇ ਸੇ, ਤੇ ਖਰਚ ਫਜ਼ੂਲੀ ਦਾ ਨਮੂਨਾ ਐਸਾ ਸੀ ਕਿ ਵਜ਼ੀਰ ਦੀ ਤਨਖ੍ਵਾਹ ੧੩ ਲੱਖ ਰੁਪਯਾ ਮਹੀਨੇ ਤੋਂ ਬਿਨਾ ਇਕ ਕਰੋੜ ਦੀ ਜਾਗੀਰ ਭੀ ਦਿੱਤੀ ਹੋਈ ਸੀ।

ਤੇ ਦੋ ਹਜ਼ਾਰ ਵਜ਼ੀਰ ਦੀਆਂ ਬੇਗਮਾਂ ਸੀ ਜਿਨ੍ਹਾਂ ਦੀ ਤਨਖ੍ਵਾਹ ਜੁਦੀ ੨ ਬੰਨ੍ਹ ਰੱਖੀ ਸੀ ਏਸੇ ਤਰਾਂ ਹੋਰ ਸਭ ਦੀ ਤਨਖ੍ਵਾਹ ਸਮਝ ਲੈਣੀ॥

ਇਨਸਾਫ ਦੀ ਵਾਗ ਕਾਜ਼ੀਆਂ ਦੇ ਹੱਥ ਵਿੱਚ ਹੁੰਦੀ ਸੀ, ਇਸ ਦੀ ਬਾਬਤ ਤਵਾਰੀਖ ਸਿਧ ਦਾ ਕਰਤਾ ਇਉਂ ਲਿਖਦਾ ਹੈ ਕਿ (ਨਗਰ ਠੱਟੇ ਦੇ ਹਾਕਮ ਜਾਮ ਸੰਜਰ ਨੇ ਸੁਣਿਆ ਜੁ ਕਾਜ਼ੀ ਵੱਢੀ ਲੈਂਦਾ ਹੈ, ਤਦ ਉਸਨੇ ਬੁਲਾਇ ਕਰ ਪੁਛਿਆ, ਤਾਂ ਕਾਜ਼ੀ ਨੇ ਆਖਿਆ ਬੇਸ਼ਕ ਮੁਦਈ, ਮੁਦਾਲੇ ਤੋਂ ਤਾਂ ਮੈਂ ਵੱਢੀ ਲੈਂਦਾ ਹਾਂ, ਪਰ ਅਫਸੋਸ ਹੈ ਜੁ ਗਵਾਹਾਂ ਤੋਂ ਕੁਛ ਨਹੀ ਮਿਲਦਾ ਤੇ ਮੇਰਾ ਬਾਲ ਬੱਚਾ ਭੁੱਖਾ ਮਰਦਾ ਹੈ, ਹਾਕਮ ਹੱਸਕੇ ਚੁਪ ਕਰ ਰਿਹਾ॥

ਜ਼ਬਰ ਦਸ੍ਤੀ ਦਾ ਏਹ ਹਾਲ ਸੀ ਕਿ ਰਾਣਾ ਮੱਲ ਭੱਟੀ ਭਟਨੇਰ ਵਾਲੇ ਦੀ ਬੇਟੀ ਅਤੀ ਸੁੰਦਰ ਸੁਣ ਕੇ ਉਸ ਤੋਂ ਫੀਰੋਜ਼ ਸ਼ਾਹ ਦੇ ਬਾਪ ਗ਼ਯਾਸੁੱਦੀਨ ਨੇ ਮੰਗੀ, ਉਸਨੇ ਟਾਲਾ ਕੀਤਾ ਤਾਂ ਲਸ਼ਕਰ ਲੈਕੇ ਚੜ੍ਹ ਪਿਆ ਤੇ ਸਖਤੀ ਕਰਨ ਲੱਗਾ, ਉਸ ਲੜਕੀ ਨੇ ਅਪਨੇ ਬਾਪ ਨੂੰ ਆਖਿਆ, ਜੇ ਮੇਰੇ ਦੇਣੇ ਨਾਲ ਸਾਰਾ ਕੁਟੰਬ, ਰਾਜ ਬਚ ਰਹਿੰਦਾ ਹੈ ਤਾਂ ਕਿਉਂ ਨਹੀ ਦੇ ਦਿੰਦੇ ਜਾਣ ਲਵੋ ਕਿ ਇਕ ਬੇਟੀ ਨੂੰ ਮੁਸਲਮਾਨ ਉਠਾ ਕੇ ਲੈ ਗਏ ਯਾ ਮਰ ਗਈ॥ ਓੜਕ ਲਾਚਾਰ ਹੋਕੇ ਰਾਣਾ ਮੱਲ ਨੇ ਅਪਨੀ ਬੇਟੀ ਦਾ ਡੋਲਾ ਗ਼ਯਾਸੁੱਦੀਨ ਨੂੰ ਦੇ ਦਿੱਤਾ, ਜਿਸ ਵਿੱਚੋਂ ਏਹ ਫੀਰੋਜ਼ ਸ਼ਾਹ ਪੈਦਾ ਹੋਯਾ ਸੀ।

ਏਹੋ ਜੇਹੀਆਂ ਆਫਤਾਂ ਤੇ ਡਰਦੇ ਬਹੁਤ ਹਿੰਦੂ ਬੇਟੀਆਂ ਮਾਰਣ ਲਗ ਪਏ ਸਨ, ਜੋ ਹੁਣ ਸਰਕਾਰ ਅੰਗ੍ਰੇਜ਼ੀ ਦੇ ਹੁਕਮ ਨਾਲ ਬੰਦ ਹੋਏ ਹਨ, ਤੇ ਅਸਾਡੇ ਦੇਸ਼ ਭਾਈਐ ਸੇ ਮੂਰਖ ਹਨ, ਜੁ ਤੁਰਕੀ ਰਾਜ ਨਸ਼ਟ ਹੋਏ ਨੂੰ ਦੋ ਸੌ ਬਰਸ ਭੀ ਹੋ ਗਿਆ ਪਰ ਏਹ ਕੰਨਿਆ ਦਾ ਮਾਰਨਾ ਮਹਾਪਾਪ ਅਪਣੇ ਜ਼ੁੰਮੇ ਹੁਣ ਤਾਂਈ ਲਈ ਜਾਂਦੇ ਸਨ। ਸਰਕਾਰ ਅੰਗ੍ਰੇਜ਼ੀ ਦਾ ਬੜਾ ਇਕਬਾਲ ਹੋਵੇ ਜਿਸਨੇ ਬੜੇ ੨ ਤਰੱਦਦ ਕਰਕੇ ਕੰਨਿਆ ਦਾ ਪੁੰਨਿਆ ਖੱਟਿਆ ਹੈ ਏਸੇ ਤਰਾਂ ਅਸੀ ਉਮੈਦ ਰੱਖਦੇ ਹਾਂ, ਕਦੀ ਬਿਧਵਾ ਇਸਤ੍ਰੀਆਂ ਦਾ ਭੀ ਦੁਖ ਦੂਰ ਕਰ ਦੇਵੇਗੀ। ਤੇ ਜੇ ਕਰ ਸਰਕਾਰ ਅੰਗ੍ਰੇਜ਼ੀ ਦੀ ਮਿਹਰਵਾਨੀ

ਅਤੇ ਤੁਰਕਾਂ ਦੇ ਜ਼ੁਲਮਾਂ ਨੂੰ ਤੋਲਿਆ ਜਾਏ ਤਾਂ ਸਭ ਨੂੰ ਏਹੋ ਆਖਣਾ ਪੈਂਦਾ ਹੈ ਜੋ ਹੇ ਪ
ਰਮੇਸ਼੍ਰ ਮੁਸਲਮਾਨਾਂ ਦਾ ਰਾਜ ਕਦੇ ਨਾ ਹੋਵੇ ਕ੍ਯੋਂਕਿ ਏਸ ਕੌਮ ਜੈਸੀ ਜ਼ਾਲਮ, ਬੇ
ਰਹਮ, ਖ਼ੋਰੀ ਹੋਰ ਕੋਈ ਕੌਮ ਦੁਨੀਆਂ ਉੱਤੇ ਨਹੀਂ।
ਮੀਰ ਤਹਿਮੂਰ ਜਿਸਨੂੰ ਤਿਮਰਲੰਗ ਆਖੀਦਾ ਹੈ ਓਹ ਖੁਦ ਹੀ ਆਪਣੀ ਤਵਾਰੀ
ਖ ਤਹਮੂਰੀ ਵਿਚ ਲਿਖਦਾ ਹੈ ਕਿ ਮੇਰੇ ਹੁਕਮ ਨਾਲ ਇਲਾਕੇ ਦੇਪਾਲਪੁਰ ਵਿ
ਚ ਪੰਜ ਹਜ਼ਾਰ, ਅਤੇ ਅਜੁੱਧਿਆ ਦੇ ਪਰਗਣੇ ਚੌਂਦਾ ਹਜ਼ਾਰ, ਬਨਾਰਸ ਦੇ ਇਲਾਕੇ
ਤੇਤੀ ਹਜ਼ਾਰ ਹਿੰਦੂ ਬ੍ਰਾਮਣ ਕਤਲ ਕੀਤੇ, ਅਤੇ ਓਨ੍ਹਾਂ ਦੇ ਕੁੜੀਆਂ ਮੁੰਡੇ ਦਾਸ ਦਾ
ਸੀਆਂ ਬਨਾ ਲਏ ਅਤੇ ਭਟਨੇਰ ਸ਼ਹਿਰ ਦੇ ਮਹਸੂਲ, ਜੇਜ਼ੀਆ ਲਾਉਣ ਪਰ ਤਕ
ਰਾਰ ਹੋ ਜਾਣੇ ਕਰਕੇ ਉਣੱਤੀ ਹਜ਼ਾਰ ਹਿੰਦੂ ਕਾਫਰਾਂ ਨੂੰ ਇਕ ਜਗਾ ਬੰਦ ਕਰਵਾਕੇ
ਸੰਖੁਦ ਫੁਕਵਾ ਦਿੱਤਾ ਅਤੇ ਡੇਢ ਲੱਖ ਤੁਰਕੀ ਸਿਪਾਹੀ ਕੇਵਲ ਕਾਫਰਾਂ ਨੂੰ ਲੁੱਟ
ਣ ਮਾਰਣ ਉੱਤੇ ਹੀ ਮੈਂ ਤਤਪਰ ਕਰ ਰੱਖਿਆ ਹੋ। ਦਿੱਲੀ ਵਿਚ ਪਹੁੰਚ ਕੇ ਮੈਂ ਪੰਦ੍ਰਾਂ
ਦਿਨ ਚੈਨ ਨਾਲ ਬੈਠਾ, ਫੇਰ ਮੈਨੂੰ ਖਯਾਲ ਫੁਰਿਆ ਕਿ ਮੇਰਾ ਆਉਣਾ ਹਿੰਦੁਸ੍ਤ
ਾਨ ਵਿਚ ਕਾਫਰਾਂ ਦੇ ਨਾਸ ਕਰਣ ਨੂੰ ਤੇ ਕਾਫਰਾਂ ਦਾ ਮਾਲ ਮੋਮਨਾਂ ਨੂੰ ਲੁਟਾਉਣ ਵ
ਾਸ੍ਤੇ ਹੈ, ਜੱਦਯਪਿ ਪਹਿਲੇ ਭੀ ਮੈਂ ਲੱਖਾਂ ਹਿੰਦੂ ਕਤਲ ਕੀਤੇ ਹਨ, ਪਰ ਹੁਣ ਭੀ ਅਰਾ
ਮ ਨਾਲ ਬੈਠਣਾ ਮੇਰੇ ਵਾਸ੍ਤੇ ਹਰਾਮ ਹੈ ਏਹ ਸੋਚ ਕੇ ਚੜ੍ਹ ਪਿਆ ਤੇ ਮੇਰਠ ਨੂੰ ਫ
ਤੇ ਕਰਕੇ ਸੈਂਕੜੇ ਬੁਤਖਾਨੇ ਤੋੜੇ ਤੇ ਗੰਗਾ ਦੇ ਆਰ ਪਾਰ ਬੇਸ਼ੁਮਾਰ ਹਿੰਦੂ ਕਾਫਰ
ਮਾਰੇ ਤੇ ਲੁਟ ਪੁੱਟ ਕੇ ਟੁਕੜੇ ਕਪੜੇ ਤੋਂ ਆਜਜ਼, ਮੁਹਤਾਜ ਕਰ ਛੱਡੇ, ਜੰਮੂ ਆਦਿ
ਕ ਅਸਥਾਨਾਂ ਦੇ ਪਹਾੜੀ ਰਾਜਿਆਂ ਨੂੰ ਪਕੜ ਕੇ ਗਊਆਂ ਦਾ ਗੋਸ਼ਤ ਖੁਲਾਯਾ ਅਤੇ
ਅਪਣੇ ਦੇਸ ਨੂੰ ਜਾਂਦਿਆਂ ਦ ਸੱਤ ਲੱਖ ਹਿੰਦੂ ਕਾਫਰ ਕਤਲ ਕੀਤਾ, ਦੋ ਲੱਖ ਪਕ
ੜ ਕੇ ਦਾਸ ਦਾਸੀਆਂ ਕਰ ਲਏ ਜੋ ਫੌਜ ਦੇ ਕੰਮ ਆਏ ਤੇ ਏਸੇ ਸ੍ਰੇਸ਼੍ਟ ਕਰਮ ਦੇ
ਕਰਣ ਤੋਂ ਮੈਂ ਭੀ ਬਹਿਸ਼ਤ ਪਾਉਣ ਦਾ ਉਮੈਦਵਾਰ ਹੋ ਗਿਆ ਹਾਂ।)
ਬਾਬਰ ਸ਼ਾਹ ਜੇਹੜਾ ਬੜਾ ਚੰਗਾ ਗਿਣੀਦਾ ਹੈ ਓਹ ਸਗਨ ਮਨਾਉਣ ਵਾਸ੍ਤੇ ਪਿੰਡ
ਾਂ ਨੂੰ ਤੇ ਸ਼ਹਿਰਾਂ ਦੇ ਬਾਜ਼ਾਰਾਂ ਨੂੰ ਅੱਗ ਲਗਵਾ ਦਿੰਦਾ ਸੀ, ਤੇ ਹਿੰਦੂਆਂ ਨੂੰ ਬੜੇ ਬੜੇ
ਦੁਖ ਦੇਕੇ ਮਾਰਦਾ ਤਾਂ ਖੁਸ਼ੀ ਹੁੰਦਾ, ਜੇਹੜੇ ਹਿੰਦੂ ਫੜੇ ਆਉਂਦੇ ਓਹ ਸਭ ਬਾਦਸ਼ਾਹੀ
ਖੇਮੇ ਦੇ ਗਿਰਦੇ ਕਤਲ ਕੀਤੇ ਜਾਂਦੇ, ਇਕ ਵਾਰੀ ਇਤਨੇ ਆਏ ਕਿ ਤਿੰਨ ਵਾਰੀ ਖੇਮੇ

Digitized by Panjab Digital Library | www.panjabdigilib.org

ਦੇਗਿਰਦੇ ਲੋਥਾਂ ਦੇ ਢੇਰ ਲਗ ਗਏ ਤੇ ਤਿੰਨੇ ਵਾਰੀ ਤੈਮੂਰ ਪੁੱਟ ਕੇ ਹੋਰ ਜਗਾ ਲਾਯਾ। ਏਹ ਕਥਾ ਤੁਜ਼ਕ ਬਾਬਰੀ ਵਿਚ ਆਪ ਹੀ ਬਾਬਰ ਸ਼ਾਹ ਨੇ ਲਿਖੀ ਹੈ। ਇਕ, ਦੋ, ਚਾਰ ਦੀ ਕੀ ਬਾਤ ਹੈ ਸਾਰੇ ਹੀ ਮੁਹੰਮਦੀ ਹਾਕਮ ਹਿੰਦੂਆਂ ਦਾ ਨਾਮ ਨਿਸ਼ਾਨ ਨਾਸ ਕਰਨ ਲਈ ਜ਼ੋਰ ਲਾਉਂਦੇ ਰਹੇ ਪਰ ਏਹ ਦੱਬੂ ਘਾਸ ਦੀ ਤਰਾਂ ਕਿਸੇ ਤੋਂ ਨਾਸ ਨਹੀ ਹੋਏ। ਜੇਹੜੇ ਥੇਹ ਹਿੰਦੁਸਤਾਨ ਵਿਚ ਬੜੇ ਕੇ ਬੇਸ਼ੁਮਾਰ ਪਏ ਦੇਖੀਦੇ ਹਨ ਏਹ ਸਭ ਉਨ੍ਹਾਂ ਹੀ ਬਾਦਸ਼ਾਹਾਂ ਦੀ ਕਰਤੂਤਾਂ ਦੇ ਨਿਸ਼ਾਨ ਹਨ।

ਹੇ ਪਿਆਰਿਓ ਕਿਥੇ ਹੈ ਉਹ ਕਨੌਜ ਸ਼ਹਿਰ ਜੋ ਪੈਂਤੀ ੩੫ ਕੋਹਾਂ ਵਿਚ ਵਸਦਾ ਸੀ, ਤੇ ਜਿੱਥੇ ੩੦ ਹਜ਼ਾਰ ਦੁਕਾਨਾਂ ਪਾਨ ਬੇਚਨ ਵਾਲਿਆਂ ਦੀਆਂ ਸਨ, ਸ਼ਹਾਬੁੱਦੀਨ ਗੌਰੀ ਨੇ ਲੁੱਟ ਮਾਰ ਕੇ ਥੇਹ ਕਰ ਛੱਡਿਆ। ਕਿਥੇ ਗਿਆ ਉਹ ਮਥੁਰਾ ਸ਼ਹਿਰ ਜਿੱਥੇ ੨੨ ਕੋਹਾਂ ਵਿਚ ਮੰਦਰਾਂ ਨਾਲ ਮੰਦਰ ਜੁੜੇ ਰਹੇ ਸਨ, ਮਹਮੂਦ ਸ਼ਾਹ ਗਜ਼ਨੀ ਵਾਲੇ ਨੇ ਜ਼ਿਮੀਨ ਸਾਥ ਮਿਲਾਇ ਦਿੱਤਾ। ਮਥਰਾ ਦੇ ਬੜੇ ਮੰਦਰ ਦਾ ਹਾਲ ਮਹਿਮੂਦ ਸ਼ਾਹ ਆਪ ਹੀ ਲਿਖਦਾ ਹੈ ਕਿ ਜੇਕਰ ਅੱਸੀ ਕਰੋੜ ਮੁਹਰਾਂ ਖਰਚ ਕਰੀਏ ਤੇ ਪੰਜ ਸੌ ਕਾਰੀਗਰ ਸੌ ਬਰਸ ਤਕ ਬਣਾਉਂਦੇ ਰਹਿਨ ਤਾਂ ਭੀ ਅਜੇਹਾ ਮੰਦਰ ਬਣਨਾ ਮੁਸ਼ਕਿਲ ਹੈ, ਫੇਰ ਉਸੇ ਦਾ ਮੀਰ ਮੁਨਸ਼ੀ ਸ਼ਾਹ ਅਨਾਯਤ ਆਪਣੀ ਤਵਾਰੀਖ ਵਿਚ ਲਿਖਦਾ ਹੈ (ਕਿ ਉਸ ਮੰਦਰ ਦੀ ਸੁੰਦ੍ਰਤਾਈ ਕਥਨ ਨਹੀ ਹੋ ਸੱਕਦੀ, ਦੁਨੀਆਂ ਵਿਚ ਐਸਾ ਮੰਦਰ ਨਾ ਹੈ, ਨਾ ਹੋਵੇਗਾ, ਮਹਿਮੂਦ ਸ਼ਾਹ ਨੂੰ ਹੀਰੇ, ਪੰਨੇ, ਮੋਤੀ, ਮੂੰਗਾ, ਚੂਨੀ, ਲਾਲ, ਫੀਰੋਜ਼ੇ, ਸੋਨੇ ਚਾਂਦੀ ਦੀ ਖਾਣਿ ਇੱਕ ਸੋਮਨਾਥ ਦਾ ਮੰਦਰ ਪ੍ਰਭਾਸ ਛੇਤ੍ਰ ਵਿਚ, ਦੂਸਰਾ ਕੇਸ਼ਵ ਜੀ ਦਾ ਮੰਦਰ ਮਥਰਾ ਵਿਚ ਐਸੀ ਹੱਥ ਆਈ ਜੋ ਫੌਜ ਸਮੇਤ ਦੌਲਤ ਨਾਲ ਰੱਜ ਕੇ ਬੈਠ ਗਿਆ, ਮਥਰਾ ਦਾ ਮੰਦਰ ਕਾਫਰਾਂ ਨੇ ਐਸਾ ਬਨਾਯਾ ਹੈ, ਮਾਨੋ ਸੱਚਾ ਬਹਿਸ਼ਤ ਹੀ ਜ਼ਮੀਨ ਪਰ ਜ਼ਾਹਿਰ ਕਰ ਦਿਖਾਯਾ ਹੈ।) ਏਸੇ ਮੰਦਰ ਦੇ ਤਖਤੇ ਬਾਦਨ ਚੰਦਨ ਦੇ ਸਨ ਜੇਹੜੇ ਮਹਿਮੂਦ ਲੈ ਗਿਆ ਸੀ ਤੇ ਫੇਰ ਅੰਗ੍ਰੇਜ਼ਾਂ ਨੇ ਸੰ: ੧੮੯੮ ਬਿ: ਵਿਚ ਗਜ਼ਨੀ ਵਿੱਚੋਂ ਲਿਆ ਕੇ ਆਗਰੇ ਦੇ ਕਿਲੇ ਵਿੱਚ ਰੱਖੇ ਸਨ।

ਤਵਾਰੀਖ ਨਾਸਰੀ ਵਿੱਚ ਲਿਖਦਾ ਹੈ ਕਿ ਦੱਖਣ ਦੇਸ ਦੇ ਸ਼ਹਿਰ ਭਿਲਸਾ ਦਾ ਮੰਦਰ ਜਦ ਸੰ: ੧੨੬੬ ਮੇਂ ਸ਼ਮਸੁੱਦੀਨ ਗੋਰੀ ਨੇ ਤੋੜਿਆ ਹੈ ਤਾਂ ਬਹੱਤ੍ਰ ਕਰੋੜ ਰੁਪਏ ਦਾ ਹੀਰਾ, ਮੋਤੀ, ਬੇਸ਼ੁਮਾਰ ਸੋਨਾਂ, ਚਾਂਦੀ, ਉਸਨੂੰ ਉਥੋਂ ਹੱਥ ਲੱਗਿਆ ਸੀ। ਏਹ ਮੰਦਰ

੧੦੫ ਗਜ਼ ਉੱਚਾ, ਅੱਧ ਕੋਸ ਲੰਬਾ ਚੌੜਾ ਦੂਸਰਾ ਬਹਿਸ਼ਤੁ ਤਿੰਨ ਸੌ ਬਰਸ ਵਿਚ ੯੨ ਕਰੋੜ ੭੩ ਲੱਖ ੮੨ ਹਜ਼ਾਰ ੭ ਸੌ ੬੫ ਰੁਪਏ ਨੌ ੯ ਆਨੇ ਖ਼ਰਚ ਹੋਕਰ ਤੱਯਾਰ ਹੋਯਾ ਸੀ, ਲੱਖਾਂ ਰੁਪਏ ਇਸ ਦੇ ਤੋੜਨ ਪਰ ਖਰਚ ਹੋਏ, ਪੰਜਾਹ ਹਜ਼ਾਰ ਆਦਮੀ ਪੁਜਾਰੀ ਆਦਿਕ ਕਤਲ ਹੋਏ, ਉਨ੍ਹਾਂ ਦੇ ਸਿਰਾਂ ਪਰ ਖੜ੍ਹੇ ਹੋਕੇ ਮੁਸਲਮਾਨ ਨਿਮਾਜ਼ਾਂ ਪੜ੍ਹਦੇ, ਨੱਚਦੇ, ਖ਼ੁਸ਼ੀ ਮਨਾਂਉਂਦੇ ਸੇ। ਏਤਨਾ ਖਰਚ ਮੰਦਰ ਦੇ ਦਰਵਾਜ਼ੇ ਪਰ ਲਿਖਿਆ ਹੋਯਾ ਸੀ

ਤਵਾਰੀਖ ਅਲਾਈ ਵਿਚ ਲਿਖਿਆ ਹੈ ਕੇ ਏਸ ਸ਼ਿਵਾਲੇ ਦੇ ਨਾਲ ਹੋਰ ਭੀ ਕਈ ਹਜ਼ਾਰ ਮੰਦਰ, ਮੂਰਤਾਂ ਜਿਨ੍ਹਾਂ ਪਰ ਲੱਖਾਂ ਰੁਪਏ ਲਗੇ ਹੋਏ ਸੀ ਤੋੜਕੇ ਮਸੀਤਾਂ ਬਣਾ ਛੱਡੀਆਂ, ਏਸ ਸ਼ਿਵਾਲੇ ਦੀ ਛੱਤ ਵਿੱਚੋਂ ਕਰੋੜਾਂ ਰੁਪਏ ਦਾ ਹੀਰਾ, ਪੰਨਾ, ਮਾਣਕ, ਮੋਤੀ ਮੁਸਲਮਾਨਾਂ ਦੇ ਹੱਥ ਆਯਾ।

ਤਵਾਰੀਖ ਸਿੰਧ ਵਿਚ ਮੁਹੰਮਦ ਮੂਸਾ ਲਿਖਦਾ ਹੈ ਕਿ ਜਦ ਕਾਸਮ ਦੇ ਬੇਟੇ ਮੁਹੰਮਦ ਖਾਂ ਨੇ ਬਾਹਮਨਾਬਾਦ ਨੂੰ ਬਰਬਾਦ ਕੀਤਾ ਤਾਂ ਸੋਲਾਂ ੧੬ ਹਜ਼ਾਰ ਹਿੰਦੂ ਕਤਲ ਕੀਤੇ ਅਤੇ ੨੦ ਹਜ਼ਾਰ ਔਰਤ ਮਰਦ ਜ੍ਵਾਨ ਪਕੜ ਕੇ ਬਗੁਦਾਦ ਨੂੰ ਭੇਜੇ, ਉਨ੍ਹਾਂ ਵਿੱਚੋਂ ਦੋ ਲੜਕੀਆਂ ਰਾਜੇ ਦੀਆਂ ਅਤੀ ਸੁੰਦ੍ਰ ਸੀ, ਜਦ ਉਹ ਖ਼ਲੀਫ਼ਾ ਵਲੀਦ ਦੇ ਮਹਿਲ ਵਿਚ ਦਾਖ਼ਲ ਕੀਤੀਆਂ ਗਈਆਂ ਤਾਂ ਉਨ੍ਹਾਂ ਨੇ ਖ਼ਲੀਫ਼ੇ ਨੂੰ ਆਖਿਆ ਅਸੀ ਤੇਰੇ ਲਾਯਕ ਨਹੀ ਰਹੀਆਂ, ਸਾਨੂੰ ਮੁਹੰਮਦ ਖਾਂ ਨੇ ਜ਼ੋਰੋ ਜ਼ੋਰੀ ਬਿਗਾੜ ਕੇ ਭੇਜਿਆ ਹੈ।

ਖ਼ਲੀਫ਼ੇ ਨੇ ਉਸੀ ਸਮੇ ਕ੍ਰੋਧਵਾਨ ਹੋਕੇ ਆਪਣੇ ਫ਼ੌਜੀ ਅਫ਼ਸਰਾਂ ਨੂੰ ਲਿਖ ਭੇਜਿਆ ਕੇ ਮੁਹੰਮਦ ਖਾਂ ਨੂੰ ਬੈਲ ਦੇ ਕੱਚੇ ਚੰਮ ਵਿੱਚ ਜੀਉਂਦੇ ਨੂੰ ਸੀਉਂਕੇ ਮੇਰੇ ਪਾਸ ਭੇਜਦੇਓ, ਜਦ ਮੁਹੰਮਦ ਖਾਂ ਦੀ ਲੋਥ ਉਸੇ ਤਰਾਂ ਬਗੁਦਾਦ ਵਿਚ ਪਹੁੰਚੀ, ਰਾਜੇ ਦੀਆਂ ਬੇਟੀਆਂ ਨੂੰ ਦੇਖਾਈ ਤਾਂ ਉਨ੍ਹਾਂ ਨੇ ਖ਼ਲੀਫ਼ੇ ਨੂੰ ਆਖਿਆ, ਤੂੰ ਬੜਾ ਅਹਿਮਕ ਹੈਂ, ਕੇਵਲ ਸ॰ਡੇ ਕਹਿਣੇ ਪਰ ਐਸੇ ਬੜੇ ਬਹਾਦੁਰ ਲਾਯਕ ਸ਼ਖ਼ਸ ਨੂੰ ਮਰਵਾ ਦਿੱਤਾ, ਏਸ ਨੇ ਤਾਂ ਸਾਨੂੰ ਛੋਹਿਆ ਭੀ ਨਹੀਂ, ਏਸ ਬਹਾਨੇ ਨਾਲ ਅਸੀਂ ਆਪਣੇ ਬਾਪ ਦਾ ਵੈਰ ਲੀਤਾ ਹੈ, ਖ਼ਲੀਫ਼ਾ ਸੁਣਕੇ ਰੋਇਆ, ਪਰ ਬੀਤਿਆ ਵਕਤ ਹੱਥ ਨਹੀਂ ਆਉਂਦਾ, ਤ੍ਰਿਯਾ ਚਰਿਤ੍ਰ ਪਰ ਪੱਛੋਤਾ ਕੇ ਉਨ੍ਹਾਂ ਲੜਕੀਆਂ ਨੂੰ ਕਤਲ ਕਰਵਾ ਦਿੱਤਾ, ਉਹ ਭੀ ਏਹੋ ਚਾਹੁੰਦੀਆਂ ਸੀ।

ਮੀਰ ਮਾਸੂਮ ਆਪਣੀ ਤਵਾਰੀਖ ਵਿਚ ਲਿਖਦਾ ਹੈ ਕੇ ਏਹ ਗੌਰੀ ਬਾਦਸ਼ਾਹ ਸ਼ਹਾ

Digitized by Panjab Digital Library | www.panjabdigilib.org

ਦਾ ਬਹੁਤਪੱਕਾਸੀ, ਕਦੇ ਕਿਸੇ ਹਿੰਦੂ ਕਾਫ਼ਰ ਨੂੰ ਆਰਾਮ ਨਹੀ ਲੈਣ ਦਿੰਦਾ ਸੀ, ਇਸਦ
ਹੁਕਮਸੀ ਕੇ ਕੌਮ ਜੱਟ, ਭਾਟੀਆ, ਲੁਹਾਣਾ, ਕੁਰਮੀ, ਖੱਤ੍ਰੀ, ਬਨੀਆਂ ਆਦਿਕ ਕੋਈ
ਹਿੰਦੂ ਰੰਗਾ ਕਪੜਾ ਨਾ ਪਹਿਰੇ, ਚਾਵਲ, ਕਣਕ, ਮੂੰਗੀ, ਘੀ, ਦੁੱਧ ਨਾ ਖਾਵੇ, ਦੋ ਮਜ਼
ਲਾ ਮਕਾਨ ਨਾ ਬਨਾਵੇ, ਸ਼ਾਦੀ ਵਿਚ ਨਗਾਰਾ ਨਾ ਬਜਾਵੇ, ਸੁੰਦ੍ਰ ਲੜਕਾ ਲੜਕੀ
ਆਪਣੇ ਘਰ ਨਾਂ ਰੱਖੇ, ਮੁਸਲਮਾਨਾਂ ਨੂੰ ਗੁਲਾਮ ਬਣਾਵਣ ਵਾਸਤੇ ਦੇਦੇਵੇ, ਇੱਤਆ
ਦਿਕ ਹਿੰਦੂਆਂ ਉੱਤੇ ਐਸੇ ਸਖਤ ਜੇਜ਼ੀਏ (ਡੰਡ) ਲਾ ਰੱਖੇ ਸੇ ਜਿਸ ਤੋਂ ਤੰਗ ਹੋ ਕੇ ਆ
ਪੇ ਮੁਸਲਮਾਨ ਬਨ ਜਾਣਾ।
ਤਵਾਰੀਖ ਚੱਚ ਨਾਮੀ ਵਿੱਚ ਲਿਖਦਾ ਹੈ ਕੇ ਜਦ ਕਾਸਮ ਦੇ ਬੇਟੇ ਮੁਹੰਮਦਖਾਂ ਨੇ ਸਿ
ਧ ਮੁਲਕ ਵਿਚ ਹਰਾਊ ਦਾ ਕਿਲਾ ਫਤੇ ਕੀਤਾ ਤਦ ਅੱਠ ਹਜ਼ਾਰ ਲੜਕਾ ਲੜਕੀ
ਪ੍ਰਜਾ ਦਾ, ਤੇ ਤਿੰਨ ਹਜ਼ਾਰ ਰਾਜਾ ਦੇ ਖ਼ਾਨਦਾਨ ਦਾ ਬਗ਼ਦਾਦ ਵਿੱਚ ਭੇਜਿਆ, ਇਹ ਲ
ੜਕਾ ਲੜਕੀ ਖ਼ਲੀਫ਼ਾ ਵਲੀਦ ਨੇ ਕੁਛ ਇਨਾਮ ਵਿਚ ਲੋਗਾਂ ਨੂੰ ਵੰਡ ਦਿੱਤੇ, ਕੁਛ ਵੇ
ਚ ਦਿੱਤੇ ਅਤੇ ਮੁਹੰਮਦ ਖਾਂ ਨੂੰ ਲਿਖ ਭੇਜਿਆ ਕੇ ਹਿੰਦੂ ਕਾਫ਼ਰਾਂ ਨੂੰ ਕਦੀ ਅਮਨ ਨਹੀਂ
ਦੇਣਾ, ਦੀਨ ਵਿਚ ਲਿਆਓ ਯਾ ਲੁੱਟ ਮਾਰ ਕੇ ਕੰਗਾਲ ਕਰ ਛੱਡੋ।
ਏਸੇ ਮੁਹੰਮਦ ਖਾਂ ਨੇ ਦਿਪਾਲਪੁਰ ਦੇ ਪਰਗਨੇ ਦੀਆਂ ਸਬ ਮੂਰਤਾਂ, ਮੰਦਰ ਤੋੜ ਫੋ
ੜ, ਖਲਕਤ ਨੂੰ ਲੁੱਟ ਕੇ, ਕਈ ਕਰੋੜ ਰੁਪਏ ਦਾ ਅਸਬਾਬ, ਕਈ ਕਰੋੜ ਨਕਦ, ਅਠ
ਈ ਹਜ਼ਾਰ ਹਿੰਦੂ ਕੈਦੀ ਬਗ਼ਦਾਦ ਵਿਚ ਭੇਜਿਆ ਸੀ।
ਟਾਡ ਸਾਹਿਬ ਆਪਣੀ ਕਿਤਾਬ ਵਿਚ ਲਿਖਦਾ ਹੈ ਕੇ ਅਕਬਰ ਬਾਦਸ਼ਾਹ ਜੋ ਨਿਹਾ
ਯਤ ਰੰਗਾ ਨੇਕ ਪਾਕ ਮੁਨਸਫ਼ ਗਿਣੀਦਾ ਹੈ ਉਸ ਨੇ ਜੋਰੋ ਜੋਰੀ ਅਬਦੁੱਲੇ ਸ਼ਾਹ ਦੀ
ਔਰਤ ਸੁੰਦ੍ਰ ਦੇਖ ਕੇ ਆਪਣੇ ਘਰ ਰੱਖ ਲਈ ਸੀ, ਅਨੇਕ ਹਿੰਦੂ ਰਾਜਿਆਂ ਨੂੰ ਧਮ
ਕੀ ਦੇ ਕੇ ਉਨ੍ਹਾਂ ਦੀਆਂ ਧੀਆਂ ਲੈ ਲੈਂਦਾ ਸੀ, ਪ੍ਰਜਾ ਪਾਸੋਂ ਇਕ ਘੁਮਾਉ ਜ਼ਮੀਨ ਪਿੱਛੇ
ਪੰਜ ਮਣ ਅਨਾਜ ਲੈਂਦਾ ਸੀ, ਏਸੇ ਦੇ ਹੁਕਮ ਨਾਲ ਜਦ ਰਾਜਾ ਜਸਵੰਤ ਸਿੰਘ
ਜੋਧਪੁਰੀਆ ਬੜੇ ਰ ਕੰਮ ਏਸ ਦੇ ਸਵਾਰ ਕੇ, ਮੁਲਕ ਫਤੇ ਕਰਕੇ ਕਾਬਲ ਵਿੱਚ ਮ
ਰ ਗਿਆ ਤਾਂ ਉਸ ਦਾ ਬਾਲ ਬੱਚਾ ਜੋ ਦਿੱਲੀ ਵਿਚ ਰਹਿੰਦਾ ਸੀ, ਉਨ੍ਹਾਂ ਨੂੰ ਪਕੜ
ਕੇ ਮੁਸਲਮਾਨ ਕਰਨ ਦਾ ਹੁਕਮ ਦੇ ਦਿੱਤਾ। ਰਾਜਪੂਤਾਂ ਨੇ ਆਪਣੇ ਰਾਜੇ ਦੇ ਪੁੱਤ੍ਰਾਂ
ਨੂੰ ਤਾਂ ਮਿਠਾਈ ਦੇ ਟੋਕਰਿਆਂ ਵਿਚ ਛਿਪਾ ਕਰ ਕੇ ਬਾਹਰ ਕੱਢ ਦਿੱਤਾ, ਤੇ ਹੋਰ ਸਬਨਾਂ ਨੂੰ

Digitized by Panjab Digital Library | www.panjabdigilib.org

ਇਕ ਕੋਠੜੀ ਵਿਚ ਬੰਦ ਕਰਕੇ ਬਾਰੂਦ ਨਾਲ ਉਡਾਇ ਦਿੱਤਾ, ਤੇ ਆਪ ਜੰਗ ਕਰਕੇ ਦਿੱਲੀ ਵਿੱਚ ਸ਼ਹੀਦ ਹੋ ਗਏ॥ ਇਹ ਵਾਰਦਾਤ ਸੰ: ੧੬੩੯ ਬਿ: ਵਿੱਚ ਸਾਉਣ ਦੀ ਸੱਤ ਮੀਨ੍ਹੀ ਹੋਈ, ਏਸੇ ਵਾਸਤੇ ਜੋਧਪੁਰ ਵਿਚ ਹੁਣ ਤਕ ਇਹ ਦਿਨ ਮੰਨਿਆ ਜਾਂਦਾ ਹੈ॥ ਉਦੇਪੁਰ ਦੇ ਰਾਣੇ ਜੈਮਲ ਦੀ ਬੇਟੀ ਵਾਸਤੇ ਚਤੌੜ ਦੇ ਕਿਲੇ ਪਰ ਏਸੇ ਅਕਬਰ ਸ਼ਾਹ ਨੇ ਕਈ ਬਰਸ ਲੜਾਈ ਰੱਖੀ ਸੀ॥

ਏਹ ਤਾਂ ਇਸ ਨਿਹਾਯਤ ਚੰਗੇ ਬਾਦਸ਼ਾਹ ਦਾ ਤਰੀਕਾ ਸੀ ਤੇ ਔਰੰਗਜ਼ੇਬ ਦਾ ਜ਼ੁਲਮ ਤਾਂ ਜੇਠ ਮਹੀਨੇ ਦੀ ਦੋਪਹਿਰ ਦਾ ਸੂਰਜ ਖਲਕਤ ਨੂੰ ਤੜਫਾ ਰਿਹਾ ਸੀ, ਜ਼ੋਰੋ ਜ਼ੋਰੀ ਹਜ਼ਾਰਾਂ ਹਿੰਦੂਆਂ ਨੂੰ ਰੋਜ਼ ਰੋਜ਼ ਮੁਸਲਮਾਨ ਕੀਤਾ ਜਾਂਦਾ ਸੀ॥

ਇਕ ਅਘੋਰਨਾਥ ਜੋਗੀ ਜੋ ਦਿੱਲੀ ਵਿੱਚ ਰਹਿੰਦਾ ਸੀ ਉਸ ਨੂੰ ਚੰਗਾ ਬਣਦਾ ਤਣਦਾ ਜੁਆਨ ਦੇਖ ਕੇ ਬਾਦਸ਼ਾਹ ਨੇ ਮੁਸਲਮਾਨ ਕਰਨਾ ਚਾਹਿਆ, ਉਸ ਨੇ ਨਾ ਮੰਨਿਆਂ ਤਾਂ ਉਸ ਦਾ ਸਿਰ ਕਟਵਾ ਕੇ ਚਾਨਣੀ ਚੌਂਕ ਵਿਚ ਬਾਂਸ ਉੱਤੇ ਟੰਗਵਾ ਛੱਡਿਆ॥

ਏਸੇ ਤਰਾਂ ਏਸ ਨੇ ਹੋਰ ਭੀ ਬਹੁਤ ਚੰਗੇ ੨ ਧਰਮੀ ਗੁਰੂ ਤੇਗ ਬਹਾਦਰ ਜੇਹੇ ਮਰਵਾ ਦਿੱਤੇ॥ ਤਵਾਰੀਖ ਫਰਿਸ਼ਤਾ ਵਿਚ ਲਿਖਦਾ ਹੈ ਕਿ ਗੁਲਬਰਗੇ ਦੇ ਹਾਕਮ ਮੁਹੰਮਦ ਨੇ ਤਿਲੰਗ ਦੇਸ ਦੇ ਰਾਜੇ ਦੀ ਜੀਭ ਕੱਟ ਕੇ ਜੀਉਂਦੇ ਨੂੰ ਅੱਗ ਵਿੱਚ ਸਾੜ ਛੱਡਿਆ, ਪੰਜ ਲੱਖ ਆਦਮੀ ਉਸ ਨੇ ਕਤਲ ਕਰ ਦਿੱਤਾ ਜੋ ਤੁਰਕ ਨਹੀਂ ਬਣਦੇ ਸਨ, ਤੇ ਜਿਸ ਮਹੀਨੇ ਵਿਚ ਬੀਸ ਹਜ਼ਾਰ ਹਿੰਦੂ ਮਾਰੀਦਾ ਤਦੋਂ ਬੜਾ ਖੁਸ਼ੀ ਦਾ ਜਲਸਾ ਕਰਦਾ॥ ਟਾਮਸ ਸਾਹਿਬ ਦੇ ਹਿਸਾਬ ਮੂਜਬ ਫੀਰੋਜ਼ ਸ਼ਾਹ ਦੇ ਵਕਤ ਸੱਤ ਕਰੋੜ, ਬਾਬਰ ਦੇ ਵਕਤ ੩ ਕਰੋੜ, ਅਕਬਰ ਦੇ ਵਕਤ ੩੨ ਕਰੋੜ, ਜਹਾਂਗੀਰ ਦੇ ਵਕਤ ੨੨ ਕਰੋੜ, ਔਰੰਗਜ਼ੇਬ ਦੇ ਵਕਤ ੩੮ ਕਰੋੜ ਰੁਪਯਾ ਹਿੰਦੁਸਤਾਨ ਵਿਚੋਂ ਆਮਦਨੀ ਖਾਲਸਾ ਸ਼ਾਹੀ ਖਜ਼ਾਨੇ ਵਿੱਚ ਹਰ ਸਾਲ ਪੈਂਦੀ ਸੀ॥

ਬੜੇ ਆਸ਼ਚਰਜ ਦੀ ਬਾਤ ਹੈ ਕਿ ਹਿੰਦੂਆਂ ਨੂੰ ਭੇਡਾਂ ਬਕਰੀਆਂ ਦੀ ਤਰਾਂ ਜ਼ਿਬਾ ਕਰਨ (ਮਾਰਨਾ) ਪਕੜ ਕੇ ਜ਼ੋਰ ਨਾਲ ਗੁਲਾਮ ਬਣਾ ਲੈਣਾ, ਘਰ ਬਾਰ ਲੁੱਟ ਪੁਟ ਕੇ ਕੰਗਾਲ ਕਰ ਛੱਡਣਾ, ਹੋਰ ਅਨੇਕ ਪ੍ਰਕਾਰ ਦੇ ਦੁੱਖ ਦੇਣੇ, ਏਨ੍ਹਾਂ ਗੱਲਾਂ ਨੂੰ ਤਾਂ ਸ਼ਰਾ ਮੁਹੰਮਦੀ ਪੁੰਨ (ਸਵਾਬ) ਮੰਨਦੀ ਹੈ ਅਤੇ ਭੰਗ ਸ਼ਰਾਬ ਪੀਣ ਨੂੰ ਪਾਪ ਮੰਨ ਰੱਖਿਆ ਹੈ॥

ਏਹ ਪਿਛਲੇ ਬਾਦਸ਼ਾਹਾਂ ਦੇ ਹਵਾਲੇ ਕਿਤਾਬਾਂ ਬਣਾਉਣ ਵਾਲੇ ਮੁਸਲਮਾਨਾਂ ਨੇ ਉਨ੍ਹਾਂ

Digitized by Panjab Digital Library | www.panjabdigilib.org

ਦੀ ਵਡਿਆਈ ਅਤੇ ਨੇਕ ਖਸਲਤਾਂ ਦੇਖਾਉਣ ਵਾਸਤੇ ਉਨ੍ਹਾਂ ਦੀ ਉਸਤਤੀ ਵਿਚ ਲਿਖੇ
ਹਨ ਕੇ ਓਹ ਬਾਦਸ਼ਾਹ ਐਸੇ੨ ਦੀਨ ਦੇ ਪੱਕੇ ਸ਼ਰਾ ਦੇ ਪਾਲਣ ਵਾਲੇ ਹੋਏ ਹਨ ਨਹੀਂ ਤਾਂ
ਏਹ ਗੱਲਾਂ ਕਿਥੇ ਪ੍ਰਗਟ ਹੋਣੀਆਂ ਸਨ ਤੇ ਕਿਸਦੀ ਮਜਾਲ ਸੀ ਜੋ ਸੱਚਾ੨ ਹਾਲ ਉ
ਸ ਵਕਤ ਲਿਖਦਾ।

ਜਿਸ ਤਰਾਂ ਫਿਰਦੌਸੀ ਨੇ ਸ਼ਾਹ ਨਾਮੇ ਵਿਚ ਮਹਮੂਦ ਗਜ਼ਨਵੀ ਦੇ ਹਮਲਿਆਂ ਦਾ ਹਾ
ਲ ਉਸਦੀ ਮਹਿਮਾਂ ਵਿਚ ਲਿਖਿਆ ਤਾਂ ਇਨਾਮ ਪਾਏ, ਫੇਰ ਜਦ ਇੱਕੋ ਬਾਤ ਸੱਚੀ੨ ਉ
ਸਦੇ ਜ਼ੁਲਮ ਦੀ ਲਿਖੀ ਤਾ ਕਤਲ ਕਰਾਯਾ ਗਿਆ।

ਮਹਿਮੂਦ ਗਜ਼ਨਵੀ ਦੇ ਹਮਲਿਆਂ ਤੋਂ ਪਹਿਲੇ ਈਰਾਨ ਦੇ ਬਾਦਸ਼ਾਹ ਦੇ ਵਕੀਲ ਅਬਦੁ
ਲ ਰਜ਼ਾਕ ਨੇ ਆਪਨੇ ਸਫਰਨਾਮੇ ਵਿਚ ਲਿਖਿਆ ਹੈ ਕੇ ਜਦ ਮੈਂ ਸੰ: ੧੧੩ ਬਿ: ਨੂੰ ਆ
ਰਯਾਵਰਤ ਦਾ ਸੈਲ ਕਰਨ ਗਿਆ, ਤਾਂ ਸਬਨਾਂ ਲੋਕਾਂ ਦੇ ਮੰਦਰਾਂ, ਮਕਾਨਾ ਉੱਤੇ ਕੰਚ
ਨ ਦੇ ਕਲਸ ਚੜ੍ਹੇ ਹੋਏ, ਸੁਇਨੇ ਦੇ ਜ਼ੇਵਰ ਹੀਰੇ ਪੰਨੇ ਜੜੇ ਹੋਏ, ਦੇਖੇ, ਤਮਾਮ ਬਰਤਨ,
ਅਤੇ ਗਊਆਂ ਘੋੜਿਆਂ ਦੇ ਜੰਜੀਰ ਸੋਨੇ ਚਾਂਦੀ ਦੇ ਹੈ ਸਨ, ਬਾਜ਼ਾਰਾਂ ਵਿੱਚ ਹੀਰਾ, ਮੋਤੀ
ਪੰਨਾ, ਮਾਨਕ, ਚੂੰਨੀ, ਫੀਰੋਜ਼ੇ ਆਦਿਕ ਰਤਨਾਂ ਦੇ ਢੇਰ ਲਗੇ ਹੋਏ ਸਰਾਫਾਂ ਦੀਆਂ ਦੁ
ਕਾਂਨਾ ਪਰ ਸੇ। ਅਤੇ ਬੇਸ਼ੁਮਾਰ ਦੁਕਾਨਾ ਐਸੀਆਂ ਦੇਖੀਆਂ ਜਿਨ੍ਹਾਂ ਉਤੇ ਬੀਸ
ਬੀਸ ਤੀਂਸ੨ ਧ੍ਵਜਾ ਲਸ਼ਕ ਰਹੀਆਂ ਸਨ, ਜੋ ਇਕ ਧ੍ਵਜਾ ਇਕ ਕਰੋੜ ਦੀ ਨਿਸ਼ਾਨੀ
ਮਸ਼ਹੂਰ ਹੈ। ਰਾਜਿਆਂ ਦੇ ਦਰਵਾਜਿਆਂ ਅੱਗੇ ਸੋਨੇ ਚਾਂਦੀ ਦੇ ਝੂੱਲਾਂ, ਹੌਦਿਆਂ, ਕਾਠੀਆਂ
ਵਾਲੇ ਘੋੜੇ, ਹਾਥੀ, ਰਤਨ ਜੜਤ, ਜੇਵਰ ਧਾਰਣ ਕਰਾਏ ਹੋਏ ਖੜੇ ਰਹਿੰਦੇ ਹੈਂ।

ਜਦ ਮੈਂ ਕਲੀਕੋਟ ਦੇ ਮਹਾਰਾਜੇ ਪਾਸ ਗਿਆ ਤਾਂ ਇਤਨੀ ਦੌਲਤ ਦੇਖੀ ਜੋ ਕਥਨ ਨਹੀਂ
ਕੀਤੀ ਜਾਂਦੀ, ਬਾਜ਼ਾਰਾਂ ਵਿਚ ਸੋਨੇ, ਚਾਂਦੀ, ਰਤਨਾਂ ਦੇ ਅੰਬਾਰ ਲਗੇ ਹੋਏ, ਬਾਣੀਏ ਖ
ਰੀਦ ਬਿੱਕਰੀ ਕਰ ਰਹੇ ਹੈਂ ਸਿਵਾਇ ਇਕ ਰੇਸ਼ਮੀ ਧੋਤੀ ਦੇ ਹੋਰ ਕਪੜਾ ਔਰਤ ਮਰਦ
ਨਹੀਂ ਪਹਿਨਦੇ, ਕਮਰਾਂ ਵਿਚ ਸੋਨੇ ਦੇ ਜੰਜੀਰ, ਗਲੇ ਵਿੱਚ ਗੋਪ ਜੜਾਊ, ਭੁਦੱਟੇ, ਕੰਕਣ,
ਕੁੰਡਲ ਸਭ ਦੇ ਪਹਿਰੇ ਹੋਏ ਦੇਖੇ। ਰਾਜਾ ਦੇ ਮੰਦਰ ਸੋਨੇ ਦੇ ਰਤਨ ਜੜਤ, ਮੂੰਗਾ ਕੀ ਚੌਕੰ
ਡੇਂ, ਦ੍ਵਾਰਪਾਲ ਸੋਨੇ ਦੇ ਡੰਡੇ ਲੈ ਕਰ ਬੜੇ ਮੁੱਲ ਦੇ ਜ਼ੇਵਰ ਧਾਰੇ ਹੋਏ, ਪੰਜ ਸੌ ਘੋੜਾ, ਪੰ
ਜਾਹ ਪਾਲਕੀ, ਇਕ ਸੌ ਹਾਥੀ ਸੋਨੇ ਚਾਂਦੀ ਦੇ ਮੜ੍ਹੇ ਹੋਏ ਉਸਦੀ ਡੇਉਡੀ ਉੱਤੇ ਖੜੇ ਰਹਿੰ
ਦੇ ਹੈਂ। ਇੱਕ ਹਾਥੀ ਸੁਫੈਦ ਰੰਗ, ਸੋਨੇ ਦੇ ਜੰਜੀਰ, ਜ਼ੇਵਰ ਜੜਾਊ ਅੰਬਾਰੀ ਸਹਿਤ

Digitized by Panjab Digital Library | www.panjabdigilib.org

ਰਾਜਾ ਸਿੰਘਾਸਨ ਦੇ ਨਜ਼ਦੀਕ ਖੜਾ ਰਹਿੰਦਾ ਹੈ, ਜਿਸ ਸਿੰਘਾਸਨ ਵਿਚ ਕਈ ਮਣ ਰਤਨ ਖੜੇ ਹੋਏ, ਸੂਰਜ ਚੰਦ ਵਾਂਗੂ ਪ੍ਰਕਾਸ਼ ਕਰ ਰਹੇ ਹਨ, ਇਸ ਪਰ ਰਾਜਾ, ਰਾਣੀ ਬੈਠ ਕੇ ਕਚਹਿਰੀ ਕਰਦੇ ਹਨ, ਇੱਕ ਲੱਖ ਕੋਤਲ ਘੋੜੇ ਸੋਨੇ ਚਾਂਦੀ ਦੇ ਜੰਜ਼ੀਰਾਂ ਵਾਲੇ ਤਵੇਲੇ ਵਿਚ ਖੜੇ ਰਹਿੰਦੇ ਹਨ। ਮੈਂ ਅਨੇਕ ਵਲਾਯਤਾਂ ਦੇਖੀਆਂ ਪਰ ਏਸ ਮੁਲਕ ਵਿਚ ਸਾਰੀ ਦੁਨੀਆਂ ਨਾਲੋਂ ਲੱਖਾਂ ਗੁਣੀ ਦੌਲਤ ਹੈ, ਇਸ੍ਰੀ ਪੁਰਖ ਅਤੀ ਸੁੰਦ੍ਰ ਹੈਂ, ਚੋਰੀ, ਠੱਗੀ, ਦਗੇ, ਫਰੇਬ ਦਾ ਨਾਮ ਕੋਈ ਨਹੀਂ ਜਾਣਦਾ, ਯਾਰੀ ਦਾ ਕੋਈ ਦੋਸ਼ ਨਹੀਂ ਮੰਨੀਦਾ ਔਰਤ ਚਾਹੇ ਦਸ ਆਦਮੀ ਰੱਖੇ ਕੋਈ ਰੋਕ ਨਹੀਂ ਸੱਕਦਾ, ਇਸ੍ਰੀਆਂ ਫੁੱਲਾਂ ਦੇ ਹਾਰ, ਅਤਰ ਬਹੁਤ ਧਾਰਦੀਆਂ ਹਨ, ਦੁਕਾਨਾਂ, ਘਰ ਬਿਨਾ ਜੰਦੇ ਕੁੰਡੇ ਪਏ ਰਹਿੰਦੇ ਹਨ ਕੋਈ ਕਿਸੇ ਦੀ ਚੀਜ਼ ਨਹੀਂ ਚੁੱਕਦਾ, ਸ਼ਰਾਬ ਨਹੀਂ ਪੀਂਦੇ, ਮਾਸ ਸਬ ਤਰਾਂ ਦਾ ਸਬ ਲੋਗ ਖਾਂਦੇ ਹਨ, ਜਿਸ ਨੂੰ ਬਹਿਸ਼ਤ (ਸੁਰਗ) ਆਖਦੇ ਹਨ ਓਹ ਏਹੋ ਮੁਲਕ ਹੈ।) ਹੋਰ ਭੀ ਵਲਾਯਤਾਂ ਮੁਲਕਾਂ ਦੇ ਬ੍ਰਿਤਾਂਤ ਓਸ ਨੇ ਲਿਖੇ ਹਨ ਪਰ ਸਬ ਤੋਂ ਵਧ ਕੇ ਭਾਰਤ ਬਰਸ਼ ਦੀ ਮਹਿਮਾਂ ਦੌਲਤ ਲਿਖੀ ਹੈ।

ਵੀਚਾਰ ਕਰ ਕੇ ਦੇਖੀਏ ਤਾਂ ਓਸ ਦਾ ਲਿਖਣਾ ਭੀ ਥੋੜਾ ਹੈ ਕਯੋਂਕਿ ਪੁਰਾਣਾ ਵਿਚ ਏਸ ਭਾਰਤਵਰਸ਼ ਦੀ ਦੌਲਤ ਦਾ ਜੋ ਸ਼ੁਮਾਰ ਕੀਤਾ ਹੈ ਸੋ ਸੱਚਾ ਹੈ, ਤੇ ਮਹਿਮੂਦ ਗਜ਼ਨਵੀ ਦੀ ਤਵਾਰੀਖ, ਅਤੇ ਲੁੱਟ ਮਾਰ ਤੋਂ ਏਹੋ ਸਹੀ ਹੁੰਦਾ ਹੈ ਕਿ ਏਹ ਦੇਸ ਅਤਯੰਤ ਧਨੀ ਸੀ, ਕਯੋਂਕਿ ਮਹਮੂਦ ਗਜ਼ਨਵੀ ਜੋ ਕਈ ਲੱਖ ਮਣ ਹੀਰਾ, ਮੋਤੀ, ਮੂੰਗਾ, ਸੋਨਾ, ਚਾਂਦੀ ਏਸ ਦੇਸ ਵਿੱਚੋਂ ਲੈ ਗਿਆ, ਤੇ ਓਸ ਦੀ ਫੌਜ ਨੇ ਜੋ ਬੇਸ਼ੁਮਾਰ ਦੌਲਤ ਹਜ਼ਾਰਾਂ, ਬਾਰਾਂ ਵਾਰੀ ਧਾਵੇ ਕਰ ਕਰ ਲੁੱਟੀ ਤੇ ਫੇਰ ੫੭ ਬਾਦਸ਼ਾਹ ਮੁਸਲਮਾਨ ਏਸ ਦੇਸ ਵਿੱਚ ਜਿਓਂ ਜਿਓਂ ਹੁੰਦੇ ਰਹੇ ਤਿਓਂ ਤਿਓਂ ਸਬ ਲੁੱਟ ਦੇਂਹੀ ਰਹੇ, ਨਾਦਰਸ਼ਾਹ, ਅਹਿਮਦਸ਼ਾਹ ਦੁਰਾਨੀ ਨਾਲ ਜੋ ਗਿਲਜ਼ੇ ਪਠਾਣਾਂ ਦੇ ਦਲ, ਹੜ੍ਹ ਦੇ ਜਲ ਦੀ ਤਰਾਂ ਜਦ ਜਦ ਆਏ ਬਰਬਾਦ ਕਰ ਕੇ ਚਲੇ ਗਏ। ਸੁਇਨਾ ਚਾਂਦੀ ਤਾਂ ਕਿੱਥੋਂ ਰਹਿਣਾ ਸੀ ਸੁੰਦਰ ਆਦਮੀ, ਔਰਤ ਬੈਲ, ਘੋੜੇ, ਊਠ, ਹਾਥੀ ਨਹੀਂ ਛੱਡੇ। ਓਨ੍ਹਾਂ ਹੀ ਆਫ਼ਤਾਂ ਦਾ ਮਾਰਿਆ ਹੋਯਾ ਭਾਰਤ ਬਰਸ਼ ਕੰਗਾਲ, ਗਰੀਬ, ਬੇਇਲਮ, ਬੇਹਿੰਮਤ ਹੋ ਕਰ ਹੋਰ ਸਬਨਾ ਮੁਲਕਾਂ ਨਾਲੋਂ ਜੈਸਾ ਪਹਿਲੇ ਉੱਨਤੀ ਵਿੱਚ ਸੀ ਤੈਸਾ ਹੀ ਥੈਂੜਾ, ਨਿਕਾਰਾ ਹੋ ਗਿਆ। ਕਯੋਂਕੇ ਜਿਸ ਮੁਲਕ ਦੇ ਵਿਚ ਦੂਸਰੇ ਮੁਲਕ ਵਾਲੇ ਆ ਕੇ ਹਾਕਮ ਹੋਣਗੇ

Digitized by Panjab Digital Library | www.panjabdigilib.org

ਓਹ ਮੁਲਕ ਅਫੰਸ ਕਰਕੇ ਕੰਗਾਲ ਹੋ ਜਾਵੇਗਾ।
ਹੁਣ ਤਕ ਦੇਖੀਦਾ ਹੈ, ਕਰੋੜਾਂ ਰੁਪਏ ਹਰ ਸਾਲ ਹਿੰਦੁਸਤਾਨ ਵਿੱਚੋਂ ਲੰਡਨ ਨੂੰ ਚਲੇ
ਜਾਂਦੇ ਹਨ ਅਤੇ ਖਾਣਆਂ ੨ ਤਾਂ ਖਾਣਾ ਨਿਖੁੱਟ ਜਾਂਦੀਆਂ ਹਨ ਏਹ ਤਾਂ ਏਹੋ ਦੇਸ ਹੈ ਜੇ
ਨਾ ਫੇਰ ਭੀ ਆਪਣੀ ਕਮਾਈ ਤੇ ਹਿੰਮਤ ਦੇ ਬਲ ਨਾਲ (ਮਰਦ ਖੁੱਸੇ ਤਾਂ ਮਰਦਨੀ
ਰਹਿ ਜਾਏ) ਕੁਛ ਆਪਣਾ ਸ਼ੂਲ ਕਾਰਾ ਦੇਖ ਰਿਹਾ ਹੈ ਨਹੀਂ ਤਾਂ (ਬਾਪੂ ਦੀਆਂ ਮੇਲ
ਣਾ ਜੁਲਾਹੀਆਂ ਤੇਲਣਾ) ਏਸ ਦੇਸ ਦਾ ਜੋ ਕੋਈ ਮਾਲਕ ਹੋਯਾ ਓਹੋ ਬਰਬਾਦ ਕ
ਰਦਾ ਰਿਹਾ। ਫੇਰ ਭੀ ਅਸੀਂ ਸ਼ੁਕਰ ਕਰਦੇ ਹਾਂ ਕਿ ਸਰਕਾਰ ਅੰਗ੍ਰੇਜ਼ੀ ਇਕ ਦੌਲਤ
ਦੀ ਗਾਹਕ ਹੈ, ਮੁਸਲਮਾਨ ਤਾਂ ਧਰਮ ਤੇ ਮਜ਼ਹਬ ਨੂੰ ਭੀ ਗਜ਼ਬ ਦਾ ਝਾੜੂ ਫੇਰੀ ਜਾਂਦੇ
ਸੇ। ਏਹ ਜੇਹੜੇ ਪਿਛਲੇ ਬਾਦਸ਼ਾਹਾਂ ਦੇ ਜ਼ੁਲਮ ਬ੍ਰਿਤਾਂਤ ਦਿਖਾਏ ਹਨ
ਸੋ ਤਾਂ ਉਨ੍ਹਾਂ ਦੇ ਘਰ ਦੇ ਕਵੀ ਸ਼ੂਰਾਂ ਨੇ ਉਨਾ ਦੀਆਂ ਵਡਿਆਈਆਂ ਬਰਨਨ ਕਰੀਆਂ
ਹਨ, ਸੱਚ ਕਿਸੇ ਨੇ ਨਹੀਂ ਲਿਖਿਆ ਕਯੋਂਕੇ ਵਕਤ ਦੇ ਹਾਕਮ ਦਾ ਹਾਲ ਸੱਚਾ ਲਿਖ
ਣਾ ਜਾਨ ਦਾ ਖਤਰਾ ਹੈ, ਅਨੇਕ ਬਾਦਸ਼ਾਹਾਂ ਨੇ ਅਨੇਕ ਹੀ ਸੱਚੇ ਸ਼ਾਇਰ ਮਰਵਾ ਛੱਡੇ
ਸੱਚੇ ਬ੍ਰਿਤਾਂਤ ਲਿਖਣ ਦੀ ਛੁਟੀ ਤਾਂ ਸ਼ਾਇਰਾਂ ਨੂੰ ਸਿਵਾਇ ਸਰਕਾਰ ਅੰਗ੍ਰੇਜ਼ੀ ਦੇ ਹੋ
ਰ ਕਿਸੇ ਬਾਦਸ਼ਾਹ ਨੇ ਕਦੀ ਨਹੀਂ ਦਿਤੀ ਏਸੇ ਵਾਸਤੇ ਹੁਣ ਦੇ ਅਖਬਾਰ ਨਵੀਸ ਤੇ ਗ੍ਰੰ
ਥ ਕਰਤਾ ਸੱਚੇ ਹਾਲ ਤਾਂ ਬਹੁਤ ਲਿਖਦੇ ਹਨ, ਝੂਠੇ ਥੋੜੇ, ਕਯੋਂਕੇ ਅੰਗ੍ਰੇਜ਼ ਬਹਾਦੁ
ਰ ਪ੍ਰਜਾ ਨੂੰ ਆਪਣਾ ਦੀਨ ਮਨਾਉਣ ਵਾਸਤੇ ਕੋਈ ਜਬਰ ਦਸਤੀ, ਜ਼ੁਲਮ ਨਹੀਂ ਕਰਦੇ
ਮੁਸਲਮਾਨ ਬੜੇ ੨ ਜ਼ੋਰ ਤੇ ਜ਼ੁਲਮ ਨਾਲ ਹਿੰਦੂਆਂ ਨੂੰ ਤੁਰਕ ਕਰਦੇ ਸਨ।
ਸਿਕੰਦਰ ਲੋਦੀ ਬਾਦਸ਼ਾਹ ਆਪਣੇ ਤੁਜ਼ਕ ਵਿਚ ਲਿਖਦਾ ਹੈ ਕੇ (ਮੈਂ ਚਾਰ ਲੱਖ ਬੱਤੀ
ਹਜ਼ਾਰ ਆਦਮੀ ਹਿੰਦੂਆਂ ਤੋਂ ਮੁਸਲਮਾਨ ਜ਼ੋਰੋ ਜ਼ੋਰੀ ਕੀਤਾ ਹੈ ਤੇ ਇਸ ਤੋਂ ਮੈਨੂੰ ਪੂਰੀ
ਉਮੈਦ ਹੋ ਗਈ ਹੈ ਕਿ ਖੁਦਾ ਮੈਨੂੰ ਜ਼ਰੂਰ ਬਹਿਸ਼ਤ ਦੇਵੇਗਾ, ਤੇ ਮੇਰੇ ਸਬੰਧੀਆਂ ਵਾਸਤੇ
ਬਹਿਸ਼ਤ ਦੇ ਤਾਕ ਹਮੇਸ਼ ਖੁੱਲੇ ਰੱਖੇਗਾ) ਏਸ ਬਾਦਸ਼ਾਹ ਦੇ ਹੁਕਮ ਨਾਲ ਸਿਵਾਇ ਖੇ
ਤੀ ਕਰਨ ਵਾਲਿਆਂ ਦੇ ਹੋਰ ਸਭਨਾਂ ਤੋਂ ਸਵਾ ਮਣ ਕੱਚਾ ਤੋਲ ਦਾ ਆਟਾ ਪਿਸਾਯਾ ਜਾਂ
ਦਾ ਸੀ, ਬੇਸ਼ੁਮਾਰ ਸਾਧੂ, ਬ੍ਰਾਹਮਣ, ਚੱਕੀਆਂ ਚਲਾਉਂਦੇ ਰਹਿੰਦੇ ਜੇ ਕਿਸੇ ਪਾਸੋਂ ਸਵਾ
ਮਣ ਨਾ ਪੀਸਿਆ ਜਾਵੇ ਤਾਂ ਸਵਾ ਆਨਾ ਜੇਜ਼ੀਆ ਹਰ ਰੋਜ਼ ਲੈਂਦੇ ਆ ਕਿਸੇ ਹਿੰਦੂ ਦੀ ਬ
ਹੂ ਬੇਟੀ ਘਰ ਨਹੀਂ ਰਹਿਣੀ ਪਾਂਉਂਦੀ ਸੀ ਸਭ ਤਿੰਨ ੨ ਪਹਿਰ ਤੁਰਕਾਂ ਦੇ ਘਰ ਜਾ ਕੇ

ਕੰਮ ਕਰਦੀਆਂ ਸਨ, ਸਰਾਧ, ਹੋਮ, ਖਨਾਹ, ਜੱਗਜ, ਪੁਰਾਣਾਂ ਦਾ ਪੜ੍ਹਨਾ, ਮੂਰਤੀ ਪੂਜਾ
ਆਦਿਕ ਕੋਈ ਕੰਮ ਧਰਮ ਦਾ ਉਜਾਗਰ ਨਹੀਂ ਕਰਣਾ ਪਾਉਂਦਾ ਸੀ।
ਕਬੀਰ, ਨਾਮਦੇਵ, ਰਵਦਾਸ, ਤ੍ਰਿਲੋਚਨ, ਧੰਨਾ, ਜੈਦੇਵ, ਸਧਨਾ, ਸੈਣਾ ਏਹ ਸਬ ਭ
ਗਤ ਏਸੇ ਬਾਦਸ਼ਾਹ ਦੇ ਵਕਤ ਹੋਏ ਹਨ, ਏਨ੍ਹਾਂ ਨੂੰ ਭੀ ਏਸਨੇ ਵੱਡੇ ਕਸ਼ਟ ਦਿਤੇ ਜੋ ਕਬੀ
ਰ ਜੀ ਦੀ ਜਨਮਸਾਖੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਤੋਂ ਪ੍ਰਗਟ ਹਨ।
ਅਸਲੋਂ ਤਾਂ ਉਸ ਸਮੇਂ ਸਾਰੇ ਭਾਰਤਵਰਸ਼ ਨੂੰ ਤੁਰਕਾਂ ਦੇ ਜ਼ੁਲਮਾਂ ਨੇ ਤੜਫਾ ਰੱਖਿਆ ਸੀ
ਕਿਸੇ ਹਿੰਦੂ ਦੇ ਘਰ ਸੁੰਦਰ ਲੜਕਾ ਲੜਕੀ, ਛੀ ਮਹੀਨੇ ਦਾ ਅੰਨ, ਜ਼ਰ, ਜ਼ੇਵਰ, ਰੰਗੀ
ਗਊ, ਭੈਂਸ, ਬੈਲ, ਘੋੜਾ ਨਹੀਂ ਰਹਿਣ ਦਿੰਦੇ ਸੇ, ਮੁਸਲਮਾਨ ਧੱਕੇ ਨਾਲ ਖੋਹ ਲੈਂਦੇ, ਹਿ
ਦੂਆਂ ਦੀ ਕੋਈ ਫਰਿਆਦ ਨਹੀਂ ਸੁਣਦਾ ਸੀ। ਇਨਸਾਫ ਦਾ ਕੰਮ ਕਾਜ਼ੀਆਂ ਦੇ ਹੱਥਾਂ ਵਿ
ਚ ਸੀ ਕਾਜ਼ੀ ਏਹੋ ਚਾਹੁੰਦੇ ਸੇ ਜੋ ਸਬ ਤਰਾਂ ਤੰਗ ਹੋਕਰ ਹਿੰਦੂ ਸਾਡਾ ਦੀਨ ਮੰਨ ਲੈਣ ਤੇ ਤ
ਵੇਂ ਸੱਚ ਮੁੱਚ ਐਸਾ ਹੀ ਹਾਲ ਗੁਜ਼ਰਦਾ ਸੀ ਜੈਸਾ ਕਿ ਗੁਰੂ ਮਹਾਰਾਜ ਦਾ ਏਹ ਬਚਨ
ਹੈ। (ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ ॥ ਕੂੜ ਅਮਾਵਸ ਸਚ
ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥) ਜੱਦ ਆਪ. ਉਦੋਂ ਸਾਰੀ ਹਿੰਦੂ ਵਾਇਣ ਤੁਰਕਾਂ ਦੇ
ਜ਼ੋਰ, ਜ਼ੁਲਮ ਦੀ ਸੜਦੀ ਬਲਦੀ ਭੱਠੀ ਵਿਚ ਪਈ ਭੁੱਜ ਰਹੀ ਸੀ ਤੱਦ ਆਪ ਭਗਤਾਂ,
ਸੰਤਾਂ ਨੂੰ ਜੋ ਤੁਰਕਾਂ ਨੇ ਅੱਤ ਅੰਤ ਸੰਤਾਪਿਆ ਤਾਂ ਖਾਲਕ ਦਾ ਸਿੰਘਾਸਨ ਡੋਲ ਉੱਠਿਆ।
ਪਰਮੇਸ਼ੁਰ ਆਪਣੀ ਨਿਰਾਦਰੀ ਤੇ ਪੂਜਾ ਦੀ ਪੀੜਾ ਸਹਾਰ ਸਕਦਾ ਹੈ ਪਰ ਆਪਣੇ ਭਗ
ਤਾਂ ਸੰਤਾਂ ਦਾ ਸੰਤਾਪ ਨਹੀਂ ਸਹਿ ਸਕਦਾ, ਉਸੇ ਵਕਤ ਭਗਤਾਂ ਸੰਤਾਂ ਦੀ ਰੱਖਿਆ ਵਾਸਤੇ ਬੈ
ਦਕ ਧਰਮ ਮ੍ਰਯਾਦਾ ਦੀ ਪਾਲਣਾ ਹੇਤੁ ਸਰਬ ਸ਼ਕਤੀਵਾਨ, ਭਗਵਾਨ ਦੀ ਪ੍ਰੇਰਨਾ ਸੇ
ਗੁਰੂ ਨਾਨਕ ਸਾਹਿਬ ਪ੍ਰਗਟ ਹੋਤੇ ਭਏ ਜਿਨ੍ਹਾਂ ਦੇ ਪ੍ਰਗਟ ਹੋਣ ਨਾਲ ਲੋਕਾਂ ਦੇ ਦਿਲ ਜ਼ੁਲ
ਮ ਕਰਨ ਤੋਂ ਆਪਣੇ ਆਪ ਹੀ ਟਲ ਗਏ ਤੇ ਦਯਾ ਕਰਣ ਲਗ ਪਏ, ਕਾਮ, ਕ੍ਰੋਧ, ਲੋ
ਭ, ਮੋਹ ਅਹੰਕਾਰ, ਝੂਠ, ਨਿੰਦਾ, ਬਖੀਲੀ, ਆਦਿਕ ਛਡ ਦਿਤੇ। ਜੈਸੇ ਸੂਰਜ ਦੇ ਪ੍ਰਗਟ
ਹੋਣੇ ਨਾਲ ਅੰਧੇਰਾ, ਨਿਸਾਚਰ ਆਪੇ ਹੀ ਦਬ ਜਾਂਦੇ ਹਨ ਤੈਸੇ ਮੰਦ ਕਰਮੀ ਜੀਵ ਦਬ
ਗਏ ਏਸੇ ਬਾਤ ਨੂੰ ਭਾਈ ਗੁਰਦਾਸ ਜੀ ਨੇ ਭੀ ਸਿੱਧ ਕੀਤਾ ਹੈ ਯਥਾ (ਕਲਿਜੁਗ ਨਾ
ਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥ ਜਿਉ ਕਰ ਸੂਰਜ ਨਿਕਲਿਆ ਤਾਰੇ
ਛਿਪੇ ਅੰਧੇਰ ਪਲੋਆ ॥) ਸ੍ਰੀ ਗੁਰੂ ਨਾਨਕ ਸਾਹਿਬ ਜੀ ਸਤਿਗੁਰੂ ਅਵਤਾਰ

Digitized by Panjab Digital Library | www.panjabdigilib.org

ਪ੍ਰਗਟ ਹੋਏਹੈਂ ਏਸੇ ਵਾਸ੍ਤੇ ਏਨ੍ਹਾਂ ਦਸਾਂ ਪਾਤਸ਼ਾਹੀਆਂ ਨੂੰ ਸਤਿਗੁਰੂ ਤੇ ਏਨਾਂ ਦੇ ਸੇਵਕਾਂ
ਨੂੰ ਗੁਰੂ ਕੇ ਸਿੱਖ ਬੋਲਿਆ ਜਾਂਦਾਹੈ ਹੋਰ ਅਵਤਾਰ, ਅਚਾਰਯ, ਪੈਗੰਬਰ ਜਗਤ ਵਿਚ
ਬਹੁਤ ਹੋਏ ਹਨ ਪਰ ਸਤਿਗੁਰੂ ਖਿਤਾਬ ਕਿਸੇ ਨੂੰ ਨਹੀਂ ਹੋਯਾ ਤੇ ਨਾ ਕਿਸੇ ਪੰਥ ਦਾ ਨਾ
ਮ ਗੁਰੂ ਦਾ ਪੰਥ ਹੈ ਜੇਕਰ ਪੁੱਛੋ ਤਾਂ ਸਬ ਲੋਗ ਆਪਣੇ ੨ ਚੇਲਿਆਂ ਦੇ ਸਤਗੁਰੂ ਤੇ ਉਨ੍ਹਾਂ ਦੇ
ਸੇਵਕ ਉਨ੍ਹਾਂ ਦੇ ਸਿੱਖ ਹੁੰਦੇ ਰਹੇ ਪਰੰਤੂ ਗੁਰੂ ਦਾ ਪੰਥ ਅਤੇ ਗੁਰੂ ਸਿਵਾਇ ਗੁਰੂ ਨਾਨਕ ਜੀ
ਦੇ ਹੋਰ ਕੋਈ ਪ੍ਰਸਿੱਧ ਨਹੀਂ ਤਾਂਤੇ ਗੁਰੂ ਨਾਨਕ ਸਾਹਿਬ ਹੀ ਸਤਗੁਰੂ ਅਵਤਾਰ ਹੋਏਹੈਂ।
ਹੋਰ ਕੋਈ ਸਤਗੁਰੂ ਨਹੀਂ ਹੋਯਾ। ਏਸੇ ਵਾਸ੍ਤੇ ਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼
ਹਿੰਦੂ, ਮੁਸਲਮਾਨ ਨੂੰ ਪਸੰਦ ਹੈ ਹੋਰ ਕਿਸੇ ਪੈਗੰਬਰ, ਅਵਤਾਰ, ਅਚਾਰਯ ਦਾ ਉਪ
ਦੇਸ਼ ਸੁਲਹ ਕੁੱਲ ਨਹੀਂ, ਗੁਰੂ ਜੀ ਕਾ ਉਪਦੇਸ਼ ਸੁਲਹ ਕੁੱਲ ਹੈ ਏਨ੍ਹਾਂ ਨੇ ਸ਼ਸ੍ਤ੍ਰ ਨਾ
ਲ ਕਿਸੇ ਨੂੰ ਫਤੇ ਨਹੀਂ ਕੀਤਾ ਬਚਨਾ ਨਾਲ ਹੀ ਸਬ ਨੂੰ ਚੰਗੇ ਰਸਤੇ ਚਲਾ ਕੇ ਜਗਤ ਵਿ
ਚ ਸ਼ਾਂਤੀ ਬਰਤਾ ਦਿਤੀ। ਜੈਸੇ ਮੇਘ ਬਰਖਾ ਕਰਕੇ ਠੰਢ ਪਾ ਦਿੰਦਾ ਹੈ। ਏਹੋ ਸੱਚੇ ਸਤ
ਗੁਰੂ ਸਰਬ ਸ਼ਕਤੀਵਾਨ ਦੀ ਨਿਸ਼ਾਨੀ ਹੈ॥

ਤੇ ਏਹੋ ਪ੍ਰਸੰਗ ਗੁਰੂ ਨਾਨਕ ਜੀ ਦੇ ਪ੍ਰਗਟ ਹੋਣੇ ਦਾ ਬ੍ਯਾਸ ਜੀ ਨੇ ਭਵਿੱਖਤ ਪੁਰਾਣ ਦੇ
ਪੂਰਬ ਖੰਡ ੨੮ ਅਠਾਈਸਵੇਂ ਧ੍ਯਾਇ ਵਿੱਚ, ਤੇਤੀਸਵੇਂ ਸਲੋਕ ਤੋਂ ਅਗੇ ਸੁਆਮਿ ਕਾ
ਰਤਿਕ ਜੀ ਦੇ ਪ੍ਰਸ਼ਨ ਕਰਨੇ ਪਰ ਜੋ ਬ੍ਰਹਮਾ ਜੀ ਨੇ ਉੱਤ੍ਰ ਦਿੱਤਾ ਹੈ ਸੋ ਏਸ ਪ੍ਰਕਾਰ ਲਿਖਿਆ
ਹੈ। ਸਲੋਕ॥ (ਏਵੰ ਵੈ ਧਰਮ ਪ੍ਰਭੁਰਯੀ ਭਵਿੱਸ੍ਯਤਿ ਯਦਾ ਕਲੌ ੩੩ ਤਦ॰
ਵੈ ਲੋਕ ਰੱਖ੍ਯਾਰਥੰ ਮਲੇਛਾਨਾ ਨਾਸ਼ਹੇਤਬੇ। ਪਸ੍ਚਮੇ ਤੁ ਸ਼ੁਤੇ ਦੇਸ਼ੇ ਬੇਦੀ ਬੰਸੇਚ ਨ॰
ਨਕੋ। ੩੪।।ਨਾਮਨਾ ਭੁਵਿ ਰਾਜਰਿਖੀ ਬ੍ਰਹਮ ਗ੍ਯਾਨੈਕ ਮਾਨਸਃ ਭਵਿਸ਼ਤਿ ਕ
ਲੌ ਸਕੰਦ ਤੱਤ੍ਰ ਬਿੱਤ੍ਯ ਕਾਲਿਯਾਹਰੋ। ੩੫।। ਸ ਸ੍ਰੀਮਨ ਰਾਜ ਸ਼ਾਰਦੂਲਾਨੁਪਾਦੰ
ਸ਼੍ਯਰ ਪੁਨਃ ਪੁਨਃ। ਮਲੇਛਾਨ ਹਨਿਸ਼੍ਯਤਿ ਸਕੰਦ ਧਰਮ ਤੱਤ੍ਵੋਪਦੇਸ਼ ਕ੍ਰਿਤਾ। ੩੬
।ਤੈਨੋਪਦਿਸ੍ਰੰ ਮਾਰਗੰ ਵੈ ਯੇ ਗ੍ਰਹੀਸ਼੍ਯੰਤਿ ਭੂਮਿਪਃ। ਤੇਵੈ ਰਾਜ੍ਯ ਕਿਰੱਸ੍ਯੰਤਿ ਤੱ
ਸ੍ਯਸਿਖ੍ਯਾਨੁਸਾਰਤਾ। ੩੭।। ਧਰਮੇਣ ਰਾਜ ਬ੍ਰਿੰਧਿਸ਼ੁ ਕਲੌ ਤੇ ਸ਼ਾਂ ਭਵਿਸ਼੍ਯਤਿ
।ਤੇਸ਼ਾਂ ਰਾਜ੍ਯਾਂਤ ਪਰੇ ਕਾਲੇ ਮਲੇਛਾ ਗੌਰਮੁਖਾਨ੍ਰਿਪਾਃ।। ੩੮।। ਪ੍ਰਬਲਾਸ਼ੀ ਭਵਿੱ
ਸ਼੍ਯੰਤਿ ਪ੍ਰਜਾ ਰੱਖ੍ਯਣ ਤਤਪਰਃ।। ਅਲਪ ਕਾਲੇਨ ਤੇਸ਼ਾਂਤੁ ਰਾਜ੍ਯ ਬ੍ਰਿੰਧਿਰ ਭਵਿ
ਸ਼੍ਯਤਿ।੩੯।।ਨ੍ਰਿਪ ਬੱਲਿ ਹਰਿਸ਼੍ਯੰਤਿ ਗੌਰ ਬਰਣਾਗਸ੍ਯਾਨੁਗਾਃ।।ਅਸੀਤਿ

Digitized by Panjab Digital Library | www.panjabdigilib.org

ਸ੍ਤ ਰਾਜਰ੍ਸ਼ੀ ਤੇ ਨੀਤਿ ਸਾਸ੍ਤ੍ਰਾਨੁਸਾਰਤਾ: ॥ ੪੦॥ ਕ੍ਰਿੱਤ੍ਵਾ ਪਸ੍ਚਮ ਦੇਸ਼ੀਏ ਨ੍ਰਿਪੈਰਧਾਸ ਧੀਤ ਅਵਰਸ੍ਨੀਯਜਦਾ ਬੇਦੇਰ ਬਿੱਪ੍ਰੈਰ ਬੈਸਮ ਬੇਰ ਬਿਸਨੁਧਪੀ। ੪੧। ਤਦਾ ਨ੍ਰਿਪਾ ਬਿਜੇਸ੍ਯੰਤਿ ਮਲੇਛਾਨ ਧਰਮ ਪਰਾਜਯ ਨੁਖਾਨਾਤ ਸਮਿਨ ਕਾਲੇ ਖੰਡਨਾਥਾ ਸ੍ਤ ਸਸ੍ਤ੍ਰ ਸਹੰਸ੍ਰਸ: ॥ ੪੨॥ ਭਵਿਸ੍ਯੰਤਿ ਕਲੌ ਸਕੰਦ ਰਾਜਯ ਪਾਲਨ ਤਤਪਰ: ਰਾਜ ਰਿਖੀ ਮਤ ਮਾਰਗੀਣਾ ਮਾਰਗਮਾ ਲੋਕੇ ਭਵਿੱਸ੍ਯਤਿ। ੪੩। ਏਵੰ ਸ੍ਤ ਤ੍ਰਯੀ ਰਾਜਰ੍ਸ਼ੀ ਕ੍ਰਿੱਤ੍ਵਾ ਪਰਾਸ ਉੱਤਰੀ ਧਰਮੇਣੈਵ ਕਲੌ ਸਕੰਦ ਤਤ: ਸੀਸ੍ਯਾ ਗਮਿੱਸ੍ਯਤਿ। ੪੪॥

ਪਰ ਅਰਥ ਇਨਾ ਸਲੋਕਾਂ ਦਾ ਬਹੁਤ ਹੈ ਬਿੱਦ੍ਵਾਨ ਆਪਹੀ ਸਮਝ ਲੇਵੰਗੇ ਭਾਵ ਅਰਥ ਏਹ ਹੈ ਕਿ ਸ੍ਵਾਮਿ ਕਾਰਤਕ ਜੀ ਨੇ ਏਕ ਸਮੇ ਬ੍ਰਮਾ ਜੀ ਸੇ ਪੂਛਿਆ ਜੋ ਕਲਿਯੁਗ ਕੇ ਆਦਿ ਚਰਣ ਮੇਂ ਕੌਣ ਕੌਣ ਅਵਤਾਰ ਹੋਵੇਗਾ ਤੇ ਕੌਣ ੨ ਰਾਜੇ ਏਸ ਭਾਰਤ ਵਰਸ ਵਿਚ ਹੋਣਗੇ। ਬ੍ਰਮਾ ਜੀ ਨੇ ਉੱਤ੍ਰ ਦਿੱਤਾ, ਕਲਿਯੁਗ ਲਗਤੇ ਹੀ ਯਵਨ ਰਾਜਾ ਹੋ ਜਾਣਗੇ ਪ੍ਰਜਾ ਨੂੰ ਪੀੜਤ ਕਰਨਗੇ ਫੇਰ ਪਸ੍ਚਮ ਦੇਸ ਵਿਖੇ ਬੇਦੀ ਬੰਸ ਮੇ ਨਾਨਕ ਨਾਮ ਰਾਜ ਰਿਖੀ ਬ੍ਰਮ ਗਿਆਨੀ ਅਵਤਾਰ ਹੋਕੇ ਦਸ ਰੂਪ ਪ੍ਰਗਟ ਕਰੇਗਾ, ਲੋਗਾਂ ਨੂੰ ਉਪਦੇਸ ਕਰਕੇ ਹੀ ਧਰਮ ਪਰਾਇਣ ਕਰਵੇਗਾ, ਉਨ੍ਹਾਂ ਦੇ ਅਨੁਸਾਰੀ ਸਿਖ ਕੁਛ ਦਿਨ ਖੰਡ ਰਾਜ ਭੀ ਕਰਨਗੇ ਹੇ ਸਕੰਦ ਫਿਰ ਗੋਰੇ ਮੂੰਹਾਂ ਵਾਲੇ ਮਲੇਛ ਉਨ੍ਹਾਂ ਤੋਂ ਰਾਜ ਛੀਨ ਕੇ ਥੋੜੇ ਹੀ ਕਾਲ ਮੇ ਆਪਣਾ ਰਾਜ ਬਹੁਤ ਬ੍ਰਿਧ ਕਰ ਲੈਣਗੇ, ਓਹ ਪ੍ਰਜਾ ਦੀ ਪਾਲਨਾ ਰੱਖਿਆ ਬਹੁਤ ਕਰਨਗੇ, ਇੱਕ ਸੌ ਅੱਸੀ [੧੮੦] ਬਰਸ ਪਿੱਛੋ ਪਸ੍ਚਮ ਦੇਸ ਦੇ ਰਾਜਾ ਦੀ ਮਦਦ ਨਾਲ ਫੇਰ ਰਾਜ ਰਿਖੀ ਦੇ ਸਿੱਖਾਂ ਦਾ ਰਾਜ ਹੋਵੇਗਾ ਓਹ ਤਿੰਨ ਸੌ ਪੰਜਾਸ [੩੫੦] ਬਰਸ ਅਖੰਡ ਰਾਜ ਕਰਕੇ ਫੇਰ ਖੰਡ ਰਾਜ ਕਰਨਗੇ।

ਏਸ ਪ੍ਰਕਾਰ ਬ੍ਰਮਾ ਜੀ ਨੇ ਭੀ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਰਾਜ ਰਿਖੀ ਬ੍ਰਮ ਗਿਆਨੀ ਲਿਖਾ ਹੈ ਸੋ ਸਚ ਹੈ ( ਜਲਤੇ ਬਲਤੇ ਤੌਂ ਕਿਓ ਗੁਰੂ ਚੰਦਨ ਸੀਤਲਾਇਓ॥) ਉਸ ਵਕਤ ਮੁਸਲਮਾਨਾਂ ਦੇ ਜੁਲਮਾਂ ਦੀ ਅੱਗ ਸਬਨੂੰ ਸਾੜ ਰਹੀ ਸੀ, ਗੁਰੂ ਨਾਨਕ ਜੀ ਨੇ ਸੱਤਨਾਮ ਦੇ ਉਪਦੇਸ ਦਾ ਚੰਦਨ ਛਿੜਕ ਕਰ ਸਾਰੇ ਭਾਰਤ ਵਰਸ ਵਿਚ ਸ਼ਾਂਤੀ ਬਰਤਾ ਦਿੱਤੀ ਹਿੰਦੂ ਤੁਰਕ ਉਨ੍ਹਾਂ ਦੇ ਸੱਚੇ ਬਚਨਾਂ ਪਰ ਹੁਣ ਤਕ ਅਮਲ ਕਰ ਰਹੇ ਹੈਂ।

Digitized by Panjab Digital Library | www.panjabdigilib.org

# ਅਥ ਪ੍ਰਸੰਗ ਗੁਰੂ ਨਾਨਕ ਜੀ ਕਾ

ਗੁਰੂ ਨਾਨਕ ਸਾਹਿਬ ਜੀ ਦੇ ਖਾਨਦਾਨ ਦੀ ਸਾਖ ਸੂਰਜ ਬੰਸੀ ਮਹਾਰਾਜੇ ਰਾਮ ਚੰਦ੍ਰ ਜੀ ਦੇ ਨਾਲ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਕ੍ਰਿਤ ਪੋਥੀ ਬਚਿੱਤ੍ਰ ਨਾਟਕ ਵਿਚ ਏਹ ਸਾਰੀ ਕਥਾ ਲਿਖੀ ਹੈ। ਰਾਮ ਚੰਦ੍ਰ ਜੀ ਮਹਾਰਾਜ ਦੇ ਦੋ ਬੇਟੇ ਸਨ ਇੱਕ ਲਊ ਜਿਸਨੇ ਲਾਹੌਰ ਸ਼ਹਿਰ, ਦੂਸਰਾ ਕੁਸੂ ਜਿਸਨੇ ਕਸੂਰ ਸ਼ਹਿਰ ਬਸਾਯਾ। ਇਨ੍ਹਾਂ ਦੋਹਾਂ ਦੀ ਸੰਤਾਨ ਬਹੁਤ ਦਿਨ ਏਸ ਮੁਲਕ ਵਿਚ ਰਾਜ ਕਰਦੀ ਰਹੀ ਜਦ ਕਾਲਕੇਤ ਕੁਸੀ, ਤੇ ਕਾਲਰਾਇ ਲਵੀ ਰਾਜਾ ਹੋਏ ਤਦ (ਧਨ ਅਰ ਭੂਮਿ ਪੁਰਾਤਨ ਬੈਰ) ਏਨ੍ਹਾਂ ਦੋਹਾਂ ਦਾ ਆਪਸ ਵਿੱਚ ਸੰਗ੍ਰਾਮ ਹੋ ਪਿਆ। ਕਾਲਕੇਤ ਨੇ ਕਾਲਰਾਇ ਨੂੰ ਪੰਜਾਬ ਤੋਂ ਨਿਕਾਲ ਦਿੱਤਾ, ਕਾਲਰਾਇ ਅਪਣੀ ਫੌਜ, ਕਬੀਲੇ ਸਮੇਤ ਹੋਰ ਮੁਲਕਾਂ ਨੂੰ ਲੁੱਟਦਾ ਖਾਂਦਾ ਸਨੌਢ ਦੇਸ ਵਿਚ ਜਾ ਰਿਹਾ ਉਸ ਵਕਤ ਸਨੌਢ ਦੇਸ ਦੀ ਰਾਜਧਾਨੀ ਅਮਰਕੋਟ ਸੀ, ਉਥੋਂ ਦੇ ਰਾਜਾ ਦੇ ਘਰ ਬੇਟਾ ਕੋਈ ਨਹੀਂ ਸੀ ਇੱਕੋ ਬੇਟੀ ਸਨੌਢਾ ਨਾਮ ਸੀ, ਉਸਦੀ ਸ਼ਾਦੀ ਕਾਲਰਾਇ ਸਾਥ ਹੋਗਈ ਫੇਰ ਤਾਂ ਅਮਰਕੋਟ ਦਾ ਰਾਜਾ ਭੀ ਕਾਲਰਾਇ ਹੀ ਬਣ ਗਿਆ। ਉਥੇ ਸੋਢਾ ਦੇਵੀ ਨੂੰ ਸਭ ਲੋਗ ਪੂਜਦੇ ਸੇ ਜਿਸਦਾ ਮੰਦਰ ਹੁਣ ਭੀ ਉਥੇ ਪੂਜੀਦਾ ਹੈ ਉਸਦੀ ਪੂਜਾ ਕਾਲਰਾਇ ਕੀਆ ਕਰਦਾ ਸੀ॥

ਸਨੌਢਾ ਰਾਣੀ ਵਿੱਚੋਂ ਇਕ ਬੇਟਾ ਪੈਦਾ ਹੋਯਾ ਉਸਦਾ ਨਾਮ ਸੋਢੀਰਾਇ ਰੱਖਯਾ। ਕਾਲਰਾਇ ਦੇ ਪਿੱਛੋਂ ਸੋਢੀਰਾਇ ਰਾਜਾ ਹੋਤਾ ਭਯਾ, ਜਿਸਦੀ ਸੰਤਾਨ ਸੋਢੀ ਛੱਤ੍ਰੀ ਮਸ਼ਹੂਰ ਹੋ ਗਏ। ਉਨ੍ਹਾਂ ਵਿੱਚੋਂ ਕਰੇਵਾ ਕਰਨ ਵਾਲੇ ਸੋਢੇ ਮੀਣੇ, ਦੂਸਰੇ ਸੋਢੀ ਸਦਾਉਂਦੇ ਹਨ॥

ਸੋਢੀਰਾਇ ਤੋਂ ਪੰਜਵੀਂ ਪੀੜ੍ਹੀ ਬਿਜੈਰਾਇ ਮਹਾਰਾਜਾ ਨੇ ਬੜਾ ਜ਼ੋਰਾਵਰ ਹੋਕੇ ਪੰਜਾਬ ਦੇਸ ਭੀ ਕੁਸੂ ਦੀ ਔਲਾਦ ਪਾਸੋਂ ਛੀਨ ਲੀਤਾ। ਕੁਸੂ ਦੀ ਸੰਤਾਨ ਦੇ ਜੋ ਉਸ ਵਕਤ ਛੋਟੇ ਛੋਟੇ ਬਹੁਤ ਰਾਜੇ ਸੇ, ਬਿਜੈਰਾਇ ਦੇ ਨਿਕਾਲੇ ਹੋਏ ਪੂਰਬ ਦੀ ਤਰਫ ਚਲੇ ਗਏ, ਕੁਛ ਤਾਂ ਉਸ ਦੇਸ ਦੇ ਹਾਕਮ ਹੋ ਗਏ ਜਿਨ੍ਹਾਂ ਦੀ ਔਲਾਦ ਹੁਣ ਤਕ ਲਖਨਊ, ਅਜੁੱਧਯਾ, ਕਾਨਪੁਰ, ਪ੍ਰਯਾਗਰਾਜ ਦੇ ਪਰਗਾਣਿਆਂ ਵਿਚ ਠਾਕੁਰ ਸਦਾਉਂਦੀ ਹੈ।

ਜਿਨ੍ਹਾਂ ਨੂੰ ਵੈਰਾਗ ਹੋ ਗਿਆ ਉਹ ਕਾਂਸੀ ਜੀ ਮੇਂ ਬੇਦ ਬਿੱਦਿਆ ਪੜ੍ਹਨ ਲਗ ਪਏ, ਉਨ੍ਹਾਂ

ਦੀ ਸੰਗਿਆ ਬੇਦੀ ਮਸ਼ਹੂਰ ਹੋ ਗਈ॥ ॥ਇਧਰ ਜਦ ਬਿਜੈ ਰਾਇ ਦੀ ੧੪ ਵੀਂ ਪੀੜ੍ਹੀ
ਮੂਲਕ ਰਾਇ ਮਹਾਰਾਜਾ ਨੂੰ ਬੇਦ ਸੁਣਨੇ ਦਾ ਬਹੁਤ ਸ਼ੌਕ ਹੋਯਾ ਤਦ ਕੁਸੂ ਦੀ ਸੰਤਾਨ
ਵਿੱਚੋਂ ਇਕ ਬੇਦੀ ਰਾਇ ਨੇ ਆਇ ਕੇ ਐਸੇ ਢੰਗ ਪਰ ਉਸ ਨੂੰ ਤਿੰਨ ਬੇਦ ਸੁਣਾਏ ਜਿਸ ਤੋਂ
ਕਲਪ ਰਾਇ ਨੇ ਵੈਰਾਗਮ ਧਾਰਣ ਕਰਕੇ ਅਪਣੇ ਰਾਜ ਦਾ ਸੰਕਲਪ ਬੇਦੀ ਰਾਇ
ਨੂੰ ਦੇ ਦਿੱਤਾ। ਉਸ ਸਮੇ ਬੇਦੀ ਰਾਇ ਨੇ ਬਚਨ ਕੀਤਾ ਜੈਸੇ ਤਿੰਨ ਬੇਦ ਸੁਣ ਕੇ ਤੁਸਾਂ ਮੈਨੂੰ
ਰਾਜ ਦਿੱਤਾ ਹੈ ਤੈਸੇ ਮੇਰੀ ਬੰਸ ਮੇਂ ਜਦ ਗੁਰੂ ਨਾਨਕ ਸਾਹਿਬ ਰਾਜ ਰਿਖੀ ਸਤਗੁਰੂ ਅਵ
ਤਾਰ ਹੋਣਗੇ ਤਦ ਤੇਰੀ ਸੰਤਾਨ ਨੂੰ ਚੌਥੀ ਜਗਾ ਆਪ ਤੋਂ ਰਾਜ ਜੋਗ ਦੀ ਗੱਦੀ ਬਖਸ਼
ਣਗੇ। ॥ਉਨ੍ਹਕ ਏਹੋ ਬਾਣੀ ਸੱਤ ਹੋਈ, ਗੁਰੂ ਨਾਨਕ ਸਾਹਿਬ ਤੋਂ ਚੌਥੀ ਪੀੜ੍ਹੀ ਗੁਰੂ ਰਾ
ਮਦਾਸ ਸੋਢੀ ਨੂੰ ਰਾਜਾ ਜਨਕ ਜੈਸੀ ਰਾਜ ਜੋਗ ਦੀ ਗੱਦੀ ਪ੍ਰਾਪਤ ਹੋ ਗਈ ਜਿਸ ਨੂੰ ਹੁਣ
ਤਕ ਸਾਰੀ ਪੰਜਾਬ ਦੇ ਲੋਗ ਗੁਰੂ ਰਾਮਦਾਸ ਸੱਚਾ ਪਾਤਸ਼ਾਹ ਉਚਾਰਣ ਕਰਕੇ ਮੰਨਦੇ
ਪੂਜਦੇ ਹਨ। ਉਧਰ ਬੇਦੀਆਂ ਦੀ ਕੁਲ ਵਿਖੇ ਕਈ ਸੌ ਬਰਸ ਤਾਂ ਰਾਜ ਬਣਿਆ ਰਿਹਾ
ਫੇਰ ਸਮੇਂ ਦੇ ਏਰ ਫੇਰ ਕਰਕੇ ਛੁਟ ਗਿਆ, ਜ਼ਿਮੀਦਾਰੀ ਤੇ ਸੁਦਾਗਰੀ ਨਾਲ ਅਪਣਾ
ਗੁਜ਼ਾਰਾ ਕਰਦੇ ਰਹੇ॥ ਜਦ ਸੰਮਤ ੧੪੮੬ ਬਿ: ਮੇਂ ਪਿੰਡੀ ਵਾਲੇ ਭੱਟੀ ਰਾਜਪੂਤ
ਰਾਇ ਭੋਏ ਨੇ ਅਪਨੇ ਜਵਾਈ ਪੰਜਾਬ ਦੇ ਸੂਬੇ ਦੌਲਤ ਖਾਂ ਲੋਧੀ ਦੀ ਸਹਾਇਤਾ ਨਾਲ
ਸ਼ਰਕਪੁਰ ਦਾ ਪਰਗਣਾ ਜਾਗੀਰ ਪਾਇ ਕਰ ਬਾਰ ਦੇਸ ਵਿੱਚ ਤਲਵੰਡੀ ਨਾਮ ਪਿੰਡ
ਅਪਣੇ ਨਾਮ ਪਰ ਆਬਾਦ ਕੀਤਾ ਤਦ ਰਾਮਨਾਰਾਯਣ ਬੇਦੀ ਦੇ ਬੇਟੇ ਸ਼ਿਵਰਾਮ ਮ
ਹਿਤੇ ਨੂੰ ਅਪਣੇ ਘਰ ਦਾ ਕਦੀਮੀ ਕਾਰਦਾਰ ਮਾਤਬਰ ਸਮਝ ਕੇ ਪਿੰਡੀ ਵਿੱਚੋਂ ਬੁਲ
ਇ ਕੇ ਅਪਣੇ ਪਾਸ ਤਲਵੰਡੀ ਵਿਚ ਬਸਾਇ ਕਰ ਅਪਣੀ ਜਾਗੀਰ ਤੇ ਘਰ ਦਾ ਸ
ਬ ਕੰਮ ਸੌਂਪ ਦਿੱਤਾ। — ਸੰਮਤ ੧੪੯੭ ਬਿੱਕ੍ਰਮੀ ਵਿੱਚ ਸ਼ਿਵਰਾਮ ਦੇ ਘਰ ਮਾਈ
ਬਨਾਰਸੀ ਵਿੱਚੋਂ ਕਾਲੂ ਚੰਦ ਪੈਦਾ ਹੋਯਾ ਫੇਰ ਸੰ: ੧੫੦੧ ਵਿਚ ਲਾਲੂ ਚੰਦ ਜੰਮਿਆਂ।
ਰਾਇ ਭੋਏ ਦੇ ਗੁਜ਼ਰਨੇ ਪਿੱਛੋਂ ਰਾਇ ਬੁਲਾਰ ਉਸਦਾ ਬੇਟਾ ਜਦ ਮਾਲਕ ਹੋਯਾ ਤਾਂ ਉ
ਸਨੇ ਕਾਲੂ ਚੰਦ ਨੂੰ ਅਪਣਾ ਦੀਵਾਨ ਬਣਾ ਲਿਆ, ਫੇਰ ਉਸਦੇ ਘਰ ਦਾ ਸਾਰਾ ਬਿ
ਹਾਰ ਮਹਿਤਾ ਕਾਲੂ ਚੰਦ ਕਰਦਾ ਰਿਹਾ। — ਉਸ ਸਮੇ ਵਿੱਚ ਬਹਿਲੋਲ ਸ਼ਾਹ ਲੋ
ਦੀ ਪਠਾਣ ਦੀ ਬਾਦਸ਼ਾਹੀ ਬੜੀ ਧੂਮ ਧਾਮ ਦੀ ਬਣੀ ਹੋਈ ਸੀ। ਬਹਿਲੋਲ ਸ਼ਾਹ ਦੇ
ਬੇਟੇ ਸਿਕੰਦਰ ਸ਼ਾਹ ਨੇ ਪੂਰਬ ਦੇਸ ਦਾ ਹਾਕਮ ਹੋ ਕੇ ਖਲਕਤ ਨੂੰ ਐਸਾ ਦੁਖ ਦੇ ਰੱਖਿਆ ਸੀ

ਜਿਸਨੂੰ ਬਰਨਨ ਕਰਣ ਤੇ ਅੱਖੀਆਂ ਵਿੱਚੋਂ ਪਾਣੀ ਚੱਲਕੇ ਕਾਗਜ਼ ਭਿਜ ਜਾਂਦਾ ਹੈ ਤੇ ਟੁ
ਤੀ ਫਰਣ ਉੱਤੇ ਆਂਵਦੀ ਹੈ, ਕੰਬਕੇ ਹੱਥਾਂ ਵਿੱਚੋਂ ਕਲਮ ਡਿਗ ਪੈਂਦੀ ਹੈ। ਇਕ ਨਮੂਨ
ਉਸਦੇ ਜ਼ੁਲਮ ਦਾ ਦੇਖੋ। ਉਸਦੇ ਕਾਜ਼ੀ ਗੁਲਾਮ ਮੁਹੱਮਦ ਨੇ ਤਵਾਰੀਖ ਸਿਕੰਦਰੀ
ਵਿਚ ਉਸਦੀ ਤਾਰੀਫ਼ ਕੀਤੀ ਹੈ ਕਿ ਏਹ ਬਾਦਸ਼ਾਹ ਦੀਨ ਦੀ ਐਸੀ ਉੱਨਤੀ ਕਰਦਾ ਹੈ
ਜੋ ਇਕਵਾਰੀ ਜੌਨਪੁਰ ਵਿਚ ਦੇਵੀ ਦੀ ਮੂਰਤਿ ਅੱਗੇ ਹਿੰਦੂਆਂ ਨੇ ਬਕਰੇ ਝਟਕਾਏ, ਸ਼ਰਾ
ਮੁਹੱਮਦੀ ਦੇ ਅਨੁਸਾਰ ਹਲਾਲ ਨਾ ਕੀਤੇ ਤਾਂ ਇਸਨੂੰ ਜੁਰਮ ਸਮਝਕੇ ਉਸ ਮੂਰਤਿ ਅੱ
ਗੇ ਗਊਆਂ ਮਰਵਾਕਰ ਚਾਰ ਹਜ਼ਾਰ ਹਿੰਦੂ ਨੂੰ ਬੰਨਕੇ ਮਾਸ ਖੁਲਾ ਦਿੱਤਾ, ਜਿਨ੍ਹਾਂ ਨੇ ਨਾਂ
ਖਾਧਾ ਉਹ ਸਬ ਕਤਲ ਕੀਤੇ ਗਏ। ਪੁਨਹ ਮਿਰਜ਼ਾਪੁਰ, ਬਿੰਧਬਾਸਣੀ ਦੇਵੀ ਅੱਗੇ
ਆਪਣੇ ਰੋਬਰੂ ਹਮੇਸ਼ ਬਕਰੇ ਹਲਾਲ ਕਰਾਂਉਦਾ, ਝਟਕਾਉਣ ਨਾ ਦਿੰਦਾ, ਇਕ ਦਿਨ
ਇਕ ਛੱਤ੍ਰੀ ਨੇ ਝਟਕਾ ਕੀਤਾ, ਉਸਦੇ ਬਦਲੇ ਉਸਦਾ ਬੇਟਾ ਹਲਾਲ ਕੀਤਾ ਗਿਆ।
ਕਾਂਸ਼ੀ ਵਿਚ ਇਕ ਰਾਮਪ੍ਰਸ਼ਾਦ ਵੱਡਾ ਮਸ਼ਹੂਰ ਪੰਡਿਤ ਆਪਣੇ ਘਰ ਦੇ ਅੰਦਰ ਪੂਜਾ
ਕਰਦਾ ਸੀ, ਸੰਖ ਦੀ ਆਵਾਜ਼ ਉਸਦੇ ਘਰੋਂ ਸੁਣਕੇ ਉਸਦੇ ਮੂੰਹ ਵਿੱਚ ਪਹਿਲੇ ਗਾਈ
ਦੀ ਹੱਡੀ ਦਿਵਾਈ ਤੇ ਫੇਰ ਸਿੱਕਾ ਢਲਵਾਕੇ ਮਾਰ ਦਿੱਤਾ। ਜਿਨ੍ਹਾਂ ਨੇ ਉਸਦੇ ਛੁਡਾਉਣ
ਲਈ ਉੱਦਮ ਕੀਤਾ ਉਹ ਸਬ ਦੀਨੋਂ ਬੇਦੀਨ ਕਰ ਮਰਵਾਏ ਗਏ। ਏਸ ਨੇ ਕਤਈ ਹੁ
ਕਮ ਦੇ ਰੱਖਿਆ ਸੀ ਕੇ ਕੋਈ ਬਹੂ ਬੇਟੀ ਹਿੰਦੂ ਦੀ ਪਹਿਲੇ ਮੁਸਲਮਾਨਾਂ ਦੀ ਭੇਟਾ ਹੋਏ
ਬਿਨਾ ਹਿੰਦੂ ਦੇ ਘਰ ਨਾਂ ਬਸੋਰੇਗਾ ਬਸ੍ਰ, ਜੇਵਰ ਕਿਸੇ ਹਿੰਦੂ ਦੀ ਔਰਤ ਨੂੰ ਪਹਿਰਣ
ਨਾ ਮਿਲੇ, ਏਸੇ ਤਰਾਂ ਸੋਹਣਾ ਲੜਕਾ ਲੜਕੀ ਹਿੰਦੂ ਦੇ ਘਰ ਨਹੀਂ ਰਹਿਣ ਦਿੰਦੇ ਸੇ, ਛੇ
ਮਹੀਨੇ ਤੋਂ ਜ਼ਿਆਦੇ ਅੰਨ ਤੇ ਨਕਦੀ ਕਿਸੇ ਤਰਾਂ ਭੀ ਕਿਸੇ ਹਿੰਦੂ ਪਾਸ ਨਹੀਂ ਰਹਿਣੀ ਪਾਂਉਂਦੀ
ਸੀ। ਖਿਆਲ ਕਰੋ ਜਦ ਬਾਦਸ਼ਾਹ ਏਹੋ ਜੇਹਾ ਸੀ ਤਾਂ ਹੋਰ ਮੁਸਲਮਾਨਾਂ ਦੇ ਜ਼ੁਲਮਾਂ ਦ
ਕੀ ਟਿਕਾਣਾ। ਏਨ੍ਹਾਂ ਲੋਦੀ ਪਠਾਣਾਂ ਪਾਪੀਆਂ ਦੇ ਸੰਤਾਏ ਹੋਏ ਸਾਰੇ ਸੰਸਾਰ ਦੀ ਪੁਕਾ
ਰ ਜਦ ਕਰਤਾਰ ਨੇ ਸੁਣੀ ਤਾਂ ਗੁਰੂ ਨਾਨਕ ਸਾਹਿਬ ਨੂੰ ਧਰਮ ਦੀ ਰੱਖਿਆ ਵਾਸਤੇ ਜਗ
ਤ ਵਿਚ ਪ੍ਰਗਟ ਕੀਤਾ ਜੈਸੇ ਭਾਈ ਗੁਰਦਾਸ ਜੀ ਦਾ ਬਚਨ ਹੈ (ਸੁਣੀ ਪੁਕਾਰ ਦਾਤਾ
ਰ ਪ੍ਰਭੁ ਗੁਰੂ ਨਾਨਕ ਜਗ ਮਾਂਹਿ ਪਠਾਇਆ)
ਸੰਮਤ ੧੫੨੬ ਬਿ: ਤੇ ਸਨ ੧੪੬੯ ਈਸ੍ਵੀ ਕਾਤਕ ਸੁਦੀ ੧੫ ਕੋ ਬਾਰਦੇਸ ਜ਼ਿਲੇ ਲਾ
ਹੌਰ, ਸ਼ਰਕਪੁਰ ਦੇ ਪਰਗਣੇ, ਰਾਇ ਭੋਇ ਦੀ ਤਲਵੰਡੀ ਵਿੱਚ ਕਾਲੂ ਚੰਦ ਮਹਿਤੇ ਦੇ

Digitized by Panjab Digital Library | www.panjabdigilib.org

ਘਰ ਮਾਤਾ ਤ੍ਰਿਪਤਾ ਜੀ ਸੈਂ ਇੱਕ ਪਹਿਰ ਦੇ ਤੜਕੇ ਆਇਤਵਾਰ ਬਹਿਲੋਲ ਲੋਦੀ ਬਾਦ
ਸ਼ਾਹ ਦੇ ਵਕਤ ਗੁਰੂ ਨਾਨਕ ਜੀ ਪ੍ਰਗਟ ਹੋਤੇ ਭਏ। ਜੈਸੇ ਦੂਰ ਦੇਸ ਬਰਖਾ ਹੋਣੇ ਤੇ
ਭੀ ਤਪਸ਼ ਘਟ ਜਾਂਦੀ ਹੈ ਤੈਸੇ ਇਨ੍ਹਾਂ ਦੇ ਪ੍ਰਗਟ ਹੋਣ ਨਾਲ ਸਹਿਜੇ ਹੀ ਆਪਤੇ ਆਪ
ਲੋਗਾਂ ਦੇ ਦਿਲਾਂ ਵਿਚ ਦਯਾ ਧਰਮ ਪ੍ਰਗਟ ਹੋ ਪਯਾ ਅਤੇ ਤਲਵੰਡੀ ਵਿਚ ਘਰ ੨ ਖੁ
ਸ਼ੀ ਹੋ ਗਈ, ਆਪਣੇ ੨ ਘਰਾਂ ਤੋ ਦੂਬ, ਦਧੀ, ਕੇਸਰ ਆਦਿਕ ਮੰਗਲੀਕ ਚੀਜ਼ਾਂ ਲੈਕੇ
ਮੰਗਲ ਗਾਉਂਦੀਆਂ ਹੋਈਆਂ ਭਾਈ ਚਾਰੇ ਦੀਆਂ ਔਰਤਾਂ ਅਤੇ ਮਰਾਸਣਾਂ ਕਾਲੂ ਚੰ
ਦ ਦੇ ਘਰ ਵਧਾਈ ਦੇਣ ਆਈਆਂ ਮਹਿਤੇ ਕਾਲੂ ਚੰਦ ਨੇ ਭੀ ਅਠਾਈ ਅੰਨ, ਬਸਤ੍ਰ ਨ
ਕਦੀ ਜਥਾ ਜੋਗ ਬਹੁਤ ਵੰਡਆ ਤੇ ਆਪਣੇ ਪਰੋਹਿਤ ਹਰਿਦਿਆਲ ਨੂੰ ਟੇਵਾ ਲਾਉ
ਣ ਲਈ ਬੁਲਾਯਾ, ਪੰਡਿਤ ਨੇ ਜਦ ਦਾਈ ਨੂੰ ਬੁਲਾਕੇ ਬਾਲਕ ਦੇ ਲੱਛਣ, ਵਕਤ ਪੁੱ
ਛਿਆ ਤਾਂ ਉਸ ਦੌਲਤਾਂ ਨਾਮ ਦਾਈ ਨੇ ਆਖਯਾ ਅਨੇਕ ਲੜਕੇ ਮੇਰੇ ਹੱਥਾਂ ਵਿਚ ਜੰ
ਮੇ ਹਨ ਪਰ ਇਹੋ ਜੇਹਾ ਨੀਗਰ ਕੋਈ ਨਹੀ ਦੇਖਯਾ। - ਇਸ ਦੇ ਪੈਦਾ ਹੋਣ ਦੇ ਸਮੇਂ ਘਰ
ਵਿਚ ਐਸਾ ਪ੍ਰਕਾਸ਼ ਹੋ ਗਯਾ ਜੈਸਾ ਸੂਰਜ ਦੇ ਪ੍ਰਗਟ ਹੋਣੇ ਤੇ ਹੁੰਦਾ ਹੈ, ਅਕਾਸ਼ ਵੱਲੋਂ
ਠੰਢੀ ਪੌਣ ਸੁਗੰਧੀ ਵਾਲੀ ਅਤਰ ਦੀ ਭਿੱਜੀ ਹੋਈ ਆਈ ਤੇ ਮੰਗਲਾਚਾਰ, ਜੈ ਜੈ ਕਾ
ਰ ਸੁਣੇ ਗਏ, ਏਹ ਬਾਲਕ ਇਉਂ ਪ੍ਰਗਟ ਹੋਯਾ ਜੋ ਬੱਦਲ ਵਿਚੋਂ ਪੂਨਿਓਂ ਦਾ ਚੰਦ੍ਰਮਾ
ਨਿਕਲਦਾ ਹੈ। ਪੁਨਹ ਤੁਲਸਾਂ ਨਾਮ ਦਾਸੀ ਨੇ ਭੀ ਬਾਲਕ ਦੇ ਲੱਛਣ, ਅੰਗ ਬਹੁਤ
ਚੰਗੇ ਬਰਨਨ ਕੀਤੇ।




ਤਦ ਪੰਡਿਤ ਨੇ ਟੇਵਾ ਲਗਾਇ ਮਹੂਰ
ਤਾਂ, ਨਛੱਤ੍ਰਾਂ, ਗ੍ਰਿਹਾਂ ਦਾ ਹਿਸਾਬ ਕਰ
ਇਸ ਕੁੰਡਲੀ ਦੇ ਅਨੁਸਾਰ, ਜਨਮ
ਪੱਤ੍ਰੀ ਬਣਾ, ਕਾਲੂ ਚੰਦ ਨੂੰ ਜਾ ਸੁਣਾ
ਈ ਤੇ ਇਸ ਵਿਚ ਲਿਖਯਾ ਕਿ ਏਹ
ਬਾਲਕ ਬਡਾ ਪ੍ਰਤਾਪੀ ਹੋਵੇਗਾ, ਸੱਚਾ
ਪਾਤਸ਼ਾਹ ਸਦਾਵੇਗਾ, ਸਿਰ ਪਰ ਚੌ
ਰ, ਛੱਤ੍ਰ ਝੂਲੇਗਾ, ਦੇਵਤਾ, ਮਨੁੱਖ,
ਪਸ਼ੂ, ਪੰਛੀ, ਪੰਜੇ ਤੱਤ੍ਰ ਇਸ ਦੀ ਕਾਣ

Digitized by Panjab Digital Library | www.panjabdigilib.org

ਮੰਨਣਗੇ, ਜਗਤ ਦਾ ਸੱਚਾ ਮਲਾਹ ਹੋਵੇਗਾ, ਏਸਦਾ ਪੰਥ ਚਲੇਗਾ। ਏਹ ਪੱਤ੍ਰੀ ਸੁਣਕੇ ਕਾਲੂਚੰਦ ਨੇ ਪ੍ਰੋਹਤ ਨੂੰ ਬਹੁਤ ਕੁਛ ਦਿੱਤਾ ਤੇ ਨਾਨਕਚੰਦ ਨਾਮ ਰਖਾਯਾ, ਵਧਾਈਆਂ ਵੰਡੀਆਂ। — ਜਦ ਗੁਰੂ ਸਾਹਿਬ ਤਿੰਨੇ ਬਰਸ ਦੇ ਹੋਏ ਤਾਂ ਬਾਲਕਾਂ ਦੇ ਨਾਲ ਖੇਡ ਵਿੱਚ ਭੀ ਗਿਆਨ ਦੀਆਂ ਬਾਤਾਂ ਕਰ ੨ ਭਜਨ ਕਰਦੇ ਕਰਾਉਂਦੇ ਰਹਿਣ ਤੇਂ ਬੜੀ ਦਾਨਾਈ ਨਾਲ ਭਗਤਾਂ, ਸੰਤਾਂ ਦੇ ਪ੍ਰਸੰਗ ਸੁਣਾਕੇ ਸਭ ਨੂੰ ਗਿਆਨ ਦਾ ਉਪਦੇਸ਼ ਐਸਾ ਕਰਨ ਜਿਸ ਤੋਂ ਦਿਲ ਨੂੰ ਸ਼ਾਂਤਿ ਹੋਵੇ ਤੇ ਕਦੀ ਪਰਮੇਸ਼੍ਵਰ ਦੇ ਗੁਣ ਅਤੇ ਉਸਦੀ ਮਹਿਮਾ ਸੁਣਾਕੇ ਬਾਲਕਾਂ ਨੂੰ ਪਰਮੇਸ਼੍ਵਰ ਦੇ ਧਿਆਨ ਵਿਚ ਜੋੜ ਦੇਣਾ।

ਏਨ੍ਹਾਂ ਦੀਆਂ ਗੱਲਾਂ ਸੁਣਨ ਵਾਸਤੇ ਹਰ ਵਕਤ ਇਸਤ੍ਰੀ, ਮਰਦ, ਬੜੇ, ਛੋਟੇ ਏਨ੍ਹਾਂ ਦੇ ਪਾਸ ਖੜੇ ਹੀ ਰਹਿੰਦੇ, ਜੋ ਕੁਛ ਇਨ੍ਹਾਂ ਨੂੰ ਘਰੋਂ ਮਿਲਦਾ ਸੋ ਸਾਧਾਂ, ਸੰਤਾਂ, ਗਰੀਬਾਂ, ਫਕੀਰਾਂ, ਲੋੜਵੰਦਾਂ ਨੂੰ ਦੇਕੇ ਉਨ੍ਹਾਂ ਦੀ ਇੱਛਿਆ ਪੂਰੀ ਕਰਦੇ। — ਏਨ੍ਹਾਂ ਗੱਲਾਂ ਤੋਂ ਏਹ ਬਹੁਤ ਮਸ਼ਹੂਰ ਹੋ ਗਏ, ਦੇਖਣ ਵਾਸਤੇ ਦੂਰ ਦੂਰ ਤੋਂ ਲੋਗ ਆਉਣ ਲਗ ਪਏ, ਬੂਹੇ ਅੱਗੇ ਜੋ ਕੱਚਾ ਤਾਲਾਬ ਸੀ ਉਥੇ ਪੀਲੂ ਦੇ ਦਰਖਤਾਂ ਹੇਠ ਲੋਗਾਂ ਦੀ ਭੀੜ ਭਾੜ ਬਣੀ ਰਹੇ, ਜੇ ਕੋਈ ਕੁਛ ਪੁੱਛੇ ਤਾਂ ਗਿਆਨ ਦਾ ਉੱਤ੍ਰ ਦੇਕੇ ਨਿਰਸੰਸੇ ਕਰ ਛੱਡਣਾ।

ਜਦ ਪੰਜਾਂ ਬੱਰਸਾਂ ਦੇ ਹੋਏ ਤਾਂ ਇਕ ਦਿਨ ਗੁਰੂ ਜੀ ਦੀ ਮਾਸੀ ਲੱਖੋ ਨਾਮੀ ਅਪਣੀ ਭੈਣ ਨੂੰ ਮਿਲਨ ਵਾਸਤੇ ਆਈ ਤਾਂ ਗੁਰੂ ਜੀ ਦਾ ਹਾਲ ਦੇਖਕੇ ਬੋਲੀ, ਭੈਣ ਤੇਰਾ ਪੁੱਤ੍ਰ ਤਾਂ ਕਮਲਾ ਜੇਹਾ ਦਿਸਦਾ ਹੈ, ਜੋ ਕੁਛ ਘਰ ਵਿੱਚੋਂ ਲਭਦਾ ਹੈ ਸੋਈ ਗਰੀਬਾਂ ਨੂੰ ਦੇ ਦਿੰਦਾ ਹੈ। — ਏਹ ਗਲ ਸੁਣਕੇ ਗੁਰੂ ਸਾਹਿਬ ਬੋਲੇ, ਮਾਸੀ ਜੀ ਤੇਰਾ ਪੁੱਤ੍ਰ ਮੇਰੇ ਨਾਲੋਂ ਭੀ ਚੌਗੁਣਾ ਕਮਲਾ ਹੋਵੇਗਾ, ਉਹ ਸੁਣਕੇ ਅਚਰਜ ਹੋ ਗਈ, ਆਖਰ ਨੂੰ ਓਹੋ ਹੋਈ, ਉਸਦੇ ਘਰ ਬਾਬਾ ਰਾਮਥੰਮਨ ਐਸੇ ਮਸ੍ਤ ਸੰਤ ਪ੍ਰਗਟ ਹੋਏ ਜਿਨ੍ਹਾਂ ਦਾ ਮੇਲਾ ਸ਼ਹਿਰ ਕਸੂਰ ਦੇ ਪਾਸ ਹੁਣ ਤਕ ਬੈਸਾਖੀ ਵਾਲੇ ਦਿਨ ਬੜਾ ਭਾਰੀ ਹੁੰਦਾ ਹੈ।

ਬਾਵਾ ਰਾਮਥੰਮਨ ਵੈਰਾਗੀਆਂ ਦੇ ਪੰਥ ਵਿਚ ਬੜਾ ਮਸ਼ਹੂਰ ਮਸਤ, ਸੰਤ, ਸਿੱਧ ਪੁਰਸ਼ ਹੋਯਾ ਹੈ। — ਜਦ ਗੁਰੂ ਸਾਹਿਬ ਸੱਤ ਬਰਸ ਦੇ ਹੋਏ ਤਾਂ ਜੋ ਕੁਛ ਘਰ ਵਿੱਚੋਂ ਬਾਹਰ ਲੈ ਜਾਣ ਮੋੜ ਕੇ ਨਾਲ ਆਉਣ, ਅੰਨ, ਬਸਤ੍ਰ, ਜ਼ੇਵਰ ਬਰਤਨ, ਗਰੀਬਾਂ, ਕੰਗਾਲਾਂ ਨੂੰ ਦੇ ਛੱਡਣਾ। ਮਾਤਾ ਤ੍ਰਿਪ੍ਤਾ ਜੀ ਤਾਂ ਉਨ੍ਹਾਂ ਦੀ ਧਰਮ ਲੀਲਾ, ਅਨੇਕ ਪ੍ਰਕਾਰ ਦੀਆਂ ਸ਼ਕਤੀਆਂ, ਕਰਾਮਾਤਾਂ ਦੇਖਕੇ ਨਿਸ਼੍ਚੈ ਕਰ ਬੈਠੀ ਸੀ ਜੋ ਏਹ ਕੋਈ

ਅਵਤਾਰੀ ਪੁਰਖ ਹੈ, ਜਿਸ ਦਿਨ ਤੋਂ ਅਸਾਡੇ ਘਰ ਆਯਾ ਹੈ ਲੁਟਾਉਂਦਾ ਭੀ ਬਹੁਤ ਰਿਹਾ ਹੈ ਪਰ ਸਾਡੇ ਘਰ ਅੱਗੇ ਨਾਲੋਂ ਦਸ ਗੁਣੇ ਪਦਾਰਥ ਵਧ ਗਏ ਹਨ, ਤੇ ਕਿਸੇ ਮੰਦੇ ਰਸਤੇ ਨਹੀਂ ਗਵਾਂਉਂਦਾ, ਦਾਨ ਪੁੰਨ ਕਰਦਾ ਹੈ। ਏਹ ਬਾਤ ਸੋਚ ਕੇ ਮਾਤਾ ਸਾਹਿਬ ਤਾਂ ਗੁਰੂ ਜੀ ਨੂੰ ਪਦਾਰਥ ਲੁਟਾਉਣੋਂ ਨਾਂ ਰੋਕਦੀ ਸਗੋਂ ਪੱਖ ਰੱਖਦੀ, ਪਰ ਮਹਿਤਾ ਕਾਲੂਚੰਦ ਗੁਰੂ ਨਾਨਕ ਜੀ ਦੀ ਉਦਾਰਤਾ ਉੱਤੇ ਰਾਜ਼ੀ ਨਹੀਂ ਸੀ। ਏਸੇ ਵਾਸਤੇ ਉਸਨੇ ਗੋਪਾਲ ਪਾਧੇ ਪਾਸ ਜਿੱਥੇ ਸਾਰੇ ਪਿੰਡ ਦੇ ਬਾਲਕ ਪੜ੍ਹਦੇ ਸੇ ਗੁਰੂ ਨਾਨਕ ਜੀ ਨੂੰ ਭੀ ਹਦੀ ਹਿਸਾਬ ਸਿੱਖਣ ਲਈ ਬੈਠਾ ਦਿਤਾ ਤੇ ਦਿਲ ਵਿਚ ਏਹ ਸੋਚਿਆ ਜੋ ਏਥੇ ਬੈਠਾ ਰਹੂ ਘਰ ਤਾਂ ਨਾ ਲੁਟਾਊ, ਭਲਾ ਉਹ ਸਾਰੇ ਇਲਮਾਂ ਦੇ ਸਿਰਜਣਹਾਰ ਕੇਹੜ ਕੱਚੀ ਪੜ੍ਹਤ ਰੂਪੀ ਰੱਸੀ ਨਾਲ ਬੱਧੇ ਹੋਏ ਕਦ ਰਹਿ ਸਕਦੇ ਸੇ। — ਪਾਂਧੇ ਨੇ ਹਿੰਦੀ ਅੱਖਰ ਅਤੇ ਅੰਕ ਲਿਖ ਦਿੱਤੇ, ਗੁਰੂ ਸਾਹਿਬ ਨੇ ਛਪਾ ਛਪ ਪਾਂਧੇ ਨੂੰ ਸੁਣਾਇ ਦਿੱਤੇ ਅਤੇ ਪੁੱਛਿਆ, ਹੇ ਪਾਧਾ ਜੀ ਏਹੁ ਲੇਖਾ ਪ੍ਰਲੋਕ ਵਿੱਚ ਭੀ ਸਹਾਈ ਹੁੰਦਾ ਹੈ ਕਿ ਨਹੀਂ, ਪਾਂਧੇ ਆਖਿਆ ਏਹ ਤਾਂ ਦੁਕਾਨਦਾਰੀ ਦਾ ਲੇਖਾ ਸਿੱਖਣਾ ਹੈ ਪ੍ਰਲੋਕ ਦਾ ਲੇਖਾ ਮੈਂ ਨਹੀਂ ਜਾਣਦਾ, ਜੇਕਰ ਤੂੰ ਜਾਣਦਾ ਹੈਂ ਤਾਂ ਸੁਣਾਇ। ਤਦ ਬਾਬੇ ਨੇ ਸਬਦ ਬੋਲਿਆ।

ਸਿਰੀਰਾਗ ਮਹਲਾ ੧ ॥ਜਾਲ ਮੋਹ ਘਸ ਮਸ ਕਰ ਮਤਿ ਕਾਗਦ ਕਰ ਸਾਰਾ ਭਾਉ ਕਲਮ ਕਰ ਚਿੱਤ ਲਿਖਾਰੀ ਗੁਰ ਪੁਛ ਲਿਖ ਬੀਚਾਰ॥ ਲਿਖ ਨਾਮ ਸਾਲਾਹਿ ਲਿਖ ਲਿਖ ਅੰਤੁ ਨ ਪਾਰਾਵਾਰ॥੧॥ ਬਾਬਾ ਏਹੁ ਲੇਖਾ ਲਿਖ ਜਾਣ॥ ਜਿੱਥੈ ਲੇਖਾ ਮੰਗੀਐ ਤਿੱਥੇ ਹੋਇ ਸਚਾ ਨੀਸਾਣ॥ ਟੀਕਾ॥ ॥ਹੇ ਪਾਧਾ ਜੀ ਜੇ ਤੈਨੂੰ ਜਨਮ ਮਰਨ ਦੇ ਲੇਖੇ ਤੋਂ ਛੁੱਟਣ ਦੀ ਇੱਛਿਆ ਹੈ ਤਾਂ ਸਰਬ ਪ੍ਰਕਾਰ ਦੇ ਮੋਹ ਨਾਮ ਅਗਿਆਨ ਨੂੰ ਅਥਵਾ ਮਾਯਾ ਦੇ ਮੋਹ ਨੂੰ ਜਲਾਇ ਕਰ ਅੰਤਹ ਕਰਣ ਰੂਪੀ ਪਾਤ੍ਰ ਵਿੱਚ ਗੁਰੂ ਮੰਤ੍ਰ ਦਾ ਅੱਭਿਆਸ ਸ੍ਵਾਸ ਸ੍ਵਾਸ ਕਰਨਾ ਏਹੋ ਸਿਆਹੀ ਦਾ ਘੋਟਣ ਹੈ, ਸਾਰਗ੍ਰਾਹੀ ਬੁੱਧੀ ਦੇ ਕਾਗਜ਼ ਪਰ, ਪ੍ਰੇਮ ਦੀ ਕਲਮ ਨਾਲ, ਸੁੱਧ ਚਿੱਤ ਲਿਖਾਰੀ ਤੋਂ ਸਤਗੁਰੂ ਦ੍ਵਾਰਾ ਆਤਮਾ ਪ੍ਰਮਾਤਮਾ ਦਾ ਅਭੇਦ ਗਿਆਨ ਹੋਣ ਦਾ ਵੀਚਾਰ ਪੁੱਛ ਕੇ ਧਾਰਣ ਕਰ, (ਲਿਖ ਨਾਮ) ਪਰਮੇਸ਼੍ਵਰ ਦੀ ਮਹਿਮਾ ਔਰ ਉਸ ਦੀ ਬੇਅੰਤਤਾਈ ਲਿਖ ਹੇ (ਬਾਬਾ) ਪਾਧਾ ਏਹੁ ਲੇਖਾ ਲਿਖਣਾ ਸਿੱਖ, ਜਿੱਥੇ ਪ੍ਰਲੋਕ ਵਿਚ ਧਰਮਰਾਜ ਲੇਖਾ ਮੰਗਦਾ ਹੈ ਉਥੇ ਏਸੇ ਲੇਖੇ ਦੇ ਪਰਵਾਨੇ ਨਾਲ ਛੁੱਟੀਦਾ ਹੈ ਤਾਂ ਤੇ ਏਹੋ ਲੇਖਾ

Digitized by Panjab Digital Library | www.panjabdigilib.org

ਸਿੱਖੋ ਸਿਖਾਓ ਹੋਰ ਸਭ ਲੇਖੇ ਜੀਵ ਨੂੰ ਦੁਨੀਆਂ ਦੇ ਜੰਜਾਲ ਵਿਚ ਫਸਾ ਕੇ ਚੌਰਾ
ਸੀ ਵਿਚ ਪਏ ਫੇਰਦੇ ਹਨ। ਲੇਖਾ ਓਹ ਸਿਖੀਏ ਜਿਸ ਕਰਕੇ ਜਮ ਦਾ ਲੇਖਾ ਨਿਬੜ ਜਾ
ਵੇ ਤਾਂ ਤੇ ਹੇ ਪਾਧਾ ਜੀ ਦੁਨੀਆਂ ਦੇ ਜੰਜਾਲਾਂ ਵਿਚ ਪਾਉਣ ਵਾਲੇ ਏਸ ਲੇਖੇ ਨੂੰ ਛੱਡ ਕੇ ਮੁ
ਕ੍ਤਿ ਹੋਣ ਦੀ ਬਿੱਦਿਆ ਜੋ ਸਤ ਸ਼ਾਸਤ੍ਰ ਆਤਮਾ ਪ੍ਰਮਾਤਮਾ ਨੂੰ ਅਨਾਤਮਾ ਰੂਪ ਜਗਤ ਤੋਂ
ਨਿਆਰਾ ਕਰ ਦੇਖਾਉਣ ਵਾਲੀ ਹੈ ਸੋ ਪੜ੍ਹੋ। ਅਤੇ ਜੇਕਰ ਸਮਝੋ ਤਾਂ ਅੱਖਰ ਭੀ ਸਭ ਓ
ਸੇ ਵਸਤੂ ਦਾ ਗਿਆਨ ਦ੍ਰਿੜਾਉਂਦੇ ਹਨ। ਪਾਧੇ ਨੇ ਪੁਛਿਆ ਅਖਰ ਕਿਸ ਤਰਾਂ ਗਿਆਨ ਦ੍ਰਿੜਾ
ਉਂਦੇ ਹਨ, ਤਾਂ ਬਾਬੇ ਨੇ ਸਾਰੇ ਅੱਖਰਾਂ ਦ੍ਵਾਰਾ ਪ੍ਰਭੂ ਦੀ ਭਗਤੀ, ਗਿਆਨ ਦਾ ਬਰਨਨ ਕਰ
ਦਿਖਾਯਾ ਸੋ ਬਾਣੀ ਥਿੱਤੀ ਪਟੀ ਨਾਮ ਸੇ ਮਸ਼ਹੂਰ ਹੈ। ਜਿਸ ਨੂੰ ਸੁਣ ਕੇ ਪਾਧਾ ਤਾਂ ਪਰ
ਮੇਸ਼ੂਰ ਦੀ ਭਗਤੀ ਕਰਨ ਲਗ ਪਿਆ, ਤੇ ਹੋਰ ਲੋਗ ਭੀ ਗੁਰੂ ਜੀ ਦੇ ਬਚਨਾ ਵਿਚ ਏ
ਹ ਸਕਤੀ ਦੇਖ ਕੇ ਅਚੰਭਾ ਹੋ ਗਏ।

ਫੇਰ ਕਈ ਮਹੀਨੇ ਪਿੱਛੋਂ ਕਾਲੂ ਚੰਦ ਨੇ ਬਾਬੇ ਨੂੰ ਫਾਰਸੀ ਪੜ੍ਹਾਉਣ ਲਈ ਕੁਤਬਦੀਨ
ਮੁਲਾਂ ਦੇ ਸਪੁਰਦ ਕੀਤਾ, ਕੁਛ ਦਿਨ ਤਾਂ ਬਾਬਾ ਜੀ ਪੜ੍ਹਦੇ ਰਹੇ, ਇਕ ਦਿਨ ਓਥੇ ਭੀ ਪਾਂਧੇ
ਵਾਂਗੂ ਚਰਚਾ ਚਲੀ ਤਾਂ ਗੁਰੂ ਜੀ ਬੋਲੇ

ਅਲਫ ਅੱਲਾ ਨੂੰ ਯਾਦ ਕਰ ਗਫਲਤ ਮਨੋ ਵਿਸਾਰ। ਸ੍ਵਾਸ ਪਲਟੇ ਨਾਮ ਬਿਨ
ਧ੍ਰਿਗ ਜੀਵਣ ਸੰਸਾਰ।੧। ਬੇ ਬਿਦਾਯਤ ਦੂਰ ਕਰ ਕਦਮ ਤਰੀਕਤ ਰਖ। ਸਭ
ਮੇਂ ਸਾਹਿਬ ਦੇਖ ਕੇ ਨਿਉ ਚਲ ਬੁਰਾ ਨ ਭਾਖ।੨। ਤੇ ਤੋਬਾ ਕਰ ਆਜਜ਼ੀ ਸਾਂਈ ਬੇਪ
ਰਵਾਹ। ਸਾਬਤ ਨ ਚੱਲੇ ਕੁਤਬਦੀਨ ਦੁਨੀ ਕੁਟੰਬ ਅਥਾਹ।੩। ਸੇ ਸਨਾਇ ਤੂੰ ਬਹੁਤ
ਕਰ ਖਾਲਕ ਨੂੰ ਰਖ ਯਾਦ। ਬਿਨਾ ਬੰਦਗੀ ਕੁਤਬਦੀਨ ਜਨਮ ਜਾਇ ਹੈ ਬਾਦ।੪।
ਜੀਮ ਜਮਾ ਕਰ ਨਾਮ ਦੀ ਪੰਜੇਂ[1] ਨਿਮਾਜ਼ ਗੁਜ਼ਾਰ। ਬਾਝੋਂ ਯਾਦ ਖੁਦਾਇ ਦੇ ਹੋਸੇਂ ਬਹੁ
ਤ ਖੁਆਰ।੫। ਹੇ ਹਲੇਮੀ ਧਾਰ ਕੇ ਹਿਰਸ ਹੰਕਾਰ ਤਿਆਗ। ਕਾਲ ਖੜੋਤਾ ਸੀਸ
ਪਰ ਗਫਲਤ ਨੀਂਦੋਂ ਜਾਗ।੬। ਖੇ ਖਿਆਨਤ ਨਾ ਕਰ ਕਿਸੇ ਖਾਲਕ ਹੈ ਸਭ ਮਾਂਹਿ
ਖਿਮਾ ਗਰੀਬੀ ਖੁਲਕ ਰਖ ਜੇ ਤੂੰ ਤਰਣਾਂ ਚਾਹਿ। – ਇਸ ਪ੍ਰਕਾਰ ਸਭਨਾਂ ਹਰਫਾਂ
ਉੱਤੇ ਜਦ ਗੁਰੂ ਜੀ ਨੇ ਉਪਦੇਸ ਬਰਨਨ ਕੀਤਾ ਤਾਂ ਮੁੱਲਾਂ ਨੇ ਬਾਬੇ ਨੂੰ ਵਲੀ ਅੱਲਾ ਜਾਣ

੧– ਪਹਿਲੀ ਨਿਮਾਜ ਏਹ ਹੈ ਕਿ ਹਮੇਸ਼ ਸੱਚ ਬੋਲਣਾ੧ ਧਰਮ ਕ੍ਰਿਤ ਕਰ ਖਾਣਾ੨ ਤੀਸਰੀ ਖੁਦਾ ਦੇ ਜਾਨਣ
ਵਾਲਿਆਂ ਦੀ ਖਿਦਮਤ ਕਰਨੀ੩ ਚੌਥੇ ਨੀਤ ਸਾਫ ਰੱਖਣੀ੪ ਪੰਜਵੇਂ ਰੱਬ ਦੇ ਗੁਣ ਉਪਕਾਰ ਯਾਦ ਕਰਨੇ।੫।।

Digitized by Panjab Digital Library | www.panjabdigilib.org

ਕੇ ਸਲਾਮ ਕੀਤੀ ਤੇ ਕਾਲੂ ਚੰਦ ਨੂੰ ਆਖਿਆ, ਮਹਿਤਾ ਜੀ ਤੇਰਾ ਪੁੱਤ੍ਰ ਕੁਦਰਤੀ ਸਭੋ ਕੁਛ ਪੜ੍ਹਿਆ ਹੋਯਾ ਹੈ ਏਹ ਕਿਸੇ ਦੇ ਪੜ੍ਹਾਉਣ ਦਾ ਨਹੀਂ ਏਹ ਤਾਂ ਹਿੰਦੂ ਮੁਸਲਮਾਨ ਦੋਹਾਂ ਨੂੰ ਹੱਕਦੇ ਰਾਹ ਪਾਉਣ ਵਾਸਤੇ ਆਯਾ ਹੈ।

ਏਸੇ ਸਾਲ ਵਿਚ ਫੇਰ ਜਦ ਬੜਾ ਉਤਸਾਹ ਕਰਕੇ ਬਾਬੇ ਨੂੰ ਜਨੇਊ ਪਾਂਵਣ ਲੱਗੇ ਤੇ ਬਕਰਾ ਮਾਰਿਆ ਤਾਂ ਬਾਬੇ ਨੇ ਆਸਾ ਰਾਗ ਦੀ ਵਾਰ ਵਿਚ ਸਲੋਕ ਬੋਲਿਆ।

ਤੱਗ ਕਪਾਹੋਂ ਕੱਤੀਏ ਬਾਮਣ ਵੱਟੇ ਆਇ। ਕੁਹਿ ਬਕਰਾ ਰਿੰਨ ਖਾਇਆ ਸਭ ਕੋ ਆਖੈ ਪਾਇਆ। ਹੋਇ ਪੁਰਾਣਾ ਸੁਟੀਏ ਭੀ ਫਿਰ ਪਾਈਐ ਹੋਰ। ਨਾਨਕ ਤਗ ਨ ਤੁਟਈ ਜੇ ਤਗ ਹੋਵੈ ਜੋਰ। — ਪੁਨਹ — ਹਿੰਦੂ ਕੇ ਘਰ ਹਿੰਦੂ ਆਵੈ। ਸੂਤ ਜਨੇਊ ਪੜ੍ਹ ਗਲ ਪਾਵੈ। ਸੂਤ ਪਾਇ ਕਰੇ ਬੁਰਿਆਈ। ਨ੍ਹਾਤਾ ਧੋਤਾ ਥਾਇ ਨ ਪਾਈ। — ਏਹ ਸੁਣਕੇ ਬ੍ਰਾਹਮਣ ਬੋਲੇ ਤੂੰ ਕੇਹੜਾ ਜਨੇਊ ਧਾਰਣਾ ਹੈ ਤਾਂ ਬਾਬੇ ਜਨੇਊ ਦਸਿਆ। (ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟ। ਏਹ ਜਨੇਊ ਜੀਅ ਕਾ ਹਈ ਤ ਪਾਂਡੇ ਘੱਤ। ਨਾ ਏਹ ਤੁਟੈ ਨਾ ਮਲ ਲਗੈ ਨਾ ਇਹੁ ਜਲੈ ਨ ਜਾਇ। ਧੰਨ ਸੁ ਮਾਣਸ ਨਾਨਕਾ ਜੋ ਗਲ ਚਲੈ ਪਾਇ।) ਬਾਬੇ ਆਖਿਆ ਹੇ ਪਰੋਹਤ ਮੈਂ ਤਾਂ ਏਸ ਜਨੇਊ ਨੂੰ ਪਸੰਦ ਕਰਦਾ ਹਾਂ ਤੇ ਏਹੋ ਲੋਕ ਪਰਲੋਕ ਵਿੱਚ ਜੀਵ ਦਾ ਸੰਗੀ ਸਹਾਇਕ ਹੈ, ਤੁਹਾਡਾ ਜਨੇਊ ਕਿਤੇ ਬੀ ਕੁਛ ਸਹਾਯਤਾ ਨਹੀਂ ਕਰਦਾ ਸਗੋਂ ਦੇਹ ਅਭਿਮਾਨ, ਮਹਾ ਅਗਯਾਨ ਦੇਣ ਹਾਰਾ ਹੈ ਜਿਸ ਕਰਕੇ ਜੀਵ ਚੌਰਾਸੀ ਲਖ ਜੋਨੀ ਵਿੱਚ ਪਯਾ ਭਰਮਦਾ ਹੈ ਏਹ ਉਪਦੇਸ ਸੁਣਕੇ ਹੋਰ ਬ੍ਰਾਹਮਣ ਮੰਦਭਾਗੀ ਤਾਂ ਮਨ ਆਯਾ ਬਕਦੇ ਸੇ ਪਰ ਹਰਿਦਯਾਲ ਪਰੋਹਤ ਨੇ ਆਖਿਆ ਜੀ ਅਸੀਂ ਸੰਸਾਰੀ ਜੀਵ ਪਰਮੇਸ਼੍ਵਰ ਤੋਂ ਭੁੱਲੇ ਹੋਏ ਸੂਤ ਦਾ ਜਨੇਊ ਜਾਣਦੇ ਹਾਂ ਹੁਣ ਤੁਸੀਂ ਮਹਾਂਪੁਰਸ਼ ਸਾਡੇ ਜਜਮਾਨ ਉਸੇ ਰਾਮਚੰਦ੍ਰ ਦੀ ਕੁਲ ਵਿਚ ਸਤਿਗੁਰੂ ਅਵਤਾਰ ਪ੍ਰਗਟੇ ਹੋ, ਉਸਨੇ ਪਾਣੀ ਪਰ ਪੱਥਰ ਤਾਰੇ ਹੈਨ ਤੂੰ ਸਾਨੂੰ ਤਾਰ ਅਤੇ ਐਸਾ ਦਾਨ ਦੇਹੁ ਜਿਸ ਨਾਲ ਮਨ ਤ੍ਰਿਪਤ ਹੋਵੇ ਤਾਂ ਬਾਬੇ ਨੇ ਉਸਦੀ ਸ਼ਰਧਾ ਦੇਖਕੇ ਸ਼ਬਦ ਉਚਾਰਯਾ।

ਕਰਤਾ ਤੂੰ ਮੇਰਾ ਜਜਮਾਨ। ਇਕ ਦੱਖਣਾ ਹਉ ਤੈਂ ਪਹਿ ਮਾਂਗਉ ਦੇਹੁ ਆਪਣਾ ਨਾਮ। ਜਤ ਸਤ ਚਾਵਲ ਦਯਾ ਕਣਕ ਕਰ ਪ੍ਰਾਪਤਿ ਪਾਤੀ ਧਾਨਾ। ਦੂਧ ਕਰਮ ਸੰਤੋਖ — ਘੀਉ ਕਰ ਐਸਾ ਮਾਂਗਉ ਦਾਨਾ। ਖਿਮਾ ਧੀਰਜ ਕਰ ਗਊ ਲਵੇਰੀ ਸਹਿਜੇ ਬਛਰਾ ਖੀਰ ਪੀਐ। ਸਿਫਤ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤ ਰਹੈ।

Digitized by Panjab Digital Library | www.panjabdigilib.org

ਏਹ ਸ਼ਬਦ ਸੁਣਕੇ ਹਰਿ ਦਿਆਲ ਪਰੋਹਤ ਤਾਂ ਉਪਦੇਸ਼ ਮੰਨ ਖੜੋਤਾ ਤੇ ਸੰਸਾਰ ਤੋਂ
ਪਾਰ ਪਯਾ ਤੇ ਹੋਰ ਬ੍ਰਾਮਣ ਰਸੋਈ ਛਕ ਦੱਖਣਾ ਲੈ ਘਰੰ ਨੂੰ ਗਏ।
ਇਕ ਦਿਨ ਕਾਲੂ ਚੰਦ ਨੇ ਬਾਬੇ ਨੂੰ ਖੇਤੀ ਦੀ ਰਾਖੀ ਰੱਖਣ ਭੇਜਿਆ, ਤਾਂ ਜੋ ਕੋਈ ਪਸ਼ੂ, ਪੰ
ਛੀ ਆਦਿ ਚਰ ਚੁਗ ਜਾਵੇ ਬਾਬਾ ਰੱਬ ਦੇ ਧਿਆਨ ਵਿੱਚ ਬੈਠਾ ਰਹੇ, ਕਿਸੇ ਨੂੰ ਹਟਾਵੇ ਨਹੀ
ਜਦ ਕਾਲੂ ਚੰਦ ਨੇ ਖੇਤੀ ਉਜੜੀ ਦੇਖ ਕੇ ਪੁਛਿਆ ਤਾਂ ਬਾਬੇ ਆਖਿਆ, ਪਿਤਾ ਜੀ ਏਹ ਖੇ
ਤੀ ਤਾਂ ਕਿਸੇ ਨੇ ਖਾਣੀ ਹੀ ਹੈ, ਸਾਥ ਨਹੀ ਚੱਲਣੀ, ਮੈਂ ਤਾ ਨਾਲ ਚੱਲਣ ਵਾਲੀ ਖੇਤੀ ਦੀ
ਰਾਖੀ ਕਰਦਾ ਹਾਂ ਤੁਸੀਂ ਭੀ ਓਹੋ ਖੇਤੀ ਬੀਜੋ ਤਾਂ ਕਾਲੂ ਚੰਦ ਨੇ ਆਖਿਆ ਓਹ ਕੇਹੜੀ ਖੇਤੀ
ਹੈ ਤਾਂ ਬਾਬਾ ਬੋਲਿਆ। (ਮਨ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨ ਖੇ
ਤੁ॥ ਨਾਮ ਬੀਜ ਸੰਤੋਖ ਸੁਹਾਗਾ ਰੱਖ ਗਰੀਬੀ ਵੇਸ॥ ਭਾਉ ਕਰਮ ਕਰ ਜੰਮਸੀ ਸੇ
ਘਰ ਭਾਗਠ ਦੇਖ॥ ਬਾਬਾ ਮਾਯਾ ਸਾਥ ਨ ਹੋਇ॥ ਇਸ ਮਾਯਾ ਜਗ ਮੋਹਿਆ ਵਿਰ
ਲਾ ਬੂਝੈ ਕੋਇ॥) ਹੇ ਪਿਤਾ ਜੀ ਮੈਂ ਤਾਂ ਏਹ ਖੇਤੀ ਕਰਦਾ ਹਾਂ। ਏਹ ਬਚਨ ਸੁਣਕੇ ਕਾਲੂ
ਚੰਦ ਨੇ ਆਖਿਆ ਨਾਨਕ ਤੂੰ ਤਾਂ ਓਹ ਬਾਤਾਂ ਕਰਦਾ ਹੈਂ ਜੇਹੜੀਆਂ ਸਾਡੀ ਅਕਲ ਵਿਚ ਨਹੀਂ
ਬੈਠਦੀਆਂ, ਚਲ ਤੈਨੂੰ ਪੰਡਿਤ ਪਾਸ ਪੜ੍ਹਨ ਪਾਵਾਂ ਕੁਛ ਪੜ੍ਹੇਂਗਾ ਤਾਂ ਨਫੇ ਨੁਕਸਾਨ ਦੀ
ਅਕਲ ਆਵੇਗੀ ਐਸੇ ਕਹਿ ਕੇ ਮਾਘ ਦੇ ਮਹੀਨੇ ਨੌ ਬਰਸ ਦੀ ਉਮਰ ਵਿੱਚ ਬਾਬੇ ਨੂੰ
ਬ੍ਰਿਜ ਨਾਥ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ ਬੈਠਾਯਾ। ਪੰਡਿਤ ਨੇ ਪੱਟੀ ਉੱਤੇ ਓਅੰਕਾਰ
ਤੇ ਸ਼ਾਸ੍ਤ੍ਰੀ ਦੇ ਅੱਖਰ ਲਿਖ ਦਿੱਤੇ। ਗੁਰੂ ਜੀ ਨੇ ਪਹਿਲੇ ਓਅੰ ਦੇ ਅਰਥ ਪੁੱਛੇ ਤਾਂ ਪੰਡਿਤ
ਨੇ ਆਖਿਆ ਤੈਨੂੰ ਹੁਣੇ ਅਰਥਾਂ ਨਾਲ ਕਿਆ ਮਤਲਬ, ਗੁਰੂ ਜੀ ਨੇ ਆਖਿਆ ਅਰਥ ਸਮ
ਝੇ ਬਿਨਾ ਪੜ੍ਹਨਾ ਅੰਧੇਰੇ ਵਿੱਚ ਹੱਥ ਮਾਰਨਾ ਹੈ। ਪੰਡਿਤ ਨੇ ਕਿਹਾ ਨਾਨਕ ਚੰਦ ਤੈਂ ਅੱਗੇ
ਪਾਧੇ ਨਾਲ ਭੀ ਏਹੋ ਜੇਹੀ ਗੱਲ ਕੀਤੀ ਸ਼ੀ ਹੁਣ ਭੀ ਏਸ ਦੇ ਅਰਥ ਹੀ ਸੁਣਾਉ, ਤਾਂ ਗੁਰੂ
ਜੀ ਨੇ ਬੇਦ ਰੀਤੀ ਅਨੁਸਾਰ ਜਦ ਓਅੰਕਾਰ ਦਾ ਅਰਥ ਬਰਨਨ ਕੀਤਾ ਤਾਂ ਪੰਡਿਤ ਹੱ
ਕਾ ਬੱਕਾ ਰਹਿ ਗਿਆ ਤੇ ਆਖਣ ਲੱਗਾ ਹੋਰ ਅੱਖਰਾਂ ਦੇ ਅਰਥ ਭੀ ਸੁਣਾਓ ਤਦ
ਗੁਰੂ ਜੀ ਨੇ ਰਾਮਕਲੀ ਰਾਗ ਵਿੱਚ ਓਅੰਕਾਰ ਬਾਣੀ ਉਚਾਰਣ ਕੀਤੀ ਜੋ ਗੁਰੂ ਗ੍ਰੰਥ ਸ
ਹਿਬ ਵਿੱਚ ਹੈ, ਏਥੇ ਨਮੂਨਾ ਦੇਖਾਉਂਦੇ ਹਾਂ। ਜਥਾ ( ਓਅੰਕਾਰ ਬ੍ਰਹਮਾ ਉਤਪਤਿ॥ ਓ
ਅੰਕਾਰ ਕੀਆ ਜਿਨ ਚਿਤਿ॥ ਓਅੰਕਾਰ ਸੈਲ ਜੁਗ ਭਏ॥ ਓਅੰਕਾਰ ਬੇਦ ਨਿਰਮਏ
॥ ਓਨਮ ਅੱਖਰ ਸੁਣਹੁ ਬੀਚਾਰ॥ ਓਨਮ ਅੱਖਰ ਤ੍ਰਿਭਵਣ ਸਾਰ॥ ਸੁਣ ਪਾਂਡੇ ਕਿਆ

Digitized by Panjab Digital Library | www.panjabdigilib.org

ਲਿਖਹੁ ਜੰਜਾਲਾ। ਲਿਖ ਰਾਮ ਨਾਮ ਗੁਰਮੁਖ ਗੋਪਾਲਾ। ਸੱਸੈ ਸਭੁ ਜਗ ਸਹਜ
ਉਪਾਇਆ ਤੀਨ ਭਵਨ ਇਕ ਜੋਤੀ। ਗੁਰਮੁਖ ਵਸਤੁ ਪ੍ਰਾਪਤਿ ਹੋਵੈ ਚੁਣਲੈ ਮਾ
ਣਿਕ ਮੋਤੀ।) ਇੱਤਆਦਿਕ ਸਰਬ ਅੱਖਰਾਂ ਦ੍ਵਾਰਾ ਪਰਮੇਸ਼੍ਵਰ ਦੀ ਭਗਤੀ ਤੇਗ
ਆਨ ਬਰਨਨ ਕੀਤਾ ਜਿਸ ਨੂੰ ਸੁਣਕੇ ਪੰਡਿਤ ਭੀ ਪਰਮੇਸ਼੍ਵਰ ਦਾ ਭਜਨ ਭਗਤੀ ਕ
ਰਕੇ ਮੋਖ ਦਾ ਅਧਿਕਾਰੀ ਹੋਗਿਆ। — ਜਦ ਕਾਲੂਚੰਦਨੇ ਦੇਖਿਆ ਨਾਨਕ ਚੰਦ
ਪੜ੍ਹਦਾ ਨਹੀ ਤਾਂ ਗਊਆਂ ਚਾਰਨ ਭੇਜ ਦਿੱਤਾ। ਗੁਰੂਜੀ ਸ੍ਰੀਕ੍ਰਿਸ਼ਨ ਦੀ ਤਰਾਂ ਜਦ ਗਊ
ਆਂ ਚਾਰਨ ਗਏ ਤਾਂ ਦੂਸਰੇ ਪਾਲੀਆਂ ਨੂੰ ਰੱਬ ਦੇ ਭਜਨ ਵਿਚ ਜੋੜ ਕੇ ਆਪ ਭੀ ਤਾੜੀ
ਲਾ ਬੈਠੇ, ਗਊਆਂ ਨੇ ਜ਼ਿਮੀਦਾਰਾਂ ਦੀ ਖੇਤੀ ਉਜਾੜ ਛੱਡੀ ਓਹ ਜੱਟ ਪਾਲੀਆਂ ਨੂੰ ਤੇ ਗ
ਊਆਂ ਨੂੰ ਹਾਕਮ ਦੇ ਪਾਸ ਲੈ ਆਏ, ਤੇ ਫਰਿਆਦ ਕੀਤੀ, ਹਾਕਮ ਨੇ ਚੱਟੀ ਲਾਈ ਤਾਂ ਬਾ
ਬੇ ਨੇ ਆਖਿਆ ਖੇਤ ਹਰਾ ਭਰਾ ਹੈ ਉਜੜਿਆ ਨਹੀਂ। ਜਦ ਹਾਕਮ ਨੇ ਖੇਤ ਦੇਖਿਆ ਤਾਂ ਹ
ਰਾ ਭਰਾ ਨਜ਼ਰ ਆਯਾ। — ਓਸ ਸਮੇ ਬਾਬਾ ਜੀ ਵੈਰਾਗਮਈ ਲੈ ਵਿਚ ਐਸੇ
ਮਸਤ ਹੋ ਰਹਿੰਦੇ ਸਨ ਜੋ ਕਈ ੨ ਦਿਨ ਕੁਛ ਨਾ ਖਾਣ, ਪੀਣ ਜੇ ਜੰਗਲ ਵਿੱਚ ਤਾੜੀ
ਲਾ ਬੈਠਣ ਤਾਂ ਘਰ ਨਾਂ ਆਉਣ ਜੇ ਚੁਬਾਰੇ ਵਿਚ ਬੈਠ ਜਾਂਦੇ ਤਾਂ ਬਾਹਰ ਹੀ ਨਾ ਨਿਕ
ਲਦੇ। ਜਦ ਮਾਤਾ ਤ੍ਰਿਪਤਾ ਜੀ ਬਹੁਤ ਵਾਰੀ ਹਠ ਕਰਕੇ ਕਹੇ ਤਾਂ ਓਸ ਦਾ ਦਿਲ ਰੱ
ਖਣ ਵਾਸਤੇ ਕੁਛ ਥੋੜਾ ਜੇਹਾ ਛਕ ਲੈਂਦੇ, ਤੇ ਸੌਂਦੇ, ਬੋਲਦੇ ਭੀ ਬਹੁਤ ਥੋੜਾ, ਹਰਵ
ਕਤ ਆਤਮਾ ਦੇ ਧ੍ਯਾਨ ਵਿਚ ਮਗਨ ਰਹਿੰਦੇ। ਕਦੀ ਸਬਦ ਗਾਉਣ, ਕਦੀ ਵੈਰਾਗ
ਕਰ ਰੋਣ ਲਗਪੈਣ, ਕਦੀ ਹੱਸਣ, ਕਦੀ ਚੁਪ ਕਰ ਬੈਠਣ, ਤਦ ਏਹ ਦਸ਼ਾ ਹੋ ਰਹੀ
ਸੀ ਯਥਾ (ਰੈਗ ਹਸਹਿ ਰੰਗ ਰੋਵਹਿ ਚੁੱਪ ਭੀ ਕਰ ਜਾਹਿ। ਪਰਵਾਹ ਨਾਹੀ ਕਿਸੈ
ਕੇਰੀ ਬਾਝ ਸੱਚੇ ਨਾਇ।) ਪੁਨਹ- ਓਨ੍ਹੀ ਦੁਨੀਆਂ ਤੋੜੇ ਬੰਧਨਾ ਅੰਨ ਪਾਣੀ ਥੋੜਾ
ਖਾਇਆ।) ਏਹ ਸਾਰੇ ਲੱਛਨ ਗੁਰੂ ਜੀ ਵਿੱਚ ਬਰਤ ਰਹੇ ਸਨ। ਪਰ ਜੇੜ੍ਹੇ ਏਸ ਮ
ਤ ਦੇ ਭੇਤੀ ਨਹੀਂ ਸੇ ਓਨ੍ਹਾਂ ਦੇ ਆਖੇ ਕਾਲੂ ਚੰਦ ਭੂਤ ਪ੍ਰੇਤ ਦੀ ਛਾਯਾ ਹੋਈ ਸਮਝ ਕੇ ਕ
ਦੀ ਮੁਲਾਂ ਨੂੰ ਬੁਲਾਕੇ ਜੰਤ੍ਰ ਮੰਤ੍ਰ ਕਰਾਵੈ ਤੇ ਕਦੀ ਹੱਲੂਫੇ[2] ਦੇਵੇ ਤੇ ਹਜ਼ਰਾਯਤ ਪਵਾਵੈ

1– ਆਸ਼ਕਾਂਰਾ ਨੈਂ ਨਿਸ਼ਾਨੀ ਐ ਪਿਸਰ। ਆਹ ਸਰਦੋ ਰੰਗ ਜ਼ਰਦੋ ਚਸ਼ਮੇ ਤਰ। ਇਤ ਜ਼ਾਰੀ ਬੇਕਰਾਰੀ
ਮਸਤੀ ਵਰਾ ਕਮੇ ਗੁਫਤਨ ਕਮੇ ਖੁਰਦਨ ਕਮੇ ਖ੍ਵਾਬੇ ਸ਼ਾਨ ਬਰਾ। — 2—ਹਲੂਫਾ ਓਸ ਨੂੰ ਕਹੀਦਾ
ਹੈ ਜੋ ਸ਼ਹਿਤ, ਘਿਉ ਯਾ ਖੰਡ, ਚਾਵਲ, ਯਾ ਮਾਸ, ਮਦਰਾ ਰਕਾਬੀ ਵਿੱਚ ਰੱਖ ਬਾਲਕ ਦੇ ਤੇਂ ਵਾਰ ਚੁਰਸ੍ਤੇ ਵਿਚ ਰੱਖ ਦਿੰਦੇ ਹਨ।

ਦਵਾਈ ਕਰਾਵੈ ਤਾਂ ਗੁਰੂ ਜੀ ਸਬਦ ਬੋਲੇ (ਕੋਈ ਆਖੇ ਭੂਤਨਾ ਕੋਈ ਬੇਤਾਲਾ। ਕੋਈ ਆਖੈ ਰੋਗ ਹੈ ਕੋਈ ਮਤਵਾਲਾ। ਜੈਸੀ ਜਿਸ ਕੇ ਬੁਧਿ ਹੈ ਸੋ ਕਰੈ ਉਚਾਰਾ। ਭੁਯਾ ਦਿਵਾਨਾ ਸਾਹ ਕਾ ਨਾਨਕ ਵੈਰਾਗਾ।) ਫੇਰ ਕਾਲੂ ਚੰਦ ਬੈਦ ਨੂੰ ਲੈ ਆਯਾ। ਜਦ ਬੈਦ ਨਾੜੀ ਦੇਖਣ ਲੱਗਾ ਤਾਂ ਬਾਬਾ ਬੋਲਿਆ (ਬੈਦ ਬੁਲਾਯਾ ਬੈਦਗੀ ਪਕੜ ਢੰਢੋਲੇ ਬਾਂਹ। ਭੋਲਾ ਬੈਦ ਨ ਜਾਣਈ ਕਰਕ ਕਲੇਜੇ ਮਾਹਿ। ਵੈਦਾ ਵੈਦ ਸੁਵੈਦ ਤੂੰ ਪਹਿਲਾ ਰੋਗ ਪਛਾਣ। ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾਂ ਘਾਣ। ਰੋਗ ਦਾਰੂ ਦੋਵੈਂ ਬੁਝੈ ਤਾਂ ਬੈਦ ਸੁਜਾਣ। ਜਾਹਿ ਬੈਦ ਘਰ ਆਪਣੇ ਤੈਨੂੰ ਨਹੀਂ ਪਛਾਣ। ਹਮ ਰੱਤੇ ਸਹੁ ਆਪਣੇ ਤੂੰ ਕਿਸ ਦਾਰੂ ਦੇਂਹਿ। ਨਾਨਕ ਪ੍ਰੀਤਮ ਜੇ ਮਿਲੈ ਤਾਂ ਦੁਖ ਜਾਵੀ ਏਹ।) ਹੇ ਬੈਦ ਤੂੰ ਮੇਰਾ ਰੋਗ ਨਹੀਂ ਹਟਾ ਸਕਦਾ, ਆਪਣਾ ਹਟਾਇ। ਬੈਦ ਨੇ ਬੇਨਤੀ ਕਰ ਆਪਣੇ ਰੋਗ ਦੀ ਦਵਾਈ ਪੁੱਛੀ ਤਾਂ ਬਾਬੇ ਆਖਿਆ (ਬਿਖ ਮਾਰਣ ਮਹੁਰਾ ਹਰਿ ਨਾਮ। ਸਿਲਾ ਸੰਤੋਖ ਪੀਸਣ ਹਥ ਦਾਨ। ਐਸਾ ਦਾਰੂ ਖਾਹਿ ਗਵਾਰ। ਜਿਤੁ ਖਾਧੇ ਤੇਰੇ ਜਾਂਹਿ ਬਿਕਾਰ।) ਬੈਦ ਦੇ ਭਾਗ ਜਾਗੇ ਬਚਨ ਮੰਨ ਕੇ ਸਤਸੰਗ ਭਜਨ ਕਰਨ ਲਗ ਪਿਆ ਅਤੇ ਕਾਲੂ ਚੰਦ ਨੂੰ ਆਖਿਆ ਤੇਰੇ ਪੁੱਤ੍ਰ ਨੂੰ ਰੋਗ ਸਰੀਰ ਕੋਈ ਨਹੀਂ ਤੂੰ ਲੋਗਾਂ ਦੇ ਆਖੇ ਭਟਕ ਨਹੀਂ ਏਹ ਤਾਂ ਕੋਈ ਪੂਰਨ ਪੁਰਖ ਹੈ ਏਸ ਦੀ ਦਯਾ ਦ੍ਰਿਸ਼ਟੀ ਨਾਲ ਲੱਖਾਂ ਜੀਵਾਂ ਦੇ ਰੋਗ ਦੂਰ ਹੋ ਸਕਦੇ ਹਨ ਤੂੰ ਏਸਨੂੰ ਰੱਬ ਦੀ ਜਾਤ ਸਮਝ।

ਇਕ ਦਿਨ ਗੁਰੂ ਜੀ ਮਸਤੀ ਦੇ ਰੰਗ ਵਿਚ ਰਾਤ ਨੂੰ ਘਰੋਂ ਨਿਕਲ ਕੇ ਬੀਆਬਾਨ ਉਜਾੜ ਵਿਚ ਜਾ ਕੇ ਪੈ ਰਹੇ ਸਬੰਧੀ ਖੋਜ ਥਕੇ ਹੱਥ ਨਾ ਲੱਗੇ ਤੀਜੇ ਦਿਨ ਕੁਦਰਤ ਨਾਲ ਰਾਇ ਬੁਲਾਰ ਸ਼ਿਕਾਰ ਕਰਦਾ ਉਥੇ ਪਹੁੰਚ ਗਿਆ, ਦੇਖੇ ਤਾਂ ਗੁਰੂ ਜੀ ਦੇ ਉੱਤੇ ਸੁਫੇਦ ਰੰਗ ਦਾ ਸੱਪ ਫਣ ਫੈਲਾ ਕੇ ਛਾਯਾ ਕਰੀ ਖੜਾ ਹੈ ਏਹ ਕੌਤਕ ਦੇਖ ਹੈਰਾਨ ਹੋ ਕੇ ਰਾਇ ਨੇ ਗੁਰੂ ਦੇ ਕਦਮ ਚੁੰਮੇ ਅਤੇ ਘਰ ਲੈ ਆਯਾ। — ਏਸੇ ਤਰਾਂ ਫੇਰ ਇਕ ਦਿਨ ਗੁਰੂ ਜੀ ਜੰਗਲ ਵਿਚ ਇਕ ਬ੍ਰਿੱਛ ਹੇਠ ਤਾੜੀ ਲਾਇ ਬੈਠੇ ਕੁਦਰਤ ਨਾਲ ਉਥੇ ਭੀ ਸ਼ਿਕਾਰ ਕਰਦਾ ਰਾਇ ਬੁਲਾਰ ਆ ਪਹੁੰਚਿਆ ਦੇਖੇ ਤਾਂ ਹੋਰ ਬ੍ਰਿੱਛਾਂ ਦੀ ਛਾਯਾ ਪੂਰਬ ਦੀ ਤਰਫ ਹੈ ਤੇ ਏਸ ਬ੍ਰਿੱਛ[1] ਦੀ ਛਾਯਾ ਪੱਛੋਂ ਵਲ ਸੂਰਜ ਦੇ ਸਾਮ੍ਹਣੇ ਨਾਲ

੧- ਏਹ ਬ੍ਰਿੱਛ ਪੀਲੂ ਦਾ ਹੁਣ ਮਾਲ੍ਹ ਸਾਹਿਬ ਨਾਮ ਕਰਕੇ ਮਸ਼ਹੂਰ ਹੈ।

Digitized by Panjab Digital Library | www.panjabdigilib.org

ਕ ਚੰਦ ਉਤੇ ਖੜ੍ਹੀ ਹੈ, ਰਾਇ ਅਦਬ ਨਾਲ ਦੂਰੋਂ ਸਲਾਮ ਕਰਕੇ ਚਲਾ ਆਯਾ ਤੇ ਓ
ਸ ਦਿਨ ਤੋਂ ਬਾਬੇ ਜੀ ਨੂੰ ਔਲੀਆ, ਪੈਗੰਬਰ ਨਿਸਚੇ ਮੰਨ ਬੈਠਾ ਜਦ ਉਸ ਨੇ ਏਹ ਗੱ
ਲਾਂ ਲੋਕਾਂ ਨੂੰ ਦੱਸੀਆਂ ਤਾਂ ਸਬ ਲੋਕ ਬਾਬੇ ਨੂੰ ਅਵਤਾਰੀ ਸਮਝ ਕੇ ਮੰਨਣ ਲਗ
ਪਏ। — ਉਸ ਸਮੇ ਜੋ ਕੁਛ ਕੋਈ ਬਾਬੇ ਤੋਂ ਮੰਗਦਾ ਸੋਈ ਦੇ ਛੱਡਦੇ। ਇਕ ਦਿਨ
ਭਾਈ ਚਾਰੇ ਵਿਚ ਬਿਆਹ ਸੀ, ਕਾਲੂ ਚੰਦ ਨੇ ਮੁੰਦ੍ਰੀ, ਕੰਗਣ, ਚੌਕੀ, ਤੁੰਗਲ, ਵਾਲ੍ਹੇ ਸ
ਬ ਗਹਿਣੇ, ਕਪੜੇ ਪਾਹਿਨਾਏ, ਬਾਬਾ ਜੀ ਹੱਥ ਗੜਵਾ ਲੈਕੇ ਸੁਵੇਰੇ ਤੇ ਗਏ ਝਾੜਾਂ ਵਿ
ਚ ਠੰਗ ਫਰ ਬੈਠਾ, ਸਭ ਕੁਛ ਲਾਹਿਕੇ ਉਸੇ ਨੂੰ ਦੇ ਆਏ, ਕਾਲੂ ਚੰਦ ਬਹੁਤ ਖਿਸਿਆਯਾ
ਫੇਰ ਬਾਬੇ ਨੇ ਘਰੋਂ ਕਦੇ ਕੁਛ ਨਾ ਦਿਤਾ ਜਦ ਕੋਈ ਕੁਛ ਮੰਗੇ ਤਾਂ ਆਪਣੀ ਬੁੱਕਲ
ਵਿਚੋਂ ਗੀਕਰ ਢ ਦੇਣ ਜਾ ਰਾਇ ਬੁਲਾਰ ਵੱਨੀ ਠੀਕਰੀ ਉਤੇ ਲਿਖ ਦੇਣਾ। ਅਨੇਕ ਪ੍ਰਕ
ਾਰ ਦੇ ਰੋਗੀ ਆਉਣ, ਜਿਸ ਨੂੰ ਕੋਈ ਜੜੀ ਬੂਟੀ ਖਾਕ ਦੀ ਚੁਟਕੀ ਬਖਸ਼ ਦੇਣ ਉਹ ਰ
ਜੀ ਹੋ ਜਾਵੇ। — ਬਾਬੇ ਦੀ ਸਖਾਵਤ ਦੇਖ ਕੇ ਹਿੰਦੂ ਮੁਸਲਮਾਨ ਤਾਂ ਸਬ ਗੁਰੂ ਜੀ
ਪਾਸ ਪਾਰਸ ਜਾ ਰਸਾਇਣ ਦੱਸਦੇ ਸੇ। ਅਤੇ ਸਤਸੰਗੀ ਆਖਦੇ ਸਨ ਖਜ਼ਾਨੇ ਗੈ
ਬਦੇ ਏਨ੍ਹਾਂ ਵਾਸ੍ਤੇ ਖੁੱਲ੍ਹੇ ਹਨ।

ਇਕ ਦਿਨ ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈਕੇ ਪਾਕਪਟਨ[1] ਵਿੱਚ ਬਾਵੇ ਫਰੀਦ
ਦਾ ਮੇਲਾ ਦੇਖਨ ਚਲੇ ਗਏ, ਓਥੇ ਬਹੁਤ ਫਕੀਰਾਂ ਨਾਲ ਸ਼ਰਾ, ਤਰੀਕਤ, ਹਕੀਕਤ,
ਮਾਰਫਤ ਵਿਚ ਬਾਬੇ ਦੀ ਚਰਚਾ ਹੋਈ। ਸ਼ੇਖ ਇਬਰਾਹੀਮ ਓਥੋਂ ਦੇ ਗੱਦੀ ਨਸ਼ੀਨ ਨੇ
ਜੋ ਜੋ ਪ੍ਰਸ਼ਨ ਕੀਤੇ ਤੇ ਗੁਰੂ ਜੀ ਨੇ ਉੱਤ੍ਰ ਦਿੱਤੇ ਸੋ ਗ੍ਰੰਥ ਸਾਹਿਬ ਆਸਾ ਦੀ ਵਾਰ ਵਿੱਚ ਹ
ਨ, ਤਿੰਨ ਦਿਨ ਪਿੱਛੋਂ ਜਾਂ ਘਰ ਆਏ ਤਾਂ ਕਾਲੂ ਚੰਦ ਨੇ ਸੋਚਿਆ ਨਾਨਕ ਚੰਦ ਜੋ ਹੁਣ
ਫਕੀਰਾਂ ਦੇ ਮੇਲੇ ਦੇਖਣ ਲਗ ਪਿਆ ਹੈ ਕਦੀ ਫਕੀਰ ਨਾ ਬਣ ਜਾਵੇ ਤਾਂ ਤੇ ਏਸ ਨੂੰ ਹੱ
ਟੀ ਪਾ ਦੇਈਏ ਸੌਦਾ ਦੇਣੇ ਲੈਣੇ ਵਿਚ ਪਰਚ ਰਹੇਗਾ ਏਹ ਸੋਚ ਕੇ ੨੫) ਪੰਜੀ ਰੁਪਏ
ਗੁਰੂ ਨਾਨਕ ਜੀ ਨੂੰ ਦੇ ਕਰ ਆਖਿਆ ਕੇ ਲਾਹੌਰ ਜਾਓ ਬਹੁਤ ਨਫੇ ਵਾਲਾ ਖਰਾ ਸੌ
ਦਾ ਦੁਕਾਨਦਾਰੀ ਦਾ ਖਰੀਦ ਲਿਆਓ, ਗੁਰੂ ਜੀ ੧੫ ਬਰਸ ਦੀ ਉਮਰ ਵਿਚ ਪਿਤਾ ਦੀ
ਆਗਿਆ ਮੰਨ ਕੇ ਆਪਣੇ ਨੌਕਰ ਭਾਈ ਬਾਲੇ ਸੰਧੂ ਜੱਟ ਨੂੰ ਨਾਲ ਲੈ ਘੋੜੀ ਉੱਤੇ ਅ
ਸਵਾਰ ਹੋਏ ਤਾਂ ਫੇਰ ਕਾਲੂ ਚੰਦ ਨੇ ਤਾਕੀਦ ਕੀਤੀ ਸੌਦਾ ਬਹੁਤ ਚੰਗਾ ਨਫੇ ਵਾਲਾ ਕ

੧–ਏਥੇ ਫਰੀਦ ਦੀ ਸਮਾਧ ਹੈ ਮੁਹੱਰਮ ਦੀ ੭ ਤਾਰੀਖ ਨੂੰ ਮੇਲਾ ਭਾਰੀ ਹੁੰਦਾ ਹੈ ਤੇ ਜਾਗੀਰ ਭੀ ਇਸ ਦੇ ਸਾਥ ਹੈ।

Digitized by Panjab Digital Library | www.panjabdigilib.org

ਰਣਾ ਘਰੋਂ ਤੁਰਕੇ ਜਦ ਚੂੜਕਾਣੇ ਪਿੰਡ ਦੇ ਪਾਸ ਗਏ ਤਾਂ ਓਥੇ ਇਕ ਜਮਾਤ ਵੈਰਾਗੀ ਫਕੀਰਾਂ ਦੀ ਦੇਖ, ਘੋੜੀ ਉਤੋਂ ਉਤਰ ਬਾਬੇ ਨੇ ਉਨ੍ਹਾਂ ਨੂੰ ਮੱਥਾ ਟੇਕਿਆ, ਕੁਛ ਬਚਨ ਬਿਲਾਸ ਕਰਣੇ ਤੇ ਮਾਲੂਮ ਹੋਇਆ ਜੋ ਦੋ ਦਿਨ ਤੋਂ ਇਨ੍ਹਾਂ ਨੂੰ ਭੋਜਨ ਨਹੀਂ ਮਿਲਿਆ, ਗੁਰੂ ਜੀ ਨੇ ਬਾਲੇ ਨੂੰ ਆਖਿਆ ਭਾਈ ਬਾਲਾ ਸਾਨੂੰ ਪਿਤਾ ਦੀ ਆਗਿਆ ਹੈ ਕੇ ਬਹੁਤ ਨਫੇ ਵਾਲਾ ਖਰਾ ਸੌਦਾ ਖਰੀਦਨਾ ਸੋ ਭੁੱਖੇ ਸੰਤਾਂ ਨੂੰ ਛਕਾਉਣ ਵਰਗਾ ਹੋਰ ਕੋਈ ਖਰਾ ਸੌਦਾ, ਨਫੇ ਵਾਲਾ ਨਹੀਂ, ਬਾਲੇ ਨੇ ਆਖਿਆ ਜੀ ਆਪ ਸੱਚ ਆਖਦੇ ਹੋ, ਤਾਂ ਬਾਬਾ ਜੀ ਓਹ ਪਦਾਰਥ ਸੰਤਾਂ ਨੂੰ ਛਕਾਕੇ ਘਰ ਨੂੰ ਮੁੜ ਆਏ। ਘੋੜੀ ਘਰ ਭੇਜ ਦਿੱਤੀ ਆਪ ਪੀਲੂੰ ਦੇ ਬ੍ਰਿੱਛ ਹੇਠ ਬੈਠ ਰਹੇ ਜਿਸ ਨੂੰ ਹੁਣ ਤੰਬੂ ਸਾਹਿਬ ਆਖਦੇ ਹਨ।

ਕਾਲੂ ਚੰਦ ਏਹ ਸਾਰੀ ਕਥਾ ਬਾਲੇ ਤੋਂ ਸੁਣਕੇ ਬਹੁਤ ਗੁੱਸੇ ਹੋਯਾ ਤੇ ਜਾਇ ਕਰ ਨਾਨਕ ਚੰਦ ਨੂੰ ਤਾੜਨੇ ਲਗਾ ਤਾਂ ਬਾਬੇ ਕਿਹਾ ਪਿਤਾ ਜੀ ਤੁਸੀ ਹੁਕਮ ਦਿੱਤਾ ਸੀ, ਨਫੇ ਵਾਲਾ ਸੌਦਾ ਕਰਨਾ ਸੋ ਮੈਂ ਓਹ ਸੌਦਾ ਜਿਸ ਦਾ ਨਫਾ (ਦਹ ਦੂਨੀਆ ਸੱਤਰ ਆਖਰ) ਲੋਕ ਆਖਦੇ ਹਨ ਕੀਤਾ ਹੈ ਤਾਂ ਕਾਲੂ ਚੰਦ ਬਹੁਤ ਗੁੱਸੇ ਹੋਯਾ ਏਹ ਗਲ ਸੁਣਕੇ ਰਾਇ ਬੁਲਾਰ ਨੇ ਕਾਲੂ ਚੰਦ ਦੇ ਘਰ ਦੋ ਸੌ ਰੁਪਯਾ ਭੇਜ ਦਿੱਤਾ ਤੇ ਕਹਿਆ ਮਹਿਤਾ ਜੀ ਜੋ ਕੁਛ ਤੇਰੇ ਘਰੋਂ ਨਾਨਕ ਚੰਦ ਖਰਚ ਕਰੇ ਸੋ ਮੇਰੇ ਪਾਸੋਂ ਤੂੰ ਲੈ ਜਾਯਾ ਕਰ ਪਰ ਏਸ ਨੂੰ ਖੈਰਾਯਤ ਕਰਣੋਂ ਹਟਾਉਣਾ ਨਹੀਂ ਤੇ ਵੱਧ ਘਟ ਨਹੀਂ ਬੋਲਣਾ ਸਭ ਦੁਨੀਆਂ ਦੌਲਤ ਏਸੇ ਦੀ ਹੈ ਹੋਰ ਕਿਸੇ ਦੇ ਸਾਥ ਨਹੀਂ ਜਾਂਦੀ ਜੇਹੜਾ ਖਾਇ ਖਰਚ ਲਵੇ ਉਸੇ ਦੀ ਹੈ।

ਯੱਦਯਪਿ ਐਸੇ੨ ਹੋਰ ਭੀ ਬਹੁਤ ਖਰਚ ਗੁਰੂ ਜੀ ਕਰਦੇ ਰਹਿੰਦੇ ਜਿਸ ਕਰਕੇ ਕਾਲੂ ਚੰਦ ਤਾਂ ਹਮੇਸ਼ ਗੁੱਸੇ ਹੁੰਦਾ ਪਰ ਗੁਰੂ ਸਾਹਿਬ ਦੀ ਮਾਤਾ ਤੇ ਭੈਣ ਨਾਨਕੀ ਜੀ ਇਨ੍ਹਾਂ ਦੀ ਬਹੁਤ ਮਦਦ, ਪੱਖ ਰੱਖਦੀਆਂ ਸਨ — ਉਸੇ ਸਮੇ ਬੀਬੀ ਨਾਨਕੀ ਜੀ ਜੋ ਸੰਮਤ ੧੫੨੧ ਬਿ: ਵਿਚ ਪੈਦਾ ਹੋ ਕੇ ਸੰ: ੧੫੩੨ ਵਿਚ ਦੌਲਤ ਖਾਂ ਲੋਦੀ ਦੇ ਦੀਵਾਨ ਜੈਰਾਮ ਨਾਲ ਸੁਲਤਾਨਪੁਰ ਜੋ ਕਪੂਰਥਲੇ ਦੇ ਰਾਜ ਵਿਚ ਹੈ, ਬਯਾਹੀ ਗਈ ਸੀ ਉਸ ਨੂੰ ਲੈਣ ਵਾਸਤੇ ਜਦ ਜੈਰਾਮ ਆਯਾ, ਤਾਂ ਬਾਬੇ ਜੀ ਨੂੰ ਭੀ ਨਾਨਕੀ ਜੀ ਦੇ ਨਾਲ ਹੀ ਸੰ: ੧੫੪੪ ਬਿ: ਵਿੱਚ, ਕੱਤਕ ਦੇ ਮਹੀਨੇ ਸੁਲਤਾਨਪੁਰ ਲੈ ਗਿਆ।

ਦੀਵਾਨ ਜੈਰਾਮ ਨੇ ਬਾਬੇ ਦੀ ਬਹੁਤ ਖਬਰਦਾਰੀ ਰੱਖੀ ਅੱਤੇ ਬੀਬੀ ਸਾਹਿਬ ਤਾਂ ਉਨ੍ਹਾਂ ਦੀ ਮਹਿਮਾ ਜਾਣਦੀ ਹੀ ਸੀ ਸੇਵਾ ਟਹਿਲ ਬਹੁਤ ਕਰਦੀ ਰਹੇ ਪਰ ਜੋ ਕੁਛ ਬਾਬੇ ਨੂੰ

Digitized by Panjab Digital Library | www.panjabdigilib.org

ਖਾਣ, ਖਰਚਣ, ਪੈਨ੍ਹਣ ਵਾਸਤੇ ਦੇਣ ਬਾਬਾ ਓਹੋ ਫਕੀਰਾਂ, ਗਰੀਬਾਂ ਨੂੰ ਦੇ ਆਵੇ ਅਤੇ ਫਕੀਰਾਂ ਦੀ ਮਜਲਸ ਵਿਚ ਬੈਠਾ ਰਹੇ। ਏਸ ਲਈ ਸੰ: ੧੫੪੨ ਬਿ: ਵਿੱਚ ਦੀਵਾਨ ਜੈਰਮਨੇ ਦੌਲਤ ਖਾਂ ਲੋਦੀ ਦਾ ਮੋਦੀਖਾਨਾ ਏਹ ਸੋਚ ਕੇ ਬਾਬੇ ਨੂੰ ਦਿਵਾ ਦਿੱਤਾ ਕਿ ਇਕ ਤਾਂ ਮੋਦੀਖਾਨੇ ਦੇ ਧੰਧੇ ਵਿੱਚੋਂ ਵੇਲ੍ਹ ਨਾਂ ਹੋਣ ਕਰਕੇ ਫਕੀਰਾਂ ਦੇ ਪਾਸ ਨਾ ਫਿਰੇਗਾ, ਦੂਸਰੇ ਨਾਨਕ ਜੀ ਨੂੰ ਹੱਥੋਂ ਦੇਣ ਦਾ ਬਹੁਤ ਸੁਭਾਉ ਹੈ ਆਪਣੇ ਪਰਾਏ ਜਾਂ ਹਿੰਦੂ ਮੁਸਲਮਾਨ ਦਾ ਕੋਈ ਪੱਖ ਨਹੀਂ ਸੋ ਏਥੇ ਰਾਤ ਦਿਨੇ ਰਸਤ ਵੰਡਦੇ ਰਹਿਣਗੇ ਇੱਥੇ ਗਰੀਬਾਂ ਫਕੀਰਾਂ ਨੂੰ ਦੇਣ ਦਾ ਨਿਰਬਾਹ ਹੁੰਦਾ ਰਿਹਾ ਕਰੂ।

ਗੁਰੂ ਸਾਹਿਬ ਹਰ ਵਕਤ ਇੱਕ ਜੈਂਗਾ ਬੈਠੇ ਪੜ੍ਹਦੇ ਰਹਿੰਦੇ। ਜੋ ਭੀ ਰਸਤ ਨਵਾਬ ਦੇ ਵਾਸਤੇ ਜਾਵੇ ਓਹੋ ਜੇਹੀ ਫੌਜ ਨੂੰ ਤੇ ਬਿਗਾਰੀਆਂ, ਗਰੀਬਾਂ, ਫਕੀਰਾਂ ਨੂੰ ਭੀ ਦੇਈ ਜਾਣ, ਜੋਖਣ ਲੱਗੇ ਤੇਰਾਂ ਤੇਰਾ ਹਾਂ ਏਹੋ ਅਵਾਜ਼ ਬੋਲਦੇ ਰਹਿਣ, ਹੋਰ ਕੋਈ ਅਵਾਜ਼ ਨਾਂ ਬੋਲਣ, ਘਰ ਘਰ ਏਨ੍ਹਾਂ ਦੀ ਮਹਿਮਾਂ ਪਈ ਹੋਵੇ ਅਤੇ ਉਦਾਰਤਾ ਸੁਣ ਕੇ ਬਹੁਤ ਗਰੀਬ, ਗੁਰਬਾ, ਸਾਧ, ਫਕੀਰ ਆਵਣ ਲਗ ਪਏ ਪਰ ਏਹ ਖਾਲੀ ਕਿਸੇ ਨੂੰ ਨਾ ਜਾਣ ਦੇਣਾ। ਕਈ ਵਾਰੀ ਗੁਰੂ ਜੀ ਦੀ ਚੁੰਗਲੀ ਨੱਵਾਬ ਪਾਸ ਚੁਗਲਾਂ ਨੇ ਕੀਤੀ ਪਰ ਜਦ ਹਿਸਾਬ ਹੋਵੇ ਗੁਰੂ ਸਾਹਿਬ ਦਾ ਹੀ ਵਾਧਾ ਨਵਾਬ ਵਲ ਨਿਕਲੇ, ਚੁਗਲਾਂ ਦੇ ਮੂੰਹ ਵਿਚ ਘੱਟਾ ਪੈਂਦਾ ਰਹਾ। ਫੇਰ ਤਾਂ ਨਵਾਬ ਭੀ ਏਨ੍ਹਾਂ ਦੀ ਖੈਰਾਯਤ ਦਾ ਹਾਲ ਸੁਣ ਕੇ ਬਹੁਤ ਖੁਸ਼ੀ ਰਹੇ ਤੇ ਚੁਗਲਾਂ ਦੀ ਬਾਤ ਸੁਣਨੋ ਹਟ ਗਯਾ।

ਪਹਿਲੇ ਪਹਿਲ ਹਿਸਾਬ ਬਦਲੇ ਜਿਸ ਕੋਠੜੀ ਵਿੱਚ ਗੁਰੂ ਜੀ ਨੂੰ ਨਵਾਬ ਨੇ ਕੈਦ ਕੀਤਾ ਸੀ ਉਸ ਦਾ ਨਾਮ ਕੋਠੜੀ ਸਾਹਿਬ ਮਸ਼ਹੂਰ ਹੈ। ਹੁਣ ਉਹ ਮਕਾਨ ਦੀਵਾਨ ਰਾਮਜਸ ਕਪੂਰਥਲੇ ਵਾਲੇ ਨੇ ਬਹੁਤ ਚੰਗਾ ਬਣਵਾ ਦਿੱਤਾ ਹੈ। — ਗੁਰੂ ਸਾਹਿਬ ਮੋਦੀਖਾਨੇ ਵਿੱਚ ਸਤਸੰਗਤ, ਪਰਮੇਸ਼ੂਰ ਦੀ ਚਰਚਾ ਦਾ ਪਰਚਾ ਬਹੁਤ ਰੱਖਦੇ ਸੇ।

ਜਦ ੧੯ ਬਰਸ ਦੇ ਹੋਏ ਤਾਂ ਓਥੇ ਹੀ ਹਾੜ੍ਹ ਸੁਦੀ ੭ ਸੰ: ੧੫੪੪ ਬਿ: ਤੇ ਸੰ: ੮੯੨ ਹਿਜਰੀ ਤੇ ਸਨ ੧੪੮੭ ਈਸਵੀ ਵਿੱਚ ਗੁਰਦਾਸਪੁਰ ਦੇ ਜ਼ਿਲੇ ਪੱਖੋ ਕੇ ਪਿੰਡ ਮੂਲਚੰਦ ਚੋਣੇ ਖੱਤ੍ਰੀ ਦੀ ਬੇਟੀ ਸੁਲੱਖਣੀ ਜੀ ਦੇ ਨਾਲ ਗੁਰੂ ਨਾਨਕ ਜੀ ਦਾ ਵਿਆਹ ਹੋਇਆ ਜਿਨ੍ਹਾਂ ਦੇ ਪੇਟ ਵਿੱਚੋਂ ੫ ਸਾਉਣ ਸੰ: ੧੫੫੧ ਬਿ: ਨੂੰ ਸ਼੍ਰੀਚੰਦ ਜੀ ਤੇ ੧੯ ਫਗਣ ਸੰਮਤ

੧- ਏਸ ਜਗਾ ਦਾ ਨਾਮ ਹੁਣ ਹੱਟੀ ਸਾਹਿਬ ਕਰਕੇ ਮਸ਼ਹੂਰ ਹੈ।

Digitized by Panjab Digital Library | www.panjabdigilib.org

੧੫੪੩ ਬਿ: ਨੂੰ ਲੱਖਮੀਦਾਸ ਜੀ, ਏਹ ਦੋ ਬੇਟੇ ਗੁਰੂ ਨਾਨਕ ਜੀ ਦੇ ਘਰ ਪੈਦਾ ਹੋਏ ॥ — ।ਸੈਰੁਲ ਮੁਤਾਖਰੀਨ ਤਵਾਰੀਖ ਵਿੱਚ ਲਿਖਦਾ ਹੈ ਕਿ ਗੁਰੂ ਸਾਹਿਬ ਕਦੇ ਆਪਣੇ ਘਰ ਨਹੀਂ ਜਾਂਦੇ ਸੇ, ਹਰ ਵਕਤ ਮੋਦੀਖਾਨੇ ਵਿੱਚ ਰਸ੍ਤੁ ਦੇਂਦੇ ਯਾ ਆਤਮ ਗਿਆਨੀ ਸੰਤਾਂ ਸਾਥ ਗੋਸ਼ਟ ਕਰਦੇ ਰਹਿੰਦੇ, ਸੰਸਾਰ ਦੇ ਪਦਾਰਥ ਭੋਗਣ ਦੀ ਯਾ ਪ੍ਰਤਾਪੀਆਂ ਤੇ ਦੁਨੀਆਂ ਦੇ ਬਡੱਪਨ ਦੀ ਏਨ੍ਹਾਂ ਨੂੰ ਜ਼ਰਾ ਭੀ ਇੱਛਾ ਨਹੀਂ ਸੀ, ਤੇ ਖਾਣਾ, ਪਹਿਰਣਾ, ਸੌਣਾ ਬਹੁਤ ਥੋੜ੍ਹਾ ਕਰਦੇ ਸੇ। — ਬੀਬੀ ਨਾਨਕੀ ਜੀ ਤੇ ਦੀਵਾਨ ਜੈਰਾਮ ਨੇ ਜਦ ਬਹੁਤ ਵਾਰੀ ਗੁਰੂ ਜੀ ਨੂੰ ਕਿਹਾ ਕੇ ਆਪਣੇ ਘਰ ਪ੍ਰਸ਼ਾਦ ਛਕਿਆ ਕਰੋ ਤੇ ਰਾਤ ਨੂੰ ਘਰ ਰਿਹਾ ਕਰੋ ਤਦ ਗੁਰੂ ਜੀ ਨੇ ਉਨ੍ਹਾਂ ਦਾ ਮਤਲਬ ਸਮਝ ਕੇ ਆਪਣੀ ਇਸਤ੍ਰੀ ਨੂੰ ਦੋ ਲੌਂਗ ਖਾਣ ਨੂੰ ਦਿੱਤੇ। ਜਿਨ੍ਹਾਂ ਤੇ ਦੋ ਫਰਜ਼ੰਦ ਬਡੇ ਆਨੰਦ ਦਾਇਕ ਬੁਲੰਦ ਪ੍ਰਤਾਪ ਵਾਲੇ ਪੈਦਾ ਹੋਏ। ਜਦ ਗ੍ਰਿਸਤ ਦਾ ਫਲ ਔਲਾਦ ਹੋ ਗਈ ਤਦ ਗੁਰੂ ਸਾਹਿਬ ਸੰਸਾਰ ਦੇ ਕਾਰ ਬਿਹਾਰ ਛੋਡਣ ਦੀ ਇੱਛਾ ਕਰ, ਮੋਦੀਖਾਨੇ ਤੋਂ ਉਪਰਾਮ ਹੋਣ ਲਗ ਪਏ।

ਇਕ ਦਿਨ ਹਮੇਸ਼ ਦੀ ਤਰਾਂ ਜਦ ਬੇਈਂ ਨਦੀ ਵਿਚ ਇਸ਼ਨਾਨ ਕਰਣ ਗਏ ਤੇ ਗੋਤਾ ਲਾ
ਜਲਾਂ ਦਾ ਰਾਜਾ ਯਾ ਤਾਂ ਬਰੁਣ[1] ਦੇਵਤਾ ਜਿਸ ਨੂੰ ਖ੍ਵਾਜਾ ਖਿਜ਼ਰ ਭੀ ਆਖੀਦਾ ਹੈ, ਪਰਮੇਸ਼੍ਵਰ ਦੀ ਆਗਯਾ ਨਾਲ ਗੁਰੂ ਜੀ ਨੂੰ ਰੱਬ ਦੀ ਦਰਗਾਹ[1] ਵਿਚ ਲੈ ਗਿਆ।

ਜਦ ਗੁਰੂ ਜੀ ਬਰੁਣ ਦੇ ਸਾਥ ਗਏ ਤਾਂ ਉਸ ਦਰਵਾਜ਼ੇ ਅੱਗੇ ਬ੍ਰਹਮਾਦਿਕ, ਦੇਵਤਾ, ਰਿਖੀ ਮੁਨੀ, ਪੈਗੰਬਰ, ਅਵਤਾਰ, ਬੇਸ਼ੁਮਾਰ ਹੁਕਮੰ ਕਰਤਾਰ ਦੇ ਇੰਤਜ਼ਾਰ ਸਿਰ ਝੁਕਾਏ ਬਡੇ ਅਦਬ ਨਾਲ ਖੜੇ ਵੇਖੇ ਜਿਨ੍ਹਾਂ ਦੇ ਨਾਮ ਸਿੱਖਾਂ ਦੇ ਪੁਛਣੇ ਪਰ ਬਾਬੇ ਨੇ ਉਚਾਰੇ ਹਨ

੧—ਜਿਸ ਸਗੁਣ ਰੂਪ ਪਰਮੇਸ਼੍ਵਰ ਦਾ ਮੁਹੰਮਦੀ ਸੱਤਵੇਂ ਆਕਾਸ਼ ਤੇ ਈਸਾਈ ਪੰਜਵੇਂ ਆਕਾਸ ਵਿਚ ਨਿਵਾਸ ਮੰਨਦੇ ਹਨ ਅਤੇ ਆਖਦੇ ਹਨ (ਕ੍ਯਾਮਤ ਦੇ ਰੋਜ਼) ਪ੍ਰਲਯ ਦੇ ਦਿਨ ਉਹ ਨੂਰੀ ਤਖਤ ਉਤੇ ਬੈਠ ਕਰ ਸਭਨਾਂ ਰੂਹਾਂ ਦੇ ਕਰਮਾਂ ਦਾ ਹਿਸਾਬ ਕਰਕੇ ਆਮਲਾਂ ਦੇ ਅਨੁਸਾਰ ਰੂਹਾਂ ਨੂੰ ਭਿਸ਼ਤ ਦੋਜ਼ਖ ਦੇਵੇਗਾ; ਉਥੇ ਮੁਹੰਮਦ ਮੁਹੰਮਦੀਆਂ ਨੂੰ ਤੇ ਈਸਾ ਈਸਾਈਆਂ ਨੂੰ ਬਖਸ਼ਾਵੇਗਾ ਉਤਨਾ ਚਿਰ ਸਬ ਰੂਹਾਂ ਗੋਰਾਂ ਵਿਚ ਰਹਿਣਗੀਆਂ ਹੋਰ ਨਵੀਆਂ ਰੂਹਾਂ ਖੁਦਾ ਪੈਦਾ ਕਰਦਾ ਰੈਂਹਦਾ ਹੈ ਉਹੋ ਜਨਮ ਧਾਰਦੀਆਂ ਹਨ, ਇਕ ਵਾਰੀ ਦੇਹ ਛੋਡ ਕੇ ਫੇਰ ਉਹ ਰੂਹ ਦੇਹ ਨਹੀਂ ਧਾਰਦੀ। ਅਤੇ ਬੈਦਕ ਮਤ ਵਾਲੇ ਜੀਵ ਦਾ ਜਨਮ ਹਮੇਸ਼ ਕਰਮਾਂ ਦੇ ਅਨੁਸਾਰ ਹੁੰਦਾ ਰਹਿੰਦਾ ਮੰਨਦੇ ਹਨ ਤੇ ਉਸੇ ਸੱਤਵੇਂ ਆਕਾਸ਼ ਨੂੰ ਬੈਕੁੰਠ ਆਖਦੇ ਹਨ। ਅਤੇ ਗੁਰੂ ਕੇ ਸਿੱਖ ਸਿਪ ਉਸੇ ਨੂੰ ਸੱਚਖੰਡ ਮੰਨਦੇ ਹਨ।

Digitized by Panjab Digital Library | www.panjabdigilib.org

ਯਥਾ (ਜਿਥੇ ਬ੍ਰਹਮਾ ਬਿਸਨੁ ਸੇ ਸਿਵ ਰਾਮ ਕ੍ਰਿਸਨੁ ਬੇਅੰਤਾ ਨਾਰਦ ਸਾਰਦ ਸਨਕ ਸੇ ਵੱਤ ਮਹੰਮਦ ਜੈਤਾ ਈਸਾ ਮੂਸਾ ਗੋਰਖਾ ਦੇਵੀ ਦੇਵ ਅਪਾਰਾ ਬ੍ਯਾਸ ਨ ਸਾਬਤ ਕੱਢਈ ਸਿਰ ਨਾ ਸਕੇ ਉਭਾਰਾ ਕੁਦਰਤ ਕੇ ਬੰਦੇ ਸਭੇ ਹੁਕਮੀ ਕਾਰ ਕਮਾਹਿ ਨਾਨਕ ਤਬਕ ਬੇਅੰਤ ਕਾ ਓਹ ਮਾਲਕ ਪਤਸਾਹਿ।) ਏਸੇ ਭਾਂਤਿ ਗ੍ਰੰਥ ਸਾਹਿਬ ਮੇਂ ਭੀ ਸਬਦ ਹੈ। (ਜਿੱਤ ਦਰ ਲੱਖ ਮੁਹੰਮਦਾ ਲਖ ਬ੍ਰਹਮਾ ਬਿਸਨੁ ਮਹੇਸ ਲਖ ਲਖ ਰਾਮ ਵਡੀਗੀਰੇ ਲਖ ਰਾਹੀ ਲਖ ਵੇਸ ਲਖ ਲਖ ਓਥੇ ਗੋਰਖਾ ਜਤੀ ਅਤੇ ਸੰਨਿਆਸ) ਇਤਿਆਦੀ। — ਇਤਨੇ ਮੇਂ ਇਕ ਨੂਰੀ ਦੇਵਤਾ ਹਜੂਰੀ ਆਯਾ ਇਕੱਲੇ ਗੁਰੂ ਸਾਹਿਬ ਨੂੰ ਅੰਦਰ ਲੈ ਗਿਆ ਫੇਰ ਤਾਂ ਸੂਰਜ ਮੰਡਲ ਦੀ ਤਰਾਂ ਓਥੇ ਨੂਰ ਹੀ ਨੂਰ ਨਜ਼ਰ ਆਯਾ ਜਿਸਦੇ ਅੱਗੇ ਸੂਰਜ ਤੇ ਬਿਜਲੀਆਂ ਦਾ ਪ੍ਰਕਾਸ਼ ਭੀ ਥੋੜਾ ਹੈ। ਓਸ ਪਰਮਾਨੰਦ ਪਰਮ ਪ੍ਰਕਾਸ਼ ਦੀ ਬਾਤ ਫੇਰ ਜਦ ਸਿੱਖਾਂ ਨੇ ਪੁੱਛੀ ਹੈ ਤਾਂ ਗੁਰੂ ਸਾਹਿਬ ਨੇ ਇਉਂ ਬਚਨ ਕੀਤਾ (ਇਕ ਦੂ ਜੀਭੌ ਲੱਖ ਹੋਹਿ ਲਖ ਹੋਵਹਿ ਲਖ ਵੀਸ ਲਖ ਲਖ ਗੇੜਾ ਆਖੀਅਹਿ ਏਕ ਨਾਮ ਜਗਦੀਸ) ਜਦ ਇਤਨੀਆਂ ਜਿਹ੍ਵਾ ਕਰਕੇ ਭੀ ਓਸਦਾ ਨਾਮ ਮਾਤ੍ਰ ਬਰਨਨ ਨਾਂ ਹੋਣਾ ਗੁਰੂ ਜੀ ਆਖਦੇ ਹਨ ਤਾਂ ਹੋਰ ਕੋਈ ਕੀ ਕਹਿ ਸਕਦਾ ਹੈ। ਓਸ ਨੂਰ ਵਿਚੋਂ ਆਵਾਜ ਆਈ ਹੇ ਨਾਨਕ ਮੈਂ ਪ੍ਰਿਥਵੀ ਦੀ ਪੁਕਾਰ ਸੁਣਕੇ ਤੈਨੂੰ ਜੀਵਾਂ ਦੇ ਉਧਾਰਨੇ ਅਤੇ ਸਤਗੁਰੂ ਅਵਤਾਰ ਪ੍ਰਗਟ ਕੀਤਾ ਹੈ ਤੂੰ ਭਗਤੀ ਗਯਾਨ ਦਾ ਸੱਚਾ ਉਪਦੇਸ਼ ਦੇਕੇ ਜੀਵਾਂ ਨੂੰ ਮੁਕਤੀ ਬਖਸ਼। — ਗੁਰੂ ਜੀ ਨੇ ਵਿਤਵਿਆ ਗੁਰਮੰਤ੍ਰ, ਤੇ ਸੱਤਅ ਉਪਦੇਸ਼ ਰੂਪ ਬਾਣੀ ਦਾ ਬੀਜ ਅਲੋਆ ਤਿਸੀ ਛਿਨ (ਵਾਹਿਗੁਰੂ ਗੁਰਮੰਤ੍ਰ ਤੇ ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।) ਏਹ ਬਾਣੀ ਦਾ ਬੀਜ ਤੇ ਦਿੱਬ੍ਯ ਗਯਾਨ ਅਕਾਲ ਪੁਰਖ ਦੀ ਤਰਫੋਂ ਗੁਰੂ ਨਾਨਕ ਸਾਹਿਬ ਨੂੰ ਪ੍ਰਾਪਤ ਹੋਯਾ। ਜਿਸ ਦੀ ਖੁਸ਼ੀ ਵਿਚ ਗੁਰੂ ਸਾਹਿਬ ਚੁਪ ਕੇ ਨਾਂ ਰਹਿ ਸਕੇ ਤੇ ਬੋਲ ਉਠੇ (ਸੋ ਦਰ ਤੇਰਾ ਕੇਹਾ ਸੋ ਘਰ ਕੇਹਾ ਜਿਤੁ ਬਹਿ ਸਰਬ ਸਮਾਲੇ।) ਏਹ ਸਾਰਾ ਸਬਦ ਅਤੇ (ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੇ ਸਉਣ ਨ ਥਾਉ। ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ।) ਇਤਿਆਦਿਕ ਬਹੁਤ ਸਬਦ ਉਚਾਰਤੇ ਭਏ ਸੋ ਬਿਸਤਾਰ ਤੋਂ ਡਰਕੇ ਏਥੇ ਨਹੀਂ ਲਿਖੇ। ਪ੍ਰਭੂ ਨੇ ਆਪਣੀ ਮਹਿਮਾਂ ਦੀ ਭਰੀ ਹੋਈ ਬਾਣੀ ਸੁਣਕੇ ਬਰ ਦਿੱਤਾ ਹੇ ਨਾਨਕ ਨਿਰੰਕਾਰੀ

Digitized by Panjab Digital Library | www.panjabdigilib.org

ਜੋ ਕੋਈ ਤੇਰੀ ਬਾਣੀ ਸ਼ਰਧਾ ਭਗਤੀ ਸਾਥ ਪੜ੍ਹੇ, ਸੁਣੇਗਾ ਉਸਨੂੰ ਜਮ ਦੀ ਤਲਬ ਨਾਂ
ਹੋਊ ਅਤੇ ਜੋ ਮੰਨੇਗਾ ਉਹ ਨਿਰਸੰਸੇ ਮੇਰੇ ਪਾਸ ਨਿਵਾਸ ਲੇਵੇਗਾ, ਏਹ ਬਰ, ਉਪਦੇ
ਸ਼, ਆਗਯਾ ਲੈਕੇ ਗੁਰੂ ਸਾਹਿਬ ਤਾਂ ਉਸੇ ਹੀ ਵੇਈਂ ਵਿਚੋਂ ਆਣ ਪ੍ਰਗਟ ਹੋਏ ਪਰ ਮੋਦੀ
ਖਾਨੇ ਤੇ ਘਰ ਨਾਂ ਗਏ ਬਾਹਰ ਕਬਰਾਂ ਵਿਚ ਬੈਠ ਰਹੇ। — ਏਧਰ ਕੋਈ ਆਖੇ ਮੋਦੀਖ
ਨਾ ਫਕੀਰਾਂ ਨੂੰ ਲੁਟਾਯਾ, ਘਾਟਾ ਪਿਆ ਦੇਖ ਕੇ ਨਦੀ ਵਿਚ ਬਹਿ ਗਏ ਏਸੇ ਭ੍ਰਮ ਕਰ
ਕੇ ਦੀਵਾਨ ਜੈ ਰਾਮ ਤੇ ਨਵਾਬ ਦੌਲਤ ਖਾਂ ਨੇ ਜਾਲ ਪਵਾਏ, ਗੋਤੇ ਲਵਾਏ ਪਰ ਹੱਥ ਨਾਂ
ਆਏ ਕੋਈ ਆਖੇ ਘਾਟਾ ਪਾਕੇ ਕਿਧਰੇ ਨੱਸ ਗਯਾ, ਬੀਬੀ ਨਾਨਕੀ ਜੋ ਬਾਬੇ ਜੀ ਦੀ ਮ
ਹਿਮਾ ਜਾਣਦੀ ਸੀ ਤੇ ਹੋਰ ਭੀ ਸਤਸੰਗੀ, ਆਖਦੇ ਸੇ ਜੋ ਕਿਸੇ ਨਿਰਜਨ ਥਾਂਉਂ ਜਾ ਕੇ ਤਾੜੀ
ਲਾ ਬੈਠੇ ਹਨ ਅੰਤ ਨੂੰ ਬੀਬੀ ਜੀ ਦਾ ਕਹਿਣਾ ਹੀ ਸੱਤ ਹੋਯਾ ਤੀਸਰੇ ਦਿਨ ਬਾਬਾ ਜੀ
ਆ ਗਏ। — ਨਵਾਬ ਬਾਬੇ ਨੂੰ ਬਹੁਤ ਚਾਹੁੰਦਾ ਸੀ ਕਯੋਂਕਿ ਉਸਦਾ ਮੋਦੀਖਾਨਾ ਚੰਗਾ
ਤੋਰ ਦੇਸੇ ਨਾਲੇ ਸਦਾ ਬਰਤ ਦੇ ਕੇ ਉਸਦਾ ਜਸ ਫੈਲਾਈ ਛੱਡਦਾ ਸੀ।

ਨਵਾਬ ਨੇ ਬਥੇਰਾ ਹੀ ਚਾਹਿਆ ਪਰ ਬਾਬੇ ਨੇ ਮੋਦੀਖਾਨਾ ਕਰਨੋਂ ਸਾਫ ਜਵਾਬ ਦੇ ਦਿੱ
ਤਾ ਹਿਸਾਬ ਹੋਯਾ ਤਾਂ ੧੨੫) ਰੁਪਏ ਬਾਬੇ ਦੇ ਵਧੇ ਸੋ ਨਵਾਬ ਨੇ ਸਿਰੀਚੰਦ, ਲਖ
ਮੀਚੰਦ ਦੇ ਪਾਲਣ ਵਾਸਤੇ ਜੈਰਾਮ ਦਿਵਾਨ ਦੇ ਹੱਥ ਮਾਤਾ ਸੁਲੱਖਣੀ ਦੇ ਪਾਸ ਭੇਜ ਦਿੱ
ਤੇ। ਜਿਸ ਦਿਨ ਤੋਂ ਬਾਬੇ ਨੂੰ ਅਕਾਲਪੁਰਖ ਦਾ ਦਰਸ਼ਨ ਤੇ ਉਪਦੇਸ ਹੋਯਾ, ਉਸੇ ਦਿਨ
ਤੋਂ ਅਚਾਰਯਾਂ ਸੰਤਾਂ ਵਾਲੀ ਚਾਲ ਫੜ ਲਈ ਅਤੇ ਖਫਨੀ, ਟੋਪੀ, ਸੇਲੀ, ਅੰਚਲਾ, ਆ
ਸਾ ਏਹ ਬਾਣਾ ਭੀ ਸੰਤਾਂ ਵਾਲਾ ਧਾਰ ਲੀਤਾ। ਜੈਸਾ ਜਿਸਨੂੰ ਅਧਿਕਾਰੀ ਦੇਖਦੇ ਧਰਮ,
ਭਗਤੀ, ਗਯਾਨ ਦਾ ਉਪਦੇਸ਼, ਤੇ ਗੁਰਮੰਤ੍ਰ ਜੋ ਸੱਚਖੰਡ ਤੋਂ ਉਨ੍ਹਾਂ ਨੂੰ ਮਿਲਿਆ ਸੀ ਦੇਣ
ਲਗ ਪਏ ਤੇ ਬਾਣੀ ਭੀ ਹਕੀਕਤ (ਉਪਾਸ਼ਨਾ) ਤਰੀਕਤ (ਤਰਕ ਕਰਨਾ) ਮਾਰਫਤ
(ਗਯਾਨ) ਵਿਚ ਧਰਮ, ਅਰਥ, ਕਾਮ ਮੋਖ ਚਾਰੋ ਫਲ ਦੇਣ ਵਾਲੀ ਬਹੁਤ ਉਚਾਰਦੇ
ਸਨ ਜਿਸਨੂੰ ਸੁਣ ਕੇ ਬੜੇ ੨ ਪੰਡਿਤ, ਮੌਲਵੀ, ਫਕੀਰ ਅਚਰਜ ਰਹਿੰਦੇ। ਜੋ ਕੋਈ ਚ
ਰਚਾ ਕਰਨ ਆਉਂਦਾ, ਉਹ ਭੀ ਗੁਰੂ ਜੀ ਦੀ ਬਾਣੀ ਅੱਗੇ ਪਾਣੀ ਹੋ ਜਾਂਦਾ। ਜੋ ਕੁਛ ਕੋਈ
ਦੇ ਜਾਂਦਾ ਉਸਦਾ ਲੰਗਰ ਪਕਵਾਕੇ ਗਰੀਬਾਂ, ਫਕੀਰਾਂ ਨੂੰ ਬਰਤਵਾ ਦਿੰਦੇ, ਏਸ ਕਰ
ਕੇ ਬਹੁਤ ਭੀੜ ਭਾੜ ਬਣੀ ਰਹਿੰਦੀ।।

ਉਸ ਸਮੇ ਇਕ ਭਗੀਰਥ ਨਾਮ ਖੱਤ੍ਰੀ ਉਸੇ ਦੇਸ ਦੇ ਇਲਾਕੇ, ਮਣਸੀਹ ਪਿੰਡ ਦਾ ਰਹਿਣ

Digitized by Panjab Digital Library | www.panjabdigilib.org

ਵਾਲਾ ਬਹੁਤ ਸੰਗਤ ਲੈਕੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੋਯਾ ਸੁਲਤਾਨਪੁਰ ਆਇ ਉਤਾਰਿਆ ਏਹ ਦੇਵੀ ਦਾ ਵੱਡਾ ਮਸਹੂਰ ਭਗਤ ਸੀ ਬਾਬੇ ਦਾ ਜਸ ਸੁਣਕੇ ਦਰਸ਼ਨ ਕਰਨ ਆਯਾ ਤਾਂ ਗੁਰੂ ਜੀ ਦੀ ਬਾਣੀ, ਉਪਦੇਸ਼ ਸੁਣ ਕੇ ਪ੍ਰਤਾਪ ਸ਼ਕਤੀ ਦੇਖ ਬਾਬੇ ਦਾ ਸਿੱਖ ਬਣ ਗਿਆ, ਝੂਠੇ ਜੜ੍ਹ ਦੇਵਤਿਆਂ ਦੀ ਉਪਾਸ਼ਨਾ ਸੇਵਾ ਛੱਡ ਕੇ ਸਰਬ ਸ਼ਕਤੀਮਾਨ ਪਰਮਾਤਮ ਦੇਵ ਦੀ ਭਗਤੀ ਵਿੱਚ ਤਤਪਰ ਭਯਾ ਉਸਦੇ ਪ੍ਰੇਰੇ ਹੋਏ ਹੋਰ ਭੀ ਬਹੁਤ ਲੋਗ ਦੇਵੀ ਦੇ ਉਪਾਸ਼ਕਾਂ ਨੇ ਗੁਰੂ ਦਾ ਮਤ ਧਾਰ ਲੀਤਾ। ਗੁਰੂ ਸਾਹਿਬ ਜੋ ਮੜ੍ਹੀ ਮਸਾਣੀ, ਸੁਲਤਾਨ ਗੁੱਗਾ, ਭੈਰੋਂ ਹਨੂਮਾਨ, ਮਕਬਰੇ, ਸਮਾਧਾਂ, ਪਾਖਾਨ, ਪੂਜਾ ਤੋਂ ਹਟਾਕੇ ਸੱਚੇ ਰਸਤੇ ਪ੍ਰਭੂ ਦੀ ਭਗਤੀ ਵਿਚ ਲੋਗਾਂ ਨੂੰ ਜੋੜਦੇ ਸੇ ਏਸੇ ਕਾਰਨ ਤੋਂ ਪੰਡਿਤ, ਕਾਜ਼ੀ, ਮੌਲਵੀ ਆਪਣੀ ਜੀਵਕਾ ਵਿੱਚ ਫਰਕ ਪੈਂਦਾ ਦੇਖ ਕਰ, ਮਤਸਰ ਧਰਕੇ ਗੁਰੂ ਜੀ ਦੇ ਨਾਲ ਰਗਰਾ ਕਰਨ ਪਰ ਜੈਸੇ ਦੌਂ ਦੀ ਅੱਗ ਨਦੀ ਦੇ ਨਜ਼ਦੀਕ ਆ ਕੇ ਆਪ ਹੀ ਰਹਿ ਜਾਂਦੀ ਹੈ, ਤੈਸੇ ਗੁਰੂ ਜੀ ਦੀ ਬਾਣੀ ਅੱਗੇ ਸਭਨਾਂ ਦੀ ਮਤਸਰ ਮਿਟ ਜਾਵੇ, ਕੋਈ ਬਰਸਰਨਾ ਆਵੇ, ਸੱਚ ਹੈ। (ਬੇਦ ਕਤੇਬੀ ਬਿੱਦਿਆ ਇਹੁ ਕੀਰਨ ਕੋ ਫੇਰਾ ਅਨਭਵ ਪਾਰਸ ਕੀ ਕਣੀ ਤਾਂ ਮੈਂ ਲਾਖ ਸੁਮੇਰਾ।) – ਇਕ ਦਿਨ ਕਾਜ਼ੀਆਂ ਦੇ ਸਿਖਾਏ ਹੋਏ ਨਵਾਬ ਨੇ ਗੁਰੂ ਜੀ ਨੂੰ ਆਪਣੇ ਕਿਲੇ ਅੰਦਰ ਬੁਲਾ ਕੇ ਆਖਿਆ ਆਪ ਜੋ ਮਜ਼ਹਬੀ ਸ਼ਰਾ ਰੱਦ ਕੇ ਖੁਦਾ ਦੀ ਬੰਦਗੀ ਦਿਲਾਂਉਦੇ ਹੋ ਤਾਂ ਏਹ ਮਸੀਤ ਭੀ ਰੱਬ ਦਾ ਘਰ ਹੈ ਏਥੇ ਨਿਮਾਜ਼ ਪੜ੍ਹੋ। ਬਾਬਾ ਮਨਜ਼ੂਰ ਕਰਕੇ ਨਾਲ ਖੜ੍ਹਾ ਤਾਂ ਹੋਯਾ ਪਰ ਫੇਰ ਬੈਠ ਗਿਆ। ਨਿਮਾਜ਼ ਵਿਚ ਉਨ੍ਹਾਂ ਨੇ ਬੋਲਣਾ ਨਹੀਂ ਸੀ, ਨਿਮਾਜ਼ ਪੂਰੀ ਕਰ ਨਵਾਬ ਨੇ ਸ਼ਿਤਾਬ ਪੁੱਛਿਆ ਤਾਂ ਬਾਬੇ ਨੇ ਐਸਾ ਆਫਤਾਬ ਜਵਾਬ ਦਿਖਾਯਾ ਜੋ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ। ਬਾਬੇ ਆਖਿਆ ਨਵਾਬ ਤੂੰ ਕਾਬਲ ਵਿਚ ਘੋੜੇ ਖਰੀਦਨ ਗਯਾ ਸੀ, ਕਾਜ਼ੀ ਦੇ ਘਰ ਕੂਆ ਹੈ ਘੋੜੀ ਦੀ ਵਛੇਰੀ ਨੂੰ ਖੂਹ ਵਿਚ ਡਿੱਗਣੋ ਰੋਕਦਾ ਫਿਰਦਾ ਸੀ ਅਸੀ ਕਿਸ ਦੇ ਨਾਲ ਨਿਮਾਜ਼ ਪੜ੍ਹਦੇ ਏਹ ਬਾਤ ਸੁਣਕੇ ਨਵਾਬ ਨੇ ਆਖਿਆ ਕਾਜ਼ੀ ਜੀ ਮੇਰਾ ਮਨ ਤਾਂ ਠੀਕ ਕਾਬਲ ਘੋੜੇ ਲੈਣ ਗਿਆ ਸੀ ਤੂੰ ਆਪਣੀ ਦੱਸ ਕਾਜ਼ੀ ਨੇ ਭੀ ਵਛੇਰੀ ਵਾਲੀ ਗਲ ਮੰਨ ਲਈ ਤਾਂ ਨਵਾਬ ਨੇ ਕਿਹਾ ਜੀ ਆਪ ਵਲੀ ਅੱਲਾ ਹੋ ਮੈਂ ਖ੍ਵਾਜ ਖਿਜ਼ਰ ਦੀ ਉਪਾਸ਼ਨਾ ਕੀਤੀ, ਪਰ ਦਰਸ਼ਨ ਨਹੀਂ ਹੋਯਾ ਆਪ ਉਸ ਦਾ ਦੀਦਾਰ ਕਰਾਓ। ਗੁਰੂ ਜੀ ਨੇ ਹੱਸ ਕੇ ਆਖਿਆ ਤੈਨੂੰ ਹੀ ਖ੍ਵਾਜਾ ਬਣਾ ਦੇਈਏ, ਨਵਾਬ ਬੋ

Digitized by Panjab Digital Library | www.panjabdigilib.org

ਲਿਆ ਐਡੇ ਨਸੀਬ ਮੇਰੇ ਕਿੱਥੇ ਤਾਂ ਗੁਰੂ ਜੀ ਨੇ ਉਸ ਨੂੰ ਐਸਾ ਅਭੇਦ ਗਿਆਨ ਦ੍ਰਿੜ੍ਹ
ਯਾ ਜਿਸ ਤੋਂ ਉਹ ਖ੍ਵਾਜਾ ਖਿਜਰ ਆਦਿਕ ਸਭ ਕੁਛ ਆਪ ਹੀ ਬਨ ਗਯਾ। ਨਵਾਬ
ਨੂੰ ਅਨੰਦ ਭਯਾ ਦੇਖ ਕੇ ਕਾਜ਼ੀ ਨੇ ਭੀ ਰਾਹ ਪੁੱਛਿਆ ਤਾਂ ਬਾਬੇ ਨੇ ਉਸਦੇ ਅਧਿਕਾਰ
ਅਨੁਸਾਰ ਏਹ ਬਚਨ ਉਚਾਰੇ। ਸਲੋਕ ਮ: ੧ ।ਪੰਜਿ ਨਿਮਾਜਾਂ ਵਕਤ
ਪੰਜਿ ਪੰਜਾਂ ਪੰਜੇ ਨਾਉ। ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ। ਚੌ
ਥੀ ਨੀਯਤ ਰਾਸਿ ਮਨ ਪੰਜਵੀਂ ਸਿਫਤਿ ਸਨਾਇ। ਕਰਣੀ ਕਲਮਾ ਆਖ ਕੇ ਤਾਂ
ਮੁੱਸਲਮਾਨ ਸਦਾਇ। ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।— ਏਹ ਨਿ
ਮਾਜ਼ਾਂ ਦਾ ਤਰੀਕਾ ਸੁਨ ਕੇ ਨਵਾਬ ਨੇ ਹੋਰ ਭੀ ਖੁਸ਼ੀ ਹੋ ਕੇ ਕੁਛ ਦੌਲਤ ਤੇ ਬਸਤ੍ਰ ਭੇਟਾ
ਰੱਖੇ।—— ਕਿਲੇ ਤੋਂ ਬਾਹਰ ਜੋ ਹਿੰਦੂ ਲੋਗ ਅਤੀ ਮੈਸਾ, ਦੁਖ ਪਾ ਕੇ ਆਖ ਰਹੇ ਸੇ
ਬਾਬੇ ਨੂੰ ਅਜ ਤੁਰਕ, ਯਾ ਕੈਦ ਕੀਤਾ ਜਾਊ, ਸੋ ਜਦ ਬਾਬਾ ਦੌਲਤ ਬਸਤ੍ਰ ਲੁਟਾਉਂਦਾ
ਕਿਲੇ ਤੋਂ ਬਾਹਰ ਆਯਾ ਤਾਂ ਸਬ ਦੇ ਜੀ ਵਿਚ ਜੀ ਆਯਾ ਤੇ ਠੰਢ ਪੈ ਗਈ, ਬਾਬੇ ਨੂੰ
ਸਮਰਥ ਮੰਨ ਕੇ ਪੈਰੀਂ ਆਇ ਪਏ।

ਉਸੇ ਸਮੇਂ ਮਰਦਾਨਾ ਮਿਰਾਸੀ ਤਲਵੰਡੀ ਤੋਂ ਮਹਿਤੇ ਕਾਲੂ ਚੰਦ ਦਾ ਭੇਜਿਆ ਹੋਯਾ
ਬਾਬੇ ਦੀ ਖਬਰ ਸਾਰ ਲੈਣ ਵਾਸਤੇ ਆਯਾ, ਤਾਂ ਬਾਬੇ ਪਾਸ ਬਹੁਤ ਚੰਗਾ ਚੋਖਾ ਛਕ
ਣ ਨੂੰ ਮਿਲਦਾ ਦੇਖ ਕੇ ਓਥੇ ਈ ਟਿਕ ਪਿਆ। ਰਬਾਬ ਬਜਾਵੇ, ਸਬਦ ਗਾਵੇ, ਏਸ ਕ
ਰਕੇ ਬਾਬਾ ਜੀ ਭੀ ਉਸਦਾ ਮਾਨ ਕਰਨ ਲੱਗੇ।— ਜਦ ਗੁਰੂ ਜੀ ਪਾਸ ਲੋਗਾਂ ਦੀ
ਬਹੁਤ ਭੀੜ ਰਹਿਣ ਲਗੀ ਤੇ ਕਰਤਾਰ ਦੀ ਪ੍ਰੇਰਨਾ ਨਾਲ ਦੇਸ ਪਰਦੇਸ ਦੇ ਬਿਸੇਸ਼
ਜੀਵਾਂ ਨੂੰ ਤਾਰਣ ਵਾਸਤੇ ਫੱਗਣ ਮਹੀਨੇ ਸੰ: ੧੫੫੬ ਬਿ: ਤੇ ੩੪ ਸਾਲ ਦੀ ਉਮਰ ਵਿ
ਚ ਮਰਦਾਨੇ ਨੂੰ ਨਾਲ ਲੈ ਕਰ, ਸੁਲਤਾਨਪੁਰੋਂ ਚਲ, ਬਿਆਸ ਪਾਰ ਹੋ, ਗੋਇੰਦਵਾਲ,
ਜਿੱਥੇ ਹੁਣ ਬਾਉਲੀ ਹੈ ਓਥੇ ਬ੍ਰਿੱਛ ਹੇਠ ਆ ਬੈਠੇ, ਇੱਕ ਜੱਟ ਨੇ ਛੱਲੀਆਂ ਚਬਾਈ
ਆਂ, ਮਰਦਾਨੇ ਨੇ ਪ੍ਰੇਮ ਨਾਲ ਸ਼ਬਦ ਗਾਵਿਆ ਤੇ ਗੁਰੂ ਜੀ ਬੋਲੇ ਭਾਈ ਏਥੇ ਇਕ
ਸਤਪੁਰਖ ਬੈਠ ਕੇ ਨਾਮ ਦਾਤੇ ਅੰਨ ਦਾ ਸਦਾ ਬ੍ਰਤ ਚਲਾਵੇਗਾ, ਚੁਰਾਸੀ ਕਟੀਏਗੀ
— ਓਥੋਂ ਤੁਰ ਫਤਿਹਾਬਾਦ ਰਾਤ ਕੱਟ ਕੇ ਸੁਲਤਾਨਪਿੰਡ ਦੀ ਜੂਹ ਵਿਚ ਇਕ ਢਾਬ
ਦੇ ਕਿਨਾਰੇ ਚੰਗੀ ਛਾਯਾ ਦੇਖ ਬਿਰਾਜ ਰਹੇ ਜਿੱਥੇ ਹੁਣ ਅੰਮ੍ਰਿਤਸਰ ਹੈ। ਜੱਟ ਏ
ਨ੍ਹਾਂ ਨੂੰ ਫਕੀਰ ਜਾਣ ਕੇ ਖੀਰ ਤੇ ਮੰਡੇ ਲੈ ਆਏ, ਮਰਦਾਨੇ ਨੇ ਛਕ, ਖੁਸ਼ੀ ਹੋ ਬਹੁਤ ਸਬ

Digitized by Panjab Digital Library | www.panjabdigilib.org

ਦਗਾਏ, ਗੁਰੂ ਜੀ ਬੋਲੇ ਏਥੇ ਭੋਗ ਮੋਖ ਦਾ ਪ੍ਰਵਾਹ ਚੱਲੂ। — ਓਥੋਂ ਅੱਗੇ ਰਾਮਨੌਮੀ ਦਾ ਮੇਲਾ ਰਾਮਤੀਰਥ ਜਾ ਕੀਤਾ ਖਲਕਤ ਅਤੇ ਫਕੀਰ ਬਹੁਤ ਆਏ ਚਰਚਾ ਹੋਈ ਬਾਬੇ ਨੇ ਪ੍ਰਧਾਨ ਮੱਲ ਜੀਤਨ ਨਆਇ ਕਰਕੇ ਓਥੋਂ ਦੇ ਮਹੰਤ ਰਾਮਚਰਨਦਾਸ ਪੰਡਿਤ ਨੂੰ ਜੋ ਓਦੋਂ ਸਿੱਧ ਪ੍ਰਸਿੱਧ ਬਨ ਰਿਹਾ ਸੀ ਓਸਦੇ ਫੋਕਟ ਕਰਮ ਦੇਖਾਵਣ ਲਈ ਏਹ ਸਬਦ ਉਚਾਰ ਸੁਨਾਯਾ ( ਆਗੈ ਰਾਖਿਓ ਸਾਲਗਿਰਾਮ। ਮਨ ਕੀਨੋ ਦਹ ਦਿਸ ਬਿਸ੍ਰਾਮ। ਤਿਲਕ ਚਰਨ੍ਹ ਵਹਿ ਪਾਂਈ ਪਾਇ। ਲੋਕ ਪਚਾਰਾ ਅੰਧ ਕਮਾਇ। ਖਟ ਕਰਮਾ ਅਰ ਆਸਣ ਧੋਤੀ। ਭਾਗਠ ਗ੍ਰਿਹ ਪੜੈ ਨਿਤ ਪੋਥੀ। ਮਾਲਾ ਫੇਰੈ ਮੰਗੈ ਬਿਭੂਤਿ। ਇਹ ਬਿਧਿ ਕੋਇ ਨ ਤਰਿਓ ਮੀਤ। ਸੋ ਪੰਡਿਤ ਜੋ ਸਬਦ ਕਮਾਇ। ਨਾਨਕ ਤਿਸ ਕੀ ਪਾਈ ਪਾਇ। ) ਐਸੇ ੨ ਹੋਰ ਭੀ ਸਬਦ ਉਚਾਰੇ ਜਿਨ੍ਹਾਂ ਨੂੰ ਸੁਣ ਕੇ ਬਹੁਤ ਲੋਗ ਗੁਰੂ ਦਾ ਸੱਚਾ ਮਤ ਮੰਨ ਕੇ ਸਿੱਖ ਹੋ ਗਏ। — ਏਸੇ ਤਰਾਂ ਮਾਝੇ ਦੇਸ ਵਿਚ ਕਈ ਮਹੀਨੇ ਫਿਰ ਕਰਕੇ ਸੰਤਾਂ ਭਗਤਾਂ ਨੂੰ ਦੀਦਾਰ ਦਿੱਤੇ, ਅਨੰਤ ਜੀਵਾਂ ਦੇ ਉਧਾਰ ਕੀਤੇ। ਖਾਲੜੇ ਪਿੰਡ ਤੋਂ ਚਲ ਕੇ ਲਾਹੌਰ ਜਵਾਹਰ ਮੱਲ ਦੇ ਚੁਹੱਟੇ ਵਿਚ, ਖੂਹ ਦੇ ਪਾਸ, ਪਿੱਪਲ ਹੇਠ ਰਾਤ ਗੁਜ਼ਾਰੀ ਓਥੇ ਕਸਾਈ ਬਹੁਤ ਜੀਵਾਂ ਦਾ ਘਾਤ ਕਰਦੇ ਦੇਖੇ ਤਾਂ ਬੋਲੇ (ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ) ਤਾਂ ਬਹੁਤ ਲੋਗ ਗੁਰੂ ਜੀ ਪਾਸ ਆਉਣ, ਹਿੰਦੂ ਤੁਰਕ ਚਰਚਾ ਕਰ ਵਾਹ ੨ ਆਖਦੇ ਹੋਏ ਤੁਰ ਜਾਣਾ ਗੁਰੂ ਜੀ ਦਾ ਮਤ ਕੋਈ ਖੰਡ ਨਾ ਸਕੇ ਕਯੋਂਕੇ ਗੁਰੂ ਜੀ ਬਿਨਾ ਭਗਤੀ, ਗਯਾਨ ਹੋਰ ਕੰਮਾਂ ਨੂੰ ਨਿਕੰਮਾ ਬਤਉਂਦੇ ਸੇ ਜੋ ਸਬ ਨੂੰ ਮੰਨਣਾਂ ਪੈਂਦਾ ਸੀ॥

ਸੱਯਦ ਅਹਿਮਦ ਤਕੀ ਸਿਕੰਦਰ ਲੋਦੀ ਬਾਦਸ਼ਾਹ ਦਾ ਮੁਰਸ਼ਦ ਜੋ ਸੰ: ੯੩੨ ਹਿਜਰੀ ਨੂੰ ਉੱਚ ਪਿੰਡ ਵਿਚ ਮਰਿਆ ਸੀ ਤੇ ਓਸਦੀ ਕਬਰ ਭੀ ਓਥੇ ਮੰਨੀ ਦੀ ਹੈ। ਜਿਸਦੇ ਆਖੇ ਹੋਏ ਸਿਕੰਦਰ ਨੇ ਕਬੀਰ ਜੀ ਨੂੰ ਬੰਨ੍ਹ ਕੇ ਗੰਗਾ ਵਿਚ ਅਤੇ ਨਾਮਦੇਵ ਨੂੰ ਹਾਥੀ ਅੱਗੇ ਸਿੱਟਯਾ, ਹੋਰ ਅਨੇਕ ਹਿੰਦੂ ਕਤਲ ਤੇ ਤੁਰਕ ਕਰੇ ਸੇ ਫਕੀਰਾਂ, ਮੌਲਵੀਆਂ ਨੂੰ ਸਾਥ ਲੈ ਚਰਚਾ ਕਰਨ ਆ ਲੱਗਿਆ। ਭਲਾ ਸ਼ਰਾ ਦੇ ਜਾਲ ਵਿਚ ਬੰਧੇ ਹੋਏ ਬਟੇਰੇ ਆਕਾਸ਼ਚਾਰੀ ਹੰਸਾ ਨਾਲ ਕਿਕੂੰ ਉਡ ਸਕਦੇ ਸਨ, ਆਖਰ ਹਾਰ ਕੇ ਕਦਮ ਫੜ ਲਏ। ਏਸੇ ਕਰਕੇ ਸੈਂਕੜੇ ਲੋਗ ਲਾਹੌਰੀ ਬਾਬੇ ਦੇ ਸੇਵਕ ਬਣ ਗਏ।

ਬੀਸੱਕ ੨੦ ਦਿਨ ਓਥੇ ਰਹਿ ਕੇ ਬਾਬਾ ਜੀ ਨੇ ਅਨੇਕ ਜਗਾ ਸੈਲ ਕਰ ਭਾਈ ਲਾਲੋ ਤਖਾਣ

Digitized by Panjab Digital Library | www.panjabdigilib.org

ਭੁਕ੍ਰਤੀ ਮਹਿਮਾ ਸੁਣ ਕੇ ਏਮਨਾਬਾਦ ਉਸਨੂੰ ਜਾਇ ਦਰਸ਼ਨ ਦਿੱਤਾ। ਜਿੱਥੇ ਹੁਣ ਰੋੜੀ ਸਾਹਿਬ ਗੁਰਦੁਆਰਾ ਹੈ ਉਥੇ ਤਲਾਬ ਦੇ ਕਿਨਾਰੇ ਰੋੜਾਂ ਦੇ ਬਿਸਤ੍ਰੇ ਪਰ ਤਪ ਕਰਨ ਲਗੇ। ਦਰ ਦੂਰ ਦੇਸ ਦੇ ਹਿੰਦੂ ਮੁਸਲਮਾਨ ਰੱਬ ਦੇ ਸ਼ੌਕ ਵਾਲੇ ਸਭ ਬਾਬੇ ਦੇ ਸੰਗਤੀ ਹੋਗਏ, ਰਾਤ ਦਿਨੇ ਭੀੜਾਂ ਲੱਗੀ ਰਹੇ, ਮੁਸਲਮਾਨ ਨਾਨਕ ਸ਼ਾਹ ਤੇ ਹਿੰਦੂ ਨਾਨਕ ਤਪਾ ਯਾ ਨਾਨਕ ਨਿਰੰਕਾਰੀ ਬੋਲਦੇ ਸੇ। ਉਸ ਸਮੇ ਕਨਪਾਟੇ ਜੋਗੀ ਤਾਂ ਅਸ਼ਟਾਂਗ ਜੋਗ ਦੀ ਪ੍ਰਕ੍ਰਿਯਾ, ਨੇਤੀ, ਧੋਤੀ, ਪ੍ਰਣਾਮ ਵਿਖੇ ਲੋਗਾਂ ਨੂੰ ਲਾਉਂਦੇ ਜਿਨ੍ਹਾਂ ਨੂੰ ਕਰਨ ਵਾਲੇ ਲੋਗ ਬਹੁਤ ਰੋਗੀ ਹੋ ਮਰ ਜਾਂਦੇ। ਸਾਧਨ ਤਾਂ ਕਰਦੇ ਰਹਿੰਦੇ ਪਰ ਸਿਰੇ ਕੋਈ ਨਹੀਂ ਚੜ੍ਹਦਾ ਸੀ, ਅਕਾਰਥ ਹੀ ਉਮਰ ਗਵਾਉਂਦੇ। ਕ੍ਯੋਂਕਿ ਅਸ਼ਟਾਂਗ ਜੋਗ ਦਾ ਸਮਾਂ ਨਹੀਂ ਸੀ ਤੇ ਨਾਂ ਗ੍ਰਿਹਸਤੀ ਦੇ ਕਰਨ ਦਾ ਹੈ। — ਬੈਰਾਗੀ ਫਕੀਰ ਪਾਹਨ ਪੂਜਨ ਵਿਚ ਜੋੜ ਰਹੇ ਸਨ, ਸੰਨਿਆਸੀ ਆਖਦੇ ਸੇ ਗ੍ਰਿਹਸਤ ਤਜ ਜਾਓ, ਮੰਗ ਕੇ ਖਾਓ, ਦਰ ਦਰ ਦੇ ਕੁੱਤੇ ਭੁਕਾਓ, ਸ਼ਿਵਲਿੰਗ ਮਨਾਓ, ਤਾਂ ਸਿੱਧ ਲੋਕ ਪਾਓ। — ਉਸ ਵਕਤ ਏਨ੍ਹਾਂ ਤਿੰਨਾਂ ਪੰਥਾਂ ਦਾ ਜ਼ੋਰ ਸੀ ਸੋ ਅੰਧ ਘੋਰ ਦੇ ਕਠੋਰ ਰਸਤੇ ਲੋਗਾਂ ਨੂੰ ਤੋਰਦੇ ਸੇ ਜਿਸ ਤੇ ਉਨ੍ਹਾਂ ਦਾ ਜਨਮ ਬਿਰਥਾ ਹੀ ਜਾਂਦਾ ਸੀ। ਏਹੋ ਵੀਚਾਰ ਕੇ ਉਨ੍ਹਾਂ ਖੁੰਦ੍ਹਾਂ ਵਾਲੇ ਅਤੀ ਕੰਟਕ ਖੋਟੇ ਮਾਰਗਾਂ ਦੇ ਕਲੇਸ਼ ਤੋਂ ਜੀਵਾਂ ਨੂੰ ਬਚਾਉਣ ਲਈ ਪਰਮ ਦਯਾਲੂ ਸ੍ਰੀ ਗੁਰੂ ਨਾਨਕ ਸਾਹਿਬ ਨੇ ਪਰਮੇਸ਼ਰ ਦੀ ਭਗਤੀ, ਗਿਆਨ ਦੇ ਸੱਚੇ, ਸੂਧੇ, ਸੁਖਾਲੇ ਰਸਤੇ ਚਲਾਇ ਕੇ ਜੀਵਾਂ ਨੂੰ ਮੁਕਤੀ ਦੇ ਅਧਿਕਾਰੀ ਕਰ ਦਿੱਤਾ।

ਗੁਰੂ ਸਾਹਿਬ ਜੋ ਪਖੰਡੀਆਂ ਦੇ ਪਾਖੰਡ, ਕਪਟ, ਜ਼ਾਹਿਰ ਕਰਕੇ ਭੇਖੀ, ਸ਼ਰਈ ਲੋਗਾਂ ਦੇ ਜਾਲ ਵਿੱਚੋਂ ਜੀਵਾਂ ਨੂੰ ਛੁਡਾਂਉਂਦੇ ਸੇ ਏਸ ਕਰਕੇ ਕਾਜ਼ੀ, ਪੰਡਿਤ, ਸਾਰੇ ਹੀ ਬਾਬੇ ਜੀ ਦੇ ਨਾਲ ਦ੍ਵੈਸ਼ ਠਾਨ ਕੇ ਚਰਚਾ ਕਰਨ ਆਵੇਂ ਤੇ ਹਾਰ ਮੰਨ ਕੇ ਚਲੇ ਜਾਵੇਂ। ਜਦ ਉਨ੍ਹਾਂ ਦੀ ਹੋਰ ਕੋਈ ਪੇਸ਼ ਨਾ ਗਈ ਤਾਂ ਭਾਗ ਮੱਲ ਖੱਤ੍ਰੀ ਜੋ ਉਥੋਂ ਦੇ ਹਾਕਮ ਪਠਾਣ ਨਵਾਬ ਜ਼ਾਲਮ ਖਾਨ ਦਾ ਕਾਰਦਾਰ ਸੀ ਕੁਛ ਤਾਂ ਹਿੰਦੂ ਭੇਖੀਆਂ ਤੇ ਬ੍ਰਾਹਮਣਾਂ ਨੇ ਉਸਨੂੰ ਸਿਖਾਇ ਭੜਕਾਇ ਲਾਲ ਕੀਤਾ ਤੇ ਕੁਛ ਕਾਜ਼ੀਆਂ ਨੇ ਨਵਾਬ ਨੂੰ ਸਿਖਾਯਾ ਜਿਸ ਤੇ ਉਹ ਭੀ ਰਿੱਕਸ ਰੱਖਣ ਲਗਾ। — ਸ਼ਹਿਰ ਦੇ ਖੱਤ੍ਰੀ ਬ੍ਰਾਹਮਣ ਤਾਂ ਪਹਿਲੇ ਹੀ ਬਾਬੇ ਨੂੰ ਕੁਰਾਹੀ ਦਸਦੇ ਸੇ ਫੇਰ ਤਾਂ ਜੇ ਕਦੀ ਮਰਦਾਨਾ ਸ਼ਹਿਰ ਵਿਚ ਜਾਵੇ ਯਾ ਹੋਰ ਕੋਈ ਸੰਤ ਜੋ ਬਾਬੇ ਪਾਸ ਕੱਠੇ ਹੋ ਰਹੇ ਸੇ ਜਾਵੇਂ ਤਾਂ ਸ਼ਹਿਰੀ, ਖੱਤ੍ਰੀ, ਬ੍ਰਾਹਮਣ, ਫਕੀਰ, ਤੁਰਕ ਉਨ੍ਹਾਂ ਦੀ ਨਿ

Digitized by Panjab Digital Library | www.panjabdigilib.org

ਰਾਦਰੀ ਤੇ ਬਾਬੇ ਦੀ ਨਿੰਦਾ ਕਰਨਾ। ਜੱਦ ਆਪਿ ਓਹੁ ਆਇਕੇ ਸੁਣਾਉਣ ਪਰ ਗੁਰੂ ਜੀ ਸ
ਦਾ ਹੀ ਸਮ ਸੀਤਲ ਹੀ ਰਹਿਣਾ। ਛੇਕੁ ਮਹੀਨੇ ਓਥੇ ਰਹਿਕੇ ਉੱਗ੍ਰ ਤਪ ਕੀਤਾ, ਫਕੀਰਾਂ
ਦੇ ਸਿਰੜ ਧਾਰਿਆਂ ਦੇ ਬਾਹਣ ਇੱਕੋ ਜੇਹੇ ਹੁੰਦੇ ਹਨਾ। ਓਹ ਬਾਹੀ ਲੋਗ ਦੂਰੋਂ ਹੀ ਉਠਾ
ਯਾ ਚਾਹੁਣ ਪਰ ਬਾਬੇ ਦੇ ਤਪ ਤੇਜ ਤੋਂ ਡਰਦਾ ਕੋਈ ਨਜ਼ੀਕ ਨਾਂ ਆਵੇ, ਓਨ੍ਹਾਂ ਦੇ ਮੰਦੇ ਦਿ
ਨ ਆਏ ਜੋ ਸੰਤਾਂ ਨਾਲ ਵੈਰ ਵਧਾਏ। — ਓਸੇ ਸਮੇ ਭਾਗਮੱਲ ਨੇ ਆਪਣੇ ਬੇਟੇ ਦੀ
ਸ਼ਾਦੀ ਪਰ ਬ੍ਰਹਮ ਭੋਜ ਕੀਤਾ, ਓਸ ਵਿਚ ਜਦ ਬੁਲਾਏ ਹੋਏ ਬਾਬਾ ਜੀ ਨਾਂ ਗਏ ਤੇ ਹੋਰ ਜੋ
ਬਾਬੇ ਦੇ ਪਾਸ ਰਹਿਨ ਵਾਲੇ ਫਕੀਰ, ਗਰੀਬ ਗਏ, ਓਨ੍ਹਾਂ ਨੂੰ ਕੁਰਾਹੀਏ ਸੰਗੀ ਕਹਿਕੇ ਪੰ
ਗਤੋਂ ਉਠਾਇ ਦਿੱਤਾ। ਕੁਛ ਤਾਂ ਆਪਣੇ ਸਾਥੀ ਸੰਤਾਂ ਦੀ ਨਿਰਾਦਰੀ ਸੁਣਕੇ ਬੋਲੇ ( ਖੱਤ੍ਰੀ
ਆਂ ਤਾ ਧਰਮ ਛੋਡਿਆ ਮਲੇਛ ਭਾਖਾ ਗਹੀ। ਸ੍ਰਿਸ੍ਰਟ ਸਭ ਇਕ ਬਰਨ ਹੋਈ ਧਰਮ ਕੀ
ਗਤਿ ਰਹੀ। ) ਅਗਲੇ ਦਿਨ ਕਚੈਹਰੀ ਵਿਚ ਭਾਗ ਮੱਲ ਨੇ ਗੁਰੂ ਨੂੰ ਬੁਲਾਇਕੇ ਵੱਧ
ਘਟ ਬੋਲਕੇ ਆਖਿਆ ਉੱਤਮ ਜਾਤਿ ਖੱਤ੍ਰੀ ਦੇ ਬ੍ਰਹਮ ਭੋਜ ਵਿਚ ਤੂੰ ਭੋਜਨ ਨਹੀਂ ਖਾਂਦਾ
ਤੇ ਖੱਤ੍ਰੀ ਦਾ ਪੁੱਤ੍ਰ ਹੋਕੇ ਨੀਚ ਜਾਤਿ ਲਾਲੋ ਤਖਾਣ ਦੇ ਘਰ ਰੋਟੀ ਖਾਂਦਾ ਹੈਂ, ਬਾਬੇ ਆਖਿਆ
ਤੂੰ ਗਰੀਬਾਂ ਨੂੰ ਦੁਖ ਦੇਕੇ ਵੱਢੀ ਲੈਕੇ ਜ਼ੁਲਮ ਦੀ ਦੌਲਤ ਜੋੜ ਕੇ ਰੋਟੀ ਕੀਤੀ, ਸੋ ਐਸਾ
ਰਾਜ ਅੰਸ ਸਾਧੂ ਕੋ ਰਕ੍ਤ ਸਮਾਨ ਹੈ। ਮਿਹਨਤ ਦਾ ਟੁੱਕਰ ਭਾਈ ਲਾਲੋ ਦਾ ਦੂਧ ਸ
ਮ ਹੈ ਏਹ ਸੁਣ ਕੇ ਲਾਲ ਅੱਖੀ ਕਰੋਧ ਕਰ ਓਸਨੇ ਆਖਿਆ ਦੇਖਾਇ ਦੇਹ ਨਹੀਂ ਤਾਂ ਸ
ਜ਼ਾ ਹੋਵੇਗੀ, ਬਾਬੇ ਨੇ ਦੋਹਾਂ ਦੇ ਘਰ ਦੀ ਰੋਟੀ ਲੈ ਕੇ ਦਬਾਈ ਤਾਂ ਲਾਲੋ ਦੀ ਰੋਟੀ ਵਿੱਚੋਂ ਦੁੱਧ
ਤੇ ਭਾਗ ਮਲ ਦੀ ਰੋਟੀ ਵਿੱਚੋਂ ਲਹੂ ਨਿਕਲ ਪਿਆ, ਦੇਖ ਕੇ ਉਲਟਾ ਜਾਦੂਗਰ ਪਾਖੰ
ਡੀ ਕਹਣ ਲੱਗਾ, ਲਾਲੋ ਭਗਤ ਦੀ ਭੀ ਬਹੁਤ ਨਿਰਾਦਰੀ ਕੀਤੀ। ਭਗਤਾਂ ਦੀ ਬੇ ਅ
ਦਬੀ ਪਰਮੇਸ਼ੁਰ ਸੰਤ ਨਹੀਂ ਸਹਾਰ ਸਕਦੇ ਏਸ ਕਰਕੇ ਭੀ ਕੋਪ ਹੋਏ ਪਰ ਪਠਾਣਾਂ
ਦੇ ਜ਼ੁਲਮਾਂ ਤੋਂ ਅਧਿਕ ਦੁਖੀ ਹੋਈ ਪ੍ਰਜਾ ਦੀ ਪੁਕਾਰ ਜੋ ਰੋਜ਼ ੨ ਸੁਣ ਰਹੇ ਸੇ ਓਸ ਦੇ
ਚਿਤਵਣ ਤੇ ਬਾਬੇ ਨੂੰ ਆਕਾਸ਼ ਬਾਣੀ ਹੋਈ। ਜਿਸਦਾ ਮਤਲਬ ਓਨ੍ਹਾਂ ਨੇ ਭਾਈ ਲਾ
ਲੋ ਨੂੰ ਸਬਦ ਵਿਚ ਪ੍ਰਗਟ ਕੀਤਾ। ਯਥਾ ਸਬਦ ( ਜੈਸੀ ਮੈ ਆਵੈ ਖਸਮ ਕੀ ਬਾ
ਣੀ ਤੈਸੜਾ ਕਰੀ ਗਿਆਨੁ ਵੇ ਲਾਲੋ। ਪਾਪ ਕੀ ਜੰਞ ਲੈ ਕਾਬਲੋਂ ਧਾਇਆ ਜੋਰੀ
ਮੰਗੈ ਦਾਨੁ ਵੇ ਲਾਲੋ। ਸਰਮ ਧਰਮ ਦੁਇ ਛਪਿ ਖਲੋਤੇ ਕੂੜੁ ਫਿਰੈ ਪਰਧਾਨੁ ਵੇ
ਲਾਲੋ। ਕਾਜੀਆਂ ਬਾਮਣਾ ਕੀ ਗਲ ਥੱਕੀ ਅਗਦੁ ਪੜੈ ਸੈਤਾਨੁ ਵੇ ਲਾਲੋ। ਮੁ

Digitized by Panjab Digital Library | www.panjabdigilib.org

ਸਲਮਾਨੀਆਂ ਪੜ੍ਹਹਿ ਕਤੇਬਾਂ ਕਸ੍ਟ ਮੈਂ ਕਰਹਿ ਖੁਦਾਇ ਵੇ ਲਾਲੋ। ਜਾਤਿ ਸਨਾਤੀ ਹੋਰ ਹਿੰਦਵਾਣੀਆਂ ਏਹ ਭੀ ਲੇਖੈ ਲਾਇ ਵੇ ਲਾਲੋ। ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰੱਤ ਕਾ ਕੁੰਗੂ ਪਾਇ ਵੇ ਲਾਲੋ। ਸਾਹਿਬ ਕੇ ਗੁਣ ਨਾਨਕ ਆਖੇ ਮਾਸ ਪੁਰੀ ਵਿਚ ਆਖ ਮਸੋਲਾ। ਜਿਨ ਉਪਾਈ ਰੰਗ ਰਵਾਈ ਬੈਠਾ ਵੇਖੇ ਵੱਖ ਇਕੇਲਾ। ਸਚਾ ਸੋ ਸਾਹਿਬ ਸੱਚ ਤਪਾਵਸ ਸੱਚੜਾ ਨਿਆਂਉ ਕਰੇਗੁ ਮਸੋਲਾ। ਕਾਯਾ ਕਪੜ ਟੁਕ ਟੁਕ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ। ਆਵਨ ਅਠੱਤ੍ਰੇ ਜਾਨ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲਾ। ਸੱਚ ਕੀ ਬਾਣੀ ਨਾਨਕ ਆਖੇ ਸਚ ਸੁਣਾਇਸੀ ਸਚ ਕੀ ਬੇਲਾ।) ਗੁਰੂ ਜੀ ਬੋਲੇ ਹੇ ਭਾਈ ਲਾਲੋ ਏਨ੍ਹਾਂ ਹਾਕਮਾਂ ਦੇ ਪਾਪਾਂ ਤੇ ਜ਼ੁਲਮਾਂ ਦਾ ਫਲ ਦੇਣ ਵਾਸਤੇ ਗਿਲਜ਼ਿਆਂ ਦੀ ਫੌਜ ਲੈਕੇ ਬਾਬਰ ਬਾਦਸ਼ਾਹ ਕਾਬਲ ਦੀ ਤਰਫੋਂ ਆ ਕੇ ਏਨ੍ਹਾਂ ਪਠਾਣਾ ਦਾ ਸੱਤਿਆਨਾਸ ਕਰ ਆਪ ਬਾਦਸ਼ਾਹ ਦਿੱਲੀ ਦਾ ਬਣੇਗਾ। ਏਹ ਭਵਿੱਖਤ ਬਚਨ ਜੋ ਸੰ: ੧੫੫੭ ਵਿਚ ਬਾਬੇ ਨੇ ਕੀਤਾ ਸੋ ਐਨ ਸੱਚ ਵਰਤਿਆ।

ਚੁਗਤਾ ਮੁਗਲ ਸਮਰਕੰਦ ਵਾਲਾ ਮੀਰ ਤੈਮੂਰ ਉਸੇ ਦਾ ਪੜੋਤਾ ਬਾਬਰ ਸ਼ਾਹ ਜੋ ਪਹਿਲੇ ਸੰ: ੧੫੭੪ ਵਿਚ ਆਕੇ ਅਟਕ ਤਕ ਮੁਲਕ ਫਤੇ ਕਰ ਗਿਆ ਸੀ ਫੇਰ ਸੰ: ੧੫੭੬ ਵਿਚ ਕਾਸ਼ਮੀਰ, ਜੰਮੂ, ਰਾਵੀ ਤਕ ਪੰਜਾਬ ਜਦ ਫਤੇ ਕੀਤਾ ਤਾਂ ਖਬਰ ਆਈ ਬਦਖਸ਼ਾਂ ਵਾਲਾ ਬਾਦਸ਼ਾਹ ਸਮਰਕੰਦ ਪਰ ਚੜ੍ਹ ਆਯਾ ਹੈ ਏਹ ਸੁਣਕੇ ਮੁੜ ਗਿਆ। ਤੀਜੀ ਵਾਰੀ ਸੰ: ੧੫੭੮ ਵਿਚ ਫੇਰ ਆਯਾ ਅਸੂ ਵਿਚ ਏਮਨਾਬਾਦ ਕਤਲ ਕੀਤਾ, ਲੁਟਿਆ ਉਦੂ ਪਹਿਲੇ ਏਸ ਦਾ ਨਾਮ ਸੈਦਪੁਰਾ ਸੀ ਜੋ ਸੰ: ੧੨੬੨ ਵਿੱਚ ਸੈਦਖਾਨ ਪੰਜਾਬ ਦੇ ਹਾਕਮ ਨੇ ਬਸਾਯਾ ਸੀ, ਫੇਰ ਉਜੜ ਗਿਆ ਹੋਯਾ ਸੰਮਤ ੧੪੪੪ ਫੀਰੋਜ਼ ਸ਼ਾਹ ਤੁਗਲਕ ਬਾਦਸ਼ਾਹ ਦੀ ਦੰਈ ਏਮਨੇ ਨੇ ਆਬਾਦ ਕਰਕੇ ਏਮਨਾਬਾਦ ਨਾਮ ਰੱਖਿਆ। ਬਾਬਰ ਪਾਣੀਪਤ ਦੇ ਮੈਦਾਨ ਵਿੱਚ ਇਬਰਾਹੀਮ ਲੋਦੀ ਨੂੰ ਫਤੇ ਕਰਕੇ ਮੱਘਰ ਦੇ ਮਹੀਨੇ ਦਿੱਲੀ ਦਾ ਬਾਦਸ਼ਾਹ ਬਣ ਗਿਆ। ਫੇਰ ਸੰ: ੧੫੮੭ ਵਿੱਚ ਪੋਹ ਦੇ ਮਹੀਨੇ ਬਾਬਰ ਦੇ ਮਰਨੇ ਬਾਦ ਉਸ ਦਾ ਬੇਟਾ ਹਿਮਾਂਊਂ ਤਖਤ ਪਰ ਬੈਠਾ, ਜਿਸਨੂੰ ਸੰ: ੧੫੯੭ ਵਿਚ ਸ਼ੇਰ ਸ਼ਾਹ ਪਠਾਣ ਨੇ ਹਿੰਦੁਸਤਾਨ ਵਿੱਚੋਂ ਕੱਢ ਦਿੱਤਾ ਸੀ, ਇਕ ਤਾਂ ਏਸ ਤਰਾਂ (ਆਵਨ ਅਠੱਤ੍ਰੇ ਜਾਨ ਸਤਾਨਵੇ) ਏਹ ਬਚਨ ਗੁਰੂ ਜੀ ਦਾ ਸੱਤ ਹੋਯਾ। ਪਰ ਫੇਰ ਜਦ ਗੁਰੂ ਅੰਗਦ ਸਾਹਿਬ ਦੇ ਬਰ ਕਰਕੇ ਈਰਾਨ ਵਾਲੇ ਬਾਦਸ਼ਾਹ ਦੀ ਮਦਦ ਨਾਲ ਹਿਮਾਂਊਂ ਨੇ ਸੰ ੧੬੧੨ ਵਿੱਚ ਮੁੜ ਦਿੱਲੀ ਦੀ ਬਾਦਸ਼ਾਹੀ ਮੁਹੰਮਦ ਸ਼ਾਹ ਅਦਲੀ ਬਾਦਸ਼ਾਹ ਪਾਸੋਂ ਜਿਸ ਦਾ ਵਜ਼ੀਰ ਹੇਮੂ ਬਾਣੀਆ ਸੀ ਜਿਸਨੇ ਆਪਣਾ ਸਿੱਕਾ ਚੰਮ ਦੇ ਰੁਪਏ ਸੋਨੇ ਦੀ ਮੇਖ ਵਾਲੇ ਚਲਾਏ ਸੀ, ਛੀਨ ਲਈ ਸੀ। ਉਪਰੰਤ ਹਿਮਾਊਂ ਤੋਂ ਦਸਵੀਂ ਪੀੜ੍ਹੀ ਮੁਹੰਮਦ ਸ਼ਾਹ ਦੇ ਵਕਤ ਸੰ: ੧੭੯੭ ਵਿਚ ਜਦ ਨਾਦਰ ਸ਼ਾਹ ਈਰਾਨ ਦਾ ਬਾਦਸ਼ਾਹ ਸਾਰੇ ਮੁਲਕ ਸਮੇਤ ਲੁੱਟ ਮਾਰ ਕੇ ੩੨ ਕਰੋੜ ਦਾ ਖਜ਼ਾਨਾ ਦਿੱਲੀ ਵਿੱਚੋਂ ਲੈ ਕੇ, ਪੰਤੀ (੩੫) ਦਿਨ ਤਖਤ ਉੱਤੇ ਬੈਠ, ਹੁਕਮ ਚਲਾਇ, ਦਿੱਲੀ ਨੂੰ ਕਤਲਾਮ ਕਰ ਚਲਾ ਗਿਆ ਤਦ ਤੋਂ ਮੁਗਲਾਂ ਦੀ ਬਾਦਸ਼ਾਹੀ ਜਾਂਦੀ ਰਹੀ। ਗੁਰੂ ਗੋਬਿੰਦ ਸਿੰਘ ਮਰਦ ਦੇ ਚੇਲੇ ਖਾਲਸੇ ਨੇ ਉੱਠ ਕੇ ਜਮਨਾਂ ਤੇ ਅਟਕ ਵਿੱਚ ਦਾ ਸਾਰਾ ਮੁਲਕ ਸੰਭਾਲ ਲੀਤਾ। ਦੂਸਰਾ ਇਸ ਤਰਾਂ (ਆਵਨ ਅਠੱਤ੍ਰੈ ਜਾਨ ਸਤਾਨਵੈ) ਏਹ ਬਚਨ ਗੁਰੂ ਜੀ ਦਾ ਸੱਤ ਹੋਯਾ।

Digitized by Panjab Digital Library | www.panjabdigilib.org

ਗੁਰੂਸਾਹਿਬ ਏਮਨਾ ਬਾਦ ਤੋਂ ਉਠਕੇ ਦੇਸ ਦਰਪ ਦਾ ਸੈਲ ਕਰ ਬੇਅੰਤ ਲੋਗਾਂਨੂੰ ਸੁਮੱਤੇ ਲਾ ਜਦ ਸੀਹਕੇ ਤੇ ਸਾਹੋਕੇ ਪਿੰਡਾਂ ਵਿਚ ਪਹੁੰਚੇ ਤਾਂ ਸੁਣਿਆ, ਇਕ ਹਮਜ਼ਾਗੌਸ ਨਾਮੀ ਫਕੀਰਦੇ ਬਰਨਨਾਲ ਗੀਗੇਨਾਮ ਬੜੈਤੇ ਖੱਤ੍ਰੀ ਦੇ ਘਰ ਤਿੰਨ ਬੇਟੇ ਹੋਏ ਹਨ ਖੱਤ੍ਰੀ ਨੇ ਪਹਿਲਾ ਬੇਟਾ ਫਕੀਰਨੂੰ ਦੇਣਾ ਕੀਤਾ ਸੀ ਹੁਣ ਨਹੀਂ ਦਿੰਦਾ ਏਸ ਕਰਕੇ ਸਆਲਕੋਟਨੂੰ ਗਾਰਤ ਕਰਨ ਵਾਸਤੇ ਛਿਲੇ ਬੈਠਾ ਚਲੀਹੇ ਕੱਢਰਿਹਾ ਹੈ, ਏਹ ਗਲ ਸੁਣਕੇ ਗੁਰੂਜੀ ਸਆਲਕੋਟ ਪਹੁੰਚੇ ਜਿੱਥੇ ਹੁਣ ਬਾਬੇਦੀ ਬੇਰ ਮਸ਼ਹੂਰ ਗੁਰਦੁਆਰਾ ਹੈ ਓਥੇ ਬੇਰੀ ਹੇਠ ਜਾ ਬੈਠੇ — ਹਮਜ਼ਾਗੌਸ ਜਿਸ ਮਕਬਰੇ ਵਿੱਚ ਬੂਹੇ ਬੰਦ ਕਰ ਕੇ ਚਲੀਹੇ ਬੈਠਾ ਸੀ ਓਹ ਭੀ ਓਥੋਂ ਨੇੜੇ ਹੀ ਹੈ ਮਰਦਾਨੇ ਹੱਥ ਫਕੀਰਨੂੰ ਬਾਬੇ ਨੇ ਸੱਦਿਆ ਓਹ ਨਾ ਆਯਾ, ਤਿਨਵਾਰੀ ਮਰਦਾਨਾ ਗਿਆ ਓਹ ਬੋਲਿਆ ਹੀ ਨਾ — ਫੇਰ ਜਦ ਗੁਰੂ ਜੀ ਨੇ ਖੜੇ ਹੋਕੇ ਮਕਬਰੇ ਵਲ ਦੇਖਿਆ ਤੇ ਮਕਬਰੇ ਨੂੰ ਕੁਦਰਤੀ ਤੇੜ ਪਈ ਤਾਂ ਫਕੀਰ ਡਰਦਾ ਛੇਤੀ ਨਾਲ ਉੱਠਕੇ ਬਾਬੇਦੇ ਪੈਰੀਂ ਆਇ ਪਿਆ। ਗੁਰੂਜੀ ਨੇ ਚਲੀਹੇ ਬੈਠਣੇ ਦਾ ਸਬਬ ਪੁੱਛਿਆ ਤਾਂ ਉਸਨੇ ਆਖਿਆ ਜੀ ਏਹ ਸਹਰ ਝੂਠਿਆਂ ਦਾ ਹੈ ਏਸ ਲਈ ਮੈਂ ਏਸਨੂੰ ਗਰਕ ਕਰਨਾ ਚਾਹੁੰਦਾ ਹਾਂ।

ਬਾਬੇ ਨੇ ਨਸੀਹਤ ਕੀਤੀ ਤੇਰਾ ਮਨ (ਨਫਸ) ਹੀ ਝੂਠਾ ਹੈ ਜੇੜ੍ਹਾ ਤੈਨੂੰ ਦੋਜ਼ਖ ਪਾਉਣ ਦਾ ਕੰਮ ਤੈਥੋਂ ਕਰਵਾ ਰਿਹਾ ਹੈ ਜੇ ਕੁਛ ਤੂੰ ਫਕੀਰੀ ਵਿੱਚੋਂ ਖੱਟਣਾ ਹੈ ਤਾਂ ਏਸੇ ਨੂੰ ਗਰਕ ਕਰ, ਫਕੀਰਾਂ ਨੂੰ ਪੰਜਾਂ ਤੱਤ੍ਵਾਂ ਦੇ ਤੇ ਬ੍ਰਿੱਛਾਂ ਦੇ ਸੁਭਾਵ ਧਾਰਣੇ ਲੋੜੀਦੇ ਹਨ। ਜਿਸ ਸ਼ਹਿਰਨੂੰ ਤੂੰ ਝੂਠਾ ਦਸਦਾ ਹੈਂ, ਹੁਣੇ ਪਰਖ ਵਿਖੇਦਾਂ।

ਬਾਬੇ ਜੀ ਨੇ ਮਰਦਾਨੇ ਨੂੰ ਦੋ ਪੈਸੇ ਦੇਕੇ ਆਖਿਆ ਜਾਹ ਬਜ਼ਾਰੋਂ ਇੱਕ ਦਾ ਝੂਠ, ਇਕ ਦਾ ਸੱਚ ਖਰੀਦ ਲਿਆ। ਮਰਦਾਨਾ ਬਾਜ਼ਾਰ ਗਿਆ ਸੱਚ ਝੂਠ ਮੰਗੇ ਕੋਈ ਦੇਵੇ ਨਹੀਂ ਸਗੋਂ ਹਾਸੀ ਕਰਨ। ਇਕ ਮੂਲਚੰਦ ਖੱਤ੍ਰੀ ਨੇ ਦੋਵੇਂ ਪੈਸੇ ਲੈਕੇ ਇਕ ਕਾਗਜ਼ ਪਰ ਜੀਵਣਾ ਝੂਠ ਦੂਜੇ ਪਰ ਮਰਣਾ ਸੱਚ ਲਿਖ ਦਿੱਤਾ। ਬਾਬੇ ਨੇ ਓਹੋ ਕਾਗਜ਼ ਫਕੀਰਨੂੰ ਦੇਖਾਕੇ ਕਾਯਲ ਕਰ ਓਹਨੂੰ ਵਿਟਕੋਂ ਹਟਾਕੇ ਰੱਬਦੀ ਬੰਦਗੀ ਵਿਚ ਜੋੜਿਆ ਤੇ ਉਸ ਖਤ੍ਰੇਟੇ ਨੂੰ ਬੁਲਾ ਕੇ ਆਖਿਆ ਜੇ ਤੂੰ ਮਰਣਾ ਸੱਚ ਮੰਨਿਆ ਹੈ ਤਾਂ ਕੁਟੰਬ ਛਡ ਸਾਡੇ ਨਾਲ ਚੱਲ, ਓਹ ਸਾਥ ਹੋ ਲੀਤਾ ਓਥੋਂ ਰਵਾਨੇ ਹੋਕੇ ਪਸਰੂਰ ਅੰਠੇਦੇ ਕੋਟਲੇ ਪਹੁੰਚ ਓਥੋਂ ਦੇ ਲੋਗਾਂ ਨੂੰ ਸੁਧਾਰ ਅੱਠਣ ਸਾਹ ਪੀਰ ਦਾ ਹੰਕਾਰ ਤੋੜਕੇ ਗੁਜਰਾਂਵਾਲੇ, ਮਟੂਪਿੰਡ ਹੁੰਦੇ ਹੋਏ ਆਪਣੇ ਮਾਤਾ ਪਿਤਾ ਤੇ ਭਾਈਦੇ ਯਾਦ ਕਰਣੇ ਕਰ ਤਲਵੰਡੀ ਪਹੁੰਚੇ, ਕਿਉਂਕੇ ਓਹ ਦਰਸਨ ਲਈ ਬਹੁਤ ਤੜ੍ਹ

Digitized by Panjab Digital Library | www.panjabdigilib.org

ਫਰੇਸੇ, ਸਭ ਲੋਗ ਮਿਲ ਗਿਲਕੇ ਪਰਮ ਪ੍ਰਸੰਨ ਹੋਏ ਪਰ ਬਾਬੇ ਦੇ ਭਗਵੇਂ ਬਸਤ੍ਰ ਮੰਜੀ
ਠੀਕਰਾ ਫਕੀਰੀ ਬਾਣਾ ਦੇਖ ਕਾਲੂ ਚੰਦ ਨੇ ਰੰਜ ਮੰਨ ਕੇ ਆਖਿਆ ਏਹ ਕਯੋਂ ਪਹਿਰਿਆ ਹੈ,
ਘਰ ਬੈਠ ਸੁਫੈਦ ਕਪੜੇ ਪਹਿਨ। ਬਾਬੇ ਆਖਿਆ ਪਿਤਾ ਜੀ ਹੁਣ ਸਾਨੂੰ ਪਰਦੇਸਾਂ ਵਿੱਚ
ਫਿਰਕੇ ਲੋਗਾਂ ਨੂੰ ਸੁਮੱਤੇ ਲਾਉਣ ਵਾਸਤੇ ਕਰਤਾਰ ਦਾ ਹੁਕਮ ਹੈ ਏਹ ਬਾਣਾ ਸਨਾਤਨ ਰਿ
ਖੀਆਂ, ਮੁਨੀਆਂ, ਸੰਤਾਂ ਦਾ ਹੈ। ਬਾਵਨ ਭਗਵਾਨ ਨੇ ਧਾਰਿਆ ਹੈ ਏਸ ਲਈ ਭਗਵਾਂ ਅਤੇ
ਭੇਖ ਅਲੇਖ ਦਾ ਰੂਪ ਸਦਾਉਂਦਾ ਹੈ ਜੈਸੇ ਬਰਦੀ ਬਿਨਾ ਸਿਪਾਹੀ, ਜੇਵਰ, ਬਸਤ੍ਰ ਬਿਨਾ ਇ
ਸ੍ਤ੍ਰੀ, ਪੇਸ਼ਵਾਜ, ਘੁੰਘਰੂ ਬਿਨਾ ਨ੍ਰਿਤਕਾਰ ਸੋਭਾ ਨਹੀਂ ਪਾਉਂਦੇ ਤੈਸੇ ਸੰਤ ਭੀ ਬਾਣੇ ਬਿਨਾ
ਨਹੀਂ ਸੋਭਦੇ। — ਦੂਸਰੇ ਏਹ ਬਾਣਾ ਧਾਰੇ ਬਿਨਾ ਲੋਕ ਲਾਜ ਦੂਰ ਨਹੀਂ ਹੁੰਦੀ, ਤੀਸਰੇ
ਏਸ ਰੰਗ ਜੈਸਾ ਹੋਰ ਕੋਈ ਰੰਗ ਪੱਕਾ ਤੇ ਸੋਣਾਂ ਨਹੀਂ। ਪੁਨਹ ਬਾਬੇ ਨੇ ਏਸ ਭਗਵੇਂ ਭੇ
ਸ ਦੇ ਪਰਥਾਇ ਸਬਦ ਬੋਲਿਆ (ਜਿਨ ਕੇ ਚੋਲੇ ਰੱਤੜੇ ਪਿਆਰੇ ਕੰਤ ਤਿਨ੍ਹਾਂ ਕੇ ਪਾਸਿ।
ਧੂੜ ਤਿਨ੍ਹਾਂ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ।) ਪੁਨਹ- ਦੇਵਤਿਆਂ ਦਰਸ
ਨ ਕੇ ਤਾਂਈ ਦੂਖ ਭੂਖ ਤੀਰਥ ਕੀਏ। ਜੋਗੀ ਜਤੀ ਜੁਗਤਿ ਮਹਿ ਰਹਿਤੇ ਕਰ ਕਰ ਭਗ
ਵੇਂ ਭੇਸ ਭਏ।) ਇੱਤਿਆਦਿਕ ਸਬਦ ਸੁਨਾਇ, ਗਿਆਨ ਦ੍ਰਿੜਾਇ, ਭਾਈ ਬਾਲੇ ਨੂੰ ਨਾ
ਲ ਲਵਾਇ, ਬਿਦਾ ਪਾਇ, ਅਨੇਕ ਪਿੰਡੀਂ ਜਾਇ, ਲੋਗਾਂ ਨੂੰ ਸੁਮੱਤੇ ਲਾਇ, ਛਾਂਗੇ ਮਾਂਗੇ
ਪਿੰਡ ਪਾਸ ਇਕ ਜੰਗਲ ਵਿੱਚ ਕੁਛ ਦਿਨ ਬਿਰਾਇ, ਕਸੂਰ ਹੁੰਦੇ ਹੋਏ, ਚੂਹਣੀਏ ਪਹੁੰਚ,
ਮਰਦਾਨੇ ਤੋਂ ਰਬਾਬ ਬਜਵਾਇ, ਸਬਦ ਗਾਇ, ਲੋਗਾਂ ਨੂੰ ਰਿਝਾਇ, ਪ੍ਰਭੂ ਦੀ ਭਗਤੀ ਵਿ
ਚ ਲਾਉਂਦੇ ਭਏ। ਬਾਬੇ ਦੀ ਵਡਿਆਈ ਸੁਣਕੇ ਮਹੰਤ ਜਾਨਕੀ ਪ੍ਰਸਾਦ ਤੇ ਸੱਤਨਾਥ ਜੋ
ਗੀ, ਭਗਤ ਰੂਪਾ, ਸ਼ੇਖ਼ ਦਾਊਦ ਕਿਰਮਾਨੀ, ਪੀਰ ਗੰਜਬਖਸ਼ ਜੋ ਕਿ ਸ: ੬੭੮ ਹਿਜ੍ਰੀ
ਵਿਚ ਓਥੇ ਹੀ ਗੁਜ਼ਰਿਆ ਹੈ। ਇੱਤਿਆਦਿਕ ਮਸ਼ਹੂਰ ਗਿਆਨੀ ਪੁਰਖ ਗੁਰੂ ਜੀ ਦੇ ਦਰਸ਼
ਨ ਨੂੰ ਆਏ, ਕਰਾਮਾਤਾਂ ਦੇਖ ਦਿਖਾਇ, ਕਰਮ, ਉਪਾਸਨਾ, ਗਿਆਨ, ਬਿੱਗਿਆਨ, ਸ਼ਰੀਯਤ,
ਹਕੀਕਤ, ਤਰੀਕਤ, ਮਾਰਫਤ ਵਿੱਚ ਗਿਆਨ ਚਰਚਾ ਕਰ ਗੁਰੂ ਜੀ ਦੇ ਚਰਨੀ ਹਾਬਮ
ਬ ਲਾਇ, ਪਰਮਾਨੰਦ ਪਾਇ, ਲੋਗ ਦਿਖਾਵੇ ਦੇ ਕਰਮ ਛੱਡਕੇ ਆਪ ਸੱਚੇ ਰਾਹ ਪਰ ਚ
ਲ ਪਏ ਤੇ ਹੋਰ ਲੋਗਾਂ ਨੂੰ ਚਲਾਉਂਦੇ ਭਏ।

ਓਥੋਂ ਚਲ ਬਾਬਾ ਜੀ ਮਾਲਵੇ ਅਤੇ ਬਾਂਗਰ ਦੇਸ ਦਾ ਸੈਲ ਕਰਦੇ ਹੋਏ ਬੇਅੰਤ ਲੋਗਾਂ
ਨੂੰ ਪ੍ਰਭੂ ਦੀ ਭਗਤੀ ਵਿਚ ਲਗਾ ਕੇ ਪਹੋਏ ਤੀਰਥ ਪਰ ਸਰੱਸ੍ਵਤੀ ਨਦੀ ਤੀਰੇ ਜਾ ਬੈਠੇ।

Digitized by Panjab Digital Library | www.panjabdigilib.org

ਲੋਗਾਂ ਨੂੰ ਪਿੰਡ ਭਰਾਂਉਂਦੇ ਤੇ ਪੰਡਿਆਂ ਨੂੰ ਜਾਲ ਪਾਇ ਲੁੱਟਦੇ ਦੇਖ ਆਖਿਆ ਸਭ ਜੀਵ ਅਪਣੀ ਕਰਣੀ ਨਾਲ ਤਰਦੇ ਡੁੱਬਦੇ ਹਨ ਤੁਸੀ ਜੋ ਕੁਰੁਖੇਤ੍ਰ ਮਹਾਤਮ ਵਿਚ ਲਿਖ ਰੱਖਿਆ ਹੈ, ਏਥੇ ਪੁੰਨ ਪਾਪ ਕੀਤਾ ਹੋਯਾ ਸਹੰਸ੍ਰ ਗੁਣਾ ਰੋਜ਼ ਵਧਦਾ ਹੈ ਤੇ ਕਹਿੰਦੇ ਹੋ ਕਿਸੇ ਔਰਤ ਦਾ ਕਾਨਫੂਲ ਸਰੱਸ੍ਵਤੀ ਵਿਚ ਗਿਰ ਪਿਆ ਸੀ ਦੂਜੇ ਦਿਨ ਕੱਢਿਆ ਤਾਂ ਰਥ ਦੇ ਚੱਕ੍ਰ ਜੈਡਾ ਨਿਕਲਿਆ ਜੇ ਸੱਚ ਹੈ ਤਾਂ ਤੁਸੀ ਐਡਾ ਮਹਿੰਗਾ ਕਰਜ਼ਾ ਲੋਗਾਂ ਤੋਂ ਕਿਓਂ ਪਹੀਏ ਲੈਂਦੇ ਹੋ। ਜੋ ਕਰਜ਼ਾ ਲੈਂਦਾ ਹੈ ਉਸੇ ਤੋਂ ਹਾਕਮ ਦੇਵਾਉਂਦਾ ਹੈ ਸੋ ਤੁਹਾਥੋਂ ਭੀ ਈਸ਼੍ਵਰ ਦੇਵਏਗਾ। ਫੇਰ ਜੋ ਤੁਸੀ ਬੈਲ, ਸੰਢੇ ਬਣ ਕੇ ਏਹ ਲੇਖਾ ਦੇਉਗੇ ਤਾਂ ਹੁਣੇ ਕਿਓਂ ਨਹੀਂ ਕ੍ਰਿਤ ਕਰਕੇ ਖਾਂਦੇ। ਜੇ ਏਹ ਗਲ ਸੱਚ ਨਹੀਂ ਤੁਸੀਂ ਬ੍ਰਾਮਣਾਂ ਨੇ ਆਪਣੇ ਖਾਣ ਵਾਸਤੇ ਝੂਠਾ ਜਾਲ ਰਚ ਰੱਖਿਆ ਹੈ ਤਾਂ ਝੂਠੇ ਜਾਲ ਸਾਜਾਂ ਨੂੰ ਧਰਮਰਾਜ ਨਰਕ ਪਾਂਉਂਦਾ ਹੈ ਤੁਹਾਨੂੰ ਭੀ ਪਾਏਗਾ। ਫੇਰ ਓਹ ਬ੍ਰਾਮਣ ਬੋਲੇ ਕਾਜ਼ੀ, ਫਕੀਰ ਭੀ ਤਾਂ ਏਸੇ ਤਰਾਂ ਸੁਣਾ ਕੇ ਲੋਗਾਂ ਤੇ ਲੈਕੇ ਖਾਂਦੇ ਹਨ, ਇਸ ਪਰ ਗੁਰੂ ਜੀ ਸ਼ਬਦ ਬੋਲੇ। ( ਕੂੜ ਬੋਲ ਮੁਰਦਾਰ ਖਾਇ। ਅਵਰੀ ਨੋ ਸਮਝਾਵਣ ਜਾਇ। ਮੁੱਠਾ ਆਪ ਮੁਹਾਏ ਸਾਥੈ। ਨਾਨਕ ਐਸਾ ਆਗੂ ਜਾਪੈ। ਕਾਜ਼ੀ ਕੂੜ ਬੋਲ ਮਲ ਖਾਇ। ਬ੍ਰਾਮਣ ਨਾਵੈ ਜੀਆ ਘਾਇ। ਜੋਗੀ ਜੁਗਤਿ ਨ ਜਾਣੈ ਅੰਧ। ਤੀਨੇ ਓਜਾੜੇ ਕਾ ਬੰਧ।) ਬਾਬੇ ਆਖਿਆ ਕੂੜ ਬੋਲਣਾ, ਪੁੰਨ ਲੈ ਕੇ ਖਾਣਾ ਅੱਛਾ ਨਹੀਂ ਪਰ ਜੇ ਤੁਸੀਂ ਛਡ ਨਹੀਂ ਸੱਕਦੇ ਤਾਂ ਪਾਖਾਣ ਪੂਜਾ ਆਦਿਕ ਲੋਗ ਦਿਖਾਵਾ ਕੂੜੇ ਕਰਮ ਛੱਡ ਕੇ ਸੱਚੇ ਪਰਮੇਸ਼੍ਵਰ ਦਾ ਸੱਤ ਨਾਮ ਵਾਹਿਗੁਰੂ ਜੋ ਆਕ੍ਰਿਤਮ ਨਾਮ ਅੱਗ ਦੀ ਤਰਾਂ ਕੂੜ ਬੋਲਨਾ ਦੀ ਕੁਕਰਮਾ ਦੇ ਕਾਸ਼ੂ ਨੂੰ ਦਾਹ ਕਰਨ ਵਾਲਾ ਹੈ ਸੋ ਜਪਿਆ ਕਰੋ ਤੇ ਦਾਨ ਲੈ ਕੇ ਉਸ ਵਿੱਚੋਂ ਚੌਥਾ ਹਿੱਸਾ ਅੱਗੇ ਅਭਿਆਗਤਾਂ ਨੂੰ ਛਕਾਇਤਾ ਕਰੋ। ਤਾਂ ਤੁਮਾਰੀ ਕੱਲਿਆਣ ਹੋਵੇਗੀ ਉਨ੍ਹਾਂ ਦੇ ਭਾਗ ਜਾਗੇ ਬਾਬੇ ਦਾ ਉਪਦੇਸ਼ ਮੰਨ ਕੇ ਕਮਾਉਣ ਲਗ ਪਏ।

ਪਹੋਏ ਤੋਂ ਚਲ ਕੇ ਗੁਰੂ ਜੀ ਸੂਰਜ ਗ੍ਰਹਣ ਨੂੰ ਕੁਰੁਖੇਤ੍ਰ ਪਹੁੰਚੇ। ਪਹਿਲੇ ਸਿੱਧਾਂ ਨਾਲ ਚਰਚਾ ਹੋਈ ਜਿੱਥੇ ਸਿੱਧ ਬਟੀ ਨਾਮ ਗੁਰੂ ਕੀ ਜਗਾ ਹੈ। ਓਥੋਂ ਸਨੇਹਤ ਤੀਰਥ ਕਿਨਾਰੇ ਆ ਬੈਠੇ, ਸ਼ਬਦ ਗਾਵਿਆ ਜੋ ਸੁਣ ਕੇ ਸੈਂਕੜੇ ਲੋਗ ਅਤੀ ਆਨੰਦ ਹੋਏ ਤੇ ਸ਼੍ਰੱਧਾ ਕਰਕੇ ਬਾਬੇ ਦੇ ਬਚਨ ਬਿਲਾਸ ਜੋ ਕਰਮ ਕਾਂਡ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਸੇ ਸੁਣਨ ਲੱਗੇ। —— ਅੰਮ੍ਰਿਤ ਰਾਇ ਹਾਂਸੀ ਵਾਲੇ ਰਾਜੇ ਦੇ ਬੇਟੇ ਜਗਤ ਰਾਇ ਨੇ ਜੋ ਮ੍ਰਿਗ

Jagat Rai
Amrit Rai
Son of
Hansi

Digitized by Panjab Digital Library | www.panjabdigilib.org

ਮਾਰ ਕੇ ਆਂਦਾ ਸੀ ਇਨ੍ਹਾਂ ਦੀ ਸਾਮੱਗ੍ਰੀ ਸਮੇਤ ਭੇਟਾ ਰਖ ਕੇ ਅਰਜ ਕੀਤੀ ਜੇਕਰ ਆਪ ਕਰਮ ਕਾਂਡ ਸ਼ਰਾ ਤੋਂ ਨਿਰਬੰਧ, ਸਮਦਰਸੀ, ਨਿਰਭੈ, ਸਮਰਥ, ਪੁਰਖ ਹੋ ਤਾਂ ਏਹ ਛਕੋ ਬਾਬੇ ਨੇ ਉਸੇ ਵਕਤ ਗ੍ਰਹਣ ਦੇ ਵਿਚ ਇਨ੍ਹਾਂ ਰਖਵਾ ਦਿੱਤਾ, ਤੜਕਾ ਲਾਯਾ ਤਾਂ ਸਾਰੇ ਮੇਲੇ ਵਿੱਚ ਰੌਲਾ ਪੈ ਗਿਆ, ਬੇਅੰਤ ਲੋਗ ਆਣ ਗਿਰਦੇ ਹੋਏ ਰਾਜੇ ਨੇ ਹੱਥ ਉਠਾ ਉਨ੍ਹੇਂ ਰੋਕ ਕੇ ਆਖਿਆ ਚਰਚਾ ਕਰ ਝੂਠ ਸੱਚ ਨਿਤਾਰੋ ਜਿਤਨੇ ਮੂੰਹ ਉਤਨੀ ਭਾਖਿਆ ਪਏ ਬੋਲਣ ਬਾਬਾ ਜੀ ਸੁਮੇਰੂ ਸਮ ਅਡੋਲ ਰਹੇ ਆਖਰ ਨਾਨੂ ਪੰਡਿਤ ਜੋ ਭਵਿਖਤ ਪੁਰਾਣ ਦੇ ਅਨੁਸਾਰ ਆਪਨੂੰ ਨਾਨਕ ਅਵਤਾਰ ਪ੍ਰਸਿੱਧ ਕਰਦਾ ਸੀ ਉਸ ਨਾਲ ਚਰਚਾ ਹੋਣ ਲੱਗੀ ਭਲਾ ਪ੍ਰਬਲ ਅਕ੍ਰਿਤਮ ਪੌਣ ਅੱਗੇ ਕ੍ਰਿਤਮ ਪੌਣ ਪੱਖੇ ਦੀ ਕੀ ਵੱਟਤ ਸੀ ਹਾਰ ਕੇ ਨਾਨੂ ਪੰਡਿਤ ਨੇ ਰੁੜ੍ਹੇ ਜਾਂਦਿਆਂ ਕੁਸਾਂ ਦੇ ਫੜਨ ਵਾਂਗੂ ਜਦ ਮਾਸ ਇਨ੍ਹਾਂ ਦੀ ਗੱਲ ਫੜੀ ਤ ਬਾਬੇ ਨੇ ਸ਼ਬਦ ਬੋਲਿਆ। (ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰ ਵਾਸਾ ਜੀਉ ਪਾਇ ਮਾਸ ਮੁਹਿ ਮਿਲਿਆ ਹੱਡ ਚੰਮ ਤਨ ਮਾਸਾ ਮਾਸਹੁ ਬਾਹਰ ਕੱਢਿਆ ਮੰਮਾ ਮਾਸ ਗਿਰਾਸਾ ਮੁਹਿ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰ ਸਾਸਾ ਵਡਾ ਹੋਯਾ ਵੀਆਹਿਆ ਘਰ ਲੈ ਆਯਾ ਮਾਸਾ ਮਾਸੋ ਹੀ ਮਾਸ ਊਪਜੈ ਮਾਸੋ ਸਭੋ ਸਾਕ) ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ ਕੌਣ ਮਾਸ ਕੌਣ ਸਾਗ ਕਹਾਵੈ ਕਿਸ ਮੇਂ ਪਾਪ ਸਮਾਣੇ ਗੈਂਡਾ ਮਾਰ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ ਮਾਸ ਪੁਰਾਣੀ ਮਾਸ ਕਤੇਬੀ ਚਹੁ ਜੁਗ ਮਾਸ ਕਮਾਣਾ ਜਜ ਕਾਜ ਵੀਆਹੁ ਸੁਹਾਵੈ ਉਥੈ ਮਾਸ ਸਮਾਣਾ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ਗਿਆਨ ਧਿਆਨ ਕਛੁ ਸੂਝੈ ਨਾਂਹੀ ਚਤੁਰ ਕਹਾਵੈਂ ਪਾਂਡੇ ਇਸਤ੍ਰੀ ਪੁਰਖ ਨਿਪਜਹਿ ਮਾਸੋਂ ਪਾਤਸ਼ਾਹ ਸੁਲਤਾਨਾ ਜੇ ਓਇ ਦਿਸਹਿ ਨਰਕ ਜਾਂਦੇ ਤਾਂ ਉਨ ਕਾ ਦਾਨ ਨ ਲੈਣਾ ਦੇਂਦਾ ਨਰਕ ਸੁਰਗ ਲੈਂਦੇ ਦੇਖਹੁ ਏਹੁ ਧਿਙਾਣਾ ਪਾਂਡੇ ਤੂੰ ਜਾਣਹਿ ਹੀ ਨਾਹੀ ਕਿਥਹੁ ਮਾਸ ਉਪੰਨਾ ਤੋਇਓ ਅੰਨ ਕਮਾਦ ਕਪਾਹਾ ਤੋਇਓ ਤ੍ਰਿਭਵਣ ਗੰਨਾ ਤੋਆ ਆਖੇ ਹਉ ਬਹੁ ਬਿਧਿ ਹੱਛਾ ਤੋਐ ਬਹੁਤ ਬਿਕਾਰਾ ਏਤੇ ਰਸ ਛੋਡ ਹੋਵੈ ਸੰਨਿਆਸੀ ਨਾਨਕ ਕਹੈ ਵਿਚਾਰਾ

ਏਹ ਸ਼ਬਦ ਸੁਣਕੇ ਅਤੇ ਹਾਂਡੀ ਵਿਚ ਖੀਰ ਰਿੱਝਦੀ ਦੇਖ ਨਾਨੂ ਆਦਿਕ ਸਬ ਲੋਕ ਗੁਰੂ ਜੀ ਨੂੰ ਸੱਚਾ ਅਵਤਾਰ ਮੰਨ ਖੜੋਤੇ।

ਫੇਰ ਬਾਬੇ ਨੇ ਆਖਿਆ ਸੂਰਜ, ਚੰਦ, ਤਾਰੇ, ਧਰਤੀ ਏਹ ਸਭ ਈਸ਼੍ਵਰ ਦੀ ਕੁਦਰਤ ਦੇ

Digitized by Panjab Digital Library | www.panjabdigilib.org

ਰਚੇ ਹੋਏ ਸਸਮਾਰ ਚੱਕ੍ਰ ਪੌਣ ਦੇ ਆਸਰੇ ਅਪਣੇ ੨ ਕਾਇਦੇ ਪਰ ਹਿਸਾਬ ਨਾਲ ਅਕਾਸ ਵਿਚ ਪਏ ਭੌਂਦੇ ਫਿਰਦੇ ਹਨ, ਜਦ ਕਦੀ ਹਿਸਾਬ ਨਾਲ ਧਰਤੀ ਦੀ ਛਾਯਾ ਸੂਰਜ ਉਤੇ ਯਾ ਚੰਦ੍ਰਮਾ ਉੱਤੇ ਪੈਂਦੀ ਹੈ ਤਾਂ ਉਨ੍ਹਾਂ ਦਾ ਤੇਜ, ਨੂਰ ਦਬ ਜਾਂਦਾ ਹੈ ਉਸੇ ਨੂੰ ਗ੍ਰਹਿਣ ਆਖੀਦਾ ਹੈ। ਜੋਤਸ਼ ਸ਼ਾਸ੍ਤ੍ਰ ਪੜ੍ਹੇ ਹੋਏ ਭੀ ਏਹੋ ਗਲ ਆਖਦੇ ਹਨ ਜੋ ਪੁਰਾਣਾਂ ਵਿਚ ਰਾਹੂ ਕੇਤੂ ਰਾਖਸ ਲਿਖੇ ਹਨ ਸੋ ਨਹੀਂ ਮੰਨਦੇ ਹਿਸਾਬ ਦੀ ਗਲ ਸੱਚੀ ਹੈ। ਫੇਰ ਜਦ ਅਕਾਸ਼ ਵਿੱਚ ਲੱਖਾਂ ਕੋਹਾਂ ਉੱਤੇ ਸੂਰਜ, ਚੰਦ੍ਰ ਨੂੰ ਗ੍ਰਹਿਣ ਲੱਗਾ ਹੈ ਤਾਂ ਤੁਹਾਡਾ ਇਸ਼ਨਾਨ ਦਾਨ ਉਸ ਨੂੰ ਕੀ ਫਾਯਦਾ ਪਹੁੰਚਾ ਸਕਦਾ ਹੈ ਜੇ ਫਾਯਦਾ ਪਹੁੰਚਦਾ ਹੋਂਦੇ ਤਾਂ ਸੂਰਜ, ਚੰਦ੍ਰ ਜੋ ਇੱਕੋ ਜੇਹਾ ਸਭ ਨੂੰ ਪ੍ਰਕਾਸ਼ ਦੇਂਦੇ ਹਨ ਈਸਾਈ, ਮੁਸਲਮਾਨ, ਬੋਧ, ਆਦਿਕ ਸਭੀ ਨਾਂ ਦਾਨ ਇਸ਼ਨਾਨ ਕਰਨ, ਉਹ ਤਾਂ ਸਭ ਦੇ ਸਾਂਝੇ ਹਨ ਕੁਛ ਕੱਲੇ ਹਿੰਦੂਆਂ ਦੇ ਨਹੀਂ। ਤਾਂਤੇ ਏਹ ਬਨਵਟ ਬ੍ਰਾਮਣਾਂ ਨੇ ਅਪਣੇ ਖਾਨ ਵਾਸਤੇ ਅਪਣੀਆਂ ਪੋਥੀਆਂ ਵਿਚ ਬਣਾ ਛੱਡੀ ਹੈ। ਹਿੰਦੂ ਜੇਹੜੇ ਏਨ੍ਹਾਂ ਦੁਜਾਂ ਦੇ ਸ਼ਾਸ੍ਤ੍ਰ ਜਾਲ ਵਿਚ ਫਸੇ ਹੋਏ ਹਨ ਉਨ੍ਹਾਂ ਤੋਂ ਲਾਖਾਂ ਰੁਪਏ ਏਸ ਬਹਾਨੇ ਨਾਲ ਕਢਾ ਲੈਂਦੇ ਹਨ। — ਕੁਰੁਖੇਤ੍ਰ ਤੋਂ ਚਲਕੇ ਕਰਨਾਲ ਜਿੱਥੇ ਹੁਣ ਸ਼ਹਰ ਬਸਦਾ ਹੈ ਓਦੋਂ ਨਿੱਕਾ ਜੇਹਾ ਮਾਜਰਾ ਸੀ, ਉਥੇ ਇਕ ਪਿੱਪਲ ਹੇਠ ਜਾ ਬੈਠੇ ਤਾਂ ਸ਼ੇਖ ਸਰਫ ਪਾਨੀਪਤ ਵਾਲੇ ਬੋਲੀ ਕਲੰਦ੍ਰ ਦਾ ਚੇਲਾ ਜੋ ਉਥੇ ਅਪਨੇ ਚੇਲੇ ਸ਼ੇਖ ਟਟੀਰੇ ਪਾਸ ਆਯਾ ਹੋਯਾ ਸੀ ਉਸ ਨਾਲ ਗੋਸ਼ਟ ਹੋਈ।

ਉਥੋਂ ਚਲਕੇ ਰਸਤੇ ਵਿਚ ਅਨੇਕ ਭਗਤਾਂ ਸੰਤਾਂ ਨੂੰ ਮਿਲਦੇ ਹੋਏ ਸੰਮਤ ੧੫੫੮ ਨੂੰ ਗੀ ਗਾਜੀ ਦੇ ਕੁੰਭ ਪਰ ਪਹੁੰਚਕੇ ਹਰਿਦ੍ਵਾਰ ਦੇ ਸਾਮ੍ਹਣੇ ਦੂਰ ਮੈਦਾਨ ਵਿੱਚ ਜਾ ਉਤ੍ਰੇ। ਜਦ ਮਰਦਾਨੇ ਤੋਂ ਰਬਾਬ ਬਜਵਾਇ ਸਬਦ ਬੋਲੇ ਤਾਂ ਸੁਣਕੇ ਬਹੁਤ ਲੋਗ ਬਾਬੇ ਦੇ ਸੇਵਕ ਬਣ ਗਏ ਫੇਰ ਤਾਂ ਅਨੇਕ ਸੰਨ੍ਯਾਸੀ, ਬੈਰਾਗੀ, ਜੋਗੀ, ਪੰਡਿਤ ਆਇ ਚਰਚਾ ਕਰਨ ਲਗੇ ਬਾਬਾ ਸਬਦੇ ਮਤ ਖੰਡ ਕੇ ਪਰਮੇਸ਼ੁਰ ਦੀ ਭਗਤੀ ਦ੍ਰਿੜਾਵੇ ਏਸ ਕਰਕੇ ਸਭ ਉਸ ਸੂਰਜ ਦੇ ਅੱਗੇ ਟਣਾਣੇ ਹੋ ਜਾਣਾ। ਬਾਬੇ ਦਾ ਜਸ ਸੁਣ ਕੇ ਗੜ੍ਹਵਾਲ[1] ਦੇ ਰਾਜੇ ਬਿਜੈ ਪ੍ਰਕਾਸ਼ ਨੇ ਬਾਬੇ ਦਾ ਦਰਸ਼ਨ ਕਰ ਪੁਛਿਆ ਤੁਮਾਰੀ ਕਯਾ ਜਾਤਿ ਹੈ ਤੇ ਫਕੀਰ ਕਯੋਂ ਹੋਏ ਹੋ। ਤਾਂ ਬਾਬਾ ਬੋਲਿਆ। (ਦੇਵਤਿਆਂ ਦਰਸ਼ਨ ਕੈ ਤਾਂਈ ਦੂਖ ਭੂਖ ਤੀਰਥ ਕੀਏ। ਜੋਗੀ ਜਤੀ ਜੁਗਤਿ ਮਹਿ ਰਹਿਤੇ ਕਰ ਕਰ ਭਗਵੇਂ ਭੇਖ ਭਏ।

੧ ਹੁਣ ਏਹ ਦੇਹਰਾਦੂਨ ਸਦਾਉਂਦਾ ਹੈ ਓਦੋਂ ਹਰਿਦ੍ਵਾਰ ਭੀ ਉਸੇ ਦੇ ਰਾਜ ਵਿੱਚ ਸੀ।

Digitized by Panjab Digital Library | www.panjabdigilib.org

ਤਉ ਕਾਰਣ ਸਾਹਿਬਾ ਰੰਗਿ ਰਤੇ। ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਂਹੀ ਤੇ
ਰੇ ਗੁਣ ਕੇਤੇ। ਦਰ ਘਰ ਮਹਿਲਾ ਹਸਤੀ ਘੋੜੇ ਛੋਡ ਵਿਲਾਯਤ ਦੇਸ ਗਏ। ਦੁਖੀਏ ਦ
ਰਦਵੰਦ ਦਰ ਤੇਰੇ ਨਾਮ ਰਤੇ ਦਰਵੇਸ਼ ਭਏ। ਸਾਦ ਸਹਜ ਸੁਖ ਰਸ ਕਸ ਤਜੀਅਲੇ
ਕਾਪੜ ਛੋਡੇ ਚਮੜ ਲੀਏ। ਖਿਲੜੀ ਖਪੜੀ ਲਕੜੀ ਚਮੜੀ ਸਿਖਾ ਸੂਤ ਧੋਤੀ ਕੀ
ਨੀ। ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ।) ਏਹ ਸਬਦ ਤੇ ਹੋਰ
ਧਰਮ ਦਾ ਉਪਦੇਸ ਸੁਣਕੇ ਰਾਜਾ ਨੇ ਅਰਜ਼ ਕੀਤੀ ਮਹਾਂਰਾਜ ਤੁਸੀਂ ਚਲ ਕੇ ਸਾਡੇ ਪਿੱਤ੍ਰ
ਨੂੰ ਤਾਰੋ ਤਾਂ ਬਾਬੇ ਆਖਿਆ ਸਾਨੂੰ ਕਰਤਾਰ ਨੇ ਬਹੁਤ ਦੇਸ ਦੇਖਾਉਣੇ ਹਨ ਤੇਰੇ ਨਗਰ
ਦਾ ਉਧਾਰ ਅਤੇ ਨਾਮ ਮਸ਼ਹੂਰ ਕਰਨ ਵਾਲੇ ਨੂੰ ਭੀ ਕਿਸੀ ਸਮੇ ਭੇਜਾਂਗੇ ਏਹ ਬਚਨ ਬਾ
ਬੇ ਦਾ ਰਾਮਰਾਇ ਦ੍ਵਾਰਾ ਸਫਲ ਹੋਯਾ ਹੁਣ ਦੇਖੀਦਾ ਹੈ।

ਇਕ ਦਿਨ ਬਾਬਾ ਜੀ ਹਰਿਦ੍ਵਾਰ ਗਏ ਤਾਂ ਰਸਤੇ ਵਿਚ ਬੈਸ਼ਨੋਂ ਅਚਾਰੀ ਰਸੋਈ ਕਰ ਰਹੇ ਸੇ
ਗੁਰੂ ਜੀ ਦੇ ਪ੍ਰੇਰੇ ਹੋਏ ਮਰਦਾਨੇ ਨੇ ਉਨ੍ਹਾਂ ਤੋਂ ਅਗ ਮੰਗੀ ਤਾਂ ਉਹ ਕ੍ਰੋਧ ਕਰ ਮਾਰਣ ਉੱਠੇ
ਕੇ ਮਲੇਛ ਦੀ ਦ੍ਰਿਸ਼ਟੀ ਨਾਲ ਸਾਡਾ ਚੌਕਾ ਭਰਿਸ਼ਟ ਹੋ ਗਿਆ। ਬਾਬੇ ਆਖਿਆ ਤੁਹਾਡੇ
[illegible] ਚੌਕੇ ਵਿਚ ਤਾਂ ਅੱਗੇ ਹੀ ਚੰਡਾਲੀ ਬੈਠੀ ਹੈ ਉਹ ਬੋਲੇ ਅਸਾਂ ਤਾ ਕਾਰੀ ਕੀਤੀਆਂ ਹੋਈਆਂ
ਹਨ ਚੰਡਾਲੀ ਕਿੱਥੇ ਹੈ ਤਾਂ ਬਾਬਾ ਬੋਲਿਆ ( ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪ
ਰਨਿੰਦਾ ਘਟ ਚੂਹੜੀ ਮੁੱਠੀ ਕ੍ਰੋਧ ਚੰਡਾਲਾ। ਕਾਰੀ ਕੱਢੀ ਕਿਆ ਥੀਐ ਜਾ ਚਾਰੇ ਬੈਠੀਆਂ
ਨਾਲਾ।) ਏਹ ਬਚਨ ਸੁਣਕੇ ਪੁਛਿਆ ਇਨ੍ਹਾਂ ਤੋਂ ਕੈਸੇ ਬਚੀਏ ਤਾਂ ਬਾਬੇ ਬਚਣ ਦਾ
ਉਪਾਇ ਦੱਸਿਆ ( ਸੱਚ ਸੰਜਮ ਕਰਣੀ ਕਾਰਾਂ ਨਾਵਣ ਨਾਂਉ ਜਪੇਹੀ। ਨਾਨਕ ਅਗੈ ਊ
ਤਮ ਸੇਈ ਜਿ ਪਾਪਾਂ ਪੰਦਿ ਨ ਦੇਹੀਂ।) ਇਤ੍ਯਾਦਿਕ ਉਪਦੇਸ਼ ਮੰਨ ਕੇ ਸੱਭੇ ਰਸਤੇ ਭਗਤੀ
ਗਿਆਨ ਦੇ ਪੈ ਕੇ ਕੱਲਿਆਨ ਦੇ ਅਧਿਕਾਰੀ ਹੋਂਦੇ ਭਏ।

ਉਸ ਸਮੇ ਅਜੇ ਗੁਰੂ ਕਾ ਸਿੱਖ ਪੰਥ ਜ਼ਾਹਰ ਨਹੀ ਹੋਯਾ ਸੀ ਏਸ ਕਰਕੇ ਉਹ ਲੋਗ
ਜੈਸੇ ਸਨ ਉਸੇ ਤਰਾਂ ਰਹਿ ਕੇ ਉਪਦੇਸ਼ ਕਮਾਉਂਦੇ ਰਹਿੰਦੇ ਸਨ।— ਹਰਿਦ੍ਵਾਰ ਤੋਂ ਚਲ
ਕੇ ਨਜੀਬਾਬਾਦ ਅਨੂਪ ਸ਼ਹਿਰ ਆਦਿਕ ਅਨੇਕ ਜਗਾ ਲੋਗਾਂ ਨੂੰ ਸੁਮੱਤੇ ਲਾਇ ਬਾ
ਬਾ ਜੀ ਦਿੱਲੀ ਮਜਨੂੰ ਦੇ ਟਿੱਲੇ ਜਾ ਉਤ੍ਰੇ। ਸਿਕੰਦਰ ਬਾਦਸ਼ਾਹ ਜੋ ਹਿੰਦੂਆਂ ਉੱਤੇ ਬਡੇ ਦ
ਜ਼ੁਲਮ ਕਰ ਰਿਹਾ ਸੀ। ਹਰ ਇਕ ਆਦਮੀ ਪਗੜੀ ਬੰਧਾਂ, ਪਸੂਆਂ ਤੇ ਭਿਖ ਮੰਗੇ ਫ
ਕੀਰਾਂ ਉੱਤੇ ਮੂੰਡਕਾ ਅਤੇ ਮੰਡੀਆਂ ਦੇ ਚਰਖਿਆਂ, ਦੁਕਾਨਾਂ, ਕਾਰਖਾਨਿਆਂ ਉੱਤੇ ਜੇਜੀਆ

Digitized by Panjab Digital Library | www.panjabdigilib.org

ਜ਼ਮੀਨਾਂ ਉੱਤੇ ਕਰ ਲਾਇ ਰਖ੍ਯਾ ਸੀ, ਮੁਸਲਮਾਨ ਪ੍ਰਜਾ ਤੋਂ ਸਿਵਾਇ ਬਟਾਈ ਦੇ ਥੋ
ੜ੍ਹੇ ਖੇਤੀ ਦੇ ਕੁਛ ਨਹੀਂ ਲੈਂਦਾ ਸੀ ਏਸ ਦੁੱਖ ਤੋਂ ਭੀ ਅਨੇਕ ਹਿੰਦੂ ਮੁਸਲਮਾਨ ਬਨ ਗ
ਏ ਸੇ। — ਤੁਜ਼ਕ ਸਿਕੰਦਰੀ ਵਿਚ ਮੁਸਲਮਾਨਾਂ ਨੂੰ ਆਪਣੀ ਵਡਿਆਈ ਦੇਖਾਉ
ਣ ਵਾਸਤੇ ਉਹ ਆਪ ਹੀ ਲਿਖਦਾ ਹੈ ਕਿ ਮੈਂ ਹਿੰਦੂ ਕਾਫ਼ਰਾਂ ਨੂੰ ਅਮਨ ਨਹੀਂ ਦਿੱਤਾ ਉਨ੍ਹਾਂ ਦੇ
੭੩੨ ਮੰਦਰ ਤੋੜ ਕੇ ਮਸੀਤਾਂ ਬਣਾ ਕਰ ਮੂਰਤਾਂ ਦੇ ਚੂਨੇ ਕਰਵਾ ਮਹਿਜਦਾਂ ਨੂੰ ਲਗਾ
ਛੱਡੇ ੧੯ ਹਜ਼ਾਰ ਕਾਫ਼ਰਾਂ ਨੂੰ ਮੋਮਨ ਕੀਤਾ ਅਤੇ ੧੩ ਹਜ਼ਾਰ ਕਤਲ ਕਰ ਛੱਡਿਆ
ਜੋ ਮੇਰੀ ਨਜਾਤ ਦਾ ਕਾਰਣ ਹੈ ਭਾਵ ਯਹਿ ਮੁਸਲਮਾਨਾਂ ਦੀ ਹਦੀਸ ਮੁਹੱਮਦੀ ਵਿਚ ਹੁਕ
ਮ ਹੈ ਜੋ ਕੋਈ ਮੋਮਨ ਕਾਫ਼ਰਾਂ ਨੂੰ ਮਾਰੇਗਾ ਯਾ ਦੀਨ ਮੇਂ ਲਿਆਵੇਗਾ ਉਸਨੂੰ ਖ਼ੁਦਾ ਸਬ
ਗੁਨਾਹ ਬਖਸ਼ ਕੇ ਬਹਿਸ਼ਤ ਦੇਵੇਗਾ ਏਸੇ ਲਾਲਚ ਨਾਲ ਹਮੇਸ਼ ਮੁਸਲਮਾਨ ਹਿੰਦੂ
ਆਂ ਨੂੰ ਲੁੱਟਦੇ ਮਾਰਦੇ ਰਹਿੰਦੇ ਸਨ। ਏਸੇ ਸਿਕੰਦਰ ਨੇ ਇਕ ਮਸ਼ਹੂਰ ਪੰਡਿਤ ਸ਼ਿਵਾ
ਨੰਦ ਕਾਂਸੀਵਾਲੇ ਨੂੰ ਦੋਨੋ ਦੀਨ ਹਿੰਦੂ ਤੁਰਕ ਰੱਬ ਦੇ ਰਚੇ ਹੋਏ ਦੱਸਣ ਬਦਲੇ ਅੱਧਾ ਜ਼
ਮੀਨ ਵਿਚ ਗਡਵਾ ਕੇ ਮਰਵਾਯਾ ਸੀ। — ਕਬੀਰ ਨੂੰ ਗੰਗਾ ਵਿਚ, ਨਾਮਦੇਵ ਨੂੰ ਹਾਥੀ ਅੱ
ਗੇ, ਰਵਿਦਾਸ ਨੂੰ ਕੋਠੜੀ ਵਿਚ ਬੰਨ ਕੇ ਸੁੱਟਿਆ ਸੀ ਤੇ ਸਧਨੇ ਨੂੰ ਬੁਰਜ ਵਿਚ ਚਿਣਾਯਾ
ਸੀ। — ਏਹ ਬੜਾ ਭਾਰੀ ਜ਼ਾਲਮ ਬਾਦਸ਼ਾਹ ਸੀ ਕਈ ਸੌ ਫ਼ਕੀਰ ਹਿੰਦੂ ਫੜ ਕੇ ਚੱਕੀ
ਪੀਸਣ ਲਾ ਰੱਖੇ ਸਨ, ਜਦ ਬਾਬਾ ਜੀ ਦਿੱਲੀ ਗਏ, ਏਨ੍ਹਾਂ ਨੇ ਪ੍ਰਗਟ ਹੋਣ ਵਾਸਤੇ ਇਕ ਹ
ਾਥੀ ਜਿਵਾਇ ਦਿੱਤਾ ਬਾਦਸ਼ਾਹ ਨੇ ਕਾਜ਼ੀਆਂ ਦੇ ਕਹੇ ਖ਼ੁਦਾ ਦਾ ਹੁਕਮ ਮੇਟਣ ਦੇ ਜ਼ੁਲਮ
ਵਿਚ ਬਾਬੇ ਜੀ ਨੂੰ ਭੀ ਸਾਥੀਆਂ ਸਮੇਤ ਫੜ ਕੇ ਪੀਸਣ ਲਾ ਦਿੱਤਾ ਬਾਬੇ ਨੇ ਰਬਾਬ ਬ
ਜਵਾਇ ਸਬਦ ਗਾਵਿਆ ਯਥਾ ( ਕੋਲੂ ਚਰਖਾ ਚੱਕੀ ਚੱਕ ਥਲ ਵਾਰੋਲੇ ਬਹੁਤ
ਅਨੰਤ। ਲਾਟੂ ਮਾਧਾਣੀਆ ਅਨਗਾਹ। ਪੰਖੀ ਭਉਦੀਆ ਲੈਨਿ ਨ ਸਾਹ। ਸੂਐ ਚਾੜਿ
ਭਵਾਈਅਹਿ ਜੰਤ। ਨਾਨਕ ਭਉਦਿਆ ਗਣਤ ਨ ਅੰਤ। ) ਏਸ ਅਵਾਜ਼ ਤੋਂ ਸਬ ਚੱਕੀ
ਆਂ ਆਪੇ ਫਿਰਨ ਲਗ ਪਈਆਂ। ਬਾਦਸ਼ਾਹ ਨੇ ਦਰੋਗੇ ਤੋਂ ਏਹ ਗਲ ਸੁਣ ਕੇ ਬਾਬੇ
ਦੇ ਕਦਮ ਆ ਫੜੇ ਬਾਬੇ ਜੀ ਨੇ ਨਸੀਹਤ ਕੀਤੀ ਯਥਾ ( ਏਕ ਨੂਰ ਤੈ ਖਲਕ ਉਪਾ
ਈ। ਆਪ ਖ਼ੁਦਾ ਨੇ ਬਾੜੀ ਲਾਈ। ਬਾਦਸ਼ਾਹ ਰਾਜੇ ਇਹੁ ਮਾਲੀ ਪਾਲਣ ਹੇਤੁ ਬਣਾ
ਏ ਹੈ। ਹਿੰਦੂ ਤੁਰਕ ਦੀਨ ਸਬ ਕੂੜੇ। ਬਾਦ ਬਿਵਾਦ ਕਰਤ ਹੈਂ ਮੂੜੇ। ਜੰਮਣ ਮਰਣ

੧- ਤੁਜ਼ਕ ਸਿਕੰਦਰੀ ਕਿਤਾਬ ਦਾ ਨਾਮ ਹੈ ਜਿਸ ਵਿਚ ਸਿਕੰਦਰ ਨੇ ਆਪਣੀ ਸਾਰੀ ਉਮਰ ਦਾ ਹਾਲ ਲਿਖਿਆ ਹੈ।

Digitized by Panjab Digital Library | www.panjabdigilib.org

ਏਕ ਸਮ ਸਭ ਕੋ ਲੇਖਾ ਦੇਣਾ ਜਾਏ ਹੋ। ਦੂਈ ਲਖ ਜਿਨ ਖਲਕ ਦੁਖਾਈ। ਖੁਸ
ਖੁਸ ਲੈਂਦੇ ਵਸਤੁ ਪਰਾਈ। ਅਜ਼ਰਾਈਲ ਤਿਨੈ ਫੜ ਮਾਰੇ ਦੋਜ਼ਖ ਦੇ ਵਿਚ ਪਾਏ ਹੋ। ਆ
ਪ ਖੁਦਾਇ ਨਿਆਂਉ ਨਿਬੇੜੇ। ਲਹੇ ਸਜਾਈ ਜੈਸੇ ਫੇੜੇ। ਈਸਾ ਮੂਸਾ ਰਾਮ ਮੁਹੰਮਦ
ਕੋਇ ਨ ਕਿਸੈ ਛੁਡਾਏ ਹੋ। ਏਥੇ ਗੋਇਲ ਵਾਸਾ ਆਇਓ। ਦੁਨੀਆਂ ਕਾਰਣ ਪਾਪ ਕਮਾ
ਇਓ। ਲੇਖਾ ਮੰਗੇ ਸਿਰਜਣਹਾਰਾ। ਖਸ ਖਸ ਦੇ ਸਮ ਭਾਈ ਹੋ। ਪੀਰ ਪਿਕੰਬਰ ਵਲੀ
ਫਕੀਰਾਂ। ਬਾਦਸ਼ਾਹਿ ਕੰਗਾਲ ਅਮੀਰਾਂ। ਅਮਲਾਂ ਉੱਤੇ ਹੋਣ ਨਿਬੇੜੇ ਸੱਚੋ ਸੱਚ
ਤਿਥਾਂਈ ਹੋ। ਪਰਧਨ ਪਰ ਤ੍ਰਿਯ ਰੱਤੇ ਜੋਈ। ਥੰਮ ਤਪਾਇ ਲਗਾਈਅਨ ਤੇਈ। ਤ
ੜਫ ਤੜਫ ਬਿਲਲਾਇ ਪੁਕਾਰਨ ਪਾਪ ਕਰੇ ਜਿਨ ਭਾਰੇ ਹੋ। ਬਾਦਸ਼ਾਹਿ ਜੋ ਦਾ
ਦ ਨ ਦੈ ਹੈ। ਸੋ ਦੋਜ਼ਖ ਵਿਚ ਸੜਸੀ ਰੈ ਹੈ। ਕਰੇ ਨਿਆਂਉ ਬਹਿਸ਼ਤ ਸੋ ਪਾਵੈ ਨਾਨਕ
ਇਹੁ ਗਲ ਸਾਰੇ ਹੋ।) ਇਤਿਆਦਿਕ ਉਪਦੇਸ਼ ਸੁਣਕੇ ਬਾਦਸ਼ਾਹ ਨੇ ਬਾਬੇ ਦੇ ਕਦਮ ਚੁ
ਮੇ, ਪਿਛਲੇ ਗੁਨਾਹਾਂ ਦੀ ਮਾਫੀ ਮੰਗੀ, ਅਗੇ ਨੂੰ ਤੋਬਾ ਕੀਤੀ ਤੇ ਭੇਟਾ ਦੇ ਰਿਹਾ ਪਰ ਬਾਬੇ ਨੇ
ਕੁਛ ਨਾ ਲੀਤਾ ਸਭਨਾਂ ਫਕੀਰਾਂ ਦੀ ਬੰਦ ਖਲਾਸੀ ਕਰਾਕੇ ਟਿੱਲੇ ਪਰ ਜਾ ਬੈਠੇ।

ਏਨ੍ਹਾਂ ਦੀ ਮਹਿਮਾ ਸੁਣਕੇ ਨਜ਼ਾਮਦੀਨ ਔਲੀਏ ਦਾ ਚੇਲਾ ਹਸਨ ਬੇਦਲਾ ਜੋ ਸੰਨ ੯੯੯
ਹਿਜਰੀ ਵਿਚ ਤੇ ਮੀਆਂ ਮਾਨੂੰਫ ਜੋ ਸੰਨ ੯੪੭ ਹਿ: ਵਿਚ ਚਿਸ਼ਤੀ ਗੁਜ਼ਰੇ ਹਨ। ਰਾਮਦਾ
ਸ ਬੈਰਾਗੀ, ਉਦੇਨਾਥ ਜੋਗੀ, ਅਘੋਰਨਾਥ, ਸੱਯਦ ਮੰਦੇ ਸ਼ਾਹ ਇਤਿਆਦਿਕ ਅਨੇਕ ਪੀਰ
ਫਕੀਰ ਚਰਚਾ ਕਰਨ ਆਏ ਪਰ ਗੁਰੂ ਜੀ ਦੀ ਬਾਣੀ ਸੁਣ ਸਭਨੇ ਜਿੱਦ ਬਾਦ ਛੱਡ ਦਿੱ
ਤੀ ਤੇ ਰੱਬ ਦੇ ਰਾਹ ਦੀ ਚਰਚਾ ਬਾਰਤਾ ਕਰ ਖੁਸ਼ੀ ਹੋਕੇ ਗਏ।

ਦਿੱਲੀ ਤੋਂ ਤੁਰ ਕੇ ਕੋਇਲ, ਮਥੁਰਾ, ਬ੍ਰਿੰਦਾਬਨ, ਆਗਰਾ, ਅਟਾਵੇ, ਕਾਨਪੁਰ, ਲਖਨਊ, ਅ
ਜੁੱਧਿਆ, ਪ੍ਰਯਾਗ, ਮਿਰਜ਼ਾਪੁਰ ਆਦਿਕ ਅਨੇਕ ਸ਼ਹਿਰਾਂ ਦਾ ਸੈਲ ਕਰ ਬੇਅੰਤ ਭਗਤਾਂ
ਸੰਤਾਂ ਨੂੰ ਸੱਚੇ ਰਾਹ ਦੇ ਮਹਿਰਮ ਕਰਕੇ ਕਾਂਸ਼ੀ ਜੀ ਜਿੱਥੇ ਜਾ ਬੈਠੇ ਜਿਹ ਹੁਣ ਗੁਰੂ ਕਾ ਬਾਗ
ਮਸ਼ਹੂਰ ਹੈ। ਰਬਾਬ ਬਜਾਇ ਬਾਬੇ ਨੇ ਸ਼ਬਦ ਗਾਵਿਆ ਜਿਸਨੇ ਸੁਣਿਆ ਉਹੋ ਪ੍ਰ
ਮੋਦ ਹੋਇ ਬਾਬੇ ਪਾਸ ਆ ਬੈਠਾ, ਸ਼ਹਿਰ ਵਿਚ ਬੜੀ ਧੂਮ ਧਾਮ ਫੈਲ ਗਈ।

ਚਤੁਰਦਾਸ ਪੰਡਿਤ ਨੇ ਬਾਬੇ ਪਾਸ ਆਇ ਆਖਿਆ ਤੁਹਾਡੇ ਕੋਲ ਸਾਲਗਰਾਮ ਪੂਜਾ
ਦੀ ਸਾਮੱਗ੍ਰੀ ਤੁਲਸੀ ਦੀ ਮਾਲਾ ਨਹੀਂ ਤੁਸੀਂ ਕੈਸੇ ਸਾਧੂ ਹੋ। ਬਾਬੇ ਉੱਤ੍ਰ ਦਿੱਤਾ (ਕਾਹੇ
ਕਲਰਾ ਸਿੰਚਹੁ ਜਨਮ ਗਵਾਵਹੁ। ਕਾਚੀ ਢਾਹਗ ਦਿਵਾਲ ਕਾਹੇ ਗਚ ਲਾਵਹੁ।)

Digitized by Panjab Digital Library | www.panjabdigilib.org

ਏਹ ਸਬਦ ਸੁਣ ਕੇ ਬਹੁਤ ਖੁਸ਼ੀ ਹੋਯਾ ਗੁਰੂ ਜੀ ਨੂੰ ਪੂਰਨ ਪੁਰਖ ਸਮਝ ਕੇ ਦੂਸਰੇ ਦਿ
ਨ ਨਾਮਦੇਵ, ਰਵਿਦਾਸ, ਤ੍ਰਿਲੋਚਨ, ਪਰਸਾ, ਹਾਂਸੋਰਾਇ, ਧਰਮਦਾਸ ਏਹ ਦੋਵੇਂ ਕਬੀ
ਰ ਦੇ ਚੇਲੇ ਤੇ ਨਿਤਾਨੰਦ ਰਾਮਾਨੰਦ ਦਾ ਚੇਲਾ ਅਨੇਕ ਭਗਤ ਸੰਤ ਗੁਰੂ ਜੀ ਦੇ ਪਾਸ
ਆਏ ਬਡੇ ਆਨੰਦ ਪਾਏ ਗਯਾਨ ਚਰਚਾ ਸੁਨਾਈ ਬਾਬੇ ਜੀ ਨੂੰ ਪਾਰਬ੍ਰਹਮ ਰੂਪ ਜਾਣਤੇ
ਭਏ। ਫੇਰ ਸਬਦ ਸੁਣਨੇ ਦੀ ਇੱਛਿਆ ਦੇਖ ਕੇ ਬਾਬੇ ਜੀ ਨੇ ਰਬਾਬ ਬਜਵਾਇ ਸਬਦ
ਗਾਇ ਸੁਨਾਏ ਯਥਾ (ਆਪੇ ਰਸੀਆ ਆਪ ਰਸ ਆਪੇ ਰਾਵਣਹਾਰ। ਆਪੇ ਹੋਵੈ ਚੋ
ਲੜਾ ਆਪੇ ਸੇਜ ਭਤਾਰ।) ਪੁਨਹ (ਸਬਦੇ ਧਰਤੀ ਸਬਦ ਆਕਾਸ਼। ਸਬਦੇ ਸ
ਬਦ ਹੋਯਾ ਪਰਕਾਸ਼) ਹੋਰ (ਅੱਠੀ ਪਹਰੀ ਅੱਠ ਖੰਡ ਨਾਵਾਂ ਖੰਡ ਸਰੀਰ। ਤਿਸ ਵਿ
ਚ ਨਉ ਨਿਧ ਨਾਮ ਏਕ ਭਾਲਹਿ ਗੁਣੀ ਗਹੀਰ।) ਇੱਤਆਦਿਕ ਬਹੁਤ ਸਬਦ ਉਚਾ
ਰੇ, ਏਥੇ ਸਾਰੇ ਨਹੀਂ ਲਿਖੇ। ਬਾਬੇ ਦਾ ਸਬਦ, ਕ੍ਰਿਸ਼ਨ ਦੀ ਬੰਸਰੀ ਕਿਸ ਨੂੰ ਮੋਹਿਤ ਨਹੀਂ ਕ
ਰਦੇ ਰਹੇ, ਓਹ ਸਭ ਪ੍ਰਮਾਨੰਦ ਪਾਇ ਮਹਿਮਾ ਕਰਦੇ ਗਏ। ਪੰਦ੍ਰਾਂ ਦਿਨ ਗੁਰੂ ਜੀ ਓਥੇ
ਰਹੇ ਬਹੁਤ ਲੋਗ ਸਤਸੰਗੀ ਭਏ। — ਕਬੀਰ ਜੀ ਕਾਂਸ਼ੀ ਨਹੀਂ ਸੇ ਰਘੁਨਾਥਪੁਰੇ
ਵਿਚ ਜੋ ਬਿਜਲੀਖਾਂ ਨਵਾਬ ਓਨ੍ਹਾਂ ਦਾ ਸੇਵਕ ਸੀ ਓਥੇ ਜਦ ਉਸ ਦੇ ਮਿਲਣ ਲਈ ਗੁ
ਰੂ ਜੀ ਕਾਂਸ਼ੀਓਂ ਚੱਲੇ ਤਦ ਉਧਰੋਂ ਓਹ ਭੀ ਆਯਾ ਤੇ ਰਸਤੇ ਵਿਚ ਪੂਸੇ ਪਿੰਡ ਪਾਸ ਕੱਤਕ
ਮਹੀਨੇ ਸੰ: ੧੫੫੮ ਬਿ: ਵਿਚ ਦੋਹਾਂ ਦਾ ਮੇਲ ਹੋਯਾ, ਬਹੁਤ ਖੁਸ਼ੀ ਹੋਏ ਪਰੱਸਪਰ[1] ਸਬਦ

੧– ਏਸ ਕਥਾ ਦੇ ਅਤੇ ਚਰਚਾ ਦੇ ਸਬਦ ਨਾਨਕ ਪ੍ਰਬੋਧ ਪੋਥੀ ਵਿਚ ਕਬੀਰ ਦੇ ਚੇਲੇ ਧਰਮਦਾਸ ਨੇ ਲਿਖੇ ਹੈਂ।
ਓਥੋਂ ਲੈਕੇ ਅਸਾਂ ਭੀ ਸੰਛੇਪ ਸੂਰਜ ਪ੍ਰਕਾਸ਼ ਵਿਚ ਰੱਖੇ ਹਨ। ਬਹੁਤ ਲੋਗ ਅਨਜਾਣ ਆਖਯਾ ਕਰਦੇ ਹਨ ਕਬੀਰ
ਬਾਬੇ ਨਾਨਕ ਤੋਂ ਪਹਿਲੇ ਹੋਯਾ ਹੈ ਏਸ ਵਾਸਤੇ ਏਥੇ ਉਸ ਦੇ ਜਨਮਾਦਿਕ ਦੇ ਸੰਮਤ ਦਿਖਾਉਂਦੇ ਹਾਂ। ਸੰਮਤ ੧੪੫੫ ਬਿ:
ਜੇਠ ਸੁਦੀ ੧੫ ਸੋਮਵਾਰ ਨੂੰ ਕਾਂਸ਼ੀ ਦੇ ਬਾਹਰ ਇਕ ਕੋਸ ਦੂਰ ਜੁਲਾਹਾਪੁਰ ਵਿਚ ਲਹਿਰ ਤਲਾਵ ਦੇ ਕਿਨਾਰੇ ਗੁਦੜੀ
ਵਿਚ ਲਿਪਟੇ ਪੜੇ ਦੋ ਪਹਿਰ ਦੇ ਜੰਮੇ ਹੋਏ ਨੀਰੂ ਜੁਲਾਹੇ ਮੁਸਲਮਾਨ ਦੇ ਹੱਥ ਆਏ, ਉਸਨੇ ਆਪਣਾ ਪੁੱਤ੍ਰ ਮੰਨ ਕੇ
ਪਾਲੇ ਪੋਸੇ। ਸੰਮਤ ੧੪੬੨ ਬਿ: ਹਾੜ੍ਹ ਦੇ ਮਹੀਨੇ ਗੰਗਾ ਕਿਨਾਰੇ ਬਰੇਤੀ ਵਿਚ ਸੁੱਤੇ ਪਏ ਕਬੀਰ ਨੂੰ ਰਾਮਾਨੰਦ ਦੇ
ਪਊਏ ਦੀ ਠੋਕਰ ਲੱਗੀ ਤਾਂ ਕਬੀਰ ਸੱਤ ਬਰਸ ਦਾ ਬਾਲਕ ਸੀ ਰੋਣ ਲਗ ਪਿਆ। ਰਾਮਾਨੰਦ ਜੀ ਨੂੰ ਦਯਾ ਆ
ਈ ਸਿਰ ਪਰ ਹੱਥ ਫੇਰ ਕੇ ਆਖਯਾ ਬੱਚਾ ਰੋ ਨਹੀਂ ਰਾਮ ਰਾਮ ਕਹੁ ਏਹੀ ਉਪਦੇਸ਼ ਕਬੀਰ ਜੀ ਨੂੰ ਭਯਾ। ਸੰ: ੧੪੭੧ ਬਿ:
ਵਿਚ ਕਬੀਰ ਜੀ ਦੀ ਸ਼ਾਦੀ ਹੋਈ ਨੇਤੀ ਜੁਲਾਹੇ ਦੀ ਬੇਟੀ ਲੋਈ ਦੇ ਨਾਲ। ਸੰ: ੧੪੮੧ ਬਿ: ਨੂੰ ਕਮਾਲਾ ਜੰਮਿਆ
ਸੰ: ੧੪੮੫ ਵਿਚ ਕਮਾਲੀ ਜੰਮੀ ਸੰਮਤ ੧੪੯੨ ਬਿ: ਵਿਚ ਕਬੀਰ ਜੀ ਦਾ ਜੱਗ ਜਸ ਪ੍ਰਭੂ ਨੇ ਕਬੀਰ ਦਾ ਰੂਪ ਧਾਰ ਕੇ
ਪੂਰਾ ਕੀਤਾ ਸੰ: ੧੫੪੫ ਬਿ: ਮਾਘ ਮਹੀਨੇ ਸਿਕੰਦ੍ਰ ਬਾਦਸ਼ਾਹ ਨੇ ਕਰਾਮਾਤ ਦੇਖਣ ਵਾਸਤੇ ਕਬੀਰ ਜੀ ਦੇ ਹੱਥ ਪੈ
ਰ ਬੰਨ ਕੇ ਗੰਗਾ ਵਿਚ ਸਿੱਟਿਆ। ਸੰ: ੧੫੭੫ ਬਿ: ਵਿਚ ਮਘਰ ਸੁਦੀ ੧੧ ਨੂੰ ਕਬੀਰ ਜੀ ਪ੍ਰਲੋਕ ਗਵਨੇ ਗੋਰਖ

Digitized by Panjab Digital Library | www.panjabdigilib.org

ਸੁਣੇ ਸੁਣਾਏ, ਆਤਮਾ ਪ੍ਰਮਾਤਮਾ ਦੇ ਨਿਰਨੇ ਦੀ ਚਰਚਾ ਕਰਦੇ ਰਹੇ ਆਪਸ ਮੇਂ ਬਹੁਤ
ਆਨੰਦ ਹੋਏ। ਸੱਤ ਦਿਨ ਕਬੀਰ ਤੇ ਗੁਰੂ ਸਾਹਿਬ ਇਕੱਠੇ ਰਹੇ ਫੇਰ ਬਾਬਾ ਜੀ ਓਥੋਂ ਚ
ਲਕੇ ਜੌਨਪੁਰ, ਛਪਰੇ, ਆਰੇ, ਬਕਸਰ ਆਦਿਕ ਹੁੰਦੇ ਹੋਏ ਪਟਨੇ ਸ਼ਹਿਰ ਗੰਗਾ ਤੀ
ਰੇ ਜਾ ਬੈਠੇ।

ਓਸ ਸਮੇ ਹਰੀਹਰ ਛੇਤ੍ਰ ਦਾ ਮੇਲਾ ਸੀ ਜੋ ਕਾਤਕ ਦੀ ਪੂਨੋਂ ਨੂੰ ਪਟਣੇ ਤੋਂ ਤਿੰਨ ਕੋਸ ਗੰ
ਗਾ ਪਾਰ ਹੁਣ ਭੀ ਹੁੰਦਾ ਹੈ ਜਿੱਥੇ ਤੰਦੂਏ ਦੇ ਗ੍ਰਸੇ ਹੋਏ ਹਾਥੀ ਨੂੰ ਭਗਵਾਨ ਨੇ ਛੁਡਾਇਆ
ਸੀ ਬਹੁਤ ਨਦੀਆਂ ਓਥੇ ਆਕੇ ਗੰਗਾ ਵਿਚ ਮਿਲਦੀਆਂ ਹਨ ਪਾਣੀ ਅਥਾਹ ਹੈ, ਪੜ੍ਹਪਾਟ°
ਹੋਯਾ ਹੈ ਗੁਰੂ ਸਾਹਿਬ ਨੇ ਜਦ ਓਥੇ ਮਰਦਾਨੇ ਤੋਂ ਰਬਾਬ ਬਜਵਾ ਕੇ ਸਬਦ ਗਾਵਿਆ ਤਾਂ
ਸਬ ਲੋਗ ਸੁਣ ਕੇ ਚਿੱਤ੍ਰ ਲਿਖੇ ਸੇ ਹੋ ਗਏ। ਰਾਮ ਕ੍ਰਿਸ਼ਨ ਨੇ ਦੁਸ਼ਟਾਂ ਨੂੰ ਮਾਰ ਕੇ ਪ੍ਰਿਥੀ ਦਾ ਭਾਰ
ਉਤਾਰਿਆ ਸੀ ਗੁਰੂ ਜੀ ਨੇ ਬਚਨਾਂ ਦੇ ਬਾਣਾਂ ਨਾਲ ਲੋਗਾਂ ਦੇ ਖੋਟੇ ਸੁਭਾਵ ਰਾਖਸਾਂ ਨੂੰ ਮਾਰ
ਕੇ ਈਸ਼ੂਰ ਦੀ ਭਗਤੀ, ਗਿਆਨ, ਉਪਦੇਸ਼ ਦ੍ਰਿੜ੍ਹਾ ਸੁਭ ਸੁਭਾਵ ਸਿਖਾਇ ਪ੍ਰਿਥਵੀ ਦੇ ਭਾਰ
ਨੂੰ ਉਤਾਰ ਧਰਮ ਦਾ ਪ੍ਰਚਾਰ ਕਰ ਦਿੱਤਾ, ਏਸੇ ਵਾਸਤੇ ਹੋਰ ਮਜ਼੍ਹਬਾਂ ਵਾਲੇ ਭੀ ਬਾਬੇ ਦੇ ਨ੍ਰਿਪੱਖ
ਉਪਦੇਸ਼ ਨੂੰ ਦੂਸਰੇ ਆਚਾਰਜਾਂ, ਪੈਗੰਬਰਾਂ ਨਾਲੋਂ ਬਿਸੇਸ਼ ਮੰਨਦੇ ਹਨ।

ਗੁਰੂ ਜੀ ਦੇ ਪਾਸ ਪਟਨੇ ਵਿੱਚ ਹਰ ਵਕਤ ਭੀੜ ਲੱਗੀ ਰਿਹਾ ਕਰੇ ਸਤਸੰਗ, ਗਿਆਨ ਵੀ
ਚਾਰ ਹੁੰਦਾ ਰਹਿੰਦਾ। ਇਕ ਦਿਨ ਮਰਦਾਨੇ ਨੇ ਬਾਬੇ ਜੀ ਨੂੰ ਪੁੱਛਿਆ ਸਬ ਸੰਤ ਤੇ ਗ੍ਰੰਥ
ਮਾਨੁੱਖ ਜਨਮ ਨੂੰ ਅਮੋਲਕ ਲਾਲ ਕਹਿੰਦੇ ਹੈਂ ਜੇ ਸੱਚ ਹੋਵੇ ਤਾਂ ਬਿਸੇ ਬਿਕਾਰਾਂ ਵਿੱਚ ਕਿ
ਉਂ ਖੋ ਛੱਡਣ, ਭਗਤੀ ਭਜਨ ਕਰਕੇ ਸਫਲ ਕਰ ਲੈਣਾ। ਦੂਸਰੇ ਦਿਨ ਮਰਦਾਨੇ ਨੂੰ
ਭੁੱਖ ਲੱਗੀ ਤਾਂ ਗੁਰੂ ਜੀ ਨੇ ਇਕ ਲਾਲ ਦੇ ਕਰ ਆਖਿਆ, ਏਸ ਬਦਲੇ ਕੁਛ ਖਾਣੇ ਪਾਣ

(੭੯ ਸਫੇ ਦੀ ਬਾਕੀ) ਪੁਰ ਦੇ ਜ਼ਿਲੇ ਮਗਹਰ ਪਿੰਡ ਕਬਰ ਤੇ ਸਮਾਧ ਦੋਵੇਂ ਹਨ। ਏਸ ਦੀ ਸਬੂਤੀ ਵਿਚ
ਏਹ ਬਚਨ ਧਰਮਦਾਸ ਦਾ ਕਬੀਰ ਦੀ ਜਨਮਸਾਖੀ ਵਿਚ ਲਿਖਿਆ ਹੈ। ਜਥਾ (ਚੌਦਾਸੈ [੧੪੫੫] ਪਚਪਨ ਮੇਂ ਭਾ
ਈ। ਜੇਠ ਸੁਦੀ ਪੰਦ੍ਰਸ ਸੁਖਦਾਈ। ਪ੍ਰਗਟੇ ਪ੍ਰਭੂ ਕਬੀਰ ਗੁਸਾਈ। ਕਲਿਜੁਗ ਜੀਵ ਤਰਾਵਨ ਆਈ।)
ਪੁਨਾ (ਪੰਦ੍ਰਾਂ ਸੈ [੧੫੭੫] ਪਛੱਤ੍ਰੇ ਕੀਆ ਮਗਹਰ ਕੋ ਗੌਨ। ਅੱਘਰ ਸੁਦੀ ਇਕਾਦਸੀ ਮਿਲੀ ਪੌਨ ਮੇਂ ਪੌਨ। =

੧—ਏਹ ਪਟਣਾ ਸ਼ਹਿਰ ਰਾਜੇ ਹੰਸਪਾਲ ਚੰਦ੍ਰਬੰਸੀ ਨੇ ਪਾਟਲੀ ਦੇਵੀ ਕੇ ਨਾਮ ਪਰ ਜਿਸ ਦਾ ਮੰਦਰ ਹੁਣ ਭੀ ਓਥੇ ਹੈ ਰਾ
ਜਾ ਬਿਕ੍ਰਮਜੀਤ ਤੋਂ ਇਕ ਹਜ਼ਾਰ ਬਰਸ ਪਹਿਲੇ ਬਸਾਯਾ ਸੀ, ਏਥੇ ਹੀ ਰਾਜਾ ਹਰੀਚੰਦ ਹੋਯਾ ਹੈ ਜਿਸ ਦੇ ਸਮਾਨ ਸ
ਤਵਾਦੀ ਧਰਮੀ ਕੋਈ ਨਹੀਂ ਹੋਯਾ ਤੇ ਏਹੋ ਬਿਸ਼੍ਵਾਮਿਤ੍ਰ ਦੇ ਹੱਥੋਂ ਕਾਂਸ਼ੀ ਏ ਚੰਡਾਲ ਦੇ ਘਰ ਵਿਕ ਕੇ ਸੂਰੀਆਂ ਚਾਰਦਾ
ਰਿਹਾ ਤੇ ਕੈਂਹਦੇ ਹਨ ਏਸੇ ਦੇ ਸਤ ਨਾਲ ਕਾਂਸ਼ੀ ਨਗਰੀ ਇਕ ਵਾਰੀ ਬੈਕੁੰਠ ਨੂੰ ਗਈ ਹੈ ਇਕ ਵਾਰੀ ਫੇਰ ਜਾਊ।

Digitized by Panjab Digital Library | www.panjabdigilib.org

ਰਨੇ ਦੀ ਵਸਤੂ ਲੈ ਆ। ਮਰਦਾਨਾ ਲੈਕੇ ਗਿਆ ਤਾਂ ਮੂਲੀਆਂ ਦੇਖ ਉਸ ਰਤਨ ਬਦਲੇ ਦੋ
ਮੂਲੀਆਂ ਮੰਗੀਆਂ ਤੇ ਮਾਲੀ ਇਕ ਦੇਦੇ, ਫੇਰ ਹਲਵਾਈ ਦੇ ਗਿਆ ਤਾਂ ਉਹ ਅੱਧ ਸੇਰ ਮਠਿ
ਆਈ ਤੋਂ ਵੱਧ ਨਾ ਦੇਦੇ, ਬਜਾਜ ਤੋਂ ਕਪੜਾ ਲੈਣ ਲੱਗਾ ਤਾਂ ਦੋ ਗਜ ਮਿਲੇ। ਸਰਾਫਾਂ ਦੇ ਬਾ
ਜ਼ਾਰ ਫਿਰ ਗਿਆ ਤਾਂ ਕੋਈ ਪੰਜ, ਕੋਈ ਪੰਚੀਸ, ਕੋਈ ਪਚਾਸ ਹਦ ਸੌ ਰੁਪਏ ਤਕ ਰਹਿ ਗਏ
ਤਾਂ ਮਰਦਾਨੇ ਨੂੰ ਭੀ ਲੋਭ ਹੋ ਆਯਾ, ਜੌਹਰੀਆਂ ਦੇ ਬਾਜ਼ਾਰ ਜਾ ਵੜਿਆ ਤਾਂ ਹਜ਼ਾਰਾਂ ਰੁ
ਪਏ ਦੇਣ ਲਗੇ ਅੰਤ ਨੂੰ ਇਕ ਸਾਲਸ ਰਾਇ ਜੌਹਰੀ ਨੇ ਆਖਯਾ ਹੇ ਭਾਈ ਲਾਲ ਤੇਰਾ ਅ
ਮੋਲਕ ਹੈ, ਕਰੋੜਾਂ ਰੁਪਏ ਮੁੱਲ ਭੀ ਏਸ ਦਾ ਥੋੜਾ ਹੈ, ਸੌ ਰੁਪੰਯਾ ਲਾਲ ਦੀ ਨਜ਼ਰ ਉਸਨੇ
ਦਿੱਤਾ ਸੋ ਲੈ ਆਯਾ, ਬਾਬੇ ਨੇ ਆਖਯਾ ਮਰਦਾਨਯਾਂ ਦੇਖਯਾਂ ਏਸੇ ਤਰਾਂ ਮਨੁੱਖ ਦੇਹ ਅ
ਮੋਲਕ ਰਤਨ ਦੀ ਕੋਈ ਬਿਰਲੇ ਹੀ ਕਦਰ ਪਾਉਂਦੇ ਹਨ ਹੋਰ ਸਭ ਤੁੱਛ ਵਿਸ਼ੇ ਭੋਗਾਂ ਬ
ਦਲੇ ਖੋ ਛੱਡਦੇ ਹਨ ਹੁਣ ਤੂੰ ਏਹ ਰੁਪਏ ਮੋੜ ਆਉ, ਜੇ ਬੇਚੀਏ ਤਾਂ ਲਈਏ, ਮਰਦਾਨਾ
ਮੋੜਨ ਗਿਆ ਜੌਹਰੀ ਲਵੇ ਨਹੀ, ਬਾਬਾ ਰੱਖੇ ਨਹੀ ਕਈ ਵਾਰ ਮਰਦਾਨਾ ਇਧਰ ਉਧਰ
ਫਿਰਿਆ ਤਾਂ ਸਾਲਸ ਰਾਇ ਬਾਬੇ ਨੂੰ ਪੂਰਨ ਪੁਰਖ ਸਮਝ ਚਰਨੀ ਆਇ ਲਗਾ ਸਬ
ਦ ਉਪਦੇਸ਼ ਸੁਣਕੇ ਨਿਹਾਲ ਭਯਾ ਉਸਨੇ ਅਪਣੀ ਧਰਮਸਾਲਾ ਕਾਠ ਦੇ ਬੰਗਲੇ ਨਾਮੇ
ਵਿਚ ਚਾਰ ਮਹੀਨੇ ਬਾਬੇ ਨੂੰ ਰੱਖਯਾ, ਅਤੀ ਪ੍ਰੇਮ ਦੇਖ ਮਹਾਰਾਜ ਟਿਕੇ ਰਹੇ। ਅੱਧਰਕਾ[1]
ਨਾਮ ਅਰੋੜਾ ਭਗਤ ਜੌਹਰੀ ਦਾ ਨੌਕਰ ਬਾਬੇ ਦੀ ਟਹਿਲ ਭਗਤੀ ਕਰਕੇ ਪਰਮਪਦ ਨੂੰ
ਪਹੁੰਚ ਗਯਾ ਸੀ, ਜਦ ਗੁਰੂ ਜੀ ਓਥੋਂ ਚਲਣ ਲੱਗੇ ਤਾਂ ਸਾਲਸ ਰਾਇ ਆਦਿਕ ਸਰਬ
ਸੰਗਤ ਨੇ ਹੱਥ ਜੋੜ ਬੇਨਤੀ ਕੀਤੀ, ਮਹਾਰਾਜ ਏਥੇ ਸਤਸੰਗ ਦਾ ਆਸਰਾ ਬਣਾ ਜਾਓ
ਜਿਸ ਕਰਕੇ ਏਹ ਜਗਾ ਵਸਦੀ ਰਹੇ। ਗੁਰੂ ਜੀ ਬੋਲੇ ਏਥੇ ਇਕ ਬੜਾ ਪ੍ਰਤਾਪੀ ਪੁਰਖ
ਪ੍ਰਗਟੇਗਾ ਤੇ ਜਗਾ ਨੂੰ ਬੜਾ ਭਾਗ ਲਗੇਗਾ, ਹਮੇਸ਼ ਬਸੇਗੀ, ਲੱਖਾਂ ਜੀਵ ਏਥੋਂ ਬਰੋਸਾਣ
ਗੇ। ਹੁਣ ਤੁਸੀਂ ਅਧਰਕੇ ਦੀ ਸੰਗਤ ਕੀਤਾ ਕਰੋ। ਐਸੇ ਬਚਨ ਕਰ ਅਧਰਕੇ ਨੂੰ ਅ
ਪਣੀ ਜਗਾ ਬੈਠਾ ਕੇ ਆਪ ਰਮਤੇ ਭਏ। — ਰਾਜਗਿਰੀ ਸ਼ਹਿਰ ਜੋ ਦੁਆਪੁਰ ਵਿੱਚ
ਜਰਾਸੰਧ ਦੀ ਰਜਧਾਨੀ ਸੀ ਬਾਬਾ ਜੀ ਸ੍ਰਾਧਾਂ ਨੂੰ ਮੇਲੇ ਵਿੱਚ ਓਥੇ ਪਹੁੰਚੇ। ਅਨੇਕ ਮਤਾਂ
ਵਾਲੇ ਚਰਚਾ ਕਰਨ ਆ ਲੱਗੇ, ਬਾਬੇ ਨੇ ਸਭਨਾਂ ਦੇ ਮਤ ਖੰਡਨ ਕਰ ਪ੍ਰਭੂ ਦੀ ਭਗਤੀ ਦੇ

੧- ਉਸੇ ਅਧਰਕੇ ਦੀ ਔਲਾਦ ਭਾਈ ਗੁਲਾਬ ਸਿੰਘ ਆਦਿਕ ਸਿਖ ਓਥੇ ਦੇ ਹੁਣ ਪੁਜਾਰੀ ਹਨ, ਏਸੇ ਕਾਠ ਦੇ ਬੰਗਲੇ ਵਿੱਚ ਗੁਰੂ ਤੇਗ ਬਹਾਦੁਰ ਜੀ ਉਤਰੇ ਸੇ ਤੇ ਦਸਮ ਪਾਤਸ਼ਾਹ ਦਾ ਜਨਮ ਹੋਯਾ ਹੈ ਏਹ ਮੰਦਰ ਸੰ: ੧੭੫੫ ਵਿਚ ਧਨ ਦਾਸ ਮਹੰਤ ਅਧਰ[illegible]

ਆਨ ਵਿਖੇ ਸਬ ਨੂੰ ਪ੍ਰੇਰਕੇ ਲਗਾ ਦਿੱਤਾ, ਪਹਿਲੇ ਉਸ ਦੇਸ ਦੇ ਬਹੁਤ ਲੋਗ ਬੌਧ ਤੇ ਸਾਂਖੀ, ਮੀਮਾਂਸਕ ਸਨ ਇਹ ਤੀਨਾਂ ਮਤਾਂ ਵਾਲੇ ਪਰਮੇਸ਼੍ਵਰ ਨੂੰ ਨਹੀਂ ਮੰਨਦੇ। ਬੌਧ ਆਖਦੇ ਹਨ ਸਮੇ ਦੇ ਅਨੁਸਾਰ ਬਰਖਾ ਫਲ ਫੂਲ ਖੇਤੀ ਗਰਮੀ, ਸਰਦੀ, ਬ੍ਰਿੱਛ, ਪਸ਼ੂ ਪੰਛੀ, ਆਦਮੀ ਅਪਣੇ ੨ ਬੀਜ ਤੋਂ ਪ੍ਰਗਟ ਹੋ ਉਮਰ ਭੋਗ ਕੇ ਆਪੇ ਮਿਟ ਜਾਂਦੇ ਹਨ, ਏਸ ਸੰਸਾਰ ਦਾ ਕਰਤਾ ਕੋਈ ਨਹੀਂ ਏਸੇ ਤਰਾਂ ਹਮੇਸ਼ ਬਣਿਆ ਰਹਿੰਦਾ ਹੈ ਏਹ ਚਾਰੋ ਖਾਣੀਆਂ ਦੀ ਰਚਨਾ ਸਬ ਪੰਜਾਂ ਤੱਤ੍ਵਾਂ ਤੋਂ ਪ੍ਰਗਟ ਹੋਈ ਹੈ ਤੱਤ੍ਵਾਂ ਵਿਖੇ ਹੀ ਲਯ ਹੁੰਦੀ ਰਹਿੰਦੀ ਹੈ। ਦੇਹ ਤੋਂ ਨ੍ਯਾਰਾ ਜੀਵ ਆਤਮਾ ਨਹੀਂ ਤੇ ਨਾ ਕੋਈ ਜੰਮਦਾ ਮਰਦਾ ਹੈ। ਨਰਕ, ਸੁਰਗ ਦੁਖ, ਸੁਖ ਦਾ ਤੇ ਮੁਕ੍ਤੀ ਮੁੱਕ ਜਾਣੇ ਦਾ ਨਾਮ ਹੈ। – ਜਿਸ ਤੋਂ ਸਰਕਾਰ ਫ਼ਤੂ ਲੈਂਦੀ ਹੈ ਸਿਵਾਇ ਏਹੋ ਜੇਹੀ ਚੋਰੀ, ਯਾਰੀ, ਠੱਗੀ ਦੇ ਹੋਰ ਕੋਈ ਕਰਮ ਪਾਪ ਪੁੰਨ ਨਹੀਂ ਕਿਸੇ ਚੀਜ਼ ਦੇ ਖਾਣੇ ਪੀਣੇ ਤੋਂ ਧਰਮ ਨਹੀਂ ਬਿਗੜਦਾ। ਮਨ ਭਾਂਵਦੇ ਪਦਾਰਥ ਖਾਵੇ ਪੀਵੇ ਵਿਸ਼ੇ ਸੁਖ ਭੋਗੇ ਏਹੀ ਪੁਰਖਾਰਥ ਹੈ।

ਸਾਂਖੀ ਆਖਦੇ ਹਨ ਈਸ਼੍ਵਰ ਕੋਈ ਨਹੀਂ ਇਕ ਪੁਰਖ ਦੂਜੀ ਪ੍ਰਕ੍ਰਿਤੀ ਹੈ ਜਿਸ ਨੂੰ ਮਾਯਾ ਭੀ ਆਖਦੇ ਹਨ ਸੋ ਰਜੋ, ਸਤੋ, ਤਮੋ ਗੁਣ ਰੂਪ ਹੈ ਜੈਸੇ ਪਉਣ ਸਪੰਦ ਅਸਪੰਦ ਨਿਸਪੰਦ ਰੂਪ ਹੈ ਸਪੰਦ ਬਹੁਤ, ਅਸਪੰਦ ਥੋੜ੍ਹਾ, ਨਿਸਪੰਦ ਨਾਂਹੀ ਚੱਲਣਾ। ਜਦ ਪੌਣ ਚਲਦੀ ਹੈ, ਅਨੰਤ ਕਾਰਜ ਪ੍ਰਗਟ ਹੋ ਜਾਂਦੇ ਹਨ ਬੰਦ ਹੋਣੇ ਤੇ ਸਬ ਕੰਮ ਰਹਿ ਜਾਂਦੇ ਹਨ। ਪੁਨਹ ਜੈਸੇ ਨੀਂਦ ਆਪੇ ਪ੍ਰਗਟ ਹੋਕੇ ਸੁਪਨ ਪ੍ਰਪੰਚ ਰਚਦੀ ਹੈ ਤੇ ਉਸਦੇ ਹਟਣੇ ਤੋਂ ਸੁਪਨ ਸੰਸਾਰ ਹਟ ਜਾਂਦਾ ਹੈ। ਤੈਸੇ ਪ੍ਰਕ੍ਰਿਤੀ ਸੁਇੱਛਤ ਪੁਰਖ ਨੂੰ ਭੋਗ ਭੋਗਾਉਣ ਲਈ ਆਪਣੇ ਤਿੰਨਾਂ ਗੁਣਾਂ ਨੂੰ ਫੈਲਾਕੇ ਜਗਤ ਰਚਦੀ ਹੈ। ਜਦ ਸਹਿਜ ਭਾਵ ਹੀ ਗੁਣਾਂ ਦਾ ਸੰਕੋਚ ਕਰਦੀ ਹੈ ਤਾਂ ਉਸਦਾ ਨਾਮ ਸਾਮ੍ਯਾਵਸਥਾ ਆਖੀਦਾ ਹੈ ਤਦੋਂ ਜਗਤ ਪ੍ਰਲਯ ਹੋ ਜਾਂਦਾ ਹੈ ਜੇਹੜਾ ਪੁਰਖ ਆਪ ਨੂੰ ਪ੍ਰਕ੍ਰਿਤੀ ਤੋਂ ਅਸੰਗ ਮੰਨ ਲੈਂਦਾ ਹੈ ਉਹ ਮੁਕ੍ਤ ਹੋ ਜਾਂਦਾ ਹੈ ਫੇਰ ਦੇਹ ਨਹੀਂ ਧਾਰਦਾ। – ਮੀਮਾਂਸਕ ਲਿਖਦੇ ਹਨ ਮਾਯਾ, ਈਸ਼੍ਵਰ ਕੋਈ ਨਹੀਂ ਜੀਵ ਅਤੇ ਜੀਵਾਂ ਦੇ ਕਰਮ ਏਹ ਦੋਵੇਂ ਸਨਾਤਨ ਹਨ, ਸਕਾਮ ਕਰਮਾਂ ਦਾ ਫਲ ਦੁਖ ਸੁਖ ਤੇ ਨਿਸਕਾਮ ਕਰਮਾਂ ਦਾ ਫਲ ਮੋਖ ਜੀਵ ਪਾਂਉਦੇ ਹਨ। ਜੀਵਾਂ ਦੇ ਕਰਮਾਂ ਅਨੁਸਾਰ ਹਮੇਸ਼ ਭੂਤ ਭੌਤਕ ਰੂਪ ਸੰਸਾਰ ਪ੍ਰਵਾਹ ਕਾਰ ਬਣਾ ਰਹਿੰਦਾ ਹੈ। ਏਸ ਪ੍ਰਕਾਰ ਦੇ ਮਤ ਵੀਚਾਰ ਸੁਣਕੇ ਗੁਰੂ ਜੀ ਨੇ ਫੁਰਮਾਯਾ ਜੋ ਸਮੇ, ਸੁਭਾਵ, ਪ੍ਰਕ੍ਰਿਤੀ, ਕਰਮਾਂ ਦੇ ਆਧੀਨ ਬਿਹਾਰ ਤੁਸੀਂ ਮੰਨਦੇ ਹੋ ਸੋ ਭਰਮ ਹੈ। ਜਿਸ ਚੇਤਨ ਦੇ ਆਧੀਨ ਸਮੇ ਤੇ ਸੁਭਾਵ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਹੈ ਉਹ

ਸਾਂਖਮਤ

ਪੰਜੇ ਤੱਤ੍ਵ ਤੇ ਤੁੰਕਰਤ ਪਰਕਬ

ਪਰਮੇਸੁਰਹੈ। — ਏਹ ਸਮਾ[1] ਸੁਤੰਤ੍ਰ[2] ਪ੍ਰਕ੍ਰਿਤੀ[3] ਕਰਮ[4] ਸਬ ਜੜ੍ਹ ਹੈਂ ਜੜ੍ਹ ਵਸਤੂ ਮੇਂ
ਗਯਾਨ, ਕ੍ਰਿਯਾ ਸੁਤੰਤ੍ਰ ਨਹੀ ਹੋਤੇ ਤਾਂਤੇ ਜੋ ਚੇਤਨ ਇਨਕੇ ਪ੍ਰੇਰਨੇਵਾਲਾ ਹੈ ਉਸੇ ਨੂੰ ਪ੍ਰਮਾ
ਤਮਾ ਮੰਨ ਕੇ ਉਸਦੀ ਭਗਤੀ ਕਰੋ ਤਬ ਤੁਮ੍ਹਾਰੀ ਕੱਲਯਾਨ ਹੋਵੇਗੀ ਨਹੀ ਤੋ ਅਪਣਾ
ਕੁਟੰਬ ਸਰੀਰ ਪਾਲਨੇ ਤੇ ਵਿਸ਼ੇ ਭੋਗਣ ਵਿੱਚ ਪਸੂ, ਪੰਛੀ ਸਬ ਤੁਹਾਡੇ ਸਮਾਨ ਹਨ
ਜਦ ਐਸਾ ਹੋਯਾ ਤਦ ਤੁਹਾਡਾ ਮਨੁੱਖਾ ਜਨਮ ਨਿਸਫਲ ਗੀਆ, ਉਲਟਾ ਪਰਮੇਸੁਰ
ਤੋਂ ਬੇਮੁਖ ਹੋਕੇ ਤੁਸੀਂ ਨਰਕ ਗਾਮੀ ਭਏ ਐਸੇ ੨ ਔਰ ਭੀ ਉਪਦੇਸ਼ ਅਤੇ ਸ਼ਬਦ ਗੁਰੂ
ਜੀ ਤੇ ਸੁਨਕਰ ਸਬ ਬਾਬੇ ਦੇ ਚਰਨੀ ਆਪਏ ਤੇ ਪਰਮੇਸੁਰ ਨੂੰ ਸੱਤ ਮੰਨਕੇ ਉਸ ਦੀ
ਭਗਤੀ ਕਰਨ ਲਗੇ। — ਉਥੇ ਸ਼ਿਵਕੁੰਡ ਬ੍ਰਹਮਕੁੰਡ ਬਿਸ਼ਨੁਕੁੰਡ ਆਦਿਕ ਦੇਵਤਿਆਂ
ਦੇ ਨਾਮ ਪਰ ਤਾਲਾਬ ਬਣੇ ਹੋਏ ਗਰਮ ਪਾਣੀ ਦੇ ਚਸ਼ਮੇਂ ਨਿਕਲਦੇ ਹੈਂ ਲੋਗਾਂ ਨੇ ਠੰਢਾ
ਜਲ ਪੀਣ ਵਾਸਤੇ ਬਾਬੇ ਅੱਗੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਸੀਰੇ ਜਲ ਦਾ ਚਸ਼ਮਾ ਨਿ
ਕਾਲਿਆ ਜਿਸ ਪਰ ਹੁਣ ਹਮੇਸ਼ ਮੇਲੇ ਵਿੱਚ ਨਿਰਮਲੇ ਸੰਤ ਗੁਰੂ ਕਾ ਝੰਡਾ ਖੜਾਕ
ਰ ਲੰਗਰ ਦੇਤੇ ਹੈਂ। — ਉਥੋਂ ਚਲ ਗੁਰੂ ਜੀ ਗਯਾ[1] ਗਏ ਤਾਂ ਪੰਡਿਆਂ ਨੇ ਆਖਿਆ ਤੁਸੀ
ਭੀ ਆਪਣੇ ਪਿਤ੍ਰਾਂ ਦੇ ਨਮਿਤ ਪਿੰਡ ਭਰਾਓ ਏਹ ਸੁਣਕੇ ਬਾਬੇ ਨੇ ਸਬਦ ਉਚਾਰਿਆ।
(ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਯਾ ਤੇਲ॥ ਉਨਿ ਚਾਨਣਿ ਓਹ ਸੋਖਿਆ ਚੂਕਾ ਜ
ਮ ਸਿਉ ਮੇਲ॥ ਪਿੰਡੁ ਪਤਲ ਮੇਰੀ ਕੇਸ਼ਉ ਕਿਰਿਆ ਸੱਚ ਨਾਮ ਕਰਤਾਰ॥ ਐਥੈ ਓਥੈ
ਆਗੈ ਪਾਛੈ ਏਹੁ ਮੇਰਾ ਆਧਾਰ॥ – ਇਕ ਲੋਕੀ ਹੋਰ ਛਮਛਰੀ ਬ੍ਰਹਮਨ ਵਟ ਪਿੰਡੁ
ਖਾਇ॥ ਨਾਨਕ ਪਿੰਡੁ ਬਖਸ਼ੀਸ ਕਾ ਕਬਹੂੰ ਨਿਖੂਟਸ ਨਾਹਿ॥) ਹੇ ਪੰਡਿਤ ਅਸਾਂ ਏ
ਹ ਸੱਚੀ ਕ੍ਰਿਯਾ ਕਰ ਪਿਤ੍ਰਾਂ ਦੀ ਗਤੀ ਕਰ ਛੱਡੀ ਹੈ ਤੁਸਾਂ ਤਾਂ ਆਪਣੀ ਜੀਵਕਾ ਵਾਸਤੇ
ਜਾਲ ਰਚ ਰੱਖਿਆ ਹੈ ਜੈਸੇ ਕੋਈ ਧਨੀ ਯਾ ਸੂਰਬੀਰ ਆਦਮੀ ਅਪਣੀ ਉਲਾਦ ਵਾ
ਸਤੇ ਜਾਗੀਰ ਬਣਾ ਜਾਂਦਾ ਹੈ ਤੈਸੇ ਤੁਹਾਡੇ ਵੱਡੇ ਤੁਹਾਡੇ ਵਾਸਤੇ ਪੁਸਤਕ ਪੁਰਾਣ ਬਣਾਕੇ
ਉਨ੍ਹਾਂ ਵਿਚ ਏਹੋ ਜੇਹੇ ਅਸਥਾਨਾਂ ਦੇ ਮਹਾਤਮ ਤੇ ਬ੍ਰਹਮਣਾਂ ਨੂੰ ਦਾਨ ਦੇਣ ਦੀ ਮਹਿਮਾ ਲਿ
ਖ ਗਏ ਹਨ, ਉਨ੍ਹਾਂ ਹੀ ਗੱਲਾਂ ਨੂੰ ਵਧਾ ੨ ਕੇ ਤੁਸੀਂ ਅੱਗੇ ਲੋਗਾਂ ਨੂੰ ਸੁਣਾ ੨ ਆਪਣੇ

੧–ਇਸ ਦੀ ਬਾਬਤ ਇਉਂ ਲਿਖਿਆ ਹੈ ਕਿ ਗਯਾਸੁਰ ਦੈਤ ਨੂੰ ਮਾਰਕੇ ਭਗਵਾਨ ਨੇ ਜਦ ਫਲਗੂ ਨਦੀ ਵਿੱਚ
ਸਿੱਟਿਆ ਤਾਂ ਉਸਨੇ ਦੇਵਤਾ ਬਣ ਉਸਤੁਤੀ ਕੀਤੀ ਜਿਸ ਨੂੰ ਸੁਣਕੇ ਬਿਸ਼ਨੂ ਨੇ ਬਰ ਦਿੱਤਾ, ਜੋ ਕੋਈ ਏਥੇ ਪਿੰਡ
ਭਰਾਵੇਗਾ ਉਸਦੇ ਪਿਤ੍ਰਾਂ ਦੀ ਗਤੀ ਹੋਵੇਗੀ ਤਦ ਤੋਂ ਬਹੁਤ ਹਿੰਦੂ ਲੋਕ ਉਥੇ ਜਾਕੇ ਆਪਣੇ ੨ ਪਿਤ੍ਰਾਂ ਦੇ ਨਮਿੱ
ਤ ਪਿੰਡ ਪੱਤਲ ਦੀਵਾ ਆਦਿਕ ਕ੍ਰਿਆ ਕਰਾਉਂਦੇ ਹਨ।

Digitized by Panjab Digital Library | www.panjabdigilib.org

ਜਾਲ ਵਿੱਚ ਫਸਾ ਰੱਖਿਆ ਹੈ ਅਸੀ ਏਹ ਝੂਠੀ ਕ੍ਰਿਆ ਨਹੀ ਕਰਦੇ ਕਰਾਉਂਦੇ, ਜੇ ਕਰ ਤੁਸੀਂ ਆਪਣਾ ਭਲਾ ਚਾਹੁੰਦੇ ਹੋ ਤਾਂ ਜੋ ਪੁੰਨ ਲੈਂਦੇ ਹੋ ਉਸ ਵਿੱਚੋਂ ਚੌਥਾ ਹਿੱਸਾ ਗਰੀਬਾਂ ਮੁਹਤਾਜਾਂ ਨੂੰ ਖੈਰਾਯਤ ਕੀਤਾ ਕਰੋ ਨਹੀਂ ਤਾਂ ਤੁਸੀਂ ਭੀ ਧਰਮਰਾਜ ਦਾ ਦੰਡ ਸਹਾਰੋਗੇ ਯਥਾ ( ਰੋਟੀ ਦਾ ਰੱਲਿਆ ਅੱਗੀ ਆਵੇ ਖੱਟ ਕਮਾਇ ਖੁਲਾਵੇ ਖਾਵੇ ਹੱਕ ਹਲਾਲ ਪਛਾਣੈ ਜੋਇ ਨਾਨਕ ਦਰਗਹਿ ਪਤਿ ਲਹਿ ਸੋਇ ॥) ਐਸੇ ੨ ਅਨੇਕ ਪ੍ਰਕਾਰ ਦੇ ਉਪਦੇਸ਼ ਉਚਾਰ, ਪੰਡਿਆਂ ਨੂੰ ਸੁਧਾਰ, ਨਾਮ ਭਗਤੀ ਪ੍ਰਚਾਰ, ਓਥੋਂ ਕਰ ਕੇ ਰਫਤਾਰ, ਬੋਧ, ਗਯਾ ਨਿਹਾਰ, ਬੋਧਾ ਅਵਤਾਰ ਦੀ ਮੂਰਤੀ ਦੀ ਪੀਠ ਦਾ ਕਰ ਦੀਦਾਰ, ਮਰਦਾਨੇ ਨੇ ਵੀਚਾਰ ਪੁੱਛਿਆ ਤਾਂ ਬਾਬੇ ਜੀ ਨੇ ਐਸੇ ਉਚਾਰ ਉਸ ਦਾ ਸੰਸਾ ਪਰਿਹਾਰ ਕੀਤਾ।

ਮਲੇਛ ਜਾਰਖਸ

ਪਹਿਲੇ ਸਾਰੇ ਆਰਯਾ ਵਰਤ ਵਿੱਚ ਆਰਯ ਤੇ ਯਵਨ ਦੋ ਜਾਤਾਂ ਸਨ ਇਨ੍ਹਾਂ ਦੇ ਆਪਸ ਮੇਂ ਜੰਗ ਲਗੇ ਰਹਿੰਦੇ ਸੇ ਇਕ ਵਾਰੀ ਆਰਯਾ ਤੋਂ ਹਾਰ ਮੰਨ ਕੇ ਯਵਨਾਂ ਨੇ ਆਪਣੇ ਗੁਰੂ ਸ਼ੁੱਕ੍ਰ ਨੂੰ ਪੁੱਛਿਆ, ਆਰਯਾ ਦੇ ਕੱਦ ਤੇ ਬਲ ਸਾਥੋਂ ਘੱਟ ਹਨ ਫੇਰ ਭੀ ਏਹ ਸਾਨੂੰ ਜਿੱਤ ਲੈਂਦੇ ਹਨ ਏਹ ਕੀ ਸਬਬ ਹੈ। ਸ਼ੁੱਕ੍ਰ ਨੇ ਆਖਿਆ ਓਹ ਬੇਦ ਬਿੱਦਯਾ ਪੜ੍ਹੇ ਹੋਏ ਅਨੇਕ ਹੁਨਰ ਉਪਾਇ ਜਾਣਦੇ ਹਨ ਤੁਸੀਂ ਨਹੀਂ ਪੜ੍ਹੇ। —

ਏਹ ਗਲ ਸੁਣ ਯਵਨਾ ਨੇ ਭੀ ਬੇਦਾਂ ਦੀ ਬਿੱਦਯਾ ਪੜ੍ਹ, ਆਰਯਾ ਨੂੰ ਫਤੇ ਕਰ, ਬਹੁਤ ਦੁਖੀ ਕੀਤਾ ਤਦੋਂ ਆਰਯਾ ਵਿੱਚ ਇਕ ਬੁੱਧ ਨਾਮ ਰਾਜਾ ਬੁੱਧੀ ਤੇ ਵਿੱਦਯਾ ਦਾ ਕੋਟ ਸੀ ਉਸ ਨੇ ਯਵਨਾ ਨੂੰ ਛਲਣ ਵਾਸ੍ਤੇ ਰਾਜ ਛੱਡ ਕੇ, ਸਾਧੂ ਹੋ, ਬੇਦਾਂ ਦਾ ਤੇ ਈਸ਼੍ਵਰ ਦਾ ਖੰਡਨ ਕਰ ਐਸਾ ਨਾਸ੍ਤਕ ਮਤ ਚਲਾਯਾ ਜਿਸ ਦੇ ਉਪਦੇਸ਼ ਤੋਂ ਯਵਨ ਲੋਗ ਬੇਦ ਪੜ੍ਹਨੋਂ ਤੇ ਈਸ਼੍ਵਰ ਨੂੰ ਮੰਨਣੋਂ ਹਟ ਬੈਠੇ। ਜਦ ਬਿੱਦਯਾ ਹੁਨਰ ਭੁੱਲ ਗਏ ਤਾਂ ਫੇਰ ਆਰਯਾ ਨੇ ਜਿੱਤ ਲਏ ਉਸੇ ਬੁੱਧ ਤੋਂ ਓਹੋ ਬੋਧ ਮਤ ਐਸਾ ਪ੍ਰਵਿਰਤ ਹੋਯਾ ਕੇ ਇਕ ਵਾਰੀ ਸਾਰੇ ਆਰਯ ਵਰਤ ਵਿੱਚ ਫੈਲ ਗਿਆ। — ਉਸੇ ਬੁੱਧ ਨੂੰ ਗੋਤਮ ਮੁਨੀ ਤੇ ਆਦਿ ਨਾਥ ਭੀ ਆਖਦੇ ਹਨ। ਚੀਨ, ਕੋਰੀਨ, ਬ੍ਰਹਮਾ, ਰੰਗੂਨ, ਸੀਲੋਨ ਆਦਿਕ ਕਈ ਮੁਲਕਾਂ ਵਿੱਚ ਹੁਣ ਭੀ ਏਹੋ ਮਤ ਹੈ ਜੋ ਦੋ ਪ੍ਰਕਾਰ ਦਾ ਹੈ ਏਕ ਮਾਂਸ, ਦੂਸਰੇ ਨਿਰਮਾਂਸ, ਜੋ ਜੈਨ, ਢੂੰਢੀਏ, ਪੂਜ, ਭਾਬੜੇ ਆਦਿਕ। — ਉਸ ਬੁੱਧ ਨੇ ਅੰਤ ਸਮੇ ਆਖਿਆ ਜਿਸ ਮੂੰਹ ਨਾਲ ਮੈਂ ਬੇਦਾਂ ਦੀ ਤੇ ਈਸ਼੍ਵਰ ਦੀ ਨਿਖੇਧੀ ਕਰੀ ਹੈ ਸੋ ਮੇਰਾ ਮੂੰਹ ਦੇਖਣ ਵਾਲੇ ਨੂੰ ਬ੍ਰਹਮ ਹੱਤਿਆ ਦਾ ਪਾਪ ਲਗੇਗਾ, ਏਸੇ ਲਈ ਉਸ ਦੀ ਪਿੱਠ ਦਾ ਦਰਸ਼ਨ ਹੁੰਦਾ ਹੈ।

Digitized by Panjab Digital Library | www.panjabdigilib.org

ਓਥੇ ਜਦ ਬਾਬੇ ਤੇ ਮਰਦਾਨੇ ਸਬਦ ਗਾਵਿਆ ਤਾਂ ਓਥੋਂ ਦਾ ਮਹੰਤ ਦੇਵਗਿਰ ਗੁਸਾਂਈ
ਜਾਗੀਰਦਾਰ ਜੋ ਸਰਕਾਰ ਸਦਾਂਉਂਦਾ ਸੀ ਮੋਹਿਤ ਹੋ ਗੁਰੂ ਜੀ ਦੀ ਚਰਨੀ ਆਇ ਲੱਗਾ
ਗੁਰੂ ਜੀ ਓਸ ਨੂੰ ਭਗਤੀ ਗਿਆਨ ਦੇ ਸੱਚੇ ਰਸਤੇ ਪਾਇ ਰਮਤੇ ਭਏ। ✓
ਓਥੋਂ ਚਲਕੇ ਬੈਜਨਾਥ ਮਹਾਂਦੇਵ ਜੋਤੀ ਲਿੰਗ ਜੋ ਮਸਹੂਰ ਮਕਾਨ ਹੈ ਓਸ ਨੂੰ ਦੇਖਦੇ ਹੋਏ
ਭਾਗਲਪੁਰ, ਸਾਹਿਬਗੰਜ, ਰਾਜਮਹਿਲ ਆਦਿਕ ਅਨੇਕ ਅਸਥਾਨਾਂ ਵਿਚ ਠਹਿਰਦੇ
ਹੋਏ ਅਨੇਕ ਪੁਰਸਾਂ ਨੂੰ ਸੱਤਨਾਮ ਦਾ ਉਪਦੇਸ ਦੇ ਸੰ: ੧੫੬੧ ਬਿ: ਵਿੱਚ, ਮਾਲਦੇ ਨਗ
ਰ ਗਏ ਤਾਂ ਓਥੋਂ ਦੇ ਰਾਜੇ ਰਾਮਦੇਵ ਬਾਬੂ ਨੇ ਅਤੀ ਸ਼ੁੱਧਾ ਭਗਤੀ ਕਰ ਮਹਾਰਾਜ ਨੂੰ ਚਤੁ
ਰ ਮਾਸ ਠਹਿਰਾ ਕਰ, ਇਕ ਬਾਗ ਅਰਪਣ ਕਰ ਦਿੱਤਾ ਜੋ ਹੁਣ ਤਕ ਗੁਰੂ ਕਾ ਸਦਾਂਉ
ਦਾ ਹੈ ਓਥੋਂ ਦੇ ਅੰਬ ਸਾਰੇ ਮੁਲਕ ਵਿਚ ਮਸਹੂਰ ਹਨ। — ਏਥੋਂ ਚੱਲ ਮੁਰਸਦਾਬਾ
ਦ ਗੰਗਾ ਪਾਰ ਜਿਥੇ ਹੁਣ ਗੁਰੂ ਕੀ ਸੰਗਤ ਅਤੇ ਰੇਸਮ ਬੁਣਨ ਵਾਲੇ ਗੁਰੂ ਕੇ ਸੇਵਕਾਂ
ਦੇ ਘਰ ਹਨ ਜਾ ਉਤਰੇ। ਫੇਰ ਕ੍ਰਿਸ਼ਨ ਨਗਰ, ਸਾਹਜਾਦਪੁਰ, ਸੀਰਾਜਗੰਜ, ਕਾਸ

Bengal

ਗੰਜ ਆਦਿਕ ਸਹਿਰਾਂ ਦੇ ਬੇਅੰਤ ਜੀਵਾਂ ਨੂੰ ਪ੍ਰਭੂ ਦੀ ਭਗਤੀ, ਸੱਤਨਾਮ ਜਪਣੇ ਦੀ ਰੀ
ਤੀ ਬਤਾ ਕਰ, ਕਾਲੇਗੰਗ ਨਦੀ ਪਾਰ ਹੋ ਮਾਨਕਗੰਜ, ਦੇਵੀਪੁਰ ਦੇ ਸੈਲ ਕਰ, ਢਾਕੇ ਸਹ
ਰ ਜਾ ਉਤਰੇ, ਸਬਦ ਗਾਵਿਆ ਤਾਂ ਸੁਣਨ ਵਾਲੇ ਸਬ ਮੋਹਿਤ ਹੋ ਰਹੇ, ਗੁਰੂ ਜੀ ਦੀ
ਬਾਣੀ ਤੇ ਗਿਆਨ ਚਰਚਾ ਦੀ ਸਾਰੇ ਸਹਿਰ ਵਿਚ ਧੁਮ ਪੈ ਗਈ। [1]ਲੂਣੀ ਆਸਿੱਧ, ਸ

Nathas & Sidhas

ਮਾਈਲ ਨਾਥ, ਰੇਵਾਦਾਸ, ਨਰੈਣਦਾਸ, ਚੰਦਨਨਾਥ, ਸੇਖ ਅਹਿਮਦ ਆਦਿਕ ਮਸਹੂ

Shaikh Ahm

ਰ ਪੀਰ ਫਕੀਰ ਜਿਨ੍ਹਾਂ ਦੇ ਹੁਣ ਭੀ ਓਥੇ ਮਕਾਨ ਮੌਜੂਦ ਹਨ, ਬਾਬੇ ਸਾਥ ਚਰਚਾ ਕਰ
ਨ ਆਏ ਪਰ ਸੂਰਜ ਅੱਗੇ ਤਾਰਿਆਂ ਦੀ ਚਮਕ ਨਹੀਂ ਪ੍ਰਕਾਸਦੀ, ਬਾਬੇ ਦੀ ਕਰਣੀ ਅ
ਤੇ ਬਾਣੀ ਰੂਪ ਗੰਗਾ ਦੇ ਪ੍ਰਵਾਹ ਅੱਗੇ ਆਖਰ ਓਨ੍ਹਾਂ ਨੂੰ ਹਾਰਣਾ ਪਿਆ, ਓਸ ਦੇਸ ਦੇ ਸ
ਬ ਲੋਗ ਕੁਮੱਖਿਆ ਦੇਵੀ ਦੇ ਉਪਾਸਕ ਸੇ, ਬਾਬੇ ਦੀ ਕ੍ਰਿਪਾ ਨਾਲ ਬੇਅੰਤ ਲੋਗ ਪਰ
ਮੇਸ੍ਵਰ ਦੀ ਭਗਤੀ ਕਰਣ ਲਗ ਪਏ, ਜਿਨ੍ਹਾਂ ਦੀ ਉਲਾਦ ਹੁਣ ਤਕ ਗੁਰੂ ਦੇ ਸਿੱਖ ਓ
ਸੇ ਧਰਮਸਾਲਾ ਵਿੱਚ ਗੁਰੂ ਜੀ ਦੇ ਪਲੰਘ ਦੀ ਮੰਨਤਾ, ਪੂਜਾ, ਸਤਸੰਗ, ਕਥਾ ਕੀਰ
ਤਨ ਕਰਦੇ ਰਹਿੰਦੇ ਹਨ। — ਢਾਕੇ ਤੋਂ ਤਿੰਨ ਕੋਸ ਧਨਪੁਰ ਸਮੁੰਦ੍ਰ ਦੀ ਖੱਡੀ ਤੀਰੇ

Dhanpur

ਜਾ ਉਤਰੇ। ਜਦ ਮਰਦਾਨਾ ਪਿੰਡ ਵਿਚ ਗਿਆ ਤਾਂ ਇਕ ਔਰਤ ਜਾਦੂਗਰਨੀ ਨੇ ਫਿਰ

੧ – ਏਨ੍ਹਾਂ ਦੀ ਸਿੱਧਾਂ ਦੇ ਨਾਮ ਤੇ ਓਸ ਦੇਸ ਦੀ ਪੂਜਨ ਕੁਮੱਖਿਆ ਦੇਵੀ ਦੇ ਨਾਮ ਸੇ ਅਨੰਤ ਮੰਤ੍ਰ ਬਣੇ ਹੋਏ ਹੈਂ।

Digitized by Panjab Digital Library | www.panjabdigilib.org

ਦਾ ਦੇਖ, ਆਪਣੇ ਫੰਧ[1] ਵਿਚ ਫਸਾ ਲੀਤਾ ਪਰ ਗੁਰੂ ਜੀ ਨੇ ਆਪਣੀ ਦਾਨਾਈ ਤੇ ਬਾਣੀ ਦੇ ਬਲ ਨਾਲ ਮਰਦਾਨੇ ਨੂੰ ਛੁਡਾ ਕੇ ਓਨ੍ਹਾਂ ਬਾਗਾਂ ਤਾਲੀਆਂ, ਮਤਵਾਲੀਆਂ ਨੂੰ ਸੁਧਾਰਣ ਵਾਸਤੇ ਏਹ ਸਬਦ ਸੁਣਾਯਾ। (ਗੱਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਂ। ਮਨਹੁ ਕੁਸੁੱਧਾਂ ਕਾਲੀਆਂ ਬਾਹਰੋਂ ਚਿੱਟਵੀਆਂ। ਰੀਸਾਂ ਕਰਹਿ ਤਿਨ੍ਹਾੜੀਆਂ ਜੋ ਸੇਵਹਿ ਦਰ ਖੜੀਆਂ। ਨਾਲ ਖਸੰਮੈ ਰੱਤੀਆਂ ਮਾਣੈਂ ਸੁਖ ਰਲੀਆਂ। ਕੱਲਰ ਦੀਆਂ ਵਣਜਾਰੀਆਂ ਨੂੰ ਗੇ ਮੁਸਕ ਮੰਗੇਨਾ ਅਮਲਾਂ ਬਾਝੋਂ ਨਾਨਕਾ ਕਿੱਥੋਂ ਖਸਮ ਮਿਲੇਨਾ।) ਐਸੇ ੨ ਸਬਦ ਸੁਣਕੇ ਓਨ੍ਹਾਂ ਦੀ ਸਰਦਾਰ ਨੂਰਸ਼ਾਹ ਰਾਣੀ ਬਾਬੇ ਦੇ ਚਰਣੀ ਆਇ ਪਈ, ਗੁਰੂ ਜੀ ਨੇ ਸਭਨਾਂ ਨੂੰ ਸੱਤਨਾਮ ਦਾ ਉਪਦੇਸ਼ ਦੇ ਕਰ ਸਾਂਤ ਚਿੱਤ ਕੀਤਾ, ਫੇਰ ਓਨ੍ਹਾਂ ਨੇ ਬੇਨਤੀ ਕੀਤੀ, ਏਥੇ ਜਲ ਦੀ ਤੰਗੀ ਹੈ, ਬਾਬੇ ਦੇ ਹੱਥ ਬਰਛਾ ਸੀ ਓਹ ਧਰਪਰ ਮਾਰਿਆ ਤਾਂ ਜਲ ਦੀ ਧਾਰ ਨਿਕਲੀ ਓਸੇ ਚਸ਼ਮੇ ਦਾ ਜਲ ਹੁਣ ਤਕ ਵਰਤੀਦਾ ਹੈ ਤੇ ਓਸੇ ਬਰਛੇ ਦੀ ਪੂਜਾ ਹੁੰਦੀ ਹੈ ਓਸ ਅਸਥਾਨ ਦਾ ਨਾਮ ਬਰਛਾ ਸਾਹਿਬ ਹੈ।

ਓਥੋਂ ਚਲ ਕੇ ਢਾਕੇ ਤੋਂ ਸੱਠ ਕੋਸ ਪੂਰਬ ਤਰਫ ਬਾਲੁਵਾ ਕੁੰਡ ਮਸ਼ਹੂਰ ਤੀਰਥ ਪਰ ਪੌਂਚੇ। - ਜ੍ਵਾਲਾ ਮੁਖੀ ਕਾਂਗੜੇ ਦੇ ਜ਼ਿਲੇ ਤਾਂ ਇਕੱਲੀ ਅੱਗ ਹੀ ਤਿਨ ਜਗਾ ਮੰਦਰ ਵਿਚੋਂ, ਦੋ ਜਗਾ ਬਾਹਰੋਂ ਦੀਵੇ ਦੀ ਲਾਟ ਵਾਂਗੂ ਨਿਕਲਦੀ ਹੈ, ਪਰ, ਬਾਲੁਵਾ ਕੁੰਡ ਵਿੱਚ ਅਗਨੀ ਤੇ ਜਲ ਦੋਵੇਂ ਇਕੱਠੇ ਇੱਕ ਹੀ ਜਗਾ ਤੋਂ ਨਿਕਲਦੇ ਹਨ ਓਥੇ ਗੁਰੂ ਜੀ ਦੀ ਚਰਨ ਪਾਦਕਾ ਪੂਜੀਦੀ ਹੈ। ਪੁਨਹ ਬ੍ਰਹਮਪੁੱਤ੍ਰ ਦਰਿਆਉ ਦੇ ਉਰਲੇ ਕਿਨਾਰੇ ਗੌਰੀਪੁਰ ਸ਼ਹਿਰ ਦੇ ਪਾਸ ਇਕ ਧੋਬੜੀ ਪਿੰਡ ਹੈ ਓਥੇ ਜਾ ਉਤਰੇ, ਧੋਬੀਆ ਬੰਦ੍ਰ ਭੀ ਓਥੇ ਪਾਸ ਹੀ ਹੈ, ਓਸ ਮੁਲਕ ਦੇ ਸਭ ਲੋਗ ਕੁਮੱਖਿਆ ਦੇਵੀ ਦੀ ਉਪਾਸ਼ਨਾ, ਮੰਨਤ, ਪੂਜਾ ਕਰਦੇ ਰਹਿੰਦੇ ਸੇ, ਤੇ ਸਬਦਾ

੧- ਜਨਮਸਾਖੀ ਵਿਚ ਲਿਖਿਆ ਹੈ ਕਿ ਓਨ੍ਹਾਂ ਔਰਤਾਂ ਨੇ ਜਾਦੂ ਦੇ ਜੋਰ ਨਾਲ ਮਰਦਾਨੇ ਨੂੰ ਮੀਢਾ ਤੇ ਗੋਰਖ ਦੇ ਚੇਲੇ ਬੈਲ ਬਣਾ ਲਏ ਸੇ, ਏਹੋ ਜੇਹੀਆਂ ਹੋਰ ਬਹੁਤ ਕਹਾਣੀਆਂ ਸੁਣ ਕੇ ਏਹ ਗੀਬਾਕਾਰ ਭੀ ਬੰਗਾਲੇ ਦਾ ਸੈਲ ਕਰਦਾ ਪਰੀਖਿਆ ਵਾਸਤੇ ਕਾਮਰੂਪ ਦੇਸ ਸੰ: ੧੯੨੭ ਬ੍ਰਿ: ਵਿਚ ਗਿਆ ਸੀ, ਬਹੁਤ ਦਿਨ ਓਥੇ ਰਿਹਾ ਪਰ ਵੈਸਾ ਜਾਦੂ ਨਾ ਦੇਖਿਆ ਪੁਛਣੇ ਪਰ ਓਨ੍ਹਾਂ ਨੇ ਦੱਸਿਆ ਪਹਿਲੇ ਏਸ ਦੇਸ ਵਿਚ ਮੋਹਨ, ਤਾਪਨ, ਉਚਾਟਨ, ਮਾਰਨ ਏਹ ਜਾਦੂ ਸੀ, ਜਦ ਅੰਗ੍ਰੇਜ਼ ਸੰਮਤ ੧੮੪੩ ਬ੍ਰਿ: ਨੂੰ ਏਥੇ ਆਏ ਤਾਂ ਲੋਗ ਤਾਪਨ ਉਚਾਟਨ ਕਰ ਦੇਣ ਕੋਈ ਹਾਕਮ ਠਹਿਰੇ ਨਾਂ, ਅੰਗ੍ਰੇਜ਼ਾਂ ਨੇ ਭੇਤ ਪਾਕੇ ਜਾਦੂ ਦੇਖ ੨ ਇਨਾਮ ਦੇਣੇ ਸ਼ੁਰੂ ਕੀਤੇ ਜਾਦੂ ਵਾਲੇ ਮਰਦ ਔਰਤ ਸਭ ਲਿਖ ਲਏ, ਤੇ ਲਾਟ ਸਾਹਿਬ ਨੂੰ ਦੇਖਾਉਣ ਦੇ ਬਹਾਨੇ ਇਨਾਮ ਦੇ ਲਾਲਚ ਸਭ ਨੂੰ ਜਹਾਜ ਵਿੱਚ ਬੈਠਾਇ ਕਲਕੱਤੇ ਲੈ ਜਾਇ ਕਿਤੇ ਡੂੰਘੇ ਸਮੁੰਦ੍ਰ ਵਿਚ ਡੋਬ ਦਿੱਤਾ ਫੇਰ ਢੰਢੋਰਾ ਫੇਰ ਦਿਤਾ ਜੋ ਕੋਈ ਜਾਦੂਗਰ ਸਹੀ ਹੋਵੇਗਾ ਪਕੜਿਆ ਜਾਵੇਗਾ ਤਦ ਤੋਂ ਇਹ ਬਿਦਿਆ ਜਾਂਦੀ ਰਹੀ। ਕੁਛ ਤਾਂ ਏਹ ਗੱਲ ਸੱਚੀ ਸਮਝੀ। ਦੂਸਰੇ ਓਥੋਂ ਦੀਆਂ ਔਰਤਾਂ ਸੁੰਦ੍ਰ, ਚੰਚਲ ਹਨ, ਆਦਮੀ ਪਤਾਲੂ ਵਧੇ ਹੋਏ ਰੋਗੀ, ਨਪੁੰਸਕ ਹੈ ਏਸ

Digitized by Panjab Digital Library | www.panjabdigilib.org

ਮਤ ਬਾਮ[੧] ਮਾਰਗ ਸੀ। ਗੁਰੂ ਜੀ ਦੇ ਸਬਦ ਉਪਦੇਸ਼ ਨੂੰ ਮੰਨਕੇ ਬਹੁਤ ਲੋਗ ਪਰਮੇਸ਼ੁਰ ਦੇ ਭਗਤ ਬਣ ਗਏ, ਏਹ ਬਾਤ ਸੁਣਕੇ ਉਥੋਂ ਦੀ ਰਾਣੀ ਗੌਰਜਾਂ ਨੇ ਭੀ ਬਾਬੇ ਦਾ ਉਪਦੇਸ਼ ਧਾਰਨ ਕੀਤਾ। ਜਿਸ ਦਾ ਪੋਤ੍ਰਾ ਰਾਜਾ ਰਾਮ ਦੇਉ ਗੁਰੂ ਤੇਗ ਬਹਾਦੁਰ ਜੀ ਦਾ ਸੇਵਕ ਹੋਯਾ ਹੈ ਤੇ ਪੜੋਤ੍ਰਾ ਰਤਨ ਦੇਉ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਆਯਾ ਸੀ।

ਉਥੋਂ ਬ੍ਰਮਪੁਤ੍ਰ ਦਰਿਆਉ ਪਾਰ ਹੋ ਤੀਸ ਕੋਸ ਪੂਰਬ ਦੀ ਤਰਫ ਕੂੰਮੱਖਿਆ[੨] ਦੇਵੀ ਦੇ ਮੰਦਰ ਦੀ ਝਾਂਕੀ ਲੈਂਦੇ ਮੁਲਕ ਆਸਾਮ ਦੇ ਅਜਮੇਰੀ ਗੰਜ, ਕਰੀਮ ਗੰਜ, ਸਿਲਟ ਆਦਿਕ ਸ਼ਹਿਰਾਂ ਨੂੰ ਦੇਖਦੇ, ਸੁਰਤਾ ਨਦੀ ਲੰਘ, ਕਛਾਰ ਮੁਲਕ, ਮਨੀਪੁਰ, ਸ਼ਹਿਰ ਅਸੀਮ ਫਲ ਜੋ ਉਥੋਂ ਦੀ ਰਜਧਾਨੀ ਹੈ ਉਥੇ ਜਾ ਉਤਰੇ, ਅਨੇਤ ਪੁਰਖਾਂ ਨੂੰ ਪਾਖਾਨ ਪੂਜਾ ਤੋਂ ਹਟਾਕੇ, ਈਸ਼ੁਰ ਦੀ ਭਗਤੀ ਕਰਨ ਲਾਏ, ਮੁਲਕ ਲੋਸ਼ਾਈ[੩] ਵਿਚ ਪੌਂਹਚੇ, ਏਥੋਂ ਦੇ ਰਾਜੇ ਦੇਵਲੂਤ ਨੇ ਸੁਣਿਆ ਕੋਈ ਫੰਗੀ ਆਏ ਹਨ, ਜੋ ਕੋਈ ਉਨ੍ਹਾਂ ਦਾ ਸ਼ਬਦ ਸੁਣਦਾ ਹੈ ਸੋਈ ਬੌਧ ਮਤ ਛੱਡ ਕੇ ਬੈਦਕ ਮਤ ਈਸ਼ੁਰ ਦੀ ਭਗਤੀ ਕਰਨ ਲਗ ਪੈਂਦਾ ਹੈ, ਏਸ ਗੱਲੋਂ ਕੋਪ ਹੋਕੇ, ਦੇਵਲੂਤ ਤਲਵਾਰ ਖਿੱਚ, ਬਾਬੇ ਨੂੰ ਮਾਰਨ ਲੱਗਾ ਤਾਂ ਗੁਰੂ ਜੀ ਨੇ ਉਸ ਦੇਸ ਦੀ ਬੋਲੀ ਵਿਚ ਸ਼ਬਦ ਉਚਾਰਿਆ ਜਿਸ ਦੀ ਪੰਜਾਬੀ ਏਹ ਹੈ (ਜਿਸ ਨੂੰ ਰੱਖੇ ਆਪ ਪ੍ਰਭੁ ਤਿਸ ਕੋਇ ਨ ਸੱਕੇ ਮਾਰ। ਨਾਨਕ ਦੋਖੀ ਸੰਤ ਕਾ ਪੈਂਦਾ ਨਰਕ ਮਝਾਰ।) ਏਹ ਸੁਣਕੇ ਦੇਵਲੂਤ ਦਾ ਹੱਥ ਚੁੱਕਿਆ ਹੀ ਰਿਹਾ, ਮਨ ਫਿਰ ਗਿਆ, ਗੁਰੂ ਜੀ ਦੇ ਚਰਨੀ ਢਹਿ ਪਿਆ, ਉਸ ਨੂੰ ਸੱਚੇ ਈਸ਼ੁਰ ਦੀ ਭਗਤੀ ਵਿਚ ਜੋੜ ਕੇ, ਪਥਰਾ ਪਹਾੜੀ ਹੁੰਦੇ, ਗੁਰੂ ਜੀ ਸ਼ਹਿਰ ਅਗਰਤਲਾ, ਲੱਖੀਪੁਰ, ਚਾਂਦਪੁਰ ਆਦਿਕ ਮੰਡਾਹਿਰ ਕ, ਲੋਗਾਂ ਨੂੰ ਸੁਮੱਤੇ ਲਾ, ਦਰਿਆਇ ਪਦਮਾ ਨੂੰ ਲੰਘਕੇ, ਸ਼ਹਿਰ ਫਰੀਦਪੁਰ, ਕਸਬਪੁਰ, ਬਾਰਕਸਤ, ਦਮਦਮ ਆਦਿਕ ਚੌਬੀਸ ਪਰਗਨਿਆਂ ਦਾ ਸੈਲ ਕਰ, ਬੰਗਾਲੇ ਦੇਸ ਨੂੰ ਤਾਰਦੇ ਹੋਏ ਹੁਗਲੀ ਦਰਿਆਇ ਉਤਰ, ਬਰਦਮਾਨ, ਹਟੂਰਾ, ਸੀਰਾਮਪੁਰ ਹੁੰਦੇ, ਮੋਰਭੰਜ ਦੀ ਝਾੜੀ ਵਿਚ, ਅਨੇਕ ਸੰਤਾਂ, ਭਗਤਾਂ ਨੂੰ ਦਰਸਨ ਦੇ, ਅਲਵਰਾ ਨਦੀ ਪਾਰ ਹੋ, ਬਾਲੇਸ਼ੁਰ ਵਿਚ ਜਾ ਠਹਿਰੇ।

ਵਾਸ੍ਤੇ ਜੋ ਕੋਈ ਪੰਜਾਬੀ ਜਾਂਦਾ ਹੈ ਉਸ ਨਾਲ ਮਿਲ, ਮੁਹੱਬਤ ਕਰ, ਫੱਸ ਕਰ ਲੈਂਦੀਆਂ ਹਨ ਏਹੋ ਜਾਦੂ ਅਸਾਂ ਸਮਝਿਆ ਹੈ।

੧– ਬਾਮ ਮਾਰਗ ਦਾ ਨਿਰਨਾ ਪੰਜਵੇਂ ਹਿੱਸੇ ਵਿੱਚ ਹੈ। ੨– ਏਥੇ ਦੇਵੀ ਦੀ ਭਗ ਦੇ ਚਿੰਨ੍ਹ ਦੀ ਪੂਜਾ ਹੁੰਦੀ ਹੈ ਮੂਰਤਿ ਨਹੀਂ ਹੈ ਅਤੇ ਰਿਤਵਤੀ ਹੋਣਾ ਆਦਿਕ ਸਬ ਬਿਹਾਰ ਪੰਡੇ ਕਰਦੇ ਹੈਂ, ਸੈਂਕੜੇ ਬਕਰੇ ਰੋਜ਼ ਚੜ੍ਹਦੇ ਹੈਂ।

੩– ਏਹ ਸਬ ਮੁਲਕ ਬ੍ਰਮਾ ਦੇ ਮੁਲਕ ਨਾਲ ਮਿਲਦੇ ਜੁਲਦੇ ਸਮਾਂਸ ਬੌਧ ਮਜ਼ਬ ਦੇ ਹਨ ਜੋ ਕਿਸੇ ਪਸੂ ਪੰਛੀ ਦਾ ਭੀ ਮਾਸ ਨਹੀਂ ਛੱਡਦੇ, ਸਬ ਖਾਂ ਲੈਂਦੇ ਹਨ।

ਅਨੰਤ ਲੋਕਾਂ ਨੂੰ ਸੱਚੇ ਸੱਤ ਸ਼ਾਸ੍ਤ੍ਰ ਪੜ੍ਹਨ, ਤੇ ਪ੍ਰਭੂ ਦੇ ਨਾਮ ਸਿਮਰਨ ਵਿਚ ਲਗਾ ਕੇ,
ਲੋਖਸ਼ੋਰ ਨਦੀ ਪਾਰ ਹੋ, ਮੇਦਨੀਪੁਰ ਠਹਿਰ ਕੇ, ਜਿੱਥੇ ਹੁਣ ਭੀ ਗੁਰੂ ਦਾ ਮਕਾਨ ਹੈ, ਕਾ
ਮਠੀ ਨਦੀ ਉਤਰ, ਫਲਭੂਮ ਹੁੰਦੇ, ਕਾਂਚੀਪੁਰ ਜਿੱਥੇ ਸ੍ਰੀ ਬੈਸ੍ਨਵਾਂ ਦੇ ਆਰਾਧ੍ਯ ਰਾਮਾ
ਨੁਜ ਸੰ:੧੨੮੨ ਵਿੱਚ ਛੱਜਪਾਤ੍ਰੋਂ ਦੇ ਘਰ ਜੰਮੇ ਸੇ ਠਹਿਰ, ਉਸ ਦੀ ਕਥਾ ਸੁਣ, ਦਰਿ
ਆਇ ਬੈਤਰਨੀ, ਬ੍ਰਾਮਨੀ, ਮਹਾਂਦੇਈ, ਮਹਾਨਦ ਉਤਰ, ਕਟਕ ਸ਼ਹਿਰ ਜਿਥੇ ਹੁਣ
ਭੀ ਕਟਕ ਨਦੀ ਤੀਰੇ ਗੁਰੂ ਜੀ ਦੀ ਸੰਗਤ ਹੈ ਜਾ ਉਤਰੇ। — ਉਸ ਦੇਸ ਵਿੱਚ ਤੇਲੀ ਜਾ
ਤ ਦੇ ਬਾਣੀਏ ਬਡੇ ਛੋਟੇ ਸਭ ਗੁਰੂ ਕੇ ਸੇਵਕ ਹੋਏ, ਜੋ ਹੁਣ ਤਕ ਹੈਂ।
ਕਟਕ ਤੋਂ ਬੀਸ੨੦ ਕੋਸ ਸਾਖੀਗੋਪਾਲ ਦੀ ਝਾਕੀ ਲੈ, ਜਗਨਨਾਥ ਪੁਰੀ ਵਿਚ ਸਿੰਘਪੌ
ਰ ਦੇ ਸਾਮ੍ਹਣੇ, ਜਿਥੇ ਹੁਣ ਮੰਗੂ ਮਠ ਗੁਰੂ ਕੀ ਜਾਗਾ ਹੈ ਜਾ ਬੈਠੇ। ਜਦ ਗੁਰੂ ਜੀ ਨੇ ਮਰ
ਦਾਨੇ ਤੋਂ ਰਬਾਬ ਬਜਵਾਇ, ਸਬਦ ਗਾਵਿਆ ਤਾਂ ਸਬ ਲੋਗ ਬਾਬੇ ਦੇ ਮੁਹੱਬਤੀ ਹੋਗ
ਏ, ਤੇ ਗੁਰੂ ਜੀ ਨੂੰ ਮੰਦਰ ਅੰਦਰ ਲੈ ਗਏ, ਆਰਤੀ ਹੋਣ ਲਗੀ, ਗੁਰੂ ਜੀ ਬੈਠੇ ਰਹੇ, ਪੰ
ਡਿਆਂ ਨੇ ਆਖਿਆ ਤੁਸੀਂ ਆਰਤੀ ਵਿੱਚ ਖੜ੍ਹੇ ਕਿਉਂ ਨਹੀਂ ਹੋਏ, ਸਾਹਿਬ ਬੋਲੇ, ਅਸੀਂ ਸੱ
ਚੇ ਜੰਗਤ ਨਾਥ ਦੀ ਜੋ ਸੱਚੀ ਆਰਤੀ ਹੋ ਰਹੀ ਹੈ ਓਹ ਦੇਖ ਰਹੇ ਸਾਂ, ਏਹ ਮੂਰਤਿ, ਤੇ ਆਰਤੀ
ਤੁਹਾਡੀ ਬਨਾਵਟੀ ਹੈ। ਸੱਚੇ ਧਨ ਵਾਲਾ ਇੰਦ੍ਰਜਾਲ ਦੇ ਰੁਪਏ ਦੇਖ ਕੇ ਲੁਭਾਏਮਾਨ ਨ
ਹੀਂ ਹੁੰਦਾ। ਉਨ੍ਹਾਂ ਨੇ ਸੱਚੀ ਆਰਤੀ ਪੁੱਛੀ ਤਾਂ ਗੁਰੂ ਸਾਹਿਬ ਨੇ ਸੱਚੇ ਜਗਤ ਨਾਥ ਦਾ ਸਰੂ
ਪ ਅਤੇ ਸੱਚੀ ਆਰਤੀ ਜੋ ਸੁਤੇ ਹੀ ਹੋ ਰਹੀ ਹੈ ਸੋ ਦੇਖਾਈ ਯਥਾ (ਗਗਨ ਮੈ ਥਾਲੁ ਰਵਿ
ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ
ਕਰੇ ਸਗਲ ਬਨਰਾਇ ਫੂਲੰਤ ਜੋਤੀ॥ ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰ
ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥ ਰਹਾਉ॥ ਸਹਸ ਤਵ ਨੈਨ ਨਨ ਨੈ
ਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪ
ਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ
ਤਿਸੁ ਭਾਵੈ ਸੁ ਆਰਤੀ ਹੋਇ॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿ
ਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ
ਨਾਇ ਵਾਸਾ॥) ਜਦ ਗੁਰੂ ਜੀ ਨੇ ਏਸ ਪ੍ਰਕਾਰ (ਸਹੱਸ੍ਰ ਸੀਰਸਾ ਪੁਰਸਾ) ਇਸ ਬੇਦ

ਬਚਨ ਅਨੁਸਾਰ ਜਿਨ ਗੁਰੂ ਨਾਨਕ ਸਾਹਿਬ ਦੇ ਨੈਨ ਸਰੂਪ ਅਤੇ ਉਸ ਦੀ ਸੱਚੀ ਆਰਤੀ ਜੋ ਸ੍ਰੀ
ਤੇ ਹੋ ਰਹੀ ਹੈ ਜਿਨ੍ਹਾਂ ਨੇ ਜਦ ਸੁਣਾਈ ਤਾਂ ਪੰਡੇ ਹੱਕੇ ਬੱਕੇ ਰਹਿ ਗਏ ਅਤੇ ਉਥੋਂ ਦਾ ਰਾਜਾ ਕ੍ਰਿ
ਸ਼ਨ ਲਾਲ ਜੋ ਮਾਲਕ ਮਹਿਤ ਮੰਦਰ ਦਾ ਸੀ ਸੋ ਬਾਬੇ ਦੇ ਚਰਨਾਂ ਉੱਤੇ ਢਹਿ ਪਿਆ ਜਿ
ਸ ਦੀ ਉਲਾਦ ਹੁਣ ਭੀ ਬਾਬੂ ਹਰੀ ਲਾਲ ਰਾਜਾ ਮਹਿਤ ਉਥੋਂ ਦਾ ਹੈ। ਗੁਰੂ ਸਾਹਿਬ ਓ

੧ ਏਹ ਮੰਦਰ ਤੇ ਮੂਰਤੀ ਇੰਦ੍ਰ ਦੁਵਨ ਰਾਜਾ ਨੇ ਕ੍ਰਿਸ਼ਨ ਜੀ ਤੋਂ ਪੰਜ ਸੌ ਬਰਸ ਪਿੱਛੋਂ ਥਾਪੇ ਹਨ, ਏਹ ਮੰਦਰ ਉ
ੜੀਸੇ ਦੇਸ ਵਿੱਚ ਸਮੁੰਦ੍ਰ ਦੇ ਕੰਢੇ ਹਿੰਦੂਆਂ ਦਾ ਚੌਥਾ ਧਾਮ ਹੈ। ਇੰਦ੍ਰ ਦੁਵਨ ਰਾਜਾ ਕ੍ਰਿਸ਼ਨ ਦਾ ਉਪਾਸ਼ਕ ਸੀ, ਇ
ਕ ਦਿਨ ਉਸ ਨੂੰ ਸੁਪਨੇ ਵਿਚ ਕ੍ਰਿਸ਼ਨ, ਬਲਭੱਦ੍ਰ, ਸੁਭੱਦ੍ਰਾ ਤੀਨੋ ਦੇ ਹੱਥ ਪੈਰ ਕੱਟੇ ਹੋਏ ਦੇਖੇ ਉਸਨੇ ਪੁੱਛਿਆ ਤਾਂ ਕ੍ਰਿਸ਼
ਨ ਜੀ ਨੇ ਆਖਿਆ ਅਸੀਂ ਦੋਹਾਂ ਭਾਈਆਂ ਨੇ ਪਰਾਈਆਂ ਔਰਤਾਂ ਜਿਨ੍ਹਾਂ ਪੈਰਾਂ ਨਾਲ ਦੌੜ ਕੇ ਹੱਥਾਂ ਸੇ ਫੜੀਆਂ
ਹਨ ਤੇ ਸੁਭੱਦ੍ਰਾ ਜੋ ਕੁਵਾਰੀ ਅਰਜਨ ਨਾਲ ਉੱਧਲ ਗਈ ਸੀ ਏਸ ਕਰਕੇ ਅਸੀਂ ਆਪਣੇ ਹੱਥ ਪੈਰ ਕਟਵਾਕੇ
ਤਿਨ੍ਹਾਂ ਨੇ ਧਰਮਰਾਜ ਪਾਸੋਂ ਦੰਡ ਪਾਯਾ ਹੈ ਜੇ ਅਸੀਂ ਦੰਡ ਨਾਂ ਲੈਂਦੇ ਤਾਂ ਮਰਯਾਦਾ ਭੰਗ ਹੁੰਦੀ ਸੀ। ਹੁਣ ਤੂੰ ਏਹੋ
ਸਰੂਪ ਹਮਾਰੇ ਕਾਠ ਦੇ ਬਣਵਾ ਕਰ ਇਕ ਮੰਦਰ ਵਿਚ ਥਾਪ ਕੇ ਸਭ ਲੋਗਾਂ ਨੂੰ ਦਰਸਨ ਕਰਵਾ, ਕ੍ਯੋਂਕੇ ਲੋਗ
ਸਾਡਾ ਹਾਲ ਦੇਖ, ਕਥਾ ਸੁਣ ਆਪ ਹੀ ਯਾਰੀ ਚੋਰੀ ਛੱਡ ਦੇਣਗੇ। ਫੇਰ ਓਹ ਧਰਮਰਾਜ ਦਾ ਡੰਡ ਨਾ ਸਹਾਰੇਂ
ਗੇ। ਏਹ ਫਲ ਦਰਸਨ ਦਾ ਹੋਵੇਗਾ। — ਰਾਜਾ ਨੇ ਪ੍ਰਭੂ ਦਾ ਹੁਕਮ ਮੰਨ ਮੰਦ੍ਰ ਥਾਪ ਕੇ ਏਹ ਤਿਨ ਮੂਰਤਾਂ ਬਨ
ਵਾ, ਜਗਨਨਾਥ ਨਾਮ ਰੱਖ ਸਾਰੇ ਭਾਰਤ ਵਰਸ਼ ਆਪਣੀ ਰਿਆਯਾ (ਰੱਯਤ) ਨੂੰ ਹੁਕਮ ਦੇ ਦਿੱਤਾ ਕਿ ਇਸ
ਮੰਦਰ ਦਾ ਸਭ ਲੋਕ ਦਰਸ਼ਨ ਕਰਨ। ਓਦੋਂ ਦਾ ਪ੍ਰਵਾਹ ਪਿਆ ਹੋਯਾ ਹੁਣ ਤਕ ਚਲਾ ਜਾਂਦਾ ਹੈ ਜੈਸੇ ਹੁਣ ਭੀ
ਅੰਗ੍ਰੇਜ਼ ਮੰਡੀਆਂ ਮੇਲੇ ਪਹਿਲੇ ਜਤਨ ਨਾਲ ਕਰਦੇ ਹਨ ਫੇਰ ਰਿਵਾਜ ਪੈ ਜਾਂਦਾ ਹੈ ਏਸੇ ਤਰਾਂ ਜਗਨਨਾਥ ਦੇ ਮੇ
ਲੇ ਦਾ ਭੀ ਪ੍ਰਵਾਹ ਪੈ ਗਿਆ।
ਦੂਸਰੇ ਜੋ ਜਗਨਨਾਥਪੁਰੀ ਵਿਚ ਸੁੱਚ ਜੂਠ ਦਾ ਪ੍ਰਹੇਜ਼ ਨਹੀਂ ਸੋ ਏਕ ਕ੍ਰਿਸ਼ਨ ਚੈਤੰਨ ਪ੍ਰਭੂ ਬੰਗਾਲੇ, ਉੜੀਸੇ
ਦੇਸ ਦਾ ਰਾਜਾ ਅਵਤਾਰ ਮਸ਼ਹੂਰ ਹੋਯਾ ਹੈ ਜਿਸਨੇ ਕ੍ਰਿਸ਼ਨ ਚਰਿਤਾਮ੍ਰਿਤ ਪੋਥੀ ਬਣਾਈ ਹੈ ਓਹ ਬਾਮਮਾ
ਰਗੀ ਹੋ ਗਿਆ ਸੀ ਲੋਗ ਨਿੰਦਾ ਕਰਨ ਲੱਗੇ ਤਾਂ ਜੈਸੇ ਰਾਇ ਮੋਹਨ ਨੇ ਬ੍ਰਹਮੂ ਮਤ ਨਿਕਾਲਿਆ ਹੈ ਤੇ ਜਿਸ ਦਾ
ਹਾਲ ਪੰਜਵੇਂ ਹਿੱਸੇ ਵਿਚ ਹੈ ਤੈਸੇ ਹੀ ਉਸ ਨੇ ਮਾਸ ਮਦਰਾ ਛੱਡ ਆਪ ਨੂੰ ਬੈਸ਼ਨੋ ਮਸ਼ਹੂਰ ਕਰ ਆਪਣਾ ਮਤ ਤੇ
ਨਾਮ ਕਾਯਮ ਰੱਖਣ ਵਾਸਤੇ ਏਹ ਗੋਸ੍ਵੀ ਮਾਰਗ ਚਲਾ ਦਿੱਤਾ ਜੋ ਹੁਣ ਤਕ ਬੈਸ਼੍ਨਵੀ ਲੋਗ ਆਪਣੇ ੨ ਮੰਦਰਾਂ
ਵਿੱਚ ਗੋਸ੍ਵੀ ਕਰਦੇ ਹਨ। ਉਸ ਦੀ ਇੱਛਿਆ ਤਾਂ ਸਾਰੇ ਮੁਲਕ ਵਿਚ ਚੌਹਾਂ ਬਰਣਾਂ ਦੀ ਰੋਟੀ ਬੇਟੀ ਦੀ ਸਾਂਝ ਕ
ਰਦੇਣ ਦੀ ਸੀ ਕ੍ਯੋਂਕੇ ਰੋਟੀ ਬੇਟੀ ਦੀ ਸਾਂਝ ਦੇ ਪ੍ਰਤਾਪ ਕਰਕੇ ਹੀ ਈਸਾਈ ਮੁਹੰਮਦੀ ਵਧ ਗਏ ਤੇ ਵਧ ਰਹੇ ਹਨ
ਤੈਸੇ ਉਸਨੇ ਭੀ ਆਰਯ ਵਧਾਉਣੇ ਚਾਹੇ ਸੇ। ਜੇ ਪੰਜ ਹਜ਼ਾਰ ਬਰਸ ਤੇ ਪਹਿਲੇ ਆਰਯਾਵਰਤ ਵਿਚ ਰੋਟੀ
ਬੇਟੀ ਦੀ ਏਕਤਾ ਸੀ ਤਾਂ ਹੀ ੫੪ ਛੂਹਣੀ ਦਲ ਰਾਜਾ ਦਲੀਪ ਦਾ ਤੇ ੧੮ ਛੂਹਣੀ ਦਲ ਕੌਰਵਾਂ ਪਾਂਡਵਾਂ ਦਾ
ਲਿਖਿਆ ਹੈ। ਏਤਨੇ ਆਦਮੀ ਤਾਂ ਨੌਕਰੀ ਕਰਦੇ ਸੇ ਬਾਕੀ ਰੱਯਤ ਬੇਅੰਤ ਸੀ ਏਸੇ ਬ੍ਰਿੱਧੀ ਦੇ ਬਲ ਨਾਲ ਰਾ
ਜਾ ਭੀ ਦਲੀਪ ਦਾ ਚੀਨ, ਕੋਚੀਨ, ਬ੍ਰਹਮਾ, ਅਸਾਮ, ਸੰਗਲਾਦੀਪ, ਅਦਨ, ਅਰਬ, ਈਰਾਨ ਆਦਿਕ ਸਭ
ਮੁਲਕਾਂ ਵਿਚ ਲਿਖਿਆ ਹੈ ਏਹ ਸਭ ਏਕਤਾ ਦਾ ਪ੍ਰਤਾਪ ਸੀ ਸੋ ਏਕਤਾ ਬਿਨਾ ਰੋਟੀ ਬੇਟੀ ਦੀ ਸਾਂਝ ਦੇ ਨਹੀਂ ਹੁੰ
ਦੀ। ਏਹੋ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਈ ਸੀ ਜੇਹੜੀ ਪੰਥ ਤੋਂ ਨਾਂ ਸੰਭਾਲੀ ਗਈ ਜੇ ਹੁਣ
ਭੀ ਉਸੇ ਚਾਲੇ ਚੱਲਣ ਤਾਂ ਆਸ ਹੈ ਕਿ ਸਿੱਖ ਪੰਥ ਦੀ ਬਹੁਤ ਬ੍ਰਿੱਧੀ ਹੋ ਜਾਵੇ। ਹੋਰ ਸੁਣੀਆ ਗਿਆ ਸੀ

Digitized by Panjab Digital Library | www.panjabdigilib.org

ਥੋਂ ਉਠਕੇ ਸਮੁੰਦ੍ਰ ਦੇ ਕਿਨਾਰੇ ਲਹਿਰ ਦਾ ਤਮਾਸ਼ਾ ਦੇਖਣ ਜਾ ਬੈਠੇ, ਮਰਦਾਨੇ ਨੇ ਜਲ ਪੀ
ਣਾ ਚਾਹਿਆ ਤਾਂ ਗੁਰੂ ਜੀ ਨੇ ਆਪਣੇ ਆਸੇ ਨਾਲ ਜੋ ਹੱਥ ਵਿੱਚ ਰਖਦੇ ਸੇ ਮਿੱਠੇ ਜਲ ਦਾ
ਚਸ਼ਮਾ ਕੱਢ ਦਿੱਤਾ ਇਹ ਦੇਖ ਕੇ ਬਹੁਤ ਲੋਗ ਸੇਵਕ ਬਣ ਗਏ, ਪਰ ਪੰਜਾਬ ਦੇਸ
ਦਾ ਪੰਡਾ ਕਲਜੁਗ ਨਾਮ ਤਾਂ ਗੁਰੂ ਜੀ ਦਾ ਪਰਮ ਭਗਤ ਹੋ ਗਿਆ, ਉਸ ਨੇ ਬੇਨਤੀ ਕੀ

Panda Kaliyug

ਜਗਨ ਨਾਥ ਦਾ ਰਥ ਕਿਸੇ ਦਾ ਖਿੱਚਿਆ ਹੋਇਆ ਨਹੀਂ ਚਲਦਾ ਉਸੇ ਦੀ ਸ਼ਕਤੀ ਨਾਲ ਚਲਦਾ ਹੈ। ਜੋ ਇਹ ਭੀ ਗ੍ਰੰਥ ਕਰਤਾ ਨੇ ਸੰਮਤ ੧੯੩੭ ਵਿਚ ਤਿਨ ਮਹੀਨੇ ਉਥੇ ਰਹਿ ਕੇ ਪ੍ਰੀਖਿਆ ਕੀਤੀ ਜਦ ਉਹ ਰਥ ਜਾਤ੍ਰਾ ਹਾੜ੍ਹ ਦੀ ਪੂਨਿਆਂ ਨੂੰ ਹੁੰਦੀ ਹੈ ਤਦ ਉਸੇ ਪੁਰਾਣੇ ਰਥ ਦੀ ਮੁਰੰਮਤ ਕਰਦੇ ਹਨ ਜੇੜ੍ਹਾ ੩੦੦ ਮਣ ਪੱਕੇ ਤੋਂ ਘੱਟ ਨਹੀਂ ਤੇ ੫੦੦ ਆਦਮੀ ਤਕ ਉਸਦੇ ਉਪਰ ਚੜ੍ਹਦੇ ਹਨ ਰੱਸੇ ਭੀ ਉਸਨੂੰ ਮੀਲ ੨ ਲੰਬੇ, ਅਠ ੨ ਦਸ ੨ ਬੱਧੇ ਹੁੰਦੇ ਹਨ ਤੇ ਮੇਲੇ ਵਾਲੇ ਲੱਖਾਂ ਹੀ ਆਦਮੀ ਹੁੰਦੇ ਹਨ ਜਿਨ੍ਹਾਂ ਵਿੱਚੋਂ ਦਸ ੨ ਹਜ਼ਾਰ ਹਰ ਵਕਤ ਰਥ ਖਿੱਚਣ ਲਈ ਰੱਸਿਆਂ ਨੂੰ ਚਿੰਮੜੇ ਰਹਿੰਦੇ ਹਨ, ਕੋਈ ਕਿਧਰੇ ਜ਼ੋਰ ਮਾਰਦਾ ਹੈ ਕੋਈ ਕਿਧਰੇ, ਕੱਠਾ ਜ਼ੋਰ ਨਹੀਂ ਲਗਦਾ। ਜਦ ਕਦੀ ਉਨ੍ਹਾਂ ਅੱਠਾਂ ਦਿਨਾਂ ਵਿਚ ਇੱਤਫਾਕ ਨਾਲ ਇਕ ਤਰਫ ਬਹੁਤਿਆਂ ਦਾ ਜ਼ੋਰ ਲਗ ਜਾਂਦਾ ਹੈ, ਰਥ ਜਨਕ ਪੁਰ ਪਹੁੰਚ ਜਾਂਦਾ ਹੈ ਹੋਰ ਜੋ ਪੰਡੇ ਰਥ ਨੂੰ ਡੰਡੇ ਮਾਰਦੇ ਹੋਏ, ਕ੍ਰਿਸ਼ਨ ਜੀ ਨੂੰ ਸਿੱਠਣੀਆਂ, ਗਾਲੀਆਂ ਦਿੰਦੇ ਰਹਿੰਦੇ ਹਨ ਕੁਛ ਉਸ ਹਲਾ ਸ਼ੇਰੀ ਤੇ ਭੀ ਲੋਗਾਂ ਨੂੰ ਮਦਦ ਮਿਲਦੀ ਹੈ, ਰਥ ਦਾ ਆਪੇ ਚੱਲਣਾ ਕੂੜ ਹੈ।

ਹੋਰ ਜੋ ਸੁਣਿਆ ਜਾਂਦਾ ਸੀ ਕਿ ਪੈਂਤੀ ਯਾ ੪੦ ਬਰਸ ਪਿੱਛੋਂ ਜਦ ਨਿੰਮ ਦੀ ਲਕੜੀ ਦੀਆਂ ਮੂਰਤਾਂ ਨਵੀਆਂ ਬਣਦੀਆਂ ਹਨ ਤਦ ੧ ਰਾਜਾ, ੧ ਪੰਡਾ, ੧ ਤਖਾਣ, ਮਰ ਜਾਂਦਾ ਹੈ, ਸੋ ਇਹ ਭੀ ਝੂਠ ਹੈ ਸੰ: ੧੯੩੨ ਬਿਕ੍ਰਮੀ ਵਿਚ ਖੋਲ ਚੜ੍ਹਿਆ ਸੀ ਪਰ ਉਹ ਤਿੰਨੇ ਹੀ ਸੰ: ੧੯੪੧ ਤਕ ਮੈਂ ਨੇ ਜੀਉਂਦੇ ਦੇਖੇ।

ਫੇਰ ਜੋ ਆਖਦੇ ਹਨ ਉਥੇ ਜੂਠ ਤੋਂ ਸੰਗਣ ਵਾਲੇ ਕੋੜ੍ਹੀ ਹੋ ਜਾਂਦੇ ਹਨ ਇਹ ਗਲ ਭੀ ਐਨ ਹੀ ਕੂੜ ਹੈ, ਅਸੀ ਤਿਨ ਮਹੀਨੇ ਉਥੇ ਜੂਠ ਖਾਣੇ ਵਾਲਿਆਂ ਨੂੰ ਅਨੇਕ ਤਰਕਾਂ ਤੇ ਆਪਣਾ ਲੰਗਰ ਜੁਦਾ ਕਰਦੇ ਰਹੇ ਹਾਂ।

ਔਰ ਜੋ ਉੱਪਰ ਦੀ ਹਾਂਡੀ ਦਾ ਪਹਿਲਾਂ ਰਿੱਝਣਾ ਜਗਨ ਨਾਥ ਦੀ ਕਰਾਮਾਤ ਮਸ਼ਹੂਰ ਹੈ ਸੋ ਇਸ ਨਕਸ਼ੇ ਦੇ ਭੁੱਲੇ ਦੀ ਕਰਾਮਾਤ ਹੈ ਤੇ ਇਸ ਦੇ ਮੂੰਹ ਦ੍ਵਾਰਾ ਹਰ ਇਕ ਦਰਜੇ ਵਿਚ ਅਗਨੀ ਪਹੁੰਚਦੀ ਹੈ ਤੇ ਹਰ ਇਕ ਹਾਂਡੀ ਹੇਠਾਂ ਦਰਜੇ ਬ ਦਰਜੇ ਘਟ ਵੱਧ ਸੇਕ ਲੱਗਦਾ ਹੈ ਇਸ ਤਰਾਂ ਸਭਨਾਂ ਤੇ ਪੈਹਲਾਂ ਉਪਰਲੀ ਹਾਂਡੀ ਰਿੱਝਦੀ ਹੈ ਕਿਉਂ ਕੇ ਉਸ ਨੂੰ ਅਗਨੀ ਦੀ ਲਾਟ ਸਭ ਤੋਂ ਬਹੁਤ ਲੱਗਦੀ ਹੈ ਫੇਰ ਉਸ ਤੋਂ ਹੇਠਾਂ ਦੀਆਂ, ਤੇ ਇਸੇ ਤਰਾਂ ਸਭ ਸਮਝ ਲੈਣੀਆਂ



ਇਹੋ ਜੇਹੇ ਚੁੱਲਿਆਂ ਦੇ ਪ੍ਰਤਾਪ ਨਾਲ ਹੀ ਦੋ ਦੋ ਸੌ ਮਣ ਪੱਕੇ ਚਾਉਲ਼ ਆਦਿਕ ਇਕੱਠੇ ਉਥੇ ਹਾਂਡੀਆਂ ਵਿਚ ਰਿੱਝ ਕੇ ੩੬ ਪ੍ਰਕਾਰ ਦੀ ਵਸਤੂਆਂ ਭੋਗ ਹਰ ਰੋਜ਼ ਲੱਗਦਾ ਹੈ। ਸਾਰੀ ਪੁਰੀ ਵਿੱਚ ਸਵੇਰ ਦੇ ਵਕਤ ਕੋਈ ਚੁੱਲ੍ਹਾ ਨਹੀਂ ਤਪਉਂਦਾ ਉਥੋਂ ਹੀ ਅਨੇਕ ਪ੍ਰਕਾਰ ਦੇ ਭੋਜਨ ਪੱਕੇ ਪਕਾਏ ਸਸਤੇ ਮੁੱਲ ਨੂੰ ਮਿਲ ਜਾਂਦੇ ਹਨ ਤੇ ਜੋ ਪ੍ਰਦੇਸੀ ਲੋਗ ਭੇਟ ਕੇ ਵਾਸਤੇ ਰੁਪਯਾ ਦੇ ਆਉਂਦੇ ਹਨ ਉਹ ਰਾਜਾ ਦੇ ਬੈਂਕ ਵਿਚ ਜਮਾ ਹੁੰਦਾ ਹੈ ਤੇ ਉਸ ਦੇ ਬਿਆਜ ਦਾ ਰੋਜ਼ ਭੋਗ ਲੱਗ ਕੇ, ਚੌਥਾ ਹਿੱਸਾ ਅੰਨ ਉਸ ਪੰਡੇ ਨੂੰ ਮਿਲਦਾ ਹੈ, ਜਿਸ ਦਾ ਜਜਮਾਨ ਰੁਪਯਾ ਦੇ ਜਾਵੇ, ਤਿਨ ਹਿੱਸੇ ਬਿਕ੍ਰੀ ਹੋ ਕੇ ਮੰਦਰ ਦੇ ਕੰਮਾਂ ਵਿਚ ਖਰਚ ਹੁੰਦਾ ਹੈ।

Digitized by Panjab Digital Library | www.panjabdigilib.org

ਤੀ, ਮਹਾਰਾਜ ਆਪ ਏਥੇ ਟਿਕੋ ਤਾਂ ਆਪ ਦੇ ਵਾਸ੍ਤੇ ਮੰਦਰ, ਪਲੰਘ, ਭੋਜਨ ਤਯਾਰ ਹਨ। ਜੇ ਗਾਵਣ ਸੁਣਨਾ ਦਿਲ ਪਰਚਾਉਣਾ ਹੋਵੇ ਤਾਂ ਪਾਤਰਾਂ ਮੰਗਾ ਦੇਵਾਂ, ਜੋ ਕੁਛ ਹੁਕਮ ਕਰੋ ਸੋ ਅਸੀ ਮੰਨਾਂਗੇ, ਏਹ ਸੁਣਕੇ ਬਾਬੇ ਨੇ ਸ਼ਬਦ ਉਚਾਰਿਆ "ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥" ਏਸ ਸਾਰੇ ਸ਼ਬਦ ਦਾ ਭਾਵ ਇਹ ਹੈ, ਹੇ ਕਲਜੁਗ ਜੇ ਸ੍ਵਰਗ ਦੇ ਮੰਦਰ ਰਤਨਾਂ ਨਾਲ ਜੜੇ ਹੋਏ, ਕਸਤੂਰੀ ਕੇਸਰ ਆਦਿਕ ਸੁਗੰਧੀਆਂ ਨਾਲ ਲਿਪੇ ਹੋਏ ਹੋਣ ਵਿਚ ਲਾਲ ਜੜਤ ਪਲੰਘ ਉੱਤੇ ਬੈਠੀਏ, ਤੇ ਮੋਹਣੀਆਂ ਸੋਹਣੀਆਂ ਨ੍ਰਿਤਕਾਰੀ ਕਰ ਖੁਸ਼ੀ ਵਧਾਉਣ, ਸਾਰੀ ਦੁਨੀਆਂ ਮੇਰਾ ਹੁਕਮ ਮੰਨੇ, ਤੌ ਭੀ ਏਹ ਸਬ ਸਾਮਾਨ ਮੇਰੇ ਕਿਸੇ ਕੰਮ ਨਹੀਂ ਕਯੋਂ ਜੋ ਏਨ੍ਹਾਂ ਕਰਕੇ ਪਰਮੇਸ਼੍ਵਰ ਭੁਲ ਜਾਂਦਾ ਹੈ (ਪਰਮੇਸ਼੍ਵਰ ਤੋਂ ਭੁਲਿਆਂ ਵਿਆਪਨ ਸਭੇ ਰੋਗ) ਏਸ ਵਾਸ੍ਤੇ ਅਸੀਂ ਕੁਛ ਨਹੀਂ ਚਾਹੁੰਦੇ। ਏਸ ਉਪਦੇਸ ਨੂੰ ਸੁਣਕੇ ਸਬ ਲੋਗ ਬਾਬੇ ਦੇ ਸੇਵਕ ਬਣ ਗਏ, ਬਾਬੇ ਜੀ ਨੇ ਪੰਡੇ ਕਲਿਜੁਗ ਨੂੰ ਆਖਿਆ ਤੈਂ ਸਾਨੂੰ ਮੰਨਿਆ ਹੈ ਤੈਨੂੰ ਸਾਰੀ ਪੰਜਾਬ ਤੇ ਮੇਰੇ ਸਿੱਖ ਮੰਨੇਂਗੇ, ਉਸ ਦੇ ਔਲਾਦ ਨਹੀ ਸੀ, ਬਾਬੇ ਆਖਿਆ ਉਲਾਦ ਹੋਵੇਗੀ ਪਰ ਇੱਕੋ ਹੀ ਰਹੇਗਾ, ਏਤਨਾ ਬਰ ਦੇਕੇ ਬਾਬਾ ਜੀ ਅਸਤੇ ਭਏ॥

ਤੇ ਪੰਡੇ ਕਲਜੁਗ ਨੇ ਓਥੇ ਬਾਬੇ ਦੇ ਸੋਮੇ ਉੱਤੇ ਇਕ ਬਾਉਲੀ[1] ਇਕ ਧਰਮਸਾਲਾ ਬਣਵਾ ਦਿੱਤੀ ਜੋ ਹੁਣ ਤਕ ਹੈ, ਬਾਬੇ ਦੇ ਬਰ ਨਾਲ ਉਸ ਪੰਡੇ ਦੀ ਉਲਾਦ ਇੱਕੋ ਆਦਮੀ ਤੇ ਕਲਜੁਗ ਪਦ ਉਨ੍ਹਾਂ ਦਾ ਚਲਿਆ ਆਂਵਦਾ ਹੈ ਹੁਣ ਓਥੇ ਪੰਡਾ ਭਗਵਾਨਦਾਸ ਕਲਜੁਗ ਹੈ॥ — ਗੁਰੂ ਜੀ ਓਥੋਂ ਚੱਲਕੇ ਜ਼ਿਲੇ ਕਾਂਗੀਲ ਦੇ ਕਿਨਾਰੇ ਖੁਰਦ, ਰਾਣਾਪੁਰ, ਸਨਾਰਨ ਗੜ੍ਹ ਆਦਿਕ ਸ਼ਹਿਰਾਂ ਤੇ ਜੰਗਲਾਂ ਦਾ ਸੈਰ ਕਰਕੇ ਮਹਾਨਦੀ ਪਾਰ ਹੋ ਸਰ੍ਹ।

---

[1] — ਏਹ ਬਾਉਲੀ ਤੇ ਧਰਮਸਾਲਾ ਗੁਰੂ ਕੀ ਸਮੁੰਦ੍ਰ ਦੇ ਕੰਢੇ ਉੱਤੇ ਹੈ ਸਿਵਾਇ ਏਸ ਬਾਉਲੀ ਦੇ ਹੋਰ ਸਾਰੇ ਦੇਸ ਵਿਚ ਖੂਹਾਂ ਦਾ ਜਲ ਖਾਰਾ ਹੈ, ਕੋੜਾ ਹੈ ਸਬ ਅਮੀਰ, ਗਰੀਬ, ਤੇ ਰੋਗੀਆਂ, ਪੋਖਰਿਆਂ ਦਾ ਪਾਣੀ ਪੀਂਦੇ ਹਨ। ਏਸ ਬਾਉਲੀ ਦੇ ਨੇੜੇ ਹੀ ਕਬੀਰ ਦਾ, ਮਲੂਕਦਾਸ ਦਾ ਮੁਕਾਨ ਹੈ, ਕਬੀਰ ਦੀ ਪਾਣ, ਮਲੂਕਦਾਸ ਦਾ ਟੁਕੜਾ, ਗੁਰੂ ਕਾ ਮੀਠਾ ਠੰਢਾ ਜਲ, ਜਗਨਨਾਥ ਦਾ ਮਹਾਪ੍ਰਸਾਦ (ਚੌਲ) ਏਹ ਚਾਰੋ ਜਗਾ ਤੇ ਚਾਰੇ ਪ੍ਰਸਾਦ ਜਾਤ੍ਰੂ ਲੋਗ ਲੈਂਦੇ ਹਨ, ਓਥੇ ਹੋਰ ਸਬ ਚੀਜ਼ ਸੁਲਭ ਹੈ ਇਕ ਜਲ ਮੀਠਾ ਠੰਢਾ ਦੁਰਲਭ ਹੈ।

ਦੂਸਰਾ ਮਕਾਨ ਗੁਰੂ ਕਾ ਮੰਗੂ ਮਠ ਹੈ ਜਿੱਥੇ ਸ੍ਰੀ ਚੰਦ ਪੋਤਿਆਂ ਤੋਂ ਪਹਿਲਾਂ ਗੁਰੂ ਜੀ ਜਾਕੇ ਬੈਠੇ ਸੇ, ਓਥੇ ਹੀ ਹਰੀਦਾਸ ਰਮਣ ਪੋਸ਼, ਦਰਿਆਈ ਲਾਲ ਉਦਾਸੀ ਸੰਤ ਜਾ ਬੈਠੇ ਤਾਂ ਫੇਰ ਬਾਬਾ ਮਗਨ ਲਾਲ ਨੇ ਸੰ: ੧੭੮੨ ਬਿ: ਵਿਚ ਗੁਰੂ ਦੀ ਧਰਮਸਾਲਾ ਮੰਗੂ ਮਠ ਨਾਮ ਸੇ ਬਨਵਾਈ ਤੇ ਇਕ [illegible] ਲੰਗਰ ਵਾਸ੍ਤੇ ਲਾ ਦਿੱਤਾ ਹੋਯਾ ਹੁਣ ਮਹੰਤ ਰਾਮਦਾਸ

ਗਪੁਰ ਸਹਿਰਦੇ ਪਾਸ ਇਕ ਪਹਾੜੀ ਪਰ ਬੈਠਕੇ ਜੋ ਸਬਦ ਗਾਵਿਆ ਤਾਂ ਬਹੁਤ
ਲੋਗ ਸੁਣਕੇ ਗੁਰੂ ਜੀਦੇ ਪਾਸ ਆਏ ਤੇ ਓਹ ਸਬ ਛਨਿੱਛਰ ਦੇਵਤਾ ਨੂੰ ਭੋਗ ਮੋਖ
ਦਾਤਾ ਸਮਝਕੇ ਮੰਨਦੇ ਪੂਜਦੇ ਸੇ, ਗੁਰੂ ਜੀ ਨੇ ਆਖਿਆ ਇਕ ਸੂਰਜ ਨਾਮ ਰਾਜਾ ਸੀ ਜਿਸ
ਦੀ ਸੰਤਾਨ ਸੂਰਜਬੰਸੀ ਛੱਤ੍ਰੀ ਸਦਾਉਂਦੇ ਹਨ, ਉਸ ਰਾਜਾ ਦੇ ਅੱਠ ਪੁਤ੍ਰ ਸੇ ਸਬ ਤੋਂ ਛੋਟਾ
ਸਨੀਚਰ ਨਾਮ ਬਹੁਤ ਕਾਲਾ ਰੰਗ, ਬਡ ਰੂਪ ਤੇ ਮਹਾ ਦਰਿੱਦ੍ਰੀ ਸੀ, ਹੋਰ ਸਬਨਾਂ ਨੇ ਅ
ਪਨੇ ਰੁਜ਼ਗਾਰ ਕੀਤੇ, ਮੁਲਕ ਮੱਲੇ, ਉਸ ਸਮੇ ਸੁਯੰਬਰ ਹੁੰਦੇ ਸੇ ਏਸ ਦੀ ਮਾਂ ਨੇ ਏਸਦ
ਰੰਗ ਗੋਰਾ ਦਿਖਾਉਣ ਵਾਸਤੇ ਪਿੰਡੇ ਨੂੰ ਸੰਧੂਰ ਮਲਾ ਦਿੱਤਾ, ਤੋ ਭੀ ਸਨੀਚਰ ਨੂੰ ਵੱਡ ਰੂਪ,
ਦਰਿੱਦ੍ਰੀ ਦੇਖਕੇ ਕਿਸੇ ਕੰਨਿਆ ਨੇ ਨਾ ਵਰਿਆ। ਤੇ ਕੁਵਾਰਾ ਹੀ ਰਿਹਾ।

ਜਦ ਰਾਜਾ ਮਰਿਆ ਤਾਂ ਰਾਣੀ ਸਤੀ ਹੋਣ ਲਗੀ, ਆਪਣੇ ਦੂਸਰੇ ਪੁਤ੍ਰਾਂ ਨੂੰ ਆਖ ਗਈ ਏ
ਸਦੀ ਪਾਲਨਾ ਰੱਖੋਗੇ ਤਾਂ ਤੁਸੀ ਸੁਖੀ ਰਹੋਗੇ, ਏਸ ਕਰਕੇ ਓਹ ਸੱਤੇ ਭਾਈ ਜੋ ਕਿਸਮਦ
ਦਾ ਅੱਨ ਕੱਠਾ ਕਰਦੇਣ ਓਹ ਸਤਨਾਜਾ ਹੋ ਜਾਵੇ, ਏਸਦੀਆਂ ਭਰਜਾਈਆਂ ਘਿ
ਉ ਦੀ ਜਗਾ ਤੇਲ ਨਾਲ ਰੋਟੀ ਚੋਪੜ ਦੇਣ, ਸੋਨੇ ਚਾਂਦੀ ਦੇ ਗਹਣਿਆਂ ਦੀ ਜਗਾ ਲੋਹੇ ਦੇ ਗ
ਹਿਣੇ ਪਹਿਰਾਇ ਛੱਡੇ, ਪਾਟੇ ਪੁਰਾਣੇ ਕਪੜੇ ਤੇ ਸੰਧੂਰ, ਤੇਲ ਮਲਣ ਨੂੰ ਦੇ ਛੱਡਣ, ਏਹ ਭੰ
ਗ ਪੀਕੇ ਮਸ੍ਤ ਪਿਆ ਰਹੇ, ਜੇੜ੍ਹਾ ਏਸਦੀ ਸੇਵਾ ਕਰਦਾ ਸੀ ਓਹੋ ਸੰਭਾਲ ਛੱਡੇ, ਸਨੀਚ
ਰ ਨੇ ਉਮਰ ਬਹੁਤ ਭੋਗੀ, ਏਸੇ ਤਰਾਂ ਓਨ੍ਹਾਂ ਦੇ ਪੁਤ੍ਰ ਪੋਤ੍ਰੇ ਭੀ ਦਿੰਦੇ ਰਹੇ। ਜਿਉਂ ਜਿਉਂ ਸੂਰ
ਜਬੰਸੀ ਲੋਗ ਵਧੇ ਤਿਓਂ ਦ ਸਨੀਚਰ ਦੇ ਸੇਵਕ ਓਸਦੀਆਂ ਮੂਰਤਾਂ ਬਣਾਕੇ ਤੇਲ, ਸੰ
ਧੂਰ ਚੜ੍ਹਾਉਂਦੇ ਤੇ ਸਤਨਾਜਾ, ਲੋਹਾ, ਪੁਰਾਣੇ, ਨਵੇਂ ਕਪੜੇ ਦੇਂਦੇ ਰਹੇ ਓਹੋ ਚਾਲ ਦੁਨੀਆਂ
ਵਿਚ ਸਾਰੇ ਫੈਲ ਗਈ। ਹੋਰ ਸਨੀਚਰ ਕੋਈ ਦੇਵਤਾ ਯਾ ਪਰਮੇਸੂਰ ਨਹੀਂ ਹੈ ਜੋ ਤੁਹਾ
ਨੂੰ ਭੋਗ ਮੋਖ ਦੇਵੇ। ਇਸ ਪ੍ਰਕਾਰ ਸਨੀਚਰ ਦੇ ਪੂਜਯ ਹੋਣ ਦਾ ਭੇਤ ਪਾਕੇ ਤੇ ਸਤਗੁਰਾਂ
ਦਾ ਸੱਚਾ ਉਪਦੇਸ਼ ਮੰਨਕੇ ਓਥੋਂ ਦੇ ਰਾਜੇ ਬ੍ਰਿਹਤਪਾਲ ਸਮੇਤ ਸਬ ਲੋਗ ਈਸੂਰ ਦੀ ਭ
ਗਤੀ ਕਰਨ ਤੇ ਸੱਤਨਾਮ ਜਪਣ ਲਗ ਪਏ।

ਅੱਗੇ ਗੁਰੂ ਜੀ ਕੋਹਕੈਟਕ ਵਿਚ ਪਹੁੰਚੇ ਜੋ ਬੰਧਿਆਚਲ ਦੇ ਸਾਥ ਮਿਲਦੀ ਪਹਾੜੀ ਹੈ
ਓਥੋਂ ਦੇ ਸਬ ਲੋਗ ਬਿਜਲੀ ਨੂੰ ਰੱਬ ਸਮਝਕੇ ਮੰਨਦੇ ਪੂਜਦੇ ਸੇ, ਗੁਰੂ ਸਾਹਿਬ ਦੇ ਸਬ
ਦ ਤੇ ਬਚਨ ਸੁਣਕੇ ਓਨ੍ਹਾਂ ਦੇ ਮਨ ਫਿਰ ਗਏ ਤੇ ਗੁਰੂ ਜੀ ਦੇ ਪਾਸ ਆਉਣ ਲਗ ਪਏ,
ਬਾਬੇ ਦਾ ਜਸ ਸੁਣਕੇ ਓਥੋਂ ਦਾ ਰਾਜਾ ਮੈਨਪਾਲ ਨਾਮ ਆਯਾ ਤਾਂ ਗੁਰੂ ਜੀ ਨੇ ਫੁਰਮਾਯ

Digitized by Panjab Digital Library | www.panjabdigilib.org

ਬਿਜਲੀ ਪਰਮੇਸੁਰ ਨਹੀਂ, ਜਿਸਨੂੰ ਤੁਸੀ ਪ੍ਰਭੂ ਮੰਨੀ ਬੈਠੇਹੋ, ਏਸਦਾ ਪ੍ਰਕਾਸ ਖਿਣ ਭੰ
ਗਰਹੈ, ਈਸ੍ਵਰ ਚੇਤਨ ਇਕ ਰਸ ਪ੍ਰਕਾਸਦਾਹੈ, ਬਿਜਲੀਆਂ ਅਨਿੱਤ ਹਨ ਤੇ ਮੇਘਾਂ ਦੇ ਸੰ
ਘਰਸਣ ਤੇ ਪ੍ਰਗਟ ਹੋਕਰ ਜਿਥੇ ਗਿਰਦੀਹੈ, ਜੀਵ ਅਜੀਵ ਨੂੰ ਸਾੜਦੀਹੈ, ਪਰਮੇਸੁਰ
ਸਾਂਤਿ ਰੂਪ ਸੁਤੇ ਸਿੱਧ ਅਬਿਨਾਸੀ ਅਜਨਮਾਹੈ ਏਸੇ ਪ੍ਰਕਾਰ ਹੋਰ ਬਹੁਤ ਬਚਨ ਸੁਣ
ਕੇ ਰਾਜਾ ਮੈਨਪਾਲ ਜਦ ਸੱਚੇ ਪ੍ਰਭੂ ਦੀ ਭਗਤੀ ਭਜਨ ਕਰਨ ਲਗ ਪਿਆ ਤਦੋਂ ਹੋਰ ਲੋ
ਗ ਭੀ ਪ੍ਰਮੇਸੁਰ ਦਾ ਭਜਨ, ਦਯਾ, ਧਰਮ, ਸਤ, ਸੰਤੋਖ, ਧਾਰਨ ਕਰ ਭੋਗ ਮੋਖ ਦੇ ਅਧਿ
ਕਾਰੀ ਹੋਤੇ ਭਏ। — ਓਥੋਂ ਅੱਗੇ ਗਏ ਜਿੱਥੇ ਕਪਲ ਮੁਨੀ ਨੇ ਜਨਮ ਲੀਤਾ, ਤਪ ਕੀਤਾ
ਹੈ, ਓਹ ਪਹਾੜ ਜੰਗਲ ਸਰਜੀਤ ਅਤੀ ਸੁੰਦਰ ਫਲਿਆ ਫੁਲਿਆ ਹੋਯਾ ਦੇਖ, ਮਰਦਾ
ਨਾ ਬਹੁਤ ਖੁਸੀ ਹੋਯਾ, ਸੁੰਦਰ ਟੇਕਰੀ ਪਰ ਬੈਠ ਰਬਾਬ ਬਜਾਇ ਸਬਦ ਗਾਯਾ ਤਾਂ ਓਥੋਂ
ਦੇ ਰਹਿਣਵਾਲੇ ਰਿਖੀ, ਮੁਨੀ, ਸਿੱਧ, ਸਾਧਕ, ਰਾਮਫਲ, ਸੀਤਾਫਲ, ਸਪੂਰੀਕੰਦ, ਬਿਦਾਗੇ,
ਕੇਲੇ, ਸੰਗਤਰੇ, ਲੀਚੀ ਆਦਿਕ ਮੇਵਾ ਜੋ ਉਸ ਬਨ ਵਿਚ ਬਹੁਤ ਸੀ ਭੇਟਾ ਲੇਕੇ ਗੁਰੂ
ਜੀ ਦੇ ਪਾਸ ਆਏ, ਦਰਸਨ ਆਨੰਦ ਪਾਏ, ਪ੍ਰਸ਼ਨ ਕਰ ਸੰਸੇ ਸਭ ਗਵਾਏ, ਪ੍ਰਭੂ ਦੇ ਗੁਨ ਸੁ
ਨੇ ਸੁਨਾਏ। ਓਨ੍ਹਾਂਨੇ ਭਵਿਖਤ ਪੁਰਾਣ ਤੋਂ ਜੋ ਨਿਸ਼ਚੇ ਕਰ ਰੱਖਯਾ ਸੀ ਕਿ ਪੰਜ਼ਾਬ ਦੇਸ ਬੇ
ਦੀ ਬੰਸ ਮੇਂ ਨਾਨਕ ਨਾਮ ਬ੍ਰਹਮਗਯਾਨੀ ਰਾਜ ਰਿਖੀ ਸਤਗੁਰੂ ਅਵਤਾਰ ਹੋਵੇਗਾ।
ਮਰਦਾਨੇ ਤੋਂ ਪੁੱਛ ਲੇਕਰ ਓਹ ਬਾਤ ਸੱਚੀ ਸਮਝ ਬਾਬੇ ਦਾ ਪੂਜਨ ਖੋਡਸ ਬਿਧਿ ਕਰ
ਆਰਤੀ ਉਤਾਰੀ, ਵੱਡਾ ਉਤਸਾਹ ਕੀਤਾ। ਓਹ ਕਪਲ ਦੇਵ ਦੀ ਮੂਰਤਿ ਪੂਜਦੇ ਸੇ, ਗੁਰੂ ਜੀ
ਦੇ ਉਪਦੇਸ ਨੂੰ ਧਾਰ, ਪ੍ਰਿਤਮਾ ਪੂਜਨ ਛੋੜ, ਅਕਾਲ ਪੁਰਖ ਦੀ ਅਨੱਨਯ ਭਗਤੀ ਧਾਰਨ
ਕਰ ਲਈ, ਪੰਦ੍ਰਾਂ ਦਿਨ ਗੁਰੂ ਜੀ ਓਥੇ ਰਹੇ, ਦੂਰ੨ ਦੇ ਸੰਤ ਆਇ੨ ਮਿਲੇ, ਯੱਦ੍ਯਪਿ ਮਰਦ
ਨਾ ਤਾਂ ਓਥੋਂ ਚੱਲਣਾ ਨਹੀਂ ਚਾਹੁੰਦਾ ਸੀ, ਪਰ ਲਾਚਾਰ ਗੁਰੂ ਜੀ ਦੇ ਨਾਲ ਤੁਰਨਾ ਪਿਆ। ਬ
ਹੁਤ ਸਾਰੇ ਫਲ ਖਾਣ ਵਾਸਤੇ ਉਠਾਇ ਲੀਤੇ। ਗੁਰੂ ਜੀ ਬੰਧਯਾਚਲ ਦੇ ਦੱਖਣ, ਪੂਰਬ ਦੇ
ਪਹਾੜਾਂ, ਜੰਗਲਾਂ, ਨਗਰਾਂ ਦਾ ਸੈਲ ਕਰ ਰਹੇ ਸਨ, ਕਈ ਦਿਨ ਕੁਛ ਖਾਣੇ ਨੂੰ ਨਾ ਮਿਲਿ
ਆ ਤਾਂ ਮਰਦਾਨਾ ਤੰਗ ਹੋਕੇ ਬੋਲ, ਚੱਲ, ਤਾਨ੍ਹਾਂ, ਤਰਕ ਕਰ ਬਾਬੇ ਤੋਂ ਮੱਲੋ ਮੱਲੀ ਪੰਜਾ
ਬੀ ਤਰਫ ਤੁਰ ਪਿਆ। ਅਗੇ ਭੀਲ ਕਿਰਾਤ ਮਿਲੇ, ਮਰਦਾਨੇ ਨੂੰ ਫੜਕੇ ਅਪਣੇ ਸ
ਰਦਾਰ ਕੌਡੇ ਨਾਮ ਰਾਖਸ ਆਦਮਖਾਣੇ ਪਾਸ ਲੈ ਗਏ, ਓਸਨੇ ਜਦ ਏਸਨੂੰ ਤਲ ਕੇ ਖਾ
ਣਾ ਚਾਹਯਾ ਤਾਂ ਮਰਦਾਨੇ ਨੇ ਪੱਛੋਤਾਇ, ਘਬਰਾਇ, ਅਤੀ ਦੁਖ ਪਾਇ ਗੁਰੂ ਜੀ ਨੂੰ ਜ

Raja Mani pal Koh kantoll

Kapil Muni

ਦ ਕੀਤਾ ਤੇ ਗੁਰੂ ਜੀ ਭੀ ਏਹ ਤਮਾਸ਼ਾ ਦੇਖਦੇ ਸੇ ਮਰਦਾਨੇ ਦੇ ਸਾਮ੍ਹਣੇ ਜਾ ਪ੍ਰਗਟੇ। ਗੁਰੂ ਜੀ ਦਾ ਦਰਸ਼ਨ ਕਰ ਕੌਡੇ ਦਾ ਮਨ ਫਿਰ ਗਯਾ, ਤੇ ਓਹ ਕੜਾਹਾ ਭੀ ਠੰਢਾ ਹੋ ਗਿਆ, ਬਾਬੇ ਦੇ ਚਰਨ ਫੜ ਲਏ, ਗੁਰੂ ਜੀ ਉਸ ਨੂੰ ਆਦਮੀ ਖਾਣ ਦੀ ਕਸਮ ਕਰਾ ਸੱਤ ਨਾਮ ਦ੍ਰਿੜ੍ਹਾ, ਪ੍ਰਭੂ ਦੇ ਮਾਰਗ ਲਾ, ਮਰਦਾਨੇ ਨੂੰ ਸੰਗ ਲਵਾ, ਅੱਗੇ ਤੁਰੇ, ਮਰਦਾਨੇ ਨਾਲ ਬਚਨ ਬਿਲਾਸ ਕਰਦੇ, ਬੀਆਬਾਨ ਜੰਗਲ ਦਾ ਖੂਬ ਸੈਲ ਕੀਤਾ, ਫੇਰ ਤਾਂ ਮਰਦਾਨਾ ਸ਼ੇਰਾਂ, ਬਘਿਆੜਾਂ, ਹਾਥੀਆਂ, ਰਿੱਛਾਂ ਨੂੰ ਦੇਖ ਦੇਖ ਭੈ ਖਾਵੇ, ਭੁੱਖ, ਦੁਖ ਸਹਾਰੇ, ਪਰ ਵਿਛੜਨ ਦਾ ਨਾਮ ਨਾ ਲਵੇ ਇਕ ਦਿਨ ਬਹੁਤ ਭੁੱਖ ਲੱਗੀ ਤਾਂ ਬੋਲਿਆ ਹੇ ਨਿਰੰਕਾਰੀ, ਤੁਸੀਂ ਪੌਣ ਅਹਾਰੀ ਬਾਲਾ ਸੰਤੋਖ ਧਾਰੀ, ਮੈਨੂੰ ਭੁੱਖ ਦੀ ਬੀਮਾਰੀ ਏਹ ਕਿਨੇ ਲਾ ਰੱਖੀ ਹੈ ਯਾ ਤਾਂ ਕੁਛ ਖਾਣ ਨੂੰ ਦੇਹੋ, ਨਹੀਂ ਤਾਂ ਭੁੱਖ ਹਰ ਲੇਹੋ, ਗੁਰੂ ਜੀ ਨੇ ਮੁਖ ਮਯੰਕ ਤੋਂ ਮੁਸਕਰਾ ਕੇ ਅੱਕ ਦੀ ਤਰਫ ਇਸ਼ਾਰਾ ਕਰ ਕਿਹਾ, ਏਸ ਦੇ ਫਲ ਖਾਹ, ਮਰਦਾਨੇ ਆਖਿਆ ਵਾਹ ਜਜਮਾਨ, ਅੱਕ ਦੇ ਫਲ ਜ਼ਾਹਿਰ ਖੁਵਾਇ ਕੇ ਹੁਣੇ ਹੀ ਮੌਤ ਦੇ ਰਾਹ ਪਾਉਣ ਲੱਗੇ ਹੋ, ਅਜੇ ਤਾਂ ਮੈਂ ਆਪਣੇ ਬਾਲ ਬੱਚੇ ਤੇ ਇਸਤ੍ਰੀ ਨਾਲ ਮਿਲ ਕਰ ਏਸ ਸਫਰ ਦਾ ਬਿਆਨ ਖੁਸ਼ੀ ਹੱਸੀ ਕਰਨਾ ਚਾਹੁੰਦਾ ਹਾਂ, ਮਹਿਤੇ ਕਾਲੂ ਚੰਦ ਆਦਿਕ ਸਰਬ ਪਰਵਾਰ ਤੇ ਰਾਇ ਬੁਲਾਰ ਨੂੰ ਆਪ ਦੇ ਉਪਕਾਰ, ਵਿਚਾਰ, ਆਚਾਰ, ਉਚਾਰ ਕਰ ਸੁਨਾਊਂਗਾ, ਮਹਾਰਾਜ ਨੇ ਫੇਰ ਕਿਹਾ ਮਰਦਾਨਿਆ ਏਹੀ ਖਾਨਾ ਖਾਹ ਪਰ ਗਾਂਠ ਨਾਂ ਬੰਨੀ, ਬਚਨ ਮੰਨ ਚੱਖੇ ਤਾਂ ਮੀਠੇ ਸ੍ਵਾਦ ਲੱਖੇ, ਪੇਟ ਭਰ ਖਾਏ, ਕੁਛ ਬਾਂਧ ਲਿਆਏ, ਦੂਸਰੇ ਦਿਨ ਖਾਣ ਲੱਗਾ, ਕੌੜੇ ਦੇਖ ਨਕੌੜੇ ਨੂੰ ਚੜ੍ਹਾ, ਫੈਂਕ ਦਿੱਤੇ।

ਅਗੇ ਨਰਬਦਾ ਨਦੀ ਉਤਰ ਜਬਲਪੁਰ ਸ਼ਹਿਰ ਦੀ ਸੈਰ ਦੇਖ ਚਿੱਤ੍ਰਕੂਟ ਆਏ ਜਿੱਥੇ ਰਾਮਚੰਦ੍ਰ ਜੀ ਬਨਬਾਸ ਵਿੱਚ ਰਹੇ ਸੇ, ਓਥੋਂ ਦੇ ਸੰਤ ਲੋਗਾਂ ਨੂੰ ਭੀ ਭਜਨ ਭਗਤੀ ਵਿਚ ਤਤਪਰ ਕਰ ਮਹੀਯਰ ਨਗਰ ਜੋ ਰਿਆਸਤ ਦੀ ਰਜਧਾਨੀ ਦੇਖ ਦੱਤਾ ਤ੍ਰੇਯ ਦੀ ਟੇਕਰੀ ਪਰ ਪਹੁੰਚੇ ਜੋ ਵੱਡੀ ਮਸ਼ਹੂਰ ਜਾਗਾ ਜਾਗੀਰਦਾਰ ਉਸ ਦੇਸ ਵਿਚ ਗੁਸਾਂਈ ਸਾਧਾਂ ਦੇ ਰਹਿਣ ਦੀ ਹੈ, ਓਥੇ ਗੁਰੂ ਜੀ ਨੇ ਸਬਦ ਬੋਲਿਆ ਤਾਂ ਸਬ ਫਕੀਰ ਆਇ ਚਰਚਾ ਕਰਨ ਲਗੇ, ਪਰ ਬਾਬੇ ਦੇ ਬਚਨਾਂ ਤੋਂ ਸ਼ਾਂਤ ਹੁੰਦੀ ਦੇਖ ਓਹੀ ਮੰਨ ਖੜੋਤੇ, ਓਥੋਂ ਚੱਲ ਕੇ ਬਾਬਾ ਜੀ ਫਰੀਦ ਵਾੜੇ ਦਾ ਮੇਲਾ[1] ਦੇਖ ਮਜਾਵਰਾਂ ਨੂੰ ਸੁਮੱਤੇ ਲਾ ਰਈਆਂ ਵਾਲੇ ਰਾਜਾ ਦੇ ਮੁਲਕ

1 ਏਹ ਮੇਲਾ ਜੇਠ ਮਹੀਨੇ ਉਸੇ ਖੂਹ ਪਰ ਹੁੰਦਾ ਹੈ ਜਿੱਥੇ ਬਾਵਾ ਫਰੀਦ ਸੰਗਲ ਨਾਲ ਖੂਹ ਵਿਚ ਉਲਟਾ ਲਟਕ ਕੇ ਤਪ ਕਰਦਾ ਰਿਹਾ ਹੈ ਓਥੇ ਹੀ ਏਹ ਸਲੋਕ ਉਚਾਰਿਆ ਹੈ। ਯਥਾ (ਕਾਗਾ ਕਰੰਗ ਢੰਢੋਲਿਆ ਸਗਲ ਖਾ

ਰੰਨੇ ਪੰਨੇ ਵਿਚ ਜਿੱਥੇ ਹੁਣ ਭੀ ਜ਼ਿਮੀ[1] ਵਿੱਚੋਂ ਹੀਰਾ, ਪੰਨਾ, ਪੁਖਰਾਜ, ਫੀਰੋਜ਼ਾ, ਚੂੰਨੀ ਨਿਕ
ਲਦੇ ਹਨ ਉਸ ਧਰਤੀ ਦਾ ਸੈਲ ਕਰ, ਤਾਲ ਭੋਪਾਲ, ਮਹਿਲਸਰ ਪਰਬਤ ਸਾਗਰ ਨੂੰ
ਦੇਖਦੇ ਹੋਏ ਚੰਦੇਰੀ ਦੱਖਨੀ ਜਾ ਉਤਰੇ, ਹੁਣ ਭੀ ਉਥੇ ਬਾਬੇ ਦੀ ਜਾਗਾ ਹੈ, ਉਥੋਂ ਝਾਲਰਾਪਾ
ਟਨ ਗਏ, ਏਸ ਦੇਸ ਦੇ ਲੋਗ ਪੌਣ ਨੂੰ ਪਰਮੇਸ਼ੂਰ ਤੇ ਪ੍ਰਾਣਾ ਨੂੰ ਆਤਮਾ ਮੰਨਦੇ ਸੇ ਬਾਬੇ
ਨੇ (ਭੈ ਵਿਚ ਪੌਣ ਵਹੈ ਸਦਵਾਉ। ਭੈ ਵਿਚ ਚਲਹਿ ਲਖ ਦਰੀਆਉ।) ਐਸੇ ੨ ਸਬ
ਦ ਸੁਣਾ ਤੇ ੪੯ ਪ੍ਰਕਾਰ ਦੀ ਪੌਣ ਬ੍ਰਮੰਡ ਵਿਚ ਔਰ ਦਸ ਪ੍ਰਕਾਰ ਦੇ ਪ੍ਰਾਣ ਸ਼ਰੀਰ ਵਿ
ਚ ਦੇਖਾਇ, ਸਬ ਨੂੰ ਇਕ ਸੱਚੇ ਪਰਮੇਸ਼ੂਰ ਦੀ ਭਗਤੀ ਵਿਚ ਲਾ, ਜੀਵ ਆਤਮਾ ਨੂੰ ਪ੍ਰਾ
ਣਾ ਦਾ ਤੇ ਮਨ ਬੁਧਿ ਦਾ ਸਾਖੀ ਪ੍ਰੇਰਕ ਦਿਖਾ, ਝਾਂਸੀ ਦੀ ਰਾਹ ਲਈ। ਗਵਾਲੀਯਰ ਤੋਂ
ਹੁੰਦਿਆਂ ਚੰਬਲ ਪਾਰ ਹੋ, ਭਰਤਪੁਰ, ਧੌਲਪੁਰ, ਗੁੜਗਾਂਵਾ, ਝੱਜਰ ਬੇਰੀ, ਨਾਰ
ਨੌਲ, ਜੀਂਦ, ਕੈਥਲ, ਸਨਾਮ, ਸੰਗਰੂਰ, ਮਲੇਰਕੋਟਲਾ ਜਿਥੇ ਹੁਣ ਭਾਈ ਨਿੱਕਾ ਸਿੰ
ਘ ਦੀ ਧਰਮਸਾਲ ਮਸ਼ਹੂਰ ਹੈ, ਏਥੇ ਉਸ ਵਕਤ ਪਿੱਪਲ ਦੇ ਹੇਠ ਬੈਠ ਕੇ ਰਘੁਨਾਥ
ਦਾਸ ਵੈਰਾਗੀ ਸਾਧ ਜਿਨ੍ਹਾਂ ਦੇ ਮਕਾਨ ਪਰ ਹੁਣ ਭੀ ਮੇਲਾ ਭਰਦਾ ਹੈ ਤੇ ਸ਼ੇਖ ਕੁਤਬ
ਦੀਨ ਫਕੀਰ ਮਸ੍ਤ ਸੱਦੂ ਲੁਹਾਰ ਆਦਿਕ ਜੋ ਪ੍ਰਭੂ ਦੇ ਪ੍ਰੇਮੀ ਭਗਤ ਸੇ ਉਨ੍ਹਾਂ ਨਾਲ ਗਸ਼
ਟ ਚਰਚਾ ਕਰ, ਆਨੰਦ ਦੇ, ਲੈ, ਤਿਹਾੜੇ ਦੇਸ ਦਾ ਸੈਲ ਕਰ, ਹਰੀਕੇ ਪੱਤਣ, ਸਤਲੁਜ
ਪਾਰ ਹੋ ਸੰ: ੧੫੬੨ ਕਾਤਕ ਵਿੱਚ ਬਾਬਾ ਜੀ ਸੁਲਤਾਨਪੁਰ ਆ, ਬੀਬੀ ਨਾਨਕੀ ਜੀ
ਨੂੰ ਦਰਸ਼ਨ ਦੇ ਆਨੰਦ ਕੀਤਾ।

ਗੁਰੂ ਸਾਹਿਬ ਦਾ ਆਗਮਨ ਸੁਣ ਕੇ ਸਭ ਸਿੱਖ, ਸੇਵਕ, ਨਵਾਬ ਦੌਲਤ ਖਾਨਾਦਿਕ
ਦਰਸ਼ਨ ਨੂੰ ਆਏ, ਸਬਦ, ਸਾਖੀ, ਸਫਰ ਦੀ ਕਥਾ ਸੁਣ ਨਿਹਾਲ ਹੋਏ। ਮਰਦਾਨਾ ਬ
ਥੋਤੋਂ ਆਗਿਆ ਲੈਕੇ ਤਲਵੰਡੀ ਜਾ ਆਪਣੇ ਸਬੰਧੀਆਂ ਨੂੰ ਮਿਲ, ਖੁਸ਼ੀ ਹੋਯਾ, ਸਾਰੇ ਸਫ
ਰ ਦੀ ਕਥਾ ਸੁਨਾਈ। ਗੁਰੂ ਜੀ ਦੇ ਮਾਤਾ, ਪਿਤਾ, ਪੁਤ੍ਰ, ਇਸਤ੍ਰੀ ਸੁਲਤਾਨਪੁਰ ਆਇ ਮਿਲੇ।

---

ਥੀ ਉਮਿਆਸਾ ਦੋ ਨੈਨਾ ਮਤ ਛੂਹੀਓ ਪਿਰ ਦੇਖਨ ਕੀ ਆਸ।) ਉਸੇ ਥਾਂ ਬਕਰੀਆਂ ਚਾਰਨ ਵਾਲੇ ਦਾ ਮਕਬ
ਰਾ ਹੈ ਜੋ ਕੁਝ ਘਾਸ ਦੇ ਰੱਸੇ ਨਾਲ ਉਸੇ ਕੂਏਂ ਵਿੱਚ ਪੁੱਠਾ ਲਟਕ ਪਿਆ ਸੀ, ਉਸ ਦਾ ਰੱਸਾ ਸੁੱਕ ਕੇ ਟੁੱਟਣ ਲੱਗ
ਤਾਂ ਪਰਮੇਸ਼ੂਰ ਨੇ ਦੋਹਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ।

1 ਏਸ ਜ਼ਿਮੀਨ ਵਿਚ ਹੀਰੇ ਆਦਿਕ ਮਣੀਆਂ ਦੀ ਖਾਣ ਹੈ ਠੇਕੇਦਾਰ ਜ਼ਮੀਨ ਠੇਕੇ ਲੈਕੇ ਆਪਣੀ ਹਦ ਤਕ
ਪੁਟਾਉਂਦੇ ਹਨ, ਭਾਗਾਂ ਅਨੁਸਾਰ ਰਤਨ ਨਿਕਲ ਦੇ ਹਨ, ਚੌਥਾ ਹਿੱਸਾ ਰਾਜਾ ਲੈਂਦਾ ਹੈ। ਤੇ ਜੋ ਪ੍ਰਿਥਵੀ ਇਸ
ਸਾਲ ਪੁਟੀ ਜਾਵੇ ਉਹ ਫੇਰ ੧੦੦ ਬਰਸ ਪਿੱਛੋਂ ਪੁੱਟੀ ਜਾਵੇਗੀ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਜੀ ਦੀ ਦੂਸਰੀ ਉਦਾਸੀ

ਤਿੰਨ ਮਹੀਨੇ ਸੁਲਤਾਨਪੁਰ ਠਹਿਰਕੇ ਪੁਨਹ ਮਰਦਾਨੇ ਬਾਲੇ ਨੂੰ ਨਾਲ ਲੈ, ਦੱਖਣ
ਦਿਸ਼ਾ ਦੇ ਸੈਲ ਨੂੰ ਸੰਮਤ ੧੫੬੨ ਬਿ: ਫਗਣ ਵਿੱਚ ਰਵਾਨਾ ਹੋ, ਸਭ੍ਰਾਵੇ ਪੱਤਣ ਲੰ
ਘਣ ਕੇ ਧਰਮਕੋਟ, ਜੈਤੋ, ਬਠਿੰਡੇ ਆਦਿਕ ਅਨੇਕ ਨਗਰ ਮਾਲਵੇ ਦੇਸ ਦੇ ਦੇਖਦੇ ਹੋ
ਏ ਬਫਤੀਰਬ ਜੋ ਉਸ ਸਮੇ ਮਸ਼ਹੂਰ ਸੀ ਉਥੇ ਕੋਈ ਦਿਨ ਰਹਿਕੇ, ਅਨੰਤਪੁਰਸਾਂ ਨੂੰ
ਸੁਧਾਰ ਭਟਨੇਰ, ਬੋਦਲੇ ਪੀਰਾਂ ਦੀ ਬਾਹਿਕ ਹੁੰਦੇ ਹੋਏ ਸੰ: ੧੫੬੩ ਬਿ: ਹਾੜ੍ਹ ਵਿੱਚ ਸਰ
ਸੇ ਸ਼ਹਿਰ ਜਾ ਉਤਰੇ, ਚਾਰ ਮਹੀਨੇ ੧੧ ਦਿਨ ਉਥੇ ਰਹੇ, ਏਹ ਬਾਤ ਉਥੋਂ ਦੇ ਭੂਟੋਂ ਦੀ ਵਹੀ
ਵਿੱਚੋਂ ਸਹੀ ਹੈ। ਜਿੱਥੇ ਗੁਰੂ ਸਾਹਿਬ ਠਹਿਰੇ ਸੇ ਉਥੇ ਹੁਣ ਇਕ ਵੱਡਾ ਮਕਾਨ ਦਰਬਾਰ ਸਾ
ਹਿਬ ਬਨਿਆ ਹੋਯਾ ਹੈ।

ਉਸ ਸਮੇ ਖ੍ਵਾਜਾ ਅਬਦੁਲ ਸ਼ਕੂਰ ਜੋ ਵੱਡਾ ਕਰਾਮਾਤੀ ਉਸ ਦੇਸ ਦਾ ਪੂਜਨੀਕ ਸੀ
ਕਦੀ ਓਹ ਬਾਬੇ ਪਾਸ ਆਉਂਦਾ, ਕਦੀ ਬਾਬਾ ਜੀ ਉਸ ਦੇ ਪਾਸ ਜਾਂਦੇ ਜਿੱਥੇ ਹੁਣ ਉਸ ਦੀ
ਦਰਗਾਹ ਮਕਬਰਾ ਮਸ਼ਹੂਰ ਹੈ, ਆਪਸ ਵਿੱਚ ਗਿਆਨ ਚਰਚਾ ਕਰਦੇ ਰਹਿੰਦੇ, ਖ੍ਵਾ
ਜਾ ਗੁਰੂ ਜੀ ਤੋਂ ਦਬਦਾ ਸੀ ਏਸੇ ਲਈ ਉਸ ਦੇ ਬੁਲਾਏ ਹੋਏ ਫਰੀਦੁਲਦੀਨ, ਬਹਾਵ
ਲ ਹੱਕ, ਜਤੀ ਲਾਲ, ਜਲਾਲਦੀਨ, ਸ਼ਹਿਬਾਜ਼ ਜੋ ਹਿੰਦੂਓਂ ਮੁਸਲਮਾਨ ਬਨਿਆ ਸੀ
ਏਨ੍ਹਾਂ ਪੰਜਾਂ ਪਰ ਭੀ ਜਦ ਗਿਆਨ ਗੋਸ਼ਟ ਕਰਕੇ ਬਾਬਾ ਜੀ ਗਾਲਬ ਆਏ ਤਾਂ ਖ੍ਵਾਜੇ ਨੇ
ਜੋ ਕੋਠੜੀਆਂ ੪ ਬਨਵਾ ਰੱਖੀਆਂ ਸਨ, ਉਨ੍ਹਾਂ ਵਿਚ ਜੁਦੇ ੨ ਏਹ ਸੱਭੇ ਚਲੀਹੇ ਬੈਠੇ, ਹੋ
ਰ ਤਾਂ ਚਾਲ੍ਹੀ ੪੦ ਚਾਲ੍ਹੀ ੪੦ ਜੌਂ ਤੇ ਇਕ ੨ ਮੱਘੀ ਪਾਣੀ ਦੀ ਅੰਦਰ ਲੈ ਬੈਠੇ, ਬਾਬੇ ਨੇ ਕੁਛ ਭੀ
ਨਾ ਲੀਤਾ, ਬੂਹੇ ਬੰਦ ਕਰਾਕੇ ਚਾਲ੍ਹੀ ਦਿਨ ਦਾ ਛਿਲਾ ਕੱਟ ਕਰ, ਜਦ ਬਾਹਰ ਨਿਕ
ਲੇ, ਹੋਰ ਸਬ ਦੇ ਸ਼ਰੀਰ ਪੀਲੇ, ਕਮਜ਼ੋਰ, ਬਾਬਾ ਜੀ ਜੈਸੇ ਬੈਠੇ ਸੇ ਉਸੇ ਹੀ ਨਿਕਲੇ।
ਏਹ ਪ੍ਰਤੱਖ ਸਾਮਰਥਾ ਦੇਖਕੇ ਸਬ ਪੀਰ ਫਕੀਰ ਜੋ ਹੋਰ ਭੀ ਦਰਸ਼ਨ ਲਈ ਉਸ
ਦਿਨ ਆਏ ਸੇ ਹੱਕੇ ਬੱਕੇ ਰਹਿ ਗਏ। ਓਹ ਕੋਠੜੀਆਂ ਹੁਣ ਤਾਂਈ ਏਨ੍ਹਾਂ ਹੀ ਪੰਜਾਂ ਮਹਾ
ਤਮਾ ਦੇ ਨਾਮ ਪਰ ਪੂਜੀਦੀਆਂ ਹਨ। ਬਾਬੇ ਦੀ ਕੋਠੜੀ ਦੇ ਪੁਜਾਰੀ ਮੁਸਲਮਾਨ, ਤੇ

Digitized by Panjab Digital Library | www.panjabdigilib.org

ਜੋਂਥੇ ਰਤੁਰਮਾਸ ਰਹੇਸੇ ਓਸ ਦਰਬਾਰਦੇ ਪੂਜਾਰੀ ਅਰੋੜੇ ਸਿਖ ਭਾਈ ਨੌਧਾਸਿੰਘ ਦਾ ਬੇਟਾ ਹੁਣ ਈਸਰਸਿੰਘ ਮਹੰਤਹੈ। — ਸਰਸੇ ਤੋਂ ਚਲਕੇ ਗੁਰੂਜੀ ਬੀਕਾਨੇਰ ਪਹੁੰਚੇ ਤਾਂ ਜੈਨਧਰਮਦੇ ਢੂੰਢੀਏ[1] ਫਕੀਰਾਂ ਨਾਲ ਚਰਚਾ ਹੋਈ ਜਿਨ੍ਹਾਂਦੇ ਪਰਥਾਇ ਏਹ ਸਬਦ ਹੋਯਾ (ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਮੰਗ ਖਾਹੀ ਫੋਲਫਦੀਹਤ ਮੁਹਿ ਲੈਨ ਭੜਾਸਾਂ ਪਾਣੀਦੇਖ ਸੰਗਾਹੀ) ਏਸ ਸਾਰੇ ਸਲੋਕ ਵਿੱਚ ਓਨ੍ਹਾਂਦੇ ਲੱਖਣ ਬਰਨਨ ਕਰ ਅਗੇ ਮਾਰਵਾੜ ਦੇਸ ਰਾਜਪੂਤਾਨੇ ਦਾ ਸੈਲ ਕਰਦੇ ਹੋਏ ਜੈਸਲਮੇਰ, ਜੋਧਪੁਰ ਆਦਿਕ ਰਾਜਧਾਨੀਆਂ ਵਿੱਚ ਜੋ ਵੈਰਾਗੀ ਤੇ ਜੋਗੀ ਫਕੀਰ ਸਨ ਓਨ੍ਹਾਂ ਗਹਿਦੇ ਸੇ ਸਭਨਾਲ ਗਿਆਨ ਚਰਚਾ ਦਾ ਪਰਚਾ ਕਰ ਅਜਮੇਰ ਪਹੁੰਚੇ ਤੇ ਖ੍ਵਾਜੇ ਕੁਤਬਦੀਨ ਪੀਰ[2] ਦੇ ਮਕਾਨ ਪਰ ਦੇਗਾਂ ਵੇਖ ਕੇ ਸਬਦ ਉਚਾਰਿਆ। ( ਬੋਲਹਿ ਕੂੜ ਪੱਤਆਵਹਿ ਲੋਇ ਇਹ ਲੋਕ ਪਤੀਣੇ ਕਛੂ ਨ ਹੋਇ ਪਾਖੰਡ ਕਰ ਕਰ ਜਨਮ ਗਵਾਇਆ ਜਮ ਦਰ ਬੱਧੇ ਚੋਟਾ ਖਾਏ ਨਾਨਕ ਜਿਨ ਗੁਰੂ ਪੂਰਾ ਪਾਯਾ ਸੱਚ ਕਮਾਇ ਸੱਚ ਦੇਖਾਯਾ।) ਏਹ ਸਬਦ ਸੁਣਕੇ ਖ੍ਵਾਜੇ ਦੇ ਚੇਲੇ ਅਲਾਉਦੀਨ ਤੇ ਸ਼ਮਸੁੱਦੀਨ ਆਦਿਕਾਂ ਨੇ ਜੋ ਉਸਵ

---

1 ਢੂੰਢੀਏ ਲੋਕ ਅਤੀ ਸੂਖਮ ਜੀਵ ਆਕਾਸ਼ ਵਿੱਚ ਤੇ ਜਲ ਵਿਚ ਭਰੇ ਹੋਏ ਮੰਨ ਕੇ ਸ੍ਵਾਸ ਤੇ ਪਿੰਡੇ ਦੀ ਭੜਾਸ ਨਾਲ ਮਰਨ ਤੋਂ ਡਰਦੇ ਹੋਏ ਮੂੰਹ ਅੱਗੇ ਪੱਟੀ ਰੱਖਦੇ ਹੈ ਤੇ ਇਸਨਾਨ ਨਹੀ ਕਰਦੇ ਬਲਕੇ ਸੁਚੇਤ ਹੋਕੇ ਚਿੱਤੜ ਭੀ ਨਹੀ ਧੋਂਦੇ ਤੇ ਓਸ ਮੈਲੇ ਨੂੰ ਲਕੜੀ ਨਾਲ ਮਿੱਟੀ ਵਿਚ ਮਿਲਾ ਦਿੰਦੇ ਹੈਂ। ਕਹਿੰਦੇ ਹੈ ਏਸ ਵਿਚ ਜੀਵ ਪੈਕੇ ਜੋ ਮਰਨ ਗੇ ਓਹ ਪਾਪ ਸਾਨੂੰ ਲੱਗੂ ਤੇ ਏਸੇ ਵਾਸਤੇ ਪੇਸ਼ਾਬ ਭੀ ਹੱਥ ਪਰ ਲੈ ਕੇ ਕਰਦੇ ਹਨ ਤੇ ਛਿੜਕ ਦਿੰਦੇ ਹਨ। ਜਿਸ ਤਰਾਂ ਜੀਵ ਦੀ ਰੱਖਿਆ ਤੇ ਸੰਜਮ, ਬਰਤ, ਨੇਮ ਏਸ ਮਤ ਵਿਚ ਬਹੁਤ ਚੰਗਾ ਹੈ ਓਸੇ ਤਰਾਂ ਏਸ ਤੋਂ ਵਧਕੇ ਕੁਚੀਲ ਰਹਿਣਾ, ਸੰਤਾਂ ਦੀ ਸੰਗਤ ਨਾ ਕਰਨੀ, ਪਰਮੇਸ਼੍ਵਰ ਨੂੰ ਨਾ ਮੰਨਣਾ ਏਹ ਭੈੜੀਆਂ ਗੱਲਾਂ ਭੀ ਏਨ੍ਹਾਂ ਵਿੱਚ ਰੱਜ ਕੇ ਹਨ।

2 ਏਹ ਕੁਤਬਦੀਨ ਖ੍ਵਾਜੇ ਹਸਨ ਬਸਰੀ ਚਿਸ਼ਤੀ ਦੇ ਖਾਨਦਾਨ ਵਿੱਚੋਂ ਸੀ, ਤੇ ਫਰੀਦ ਭੀ ਏਸੇ ਦਾ ਮੁਰੀਦ ਸੀ, ਏਸ ਦੇ ਮੁਕਾਨ ਉੱਤੇ ਮੁਸਲਮਾਨਾਂ ਨੂੰ ਐਡਾ ਨਿਸ਼ਚਾ ਸੀ ਜਦ ਕੋਈ ਬਾਦਸ਼ਾਹ ਆਪਣੇ ਸ਼ਾਹਿਜਾਦੇ ਨੂੰ ਤਖਤ ਬੈਠਾਉਣਾ ਚਾਹੁੰਦਾ ਤਦ ਝਗੜਾ ਮੇਟਣ ਵਾਸਤੇ ਸਭਨਾ ਸ਼ਾਹਜ਼ਾਦਿਆਂ ਦੀਆਂ ਕਮਾਣਾ ਏਸ ਮਕਾਨ ਵਿੱਚ ਰੱਖ ਦਿੰਦਾ। ਜਿਸਦੀ ਕਮਾਣ ਚੜ੍ਹ ਜਾਂਦੀ ਓਸਨੂੰ ਤਖਤ ਬੈਠਾ ਦਿੰਦੇ ਸੇ। ਜਦ ਸ਼ਾਹਜਹਾਂ ਨੇ ਆਪਣੇ ਤਿੰਨਾਂ ਸ਼ਾਹਜ਼ਾਦਿਆਂ ਦੀਆਂ ਕਮਾਣ ਓਥੇ ਰੱਖੀਆਂ ਤੇ ਜਿਸ ਨੂੰ ਸ਼ਾਹਜਹਾਂ ਤਖਤ ਦੇਣਾ ਚਾਹੁੰਦਾ ਸੀ ਓਸੇ ਦਾਰਾਸ਼ਕੋਹ ਦੀ ਕਮਾਣ ਚੜ੍ਹ ਗਈ। ਔਰੰਗਜ਼ੇਬ ਏਹ ਅਚਰਜ ਦੀ ਬਾਤ ਸੋਚ ਕੇ ਓਸ ਮਕਾਨ ਨੂੰ ਹਥੌੜੀ ਨਾਲ ਠੋਕਰ ਕੇ ਦੇਖਣ ਲੱਗਾ ਇਕ ਥਾਂ ਓਹ ਪੋਲਾ ਮਾਲੂਮ ਹੋਯਾ ਜਾਂ ਓਸ ਸਿਲਾ ਨੂੰ ਉਠਾਯਾ ਤਾਂ ਸੁਰੰਗ ਮਜਾਵਰ ਮਹੰਤ ਦੇ ਘਰ ਪਹੁੰਚੀ ਦੇਖ ਸਭ ਮੁਜਾਵਰ ਕੈਦ ਕਰ ਪੁੱਛੇ ਤਾਂ ਓਨ੍ਹਾਂ ਨੇ ਸੱਚ ਦੱਸ ਦਿੱਤਾ ਕਿ ਏਹ ਪੀਰ ਦੀ ਕਰਾਮਾਤ ਨਹੀਂ ਅਸਾਡੀ ਹੈ ਜਿਸ ਸ਼ਾਹਜ਼ਾਦੇ ਦੀ ਤਰਫੋਂ ਸਾਨੂੰ ਵੱਢੀ ਬਹੁਤ ਮਿਲਦੀ ਸੀ ਸੁਰੰਗ ਵਿੱਚੋਂ ਜਾ ਕੇ ਅਸੀ ਓਸੇ ਸ਼ਾਹਜ਼ਾਦੇ ਦੀ ਕਮਾਣ ਚੜ੍ਹਾਉਂਦੇ ਰਹੇ ਹਾਂ ਤੇ ਹੁਣ ਭੀ ਅਸਾਂ ਹੀ ਦਾਰਾਸ਼ਕੋਹ ਦੀ ਕਮਾਣ ਨੂੰ ਜਾ ਕੇ ਚੜ੍ਹਾਯਾ ਹੈ। —

Digitized by Panjab Digital Library | www.panjabdigilib.org

ਕਤ ਪੀਰ ਸਦਾਉਂਦੇਸੋ, ਸਬਦ ਦੇਅਰਥ ਪੁੱਛੇ ਤਾਂ ਗੁਰੂਜੀ ਨੇ ਆਖਆ ਤੁਹਾਡੇ ਪੀਰ ਕੁ
ਤਬਦੀਨਨੇ ਨਾਮ ਤਾਂ ਏਸ ਮਕਾਨ ਦਾ ਫਾਈ ਦਿਨ ਦਾ ਝੂਠਾ ਰੱਖਆਹੈ ਤੇ ਰੁਪਏ ਲੱਖ
ਹੀ ਖਰਚ ਕੀਤੇ ਹੈਂ ਅਤੇ ਮਕਾਨ, ਦੇਗ ਬਰ ਆਦਿ ਬਡੇ ੨ ਪਾਇਦਾਰ ਸਮਾਨ ਬਨਾਏਹੈ
ਮੀਆਂ (ਜਿੰਨੀ ਚੱਲਣ ਜਾਣਿਆ ਸੋ ਕਯੋਂ ਕਰਹਿ ਬਿਥਾਰਾ ਚੱਲਣ ਸਾਰ ਨ ਜਾਣਨੀ
ਕਾਜ ਸਵਾਰਣਹਾਰਾ।) ਜੇ ਫਾਈ ਦਿਨ ਦਾ ਜੀਉਣਾ ਓਹ ਸਮਝਦੇ ਤਾਂ ਹਜਾਰਾਂ ਬਰਸ
ਅਪਣਾ ਨਾਮ ਰੱਖਣ ਲਈ ਐਡੇ ਅਡੰਬਰ ਕਯੋਂ ਕਰਦੇ। ਕੱਖਾਂ ਦੀ ਕੁੱਲੀ ਵਿੱਚ ਦਿਨ
ਕੱਟ ਲੈਂਦੇ, ਏਨਾ ਮੰਦ੍ਰਾ ਦੀ ਬਨਾਵਟ ਤੋਂ ਮਾਲੂਮ ਹੁੰਦਾਹੈ, ਖ੍ਵਾਜਾ ਲੋਗਾਂ ਨੂੰ ਪਤਆਉਣ ਵਾ
ਸ੍ਤੇ ਝੂਠ ਬੋਲਦਾ ਤੇ ਪਾਖੰਡ ਦੇਖਾਉਂਦਾਸੀ। — ਏਹ ਸੁਣਕੇ ਓਹ ਕ੍ਰੋਧੀ ਭੁਏ ਤਾਂ ਬਾਬੇ
ਆਖਆ ਨਫਸ ਸੈਤਾਨ, ਗੁੱਸਾ ਹਰਾਮ, ਕੱਚ ਦੁਨੀਆਂ, ਸੱਚ ਦਰਵੇਸ, ਅਦਲ ਬਾਦ
ਸਾਹਾਂ, ਫਜ਼ਲ ਫਕੀਰਾਂ, ਮਜ਼ਲ ਮੁਸਾਫਰਾਂ, ਗਜ਼ਲ ਕਾਫਰਾਂ, ਮਿਹਰ ਪੀਰਾਂ, ਸਹਰ
ਕੀਰਾਂ, ਫਕੀਰੀ ਸਬੂਰੀ, ਨਾ ਸਬੂਰੀ ਤਾਂ ਮਕਰ ਏਹ ਸੁਣਕੇ ਓਨਾਂ ਬਾਬੇ ਦੇ ਕਦਮ ਚੁੰ
ਮੇ, ਗੁਰੂਸਾਹਿਬ ਓਨ੍ਹਾਂ ਨੂੰ ਸੱਚੀ ਫਕੀਰੀ ਦੇ ਰਸ੍ਤੇ ਪਾਇ, ਸੰਮਤ ੧੫੬੪ ਬਿ: ਕਾਤਕ
ਦੀ ਪੂਨੋਂ ਨੂੰ ਪੁਸ਼ਕਰਰਾਜ ਤੀਰਥ ਪਰ ਪਹੁੰਚੇ ਜੋ ਓਥੋਂ ਤਿਨ ਕੋਸ ਹੈ ਬੇਅੰਤ ਲੋਗਾਂ ਨੂੰ
ਪਰਮੇਸ੍ਵਰ ਦੀ ਭੁਗਤੀ ਕਰਨ ਲਗਾ ਕੇ, ਓਥੋਂ ਚੱਲ, ਨਸੀਰਾਬਾਦ, ਦੇਵਗੜ੍ਹ, ਲੋਧੀਪੁ
ਰ ਧਾਰਾਨਗਰੀ ਆਦਿਕ ਸਹਰਾਂ ਤੇ ਮੁਲਕ ਮਾਲਵੇ ਨੂੰ ਦੇਖਦੇ ਹੋਏ, ਸਾਂਭਰਮਤੀ ਨਦੀ
ਪਾਰ ਹੋ, ਆਬੂ ਦੇ ਪਰਬਤ ਪਹੁੰਚੇ, ਜਿੱਥੇ ਜੈਨ ਧਰਮ ਵਾਲੇ ਲੋਗਾਂ ਦਾ ਮਸ਼ਹੂਰ ਮੰਦਰ ਹੈ,
ਤੇ ਹੁਣ ਗਰਮੀ ਦੀ ਮੌਸਮ ਨੂੰ ਰਾਜਪੂਤਾਨੇ ਦੇ ਹਾਕਮ ਅੰਗ੍ਰੇਜ਼ ਓਥੇ ਜਾਕੇ ਰਹਿੰਦੇ ਹਨ,
ਕਯੋਂ ਕੇ ਓਥੇ ਸਰਦੀ ਬਹੁਤ ਹੁੰਦੀ ਹੈ। ਆਬੂ ਦਾ ਸੈਲ ਕਰ ਜੈਨੀਆਂ ਨੂੰ ਸਿੱਖ ਮੱਤ ਦੇ
ਸ਼ਹਰ ਪਟਨ, ਐਦਰ, ਅਹਿਮਦਨਗਰ, ਬਾਂਸਵਾੜਾ ਦੇ ਨਜ਼ੀਕ ਮਹੀ ਨਦੀ ਪਾਰ
ਹੋ, ਸ਼ਹਰ ਜਾਵੜਾ ਆਦਿਕ ਉਸ ਦੇਸ ਦੇ ਨਗਰਾਂ ਦਾ ਸੈਲ ਕਰ ਚੰਬਲ ਨਦੀ ਉਤਰ,
ਮਹਿਦਪੁਰ ਉਜੈਨ ਪਹੁੰਚ, ਸਪਰਾ ਗੰਗਾ ਦੇ ਇਸ਼ਨਾਨ ਕੀਤੇ। ਉਜੈਨ ਵਿਚ ਹਰਸ
ਦੀ ਦੇਵੀ, ਕਾਲੇਸ਼ਰ ਮਹਾਂਦੇਵ ਜੋਤੀ ਲਿੰਗ ਦਾ ਮੰਦਰ ਦੇਖ ਬੈਰਾਗੀ, ਜੋਗੀ, ਫਕੀਰਾਂ
ਨਾਲ ਗੋਸ਼ਟ ਕਰ ਏਹ ਸ਼ਬਦ ਉਚਾਰੇ। (ਬੈਰਾਗੀ ਸੋ ਜੋ ਬ੍ਰਜ ਮੈਂ ਆਵੈ। ਸ਼ਿਵ ਕੇ ਆ
ਗੇ ਸ਼ਕ੍ਤਿ ਨਿਵਾਵੈ। ਸ਼ਿਵ ਸ਼ਕਤੀ ਦੇ ਕਰਮ ਕਰੇ। ਸੋ ਬੈਰਾਗੀ ਸ਼ਿਵਪੁਰ ਚੜੇ। ਗੁ
ਰਕੇ ਸ਼ਬਦ ਬਿਲਾਈ ਭਾਗੀ। ਨਾਨਕ ਕਹੈ ਸੋਈ ਬੈਰਾਗੀ।) ਪੁਨਹਾ ਪੂਰਬ ਤੇ

Nasirabad
Devgarh
Lodhipur
Mt Abu
Ahmadnagar
Banswada
Ujjain

ਰਨੇ ਪੱਛਮ ਕੋ ਆਵੈ। ਗਦਿ ਸਸਿ ਦੂਹਾਂ ਇਕੱਤ੍ਰ ਮਿਲਾਵੈ। ਹਾਟ ਪਟਣ ਕੀ ਚੀਨੈ ਬਾਟਾ। ਤਾਂ ਫਿਰ ਦੇਖੈ ਔਘਟ ਘਾਟਾ। ਸੱਤ ਪੰਜ ਨਉ ਲੱਗਾ ਰੱਖਣਾ। ਨਾਨਕ ਕਹੈ ਜੋਗ ਕੇ ਲੱਖਣਾ।) ਇੱਤ ਆਦਿਕ ਬਚਨ ਸੁਣ ਕੇ ਸਭ ਨੇ ਗੁਰੂ ਜੀ ਦੇ ਮਤ ਨੂੰ ਮੰਨ ਲੀਤਾ ਤੇ ਪ੍ਰਤਮਾ ਪੂਜਨ ਆਦੀ ਪਖੰਡ ਛੱਡ ਕੇ ਅਨੰਨ ਭਗਤ ਪ੍ਰਭੂ ਦੇ ਬਣ ਗਏ।

ਏਥੋਂ ਚਲ ਕੇ ਇੰਦੌਰ, ਓਅੰਕਾਰ, ਹੁਸੰਗਾਬਾਦ ਆਦਿਕ ਦੇਖਦੇ ਹੋਏ ਨਰਬਦਾ ਨਦੀ ਪਾਰ ਹੋ, ਮਹਾਰਾਸ੍ਰ ਦੇਸ ਦਾ ਸੈਲ ਕਰ, ਨਰਸਿੰਘਪੁਰ, ਬਾਲਾਘਾਟ, ਤਮੇਸਾ ਨਦੀ ਉਤਰ ਗੌਂਡ ਦੇਸ ਦੇ ਅਨੇਕ ਸਹਰਾਂ, ਜੰਗਲਾਂ, ਪਹਾੜਾਂ ਦੀ ਛਬ ਦੇਖ, ਮਹਾਦੇਵੀ ਦੁਰਗਾ ਦੇ ਪਰਬਤ ਨੂੰ ਉਲੰਘਨ ਕਰ ਸਹਰ ਸੇਵਨੀ ਦੇ ਪਾਸ ਰਾਮਟੇਕ ਰਾਜਾ ਅਮਰੀਕ ਦੀ ਰਜਧਾਨੀ ਵਿਚ, ਜੱਗਮਭੂਮੀ, ਕਿਲਾ, ਤਾਲਾਬ, ਬਡੀ ਉੱਚੀ ਪਹਾੜੀ ਅਤੀ ਸੁੰਦ੍ਰ ਰਮਣੀਕ ਫਲ ਫੁਲ ਦੀ ਸਰਜੀਤ ਭੂਮੀ ਦੇਖ ਚਾਰ ਮਹੀਨੇ ਗੁਰੂ ਸਾਹਿਬ ਓਥੇ ਰਹੇ।

ਓਸ ਦੇਸ ਦਾ ਅਚਾਰਯ ਗੁਰੂ ਜੋ ਗਣਪ੍ਰਕਾਸ ਗਣੇਸ ਦਾ ਉਪਾਸਕ ਓਥੇ ਰਹਿੰਦਾ ਸੀ ਪਹਿਲੇ ਬਾਬੇ ਜੀ ਨੇ ਓਸ ਨੂੰ ਸੱਚਾ ਗਯਾਨ ਉਪਦੇਸ ਦੇ ਕਰ ਓਸਦੇ ਗਲ ਵਿੱਚੋਂ ਗਣੇਸ ਦੀ ਪ੍ਰਤਮਾ ਦੀ ਚੌਕੀ ਉਤਰਾ, ਸੱਚੇ ਪ੍ਰਭੂ ਦੀ ਭਗਤੀ ਵਿਚ ਲਾ ਫੇਰ ਓਸਦੇ ਸੇਵਕ ਸੈਂਕੜੇ ਗਣਪਾਂ ਦੇ ਗਲ ਵਿੱਚੋਂ ਬੋਝ ਉਤਰਾਏ ਜੋ ਦੋ ਦੋ ਸੇਰ ਪੱਕੇ ਤਕ ਪੱਥਰ ਦੀਆਂ ਪ੍ਰਤਮਾਂ ਚਾਦੀਆਂ ਚੌਕੀਆਂ ਵਿਚ ਮੜ੍ਹਾ ਕੇ ਹਰ ਵਕਤ ਗਲ ਵਿਚ ਰੱਖਦੇ ਸੇ। — ਫਗਣ ਦੇ ਮਹੀਨੇ ਰਾਮਚੰਦ੍ਰ ਦੇ ਤੇ ਹਨੂਮਾਨ ਦੇ ਮੰਦਰ ਪਾਸ ਮੇਲਾ ਹੁੰਦਾ ਹੈ ਓਥੇ ਹੀ ਬਾਬੇ ਦੀ ਜਗਾ ਭੀ ਹੈ। ਸੰਮਤ ੧੯੨੬ ਵਿਚ ਗੈਬ ਕਰਤਾ ਭੀ ਓਥੇ ਗਿਆ ਸੀ। — ਏਸੇ ਤਰਾਂ ਪਰ ਮੇਸ੍ਰਰ ਤੋਂ ਭੁੱਲੇ ਹੋਏ ਬੇਅੰਤ ਜੀਵਾਂ ਦਾ ਉਧਾਰ ਕਰਦੇ ਹੋਏ, ਕਾਮਠੀ, ਨਾਗਪੁਰ, ਬਾਲ੍ਹਾਪੁਰ, ਅੰਕੋਲਾ, ਅਮਰਾਵਤੀ, ਬਸਮਤ, ਹੰਗੋਲੀ ਆਦਿਕ ਅਨੇਕ ਠਿਕਾਨਿਆਂ ਵਿਚ ਠਹਿਰ ੨ ਜੀਵਾਂ ਨੂੰ ਗਹਿਰ ੨ ਸੱਚੇ ਰਸਤੇ ਪਾਉਂਦੇ ਹੋਏ, ਕ੍ਰਿਸਨਾ ਨਦੀ ਪਾਰ ਹੋ ਆਉਂਢੇ ਨਗਰ[1] ਵਿਚ ਜਿੱਥੇ ਨਾਮਦੇਵ ਭਗਤ ਸੀ ਜਾ ਠਹਿਰੇ। ਨਾਮਦੇਵ ਨੇ ਬਾਬੇ ਦੇ ਦਰਸਨ ਕਾਂਸੀ ਵਿੱਚ ਕੀਤੇ ਸੇ ਇਸ ਵਾਸ੍ਤੇ ਅਨੇਕ ਸਤਸੰਗੀਆਂ ਨੂੰ ਨਾਲ ਲੈ ਕੇ ਬਾਬੇ ਜੀ ਨੂੰ ਆਇ ਚਰਨ ਬੰਦਨਾ ਕੀਤੀ। ਨਾਮਾ ਬਿਸ਼ਨੂ ਜੀ ਦਾ ਉਪਾਸਕ ਸੀ, ਓਸੇ ਦੀ ਮੂਰਤੀ ਪੂਜਦਾ ਹੁੰਦਾ

੧ ਨਾਗਨਾਥ ਜੋਤੀ ਲਿੰਗ ਤੇ ਓਹ ਠਾਕੁਰਦੁਆਰਾ ਜਿਸਦਾ ਮੂੰਹ ਨਾਮਦੇਵ ਵਾਸ੍ਤੇ ਪੱਛਮ ਦੀ ਤਰਫ ਹੋ ਗਿਆ ਸੀ ਬਾਬੇ ਨੇ ਦੇਖਿਆ। ਇਸ ਜਗਾ ਤੇ ਅਬਚਲ ਨਗਰ ਸਾਹਿਬ ਬੀਸ ਕੋਸ ਹੈ।

ਗੁਰੂ ਜੀ ਨੇ ਅਨੰਨਯ ਭਗਤੀ ਤੇ ਪਰਣ ਗਯਾਨ, ਵਰਤਣ, ਵੈਰਾਗਯ ਦੇ ਅਨੇਕ ਸ਼ਬਦ ਸੁਣਾ ਕਰ ਉਸ ਨੂੰ ਨਿਰੰਕਾਰ ਦੀ ਉਪਾਸਨਾ ਵਿੱਚ ਲਾ ਕੇ ਜਦ ਗੁਰੂ ਜੀ ਬਿਦਰ[1] ਸ਼ਹਿਰ ਗਏ ਤਾਂ ਕਨਪਾਟੇ ਫਕੀਰਾਂ ਦੀ ਮੰਡਲੀ ਆਇ ਚਰਚਾ ਕਰਨ ਲਗੀ ਸਭ ਕਨਪਾਟੇ ਕਰਮਾਤਾਂ ਦੇਖ ਦੇਖਾ ਕੇ ਹਾਰ ਗਏ ਤਾਂ ਬਾਬੇ ਨੇ ਉਨ੍ਹਾਂ ਨੂੰ ਅਨੰਨਯ ਭਗਤੀ ਗਯਾਨ ਦੇ ਮਾਰਗ ਪਾਯਾ, ਉਥੇ ਹੀ ਸੱਯਦ ਯਾਕੂਬ, ਤੇ ਜਲਾਲਦੀਨ ਪੀਰ ਨਾਲ ਚਰਚਾ ਹੋਈ ਬਾਬੇ ਦੇ ਮਕਾਨ ਨਾਨਕ ਝੇਰੇ ਨਾਮੀ ਦੇ ਪਾਸ ਹੀ ਉਨ੍ਹਾਂ ਦੇ ਮਕਬਰੇ ਹਨ, ਦੋਹਾਂ ਜਗਾਂ ਦੇ ਪੂਜਾਰੀ ਮੁਸਲਮਾਨ ਫਕੀਰ ਹਨ।

ਉਥੋਂ ਅੱਗੇ ਸ਼ਹਿਰ ਬਲਦਾਨੇ ਨੂੰ ਦੇਖ, ਮਲਕਾਪੁਰ ਦੇ ਨੇੜੇ ਗੋਦਾਵਰੀ ਗੰਗਾ ਪਾਰ ਹੋ, ਹੈਦਰਾਬਾਦ ਦੇ ਇਲਾਕੇ ਵਿੱਚ ਫਤੇਆਬਾਦ, ਰੋਗਰ, ਕੋਲਾਸ, ਮੈਨਡੇਕ, ਗੋਲਕੁੰਡਾ, ਆਦਿਕ ਤਿਲੰਗ ਦੇਸ਼ ਦੇ ਅਨੇਕ ਸ਼ਹਿਰ, ਜੰਗਲਾਂ ਦਾ ਸੈਲ ਕਰਦੇ ਹੋਏ, ਗਣਪੁਰ ਸ਼ਹਿਰ ਕੌਮੰਦੀ ਨਦੀ ਕਿਨਾਰੇ ਜਾ ਉਤਰੇ। ਉਥੋਂ ਦੇ ਸਭ ਲੋਕ ਗਣੇਸ਼ ਦੇ ਉਪਾਸਕ ਗਣੇਸ਼ ਦੀਆਂ ਮੂਰਤਾਂ ਗਲ ਵਿੱਚ, ਤੇ ਅੰਕੁਸ, ਤ੍ਰਿਸੂਲ, ਫਾਹੀ, ਸੁੰਡ, ਦੰਤ ਏਹ ਪੰਜ ਪ੍ਰਕਾਰ ਦੇ ਤਪਤ ਚਿੰਨ੍ਹ ਸ਼ਰੀਰ ਪਰ ਧਾਰੇ ਹੋਏ ਗੁਰੂ ਪਾਸ ਆਏ, ਗਣੇਸ਼ ਜੀ ਨੂੰ ਪਰਮੇਸ਼ੂਰ ਬਤਾਉਣ ਲੱਗੇ ਤਾਂ ਗੁਰੂ ਜੀ ਬੋਲੇ (ਹੇ ਗਣੇਸ਼ ਸਿਵ ਸੁਤ ਜਗ ਜਾਨੈ।। ਜਿਸ ਪ੍ਰਭ ਕੀ ਭਗਤੀ ਸੋ ਠਾਨੈ।। ਤਿਸ ਹੀ ਕੋ ਤੁਮ ਭੂਜੋ ਸਭਾਗੇ।। ਕੀਤੇ ਕੇ ਪੀਛੇ ਕਯਾ ਲਾਗੇ।। ਜੋ ਜਨਮੇਂ ਤਿਸ ਸਰਪਰ ਮਰਣਾ।। ਗ੍ਰਹੋ ਅਜਨਮ ਪੁਰਖ ਕਾ ਪਰਣਾ।। ਨਰ ਨਾਰਾਯਣ ਰੂਪ ਤੁਮ੍ਹਾਰੋ।। ਯਾਹਿ ਭੁਲਾਵਤ ਕਾਹਿ ਗਵਾਰੋ।। ਲੋਭੀ ਅੰਧ ਅਰਾਧਯ ਬਾਰੋ।। ਭਏ ਜਿਨੈਂ ਐਬਰ ਤੁਮ ਡਾਰੋ।। ਗਣਪ ਸੁਨ ਸਤਗੁਰੂ ਕੇ ਬੈਨਾ।। ਭਏ ਸ਼ਾਂਤ ਮਨ ਆਈ ਚੈਨਾ।। ਸੱਤਨਾਮ ਲੈ ਕੈ ਉਪਦੇਸ਼ਾ।। ਜਪ ਕੈ ਕਟੇ ਕਲੇਸ਼ ਅਸੇਸ਼ਾ।। ਯਾ ਬਿਧਿ ਅਨਗਨ ਜੀਵਨ ਤਾਂਈ

ਪਰਬਤ ।।ਤਾਰਤ ਆਗੇ ਚਲੇ ਗੁਸਾਂਈ।। ਪਾਰੋਲਪੁਰ ਕੇ ਗਿਰ ਜਾ ਬੈਠੋ।। ਕਾਨ ਅਭਗਤ ਨ ਕੇ ਬਹੁ ਐਂਠੋ।। ਜੋਗੀ ਮਿਲ ਚਰਚਾ ਹਿਤ ਆਏ।। ਇਕ ਤਿਲ ਭੇਟਾ ਗੁਰੈਂ ਚੜ੍ਹਾਏ।। ਅਨਮੈ ਬਾਪੁਰੋ ਕੈਸੇ ਬਾਂਟੈਂ।। ਨਹਿ ਬਰਤਾਵੈ ਤੌ ਹਮ ਡਾਟੈਂ।। ਸਤਗੁਰੂ ਦਾਨੇ ਬੀਨੇ ਗਯਾਨੀ।।

੧ ਏਥੇ ਮਾਈ ਭਾਗੋ ਨੇ ਦੇਹ ਛੱਡੀ ਸੀ ਉਸਦੀ ਸਮਾਧ ਤੇ ਝੰਡਾ ਝੁਲਾਦੀ ਹੈ ਏਹ ਮਾਈ ਅਵਧੂਤਣੀ ਕਾਲੀ ਦੇਵੀ ਦੀ ਉਪਾਸ਼ਕ ਸੀ ਤੇ ਹਰ ਏਕ ਜੰਗ ਵਿਚ ਦਸਮ ਗੁਰੂ ਦੀ ਤਰਫੋਂ ਤੁਰਕਾਂ ਨੂੰ ਮਾਰਦੀ ਰਹੀ ਹੈ ਫੇਰ ਦੱਖਣ ਨੂੰ ਨਾਲ ਹੀ ਗਈ ਸੀ ਜਦ ਗੁਰੂ ਜੀ ਜੋਤੀ ਜੋਤਿ ਸਮਾਏ ਤਾਂ ਉਦਾਸ ਹੋ ਕੇ ਬਿਦਰ ਸ਼ਹਿਰ ਜਾ ਰਹੀ, ਬਹੁਤ ਲੋਗ ਸੇਵਕ ਬਣੇ ਜੋ ਹੁਣ ਤਕ ਹਜ਼ੂਰ ਸਾਹਿਬ ਭੇਟਾ ਦੇਣ ਆਉਂਦੇ, ਤੇ ਮਾਈ ਭਾਗੋ ਦੇ ਸਿੱਖ ਸਦਾਉਂਦੇ ਹਨ।

ਤਿਲ ਘੁਟਵਾਇ ਪਾਇ ਬਹੁ ਪਾਨੀ। ਜੌਂ ਜਬ ਸਬ ਕੋ ਤਿਲ ਬਰਤਾਯੋ। ਗੁਰੂ ਕੋ ਜਗਿ
ਬਪੁ ਉਨ ਲਖ ਪਾਯੋ। ਔਰ ਅਨਿਕ ਕਥਾ ਚਰਚਾ ਕੀਨੀ। ਸੋ ਗੁਰੂ ਗ੍ਰੰਥ ਬੀਚ ਲਿਹੁ ਚੀ
ਨੀ। ਗ੍ਰੰਥ ਬਢਨ ਡਰ ਇਹਾਂ ਨ ਲਿਖ ਹੈਂ। ਭਏ ਅਧਿਕ ਜਨ ਤਹਿ ਗੁਰੂ ਸਿਖ ਹੈਂ। ੧ ਹੁ
ਣ ਭੀ ਉਸੇ ਪਹਾੜੀ ਪਰ ਗੁਰੂ ਜੀ ਦਾ ਇੰਡਾ ਝੂਲਦਾ ਹੈ, ਚੇਤ੍ਰ ਦੀ ਪੂਰਨਮੇ ਨੂੰ ਉਸੇ ਡੰਡੇ ਕੂੰ
ਡੇ ਦਾ ਦਰਸਨ ਕਰ, ਭੇਟਾ ਦੇਕਰ, ਸੁੱਖਣਾ ਸੁੱਖਦੇ ਹਨ। ਓਹ ਲੋਗ ਉਸ ਜਗਾ ਨੂੰ ਕੂੰ Kundi Kotal
ਡੀ ਕੋਤਾਲ ਬੋਲਦੇ ਹਨ ਤੇ ਪੋਥੀਆਂ ਵਿਚ ਤਿਲ ਗੀਜੀ ਲਿਖਿਆ ਹੈ।
ਏਥੋਂ ਅੱਗੇ ਕਜਲੀ ਬਨ ਤ੍ਰਿਗੀਆ ਰਾਜ ਦਾ ਨਜ਼ਾਰਾ ਲੈਂਦੇ ਹੋਏ ਕੇਰਲ ਦੇਸ ਵਿਚ ਜਾ
ਪਹੁੰਚੇ। ਏਸੇ ਦੇਸ ਵਿੱਚੋਂ ਰਾਵਣ ਸੀਤਾ ਨੂੰ ਲੈ ਗਿਆ ਸੀ, ਉਸ ਬਣ ਦਾ ਸੈਲ ਕਰ ਕਸ
ਕਿੰਧਾ ਨਗਰੀ ਜਾ ਦੇਖੀ ਜਿੱਥੇ ਬਾਲੀ ਨੂੰ ਰਾਮ ਚੰਦ੍ਰ ਜੀ ਨੇ ਮਾਰਿਆ ਸੀ। ਫੇਰ ਕ੍ਰਿਸਨਾ Pandharpur
ਨਦੀ ਪਾਰ ਹੋ ਪਾਂਡੇਰਪੁਰ ਵਿਚ ਪਹੁੰਚੇ, ਏਥੇ ਬੀਠਲ ਅਵਤਾਰ ਹੋਯਾ ਹੈ ਤੇ ਏਨਾਂ ਦੇ
ਸਾਂਵਿਰ ਬਿੱਠਲ ੨ ਏਸੇ ਨਾਮ ਦਾ ਭਜਨ ਤੇ ਏਸੇ ਦਾ ਪੂਜਨ, ਧਿਆਨ ਸਬ ਲੋਗ ਕਰ
ਦੇ ਹਨ, ਓਥੋਂ ਸਿੰਧਰਾ ਨਦੀ ਪਾਰ ਹੋਕੇ ਅਨੇਕ ਦੇਸਾਂ ਦਾ ਸੈਲ ਕਰ, ਪਾਰਸ ਦਰਿਆਉ
ਪਾਰ ਹੋ, ਅਨੰਤਾਪੁਰ ਮਦ੍ਰਾਸ ਹਾਤੇ ਵਿਚ ਦਾਖਲ ਹੋਏ। ਓਥੇ ਇਕ ਅਨੰਤਾ ਅਵਤਾਰ
ਕਿਸੇ ਸਮਯ ਸੇਸ ਦਾ ਹੋਯਾ ਹੈ। ਉਸ ਦੀ ਗੋਲ ਮੋਲ ਮੂਰਤਿ ਬਣਾ ਕੇ ਪੂਜੀਦੀ ਹੈ, ਜਿ
ਸ ਦੀ ਸਕਲ ਦਾ ਇਕ ਕੰਗਣ ਅਨੰਤ ਨਾਮ ਬਹੁਤ ਖੱਤ੍ਰੀ ਬ੍ਰਾਮਣ ਡੌਲੇ ਉੱਤੇ ਧਾਰ
ਦੇ ਹਨ, ਓਨ੍ਹਾਂ ਨੂੰ ਉਸ ਸਰਪ ਦੀ ਭਾਵਨਾ ਕਰ ਪੂਜਣੇ ਮੰਨਣੇ ਹਟਾ ਕੇ ਅਨੰਤ ਸਕਤੀ
ਵਾਲੇ ਪ੍ਰਮਾਤਮਾ ਦੀ ਭਗਤੀ ਦ੍ਰਿੜ੍ਹਾ ਸਹਿਰ ਗਟ੍ਰਾਪਾ, ਮੰਦਰਾਸ, ਚੰਗਲਪਟ ਆ
ਦਿਕ ਦਾ ਝਾਕਾ ਲੈਂਦੇ ਦਰਿਆ ਪਲਾਰ ਤੋਂ ਪਾਰ ਹੋ, ਅਰਕਾਟ, ਵੇਲੂਰ, ਪਾਂਡੀਚਰੀ
ਆਦਿਕ ਅਨੇਕ ਸਹਰਾਂ ਦੇ ਲੋਗਾਂ ਨੂੰ ਅਪਣੀ ਸਕ੍ਤੀ ਨਾਲ ਨੇਕ ਰਸਤੇ ਚਲਾਂਉਂਦੇ ਹੋ
ਏ ਦਰਿਆ ਪੰਨਾਰ ਦੇ ਪਾਰ ਗਣ੍ਹਪੁਰ, ਚੇਲਮਪੁਰ ਜੇਹੇ ਸਹਿਰਾਂ, ਜੰਗਲਾਂ, ਪਹਾੜ੍ਹਾਂ
ਦੀ ਝਾਕੀ ਕਰਦੇ ਹੋਏ ਸਿਰੀਰੰਗਪਟਨ ੨ ਵਿੱਚ ਜਾ ਉਤਰੇ ਜੋ ਕਦੇ ਟੀਪੂ ਸੁਲਤਾਨ ਦੀ

1 ਏਥੇ ਕਈ ਸੌ ਬਰਸ ਸੂਪ ਨਖਾ ਦਾ ਰਾਜ ਰਿਹਾ ਹੈ ਇਸ ਕਰਕੇ ਏਥੋਂ ਦਾ ਨਾਮ ਏਹੋ ਪੈ ਗਿਆ।
2 ਏਥੇ ਸਿਰੀ ਰੰਗ ਜੀ ਦਾ ਬਹੁਤ ਵੱਡਾ ਮੰਦਰ ਬੜੀ ਕੀਮਤ ਦਾ ਤੇ ਮੂਰਤੀ ਬਿਸ਼ਨੂੰ ਜੀ ਦੀ ਝੁਕੀ ਹੋਈ ਹੈ ਆਖਦੇ ਹਨ ਇਕ ਹਿੰਦੂਣੀ ਬੇਸ੍ਵਾ ਭਗਤਣੀ ਸਵਾ ਲੱਖ ਰੁਪਏ ਦਾ ਮੁਕਟ ਜੋ ਹੁਣ ਓਥੇ ਹੈ ਬਣਵਾਇ ਕੇ ਲਿਆਈ ਸੀ ਪਰ ਓਹ ਹਿੰਦਣੀ ਮਧਰੀ ਸੀ ਤੇ ਮੂਰਤਿ ਲੰਬੀ ਸੀ ਇਸ ਕਰਕੇ ਸਿਰ ਤਾਂਈ ਹੱਥ ਨਾ ਪਹੁੰਚਿਆ ਤਾਂ ਓਹ ਰੋ ਪਈ ਤੇ ਮੂਰਤਿ ਨੇ ਕੁੱਬੀ ਹੋ ਕੇ ਮੁਕਟ ਰਖਵਾਯਾ ਤਦ ਤੋਂ ਏਹ ਮੂਰਤਿ ਝੁਕ ਰਹੀ ਹੈ, ਭਗਤਾਂ ਦਾ ਪ੍ਰੇਮ ਮੂਰਤਾਂ ਨੂੰ ਭੀ ਮੋਮ ਬਨਾ ਲੈਂਦਾ ਹੈ।

Digitized by Panjab Digital Library | www.panjabdigilib.org

ਰਾਜਧਾਨੀ ਹੋ ਚੁਕਾ ਹੈ। ਸਿਰੀ ਰੰਗ ਜੀ ਦੇ ਮੰਦਰ ਨੂੰ ਦੇਖ ਕੇ ਕਾਵੇਰੀ ਨਦੀ ਪਾਰ ਹੋ ਤੰਜੌਰ ਵਿਚ ਜਾ ਉਤਰੇ, ਸਬਦ ਸੁਨ ਕੇ ਅਨੰਤ ਲੋਗ ਗੁਰੂ ਜੀ ਦੇ ਆਗਿਆਕਾਰੀ ਹੋ ਗਏ ਏਸੇ ਕਰਕੇ ਓਥੇ ਹੁਣ ਭੀ ਗੁਰੂ ਕੇ ਸੇਵਕਾਂ ਨੇ ਧਰਮਸਾਲਾ ਬਨਾ ਰੱਖੀ ਹੈ ਓਥੋਂ ਗੁਰੂ ਜੀ ਤ੍ਰਿਚਨਾਪਲੀ, ਨਾਗਾਪਟਨ ਮੁਲਕ ਕੋਟੇ ਦਾ ਸੈਲ ਕਰ, ਕੁੰਭਕੋਣੇ ਦੇ ਮੇਲੇ ਪਰ ਜਾ ਪਹੁੰਚੇ। ਮਰਦਾਨੇ ਤੋਂ ਰਬਾਬ ਬਜਵਾਇ, ਸਬਦ ਗਾਯਾ ਤਾਂ ਬਾਬੇ ਦੀ ਸ਼ਕਤੀ ਨਾਲ ਸਭਨਾਂ ਦੇ ਮਨ ਫਿਰ ਗਏ, ਬਾਬੇ ਦੇ ਚਰਨੀ ਆਇ ਲੱਗੇ, ਸਬ ਨੂੰ ਸੱਤਨਾਮ ਮੰਤ੍ਰ, ਸੱਚਾ ਰਾਹ ਦੱਸ ਕੇ ਬੇਕਾਵੀਨਦ ਸੈਂ ਪਾਰ ਹੋ ਪੁਲੀਯਾਮਕੋਟਾ ਵਿਚ ਪੌਂਚ ਕੇ ਬਹੁਤ ਲੋਗਾਂ ਨੂੰ ਪਰਮੇਸ਼੍ਵਰ ਦੀ ਭਗਤੀ ਵਿਚ ਜੋੜਦੇ ਭਏ, ਏਥੇ ਭੀ ਧਰਮਸਾਲਾ ਬਾਬੇ ਦੀ ਹੈ। — ਏਥੋਂ ਅੱਗੇ ਸੇਤਬੰਧ[1] ਧਰਾਮੇਸ਼ੂਰ ਪਹੁੰਚ, ਪੰਡਿਆਂ ਨੂੰ ਸਿੱਖ ਮਤ ਦੇ, ਪਰਮੇਸ਼ੂਰ ਦੀ ਭਗਤੀ ਕਰਨ ਲਾਯਾ, ਤੇ ਮਰਦਾਨੇ ਦੇ ਪ੍ਰਸ਼ਨ ਕਰਨੇ ਪਰ ਰਾਮਚੰਦ੍ਰ ਜੀ ਦੀ ਕਥਾ ਸੇਤ ਬੰਧਨ, ਲੰਕਾ ਮਾਰਨ ਆਦਿਕ ਸਾਰੀ ਰਾਮਾਯਣ ਸੁਣਾਈ, ਏਥੇ ਭੀ ਬਾਬੇ ਦਾ ਇਕ ਬੜਾ ਮਸ਼ਹੂਰ ਮੰਦਰ ਹੈ।

ਏਥੋਂ ਤੁਰ ਗੁਰੂ ਜੀ ਰਾਸਕੁਮਾਰੀ ਦੇਵੀ ਦੇ ਮੰਦਰ ਤੇ ਪਰਬਤ ਦਾ ਝਾਕਾ ਲੈਕੇ, ਮਰਦਾਨੇ ਦੇ ਕਹਿਣੇ ਪਰ ਸਮੁੰਦ੍ਰ ਪਾਰ ਹੋ, ਸੰਗਲਾਦੀਪ ਵਿੱਚ ਜਾ ਫਿਰੇ, ਏਸੇ ਨੂੰ ਸੀਲੋਨ ਤੇ ਲੰਕਾ ਭੀ ਆਖਦੇ ਹਨ। — ਜਦ ਗੁਰੂ ਜੀ ਸ਼ਿਵਨਾਭ ਰਾਜਾ ਦੇ ਸ਼ਹਿਰ ਗਏ ਤਾਂ ਏਨ੍ਹਾਂ ਦਾ ਸਬਦ ਸੁਣ ਕੇ ਬਹੁਤ ਲੋਕ ਸੇਵਕ ਬਣ ਗਏ, ਤੇ ਸ਼ਹਰ ਦੇ ਲੋਗਾਂ ਤੋ ਬਾਬੇ ਦੀ ਮਹਿਮਾ ਸੁਣ ਕੇ

੧ ਆਖਦੇ ਹਨ ਕਿ ਏਹ ਮਹਾਦੇਵ ਦੀ ਪਿੰਡੀ ਰਾਮਚੰਦ੍ਰ ਜੀ ਨੇ ਪੁਲ ਬੰਨਨ ਦੇ ਵੇਲੇ ਥਾਪੀ ਸੀ ਸੋ ਕਾਲੇ ਪੱਥਰ ਦਾ ਤੇੜ ਰਿੰਡ ਲਿੰਗ ਹੈ ਓਹ ਮੰਦਰ ਬਹੁਤ ਬੜਾ ਹੈ ਤੇ ਦਿਨ ਦੇ ਵਕ੍ਤ ਭੀ ਦੀਵੇ ਬਲਦੇ ਰਹਿੰਦੇ ਹਨ ਤਾਂ ਦਰਸ਼ਨ ਹੁੰਦਾ ਹੈ। ਗੰਗੋਤ੍ਰੀ ਦਾ ਜਲ ਬਹੁਤ ਮਹਿੰਗਾ ਲੈ ਕੇ ਲੋਗ ਚੜ੍ਹਾਂਉਂਦੇ ਹਨ। ਇਕ ਠੱਗੀ ਪੰਡਿਆਂ ਦੀ ਓਥੇ ਭੀ ਦੇਖੀ, ਜੋ ਕੋਈ ਅਮੀਰ, ਸੇਠ ਜਾਂਦਾ ਹੈ ਤਾਂ ਪੰਡੇ ਆਖਦੇ ਹੈ ਜੋ ਅਸੀ ਬੇਦ ਮੰਤ੍ਰ ਜਪ ਕੇ ਸਿਵ ਜੀ ਨੂੰ ਖੁਸ਼ੀ ਕਰੀਏ ਤੇ ਤੇਰੀ ਭੇਟਾ ਸਿਵ ਜੀ ਆਪ ਉੱਠਾ ਕੇ ਲਵੇ ਤਾਂ ਤੂੰ ਸਾਨੂੰ ਕੀ ਦੇਵੇਂਗਾ ਅਗਿਆਨੀ ਲੋਗ ਸੱਚ ਮੰਨ ਕੇ ਬਹੁਤ ਧਨ ਦੇਣਾ ਕਰਦੇ ਹਨ। ਤਾਂ ਜਾਤ੍ਰੂ ਨੂੰ ਦਸ ਕਦਮ ਦੇ ਫਾਸਲੇ ਪਰ ਖੜਾ ਕਰ ਦਿੰਦੇ ਹਨ ਜਿਥੇ ਸਬ ਜਾਤ੍ਰੂ ਖੜ੍ਹੇ ਰਹਿੰਦੇ ਹਨ ਓਥੂੰ ਅਗੇ ਪਾਂਡੇ ਦੇ ਸਿਵਾਇ ਹੋਰ ਕੋਈ ਨਹੀਂ ਜਾਂਦਾ ਤਦ ਇਕ ਪੰਡਾ ਜਲ ਚੜ੍ਹਾਂਉਂਦਾ ਹੈ ਤੇ ਦੂਸਰਾ ਪੰਡਾ ਦੀਵੇ ਨੂੰ ਨੀਵਾਂ ਕਰ ਦਿੰਦਾ ਹੈ। ਸਿਵਲਿੰਗ ਦੀ ਛਾਯਾ ਉੱਚੀ ਹੋ ਜਾਂਦੀ ਹੈ, ਪੰਡੇ ਧੰਨ ਧੰਨ ਕਹਿ ਕੇ ਓਸ ਦੀ ਤਾਰੀਫ ਕਰ ਦੌਲਤ ਲੈ ਲੈਂਦੇ ਹਨ।

ਏਸੇ ਤਰਾਂ ਸੈਂਕੜੇ ਮੂਰਖ ਅਗਿਆਨੀ ਲੋਗ, ਠੱਗਾਂ ਨੂੰ ਧਨ ਦੇ ਆਂਉਂਦੇ ਹਨ। ਏਹੋ ਜੇਹੇ ਹੋਰ ਭੀ ਕਈ ਛਲ ਦਿਖਾਇ ਕੇ ਮੰਦ੍ਰਾਂ ਦੇ ਪੂਜਾਰੀ, ਜਾਤ੍ਰੂ ਲੋਗਾਂ ਦਾ ਧਨ ਝੂਠ ਬੋਲ ਕੇ ਠੱਗ ਦੇ ਰਹਿੰਦੇ ਹਨ। ਏਸੇ ਵਾਸ੍ਤੇ ਅੰਗ੍ਰੇਜ਼ਾਂ ਨੇ ( ਪੂਜਾਰੀ ਬਦਮਾਸ਼ ) ਏਹ ਖਿਤਾਬ ਪੁਜਾਰੀਆਂ ਨੂੰ ਦੇ ਰੱਖਿਆ ਹੈ। — ਜੇਕਰ ਇਨ੍ਹਾਂ ਦੀਆ ਸਬ ਠੱਗੀਆਂ ਲਿਖਣ ਲਗੀਏ ਤਾਂ ਇਕ ਗ੍ਰੰਥ ਹੋਰ ਬਨ ਜਾਵੇ। =

Digitized by Panjab Digital Library | www.panjabdigilib.org

ਰਾਜੇ ਨੇ ਭੀ ਆਇ ਮੱਥਾ ਟੇਕਿਆ, ਸਬਦ ਸੁਣ, ਦਰਸਨ ਕਰ ਨਿਹਾਲ ਭਯਾ, ਤੇ ਬਾਬੇ ਨੂੰ ਪਰਮੇਸ਼ੁਰ ਦਾ ਰੂਪ ਸਮਝ ਕੇ ਔਲਾਦ ਮੰਗੀ ਤਾਂ ਬਾਬਾ ਬੋਲਿਆ (ਸੱਚੇ ਸਾਹਿਬ ਸਭ ਗੁਣ ਔਗਣ ਸਭ ਅਸਾਂਹਾ ਜੇ ਤਿਸ ਭਾਵੈ ਨਾਨਕਾ ਪੂਰੇ ਆਸ ਤੁਸਾਂ॥) ਰਾਜੇ ਦੇ ਪ੍ਰੇਮ ਕਰਕੇ ਤਿਨ ਮਹੀਨੇ ਗੁਰੂ ਜੀ ਓਥੇ ਟਿਕੇ, ਰਾਣੀ ਗਰਭਵਤੀ ਭਈ॥ — ਇਕ ਦਿਨ ਰਾਣੀ ਬਾਬੇ ਦੇ ਦਰਸ਼ਨ ਨੂੰ ਆਈ ਤੇ ਅਰਜ਼ ਕੀਤੀ, ਮਹਾਰਾਜ ਮੇਰਾ ਪਤੀ ਮੇਰੇ ਵੱਸ ਵਿੱਚ ਰਹੇ ਐਸਾ ਕੋਈ ਗੰਡਾ, ਤਵੀਤ ਦੇਵੋ ਤਾਂ ਗੁਰੂ ਜੀ ਬੋਲੇ (ਨਿਵਣ ਸੁ ਅੱਖਰ ਖਿਵਣ ਗੁਣ ਜਿਹ੍ਵਾ ਮਣੀਆ ਮੰਤਾਏ ਤ੍ਰੈ ਭੈਣੇ ਵੇਸ ਕਰ ਤਾਂ ਵਸ ਆਵੀ ਕੰਤ॥) ਏਸਦਾ ਅਰਥ ਏਹ ਹੈ, ਨਿਉ ਚੱਲਣਾ ਏਹ ਅੱਖਰ ਵਾਲਾ ਜੰਤ੍ਰ ਹੈ, ਖਿਮਾ ਰੱਖਣੀ ਏਹ ਤਾਗਾ ਹੈ, ਮਿੱਠਾ ਬੋਲਣਾ ਏਹ ਮੋਹਣੀ ਮੰਤ੍ਰ ਹੈ, ਹੇ ਭੈਣ ਜੇ ਤੂੰ ਏਹ ਤਿੰਨੇ ਧਾਰੇਂ ਤਾਂ ਤੇਰਾ ਪਤੀ ਤੇਰੇ ਵੱਸ ਵਿੱਚ ਰਹੇਗਾ। ਰਾਣੀ, ਰਾਜਾ ਸ਼ੁੱਧਾ ਧਰ ਸੇਵਾ ਸਤਸੰਗ ਕਰਦੇ ਰਹੇ ਤੇ ਇਕ ਬੇਟਾ, ਇਕ ਬੇਟੀ ਓਨ੍ਹਾਂ ਦੇ ਹੋਏ॥ — ਬਾਬਾ ਜੀ ਰਾਜੇ ਦਾ ਪ੍ਰੇਮ ਦੇਖ ਆਪਣੇ ਪਰਮ ਭਗਤ ਝੰਡੇ ਤਖਾਣ ਨੂੰ ਸ਼ਕ੍ਰੀ ਬਖਸ਼, ਰਾਜਾ ਦਾ ਪੂਜਮ ਬਣਾ ਕੇ ਰਮਤੇ ਭਏ॥ ਓਹੋ ਝੰਡਾ ਗੁਰੂ ਅੰਗਦ ਜੀ ਦੇ ਸਮੇ ਏਸ ਦੇਸ ਆਯਾ, ਫੇਰ ਨਾ ਗਿਆ, ਓਸਦੀ ਸੰਤਾਨ ਪੱਟਿਆਲੇ ਦੇ ਰਾਜ ਵਿੱਚ ਘੁੜਾਮ ਦੇ ਪਾਸ ਸਿਆਣੇ ਪਿੰਡ ਵਿੱਚ ਹੈ॥ ਗੁਰੂ ਸਾਹਿਬ ਓਸ ਮੁਲਕ ਦੇ ਲੰਕਾ ਆਦਿਕ ਮਕਾਨਾਂ ਦਾ ਸੈਲ ਕਰ, ਇਕ ਸਾਲ ਪਿੱਛੋਂ ਫੇਰ ਆਰਯਾ ਵਰਤ ਵਿੱਚ ਆਏ॥

ਮਲੇਵਾਰ ਦੇਸ ਦੇ ਰਾਜਾ ਰਾਮ ਨਾਮੀ ਘੁਮਾਰ ਜਾਤਿ ਦੇ ਰਾਜਾ ਨੂੰ ਪ੍ਰਿਤਮਾਂ ਪੂਜਣ ਤੋਂ ਹਟਾ ਕੇ ਪ੍ਰਭੂ ਦੀ ਭਗਤੀ ਵਿੱਚ ਲਾਯਾ, ਹੁਣ ਭੀ ਓਸਦੀ ਸੰਤਾਨ ਪ੍ਰਿਤਮਾ ਨਹੀਂ ਪੂਜਦੀ॥ ਓਸ ਰਾਮ ਰਾਜਾ ਦੇ ਪਾਸ ਦੌਲਤ ਬਹੁਤ ਸੀ, ਬਾਬੇ ਨੇ ਤਿੰਨ ਸੌ ਸੱਠ (੩੬੦) ਸਦਾਵਰਤ ਓਸ ਤੋਂ ਲਗਵਾ ਦਿੱਤੇ ਜੋ ਹੁਣ ਤਕ ਜਾਰੀ ਹਨ॥ — ਓਸਦੇ ਮੁਲਕ ਵਿੱਚ ਚੰਨਣ ਦੇ ਜੰਗਲ ਬਹੁਤ ਹਨ, ਇਕ ਚੰਨਣ ਦਾ ਜੰਗਲ ਓਸਨੇ ਸ੍ਰਿੰਗੇਰੀ ਮਠ ਵਾਲੇ ਗੁਸਾਂਈ ਫਕੀਰਾਂ[1] ਨੂੰ ਦੇ ਰੱਖਿਆ ਹੈ, ਏਸ ਵਿੱਚੋਂ ਲਾਖਾਂ ਰੁਪਏ ਦੀ ਆਮਦਨ ਹੈ॥ — ਓਥੋਂ ਚਲਕੇ ਸ੍ਰਿੰਗੇਰੀ ਮਠ ਵਾਲੇ ਸੰਕਰਾਚਾਰਯ ਨਾਲ ਗਿਆਨ ਚਰਚਾ ਕਰ, ਕਰਨਾਟਕ, ਕਰਾਕਰੀ ਦੇਸਾਂ ਦੀ ਝਾਕੀ ਲੈਂਦੇ ਦਰਿਆ ਵਾਪਰਾ ਨੂੰ ਪਾਰ ਹੋ, ਸ਼ਹਰ ਟੂਟੀਕਰਨ, ਪਾਲਮਕੋਟ, ਰਾਸਕੁਮਾਰ, ਚੰਨੂਰਗਨ੍ਹ,

Malabar

Sringeri

੧ ਚਾਰ ਮਠ ਸੰਕਰਾ ਚਾਰਯ ਦੇ ਹੈਂ ਏਕ ਸ੍ਰਿੰਗੇਰੀ ਮਲੇਵਾਰ ਮੇਂ, ਦੂਸਰਾ ਸਾਰਦਾ ਦੁਆਰਕਾ ਮੇਂ, ਤੀਸਰਾ ਗੋਵਰਧਨ ਜਗਨਨਾਥ ਮੇਂ, ਚੌਥਾ ਜੋਇਸੀ ਬੱਦ੍ਰੀਨਾਰਾਯਣ ਦੇ ਉਰੇ ਏਨ੍ਹਾਂ ਚੌਹਾਂ ਦੇ ਮਹੰਤ ਸੰਕਰਾਚਾਰਯ ਸਦਾਉਂਦੇ ਹੈਂ

ਤ੍ਰਾਵਨਕੋਟ ਆਦਿਕ ਦੇਖਦੇ ਹੋਏ ਤਾਮ੍ਰਪਰਨੀ ਨਦੀ ਉਤਰਕੇ ਇਲਾਕੇ ਕੋਚੀਨ ਵਿਚ
ਜਾ ਫਿਰੇ। ਸ਼ਹਿਰ ਪਲੀਕਟ, ਕੋਇੰਮ, ਬਟੂਰ, ਨੀਲਾਗਿਰੀ ਪਹਾੜਾਂ ਦਾ ਦਿਦਾਰ ਸੈਰ
ਕਰ, ਕਾਲੀਕਟ ਸ਼ਹਿਰ ਜੋ ਹੁਣ ਫਰਾਂਸ ਦੇ ਇਲਾਕੇ ਵਿੱਚ ਹੈ ਜਾ ਦੇਖਿਆ, ਤੇ ਬਹੁਤ ਲੋ
ਗਾਂ ਨੂੰ ਬੁਤਪ੍ਰਸ੍ਤੀ ਤੋਂ ਹਟਾ ਕੇ ਪਰਮੇਸ਼੍ਵਰ ਦੀ ਭਗਤੀ ਵਿਚ ਲਗਾਇਆ। ਉਥੋਂ ਦੇਸ ਕੋਰ
ਕ ਦੇ ਸ਼ਹਿਰ ਮਰਕਰਾਊ, ਕੋਡਲੀ ਹੁੰਦੇ ਹੋਏ ਇਲਾਕੇ ਮੈਸੂਰ ਵਿਚ ਸ਼ਹਿਰ ਤਰਕ, ਬੰ
ਗਲੌਰ, ਗੋਗੀ, ਗੋਦਾਵਰੀ, ਕੂੰਟਰਾ ਦੇ ਪਰਗਨਿਆਂ ਦੇ ਸ਼ਹਿਰ ਸਰਨਗੀ, ਗੋਆ, ਪੁਰਤ
ਗਾਲ ਆਦਿਕ ਅਨੇਕ ਸ਼ਹਿਰ, ਪਰਬਤ, ਜੰਗਲ, ਦਰਿਆ ਦੇਖ, ਲੱਖਾਂ ਜੀਵਾਂ ਦਾ ਉ
ਧਾਰ ਕਰਦੇ ਹੋਏ ਬੰਬਈ ਹਾਤੇ ਵਿਚ ਆਵਤੇ ਭਏ। — ਸ਼ਹਿਰ ਧਾਰਵਾਰ, ਰਾਜਾਪੁਰ
ਰਤਨਾਗ੍ਰਿਰੀ ਪਰਬਤ ਉਲੰਘ ਕੇ ਗੋਦਾਵਰੀ ਗੰਗਾ ਕਿਨਾਰੇ ਨਾਸਕ ਸ਼ਹਿਰ ਤ੍ਰਿੰਬਕ
ਨਾਥ ਜੋਤੀਲਿੰਗ ਮਹਾਦੇਵ ਨੂੰ ਦੇਖ ਗੰਗਾ ਗੋਦਾਵਰੀ ਦੇ ਇਸ਼ਨਾਨ ਕਰ ਪੰਚਬਟੀ[2] ਵਿ
ਚ ਪਹੁੰਚ, ਅਨੇਕ ਸੰਤਾਂ ਨਾਲ ਗਿਆਨ ਚਰਚਾ ਕਰ, ਉਨ੍ਹਾਂ ਨੂੰ ਪ੍ਰਭੂ ਦੀ ਅਨੰਨ ਭਗਤੀ
ਵਿਚ ਲਗਾ, ਦਰਿਆ ਤਾਪਤੀ ਤੋਂ ਪਾਰ ਹੋ, ਗੁਜਰਾਤ ਦੇਸ ਦਾ ਸੈਲ ਕਰ, ਠਾਕੋਰ ਜੀ
ਦਾ ਮੰਦਰ ਜਿੱਥੇ ੫੬ ਪ੍ਰਕਾਰ ਦੇ ਭੋਜਨ ਦਾ ਭੋਗ ਹੁਣ ਭੀ ਹਰ ਰੋਜ ਲਗਦਾ ਹੈ ਜਾ ਡਿੱਠ
ਾ ਫੇਰ ਬੜੌਦੇ, ਭੜੌਚ, ਸੂਰਤ, ਅਹਿਮਦਾਬਾਦ ਆਦਿਕ ਗੁਜਰਾਤ ਦੇਸ ਦੇ ਸ਼ਹਿਰਾਂ
ਦਾ ਤੇ ਸਮੁੰਦ੍ਰ[3] ਦੀ ਖਾੜੀਆਂ ਦਾ ਦਿਦਾਰ ਝਾਕਾ ਲੈਂਦੇ ਹੋਏ, ਸਾਂਭਰਮਤੀ ਨਦੀ ਉਤਰ ਕੇ
ਕਾਠੀਆਵਾੜ ਦੇਸ ਵਿੱਚ ਪ੍ਰਵੇਸ਼ ਕਰਤੇ ਭਏ।

Nasik

---

1 ਏਸ ਜਗਾ ਪਰ ਗੋਦਾਵਰੀ ਗੰਗਾ ਦੇ ਕੁੰਭ ਦੇ ਮੇਲੇ ਪਰ ਚਾਰ ਮਹੀਨੇ ਨਿਰਮਲੇ ਸੰਤਾਂ ਦਾ ਅਖਾੜਾ ਤੇ ਉਦਾਸੀ ਸੰਤਾਂ ਦੇ ਅਖਾੜੇ ਲੰਗਰ ਦਿੰਦੇ ਹਨ। ਪਹਿਲੇ ਗੁਸਾਂਈ ਭੀ ਜਾਯਾ ਕਰਦੇ ਸੇ, ਹੁਣ ਤਿੰਨ ਕੁੰਭ ਹੋ ਗਏ ਹਨ ਖਰਚ ਤੋਂ ਡਰਦੇ ਉਥੇ ਨਹੀਂ ਜਾਂਦੇ ਤੇ ਬਹਾਨਾ ਬਣਾ ਲੀਤਾ ਹੈ ਕਿ ਸਾਨੂੰ ਲੰਗੋਟੀ ਖੋਲ੍ਹ ਕੇ ਅੰਗ੍ਰੇਜ਼ ਫਿਰਨ ਨਹੀਂ ਦਿੰਦੇ ਏਸ ਵਾਸਤੇ ਨਹੀਂ ਜਾਂਦੇ। — ਉਥੇ ਜੀ ਜੀ ਪ੍ਰਤੀ ਅੱਧ ਪਾ ਪੱਕੇ ਚਾਵਲ ਰੋਜ ੨ ਤ੍ਰਿੰਬਕ, ਨਾਸਕ ਦੋਹਾਂ ਸ਼ਹਿਰਾਂ ਦੇ ਬ੍ਰਾਹਮਣ ਨੂੰ ਦੇਣੇ ਪੈਂਦੇ ਹਨ ਏਹ ਟਿਕਟ ਉਨ੍ਹਾਂ ਦਾ ਸਬਨਾਂ ਅਖਾੜਿਆਂ ਪਰ ਕਦੀਮ ਤੋਂ ਲਗਾ ਹੋਯਾ ਹੈ।

2 ਇਸ ਜਗਾ ਪਰ ਅਗਸਤ ਮੁਨੀ ਦੇ ਪਾਸ ਰਾਮਚੰਦ੍ਰ ਜੀ ਨੇ ਠਹਿਰ ਕੇ ਸੂਪਨਖਾ ਦਾ ਨੱਕ ਲਛਮਣ ਤੋਂ ਕਟਵਾਯਾ ਸੀ ਤੇ ਏਥੇ ਹੀ ਹੁਣ ਮਹਾਰਾਜੇ ਦਲੀਪ ਸਿੰਘ ਦੀ ਮਾਈ ਜਿੰਦ ਕੌਰ ਦੀ ਤੇ ਕਪੂਰਥਲੇ ਵਾਲੇ ਰਾਜਾ ਰਣਧੀਰ ਸਿੰਘ ਦੀ ਸਮਾਧ ਹੈ।

3 ਏਸ ਦੇਸ ਵਿਚ ਹਰ ਇਕ ਪਿੰਡ ਨੇ ਆਪਣਾ ਵੱਖਰਾ ੨ ਜੰਗਲ ਲਾ ਰਖਿਆ ਹੈ। ਅਤੇ ਹਰ ਇਕ ਪਿੰਡ ਵਿਚ ਸੰਤ ਸੰਗ, ਸੇਵਾ ਭਜਨ ਕੀਰਤਨ ਦਾ ਉਮਾਹਾ ਬਣਿਆ ਰਹਿੰਦਾ ਹੈ ਧੰਨਾ, ਪੀਪਾ, ਸੁਦਾਮਾ, ਨਰਸੀ ਭਗਤ ਭੀ ਏਥੇ ਹੀ ਹੋਏ ਹਨ ਏਹ ਦੇਸ ਭਗਤੀ ਉਪਾਸ਼ਨਾ ਤੇ ਪੂਰਬ ਦੇਸ ਕਰਮ ਕਾਂਡ, ਤੇ ਪੰਜਾਬ ਗਿਆਨ ਕਾਂਡ ਦਾ ਸਰੂਪ ਪ੍ਰਤੱਖ ਹਨ।

Digitized by Panjab Digital Library | www.panjabdigilib.org

ਫੇਰ ਖਲੀਜ ਖੰਭਾਯਤ, ਬੜੌਦਾ, ਨੀਮੜੀ, ਭਾਵਨਗਰ ਆਦਿਕ ਅਨੇਕ ਸ਼ਹਿਰਾਂ ਪਰਬਤਾਂ ਨੂੰ ਫਿਰਦੇ ਹੋਏ ਪਾਲੀਤਾਣਾ[1] ਜਾ ਦੇਖਿਆ। ਫੇਰ ਗਾਯਕਵਾੜ ਦੇਸ ਦੇ ਰਸਤੇ ਜੂਨਾਗੜ੍ਹ ਵਿਚ ਸੰ: ੧੫੬੫ ਬਿ: ਨੂੰ ਚਤੁਰਮਾਸ ਜਾ ਠਹਿਰੇ। ਬਾਬੇ ਦੀ ਮਹਿਮਾ ਸੁਣਕੇ ਨਰਸੀ[2] ਭਗਤ, ਦਾਤਾ ਗੰਜ[3]ਬਖ਼ਸ਼ ਪੀਰ ਸਭ ਸੰਗੀਆਂ ਨੂੰ ਲੈਕੇ ਬਾਬੇ ਦੇ ਦਰਸ਼ਨ ਨੂੰ ਆਏ, ਸਬਦ ਗਿਆਨ ਸੁਣੇ ਸੁਣਾਏ ਅਤੀ ਆਨੰਦ ਪਾਏ, ਫੇਰ ਤਾਂ ਉਹ ਗੁਰੂ ਜੀ ਨੂੰ ਪਰਮੇਸ਼ੁਰ ਦਾ ਰੂਪ ਸਮਝਕੇ ਸੇਵਾ ਸਤਸੰਗ ਕਰਦੇ ਰਹੇ, ਤੇ ਗੁਰੂ ਜੀ ਭੀ ਉਨ੍ਹਾਂ ਦੀ ਸ਼ਰਧਾ ਦੇਖ ਚਾਰ ਮਹੀਨੇ ਇਕੇ ਰਹੇ। ਤੇ ਹੋਰ ਭੀ ਬੇਅੰਤ ਲੋਗ ਬਾਬੇ ਪਾਸ ਆਉਂਦੇ, ਮਨ ਬਾਂਛਤ ਪਾਉਂਦੇ। — ਏਥੋਂ ਚੱਲ ਗੁਰੂ ਜੀ ਗਿਰਨਾਰ[4] ਪਰਬਤ ਪਰ ਜੋ ੧੫ ਮੀਲ ਉੱਚਾ ਹੈ ਜਾ ਫਿਰੇ, ਅਨੇਕ ਸਿੱਧਾਂ ਸਾਧਿਕਾਂ ਨੂੰ ਦਰਸ਼ਨ ਦੇ ਲੈ ਅਨੰਦ ਭਏ। ਪਰਬਤ ਦੀ ਚੋਟੀ ਪਰ ਜਾਕੇ ਜਦ ਗੁਰੂ ਜੀ ਨੇ ਮਰਦਾਨੇ ਤੋਂ ਰਬਾਬ ਬਜਵਾਕੇ ਸ਼ਬਦ ਗਾਯਾ ਤਾਂ ਜੈਸੇ ਪੰਛੀ ਹੇਰੇ ਦੇ ਰਾਗ ਨੂੰ ਸੁਣਕੇ ਮ੍ਰਿਗ ਆਉਂਦੇ ਹਨ ਤੈਸੇ ਉਥੋਂ ਦੇ ਨਿਵਾਸੀ ਸੰਤ ਤਪੀ, ਜਪੀ, ਅਘੋਰੀ, ਗਿਆਨੀ, ਅਚਾਰਜ, ਅਵਧੂਤ ਸਭ ਆਏ ਤੇ ਦਰਸ਼ਨ ਕਰ ਆਨੰਦ ਪ੦

1 ਏਥੇ ਜੈਨ ਧਰਮ ਦਾ ਕਰੋੜਾਂ ਰੁਪਏ ਦੀ ਲਾਗਤ ਦਾ ਅਦੁਤੀ ਮੰਦ੍ਰ ਹੈ, ਤੇ ਇੱਕ ਜੰਗਲ ਵਿਚ ਉਨ੍ਹਾਂ ਪਸ਼ੂਆਂ ਦੀ ਪਾਲਨਾ ਹੁੰਦੀ ਹੈ ਜਿਨ੍ਹਾਂ ਨੂੰ ਨਿਕੰਮੇ ਜਾਣਕੇ ਲੋਗ ਘਰੋਂ ਕੱਢ ਦਿੰਦੇ ਹਨ, ਚਾਰਾ ਨਹੀਂ ਦਿੰਦੇ। ਸੈਂਕੜੇ ਆਦਮੀ ਜੈਨੀਆਂ ਦੇ ਏਸੇ ਕੰਮ ਪਰ ਨੌਕਰ ਹਨ ਤੇ ਉਹ ਸਭ ਜਗਾ ਫਿਰ ਕਰਕੇ ਲੰਗੜੇ, ਬੁੱਢੇ, ਲਾਵਾਰਸ ਬੈਲ, ਘੋੜੇ, ਗਊ, ਗਧੇ, ਬਕਰੀ, ਆਦਿਕਾਂ ਨੂੰ ਲਿਆਕੇ ਉਸ ਜੰਗਲ ਵਿਚ ਪਾਲਨਾ ਕਰਦੇ ਹਨ।

2 ਨਰਸੀ ਭਗਤ ਸੰ: ੧੫੦੭ ਵਿਚ ਜੰਮਿਆ ਤੇ ੧੫੭੨ ਵਿਚ ਗੁਜ਼ਰਿਆ ਹੈ ਉਸਦਾ ਮਕਾਨ ਜੋ ਜੂਨਾਗੜ੍ਹ ਸ਼ਹਰ ਵਿਚ ਹੈ ਤੇ ਜਿਸਦੇ ਨਾਲ ਜਾਗੀਰ ਭੀ ਹੈ ਉਥੋਂ ਏਹ ਤਾਰੀਖ ਸਾਨੂੰ ਮਿਲੀ ਹੈ ਔਰ ਏ ਚਤੁਰਮਾਸ ਭੀ ਉਥੇ ਰਿਹਾ ਹਾਂ ਸੰਮਤ ੧੯੩੭ ਬਿ: ਵਿਚ। — ਨਰਸੀ ਨਾਗਰ ਬ੍ਰਾਹਮਣ ਸੀ ਤੇ ਉਸ ਦੇਸ ਵਿਚ ਨਾਗਰ ਬ੍ਰਾਹਮਣ ਬਹੁਤ ਹਨ, ਏਹ ਦਾਨ ਨਹੀਂ ਲੈਂਦੇ, ਨੌਕਰੀ ਬਪਾਰ ਕਰਦੇ ਹਨ। ਏਸੇ ਨਰਸੀ ਦੀ ਹੁੰਡੀ ਸਾਂਵਲਸ਼ਾਹ ਨੇ ਦ੍ਵਾਰਕਾ ਵਿਚ ਤਾਰੀ ਹੈ ਜੋ ਉਥੋਂ ੩੫ ਕੋਸ ਹੈ ਨਰਸੀ ਦੇ ਪੁੱਤ੍ਰ ਨਹੀਂ ਹੋਯਾ ਦੋ ਧੀਆਂ ਸਨ ਉਨ੍ਹਾਂ ਦੀ ਸੰਤਾਨ ਹੈ।

3 ਏਹ ਗੰਜਬਖ਼ਸ਼ ਫਕੀਰ ਸੰ: ੯੧੩ ਹਿਜਰੀ ਤੇ ਸੰਮਤ ੧੫੬੩ ਬਿ: ਵਿਚ ਗੁਜ਼ਰਿਆ ਹੈ ਤੇ ਏਸਦਾ ਮਕਬਰਾ ਸੋਨੇ ਤੇ ਮੋਤੀਆਂ ਦੀਆਂ ਲੜੀਆਂ ਵਾਲਾ, ਜਿਸਦੇ ਨਾਲ ਜਾਗੀਰ ਭੀ ਹੈ ਸ਼ਹਰੋਂ ਬਾਹਰ ਮੰਨੀ ਪੂਜੀ ਦਾ ਹੈ। ਨਵਾਬ ਗੰਜਬਖ਼ਸ਼ ਉਥੋਂ ਦਾ ਰਾਜਾ ਬਾਬੇ ਦੇ ਬਚਨ ਸੁਨ ਅਤੀ ਖੁਸ਼ ਹੋਯਾ ਤੇ ਬੇਨਤੀ ਕਰ ਚੱਲਣ ਲਗੇ ਬਾਬੇ ਦੀ ਖੜਾਂਵਾਂ ਰਖ ਲਈ ਤੇ ਆਪਨੇ ਕਿਲੇ ਦੇ ਪਾਸ ਸੁੰਦ੍ਰ ਧਰਮਸਾਲਾ ਬਨਵਾ ਕੇ ਥਾਪੀ ਜਿਸਨੂੰ ਹੁਣ ਤਕ ਨਾਨਕਸ਼ਾਹੀ ਸੰਤ ਪੂਜਦੇ ਹਨ, ਤੇ ਰਸਤੁ ਭੀ ਨਵਾਬ ਦੀ ਲਾਈ ਹੋਈ ਹੈ ਤੇ ਹੋਰਨਾਂ ਪਿੰਡਾਂ ਵਿਚ ਭੀ ਏਸਦੇ ਸਦਾਬ੍ਰਤ ਲਗਾਏ ਹੋਏ ਹੁਣ ਤਕ ਜਾਰੀ ਹਨ। 4 ਏਸੇ ਗਿਰਨਾਰ ਦਾ ਨਾਮ ਪੁਰਾਣਾ ਵਿਚ ਰੈਵਤਗਿਰੀ ਲਿਖਿਆ ਹੈ ਇਸ ਪਰ ਚੜ੍ਹਦਿਆਂ ਹੀ ਸੋਰਠ ਬੀਜਾ ਦੇ ਮਹਿਲ ਹਨ ਜਿਨ੍ਹਾਂ ਦੇ ਗੀਤ ਹੁਣ ਤਕ ਉਸ ਦੇਸ ਦੇ ਤੇ ਮਾਰਵਾੜ ਦੇ ਲੋਗ ਗਾਂਵਦੇ ਹਨ। ਉਦੂੰ ਅੱਗੇ ਰਾਮਾਨੰਦ ਜੀ ਦੀ ਚਰਨ ਪਾਦਕਾ ਹੈ ਪੁਨਾ ਬ੍ਰਹਮਗੰਗਾ ਦੀ ਧਾਰਾ ਗਿਰਨਾਰ ਦੇ ਮਕਾਨ ਪਾਸ ਨਿਕਲਦੀ ਹੈ ਚੋਟੀ ਪਰ

Digitized by Panjab Digital Library | www.panjabdigilib.org

ਹੋਇਆਖਾਸਗਿਰਨਾਰੀ ਸਿੱਧ ਬਹੁਤ ਖੁਸੀ ਹੋਏ। — ਓਥੋਂ ਦ੍ਵਾਰਕਾ ਦੇਖਣ ਵਾਸ੍ਤੇ ਬਿਲ॰
ਵਲਖੇਤ੍ਰ ਹੁੰਦੇ ਹੋਏ ਪ੍ਰਭਾਸ ਛੇਤ੍ਰ ਸੋਮਨਾਥ ਜੋਤੀ ਲਿੰਗ ਮਹਾਦੇਵ ਦੇ ਮੰਦਰ ਨੂੰ ਦੇਖ
ਪੋਰਬੰਦ੍ਰ ਸੁਦਾਮਾਪੁਰੀ ਜਾ ਉਤਰੇ। ਓਥੋਂ ਦੇ ਸਬ ਲੋਗ ਆਪਣੇ ੨ ਗਲ ਵਿਚ ਪੰਜ ੨ ਸੇ
ਰ ਬੋਝ ਤੇ ਅਧਿਕ ਸਿਵਲਿੰਗ ਯਾ ਸਾਲਗਰਾਮ ਲਟਕਾਈ ਫਿਰਦੇ ਦੇਖਕਰ ਗੁਰੂ ਸਾ
ਹਿਬ ਨੇ ਏਹ ਸਬਦ ਉਚਾਰਿਆ। (ਘਰਮੇ ਠਾਕੁਰ ਨਦਰਿ ਨ ਆਵੈ। ਗਲ ਮੇ ਪਾਹਨ
ਲੈ ਲਟਕਾਵੈ। ਭਰਮੇ ਭੂਲਾ ਸਾਕਤ ਫਿਰਤਾ। ਨੀਰ ਬਿਰੋਲੈ ਖਪਿ ਖਪਿ ਮਰਤਾ। ਜਿ
ਸ ਪਾਹਨ ਕੋ ਠਾਕੁਰ ਕਹਤਾ। ਓਹ ਪਾਹਨ ਲੈ ਉਸਕੋ ਡੁਬਤਾ। ਗੁਨਹਿਗਾਰ ਲੂਣ ਹ
ਰਾਮੀ। ਪਾਹਣ ਨਾਵ ਨ ਪਾਰਗਰਾਮੀ। ਗੁਰਮਿਲ ਨਾਨਕ ਠਾਕੁਰ ਜਾਤਾ। ਜਲ ਥ
ਲ ਮਹੀਅਲਿ ਪੂਰਨ ਬਿਧਾਤਾ।) ਗੁਰੂਜੀ ਦੇ ਏਸ ਬਚਨ ਨੂੰ ਸੁਣਕੇ ਬਹੁਤ ਲੋਗ ਪਰ
ਮੇਸ੍ਵਰ ਦੀ ਭਗਤੀ ਕਰਨ ਲਗ ਪਏ।

ਗੁਰੂਜੀ ਓਥੋਂ ਚਲ ਗੋਮਤੀ ਦ੍ਵਾਰਕਾ ਸਮੁੰਦ੍ਰ ਦੇ ਕਿਨਾਰੇ ਕ੍ਰਿਸ਼ਨ ਜੀ ਦੀ ਰਜਧਾਨੀ ਤੇ ਮੰਦ੍ਰ॰

Gomti Dwarka

ਗਿਰਨਾਰੀ ਸਿੱਧ ਦੀ ਜਗਾ ਹੈ ਜਿਸਨੂੰ ਓਥੋਂ ਦੇ ਲੋਗ ਚਿਰੰਜੀਵ ਮੰਨਦੇ ਹਨ, ਹੁਣ ਭੀ ਓਥੇ ਸਿੱਧ, ਸੰਤ, ਵੈਰਾਗੀ, ਗੁ
ਸਾਂਈ, ਅਘੋਰੀ ਰਹਿੰਦੇ ਹਨ। ਕੀਬ ਕਰਤਾ ਭੀ ਏਥੇ ਚਾਰ ਮਹੀਨੇ ਰਹ ਆਯਾ ਹੈ ਨਿਹਾਯਤ ਸਰਜੀਤ ਜਗਾ ਹੈ।—
੧ ਏਸੇ ਪ੍ਰਭਾਸ ਛੇਤ੍ਰ ਵਿਚ ਬੇਸੁਮਾਰ ਜਾਦਵਾਂ ਦਾ ਬੀਸ ਸਰਾਬ ਪੀ ਕਰ ਆਪਸ ਮੇਂ ਕਟਕੇ ਮਰਿਆ ਸੀ ਕ੍ਰਿਸ਼ਨ ਜੀ
ਦੇ ਪ੍ਰਤਾਪ ਨਾਲ ਜਾਦਵ ਬਹੁਤ ਵਧ ਗਏ ਸੇ ਤੇ ਖਲਕਤ ਨੂੰ ਦੁਖਾਵਣ ਲਗੇ ਤਾਂ ਕ੍ਰਿਸਨ ਜੀ ਨੇ ਸਬਨਾਂ ਨੂੰ ਪ੍ਰੇਰ
ਏਥੇ ਲਿਆ, ਆਪਸ ਵਿਚ ਲੜਾ ਕੇ ਮਰਵਾ ਛੱਡਿਆ ਤੇ ਆਪ ਭੀ ਇਕ ਜੰਗਲ ਵਿਚ ਬੱਧਕ ਦੇ ਹੱਥੋਂ ਤੀਰ ਦਾ ਜ
ਖਮ ਖਾ ਕਰ ਦੇਹ ਤਿਆਗੀ। — ੨ ਏਹ ਓਹ ਮੰਦਰ ਹੈ ਜਿਸਨੂੰ ਮਹਿਮੂਦ ਸਾਹ ਗਜ਼ਨੀ ਵਾਲੇ ਨੇ ਤੋੜ ਫੋੜ
ਕੇ ਕਰੋੜਾਂ ਰੁਪਏ ਦਾ ਜਵਾਹਰਾਤ ਤੇ ਸੋਨਾ ਲੁਟਿਆ। — ੩ ਏਥੋਂ ਹੀ ਸੁਦਾਮਾ ਨਾਮ ਪੁਸਕਰਣਾ ਬ੍ਰਹਮ
ਣ ਕ੍ਰਿਸ਼ਨ ਜੀ ਦੇ ਸਾਥ ਜੋ ਸੰਦੀਪਨ ਪੰਡਿਤ ਪਾਸ ਪੜ੍ਹਦਾ ਰਿਹਾ ਸੀ ਰੋਟੀ ਕਪੜੇ ਤੋਂ ਤੰਗ ਹੋਕਰ, ਬੀਸ ਕੋਸ ਪ
ਰ ਕ੍ਰਿਸ਼ਨ ਜੀ ਦ੍ਵਾਰਕਾ ਵਿੱਚ ਰਾਜ ਕਰਦੇ ਸੇ ਉਨ੍ਹਾਂ ਪਾਸ ਮੰਗਣ ਗਿਆ। ਭਾਗਵਤ ਮੇਂ ਲਿਖਿਆ ਹੈ ਕ੍ਰਿਸ਼ਨ ਜੀ ਨੇ
ਉਸਦੇ ਸੁਇਨੇ ਦੇ ਮੰਦਰ ਬਣਾ ਦਿੱਤੇ ਸੋ ਪਰ ਅਸੀ ਤਾਂ ਓਥੇ ਸੰ: ੧੯੨੭ ਵਿੱਚ ਟੁੱਟੇ ਹੋਏ ਛਪਰਾਂ ਵਾਲੀ ਢੱਠੀ
ਹੋਈ ਧਰਮਸਾਲਾ ਤੇ ਘਰ ਸੁਦਾਮੇ ਦਾ ਦੇਖ ਆਏ ਹਾਂ। — ੪ ਏਹ ਦ੍ਵਾਰਕਾ ਕ੍ਰਿਸ਼ਨ ਜੀ ਦੀ ਤੇ ਉਸਦੇ ਪੜਪੋ
ਤੇ ਬੱਜਨਾਭ ਦੀ ਰਜਧਾਨੀ ਹੈ ਜਿੱਥੇ ਹੁਣ ਬੜੌਦੇ ਵਾਲੇ ਰਾਜੇ ਗਾਇਕਵਾੜ ਦਾ ਰਾਜ ਹੈ। ਭਾਗਵਤ ਵਿਚ ਇਹ
ਸੁਇਨੇ ਦੀ ਲਿਖੀ ਹੈ ਜੋ ਹੁਣ ਕੀਬੜਾ ਜੇਹਾ ਕਸਬਾ ਹੈ ਏਥੇ ਸਮੁੰਦ੍ਰ ਦੀ ਅਵਾਜ ਅੱਠ ਪਹਰ ਐਸੀ ਹੁੰਦੀ ਰਹਿੰ
ਦੀ ਹੈ ਜੋ ਦੂਰੋਂ ਕਿਸੇ ਦੀ ਗਲ ਨਹੀਂ ਸੁਣੀ ਦੀ। ਜਿਸਨੂੰ ਗੋਮਤੀ ਗੰਗਾ ਆਖਦੇ ਹਨ ਤੇ ਜਿੱਥੇ ਇਸ਼ਨਾਨ ਕਰਨ ਵਾ
ਲੇ ਸਾਧ ਬ੍ਰਾਹਮਨ ਤੋਂ ਬਿਨਾਂ ਸਭ ਤੋਂ ਪੰਜ ਰੁਪਏ ਕਰ ਲੈ ਲੈਂਦੇ ਹਨ ਓਹ ਇਕ ਨਿੱਕੀ ਜੇਹੀ ਤਲਾਵੜੀ ਹੈ, ਸਮੁੰਦ੍ਰ
ਦੇ ਜੁਆਰ ਨਾਲ ਭਰਕੇ ਭਾਟੇ ਨਾਲ ਖਾਲੀ ਹੋ ਜਾਂਦੀ ਹੈ। ਸਮੁੰਦ੍ਰ ਦਾ ਜਲ ਖਾਰਾ ਤੇ ਕੌੜਾ ਹੈ। ਇਸ ਜਗਾ ਪ
ਰ ਮੰਦਰ ਤੇ ਮੂਰਤਾਂ ਤਾਂ ਅਨੇਕ ਹਨ ਪਰ ਭਜਨ, ਸਤਸੰਗ, ਦਯਾ, ਦਾਨ ਦਾ ਨਾਮ ਨਿਸਾਨ ਨਹੀਂ।

Digitized by Panjab Digital Library | www.panjabdigilib.org

ਦਾ ਝਾਕਾ ਲੈ ਰਾਮਣੇ[੧] ਪਿੰਡ ਵਿਚ ਦੀ ਬੇਟ ਦ੍ਵਾਰਕਾ ਜੋ ਉਥੋਂ ਬਾਰਾਂ[੧੨] ਕੋਸ ਹੈ ਉਥੇ ਸੰਖਤ ਲਾਈ ਦੇ ਕਿਨਾਰੇ ਆ ਉਤਰੇ। ਏਥੇ ਹੁਣ ਤਕ ਬਾਬੇ ਦੀ ਧਰਮਸਾਲ ਹੈ। ਉਥੋਂ ਦੇ ਲੋਗਾਂ ਨੂੰ ਪ੍ਰਭੂ ਦੇ ਭਜਨ ਦਾ ਉਪਦੇਸ਼ ਕਰ, ਕੱਛ ਮੁਲਕ ਦੇ ਰੱਣ[੨] ਦਾ ਸੈਲ ਕਰਦੇ ਹੋਏ ਅੰਜਾਰ ਸ਼ਹਿਰ ਰਘੂ ਭਾਈਏ ਸੇਠ ਦੇ ਬਾਗ ਵਿਚ ਆਨ ਠਹਿਰੇ, ਉਥੇ ਭੀ ਗੁਰੂ ਕੀ ਧਰਮਸਾਲ ਹੈ ਤੇ ਸੁਥਰਾ ਸੰਤ ਪੁਜਾਰੀ ਹੈ।— ਉਸ ਰਘੂ ਸੇਠ ਆਦਿਕਾਂ ਨੂੰ ਸੱਚੇ ਰਸਤੇ ਪਾ ਕੇ ਗੁਰੂ ਜੀ ਮੁੰਦ੍ਰੇ ਆਦਿਕ ਨਗਰਾਂ ਨੂੰ ਦੇਖ, ਮਸਕਾ ਮੰਡੀ, ਮਾਂਡਵੀ ਬੰਦ੍ਰ ਜਿਥੇ ਹੁਣ ਫੁਲਵਾਰੀ ਸ਼ਾਹ ਦੀ ਬਗੀਚੀ, ਗੁਰੂ ਦਾ ਖੂੰਡਾ ਹੈ, ਉਥੇ ਠਹਿਰ ਕੇ, ਸ਼ਿਵਾਗਿਰ ਗੁਸਾਂਈ ਫਕੀਰ ਜੋ ਉਸ ਵਕਤ ਉਸ ਦੇਸ ਦਾ ਗੁਰੂ ਬਣ ਰਿਹਾ ਸੀ ਤੇ ਹੁਣ ਭੀ ਉਸਦਾ ਗੱਦੀ ਨਸ਼ੀਨ ਹਰਿਗਿਰ ਸਰਕਾਰ[੩] ਸਦਾਉਂਦਾ ਹੈ, ਉਸ ਨਾਲ ਗੁਰੂ ਜੀ ਦੀ ਚਰਚਾ ਹੋਈ ਤਾਂ ਉਸ ਨੂੰ ਬਾਲਾ ਸੁੰਦ੍ਰੀ ਦੇ ਭੈਰਵੀ ਚੱਕ੍ਰ ਦੀ ਉਪਾਸ਼ਨਾ ਤੋਂ ਹਟਾ ਕੇ ਪਰਮੇਸ਼੍ਵਰ ਦੇ ਨਾਮ ਵਿਚ ਲਾਇਆ। ਉਸੇ ਦਿਨ ਤੋਂ ਉਨ੍ਹਾਂ ਦਾ ਸੇਵਕ ਹੁਣ ਭੀ ਬਾਮੀ ਕੋਈ ਨਹੀਂ। ਹੋਰ ਲੋਗ ਬਹੁਤ ਬਾਮੀ ਹਨ।—

੧ ਏਸ ਰਾਮਣੇ ਪਿੰਡ ਵਿਚ ਠੇਕੇਦਾਰ ਚਾਰ ਪੈਸੇ ਲੈ ਕੇ ਸੰਖ, ਚੱਕ੍ਰ, ਗਦਾ, ਪਦਮ ਦੇ ਚਿੰਨ੍ਹ ਧਾਤੂ ਦੇ ਬਣੇ ਹੋਏ, ਅੱਗ ਵਿਚ ਲਾਲ ਕਰਕੇ ਜੈਸੇ ਪਸ਼ੂ ਨੂੰ ਦਾਗੀਦਾ ਹੈ ਤੈਸੇ ਛਾਤੀ ਤੇ ਡੌਲਿਆਂ ਉੱਤੇ ਲਾ ਦਿੰਦੇ ਹਨ ਜਿਨ੍ਹਾਂ ਨਿਸ਼ਾਨਾਂ ਨਾਲ ਬੈਰਾਗੀ ਫਕੀਰ ਪੱਕੇ ਸਦਾਉਂਦੇ ਹਨ। ਜਦ ਉਹ ਦਾਗ ਪੱਕ ਜਾਂਦੇ ਹਨ ਤਾਂ ਕਨਪਾਟੇ ਫਕੀਰਾਂ ਵਾਂਗੂ ਦੋ ਦੋ ਚਾਰ ਚਾਰ ਮਹੀਨੇ ਕਸ਼ਟ ਸਹਾਰ ਕੇ ਮੱਖੀਆਂ ਝੱਲਦੇ ਰਹਿੰਦੇ ਹਨ। ਉਸ ਰਾਮਣੇ ਪਿੰਡ ਤੋਂ ਤਿਨ ਕੋਸ ਬੇਟ ਦ੍ਵਾਰਕਾ ਸਮੁੰਦ੍ਰ ਦੇ ਵਿਚ ਪੰਜ ਕੋਹ ਮੁਰੱਬਾ ਪਹਾੜੀ ਹੈ ਜਿਥੇ ਕ੍ਰਿਸ਼ਨ ਜੀ ਜਰਾਸੰਧ ਰਾਜਾ ਦੇ ਭਜਾਏ ਹੋਏ ਜਾ ਕੇ ਰਹੇ ਸੀ। ਉਥੇ ਭੀ ਪਹਿਲੇ ਅਜਮੇਰੀ ਖ੍ਵਾਜੇ ਦੇ ਮਜਾਵਰਾਂ ਵਾਂਗੂ ਪੰਡਿਆਂ ਨੇ ਰੁਕਮਣੀ ਕ੍ਰਿਸ਼ਨ ਦੇ ਮੰਦਰ ਅੰਦਰ ਜਾਣ ਵਾਸਤੇ ਗੁਪਤ ਸੁਰੰਗ ਰੱਖੀ ਹੋਈ ਸੀ ਜੋ ਧਨੀ ਜਾਤ੍ਰੂ ਜਾਂਦਾ, ਉਸ ਨੂੰ ਪੰਡੇ ਆਖਦੇ, ਜੇ ਅਸੀਂ ਬੇਦ ਮੰਤ੍ਰ ਜਪਕੇ ਕ੍ਰਿਸ਼ਨ ਜੀ ਨੂੰ ਪ੍ਰਸੰਨ ਕਰੀਏ ਤੇ ਉਹ ਤੇਰਾ ਪ੍ਰਸਾਦ ਛਕ ਲੈਣ ਤਾਂ ਸਾਨੂੰ ਕੀ ਦੇਵੇਂਗੇ, ਉਹ ਸਰਧਾਲੂ ਆਪ ਨੂੰ ਵਡਭਾਗੀ ਮੰਨ, ਦੌਲਤ ਦੇਣ ਦਾ ਇਕਰਾਰ ਕਰ, ਪ੍ਰਸਾਦ ਮੰਦ੍ਰ ਅੰਦ੍ਰ ਧਰ, ਹੱਥ ਜੋੜ ਕ੍ਰਿਸ਼ਨ ਦਾ ਧਿਆਨ ਕਰਦਾ, ਤੇ ਪੰਡੇ ਬੂਹਾ ਬੰਦ ਕਰ ਬਾਹਰ ਬਾਜੇ ਬਜਾਉਂਦੇ, ਤੇ ਇਕ ਪੰਡਾ ਉਸ ਗੁਪਤ ਰਸਤੇ ਜਾ, ਕ੍ਰਿਸ਼ਨ ਆਦਿਕ ਮੂਰਤਾਂ ਦੇ ਮੂੰਹ ਤੇ ਹੱਥਾਂ ਨੂੰ ਪ੍ਰਸਾਦ ਲਾ, ਆਪ ਛਕ ਕੇ ਨਿਕਲ ਜਾਂਦਾ। ਮੂਰਤਾਂ ਦੇ ਮੂੰਹ ਹੱਥ ਪ੍ਰਸਾਦ ਨਾਲ ਲਿੱਬੜੇ ਦੇਖਾਇ ਜਾਤ੍ਰੂ ਨੂੰ ਪੰਡੇ ਲੁੱਟ ਲੈਂਦੇ ਸਨ। ਤੇ ਉਸ ਬਾਕੀ ਦੇ ਪ੍ਰਸਾਦ ਨੂੰ ਪਰਮ ਪਵਿੱਤ੍ਰ ਮੁਕ੍ਤਿ ਭੁਕ੍ਤਿ ਦਾਤਾ ਸਮਝ ਕੇ, ਜਾਤ੍ਰੂ ਘਰ ਲੈ ਜਾਂਦਾ ਤੇ ਜ਼ਰਾ ਜ਼ਰਾ ਕਰਕੇ ਸਾਕਾਂ ਸਬੰਧੀਆਂ ਨੂੰ ਵੰਡਦਿੰਦਾ। ਏਹ ਭੇਤ ਭੀ ਸੰ: ੧੯੧੪ ਬ੍ਰਿ: ਵਿੱਚ ਖੁਲ੍ਹਿਆ, ਜਦ ਉਥੇ ਕਿਲੇ ਵਿਚ ਜਿਸ ਨੂੰ ਕ੍ਰਿਸ਼ਨ ਦੇ ਵਕਤ ਦਾ ਆਖਦੇ ਸਨ ਪੂਰਬੀਏ ਆਕੀ ਹੋ ਗਏ ਤੇ ਉਸ ਦੇਸ ਦੇ ਬਾਗੇਰ ਜਾਤੀ ਦੇ ਲੋਗ ਭੀ ਬਿਗੜ ਗਏ, ਜੋ ਅਤੀ ਲੁਟੇਰੇ ਸੇ, ਤੇ ਹੁਣ ਭੀ ਉਨ੍ਹਾਂ ਦੀ ਦਿਨੇ, ਰਾਤੀ ਤਿਨ ਤਿਨ ਵਾਰੀ ਹਾਜਰੀ ਲਈ ਜਾਂਦੀ ਹੈ। ਜਦ ਸਰਕਾਰ ਨੇ ਜਹਾਜ਼ੀ ਤੋਪਾਂ ਨਾਲ ਉਨ੍ਹਾਂ ਨੂੰ ਮਾਰ ਕੇ ਕਿਲੇ ਨੂੰ ਢਾਹਿਆ ਤਾਂ ਸੁਇਨੇ ਦੇ ਲੱਠੇ ਤੇ ਬੇਸ਼ੁਮਾਰ ਖਜ਼ਾਨਾ ਨਿਕਲਿਆ, ਜੋ ਅੰਗ੍ਰੇਜ ਵਲਾਇਤ ਨੂੰ ਲੈ ਗਏ ਏਹ ਗੱਲ ਉਥੇ ਆਮ ਮਸ਼ਹੂਰ ਹੈ।— ੨ ਏਸ ਰਣ ਵਿਚ ਤੁਰਕਾਂ ਦੀ ਫੌਜ ਛੀ ਮਹੀਨੇ ਭੁੱਲੀ ਫਿਰੀ ਤੇ ਬਹੁਤ ਮਰ ਗਈ। ਏਹ ਨਿਮਕ ਦੀ ਭੂਮੀ ਸਮੁੰਦ੍ਰ ਦੇ ਕੰਢੇ ਸੈਂਕੜੇ ਕੋਹਾਂ ਵਿਚ ਉਜਾੜ ਪਈ ਹੈ।— ੩ ਏਹ ਗੁਸਾਂਈ ਸਰਕਾਰ ਸਦਾਉਂਦਾ ਹੈ

Digitized by Panjab Digital Library | www.panjabdigilib.org

ਓਥੋਂ ਤੁਰ ਲਖਪਤ ਭੁਜ ਕੇ ਦੇਸ, ਇਲਾਕੇ ਦੇਖ, ਆਸਾਪੂਰਨ ਦੇਵੀ ਦੇ ਅਸਥਾਨ ਪਹੁੰਚੇ ਤਾਂ ਤਾਂ ਉਸ ਦੇਸ ਵਿਚ ਜੋ ਕਾਪੜੀਆ ਪੰਥ ਬਹੁਤ ਹੈ ਉਨ੍ਹਾਂ ਨਾਲ ਚਰਚਾ ਹੋਈ ਤੇ ਉਨ੍ਹਾਂ ਤੋਂ ਦੇਵੀ ਦੀ ਉਪਾਸ਼ਨਾ ਛੁੜਾ ਕੇ ਅਕਾਲ ਪੁਰਖ ਦਾ ਨਾਮ ਜਪਾਇਆ। ਉਨ੍ਹਾਂ ਦਾ ਸਾਰਾ ਹਾਲ ਪੰਜਵੇਂ ਹਿੱਸੇ ਵਿਚ ਲਿਖਿਆ ਹੈ।

ਏਸੇ ਤਰਾਂ ਹੋਰ ਬੇਅੰਤ ਜੀਵਾਂ ਦਾ ਉਧਾਰ ਕਰਦੇ, ਨਾਰਾਯਣ ਸਰੋਵਰ[1], ਕੂਟੇਸ੍ਵਰ[2] ਮਹਾ ਦੇਵਾਦਿਕ ਨਾਮੀ ਗਿਰਾਮੀ ਮਕਾਨਾਂ, ਤੀਰਥਾਂ, ਸ਼ਹਿਰਾਂ ਦਾ ਸੈਲ ਕਰਦੇ ਹੋਏ ਅਟੋਸਿੰਧ ਦੇ ਕਿਨਾਰੇ ੨ ਧਰਣੀਧਰ ਦੀ ਝਾੜੀ ਦੇਖ, ਅੱਲਾਯਾਰਖਾਂ ਦੇ ਟੰਡੇ ਆਣੂੰ ਤੇ ਅਮਰਕੋਟ ਆਦਿਕ ਸ਼ਹਿਰ ਬਲ੍ਹਾਂ ਦੇ ਦੇਸ ਦਾ ਝਾਕਾ ਲੈਂਦੇ ਹੋਏ, ਅਹਿਮਦਪੁਰ, ਖਾਨਪੁਰ, ਬਹਾਵਲ ਪੁਰ ਦਾ ਰਾਜ ਤੇ ਸਤਲੁਜ ਲੰਘ ਕੇ, ਸ਼ੁਜਾਵਾਦ, ਸ਼ੇਰਸ਼ਾਹ ਆਦਿਕ ਕਸਬੇ ਦੇਖ, ਉਚ[3] ਵਾਲੇ ਪੀਰ ਸੱਯਦ ਅਹਿਮਦ ਹਸਨ, ਜਲਾਲਦੀਨ ਪਰ ਫਤੇ ਪਾ, ਮੁਲਤਾਨ[4] ਵਿਚ ਜਾ ਪ੍ਰਹਿਲਾਦ ਭਗਤ ਦਾ ਅਸਥਾਨ ਤੇ ਸ਼ੰਮਸ ਤਬ੍ਰੇਜ਼ ਆਦਿਕ ਪੀਰਾਂ ਦੇ ਮਕਾਨ ਦੇਖ, ਦਰਿਆ ਦੇ ਨਜ਼ਦੀਕ ਜਾ ਬੈਠੇ। — ਮੁਲਤਾਨ ਦੇ ਰਹਿਨ ਵਾਲਿਆਂ ਪੀਰਾਂ ਨੇ ਜਦ ਗੁਰੂ ਸਾਹਿਬ ਦਾ ਆਗਮਨ ਸੁਣਿਆਂ ਤਾਂ ਇਕ ਪਿਆਲਾ ਦੁੱਧ ਦਾ ਭਰ ਕੇ ਘੱਲ ਦਿੱਤਾ ਜਿਸ ਵਿਚ ਬਾਬਾ ਜੀ ਨੇ ਪਤਾਸੇ ਪਾ, ਉੱਤੇ ਫੁੱਲ ਰੱਖ, ਮੋੜ ਭੇਜਿਆ। ਤਾਂ ਮਰਦਾਨੇ ਨੇ ਆਖਿਆ ਜੀ ਦੁੱਧ, ਪੱਤ ਆਏ ਹੋਏ ਭੀ ਕਿਸੇ ਨੇ ਕਦੀ ਮੋੜੇ ਹਨ, ਤੁਸੀਂ ਮੈਨੂੰ ਹੀ ਦੇ ਛਡਦੇ।

ਤੇ ਜੱਦਿਆਪਿ ਓਥੇ ਹੋਰ ਭੀ ੯ ਮਠ ਬੜੇ ੨ ਧਨੀ ਗੁਸਾਂਈਆਂ ਦੇ ਹਨ ਪਰ ਏਸ ਜਿਤਨੀ ਦੌਲਤ ਉਸ ਦੇਸ ਦੇ ਰਾਜ ਭਾਗਮਲ ਦੇ ਖਜ਼ਾਨੇ ਵਿੱਚ ਭੀ ਨਹੀਂ, ਜਿਸ ਦੀ ਭੁਜ ਸ਼ਹਿਰ ਰਜਧਾਨੀ ਹੈ। ਏਸ ਗੁਸਾਂਈ ਦੇ ਜਿਮੀਦਾਰੇ ਦੇ ਬਹੁਤ ਪਿੰਡ ਹਨ ਤੇ ਬੰਬਈ ਕਲਕੱਤੇ ਆਦਿਕ ਸ਼ਹਿਰਾਂ ਵਿਚ ਕੋਠੀਆਂ ਹਨ।

1 ਉਨਾ ਦੇਸਾਂ ਦੇ ਸਭ ਹਿੰਦੂ ਗਯਾ, ਪਹੋਏ ਵਾਂਗੂੰ ਓਥੇ ਪਿੰਡ ਭਰਾਂਉਦੇ ਹਨ ਤੇ ਇਸਨਾਨ ਕਰ ਕੇ ਪਿਤਰਾਂ ਦੀ ਗਤੀ ਹੋਈ ਮੰਨਦੇ ਹਨ। 2 ਏਸ ਕੂਟੇਸ੍ਵਰ ਮਹਾਦੇਵ ਦੀ ਛਾਪ ਦਾ ਦਾਗ ਗੁਸਾਂਈ ਆਦਿਕ ਫਕੀਰ ਹਿੰਗਲਾਜ ਪਰਸ ਕੇ ਬਾਂਹੀਂ ਉੱਤੇ ਲਗਵਾਂਉਦੇ ਹਨ ਤੇ ਬੜਾ ਮਹਾਤਮ ਗਿਣਦੇ ਹਨ।

3 ਏਹ ਕਸਬਾ ਅਨਾਯਤੁੱਲਾ ਲੰਗਾਦੇ ਰਾਜਾ ਨੇ ਸੰ: ੧੫੨੦ ਬਿ: ਵਿਚ ਬਸਾਯਾ ਸੀ ਜਿਸ ਵਿਚ ਸੱਯਦ ਅਹਿਮਦ ਹਸਨ ਪੀਰ ਦੀ ਔਲਾਦ ਬਹੁਤ ਹੈ ਤੇ ਉਹ ਭੀ ਸੰ ੧੫੬੩ ਬਿ: ਵਿੱਚ ਓਥੇ ਹੀ ਗੁਜ਼ਰਿਆ ਹੈ, ਉੱਚੀ ਜਗਾ ਥੇਹ ਪਰ ਬਸਣੇ ਕਰ ਉੱਚ ਨਾਮ ਮਸ਼ਹੂਰ ਹੋਗਿਆ। ਏਸੇ ਥਿੰਡ ਦੇ ਪੀਰ ਗੁਰੂ ਗੋਬਿੰਦ ਸਿੰਘ ਜੀ ਸਦਾਏ ਸੇ।

4 ਮੁਲਤਾਨ ਮੌਲਤ ਰਾਜਾ ਨੇ ਬਸਾਯਾ ਸੀ ਜਿਸ ਦੀ ਸੰਤਾਨ ਹਿਰਨਕੱਸਪ ਰਾਜਾ ਪ੍ਰਹਿਲਾਦ ਦਾ ਬਾਪ ਰਿਸ਼ੀ ਵਾਂਗੂੰ ਆਪਨੂੰ ਹੀ ਪਰਮੇਸ੍ਵਰ ਸਦਾਂਉਦਾ ਸੀ, ਪ੍ਰਹਿਲਾਦ ਈਸ੍ਵਰ ਦੀ ਉਪਾਸਨਾ ਕਰਦਾ ਸੀ ਏਸਨੂੰ ਦੁਖ ਦਿੱਤਾ ਤਾਂ ਨਰਸਿੰਘ ਜੀ ਨੇ ਉਸਨੂੰ ਮਾਰ ਦਿੱਤਾ। ਇਲਮ ਤਵਾਰੀਖ ਵਾਲੇ ਆਖਦੇ ਹਨ ਉਹ ਅੱਧਾ ਸ਼ੇਰ, ਅੱਧਾ ਆਦਮੀ ਨਹੀਂ ਸੀ। ਨਰਸਿੰਘ ਨਾਮੀ ਇਕ ਬਹਾਦਰ ਆਦਮੀ ਤੇ ਪ੍ਰਹਿਲਾਦ ਦੇ ਪੱਖੀ ਵਜੀਰਾਂ ਨੇ ਮਰਵਾ ਦਿੱਤਾ ਸੀ।

Narayan Sarowar, Koteswar

ਗੁਰੂ ਜੀ ਬੋਲੇ ਮਰਦਾਨਿਆ ਮਰਦਾਨਾ ਹੋਰ ਤੈਨੂੰ ਹੋਰ ਦੁਧ ਬਹੁਤ ਮਿਲ ਜਾਊ, ਏਸ ਦੁੱਧ ਵਿੱਚ ਕਾਈ ਗੱਲ ਸੀ। ਮਰਦਾਨੇ ਆਖਿਆ ਜੀ ਦੁੱਧ ਤਾਂ ਨਹੀਂ ਦਿੱਤਾ ਓਹ ਗੱਲ ਤਾਂ ਦੱਸੋ ਕੀ ਸੀ। ਗੁਰੂ ਸਾਹਿਬ ਨੇ ਕਿਹਾ ਮੁਲਤਾਨੀ ਪੀਰਾਂ ਫ਼ਕੀਰਾਂ ਨੇ ਏਹ ਜਿਤਾਯਾ ਸੀ ਕੇ ਮੁਲਤਾਨ ਪੀਰਾਂ ਫਕੀਰਾਂ ਨਾਲ ਏਸ ਪਯਾਲੇ ਵਾਂਗੂ ਭਰਪੂਰ ਹੈ, ਤੁਸੀ ਕਿੱਥੇ ਰਹਿ ਸਕੋਗੇ। ਅਸੀ ਪਤਾਸੇ ਪਾ ਫੁੱਲ ਰੱਖ ਜਿਤਾਯਾ ਹੈ ਕੇ ਅਸੀ ਤੁਹਾਡੇ ਵਿਚ ਮਿੱਠੇ ਬਨ ਕੇ ਫੁਲ ਦੀ ਤਰਾਂ ਤੁਹਾਡੇ ਉੱਪਰ ਹੀ ਰਹਾਂਗੇ। ਏਹ ਗੱਲ ਸੁਣ ਮਰਦਾਨੇ ਖੁਸ਼ੀ ਹੋ, ਰਬਾਬ ਬਜਾਯਾ ਤੇ ਬਾਬੇ ਸ਼ਬਦ ਉਠਾਯਾ। (ਜੈਸੇ ਜਲ ਮੇਂ ਕਮਲ ਨਿਰਾਲਮ ਮੁਰਗਾਈ ਨੈ ਸਾਣੇ। ਸੁਰਤਿ ਸ਼ਬਦ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ।) ਏਤਨੇ ਚਿਰ ਨੂੰ ਪੀਰ ਬਹਾਵਲਹਕ, ਸ਼ਾਹ ਸ਼ਰਫ਼, ਸੱਯਦ ਅਬਦੁਲ ਕਾਦਰੀ, ਸਦਾ ਸੁਹਾਗਨ, ਰਤਨ ਨਾਥ ਜੋਗੀ, ਸਹਿਜੂ ਭਗਤ ਆਦਿਕ ਨੇ ਆਇ ਬਾਬੇ ਨੂੰ ਸਲਾਮਾ ਲੇਕ (ਆਦੇਸ ਕੀਤਾ।) ਬਾਬੇ ਜੀ ਨੇ ਭੀ ਸੱਤ ਕਰਤਾਰ ਉਚਾਰ ਦਸ੍ਤੁ ਪੰਜਲੇ ਸਭ ਨੂੰ ਬੈਠਾਯਾ ਤੇ ਏਹ ਸ਼ਬਦ ਉਠਾਯਾ। (ਸੇਵਾ ਥੋਰੀ ਮਾਂਗਨ ਬਹੁਤਾ। ਮਹਲ ਨ ਪਾਵੈ ਕਹਤੋ ਪਹੁਤਾ। ਜੋ ਪ੍ਰਿਅ ਮਾਨੇ ਤਿਨ ਕੀ ਰੀਸਾ। ਕੂੜੇ ਮੂਰਖ ਕੀ ਹਾਠੀਸਾ। ਭੇਖ ਦਿਖਾਵੈ ਸਚੁ ਨ ਕਮਾਵੈ। ਕਹਤੋ ਮਹਲੀ ਨਿਕਟਿ ਨ ਆਵੈ। ਅਤੀਤ ਸਦਾਏ ਮਾਯਾ ਕਾ ਮਾਤਾ। ਮਨ ਨਹੀ ਪ੍ਰੀਤਿ ਕਹੈ ਮੁਖ ਰਾਤਾ। ਕਹੁ ਨਾਨਕ ਪ੍ਰਭ ਬਿਨਉ ਸੁਨੀਜੈ। ਕੁਚਲ ਕਠੋਰ ਕਾਮੀ ਮੁਕ੍ਤੁ ਕਰੀਜੈ। ਦਰਸਨ ਦੇਖੇ ਕੀ ਵਡਿਆਈ। ਤੁਮ ਸੁਖਦਾਤੇ ਪੁਰਖ ਸੁਭਾਈ।) ਏਹ ਸ਼ਬਦ ਆਸਾ ਰਾਗਨੀ ਬਾਣੀ ਵਿਚ ਸੁਣ ਕੇ ਸਭ ਦੀ ਆਸਾ ਪੂਰੀ ਹੋ ਗਈ, ਜੋ ਫਕੀਰੀ ਦੇ ਅਰੰਗ ਬਰੰਗ ਪੁਛਣੇ ਨੂੰ ਮਥ ਕੇ ਆਏ ਸੇ ਓਨ੍ਹਾਂ ਸਭਨਾਂ ਦੀ ਤਸੱਲੀ ਸ਼ਬਦ ਵਿਚ ਹੀ ਸਰਬੱਗਯ ਗੁਰੂ ਜੀ ਨੇ ਕਰ ਦਿੱਤੀ। ਫੇਰ ਆਪਸ ਮੇਂ (ਹਕੀਕਤ, ਮਾਰਫਤ) ਗਯਾਨ, ਉਪਾਸ਼ਨਾ ਦੀ ਚਰਚਾ ਕਰ ਪਰਮਾਨੰਦ ਦੀ ਨਦੀ ਵਗਾਇ ਦਿੱਤੀ, ਜਿਸ ਵਿਚ ਓਨ੍ਹਾਂ ਹੀ ਮਲਾਹਾਂ ਦੇ ਸੰਗਤੀ ਗੋਤ ਲਗਾ, ਦੇਰ ਤਕ ਬੇਹੋਸ਼ ਡੁੱਬੇ ਰਹੇ। ਕਹਾਵਤ ਹੈ (ਖੂਬ ਗੁਜ਼ਰੇਗੀ ਜਬ ਮਿਲ ਬੈਠੇਂਗੇ ਦੀਵਾਨੇ ਚਖੇਂਗੇ ਮਜ਼ੇ ਵੋਹੀ ਜੋ ਹੋਂਗੇ ਬਿਹੋਸ਼ ਖਾਨੇ।) ਤਦ ਮੁਲਤਾਨੀ ਤਾਂ ਐਨ ਜਨਮ ਦਾ ਲਾਭ ਤੇ ਖੁਸ਼ੀ ਹਾਸਲ ਕਰਕੇ ਆਪਨੇ ੨ ਟਿਕਾਨੇ ਗਏ ਤੇ ਗੁਰੂ ਜੀ ਤੁਲੰਭੇ ਪਿੰਡ ਦੇ ਬਾਹਰ ਠਾਕਰ ਦ੍ਵਾਰੇ ਵਿਚ ਜਾ ਉੱਤਰੇ। ਏਥੇ ਇਕ ਸਜਣ ਨਾਮ ਠੱਗ

Digitized by Panjab Digital Library | www.panjabdigilib.org

ਵੱਸਦਾ ਸੀ ਉਸਨੇ ਮਰਦਾਨੇ ਤੇ ਗੁਰੂ ਸਾਹਿਬ ਦੇ ਸਫਰ ਦਾ ਤੇ ਸਿਵਨਾਭ ਵਰਗੇ ਰਾਜਿ
ਆਂ ਦੇ ਮਿਲਣ ਦਾ ਹਾਲ ਸੁਣਕੇ ਸਮਝਿਆ ਕਿ ਏਹ ਪਰਦੇਸਾਂ ਵਿੱਚੋਂ ਦੌਲਤ ਖੱਟ ਕੇ ਲਿ
ਆਏ ਹਨ ਸੋ ਮਰਦਾਨੇ ਦੇ ਲੱਕ ਨਾਲ ਹੀਰਾ, ਮੋਤੀ ਬਾਸਣੀ ਵਿਚ ਹੋਵੇਗਾ। ਏਹ ਸੋਚ
ਕੇ ਮਰਦਾਨੇ ਨੂੰ ਗੱਲੀਂ ਲਾ, ਦੁੱਧ ਪਿਲਾਉਣ ਦਾ ਲੋਭ ਦਿਖਾ ਆਪਣੇ ਘਰ ਲੈ ਜਾ, ਮੁਸ਼
ਕਾਂ ਚੜ੍ਹਾ, ਅੰਦਰ ਗਿਰਾ, ਮਾਰ ੨ ਕਹੇ ਖਜ਼ਾਨਾ ਬਤਾਇ। ਗੁਰੂ ਜੀ ਨੇ ਜਦ ਧਿਆਨ ਕ
ਰ ਦੇਖਿਆ ਤਾਂ ਤਤਛਿਨ ਭਾਈ ਬਾਲੇ ਨੂੰ ਨਾਲ ਲਵਾ, ਸੱਜਨ ਠੱਗ ਦੇ ਘਰ ਜਾ, ਮਰਦਾ
ਨੇ ਨੂੰ ਛੁਡਾ, ਬਦਦੁਆ ਦੇਣ ਦੀ ਜਗਾ ਠੱਗ ਦਾ ਭਲਾ ਕਰਨ ਵਾਸਤੇ ਏਹ ਸ਼ਬਦ ਉਚਾਰਿ
ਆ। (ਉੱਜਲ ਕੈਹਾ ਚਿਲਕਣਾ ਘੋਟਮ ਕਾਲੜੀ ਮਸੁ। ਧੋਤਿਆ ਜੂਠਿ ਨ ਉਤਰੈ ਜੇ
ਸਉ ਧੋਵਾ ਤਿਸੁ। ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ। ਜਿਥੈ ਲੇਖਾ ਮੰ
ਗੀਐ ਤਿਥੈ ਖੜੇ ਦਿਸੰਨਿ। ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ। ਘੁਟਿ ਘੁਟਿ ਜੀਆ
ਖਾਵਣੇ ਬਗੇ ਨਾ ਕਹੀਅਨਿ।) ਏਸ ਸ਼ਬਦ ਨੂੰ ਸੁਣਕੇ ਉਹ ਠੱਗ ਬਾਬੇ ਦੇ ਚਰਨਾਂ ਪ
ਰ ਢਹ ਪਯਾ, ਗੁਨਾਹ ਮਾਫ ਕਰਵਾਯਾ, ਅਗੇ ਨੂੰ ਸ਼ੁਭ ਕਰਮ ਤੇ ਪਰਮੇਸ਼ੁਰ ਦੀ ਭਗਤੀ
ਕਰਨ ਲੱਗਾ। ਏਸੇ ਤਰਾਂ ਏਹੋ ਜੇਹੇ ਪਾਪੀ ਗੁਰੂ ਸਾਹਿਬ ਨੇ ਏਤਨੇ ਤਾਰੇ ਹੈਂ ਜਿਤਨੇ ਆ
ਸਮਾਨ ਮੇਂ ਤਾਰੇ ਭੀ ਨਹੀਂ।

ਉਥੋਂ ਅੱਗੇ ਅਨੇਕ ਲੋਗਾਂ ਨੂੰ ਸੁਮੱਤੇ ਲਾਂਉਂਦੇ ਹੋਏ ਆਪਨੇ ਜਨਮ ਅਸਥਾਨ ਤਲਵੰਡੀ
ਵਿਚ ਆਨ ਸਖੇ ਸਬੰਧੀਆਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਰਾਇ ਬੁਲਾਰ ਬੀਮਾ
ਰ ਸੀ, ਉਸ ਦੀ ਅਤੀ ਪ੍ਰੀਤਿ ਦੇਖ ਕੇ ਉਸਦੇ ਘਰ ਜਾ ਕੇ ਦਰਸ਼ਨ ਦਿੱਤਾ, ਤੇ ਆਖਿਆ ਤੇਰੇ
੨੩ ਦਿਨ ਬਾਕੀ ਹਨ, ਸੰਸਾਰ ਦਾ ਮੋਹ ਛੱਡ ਕੇ ਕਰਤਾਰ ਦਾ ਧਿਆਨ ਧਰ, ਉਸਨੇ ਅਰਜ਼
ਕੀਤੀ ਮੈਂ ਨਿਹਾਲ ਹੋਯਾ, ਅੰਤ ਦੇ ਦਿਨ ਤਾਂਈ ਏਥੇ ਹੀ ਦਰਸ਼ਨ ਦੇਓ। ਗੁਰੂ ਜੀ ਦਾ ਆਗ
ਮਨ ਸੁਨਕੇ ਉਸ ਦੇਸ ਦੇ ਸਿੱਖ ਸੰਤ ਬੇਅੰਤ ਲੋਗ ਦਰਸ਼ਨ ਨੂੰ ਆਉਣ ਲੱਗੇ, ਭੀੜ ਲੱ
ਗੀ ਰਹੇ, ਲੰਗਰ ਸਭ ਨੂੰ ਮਿਲੇ। ਰਾਇ ਨੇ ਬਹੁਤ ਸੇਵਾ ਕਰੀ। — ਮੂਲਚੰਦ ਸਿਰੀ
ਚੰਦ ਜੀ ਦਾ ਨਾਨਾ ਭੀ ਸੁਣਕੇ ਉਥੇ ਆ ਪਹੁੰਚਿਆ। ਗੁਰੂ ਜੀ ਅਗੇ ਸਭ ਸਬੰਧੀਆਂ ਨੇ
ਬੇਨਤੀ ਕੀਤੀ। ਸਿਰੀ ਚੰਦ ਹੋਰਾਂ ਨੂੰ ਕਿਤੇ ਬਸਾਉਣਾ ਚਾਹੀਏ, ਨਾਨਕੇ ਘਰ ਕਦ ਤਕ
ਬੈਠੇ ਰਹਿਣਗੇ। ਬਾਬਾ ਜੀ ਉਨ੍ਹਾਂ ਦਾ ਬਚਨ ਮੰਨਕੇ, ਰਾਇ ਨੂੰ ਅੰਤਮ ਦਰਸ਼ਨ ਦੇ ਨਿ
ਹਾਲ ਕਰ ਭਾਗਵੀ ਕੋਰ ਆਦਿਕ ਮਕਾਨਾਂ ਵਿਚ ਵਿਚਰਦੇ ਹੋਏ, ਨਾਰੰਗਵਾਲ, ਦੂਦੇ

Digitized by Panjab Digital Library | www.panjabdigilib.org

ਪਿੰਡ ਦੇ ਨੇੜੇ ਇਕ ਜੰਗਲ ਵਿੱਚ ਰਾਵੀ ਦੇ ਪੱਛਮੀ ਕਿਨਾਰੇ ਜਾ ਬੈਠੇ। ਦੂਦੇ ਗੋਤ ਦੇ ਜੱਟ
ਸੇਵਾ ਕਰਦੇ ਰਹੇ, ਗੁਰੂ ਜੀ ਪਾਸ ਓਸ ਗਿਰਦਨਵਾ ਦੇ ਸੰਤ, ਭਗਤ ਪੀਰ, ਫਕੀਰ, ਹਾਕ
ਮ ਆਉਣ ਲੱਗੇ, ਤੇ ਰੌਣਕ ਬਣੀ ਰਹੇ, ਓਥੋਂ ਦੇ ਜ਼ਿਮੀਦਾਰਾਂ ਨੇ ਬਾਬੇ ਨੂੰ ਟਿਕਾਉਣ ਲ
ਈ ਇਕ ਪਿੰਡ ਦੀ ਜ਼ਮੀਨ ਦਿੱਤੀ ਤੇ ਬਾਬੇ ਨੇ ਕਰਤਾਰਪੁਰ ਨਾਮ ਰੱਖ ਕੇ ਪਿੰਡ ਦੀ ਮੋੜ੍ਹੀ
ਗੱਡੀ। ਓਸ ਪਰਗਨੇ ਕਲਾਨੌਰ ਦਾ ਹਾਕਮ ਕਰੋੜੀ ਮਲ ਲਾਹੌਰੀ ਖੱਤ੍ਰੀ ਜੋ ਮਹਾ
ਰਾਜੇ ਰਣਜੀਤ ਸਿੰਘ ਦੇ ਬਖਸ਼ੀ ਭਗਤ ਰਾਮ ਦਾ ਵਡਾ ਸੀ ਓਸ ਨੇ ਪਿੰਡ ਦਾ ਪੱਟਾ ਲਿ
ਖ ਦਿੱਤਾ ਤੇ ਗਿਰਦਨਿਵਾਹੀ ਦੇ ਜਟਾਂ ਤੋਂ ਤੇ ਆਪ ਮਦਦ ਦੇ ਦਿਵਾ ਕਰ ਬਹੁਤ ਸ਼ਿਤਾਬੀ
ਪਿੰਡ ਦੀ ਰੌਣਕ ਆਬਾਦੀ ਕਰ ਦਿੱਤੀ। ਧਰਮਸਾਲਾ, ਹਵੇਲੀਆਂ, ਮਕਾਨ ਲੰਗਰ
ਵਾਸਤੇ ਛੱਤ ਦਿੱਤੇ। ਗੁਰੂ ਜੀ ਦੇ ਬੁਲਾਏ ਹੋਏ ਮਾਤਾ ਪਿਤਾ ਤਲਵੰਡੀਓਂ ਤੇ ਬੀਬੀ ਨਾਨ
ਕੀ ਜੀ ਸੁਲਤਾਨਪੁਰੋਂ ਆਉਂਦੀ ਹੋਈ ਪੱਖੋ ਕੇ ਪਿੰਡ ਤੋਂ ਸੁਲੱਖਣੀ ਜੀ ਨੂੰ ਸ੍ਰੀਚੰਦ, ਲੱ
ਖਮੀਚੰਦ ਸਮੇਤ ਰੱਥ ਵਿਚ ਬੈਠਾ ਕੇ ਲੈ ਆਈ। ਬੜੇ ਉਤਸ਼ਾਹ ਨਾਲ ਸਬ ਸਬੰਧੀ
ਕੱਠੇ ਹੋ ਬੈਠੇ। ਪਿੰਡ ਦੀ ਚੱਠ ਦਾ ਵੱਡਾ ਭਾਰੀ ਜੱਗ ਕੀਤਾ। ਗੁਰੂ ਸਾਹਿਬ ਦੇ ਬਰਸ
ਤਕ ਕਾਮੇ ਰੱਖ ਕੇ ਖੇਤੀ ਕਰਾਂਉਂਦੇ ਰਹੇ, ਤੇ ਲੰਗਰ ਚਲਾਉਂਦੇ ਰਹੇ। ਦੇਸੋਂ ਬਿਦੇਸੋਂ ਬਾ
ਬੇ ਦੇ ਸੇਵਕ ਆਉਣ, ਨਜ਼ਰ ਭੇਟਾ ਲੰਗਰ ਵਿਚ ਪਾਉਣ ਤੇ ਬਾਬੇ ਦਾ ਸਤਸੰਗ ਦਰ
ਸਨ ਕਰ ਕੇ, ਮਨੋਰਥ ਸਿੱਧ ਕਰ ਸਿਧਾਉਣਾ।

## ਸ੍ਰੀ ਗੁਰੂ ਨਾਨਕ ਜੀ ਦੀ ਤੀਸਰੀ ਉਦਾਸੀ

ਸੰਮਤ ੧੫੭੧ ਬਿੱਕ੍ਰਮੀ ਵਿਚ ਫੇਰ ਗੁਰੂ ਸਾਹਿਬ ਭਾਈ ਬਾਲੇ ਮਰਦਾਨੇ ਨੂੰ ਨਾਲ
ਲੈ ਉੱਤ੍ਰਾਖੰਡ ਦੇ ਸੈਲ ਕਰਨ ਵਾਸਤੇ ਕਰਤਾਰਪੁਰੋਂ ਚਲ ਪਰਗਨੇ ਕਲਾਨੌਰ, ਸੁਜਾਨ
ਪੁਰ, ਗੁਰਦਾਸਪੁਰ, ਦਸੂਹੇ[੧] ਦਾ ਸੈਲ ਕਰ ਅਨੇਕ ਕੌਤਕ ਦੇਖੇ। ਤੇ ਪਹਾੜਾਂ ਵਿਚੋਂ ਦੀ

੧ ਏਹ ਦਸੂਹਾ ਰਾਜਾ ਬੈਰਾਠ ਦੀ ਰਜਧਾਨੀ ਸੀ ਪਾਂਡਵਾਂ ਨੇ ਏਥੇ ਲੁਕ ਕੇ ਓਹ ਦਸੌਂਟੇ ਦਾ ਬਰਸ ਕੱਟਿਆ ਸੀ, ਜਿਸ
ਵਿਚ ਏਹ ਸ਼ਰਤ ਸੀ ਕਿ ਜੇ ਕਰ ਪਾਂਡਵ ਏਸ ਸਾਲ ਵਿਚ ਸਹੀ ਹੋ ਜਾਣ ਤਾਂ ਫੇਰ ੧੨ ਬਰਸ ਬਨਬਾਸ ਭੋਗ
ਣਾ। ਏਸ ਕਰ ਕੇ ਪਾਂਡਵ ਜੁਧਿਸ਼੍ਟਰ ਪਾਸੇ ਦਾ ਖਿਲਾਰੀ, ਭੀਮਸੈਨ ਲਾਗਰੀ, ਅਰਜਨ ਹੀਜੜਾ, ਦ੍ਰੋਪਤੀ ਨਾਇ
ਣ, ਨਕੁਲ ਘੋੜਿਆਂ ਦਾ ਬੈਦ, ਸਹਿਦੇਵ ਜੋਤਸ਼ੀ ਏਸ ਤਰਾਂ ਕੁਛ ਦ ਬਨਾਵਟ ਬਣ ਕੇ ਏਥੇ ਰਹੇ।

Digitized by Panjab Digital Library | www.panjabdigilib.org

ਤਲੋਕਨਾਥ[੧], ਪਾਲਮਪੁਰ, ਘੁਮੇਰਨ, ਕਾਂਗੜੇ[੨] ਹੁੰਦੇ ਹੋਏ, ਜ੍ਵਾਲਾਮੁਖੀ[੩] ਦੇਵੀ ਦੇ ਮੰਦਰ ਪਾਸ ਜਾ ਉਤਰੇ ਜਿੱਥੇ ਹੁਣ ਗੋਰਖ ਡਿੱਬੀ ਤੋਂ ਉਪਰ ਧਰਮਸਾਲਾ ਹੈ ਤੇ ਅਰਜਨ

੧ ਏਥੇ ਸਾਰੇ ਪਹਾੜਾਂ ਦਾ ਹਾਕਮ ਜਦ ਸਰਦਾਰ ਲੈਣਾ ਸਿੰਘ ਮਜੀਠੇ ਵਾਲਾ ਸੰਮਤ ੧੮੯੧ ਬਿ: ਵਿਚ ਹੋ ਯਾ ਸੀ ਉਸ ਨੂੰ ਸੁਪਨੇ ਵਿਚ ਮਾਲੂਮ ਹੋਯਾ ਤਾਂ ਉਸੇ ਥਾਂ ਗੁਰੂ ਕੀ ਜਗਾ ਬਨਵਾ ਕੇ ਸ੍ਰੀ ਗ੍ਰੰਥ ਸਾਹਿਬ ਖੁਲ੍ਹਵਾ ਦਿੱਤੇ ਜੋ ਹੁਣ ਤਾਂਈ ਉਥੇ ਪੜ੍ਹੀਦੇ ਹਨ ਜਾਗੀਰ ਗੁਜ਼ਾਰਾ ਉਨ੍ਹਾਂ ਨੂੰ ਹਮੇਸ਼ਾਂ ਵਾਸਤੇ ਦੇ ਗਿਆ ਹੈ।

੨ ਏਥੇ ਮਹਾਂ ਮਾਯਾ ਦੇਵੀ ਦਾ ਮੰਦਰ ਹੈ ਇਸ ਪਰ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਇਨਾ ਚੜ੍ਹਾਯਾ ਹੈ ਜਿਸ ਕਰਕੇ ਮੰਦਰ ਬਹੁਤ ਸੁੰਦ੍ਰ ਹੋ ਗਿਆ ਹੈ। ਏਥੇ ਹੀ ਇਕ ਕਿਲਾ ਪਹਾੜ ਪਰ ਕਾਂਗੜ ਰਾਜਾ ਦਾ ਬਨਾਯਾ ਹੋਯਾ ਦੋ ਨਦੀਆਂ ਦੇ ਵਿਚਕਾਰ ਪੰਜ ਦਰਜੇ ਉੱਚਾ ਤੇ ਬਹੁਤ ਚੌੜਾ ਐਸਾ ਮਜ਼ਬੂਤ ਹੈ ਜਿਸ ਦੇ ਸਮਾਨ ਹੋਰ ਕੋਈ ਕਿਲਾ ਨਹੀਂ ਉਸੇ ਰਾਜੇ ਦੇ ਨਾਮ ਪਰ ਏਹ ਸ਼ਹਿਰ ਤੇ ਪਹਾੜ, ਕਿਲਾ ਮਸ਼ਹੂਰ ਹਨ।

੩ ਜ੍ਵਾਲਾ ਨਾਮ ਅੱਗ ਦਾ ਹੈ ਜੋ ਇਕ ਲਾਟ ਬਹੁਤ ਮੋਟੀ ਜ੍ਵਾਲਾਮੁਖੀ ਹਮਨ ਕੁੰਡ ਵਿਚ, ਦੂਸਰੀ ਹਿੰਗਲਾਜ ਕੋਨੇ ਵਿਚ, ਤੀਸਰੀ ਆਦਸਕਤੀ ਹਿੰਗਲਾਜ ਦੇ ਪਾਸ ਹੀ ਆਲ੍ਹੇ ਵਿਚ ਏਹ ਤਿੰਨ ਜਗਾ ਤੇ ਤਿੰਨਾਂ ਨਾਮਾਂ ਵਾਲੀਆਂ ਲਾਟਾਂ ਮੰਦ੍ਰ ਵਿਚ ਪ੍ਰਗਟ ਹਨ ਤੇ ਨਜ਼ਰ ਭੇਟਾ ਆਦਿ ਸ਼ਕਤੀ ਅੱਗੇ ਧਰਾਂਉਂਦੇ ਹਨ ਇਸ ਪਰ ਭੀ ਸੁਇਨਾ ਮਹਾਰਾਜੇ ਰਣਜੀਤ ਸਿੰਘ ਨੇ ਚੜ੍ਹਾਯਾ ਹੈ। ਚੌਥੀ ਲਾਟ ਮੰਦਰ ਦੇ ਬਾਹਰ ਪੱਛਮ ਦੀ ਤਰਫ ਹੈ। ਪੰਜਮੀ ਗੋਰਖ ਡਿੱਬੀ ਵਿਚ, ਛੀਵੀਂ ਸਿਵ ਸ਼ਕਤੀ ਦੇ ਮੰਦਰ ਵਿਚ, ਏਹ ਸਭ ਲਾਟਾਂ ਕੁਦਰਤੀ ਦੀਵੇ ਵਾਂਗੂੰ ਬਲਦੀਆਂ ਹਨ। ਜਦ ਕੋਈ ਬੰਦ ਹੋ ਜਾਂਦੀ ਹੈ ਤਾਂ ਉਸੇ ਖੁੱਡ ਵਿੱਚ ਬੱਤੀ ਜਗਾ ਕੇ ਦਿਖਾਉਣ ਨਾਲ ਫੇਰ ਜਾਗ ਉਠਦੀ ਹੈ ਏਸ ਅੱਗ ਨੂੰ ਹਿੰਦੀ ਵਿਚ ਜ੍ਵਾਲਾਮੁਖੀ, ਅੰਗ੍ਰੇਜ਼ੀ ਵਿਚ ਵਾਲਕੇਨੋ, ਫਾਰਸੀ ਵਿਚ ਸ਼ੋਲੇ ਆਖਦੇ ਹਨ। ਗੋਰਖ ਡਿੱਬੀ ਇਕ ਕੁੰਡ ਦਾ ਨਾਮ ਹੈ ਓਹ ਮੰਦਰ ਦੇ ਅੰਦਰ ਹੈ। ਫੁੱਲ ਪੱਤੇ, ਪਤਾਸੇ ਲੋਗ ਪਾਂਉਂਦੇ ਰਹਿੰਦੇ ਹਨ ਏਸ ਕਰਕੇ ਉਸ ਵਿਚੋਂ ਜ਼ਰਾ ੨ ਬੁੜ ਬੁੜੇ ਉਠਦੇ ਹਨ ਤੇ ਜੋਗੀ ਆਖਦੇ ਹਨ ਏਹ ਗੋਰਖ ਦੀ ਹਾਂਡੀ ਰਿੱਝਦੀ ਹੈ ਮੇਲੇ ਵਿੱਚ ਪੈਸਾ ਲੈ ਕੇ ਦੇਖਣ ਦਿੰਦੇ ਹਨ। – ਹਿੰਦੂ ਤਿਮਰ ਨਾਸਕ ਵਿਚ ਲਿਖਿਆ ਹੈ ਕੇ ਕਰਸ੍ਤਾਨ ਮੁਲਕ ਵਿਚ ਕਾਪੀਸਨ ਦੇ ਪਹਾੜ ਪਾਸ ਬਾਕੂ ਨਾਮ ਸ਼ਹਿਰ ਦੇ ਪੂਰਬ ਦੀ ਤਰਫ ਜ਼ਮੀਨ ਵਿਚ ਜਿੱਥੇ ਕਿਤੇ ਤੇੜ ਯਾ ਖੱਡ ਹੁੰਦੀ ਹੈ ਉਥੋਂ ਹੀ ਅੱਗ ਨਿਕਲ ਪੈਂਦੀ ਹੈ ਉਥੇ ਬੇਸ਼ੁਮਾਰ ਲਾਟਾਂ ਪ੍ਰਗਟ ਹਨ ਬਲਕੇ ਸ਼ਹਿਰ ਦੇ ਲੋਗ ਨਲਕਿਆਂ ਦ੍ਵਾਰਾ ਬਡੇ ੨ ਭਾਂਬੜਾਂ ਨੂੰ ਅਪਣੇ ਘਰਾਂ ਵਿੱਚ ਲਿਆ ਕੇ ਰੌਸ਼ਨੀ ਦਾ ਤੇ ਰੋਟੀ ਪਕਾਉਣ ਆਦਿਕ ਸਭੇ ਕੰਮ ਲੈਂਦੇ ਹਨ। ਹੋਰ ਇਕ ਵੱਡਾ ਹੌਜ਼ ਪੱਥਰ ਦਾ ਬਣਾ ਕੇ ਬਹੁਤ ਲਾਟਾਂ ਅੱਗ ਦੀਆਂ ਛਿੱਦ੍ਰਾਂ ਦ੍ਵਾਰੇ ਉਸ ਵਿਚ ਪ੍ਰਗਟ ਕਰ ਰੱਖੀਆਂ ਹਨ। ਮੁਰਦੇ ਨੂੰ ਘਿਉ ਨਾਲ ਨੁਲ੍ਹਾਇ ਕੇ ਉਸ ਵਿਚ ਸਿਟ ਦੇਂਦੇ ਹਨ ਓਹ ਸੜ ਜਾਂਦਾ ਹੈ ਉਸ ਦਾ ਨਾਮ ਮਹਾਂ ਜ੍ਵਾਲਾ ਹੈ। – ਹੋਰ ਇਕ ਜਗਾ ਕੱਛ ਮੁਲਕ ਵਿਚ ਹੈ ਆਸਾਪੁਰਾ ਦੇਵੀ ਦੇ ਮਕਾਨ ਤੋਂ ਦੂਰ ਦੂਰ ਤਕ ਉਸ ਟੇਕਰੀ ਦੀ ਜ਼ਮੀਨ ਵਿੱਚੋਂ ਬੇਅੰਤ ਤੌਰ ਤੇ ਸੁਗੰਧੀ ਵਾਲਾ ਧੂੰਆਂ ਹਰ ਵਕਤ ਨਿਕਲਦਾ ਹੈ ਤੇ ਭੱਠੀ ਸਮਾਨ ਜ਼ਮੀਨ ਤਪਦੀ ਹੈ ਉਸ ਜਲੀ ਹੋਈ ਸੁਗੰਧੀ ਵਾਲੀ ਮਿੱਟੀ ਨੂੰ ਦੇਵੀ ਦੀ ਧੂਪ, ਪ੍ਰਸਾਦ ਸਮਝ ਕੇ ਜਾਤ੍ਰੂ ਲੋਗ ਲੈ ਜਾਂਦੇ ਹਨ। ਹੋਰ ਇਕ ਗਿਰਨਾਰ ਪਰਬਤ ਤੋਂ ਦੱਖਣ ਦੀ ਤਰਫ ਇਕ ਪਹਾੜੀ ਲੋਵਨ ਦੀ ਖਾਣ ਹੈ ਉਸ ਦੇ ਦਸ ੨ ਕੋਸ ਚੁਫੇਰੇ ਦੀ ਜ਼ਮੀਨ ਵਿੱਚ ਸੁਗੰਧੀ ਹੈ। ਏਹੋ ਦੇ ਜਗਾ ਤਾਂ ਕੁਦਰਤੀ ਜ਼ਮੀਨ ਦੀ ਖਸਲਤ ਗ੍ਰੰਥ ਕਰਤਾ ਨੇ ਭੀ ਦੇਖੀ ਹੈ ਤੇ ਜ੍ਵਾਲਾ ਮੁਖੀ ਵਾਂਗੂ ਹੋਰ ਭੀ ਜਜ਼ੀਰੇ ਸਵਾਲ ਵਿਚ . ਗਾਹੂ ਦੇ ਪਹਾੜ ਵਿੱਚੋਂ ਅਗ ਨਿਕਲਦੀ ਹੈ ਏਹ ਬਾਤ ਇਕ ਕਿਤਾਬ ਵਿਚ ਲਿਖੀ ਹੈ। – ਏਸ ਜ੍ਵਾਲਾ ਜੀ ਦੇ ਮੰਦਰ ਦੀ ਲਾਟ ਬਾਬਤ ਖਾਣੀਆਂ

Digitized by Panjab Digital Library | www.panjabdigilib.org

ਨਾਗੇ ਦਾ ਮਕਾਨ ਭੀ ਓਸੇ ਪਰਬਤ ਪਰ ਹੈ ਜਿਸਨੂੰ ਗਿਆਨ ਦਾ ਉਪਦੇਸ਼ ਕੀਤਾ ਸੀ। ਓਥੋਂ ਚਲਕੇ ਮੰਡੀ ਵਾਲੇ ਰਾਜਾ ਨੂੰ ਪਾਖਾਨ ਪੂਜਾ ਤੋਂ ਹਟਾ, ਸੱਚੇ ਪ੍ਰਭੂ ਦੀ ਭਗਤੀ ਦ੍ਰਿੜ ਕਰਾ, ਰਵਾਲਸਰ[1] ਪਹੁੰਚੇ, ਏਥੇ ਪਰ੍ਹ ਪਾਣੀ ਹੋ ਜਾਂਦਾ ਹੈ ਤੇ ਇਕ ਵੱਡਾ ਝੀਲ ਹੈ, ਇਸ ਵਿਚ ਨਿੱਕੇ ਵੱਡੇ ਸੱਤ ਟਿੱਲੇ ਪੱਥਰ ਝਾੜ੍ਹ ਦੇ ਤਰਦੇ ਫਿਰਦੇ ਹਨ। ਏਹ ਕੁਦਰਤ ਕਰਤਾਰ ਦੀ ਦੇਖਦੇ ਹੋਏ, ਰਵਾਲਸਰੋਂ ਤੁਰ, ਚੰਬੇ ਦਾ ਸੈਲ ਕਰ, ਬਿਆਸਾ ਉਤਰ, ਨਦੋਣ ਦੀ ਤਰਫ਼ ਮੁੜ ਆਏ ਤੇ ਦੂਣ, ਕਹਿਲੂਰ ਨੂੰ ਦੇਖਦੇ ਹੋਏ, ਕੀਰਤ ਪੁਰ ਦੇ ਪਾਸ, ਪਹਾੜ ਵਿੱਚ ਆਏ, ਫਕੀਰ ਬੁੱਢਣ ਸ਼ਾਹ ਨਾਮ ਸੰਤ ਜੋ ਗੁਰੂ ਜੀ ਦੀ ਮਹਿਮਾ ਸੁਣਕੇ ਦਰਸ਼ਨ ਦਾ ਅਭਿਲਾਖੀ ਹੋ ਰਿਹਾ ਸੀ ਓਸਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਤੇ ਆਪਸ ਵਿੱਚ ਗਿਆਨ ਚਰਚਾ ਕਰ ਅਤੀ ਅਨੰਦ ਭਏ। ਓਹ ਮੂਸੇ ਪੈਗੰਬਰ ਵਾਂਗੂ ਬਕ

ਖਾਣੀਆਂ ਦੀ ਪਛਾਣ ਦੀ ਵਿੱਦਿਆ ਵਾਲੇ ਇਉਂ ਆਖਦੇ ਹਨ ਕੇ ਏਹ ਆਤਸ਼ੀ ਪੌਣ (ਹੀਡ੍ਰੋਜਨਗੈਸ) ਗੰਧਕ ਆਦਿਕ ਧਾਤੂ ਦੀ ਖਾਣਿ ਵਿਚ ਪੈਦਾ ਹੋ ਕਰ ਪਹਾੜ ਦੇ ਅੰਦਰੇ ਅੰਦਰ ਏਥੇ ਆਕਰ ਜ਼ਮੀਨ ਦੇ ਸੂਰਾਖਾਂ ਵਿਚੋਂ ਪ੍ਰਗਟ ਹੋ ਰਹੀ ਹੈ। ਜੈਸੇ ਬੋਤਲ ਵਿਚ ਥੋੜਾ ਜੇਹਾ ਲੋਹ ਚੂਨ ਤੇ ਗੰਧਕ ਦਾ ਤੇਜ਼ਾਬ ਉਪਰੋਂ ਪਾਉਣੇ ਕਰ ਹੀਡ੍ਰੋਜਨਗੈਸ ਬਣਕੇ ਏਹੋ ਜੇਹੀ ਆਤਸ਼ੀ ਪੌਣ ਨਿਕਲ ਪੈਂਦੀ ਹੈ ਜੈਸੇ ਮੰਦਰ ਵਿਚ ਲਾਟ ਬੰਦ ਹੋਈ ਬੱਤੀ ਦਿਖਾਉਣੇ ਤੇ ਫੇਰ ਬਲ ਉਠਦੀ ਹੈ ਤੈਸੇ ਬੋਤਲ ਦੇ ਮੂੰਹ ਪਾਸ ਬਲਦੀ ਹੋਈ ਬੱਤੀ ਕਰੀਏ ਤਾਂ ਬੋਤਲ ਵਿਚ ਭੀ ਅੱਗ ਭੜਕ ਉਠਦੀ ਹੈ। — ਜ੍ਵਾਲਾਮੁਖੀ ਮੰਦਰ ਦੇ ਪੁਜਾਰੀ ਜਾਤਿ ਦੇ ਨਾਈ ਹੈਂ ਜੋ ਆਪਨੂੰ ਭੋਜਕੀ ਬ੍ਰਾਹਮਣ ਮਸ਼ਹੂਰ ਕਰ ਰਹੇ ਹੈਂ। ਘਰ ਤਾਂ ਓਨ੍ਹਾਂ ਦੇ ੪੩ ਹੈਂ ਪਰ ਆਦਮੀ ੨੦੦ ਦੋ ਸੌ ਦੇ ਲਗ ਭਗ ਹੈਂ। ਅਤੇ ਜਦ ਕੋਈ ਧਨੀ ਜਾ ਭੁਗਤ ਦੇਹਲ, ਜਨੇਊ ਦਿੰਦਾ ਹੈ ਤਾਂ ੨੫੦ ਜਨੇਊ ਤੇ ੩੬੦ ਦੇਹਲ ਲੈਂਦੇ ਹਨ। ਓਹ ਪੰਡੇ ਮਾਸ ਮਦਰਾ ਤਾਂ ਪਰਤੱਖ ਖਾਂਦੇ ਪੀਂਦੇ ਹੀ ਹਨ ਪਰ ਹੋਰ ਐਬ ਭੀ ਓਨ੍ਹਾਂ ਤੋਂ ਕੋਈ ਬਾਕੀ ਨਹੀਂ ਰਹਿਆ। ਹੋਰ ਜੋ ਲੋਗ ਆਖਦੇ ਹਨ ਕੇ ਅਕਬਰ ਸ਼ਾਹ ਨੇ ਨਹਿਰ ਲਿਆ ਕਰ, ਮੰਦਰ ਵਿਚ ਲਾਟਾਂ ਪਰ ਸਿੱਟੀ ਸੀ ਏਹ ਕੂੜ ਹੈ। ਇਸ ਸ਼ਹਿਰ ਵਿਚ ਪਾਣੀ ਨਹੀਂ ਸੀ, ਖੂਹ ਖਾਰੇ ਸਨ। ਅਤੇ ਚੇਤ ਔਰ ਅੱਸੂ ਦੇ ਨਵਰਾਤਿਆਂ ਵਿਚ ਮੇਲੇ ਬਹੁਤ ਭਰਦੇ ਹਨ ਲੋਗਾਂ ਨੂੰ ਪਾਣੀ ਦਾ ਬਹੁਤ ਦੁਖ ਸੀ ਏਸ ਕਰਕੇ ਓਥੋਂ ਤਿੰਨ ਕੋਸ ਪਰ ਪੱਛਮ ਦੀ ਤਰਫ਼ ਇਕ ਪਹਾੜ ਉੱਤੇ ਪਾਣੀ ਨਿਕਲਦਾ ਹੈ ਓਸ ਪਾਣੀ ਨੂੰ ਬੰਨਕੇ ਪੱਕੀ ਆੜ ਦੇ ਰਸਤੇ, ਮੰਦਰ ਦੇ ਪਾਸ ਇਕ ਹੌਜ਼ ਬਣਵਾ ਕੇ ਓਥੇ ਲਿਆ ਪਾਇਆ, ਹੁਣ ਸਾਰਾ ਸ਼ਹਿਰ ਜਾਤ੍ਰੂ ਓਸੇ ਨਹਿਰ ਦਾ ਜਲ ਵਰਤਦੇ ਹਨ। ਏਸੇ ਨਹਿਰ ਨੂੰ ਦੇਖਕੇ ਗੁਸਾਈਂ ਫਕੀਰਾਂ ਨੇ ਮੰਦਰ ਤੋਂ ਪੂਰਬ ਦੀ ਤਰਫ਼ ਜੋ ਖੱਡ ਤੋਂ ਪਾਰ ਪਰਬਤ ਹੈ ਓਸ ਵਿਚੋਂ ਹੋਰ ਨਹਿਰ ਓਸੇ ਤਰਾਂ ਸ਼ਹਿਰ ਵਿਚ ਲੈ ਆਂਦੀ। ਏਨ੍ਹਾਂ ਦੋਹਾਂ ਦਾ ਜਲ ਹਟ ਦੇ ਸਮਾਨ ਆਂਵਦਾ ਹੈ।

੧ ਰਵਾਲਸਰ ਦੇ ਪੰਡੇ ਤਾਂ ਓਨ੍ਹਾਂ ਨੂੰ ਗਣੇਸ਼ ਆਦਿਕ ਦੇਵਤਾ ਆਖਦੇ ਹਨ ਪਰ ਮਾਲੂਮ ਹੁੰਦਾ ਹੈ ਕੇ ਪਹਿਲੇ ਕਿਸੀ ਨੇ ਕਾਠ ਦੇ ਤਖ਼ਤੇ ਉੱਤੇ ਮਿੱਟੀ ਪੱਥਰ ਰੱਖ ਕੇ ਓਸ ਪਰ ਝਾੜ, ਦਰਖ਼ਤ ਜੋ ਹੁਣ ਭੀ ਬਾਂਸੀ ਆਦਿਕ ਹਨ ਲਾ ਦਿਤੇ ਓਨ੍ਹਾਂ ਦੀਆਂ ਜੜ੍ਹਾਂ ਨੇ ਫੱਟਿਆਂ ਨੂੰ ਪਕੜ ਰੱਖਿਆ ਹੈ ਏਸ ਕਰਕੇ ਡੁੱਬਦੇ ਨਹੀਂ ਤੇ ਪੌਣ ਦੇ ਪ੍ਰੇਰੇ ਹੋਏ ਔਧਰ ਓਧਰ ਤਰਦੇ ਫਿਰਦੇ ਹਨ।

Digitized by Panjab Digital Library | www.panjabdigilib.org

ਰੀਆਂ ਰਖਦਾਸੀ। ਕੋਰੀ ਹਾਂਡੀ ਵਿਚ ਦੁੱਧ[1] ਪਾ ਕੇ ਬਾਬੇ ਦੀ ਨਜ਼ਰ ਕੀਤਾ, ਬਾਬੇ ਆਖਿਆ ਹੁਣ ਨਹੀਂ ਛਕਦੇ, ਏਹ ਅਸਾਡੀ ਅਮਾਨਤ ਆਪਣੇ ਪਾਸ ਰੱਖੋ, ਫੇਰ ਕਦੇ ਲਵਾਂਗੇ। ਗੁਰੂ ਸਾਹਿਬ ਤਾਂ ਉਥੋਂ ਚੱਲ ਕੇ ਰੋਪੜ, ਸੰਘਾਲਬੇ ਆਦਿਕ ਨਗਰਾਂ ਦੇ ਰਾਹ ਮੋਰਿੰਡਾ ਬ ਕੰਢੀ ਦਾ ਸੈਲ ਕਰਦੇ ਹੋਏ ਪੰਜੌਰ ਵਿੱਚ ਜਾ ਪਹੁੰਚੇ। ਉਥੇ ਉਸ ਦਿਨ ਵੈਸਾਖ ਸੁਦੀ ੩ ਨੂੰ ਧਾਰਾ ਤੀਰਥ ਦਾ ਮੇਲਾ ਸੀ, ਅਨੇਕ ਸੰਤ, ਭਗਤ, ਸਿੱਧ, ਸਾਧਿਕ ਆਏ ਹੋਏ ਸੇ ਸਭਨੇ ਗੁਰੂ ਜੀ ਦੇ ਦਰਸ਼ਨ ਪਾਏ ਚਰਚਾ ਸਤਸੰਗ ਕਰ ਸੀਸੇ ਗਵਾਏ, ਅਨੰਦ ਬ ਢਾਏ। ਗੁਰੂ ਜੀ ਨੇ ਉਥੋਂ ਦੇ ਬਾਗ[2] ਦਾ ਸੈਲ ਕੀਤਾ ਤੇ ਫੇਰ ਅਨੇਕ ਪਹਾੜਾਂ ਦਾ ਝਾਕਾ ਲੈਂਦੇ ਹੋਏ ਜੋਹੜ ਸਰ ਤੀਰਥ ਪਰ ਜਾ ਬੈਠੇ। ਜੋ ਡਿਗਸਾਈ ਦੀ ਛਾਉਣੀ ਤੋਂ ਤ੍ਰਿਨ ਕੋਸ ਦੱਖਣ ਵੱਲ ਹੈ ਤੇ ਸੱਪਾਟੂ ਦੀ ਛਾਉਣੀ ਤੇ ਹਰੀਪੁਰ ਪਟੇ ਪਿੰਡ ਦੇ ਪਾਸ ਹੈ। ਜੇਠ ਸੁਦੀ ੧੧ ਨੂੰ ਉਥੇ ਮੇਲੇ ਪਰ ਪਹਾੜਾਂ ਦੇ ਸਿੱਧ, ਫਕੀਰ, ਦੁਨੀਆਦਾਰ, ਰੰਕ, ਰਾਓ ਸਭ ਆਏ ਹੋਏ ਸੇ ਤੇ ਇਕ ਪੱਥਰ ਦੀ ਮੂਰਤਿ ਨੂੰ ਰੱਬ ਮੰਨ ਕੇ ਉਸ ਅੱਗੇ ਆਪਣੇ ਦ

1. ਦੁੱਧ ਦੀ ਕਥਾ ਐਉਂ ਲਿਖੀ ਹੈ ਕਿ ਉਹ ਦੁੱਧ ਫਕੀਰ ਨੇ ਧਰਤੀ ਵਿੱਚ ਦੱਬ ਕੇ ਆਖਿਆ ਹੇ ਧਰਤੀ ਮਾਤਾ ਏਹ ਦੁੱਧ ਗੁਰੂ ਨਾਨਕ ਨਿਰੰਕਾਰੀ ਦੀ ਅਮਾਨਤ ਹੈ ਬਿਗੜੇ ਨਹੀਂ। ਤੇ ਸਮਾਧ ਲਾ ਕੇ ਬੈਠ ਰਿਹਾ ਉਸਨੂੰ (ਇਲਮ ਹਬਸਦਮ) ਪ੍ਰਾਣਾਯਾਮ ਆਉਂਦਾ ਸੀ। — ਜਦ ਗੁਰੂ ਹਰਿਗੋਬਿੰਦ ਸਾਹਿਬ ਨੇ ਸੰ:੧੬੮੨ ਵਿਚ ਜਾ ਕੇ ਬੁੱਢਣਸ਼ਾਹ ਪਾਸੋਂ ਆਪਣੀ ਅਮਾਨਤ ਉਹ ਦੁੱਧ ਮੰਗਿਆ ਤਾਂ ਫਕੀਰ ਨੇ ਆਖਿਆ ਚਾਹੇ ਤੁਸੀਂ ਉਸੇ ਦੀ ਗੱਦੀ ਪਰ ਹੋ ਪਰੰਤੂ ਸ਼ਕਲ ਹੋਰ ਹੈ। ਏਹ ਦੁੱਧ ਉਸੇ ਗੁਰੂ ਨਾਨਕ ਦੀ ਸਕਲ ਨੂੰ ਮਿਲੇਗਾ। ਏਹ ਗੱਲ ਸੁਣ ਕੇ ਗੁਰੂ ਜੀ ਨੇ ਆਪਣੇ ਬੇਟੇ ਗੁਰਦਿੱਤੇ ਨੂੰ ਸੈਨਤ ਕੀਤੀ ਉਹ ਉੱਠ ਕੇ ਉਸੇ ਪਹਾੜੀ ਦੇ ਹੇਠ ਜੋ ਹੁਣ ਭੀ ਨਾਲਾ ਚਲਦਾ ਹੈ ਉਸ ਵਿਚ ਨ੍ਹਾਤਾ ਤਾਂ ਬਾਬਾ ਨਾਨਕ ਹੀ ਬਣ ਗਿਆ। ਆਏਸ ਨੂੰ ਆਉਂਦਿਆਂ ਦੇਖ ਸਭ ਨੇ ਖੜੇ ਹੋ ਅਚਰਜ ਮੰਨ ਕੇ ਨਮਸਕਾਰ ਕੀਤੀ ਹਰਿਗੋਬਿੰਦ ਜੀ ਨੇ ਆਸਨ ਛੱਡ ਕੇ ਆਖਿਆ ਆਓ ਬਾਬਾ ਜੀ ਬੈਠੋ। ਬੁੱਢਣਸ਼ਾਹ ਨੇ ਉਹੋ ਦੁਧ ਜੋ ਸੰ:੧੫੭੧ ਵਿਚ ਦੱਬਿਆ ਸੀ ਸੰਮਤ ੧੬੮੨ ਬਿ: ਵਿਚ ਜ਼ਿਮੀਨ ਵਿਚੋਂ ਕੱਢਿਆ ਤਾਂ ਉਸੇ ਤਰ੍ਹਾਂ ਹੀ ਨਿਕਲਿਆ ਜੈਸਾ ਦੱਬਿਆ ਸੀ, ਗੁਰਦਿੱਤੇ ਜੀ ਨੇ ਲੈ ਕੇ ਛਕ ਲੀਤਾ ਤਦ ਤੋਂ ਬਾਬਾ ਗੁਰਦਿੱਤਾ ਨਾਮ ਹੋ ਗਿਆ ਤੇ ਫੇਰ ਜਦ ਉਥੇ ਹੀ ਨ੍ਹਾਤਾ ਤਦ ਪਹਿਲੇ ਵਰਗਾ ਬਣ ਗਿਆ। ਬੁੱਢਣਸ਼ਾਹ ਨੇ ਉਸੇ ਵਕਤ ਦੇਹ ਛੱਡੀ। ਉਸ ਦੀ ਕਬਰ ਛੀਵੇਂ ਪਾਤਸ਼ਾਹ ਨੇ ਬਣਵਾ ਕੇ ਬਚਨ ਕੀਤਾ ਜੋ ਸਿੱਖ ਬੁੱਢਣਸ਼ਾਹ ਦੀ ਦਰਗਾਹ ਦਾ ਦੀਦਾਰ ਕਰੇਗਾ ਉਸ ਦੀ ਜਾਤ੍ਰਾ ਸਫਲ ਹੋਵੇਗੀ। ਏਸੇ ਕਰਕੇ ਹੁਣ ਜੋ ਕੋਈ ਸਿੱਖ ਜਾਂਦਾ ਹੈ ਉਸ ਦੀ ਕਬਰ ਜੋ ਬਾਬੇ ਗੁਰਦਿੱਤੇ ਜੀ ਦੇ ਦੇਹਰੇ ਪਾਸ ਹੈ ਦਰਸ਼ਨ ਕਰ ਕੁਛ ਭੇਟਾ ਦਿੰਦਾ ਹੈ।

2. ਏਹ ਬਾਗ ਫੀਰੋਜ਼ਸ਼ਾਹ ਬਾਦਸ਼ਾਹ ਨੇ ਜੋ ਕਸੌਲੀ ਦੇ ਟਿੱਲੇ ਉੱਤੇ ਗਰਮੀ ਦੇ ਸਮੇ ਜਾ ਕੇ ਰਹਿੰਦਾ ਸੀ ਸੰਮਤ ੧੨੮੪ ਬਿ: ਵਿਚ ਨੀਵੇਂ ਉੱਚੇ ਦਰਜੇ ਰੱਖ ਕੇ ਐਸਾ ਬਣਾਯਾ ਸੀ ਜਿਸ ਦੇ ਸਮ ਹੋਰ ਕੋਈ ਬਾਗ ਹਿੰਦੁਸਤਾਨ ਵਿਚ ਨਹੀਂ ਤੇ ਉਸੇ ਦੀ ਨਕਲ ਸ਼ਾਹਜਹਾਂ ਨੇ ਲਾਹੌਰ ਸ਼ਾਲਾਮਾਰ ਬਾਗ ਬਣਾਯਾ ਹੈ ਤੇ ਮਹਾਰਾਜੇ ਨਰਿੰਦ੍ਰ-

ਮੁੰਡਿਆਂ ਕੁੜੀਆਂ ਦੇ ਸਿਰ ਮੁੰਨਕੇ ਬਕਰੇ ਮਾਰ ਰਹੇ ਸੇ, ਗੁਰੂ ਸਾਹਿਬ ਨੇ ਏਹ ਅਨੀਤਿ
ਹੁੰਦੀ ਦੇਖਕਰ, ਮਰਦਾਨੇ ਤੋਂ ਰਬਾਬ ਬਜਵਾ ਏਹ ਸਬਦ ਗਾਇਆ। (ਭ੍ਰਮਕੂਪ
ਮੇਂ ਪਾਇਓ ਸੰਸਾਰਾ॥ ਮੂਰਖ ਅੰਧੇ ਅੰਧ ਅੰਧਾਰਾ॥ ਪਾਥਰ ਪੂਜੈ ਮੁਗਧ ਗਵਾਰਾ॥ ਓ
ਹ ਆਪ ਡੁਬੈ ਤੁਮ ਕੋ ਕਹਾਂ ਤਾਰਾ॥ ਜੜ੍ਹ ਪਾਹਨ ਕੋ ਮਾਨੈ ਪੀਵਾ॥ ਤਿਸ ਕੇ ਆਗੇ ਮਾਰੈਂ
ਜੀਵਾ॥ ਜਾਨਤ ਨਾਹੀ ਸਾਕਤ ਅੰਧੇ॥ ਲਖ ਚੌਰਾਸੀ ਭ੍ਰਮੇਂ ਬੰਧੇ॥ ਪਾਹਿਨ ਕੋ ਪੂਜੈ
ਸਿਰ ਨਾਵੈਂ॥ ਆਪ ਡੁਬੈ ਸੋ ਕੁਲੈਂ ਡੁਬਾਵੈ॥ ਸਿੱਧ ਪੀਰ ਗੁਰੂ ਮੂਢ ਘਨੇਰੇ॥ ਡੂਬੇ
ਮੂਖ ਮਾਯਾ ਕੇ ਚੇਰੇ॥ ਫਿਰ ਫਿਰ ਜਨਮੇਂ ਆਵਹਿ ਜਾਂਹੀ॥ ਨਰਕ ਘੋਰ ਮਾਹਿ ਗੋਤੇ
ਖਾਂਹੀ॥ ਭਾਗ ਹੋਇ ਤਾਂ ਸਤਗੁਰੁ ਪਾਏ॥ ਸਾਧ ਸੰਗ ਹਰਿ ਸੇਵ ਕਮਾਏ॥ ਹਰਿ ਕੀ ਭ
ਗਤਿ ਕਰੇ ਮਨ ਲਾਇ॥ ਤਉ ਨਾਨਕ ਮੋਖੰਤਰ ਪਾਇ॥) ਏਹ ਸਬਦ ਸੁਣਕੇ ਗੁਰੂ
ਜੀ ਦੇ ਚੁਫੇਰੇ ਬੇਅੰਤ ਲੋਗ ਆ ਇਕੱਠੇ ਹੋਏ ਤਾਂ ਗੁਰੂ ਸਾਹਿਬ ਨੇ ਆਖਿਆ ਤੁਸੀਂ ਬ
ਡੇ ਮੂਰਖ ਹੋ ਨਿਰਜੀਉ ਅੱਗੇ ਜੀਉ ਮਾਰ ਕੇ ਮਹਾਂ ਹੱਤਿਆਰੇ ਬਣਦੇ ਹੋ। ਪਰਮੇਸ੍ਵਰ ਜੋ
ਸਰਬ ਸ਼ਕਤੀ ਵਾਲਾ ਘਟ ਘਟ ਵਿਚ ਬਿਆਪਕ ਹੈ ਉਸਦੀ ਭਗਤੀ ਨਹੀਂ ਕਰਦੇ, ਤੇ ਆ
ਪਣੀ ਜੀਵਕਾ ਵਾਸਤੇ ਜੇਹੜੇ ਬ੍ਰਾਹਮਣ, ਫਕੀਰ, ਤੁਸਾਡੇ ਪਾਸੋਂ ਜੀਵ ਹਿੰਸਾ ਕਰਾਉਂਦੇ ਹਨ
ਏਨ੍ਹਾਂ ਦੇ ਸਮੇਤ ਤੁਸੀਂ ਸਬ ਨਰਕਾਂ ਵਿਚ ਜਾਓਗੇ। ਜੇ ਚੌਰਾਸੀ ਲੱਖ ਜੋਨੀ ਦੇ ਦੁੱਖਾਂ ਤੋਂ
ਬਚਣਾ ਹੈ ਤਾਂ ਸੱਚੇ ਪਰਮੇਸ੍ਵਰ ਦੀ ਭਗਤੀ ਸੰਤਾਂ ਦੀ ਸੇਵਾ ਸਤਸੰਗ ਕੀਤਾ ਕਰੋ।
ਗੁਰੂ ਜੀ ਦੇ ਬਚਨ ਤਾਂ ਰਾਮਚੰਦ੍ਰ ਜੀ ਦੇ ਬਾਣ ਸੇ ਸੁਣਕੇ ਹੀ ਸਬ ਦੇ ਮਨ ਫਿਰ ਗਏ ਤੇ
ਸੱਤਨਾਮ ਗੁਰਮੰਤ੍ਰ ਉਪਦੇਸ਼ ਬਾਬੇ ਤੋਂ ਲੈਕੇ ਜਪਣ ਲੱਗੇ। ਉਸੇ ਦਿਨ ਤੋਂ ਹੁਣ ਤਕ
ਉਸ ਦੇਸ ਦੇ ਸਬ ਲੋਗ ਗੁਰੂ ਜੀ ਦੇ ਸੇਵਕ ਹਨ ਤੇ ਗੋਸਾਂਈ ਸੁੰਦ੍ਰ ਸਿੰਘ ਮਸੰਦ
ਉਸ ਦੇਸ ਦਾ ਪੁਜਾਰੀ ਮਸ਼ਹੂਰ ਹੈ ਜਿਸਦਾ ਸਬ ਬਿਰਤਾਂਤ ਪੰਜਵੇਂ ਹਿੱਸੇ ਵਿਚ ਹੈ।
ਜੋਹਨ ਸਰ ਤੋਂ ਚਲਕਰ ਤੀਸ ਕੋਸ਼[੩੦] ਉੱਤਰ ਦੀ ਤਰਫ ਜੋ ਇਕ ਪਹਾੜ ਸਮੁੰਦ੍ਰ ਤੋਂ ੧੫
ਹਜ਼ਾਰ ਫੁੱਟ ਉੱਚਾ ਹੈ ਉਸਦੇ ਸਿਖਰ ਜਾ ਬੈਠੇ ਤਾਂ ਮਰਦਾਨਾ ਦੇਖਕੇ ਹੈਰਾਨ ਹੋ ਗਿਆ,
ਉਸ ਪਹਾੜ ਉੱਤੇ ਪਾਣੀ ਨਹੀਂ ਸੀ ਜੈਸੇ ਸੰਮਤ ੧੯੩੨ ਤੋਂ ਪਹਿਲੇ ਟ ਸਿਮਲੇ ਦੇ ਪਹਾ
ੜ ਉਤੇ ਪਾਣੀ ਮੁਸ਼ਕਿਲ ਮਿਲਦਾ ਸੀ ਤੈਸੇ ਓਥੋਂ ਦੇ ਬਸਨੀਕ ਆਦਮੀ, ਗਊਆਂ,
ਪਾਣੀ ਤੋਂ ਬਹੁਤ ਦੁਖੀ ਰਹਿੰਦੇ ਸਨ, ਗੁਰੂ ਸਾਹਿਬ ਦਾ ਸਬਦ ਸੁਣਕੇ ਬਹੁਤ ਲੋਗ
ਫਲ ਫੂਲ, ਕੰਦਮੂਲ, ਦੂਧ, ਮੱਖਣ ਲੈਕੇ ਗੁਰੂ ਜੀ ਪਾਸ ਆਏ, ਉਨ੍ਹਾਂ ਦੀ ਰਹਿਤ ਰਿ

Digitized by Panjab Digital Library | www.panjabdigilib.org

ਖੀਆਂ ਮੁਨੀਆਂ ਵਾਲੀ ਦੇਖ ਗੁਰੂ ਜੀ ਨੇ ਬਹੁਤ ਖੁਸ਼ੀ ਹੋ ਕੇ ਆਖਿਆ ਕੁਛ ਮੰਗੋ ਤਾਂ ਉਸ ਪਹਾੜ ਦਾ ਮੁਖੀਆ ਜੋ ਮਾਹੀਆ ਨਾਮ ਭਗਤ ਸੀ ਉਸ ਨੇ ਜਲ ਮੰਗਿਆ। ਗੁਰੂ ਜੀ ਨੇ ਆਪਣੀ ਛਟੀ ਨਾਲ ਇਕ ਪੱਥਰ ਨੂੰ ਹਿਲਾਯਾ ਤਾਂ ਪਾਣੀ ਦੀ ਧਾਰਾ ਨਿਕਲੀ। ਏਹ ਦੇਖ ਸਬ ਲੋਗ ਗੁਰੂ ਜੀ ਦੇ ਸੇਵਕ ਬਨ ਗਏ ਗੁਰੂ ਸਾਹਿਬ ਸਬ ਨੂੰ ਸੱਤਨਾਮ ਦਾ ਉਪਦੇਸ਼ ਦੇ, [1] ਮਾਹੀਏ ਭਗਤ ਨੂੰ ਆਪਣੀ ਸ਼ਕਤੀ ਬਖਸ਼ ਸਰਮੌਰ, ਮਨਸੂਰੀ ਦਰਕੌਰ ਤੇ ਆਦਿਕ ਪਰਬਤਾਂ ਨੂੰ ਦੇਖਦੇ ਹੋਏ ਉੱਤ੍ਰਕਾਂਸ਼ੀ ਜਾ ਉਤਰੇ। ਉਥੇ ਬਹੁਤ ਰਿਖੀ ਮੁਨੀ ਭਜਨ ਤਪ ਕਰਨ ਵਾਲੇ ਰਹਿੰਦੇ ਸੇ ਜੈਸੇ ਹੁਣ ਭੀ ਰਹਿੰਦੇ ਹਨ। ਗੁਰੂ ਸਾਹਿਬ ਦਾ ਆਗਮਨ ਸੁਣਕੇ ਸਬ ਦੀਦਾਰ ਨੂੰ ਆਏ। ਆਪਸ ਵਿਚ ਗਿਆਨ ਚਰਚਾ ਸੁਣ ਸੁਣਾ ਕਰ ਬਹੁਤ ਆਨੰਦ ਹੋਏ। ਐਸੇ ਢੰਗ ਉੱਤ੍ਰਾਖੰਡ ਦੇ ਰਹਿਣੇ ਵਾਲੇ ਰਿਖੀਸ਼੍ਵਰਾਂ ਤਪੀਸ਼੍ਵਰਾਂ ਨੂੰ ਮਿਲਦੇ ਹੋਏ ਰਜਧਾਨੀ ਗੜ੍ਹਵਾਲ ਦੇ ਇਲਾਕੇ ਦੇ ਰਸਤੇ ਸਿਵਾਲਕ ਪਰਬਤ ਦਾ ਸੈਲ ਕਰ [2] ਗੰਗੋਤ੍ਰੀ ਜਾ ਪਹੁੰਚੇ। ਏਹ ਹਿਮਾਲੇ ਉੱਤੇ ਗੰਗਾ ਜੀ ਦੀ ਪਤਲੀ ਜੇਹੀ ਪਹਿਲੀ ਧਾਰ ਗਿਰਦੀ ਹੈ ਤੇ ਏਹ ਜਗਾ ਸਮੁੰਦ੍ਰ ਤੋਂ ਤੇਰਾਂ ਹਜ਼ਾਰ ੮ ਅੱਠ ਸੌ ਫੁਟ ਉੱਚੀ ਹੈ। ਇਸ ਥਾਉਂ ਗੰਗੋਤ੍ਰੀ ਦੇ ਇਸ਼ਨਾਨ ਕਰਨ ਕੋਈ ੨ ਲੋਕ ਜਾਂਦੇ ਹਨ ਤੇ ਕਾਉੜੀਏ ਜਲ ਭਰਦੇ ਹਨ ਏਥੇ ੯ ਗਜ਼ ਚੌੜੀ ਤੇ ਗੋਡੇ ਜਿਤਨੀ ਡੂੰਘੀ ਧਾਰਾ ਹੈ ਏਸ ਦੇ ਉਰੇ ਸੈਂਕੜੇ ਨਦੀਆਂ ਤੇ ਖੱਡਾਂ ਦੇ ਜਲ ਮਿ

---

1 ਮਾਹੀਏ ਭਗਤ ਨੇ ਗੁਰੂ ਜੀ ਦੇ ਕੱਢੇ ਹੋਏ ਸੋਮੇ ਉੱਤੇ ਪੱਕਾ ਤਲਾਉ ਬਣਾ ਦਿੱਤਾ ਸੀ ਜਿਸ ਕਰਕੇ ਹੁਣ ਉਸ ਦਾ ਨਾਮ ਮਾਹੀਸਰ ਹੈ ਉਸੇ ਵਿੱਚੋਂ ਨਿੱਕੀਆਂ ੨ ਨਹਿਰਾਂ ਉਥੋਂ ਦੇ ਬਾਸ਼ਿੰਦੇ ਦੂਰ ੨ ਤਕ ਲੈ ਗਏ ਹਨ ਪਰ ਪਾਣੀ ਕਦੇ ਮੁੱਕਦਾ ਨਹੀਂ। ਉਸ ਮਾਹੀਏ ਦੀ ਸੰਤਾਨ ਵਿੱਚੋਂ ਹੁਣ ਭੀ ਇਕ ਝੱਲਾ ਨਾਮੇ ਭਗਤ ਕਰਣੀ ਪ੍ਰਤਾਪ ਵਾਲਾ ਹੈ। ਉਸ ਨੇ ਸਰਮੌਰ ਦੇ ਪਹਾੜ ਤਕ ਸਬਨਾਂ ਪਹਾੜੀਆਂ ਨੂੰ ਗੁਰੂ ਕੇ ਸਿੱਖ ਸੇਵਕ ਬਣਾ ਕੇ ਹੁੱਕੇ ਛੁਡਵਾ ਦਿੱਤੇ ਤੇ ਨਾਹਣ ਵਿੱਚ ਗੁਰੂ ਜੀ ਦਾ ਝੰਡਾ ਖੜਾ ਕਰ ਗੁਰਦੁਆਰੇ ਨੂੰ ਬਹੁਤ ਰੌਣਕ ਦਿੱਤੀ ਹੈ ਪਰ ਏਹ ਸਬ ਪਹਾੜੀ ਲੋਗ ਚਾਂਡੂ ਪਿੰਡ ਵਾਲੇ ਗੰਭੂਸ਼ਾਹੀ ਸੁੰਦਰ ਸਿੰਘ ਨੂੰ ਹੀ ਗੁਰੂ ਕਰਕੇ ਮੰਨਦੇ ਹਨ। ਜਦ ਤੋਂ ਗੁਰੂ ਅਮਰਦਾਸ ਜੀ ਨੇ ਗੰਭੂਸ਼ਾਹ ਨੂੰ ਮੰਜੀ ਤੇ ਏਨ੍ਹਾਂ ਪਹਾੜਾਂ ਦੀ ਸਿੱਖੀ ਬਖਸ਼ੀ ਹੈ ਤਦ ਤੋਂ ਉਸੇ ਦੀ ਸੰਤਾਨ ਦਾ ਕਬਜ਼ਾ ਏਸ ਸਿੱਖੀ ਸੇਵਕੀ ਪਰ ਚਲਾ ਜਾਂਦਾ ਹੈ, ਲੱਖਾਂ ਰੁਪਏ ਆਮਦ ਦੇ ਹਨ।

2 ਉਥੋਂ ਦੇ ਜਲ ਦੀ ਏਹ ਪ੍ਰੀਖਿਆ ਹੈ ਕਿ ਮੋਹਰ ਨਾਲ ਜੋਖ ਕੇ ਪਾਣੀ ਰੱਖ ਲੈਣਾ ਤੇ ਫੇਰ ਉਹੋ ਮੋਹਰ ਤਾਇ ਕਰ ਉਸ ਪਾਣੀ ਵਿਚ ਬੁਝਾਵਣੀ ਜੇ ਪਾਣੀ ਬਰਾਬਰ ਉਤਰੇ ਤਾਂ ਠੀਕ ਗੰਗੋਤ੍ਰੀ ਦਾ ਜਲ, ਜੇ ਘਟ ਜਾਏ ਤਾਂ ਨਹੀਂ। ਕੋਈ ੨ ਕਾਉੜੀਏ ਹਾੜ ਜੇਠ ਵਿਚ ਬਹੁਤ ਗਰਮ ਚੀਜ਼ ਖਾ ਕੇ, ਗਰਮ ਕਪੜੇ ਪਹਿਨ, ਜਾਨ ਹੀਲ ਕੇ ਉਥੋਂ ਜਲ ਲਿਆਉਂਦੇ ਹਨ ਬਹੁਤ ਮਰ ਭੀ ਜਾਂਦੇ ਹਨ। ਤੇ ਏਸ ਜਲ ਨੂੰ ਪਰਖ ਕੇ, ਸੋਨੇ ਦੇ ਬਰਾਬਰ ਖਰੀਦ ਕੇ ਕੋਈ ੨ ਸਾਹੂਕਾਰ ਰਾਮੇਸ਼੍ਵਰ ਵਿਚ ਸ਼ਿਵ ਜੀ ਪਰ ਚੜ੍ਹਾਉਂਦੇ ਹਨ।

Digitized by Panjab Digital Library | www.panjabdigilib.org

ਲਕੇ ਹਰਿਦੁਆਰ ਤਕ ਬੜਾ ਦਰੀਆਉ ਬਨ ਗਿਆ ਹੈ। ਲੋਗ ਤਾਂ ਅਸਲ ਗੰਗੋਤ੍ਰੀ ਤਕ ਭੀ ਅਤੀ ਸਰਦੀ ਦੇ ਦੁਖ ਸਹਿਕੇ ਕੋਈ੨ ਪਹੁੰਚਦੇ ਹਨ ਪਰ ਗੁਰੂ ਸਾਹਿਬ ਤਾਂ ਓਦੂੰ ਭੀ ਪਰੇ ਗੋਮੁਖੀ ਤਕ ਚਲੇ ਗਏ ਜਿੱਥੇ ਗਊ ਦੇ ਮੂੰਹ ਵਰਗੀ ਖੱਡੀ ਵਿੱਚੋਂ ਹਾਥੀ ਦੇ ਸੁੰਡ ਜੈਸੀ ਧਾਰਾ ਪੈਂਦੀ ਹੈ, ਓਥੇ ਇਸ਼ਨਾਨ ਦਰਸ਼ਨ ਕਰ ਓਸ ਤੋਂ ਦਾਹਿਣੀ ਤਰਫ਼ ਇਕ ਵੱਡਾ ਉੱਚਾ ਪਹਾੜ ਜਿਸਨੂੰ ਕਹਿਕਾਂਦਿਵਾਲ[1] ਆਖਦੇ ਹਨ ਓਹ ਦੇਖਕਰ ਸ੍ਰੀਨਗਰ[2] ਵਿੱਚ ਜੋ ਏਸ ਦੇਸ ਦੀ ਰਜਧਾਨੀ ਹੈ ਜਾ ਬੈਠੇ।

ਏਥੋਂ ਦਾ ਰਾਜਾ ਅਮਰਸ਼ਾਹ ਬਹੁਤ ਲੋਗਾਂ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਨੂੰ ਆਯਾ (ਏਸੇ ਦੀ ਸੰਤਾਨ ਦਾ ਰਾਜਾ ਫਤੇਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਪਾਂਉਟੇ ਵਿਚ ਮਿਲਿਆ ਸੀ ਤੇ ਹੁਣ ਏਸ ਗੱਦੀ ਪਰ ਪ੍ਰਤਾਪਸ਼ਾਹ ਰਾਜਾ ਹੈ) ਗੁਰੂ ਜੀ ਓਨ੍ਹਾਂ ਨੂੰ ਪਰਮੇਸ਼੍ਵਰ ਦੀ ਭਗਤੀ ਕਰਨ ਲਾ ਗੰਧਮਾਦਨ ਪਰਬਤ ਉੱਤੇ ਜਾ ਫਿਰੇ ਤੇ ਓਥੇ ਬੱਦ੍ਰੀਨਾਥ[3] ਦੀ ਮੂਰਤੀ

---

੧ — ਏਸ ਪਹਾੜ ਦੇ ਪਰਲੀ ਤਰਫ਼ ਅਤੀ ਸੁੰਦਰ ਮੈਦਾਨ ਹੈ ਸੁਣਿਆ ਹੈ ਕਿ ਓਥੇ ਹਰਵਕ਼ਤ ਪਰੀਆਂ ਦਾ ਅਖਾੜਾ ਲੱਗਿਆ ਰਹਿੰਦਾ ਹੈ ਜੋ ਕੋਈ ਓਸ ਪਹਾੜ ਉੱਤੇ ਚੜ੍ਹਕੇ ਪਰਲੀ ਤਰਫ਼ ਝਾਤੀ ਪਾਉਂਦਾ ਹੈ ਕਹਿ ਕਹਿਕਰ ਹੱਸ ਹੱਸ ਕੇ ਓਧਰੇ ਹੀ ਚਲਾ ਜਾਂਦਾ ਹੈ। ਕਈ ਕ ਲੋਗ ਪ੍ਰੀਖ੍ਯਾ ਵਾਸਤੇ ਪੈਰਾਂ ਵਿਚ ਰੱਸੀ ਬੰਨ੍ਹਕੇ ਗਏ ਜਦ ਹੱਸ ਹੱਸ ਕੇ ਓਧਰੇ ਚੱਲੇ ਤਾਂ ਪਿਛਲਿਆਂ ਨੇ ਖਿਚ ਲੀਤਾ। ਫੇਰ ਓਹ ਐਸੇ ਮਸਤ ਹੋਏ ਰਹੇ ਜੋ ਕਦੀ ਕੁਛ ਨਾ ਬੋਲੇ। ਹੁਣ ਭੀ ਜਿੱਥੇ ਕੋਈ ਅਤੀ ਆਨੰਦ ਅਚਰਜ ਦੀ ਬਾਤ ਹੁੰਦੀ ਹੈ ਜੈਸੇ ਕੂਕੇ ਸਿੰਘ ਸਬਦ ਨਹੀਂ ਦਸਦੇ ਏਹੋ ਜੇਹੇ ਬਾਉ ਲੋਗ ਆਖ ਦਿੰਦੇ ਹਨ ਏਹ ਤਾਂ ਕਹਿਕਾਂਦਿਵਾਲ ਹੈ ਕੁਛ ਬਾਤ ਹੁੰਦੀ ਹੈ ਤਾਂ ਹੀ ਕਹਾਉਤ ਚੱਲਦੀ ਹੈ ਬਿਨਾ ਹੋਏ ਨਹੀ ਚੱਲਦੀ। ਪਹਿਲੇ ਹਿੰਦੁਸਤਾਨ ਵਿਚ ਕਹਿਕਾਂਦਿਵਾਲ ਦਾ ਬਹੁਤ ਚਰਚਾ ਸੀ। ਹੁਣ ਸਰਕਾਰ ਅੰਗ੍ਰੇਜ਼ੀ ਨੇ ਕਹਿਕਾਂਦਿਵਾਲ ਦਾ ਤੇ ਹਿਮਾਲੇ ਵਿਚ ਜਾ ਕੇ ਗਲਨੇ ਦਾ ਰਸਤਾ ਤੇ ਕਾਂਸ਼ੀ ਕਰਵੱਤ ਲੈਣਾ, ਸਤੀ ਹੋਣਾ ਬੰਦ ਕਰ ਰੱਖਿਆ ਹੈ ਏਸੇ ਕਰਕੇ ਚਰਚਾ ਭੀ ਘਟ ਹੁੰਦੀ ਹੈ।

੨ — ਸ੍ਰੀਨਗਰ ਦੇ ਰਾਜੇ ਨੂੰ ਪਹਾੜੀ ਲੋਗ ਆਪਣਾ ਇੰਦ੍ਰ ਮੰਨਦੇ ਸੇ ਤੇ ਬੱਦ੍ਰੀਮਹਾਤਮ ਦੀ ਪੋਥੀ ਵਿੱਚ ਭੀ ਏਸੇ ਸ੍ਰੀਨਗਰ ਨੂੰ ਇੰਦ੍ਰ ਦੀ ਰਜਧਾਨੀ ਤੇ ਏਥੋਂ ਦੇ ਰਾਜੇ ਨੂੰ ਇੰਦ੍ਰ ਲਿਖਿਆ ਹੈ ਏਸੇ ਕਰਕੇ ਬੱਦ੍ਰੀਨਾਥ ਦੇ ਜਾਤ੍ਰੀ ਲੋਗ ਪਹਿਲੇ ਏਥੋਂ ਦੇ ਰਾਜੇ ਦਾ ਦਰਸ਼ਨ ਪੂਜਨ ਕਰਕੇ ਪਿੱਛੋਂ ਬੱਦ੍ਰੀਨਾਰਾਯਣ ਦੇ ਦਰਸ਼ਨ ਕਰਦੇ ਸੇ ਹੁਣ ਪੈਂਤੀ ਚਾਲੀ (੪੦) ਬਰਸ ਹੋਏ ਓਥੇ ਸਰਕਾਰ ਅੰਗ੍ਰੇਜ਼ੀ ਦਾ ਰਾਜ ਹੋਣੇ ਕਰ ਰਾਜਾ ਟੀਰੀ ਵਿਚ ਰਸਤੇ ਤੋਂ ਦੂਰ ਰਹਿੰਦਾ ਹੈ ਏਸ ਕਰਕੇ ਜਾਤ੍ਰੀ ਲੋਗ ਓਸਦਾ ਦਰਸ਼ਨ ਨਹੀਂ ਕਰ ਸੱਕਦੇ।

੩ ਬੱਦ੍ਰੀਨਾਥ ਉੱਤ੍ਰਾਖੰਡ ਹਿਮਾਲੇ ਵਿੱਚ, ਜਗਨਨਾਥ ਪੂਰਬ ਵਿੱਚ, ਰਾਮਨਾਥ ਦੱਖਣ ਵਿੱਚ, ਦ੍ਵਾਰਕਾਨਾਥ ਪੱਛਮ ਵਿੱਚ ਏਹ ਚਾਰ ਮੰਦਰ ਹਿੰਦੂਆਂ ਦੇ ਚਾਰ ਧਾਮ ਹਨ। ਬੱਦ੍ਰੀਨਾਥ ਦੀ ਮੂਰਤਿ ਕਾਲੇ ਪੱਥਰ ਦੀ ਛੋਟੇ ਬਾਲਕ ਜੇਡੀ ਉੱਚੀ ਦੋ ਬਾਹਾਂ ਵਾਲੀ ਹੈ ਇਸਨੂੰ ਛੋਲਿਆਂ ਦੀ ਦਾਲ ਦਾ ਭੋਗ ਲਗਦਾ ਹੈ ਪੂਜਾ ਜੋਸ਼ੀ ਸੀ ਮਠਵਾਲਾ ਰਾਵਲ ਲੈਂਦਾ ਹੈ। ਬੱਦ੍ਰੀਮਹਾਤਮ ਵਿਚ ਲਿਖਿਆ ਹੈ ਜੇਹੜੀ ਇਸਤ੍ਰੀ ਤਿਨ ਵਾਰੀ ਬੱਦ੍ਰੀਨਾਥ ਦੇ ਦਰਸ਼ਨ ਕਰੇਗੀ ਓਸਨੂੰ ਫੇਰ ਔਰਤ ਦੀ ਦੇਹ ਨਹੀਂ ਮਿਲੂ ਪੁਰਖ ਬਣੇਗੀ ਏਸੇ ਲਾਲਚ ਕ

Digitized by Panjab Digital Library | www.panjabdigilib.org

ਤੇ ਮੰਦਰ ਦੇ ਦਰਸ਼ਨ ਜੇਠ ਦੇ ਮਹੀਨੇ ਜਾ ਕੀਤੇ। ਉਸ ਮੰਦਰ ਦੇ ਮਾਲਕ ਮਹੰਤ ਰਾਵਲ
ਤੇ ਪੰਡੇ ਆਦਿਕ ਪਰਬਤੀ ਲੋਗ ਜੋ ਉਸ ਮੂਰਤੀ ਨੂੰ ਪਰਮੇਸ਼੍ਵਰ ਮੰਨ ਕੇ ਪੂਜਦੇ ਸੇ ਬਾਬੇ ਨੇ
ਉਨ੍ਹਾਂ ਨੂੰ ਉਹ ਮੂਰਤ ਲੋਕ ਪਰਲੋਕ ਵਿੱਚ ਸਹਾਯਤਾ ਨਾ ਕਰਨੇ ਵਾਲੀ ਨਿਸ਼ਚੇ ਕਰਾਈ ਤੇ ਅ
ਪਣੇ ਬਚਨਾਂ ਦੀ ਸ਼ਕ੍ਤੀ ਨਾਲ ਸੱਭੇ ਪਰਮੇਸ਼੍ਵਰ ਦੇ ਭਜਨ ਭਗਤੀ ਵਿੱਚ ਲਗਾ ਕੇ ਉਨ੍ਹਾਂ ਨੂੰ

ਨਾਨਕ ਤੇਜੀ
ਉਮਦ ਸਿਕ
ਕਾਂਗੜੇ ਦੇ ਨੇੜੇ
ਸੀ ਮਹੰਤ ਦੇ ਮਹੰਤ
ਤਰੀ ਸਿਖਆ

ਰਕੇ ਔਰਤਾਂ ਬਹੁਤ ਜਾਂਦੀਆਂ ਹਨ। ਪਰ ਇਨ੍ਹਾਂ ਵਿਚ ਬਿਧਵਾ ਅਧਿਕ ਹੁੰਦੀਆਂ ਹਨ ਕਯੋਂਕੇ ਬਿਧ ਵਾ ਪਤੀ ਬਿਨਾ ਅਤੀ ਦੁਖੀ ਰਹਿੰਦੀ ਹੈ। ਉਸ ਨੂੰ ਜੀਉਂਦੀ ਨਰਕ ਵਿਚ ਪਈ ਦੇਖ ਕੇ ਸੁਹਾਗਣਾਂ ਭੀ ਅ ਗਲੇ ਜਨਮ ਵਿਚ ਬਿਧਵਾ ਹੋਣ ਦੇ ਕਸ਼੍ਟ ਤੋਂ ਡਰ ਕੇ ਪਹਾੜਾਂ ਦੇ ਪੈਂਡੇ ਪੈਂਦੀਆਂ ਹਨ। ਏਹ ਭੀ ਪਰੀਖ੍ਯਾ ਹੋ ਚੁਕੀ ਹੈ ਜੋ ਜ਼ਿਆਂ ਜਾਤਾਂ ਵਿਚ ਕਰੇਵਾ ਹੈ ਉਨ੍ਹਾਂ ਦੀਆਂ ਔਰਤਾਂ ਏਹੋ ਜੇਹੇ ਥਾਂਈ ਘੱਟ ਜਾਂਦੀਆਂ ਹਨ। ਤਾਂ ਤੇ ਸਭ ਜਾਤੀ ਦੇ ਲੋਗਾਂ ਨੂੰ ਏਹ ਅਤੀ ਪੁੰਨਯ ਪਰੋਪਕਾਰ ਕਰਨਾ ਜੋਗ ਹੈ ਕਯੋਂਕੇ ਜੇਕਰ ਕਰੇਵਾ ਕਰਾ ਦੇਣ ਤਾਂ ਔਰਤਾਂ ਪਰਬਤਾਂ ਦੇ ਪੈਂਡੇ ਤੋਂ ਛੁੱਟ ਜਾਣ। ਹੋਰ ਜੋ ਬ੍ਰਹਮਣ ਅਪਣੇ ਲੋਭ ਬਦਲੇ ਔਰਤਾਂ ਨੂੰ ਨਰ ਤਨ ਹੋਣ ਦਾ ਲਾਲਚ ਸੁਣਾ ਕੇ ਪੱਥਰ ਪਾਣੀ ਦੇ ਦਰਸ਼ਨ ਇਸ਼ਨਾਨ ਲਈ ਭਟਕਾਉਂਦੇ ਹਨ ਸੋ ਐਨ ਠੱਗੀ ਹੈ ਕਯੋਂਕੇ ਜੀਵ ਕਿਸੇ ਦਾ ਭੀ ਇਸਤ੍ਰੀ ਮਰਦ ਨਹੀਂ ਅਸਥੂਲ ਸ਼ਰੀਰ ਦੇ ਐਂਗਹੀ ਨਰ ਨਾਰੀ ਹੈਂ ਸੋ ਅਸ ਥੂਲ ਦੇਹ ਸਭ ਦੇ ਏਥੇ ਹੀ ਰਹਿਣਗੇ ਜੀਵ ਕਰਮਾ ਤੇ ਵਾਸ਼ਨਾ ਦੇ ਅਨੁਸਾਰ ਦੇਹ ਧਾਰਦਾ ਹੈ ਸੋ ਸਰੀਰ ਨਰ ਯਾ ਨਾਰੀ ਹੋਣ ਦਾ ਕਾਰਣ ਪਾਤੰਜਲ, ਵੇਦਾਂਤ, ਨ੍ਯਾਇ ਆਦਿਕ ਸ਼ਾਸ੍ਤ੍ਰਾਂ ਤੇ ਹਕੀਮਾਂ ਦੇ ਮਤ ਵਿਚ ਇਉਂ ਲਿਖਯਾ ਹੈ। ਇਸਤ੍ਰੀ ਪੁਰਖ ਦੇ ਸੰਜੋਗ ਵੇਲੇ ਜੇ ਪੌਣ ਤੱਤ੍ਵ ਯਾ ਪ੍ਰਿਥ੍ਵੀ ਤੱਤ੍ਵ ਯਾ ਖੱਬਾ ਸੁਰ ਪੁਰਖ ਦਾ ਚਲਦਾ ਹੋਵੇ ਯਾ ਪੁਰਖ ਦਾ ਬੀਰਜ ਪਤਲਾ ਹੋਵੇ ਤਾਂ ਜ਼ਰੂਰ ਕੁੜੀ ਜੰਮਦੀ ਹੈ ਜੇਕਰ ਜਲ ਤੱਤ੍ਵ ਯਾ ਅਗਨੀ ਤੱਤ੍ਵ ਯਾ ਸੱਜਾ ਸੁਰ ਚਲਦਾ ਹੋਵੇ ਤੇ ਪੁਰਖ ਦਾ ਬੀਰਜ ਗਾੜ੍ਹਾ ਹੋਵੇ ਤਾਂ ਜ਼ਰੂਰ ਮੁੰਡਾ ਜੰਮਦਾ ਹੈ। ਦੂਸਰਾ ਪ੍ਰਕਾਰ ਇਉਂ ਲਿਖਯਾ ਹੈ ਕਿ ਤਿੰਨ ਹਿੱਸੇ ਪੁਰਖ ਦਾ ਬੀਰਜ ਚਾਰ ਹਿੱਸੇ ਇਸਤ੍ਰੀ ਦਾ ਰਕ੍ਤ ਹੁੰਦਾ ਹੈ ਤਾਂ ਕੁੜੀ ਦਾ ਤਨ ਬਣਦਾ ਹੈ ਜੇ ਚਾਰ ਹਿੱਸੇ ਪੁਰਖ ਦੀ ਮਣੀ ਤੇ ਤਿੰਨ ਹਿੱਸੇ ਇਸਤ੍ਰੀ ਦਾ ਰਕ੍ਤ ਹੁੰਦਾ ਹੈ ਤਾਂ ਨਰ ਦਾ ਤਨ ਬਣਦਾ ਹੈ। ਜੇਕਰ ਆਕਾਸ਼ ਤੱਤ੍ਵ ਚਲ ਦੇ ਵਿਚ ਗਰਭ ਰਹੇ ਯਾ ਇਸਤ੍ਰੀ ਪੁਰਖ ਦਾ ਰਕ੍ਤ ਬੀਰਜ ਸਮ ਹੋਵੇ ਤਾਂ ਨਪੁੰਸਕ ਯਾ ਹੀਜੜਾ ਜੰਮਦਾ ਹੈ ਅਤੇ ਚੂਚਾ, ਮਾਸ, ਰਕ੍ਤ, ਏਹ ਤਿੰਨੇ ਨਰ ਤਨ ਵਿੱਚ ਮਾਤਾ ਦੇ ਰਕ੍ਤ ਤੋਂ ਤੇ ਨਾੜੀਆਂ, ਅਸਥ, ਮੱਜਾ, ਬੀਰਜ, ਏਹ ਚਾਰੇ ਪਿ ਤਾ ਦੇ ਬੀਰਜ ਤੋਂ ਅਤੇ ਇਸਤ੍ਰੀ ਦੇ ਸਰੀਰ ਵਿਚ ਚੂਚਾ, ਮਾਸ, ਰਕ੍ਤ, ਮਦ ਅਰਥਾਤ ਕਾਮ ਏਹ ਚਾਰੇ ਮਾਤਾ ਦੀਆਂ ਅਸ ਨਾੜੀ, ਮੱਜਾ, ਅਸਥ ਏਹ ਤਿੰਨੇ ਪਿਤਾ ਦੇ ਬੀਰਜ ਤੋਂ ਹੁੰਦੇ ਹਨ। ਏਸ ਪ੍ਰਕਾਰ ਸਪਤ ਧਾਤੁ ਦਾ ਪੁਤਲਾ ਤੇ ਇਸ ਤ੍ਰੀ ਪੁਰਖ ਦੇ ਸਰੀਰ ਬਣਨੇ ਦੀ ਰੀਤੀ ਤਾਂ ਸਭਨਾ ਸ਼ਾਸ੍ਤ੍ਰਾਂ ਤੇ ਹਕੀਮਾਂ ਨੇ ਲਿਖੀ ਹੈ। ਬੱਦ੍ਰੀਨਾਥ ਦੇ ਦਰਸ਼ਨ ਤੋਂ ਦੇਹ ਦਾ ਪਲਟ ਜਾਣਾ ਸਿਵਾਇ ਲੋਭੀ ਪੋਪਾਂ ਦੇ ਹੋਰ ਕਿਸੇ ਨੇ ਨਹੀਂ ਲਿਖਿਆ।

Digitized by Panjab Digital Library | www.panjabdigilib.org

ਨਿਹਾਲ ਕਰਦੇ ਭੁਏ। ਜਿੱਥੇ ਬੈਠਕੇ ਗੁਰੂ ਜੀਨੇ ਸਬਦ ਉਚਾਰਕੇ ਉਪਦੇਸ਼ ਕੀਤਾ ਸੀ ਹੁਣ ਉਥੇ ਧਰਮ ਸ਼ਾਲਾ ਵਿਚ ਆਤਮਾ ਸਿੰਘ ਨਿਰਮਲਾ ਸੰਤ ਹਮੇਸ਼ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਹੈ ਤੇ ਅੱਭਿਆਗਤ ਬੈਰੋ ਸਾਂਉਂਦੇ ਹਨ।

ਫੇਰ ਬੱਦ੍ਰੀਨਾਥ ਤੋਂ ਅੱਗੇ ਬਸੂਧਾਰਾ ਦੇ ਦਰਸ਼ਨ ਕੀਤੇ ਅਤੇ ਪਾਂਡਵਾਂ ਦੇ ਸ਼ਰੀਰ ਛੱਡਣੇ ਦੀ ਜਗਾ ਵੇਖੀ ਤੇ ਪਰੇ ਤਾਂਈ ਹਿਮਾਲੇ ਦਾ ਸੈਲ ਕਰਕੇ ਹੇਮਕੂਟ ਤੋਂ ਅਗੇ ਪਰਬਤ ਵਿਚ ਜਾ ਫਿਰੇ ਜੋ ਸਪਤਸ੍ਰਿੰਗ[1] ਬੱਦ੍ਰੀਨਾਥ ਦੇ ਮੰਦਰ ਤੋਂ ਅੱਠ ਦਸ ਕੋਸ ਚੜ੍ਹਦੇ ਦੀ ਤਰਫ਼ ਹੈ ਤੇ

੧ ਏਹ ਓਹੋ ਸਪਤਸ੍ਰਿੰਗ ਤੇ ਹੇਮਕੂਟ ਦੋਵੇਂ ਪਰਬਤ ਹਨ ਜਿਨ੍ਹਾਂ ਦਾ ਪਤਾ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਦੇ ਛੀਵੇਂ ਅੱਧਿਆਇ ਵਿੱਚ ਆਪਣੇ ਪੂਰਬ ਜਨਮ ਦੇ ਤਪ ਕਰਣੇ ਦਾ ਥਾਂਉ ਦਿਖਾਯਾ ਹੈ ਸੋ ਥੋੜ੍ਹਾ ਜੇਹਾ ਖੁਲਾਸਾ ਉਸ ਕਥਾ ਦਾ ਸਿੱਖਾਂ ਨੂੰ ਨਿਰਸੰਦੇਹ ਕਰਨ ਵਾਸ੍ਤੇ ਏਥੇ ਲਿਖਦੇ ਹਾਂ (ਜਥਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ - ਚੌਪਈ। ।ਅਬ ਮੈਂ ਅਪਨੀ ਕਥਾ ਬਖਾਨੋ।ਤਪ ਸਾਧਤ ਜਿਹ ਬਿਧ ਮੁਹਿ ਆਨੋ।ਹੇਮ ਕੂੰਟ ਪਰਬਤ ਹੈ ਜਹਾਂ।ਸਪਤਸ੍ਰਿੰਗ ਸੋਭਤ ਹੈਂ ਤਹਾਂ।ਪੰਡ ਰਾਜ ਜਹਿ ਜੋਗ ਕਮਾਵਾ।ਸਪਤਸ੍ਰਿੰਗ ਤਿਹ ਨਾਮ ਕਹਾਵਾ।ਤਹ ਹਮ ਅਧਿਕ ਤਪੱਸਿਆ ਸਾਧੀ।ਮਹਾਕਾਲ ਕਾਲਕਾ ਅਰਾਧੀ।ਤਾਤ ਮਾਤ ਮੁਰ ਅਲਖ ਅਰਾਧਾ।ਬਹੁ ਬਿਧ ਜੋਗ ਸਾਧਨਾ ਸਾਧਾ।ਤਿਨ ਜੋ ਕਰੀ ਅਲਖ ਕੀ ਸੇਵਾ।ਤਾਂ ਤੇ ਭੇ ਪ੍ਰਸਿਨ ਗੁਰਦੇਵਾ।ਤਿਨ ਪ੍ਰਭ ਜਬ ਆਇਸ ਮੁਹਿ ਦੀਆ।ਤਬ ਹਮ ਜਨਮ ਕਲੂ ਮੈ ਲੀਆ। ਅਕਾਲ ਪੁਰਖੋਵਾਚ।(ਮੈਂ ਅਪਨਾ ਸੁਤ ਤੋਹਿ ਨਿਵਾਜਾ।ਪੰਥ ਪ੍ਰਚੁਰ ਕਰਬੇ ਕੋ ਸਾਜਾ।ਜਾਹਿ ਤਹਾਂ ਤੈ ਧਰਮ ਚਲਾਇ।ਕੁਬੁਧਿ ਕਰਨ ਤੇ ਲੋਕ ਹਟਾਇ।) ਏਨ੍ਹਾਂ ਬਚਨਾਂ ਵਿਚ ਗੁਰੂ ਜੀਨੇ ਏਹ ਦਿਖਾਯਾ ਹੈ ਕਿ ਪਿਛਲੇ ਜਨਮ ਵਿਚ ਅਸਾਡੇ ਮਾਤਾ ਪਿਤਾ ਨੇ ਪਰਮੇਸ੍ਵਰ ਦੀ ਉਪਾਸਨਾ ਤੇ ਤਪ ਕਰਕੇ ਅਕਾਲ ਪੁਰਖ ਤੋਂ ਬਰ ਪਾਯਾ ਸੀ ਕੇ ਅਸਾਡੇ ਘਰ ਵਿਚ ਆਪ ਜੈਸਾ ਪ੍ਰਤਾਪੀ ਪੁਤ੍ਰ ਹੋਵੇ। ਏਹ ਬਰ ਪੂਰਾ ਕਰਨ ਵਾਸ੍ਤੇ ਈਸ੍ਵਰ ਨੇ ਮੈਨੂੰ ਇਸ ਜਗਾ ਤੋਂ ਤਪੱਸਿਆ ਕਰਦੇ ਨੂੰ ਬੁਲਾਕੇ ਪੁਤ੍ਰ ਦਾ ਖਿਤਾਬ ਦਿੱਤਾ ਕਯੋਂਕੇ ਪਿਤਾ ਪੁੱਤ੍ਰ ਏਕ ਜਾਤ ਹੁੰਦੇ ਹਨ ਜੈਸੇ ਸ੍ਰੁਤੀ ਦਾ ਵਾਕ ਹੈ (ਆਤਮਾਵੈ ਜਾਯਤੇ ਪੁੱਤ੍ਰਾਹ) ਤਾਂ ਤੇ ਮੈਨੂੰ ਪੁੱਤ੍ਰ ਦਾ ਖਤਾਬ ਦੇ ਕਰ ਹੁਕਮ ਦਿੱਤਾ ਕੇ ਤੂੰ ਏਨ੍ਹਾਂ ਦੇ ਘਰ ਜਨਮ ਧਾਰਕੇ ਧਰਮ ਦਾ ਪ੍ਰਚਾਰ ਤੇ ਪੰਥ ਦਾ ਬਿਸ੍ਤਾਰ ਕਰ। ਏਸੇ ਹੁਕਮ ਦੇ ਅਨੁਸਾਰ ਪਿਤਾ ਤੇਗ ਬਹਾਦਰ, ਮਾਤਾ ਗੁਜਰੀ ਜੀ ਦੇ ਘਰ ਕਲਿਜੁਗ ਵਿਚ ਆ ਕੇ ਮੈਂ ਜਨਮ ਧਾਰਿਆ ਹੈ। ਇਕ ਤਾਂ ਏਹ ਆਪਣੇ ਅਵਤਾਰ ਹੋਣ ਦਾ ਕਾਰਣ ਈਸਾ ਪੈਗੰਬਰ ਵਾਂਙੂ ਤੇ ਆਪ ਨੂੰ ਪੁੱਤ੍ਰ ਹੋਣਾ ਸਹੀ ਕਰ ਦਿਖਾਯਾ ਹੈ ।।ਦੂਸਰੇ ਜਿੱਥੇ ਗੁਰੂ ਜੀ ਨੇ ਅਪਣੇ ਪਿਛਲੇ ਜਨਮ ਵਿਚ ਦੁਸ਼ਟਦਮਨ ਨਾਮ ਵਾਲਾ ਤਪਸੀ ਹੋਕੇ ਮਹਾਂਕਾਲ ਤੇ ਮਹਾਂਕਾਲੀ ਦੀ ਉਪਾਸ਼ਨਾ ਕੀਤੀ ਹੈ ਉਸ ਪਰਬਤ ਦੇ ਪਤੇ ਇਸ ਪ੍ਰਕਾਰ ਦਿਖਾਏ ਹਨ ਕੇ ਹੇਮਕੂੰਟ ਪਰਬਤ ਜਿੱਥੇ ਹੈ ਉਸੇ ਦੇ ਪਾਸ ਸਪਤਸ੍ਰਿੰਗ ਪਰਬਤ ਅਤੀ ਸ਼ੋਭਨੀਕ ਹੈ ਉਸੇ ਗਿਰੀ ਵਿਚ ਪੰਡੂ ਰਾਜਾ ਨੇ ਭਗਤੀ ਤਪ ਜੋਗ ਕਮਾਯਾ ਹੈ ਤੇ ਉਥੇ ਹੀ ਮੈਂ ਭੀ ਤਪ ਕਰਦਾ ਹੋਯਾ ਮਹਾਂਕਾਲ ਕਾਲੀ ਦਾ ਅਰਾਧਨ ਕਰਰਿਹਾ ਸੀ ਉਥੋਂ ਹੀ ਮੈਨੂੰ ਅਕਾਲ ਪੁਰਖ ਨੇ ਬੁਲਾ ਕੇ ਭੇਜਿਆ ਹੈ। ਸੋ ਬੱਦ੍ਰੀਨਾਥ ਦਾ ਮੰਦਰ ਜਿਸ ਗੰਧਮਾਦਨ ਗਿਰ ਪਰ ਹੈ ਉਸ ਤੋਂ ਅੱਠ ਦਸ ਕੋਸ ਸਪਤਸ੍ਰਿੰਗ ਪਰਬਤ ਹੇਮਕੂੰਟ ਦੇ ਨਾਲ ਹੀ ਲਗਦਾ ਹੈ ਪੰਡੂ ਰਾਜਾ ਦੇ ਕਥਾ ਪ੍ਰਸੰਗ ਵਿਚ ਮਹਾਂਭਾਰਤ ਦੇ ਆਦਿ ਪਰਬ ੧੧੯ ਅਧਿਆਇ ਵਿਚ ਲਿਖਿਆ ਹੈ ਕੇ ਪੰਡੂ ਰਾਜਾ ਵੈਰਾਗੀ ਹੋ ਆਪਣੀ ਦੋਨੋਂ ਰਾਣੀਆਂ ਸਮੇਤ ਕੰਦਮੂਲ ਛਕਦਾ ਹੋਯਾ ਨਾਗਸ਼੍ਰਤ ਪਰਬਤ ਨੂੰ ਲੰਘਕਰ

Digitized by Panjab Digital Library | www.panjabdigilib.org

੧੭ ਹਜਾਰ ਫੇਸੀ ੭੨ ਬਹੱਤ੍ਰ ਫੁਟ ਉੱਚਾ ਤੇ ਬਹੁਤ ਲੰਬਾ ਚੌੜਾ ਹੈ। ਜਦ ਓਥੇ ਲੋਕਪਾਲ ਤੀਰਥ ਦੇ ਕਿਨਾਰੇ ਬੈਠਕੇ ਗੁਰੂ ਜੀ ਨੇ ਸਬਦ ਗਾਵਿਆ ਤਾਂ ਓਥੋਂ ਦੇ ਅਨੇਤ ਰਿਖੀ ਮੁਨੀ ਗੁਰੂ ਸਾਹਿਬ ਪਾਸ ਐਸੇ ਚਲੇ ਆਏ ਜੈਸੇ ਮਹਾਂਦੇਵ ਦੇ ਨਾਦ ਨੂੰ ਸੁਣਕਰ ਮੋਖ ਆਂਵਦੇ ਹਨ। ਚੰਦ੍ਰਮਾ ਰੂਪ ਗੁਰੂ ਨੂੰ ਪਰਵਾਰ ਕੇ ਚਾਰੋਂ ਤਰਫ ਤਾਰਿਆਂ ਵਾਂਗੂ ਬੈਠ ਗਏ। ਓਨ੍ਹਾਂ ਵਿਚ ਜੇੜ੍ਹੇ ਸੰਭੂ, ਮੁੰਡਨ, ਬਾਮਦੇਵ, ਜਾਲ, ਸੌਨਕ ਆਦਿਕ ਤਪੋਧਨ–

ਹੈਤਰਥ ਪਹਾੜ ਦੇ ਉੱਤੋਂ ਦੀ ਕਾਲਕੂਟ ਪਰਬਤ ਦਾ ਮੇਲ ਕਰਦਾ ਹੋਯਾ ਹਿਮਵਿਤ ਗਿਰ ਰਸਤੇ ਗੰਧਮਾਦਨ ਤੋਂ ਅੱਠ ਕੋਸ ਕਿਨਾਰੇ ਹੇਮਕੂੰਟ ਪਰਬਤ ਨੂੰ ਦੇਖ ਕੇ, ਸਪਤਸ੍ਰਿੰਗ ਪਰਬਤ ਪਰ ਜਾ, ਤਪ ਜੋਗ, ਸਾਧਨ ਕਰਦਾ ਭਯਾ। ਓਥੇ ਹੀ ਰਿਖੀਆਂ ਦਾ ਹੁਕਮ ਮੰਨ ਕੇ ਪੰਡੂ ਰਾਜਾ ਨੇ ਅਪਣੀਆਂ ਇਸਤ੍ਰੀਆਂ ਨੂੰ ਖੇਤ੍ਰਜ ਪੁੱਤ੍ਰ ਪੈਦਾ ਕਰਨੇ ਦੀ ਆਗਿਆ ਦਿੱਤੀ ਤਾਂ ਕੁੰਤੀ ਨੇ ਤਿੰਨ ੩ ਤੇ ਮਾਦਰੀ ਨੇ ਦੋ ਬੇਟੇ ਪੈਦਾ ਕਰੇ ਜੇੜ੍ਹੇ ਪੰਜੇ ਪਾਂਡੋ ਮਸਹੂਰ ਹੋਏ ਹੈਂ। ਕਿਓਂਕੇ ਪੰਡੂ ਰਾਜਾ ਨੂੰ ਸਿਤ ਦਾ ਸ੍ਰਾਪ ਸੀ ਕੇ ਜਦ ਤੂੰ ਇਸਤ੍ਰੀ ਨਾਲ ਸਰਬੰਧ ਕਰੇਂਗਾ ਓਸੇ ਵਕਤ ਮਰ ਜਾਂਏਗਾ ਏਸੇ ਕਰਕੇ ਮਰਨੇ ਤੋਂ ਡਰਦਾ ਰਾਜਾ ਇਸਤ੍ਰੀ ਨਾਲ ਭੋਗ ਨਹੀਂ ਕਰਦਾ ਸੀ ਤੇ ਓੜਕ ਜਦ ਰਾਣੀ ਮਾਦ੍ਰੀ ਨਾਲ ਭੋਗ ਕਰਨ ਲੱਗਾ ਤਾਂ ਮਰ ਗਿਆ। ਮਾਦ੍ਰੀ ਓਸ ਨਾਲ ਸਤੀ ਹੋ ਗਈ ਤੇ ਕੁੰਤੀ ਪੰਜਾਂ ਪੁੱਤ੍ਰਾਂ ਨੂੰ ਲੈਕੇ ਹਸਤਨਾਪੁਰ ਚਲੀ ਆਈ। ਪੰਡੂ ਰਾਜਾ ਦੇ ਬਡੇ ਭਾਈ ਅੰਧ ਨੇ ਅੱਧਾ ਰਾਜ ਪੰਡੂ ਦੇ ਹਿੱਸੇ ਦਾ ਆਪਣੇ ਭਤੀਜਿਆਂ ਨੂੰ ਦੇ ਦਿੱਤਾ। ਪੰਡੂ ਰਾਜ ਦੇ ਸਪਤਸ੍ਰਿੰਗ ਪਰਬਤ ਵਿਚ ਰਹਣ ਦੀ ਜਗਾ ਪੰਡਕੇਸੁਰ ਪਿੰਡ ਤੇ ਸਿਵਮੰਦਰ ਓਸ ਦਾ ਬਸਾਯਾ ਹੋਯਾ ਹੁਣ ਤਕ ਹੈ। ਬੱਦ੍ਰੀਨਾਥ ਦੇ ਜਾਤ੍ਰੀ ਸਭ ਓਸੇ ਰਸਤੇ ਜਾਂਦੇ ਹਨ। ਪੰਡਕੇਸਰ ਤੋਂ ਉਰੇ ਅੱਧਾ ਮੀਲ ਅਲਕਨੰਦਾ ਗੰਗਾ ਦੇ ਪੁਲ ਪਾਸ ਜਿੱਥੇ ਛੋਟੀ ਗੰਗਾ ਮਿਲਦੀ ਹੈ ਓਥੋਂ ਸੱਤ ਕੋਸ ਉੱਪਰ ਲੋਕਪਾਲ ਤੀਰਥ ਦੇ ਪੱਛਮੀ ਕਿਨਾਰੇ ਮਹਾਕਾਲ ਕਾਲੀ ਦਾ ਮੰਦਰ ਹੈ ਜਿੱਥੇ ਬੈਠਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਿਛਲੇ ਜਨਮ ਤਪੱਸਿਆ ਕੀਤੀ ਸੀ ਸਬੂਤੀ ਓਨ੍ਹਾਂ ਨੇ ਆਪ ਹੀ ਆਪਣੀ ਕਵਿਤਾ ਬਚਿੱਤ੍ਰ ਨਾਟਕ ਵਿਚ ਭਲੀ ਪ੍ਰਕਾਰ ਖੋਲ ਕੇ ਦੇਖਾਈ ਹੈ। ਓਸ ਦੇਸ ਦੇ ਸਬ ਲੋਗ ਓਸੇ ਮਹਾਂਕਾਲ ਕਾਲੀ ਦਾ ਪੂਜਨ, ਅਰਾਧਨ ਤੇ ਓਸੇ ਤੀਰਥ ਦਾ ਇਸਨਾਨ ਵੱਡੀ ਸ੍ਰੱਧਾ ਨਾਲ ਕਰਦੇ ਹਨ। ਅਤੇ ਭੋਟੀ ਲੋਗ ਬਹੁਤ ਆਂਵਦੇ ਹਨ, ਹੁੱਕਾ, ਤਮਾਕੂ, ਗਾਂਜਾ, ਜੂਤਾ ਏਸ ਤੀਰਥ ਦੇ ਤ੍ਰਿਨ ੩ ਕੋਸ ਪਰੇ ਰਹਿੰਦਾ ਹੈ, ਦਾਤਣ ਕੁਰਲਾ ਕੋਈ ਓਥੇ ਨਹੀਂ ਕਰਦਾ, ਨਖੂਨ, ਬਾਲ ਕੋਈ ਨਹੀਂ ਕਟਾਂਉਂਦਾ। ਇਸ ਮਹਾਕਾਲ ਕਾਲੀ ਨੂੰ ਕੜਾਹ ਪ੍ਰਸਾਦ ਦੇ ਸਿਵਾਇ ਹੋਰ ਕਿਸੇ ਚੀਜ਼ ਦਾ ਭੋਗ ਨਹੀਂ ਲੱਗਦਾ। — ਅਸੀਂ ਆਸਾ ਰੱਖਦੇ ਹਾਂ ਕਿ ਜਿਸ ਤਰਾਂ ਲਛਮਨ ਝੂਲੇ ਪਰ ਇਕ ਮਾਰਵਾੜੀ ਸੇਠ ਨੇ ਤਿੰਨ ੩ ਲੱਖ ਰੁਪਯਾ ਖਰਚ ਕਰਕੇ ਪੁਲ ਬੰਧਵਾ ਦਿੱਤਾ ਹੈ ਤੈਸੇ ਜੇਕਰ ਕਿਸੇ ਧਨੀ ਸਿੱਖ ਨੂੰ ਵਾਹਿਗੁਰੂ ਸੁਮਤਿ ਬਖਸ਼ੇ ਤਾਂ ਪੰਡਕੇਸੁਰ ਪਿੰਡ ਦੇ ਪਾਸੋਂ ਅੱਠ ਕੋਸ ਸੜਕ ਲੋਕਪਾਲ ਤੀਰਥ ਤਕ ਬਣਵਾ ਦੇਵੇ ਤੇ ਗੁਰੂ ਜੀ ਦੇ ਤਪ ਕਰਨੇ ਦੀ ਜਗਾ ਗੁਰੂ ਮੰਦਰ ਰਚਵਾ ਦੇਵੇ ਤਾਂ ਕੇਦਾਰਨਾਥ ਵਾਲਾ ਸੱਠ ਕੋਸ ਦਾ ਰਸਤਾ ਜੋ ਓਸ ਸੜਕ ਦੇ ਨਾ ਹੋਣੇ ਕਰਕੇ ਜਾਤ੍ਰੀਆਂ ਨੂੰ ਕਰਣਾ ਪੈਂਦਾ ਹੈ ਸੋ ਛੱਡ ਕੇ ਏਸੇ ਅੱਠ ਕੋਸ ਵਾਲੇ ਰਸਤੇ ਸਭ ਬੱਦ੍ਰੀਨਾਥ ਦੇ ਜਾਤ੍ਰੀ ਲੋਕਪਾਲ ਤੀਰਥ ਦੇ ਇਸ਼ਨਾਨ ਤੇ ਗੁਰੂ ਮੰਦ੍ਰ ਦੇ ਦਰਸ਼ਨ ਕਰਦੇ ਹੋਏ ਜਾਯਾ ਆਯਾ ਕਰਣਾ। ਏਹ ਉਪਕਾਰ ਕਰਣ ਵਾਲੇ ਦਾ ਅਖੇ ਪੁੰਨ ਤੇ ਜਸ ਹੋਵੇਗਾ।

ਸੈਂਪਣੀ ਨਦੀਮ ਦੇ ਪੁਰੇ ਕਿਨਾਰੀ ਜਾਣਾ ਮਨਕੇ ਭਲੀ ਕਿਸੇ ਦੂਸਰੇ ਪੁਰਸ਼ ਨਾਲ ਸਬੰਧ ਕਰਕੇ ਪੁੱਤ੍ਰ ਪੈਦਾ ਕਰੇ ਕਿਸੇ ਦੇਵਤਾ ਪੁੱਤ੍ਰ ਆਪਣੇ ਹਨ।

ਲੋਕਪਾਲ

ਤ੍ਰਿਕਾਲ ਦਰਸੀ ਸੰਤ ਸਨ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕਰ ਅਤੀ ਪ੍ਰਸੰਨ ਹੋ ਬੇਨਤੀ ਕੀਤੀ ਹੇ ਭਗਵਨ ਆਪ ਕੇ ਸ਼ਬਦ ਨੂੰ ਸੁਣ ਕੇ ਸਾਡੇ ਮਨ ਅਸਥਿਰ ਤੇ ਸ਼ਾਂਤਿ ਭਾਵ ਨੂੰ ਪ੍ਰਾਪਤ ਹੋ ਗਏ ਹੈਂ ਤਾਂਤੇ ਅਸੀਂ ਜਾਣ ਲੀਤਾ ਜੋ ਆਪ ਨੇ ਸਤਗੁਰੂ ਅਵਤਾਰ ਜੀਵਾਂ ਦੇ ਉਪਕਾਰ ਵਾਸਤੇ ਧਾਰਿਆ ਹੈ ਜੇਹੜੇ ਬੇਅੰਤ ਲੋਗ ਤਿੰਨਾਂ ਜੁੱਗਾਂ ਵਿਚ ਤਪ ਜਪ ਭਗਤੀ ਕਰਦੇ ਰਹੇ ਹਨ ਉਹੋ ਪੁਰਖ ਆਪ ਦਾ ਉਪਦੇਸ਼ ਧਾਰਨ ਕਰ ਕੇ ਹੁਣ ਕੈਵੱਲਯ ਮੁਕਤੀ ਦੇ ਅਧਿਕਾਰੀ ਹੋਣਗੇ ਤੇ ਆਪ ਦੇ ਸੇਵਕ ਸਦਾਉਣਗੇ ਤਾਂਤੇ ਹੇ ਸਤਗੁਰੋ ਆਪ ਕਾ ਦਰਸਨ ਸਾਨੂੰ ਦੁਰਲਭ ਪ੍ਰਾਪਤ ਹੋਯਾ ਹੈ ਹੁਣ ਆਪ ਆਪਣੇ ਮੁਖਾਰਬਿੰਦ ਤੋਂ ਐਸਾ ਉਪਦੇਸ਼ ਕਰੋ ਜਿਸ ਨੂੰ ਧਾਰਣ ਕਰ ਕੇ ਅਸੀਂ ਕੈਵੱਲਯ ਮੁਕਤੀ ਦੇ ਅਧਿਕਾਰੀ ਹੋਵੀਏ।

ਏਹ ਪ੍ਰਾਰਥਨਾ ਰਿਖੀਆਂ ਦੀ ਸੁਣ ਕੇ ਗੁਰੂ ਜੀ ਨੇ ਸ਼ਬਦ ਉਚਾਰਿਆ ਯਥਾ (ਏਕ ਰੂਪ ਸਗਲੋ ਪਾਸਾਰਾ ਆਪੇ ਬਨਜ ਆਪ ਬਿਉਹਾਰਾ। ਐਸੋ ਗਿਆਨ ਬਿਰਲੋ ਈ ਪਾਏ। ਜਤ ਜਤ ਜਾਈਐ ਤਤ ਤਤ ਦ੍ਰਿਸਟਾਏ। ਅਨਿਕ ਰੰਗ ਨਿਰਗੁਨ ਇਕ ਰੰਗਾ।)

ਏਹੋ ਜੇਹੇ ਸ਼ਬਦ ਅਤੇ ਪਰਮੇਸ਼ੁਰ ਦੇ ਗਯਾਨ ਬਿਗਯਾਨ ਦਾ ਉਪਦੇਸ਼ ਗੁਰੂ ਜੀ ਤੋਂ ਸੁਣ ਕੇ ਰਿਖੀ ਨਿਰਸੰਦੇਹ ਪਰਮਾਨੰਦ ਵਿਖੇ ਮਗਨ, ਨਿਹਾਲ ਹੁੰਦੇ ਭਏ।

ਜੈਸੇ ਰਾਮਚੰਦ੍ਰ ਜੀ ਚਿੱਤ੍ਰਕੂਟ, ਪੰਪਾਸਰ, ਦੰਡਕ ਬਣ ਦੇ ਨਿਵਾਸੀ ਰਿਖੀਸ਼ਰਾਂ ਤਪੀਸ਼ਰਾਂ ਨੂੰ ਦਰਸਨ ਉਪਦੇਸ਼ ਦਿੰਦੇ ਹੋਏ ਬਨ, ਪਰਬਤਾਂ ਦਾ ਰਟਨ ਕਰਦੇ ਫਿਰੇ ਹੈਂ ਤੈਸੇ ਗੁਰੂ ਸਾਹਿਬ ਜੀ ਉਤ੍ਰਾਖੰਡ ਵਿਚ ਅਖੰਡ ਵਿਚਰ ਕੇ ਅਨੰਤ ਸੰਤਾਂ ਭਗਤਾਂ ਨੂੰ ਪ੍ਰਤਮਾ ਪੂਜਨਾਦਿਕ ਕਰਮ ਜਾਲ ਤੋਂ ਨਿਕਾਲ, ਪਰਮੇਸ਼ੁਰ ਦੀ ਸੰਭਾਲ ਵਿੱਚ ਜੋੜਦੇ ਭਏ ਅਤੇ ਅੱਗਯਾਨੀ ਪੁਰਖ ਜੋ ਅਨੇਕ ਪ੍ਰਕਾਰ ਦੇ ਚੰਦ੍ਰਾਇਣਾਦੀ ਬਰਤ ਸਕਾਮ ਤਪ ਜਪ ਕਠਨ ਸਾਧਨ ਕਰਦੇ ਹੋਏ ਕਸ਼ਟ ਪਾ ਰਹੇ ਸੇ ਉਨ੍ਹਾਂ ਨੂੰ ਗਯਾਨ ਉਪਦੇਸ਼ ਦੇ ਕਰ ਨਿਸਕਾਮ ਕਰਮਾਂ ਤੇ ਭਗਤੀ ਪਰਮੇਸ਼ੁਰ ਦੀ ਵਿਚ ਲਾ ਕੇ ਜਾਗਵਲਕ ਬਾਮਦੇਵ, ਦੱਤਾਤ੍ਰੇਯ, ਕਾਕਭਸੁੰਡ ਆਦਿਕ ਬ੍ਰਹਮ ਗਯਾਨੀਆਂ ਦੀ ਸਤਸੰਗ ਕਰਨੇ ਦੀ ਆਗਯਾ ਦਿੰਦੇ ਭਏ ਏਸੇ ਪ੍ਰਕਾਰ ਅਧਿਕਾਰ ਅਨੁਸਾਰ ਸਭ ਨੂੰ ਬ੍ਰਹਮ ਵਿਚਾਰ ਵਿਚ ਜੋੜ ਕੇ ਪੁਨਾ ਭਾਈ ਬਾਲੇ ਮਰਦਾਨੇ ਨੂੰ ਉਥੇ ਹੀ ਛੱਡ ਆਪ ਏਕਾ ਏਕੀ ਉਦੂੰ ਅੱਗੇ ਜੋ ਬਹੁਤ ਵਡੇ ੨ ਉੱਚੇ ਟਿੱਲੇ ਦਿਸਦੇ ਸਨ ਤੇ ਜਿੱਥੇ ਸਭ ਕੋਈ ਜਾ ਨਹੀਂ ਸਕਦਾ ਉਧਰ ਨੂੰ ਚਲੇ ਗਏ।

Digitized by Panjab Digital Library | www.panjabdigilib.org

ਜਿਸ ਤਰਾਂ ਮੂਸੇ[1] ਪੈਗੰਬਰ ਨੂੰ ਪ੍ਰਕਾਸ਼ ਰੂਪ ਪਰਮੇਸ਼ੂਰ ਦਾ ਦੀਦਾਰ ਕੋਹਤੂਰ ਪਰ ਹੋ
ਯਾ ਸੀ ਤੈਸੇ ਗੁਰੂ ਨਾਨਕ ਸਾਹਿਬ ਨੂੰ ਭੀ ਏਸ ਸੇਸ਼ ਉੱਤ੍ਰਾਖੰਡ ਦੇ ਸਬ ਤੋਂ ਵੱਡੇ ਉੱਚੇ ਪ
ਰਬਤ ਦੇ ਸੱਤਵੇਂ ਟਿੱਲੇ ਉੱਤੇ ਬੇਅੰਤ ਬਿਜਲੀਆਂ ਤੇ ਸੂਰਜਾਂ ਵਾਂਗੂ ਚਮਕਦੀ ਰੋਸ਼ਨੀ
ਨਜ਼ਰ ਆਈ। ਜਿਸ ਦੇ ਦੁਆਰੇ ਪਰ ਬ੍ਰਹਮਾ, ਬਿਸ਼ਨੂ, ਮਹੇਸ਼, ਇੰਦ੍ਰ, ਬਰਣ, ਕੁਬੇਰ, ਮੂਸਾ,
ਈਸਾ, ਮੁਹੰਮਦ, ਰਾਮ, ਕ੍ਰਿਸ਼ਨ ਆਦਿਕ ਅਵਤਾਰ, ਪੈਗੰਬਰ, ਦੇਵਤਾ, ਗੋਰਖ, ਦੱਤ, ਨਾ
ਰਦ, ਸਨਕਾਦਿਕ, ਧ੍ਰੂ, ਪ੍ਰਹਿਲਾਦ ਆਦਿਕ ਸਿੱਧ ਰਿਖੀ ਮੁਨੀ ਭਗਤ ਬੇਸ਼ੁਮਾਰ ਪ
ਵਿੱਤ੍ਰ ਆਤਮਾ ਨਿਹਾਯਤ ਅਦਬ ਦੇ ਨਾਲ ਹੱਥ ਜੋੜ੍ਹ ਮੱਥੇ ਝੁਕਾਏ ਹੋਏ ਗੁਰੂ ਜੀ ਨੇ
ਖੜ੍ਹੇ ਦੇਖੇ। ਏਹ ਕਰਤਾਰ ਦੀ ਕੁਦਰਤ ਦਾ ਰੰਗ ਢੰਗ ਦੇਖ ਕਰ ਉਮੰਗ ਨਾਲ ਜਦ
ਗੁਰੂ ਜੀ ਅੱਗੇ ਗਏ ਤਾਂ ਉਸ ਸਤ ਚਿਤ ਆਨੰਦ ਸਰੂਪ ਨੂਰ ਭਰਪੂਰ ਵਿੱਚੋਂ ਆਕਾਸ਼
ਬਾਣੀ ਹੋਈ ਕਿ ਹੇ ਨਾਨਕ ਨਿਰੰਕਾਰੀ ਮੈਂ ਤੈਨੂੰ ਜੀਵਾਂ ਦੇ ਉਧਾਰਨ ਵਾਸਤੇ ਸਤਗੁਰੂ ਪ੍ਰਗ
ਟ ਕੀਤਾ ਹੈ ਜੋ ਕੋਈ ਤੇਰਾ ਉਪਦੇਸ਼ ਮੰਨੇਗਾ ਉਸ ਦੇ ਕਲੇਸ਼ ਤੇ ਬਿਸ਼ੇਸ ਪਾਪ ਸਬ
ਦੂਰ ਕਰ ਕੇ ਮੈਂ ਉਸ ਨੂੰ ਚੌਰਾਸੀ ਲੱਖ ਜੋਨੀ ਦੇ ਨਰਕਾਂ ਤੋਂ ਉਬਾਰ ਕਰ ਬੈਕੁੰਠ ਵਿਚ
ਨਿਵਾਸ ਦੇਵਾਂਗਾ। ਜਿਨ੍ਹਾਂ ਨੇ ਅਨੇਕ ਜਨਮ ਧਾਰ ਕੇ ਪਿਛਲੇ ਜੁਗਾਂ ਵਿਚ ਜਪ ਤਪ
ਕੀਤੇ ਹਨ ਓਹ ਸਬ ਹੁਣ ਤੇਰੇ ਉਪਦੇਸ਼ ਨੂੰ ਮੰਨ ਕੇ ਮੁਕਤੇ ਹੋਣਗੇ। ਹੁਣ ਤੂੰ ਮਾਤ ਲੋ
ਕ ਵਿੱਚ ਜਾਹ ਤੇ ਜੀਵਾਂ ਦਾ ਉਧਾਰ ਕਰ। । ਏਹ ਹੁਕਮ ਅਕਾਲ ਪੁਰਖ ਦਾ
ਸੁਣ ਕੇ ਬਾਰ ਬਾਰ ਨਮਸਕਾਰ ਕਰ ਗੁਰੂ ਸਾਹਿਬ ਪਿੱਛੇ ਨੂੰ ਆਏ ਤਾਂ ਦੇਵਤਾ, ਪੈ
ਗੰਬਰ ਸਬਨੇ ਦਰਸਨ ਕੀਤੇ ਤੇ ਗੁਰੂ ਜੀ ਦੇ ਅੰਮ੍ਰਿਤ ਰੂਪੀ ਬਚਨ ਸੁਣ ਕੇ ਪਰਮਾਨੰ
ਦ ਨੂੰ ਪ੍ਰਾਪਤ ਹੋਏ। ਫੇਰ ਉੱਤ੍ਰਾਖੰਡ ਨਿਵਾਸੀ ਰਿਖੀ ਮੁਨੀ ਸਿੱਧ ਸਬ ਗੁਰੂ ਜੀ ਦੇ ਦਰ

1 ਏਹ ਕੋਹਤੂਰ ਪਹਾੜ ਮਿਸਰ ਮੁਲਕ ਵਿਚ ਬਡਾ ਉੱਚਾ ਹੈ ਮੂਸਾ ਪੈਗੰਬਰ ਆਪਣੇ ਕੁਟੰਬ ਸਮੇਤ ਜੰਗਲਾਂ ਪਹਾੜਾਂ ਵਿਚ ਫਿਰਦਾ ਰਹਿੰਦਾ ਤੇ ਬਕਰੀਆਂ ਰੱਖਦਾ ਹੁੰਦਾ ਸੀ ਤੇ ਉਨ੍ਹਾਂ ਦਾ ਦੁੱਧ ਯਾ ਫਲ ਫੁਲ ਖਾ ਕੇ ਗੁਜ਼ਾਰਾ ਕਰਦਾ ਤੇ ਰੱਬ ਦੀ ਬੰਦਗੀ ਕਰਦਾ ਰਹਿੰਦਾ ਇਕ ਦਿਨ ਕੋਹਤੂਰ ਪਰ ਉਸ ਦੀ ਔਰਤ ਨੂੰ ਬਾਲਕ ਜੰਮਣ ਦੇ ਵਕਤ ਪਾਲਾ ਲੱਗਾ ਤਾਂ ਉਸ ਦੇ ਸੇਕਾਉਣ ਲਈ ਅੱਗ ਢੂੰਢਣ ਨੂੰ ਮੂਸਾ ਇਕ ਚਾਨਣੇ ਦੀ ਤਰਫ਼ ਗਿਆ ਜਦ ਉਥੇ ਗਿਆ ਤਾਂ ਉਸ ਚਾਂਦਨੇ ਵਿੱਚੋਂ ਆਵਾਜ਼ ਆਈ ਹੇ ਮੂਸਾ ਮੈਂ ਤੈਨੂੰ ਪੈਗੰਬਰੀ ਬਖ਼ਸ਼ੀ ਤੂੰ ਲੋਕਾਂ ਨੂੰ ਮੇਰੀ ਪਹਿਚਾਨ ਕਰਵਾ ਤੇਰੀ ਬਾਣੀ ਵਿਚ ਮੇਰੀ ਸ਼ਕਤੀ ਵਰਤੇਗੀ ਜੋ ਕੋਈ ਤੇਰਾ ਉਪਦੇਸ਼ ਧਾਰਣ ਕਰੇਗਾ ਉਸ ਦੇ ਗੁਨਾਹ ਮੈਂ ਸਬ ਬਖ਼ਸ਼ ਦੇਵਾਂਗਾ ਏਸੇ ਦਿਨ ਤੋਂ ਮੂਸਾ ਪੈਗੰਬਰ ਮਸ਼ਹੂਰ ਹੋ ਗਿਆ। ਪ੍ਰਭੂ ਨਦਰੀ ਨਦਰ ਨਿਹਾਲ ਹੈ ਦੇਖੋ ਅੱਗ ਲੈਣ ਗਏ ਨੂੰ ਪੈਗੰਬਰੀ ਦੇ ਦਿੱਤੀ ਤੇ ਗੁਰੂ ਜੀ ਦਾ ਭੀ ਬਚਨ ਹੈ (ਅਣਮੰਗਿਆ ਦਾਨ ਦੇਵਸੀ ਵੱਡਾ ਅਗਮ ਅਪਾਰ।)

Digitized by Panjab Digital Library | www.panjabdigilib.org

ਸੁਨਨੂੰ ਆਏ ਅਤੇ ਬੇਨਤੀ ਕਰਦੇ ਭਏ ਹੇ ਸਤਗੁਰੋ ਆਪਨੂੰ ਅਕਾਲਪੁਰਖ ਨੇ ਸਤਗੁਰੂ ਦੀ ਪਦਵੀ ਬਖਸ਼ੀ ਹੈ ਜੇਹੜੀ ਅੱਜ ਤਾਂਈ ਹੋਰ ਕਿਸੇ ਨੂੰ ਨਹੀਂ ਮਿਲੀ ਤਾਂਤੇ ਕੁਛ ਦਿਨ ਆਪ ਏਥੇ ਹੀ ਨਿਵਾਸ ਕਰੋ ਕੇ ਸਾਡਾ ਉਧਾਰ ਕਰੋ। ਕਿਉਂਕੇ ਅਸੀਂ ਜਪ ਤਪ ਜੋਗ ਕਮਾਂਵਦੇ ਹੋਏ ਸਿੱਧੀਆਂ ਰਿੱਧੀਆਂ ਨੂੰ ਪਾ ਕੇ ਹੰਕਾਰੀ ਹੋ ਰਹੇ ਹਾਂ। ਆਪ ਦੇ ਬਚਨ ਸੁਨ ਕੇ ਅਸਾਡੇ ਮਨ ਨਿਰਹੰਕਾਰ ਤੇ ਸ਼ਾਂਤਿ ਹੁੰਦੇ ਹਨ ਤੇ ਮਨ ਨਿੰਮ੍ਰ ਹੋਣੇ ਕਰ ਆਤਮਾ ਪ੍ਰਮਤਮਾ ਦਾ ਵਿਚਾਰ ਧਾਰਣ ਹੁੰਦਾ ਹੈ ਜਿਸ ਤੋਂ ਬ੍ਰਹਮਗਿਆਨ ਸਾਖਿਆਤਕਾਰ ਹੋਕੇ ਕਈ ਬਿਦੇਹ ਮੁਕ੍ਤੀ ਤੇ ਕਈ ਜੀਵਨ ਮੁਕ੍ਤੀ ਦੇ ਅਧਿਕਾਰੀ ਹੋ ਕਰ ਪਰਮਾਨੰਦ ਵਿਚ ਮਗਨ ਰਹਾਂਗੇ। ।ਏਹ ਬੇਨਤੀ ਸੁਣਕੇ ਗੁਰੂ ਸਾਹਿਬ ਨੇ ਉਨਾਂ ਨੂੰ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਜੋੜਕੇ ਆਖਿਆ ਹੁਣ ਤਾਂ ਸਾਨੂੰ ਕਰਤਾਰ ਦਾ ਹੁਕਮ ਏਥੇ ਰਹਿਣ ਦਾ ਨਹੀਂ ਮਿਤ੍ਰਲੋਕ ਦੇ ਜੀਵਾਂ ਦਾ ਉਧਾਰ ਕਰਕੇ ਫੇਰ ਤੁਹਾਡੇ ਪਾਸ ਆਵਾਂਗੇ। ਅੰਤ ਨੂੰ ਏਹੋ ਬਚਨ ਆਪਣਾ ਗੁਰੂ ਜੀ ਨੇ ਸਫਲ ਕੀਤਾ ਤੇ ਬਾੱਈ (22) ਬਰਸ ਮਿਤਲੋਕ ਵਿਚ ਰਹਿਕੇ ਜੀਵਾਂ ਦੀ ਕੱਲਿਆਣ ਕਰ ਫੇਰ ਸਣਦੇਹ ਉਥੇ ਹੀ ਰਲੇ ਗਏ ਏਹ ਸਭ ਸਿੱਖ ਜਾਣਦੇ ਹਨ।

ਇਸ ਪ੍ਰਕਾਰ ਉੱਤ੍ਰਾਖੰਡ[1] ਦੇ ਨਿਵਾਸੀ ਰਿਖੀਸ਼੍ਵਰਾਂ ਮੁਨੀਸ਼੍ਵਰਾਂ ਨਾਲ ਅਕਰਾਰ ਵਿਚਾਰ ਕਰਕੇ ਗੁਰੂ ਸਾਹਿਬ ਜੀ ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈਕੇ ਉੱਤ੍ਰਾਖੰਡ ਦੇ ਅਨੇਕ

---

੧ ਏਸੇ ਉਤ੍ਰਾਖੰਡ ਦਾ ਨਾਮ ਦੇਵ ਭੂਮੀ ਤੇ ਏਥੋਂ ਦੇ ਬਸਨੀਕਾਂ ਨੂੰ ਦੇਵਤਾ ਪੁਰਾਣਾ ਵਿਚ ਲਿਖਿਆ ਹੈ ਤੇ ਉਹ ਭੀ ਆਪ ਨੂੰ ਦੇਵਤਾ ਅਤੇ ਆਪਣੇ ਦੇਸ ਨੂੰ ਦੇਵ ਭੂਮੀ ਅਤੇ ਪੰਜਾਬ ਹਿੰਦੁਸਤਾਨ ਨੂੰ ਮਿਤ ਭੂਮੀ ਮੰਨਦੇ ਹੈਂ। (੨) ਭਾਰਤ ਦੇ ਆਦਿ ਪਰਬ ਵਿਚ ਲਿਖਿਆ ਹੈ ਇਕ ਦਿਨ ਰਖੀਸ੍ਵਰ ਜਾਂਦੇ ਸਨ ਪੰਡੂ ਰਾਜਾ ਜੋ ਉਦੋਂ ਹੇਮਕੂਟ ਵਿਚ ਰਾਣੀਆਂ ਸਮੇਤ ਰਹਿੰਦਾ ਸੀ ਉਸਨੇ ਪੁਛਿਆ ਤੁਸੀ ਕਿਥੇ ਜਾਂਦੇ ਹੋ ਸਿਤਾਂ ਨੇ ਆਖਿਆ ਅਸੀਂ ਬ੍ਰਹਮਲੋਕ ਜਾਂਦੇ ਹਾਂ ਰਾਜਾ ਨੇ ਉਨ੍ਹਾਂ ਦੇ ਨਾਲ ਚਲਨਾ ਚਾਹਿਆ ਰਿਖੀਆਂ ਨੇ ਜਵਾਬ ਦਿੱਤਾ ਤੂੰ ਗ੍ਰਿਹਸ੍ਤੀ ਹੈਂ ਜਦ ਤਕ ਤੇਰੇ ਘਰ ਬੇਟਾ ਪੈਦਾ ਨਹੀਂ ਹੁੰਦਾ ਤਦ ਤਕ ਔਰਤ ਨੂੰ ਤਿਆਗਣਾ ਪਾਪ ਹੈ, ਏਸ ਕਰਕੇ ਤੈਨੂੰ ਅਸੀਂ ਨਾਲ ਨਹੀਂ ਲੈ ਜਾਂਦੇ। (੩) ਦ੍ਰੋਣ ਪਰਬ ਵਿਚ ਲਿਖਿਆ ਹੈ ਜਦ ਜੈਦਰਥ ਰਾਜਾ ਨੇ ਅਰਜਨ ਦੇ ਬੇਟੇ ਅਭਿਮੰਨੂੰ ਨੂੰ ਛਲ ਨਾਲ ਮਾਰ ਦਿੱਤਾ ਤਾਂ ਅਰਜਨ ਨੇ ਪ੍ਰਤੱਗਿਆ ਕੀਤੀ ਕਿ ਮੈਂ ਜੈਦਰਥ ਨੂੰ ਮਾਰੇ ਬਿਨਾ ਅੰਨ ਜਲ ਨਹੀਂ ਕਰਾਂਗਾ ਏਹ ਪ੍ਰਣ ਸੁਣਕੇ ਸਭ ਨੂੰ ਸੋਚ ਪਈ ਦੇਖ ਕ੍ਰਿਸ਼ਨ ਜੀ ਨੇ ਆਖਿਆ ਦੇਵਲੋਕ ਵਿਚ ਮਹਾਕਾਲ ਦੇ ਪਾਸ ਧਨੁਖ ਹੈ ਉਹ ਆਵੇ ਤਾਂ ਜੈਦਰਥ ਮਰੇ ਤਦ ਰਾਜਾ ਜੁਧਿਸ੍ਟਰ ਤੇ ਦ੍ਰੋਪਤੀ ਨੇ ਕ੍ਰਿਸ਼ਨ ਅਗੇ ਬੇਨਤੀ ਕਰ ਆਖਿਆ ਏਹ ਪ੍ਰਤੱਗਿਆ ਤੁਸੀ ਪੂਰੀ ਕਰੋਗੇ ਤਾਂ ਹੋਵੇਗੀ।

ਕ੍ਰਿਸ਼ਨ ਜੀ ਉਨਾਂ ਦੀ ਬੇਨਤੀ ਮੰਨ, ਅਰਜਨ ਨੂੰ ਨਾਲ ਲੈ ਹਿਮਾਲਯ (ਸੁਮੇਰੁ) ਪਰਬਤ ਪਰ ਸਪਤ ਸ਼੍ਰਿੰਗ ਪਰਬਤ ਦੇ ਵਿੱਚ ਗਏ ਤੇ ਮਹਾਕਾਲ ਦੇ ਮੰਦਰ ਅੱਗੇ ਲੋਕਪਾਲ ਤੀਰਥ ਦੇ ਕਿਨਾਰੇ, ਮਹਾਕਾਲ ਦੀ ਉਪਾਸ਼ਨਾ ਕਰਕੇ ਅਰਜਨ ਨੂੰ ਧਨੁਖ ਬਾਣ ਲੈ ਦਿੱਤਾ ਜਿਸ ਨਾਲ ਅਰਜਨ ਨੇ ਜੈਦਰਥ ਨੂੰ ਮਾਰਿ

Digitized by Panjab Digital Library | www.panjabdigilib.org

ਜੰਗਲਾਂ, ਪਹਾੜ੍ਹਾਂ ਦਾ ਸੈਲ ਕਰਦੇ ਹੋਏ ਰਾਣੀਖੇਤ, ਅਲਮੋੜੇ, ਕਮਾਂਊ, ਨੈਣੀਤਾਲ ਆਦਿਕ ਪਰਬਤਾਂ ਦੇ ਨਿਵਾਸੀ ਲੋਗਾਂ ਨੂੰ ਪਰਮੇਸ੍ਵਰ ਦੀ ਭਗਤੀ ਵਿਚ ਲਾ ਕਰ, ਨੈਣੀਤਾਲ ਦੇ ਜ਼ਿਲੇ ਵਿਚ ਨਾਨਕਮੱਤੇ ਪਹੁੰਚਦੇ ਭਏ। ਏਹ ਨਾਨਕਮਤਾ ਪੀਲੀਭੀਤ

ਉਤ੍ਰਾਖੰਡ

ਆ। ਏਨ੍ਹਾਂ ਦੋਹਾਂ ਪ੍ਰਸੰਗਾਂ ਤੋਂ ਮਹਾਕਾਲ ਦੇ ਨਿਵਾਸ ਦਾ ਏਹੋ ਥਾਂਉ ਬ੍ਰਮਲੋਕ ਸਿਧ ਹੋਯਾ। (੪) ਗੰਗਾ ਜੀ ਦਾ ਨਿਕਾਸ ਜੋ ਬ੍ਰਮਲੋਕ ਵਿਚੋਂ ਅਨੇਕ ਸਾਸ਼੍ਰਾਂ ਵਿਚ ਲਿਖਿਆ ਹੈ ਸੋ ਭੀ ਏਸੇ ਹਿਮਾਲਯ ਉਤ੍ਰਾਖੰਡ ਵਿਚੋਂ ਨਿਕਲਦੀ ਹੈ।

(੫) ਹਰਿਦ੍ਵਾਰ ਜੋ ਹਰਿਲੋਕ ਦਾ ਦਰਵੱਜਾ ਲਿਖਿਆ ਹੈ ਏਸ ਤੋਂ ਭੀ ਏਹੋ ਸਿੱਧ ਹੁੰਦਾ ਹੈ ਕੇ ਏਹੋ ਉਤ੍ਰਾਖੰਡ ਦੇਵਤਿਆਂ ਦਾ ਦੇਸ ਹੈ ਤੇ ਬਿਸ਼ਨੂ, ਇੰਦ੍ਰ, ਉਪਿੰਦ੍ਰ, ਸਿਵ ਆਦਿਕ ਦੇਵਤਿਆਂ ਦਾ ਨਾਮ ਹਰਿ ਪ੍ਰਸਿੱਧ ਹੈ ਸੋ ਹਰਿ ਕਾ ਦ੍ਵਾਰ, ਹਰਿਦ੍ਵਾਰ। (੬) ਏਸ ਪਰਬਤ ਨੂੰ ਨਾਰਾਯਣ ਦਾ ਪਰਬਤ ਪੁਰਾਣਾਂ ਵਿਚ ਲਿਖਿਆ ਹੈ ਜਿਸ ਕਰਕੇ ਬੱਦ੍ਰੀ ਨਾਰਾਯਣ ਦਾ ਦਰਸ਼ਨ ਕਰਨ ਲੋਕ ਜਾਂਦੇ ਹਨ। (੭) ਅਨੇਕ ਰਾਜਿਆਂ ਦੇ ਪ੍ਰਸੰਗਾਂ ਤੋਂ ਪ੍ਰਸਿਧ ਹੈ ਕੇ ਓਹ ਇੰਦ੍ਰਾਦਿਕ ਦੇਵਤਿਆਂ ਦੀ ਮਦਦ ਕਰਨ, ਰਾਕਸਾਂ ਨੂੰ ਮਾਰਣ ਵਾਸਤੇ ਅਤੇ ਪਰੀਆਂ ਭੋਗਣ, ਰਾਗ ਸੁਣਨ, ਇੰਦ੍ਰ ਦਾ ਅਖਾੜਾ ਦੇਖਣ ਲਈ ਦੇਵਲੋਕ ਵਿਚ ਜਾਂਦੇ ਰਹੇ ਹਨ ਜੈਸਾ ਕਿ ਰਾਜਾ ਦਸਰਥ ਦੇ ਕੇਕਈ ਨੂੰ ਬਰ ਦੇਣੇ ਦੇਵਲੋਕ ਵਿਚ ਹੀ ਲਿਖੇ ਹਨ ਜੇਹੜੇ ਓਸਨੇ ਰਾਮਚੰਦ੍ਰ ਨੂੰ ਰਾਜ ਦੇਣ ਦੇ ਵਕਤ ਲਏ। ਫੇਰ ਰਾਵਣ ਬ੍ਰਮਾ ਤੋਂ ਸੈਹਥੀ ਲੈ ਆਯਾ ਜਿਸ ਨਾਲ ਲਛਮਨ ਨੂੰ ਮਾਰਿਆ ਪੁਨਹ ਲੜਾਈ ਦੇ ਵਕ੍ਤ ਰਾਮਚੰਦ੍ਰ ਜੀ ਨੇ ਇੰਦ੍ਰ ਦਾ ਰਥ ਮੰਗਾਯਾ ਸੀ ਏਨ੍ਹਾਂ ਪ੍ਰਸੰਗਾਂ ਤੋਂ ਠੀਕ ਏਹੋ ਦੇਵਲੋਕ, ਬ੍ਰਮਲੋਕ ਸਹੀ ਹੁੰਦਾ ਹੈ ਤੇ ਏਥੇ ਜੰਗੀ ਸਾਮਾਨ ਸਮੇਤ ਰਥਾਂ ਦੇ ਅਸਵਾਰ ਹੋਕੇ ਹਿੰਦੁਸ੍ਤਾਨ ਦੇ ਰਾਜੇ ਤੇ ਰਿਖੀ ਜਾ ਸਕਦੇ ਹਨ। ਅਕਾਸ ਵਿਚ ਕੋਈ ਨਹੀਂ ਜਾ ਸਕਦਾ ਤਾਂਤੇ ਅਕਾਸ ਵਿਚ ਦੇਵਲੋਕ ਮੰਨਣਾ ਤੇ ਓਥੇ ਜਾਣਾ ਅਸੰਭਵ ਹੈ। (੮) ਬੱਦ੍ਰੀ ਮਹਾਤਮ ਤੇ ਕੇਦਾਰਖੰਡ ਵਿਚ ਸ੍ਰੀਨਗਰ ਦੇ ਰਾਜਾ ਨੂੰ ਇੰਦ੍ਰ ਲਿਖਿਆ ਹੈ ਏਸੇ ਕਰਕੇ ਬੀਸ ਬਰਸ ਤੋਂ ਪਹਿਲੇ ੨ ਜਦ ਤਕ ਸ੍ਰੀਨਗਰ ਵਿਚ ਓਹ ਰਾਜਾ ਰਹਿੰਦਾ ਰਿਹਾ ਤਦ ਤਕ ਬੱਦ੍ਰੀਨਾਥ ਦੇ ਜਾਤ੍ਰੀ ਓਸਦਾ ਦਰਸ਼ਨ ਕਰਕੇ ਪਿੱਛੋਂ ਬੱਦ੍ਰੀਨਾਥ ਜਾਂਦੇ ਸਨ। ਅਜ ਦਾ ਸਰਕਾਰ ਅੰਗ੍ਰੇਜ਼ੀ ਦਾ ਰਾਜ ਓਥੇ ਹੋਯਾ ਹੈ ਤਦ ਦਾ ਰਾਜਾ ਰਸਤੇ ਤੋਂ ਦੂਰ ਟੀਹਰੀ ਵਿਚ ਰਹਿੰਦਾ ਹੈ। ਏਨ੍ਹਾਂ ਗੱਲਾਂ ਤੋਂ ਮਾਲੂਮ ਹੁੰਦਾ ਹੈ ਕਿਸੇ ਸਮੇ ਏਥੋਂ ਦਾ ਰਾਜਾ ਸਾਰੇ ਪਰਬਤਾਂ ਦਾ ਮਹਾਰਾਜਾ ਤੇ ਇੰਦ੍ਰ ਸਦਵਾ ਚੁਕਾ ਹੈ ਤੇ ਏਸੇ ਉਤ੍ਰਾਖੰਡ ਦੀ ਮਹਾਰਾਣੀ ਦੇਵੀ ਕਹਾ ਚੁਕੀ ਹੈ। ਜਲੰਧਰ ਦੇ ਰਾਜਾ ਨੂੰ ਜਲੰਧਰ ਦੈਤ ਤੇ ਮੁਲਤਾਨ ਦੇ ਰਾਜਾ ਨੂੰ ਹਿਰਨਕੱਸਪ ਦੈਤ ਤੇ ਅਟਕੋਂ ਪਾਰ ਦੇ ਲੋਗਾਂ ਨੂੰ ਜਵਨ, ਮਲੇਛ, ਰਾਕਸ ਨਾਮ ਸੇ ਜੋ ਪੁਰਾਣਾਂ ਤੇ ਸਿੰਮ੍ਰਤੀਆਂ ਵਿਚ ਲਿਖਿਆ ਹੈ। ਜੈਸੇ ਹੁਣ ਭੀ ਗੈਰ ਮਜ਼ਬ ਦੇ ਤੇ ਗੈਰ ਮੁਲਕ ਵਲਾਯਤ ਦੇ ਲੋਗਾਂ ਨੂੰ ਮਲੇਛ ਤੇ ਰਾਕਸ ਸੱਦੀਦਾ ਹੈ ਪ੍ਰਤੱਖ ਦੇਖੋ ਹਿੰਦੁਸ੍ਤਾਨ ਦੇ ਰਹਿਣ ਵਾਲੇ ਰੂਸੀਆਂ ਨੂੰ ਏਹੋ ਹੀ ਖਿਤਾਬ ਦਿੰਦੇ ਹਨ ਤੇ ਮੁਸਲਮਾਨਾਂ ਨੂੰ ਭੀ ਐਸਾ ਹੀ ਕਹਿਆ ਜਾਂਦਾ ਸੀ। ਏਸੇ ਕਰਕੇ ਜਦ ਕਦੀ ਏਨ੍ਹਾਂ ਦੀ ਲੜਾਈ ਉਤ੍ਰਾਖੰਡੀ ਦੇਵਤੇ ਲੋਗਾਂ ਨਾਲ ਹੁੰਦੀ ਸੀ ਤਾਂ ਉਤ੍ਰਾਖੰਡੀ ਲੋਗ ਨੱਠਕੇ ਏਸੇ ਹਿਮਾਲਯ ਅਰਥਾਤ ਸੁਮੇਰੂ ਪਰਬਤ ਦੀਆਂ ਕੰਦ੍ਰਾਂ ਵਿਚ ਜਾ ਲੁਕਦੇ ਸੇ। ਕਦੀ ਬਿਸ਼ਨੁ ਦੇਵਤਾ ਸਭਨਾਂ ਦਾ ਵੱਡਾ ਰਾਜਾ, ਕਦੀ ਸਿਵ, ਕਦੀ ਹਿੰਦੁਸ੍ਤਾਨੀ ਅਜੁੱਧਿਆ ਆਦਿਕ ਮਕਾਨਾਂ ਦੇ ਰਾਜੇ ਏਨ੍ਹਾਂ ਪਰਬਤੀ ਦੇਵਤਿਆਂ ਦੀ ਮਦਦ ਨੂੰ ਜਾਂਦੇ ਰਹੇ ਹਨ। ਏਹ ਪ੍ਰਸੰਗ ਹਰਬੰਸ, ਜਲੰਧਰ ਪੀਠ, ਸਕੰਧ, ਭਾਗ

Digitized by Panjab Digital Library | www.panjabdigilib.org

ਸਾਹਿਰ ਤੋਂ ਬੀਸ ਕੋਸ ਉੱਤ੍ਰ ਦੀ ਤਰਫ ਹੈ ਪਹਿਲੇ ਏਥੇ ਕਨਪਾਟੇ ਜੋਗੀ ਫਕੀਰ ਰਹਾ
ਕਰਦੇ ਸਨ। — ਜਦ ਗੁਰੂ ਸਾਹਿਬ ਨੇ ਪਿੱਪਲ ਹੇਠ ਬੈਠ ਕੇ ਏਹ ਸਬਦ ਗਾਇ

ਵਤ ਆਦਿਕ ਅਨੇਕ ਪੁਰਾਣਾ ਤੇ ਇਤਹਾਸਾਂ ਵਿਚ ਬਹੁਤ ਜਗਾ ਲਿਖੇ ਹਨ। ਔਰ ਏਸੇ ਪਰ
ਬਤ ਵਿਚ ਹਮੇਸ਼ ਬੱਦਲ ਰਹਿੰਦੇ ਹਨ ਤੇ ਏਥੋਂ ਹੀ ਉੱਠ ਕੇ ਬਰਸਦੇ ਹਨ।
(੯) ਕੇਵਲ ਸਤੋਗੁਣੀ ਭਗਤੀ ਭਜਨ ਪਰਾਇਣ ਉਦਾਰ, ਤ੍ਰਾਕਲ, ਸਰਲ, ਸੁਸੀਲ, ਸ੍ਰੇਵ,
ਗੋਰਵਰਨ, ਸਲੱਜ, ਨਿੰਮ੍ਰੀ ਸੁਭਾਵ, ਸੰਤੋਖੀ ਤੇ ਮੁਹੱਬਤੀ, ਅਣਬੋਲੇ, ਭੋਲੇ ਭਾਲੇ ਹੋਣਾ ਅਤੇ ਛ
ਲ ਕਪਟ ਝੂਠ ਬੋਲਣਾ, ਚੋਰੀ ਨਿੰਦਾ, ਚੁਗਲੀ, ਬਖੀਲੀ ਮਤਸਰ ਆਦਿਕ ਖੋਟੇ ਸੁਭਾਵਾਂ ਤੋਂ ਰਹ
ਤ ਕਿਸੇ ਦੀ ਧੀ ਭੈਣ ਔਰਤ ਚਾਹੇ ਕਿਸੇ ਨਾਲ ਸੰਗ ਕਰੇ ਰੰਜ ਨਾ ਹੋਣਾ ਸਗੋਂ ਖੁਸ਼ੀ ਹੋਣਾ। ਆਪਸ ਵਿ
ਚ ਨਰ ਨਾਰੀਆਂ ਨੇ ਮਿਲ ੨ ਗਾਉਣਾ ਰਾਗ ਤੇ ਫੁੱਲਾਂ ਨਾਲ ਪ੍ਰੀਤਿ ਇਤਆਦਿਕ ਦੇਵਤਿਆਂ ਵਾਲੇ ਲੱਛ
ਣ ਸੁਭਾਵ ਜੋ ਪੁਰਾਣਾਂ ਵਿਚ ਲਿਖੇ ਹਨ ਸਭ ਉਨ੍ਹਾਂ ਵਿਚ ਵਰਤਦੇ ਹਨ ਤਾਂਤੇ ਏਹੀ ਦੇਵ ਲੋਕ ਹੈ।
(੧੦) ਅਨੇਤ ਗ੍ਰੰਥਾਂ ਸ਼ਾਸ੍ਤ੍ਰਾਂ ਤੇ ਲੋਕਾਂ ਵਿਚ ਅਧਿਕ ਦੈਵੀ ਗੁਣਾਂ ਵਾਲੇ ਸੁਕ੍ਰਿਤੀ ਨੂੰ ਦੇਵਤਾ, ਤੇ ਅਧਿਕ ਆਸੁ
ਰੀ ਗੁਣਾਂ ਵਾਲੇ ਕੁਕ੍ਰਿਤੀ ਨੂੰ ਮਲੇਛ ਤੇ ਮੱਧਭਾਗ ਵਰਤੀ ਨੂੰ ਮਨੁਖ ਆਖਦੇ ਹਨ ਜੈਸੇ ਮਹਾਰਾਜ ਦਸ
ਮਪਾਤਸ਼ਾਹ ਜੀ ਕਾ ਭੀ ਵਾਕ ਹੈ। ਸਾਧ ਕਰਮ ਜੋ ਪੁਰਖ ਕਮਾਵੈ। ਨਾਮ ਦੇਵਤਾ ਜਗਤ ਕਹਾਵੈ। ਕੁਕ
ਤ੍ਰਿ ਕਰਮ ਜੋ ਜਗ ਮਹਿ ਕਰਹੀ। ਨਾਮ ਅਸੁਰ ਤਿਸ ਕੋ ਜਗ ਧਰਹੀਂ।
(੧੧) ਬਿਆਸ ਜੀ ਨੇ ਦੇਵ ਭੂਮੀ ਸੁਮੇਰੂ ਪਰਬਤ ਅਤੀ ਸ੍ਰੇਵ ਪਵਿਤ੍ਰ ਲਿਖਾ ਹੈ ਸੋ ਏਸੇ ਹਿਮਾਲਯ ਦਾ ਨਾ
ਮ ਸੁਮੇਰੂ ਹੈ। ਕਿਉਂਕਿ ਸੁ ਕਹੀਏ ਸ੍ਰੇਸ਼੍ਟ ਮੇਰੂ ਕਹੀਏ ਪਰਬਤ ਸੋ ਸ੍ਰੇਸ਼੍ਟ ਪਰਬਤ ਅਥਵਾ ਸੁ: ਸੁਕ
ਲ ਮੇਰੂ ਪਹਾੜ ਸੁਕਲ ਪਰਬਤ ਵਾ ਸੁਮੇਰੂ ਅਤਿ ਉੱਚਾ ਉੱਤਮ ਪਰਬਤ ਏਹ ਅਰਥ ਪੰਡਤ ਰਾਮਜ
ਸ ਨੇ ਰਾਮਜਸ ਕੋਸ ਵਿਚ ੬੭੨ ਸਫੇ ਪਰ ਲਿਖ ਕੇ ਏਸੇ ਹਿਮਾਲਯ ਨੂੰ ਸੁਮੇਰੂ ਬਰਨਨ ਕੀਤਾ ਹੈ।
(੧੨) ਸੁਮੇਰੂ ਜੋ ਸਾਰੇ ਪਰਬਤਾਂ ਨਾਲੋਂ ਉੱਚਾ ਤੇ ਲੰਬਾ ਚੌੜਾ ਲਿਖਿਆ ਹੈ ਸੋ ਭੀ ਠੀਕ ਹਿਮਾਲਯ ਹੀ ਹੈ
ਕਿਉਂਕਿ ਸਰਕਾਰ ਅੰਗ੍ਰੇਜੀ ਨੇ ਵਡੀ ਕੋਸ਼ਸ ਹਿੰਮਤ ਇਲਮ ਨਾਲ ਭਲੀ ਪ੍ਰਕਾਰ ਨਿਰਨੇ ਕਰ ਕੇ ਸਾਰੇ
ਪਰਬਤਾਂ ਜੰਗਲਾਂ ਸਮੁੰਦ੍ਰਾਂ ਬਸਤੀਆਂ ਦੇ ਜੁਗਰਾਫੀਏ ਨਕਸ਼ੇ ਬਣਾਏ ਹਨ ਉਨ੍ਹਾਂ ਵਿਚ ੧੫੦੦
ਮੀਲ ਲੰਬਾ ਤੇ ੨੦੦ ਦੋ ਸੌ ਮੀਲ ਚੌੜਾ ਤੇ ਤੀਸ ਹਜਾਰ ੩੦੦੦੦ ਫੁੱਟ ਉੱਚਾ ਜੋ ੬ ਮੀਲ ਦੇ ਲਗਭਗ
ਉੱਚਾ ਹੈ ਤੇ ਸਾਰੀ ਦੁਨੀਆਂ ਦੇ ਪਹਾੜਾਂ ਨਾਲੋਂ ਏਹੋ ਹਿਮਾਲਯ ਪਹਾੜ ਵੱਡਾ ਪਹਾੜ ਲਿਖਿਆ ਹੋਇਆ ਹੈ
ਮੁਲਕ ਭੋਟਾਨ, ਸੀਕਮ, ਨੈਪਾਲ, ਚੀਨ ਦਾ ਹਿੱਸਾ, ਲਾਂਬਾ, ਯਾਰਕੰਦ, ਤਾਸਕੰਦ, ਤਾਤਾਰ, ਤਿੱਬਤ ਦਾ ਹਿੱ
ਸਾ, ਗਿਲਗਿਤ, ਲੁਦਾਖ, ਕਾਸ਼ਮੀਰ, ਚਾਗੂ, ਕੁੱਲੂ, ਚੰਬਾ ਆਦਿਕ ਅਨੇਤ ਦੇਸ ਵੱਡੇ ੨ ਉੱਤਮ ਸ੍ਰੇਵ
ਏਸੇ ਹਿਮਾਲਯ ਵਿਚ ਬਸਦੇ ਹਨ ਤੇ ਏਹੋ ਪਰਬਤ ਕਾਬਲ ਤੋਂ ਲੈਕੇ ਕਾਮਰੂਪ ਮੁਲਕ ਤੋਂ ਪਰੇ ਬ੍ਰਹਮ
ਪੁੱਤ੍ਰ ਦਰਿਆਉ ਤਕ ਪੰਜਾਬ ਹਿੰਦੁਸਤਾਨ ਦੇ ਨਾਲ ਨਾਲ ਲਗਦਾ ਹੈ ਸਰਦੀਤ ਤੇ ਠੰਢਾ ਭੀ ਏਸ ਜੈਸ
ਹੋਰ ਕੋਈ ਦੇਸ ਨਹੀਂ।
(੧੩) ਜੋ ਸੁਮੇਰੂ ਦੇ ਸਤ ਸ੍ਰਿੰਗ ਯਾਨੇ ਸਤ ਟਿੱਲੇ ਪੁਰਾਣਾਂ ਵਿਚ ਲਿਖੇ ਹੈ ਸੋ ਇਕਤਾਂ ਸਪਤਸ੍ਰਿੰਗ ਪਰਬਤ
ਵਡੇ ੨ ਸੱਤਾਂ ਟਿੱਲਿਆਂ ਵਾਲਾ ਬਦ੍ਰੀਨਾਥ ਤੋਂ ੭ ਕੋਸ ਚੜ੍ਹਦੇ ਦੀ ਤਰਫ ਏਸੇ ਹਿਮਾਲਯ ਵਿਚ ਹੈ। ਦੂ
ਸਰਾ ਸੱਤ ਨਾਮ ਸੌ ੧੦੦ ਦਾ ਹੈ ਤੇ ਹਜਾਰ ਦਾ ਭੀ ਹੈ। ਸੋ ਏਸੇ ਉੱਤ੍ਰਾਖੰਡ ਹਿਮਾਲੇ ਦੇ ਅਨੇਤ ਟਿੱਲੇ ਹਨ ਜਿ
ਨ੍ਹਾਂ ਵਿਚੋਂ ਜਰਦਲਿੰਗ, ਨੈਣੀਤਾਲ, ਕਮਾਊਂ, ਨੇਤੀ ਘਾਟ, ਮਨਸੂਰੀ, ਸਿਮਲਾ, ਸਪਾਟੂ, ਕੌਲ, ਚੰਬਾ,

In the Puranas Sumer is synonymous with Sapt Shring

Digitized by Panjab Digital Library | www.panjabdigilib.org

ਆ। ਯਥਾ ਸ਼ਬਦ (ਜੋਗ ਨ ਖਿੰਥਾ ਜੋਗ ਨ ਡੰਡੈ ਜੋਗ ਨ ਭਸਮ ਚੜਾਈਐ॥ ਜੋਗ ਨ ਮੁੰਦੀ ਮੂੰਡ ਮੁੰਡਾਈਐ ਜੋਗ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨ

ਦਲਹੌਜੀ, ਤ੍ਰਿਕੁਟਾ, ਕੋਹਮਰੀ, ਪੀਰਪੰਜਾਲ ਆਦਿਕ ਅਨੇਕ ਟਿੱਲੇ ਅਠਾਰਾਂ੨ ਬੀਸ੨ ਹਜ਼ਾਰ ਫੁੱਟ ਤਾਂ ਪਹਿਲੇ ਹੀ ਪ੍ਰਸਿੱਧ ਸੇ। ਫੇਰ ਸਰਕਾਰ ਅੰਗ੍ਰੇਜ਼ੀ ਨੇ ਪਰਕਾਯਲ ਨਾਮ ਪਹਾੜ ਬੁਸਾਹਿਰ ਦੇ ਦੇਸ ਵਿਚ ੨੨੪੨੮ ਫੁੱਟ ਉਚਾ ਦੇਖਿਆ। ਫੇਰ ਧੌਲਾਗਿਰੀ ੨੭੬੦੦ ਫੁੱਟ ਉੱਚਾ ਲੱਭਿਆ। ਫੇਰ ਕੰਚਨਚੰਗਾ ੨੮੧੭੬ ਫੁੱਟ ਉੱਚਾ ਸਹੀ ਕੀਤਾ। ਹੁਣ ਇਕ ਹੋਰ ਗੌਰੀਸ਼ੰਕਰ ਪਹਾੜ ਜਿਸਨੂੰ ਅੰਗ੍ਰੇਜ਼ੀ ਵਿਚ ਮੌਂਟ ਏਵਰਸ੍ਟ ਆਖਦੇ ਹਨ ੨੯੦੦੨ ਫੁੱਟ ਉੱਚਾ ਸਾਬਤ ਕੀਤਾ ਹੈ। ਮਾਲੂਮ ਹੁੰਦਾ ਹੈ ਕਿ ਹੋਰ ਭੀ ਅਨੇਕ ਟਿੱਲੇ ਏਦੂੰ ਅੱਗੇ ਹੋਣਗੇ ਜਿਨ੍ਹਾਂ ਦਾ ਜ਼ਿਕਰ ਜਨਮਸਾਖੀ ਵਿਚ ਲਿਖਿਆ ਹੈ। ਈਸ਼ਰੀ ਮਾਯਾ ਦੀ ਰਚਨਾ ਦਾ ਕੋਈ ਅੰਤ ਨਹੀਂ ਪਾ ਸੱਕਦਾ।

(੧੪) ਸੁਮੇਰੂ ਜੋ ਸੁਇਨੇ ਦਾ ਲਿਖਿਆ ਹੈ ਸੋ ਜੈਸੇ ਅੰਬ ਦਾ ਬ੍ਰਿੱਛ ਅੰਬ ਫਲ ਦੀ ਖਾਣਿ ਹੋਣੇ ਕਰ ਬ੍ਰਿੱਛ ਨੂੰ ਭੀ ਅੰਬ ਆਖੀਦਾ ਹੈ ਤੈਸੇ ਏਸ ਹਿਮਾਲਯ ਵਿਚ ਅਨੇਕ ਜਗਾ ਸੋਨੇ ਦੀ ਖਾਣ ਹੋਣੇ ਕਰ ਏਸਨੂੰ ਸੋਨੇ ਦਾ ਲਿਖ ਦੇਣਾ ਆਸ਼ਚਰਜ ਨਹੀਂ। ਕਿਉਂਕਿ ਹਿਮਾਲੇ ਵਿਚੋਂ ਅਟਕ ਤੇ ਸਤਲੁਜ ਆਦਿਕ ਦਰੀਯਾ ਜੋ ਆਂਵਦੇ ਹਨ ਏਨ੍ਹਾਂ ਦੇ ਰੇਤੇ ਵਿਚੋਂ ਡਾਵਨ੍ਹੇ ਲੋਗ ਸੁਇਨਾ ਨਿਕਾਲਦੇ ਹੋਏ ਅਸਾਂ ਆਪ ਦੇਖੇ ਹਨ ਤੇ ਰਤਨਾਂ ਦੀ ਖਾਣਾਂ ਭੀ ਏਥੇ ਅਨੰਤ ਜਗਾ ਹੈਂ ਜਿਨ੍ਹਾਂ ਵਿਚੋਂ ਸੰ: ੧੯੪੧ ਨੂੰ ਜੰਮੂ ਦੇ ਇਲਾਕੇ ਨੀਲਮ ਦੀ ਖਾਣ ਖੁਦ ਹੀ ਨਿਕਲ ਪਈ ਸੀ ਬੇਖਬਰਾਂ ਨੇ ਰੰਗਦਾਰ ਪੱਥਰ ਸਮਝਕੇ ਰੁਪਏ ਦੀ ਪੰਜ੨ ਸੇਰ ਪੱਕੇ ਵੇਚ ਸਿੱਟੀ ਏਹ ਗਲ ਅੰਮ੍ਰਿਤਸਰ ਆਦਿਕ ਸਹਿਰਾਂ ਵਿਚ ਆਮ ਮਸ਼ਹੂਰ ਹੈ। ਤੇ ਨੈਪਾਲ ਦੇ ਇਲਾਕੇ ਵਿਚ ਏਸੇ ਹਿਮਾਲਯ ਵਿਚੋਂ ਚੂਨੀਆਂ ਪੁਖਰਾਜ ਹੀਰੇ ਕਈ ਜਗਾ ਤੋਂ ਨਿਕਲਦੇ ਹਨ। ਪੁਨਹ। ਹਿਮ ਨਾਮ ਬਰਫ ਦਾ ਹੈ ਤੇ ਹੇਮ ਨਾਮ ਸੁਇਨੇ ਦਾ ਹੈ ਸੋ ਹਿਮ ਦਾ ਬਦਲ ਹੇਮ ਬਣ ਗਿਆ ਯਾ ਪਹਿਲੇ ਕਿਸੇ ਨੇ ਭੁੱਲਕੇ ਹਿਮ ਦਾ ਹੇਮ ਲਿਖ ਦਿੱਤਾ ਜੈਸੇ ਚੰਡੀ ਚਰਿਤ੍ਰ ਵਿਚ (ਬਰਨੈ ਕਵਿ ਨੇ ਰਸ ਰੁਦ੍ਰ ਮਈ ਹੈ) ਏਸ ਦੀ ਬਦਲ ਭੱਦ੍ਰ ਮਈ ਹੈ ਲਿਖਾ ਗਿਆ ਹੈ ਤੇ ਆਸਾ ਦੀ ਵਾਰ ਵਿਚ ਰੰਡ ਦਾ ਕਿਸੇ ਤੋਂ ਭੰਡ ਹੋ ਗਿਆ ਤੇ ਹੁਣ ਭੰਡ ਹੀ ਲਿਖਿਆ ਪੜ੍ਹਿਆ ਜਾਂਦਾ ਹੈ ਏਸੇ ਤਰਾਂ ਹਿਮ ਦਾ ਹੇਮ ਬਣ ਗਿਆ। ਤੇ ਇਸ ਤੋਂ ਬਿਨਾ ਹੋਰ ਇਕ ਪਰਬਤ ਭੀ ਹੇਮਕੂਟ ਨਾਮ ਕਰਕੇ ਬੱਦ੍ਰੀਨਾਥ ਤੋਂ ਅੱਠ ਕੋਸ ਪੂਰਬ ਦੀ ਤਰਫ ਹੈ। ਇਸ ਨਾਮ ਦੇ ਧੋਖੇ ਹੀ ਕਿਸੇ ਨੇ ਸੁਮੇਰ ਸੁਇਨੇ ਦਾ ਲਿਖ ਦਿਤਾ ਹੈ।

(੧੫) ਜੋ ਸੁਮੇਰ ਵਿਚ ਅਨੰਤ ਜਪੀ ਤਪੀ ਬ੍ਰਹਮਗਿਆਨੀਆਂ ਦਾ ਨਿਵਾਸ ਤੇ ਮ੍ਰਿਤਲੋਕ ਵਿਚੋਂ ਜਾਨਾ ਆਵਨਾ ਲਿਖਿਆ ਹੈ ਸੋ ਏਹ ਸਬ ਬਾਤਾਂ ਏਸੇ ਉਤ੍ਰਾਖੰਡ ਹਿਮਾਲਯ ਵਿਚ ਪ੍ਰਤੱਖ ਬਰਤ ਰਹੀਆਂ ਹਨ।

(੧੬) ਨਾਰਦ, ਸਨਕਾਦਿਕ, ਬ੍ਯਾਸ, ਸੁਕਦੇਵ, ਧ੍ਰੂ, ਕੁਬਜਾਬਰ, ਭਰਥ, ਲਛਮਨ, ਰਾਮਚੰਦ੍ਰ, ਜੁਧਿਸ਼੍ਟਰ ਆਦਿਕ ਬੇਅੰਤ ਰਿਖੀਆਂ ਤੇ ਰਾਜਿਆਂ ਦੇ ਨਿਵਾਸ ਦੇ ਅਸਥਾਨ ਏਥੇ ਹੀ ਦੇਖੀਦੇ ਹਨ ਤੇ ਏਸੇ ਪਵਿਤ੍ਰ ਪਰਬਤ ਵਿਚ ਈਸ਼੍ਵਰ ਦੇ ਨੂਰ ਦਾ ਦਰਸ਼ਨ ਤੇ ਆਕਾਸ਼ਬਾਣੀ ਸਭਨੂੰ ਹੁੰਦੀ ਰਹੀ ਹੈ। ਤੇ ਮਨਮਹੇਸ਼ ਜਿਥੇ ਮਹੇਸ਼ ਸ਼ਿਵ ਜੀ ਦਾ ਰਹਣਾ ਪੁਰਾਣਾਂ ਵਿਚ ਲਿਖਿਆ ਹੈ ਤੇ ਅਮਰ ਕਥਾ ਦੇ ਸੁਣਾਉਣ ਦਾ ਮੁਕਾਨ ਅਮਰਨਾਥ ਭੀ ਏਸੇ ਪਰਬਤ ਵਿਚ ਹੈ ੧੭ ਛਾਂਦੋਗ ਆਦਿਕ ਉਪਨਿਸ਼ਦ ਤੇ ਆਤਮਪੁਰਾਣ ਵਿਚ ਲਿਖਿਆ ਹੈ ਕਿ ਏਕ ਸਮੇ ਬ੍ਯਾਸ, ਪਤੰਜਲ, ਜਾਗਵਲਕ, ਬਾਮਦੇਵ, ਨਾਰਦ, ਸਨਕਾਦਿਕ, ਚਣਕ,

ਰਹੀਐ ਜੋਗ ਜੁਗਤ ਇਉ ਪਾਈਐ॥੧॥ ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰ
ਸਮਸਰ ਜਾਣੈ ਜੋਗੀ ਕਹੀਐ ਸੋਈ॥੧॥ ਰਹਾਉ॥ ਜੋਗੁ ਨ ਬਾਹਰ ਮੜ੍ਹੀ ਮਸਾ
ਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸ ਦਿਸੰਤਰ ਭਵਿਐ ਜੋਗੁ ਨ ਤੀਰਥ
ਨਾਈਐ॥ ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਉ ਪਾਈਐ॥੨
॥ ਸਤਗੁਰ ਭੇਟੈ ਤਾਂ ਸਹਸਾ ਤੂਟੈ ਧਾਵਤ ਵਰਜ ਰਹਾਈਐ॥ ਨਿੱਝਰ ਝਰੈ ਸ
ਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨ ਰਹੀਐ
ਜੋਗ ਜੁਗਤਿ ਤਾਂ ਪਾਈਐ॥੩॥ ਨਾਨਕ ਜੀਵਤਿਆਂ ਮਰ ਰਹੀਐ ਐਸਾ ਜੋ
ਗ ਕਮਾਈਐ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ॥ ਅੰਜਨ
ਮਾਂਹਿ ਨਿਰੰਜਨ ਰਹੀਐ ਜੋਗ ਜੁਗਤਿ ਇਉ ਪਾਈਐ॥)
ਏਹ ਸਬਦ ਸੁਣਕੇ ਜੇੜ੍ਹੇ ਜੋਗੀ ਗੋਰਖ ਦੇ ਚੇਲੇ ਈਸ਼ਰਨਾਥ, ਸਰਵਣਨਾਥ, ਭੰ
ਗਰਨਾਥ ਆਦਿਕ ਆਪ ਨੂੰ ਬੜੇ ਕਰਾਮਾਤੀ ਤੇ ਸਿੱਧ ਸਦਾਉਂਦੇ ਸਨ ਓਹ ਸਬ
ਬਾਬੇ ਸਾਥ ਚਰਚਾ ਕਰਨ ਆਇ ਲੱਗੇ ਭਲਾ (ਹੰਸਾ ਨਾਲ ਟਟੀਹਰੀ ਕਿਉ ਪਹੁੰਚੇਦੇ
ਹੀ) ਜਦ ਓਹ ਹਾਰ ਗਏ ਤੇ ਬਾਬੇ ਤੋਂ ਸਬਦ ਸੁਣਨ ਦੇ ਅਭਿਲਾਖੀ ਹੋਏ ਤਾਂ ਬਾਬੇ ਨੇ
ਏਹ ਸਬਦ ਸੁਣਾਯਾ॥ ਸਬਦ (ਪੂਰਬ ਚਲੇ ਪੱਛਮ ਕੋ ਆਵੈ॥ ਰਵਿ ਸਸਿ ਦੁਹਾਂ
ਇਕੱਤ੍ਰ ਮਿਲਾਵੈ॥ ਹਾਟ ਪਟਣ ਕੀ ਚੀਨੈ ਬਾਟਾ॥ ਤਾਂ ਫਿਰ ਬੂਝੈ ਅਉਘਟ ਘਾਟਾ॥ ਨ
ਵਖੰਡ ਦੇਖੈ ਪੂਰਬ ਪੱਛਮ॥ ਨਾਨਕ ਕਹੈ ਜੋਗ ਕੇ ਲੱਖਣਾ॥) ਏਹ ਸਬਦ ਸੁਣ ਉਤ੍ਰ ਦੱਖਨ

ਉਤ੍ਰਾਖੰਡ ਮਹਿਮਾ

ਕਪਲ ਗੋਤਮ ਆਦਿਕ ਰਿਖੀ ਏਸੇ ਉਤ੍ਰਾਖੰਡ ਵਿਚ ਇਕੱਠੇ ਹੋਕੇ ਆਪਣੀ੨ ਬੁੱਧਿ ਤੇ ਬਿੱਦਿਆ ਦਾ
ਨਿਸ਼ਚਾ ਪ੍ਰਗਟ ਕਰਨ ਲਗੇ ਤਾਂ ਕਿਸੇ ਨੇ ਪ੍ਰਾਣ, ਕਿਸੇ ਪੌਣ, ਕਿਸੇ ਬਿਜਲੀ, ਕਿਸੇ ਸੂਰਜ, ਕਿਸੇ ਚੰਦ,
ਕਿਸੇ ਮੇਘ ਆਦਿਕ ਨੂੰ ਪ੍ਰਮੇਸ਼ੂਰ ਕਹਿਆ ਤਾਂ ਇਕ ਤੇਜ ਪੁੰਜ ਵਿੱਚੋਂ ਅਕਾਸ ਬਾਣੀ ਹੋਈ ਹੇ ਰਿਖੀ
ਸੁਣੋ ਮੈਂ ਸਤ ਚਿਤ ਆਨੰਦ ਰੂਪ ਚੇਤਨ ਸਬਦਾ ਪਰਮੇਸ਼ੂਰ ਇੱਕੋ ਹਾਂ ਤੁਸੀਂ ਅਨੇਕ ਕਲਪਨਾ ਨਾ
ਕਰੋ ਏਹ ਅਵਾਜ ਸੁਣਕੇ ਸਬ ਨਿਰਸੰਸੇ ਹੋਗਏ ਤੇ ਓਸੇ ਦੀ ਭਗਤੀ ਕਰਨ ਲੱਗੇ॥
ਇਸੀ ਪ੍ਰਕਾਰ ਗੁਰੂ ਨਾਨਕ ਸਾਹਿਬ ਨੂੰ ਏਸੇ ਹੀ ਉੱਤ੍ਰਾਖੰਡ ਵਿੱਚ ਦੋਵਾਰੀ ਪ੍ਰਕਾਸ਼ ਰੂਪ ਪਰਮੇਸ਼ੂਰ ਦਾ ਦਰ
ਸ਼ਨ ਤੇ ਬਾਣੀ ਹੋਈ॥ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੀ ਪਿਛਲੇ ਜਨਮ ਤਪ ਕਰਦਿਆਂ ਹੇਜ ਏਸੇ ਪਰ
ਬਤ ਦੇ ਇਕ ਸਪਤਸ੍ਰਿੰਗ ਨਾਮੀ ਪਹਾੜ ਉੱਤੇ ਆਕਾਸ਼ ਬਾਣੀ ਹੋਈ ਜੋ ਬਚਿਤ੍ਰ ਨਾਟਕ ਵਿੱਚੋਂ ਸਹੀ ਹੈ॥
ਏਸੇ ਪ੍ਰਕਾਰ ਅਪਾਰ ਗੀਥਾਂ ਸਾਸ਼੍ਰਾਂ ਦੇ ਲਿਖੇ ਹੋਏ ਚਿੰਨ੍ਹਾਂ ਤੋ ਠੀਕ ਏਹੋ ਦੇਵ ਭੂਮੀ ਸੁਮੇਰੂ ਤੇ ਏਸੇ ਉਤ੍ਰਾਖੰ
ਡ ਦੇ ਨਿਵਾਸੀ ਦੈਵੀ ਗੁਣਾਕਰ ਭਰਪੂਰ ਦੇਵਤਾ ਸਿੱਧ ਹੋਏ॥ ਹੋਰ ਅਕਾਸ਼ ਵਿਚ ਦੇਵ ਲੋਕ ਤੇ ਦੇਵਤੇ ਮੰਨ
ਣਾ ਅਸੰਭਵ ਹੈ॥ ਇਤਿ॥

Digitized by Panjab Digital Library | www.panjabdigilib.org

ਕਰ ਆਦੇਸ਼ ਕਰ ਗਏ।

ਪਹਿਲੇ ਉਸ ਅਸਥਾਨ ਦਾ ਨਾਮ ਗੋਰਖ ਮਤਾ ਸੀ ਤਦੋਂ ਤੇ ਨਾਨਕ ਮਤਾ ਮਸ਼ਹੂਰ ਹੈ। ਤੇ ਹੁਣ ਤਕ ਏਹ ਜਗਾ ਜੰਗਲ ਸਮੇਤ ਉਦਾਸੀ ਫਕੀਰਾਂ ਦੇ ਕਬਜ਼ੇ ਵਿਚ ਹੈ।

ਉਥੋਂ ਅੱਗੇ ਜਦ ਗੁਰੂ ਜੀ ਜੰਗਲ ਪਹਾੜ ਦੇਖਦੇ ਹੋਏ ਤੀਸ ਕੋਸ ਪੂਰਬ ਦੀ ਤਰਫ ਜਿੱਥੇ ਰੀਠੇ ਦੇ ਦਰਖਤ ਬਹੁਤ ਹੈਸਨ ਗਏ ਤਾਂ ਫੇਰ ਕਨਪਾਟੇ ਜੋਗੀ ਆ ਮਿਲੇ ਤੇ ਇਕ ਰੀਠੇ ਦੇ ਦਰਖਤ ਹੇਠਾਂ ਬੈਠ ਕੇ ਥੋੜੀ ਜੇਹੀ ਗਿਆਨ ਚਰਚਾ ਕਰ ਜੋਗੀਆਂ ਨੇ ਖਾਣ ਨੂੰ ਮੰਗਿਆ ਤਾਂ ਗੁਰੂ ਜੀ ਨੇ ਆਪਣੇ ਹੱਥ ਦੇ ਆਸੇ ਨਾਲ ਭਾਈ ਬਾਲੇ ਤੋਂ ਦਰਖਤ ਦੇ ਰੀਠੇ ਝੜਵਾਇ ਕੇ ਦਿੱਤੇ ਜਦ ਉਨ੍ਹਾਂ ਖਾਧੇ ਤਾਂ ਮਿਠੇ ਪਾਏ ਸੋ ਹੁਣ ਤਾਂਈ ਉਸ ਰੀਠੇ ਦੇ ਫਲ ਮੀਠੇ ਲਗਦੇ ਹਨ। ਜੋ ਕੋਈ ਸਿੱਖ ਸਾਧੂ ਉਥੇ ਜਾਂਦਾ ਹੈ ਉਹ ਪ੍ਰਸਾਦ ਸਮਝ ਕੇ ਲੈ ਆਉਂਦਾ ਹੈ ਏਸ ਦਾ ਸ੍ਵਾਦ ਸੁੱਕੇ ਹੋਏ ਬੇਰ ਜੈਸਾ ਹੁੰਦਾ ਹੈ।

ਰੀਠੇ ਸਾਹਿਬ ਤੋਂ ਚਲ ਕਰ ਜ਼ਿਲੇ ਪੌੜੀ, ਕੋਟਦੁਆਰ ਸ਼ਹਿਰ ਵਿੱਚ ਜਿੱਥੇ ਹੁਣ ਭੀ ਗੁਰੂ ਜੀ ਦੀ ਧਰਮਸਾਲਾ ਹੈ ਚਾਰ ਦਿਨ ਠਹਰ ਕਰ ਬੇਅੰਤ ਲੋਗਾਂ ਨੂੰ ਪਰਮੇਸ਼ਰ ਦੀ ਭਗਤੀ ਵਿੱਚ ਲਾ, ਗੋਰਖਪੁਰ ਆਦਿਕ ਸ਼ਹਿਰਾਂ ਦਾ ਸੈਲ ਕਰ ਦਰਿਆਇ ਰਾਹਤੀ ਪਾਰ ਹੋ ਸੀਤਾਮਾੜੀ ਦੇ ਰਸਤੇ, ਗੰਡਕਾ[1] ਨਦੀ ਲੰਘੇ ਤੇ ਅਨੇਕ ਜੀਵਾਂ ਨੂੰ ਇਕ ਪ੍ਰਭੂ ਦੀ ਭਗਤੀ ਤੇ ਨੇਕ ਕੰਮਾਂ ਵਿਚ ਲਾ ਕੇ ਰਾਣੀਗੰਜ, ਧੌਮਗੀ ਦਾ ਕਿਲਾ, ਦੇਖ ਸ਼ਿਵਪੁਰ ਦੇ ਰਸਤੇ ਬ੍ਰਹਮਕੁੰਡ ਤੀਰਥ ਦੇ ਮੇਲੇ ਪਰ ਜਾ ਫਿਰੇ। ਉਥੋਂ ਦੇ ਲੋਗ ਜੱਖਾਂ ਦੀ ਉਪਾਸ਼ਨਾ ਪੂਜਾ ਕਰਦੇ ਸੇ ਗੁਰੂ ਜੀ ਨੇ ਸਭਨਾਂ ਨੂੰ ਪਰਮੇਸ਼ਰ ਪਰਾਇਣ ਕੀਤਾ ਸੋ ਹੁਣ ਤਕ ਨਾਨਕ ਰਿਖੀ ਨੂੰ ਮੰਨਦੇ ਹਨ। ਏਥੋਂ ਅੱਗੇ ਲਖਮਪੁਰ ਨੂੰ ਦੇਖ ਪਲਟੀ ਝੀਲ ਦੇ ਕਿਨਾਰੇ ੨ ਹਵੇਲ ਖਾਂਗੀ ਦੇ ਪਰਬਤਾਂ ਨੂੰ ਲੰਘਦੇ ਹੋਏ ਕ੍ਰਿਸ਼ਨ ਤਾਲ, ਧੌਲਗੜ੍ਹ, ਹੁੰਦੇ ਹੋਏ ਫੱਗਣ ਦੇ ਮਹੀਨੇ ਸੰਮਤ ੧੫੭੨ ਵਿਚ ਸ਼ਹਿਰ ਖਟਮੰਡੂ[2] ਨੈਪਾਲ ਦੀ ਰਜਧਾਨੀ ਵਿਚ ਜਾ ਫਿਰੇ। ਤੇ ਪਸ਼ੂਪਤੀ[3] ਮਹਾਂਦੇਵ ਦੇ ਮੰਦਰ ਪਾਸ ਡੇਰਾ ਜਾ ਕੀਤਾ ਏਥੇ ਹੁਣ ਤਕ ਗੁਰੂ ਗ੍ਰੰਥ

1 ਏਸ ਗੰਡਕਾ ਨਦੀ ਵਿੱਚੋਂ ਗੋਲ ਗੋਲ ਵੱਟੇ ਨਿਕਲਦੇ ਹਨ ਜਿਨ੍ਹਾਂ ਨੂੰ ਲੋਕੀ ਸਾਲਗਰਾਮ ਤੇ ਠਾਕੁਰ ਆਖਦੇ ਹਨ ਤੇ ਬੈਸ਼ਨੋ ਲੋਗ ਪੂਜਦੇ ਹਨ।

2 ਏਥੇ ਦੇ ਆਰਤੀ ਤੇ ਪੀਟ ਬਹੁਤ ਮਸ਼ਹੂਰ ਹਨ, ਭੁੱਟ੍ਹਾ ਦੇ ਝਾੜ ਭੀ ਏਸੇ ਮੁਲਕ ਵਿਚ ਹੁੰਦੇ ਹਨ ਕੇਦਾਰ ਕੰਗਣ ਭੀ ਏਥੋਂ ਹੀ ਆਉਂਦਾ ਹੈ ਜੇਹੜਾ ਤਿੰਨਾ ਸਿਰਾਂ ਵਾਲਾ ਹੁੰਦਾ ਹੈ।

3 ਪਸ਼ੂਪਤੀ ਮਹਾਂਦੇਵ ਦਾ ਨਾਮ ਹੈ ਜਿਸ ਦੀ ਨੈਪਾਲ ਵਿੱਚ ਝੋਟੇ ਦੇ ਮੂੰਹ ਵਰਗੀ ਸ਼ਕਲ ਹੈ ਇਸ ਦੀ ਕਥਾ ੦

Digitized by Panjab Digital Library | www.panjabdigilib.org

ਸਾਹਿਬ ਪਣੀਦਾ ਹੈ। ਜਦ ਓਥੇ ਗੁਰੂ ਜੀ ਨੇ ਰਬਾਬ ਬਜਵਾ ਕੇ ਸਬਦ ਗਾਵਿਆ ਤਾਂ ਜਿਤਨੇ ਜੋਗੀ ਗੁਸਾਂਈ ਫਕੀਰ ਸੇ ਸਬ ਚਰਚਾ ਕਰਨੇ ਆ ਲੱਗੇ ਗੁਰੂ ਜੀ ਨੇ ਪ੍ਰਤਮਾ ਪੂਜਨ ਦਾ ਖੰਡਨ, ਸਰਬ ਸਕ੍ਤੀਵਾਨ ਈਸ੍ਵਰ ਦੀ ਉਪਾਸਨਾ ਦਾ ਮੰਡਨ ਕਰ ਸਬ ਨੂੰ ਈਸ੍ਵਰ ਦੀ ਭਗਤੀ ਮਨਾਈ। — ਏਹ ਗਲ ਸੁਣ ਕੇ ਓਥੋਂ ਦਾ ਰਾਜਾ ਭੀ ਵਜ਼ੀਰ ਦੀਵਾਨਾ ਸਮੇਤ ਗੁਰੂ ਜੀ ਦੇ ਚਰਨੀ ਆਇ ਲੱਗਾ। ਸਾਹਿਬਾਂ ਨੇ ਓਸ ਨੂੰ ਉਪਦੇਸ਼ ਕੀਤਾ ਕੇ ਇਨਸਾਫ ਤੇ ਪ੍ਰਜਾ ਦੀ ਪਾਲਣਾ ਕਰਨੀ ਅਤੇ ਮਾਯਕ ਪਦਾਰਥਾਂ ਨੂੰ ਈਸ੍ਵਰ ਦੇ ਸਮਝ ਕਰ ਓਸ ਦੀ ਰਜ਼ਾਇ ਵਿੱਚ ਖੁਸ਼ੀ ਰਹਿਣਾ ਤੇ ਆਸਾਵੰਦ ਨੂੰ ਨਿਰਾਸ ਨਾ ਜਾਣ ਦੇਣਾ ਏਹੋ ਧਰਮ ਕੱਲਿਆਣ ਕਰਨ ਵਾਲਾ ਹੈ। ਗੁਰੂ ਜੀ ਦੇ ਬਚਨ ਤਾਂ ਰਾਮਚੰਦ੍ਰ ਦੇ ਬਾਣਾਂ ਦੀ ਤਰਾਂ ਅਮੋਘ ਸੇ। ਰਾਜੇ ਨੇ ਸਬ ਨੂੰ ਮਦਰਸਲੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਓਹ ਰਿਵਾਜ ਹੁਣ ਤਾਂਈ ਚਲਾ ਆਂਵਦਾ ਹੈ ਹਰ ਸਾਲ ਮੇਲੇ ਦੇ ਵਕਤ ਪਰਦੇਸੀ ਲੋਗਾਂ ਨੂੰ ਦਿੰਦੇ ਹਨ।

ਏਥੋਂ ਚਲ ਗੁਰੂ ਸਾਹਿਬ ਨੈਪਾਲ ਦੇ ਮੁਲਕ ਦਾ ਸੈਲ ਕਰਦੇ ਹੋਏ ਦਰਿਆਇ ਟੋਲੀਆ ਉਤਰ ਕਰ ਲਲਤਾਪੱਟੀ ਦਾ ਦੇਸ ਜੋ ਖਰਾ ਹੀ ਸੁੰਦਰ ਹੈ ਜਾ ਦੇਖਿਆ। ਤੇ ਓਥੋਂ ਦੇ ਬੇਅੰਤ ਜੀਵਾਂ ਦਾ ਉਧਾਰ ਕਰਦੇ ਹੋਏ ਮੁਲਕ ਸੀਕਮ ਵਿੱਚ ਤਾਮਲਿੰਗ ਸ਼ਹਰ ਜੋ ਓਥੇ ਦੀ ਰਜਧਾਨੀ ਹੈ ਉਸ ਦੇ ਬਾਹਰ ਇਕ ਪਹਾੜੀ ਪਰ ਜਾ ਬੈਠੇ। ਜਦ ਮਰਦਾਨੇ ਨੇ ਰਬਾਬ ਬਜਾਯਾ ਤੇ ਗੁਰੂ ਜੀ ਨੇ ਸਬਦ ਗਾਵਿਆ ਤਾਂ ਸਬ ਪਸੂ ਪੰਛੀ ਮੋਹਿਤ ਹੋ ਗਏ ਤੇ ਆਦਮੀਆਂ ਦੀ ਭੀੜ ਬਾਬੇ ਦੇ ਚਾਰੇ ਤਰਫ ਲਗ ਗਈ। ਗੁਰੂ ਦੇ ਸਬਦ ਦੀ ਸ਼ਕਤੀ ਨੂੰ ਦੇਖ ਸੁਣ ਕੇ ਰਾਜਾ ਭੀ ਸੇਵਕ ਬਣ ਗਿਆ ਤੇ ਆਪਣੇ ਦੇਸ ਦੀ ਜ਼ੁਬਾਨ ਤੇ ਪੜ੍ਹਤ ਵਿੱਚ ਬਾਬੇ ਦੀ ਬਾਣੀ ਲਿਖ ਲਈ ਜੋ ਹੁਣ ਤਾਂਈ ਪੜ੍ਹਦੇ ਹੋਏ ਨਾਨਕ ਸਿੱਖੀ ਨੂੰ ਮੰਨਦੇ ਹਨ।

ਸ਼ਿਵ ਦਾ ਨਾਮ ਹੈ ਜੋ ਭਵਨੀ ਦੇ ਖਸਮ ਹੁੰਦਾ

ਪਸ਼ੂਪਤੀ ਨਾਥ

ਕੇਦਾਰਖੰਡ ਵਿਚ ਇਉਂ ਲਿਖੀ ਹੈ ਕਿ ਇਕ ਭਸਮਾਸੁਰ ਦੈਤ ਨੇ ਮਹਾਂਦੇਵ ਦਾ ਤਪ ਕਰਕੇ ਓਹ ਕੰਗਣ ਸ਼ਿਵ ਜੀ ਤੋਂ ਮੰਗ ਲਿਆ ਸੀ ਜਿਸ ਨੂੰ ਕਿਸੇ ਦੇ ਸਿਰ ਉੱਤੇ ਕਰਕੇ ਭਸਮ ਆਖਦੇ ਈਏ ਤਾਂ ਓਹ ਭਸਮ ਹੋ ਜਾਵੇ। ਭਸਮਾਸੁਰ ਨੇ ਪਾਰਬਤੀ ਨੂੰ ਸੋਹਣੀ ਦੇਖ ਕੇ ਸ਼ਿਵ ਜੀ ਦੇ ਮਾਰਨ ਵਾਸ੍ਤੇ ਜਦ ਹੱਥ ਚੁਕਿਆ ਤਾਂ ਸ਼ਿਵ ਜੀ ਓਸ ਦੇ ਅੱਗੇ ਨੱਠ ਚੱਲੇ ਪਿਛੇ ਓਹ ਦੈਤ ਆ ਸਾਰੀ ਧਰਤੀ ਪਰ ਸ਼ਿਵ ਜੀ ਭੱਜੇ ਫਿਰੇ ਹਾਰ ਕੇ ਸ਼ਿਵ ਜੀ ਝੋਟਾ ਬਣ ਕੇ ਭੈਂਸਾ ਵਿਚ ਲੁਕ ਗਿਆ। ਦੈਤ ਨੇ ਪਲੀ ਨੂੰ ਡਰਾਇ ਕਰ ਸਾਰਾ ਮਾਲ ਇਕ ਇਕ ਕਰਕੇ ਆਪਣੇ ਅੱਗੋਂ ਲੰਘਾਵਾਯਾ ਸ਼ਿਵ ਨਾ ਲੰਘਿਆ ਓਸ ਨੇ ਜਾਣ ਲਿਆ ਏਹੋ ਸ਼ਿਵ ਹੈ ਫੇਰ ਓਹ ਸ਼ਿਵ ਦੇ ਪਿੱਛੇ ਨੱਠਾ ਸ਼ਿਵ ਨੇ ਦੁਖੀ ਹੋ ਕੇ ਪਰਬਤ ਵਿਚ ਟੱਕਰ ਮਾਰੀ ਸਿਰ ਨੈਪਾਲ ਜਾ ਕੱਢਿਆ ਜਿੱਥੇ

ਓਥੋਂ ਦੇ ਰਹਣਵਾਲੇ ਬਪਾਰੀ ਸੰ: ੧੯੪੩ ਵਿਚ ਅੰਮ੍ਰਿਤਸਰ ਆਏ ਸੇ ਉਨ੍ਹਾਂ ਨੇ ਏਹ ਪ੍ਰਸੰਗ ਸੁਨਾਯਾ ਸੀ। ਏਥੋਂ ਦਾਰਜਲਿੰਗ, ਚੈਗਾਨਾਮ, ਬਸਤੀਆਂ ਨੂੰ ਦੇਖ ਕੈਰਨ ਪਰਬਤ ਨੂੰ ਲੰਘ, ਅਨੇਕ ਬਸਤੀਆਂ ਪਹਾੜਾਂ ਦਾ ਝਾਕਾ ਲੈ ਭੋਟਾਨ ਦੇਸ ਵਿਚ ਪ੍ਰਵੇਸ਼ ਕਰਤੇ ਭਏ। ਫੇਰ ਸਹਿਰ ਅਮਲਿੰਗ ਤੇ ਤਾਸਗਾਉਂ ਜੋ ਗਾਰੂ ਕੁੰਭਾ ਦੇਸ ਸਦੀਦਾ ਹੈ ਉਸਦਾ ਸੈਲ ਕਰ ਉਸਦੀ ਰਜਧਾਨੀ ਤਾਸੀਸੂਡਨ ਦੇ ਪਾਸ ਜਾ ਉਤਰੇ।

ਉਸ ਦੇਸ ਵਿਚ ਔਲੰਗ ਬੌਲੰਗ ਦੋ ਮਹਾਰਾਜੇ ਰਾਮ ਕ੍ਰਿਸ਼ਨ ਵਾਂਗੂ ਅਵਤਾਰ ਸਦਾਏ ਹਨ ਸਬ ਲੋਗ ਉਨ੍ਹਾਂ ਦੇ ਹੀ ਮੰਦਰ ਮੂਰਤਾਂ ਨੂੰ ਪੂਜਦੇ ਹਨ। ਗੁਰੂ ਜੀ ਨੇ ਆਪਣੇ ਸਬਦ ਦੀ ਸਕਤੀ ਨਾਲ ਅਨੰਤ ਆਦਮੀਆਂ ਨੂੰ ਮੂਰਤਿ ਪੂਜਾ ਕਰਣੀ ਕੁਕਰਮ ਦੇਖਾ ਕਰ ਪਰਮੇਸ੍ਵਰ ਦੀ ਭਗਤੀ ਵਿਚ ਲਗਾ ਦਿੱਤਾ। ਜੱਦਪਿ ਭੋਟੀ ਲੋਗਾਂ ਦਾ ਮਤ ਭੀ ਬੋਧ ਹੈ ਪਰੰਤੂ ਓਹ ਲੋਗ ਪਰਮੇਸ਼੍ਵਰ ਨੂੰ ਮੂਰਤੀਵਾਨ ਪੰਜਵੇਂ ਅਕਾਸ ਵਿਚ ਨਿਵਾਸ ਵਾਲਾ ਮੰਨਦੇ ਹਨ ਤੇ ਮਾਸ ਕਿਸੇ ਜਾਨਦਾਰ ਦਾ ਨਹੀਂ ਛੱਡਦੇ। ਸੁੱਚ ਜੂਠ ਕੋਈ ਨਹੀਂ ਉਸ ਦੇਸ ਦੇ ਅਚਾਰਯ ਭੀ ਲਾਂਬੇ ਗੁਰੂ ਹਨ ਜੋ ਬਾਬੇ ਦੇ ਦਰਸ਼ਨ ਕਰ ਤੇ ਸਬਦ ਸੁਣਕੇ ਅਨੁਸਾਰੀ ਬਣ ਗਏ ਤੇ ਬਾਬੇ ਦੇ ਸਬਦ ਲਿਖ ਲਏ। ਉਸੇ ਦੇਸ ਵਿਚ ਅਸਕੋਠੇ ਦੇ ਸ਼ਹਰ ਇਕ ਧਰਮਸਾਲਾ ਭੀ ਨਾਨਕ ਫੁੰਗੀ (ਫਕੀਰ) ਦੀ ਹੈ। ਏਥੋਂ ਚਲ ਸਾਂਪੂ ਨਦੀ ਦੇ ਕਿਨਾਰੇ੨ ਮੁਲਕ ਦਾ ਸੈਲ ਕਰਦੇ ਹੋਏ ਚੰਬੁਆਰ ਤੇ ਦੋਮੁਖੀਏ ਪਰਬਤਾਂ ਦੇ ਵਿਚ ਦੀ ਚੀਨ[1] ਦੇ ਮੁਲਕ ਵਿਚ ਜਾ ਫਿਰੇ।

ਜਨਮਸਾਖੀ ਦੀ ਪੋਥੀ ਵਿਚ ਜੋ ਅਲਨਾਰੀਨਾ ਦਾ ਮੇਲ ਲਿਖਯਾ ਹੈ ਸੋ ਅਹਿਲ

---

ਪਿਛਲੇ ਸਫੇ ਦਾ ੧ ਹੁਣ ਓਹੋ ਜੇਹੀ ਸਕਲ ਪੂਜੀਦੀ ਹੈ ਦੈਤ ਨੇ ਪੂਛ ਫੜ ਲਈ ਸੀ ਏਸ ਕਰਕੇ ਚਿੱਤੜ ਉਥੇ ਹੀ ਰਹੇ ਜੋੜੇ ਕੇਦਾਰਨਾਥ ਦੇ ਮੰਦਰ ਵਿਚ ਪੂਜੇ ਜਾਂਦੇ ਹਨ। ਏਹੋ ਜੇਹੀਆਂ ਕਈ ਇਕ ਖਰਾਬ ਬਾਤਾਂ ਪੁਰਾਣਾਂ ਵਿਚ ਲਿਖੀਆਂ ਹਨ ਜਿਨ੍ਹਾਂ ਨੂੰ ਪੜ੍ਹਕੇ ਅਫਸੋਸ ਆਂਵਦਾ ਹੈ।

੧ ਚੀਨ ਦੇ ਦੇਸ ਵਿਚ ਮਾਤਾ ਪਿਤਾ ਨੂੰ ਪਰਮੇਸ੍ਵਰ ਕਰਕੇ ਮੰਨਦੇ ਹਨ ਬਲਕੇ ਮੁਰਦਿਆਂ ਨੂੰ ਭੀ ਸੰਦੂਕ ਵਿਚ ਬੰਦ ਕਰਕੇ ਘਰ ਵਿਚ ਪੰਜ ਬਰਸ ਤਕ ਰੱਖਕੇ ਹਮੇਸ਼ ਰਾਤ ਨੂੰ ਪੂਜਾ ਕਰਕੇ ਉਨ੍ਹਾਂ ਦੇ ਪਾਸ ਗਾਜੇ ਬਾਜੇ ਨਾਲ ਭਜਨ ਕਰਦੇ ਰਹਿੰਦੇ ਹਨ ਕਦੇ ਭੀ ਕਿਸੇ ਦੇ ਮਰੇ ਤੇ ਰੋਂਦੇ ਨਹੀਂ ਗੋਰੇ ਰੰਗ ਮੋਟੇ ਨੇਤ੍ਰ, ਥੋੜੀ ਦਾੜ੍ਹੀ, ਸਿਰ ਪਰ ਗੁੱਤਾਂ, ਸਬ ਜਾਨਦਾਰਾਂ ਦਾ ਮਾਸ ਖਾ ਲੈਣਾ, ਕੰਮ ਸਬ ਤਰਾਂ ਦਾ ਸਬ ਨੇ ਕਰ ਲੈਣਾ, ਬੋਧ ਮਜ਼ੁਬ, ਏਹ ਰਿਵਾਜ ਹੈ।

Digitized by Panjab Digital Library | www.panjabdigilib.org

ਚੀਨ ਪਰ ਦਾ ਅਮਲਦਾਰੀ ਨ ਹੋ ਗਿਆ ਦਿਸਦਾ ਹੈ। ਉਥੇ ਸਿੰਘਾਪੁਰ ਸ਼ਹਰ ਦੇ ਨਜ਼ੀਕ ਨਾਨਕ ਫ਼ੱਕਰੀ ਦਾ ਮੰਦਰ ਮਸ਼ਹੂਰ ਹੈ ਜੋ ਕਈ ਸਿੱਖ ਦੇਖ ਆਏ ਹਨ। ਗੁਰੂ ਜੀ ਨੇ ਉਥੇ ਦੇ ਅਨੰਤ ਲੋਗਾਂ ਨੂੰ ਮੁਰਦੇ ਪੂਜਣੇ ਹਟਾਇ ਪਰਮੇਸ਼ੂਰ ਦੀ ਭਗਤੀ ਕਰਨ ਲਾਇ ਤਿੱਬਤ ਮੁਲਕ ਦੀ ਤਰਫ਼ ਵਾਗ ਫੇਰੀ ਮਹਾਂ ਦਰੀਆਇ ਜੋ ਤਿੱਬਤ ਵਿਚੋਂ ਭੋਟਾਨ ਨੂੰ ਜਾਂਦਾ ਹੈ ਤੇ ਕੀਰਨ ਚੀਗਾ ਪਰਬਤ ਨਾਲ ਟੱਕਰ ਕੇ ਦੋ ਹੋ ਜਾਂਦਾ ਹੈ ਇਕ ਦਾ ਨਾਮ ਬ੍ਰਹਮਪੁਤ੍ਰ ਹੈ ਜੋ ਅਸਾਮ ਨੂੰ ਗਿਆ ਹੈ ਤੇ ਦੂਸਰੇ ਦਾ ਨਾਮ ਕੋਸੀ ਹੈ ਜੋ ਹਿੰਦੁਸਤਾਨ ਨੂੰ ਜਾਂਦਾ ਹੈ ਉਸ ਤੋਂ ਪਾਰ ਹੋ ਕੇ ਲਾਂਬਿਆਂ ਦੇ ਦੇਸ ਵਿਚ ਪਹੁੰਚਦੇ ਭਏ। ਏਹ ਮੁਲਕ ਚੀਨ, ਤਿੱਬਤ[1], ਕੈਲਾਸ, ਹਿਮਾਲਯ ਦੇ ਵਿਚਕਾਰ ਹੈ ਉਸ ਦੇਸ ਦੇ ਵਸਨੀਕ ਸਭ ਬੋਧ ਹਨ। ਲਾਂਬੇ ਗੁਰੂ ਨੂੰ ਹੀ ਰੱਬ ਕਰਕੇ ਮੰਨਦੇ ਹਨ।

੧ ਅਸਲ ਵਿਚ ਬਾਵਨ ਅਵਤਾਰ ਨੇ ਜਦ ਲੀਬਾ ਰੂਪ ਧਾਰਿਆ ਸੀ ਏਹ ਲੋਗ ਤਦ ਤੋਂ ਉਸੇ ਨੂੰ ਹੀ ਲਾਂਬਾ ਗੁਰੂ ਮੰਨਦੇ ਹਨ ਤੇ ਬਾਣੀ ਅਤੇ ਭਜਨ ਧਿਆਨ ਭੀ ਆਖਦੇ ਹਨ ਕਿ ਉਸੇ ਦਾ ਹੀ ਕਰਦੇ ਹਨ। ਉਸੇ ਧਰਮ ਦੇ ਉਪਦੇਸ਼ ਕਰਨ ਵਾਲੇ ਸੰਤਾਂ ਨੂੰ ਭੀ ਲਾਂਬੇ ਗੁਰੂ ਯਾ ਫੱਕਰੀ ਆਖਦੇ ਹਨ ਅਸਲ ਲਾਂਬੇ ਸਿੱਧ ਗੁਰੂ ਗੱਦੀ ਨਸ਼ੀਨ ਥੋੜ੍ਹੇ ਹਨ ਉਹ ਹਮੇਸ਼ ਇਕਾਂਤ ਜੋਗ ਅੱਭਿਆਸ ਜਤ ਸਤ ਤਪ ਜਪ ਵਿਚ ਬਿਰਕਤ ਰਹਿੰਦੇ ਹਨ ਸਿਵਾਇ ਨਿਰਬਾਹ ਮਾਤ੍ਰ ਬਸਤ੍ਰ ਤੇ ਥੋੜ੍ਹੇ ਦੁਧ ਚਾਵਲ ਖਾਣੇ ਦੇ ਹੋਰ ਕੋਈ ਚੀਜ਼ ਅੰਗੀਕਾਰ ਨਹੀਂ ਕਰਦਾ ਜਦ ਪੰਜ ਸੌ ਬਰਸ ਦੀ ਉਮਰ ਹੋ ਜਾਂਦੀ ਹੈ ਤਾਂ ਚੋਲਾ ਤਿਆਗਣ ਲੱਗਾ ਆਖ ਜਾਂਦਾ ਹੈ ਕਿ ਮੈਂ ਫਲਾਣੇ ਦੇ ਘਰ ਜਨਮ ਧਾਰਾਂਗਾ। ਉਸੇ ਪਤੇ ਪਰ ਉਸਦੇ ਚੇਲੇ ਜਦ ਉਹ ਸਵਾ ਬਰਸ ਦਾ ਹੋ ਜਾਂਦਾ ਹੈ ਤਾਂ ਲੈ ਆਂਵਦੇ ਹਨ ਅਤੇ ਗੱਦੀ ਪਰ ਬੈਠਾਲ ਦਿੰਦੇ ਹਨ ਇਸੇ ਤਰਾਂ ਉਹ ਕਾਯਾ ਪਲਟਦਾ ਹੋਯਾ ਹਮੇਸ਼ ਇੱਕੋ ਹੀ ਗੱਦੀ ਪਰ ਰਹਿੰਦਾ ਹੈ।

ਜਿਸ ਤਰਾਂ ਵੈਸ਼ਨੋ ਲੋਗ ਬਿਸ਼ਨੂੰ ਨੂੰ ਤੇ ਸੈਵੀ ਸ਼ਿਵ ਨੂੰ ਪਰਮੇਸ਼ੂਰ ਮੰਨਦੇ ਹਨ ਏਸੇ ਤਰਾਂ ਲਾਂਬੇ ਲੋਗ ਉਸ ਲਾਂਬੇ ਸਿੱਧ ਗੁਰੂ ਨੂੰ ਨਿਤ ਮੁਕਤ ਪਰਮੇਸ਼ੂਰ ਦਾ ਰੂਪ ਮੰਨਦੇ ਹਨ। ਹੋਰ ਜੋ ਲਾਂਬੇ ਗੁਰੂ ਤੇ ਫੱਕਰੀ ਸਦਾਉਂਦੇ ਹਨ ਉਹ ਦੋ ਦੋ ਚਾਰ ਚਾਰ ਇਕੱਠੇ ਹੀ ਰਹਿੰਦੇ ਹਨ ਪਰ ਜਤੀ ਸਤੀ ਹੁੰਦੇ ਹਨ ਤੇ ਵਿੱਦਿਆ ਪੜ੍ਹਨੇ ਪੜ੍ਹਾਉਣੇ ਤੇ ਆਪਣੇ ਧਰਮ ਦਾ ਉਪਦੇਸ਼ ਕਰਨ ਵਿਚ ਹੀ ਦਿਨ ਕੱਟਦੇ ਹਨ। ਸੁੱਚ ਜੂਠ ਦਾ ਕੋਈ ਪਰਹੇਜ਼ ਨਹੀਂ ਤੇ ਮੰਗਤਾ ਭੀ ਕੋਈ ਨਹੀਂ ਸਭ ਆਪਣੀ ੨ ਕ੍ਰਿਤ ਕਰਕੇ ਖਾਂਦੇ ਹਨ ਝੂਠ ਬੋਲਣਾ, ਮਤਸਰ, ਚੁਗਲੀ, ਨਿੰਦਾ, ਬਖੀਲੀ ਉਥੇ ਜ਼ਰਾ ਭੀ ਨਹੀਂ। ਮੁਹੱਬਤ, ਇਤਫ਼ਾਕ, ਹੱਸਣੇ ਖੇਡਣੇ ਦਾ ਬਹੁਤ ਰਿਵਾਜ ਹੈ। ਬਿਆਹ ਤਿੰਨ ਪ੍ਰਕਾਰ ਦਾ ਹੁੰਦਾ ਹੈ ਇਕ ਤਾਂ ਸੁਯੰਬਰ ੧ ਦੂਸਰਾ ਜਿਸ ਮਰਦ ਨਾਲ ਔਰਤ ਪਹਿਲੇ ਪ੍ਰਸੰਗ ਕਰ ਚੁਕੀ ਹੋਵੇ ੨ ਤੀਸਰਾ ਜਿਸ ਦੀ ਬਾਂਹ ਮਾਂ ਬਾਪ ਪਕੜਾ ਦੇਣ ੩, ਜੱਦਯਪਿ ਸਾਦੀ ਤਾਂ ਇਕ ਹੀ ਨਾਲ ਹੁੰਦੀ ਹੈ ਤੇ ਉਸੇ ਦੇ ਬੇਟੇ, ਬੇਟੀਆਂ ਸਦਾਉਂਦੇ ਹਨ ਪਰੰਤੂ ਕਿਸੇ ਔਰਤ ਮਰਦ ਨੂੰ ਦੂਸਰੇ ਸਾਥ ਪ੍ਰਸੰਗ ਕਰਨੇ ਦੀ ਕੋਈ ਰੋਕ ਨਹੀਂ।

ਜੇ ਕੋਈ ਫੱਕਰੀ ਜਾਂ ਲਾਂਬਾ ਗੁਰੂ ਕਿਸੇ ਔਰਤ ਨਾਲ ਭੋਗ ਕਰੇ ਤਾਂ ਉਸ ਨੂੰ ਦੂਸਰੇ ਲਾਂਬੇ ਜੀਉਂਦੇ ਨੂੰ ਕੱਟ ਕੱਟ ਕੇ ਕੁੱਤਿਆਂ ਨੂੰ ਖੁਲਾਇ ਦਿੰਦੇ ਹਨ ਤੇ ਜੇ ਕੋਈ ਲਾਂਬਾ ਰੁਪਯਾ ਪੈਸਾ ਕਿਸੇ ਤੋਂ ਲੈ ਲਵੇ ਤਾਂ ਉਹ ਪੈਸੇ ਤੇ ਰੁਪਏ ਅੱਗ ਵਿਚ ਤਪਾਇ ੨ ਕੇ ਉਸਦੇ ਬਦਨ ਪਰ ਲਗਾਉਂਦੇ ਹਨ ਤੇ ਜੇਹੜਾ ਦੇਵੇ ਉਸ ਤੋਂ ਬ੍ਰਤ ਰਖਾਉਂਦੇ ਹਨ, ਲਾਂਬੇ ਗੁਰੂ ਦਾ ਹੁਕਮ ਰਾਜਾ ਪ੍ਰਜਾ ਸਭ ਈਸ਼ੂਰ ਵਾਂਗੂ ਮੰਨਦੇ ਹਨ। ਏਸ ਦੇਸ ਵਿਚ ਰਾਜੇ ਤਾਂ ਬਹੁਤ ਹਨ ਪਰ

Digitized by Panjab Digital Library | www.panjabdigilib.org

ਏਹ ਲਾਂਬੇ ਭੀ ਤਿੰਨ ਪ੍ਰਕਾਰ ਦੇ ਹਨ। ਇਕ ਲਾਂਬਾ ਗੁਰੂ, ਦੂਸਰੇ ਲਾਂਬੇ, ਤੀਸਰੇ ਲਾਂਬੇ ਫੂੰਗੀ, ਪਰ ਸਭ ਦਾ ਵੱਡਾ ਲਾਂਬਾ ਗੁਰੂ ਹੈ ਉਸੇ ਦੀ ਬਾਣੀ ਸਬ ਪੜ੍ਹਦੇ ਹਨ ਹੋਰ ਕਿਸੇ ਬੇਦ, ਸਾਸ਼ਤ੍ਰ, ਦੇਵੀ ਦੇਵਤਾ ਨੂੰ ਨਹੀਂ ਮੰਨਦੇ। ਗੁਰੂ ਸਾਹਿਬ ਨੇ ਸਾਂਪਰ ਨਾਮ ਪਰਬਤ ਦੇ ਪਾਸ ਕੈਸੌਮ ਨਦੀ ਦੇ ਕਿਨਾਰੇ ਜਿਥੇ ਅਸਲ ਲਾਂਬੇ ਗੁਰੂ ਦਾ ਮੰਦਰ ਹੈ ਜਦ ਬੈਠ ਕੇ ਸਬਦ ਗਾਵਿਆ ਤਾਂ ਸੁਣ ਕੇ ਬਹੁਤ ਲੋਗ ਗੇਹੀ ਤੇ ਫੂੰਗੀ ਤੇ ਲਾਂਬੇ ਬਾਬੇ ਦੇ ਤਾਬੇਦਾਰ ਬਣ ਗਏ। ਗੁਰੂ ਜੀ ਨੇ ਆਖਿਆ ਤੁਸੀਂ ਜੋ ਲਾਂਬੇ ਗੁਰੂਆਂ ਨੂੰ ਪਰਮੇਸ਼ੂਰ ਮੰਨ ਕੇ ਪੂਜਦੇ ਹੋ ਏਹ ਪਰਮੇਸ਼ੂਰ ਨਹੀਂ ਹੈਂ ਕਿਉਂਕਿ ਏਹ ਤਾਂ ਕਈ ਹਨ ਤੇ ਪਰਮੇਸ਼ੂਰ ਇੱਕ ਹੈ ਅਤੇ ਦੇਹਧਾਰੀ ਨਹੀਂ ਹੈ ਤੁਸੀਂ ਉਸ ਈਸ਼ੂਰ ਦਾ ਭਜਨ ਕਰੋ ਜੋ ਸਾਰੇ ਖੰਡਾਂ ਬ੍ਰਹਮੰਡਾਂ ਦਾ ਮਾਲਕ ਹੈ ਤੇ ਜਿਸ ਨੂੰ ਹਿੰਦੂ, ਤੁਰਕ, ਈਸਾਈ, ਮੂਸਾਈ

ਤਿਬਤ ਦੀ ਬਾਬਤ

ਲਾਂਬੇ ਗੁਰੂ ਤੋਂ ਡਰਦਾ ਕਦੇ ਕੋਈ ਕਿਸੇ ਨੂੰ ਨਹੀਂ ਦੁਖਾਉਂਦਾ ਤੇ ਇਕ ਦੂਸਰੇ ਦੇ ਰਾਜ ਵਲ ਨਹੀਂ ਤੱਕਦਾ। ਪ੍ਰਜਾ ਪਾਸੋਂ ਚੌਥੇ ਹਿੱਸੇ ਦੀ ਪੈਦਾਵਾਰੀ ਲੈਂਦੇ ਹਨ। ਰੱਯਤ ਸਬ ਆਪ ਨੂੰ ਰਾਜਿਆਂ ਦੀ ਫੌਜ ਸਮਝਦੀ ਹੈ ਕੋਈ ਝਗੜਾ ਰਾਜੇ ਤਕ ਨਹੀਂ ਜਾਂਦਾ ਉਰੇ ਉਰੇ ਫੂੰਗੀ ਲਾਂਬੇ ਹੀ ਝਗੜਾ ਮਿਟਾਇ ਦਿੰਦੇ ਹਨ ਵਧੀਕੀ ਕਰਨ ਵਾਲੇ ਨੂੰ ਚੱਟੀ ਲਗਾ ਕੇ ਰਾਜਾ ਦੇਖ ਜਾਣੇ ਪਵਾ ਦਿੰਦੇ ਹਨ।

ਏਥੇ ਚਾਉਲ, ਮੱਛੀ, ਸਹਿਤ ਬਹੁਤ ਹੁੰਦਾ ਹੈ। ਕਣਕ, ਮੱਕੀ, ਕੁਮਾਦ, ਉੜਦ ਥੋੜੇ ਹੁੰਦੇ ਹਨ ਹੋਰ ਖੇਤੀ ਨਹੀਂ ਹੁੰਦੀ ਸਬ ਇਸਤ੍ਰੀ ਮਰਦ ਕੌਡੀਆਂ ਦੇ ਜੇਵਰ, ਤੇ ਸਿਰ ਪਰ ਗੁੱਤਾਂ, ਉੱਨੀ ਕਪੜੇ ਰਖਦੇ ਹਨ ਬਕਰੀ ਭੇਡੂ ਘੋੜੇ ਜੱਤ ਵਾਲੇ ਬਹੁਤ ਹੁੰਦੇ ਹਨ ਤੇ ਏਨ੍ਹਾਂ ਦੀ ਜਤ ਨੂੰ ਫੇਰ ਉੱਤੇ ਕਤ ਕੇ ਤਪੜੀ ਵਾਂਗੂ ਕਪੜਾ ਬੁਣ ਲੈਂਦੇ ਹਨ ਤੇ ਇਸਤ੍ਰੀ ਮਰਦ ਸਬ ਗੋਰ ਵਰਨ ਹਨ ਤੇ ਕੁੱਬਤ ਵਾਲੇ ਮੋਟੇ ਨਕਸ਼ ਖੂਬਸੂਰਤ ਹੁੰਦੇ ਹਨ। ਤੀਸ ਬਰਸ ਤੋਂ ਲੈ ਕੇ ੬੦ ਬਰਸ ਤਕ ਗ੍ਰਿਹਸਤ ਕਰਦੇ ਹਨ ਫੇਰ ਸਬ ਜਤ ਧਾਰ ਲੈਂਦੇ ਹਨ ਤੇ ਭਜਨ ਬੰਦਗੀ ਵਿਚ ਰਹਿੰਦੇ ਹਨ ਏਸੇ ਕਰਕੇ ਉਮਰ ਭੀ ਵੱਡੀ ਹੁੰਦੀ ਹੈ ਦੋ ਢਾਈ ਸੌ ਬਰਸ ਬੀ ਉਰੇ ਕੋਈ ਨਹੀਂ ਮਰਦਾ।

ਜਦ ਕੋਈ ਮਰਦਾ ਹੈ ਤਾਂ ਲਾਂਬੇ ਗੁਰੂ ਯਾ ਫੂੰਗੀ ਉਸ ਮੁਰਦੇ ਨੂੰ ਦੇਖ ਕੇ ਜੈਸਾ ਹੁਕਮ ਦੇਂਦੇ ਹਨ ਵੈਸਾ ਹੀ ਹੁੰਦਾ ਹੈ। ਸੋ ਓਹ ਕਿਸੇ ਨੂੰ ਕਟਵਾ ਕੇ ਰਿੰਨ੍ਹ ਕੇ ਸਾਰੇ ਪਿੰਡ ਵਿਚ ਬਰਤਾਇ ਦਿੰਦੇ ਹਨ ਕਿਸੇ ਨੂੰ ਘਰ ਵਿਚ ਹੀ ਖੁਦਵਾਇ ਦਿੰਦੇ ਹਨ ਕਿਸੇ ਨੂੰ ਚੀਲ੍ਹਾਂ ਨੂੰ ਕਿਸੇ ਨੂੰ ਕੁੱਤਿਆਂ ਨੂੰ ਖੁਵਾਉਂਦੇ ਹਨ ਕਿਸੇ ਨੂੰ ਅੱਗ ਵਿਚ ਕਿਸੇ ਨੂੰ ਪਾਣੀ ਵਿਚ ਰੁੜ੍ਹਾਉਂਦੇ ਹਨ। ਮਰੇ ਦੇ ਬਾਦ ਰੋਂਦਾ ਕੋਈ ਨਹੀਂ ਚਾਲੀ ਦਿਨ ਤਕ ਬਾਜੇ ਬਜਾ ਕੇ ਉਨ੍ਹਾਂ ਦੇ ਨਾਮ ਦਾ ਭਜਨ ਕਰਦੇ ਹਨ ਬਰਖਾ ਤੇ ਬਰਫ ਬਹੁਤ ਪੈਂਦੀ ਹੈ ਇਸ ਕਰਕੇ ਚਾਰ ਮਹੀਨੇ ਘਰਾਂ ਦੇ ਅੰਦਰ ਹੀ ਰਹਿੰਦੇ ਹਨ।

ਇਹ ਸਬ ਬਾਤਾਂ ਰਹਿੰਸਨ ਸਾਹਿਬ ਡਾਕਟਰ ਨੇ ਆਪਣੇ ਸਫਰ ਦੀ ਕਿਤਾਬ ਵਿਚ ਲਿਖੀਆਂ ਹਨ ਤੇ ਓਹ ਇਉਂ ਭੀ ਲਿਖਦਾ ਹੈ ਕੇ ਮੈਂ ਚਾਰ ਮਹੀਨੇ ਲਾਂਬਿਆਂ ਦੇ ਮੁਲਕ ਵਿਚ ਰਹਿ ਕੇ ਸੈਲ ਕੀਤਾ ਹੈ ਤੇ ਜੇਹੜਾ ਖਾਸ ਲਾਂਬਾ ਗੁਰੂ ਉਸ ਵਕਤ ਪੰਜ ਸੌ ਬਰਸ ਦੀ ਉਮਰ ਭੋਗ ਕੇ ਫੇਰ ਜੰਮ ਕੇ ਗਿਆਰਾਂ ਬਰਸ ਦੀ ਉਮਰ ਵਿਚ ਸੌ ਬਰਸ ਦੇ ਇਲਮ ਵਾਲੇ ਬੁਧੀਵਾਨ ਜੈਸਾ ਗੱਦੀ ਨਸ਼ੀਨ ਸੀ ਉਸ ਨਾਲ ਗੱਲਾਂ ਕੀਤੀਆਂ ਤਾਂ ਮਾਲੂਮ ਹੋਯਾ ਜੋ ਏਹ ਜੋਗ ਅਭਿਆਸ ਕਰਕੇ ਕਾਯਾ ਪਲਟ ਲੈਂਦਾ ਹੈ ਤੇ ਅਮਰ ਰਹਿੰਦਾ ਹੈ।

ਏਹ ਬਹੁਤ ਨਹੀਂ ਸੀ ਬੋਲਦਾ ਏਸ ਵਾਸਤੇ ਪਿਛਲੇ ਜਨਮਾਂ ਦੀਆਂ ਗੱਲਾਂ ਨਹੀਂ ਪੁੱਛੀਆਂ।

Digitized by Panjab Digital Library | www.panjabdigilib.org

ਪਾਰਸੀ, ਹਬਸ਼ੀ, ਚੀਨੀ, ਭੋਟਾਨੀ ਸਭ ਮੰਨਦੇ ਹਨ। ਇੱਤਆਦਿਕ ਯਥਾਰਥ ਗਿਆ
ਨ ਦ੍ਰਿੜਾਇ ਉਨ੍ਹਾਂਨੂੰ ਈਸ਼੍ਵਰ ਦੀ ਭਗਤੀ ਵਿਚ ਲਾਇ ਤਿੱਬਤ ਮੁਲਕ ਦੇ ਪਾਸ ਰਾਵਣ
ਹ੍ਰਦ, ਤੇ ਮਾਨਸਰੋਵਰ ਆਦਿਕ ਝੀਲਾਂ, ਪਰਬਤਾਂ ਦਾ ਸੈਲ ਕਰਦੇ ਹੋਏ ਕੈਲਾਸ
ਦੀ ਤਰਫ ਚਲੇ ਤਾਂ ਮਾਨਸਰੋਵਰ ਉਤੇ ਬਹੁਤ ਸੁੰਦਰ ਪੰਛੀ ਫਿਰਦੇ ਦੇਖ ਕੇ ਮਰ
ਦਾਨੇ ਦੇ ਪੁੱਛਣੇ ਪਰ ਗੁਰੂ ਸਾਹਿਬ ਬੋਲੇ ਭਾਈ ਮਰਦਾਨਾ ਏਹ ਪੰਛੀ ਹੰਸ ਹਨ ਏਨ੍ਹਾਂ
ਦੀ ਚੋਂਚ ਵਿਚ ਐਸੀ ਖਟਾਈ ਹੈ ਕਿ ਦੁਧ ਫਟ ਜਾਂਦਾ ਹੈ ਸੋ ਪਾਣੀ ਨੂੰ ਛੱਡਕੇ ਦੁੱਧ ਦੇ ਫੁ
ਟਕੜੇ ਖਾ ਲੈਂਦੇ ਹਨ ਤੇ ਮੋਤੀ ਚੁਗਦੇ ਹਨ ਏਸੇ ਕਰਕੇ ਏਨ੍ਹਾਂ ਦੀ ਉਪਮਾ ਸੰਤਾਂ ਨੂੰ ਦੇਈ
ਦੀ ਹੈ ਕ੍ਯੋਂਕੇ ਸੰਤ ਆਤਮਾ ਅਨਾਤਮਾ ਨੂੰ ਵੱਖੋ ਵੱਖ ਕਰ ਦਿਖਾਉਂਦੇ ਹਨ। ਤੇ ਸੁਭਗੁ
ਣ ਮੋਤੀ ਧਾਰਦੇ ਹਨ ਤੇ ਬ੍ਰਹਮਗਿਆਨ ਦੇ ਬਲ ਨਾਲ ਆਪ ਮੁਕ੍ਤਿ ਹੋਕੇ ਸੰਗੀਆਂ ਨੂੰ
ਮੁਕ੍ਤਿ ਕਰਦੇ ਹਨ।

ਐਸੇ ਐਸੇ ਪ੍ਰਸੰਗ ਸੁਣਾਉਂਦੇ ਹੋਏ ਕੈਲਾਸ ਪਰਬਤ ਦਾ ਝਾਕਾ ਲੈ, ਤਾਸਕੰਦ,
ਯਾਰਕੰਦ ਮੁਲਕ ਦੇ ਵਿੱਚੋਂ ਦੀ ਝੀਲ ਮਾਨਤਲਾਈ ਦੇ ਖੱਬੇ ਪਾਸੇ ਬ੍ਰਹਮੋਹਲ ਪਰਬ
ਤ ਨੂੰ ਲੰਘ, ਲੁਦਾਖ ਦੇਸ ਦਾ ਸੈਲ ਜਾ ਕੀਤਾ ਏਹ ਦੇਸ ਬੀ ਕਸ਼ਮੀਰ ਦੇ ਨਾਲ ਹੀ ਹੈ।
ਜੰਕਾਰ ਨਦੀ ਦੇ ਕਿਨਾਰੇ ੨ ਸਰਕੋਟ, ਪਸਕ ਆਦਿਕ ਮਸ਼ਹੂਰ ਬਸ੍ਤੀਆਂ ਨੂੰ ਦੇਖਦੇ
ਹੋਏ ਗਿਲਗਿਤ ਦੀ ਸੀਮਾ ਪਰ ਅਸਕਰਦੂ ਸ਼ਹਿਰ ਦੇ ਕਿਲੇ ਪਾਸ ਜਾ ਬੈਠੇ ਏਥੇ
ਹੁਣ ਤਕ ਨਾਨਕ ਪੀਰ ਦੀ ਜਗਾ ਮੰਨੀਦੀ ਹੈ ਤੇ ਜੰਮੂ ਦੇ ਫੌਜੀ ਸਿਖ ਦੇਖ ਆਏ ਹਨ।
ਓਥੋਂ ਦੇ ਕਲੰਦ੍ਰ ਗੌਸ ਬੁਖਾਰੀ ਫਕੀਰ ਨੇ ਨਵਾਬ ਨੂੰ ਮੁਰੀਦ ਬਣਾ ਕੇ ਲੋਗਾਂ ਨੂੰ ਬਹੁ
ਤ ਕਸ਼ਟ ਦੇਵਾਜਾ ਹੋਯਾ ਸੀ। ਗੁਰੂ ਜੀ ਦੀ ਬਾਣੀ ਸੁਣਕੇ ਓਹ ਨਵਾਬ ਤੇ ਫਕੀਰ ਦੋਵੇਂ
ਬਾਬੇ ਦੇ ਮੁਰੀਦ ਬਣ ਗਏ। ਏਥੋਂ ਸਿਜਨਾਕ ਦਰੇ ਵੱਲਰ ਝੀਲ ਦੇ ਕਿਨਾਰੇ ੨ ਸ੍ਰੀ
ਨਗਰ ਕਸ਼ਮੀਰ ਦੀ ਰਜਧਾਨੀ ਜਾ ਦੇਖੀ। ਓਥੇ ਹਰੀ ਪਰਬਤ ਆਦਿਕ ਮਸ਼ਹੂਰ

੧ ਏਥੇ ਦੇ ਅਨਪੜ੍ਹ ਮੂਰਖ ਭੀ ਆਪਨੂੰ ਪੰਡਿਤ ਸਦਾਉਂਦੇ ਹਨ ਤੇ ਮੁਸਲਮਾਨ ਦੀ ਛੂਹੀ ਰੋਟੀ ਭੀ ਖਾ ਲੈਂ
ਦੇ ਹਨ ਪਰ ਦੂਸਰੇ ਦੇਸ ਦੇ ਬ੍ਰਾਹਮਨ ਦੀ ਛੂਹੀ ਰੋਟੀ ਨਹੀਂ ਖਾਂਦੇ। ਤੇ ਅਕਸਰ ਏਥੇ ਜਿਮੀਨ ਦੀ ਚੋਰੀ ਹੁੰਦੀ ਹੈ
ਕ੍ਯੋਂਕਿ ਤੀਸ ਚਾਲੀਸ ਕੋਸ ਵਿਚ ਜੋ ਪਾਣੀ ਦਾ ਝਲ ਹੈ ਲੋਕੀ ਉਸ ਪਰ ਛੋਟੀਆਂ ੨ ਪਤਲੀਆਂ ਲੱਕੜਾਂ
ਆਪਸ ਵਿਚ ਬੰਨਕੇ ਫੂਹੜੀ ਵਾਂਗੂ ਬਿਛਾ ਦੇਂਦੇ ਹਨ ਤੇ ਉਸਦੇ ਉਪਰ ਮਿਟੀ, ਫੂਹੜੀ ਪਾਕੇ ਖੇਤੀ ਕਰਦੇ ਹਨ ਤੇ ਓ
ਸਨੂੰ ਇਕ ਕਿਨਾਰੇ ਨਾਲ ਬੰਨ ਰਖਦੇ ਹਨ ਜਦ ਕਿਸੇ ਦਾ ਦਾਉ ਲੱਗਦਾ ਹੈ ਤਾਂ ਖੋਲ੍ਹਕੇ ਕਿਸੇ ਪਾਸੇ ਨੂੰ ਲੈ ਜਾਂਦ
ਹੈ। ਕੇਸਰ, ਬਨਫਸ਼ਾ, ਬਾਦਾਮ ਆਦਿਕ ਮੇਵੇ ਬਹੁਤ ਹੁੰਦੇ ਹਨ ਤੇ ਪਸ਼ਮੀਨੇ ਦਾ ਕੰਮ ਬਹੁਤ ਉਮਦਾ ਹੈ।

Digitized by Panjab Digital Library | www.panjabdigilib.org

ਅਸਥਾਨ ਦਾ ਸੈਲ ਕੀਤਾ ਤੇ ਕਈ ਇਕ ਪ੍ਰੇਮੀ ਪੁਰਸਾਂ ਦਾ ਨਿਸਤਾਰਾ ਕੀਤਾ। ਏਥੋਂ ਚੱਲ ਅਨੰਤੀਪੁਰ ਮੱਟਨ ਤੀਰਥ ਆਦਿਕ ਨਗਰਾਂ ਪਰਬਤਾਂ ਦੇ ਰਹਣਵਾਲੇ ਲੋਕਾਂਨੂੰ ਤਾਰਦੇ ਹੋਏ ਅਮਰਨਾਥ[1] ਮਹਾਂਦੇਵ ਦਾ ਅਸਥਾਨ ਦੇਖ ਮਜਾਲ ਭੁਨਾਲ ਦੇ ਰਸਤੇ ਕਸਤੁਵਾਰ ਦੇਸ ਵਿਚ ਪ੍ਰਵੇਸ਼ ਜਾ ਕੀਤਾ, ਫੇਰ ਭੱਦ੍ਰਵਾਹ ਤੇ ਲਾਸਾਰ ਨੂੰ ਦੇਖ ਕੇ ਪੰਗੂ ਦੇਸ ਵਿਚ ਜਿਸਨੂੰ ਪਾਂਗਾ ਭੀ ਆਖਦੇ ਹਨ ਜਾ ਫਿਰੇ।

1 ਅਮਰਨਾਥ ਭੀ ਮਹਾਂਦੇਵ ਦੇ ਬਾਰ੍ਹਾਂ[12] ਜੋਤੀਲਿੰਗਾਂ ਵਿੱਚੋਂ ਹੈ ਸਾਉਣ ਦੀ ਪੂਰਨਮਾਸ਼ੀ ਨੂੰ ਸ੍ਰੀਨਗਰ ਤੋਂ ਮਟਨ ਤੀਰਥ ਜਾਤ੍ਰਾ ਜਾਈਦਾ ਹੈ ਏਥੇ ਪੋਠੋਹਾਰ ਆਦਿਕ ਕਈ ਦੇਸਾਂ ਦੇ ਲੋਗ ਗਯਾ ਵਾਂਗੂ ਪਿਤਰਾਂ ਦੀ ਗਤੀ ਕਰਾਉਂਦੇ ਹਨ ਮਟਨੋਂ ਤੋਂ ਤੀਸਰੀ ਮਜ਼ਲ ਬੈਤਰਨੀ ਨਦੀ ਤੋਂ ਤਿੰਨ ਕੋਸ ਦੀ ਚੜ੍ਹਾਈ ਉਤਰ ਕੇ ਅਮਰਨਾਥ ਦੀ ਗੁਫਾ ਵਿਚ ਅਲਫ਼ ਨੰਗੇ ਹੋ ਕੇ ਲੋਕ ਜਾਂਦੇ ਹਨ ਕੋਈ ੨ ਉੱਨ ਦੇ ਕੱਪੜੇ ਤੇ ਕਈ ਭੋਜਪੱਤ੍ਰ ਪਹਿਨ ਕੇ ਭੀ ਜਾਂਦੇ ਹੈਂ ਨਾਲੀਏਰ, ਬਿਲਪੱਤ੍ਰ, ਫੂਲ, ਕਪੜੇ, ਮਾਯਾ ਭੇਟਾ ਚੜ੍ਹਦੀ ਹੈ ਤੇ ਏਹ ਪੂਜਾ ਤਿੰਨ ਜਗਾ ਵੰਡੀ ਜਾਂਦੀ ਹੈ ਰਸਤਾ ਬਣਾਵਣ ਵਾਲੇ ਮੁਲਕੀ ਲੋਗ ੧ ਗੁਸਾਈ ਜੋ ਛੜ੍ਹਾ ਸ੍ਰੀਨਗਰ ਤੋਂ ਸੰਗਤ ਨੂੰ ਲਿਆਂਵਦਾ ਹੈ ੨, ਪੰਡੇ ਜੋ ਓਥੇ ਬੈਠਦੇ ਹਨ ੩ ਬਰਫ ਤੋਂ ਡਰਦਾ ਰਾਤ ਨੂੰ ਓਥੇ ਕੋਈ ਨਹੀਂ ਰਹਿੰਦਾ ਤੇ ਸੰਖ, ਨਗਾਰੇ, ਅਤੇ ਆਦਮੀ ਦੀ ਉੱਚੀ ਆਵਾਜ ਨਾਲ ਭੀ ਬਰਫ਼ ਗਿਰ ਪੈਂਦੀ ਹੈ ਇਕ ਪਰਬਤ ਲੰਘ ਕੇ ਅਮਰਤਲਾਵ ਹੈ ਏਥੇ ਸੰ:੧੯੦੭ ਬਿ: ਵਿਚ ਗੁਸਾਈ ਫਕੀਰਾਂ ਦੀ ਜਮਾਤ ਗਈ, ਇਕ ਸਾਧ ਨੇ ਸੰਖ ਬਜਾਇ ਦਿੱਤਾ, ਸਾਰੇ ਪੁਰਸ਼ ਬਰਫ਼ ਹੇਠਾਂ ਦਬ ਗਏ ਜੋ ਹੁਣ ਤਕ ਉਸੇ ਤਰਾਂ ਪੱਥਰ ਦੇ ਬਣੇ ਹਨ ਕਯੋਂਕੇ ਬਰਫ਼ ਦਾ ਸੁਭਾਵ ਹੈ ਕਿ ਜੋ ਚੀਜ ਉਸ ਵਿਚ ਪੈ ਜਾਵੇਗੀ ਪੱਥਰ ਬਣ ਜਾਵੇਗੀ ਅਤੇ ਕਈ ਜਗਾ ਹਾਥੀ ਆਦਿਕ ਪਸ਼ੂਆਂ ਦੇ ਕਲਬੂਤ ਪੱਥਰ ਦੇ ਨਿਕਲੇ ਹਨ ਇਕ ਸ਼ਕਲ ਆਦਮੀ ਦੀ ਜੰਮੂ ਦੇ ਅਜਾਇਬ ਘਰ ਵਿਚ ਹੈ ਜਿਸਦਾ ਸਿਰ ਘੜੇ ਜੇਡਾ ਤੇ ਦੰਦ ਜਾੜ੍ਹਾਂ ਪੈਰ ਦੇ ਅੰਗੂਠੇ ਵਰਗੇ ਹਨ। ਏਸ ਅਮਰਨਾਥ ਦੀ ਕੰਦਰਾ ਅੰਦਰ ਪਰਬਤ ਉੱਤੋਂ ਸੁਰਾਖ ਥਾਣੀ ਬਰਫ ਦਾ ਪਾਣੀ ਟਪਕ ਕੇ ਇਕ ਮਟੀਲੀ ਜੇਹੀ ਤਲੀ ਬਰਫ ਦੀ ਜਮ ਜਾਂਦੀ ਹੈ ਜਿਸਨੂੰ ਹਿੰਦੂ ਲੋਗ ਮਹਾਦੇਵ ਦਾ ਕੁਦਰਤੀ ਲਿੰਗ ਦਸਦੇ ਹਨ ਪਰ ਪੰਡੇ ਉਸ ਪਰ ਕਪੜਾ ਪਾ ਛਡਦੇ ਹਨ ਦੇਖਣ ਨਹੀਂ ਦੇਂਦੇ।

ਏਥੇ ਹੀ ਸ਼ਿਵ ਜੀ ਨੇ ਪਾਰਬਤੀ ਨੂੰ ਅਮਰ ਕਥਾ ਸੁਣਾਈ ਸੀ ਉਹ ਤਾਂ ਸੌਂ ਗਈ ਤੇ ਗੰਦਾ ਆਂਡਾ ਤੋਤੇ ਦਾ ਹੁੰਗਾਰਾ ਭਰਦਾ ਰਿਹਾ ਜਦ ਸ਼ਿਵਜੀ ਨੂੰ ਮਾਲੂਮ ਹੋਯਾ ਤਾਂ ਤੋਤੇ ਨੂੰ ਮਾਰਨਾ ਚਾਹਿਆ ਤੇ ਤ੍ਰਿਸੂਲ ਛੱਡੀ ਤੋਤਾ ਤ੍ਰਿਲੋਕੀ ਫਿਰਿਆ ਪਰ ਤ੍ਰਿਸੂਲ ਨੇ ਪਿੱਛਾ ਨਾ ਛੱਡਿਆ ਓੜਕ ਨੂੰ ਬਿਆਸ ਰਿਖੀ ਦੀ ਔਰਤ ਜੋ ਨੰਗੀ ਨ੍ਹਾਂਵਦੀ ਸੀ ਉਸਦੇ ਅੰਦਰ ਵੜ ਗਿਆ ਬਾਰਾਂ ਬਰਸ ਪਿੱਛੋਂ ਜੰਮਿਆ ਜਿਸਦਾ ਨਾਮ ਸੁਕਦੇਵ ਸ੍ਵਾਮੀ ਹੋਯਾ ਏਹ ਪੁਰਾਣ ਦੀ ਕਥਾ ਹੈ ਸੱਚ ਝੂਠ ਪੜ੍ਹਨਵਾਲੇ ਆਪ ਹੀ ਬਿਚਾਰ ਲੈਣਗੇ।

2 ਪੰਗੂ ਦੇਸ ਵਿਚ ੬ ਮਹੀਨੇ ਬਰਫ਼ ਪੈਂਦੀ ਹੈ ਇਸ ਕਰਕੇ ਸਭ ਲੋਗ ਪਰਬਤਾਂ ਦੀਆਂ ਕੰਦਰਾਂ ਅੰਦਰ ਰਹਿੰਦੇ ਹਨ ਗਊਆਂ ਤੇ ਡੰਗਰ ਭੀ ਅੰਦਰੇ ਰੱਖਦੇ ਹਨ, ਮੇਂਹ ਕੋਈ ਨਹੀਂ ਹੁੰਦਾ, ਜੂਠ ਸੁੱਚ ਦਾ ਪ੍ਰਹੇਜ਼ ਨਹੀਂ, ਬੈਸਾਖ ਦੇ ਮਹੀਨੇ ਇਕ ਬੂਟੀ ਗਾਜਰ ਵਰਗੀ ਪੈਦਾ ਹੁੰਦੀ ਹੈ ਭਾਦੋਂ ਵਿਚ ਪੱਕਦੀ ਹੈ ਤਾਂ ਉਹ ਬੂਟੀ, ਘਾਸ, ਲਕੜੀਆਂ ਦਿਕ ਸਭ ਸਾਮਾਨ ਛੇ ਮਹੀਨੇ ਦਾ ਇਕੱਠਾ ਕਰਕੇ ਅੰਦਰੀਂ ਲੈ ਵੜਦੇ ਹਨ ਭਲਾ ਬੁਰਾ ਕੁਛ ਨਹੀਂ ਜਾਣਦੇ ਪਸ਼ੂਆਂ ਵਾਂਗੂ ਦਿਨ ਕੱਟਦੇ ਹਨ, ਸ਼ਾਦੀ ਮਨ ਪਸੰਦ ਪਰ ਹੁੰਦੀ ਹੈ ਪਰ ਫਿਰ ਭੀ ਔਰਤ ਮਰਦ ਨੂੰ ਕੋਈ ਕਿਸੇ ਤਰਾਂ ਦੀ ਰੋਕ ਨਹੀਂ।

Digitized by Panjab Digital Library | www.panjabdigilib.org

ਏਥੋਂ ਦੇ ਲੋਗਾਂਨੂੰ ਪਰਮੇਸ੍ਵਰ ਦੇ ਰਸਤੇ ਲਗਾਇ ਗੁਰੂਸਾਹਿਬ ਰਮਤੇ ਭਏ ਅਤੇ [1] ਮੰਨਮਹੇਸ਼ ਦੇ ਪਰਬਤਨੂੰ ਦੇਖਦੇ ਹੋਏ [2] ਕੁੱਲੂ ਦੇਸ ਵਿਚ ਜਾ ਠਹਿਰੇ। ਇਸ ਦੇਸ ਦੇ ਗੱਦੀ ਜਾਤਿ ਦੇ ਲੋਗ ਭੇਡਾਂ ਬਕਰੀਆਂ ਰੱਖਣ ਵਾਲੇ ਬਹੁਤ ਹਨ ਤੇ ਪੈਦਾਵਾਰ ਜ਼ਰਾਇਤ ਬਹੁਤ ਥੋੜੀ ਹੁੰਦੀ ਹੈ ਨੀਲਮ ਆਦਿਕ ਦੀਆਂ ਅਨੇਕ ਖਾਣਾ ਭੀ ਹਨ ਤੇ ਰਣਸਿੰਙੀ ਏਥੇ ਬਣਦਾ ਹੈ। ਏਥੋਂ ਦੇ ਪਹਾੜੀ ਲੋਗ ਜੋ ਕਲਪਤ ਸਿੱਧਾਂ ਦੇਵਤਿਆਂ ਪੱਥਰਾਂ ਦੀ ਪੂਜਾ ਉਪਾਸ਼ਨਾ ਕਰਦੇ ਸੇ ਗੁਰੂ ਜੀ ਨੇ ਆਪਣੇ ਸਬਦ ਦੀ ਸ਼ਕਤੀ ਨਾਲ ਉਨ੍ਹਾਂ ਦਾ ਮੰਨਣ, ਪੂਜਣ ਨਿਸਫਲ ਦੇਖਾਕਰ ਸੈਂਕੜੇ ਪਰਬਤੀ ਪੁਰਖਾਂਨੂੰ ਪਰਮੇਸ੍ਵਰ ਦੀ ਭਗਤੀ ਕਰਨ ਲਾਯਾ। ਓਥੋਂ [3] ਰਵਾਲ ਜੋਗਣਾ ਦੇ ਦੇਸ਼ੀ ਲੋਗਾਂ ਦਾ ਉਧਾਰ ਕਰਦੇ ਹੋਏ ਰੀਬੇ ਜਾ ਉਤਰੇ। ਏਥੇ ਦੇ ਅਨੇਕ ਲੋਗਾਂਨੂੰ ਭ੍ਰਮ ਦੇ ਭੂਤਾਂ ਤੋਂ ਛੁਡਾਇ ਈਸ੍ਵਰ ਦੇ ਰਸਤੇ ਪਾਯਾ ਫੇਰ ਰਾਵੀ ਦਰੀਯਾ ਪਾਰ ਹੋ ਧੌਲੀਧਾਰ ਗੱਦੀਆਂ ਦੇ ਦੇਸ ਵਿਚ ਦੀ ਦਲਹੌਜ਼ੀ ਆਦਿਕ ਅਨੇਕ ਪਰਬਤਾਂ ਦੇ ਸੰਤਾਂ ਭਗਤਾਂ ਨੂੰ ਮਿਲ ਬਹੁਤ ਜੀਵਾਂ ਦਾ ਉੱਧਾਰ ਕੀਤਾ। ਏਥੋਂ ਤੁਰ [4] ਮੰਨਕੋਟ ਦੇ ਪਾਸ ਜੋ ਮੂਠ ਤੀਸ ਕੋਸ ਪਰੇ ਜਿੱਥੇ ਇਕ ਅਘੋਰੀ ਨੇ ਲੋਗਾਂ ਨੂੰ ਬਹੁਤ ਸੰਤਾਯਾ ਹੋਯਾ ਸੀ ਜਾ ਫਿਰੇ। ਤੇ ਆਪਣੇ ਸ਼ਬਦ ਦੀ ਸ਼ਕਤੀ ਨਾਲ ਉਸ ਤੋਂ ਪਸੂ ਪ੍ਰੇਤਾਂ ਵਾਲੀ ਕ੍ਰਿਯਾ ਛੁਡਾਇ ਕੇ ਪਰਮੇਸ੍ਵਰ ਪਰਾਯਣ ਕੀਤਾ। ਫੇਰ ਏਹ ਅ

1 ਏਸ ਮਨਮਹੇਸ ਪਰਬਤ ਪਰ ਪੁਰਾਣਾ ਵਿਚ ਸ਼ਿਵ ਜੀ ਦਾ ਨਿਵਾਸ ਲਿਖਆ ਹੈ ਤੇ ਕੈਲਾਸ ਪਰਬਤ ਦੀ ਤੇ ਵਡੀ ਲਿਖੀ ਹੈ ਏਹ ਬਹੁਤ ਉੱਚਾ ਤੇ ਚਾਂਦੀ ਵਾਗੂ ਚਮਕੀਲਾ ਤੇ ਚਿਕਨਾ ਦਿਸਦਾ ਹੈ।

2 ਕੁੱਲੂ ਦੇਸ ਦਾ ਰਿਵਾਜ ਹੈ ਜੇਕਰ ਇਕ ਭਾਈ ਬਿਆਹਿਆ ਜਾਵੇ ਤਾਂ ਬਾਕੀ ਦੇ ਸਭ ਭਾਈ ਸ਼ਾਦੀ ਨਹੀਂ ਕਰਦੇ ਉਸੇ ਨਾਲ ਉਜਾਗਰ ਗ੍ਰਿਹਸ੍ਤ ਕਰਦੇ ਹਨ ਪੁੱਤ੍ਰ ਧੀਆਂ ਸ਼ਾਦੀ ਵਾਲੇ ਦੇ ਕਹਾਉਂਦੇ ਹਨ। ਜੇਕਰ ਕੋਈ ਦੂਸਰਾ ਭਾਈ ਹੋਰ ਸ਼ਾਦੀ ਕਰ ਲਵੇ ਤਾਂ ਬਾਪ ਦਾਦੇ ਦੀ ਜਾਇਦਾਦ ਉਸ ਨੂੰ ਨਹੀਂ ਮਿਲਦੀ।

3 ਏਥੇ ਰੰਬਾਲੀ ਨਾਮ ਜੋਗਣ ਲੂਣੀਏ ਸਿੱਧ ਦੀ ਚੇਲੀ ਹੋਈ ਹੈ ਜਿਸਦਾ ਨਾਮ ਮੰਤ੍ਰਾਂ ਵਿਚ ਲੂਣਾ ਚਮਾਰੀ ਉਚਾਰਦੇ ਹਨ ਏਸ ਦੀਆਂ ਚੇਲੀਆਂ ਜੋਗਣਾ ਮਸ਼ਹੂਰ ਹਨ, ਪਰਬਤੀ ਉਨ੍ਹਾਂਨੂੰ ਹੀ ਮੰਨਦੇ ਪੂਜਦੇ ਹਨ। ਓਹ ਆਦਮੀ ਨੂੰ ਨਹੀਂ ਛੂੰਹਦੀਆਂ ਜੇ ਕੋਈ ਛੂਹ ਜਾਇ ਤਾਂ ਉਸਨੂੰ ਜ਼ਰਾ ਕ ਕੱਟਕੇ ਕੁੱਤਿਆਂਨੂੰ ਖੁਵਾਇ ਦਿੰਦੀਆਂ ਹਨ। ਜੋਗ ਅਭ੍ਯਾਸ ਤੇ ਜੰਤ੍ਰ ਮੰਤ੍ਰ ਭੀ ਕਮਾਂਵਦੀਆਂ ਹਨ। ਬ੍ਰਿੱਛਾਂ ਨਾਲ ਪਾਲਣੇ ਪਾਕੇ ਝੂਟਦੀਆਂ ਹਨ, ਦੁੱਧ ਪੀਂਦੀਆਂ ਰਹਿੰਦੀਆਂ ਹਨ, ਉਮਰ ਦੋ ਤਿੰਨ ਸੌ ਬਰਸ ਦੀ ਹੁੰਦੀ ਹੈ ਜਦ ਕੋਈ ਦੇਹ ਤਿਆਗਣਾ ਚਾਹੁੰਦੀ ਹੈ ਤਾਂ ਬੇਖਬਰ ਹਿਮਾਲਯ ਦੀ ਕੰਦਰਾ ਅੰਦਰ ਚਲੀ ਜਾਂਦੀ ਹੈ।

4 ਮਨਕੋਟ ਦਾ ਨਾਮ ਮਹਾਭਾਰਤ ਵਿਚ ਮਾਨਪੁਰ ਲਿਖਆ ਹੈ ਏਥੋਂ ਦੇ ਰਾਜੇ ਦੇ ਘਰ ਸੰਤਾਨ ਨਾ ਹੋਈ ਇਸ ਵਾਸ੍ਤੇ ਬੱਭ੍ਰ ਬਾਹਨ ਰਾਜਾ ਹੋਯਾ ਤੇ ਇਸਨੇ ਆਪਣੇ ਜ਼ੋਰ ਨਾਲ ਬਹੁਤ ਮੁਲਕ ਦਬਾ ਲਏ ਏਸ ਦੀ ਕਥਾ ਪੁਰਾਣ ਵਿਚ ਬਹੁਤ ਲਿਖੀ ਹੈ ਏਥੇ ਗ੍ਰੰਥ ਵਧਨ ਦੇ ਡਰ ਨਹੀਂ ਲਿਖੀ।

Digitized by Panjab Digital Library | www.panjabdigilib.org

ਘੋਰੀ ਹਮੇਸ਼ ਗੁਰੂ ਘਰ ਦੀ ਟਹਿਲ ਵਿਚ ਕਾਯਮ ਰਹਿਕੇ ਕਮਲੀਆ ਨਾਮ ਸੇ ਮਸ਼ਹੂਰ ਹੋਯਾ।

ਸਾਲਕੋਟ ਤੋਂ ਮਾਨਸਰ ਤੇ ਸਰੂਈਸਰ ਨੂੰ ਦੇਖਦੇ ਹੋਏ ਵੈਸ਼ਨੋ ਦੇਵੀ[1] ਦੇ ਪਹਾੜ ਉੱਤੇ ਜਾ ਫਿਰੇ ਇਸ ਪਹਾੜ ਦੇ ਤਿੰਨ ਉੱਚੇ ਕਿੰਗਰੇ ਭੀ ਹਨ ਜਿਸ ਕਰਕੇ ਇਸ ਨੂੰ ਤ੍ਰਿਕੁਟਾ ਭੀ ਆਖਦੇ ਹਨ, ਸਾਵਣ ਤੋਂ ਕੱਤਕ ਤਕ ਜਾਤ੍ਰੂ ਬਹੁਤ ਜਾਂਦੇ ਹਨ ਤੇ ਏਥੋਂ ਦੀ ਗੁਫਾ ਦਾ ਨਾਮ ਪੰਡੂਆਂ ਨੇ ਗਰਭ ਜੋਨਿ ਰੱਖਿਆ ਹੋਯਾ ਹੈ। ਗੁਰੂ ਜੀ ਨੇ ਜਦ ਗੁਫਾ ਅੱਗੇ ਬੈਠਕੇ ਸਬਦ ਗਾਵਿਆ ਤਾਂ ਸਬ ਪੰਡੇ ਗੁਰੂ ਜੀ ਦੇ ਪਾਸ ਆਇ ਬੈਠੇ ਗੁਰੂ ਜੀ ਨੇ ਪੰਡਿਆਂ ਸਮੇਤ ਓਥੋਂ ਦੇ ਲੋਗਾਂ ਨੂੰ ਪਰਮੇਸ਼ੁਰ ਦੀ ਭਗਤੀ ਕਰਨ ਲਾਯਾ। ਤੇ ਏਥੋਂ ਚਾਰ ਕੋਸ ਪਰ ਜੋ ਮੈਦੀ

---

1 ਏਸ ਦੇਵੀ ਨੂੰ ਨਾਲੀਯੇਰ ਪੂਜਾ ਛੱਤ੍ਰ ਰੁਪਯਾ ਪੈਸਾ ਚੜ੍ਹਦਾ ਹੈ ਸ਼ਰਾਬ ਮਾਸ ਯਾ ਬੱਕਰਾ ਨਹੀਂ ਚੜ੍ਹਦਾ ਤੇ ਏਥੇ ਮੂਰਤੀ ਭੀ ਨਹੀਂ ਪੂਜੀਦੀ ਦੇਵੀ ਦੇ ਕੁਚ (ਮੰਮੇ) ਪੂਜੀਦੇ ਹਨ ਇਨ੍ਹਾਂ ਦਾ ਨਾਮ ਪਿੰਡੀਆਂ ਮਸ਼ਹੂਰ ਹੈ ਤੇ ਦਰਸ਼ਨ ਜੋਤਾਂ (ਦੀਵਿਆਂ) ਦਾ ਤੇ ਤ੍ਰਿਸੂਲ ਦਾ ਹੁੰਦਾ ਹੈ। ਜਿਸ ਸ਼ਖਸ ਨੇ ਏਹ ਪਿੰਡੀਆਂ ਬਣਾਈਆਂ ਹਨ ਉਹ ਅਕਲ ਚੰਗੀ ਰੱਖਦਾ ਸੀ। ਏਹ ਗੁਫਾ ਪੌਣਾ ਮੀਲ ਲੰਬੀ ਤੇ ਦੋ ਗਜ਼ ਚੌੜੀ ਹੈ ਏਸ ਦੇ ਵਿਚ ਪਾਣੀ ਪਰਬਤ ਵਿਚੋਂ ਸੁਰਕੇ ਇਕ ਧਰਾਟ ਦਾ ਹੋਕੇ ਨਿਕਲਦਾ ਹੈ ਜਿਸ ਨੂੰ ਚਰਨ ਗੰਗਾ ਆਖਦੇ ਹਨ। ਏਥੇ ਦੀਵੇ ਦੇ ਚਾਨਣੇ ਨਾਲ ਗਿੱਟੇ ੨ ਪਾਣੀ ਨੰਗੇ ਪੈਰੀਂ ਜਾਣਾ ਹੁੰਦਾ ਹੈ ਏਸ ਗਰਭ ਜੋਨਿ ਗੁਫਾ ਦਾ ਮੂੰਹ ਭੀ ਬਹੁਤ ਛੋਟਾ ਹੈ ਤੇ ਮੋਟਾ ਆਦਮੀ ਮੁਸ਼ਕਿਲ ਨਾਲ ਹੀ ਲੰਘ ਸਕਦਾ ਹੈ। ਏਹ ਨਾਮ ਭੀ ਕਿਸੇ ਬੇਸਮਝ ਨੇ ਰੱਖਿਆ ਹੈ ਕ੍ਯੋਂਕੇ ਜਿਸ ਦੇਵੀ ਨੂੰ ਮਾਤਾ ਆਖੀਏ ਉਸ ਦੀ ਜੋਨੀ ਵਿਚ ਵੜਨਾ ਨਿਕਲਨਾ ਕਹਣਾ ਅਜੋਗ ਹੈ ਤਾਂਤੇ ਉਸ ਦਾ ਨਾਮ ਏਹ ਨਹੀਂ ਰੱਖਣਾ ਸੀ। — ਗੁਫਾ ਤੋਂ ਬਾਹਰ ਉਤਰਕੇ ਜਾਤ੍ਰੂ ਲੋਕ ਭੋਜਕਣੀਆਂ ਨੂੰ ਕੰਜਕਾ ਆਖਕੇ ਗਹਿਣੇ, ਕਪੜੇ, ਮਿਠਾਈ ਦਿੰਦੇ ਹਨ। ਹੰਸਾਲੀ ਪਿੰਡ ਤੋਂ ਸਤ ਕੋਸ ਦੀ ਚੜ੍ਹਾਈ ਪਰ ਅਗੇ ਭੋਜਕੀਆਂ ਦਾ ਪਿੰਡ ਫੱਲ੍ਹਾ ਨਾਮ ਹੈ ਸਬ ਜਾਤ੍ਰੂ ਏਥੇ ਠਹਰਕੇ ਅਗਾਹਾਂ ਨੂੰ ਜਾਂਦੇ ਹਨ ਏਥੋਂ ਦੇ ਮੁੰਡੇ ਦੌਲਤ ਮੰਦ ਨੂੰ ਤਾੜ ਲੈਂਦੇ ਹਨ ਤੇ ਦੌੜਕੇ ਪੰਡਿਆਂ ਨੂੰ ਖਬਰ ਕਰ ਦਿੰਦੇ ਹਨ ਪੰਡੇ ਜੋਤਾਂ ਨੂੰ ਬੁਝਾਇ ਕਰਕੇ ਰੌਲਾ ਪਾ ਦਿੰਦੇ ਹਨ ਕੇ ਕੋਈ ਆਪਣੇ ਗੋਤ ਦੀ ਯਾ ਜਾਤ ਵਾਲੀ ਯਾ ਆਪਣੇ ਛੋਟੇ ਵੱਡੇ ਥਾਂਉ ਲਗਦੀ ਨੂੰ ਤੱਕਣ ਵਾਲਾ ਯਾ ਸ਼ਰਾਬ ਮਾਸ ਖਾਣ ਵਾਲਾ ਯਾ ਛਲ ਚੋਰੀ ਕਰਨ ਵਾਲਾ ਪਾਪੀ ਅੰਦਰ ਆਯਾ ਹੈ ਜਿਸ ਕਰਕੇ ਮਾਤਾ ਦੀਆਂ ਜੋਤਾਂ ਠੰਢੀਆਂ ਹੋ ਗਈਆਂ ਹਨ ਉਸ ਪਾਪੀ ਨੂੰ ਬਾਹਰ ਕੱਢੋ ਯਾਂ ਓਹ ਮਾਤਾ ਦੀ ਭੇਟਾ ਮੰਨੇ ਤਾਂ ਜੋਤਾਂ ਜਗਨਗੀਆਂ। ਏਹ ਸੁਣਕੇ ਜਾਤ੍ਰੂ ਲੋਗ ਆਪਣੇ ਕਰਮਾਂ ਨੂੰ ਬਿਚਾਰਕੇ ਤੇ ਆਪ ਨੂੰ ਪਾਪੀ ਮੰਨਕੇ ਬਹੁਤ ਸੁੱਖਣਾ ਸੁਖ ਲੈਂਦੇ ਹਨ ਕ੍ਯੋਂਕੇ ਜਿਨ੍ਹਾਂ ਕਰਮਾਂ ਦਾ ਓਹ ਨਾਮ ਲੈਂਦੇ ਹਨ ਉਸ ਤੇ ਕੋਈ ਬਚਿਆ ਨਹੀਂ ਹੁੰਦਾ ਹੋਊ ਤਾਂ ਕੋਈ ਇੱਕ ਅੱਧਾ। ਥੋੜ੍ਹੇ ਚਿਰ ਪਿੱਛੋਂ ਫੇਰ ਜਗਾ ਦੇਂਦੇ ਹਨ ਅਗਯਾਨੀ ਲੋਗ ਆਪਣੀ ਸੁੱਖਣਾਂ ਦਾ ਹੀ ਫਲ ਜੋਤਾਂ ਦਾ ਜਗਣਾ ਸਮਝਦੇ ਹਨ ਤੇ ਭੇਟਾ ਦਿੰਦੇ ਹਨ। ਏਸ ਫਰੇਬ ਨਾਲ ਪੰਡੇ ਭ੍ਰਮੀ ਜੀਵਾਂ ਨੂੰ ਲੁੱਟਦੇ ਹਨ। ਏਸ ਪਰਬਤ ਤੋਂ ਪਰਲੀ ਤਰਫ ਚਨਾਬ ਨਦੀ ਵਹਿੰਦੀ ਹੈ ਤੇ ਤਾਰੇ ਵਾਂਙੂ ਚਮਕਦੀ ਹੈ ਪਹਾੜੀ ਲੋਗ ਛਿੱਕਾਂ ਨਾਲ ਪਾਰ ਹੋਕੇ ਕਸ਼ਮੀਰ ਨੂੰ ਜਾਂਦੇ ਹਨ ਏਸ ਰਸਤੇ ੩੪ ਕੋਹਾਂ ਪਰ ਕਸ਼ਮੀਰ ਹੈ ਪਰ ਜਾਣਾ ਮਿਰਦਾ ਵੱਟਾ ਹੈ।

Digitized by Panjab Digital Library | www.panjabdigilib.org

ਦੀ ਜਗਾ ਹੈ ਜਿਥੋਂ ਮੁਸਲਮਾਨ ਮੈਂਦੀ ਰੰਗੇ ਮੈਂਦੀ ਦੇ ਘੋੜ੍ਹੇ ਦੇ ਬਾਲ ਲੁਆਂਉਂਦੇ ਹਨ। ਓਥੋਂ ਦੇ ਮੁਜਾਵਰਾਂ ਨੂੰ ਰੱਬ ਦੀ ਬੰਦਗੀ ਦੇ ਰਸਤੇ ਪਾਕੇ ਰਿਆਸੀ ਦੀ ਤਰਫ ਉੱਤਰ ਕੇ ਜੰਮੂ ਜਾਮਵੰਤ[1] ਦੀ ਖੋਹ ਦੇ ਪੁਜਾਰੀ ਜੋਗੀਆਂ ਨੂੰ (ਜੋ ਬਡੇ ਜੰਤ੍ਰੀ, ਮੰਤ੍ਰੀ, ਭੈਰੋਂ ਦੇ ਉਪਾਸਕ ਸੇ ਤੇ ਆਪ ਪਰਮੇਸ੍ਰ ਤੋਂ ਭੁਲੇ ਹੋਏ ਹੋਰਨਾਂ ਨੂੰ ਭੁਲਾਇ ਰਹੇ ਸੇ) ਪਰਮੇਸ੍ਰ ਦੀ ਭਗਤੀ ਕਰਨ ਲਾਯਾ ਤੇ ਆਪ ਤਵੀ ਨਦੀ ਤੋਂ ਪਾਰ ਹੋ ਬਾਹੂ ਦੇ ਕਿਲੇ ਦਾ ਤੇ ਕਾਲੀ ਦੇ ਮੰਦਰ ਦਾ ਸੈਲ ਕਰ ਪਰਮੰਡਲ ਸਹਰ ਜੋ ਓਥੋਂ ੧੫ ਕੋਸ ਹੈ ਓਥੇ ਦੇਵਕੀ ਨਦੀ ਦੇ ਕਿਨਾਰੇ ਜਾ ਬੈਠੇ। ਏਥੋਂ ਦੇ ਪੰਡਿਆਂ ਨੂੰ ਸੱਚੇ ਧਰਮ ਦਾ ਉਪਦੇਸ ਦੇ ਕੇ ਸੁੱਧ ਮਹਾਦੇਵ ਨੂੰ ਦੇਖਦੇ ਹੋਏ ਚਲੈਣੀ[2] ਪਿੰਡ ਦੇ ਲੋਗਾਂ ਨੂੰ (ਜੋ ਸਿਵਲਿੰਗ ਨੂੰ ਹੀ ਪਰਮੇਸ੍ਰ ਮੰਨਦੇ ਸੇ) ਸੱਚੇ ਪਰਮੇਸ੍ਰ ਦੇ ਭਜਨ ਪਰਾਇਣ ਕਰਕੇ ਉੱੜ ਬਾਹਿਣੀ ਤੀਰਥ ਦਾ ਝਾਕਾ ਲੈਂਦੇ ਹੋਏ ਕੰਢੀ ਤੇ ਦਰੂਪਦੇਸ ਦੇ ਵਿਚ ਦੀ ਕਰਤਾਰਪੁਰ ਮੱਘਰ ਦੇ ਮਹੀਨੇ ਸੰ੧੫੭੩ ਬਿਕ੍ਰਮੀ ਵਿੱਚ ਜਾ ਫਿਰੇ। ਗੁਰੂ ਸਾਹਿਬ ਦੇ ਮਾਤਾ ਪਿਤਾ ਪੁਤ੍ਰ ਇਸਤ੍ਰੀ ਆਦਿਕ ਸੰਬੰਧੀਆਂ ਨੂੰ ਖੁਸੀ ਦਾ ਚੰਦ ਚੜ੍ਹ ਗਿਆ।

ਗੁਰੂ ਸਾਹਿਬ ਦਾ ਆਗਵਨ ਸੁਨਕੇ ਚੌਹੋਂ ਤਰਫ ਤੋਂ ਸਿੱਖ ਸੇਵਕ ਦਰਸਨ ਨੂੰ ਆਉਣ ਲੱਗੇ ਤੇ ਅਨੇਕ ਪ੍ਰਕਾਰ ਦੇ ਪਦਾਰਥ ਨਜ਼ਰ ਭੇਟਾ ਦੇ ਕਰ ਬਾਬੇ ਦੇ ਦਰਸਨ ਕਰ ਕੇ ਤੇ ਬਚਨ ਉਪਦੇਸ ਧਾਰਣ ਕਰ ਬਾਂਛਤ ਫਲ ਪਾਉਣ ਲੱਗੇ। ਸਦਾਬ੍ਰਤ ਨਾਮ ਦਾ ਤੇ ਅੰਨ ਦਾ ਅੱਠੇ ਪਹਰ ਬਰਤਨ ਲੱਗਾ ਕੋਈ ਨਿਰਾਸਾ ਨਾ ਜਾਵੇ। ਗੁਰੂ ਜੀ ਦਾ ਆਉਣਾ ਸੁਣ ਕੇ ਬਾਬੇ ਦੀ ਸੱਸ ਚੰਦੋ ਰਾਣੀ ਤੇ ਸਹੁਰਾ ਮੂਲਚੰਦ, ਤੇ ਬੀਬੀ ਨਾਨਕੀ ਜੀ, ਦੀਵਾਨ ਜੈਰਾ

1 ਤਵੀ ਦੇ ਕਿਨਾਰੇ ਰਾਜ ਮਹਿਲਾਂ ਦੇ ਹੇਠ ਦਰ੍ਹਾ ਦੇ ਦੀ ਤਰਫ ਗੁਫਾ ਹੈ ਜਿਸਨੂੰ ਜਾਮਵੰਤ ਦੀ ਗੁਫਾ ਆਖਦੇ ਹਨ ਇਸ ਦੀ ਬਾਬਤ ਇਉਂ ਕਹਾਵਤ ਹੈ ਕਿ ਰਾਮਚੰਦ੍ਰ ਜੀ ਦੇ ਬਰਨਾਲ ਜਾਮਵੰਤ ਅਮਰ ਹੋਕੇ ਹੁਣ ਤਾਂਈ ਏਥੇ ਹੀ ਰਹਿੰਦਾ ਹੈ ਤੇ ਓਹ ਮਣੀ ਜੇਹੜੀ ਸੱਤ੍ਰਾਜਿਤ ਨੂੰ ਮਾਰਕੇ ਜਾਮਵੰਤ ਲੈ ਆਯਾ ਸੀ ਸ੍ਰੀ ਕ੍ਰਿਸਨ ਜੀ ਨੂੰ ਜਾਮਵੰਤੀ ਦੇ ਦਾਜ ਵਿਚ ਦਿੱਤੀ ਤੇ ਜਦ ਕਦੀ ਬਹੁਤ ਪੌਣ ਚਲਦੀ ਹੈ ਤਾਂ ਓਹ ਪੌਣ ਦੀ ਜੋ ਆਵਾਜ ਹੁੰਦੀ ਹੈ ਓਸਨੂੰ ਜਾਮਵੰਤ ਦੀ ਅਵਾਜ ਮਸਹੂਰ ਕਰ ਰੱਖਿਆ ਹੈ ਏਥੋਂ ਦੇ ਪੁਜਾਰੀ ਜੋਗੀਆਂ ਨੂੰ ਜਾਗੀਰ ਤੇ ਮੰਨਤ ਦਾ ਰੁਪਯਾ ਬਹੁਤ ਆਂਵਦਾ ਹੈ। ਏਥੇ ਹੀ ਇਕ ਰਾਮ ਖੋਹ ਹੈ ਜਿਸਨੂੰ ਮੁਸਲਮਾਨਾਂ ਨੇ ਏਥੇ ਤੁਰਕੀ ਰਾਜ ਹੋਣੇ ਦੇ ਵਕ੍ਤ ਬੈਰਾਗੀ ਫਕੀਰਾਂ ਤੋਂ ਛੀਨਕੇ ਪੀਰਖੋਹ ਮਸਹੂਰ ਕਰ ਰੱਖਿਆ ਹੈ।

2 ਚਲੈਣੀ ਪਿੰਡ ਵਿਚ ਪਾਰਬਤੀ ਨੂੰ ਸਿਵਜੀ ਬਿਆਹੁਣ ਆਏ ਸੇ ਤੇ ਹੁਣ ਤਾਂਈ ਪਾਰਬਤੀ ਦੇ ਬਾਪ ਦੀ ਸੰਤਾਨ ਏਥੇ ਰਾਜ ਕਰਦੀ ਹੈ। ਇਸ ਬਿਆਹ ਦੀ ਕਥਾ ਤੁਲਸੀ ਰਾਮਾਯਣ ਵਿਚ ਲਿਖੀ ਹੈ ਅਤੇ ਜੰਗਮ ਫਕੀਰ ਘੰਟੇ ਬਜਾਇ ਕੇ ਗਾਂਉਂਦੇ ਹਨ।

Digitized by Panjab Digital Library | www.panjabdigilib.org

ਮ ਸਭ ਆਏ ਦਰਸ਼ਨ ਕਰ ਰਚਨਾ ਦੇਖ ਅਨੰਦ ਹੁੰਦੇ ਭਏ।
ਏਸੇ ਸਮੇਂ ਭਾਈ ਬੁੱਢਾ ਜੀ ਭਗਤ ਤਾਰੂ ਪੋਪਟ ਆਕੇ ਗੁਰੂ ਜੀ ਦੇ ਪਰਮ ਸੇਵਕ ਹੋਏ
ਇਨ੍ਹਾਂ ਦੀ ਪੂਰੀ ਕਥਾ ਪੰਜਮੇਂ ਹਿੱਸੇ ਵਿਚ ਲਿਖੀ ਹੈ। ਭਾਈ ਮਰਦਾਨਾ ਜੋ ਗੁਰੂ ਜੀ ਤੋਂ ਆ
ਗਿਆ ਲੈਕੇ ਤਲਵੰਡੀ ਆਪਣੇ ਘਰ ਗਿਆ ਸੀ ਸੋ ਭੀ ਪੰਜ ਮਹੀਨੇ ਘਰ ਰਹਿਕੇ ਫੇਰ ਕ
ਰਤਾਰ ਪੁਰ ਆ ਗਿਆ। ਗੁਰੂ ਜੀ ਦੇ ਸਫਰਾਂ ਅਤੇ ਪ੍ਰਤਾਪ ਦੀਆਂ ਗੱਲਾਂ ਸੁਣਾਇ ਕੇ ਲੋ
ਗਾਂ ਨੂੰ ਅਤੀ ਆਨੰਦ ਕਰਦਾ ਭਯਾ। ਇਕ ਦਿਨ ਸੰਗਤ ਵਿੱਚ ਰਾਵੀ ਦੇ ਕੰਢੇ ਉੱਤੇ ਬੈਠੇ
ਉਪਦੇਸ਼ ਕਰ ਰਹੇ ਸੇ ਉਥੇ ਇਕ ਔਰਤ ਅਤੀ ਸੁੰਦ੍ਰ ਰੂਪਵਤੀ ਜੁਆਨ ਉਮਰ ਰਤਨ ਜੜ
ਤ ਗਹਿਣੇ ਪਹਿਰੇ ਹੋਏ ਬਿਜਲੀ ਜੇਹੇ ਪ੍ਰਕਾਸ਼ ਤੇ ਤੇਜ ਵਾਲੀ ਹਾਰ ਸਿੰਗਾਰ ਕਰੇ ਹੋਏ ਕਿ
ਤਨੀਕ ਦੂਰ ਮੱਥਾ ਟੇਕਕੇ ਅਨੇਕ ਪ੍ਰਕਾਰ ਦੇ ਚਮਤਕਾਰ ਦੇਖਾ ਕਰ ਖੜੀ ਹੋ ਰਹੀ। ਗੁਰੂ
ਸਾਹਿਬ ਨੇ ਉਸ ਦੀ ਵਲ ਤੱਕਿਆ ਭੀ ਨਾਂ ਭਾਈ ਮਰਦਾਨੇ ਨੇ ਦੇਖ ਕੇ ਗੁਰੂ ਸਾਹਿਬ ਅੱਗੇ
ਅਰਜ਼ ਕੀਤੀ ਏਹ ਜਨਾਨੀ ਅੱਗੇ ਆਉਣਾ ਚਾਹੁੰਦੀ ਹੈ ਪਰ ਆਪ ਤੋਂ ਡਰਦੀ ਨਹੀਂ ਆਂ
ਉਂਦੀ। ਗੁਰੂ ਸਾਹਿਬ ਨੇ ਆਖਿਆ ਮਰਦਾਨਿਆ ਏਹ ਦੁਨੀਆ ਹੈ ਜਿਸ ਨੂੰ ਮਾਯਾ ਆਖ
ਦੇ ਹਨ। ਏਸ ਨੇ ਵੱਡੇ ੨ ਦੇਵਤਾ, ਦੈਤ, ਰਿਖੀ, ਅਵਤਾਰ, ਪੀਰ, ਪੈਗੰਬਰ, ਆਪਣੇ ਵਸ ਕੀ
ਤੇ ਹਨ। ਕੋਈ ੨ ਸੰਤ ਏਸ ਤੇ ਬਚਕੇ ਪਰਮੇਸ਼ੂਰ ਨੂੰ ਮਿਲੇ ਹਨ ਨਹੀਂ ਤਾਂ ਏਹ ਪਹਿਲਾਂ ਅ
ਪਤਪੀ ਜਪੀ ਪੁਰਖਾਂ ਦੇ ਪੈਰੀਂ ਲਗਕੇ ਫੇਰ ਉਨ੍ਹਾਂ ਨੂੰ ਆਪਣੇ ਪੈਰੀਂ ਲਾ ਲੈਂਦੀ ਹੈ। ਕਰਤਾ
ਰ ਦੀ ਕ੍ਰਿਪਾ ਨਾਲ ਸਾਡੇ ਚਰਣੀ ਲੱਗਣੀ ਚਾਹੁੰਦੀ ਹੈ ਪਰ ਅਸੀ ਨਹੀਂ ਲਾਉਂਦੇ। ਅਸੀਂ
ਏਸ ਨੂੰ ਦੂਰ ਹੀ ਰੱਖਾਂਗੇ। ਸਾਡੇ ਚੇਲੇ ਦੇ ਬੂਹੇ ਵਿਚ ਆਵੇਗੀ ਤੇ ਪੋਤੇ ਚੇਲੇ ਦੇ ਚਰਨੀ ਲ
ਗੇਗੀ। ਪੜੋਤੇ ਦੇ ਘਰ ਨਿਵਾਸ ਕਰੇਗੀ। ਏਹ ਉਤ੍ਰ ਸੁਣਕੇ ਮਰਦਾਨੇ ਹਥ ਜੋੜ ਆ
ਖਿਆ ਜੀ ਉਤਨਾ ਚਿਰ ਮੈਨੂੰ ਹੀ ਬਖਸ਼ ਛੱਡੋ। ਸਾਹਿਬ ਬੋਲੇ ਤੂੰ ਏਸ ਨੂੰ ਪੁਛ ਵੇਖ ਮਰ
ਦਾਨਾ ਪੁੱਛਣ ਗਿਆ ਤਾਂ ਉਸ ਨੇ ਆਖਿਆ ਜੇ ਤੂੰ ਮੈਨੂੰ ਚੁੱਕਕੇ ਲੈ ਚੱਲੇਂ ਤਾਂ ਤੇਰੇ ਘਰ ਚ
ਲਦੀ ਹਾਂ ਮਰਦਾਨੇ ਨੇ ਆਪਣੇ ਕੰਧੇ ਚੁੱਕ ਲਈ ਤਾਂ ਅੱਡੀਆਂ ਮਾਰ ੨ ਮਰਦਾਨੇ ਨੂੰ ਨ
ਚਾਉਣ ਕੁਦਾਉਣ ਲੱਗੀ ਤੇ ਮਰਦਾਨਾ ਭੀ ਘੋੜੇ ਵਾਂਗੂੰ ਹਿਣਕਦਾ ਕੁੱਦਦਾ ਫਿਰਨ
ਲੱਗਿਆ। ਆਯਾਨੇ ਮਰਦਾਨੇ ਦੇ ਦੋਵੇਂ ਕੰਨ ਫੜ ਛੱਡੇ ਕਿਸੇ ੨ ਵਕਤ ਬੋਦੀ ਅੱਤੇ ਦਾੜੀ
ਖਿੱਚਕੇ ਐਧਰ ਉਧਰ ਮੋੜੇ ਤੇ ਮੂੰਹ ਉੱਤੇ ਤਮਾਚੇ ਮਾਰੇ ਤਾਂ ਭੀ ਮਰਦਾਨਾ ਖੁਸ਼ੀ ਹੋ ਕੇ ਨੱ
ਚੇ। ਗੁਰੂ ਸਾਹਿਬ ਤੇ ਭਾਈ ਬਾਲਾ, ਕਮਲੀਆ, ਬੁੱਢਾ ਜੀ ਆਦਿਕ ਬੈਠੇ ਦੇਖ ੨ ਹੱਸ

Digitized by Panjab Digital Library | www.panjabdigilib.org

ਨਾ ਮਰਦਾਨੇ ਨੇ ਏਨ੍ਹਾਂਨੂੰ ਹਸਦੇ ਵੇਖਕੇ ਸ਼ਰਮਿੰਦੇ ਹੋਕਰ ਜਦ ਉਸਨੂੰ ਕੰਧੇ ਤੋਂ ਉਤਾਰਣਾ ਚਾਹਿਆ ਤਾਂ ਉਹ ਉਤਰੇ ਨਹੀਂ ਆਖਰ ਸਿੱਟਣ ਲੱਗਿਆ ਤਾਂ ਆਪਹੀ ਡਿਗਪਯਾ ਤੇ ਉਹ ਛਾਤੀ ਉੱਤੇ ਚੜ੍ਹ ਬੈਠੀ ਅਤੇ ਲੱਗੀ ਕੁਹਿਣ ਤਾਂ ਮਰਦਾਨਾ ਚਿਲ ਚਿਲਾਯਾ ਤੇ ਛੁਡਾਉਣ ਲਈ ਗੁਰੂ ਅੱਗੇ ਵਾਸ੍ਤੇ ਲੱਗਾ ਪਾਉਣ। ਗੁਰੂ ਜੀ ਨੂੰ ਦਯਾ ਆਈ, ਸੋਟਾ ਚੁਕਿਆ ਤਾਂ ਉਹ ਨੱਠ ਕੇ ਦੂਰ ਜਾ ਖੜੀ ਹੋਈ ਮਰਦਾਨੇ ਨੂੰ ਭਾਈ ਬਾਲਾ ਜੀ ਉਠਾਇਕੇ ਲੈ ਆਏ।

ਗੁਰੂ ਸਾਹਿਬ ਨੇ ਸਭ ਸਭਾ ਨੂੰ ਸੁਣਾਕੇ ਆਖਯਾ ਭਾਈ ਮਰਦਾਨਿਆ ਜੋ ਕੋਈ ਏਸ ਮਯਾ ਉਤੇ ਮੋਹਿਤ ਹੁੰਦਾ ਹੈ ਉਸਦਾ ਏਹੋ ਹਾਲ ਮਾਯਾ ਕਰਦੀ ਹੈ ਅਨੇਕ ਜੀਵ ਏਸਨੂੰ ਭੋਗਦੇ ੨ ਆਪ ਹੀ ਭੋਗੇ ਗਏ ਏਹ ਹਮੇਸ਼ ਹੀ ਨੌ ਜੁਆਨ ਰਹਿੰਦੀ ਹੈ ਜੀਵਾਂ ਦੀ ਉਮਰ ਏਸਦਾ ਭੋਜਨ ਹੈ ਜੋ ਕੋਈ ਏਸਨੂੰ ਦੁਖਦਾਈ ਸਮਝਕੇ ਏਸ ਤੋਂ ਛੁੱਟਣ ਵਾਸ੍ਤੇ ਬ੍ਰਹਮਗਯਾਨੀ ਸੱਚੇ ਸਤਿਗੁਰੂ ਅੱਗੇ ਵਾਸ੍ਤੇ ਪਾਉਂਦਾ ਹੈ ਤੇ ਆਪਣਾ ਤਨ ਮਨ ਦਾ ਹੰਕਾਰ ਛੱਡਕੇ ਗੁਰੂ ਦਾ ਬਚਨ ਮੰਨਦਾ ਹੈ ਤਾਂ ਉਸਨੂੰ ਸਤਗੁਰੂ ਮਾਯਾ ਦੇ ਜਾਲ ਵਿੱਚੋਂ ਕੱਢਕੇ ਪਰਮਪਦ ਨੂੰ ਪ੍ਰਾਪਤ ਕਰ ਦਿੰਦੇ ਹਨ। ਇਹ ਦ੍ਰਿਸ਼ਾਂਤ ਤੇ ਪ੍ਰਸੰਗ ਵੇਖ ਸੁਣਕੇ ਸਭ ਸਿੱਖ ਗੁਰੂ ਕੇ ਬਚਨਾ ਉੱਤੇ ਨਿਸ਼੍ਚਾ ਧਾਰ ਕਰ ਮੋਖ ਦੇ ਅਧਿਕਾਰੀ ਹੁੰਦੇ ਭਏ।

## ਸ੍ਰੀ ਗੁਰੂ ਨਾਨਕ ਜੀ ਦੀ ਚੌਥੀ ਉਦਾਸੀ

ਦੋਹਿਰਾ।

ਔਰ ਉਦਾਸੀ ਚਤੁਰਥੀ ਸੁਨੋ ਸ੍ਰੀ ਗੁਰੂ ਕੇਰਾ। ਜੋ ਪੜ੍ਹ ਸੁਨ ਸਭ ਸੁਖ ਲਹੈਂ ਬਹੈਂ ਨ ਭਵ ਸਿਖ ਫੇਰਾ ॥੧॥ ਕਿਤਕ ਕਾਲ ਕਰਤਾਰਪੁਰ ਰਹਿ ਸਤਗੁਰੂ ਰਿਖੇਸਾ। ਤਾਰੇ ਸਿੱਖ ਅਨੰਤ ਭਵ ਦੈ ਉਪਦੇਸ਼ ਬਿਸੇਸ਼ਾ ॥੨॥

ਇਕ ਦਿਨ ਭਾਈ ਮਰਦਾਨੇ ਨੇ ਮੱਕਾ ਦੇਖਣ ਦੀ ਇੱਛਿਆ ਜ਼ਾਹਿਰ ਕੀਤੀ ਤਾਂ ਗੁਰੂ ਸਾਹਿਬ ਭਾਈ ਬਾਲੇ ਮਰਦਾਨੇ ਸਮੇਤ ੯ ਫਗਣ ਸੰਮਤ ੧੫੭੪ ਬਿ: ਨੂੰ ਕਰਤਾਰਪੁਰੋਂ ਚੱਲ ਕੇ ਚਰਖੜੀ, ਗੋਜਰੀ, ਦੋਤ੍ਰਪਦੇਸ ਦੇਖਕਰ ਵਜ਼ੀਰਾਬਾਦ ਆਦਿਕ ਅਨੇਕ ਨਗਰਾਂ ਵਿਚ ਭਾਈ ਤਾਰੂ ਪੋਪਟ ਜੈਸੇ ਪ੍ਰੇਮੀਆਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ ਹੋਏ ਜਦ ਗੁ

Digitized by Panjab Digital Library | www.panjabdigilib.org

ਹਤਾਸ ਪਹੁੰਚੇ ਤੇ ਮਰਦਾਨੇ ਨੂੰ ਤ੍ਰਿਖਾ ਲਗੀ ਤਾਂ ਗੁਰੂ ਅਗੇ ਬੇਨਤੀ ਕੀਤੀ ਜੀ ਏਸ ਪਹਾੜੀ ਪਰ ਪਾਣੀ ਨਹੀਂ ਮਿਲਦਾ ਤੇ ਏਥੋਂ ਦੇ ਲੋਗ ਬਹੁਤ ਦੁਖੀ ਹੁੰਦੇ ਹਨ ਆਪ ਕ੍ਰਿਪਾ ਕਰੋ ਤਾਂ ਸੁਖੀ ਹੋਵਨ। ਏਹ ਸੁਣਕੇ ਬਾਬੇ ਜੀ ਨੇ ਲੋਗਾਂ ਤੋਂ ਇਕ ਥਾਂਉ ਪੁਟਵਾਯਾ ਤਾਂ ਸੋਆ[1] ਨਿਕਲ ਆਯਾ ਜਿਸ ਵਿਚੋਂ ਇਕ ਧਰਾਟ ਦਾ ਪਾਣੀ ਹਰ ਵਕ੍ਤ ਚਲਦਾ ਹੈ।

ਰੁਤਾਸ ਤੋਂ ੩ ਕੋਸ ਬਾਲਗੁੰਦਾਈ ਦਾ ਟਿੱਲਾ ਜੋ ਉੱਚੀ ਪਹਾੜੀ ਪਰ ਜੋਗੀਆਂ ਦਾ ਮਕਾਨ ਹੈ ਓਥੇ ਪਹੁੰਚਕੇ ਬਾਲਗੁੰਦਾਈ ਆਦਿਕ ਨਾਥਾਂ ਦੇ ਨਾਲ ਗਿਆਨ ਚਰਚਾ ਕਰ, ਕੀਕਨਾਂ ਦੇ ਜਲਾਲਪੁਰ ਤੇ ਹਰਨਪੁਰ ਨੂੰ ਹੁੰਦੇ ਪੋਠੋਹਾਰ ਦੇਸ ਦਾ ਸੈਲ ਕਰਕੇ ਪਿੰਡ ਦਾਦਨਖਾਂ ਤੋਂ ਦਸ ਕੋਸ ਕਟਾਸ[2] ਤੀਰਥ ਪਰ ਸੰ: ੧੫੭੫ ਬਿ: ਬੈਸਾਖੀ ਦਾ ਮੇਲਾ ਜਾ ਕੀਤਾ ਆਪਣੀ ਸੱਚੀ ਬਾਣੀ ਦੇ ਪ੍ਰਤਾਪ ਨਾਲ ਅਨੰਤ ਪੁਰਸਾਂ ਨੂੰ ਪਰਮੇਸੁਰ ਦੇ ਰਾਹ ਪਾਕੇ ਚੱਕੋਵਾਲ ਲਿਮਣ ਵਾਲੇ ਨੂੰ ਦੇਖ, ਧੰਨੀ ਦੇਸ ਦਾ ਝਾਕਾ ਲੈ, ਸੋਇਨ[3] ਦੇਸ ਦੇ ਲੋਕਾਂ ਦਾ ਸੁਧਾਰ ਜਾ ਕੀਤਾ ਏਦੂੰ ਅਗੇ ਨਰਸਿੰਘ[4] ਦੁਹਾਰ ਦੇ ਪੁਜਾਰੀ ਫਕੀਰਾਂ ਨੂੰ ਤੇ ਹੋਰ ਲੋਗਾਂ ਨੂੰ ਪ੍ਰਭੂ ਦੀ ਬੰਦਗੀ ਕਰਨ ਲਾਕੇ, ਢੋਕਣੀ ਦੇ ਪੱਤਣ ਅਟਕ ਦਰਿਆਇ ਪਾਰ ਹੋ, ਕਾਲੇਬਾਗ ਖਾਨਗੜ੍ਹ ਦੇ ਰਸ੍ਤੇ ਪੀਰੂੰ ਨੂੰ ਲੰਘਕੇ ਗੜ੍ਹਾਂਗ, ਫਤੇਖਾਨ, ਸੰਗੜ੍ਹ ਆਦੀ ਸਹਿਰਾਂ ਵਿਚ ਆਪਣਾ ਮਤ ਮਨਾਂਉਦੇ ਹੋਏ ਡੇਰੇ ਇਸਮਾਈਲਖਾਂ ਜਾ ਠਹਿਰੇ। ਏਸ ਦੇਸ ਵਿਚ ਖਜੂਰਾਂ ਦੇ ਬ੍ਰਿੱਛ ਤੇ ਫਲ

---

1 ਏਸੇ ਚਸ਼ਮੇ ਦੇ ਪਾਣੀ ਦੇ ਆਸਰੇ ਸੰ ੧੫੯੭ ਬਿ: ਨੂੰ ਸ਼ੇਰਸ਼ਾਹ ਪਠਾਣ ਨੇ ਹਿਮਾਊਂ ਬਾਦਸ਼ਾਹ ਨੂੰ ਏਸ ਦੇਸ ਵਿਚੋਂ ਕੱਢਕੇ ਦੁਰਾਨੀਆਂ ਦਾ ਰਸ੍ਤਾ ਰੋਕਣ ਵਾਸ੍ਤੇ ਰੁਹਤਾਸ ਦਾ ਕਿਲਾ ਚਿਣਵਾ ਕੇ ਫੌਜ ਉਤਾਰ ਰੱਖੀ ਸੀ। ਜਨਮਸਾਖੀ ਵਿਚ ਲਿਖਿਆ ਹੈ ਕਿ ਸ਼ੇਰਸ਼ਾਹ ਨੇ ਤਿਨ ਵਾਰੀ ਕਿਲੇ ਦੀ ਕੰਧ ਅੰਦਰ ਏਸ ਚਸ਼ਮੇ ਨੂੰ ਲੀਤਾ ਪਰ ਏਹ ਬਾਹਰ ਹੀ ਰਿਹਾ ਹੁਣ ਏਹ ਚੋਹਾ ਸਾਹਿਬ ਦੇ ਨਾਮ ਤੇ ਮਸ਼ਹੂਰ ਹੈ ਕਿਲੇ ਦੇ ਪੱਛਮੀ ਦਰਵਾਜ਼ੇ ਦੇ ਬਾਹਰ ਹੈ ਸਰਦਾਰ ਚੜ੍ਹਤ ਸਿੰਘ ਨੇ ਪੱਕਾ ਮਕਾਨ ਕੁੰਡ ਬਣਵਾ ਦਿਤਾ ਹੈ ਤੇ ਗੁਰੂ ਸਾਹਿਬ ਪਨੀ ਦਾ ਹੈ ਜਾਗੀਰ ਭੀ ਹੈ।

2 ਏਹ ਕਟਾਸ ਤੇ ਪੁਸ਼ਕਰ ਜੋ ਅਜਮੇਰ ਤੋਂ ਤਿੰਨ ਕੋਸ ਹੈ ਏਨਾਂ ਨੂੰ ਪੁਰਾਣਾਂ ਵਾਲਿਆਂ ਨੇ ਧਰਤੀ ਦੇ ਨੇਤ੍ਰ ਕਥਨ ਕੀਤਾ ਹੈ। ਤੇ ਏਨ੍ਹਾਂ ਦੇ ਪਤ੍ਰ ਭੀ ਪਾਏ ਹੋਏ ਹਨ। — 3 ਸੋਇਨ ਇਕ ਪਾਣੀ ਦਾ ਡਲ ਕਸ਼ਮੀਰ ਦੇ ਡਲ ਵਾਂਗੂ ਚਾਰ ਕੋਸ ਵਿਚ ਖੜ੍ਹਾ ਹੈ ਏਸੇ ਦੇ ਨਾਮ ਪਰ ਓਸ ਦੇਸ ਦਾ ਨਾਮ ਹੈ। ਏਥੋਂ ਦੇ ਘੋੜੇ ਬਹੁਤ ਮਸ਼ਹੂਰ ਹਨ ਪੱਥਰ ਕਲਾ ਬੰਦੂਕ ਦੀ ਪਥਰੀ ਅੱਗ ਦੇਣ ਵਾਲੀ ਦੀ ਖਾਣ ਭੀ ਏਥੇ ਹੀ ਹੈ।

4 ਨਰਸਿੰਘ ਭਗਵਾਨ ਹਿਰਨਕੱਸਪ ਨੂੰ ਮਾਰਕੇ ਏਥੇ ਆ, ਏਸ ਪਹਾੜ ਵਿਚ ਸਮਾਇ ਗਏ ਹਨ, ਏਸੇ ਪਹਾੜ ਦੀ ਫਟੀ ਹੋਈ ਕੰਦਰਾਂ ਵਿਚੋਂ ਪਾਣੀ ਦੇ ਧਰਾਟ ਦਾ ਝਰਕੇ ਨਿਕਲਦਾ ਹੈ ਜੋ ਮੂਸੇਖੇਲ ਨੂੰ ਜਾਂਦਾ ਹੈ ਤੇ ਬ੍ਰਜਾਲ ਦੇ ਨਾਮ ਕਰਕੇ ਮਸ਼ਹੂਰ ਹੈ। ਲਕੜੀ ਭਾਂਵੇ ਹੱਡੀ ਜੋ ਓਸ ਪਾਣੀ ਵਿਚ ਪੈ ਜਾਏ ਸੋ ਪੱਥਰ ਹੋ ਜਾਂਦੀ ਹੈ ਏਸ ਨੂੰ ਚੰਗਾ ਸਮਝਕੇ ਹਿੰਦੂ ਤੁਰਕ ਮੰਨਦੇ ਪੂਜਦੇ ਹਨ।

Digitized by Panjab Digital Library | www.panjabdigilib.org

ਜ਼ਈ, ਖੇਲਜ਼ਈ, ਬਾਰਕਜ਼ਈ ਪਠਾਣ ਤੇ ਬਲੋਚ ਬਹੁਤ ਹਨ ਪਰ ਹਿੰਦੂ ਥੋੜੇ ਬਸਦੇ ਹੈਂ। ਏਥੇ ਗੁਲਾਬੀ ਪਹਾੜ ਸੁਹਣਦਾ, ਤੇ ਲਾਲ ਧਰਤੀ, ਸਬਜ਼ ਘਾਸ, ਸੁਫੈਦ ਪਾਣੀ ਦਰਿਆਇ ਦਾ ਸੂਰਜ ਦੀਆਂ ਕਿਰਣਾਂ ਨਾਲ ਇਕ ਅਚਰਜ ਤੋਂ ਅਚਰਜ ਲੀਲਾ ਦਿਖਾਂਉਦਾ ਹੈ। ਏਥੋਂ ਰਲ ਡੇਰੇ ਗਾਜ਼ੀਖਾਂ ਨੂੰ ਦੇਖਦੇ ਹੋਏ ਰੋਹ ਦੇਸ ਵਿਚ ਨਗਾਹੇ ਪਿੰਡ ਸੁਲਤਾਨ ਪੀਰ ਦੀ ਚੁਖੰਡੀ[1] ਦੇ ਅੰਦਰ ਉਤਰ ਚੱਲ (ਜਿਥੇ ਹੁਣ ਭੀ ਗੁਰੂ ਨਾਨਕ ਜੀ ਦਾ ਥੜਾ ਬਣਿਆ ਹੋਯਾ ਹੈ) ਜਾ ਬੈਠੇ। ਓਥੋਂ ਦੇ ਮਜਾਵਰਾਂ ਤੇ ਜਾਤ੍ਰੀ ਲੋਗਾਂ ਨੂੰ ਪਰਮੇਸੁਰ ਦੀ ਬੰਦਗੀ ਵਿਚ ਜੋੜ ਕੇ ਜਾਮਪੁਰ ਦੇ ਰਸਤੇ ਹਨਦ ਸ਼ਹਿਰ ਜਾ ਉਤਰੇ। ਏਥੇ ਇਕ ਪਹਾੜੀ ਹੈ ਜਿਸ ਨੂੰ ਲੋਗ ਹਿਰਨਕੱਸਪ ਦੀ ਦਾੜ ਆਖਦੇ ਹਨ। — ਏਦੂੰ ਅੱਗੇ ਜਦ ਫਾਜ਼ਲਪੁਰ ਤੇ ਮੀਰਾਂਪੁਰ ਗਏ ਤਾਂ ਬਹੁਤ ਲੋਗ ਬਾਬੇ ਪਰ ਸ੍ਰੱਧਾ ਰੱਖਣ ਲੱਗੇ ਅਤੇ ਮਰਦਾਨੇ ਆਖਿਆ ਜੀ ਮੈਨੂੰ ਭੀ ਕਿਸੇ ਥਾਂ ਦਾ ਪੀਰ ਬਣਾ ਛੱਡੋ। ਬਾਬੇ ਨੇ ਓਥੋਂ ਦੇ ਸਾਰੇ ਲੋਗ ਮਰਦਾਨੇ ਦੇ ਮੁਰੀਦ ਬਣਾ ਦਿਤੇ, ਜਿਨ੍ਹਾਂ ਦੀ ਸੰਤਾਨ ਹੁਣ ਤਕ ਮਰਦਾਨੇ ਦੀ ਔਲਾਦ ਨੂੰ ਮੰਨਦੀ ਪੂਜਦੀ ਹੈ।

ਏਥੋਂ ਰਲ ਸੱਖਰ, ਭੱਖਰ ਤੇ ਰੋੜ੍ਹੀ ਦੇ ਮੱਧ, ਸਿੰਧ ਦਰੀਯਾ ਦੇ ਵਿਚਕਾਰ ਜਿਥੇ ਹੁਣ ਸਾਧਬੇਲਾ ਤੇ ਬੋਹੜ ਮੌਜੂਦ ਹੈ ਜਾ ਬੈਠੇ। — ਖ੍ਵਾਜੇ ਪੀਰ ਦੇ ਮਜਾਵਰ ਤੇ ਫਕੀਰ ਗੁਰੂ ਪਾਸ ਆਏ, ਚਰਚਾ ਕਰ ਅਜ਼ਮਤ ਦੇਖ ਦਿਖਾਇ, ਸਿਰ ਝੁਕਾਇ ਕਰ ਚਲੇ ਗਏ। — ਗੁਰੂ ਜੀ ਸ਼ਿਕਾਰ

੧ ਚੁਖੰਡੀ ਪੀਰ ਦੇ ਮਕਾਨ ਦਾ ਨਾਮ ਹੈ ਏਸੇ ਨੂੰ ਸਖੀ ਸਰਵਰ ਸੁਲਤਾਨ ਭੀ ਆਖਦੇ ਹਨ ਪੰਜਾਬ ਤੇ ਮਾਲਵੇ ਦੇਸ ਦੇ ਹਿੰਦੂ ਤੁਰਕ ਬੱਕਰੇ, ਰੋਟ ਰੁਪਏ ਦਸਵੰਧ, ਸੁੱਖਣਾ ਦਿੰਦੇ ਹਨ ਏਸ ਦਾ ਨਾਮ ਅਸਲ ਸੱਯਦ ਅਹਿਮਦ ਹੈ। ਏਸ ਦਾ ਬਾਪ ਸੱਯਦ ਜੈਨੁਲ ਦੀਨ ਅਰਬ ਤੋਂ ਆਕੇ ਪਿੰਡ ਕਰਸੀਕੋਟ ਪਰਗਨੇ ਮੁਲਤਾਨ, ਰਹਿਆ ਸੀ ਤੇ ਪੀਰੇ ਨਾਮੀ ਜਟ ਦੀ ਬੇਟੀ ਆਇਸ਼ਾਂ ਨਾਲ ਨਕਾਹ ਕੀਤਾ ਜਿਸ ਵਿਚੋਂ ਸੰ: ੫੦੩ ਹਿਜਰੀ ਨੂੰ ਏਹ ਸੱਯਦ ਅਹਿਮਦ ਪੈਦਾ ਹੋਯਾ ਏਸਨੇ ਛੋਟੀ ਉਮਰ ਤੋਂ ਹੀ ਸ਼ੇਖ ਮੌਦੂਦ ਚਿਸ਼ਤੀ ਪੀਰ ਦੀ ਟਹਿਲ ਤੇ ਤਪੱਸਿਆ ਕੀਤੀ ਜਿਸ ਤੋਂ ਏਹ ਕਰਾਮਾਤੀ ਹੋ ਗਿਆ ਜਦ ਲੋਗ ਮੰਨਣ ਲਗੇ ਤਾਂ ਏਸ ਦੇ ਮਾਸੀ ਦੇ ਬੇਟਿਆਂ ਨੇ ਮਾਰਨਾ ਚਾਹਿਆ ਏਹ ਭੱਜਕੇ ਏਧਰ ਓਧਰ ਫਿਰਦਾ ਹੋਯਾ ਇਲਾਕੇ ਵਜ਼ੀਰਾਬਾਦ ਧੌਂਕਲ ਪਿੰਡ ਠਹਰ ਗਿਆ ਏਥੇ ਕਰਮਖਾਂ ਦੀ ਬੇਟੀ ਜੈਨਾ ਨਾਲ ਨਕਾਹ ਕੀਤਾ ਜਿਸ ਵਿਚੋਂ ਸਰਾਜੁੱਦੀਨ ਬੇਟਾ ਪੈਦਾ ਹੋਯਾ। ਜਦ ਏਥੇ ਭੀ ਲੋਗ ਇਸ ਨੂੰ ਮੰਨਣ ਲਗੇ ਤਾਂ ਏਸ ਦੇ ਪੁਰਾਣੇ ਵੈਰੀ ਮਾਸੀ ਦੇ ਬੇਟੇ ਏਥੇ ਭੀ ਮਾਰਨ ਲਈ ਆ ਪਹੁੰਚੇ ਏਹ ਏਥੋਂ ਨੱਠ ਕੇ ਥਲਾਂ ਵਿਚ ਚਲਾ ਗਿਆ ਇਕ ਥਾਂ ਪਾਣੀ ਥੋਂ ਤੰਗ ਹੋਕੇ ਬੇਨਤੀ ਕੀਤੀ ਤਾਂ ਚਸ਼ਮਾ ਨਿਕਲ ਆਯਾ ਜੋ ਹੁਣ ਤਕ ਨਗਾਹੇ ਵਿਚ ਹੈ ਸੰ: ੫੬੨ ਹਿਜਰੀ ਵਿਚ ਏਸਨੇ ਨਗਾਹਾ ਪਿੰਡ ਬਸਾਯਾ ਦੂਰ ੨ ਤੋਂ ਲੋਗ ਆਉਣ ਲਗ ਪਏ ਪੁਰਾਣੇ ਵੈਰੀਆਂ ਨੇ ਖਬਰ ਪਾਕੇ ਓਥੇ ਹੀ ਜਾਕਰ ਓਸ ਨੂੰ ਸੰ: ੫੮੫ ਹਿਜਰੀ ਵਿਚ ਸਮੇਤ ਸਬ ਸਬੰਧੀਆਂ ਦੇ ਕਤਲ ਕਰ ਸੁਟਿਆ। ਕਬਰ ਹੁਣ ਤਕ ਪੂਜੀਦੀ ਹੈ ਚੇਤ ਤੇ ਹਾੜ ਨੂੰ ਮੇਲਾ ਭਰਦਾ ਹੈ ਜੋ ਮਹੀਨਾ ੨ ਦਿਨ ਰਹਿੰਦਾ ਹੈ ਚੜ੍ਹਤ ਦੌਲਤ ਬਹੁਤ ਆਂਵਦੀ ਹੈ ਦੋ ਸੌ ਆਦਮੀ ਵੰਡ ਲੈਂਦਾ ਹੈ। ਅਲਾਉੱਦੀਨ ਬਾਦਸ਼ਾਹ ਨੇ ਏਸ ਦੀ ਮੰਨਤ ਕਰ ਜਦ ਦੁਸ਼ਮਨਾਂ ਪ

Digitized by Panjab Digital Library | www.panjabdigilib.org

ਪੁਰ, ਜਾਨਸ਼ੀਨ ਦੀ ਗੜ੍ਹੀ, ਰੁੱਕਣ, ਲਾੜਕਾਣਾ, ਕੰਮਰ ਆਦਿਕ ਸਿੰਧ ਦੇ ਦਹਿਣੇ ਕਿਨਾਰੇ ਦੇ ਮੁਲਕਾਂ ਦਾ ਸੈਲ ਕਰ ਖੱਬੇ ਕਿਨਾਰੇ ਹਲਾਣੀ, ਭੁਲਾਣੀ ਜਾ ਉਤਰੇ ਏਥੇ ਹੁਣ ਭੀ ਜਾਗੀਰਦਾਰ ਗੁਰੂ ਜੀ ਦਾ ਮਕਾਨ ਹੈ। ਪੁਨਹ ਰਾਣੀਪੁਰ ਗੰਭਟ, ਮੋਰਾਂਖੜੇਰਾ, ਅਮਰਕੋਟ, ਟੰਡੋ ਅਲਾਯਾਰਖਾਂ, ਮਟਾਰੀਆਂ ਆਦਿਕ ਨਗਰਾਂ ਦਾ ਸਾਕਾ ਲੈ ਕੇ ਹੈਦਰਾਬਾਦ ਫੁਲੇਲੀ ਨਦੀ ਦੇ ਕਿਨਾਰੇ (ਜਿਥੇ ਜੋਧਾ ਸਿੰਘ ਨੇ ਗੁਰ ਅਸਥਾਨ ਬਨਾਯਾ ਹੈ) ਜਾ ਉਤਰੇ।

ਏਸ ਦੇਸ ਵਿਚ ਵਿਚਰ ਕੇ ਆਪਣੀ ਈਸ਼੍ਵਰੀ ਸ਼ਕ੍ਤੀ ਤੇ ਧਰਮ ਸੰਬੰਧੀ ਸੱਚੀ ਬਾਣੀ ਦੇ ਪ੍ਰਤਾਪ ਨਾਲ ਅਨੰਤ ਜੀਵਾਂ ਦਾ ਉੱਧਾਰ ਕਰਦੇ ਭਏ ਜਿਸ ਦਾ ਫਲ ਐਸਾ ਪ੍ਰਤੱਖ ਪੱਕ ਰਿਹਾ ਹੈ ਕੇ ਘਰ ੨ ਗ੍ਰੰਥ ਸਾਹਿਬ ਜੀ ਦਾ ਪਾਠ ਤੇ ਸਤਸੰਗ ਕਥਾ ਕੀਰਤਨ ਹੋ ਰਿਹਾ ਹੈ ਹੋਰਨਾ ਮੁਲਕਾਂ ਨਾਲੋਂ ਏਸ ਮੁਲਕ ਵਿਚ ਸਿੱਖੀ ਅਧਿਕ ਦਿਖਾਈ ਦਿੰਦੀ ਹੈ।

ਜੱਦ ਅਪਿ ਬਹੁਤ ਲੋਗ ਉਡੇਰੇ[1] ਲਾਲ ਦੀ ਤੇ ਜਲ ਦੀ ਪੂਜਾ ਮਾਨਤਾ ਕਰਦੇ ਹਨ ਪਰ ਓਹ ਗੁਰ ਦਰੀਯਾ ਤੇ ਉਡੇਰੇ ਲਾਲ ਤੇ ਗੁਰੂ ਨਾਨਕ ਵਿਚ ਭੇਦ ਨਹੀਂ ਸਮਝਦੇ ਤੇ ਓਹ ਲੋਗ ਹਰ ਸਾਲ ਸ੍ਰੀ ਅੰਮ੍ਰਿਤਸਰ ਜੀ ਆਕਰ ਹਜ਼ਾਰਾਂ ਰੁਪਏ ਨਜ਼ਰ ਭੇਟਾ ਦਿੰਦੇ ਹਨ।

---

ਰ ਫਤੇ ਪਾਈ ਤਾਂ ਲੱਖਾਂ ਰੁਪਏ ਦਾ ਅਸਬਾਬ, ਜੜਾਊ ਕਾਠੀ, ਘੋੜਾ ਆਦਿਕ ਤੇ ਦੋ ਲਾਲ ਗੁਲੇਲੇ ਜੇਡੇ ੨ ਚਨ੍ਹਾਏ ਜਿਨ੍ਹਾਂ ਦਾ ਪ੍ਰਕਾਸ਼ ਹੱਥ ਭਰ ਚਾਰੋਂ ਤਰਫ ਦੀਵੇ ਵਾਂਗੂੰ ਹੁੰਦਾ ਹੈ ਅਸਬਾਬ ਦੀ ਖਬਰਦਾਰੀ ਨਵਾਬ ਦੇ ਸਪੁਰਦ ਹੈ ਪੱਛਮ ਦੀ ਤਰਫ ਪੀਰ ਦਾ ਪਲੰਘ ਬਿਛਿਆ ਰਹਿੰਦਾ ਹੈ ਜੋ ਬਾਦਸ਼ਾਹਾਂ ਜੈਸਾ ਹੈ ਸੁਰੰਗ ਵਿਚੋਂ ਜੋ ਹਵਾ ਲਗਦੀ ਹੈ ਉਸਨੂੰ ਬਹਿਸ਼ਤ ਦੀ ਹਵਾ ਆਖਦੇ ਹਨ।

੧ ਉਡੇਰੇ ਲਾਲ ਦੀ ਕਥਾ ਇਉਂ ਹੈ ਕਿ ਜਦ ਮਿਰਖਸ਼ਾਹ ਅਮੀਰ ਹੈਦਰਾਬਾਦ ਹਿੰਦੂਆਂ ਨੂੰ ਤੁਰਕ ਕਰਨ ਲੱਗਾ ਤਾਂ ਹਿੰਦੂ ਅੰਨ ਜਲ ਛੱਡ ਕੇ ਸਿੰਧ ਦਰਯਾਇ ਦੇ ਕਿਨਾਰੇ ਜਾ ਪਏ ਏਨ੍ਹਾਂ ਦੀ ਪੁਕਾਰ ਸੁਣਕੇ ਈਸ਼੍ਵਰ ਦੇ ਹੁਕਮ ਨਾਲ ਬਰਣ ਦੇਵਤਾ ਨੇ ਕਿਹਾ ਮੈਂ ਪ੍ਰਗਟ ਹੋਕੇ ਤੁਹਾਡੇ ਧਰਮ ਦੀ ਰੱਖਿਆ ਕਰਾਂਗਾ ਪੁਨਹ ਹੈਦਰਾਬਾਦ ਤੇ ੧੬ ਕੋਸ ਪੱਛਮ, ਨਸਰਪੁਰ ਰਤਨ ਬਣੀਏ ਦੇ ਘਰ ਸ਼ੁੱਕ੍ਰਵਾਰ ਚੇਤ ਸੁਦੀ ੨ ਸੰ: ੧੫੧੩ ਬਿ: ਉਡੇਰੋਲਾਲ ਬਰਣ ਦਾ ਅਵਤਾਰ ਹੋਯਾ ਉਸ ਰਾਤ ਦਾ ਨਾਮ ਥਾਰੂ ਰਾਤ ਆਖਦੇ ਹਨ। ਮੁਸਲਮਾਨ ਏਸੇ ਨੂੰ ਖ੍ਵਾਜਾ ਖਿਜਰ ਆਖਦੇ ਹਨ ਏਸ ਨੇ ਮੁਸਲਮਾਨਾਂ ਨੂੰ ਜ਼ੁਲਮ ਕਰਨੇ ਤੋਂ ਬੰਦ ਕਰ ਕੇ ੨੭ ਬਰਸ ਦੀ ਉਮਰ ਵਿਚ ਹੈਦਰਾਬਾਦ ਤੋਂ ੮ ਕੋਸ ਉਡੇਰੋ ਪਿੰਡ ਦੇ ਪਾਸ ਚੇਤ੍ਰ ੧ ਸੰ: ੧੫੪੧ ਬਿ: ਨੂੰ ਮੌਤ ਕਬੂਲ ਕੀਤੀ ਜੇ ਨੇ ਭੰਗੂੜੇ ਪਰ ਓਹ ਝੂਟਦਾ ਸੀ ਉਸ ਦੀ ਤੇ ਜੋਤਾਂ ਦੀ ਪੂਜਾ ਹੁੰਦੀ ਹੈ ਏਹ ਪੂਜਾ ਪੁੰਗਰ ਖੱਤ੍ਰੀ ਦੀ ਸੰਤਾਨ ਜੋ ਠਾਕੁਰ ਸਦਾਉਂਦੇ ਹਨ ਓਹ ਲੈਂਦੇ ਹਨ ਕਬਰ ਦੀ ਪੂਜਾ ਮੁਸਲਮਾਨ ਮਜਾਵਰ ਲੈਂਦੇ ਹਨ ਚੇਤ ਸੁਦੀ ੨ ਦਾ ਮੇਲਾ ਹਰ ਸਾਲ ਭਰਦਾ ਹੈ। ਚੰਦ ਦੀ ਪਹਿਲੀ ਰੀਕ ਹਰ ਮਹੀਨੇ ਦੇ ਮਹੀਨੇ ਦਰਿਆ ਦੇ ਕੰਢੇ ਜਾ ਕੇ ਪਲਾਉ ਦੀਆਂ ਦੇਗਾਂ ਤੇ ਫੁੱਲ ਦੀਵੇ, ਧੂਪ ਬਰਣ ਦੀ ਪੂਜਾ ਕਰਕੇ ਸਭ ਚੀਜ ਦਰਿਆਇ ਵਿਚ ਪਾਇ ਦਿੰਦੇ ਹਨ ਰਾਤ ਜਾਗਾ ਕਰਕੇ ਗੁਰੂ ਕੇ ਸਬਦ ਤੇ ਹੋਰ ਭਜਨ ਸਿੰਧੀ ਬੋਲੀ ਵਿਚ ਕਰਦੇ ਹਨ। ਉਡੇਰੋ ਲਾਲ ਦਾ ਮਤ ਗੁਰੂ ਦੇ ਮਤ ਤੋਂ ਵੱਖਰਾ ਨਹੀਂ ਉਸ ਦੇ ਸੇਵਕ ਗੁਰੂ ਜੀ ਨੂੰ ਸਿਖਾਂ ਵਾਂਗਰ ਹੀ ਮੰਨਦੇ ਹਨ।

Digitized by Panjab Digital Library | www.panjabdigilib.org

ਹੈਦਰਾਬਾਦ [illegible]ਲੀ ਪਾਸੋ [illegible] ਲੰਘਕੇ ਨਗਰ[1] ਠੱਟੇ ਤੇ ਪੁਰਾਣੀ ਤੇ ਹਿੰਗੁਲਾਜਨੂੰ ਦੇਖ ਕਰਾਚੀ ਬੰਦਰ ਸਮੁੰਦ੍ਰ ਦੇ ਕਿਨਾਰੇ ਜਹਾਜ਼ਾਂ ਤੇ ਮੌਨੋਰੇ ਨਾਮ ਪਹਾੜੀ ਦਾ ਜੋ ਸਮੁੰਦ੍ਰ ਦੇ ਵਿਚਕਾਰ ਹੈ ਸੈਲ ਕਰਕੇ ਸਹਿਰ [illegible] ਨਿਵਾਸ ਕੀਤਾ ਏਥੇ ਹੁਣ ਗੀਬਦਾਸ ਨੇ ਗੁਰੂ ਕਾ ਮੰਦ੍ਰ ਬਨਾਯਾ ਹੈ ਤੂ ਸਰਾ ਮਕਾਨ ਬਾਬੇ ਦਾ ਨਦੀ ਤੀਰ ਹੈ ਜਿਥੋਂ ਪਹਿਲੇ ਮਿੱਠਾ ਪਾਣੀ ਆਉਂਦਾ ਸੀ ਹੁਣ ਸੰਮਤ ੧੯੪੪ ਵਿਚ ਸਰਕਾਰ ਨੇ ਪਾਣੀ ਦੇ ਨਲਕੇ ਰਚ ਦਿੱਤੇ ਹਨ। ਗੁਰੂ ਸਾਹਿਬ ਕ[illegible]ੀ ਤੋਂ ਚਲ ਬੰਬਈ ਨੂੰ ਹੁੰਦੇ ਹੋਏ ਅਦਨ ਮੁਲਕ ਵਿਚ ਕਿਲੇ ਦੇ ਪਾਸ ਜਾ ਠਹਿਰੇ ਸ[illegible] ਬਾਹਰ ਪੂਰਬ ਦੀ ਤਰਫ ਅੱਧ ਮੀਲ ਪਰ ਗੁਰੂਦਾ ਮੰਦਰ ਸੁਨਹਿਰੀ ਕਲਸ ਵਾਲਾ ਜਹਾਜ਼ ਵਿਚੋਂ ਬੈਠਿਆਂ ਨੂੰ ਨਜ਼ਰ ਆਂਵਦਾ ਹੈ।

ਅਦਨ ਤੋਂ ਜਹਾਜ਼ ਦੇ ਰਸਤੇ ਤਿੰਨੀ ਦਿਨੀ ਅਰਬ ਦੇ ਮੁਲਕ ਵਿਚ ਜੱਦੇ ਸਹਿਰ ਜਾ ਉਤਰੇ ਏਥੇ ਭੀ ਮਾਈ ਹਵਾ ਦੀ ਕਬਰ ਤੋਂ ਪੂਰਬ ਦਰੀਯਾਓ ਕਿਨਾਰੇ [illegible] ਮਕਾਨ ਹੈ। ਅਦਨ ਤੇ ਅਰਬ ਵਿਚ ਜਿੱਥੇ੨ ਗੁਰੂ ਨਾਨਕ ਦਾ ਮਕਾਨ [illegible] ਹਿੰਦ ਦੀ ਮਸੀਤ ਬੋਲਦੇ ਹਨ ਕਿਉਂਕੇ ਗੁਰੂ ਸਾਹਿਬ [illegible] ਦੇਸ [illegible] ਸ ਅਤੇ ਉਸੇ ਬੋਲੀ ਵਿਚ ਉਪਦੇਸ਼ ਕਰਦੇ ਰਹੇ ਹਨ [illegible] ਸਤਾਵਾ ਹੱਥ ਵਿਚ, ਮੁਸੱਲਾ ਕੰਧੇ ਪਰ, ਕੁਰਾਨ ਬਗਲ ਮੇਂ, ਰੋਲ[illegible]

1 ਏਹ ਸਹਿਰ ਪਹਿਲੇ ਸਿੰਧ ਮੁਲਕ ਦੇ ਮਹਾਰਾਜੇ ਦੀ ਰਜਧਾਨੀ ਸੀ ਮੁਸਲਮਾਨਾਂ ਨੇ ਜੋਰ ਪਕੜ[illegible] ਕਰਕੇ ਵੈਰਾਨ ਕਰ ਦਿੱਤਾ ਨੂਮਰੇ ਅਰਥਾਤ ਜਿਨ੍ਹਾਂ ਨੂੰ ਹਿੰਗੁਲਾਜ ਦੇ ਮਣਕੇ ਆਖੀਦਾ ਹੈ ਸੋ ਏਸੇ ਪਹਾੜੀ ਵਿਚੋਂ ਨਿਕਲਦੇ ਹਨ ਹਿੰਗੁਲਾਜ ਦੀ ਜਾਤ੍ਰਾ ਭੀ ਨਿਰੰਜਨੀ ਨਿਰਬਾਣੀ ਅਖਾੜੇ ਦੇ ਮਹੰਤ ਛੜੀ ਦੇ ਕਰ ਛੜੀ ਏਨੂੰ ਏਥੋਂ ਹੀ ਤੋਰਦੇ ਹਨ ਕਰਾਚੀ ਤੋਂ ਉਠਾਂ ਪਰ ਖਾਣਾ ਦਾਣਾ ਭਰ ਲੈਂਦੇ ਹਨ ਅਗੇ ਸਤਾਈ ਪਤਕ ੩੦੦ ਕੋਸ ਉਜਾੜ ਹੈ ਬਸ੍ਤੀ ਨਹੀਂ ਤੇ ਖੂਹ ਭੀ ੧੫ ਯਾ ੧੬ ਕੋਸ ਪਰ ਮਿਲਦਾ ਹੈ ਘੱਟ, ਰੇਤ ਬਹੁਤ ਹੈ। ਕਰਾਚੀ ਤੋਂ ਅਗੇ ਸੋਣਮਿਆਣੀ ਗੁਰੂ ਚੇਲੇ ਦੀ ਸਮਾਧ, ਕਾਹਰ ਵੇਲਾ, ਉਥਰਲਿਆਰੀ ਏਥੋਂ ਦੇ ਗੁਸਾਂਈ ਸਬ ਤੋ ਸਵਾ੨ ਰੁਪਯਾ ਕਰ ਲੈਂਦੇ ਹਨ। ਅਗੇ ਚੰਦ੍ਰਕੂਪ ਮਹਾਦੇਵ ਦਾ ਕੁੰਡ ਅਤੀ ਗਾੜ੍ਹੇ ਜਲ ਦਾ ਰਿਸ੍ਰਦਾ ਹੈ ਭੰਗ, ਧਤੂਰਾ, ਅੱਕ, ਲਾਚੀ ਏਨ੍ਹਾਂ ਨੂੰ ਘੋਟਕੇ ਚੜ੍ਹਾਉਂਦੇ ਹਨ ਤੇ ਚੰਦ੍ਰ ਕੂਪ ਨੂੰ ਬੁਲਾਉਂਦੇ ਹਨ ਤਾਂ ਥੰਥੰ ਅਵਾਜ ਹੁੰਦੀ ਹੈ ਜਿਸ ਦੇ ਨਾਉ ਪਰ ਅਵਾਜ਼ ਨਾ ਹੋਵੇ ਉਸਨੂੰ ਹਰਾਮਦਾ ਤੇ ਪਾਪੀ ਮੰਨਦੇ ਹਨ। ਅਗੇ ਸਿਵਾਂ ਦੀ ਭਿਬੂਤੀ ਦੇ ਪਰਬਤ ਜਟਾਂ ਵਾਙੂ ਫਲਦਾਰ ਹਨ ਜਿਨ੍ਹਾਂ ਨੂੰ ਸਿਵ ਦੀਆਂ ਜਟਾਂ ਆਖਦੇ ਹਨ ਏਥੇ ਹੀ ਸਮੁੰਦ੍ਰ ਵਲ ਇਕ ਉੱਚਾ ਪਹਾੜ ਹੈ ਜਿਸਨੂੰ ਕਹਿਕਾ ਦਿਵਾਲ ਬੋਲਦੇ ਹਨ। ਹਿੰਗਲਾਜ ਇਕ ਪਹਾੜੀ ਦੀ ਕੰਦਰਾ ਨੂੰ ਆਖਦੇ ਹਨ ਜੋ ਦੇਵੀ ਦੀ ਸਰਣ ਜੋਨੀ ਯਾਨੇ ਭਗ ਮੰਨੀ ਜਾਂਦੀ ਹੈ ਏਸ ਵਿਚ ਨਰ ਨਾਰੀ ਨੰਗੇ ਹੋਕੇ ਲੰਘਦੇ ਹਨ ਜਿਸ ਦਾ ਫਲ ਚੌਰਾਸੀ ਕੱਟੀ ਜਾਣੀ ਮੰਨਦੇ ਹਨ। ਏਥੇ ਹੀ ਹੱਥੋਂ ਲਾਣੀਆਂ ਸਿੱਟ ਕੇ ਜੀਵਣ ਮਰਨ ਦਾ ਤਿਨਕਾ ਤੋੜਨਾ ਸਮਝਕੇ ਨੀਲ ਕੁੰਡ ਤੀਰਥ ਦੇ ਇਸ਼ਨਾਨ ਕਰ ਤਰਕੇ ਦੂਸਰੀ ਤਰਫੋਂ ਹਿੰਸਨਾਮ ਬੂਟੀ ਹੋਠਾਂ ਨਾਲ ਪੁੱਟ ਲਿਆਉਂਦੇ ਹਨ। ਏਥੋਂ ੭ ਮਜ਼ਲਾਂ ਸਾਤਾ ਦੀਪ

ਗਲ ਮੇਂ ਤਹਿਮਤ ਕੱਥੇ ਦਾ ਰੰਗ ਜੈਸਾ ਫਕੀਰ ਰੱਖਦੇ ਸਨ, ਟੋਪੀ ਦਲਕ ਦੀ ਤੇ ਸੇਲੀ ਆਦਿਕ ਧਾਰੇ ਹੋਏ ਸੇ ਐਸਾਹੀ ਸਾਥੀਆਂ ਦਾ ਲਿਬਾਸ ਸੀ ਬਲਕੇ ਮਰਦਾਨਾ ਤੇ ਸੱਯਦ ਮੁਹੱਮਦ ਜ਼ਰੀਸ ਸਣਖੱਤ੍ਰੇ ਵਾਲਾ ਏਹ ਦੋਵੇਂ ਮੁਸਲਮਾਨ ਬਾਬੇ ਦੇ ਨਾਲ ਸਨ ਏਸ ਕਰਕੇ ਬਾਬੇ ਨੂੰ ਕੋਈ ਹਿੰਦੂ ਨ ਹੀ ਜਾਣਦਾ ਸੀ ਤੇ ਸੱਚਾ ਆਰਫ ਫਕੀਰ ਮੰਨਦੇ ਸਨ।

ਜੱਦੇ ਤੋਂ ਚਾਰ ਮਜ਼ਲ ਚਲਕੇ ਮੱਕੇ ਸ਼ਹਿਰ ਵਿਚ ਰਾਤ ਦੇ ਵਕ਼ਤ ਪਹੁੰਚੇ ਤੇ ਕਾਬੇ ਦੇ ਪਿੱਛੇ ਹਜ਼ਰਤ ਇਬ੍ਰਾਹੀਮ ਦੇ ਥੜ੍ਹੇ ਪਾਸ ਬੇ ਖਟਕੇ ਸੌਂ ਰਹੇ ਸਵੇਰੇ ਹੀ ਸਫਾਈ ਦੇ ਦਰੋਗੇ ਜੀਵਣ ਖਾਂ ਨੇ ਆਖਿਆ ਤੁਸੀਂ ਕੈਸੇ ਕਾਫਰ ਬੇਸਮਝ ਹੋ ਕਿ ਖੁਦਾ ਦੇ ਘਰ ਵੱਲ ਪੈਰ ਪਸਾਰਕੇ ਸੌਂ ਰਹੇ ਹੋ। ਗੁਰੂ ਜੀ ਨੇ ਕਿਹਾ ਭਾਈ ਮੀਆਂ ਅਸੀਂ ਥੱਕੇ ਮੁਸਾਫਰ ਆਏ ਹਾਂ ਜਿਧਰ ਖੁਦਾ ਦਾ ਘਰ ਨਹੀਂ ਉਧਰ ਸਾਡੇ ਪੈਰ ਕਰ ਦੇਹ, ਮਜਾਵਰਾਂ ਨੇ ਗੁੱਸੇ ਵਿਚ ਆਕੇ ਗੁਰੂ ਜੀ ਦੇ ਕਦਮ ਦੂਸਰੀ ਤਰਫ ਕਰ ਦਿਤੇ, ਜਿੱਧਰ ਓਹ ਬਾਬੇ ਦੇ ਚਰਨ ਕਰੇਂ ਉਧਰੇ ਖੁਦਾ ਦਾ ਘਰ ਕਾਬਾ ਓਨ੍ਹਾਂ ਨੂੰ ਨਜ਼ਰ ਆਵੇ ਆਖਰ ਹੈਰਾਨ ਹੋਕਰ ਗੁਰੂ ਜੀ ਦੇ ਚਰਨ ਚੁੰਮਨ ਲਗ ਪਏ। ਦੇਖੋ ਮੁਹੱਮਦ ਸਾਹਿਬ ਨੇ ਚੰਦ ਦੇ ਦੋ ਟੁਕੜੇ ਕਰ ਦਿਖਾਏ, ਮੂਸਾ ਨੇ ਸਮੁੰਦ੍ਰ ਤੋਂ ਰਸਤਾ ਲੀਤਾ, ਈਸਾ ਨੇ ਅੰਧੇ ਪਿੰਗੁਲੇ ਸਾਬਤ ਕੀਤੇ, ਨਾਮਦੇਵ ਨੇ ਦੇਹੁਰਾ ਫੇਰਿਆ, ਕ੍ਰਿਸ਼ਨ ਜੀ ਨੇ ਗੋਵਰਧਨ ਪਰਬਤ ਉਂਗਲੀ ਉਤੇ ੭ ਦਿਨ ਉਠਾਇ ਰੱਖਿਆ, ਜੋ ਲੋਗ ਏਨ੍ਹਾਂ ਕਰਾਮਾਤਾਂ ਨੂੰ ਮੰਨਦੇ ਹਨ ਓਨ੍ਹਾਂ ਨੂੰ ਤਾਂ ਕਾਬੇ ਦਾ ਮੰਦਰ ਫਿਰਿਆ ਭੀ ਮੰਨਣਾ ਪਊ ਤੇ ਜੋ ਨਹੀਂ ਮੰਨਦੇ ਓਹ ਬਾਬੇ ਦੇ ਬਚਨਾਂ ਤੋਂ ਬ੍ਰਹਮਗਿਆਨ ਹੋਣੇ ਕਰ ਹਰ ਤਰਫ ਖੁਦਾ ਤੇ ਖੁਦਾ ਦਾ ਘਰ ਕਾਬਾ ਮਜਾਵਰਾਂ ਨੂੰ ਨਜ਼ਰ ਆਯਾ ਮੰਨਣਗੇ। — ਅਸੀਂ ਦੋਹਾਂ ਬਾਤਾਂ ਨੂੰ ਸਹੀ ਰੱਖਕੇ ਓਥੋਂ ਦੇ ਲੋਗਾਂ ਦਾ ਬਾਬੇ ਦੇ ਤਾਬੇਦਾਰ ਹੋ ਜਾਣਾ ਅਵੱਸ਼ ਨਿਸ਼ਚੇ ਮੰਨਦੇ ਹਾਂ ਓਥੋਂ ਦੇ ਮੌਲਵੀ ਮੁਹੱਮਦ ਹਸਨ ਤੇ ਕਾਜ਼ੀ ਰੁਕਨੁੱਦੀਨ ਤੇ ਇਮਾਮ ਜਾਫਰ ਅਤੇ ਪੀਰ ਅਬਦੁਲ ਬਹਾਵ ਆਦਿਕ ਬਡੇ ੨ ਆਲਮ ਫਾਜ਼ਲ ਬਾਬੇ ਜੀ ਦੇ ਨਾਲ ਸ਼ਰੀਯਤ, ਤਰੀਕਤ, ਹਕੀਕਤ, ਮਾਰਫਤ ਵਿਚ ਗਿਆਨ ਚਰਚਾ ਦਾ ਪਰਚਾ ਕਰਦੇ ਰਹੇ। ਓਨ੍ਹਾਂ ਦੇ ਪ੍ਰਸ਼ਨ ਉਤ੍ਰ ਤੇ

---

(ਪ੍ਰਿਸ਼ਟ ੧੪੩ ਦੀ) ਦੇਵੀ ਦੇ ਪਿੰਡ ਜਾਕੇ ਮੂਰਤੀ ਦੇ ਦਰਸ਼ਨ ਕਰ ਕੁੜੀਆਂ ਨੂੰ ਮਠਾਈ ਖਵਾ ਕੇ ਓਨ੍ਹਾਂ ਵਿਚ ਦੇਵੀ ਨੂੰ ਖੇਡਦੀ ਮੰਨ ਦੇ ਹਨ। ਏਸੇ ਤਰਾਂ ਦੇ ਹਿੰਦੂਆਂ ਦੇ ਕਈ ਬਿਹਾਰ ਹਨ।

੧ ਕਾਬਾ ਅਰਬ ਦੇਸ ਮੱਕੇ ਸ਼ਹਿਰ ਦੇ ਵਿਚਕਾਰ ਮੁਸਲਮਾਨਾਂ ਦੇ ਪੂਜਯ ਮੰਦ੍ਰ ਦਾ ਨਾਮ ਹੈ। ਇਬਰਾਹੀਮ ਦਾ ਬਾਪ ਕੁਰੈਸ਼ੀ ਜਾਤਿ ਦਾ ਤਰਖਾਣ ਆਜ਼ਰ ਨਾਮ ਏਸ ਕੋਠੇ ਵਿਚ ਬੈਠਕੇ ਪੱਥਰ ਦੀਆਂ ਮੂਰਤਾਂ ਘੜ੍ਹ ੨ ਬੇਚਿਆ ਕਰਦਾ ਸੀ ਇਬਰਾਹੀਮ ਕਿਸੇ ਬ੍ਰਹਮਗਿਆਨੀ ਦੀ ਸੰਗਤ ਹੋਣੇ ਕਰਕੇ ਮੂਰਤ ਪੂਜਾ ਦਾ ਨਿਖੇਧ ਕਰਦਾ ਹੁੰਦਾ ਸੀ ਇਕ ਦਿਨ ਮੌਕਾ ਪਾਕੇ ਰਾਤ ਨੂੰ ਇਬਰਾਹੀਮ ਨੇ ਸਬ ਮੂਰਤਾਂ ਤੋੜ ਦਿਤੀਆਂ ਤੇ ਇਕ ਵੱਡੀ ਮੂਰਤ ਦੇ ਕੰਧੇ ਪਰ ਕੁਹਾੜਾ ਰੱ

ਇਕ ਸਾਲ ਭਰ ਓਥੇ ਬਾਬੇਦਾ ਰਹਿਣਾ ਮੱਕੇਦੀ ਗੌਸ ਦੀ ਪੋਥੀ ਵਿਚ ਲਿਖਆਹੈ ਜੇੜ੍ਹੀ ਪੋਥੀ ਓਥੇ ਹੀ ਸੱਯਦ ਮੁਹੱਮਦ ਗੌਸ ਸਾਲਸ ਫਕੀਰ ਨੇ ਫਾਰਸੀ ਵਿਚ ਲਿਖੀਸੀ ਤੇ ਫੇਰ ਪੰਜਾਬ ਆਕੇ ਪੰਜਾਬੀ ਬੋਲੀ ਤੇ ਕਾਟਵੇ ਅੱਖਰਾਂ ਵਿਚ ਭਾਈ ਭਾਨੇ ਚਾਨੇ ਅਰੋੜੇ ਸਿੱਖ ਨੂੰ ਲਿਖਵਾਕੇ ਸੰ: ੧੫੮੮ ਬਿਕ੍ਰਮੀ ਨੂੰ ਸਣਖੱਤੇ ਵਿਚ ਗੁਜਰਿਆ। ਫੇਰ ਕਾਟਵੇ ਅੱਖਰਾਂ ਵਿਚੋਂ ਸੰ: ੧੬੬੭ ਬਿ: ਵਿਚ ਭਾਈ ਦਯਾਲੇ ਮਸੰਦ ਨੇ ਗੁਰਮੁਖੀ ਅੱਖਰਾਂ ਵਿਚ ਲਿਖੀਹੈ। ਓਹ ਪਰਾਚੀਨ ਪੋਥੀ ਬਾਵੇ ਸੁਜਾਨ ਪ੍ਰਕਾਸ਼ ਹਜ਼ਾਰੇ ਵਾਲੇ ਦੇ ਪਾਸ ਹੈ ਔਰ ਅਸਾਂ ਵੇਖਕੇ ਕਈ ਨਵੀਨ ਪਤੇ ਭੀ ਲਿਖੇਹਨ। ਇਕ ਤਾਂ ਓਸ ਪੋਥੀ ਤੋਂ ਅਰਬੀ ਲੋਗਾਂ ਦਾ ਬਾਬੇ ਦੇ ਤਾਬੇ ਹੋਜਾਣਾ ਸਹੀ ਹੈ ਦੂਸਰਾ ਓਸ ਮੁਲਕ ਵਿਚ ਪੰਜ ਸਤ ਜਗਾ ਨਾਨਕ ਪੀਰ ਦੇ ਮਕਾਨ ਸ਼ਾਹਰੂਮ ਦੀ ਤਰਫੋਂ ਬਣੇ ਹੋਏ ਹਨ ਓਨ੍ਹਾਂ ਤੋਂ ਸਹੀ ਹੁੰਦਾਹੈ ਕਿ ਓਸ ਵਕ੍ਤ ਸ਼ਾਹਰੂਮ ਭੀ ਬਾਬੇਜੀ ਦਾ ਸੇਵਕ ਬਣ ਗਿਆਸੀ ਨਹੀ ਤਾਂ ਮੁਸਲਮਾਨੀ ਦੇਸ ਵਿਚ ਓਹ ਮਕਾਨ ਕਿਸ ਤਰਾਂ ਰਹਿੰਦੇ। ਕਾਬੇ ਤੋਂ ਡੇਢ ਮੀਲ, ਚੜ੍ਹਦੇ ਦੀ ਤਰਫ ਅਮਰੋ ਦੇ ਰਸਤੇ ਉੱਤੇ ਬਾਵੇ ਫਰੀਦ ਦੀ ਮਸੀਤ ਪਾਸ ਨਾਨਕ ਪੀਰ ਵਲੀ ਹਿੰਦ ਦਾ ਮਕਾਨ ਮਸੀਤ ਦੇ ਢੰਗ ਪਰ ਬਣਿਆ ਹੋਯਾਹੈ। ਤੇ ਇਕ ਬਾਉਲੀ ਭੀ ਬਾਬੇ ਦੀ ਹੈ ਤੇ ਬੈਠਕ ਭੀ ਹੈ।

ਮੱਕੇ ਵਿਚ ਬਾਬੇ ਨੂੰ ਕਾਜ਼ੀ ਰੁਕਨੁੱਦੀਨ ਨੇ ਪੁੱਛਿਆ ਤੁਸੀਂ ਹਿੰਦੂ ਹੋ ਕੇ ਮੁਸਲਮਾਨ ਬਾਬੇ ਆਖਿਆ (ਹਿੰਦੂ ਕਹਾਂ ਤਾਂ ਮਾਰੀਆ ਮੁਸਲਮਾਨ ਭੀ ਨਾਂਹਿ। ਪਾਂਚ ਤਤ ਕਾ ਪੂਤਲਾ ਗੈਬੀ ਖੇਲੇ ਮਾਂਹਿ।) ਪ੍ਰਸ਼ਨ—ਤੁਹਾਡਾ ਫਿਰਕਾ ਕੌਣ ਹੈ। ਉੱਤ੍ਰ— ਕਲਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ। ਬੇਦ ਕਤੇਬੋਂ ਬਾਹਰਾ ਜਪਦੇ ਏਕ ਖੁਦਾਇ। ਪ੍ਰਸ਼ਨ— ਮਜ਼੍ਹਬ ਹਿੰਦੂਸ

---

[illegible] ਖਕੇ ਚਲਾ ਗਿਆ ਦਿਨੇ ਪੁਜਾਰੀ ਆਏ ਦੇਖਕਰ ਬਿਸਮਾਏ ਪੁੱਛਣ ਲੱਗੇ ਕੌਣ ਤੋੜ ਗਿਆ ਤਾਂ ਇਬਰਾਹੀਮ ਨੇ ਆਖਿਆ ਏਹ ਸਬ ਆਪਸ ਵਿਚ ਲੜੇ ਹਨ ਜਿਸਦੇ ਕੰਧੇ ਪਰ ਕੁਹਾੜਾ ਹੈ ਏਸ ਨੇ ਸਬਨਾਂ ਨੂੰ ਮਾਰਿਆ ਹੋਵੇਗਾ। ਲੋਕਾਂ ਆਖਿਆ ਏਹ ਕੰਮ ਮੂਰਤਾਂ ਦਾ ਨਹੀਂ ਏਹ ਕਿਸੇ ਆਦਮੀ ਦਾ ਹੈ ਓਸਨੇ ਆਖਿਆ ਜੇਕਰ ਏਨਾਂ ਮੂਰਤਾਂ ਵਿਚ ਸ਼ਕ੍ਤੀ ਨਹੀਂ ਤਾਂ ਤੁਹਾਡਾ ਭਲਾ ਕਦ ਕਰ ਸੱਕਣਗੀਆਂ। ਏਹੋ ਜੇਹੇ ਹੋਰ ਅਨੇਕ ਬਚਨ ਉਪਦੇਸ਼ ਸੁਣਕੇ ਬਹੁਤ ਲੋਗ ਮੂਰਤਿ ਪੂਜਾ ਛਡ ਬੈਠੇ। ਤੇ ਓਸਨੇ ਆਪਣੇ ਬਾਪ ਨੂੰ ਬੁੱਤ ਘੜਨੋਂ ਹਟਾਇ ਕਰ, ਆਪਣੇ ਸੰਗਤੀਆਂ ਵਿਚ ਰਲਾਇ ਕਰ ਓਸੇ ਕੋਠੇ ਵਿਚ ਰੱਬ ਦੀ ਬੰਦਗੀ ਕਰਨ ਲਾ ਦਿੱਤਾ ਏਸੇ ਜਗਾ ਦਾ ਨਾਮ ਹੁਣ ਕਾਬਾ ਹੈ ਏਹ ੧੨ ਗਜ਼ ਲੰਬਾ ਤੇ ੧੦ ਗਜ਼ ਚੌੜਾ ਹੈ ਏਸ ਵਿਚ ੩ ਥੰਮਹਨ ਤੇ ਇਕ ਕੋਠੜੀ ਅੰਮਾ ਹਵਾ ਦੀ ਤੇ ਇਕ ਬੜਾ ਬਾਵੇ ਆਦਮ ਦਾ ਹੈ। ਪੂਰਬ ਵੱਲ ਇੱਕ ਦਰਵਾਜਾ ਹੈ ਤੇ ਇਸਦੇ ਬੂਹੇ ਅੱਗੇ ਬਾਂਈ ਤਰਫ ਸੰਗ ਅਸਵਦ ਨਾਮ ਇਕ ਪੱਥਰ ੪ ਫੁੱਟ ਉੱਚਾ ਤੇ ਸਾਹਮਣੇ ਬੂਹੇ ਦੇ ਸੰਗਮਨਾਤ ਨਾਮ ਪੱਥਰ ੬ ਫੁੱਟ ਉੱਚਾ ਹੈ ਏਨ੍ਹਾਂ ਦੋਹਾਂ ਦੇ ਗਿਰਦੇ ਜੰਗਲਾ ਹੈ। ਏਨਾਂ ਪੱਥਰਾਂ ਉੱਤੇ ਤੇ

Digitized by Panjab Digital Library | www.panjabdigilib.org

ਰਾਹੈਕੇ ਮੁਸਲਮਾਨਾ। ਉੱਤ੍ਰ—ਹਿੰਦੂ ਮੁਸਲਮਾਨ ਸਬ ਮਜ਼ੁਬ ਬਨਾਏ ਕੂੜਾ ਸੱਚਾ ਮਜ਼੍ਹ
ਬ ਖੁਦਾਇਦਾ ਏਕ ਨੂਰ ਭਰਪੂਰਾ। ਅਮਲਾਂ ਉਤੇ ਨਿਬੜੇ ਸਾਹਿਬ ਦੇ ਦਰਬਾਰਾ ਕੋਈ ਰੱ
ਖ ਨ ਸੱਕਈ ਪੈਗੰਬਰ ਅਵਤਾਰਾ। —ਪ੍ਰਸ਼੍ਨ—ਨਜਾਤ ਕਿਸਨੂੰ ਮਿਲਦੀ ਹੈ ਤੇ ਕੀ ਹੈ—ਉੱ
ਤ੍ਰ—ਮਨ ਨੀਵਾਂ ਕਰ ਬੰਦਗੀ ਸਭ ਮੈਂ ਅੱਲਾ ਵੇਖ। ਆਮਲ ਭਲੇ ਕਰ ਫੂਕ ਨਦੀਨ ਏਹੋ
ਰਸਤੇ ਨੇਕਾਂ ਦੂਰ ਹੋਵੇ ਦੂਈ ਦਿਲੋਂ ਰੂਹ ਖੁਦਾ ਇਕ ਬਾਤਾ ਬੁਰਾ ਭੁਲਾ ਦੋਜ਼ਖ ਬਹਿਸ਼੍ਤ ਛੁੱਟੇ
ਨ ਇਹੋ ਹੈ ਨਜਾਤ) ਇਤਆਦਿਕ ਬੇਅੰਤ ਉੱਤ੍ਰ ਪ੍ਰਸ਼੍ਨ ਹਨ।
ਮਕੇ ਤੋਂ ਤਿੰਨ ਸੌ ਕੋਸ ਮਦੀਨੇ ਪਹੁੰਚ ਇਕ ਜਗਾ ਬੈਠ ਮਰਦਾਨੇ ਤੋਂ ਰਬਾਬ ਬਜਵਾ ਸਬਦ ਗਾਇ
ਆ ਤਾਂ ਜੋ ਲੋਗ ਸ਼ਰਾ ਮੁਹੰਮਦੀ ਦੇ ਅਨੁਸਾਰੀ ਗਾਉਣਾ ਗੁਨਹਿਗਾਰੀ ਧਾਰੀ ਬੈਠੇ ਸੇ ਓਹ ਹਟਾ
ਉਣ ਆਏ ਬਾਬਾ ਜੀ ਹਟੇ ਨਾਂਹੀ ਆਖਰ ਓਨਾਂ ਨੇ ਬਾਬੇ ਦੇ ਮਾਰਣ ਵਾਸ੍ਤੇ ਪੱਥਰ ਉਠਾਏ ਪਰ ਓ
ਨ੍ਹਾਂ ਦੇ ਹੱਥ ਪੱਥਰਾਂ ਨਾਲ ਹੀ ਚਿਪਟ ਗਏ ਏਹ ਕਰਾਮਾਤ ਦੇਖਕੇ ਸਬ ਸ਼ਹਿਰ ਦੇ ਲੋਗ ਬਾਬੇ ਦੇ ਪੈ
ਰੀ ਆਇ ਪਏ ਤੇ ਮੁਰੀਦ ਬਨ ਗਏ। — ਇਮਾਮ ਜ਼ਾਫਰ ਜੋ ਹਜ਼ਰਤ ਅਲੀ ਤੋਂ ੧੧ਵੀਂ ਪੁ
ਸ਼੍ਤ ਸੀ ਓਸ ਵਕ੍ਤ ਓਹ ਭੀ ਬਾਬੇ ਪਾਸ ਆਯਾ ਤੇ ਬੇਨਤੀ ਕਰ ਓਨ੍ਹਾਂ ਦੀ ਖਲਾਸੀ ਕਰਾਈ। ਤੇ ਬਾ
ਬੇ ਨੂੰ ਸੱਚਾ ਪੀਰ ਰੱਬ ਦਾ ਰੂਪ ਸਮਝ ਕੇ ਓਨ੍ਹਾਂ ਦੀਆਂ ਖੜਾਵਾਂ ਆਪਣੇ ਸਿਰ ਪਰ ਰੱਖੀਆਂ ਜੋਹ
ੜੀਆਂ ਹੁਣ ਤਕ ਜ਼ਿਆਰਤਗਾਹ ਵਿਚ ਹਨ। ਏਹ ਕਥਾ ਤਾਂ ਪੋਥੀਆਂ ਦੀ ਹੈ ਪਰ ਤਾਰੀਖਾਂ ਵਾ
ਲੇ ਇਉਂ ਆਖਦੇ ਹਨ ਕਿ ਗੁਰੂ ਜੀ ਦੇ ਰਾਗ ਵਿਚ ਤਾਸੀਰ ਸੀ ਲੋਕ ਸੁਣਕੇ ਮੋਹਿਤ ਹੋ ਜਾਂਦੇ ਸ
ਨ ਤੇ ਫੌਜੀ ਲੋਗ ਸ਼ਰਈ ਭੀ ਘਟ ਹੁੰਦੇ ਹਨ ਇਸ ਵਾਸ੍ਤੇ ਬਾਬੇ ਦਾ ਗਾਉਣਾ ਸੁਣਕੇ ਤਾਬੇਦਾਰ ਬ
ਣ ਗਏ ਤੇ ਜੋ ਕੋ ਸ਼ਹਿਰ ਦੇ ਸ਼ਰਈ ਆ ਕਰਕੇ ਦੰਗਾ ਕਰਨ ਲਗੇ ਓਨ੍ਹਾਂ ਨੂੰ ਕੈਦ ਕਰ ਲੀਤਾ।

ਗਲਾਫ — ਓਸ ਮੰਦਰ ਕਾਬੇ ਉੱਤੇ ਸੁੰਦਰ ਰੇਸ਼ਮੀ ਗਲਾਫ ਬਾਦਸ਼ਾਹਾਂ ਦੀ ਤਰਫੋਂ ਚੜ੍ਹੇ ਰਹਿੰਦੇ ਹਨ ਤੇ ਹਰ ਸਾ
ਲ ਬਦਲੇ ਜਾਂਦੇ ਹਨ ਤੇ ਓਹੋ ਕਪੜਾ ਪਵਿਤ੍ਰ ਮੰਨਕੇ ਪ੍ਰਸ਼ਾਦ ਸਮਝ ਕੇ ਹਾਜੀ ਲੈ ਆਉਂਦੇ ਹਨ ਜੈ
ਸੇ ਹਿੰਦੂ ਜਗਨਨਾਥ ਦੇ ਚੋਲ੍ਹੇ ਦਾ ਤੇ ਸਿੱਖ ਅਬਚਲ ਨਗਰ ਦੇ ਝੰਡੇ ਦਾ ਉਛਾੜ ਲੈ ਆਉਂਦੇ ਹੈ
ਮੁਸਲਮਾਨ ਮੁਰਦੇ ਉੱਤੇ ਪਾਕੇ ਦੱਬਣ ਲੱਗੇ ਲਾਹ ਲੈਂਦੇ ਹਨ ਤੇ ਹਿੰਦੂ ਪਾਉਂਦੇ ਹੀ ਨਹੀਂ।
ਓਸੇ ਕਾਬੇ ਦੇ ਬੂਹੇ ਤੋਂ ਦਹਿਨੇ ਪਾਸੇ ਆਬੇ ਜ਼ਮਜ਼ਮ ਨਾਮ ਖੂਹ ਹੈ ਇਸਦੀ ਕਹਾਵਤ ਇਉਂ ਹੈ ਕਿ ਇਬਰਾ
ਹੀਮ ਪੈਗੰਬਰ ਦੀ ਮਾਈ ਜਦ ਇਕ ਦਿਨ ਬਹੁਤ ਪਿਆਸੀ ਹੋਈ ਤਾਂ ਏਸ ਬਾਲਕ ਦੀਆਂ ਅੱਡੀਆਂ ਨਾਲ
ਜੋ ਟੋਆ ਪੈ ਗਿਆ ਓਸ ਵਿਚੋਂ ਪਾਣੀ ਨਿਕਲ ਆਯਾ ਫੇਰ ਖੋਦ ਕੇ ਵੱਡਾ ਸਾਰਾ ਬਣਾ ਲੀਤਾ ਏਸੇ ਨੂੰ ਆ
ਬੇ ਜ਼ਮਜ਼ਮ ਆਖਦੇ ਹਨ ਤੇ ਹਾਜੀ ਲੋਗ ਇਸਨੂੰ ਗੰਗਾ ਜਲ ਵਾਂਗੂੰ ਮੰਨਦੇ ਹਨ।
ਕਾਬੇ ਦੇ ਚੌਹਾਂ ਪਾਸੇ ਬੜੇ ੨ ਦਾਲਾਨ ਬਣੇ ਹੋਏ ਹਨ ਤੇ ਹੱਜ ਦੀ ਜਗਾ ਇਕ ਪਹਾੜੀ ਅਰਫ਼ਾਤ ਨਾਮੀ
ਮੱਕੇ ਸ਼ਹਿਰ ਤੋਂ ੮ ਕੋਸ ਦੱਖਣ ਦੀ ਤਰਫ ਹੈ ਈਦ ਤੋਂ ਇਕ ਦਿਨ ਪਹਿਲੇ ਸਬ ਹਾਜੀ ਓਥੇ ਇਕੱਠੇ ਹੁੰਦੇ ਹੈਂ

Digitized by Panjab Digital Library | www.panjabdigilib.org

ਅਸੀਂ ਦੋਹਾਂ ਬਾਤਾਂ ਤੋਂ ਬਾਰੀ ਲੋਗਾਂ ਪਰ ਫਤੇ ਪਾਉਣਾ ਜੀ ਬਾਬੇ ਦੀ ਸ਼ਕ੍ਤੀ ਮੰਨਦੇ ਹਾਂ। ਮੱਕੇ ਮਦੀਨੇ ਦੀ ਗੋਸ਼੍ਟ ਵਿਚ ਲਿਖਿਆ ਹੈ ਕਿ ਇਮਾਮ ਗੌਸ, ਇਮਾਮ ਅਸ਼ਫ, ਇਮਾਮ ਅਜੀਮ, ਜਦ ਬਾਬੇ ਪਾਸ ਆਏ ਤਾਂ ਗੁਰੂ ਜੀ ਦੇ ਕੋਲ ਕਿਤਾਬ ਦੇਖ ਕੇ ਪੁੱਛਿਆ ਇਸ ਵਿਚੋਂ ਕੀ ਹਾਸਲ ਹੈ ਬਾਬੇ ਆਖਿਆ ਕਿਤਾਬ ਇਕ ਬਕਰੀ ਹੈ ਕਾਜ਼ੀ ਮੌਲਵੀ, ਪਾਦਰੀ, ਪੰਡਿਤ, ਸਰਈ ਲੋਕ ਤਾਂ ਕਿਤਾਬ ਪੜ੍ਹਕੇ ਬਾਦ ਬਿਬਾਦ ਹਾਸਲ ਕਰਦੇ ਹਨ ਓਹ ਤਾਂ ਹੱਡੀਆਂ ਕੜਕਾਉਂਦੇ ਹਨ ਤੇ ਜੋ ਇਨ੍ਹਾਂ ਨੂੰ ਪੜ੍ਹਕੇ ਰੋਜ਼ਗਾਰ ਹਾਸਲ ਕਰਨ ਵਾਲੇ ਹਨ ਓਹ ਗੋਸ਼੍ਤ ਖਾਂਦੇ ਹਨ।:-ਤੇ ਇਨ੍ਹਾਂ ਨੂੰ ਪੜ੍ਹਕੇ ਜਪ ਤਪ ਕਰਕੇ ਮਾਨ ਬਡਿਆਈ ਪਾਉਣੇ ਦੀ ਹਿਰਸ ਰੱਖਣ ਵਾਲੇ ਚਰਬੀ ਚੱਬਦੇ ਹਨ। ਅਤੇ ਜੋ ਇਨ੍ਹਾਂ ਨੂੰ ਪੜ੍ਹਕੇ ਰੱਬ ਦੀ ਬੰਦਗੀ ਕਰਦੇ ਹੋਏ ਹਰ ਸ਼ੈ ਵਿਚ ਓਸੇ ਰੱਬ ਦਾ ਨੂਰ ਦੇਖ ਕਰ ਆਪ ਵਿਚ ਤੇ ਓਸ ਵਿਚ ਭੇਦ ਨਹੀਂ ਮੰਨਦੇ ਓਹ ਆਰਫ ਫਕੀਰ ਮਗਜ਼ ਛਕਦੇ ਹਨ। ਇਮਾਮਾਂ ਨੇ ਆਖਿਆ ਹੇ ਦਰਵੇਸ਼ ਜੈਸੀ ਤਾਸੀਰ ਆਪਦੀ ਬਾਣੀ ਵਿਚ ਹੈ ਜੇਕਰ ਆਪ ਨਬੀ ਦਾ ਕਲਮਾ ਪੜ੍ਹੋ, ਤੇ ਚਾਰ ਯਾਰਾਂ ਪਰ ਯਕੀਨ ਫੜੋ ਤਾਂ ਸਾਰੀ ਦੁਨੀਆਂ ਤੁਹਾਡੀ ਮੁਰੀਦ ਹੋ ਜਾਵੇ। ਬਾਬੇ ਆਖਿਆ ਅਸੀਂ ਓਸ ਸੱਚੇ ਨਬੀ ਦਾ ਕਲਮਾਂ ਪੜ੍ਹਦੇ ਹਾਂ ਜਿਸਦੇ ਚਾਰੇ ਤੱਤ੍ਵ ਸੱਚੇ ਯਾਰ ਹੈ ਜੋ ਸਾਰੀ ਦੁਨੀਆਂ ਨੂੰ ਇਕੋ ਜੇਹਾ ਫਾਇਦਾ ਪਹੁੰਚਾਉਂਦੇ ਹਨ। ਦੂਸਰਾ ਗੁਰੂ ਨਬੀ ਹੈ ਮਨ ਬੁੱਧ ਚਿੱਤ ਹੰਕਾਰ ਏਹ ਚਾਰ ਯਾਰ ਹੈਂ ਇਨਾਂ ਉੱਤੇ ਅਸੀਂ ਭਰੋਸਾ ਰੱਖਦੇ ਹਾਂ ਜੋ ਚਾਹੇਂ ਸੋ ਕਰਾ ਲਵੋ। ਸੁਆਲ-ਸ਼ਰਾ ਕਿਸ ਦੀ ਰੱਖਦੇ ਹੋ। -ਉੱਤਰ-ਸ਼ਰਾ ਸੱਚ ਦੀ ਰੱਖਦੇ ਹਾਂ-ਪ੍ਰਸ਼ਨ-ਕਲਮਾ ਕਿਸਦਾ ਪੜ੍ਹਦੇ ਹੋ-ਉ- ਕਲਮਾ ਰੱਬ ਦਾ ਤੇ ਆਰਫ ਮੁਰਸ਼ਦ ਦਾ ਪੜ੍ਹਦੇ ਹਾਂ। ਇੱਤਿਆਦਿਕ ਬਹੁਤ ਪ੍ਰਸ਼ਨ ਉੱਤਰ ਹੁੰਦੇ ਰਹੇ ਜਿਨ੍ਹਾਂ ਨੂੰ ਸੁਣਕੇ ਇਮਾਮ ਲਾਜੁਆ

ਬਕੀ ਫੁਟ ੧੪੭

ਤੇ ਰੂਮ ਸ਼ਾਮ ਦੇ ਰਸਤੇ ਵੱਲ ਤੱਕਦੇ ਰਹਿੰਦੇ ਹਨ ਓਸੇ ਦਿਨ ਦੋ ਕਾਜ਼ੀ ਊਠਣੀਆਂ ਉੱਤੇ ਚੜ੍ਹੇ ਹੋਏ ਇਕ ਸ਼ਾਹ ਰੂਮ ਦੀ ਤਰਫੋਂ ਦੂਸਰਾ ਸ਼ਾਹ ਸ਼ਾਮ ਦੀ ਤਰਫੋਂ ਪੈਗੰਬਰਾਂ ਦੀਆਂ ਚੀਜ਼ਾਂ ਵਾਲੇ ਸੰਦੂਕ ਲੈਕੇ ਆਂਵਦੇ ਹਨ ਸੋ ਓਨ੍ਹਾਂ ਦੇ ਜੀ ਦੇਖਣ ਨੂੰ ਹੱਜ ਆਖਦੇ ਹਨ ਓਹ ਕਾਜ਼ੀ ਚੜ੍ਹੇ ਚੜ੍ਹਾਏ ਮੁੜ ਜਾਂਦੇ ਹਨ ਉਤਰਦੇ ਨਹੀਂ। ਓਸੇ ਪਹਾੜੀ ਪਰ ਇਕ ਮਸੀਤ ਹੈ ਜਿਥੇ ਬੈਠਕੇ ਮੁਹੰਮਦ ਸਾਹਿਬ ਨੇ ਯਹੂਦੀਆਂ ਨੂੰ ਚੰਦ ਦੇ ਦੋ ਟੁਕੜੇ ਕਰ ਦੇਖਾਏ ਸੇ ਤੇ ਆਖਦੇ ਹਨ ਕਿ ਇਕ ਟੁਕੜਾ ਪੈਗੰਬਰ ਦੀ ਆਸਤੀਨ ਵਿਚ ਆਕੇ ਮਸੀਤ ਦੇ ਬੂਹੇ ਨਿਕਲ ਗਿਆ ਤੇ ਦੂਸਰਾ ਮਸੀਤ ਦੀ ਕੰਧ ਪਾੜਕੇ ਨਿਕਲ ਗਿਆ। ਏਸ ਮੌਕੇ ਦਾ ਦਰਸ਼ਨ ਭੀ ਹਾਜੀ ਲੋਕ ਕਰਦੇ ਹੈਂ ਜੱਦੇ ਵਿਚ ਮਾਈ ਹਵਾ ਦੀ ਕਬਰ ਹੈ ਓਸ ਦੀ ਭੀ ਜ਼ਿਆਰਤ ਹੁੰਦੀ ਹੈ ਬਾਬੇ ਆਦਮ ਦੀ ਕਬਰ ਸਿੰਗਲਾ ਦੀਪ ਵਿਚ ਹੈ। ਜੱਦੇ ਤੋਂ ੪੦ ਕੋਸ ਪਰ ਮੱਕਾ ਹੈ ਏਥੋਂ ਹੀ ਬ੍ਰਮ ਚਰਜ ਧਾਰ ਲੈਂਦੇ ਹਨ ਬੜੇ ਅਦਬ ਨਾਲ ਭਜਨ ਕਰਦੇ ਮੱਕੇ ਵਿਚ ਪਹੁੰਚ ਕੇ ਆਪਣੇ ੨ ਮੁਲਕ ਦੀ ਤਰਫ ਦੇ ਦਾਲਾਨਾਂ ਵਿਚ ਖੜੇ ਹੋਕੇ ਨਿਮਾਜ਼ਾਂ ਪੜ੍ਹਕੇ ਕਾਬੇ ਦੀ ਪਰਕ੍ਰਮਾ ਲੈਂਦੇ ਹਨ ਫੇਰ ਆਬੇ ਜ਼ਮਜ਼ਮ ਦਾ ਜਲ ਪੀਕੇ ਕਾਬੇ ਦੀ ਕੰਧ ਨਾਲ ਗਲ੍ਹ ਮਿਲਾ ਕੇ ਸੰਗੇ ਅ

ਬੈਠੇ ਗਏ ਫੇਰ ਮਰਦਾਨੇ ਨੇ ਸਬਦ ਗਾਂਵਿਆ। (ਵੇਹ ਮਸੀਤ ਮੰਨ ਮੌਲਾਣਾ ਸੱਚ ਨਿਮਾਜ ਗੁਜ਼ਾਰੋ ਰੋਜ਼ਾ ਰਹਿਮ ਕਰਮ ਸੁਭ ਕਲਮਾ ਕਾਬਾ ਕੋਲ ਨਿਹਾਰੋ) ਏਹ ਸਾਰਾ ਸਬਦ ਸੁਣਕੇ ਜਦ ਕਾਜ਼ੀ ਮੌਲਵੀ ਚਿੜੇ ਤਾਂ ਬਾਬੇ ਆਖਆ ਤੁਸੀਂ ਸੋਰੋਦ ਜਾਨੇ ਰਾਗ ਨੂੰ ਬੁਰਾ ਕਿਉਂ ਮੰਨਦੇ ਹੋ ਏਹ ਤਾਂ ਰੂਹ ਨੂੰ ਖੁਸ਼ੀ ਬਖਸਣੇ ਵਾਲਾ ਹੈ ਤੇ ਨਬੀ ਸਾਹਿਬ ਭੀ ਸੁਣਦੇ ਰਹੇ ਹਨ ਤੇ ਇਕ ਦਿਨ ਰਾਤ ਦੇ ਸਮੇ ਬੀਬੀ ਆਇਸਾਂ ਨੂੰ ਆਪਣੇ ਕੰਧੇ ਪਰ ਉਠਾਕੇ ਬਲੋਚਾਂ ਦਾ ਗਾਉਣ ਸੁਣਾਉਣ ਲੈ ਗਏ ਸੇ।

ਏਹ ਗਲ ਪਾਰਦੇ ਭੇਤ ਦੀ ਸੁਣਕੇ ਕਾਜ਼ੀ ਇਮਾਮ ਸਲਾਮ ਕਰ ਗਏ ਗੁਰੂ ਸਾਹਿਬ ਓਥੇ ਚਾਰ ਮਹੀਨੇ ਰਹੇ ਫੌਜੀ ਅਫਸਰਾਂ ਨੇ ਇਕ ਮੰਦ੍ਰ ਬਾਬੇ ਦਾ ਬਣਾ ਦਿੱਤਾ ਜੋ ਸੁਨਹਿਰੀ ਕਲਸ ਵਾਲਾ ਹੁਣ ਨਾਨਕ ਪੀਰ ਯਾ ਵਲੀਹਿੰਦ ਦੇ ਨਾਮ ਤੋਂ ਮਸ਼ਹੂਰ ਹੈ ਏਸ ਮੰਦਰ ਤੋਂ ੩ ਮੀਲ ਪਰ ਮੁਹੰਮਦ ਸਾਹਿਬ ਦਾ ਰੋਜ਼ਾ ਪੱਥਰ ਦਾ ਫੀਰੋਜ਼ੀ ਰੰਗ ਵਾਲਾ ਹੈ ਏਸਦੇ ਪੰਜ ਦਰਵਾਜੇ ਹਨ ਅਬੂਬਕਰ ੧ ਅਬਾਵਦ ੨ ਜਬਰਾਈਲ ੩ ਸ਼ਾਹ ਅਲੀ ੪ ਮੋਰੀ ਬੀਬੀ ਫਾਤਮਾਂ ੫ ਤੇ ਏਸੇ ਮੋਰੀ ਤੋਂ ਨਾਨਕ ਪੀਰ ਦੇ ਮੰਦਰ ਨੂੰ ਸੜਕ ਜਾਂਦੀ ਹੈ। — ਮਦੀਨੇ ਤੋਂ ਚਲਕੇ ਅਜਾਰਾ ਅਤੇ ਮਸ਼ਹਦ ਅਲੀ ਆਦਿਕ ਮੁਲਕਾਂ ਦਾ ਸੈਲ ਕਰਦੇ ਹੋਏ ਰੂਮ ਦੇ ਮੁਲਕ ਵਿਚ ਬਗ਼ਦਾਦ ਤੋਂ ਚੜ੍ਹਦੇ ਦੀ ਤਰਫ ਬਾਵੇ ਫਰੀਦ ਦੇ ਮਕਾਨ ਦੇ ਸਾਮ੍ਹਣੇ ਜਾ ਉਤਰੇ ਜਦ ਸਬਦ ਗਾਉਣਾ ਸੁਰੂ ਕੀਤਾ ਤਾਂ ਸੈਂਕੜੇ ਲੋਗ ਮੋਹਿਤ ਹੋ ਗਏ ਤੇ ਹਰ ਵਕ੍ਤ ਬਾਬੇ ਦੇ ਪਾਸ ਮੇਲਾ ਲੱਗਾ ਰਹੇ। — ਪੀਰ ਅਬਦੁਲ ਕਾਦਰ ਤੇ ਪੀਰ ਬਹਾਵਲ ਆਦਿਕ ਬਡੇ ੨ ਮਾਲੀਕ ਪ੍ਰਤਾਪੀ ਲੋਗ ਆਉਣ ਲਗ ਪਏ। ਏਥੋਂ ਦਾ ਬਾਦਸ਼ਾਹ ਖਲੀਫਾ ਬਹੁਤ ਜ਼ਾਲਮ ਤੇ ਸੂਮ ਸੀ ਪਰ ਬਾਬੇ ਦੀ ਮਹਿਮਾ ਸੁਣਕੇ

---

(੧੪੭ ਦਾ ਸ਼ੇਸ਼) ਸਬੂਤ ਨੂੰ ਚੁੰਮਦੇ ਹਨ ਕੋਈ ੨ ਮਜਾਵਰਾਂ ਨੂੰ ਲਾਲਚ ਦੇਕੇ ਮੰਦਰ ਦੇ ਅੰਦਰ ਭੀ ਜਾਂਦੇ ਹਨ ਪਰ ਮਜਾਵਰ ਉਨ੍ਹਾਂ ਨੂੰ ਹੇਠਾਂ ਉਪਰ, ਐਧਰ ਉਧਰ ਦੇਖਣ ਨਹੀਂ ਦਿੰਦੇ ਥੰਮ ਨੂੰ ਜੱਫੀ ਪਵਾਇਕੇ ਬਾਹਰ ਕਰ ਦਿੰਦੇ ਹਨ ਕੋਈ ਛੋਟੀ ਨਾਲ ਨਿਆਜ਼ ਭੀ ਪਾਨ੍ਹ ਆਂਵਦੇ ਹਨ।

ਨਾਨਕ ਪੀਰ ਦੇ ਪੰਜ ਮਕਾਨ ਓਧਰ ਹਨ ਅਦਨ ਮੈਂ ੧ ਜੱਦੇ ਮੈਂ ੨ ਮੱਕੇ ਮੈਂ ੩ ਮਦੀਨੇ ਮੇ ੪ ਬਗ਼ਦਾਦ ਮੇਂ ੫ ਏਹ ਸਬ ਮਕਾਨ ਮਸੀਤਾਂ ਦੇ ਢੰਗ ਪਰ ਇੱਕੋ ਨਮੂਨੇ ਦੇ ਬਣੇ ਹੋਏ ਹਨ ਤੇ ਸੁਇਨੇ ਦੇ ਕਲਸਾਂ ਵਾਲੇ ਹਨ ਸਬ ਨਾਵਿਚ ਇਕ ੨ ਥੜ੍ਹਾ ਹੈ ਅਦਨ ਤੋਂ ਬਿਨਾ ਹੋਰ ਚਾਰਾਂ ਵਿਚ ਸ਼ਾਹ ਰੂਮ ਦੀ ਤਰਫੋਂ ਪੁੰਨਿਅ ਦੇ ਲੰਗਰ ਲੱਗੇ ਹੋਏ ਹਨ ਤੇ ਮਜਾਵਰਾਂ ਨੂੰ ਨੌਕਰੀ ਮਿਲਦੀ ਹੈ ਤੇ ਲਿਬਾਸ ਉਨ੍ਹਾਂ ਦਾ ਮੋਟੀ ਪੱਗੀ ਤੇ ਉਪਰ ਗੋਡੇ ਤੋਂ ਹੇਠਾਂ ਤਾਂਈ ਕੱਛ ਜੈਸੀ ਰੰਗ ਨੀਲਾ ਯਾ ਕਬੀਲੀ ਰੱਖਦੇ ਹਨ। — ਏਹ ਕਥਾ ਪਹਿਲੇ ਹਾਜ਼ੀ ਗੁਲਾਮ ਅਲੀ ਜਿਲੇ ਸਿਆਲਕੋਟ ਪਰਗਨੇ ਰੰਗਪੁਰੇ ਵਾਲੇ ਦਰਜੀ ਦੀ ਜੁਬਾਨੀ ਸੁਣੀ ਸੀ ਏਹ ਬਡੇ ਮਸਹੂਰ ਆਦਮੀ ਹੈਂ। ਫੇਰ ਸਹੀ ਕਰਨ ਵਾਸਤੇ ਹਾਜ਼ੀ

Digitized by Panjab Digital Library | www.panjabdigilib.org

ਦਰਸ਼ਨ ਕਰਨ ਆਯਾ ਉਸਨੂੰ ਆਉਂਦਿਆਂ ਦੇਖ ਕੇ ਬਾਬਾ ਜੀ ਠੀਕਰੀਆਂ ਇਕੱਠੀਆਂ ਕਰਨ ਲਗ ਪਏ। ਬਾਦਸ਼ਾਹ ਨੇ ਸਲਾਮ ਕਰਕੇ ਪੁੱਛਿਆ ਏਹ ਕੰਕਰੀਆਂ ਜਮਾ ਕਰ ਕੇ ਕੀ ਕਰੋਗੇ ਬਾਬੇ ਜੀ ਨੇ ਆਖਿਆ ਫਕੀਰਾਂ ਨੂੰ ਤਪੱਸਿਆ ਕਰਨ ਵਾਸਤੇ ਕੰਕਰੀਆਂ ਦਾ ਬਿ ਸਤ੍ਰਾ ਚਾਹੀਦਾ ਹੈ ਸੋ ਸ਼ਾਇਦ ਪਰਲੋਕ ਵਿਚ ਨਾ ਹੋਣ, ਅਸੀ ਏਥੋਂ ਹੀ ਭੇਜ ਦੇਵਾਂਗੇ। ਖਲੀਫੇ ਆਖਿਆ ਕਿਸ ਤਰਾਂ ਭੇਜੋਗੇ ਬਾਬਾ ਜੀ ਬੋਲੇ ਜੈਸੇ ਤੇਰੇ ਨਾਲ ਤੇਰੀ ਦੌਲਤ ਦੇ ਹਜ਼ਾਰਾਂ ਗੱਡੇ ਊਂਟ ਲੱਦੇ ਹੋਏ ਜਾਣਗੇ ਤੈਸੇ ਅਸਾਡੇ ਕੰਕਰ ਭੀ ਪਹੁੰਚ ਪੈਣਗੇ। - ਖਲੀਫੇ ਨੇ ਸ਼ਰਮ ਕੇ ਆਖਿਆ ਸਾਂਈ ਆਪ ਸੱਚ ਆਖਦੇ ਹੋ ਕਿਸੇ ਦੇ ਨਾਲ ਕੁਛ ਨਹੀਂ ਜਾਏਗਾ ਪਰ ਮਨ ਨੂੰ ਸਬਰ ਨਹੀਂ ਆਂਵਦਾ ਬਾਬੇ ਜੀ ਨੇ ਉਸਨੂੰ ਸੰਤੋਖ ਤੇ ਗਿਆਨ ਦ੍ਰਿੜਾਉਣ ਲਈ ਨਸੀਹਤਨਾਮਾ ਉੱਚਾਰਨ ਕੀਤਾ।

## ਨਸੀਹਤਨਾਮਾ ਲਿਖਯਤੇ।

ਕੀਜੈ ਨੇਕ ਨਾਮੀ ਜੋ ਦੇਵੇ ਖੁਦਾ ਜੋ ਦੀਸੇ ਜ਼ਿਮੀ ਪਰ ਸੋ ਹੋਸੀ ਫਨਾ ਦਾਯਮ ਵ ਦੌਲਤ ਕਸੇ ਬੇਸ਼ੁਮਾਰਾ ਨ ਰਹੇਂਗੇ ਕ੍ਰੋੜੀ ਨ ਰਹਿਗੇ ਹਜ਼ਾਰਾ ਦਮੜਾ ਉਸੀ ਕਾ ਜੋ ਖਰਚੇ ਅਰ ਖਾਇ ਦੇਵੇ ਦਿਲਾਵੇ ਰਜ਼ਾਵੇ ਖੁਦਾਇ ਹੋਤਾ ਨ ਰਾਖੇ ਇਕੇਲਾ ਨਾ ਖਾਇ ਤਹਕੀਕ ਦਿਲ ਦਾਨੀ ਵੋਹੀ ਭਿਸ੍ਤ ਜਾਇ। ਕੀਜੀਏ ਤੇਬਾਨ ਕੀਜੇ ਗੁਮਾਨਾ ਹਮੇਸ਼ਾ ਨ ਰਹਿਗੀ ਤੂ ਐਸੀ ਨਜ਼ਨਾ ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰਾ ਸਭੀ ਗ਼ਰਕ ਹੋਤੇ ਕੌ ਲਾਗੇ ਨ ਬਾਰਾ ਦੁਨੀਯਾ ਕਾ ਦੀਵਨਾ ਕਹੇ ਮੁਲਕ ਮੇਰਾ ਆਈ ਮੌਤ ਸਿਰ ਪਰ ਨ ਤੇਰਾ ਨ ਮੇਰਾ ਕੇਤੀ ਗਈ ਦੇਖ ਬਾਜੇ ਬਜਾਇ ਰਹੇਗਾ ਵੁਹੀ ਏਕ ਸਾਚਾ ਖੁਦਾਇ ਆਯਾ ਇਕੇਲਾ ਇਕੇਲਾ ਚਲਾਯਾ ਚਲਤੇ ਵਕ੍ਤ ਕਛੁ ਕਾਮ ਨ ਆਯਾ ਲੇਖਾ ਮੰਗੀਜੇ ਕਿਆ ਦੀਜੇ ਜਵਾਬਾ ਤੋਬਾ ਪੁਕਾਰੇ ਤੋ ਪਾਵੇ ਅਜ਼ਾਬਾ ਕੀਆ ਜ਼ੁਲਮ ਦੁਨੀਆਂ ਪੈ ਦਮੜਾ ਕਮਾਯਾ ਨ ਖਾਯਾ ਖੁਲਾਯਾ ਅਜਾਂਈ ਗਵਾਯਾ ਵੇ ਹੋਂਗੇ ਪਸ਼ੇਮਾਂ ਕਰੇਂ ਹਾਇ ਹਾਇ। ਜਾਏਂ ਜੋ ਦਰਗਾਹ ਤੇ ਪਾਏਂ ਸਜ਼ਾਇ।

ਫੁਟ ਨੋਟ— ਗੁਲਾਮ ਮੁਹੱਯੁਦੀਨ ਮੌਲਵੀ ਤੇ ਹਾਜੀ ਗੁਲਾਮ ਮੁਹੰਮਦ ਇਲਾਹੀ ਬਖਸ਼ ਦੇ ਬੇਟੇ ਤੋਂ ਸੁਣੀ ਏਹ ਭੀ ਸਿਆਲਕੋਟ ਦੇ ਹੀ ਹਨ। ਫੇਰ ਹਾਜ਼ੀ ਫਤੇਖਾਂ ਜਹਾਜ਼ਾਂ ਦੇ ਦਲਾਲ ਬੰਬਈ ਵਾਲੇ ਤੋਂ ਨਿਰਨੇ ਕੀਤੀ ਜੋ ਭਿੰਡੀ ਬਾਜ਼ਾਰ ਸਰਾਇ ਇਸਮਾਈਲਖਾਂ ਵਿਚ ਰਹਿੰਦਾ ਹੈ। ਫੇਰ ਸ਼ਾਹਵਾਜਖਾਂ ਸ਼ਾਹਜ਼ਾਦੇ ਕਾਬਲ ਵਾਲੇ ਤੋਂ ਤੇ ਹਾਜ਼ੀ ਕੁਤਬਦੀਨ ਲਾਹੌਰੀ ਆਦਿਕ ਨਿਰਪੱਖ ਸਾਲਸ ਹੋਰ ਭੀ ਬਹੁਤ ਹਾਜੀਆਂ ਤੋਂ ਨਿਰਨੇ ਕਰਕੇ ਲਿਖੀ ਹੈ। ਕਰਤਾ।

Digitized by Panjab Digital Library | www.panjabdigilib.org

ਲਾਨਤ ਹੈ ਉਨਕੇ ਔਰ ਉਨਕੀ ਕਮਾਈ।ਦਗੇਬਾਜ਼ੀ ਕਰਕੇ ਦੁਨੀਯਾ ਲੂਟ ਖਾਈ।ਪੀ
ਏ ਪਯਾਲੇ ਔਰ ਖਾਏ ਕਬਾਬਾ।ਦੇਖੋ ਰੇ ਲੋਗੋ ਵੁਹ ਹੋਤੇ ਖਰਾਬਾ।ਜਿਸਕਾ ਤੂੰ ਬੰਦਾ ਉਸੇ ਨਾ
ਵਿਤਾਰਾ।ਦੁਨੀਆ ਕੇ ਲਾਲਚ ਮੇਂ ਸਾਹਿਬ ਬਿਸਾਰਾ।ਨ ਕੀਤੀ ਇਬਾਦਤ ਨ ਰਖੀ ਓਈ
ਮਾਨਾ।ਕਰੇ ਨਿੱਤ ਜ਼ੁਲਮੀ ਪੁਕਾਰੇ ਜਹਾਨਾ।ਵਸ੍ਤੀ ਉਜਾੜੇ ਫਿਰ ਨਾ ਬਸਾਵੈਂ।ਕੂਕੇ ਪੁਕਾਰੇ
ਕੀ ਦਾਦ ਨ ਪਾਵੈ।ਹਾਕਮ ਕਹਾਵੈਂ ਹਕੂਮਤ ਨ ਹੋ।ਦੁਨੀਯਾ ਕਾ ਦੀਵਾਨਾ ਫਿਰੇ ਮਸ੍ਤ ਲੋ।
ਲੂਟੇ ਮੁਲਕ ਐਸ਼ ਅਸ਼ਰਤ ਕਮਾਏ।ਦੋਜ਼ਖ ਕੀ ਆਤਸ਼ ਆਖਰ ਜਲਾਏ।ਮਿਹਰ
ਸੇ ਨ ਦੇਖੇ ਦੁਨੀਆ ਕੇ ਦੀਵਾਨੇ।ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨੇ।ਸ਼ਰਮਿੰਦਾ ਨ ਹੋ
ਕੁਛ ਨੇਕੀ ਕਮਾਏ।ਲਾਨਤ ਕਾ ਜਾਮਾ ਤੋ ਪਹਿਰੇਂ ਨ ਜਾਏ।ਗਫ਼ਲਤ ਕਰੋਗੇ ਤੋ ਖਾਓ
ਗੇ ਮਾਰਾ।ਬੇਟਾ ਔਰ ਬੇਟੀ ਕੋ ਲੇ ਹੈਂ ਨਸਾਰਾ।ਤੋਬਾ ਕਰੋ ਬਹੁਤ ਕੀਜੇ ਨ ਜ਼ੋਰਾ।ਦੋਜ਼ਖ ਕੀ ਆ
ਗ ਜਲਾਏਗੀ ਕੋਰਾ।ਅਸ਼ਾਇਕ ਪੈਗੰਬਰ ਕਿਤੇ ਸ਼ਾਹ ਖਾਨਾ।ਨ ਰਹਿਸੀ ਜ਼ਿਮੀ ਪਰ ਇਨੋਂ
ਕੇ ਨਿਸ਼ਾਨਾ।ਚਲਤੇ ਕਬੂਤਰ ਜਨਾਵਰ ਕੀ ਛਾਉਂ।ਕਿਤੇ ਖਾਕ ਹੋਏ ਕੋ ਪੂਛੇ ਨ ਨਾਉਂ।ਚਿਹ
ਲ ਗੀਜ ਜੋ ਤੇ ਨ ਰੱਖੋ ਈਮਾਨਾ।ਵੋਹ ਕਾਫ਼ੂਤੀ ਆਖਰ ਹੂਆ ਪਸ਼ੇਮਾਨਾ।ਨ ਹਰ ਦਫ਼ੇ ਬੰਦੇ
ਇਬਾਦਤ ਬਿਸਾਰਾ।ਅਸ੍ਤੀਵ ਗਫ਼ਲਤ ਸੇ ਬਾਜ਼ੀ ਨ ਹਾਰਾ।ਤੋਬਾ ਕਰੋ ਹਰ ਦਫ਼ਾ ਕਰੋ ਨਾ ਗੁਨ
ਹਾ।ਨਾਨਕ ਇਸ ਆਲਮ ਸੇ ਤੇਰੀ ਪਨਾਹਾ।।=

ਜਦ ਏਹ ਨਸੀਹਤਨਾਮਾ ਤੇ ਕਾਰੂ ਜੇਹੇ ਬਾਦਸ਼ਾਹਾਂ ਦੇ ਬ੍ਰਿਤਾਂਤ ਸੁਣੇ ਤਾਂ ਖਲੀਫੇ ਨੂੰ ਗਯਾ
ਨ ਹੋ ਗਿਆ ਤੇ ਲੱਗਾ ਦੌਲਤ ਪੁੰਨ ਕਰਨਾ।ਖਲੀਫੇ ਦੇ ਔਲਾਦ ਨਹੀਂ ਸੀ ਤੇ ਏਸ ਨੇ ਬ
ਹੁਤ ਫਕੀਰ ਕੈਦ ਕਰ ਰੱਖੇ ਸੇ।ਬਾਬੇ ਨੇ ਆਖਿਆ ਏਨ੍ਹਾਂ ਨੂੰ ਛੱਡੋਗੇ ਤਾਂ ਤੇਰੇ ਘਰ ਬੇਟਾ ਹੋਵੇ
ਗਾ।ਉਸ ਨੇ ਅਰਜ਼ ਕੀਤੀ ਉਤਨਾ ਚਿਰ ਆਪ ਏਥੇ ਰਹੋ।ਬਾਬੇ ਮੰਨ ਲੀਤਾ।ਖਲੀਫੇ ਨੇ
ਮੁੱਠੀ੨ ਸ਼ਰਫੀਆਂ ਦੀ ਦੇਕੇ ਸਭਨਾਂ ਫਕੀਰਾਂ ਨੂੰ ਛੱਡ ਦਿੱਤਾ ਤੇ ਬਾਬੇ ਜੀ ਦੀ ਸੇਵਾ ਵਾਸ੍ਤੇ ਅ
ਦਮੀ ਮੁਕੱਰਰ ਕਰ ਦਿੱਤੇ।

ਕਰਤਾਰ ਦੀ ਕੁਦਰਤ ਨਾਲ ਖਲੀਫੇ ਦੀ ਬੇਗਮ ਨੂੰ ਗਰਭ ਹੋਯਾ ਉਸ ਨੇ ਬਾਬੇ ਦੀ ਤਸ
ਵੀਰ ਉਤਾਰ ਕੇ ਅਪਣੇ ਮਹਿਲ ਵਿਚ ਰੱਖੀ ਤੇ ਇਕ ਚੋਲਾ (ਪੇਰਣ) ਬਹੁਤ ਰੰਗੇ ਰੇਸ਼
ਮੀ ਕਪੜੇ ਦਾ ਬਣਾ ਕੇ ਉਸ ਪਰ ਕਸੀਦਾ ਕੱਢਣਾ ਸ਼ੁਰੂ ਕੀਤਾ ਏਹ ਕਸੀਦਾ ਅਨੇਕ ਮੁਲ
ਕਾਂ ਦੇ ਅੱਖਰਾਂ ਤੇ ਬੋਲੀ ਵਿਚ ਤੇ ਤੌਰੇਤ, ਜ਼ਬੂਰ, ਬਾਯਬਲ, ਇੰਜੀਲ, ਕੁਰਾਨ, ਦਸਾ
ਤੀਰ ਆਦਿਕ ਕਿਤਾਬਾਂ ਦੀਆਂ ਆਯਤਾਂ ਜੋ ਪੈਗੰਬਰਾਂ ਨੂੰ ਖੁਦਾ ਤੋਂ ਨਿਯਮ ਤੇ ਉਪਦੇਸ਼

Digitized by Panjab Digital Library | www.panjabdigilib.org

ਮਿਲੇ ਸਨ, ਤੇ ਬੇਦ ਬਚਨ ਲਿਖ ਕੇ ਤਯਾਰ ਕੀਤਾ ਤੇ ਗੈਸੀਆ ਦੇ ਕਸੀਦੇ ਤੇ ਬੇਲ ਬੂਟੇ
ਬਹੁਤ ਉਮਦਾ ਕੰਮ ਕਰਨ ਵਾਲੀਆਂ ਦੇ ਨਾਲ ਰਲਕੇ ਅਤੀ ਅਨੂਪ ਚੋਲਾ ਤਯਾਰ ਕੀਤਾ।
ਜਦ ਖਲੀਫੇ ਦੇ ਘਰ ਬੇਟਾ ਹੋਯਾ ਤਾਂ ਬੇਗਮ ਸਮੇਤ ਬਡੇ ਬਡੇ ਅਮੋਲਕ ਰਤਨ ਤੇ ਤੋਫੇ
ਤੇ ਓਹ ਚੋਲਾ, ਟੋਪੀ ਲੈਕੇ ਬਾਬੇ ਦੇ ਕਦਮਾਂ ਵਿਚ ਹਾਜ਼ਰ ਹੋਯਾ ਤੇ ਗਰੀਬਾਂ ਨੂੰ ਬੇਸ਼ੁਮਾਰ
ਦੌਲਤ ਵੰਡੀ ਅਤੇ ਮਰਦਾਨੇ ਨੂੰ ਭੀ ਬਾਂਛਤ ਪਦਾਰਥ ਦਿੱਤੇ।

ਓਦੋਂ ਹੀ ਖਲੀਫੇ ਨੇ ਮੱਕੇ, ਮਦੀਨੇ, ਕਰਬਲਾ ਆਦਿਕ ਪੂਜਨੀਕ ਅਸਥਾਨਾਂ ਤੇ ਮਿਸਰ
ਵਿਚ ਪੀਰਾਨ ਪੀਰ ਦੇ ਬੇਟੇ ਪੀਰ ਅਬਦੁਲ ਬਹਾਵ ਤੇ ਹਜ਼ਰਤ ਯੂਸਫ ਤੇ ਬੀਬੀ ਜੁਲੇਖਾਂ
ਆਦਿਕ ਪੀਰਾਂ ਦੇ ਮਕਾਨਾਂ ਵਿਚ ਖੈਰਾਯਤੀ ਲੰਗਰ ਜਾਰੀ ਕਰ ਦਿੱਤੇ, ਅਤੇ ਜੱਦੇ, ਮੱਕੇ, ਮ
ਦੀਨੇ, ਬਗੁਦਾਦ ਵਿਚ ਨਾਨਕ ਪੀਰ ਦੀ ਯਾਦਗਾਰ ਲਈ ਮੰਦਰ ਬਣਵਾ ਕੇ ਲੰਗਰ ਲ
ਦਿੱਤੇ ਜੋ ਹੁਣ ਤਕ ਜਾਰੀ ਹਨ।

ਬਗੁਦਾਦ ਤੋਂ ਚਲਕੇ ਬਾਬਾ ਜੀ ਮੁਲਕ ਰੂਮ ਦੀ ਰਜਧਾਨੀ ਹਲਬ ਸ਼ਹਿਰ ਪਹੁੰਚ ਕੇ ਸਬ
ਦ ਗਾਉਣ ਲੱਗੇ। ਮੁਹੰਮਦੀ ਸ਼ਰਾ ਦੇ ਅਨੁਸਾਰੀ ਲੋਗ ਮਨ੍ਹਾ ਕਰ ਰਹੇ ਪਰ ਬਾਬਾ ਜੀ ਨਾਂਹ
ਟੇ। ਫੇਰ ਪੀਰ ਮੁਹੱਯੁੱਦੀਨ ਹਟਾਉਣ ਆਯਾ - ਪਰ ਉਸ ਵਕ੍ਤ ਰਾਗ ਦਾ ਐਸਾ ਸਮਾ ਬੰਧ
ਰਿਹਾ ਸੀ ਕਿ ਬੇਨਜ਼ੀਰ ਸ਼ਬਦ ਦੀ ਤਾਸੀਰ ਨਾਲ ਪੀਰ ਭੀ ਮਸਤ ਹੋ ਝੂਲਣ ਲਗ ਪਿਆ,
ਤੇ ਹੋਰ ਜੋ ਫਕੀਰ ਅਮੀਰ ਉਸਦੇ ਨਾਲ ਆਏ ਸੇ ਸਭ ਨੀਰ ਹੋ ਗਏ ਤੇ ਮਸਤ ਹੋਕੇ ਗਾਉਣ
ਲਗ ਪਏ। ਗੁਰੂ ਜੀ ਚੁੱਪ ਹੋਏ ਤਾਂ ਸਬ ਨੂੰ ਸੋਝੀ ਆਈ। ਪੀਰ ਤਾਂ ਬਾਬੇ ਦੇ ਸਬਦ ਦਾ ਮੀਨ
ਬਨ ਗਿਆ। — ਏਹ ਚਰਚਾ ਸੁਣਕੇ ਕਾਜ਼ੀ ਤੇ ਮੌਲਵੀਆਂ ਦੇ ਕਹੇ ਹੋਏ ਬਾਦਸ਼ਾਹ ਨੇ ਆ
ਪਣੇ ਮੁਰਸ਼ਦ ਪੀਰ ਅਬਦੁਲ ਰਹਿਮਾਨ ਰੂਮੀ ਨੂੰ ਬਾਬੇ ਦੇ ਪਰਖਣ ਵਾਸਤੇ ਆਖਿਆ। ਉਸਨੇ
ਆਪਣਾ ਚੇਲਾ ਸੱਯਦ ਅਹਿਮਦ ਗੌਸ ਭੇਜਿਆ ਅਗੇ ਮਰਦਾਨਾ ਇਸ਼ਨਾਨ ਕਰਕੇ (ਲੱ
ਖ ਆਕਾਸਾਂ ਆਕਾਸ, ਲੱਖ ਪਾਤਾਲਾਂ ਪਾਤਾਲ) ਏਹ ਪੜ੍ਹ ਰਿਹਾ ਸੀ ਪੀਰ ਦੇ ਚੇਲੇ ਨੇ ਤੌ
ਬਾ ੨ ਕਰਕੇ ਆਖਿਆ ਪੰਜਾਬੀ ਫਕੀਰ, ਐਤਨਾ ਕੂੜ ਕਿਉਂ ਬੋਲਦਾ ਹੈ ਪੈਗੰਬਰ ਨੇ ਤਾਂ ਚੌ
ਦਾਂ ਹੀ ਤਬਕ ਦੱਸੇ ਹਨ, ਏਹ ਗੱਲ ਕਰਦੇ ੨ ਗੁਰੂ ਜੀ ਪਾਸ ਆਏ ਤਾਂ ਬਾਬੇ ਜੀ ਨੇ ਆਖਿਆ
ਤੁਹਾਡੇ ਪੈਗੰਬਰ ਨੂੰ ਚੌਦਾਂ ਹੀ ਤਬਕਾਂ ਦੀ ਖਬਰ ਹੋਈ ਹੈ ਤੇ ਸਾਡੇ ਪਰਮੇਸ਼ੁਰ ਨੇ ਸਾਨੂੰ ਲੱਖਾਂ
ਹੀ ਦਿਖਾਏ ਹਨ। ਉਸਨੇ ਏਹੋ ਗੱਲ ਆਪਣੇ ਪੀਰ ਨੂੰ ਜਾ ਦੱਸੀ ਤਾਂ ਪੀਰ ਆਪ ਆਯਾ, ਬਾ
ਬਾ ਜੀ ਨੇ ਈਸ਼੍ਵਰ ਚਰਿਤ੍ਰ ਸ੍ਰਿਸ਼ਟੀ ਦੇ ਲੱਖਾਂ ਹੀ ਅਕਾਸ਼ ਤੇ ਪਤਾਲਾਂ ਦਾ ਗਿਆਨ ਪ੍ਰਤੱਖ ਕਰਾ

Digitized by Panjab Digital Library | www.panjabdigilib.org

ਦਿੱਤਾ। ਪੀਰ ਕੋਲੋਂ ਬਾਬੇ ਦੀ ਮਹਿਮਾ ਸੁਣਕੇ ਬਾਦਸ਼ਾਹ ਭੀ ਦਰਸ਼ਨ ਨੂੰ ਆਯਾ। ਬਾਬੇ ਜੀ ਦਾ ਸਬਦ ਸੁਣਕੇ ਬਾਦਸ਼ਾਹ ਭੀ ਮਸਤ ਹੋ ਗਿਆ ਤੇ ਸਾਰੇ ਸਾਥੀ ਭੀ ਤਾਲ ਤੇ ਸੁਰਾਂ ਭੁਰਣ ਲਗ ਪਏ। ਅਤੇ ਸੇਵਕ ਬਣ ਗਏ। ਏਥੇ ਬਾਦੇ ਫਕੀਰ ਦੀ ਮਸੀਤ ਪਾਸ ਬਾਬੇ ਦਾ ਮਕਾਨ ਹੈ ਜਿਸ ਨੂੰ ਵਲੀ ਹਿੰਦ ਦੀ ਮਸੀਤ ਆਖਦੇ ਹਨ।

ਏਥੋਂ ਚਲਕੇ ਬੱਕਰ ਦੇ ਮੁਲਕ ਨੂੰ ਦੇਖਦੇ ਹੋਏ ਦਰੀਯਾ ਫਰਾਤ ਨੂੰ ਲੰਘਕੇ ਸੋਆਸ ਸ਼ਹਿਰ ਠਹਿਰ, ਈਰਾਨ ਦੇ ਮੁਲਕ ਵਿਚ ਤੁਰਹਾਨ ਸ਼ਹਰ ਜਾ ਉਤਰੇ। ਏਥੋਂ ਦੇ ਹਾਕਮ ਦਾ ਸੁਧਾਰ ਕਰਕੇ, ਅਸਫਹਾਨ, ਨੈਰਸੀ ਆਦਿਕ ਸ਼ਹਿਰਾਂ ਵਿਚੋਂ ਦੀ ਰੂਸ ਦੇ ਮੁਲਕ ਵਿਚ ਜਾ ਠਹਿਰੇ। ਇਹ ਮੁਲਕ ਈਰਾਨ ਤੇ ਤੁਰਕਿਸਤਾਨ ਦੇ ਵਿਚਕਾਰ ਹੈ। ਏਥੇ ਇਕ ਪਹਾੜ ਵਿਚੋਂ ਕਈ ਜਗ੍ਹਾ ਪਰ ਅੱਗ ਨਿਕਲਦੀ ਹੈ ਜਿਸ ਨੂੰ ਮਹਾਜ੍ਵਾਲਾ ਆਖਦੇ ਹਨ। ਏਥੋਂ ੪ ਮਜ਼ਲਾਂ ਗੁਲੇਲਾਲ[1] ਪਰਬਤ ਹੈ ਇਸ ਪਰ ਇਕ ਬੂਟੀ ਲਾਲ ਪੱਤਾਂ ਵਾਲੀ, ਖੁਸ਼ਬੋਦਾਰ ਬਾਰਾਂ ਮਹੀਨੇ ਖਿੜੀ ਰਹਿੰਦੀ ਹੈ ਜਿਸ ਕਰਕੇ ਪਰਬਤ ਬਹੁਤ ਸੋਭਨੀਕ ਮਾਲੂਮ ਹੁੰਦਾ ਹੈ। ਏਨਾਂ ਦਾ ਸੈਲ ਕਰ ਮੁਲਕ ਤੁਰਕਿਸਤਾਨ ਵਿਚ ਉਰਗੰਜ ਦੇਸ ਤੇ ਕਿਲੇ ਨੂੰ ਦੇਖ ਕੇ, ਜਾਵੇਹੀ ਸ਼ਹਿਰ ਆਇ ਠਹਿਰੇ। ਏਥੇ ਇਕ ਸੀਰਾਜ ਨਾਮੀ ਸਿੱਧ ਸੀ ਏਸ ਦਾ ਹੰਕਾਰ ਤੋੜ ਬ੍ਰਹਮ ਗਯਾਨ ਦ੍ਰਿੜਾਯਾ ਏਥੇ ਭੀ ਬਾਬੇ ਦੀ ਜਗਹ ਹੈ। —ਏਥੋਂ ਚੱਲ ਕੋਕਾਨ[2] ਦੇਸ ਤੇ ਸ਼ਹਿਰ ਵਿਚ ਜਾ ਫਿਰੇ ਏਥੇ ਮੇਵਾ ਸਬਤਰਾਂ ਦਾ ਹੁੰਦਾ ਹੈ, ਏਥੋਂ ਤਾਸਕੰਦ ਤੇ ਖੋਜੰਦ ਆਦਿਕ ਸ਼ਹਿਰਾਂ ਦਾ ਸੈਲ ਕਰਦੇ ਹੋਏ ਓਰਾਤਪਾ ਸ਼ਹਰ ਜੋ ਦਰੀਯਾਏ ਸ਼ੀਰ ਦੇ ਕਿਨਾਰੇ, ਬੁਖਾਰੇ ਤੇ ਕੋਕਨ ਦੀ ਹੱਦ ਹੈ ਓਥੇ ਠਹਿਰ ਕੇ ਬਾਬੇ ਨੇ ਬਹੁਤ ਲੋਗਾਂ ਦਾ ਸੁਧਾਰ ਕੀਤਾ। ਏਹ ਲੋਗ ਹੁਣ ਤਕ ਵਲੀ ਹਿੰਦ ਦੇ ਮੁਰੀਦ ਸੱਦੀਦੇ ਹਨ, ਈਸ਼੍ਵਰ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਦੇ ਤੇ ਨਾਂਹੀ ਮੱਕੇ ਜਾਂਦੇ ਹਨ।

ਓਰੇਤਪੇ ਤੋਂ ਸ਼ੀਰ ਦਰੀਯਾ ਪਾਰ ਹੋ ਜੀਜਕ ਸ਼ਹਰ ਜੋ ੧੯੧੨ ਬਿ: ਵਿਚ ਰੂਸ ਤੇ ਬੁਖਾਰੇ ਦੀ ਹੱਦ ਸੀ, ਏਸ ਰਸਤੇ ਬੁਖਾਰੇ ਵਿਚ ਆ ਫਿਰੇ। — ਸਮਰਕੰਦ ਸ਼ਹਿਰ ਜੋ ਤਖਤਗਾਹ ਬੁ

1 ਬਾਵਾ ਜੈਮਲ ਸਿੰਘ ਭੱਲਾ ਤੇ ਬਾਵਾ ਗੋਬਿੰਦ ਬੇਦੀ ਏਥੇ ਤਾਂਈ ਹੋ ਆਏ ਹਨ।

2 ਕੋਕਾਨ ਮੁਲਕ ਵਿਚ ਓਸ਼ ਮ੍ਰਿਗਲਾਨ, ਖੋਜੰਦ, ਨਿਮੰਗਾਨ, ਤਾਸਕੰਦ ਆਦਿਕ ਵਡੇ ੨ ਸ਼ਹਰ ਹਨ। ਕਨਾਰੀ ਘੋੜੇ, ਮੋਟੇ ਮਧਰੇ ਵੱਡੀ ਜੱਤ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਹਿੰਦ ਵਿਚ ਚਾਰਗੋਸ ਆਖਦੇ ਹਨ ਕਿਸੇ ੨ ਦੇ ਚਾਰ ਕੰਨ ਭੀ ਹੁੰਦੇ ਹਨ। ਅਰਗਾਜੀ ਘੋੜੇ ਪਤਲੇ ਜ਼ੋਰਾਵਰ ਹੁੰਦੇ ਹਨ। ਸੌ ਕੋਸ ਤਕ ਹਾਰਦੇ ਨਹੀਂ ਰਦੇ ਰੁਮਾਲ, ਕਲਾਗਈ ਅਤਲਸ ਆਦਿਕ ਚੀਜ਼ੇ ੨ ਕਪੜੇ ਤੇ ਸਮੀ ਮਸ਼ਹੂਰ ਹਨ। ਕੋਕਾਨ ਤੇ ਖੋਜੰਦ ਸ਼ਹਿਰ ਤੋਂ ੮ ਕੋਸ ਪੂਰਬ ਉਜਾੜ ਵਿਚੋਂ ਪੌਣ ਮੇਜੀ ਨਿਕਲਦੀ ਹੈ ਜੋ ਦੋ ੨ ਮੀਲ ਕਿ ਜਿਸ ਨੂੰ ਨੇੜੇ ਨਵੀਂ ਆਵਣ ਦਿੰਦੀ ਤੇ ਏਸ ਜਗਾ ਦਾ ਪਤਾ ਨਹੀਂ ਹੋ ਜਾਂਦਾ ਹੈ।

Digitized by Panjab Digital Library | www.panjabdigilib.org

ਖਾਰੇ ਦਾ ਹੈ ਤੇ ਏਸੇ ਨੂੰ ਬ੍ਰਮਾ ਦਾ ਤਖ਼ਤ ਭੀ ਆਖਦੇ ਹਨ ਏਹ ਸ਼ਹਰ ੨੨ ਕੋਹ ਲੰਬਾ ਹੈ ਤੇ ਸਵਾ ਲੱਖ ਮਸੀਤ ਇਸਦੇ ਵਿਚ ਹੈ। — ਏਥੇ ਦੇ ਕਾਜ਼ੀਆਂ ਮੌਲਵੀਆਂ ਤੇ ਪੀਰਾਂ, ਫਕੀਰਾਂ ਨਾਲ ਗਯਾਨ ਚਰਚਾ ਕਰ ਬਾਬੇ ਨੇ ਉਨ੍ਹਾਂ ਨੂੰ ਸਾਰੇ ਪਰਮੇਸ਼੍ਵਰ ਬਯਾਪਕ ਦਾ ਗਯਾਨ ਕੀਤਾ ਤੇ ਆਪਣੀ ਕਰਣੀ ਨਾਲ ਬਹਿਸ਼ਤ ਦੋਜ਼ਖ ਮਿਲਨਾ ਮਨਾਯਾ ਤੇ ਇਹ ਖਯਾਲ ਜੋ ਉਨ੍ਹਾਂ ਉਨ੍ਹਾਂ ਦੇ ਦਿਲ ਵਿਚ ਸਮਾਯਾ ਹੋਯਾ ਸੀ ਕਿ ੭ ਵੇਂ ਅਕਾਸ ਵਿਚ ਖ਼ੁਦਾ ਦੇ ਪਾਸ ਬੈਠਕੇ ਪੈਗੰਬਰ ਆਪਣੀ ਉੱਮਤ ਨੂੰ ਬਖਸ਼ਾਵੇਗਾ, ਝੂਠਾ ਦੇਖਾਯਾ ਤੇ ਬੰਦਗੀ ਕਰਨ ਲਾਯਾ ਏਥੇ ਭੀ ਗੁਰੂ ਜੀ ਦਾ ਮਕਾਨ ਹੈ। — ਏਥੋਂ ਸਿੰਧ ਦਰੀਯਾਇ ਉਤਰਕੇ ਸਬਜ਼[1] ਸ਼ਹਰ ਮਰਦਾਨੇ ਨੂੰ ਜਾ ਦੇਖਾਯਾ, ਤੇ ਤਖ਼ਤ ਸੁਲੇਮਾਨ ਦੇ ਮਜਾਵਰਾਂ ਨੂੰ ਰੱਬ ਦੇ ਰਾਹ ਪਾਕੇ, ਉਸ ਸ਼ਹਰ ਤੋਂ ਅੱਗੇ ਸੀਕਨ ਪਰਬਤ ਨੂੰ ਚੀਰ ਕੇ, ਅਰਗੂਜ ਸ਼ਹਿਰ, ਕਤਾਕੁਰਗਾਨ ਸ਼ਹਰ ਨੂੰ ਦੇਖ, ਪੰਜਸੰਬੇ ਸ਼ਹਰ ਜਾ ਉਤਰੇ। — ਪੀਰ ਜਲਾਲ ਮੁਹਦਾਨ ਤੇ ਉਥੋਂ ਦੇ ਕਾਜ਼ੀ ਮੌਲਵੀ ਜੋ ਪਰੀਆਂ ਤੇ (ਗੁਲਫਾਮ) ਛੋਕਰੇ ਆਦਿਕ ਮਨ ਭਾਉਂਦੇ ਵਿਸ਼ੇ ਭੋਗਾਂ ਨੂੰ ਬਹਿਸ਼ਤ ਮੰਨੀ ਬੈਠੇ ਸਨ ਉਹ ਬੂਰ ਦੇ ਲੱਡੂ ਛੁਡਾਕੇ ਪਰਮੇਸ਼੍ਵਰ ਦੇ ਨਾਮ ਦੇ ਸੱਚੇ ਲੱਡੂ ਛਕਣ ਲਗਾਯਾ ਏਥੇ ਭੀ ਬਾਬੇ ਦਾ ਥੜਾ ਮੰਨੀਦਾ ਹੈ। ਏਹ ਸ਼ਹਰ ਹੁਣ ਰੂਸ ਤੇ ਬੁਖਾਰੇ ਦੀ ਹੱਦ ਹੈ।

ਏਥੋਂ ਕਾਰਜ਼ਈ, ਕਰਮੀਨਾ ਆਦਿਕ ਸ਼ਹਿਰਾਂ ਤੇ ਮੁਲਕਾਂ ਦਾ ਸੈਲ ਕਰਦੇ ਹੋਏ, ਸਿੰਧ ਦਰਿਆ ਦੇ ਕਿਨਾਰੇ ਹਰਤਰਾਂ ਦੇ ਮੇਵੇ ਦੀਆਂ ਖਾਣਾਂ ਨੂੰ ਦੇਖਕੇ, ਨੁਰਾਤਾ ਫਕੀਰ ਜੋ ਪਹਾੜੀ ਉਤੇ ਤਪ ਕਰਦਾ ਹੋਯਾ ਪਾਣੀ ਤੋਂ ਤੰਗ ਸੀ, ਉਸਦੀ ਔਖਯਾਈ ਮੇਟਣ ਵਾਸਤੇ ਕਰਤਾਰ ਅੱਗੇ ਬੇਨਤੀ ਕਰ ਜਲ ਦਾ ਚਸ਼ਮਾ ਪ੍ਰਗਟ ਕਰ ਦਿੱਤਾ ਏਸੇ ਜਲ ਦੇ ਪ੍ਰਤਾਪ ਨਾਲ ਹੁਣ ਉਥੇ ਨੁਰਾਤਾ ਨਾਮ ਪਿੰਡ ਬਸਦਾ ਹੈ ਤੇ ਬਹੁਤ ਸਾਰਾ ਦੇਸ ਆਬਾਦ ਹੋ ਰਿਹਾ ਹੈ ਉਨ੍ਹਾਂ ਦੇਸਾਂ ਦੇ ਲੋਗ ਬਾਬੇ ਨੂੰ ਬਲਾ ਗਰਦਾਨ ਪੀਰ ਯਾ ਵਲੀ ਹਿੰਦ ਆਖਦੇ ਹਨ ਕੋਈ ੨ ਨਾਨਕ ਪੀਰ ਭੀ ਆਖਦੇ ਹਨ। ਪੂਰਨਮੋਂ ਦੀ ਪੂਰਨਮੋਂ ਮੰਨਤ ਦੇਣ ਵਾਲਿਆਂ ਦਾ ਮੇਲਾ ਹੋ ਜਾਂਦਾ ਹੈ, ਤੇ ਚਨਾਤ ਦਾ ਜੋ ਰੁ

1 ਸਬਜ਼ ਸ਼ਹਿਰ ਨੂੰ ਪਰੀਆਂ ਦਾ ਤੇ ਉਥੋਂ ਦੋ ਕੋਸ ਦੇ ਕਤਾਬ ਸ਼ਹਰ ਨੂੰ ਦੇਵਾਂ ਦਾ ਆਖਦੇ ਹਨ ਤੇ ਏਥੇ ਹੀ ਇਕ ਪਹਾੜੀ ਉਤੇ ਕੋਠਾ ਹੈ ਜਿਸਨੂੰ ਸੁਲੇਮਾਨ ਦਾ ਤਖ਼ਤ ਆਖਦੇ ਹਨ ਸੁਣਿਆ ਹੈ ਕਿ ਏਥੇ ਰਾਤ ਨੂੰ ਪਰੀਆਂ ਤਖ਼ਤ ਲੈਕੇ ਆਂਵਦੀਆਂ ਹਨ ਏਹ ਪਹਾੜ ਬਹੁਤ ਸੁੰਦਰ ਹੈ ਜੋ ਕੋਈ ਏਥੇ ਰਾਤ ਰਹੇ ਉਹ ਸਵੇਰੇ ਮਰ ਜਾਂਦਾ ਹੈ ਜਦ ਪਰੀਆਂ ਆਉਂਦੀਆਂ ਹਨ ਤਾਂ ਕੇਉੜੇ ਦੀ ਖੁਸ਼ਬੋ ਆਂਵਦੀ ਹੈ ਏਥੇ ਹੀ ਹੁਸਨਬਾਨੋ ਨਰਗਸਬਾਨੋ ਪਰੀ ਦੀ ਕੰਦਰਾ ਹੈ ਏਸ ਦਰਵਾਜ਼ੇ ਦੇ ਥੀਸਰਾਜ ਅੰਦਰੋਂ ਜਲ ਬੜੇ ਜੋਰ ਨਾਲ ਨਿਕਲਦਾ ਹੈ ਜੋ ਦਰੀਯਾਇ ਕੋਹਸਤਾਨ ਹੋਕੇ ਚਲਦਾ ਹੈ ਉਹ ਜਲ ਕਿਸੇ ਨੂੰ ਅੰਦਰ ਨਹੀ ਜਾਣ ਦਿੰਦਾ।

Digitized by Panjab Digital Library | www.panjabdigilib.org

ਪਯਾ ਪੈਸਾ ਆਂਵਦਾ ਹੈ ਉਹ ਨੁਰਾਤੇ ਦੇ ਫਕੀਰ ਪੁਜਾਰੀ ਲੈਂਦੇ ਹਨ ਉਹੋ ਨਾਨਕ ਪੀਰ ਦਾ ਚ ਸ਼ਮਾ ਦਸਦੇ ਹਨ। ਏਥੋਂ ਦੀ ਮੱਛੀ ਕੋਈ ਨਹੀਂ ਮਾਰਦਾ ਬਹੁਤ ਮੱਛੀਆਂ ਨੂੰ ਸੁਾਇਨੇਦੀਆਂ ਨੱਥਾਂ ਹਨ। ਉਹ ਮਜਾਵਰ ਤੇ ਦੇਸੀ ਲੋਗ ਆਖਦੇ ਹਨ ਕਿ ਜਦ ੧੮੯੩ ਬਿ: ਵਿਚ ਬੁਖਾਰੇ ਦੇ ਬਾਦਸ਼ਾਹ ਅਬਦੁੱਲਾਹ ਨੇ ਹਸਾਰ ਮੁਲਕ ਦੇ ਮੀਰ ਉੱਤੇ ਚੜ੍ਹਾਈ ਕੀਤੀ ਤੇ ਪਾਹਿ ਲੇ ਹਾਰ ਹੋਈ, ਫੇਰ ਬਾਬੇ ਜੀ ਦੇ ਚਸ਼ਮੇ ਦੀ ਸੁੱਖਣਾ ਸੁੱਖੀ ਤਾਂ ਫਤੇ ਪਾਈ ਉਸ ਨੇ ਮੱਛੀਆਂ ਨੂੰ ਨੱਥਾਂ ਪਾਛੱਡੀਆਂ ਹਨ। ਮੁਲਕ ਹਜਾਰਾ, ਕੁਲਾਬ, ਕੁਵਾਦੀਆਂ, ਕੌਕਾਨ, ਹਸਾਰ, ਤਾਸਕੰਦ, ਸ਼ਹਰ ਸਬਜ਼ ਏਨ੍ਹਾਂ ਸਬਨਾਂ ਮੁਲਕਾਂ ਦੇ ਮੀਰ ਸ਼ਾਹ ਬੁਖਾਰੇ ਦੇ ਤਾਬੇਦਾਰ ਸਨ। ਕੁਛ ਤਾਂ ਸੰ: ੧੯੧੮ ਬਿ: ਵਿਚ ਤੇ ਕੁਛ ਸੰ: ੧੯੨੩ ਵਿਚ ਜਦ ਸ਼ਾਹ ਰੂਸ ਨੇ ਬੁਖਰੇ ਨੂੰ ਫਤੇ ਕਰਕੇ ਆਪਣਾ ਤਾਬੇਦਾਰ ਕਰ ਲੀਤਾ ਤਦ ਤੋਂ ਹੋਰ ਸਬ ਮੀਰ ਰੂਸ ਦੇ ਤਾਬੇ ਹੋ ਗਏ। ਅਬਦੁਲ ਸ਼ਾਹ ਨੇ ਆਪਣੇ ਮੁਲਕ ਵਿਚ ਘੁੱਗੀ, ਕੂੰਜ, ਸਾਰਸ, ਚਿੜੀ ਮਾਰਨੇ ਬੰਦ ਕਰ ਰੱਖੀ ਸੀ ਹੁਣ ਤਕ ਉਹੋ ਰਿਵਾਜ ਚਲਾ ਜਾਂਦਾ ਹੈ। ਤੇ ਏਥੇ ਭੈਂਸ, ਹਾਥੀ ਨਹੀਂ ਹੁੰਦੇ ਗਊਆਂ ਥੋੜੀਆਂ ਹਨ। ਬਕਰੀ, ਦੁੰਬੀ ਊਂਟਨੀ ਦਾ ਦੁੱਧ ਬਰਤਦੇ ਹਨ, ਮਾਸ ਤੇ ਮੇਵਾ ਬਹੁਤ, ਅੰਨ ਥੋੜਾ ਖਾਂਦੇ ਹਨ। — ਨੁਰਾਤੇ ਤੋਂ ਚਲਕਰ ਵਕੰਦ ਸ਼ਹਰ ਨੂੰ ਦੇਖ, ਬੁਖਾਰੇ ਵਿੱਚ ਜਿੱਥੇ ਹੁਣ ਬਾਬੇ ਦਾ ਚਸ਼ਮਾ ਹੈ ਜਾ ਬੈਠੇ। ਏਥੇ ਭੀ ਇਕ ਅਫਜ਼ੁਲ ਕਾਦਰੀ ਮਸ਼ਹੂਰ ਫਕੀਰ ਸੀ, ਮਰਦਾਨੇ ਨੇ ਜਲ ਮੰਗਿਆ ਉਨ੍ਹਾਂ ਨੇ ਸ਼ਹਜੇਹੀ ਆਖਿਆ ਆਪਣਾ ਲਿਆ ਕੇ ਪੀਓ, ਬਾਬੇ ਨੇ ਜ਼ਿਮੀਨ ਪੁਟਾਈ ਤਾਂ ਚਸ਼ਮਾ ਨਿਕਲ ਆਯਾ। ਪਿੱਛੋਂ ਦਿਨਾਂ ਦੇ ਬਾਦ ਵਕੰਦ ਸ਼ਹਰ ਪਾਸੋਂ (ਜੋ ੧੨ ਕੋਸ ਦੇ ਫਾਸਲੇ ਪਰ ਹੈ) ਸਿੰਧ ਦਰੀਯਾਇ ਦਾ ਪਾਣੀ ਲਿਆ ਕਰ ੩੬੦ ਤਾਲਾਬ ਭਰੇ ਜਾਂਦੇ ਹਨ ਸਬ ਲੋਕ ਏਹੋ ਜਲ ਬਰਤਦੇ ਹਨ ਏਨ੍ਹਾਂ ਤਲਾਵਾਂ ਦੇ ਕੰਢੇ ਉੱਤੇ ਇਕ ੨ ਮਦਰਸਾ ਹੈ ਤੇ ਸ਼ਹਰ ਵਿਚ ੩੬੦ ਮਸੀਤ ਹੈ।

ਏਥੋਂ ੪ ਕੋਸ ਪਰ ਬਹਾਵਦੀਨ ਫਕੀਰ ਤਪਸੀ ਬੈਰਾਗੀ ਵਡਾ ਮਸ਼ਹੂਰ ਸੀ ਬਾਬਾ ਜੀ ਦੇਖਣ ਵਾਸਤੇ ਗਏ ਤਾਂ ਉਸ ਨੇ ਬਹੁਤ ਪ੍ਰੇਮ ਕੀਤਾ। ਉਸ ਨੂੰ ਸਿਰੋਂ ਨੰਗਾ ਦੇਖ ਬਾਬੇ ਜੀ ਨੇ ਆਪਣੀ ਦਲਕੀ ਟੋਪੀ ਬਖਸ਼ੀ ਜੋ ਹੁਣ ਤਕ ਬਹਾਵਦੀ ਫਕੀਰ ਪਹਿਨਦੇ ਹਨ ਹੋਰ ਕਿਸੇ ਨੂੰ ਪਹਿਰਣੀ ਨਹੀਂ ਮਿਲਦੀ। ਸੈਂਕੜੇ ਫਕੀਰ ਉਹ ਟੋਪੀ ਨਾਨਕ ਪੀਰ ਦੀ ਬਖਸ਼ਸ਼ ਦੱਸਦੇ ਹਨ। ਏਥੇ ਬਾਬੇ ਦੇ ਡੇਰੇ ਦਾ ਜਿਸ ਵਿਚ ਭੰਗ ਘੋਟੀ ਸੀ ਤੇ ਸੋਟੇ ਦਾ ਜੋ ਹੁਣ ਬ੍ਰਿੱਛ ਬਣ ਰਿਹਾ ਹੈ ਦਰਸ਼ਨ ਹੁੰਦਾ ਹੈ ਉਸ ਬ੍ਰਿੱਛ ਨੂੰ ਕੋਈ ਪਛਾਣ ਨਹੀਂ ਸੱਕਦਾ, ਫਲ ਫੂਲ ਪੱਤ

Digitized by Panjab Digital Library | www.panjabdigilib.org

ਫਾਕੂ ਉਸਨੂੰ ਕਦੇ ਨਹੀਂ ਹੁੰਦੀ। ਬਾਬੇ ਦੇ ਕੂੰਡੇ ਤੇ ਬਿੰਛ ਦੀ ਮੰਨਤ ਦੇਣ ਦੂਰੋਂ ੨ ਲੋਗ ਆਉਂਦੇ ਹਨ। ਨਾਨਕ ਪੀਰ ਦਾ ਦੈਰ, ਡੇਰਾ ਮਸ਼ਹੂਰ ਹੈ। ਬਹਾਵਦੀ ਪੁਜਾਰੀ ਫਕੀਰ ਹਨ। ਬੁਖਾਰੇ ਤਕ ਤਾਂ ਹਿੰਦੂ ਅਰੋੜੇ ਸਿੱਖ ਗੁਰੂ ਕੇ ਅਨੇਕ ਹਨ, ਤੇ ਪਰੇ ਥੋੜੇ। ਬੁਖਾਰੇ ਤੋਂ ਚਲ ਕਰਛੇ ਸ਼ਹਿਰ ਪਹੁੰਚੇ ਉਥੋਂ ਉਰੇ ਹਾਮੂ ੪੫ ਕੋਸ ਹੈ ਏਸ ਅੱਸੀ ਯਾ ਸੌ ਕੋਸ ਬੁਖਾਰੇ, ਤੇ ੬੦ ਕੋਸ ਪਰੇ ਤਾਈਂ ਰੇਤੇ ਦੀ ਧਰਤੀ ਮੈਦਾਨ ਹੈ। ਕਰਛੇ ਤੋਂ ਦੱਖਣ ਪੱਛੋਂ ਦੇ ਵਿਚਕਾਰ ਹਾਰਜੋਏ ਦਾ ਤੇ ਪੰਚਦਹਵੇ ਦਾ ਮੁਲਕ ਹੈ।— ਕਰਛੋਂ ਚੜ੍ਹਦੇ ਦੀ ਤਰਫ ਕਤਾਕੁਰਗਾਨ, ਬੋਰਕੇ, ਲਕਈ ਏਹ ਤਿੰਨ ਦੇਸ ਹਨ ਜਿਨ੍ਹਾਂ ਵਿਚ ਜੁਰਰੀ, ਚੀਨਉਹੀਸਾਰ, ਕਰਾਤਾਕ (ਏਥੋਂ ਦੇ ਹੱਥਿਆਰ ਉਜਾਗਰ ਹਨ) ਕੁਲਾਬ, ਲਾਲਬਦਖਸ਼ਾਂ, ਬਿਦਖਸ਼ਾਂ ਜਿਥੋਂ ਉਕਾਬ ਜਾਨਵਰਾਂ ਦੇ ਪਰ ਜੋ ਏਧਰ ਕਲਗੀਆਂ ਵਿਚ ਲਗਦੇ ਹਨ ਤੇ ਉਧਰ ਸਿਰਹਾਣੇ ਗਦੈਲੇ ਭਰੀਦੇ ਹੈਨ ਆਂਵਦੇ ਹਨ। ਬਾਜ ਜਾਨਵਰ ਭੀ ਉਥੋਂ ਹੀ ਆਂਵਦੇ ਹਨ। ਬਿਦਖਸ਼ਾਂ ਤੋਂ ੪੦ ਕੋਹ ਇਕ ਵਜ਼ੀਰ ਪਹਾੜ ਵਿਚ ਚਿੱਟੇ ਬਾਜ ਹੁੰਦੇ ਹਨ, ਏਸ ਮੁਲਕ ਦਾ ਕੁਲਾਬ ਸ਼ਹਿਰ ਤਖਤ ਹੈ। — ਕਰਛੋਂ ਤੋਂ ੪੫ ਕੋਸ ਹਾਮੂ ਦਰੀਯਾ ਜਿਸ ਵਿਚੋਂ ਉਜਬੁਕ, ਤਾਜਕ ਕੌਮਾ ੧ਸੰਧੀ ਡਾਂਦੇ ਲੋਗ ਸੁਾਇਨਾ ਕੱਢਦੇ ਹਨ ਤੇ ਘੋੜੇ ਬੇੜੇ ਖਿਚਕੇ ਤਰਦੇ ਹੋਏ ਪਾਰ ਕਰਦੇ ਹਨ। ਤਿਨ ਕੋਸ ਚੌੜਾ ਕਲੀਫ ਦਾ ਪੱਤਣ ਲੰਘ ਕੇ ਬਾਬਾ ਜੀ ਤੁਰਕਮਾਨ ਦੇਸ ਵਿਚ ਹੁੰਦੇ ਹੋਏ ਬਲਖ[1] ਸ਼ਹਿਰ ਪਹੁੰਚ ਕੇ ਬਲੀ ਰਾਜਾ ਦੀ ਜੱਗਸਾਲਾ ਤੇ ਗੁਫਾ ਜਿਥੋਂ ਦੀ ਬਾਵਨ ਭਗਵਾਨ ਨੇ ਉਸਨੂੰ ਪਾਤਾਲ ਧਸਾਯਾ ਸੀ ਦੇਖ ਕੇ ਮਜਾਰ ਸ਼ਹਿਰ ਦੇਗ ਦੇ ਦਰਸ਼ਨ ਕਰ, ਬਾਗ

੧—ਬਲਖ ਸ਼ਹਿਰ ਨੂੰ ਹਿੰਦੂ ਬਲੀ ਰਾਜਾ ਦਾ ਸ਼ਹਿਰ, ਤੇ ਉਸ ਦੇਸ ਨੂੰ ਬਾਲੀਕ ਆਖਦੇ ਹਨ ਤੇ ਮੁਸਲਮਾਨ ਦੇਵਾਂ ਦਾ ਮੁਲਕ ਤੇ ਸ਼ਹਿਰ ਬੋਲਦੇ ਹਨ ਕਯੋਂਕੇ ਜੇਹੀਆਂ ਸਿਲਾਂ ਦਾ ਕਿਲਾ ਹੈ ਉਹ ਸਿਲ ਸੌ ਸੌ ਆਦਮੀ ਨਹੀਂ ਚੁੱਕ ਸੱਕਦਾ। ਸੋ ਯਾਂ ਤਾਂ ਉਸ ਵਕ੍ਤ ਅੰਗ੍ਰੇਜ਼ਾਂ ਨਾਲੋਂ ਅਧਿਕ ਕਲ ਬਿਦਯਾ ਭਾਰਤ ਵਰਸ਼ ਵਿਚ ਸੀ ਤੇ ਯਾਂ ਜੋ ਕਦ ਤੇ ਬਲ ਭਾਰਤ ਵਿਚ ਉਸ ਵਕ੍ਤ ਦੇ ਆਦਮੀਆਂ ਦਾ ਲਿਖਯਾ ਹੈ ਉਹ ਸੱਚ ਸੀ। ਏਸ ਕਿਲੇ ਵਿਚ ਬਲੀ ਦਾ ਤਖ਼੍ਤ ੭ ਗਜ਼ ਲੰਬਾ ੫ ਗਜ਼ ਚੌੜਾ, ਇਕੋ ਸਿਲਾ ੨੧ ਪੈਰਾਂ ਵਾਲੀ ਹੈ। ਏਹ ਨਹੀ ਮਾਲੂਮ ਹੋਈ ਜੋ ਕਿਸ ਮੁਲਕ ਦੇ ਪੱਥਰ ਦੀ ਹੈ। ਦਾਣੇਦਾਰ ਅਦਭੁਤ ਜੌਹਰ ਹਨ ਏਥੇ ੨੦੦ ਕਦਮ ਗੁਫਾ ਹੈ ਜਿੱਥੋਂ ਦੀ ਬਾਵਨ ਭਗਵਾਨ ਨੇ ਬਲੀ ਨੂੰ ਪਾਤਾਲ ਧਸਾਯਾ ਸੀ। ਏਸ ਗੁਫਾ ਦਾ ਅੰਤ ਕਿਸੇ ਨਹੀਂ ਪਾਯਾ ਹੁਣ ਏਸ ਦਾ ਮੂੰਹ ਬੰਦ ਕਰ ਦਿੱਤਾ ਹੈ। ਏਸ ਦੇਸ ਵਿਚ ਆੜੂ, ਸੇਉ ਅੱਧ ੨ ਸੇਰ ਪੱਕੇ ਦੇ, ਕੋਕਚਾ ਖਰਬੂਜਾ ਧੜੀ ੨ ਦਾ, ਹਿਦਵਾਣਾ ਚਾਰ ੨ ਮਣ ਪੱਕੇ ਦਾ, ਅਨਾਰ ਅੰਬ ਵਾਂਗੂ ਰਸਦਾਰ, ਕਾਗਜ਼ੀ ਬਦਾਮ ਐਸੇ ਜਿਨ੍ਹਾਂ ਨੂੰ ਝੋਲੀ ਵਿਚ ਪਾਕੇ ਹਿਲਾਈਏ ਤਾਂ ਫੁੱਟ ਜਾਣਾ। ਪਿਸਤਾ ਹਿੰਗ, ਮੂਲੀ ਹਾਥੀ ਦੇ ਸੁੰਡ ਜੈਡੀ ਮੋਟੀ, ਫਾਈ ਤਿੱਨ ਹੱਥ ਲੰਬੀ ਬੈਸਾਖ ਵਿਚ ਆਪ ਤੋਂ ਆਪ ਸਾਰੇ ਜੰਗਲ ਵਿਚ ਪੈਦਾ ਹੋ ਜਾਂਦੀ ਹੈ ਪਸੂ ਪੰਛੀ, ਆਦਮੀ ਏਸ ਦੀ ਬੋ ਨਾਲ ਬੇਹੋਸ਼ ਹੋਕੇ ਮਰ ਜਾਂਦੇ ਹਨ। ਜਦ ਫੁੱਲ ਝੜ ਜਾਂਦੇ ਹਨ ਤਾਂ ਮੂੰਹ ਨੱਕ ਬੰਨ ਕੇ ਪੱਛ ਦੇਹਨ, ਰਸ ਹਿੰਗ ਦਾ ਗੂੰਦ ਵਾਂਗੂ ਜਮ ਜਾਂ

Digitized by Panjab Digital Library | www.panjabdigilib.org

ਵਿਚ ਜਾ ਉਤਰੇ। ਏਥੋਂ ਦੇ ਕਾਜ਼ੀ ਮੌਲਵੀਆਂ ਨੂੰ (ਜਿਨ੍ਹਾਂ ਨੇ ਉਸੇ ਸਮੇਂ ਇਕ ਜੋਗੀ ਫਕੀਰ ਤੇ ਕਈ ਹਿੰਦੂ ਸ਼ਰਾ ਨ ਮੰਨਣੇ ਕਰਕੇ ਸੰਗਸਾਰ ਕੀਤੇ ਸਨ) ਸ਼ਬਦ ਦੀ ਸ਼ਕਤੀ ਨਾਲ ਨਰਮ ਕਰਕੇ ਮਜ਼੍ਹਬ ਦੀ ਜਿੰਦ ਬਾਦ ਛੁਡਾਈ ਤੇ ਬੰਦਗੀ ਕਰਨ ਲਾਯਾ। ਇਕ ਸੱਯਦ ਸ਼ੌਕ ਤੇ ਵੈਰਾਗ ਵਾਲਾ ਬਾਬੇ ਦਾ ਮੁਰੀਦ ਹੋਯਾ ਜਿਸ ਦਾ ਚੇਲਾ ਤੁਗਾਰੇਸ਼ਾਹ ਮਸ਼ਹੂਰ ਸਿੱਧ ਜੋਗ ਅਭ੍ਯਾਸੀ ਹੁਣ ਭੀ ਉਸੇ ਬਾਗ ਅੰਦਰ ਰਹਿੰਦਾ ਹੈ, ਮਕਾਨ ਤੋਂ ਬਾਹਰ ਨਹੀਂ ਨਿਕਲਦਾ ਤੇ ਨਾਂ ਹੀ ਬੋਲਦਾ ਹੈ ਉਸ ਦੀ ਉਮਰ ਦਾ ਪਤਾ ਕੋਈ ਨਹੀਂ ਕਹਿ ਸਕਦਾ ਲੋਗ ਆਖਦੇ ਹਨ ਸਾਡੇ ਦਾਦੇ ਪੜਦਾਦੇ ਭੀ ਇਸ ਨੂੰ ਏਸੇ ਤਰਾਂ ਵੇਖਦੇ ਆਏ ਹਨ। ਏਥੋਂ ਗੁਲੇ ਸੁਰਖ ਤੇ ਰੋਗ ਦਾ ਮੇਲਾ ਚਾਲ੍ਹੀ[40] ਦਿਨ ਰਹਿੰਦਾ ਹੈ ਤੇ ਰੋਗ ਦੇ ਤੇ ਕੋਠੇ ਦੇ ਜੰਦ੍ਰੇ ਦੀ ਮੰਨਤ ਹੁੰਦੀ ਹੈ। ਜੇੜ੍ਹੇ ਲੋਗ ਏਥੇ ਰਾਜ਼ੀ ਹੋਣ ਦੀ ਉਮੈਦ ਪਰ ਬੈਠੇ ਸਨ ਉਨ੍ਹਾਂ ਵਲ ਦੇਖ ਬਾਬੇ ਨੇ (ਸਰਬ ਰੋਗ ਕਾ ਔਖਧ ਨਾਮ) ਦੇ ਕਰ ਉਨ੍ਹਾਂ ਨੂੰ ਨਿਹਾਲ ਕੀਤਾ। —— ਫੇਰ ਮਜ਼ਾਰੋਂ[1] ਚੱਲ ਕੋਤਲ ਅਬਦੂ ਸਰ

---

ਦਾ ਹੈ ਉਹ ਅਸਲ ਹਿੰਗ ਹੁੰਦੀ ਹੈ ਉਹ ਏਧਰ ਨਹੀਂ ਆਉਂਦੀ ਜੇੜ੍ਹੇ ਪੱਤੇ, ਡੰਡੇ ਫੁਲ ਕੁੱਟਕੇ, ਮਟਰਾਂ ਦਾ ਆਟਾ ਮਿਲਾਕੇ ਹਿੰਗ ਬਣਦੀ ਹੈ ਉਹ ਹਿੰਦੁਸਤਾਨ ਵਿਚ ਆਂਵਦੀ ਹੈ ਏਸੇ ਮੁਲਕ ਵਿਚ ਇਕ ਦਸ੍ਤੂਅਰਜਨ ਨਾਮ ਜਗਾ ਹੈ ਉਥੇ ਇਕ ਕੁੱਤਾ ਬੇਸ਼ੁਮਾਰ ਉਮਰ ਦਾ ਹੈ ਜਿਸ ਨੂੰ ਤੁਰਕ ਦੇਵਾਂ ਦਾ ਤੇ ਹਿੰਦੂ ਪਾਂਡਵਾਂ ਦਾ ਆਖਦੇ ਹਨ। ਕਾਬਲ ਤੋਂ ਲੈ ਕੇ ਕੋਕਾਨ ਮੁਲਕ ਤਕ ਜਿਨ੍ਹਾਂ ੨ ਸ਼ਹਿਰਾਂ ਦੀਆਂ ਜੋ ਜੋ ਮਸ਼ਹੂਰ ਚੀਜ਼ਾਂ ਹਨ ਸੋ ਏਹ ਹਨ। ਬਲਖ ਦੇ ਦੇਸ਼ ਵਿਚ ਉਠ ਬਹੁਤ ਮਜ਼ਬੂਤ ਦੋ ਦੋ ਕੋਹਾਂ ਵਾਲੇ ਤੇ ਪਸ਼ਮੀਨਾ ਉਠ, ਬੱਕਰੀ, ਦੁੰਬੇ ਦੀ ਜਾਤ ਦਾ ਤਿੰਨ ਚਾਰ ਕਿਸਮ ਦਾ ਬਣਦਾ ਹੈ ਮਸ਼ਹੂਰ, ਦਰਆਈ ਚੂਹਿਆਂ ਦਾ ਬਹੁਤ ਮਹਿੰਗਾ ਹੈ ਜਿਸ ਦੀ ਇਕ ਪੋਸਤੀਨ ਦੋ ਹਜ਼ਾਰ ਰੁਪਏ ਨੂੰ ਬਣਦੀ ਹੈ। ਜੰਗਲੀ ਚੂਹਿਆਂ ਦਾ ਤੇ ਗਿਦੜਾਂ ਲੂੰਬੜਾਂ ਦੀ ਜਾਤ ਦਾ ਭੀ ਬਣਦਾ ਹੈ ਪਰ ਏਹ ਪੋਸਤੀਨ ਬਹੁਤ ਸਸਤੀ ਮਿਲ ਸਕਦੀ ਹੈ ੧੫ ਯਾ ੨੦ ਰੁਪਏ ਤਕ। ਸ਼ਹਿਰ ਕਾਬਲ ਦਾ ਤੂਤ ਬਿਦਾਨਾ, ਦਰੇ ਕੰਜੇ ਦਾ ਅਨਾਰ ਬਿਦਾਨਾ, ਦਰੇ ਸ਼ਕਰੇ ਦੇ ਕਾਠੇ ਬਾਦਾਮ, ਦਰੇ ਹੈਦਕ ਦੀ ਨਾਖ, ਪਸ਼ਾਵਰ ਦੇ ਬੀਹ, ਦਰੇ ਛਰਾਕਾਰ ਤੇ ਕੁਦਾਮਨ ਦੇ ਸਾਉਗੀ, ਅੰਗੂਰ, ਕਿਸ਼ਮਿਸ਼, ਲਾਲ ਮੇਵਾ, ਅੰਗੂਰ ਮੁਨੱਕਾ, ਅੰਗੂਰ ਹੁਸੈਨੀ, ਸਰਦਾ ਲੰਬਾ, ਗਰਮਾ ਗੋਲ। ਦਰੇ ਜੁਰਰੀ ਦਾ ਨੇਉਜ਼ਾ ਰਸੂਕ, ਕੈਸੀ, ਛੁਹਾਰਾ, ਚੁਕਰੀ। ਦਰੇ ਹਸਾਰ ਦਾ ਖਰਬੂਜਾ ਮੁਹੰਮਦ ਅਲੀ, ਖਰਬੂਜਾ ਕੋਕਚਾ। ਦਰੇ ਕਰਾਤਾਕ ਦੇ ਹੱਥਿਆਰ ਏਥੇ ਇਕ ਚਸ਼ਮੇ ਦੇ ਪਾਣੀ ਦੀ ਤਾਸੀਰ ਹੈ। ਦਰੇ ਹਜ਼ਰਤ ਇਮਾਮ ਯਾ ਦਰੇ ਬੁਰਕਿਆਂ ਦਾ ਘੋੜਾ। ਦਰੇ ਬਦਖਸ਼ਾਂ ਜਿਸ ਨੂੰ ਲਾਲ ਸ਼ਹਿਰ ਭੀ ਆਖਦੇ ਹਨ ਏਥੋਂ ਦੇ ਚੂਨੀ, ਪੰਨਾ, ਫੀਰੋਜ਼ਾ, ਤਾਮੜਾ, ਲਸਨੀਆ, ਨੀਲਮ, ਏ ਹਰਤਨ ਬਰਖਾ ਪਈ ਤੇ ਪਰਬਤਾਂ ਵਿਚੋਂ ਬਹੁਤ ਮਿਲਦੇ ਹਨ। ਦਰੇ ਮੋਮਨਾਂ ਦੇ ਦੁੰਬੇ, ਦਰੇ ਤੁਰਕਮਾਨ ਦੇ ਘੋੜੇ ਨੌ ਨੌ ਗਿਰ ਅਰਥਾਤ ਸਵਾ ਦੋ ੨ ਗਜ਼ ਉੱਚੇ, ਗਲੀਚੇ, ਖੁਰਜੀ, ਪੁੱਸ਼ੇ ਊਂਠਾ। ਦਰੇ ਬੁਖਾਰੇ ਦਾ ਸੁਇਨਾ ਜੋ ਹਾਮੂ ਵਿਚੋਂ ਨਿਕਲਦਾ ਹੈ, ਖਰੋਟ ਤੇ ਬਾਦਾਮ, ਕਾਗਜ਼ੀ ਏਹ ਚੀਜ਼ਾਂ ਏਨ੍ਹਾਂ ਜਗਾਂ ਦੀਆਂ ਮਸ਼ਹੂਰ ਹਨ।

[1] ਮਜ਼ਾਰ ਬੜਾ ਪੂਜਨੀਕ ਕੋਠਾ ਤੇ ਰੋਗ ਹੈ ੪੦ ਦਿਨ ਗੁਲੇ ਸੁਰਖ ਦਾ ਮੇਲਾ ਏਥੇ ਲਗਦਾ ਹੈ ਕੋਠੇ ਦੇ ਬਾਹਰ ਹਰਦਮ ਪੀਰਾਂ ਦੀਆ ਜਗਾਹ ਰਹਿੰਦਾ ਹੈ ਏਹ ਰੋਗ ਕਈ ਧਾਤਾਂ ਦੀ ਹੈ ੧੦ ਮਣ ਪੱਕੇ ਪਾਣੀ ਦੇ ਪੈਣ ਜੋਗੀ ਹੈ ਲੋਗ ਹਿੰਦੂ ਮੁਸਲਮਾਨ ਏਸ ਦੀ ਪੂਜਾ ਮੰਨਤਾ ਕਰਦੇ ਹਨ ਤੇ ਆਖਦੇ ਹਨ ਏਹ ਕਦੀ ਕਿਸੇ ਤੋਂ ਭਰੀ ਨਹੀਂ ਗਈ ਇਕ ਵਾਰੀ

ਨੂੰ ਦੇਖਦੇ ਹੋਏ ਖੁਲਮ[1] ਸ਼ਹਰ ਆ ਉਤਰੇ। ਓਥੇ ਸੈਯਦ ਜਮੀਰ ਪੀਰ ਨਾਲ ਗੋਸ਼ਟ ਕਰਕੇ
ਬੁੱਤਬਾਮੀਏ[2] ਦਰੇ ਦਾ ਸੈਲ ਕਰਦੇ ਹੋਏ, ਜਮਾਲਕ ਦਰੀਯਾਈ ਲਿੰਘਕੇ ਫੱਗਣ ਮਹੀਨੇ
ਸੰ: ੧੫੭੬ ਬਿ: ਨੂੰ ਕਾਬੁਲ ਤੋਂ ਲਾਹੰਦੇ ਦੋ ਮੀਲ ਜਿੱਥੇ ਪਹਾੜੀ ਉੱਤੇ ਬਾਬਰਸ਼ਾਹ ਦੇ
ਮਹਲ ਮਸੀਤ ਸੰਗੇਮਰਮਰ ਦੇ ਹਨ, ਤੇ ਬਾਗ ਵਿਚ ਬਾਬੇ ਦਾ ਬੜਾ ਪੱਥਰ ਦਾ ਬਨਿਆ
ਹੋਯਾ ਹੈ ਆ ਉਤਰੇ। ਤੇ ਅੰਮ੍ਰਿਤਵੇਲੇ ਭੈਰੋਂ ਰਾਗ ਵਿਚ ਬਾਬੇ ਤੇ ਮਰਦਾਨੇ ਨੇ ਜਦ ਸਬਦ ਗਾ°
ਵਿਆ ਤਾਂ ਪੀੜਾਂ ਹੇਠਨੇ ਦੇ ਮਿਗ ਦੀ ਤਰਾਂ ਸੁਣਕੇ ਮਸਤ ਹੋ ਗਿਆ ਤੇ ਆਇ ਸਲਾਮ ਕੀਤਾ।
ਬਾਬਰ ਬਾਬੇ ਦੇ ਇਲਾਹੀ ਨੂਰ ਦਾ ਦੀਦਾਰ ਕਰ ਬਹੁਤ ਖੁਸ਼ੀ ਹੋਯਾ, ਰਤਨ ਤੇ ਮੇਵੇ ਭੇਟਾ ਰੱਖੇ, ਬਾਬੇ ਆ°
ਖਿਆ ਅਸੀਂ ਵੈਰਾਗ, ਬਿਬੇਕ, ਸਤ, ਸੰਤੋਖ, ਧੀਰਜ ਧਰਮ ਏਹ ਰਤਨ ਰੱਖਦੇ ਹਾਂ ਤੇ ਪ੍ਰਭੂ
ਦੇ ਪ੍ਰੇਮ, ਭਜਨ, ਭਗਤੀ, ਗਿਆਨ ਏਹ ਮੇਵੇ ਰੱਖਦੇ ਹਾਂ, ਤੇਰੇ ਪੱਥਰ ਸਾਡੇ ਕੰਮ ਨਹੀਂ।
ਬਾਦਸ਼ਾਹ ਨੇ ਅਰਜ਼ ਕੀਤੀ ਤੁਸੀਂ ਬਚਨ ਕਰੋ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਹੋਵਾਂ ਤਾਂ ਪ੍ਰਜਾ
ਨੂੰ ਬਹੁਤ ਸੁਖ, ਨਿਆਉ ਦੇਵਾਂ ਕਿਉਂਕੇ ਲੋਧੀ ਪਠਾਣ ਹਿੰਦ ਦੇ ਹਾਕਮ ਅਤੀ ਅੰਨਿਆਈ ਪ੍ਰਜਾ

ਇਕ ਅਮੀਰ ਨੇ ਚਾਲੀਆਂ ਊਠਾਂ ਦੇ ਭਾਰ ਚਾਉਲ ਪੁਵਾਏ ਤੇ ਨਾਂ ਭਰੀ, ਫੇਰ ਇਕ ਸੌਦਾਗਰ ਨੇ ੧੫੦ ਡੱਬੇ ਕੱ
ਢਕੇ ਪਾਏ ਤਾਂ ਭੀ ਨਾਂ ਭਰੀ। ਬਲਾਗਰਦਾਨ ਪੀਰ ਨੇ ਪੰਜ ਮੁੱਠੀ ਚਾਉਲ ਤੇ ਇਕ ਤੂੰਬੀ ਜਲ ਦੀ ਨਾਲ ਭਰ
ਦਿੱਤੀ ਤੇ ਤਿੰਨ ਦਿਨ ਤਕ ਉਹ ਏਥੇ ਰਹੇ ਅਤੇ ਦੇਗ ਵਿੱਚੋਂ ਲੋਕ ਖਾਂਦੇ ਰਹੇ ਪਰ ਏਹ ਨਾਂ ਮੁੱਕੀ ਜਦ ਉਹ ਗਏ ਤਾਂ
ਨਿਖੁੱਟੀ। ਬਲਾਗਰਦਾਨ ਗੁਰੂ ਨਾਨਕ ਜੀ ਦਾ ਨਾਮ ਉਸ ਦੇਸ ਵਿਚ ਮਸ਼ਹੂਰ ਹੈ। ਏਸੇ ਮਜ਼ਾਰ ਸ਼ਹਰ ਤੋਂ
੪੦ ਕੋਸ ਪਰ ਦੱਖਣ ਵੱਲ ਮੇਮਨਾ ਸ਼ਹਿਰ ਪਰੀਆਂ ਦਾ ਹੈ ਜਿੱਥੇ ਬੂਦਗੀ ਜਮਾਲ ਪਰੀ ਪਾਸ ਤਾਜੁਲਮਲੂਕ ਗਿ
ਆ ਸੀ। ਏਹ ਗੁਲਬਕਾਵਲੀ ਦੇ ਕਿੱਸੇ ਵਿਚ ਲਿਖਿਆ ਹੈ।
੧ ਖੁਲਮ ਤੋਂ ੧੫ ਕੋਸ ਪੂਰਬ ਚਕਾਵ ਦੇ ਪਹਾੜ ਵਿਚ ਇਕ ਗਊ ਵਰਗੀ ਪਹਾੜੀ ਦੀ ਸ਼ਕਲ ਵਿੱਚੋਂ ਜਲ ਦੀ ਧਾ
ਰਾ ਨਿਕਲਦੀ ਹੈ ਉਸਨੂੰ ਹਿੰਦੂ ਤੁਰਕ ਗੰਗੋਤ੍ਰੀ ਬੋਲਦੇ ਹਨ ਤੇ ਇਹ ਧਾਰ ਬਹੁਤ ਮੋਟੇ ਲਾਲ ਪੱਥਰ ਦੇ ਸ਼ਿਵਲਿੰ
ਗ ਪਰ ਪੈਂਦੀ ਹੈ ਬੈਸਾਖੀ ਤੇ ਰੱਖੜੀ ਨੂੰ ਮੇਲਾ ਭਰਦਾ ਹੈ। ਸੁਣਿਆ ਹੈ ਕਿ ਜਦ ਕੋਈ ਮੁਸਲਮਾਨ ਏਸਦੇ ਹੇਠ
ਨਾਵਣ ਲੱਗਦਾ ਹੈ ਤਾਂ ਏਹ ਧਾਰ ਸੁੱਕ ਜਾਂਦੀ ਹੈ। ਏਸੇ ਤਰਾਂ ਹਜ਼ਾਰੇ ਮੁਲਕ ਵਿਚ ਦੀਨਿ ਸ਼ਹਰ ਦੇ ਪਾਸ ਅੜਾ
ਬਨ ਉੱਤੇ ਗੁਫਾ ਵਿੱਚੋਂ ਧਾਰਾ ਨਿਕਲਦੀ ਹੈ ਇਸ ਦਾ ਪਾਣੀ ਠੰਢਾ ਹੈ ਪਰ ਕਣਕ, ਚਾਉਲ ਜੇਕਰ ਸਾਫੇ ਵਿੱਚ
ਬੰਨਕੇ ਪਾਈਏ ਤਾਂ ਰਿੱਝ ਜਾਂਦੇ ਹਨ। ਏਥੇ ਦੇਵੀ ਦੀ ਗੁਫਾ ਭੀ ਹੈ ਜਿਸ ਦੇ ਦਰਸ਼ਨ ਨੂੰ ਨੁਰਾਤਿਆਂ ਵਿਚ ਬਹੁਤ ਲੋ
ਗ ਜਾਂਦੇ ਹਨ ਤੇ ਮੁਸਲਮਾਨ ਭੀ ਏਸ ਜਗਾ ਨੂੰ ਮੰਨਦੇ ਹਨ ਅਤੇ ਅਦਬ ਕਰਦੇ ਹਨ।
੨ ਬੁੱਤਬਾਮੀਏ ਦੇ ਪਰਬਤ ਨਾਲ ਪੰਜ ਮਰਦ, ਇਕਤੀਵੀਂ ਬੀਸ ੨ ਹੱਥ ਉੱਚੀਆਂ ਤੇ ਚੌੜੀਆਂ ਮੂਰਤਾਂ ਪੱਥ
ਰ ਵਿਚ ਉਕਰੀਆਂ ਹੋਈਆਂ ਹਨ ਹਿੰਦੂ ਪਾਂਡਵਾਂ ਦੀਆਂ ਤੇ ਤੁਰਕ ਦੇਵਾਂ ਦੀਆਂ ਆਖਦੇ ਹਨ। ਏਨਾਂ ਨੂੰ ਮੀਰ
ਤੋੜਨ ਲੱਗਾ ਸੀ ਤਾਂ ਉਸਨੂੰ ਬਿਘਨ ਪੈ ਗਿਆ। ਤਦ ਤੋਂ ਡਰਦਾ ਹੁਣ ਉਨਾਂ ਨੂੰ ਕੋਈ ਤੋੜਦਾ ਨਹੀਂ। ਏਥੋਂ ੭
ਕੋਸ ਪਰ ਇਕ ਚਸ਼ਮੇ ਦਾ ਪਾਣੀ ਐਸਾ ਹੈ ਕਿ ਕੁਲੀਆਂ ਕਰਨ ਨਾਲ ਦੰਦਾਂ ਤੇ ਦਾੜ੍ਹਾਂ ਦੀ ਬੀਮਾਰੀ ਦੂਰ ਹੁੰਦੀ ਹੈ ਏਥੇ
ਇਕ ਬੂਟੀ ਭੀ ਹੈ ਜੋ ਸਿਰ ਪਰ ਬੰਨਣ ਨਾਲ ਆਰਾਮ ਹੁੰਦਾ ਹੈ।

Digitized by Panjab Digital Library | www.panjabdigilib.org

ਨੂੰ ਦੁਖਦਾਈ ਹੋ ਰਹੇ ਹਨ ਤੇ ਸੈਂਕੜੇ ਲੋਗ ਹਿੰਦੂ ਦੇ ਅਮੀਰ ਰਾਜੇ, ਪਠਾਣਾਂ ਤੋਂ ਦੁਖੀ ਹੋਕੇ
ਮੇਰੇ ਪਾਸ ਆਇ ਬੈਠੇ ਹਨ ਜੋ ਹੱਲੇ ਹਿੰਦੂ ਉਤੇ ਮੈਂ ਕੀਤੇ ਭੀ ਹਨ ਪਰ ਰਾਸ ਨਹੀਂ ਆਇਆ ਏ
ਹ ਸੁਣ ਕੇ ਬਾਬੇ ਜੀ ਨੇ ਆਖਿਆ ਜਾਹ ਕਰਤਾਰ ਚੰਗੀ ਕਰੇਗਾ। ਏਹ ਬਚਨ ਤੇ ਧਰਮ ਦਾ
ਉਪਦੇਸ਼ ਸ਼ਾਹ ਨੂੰ ਕਰਕੇ ਬਾਬਾ ਜੀ ਕਾਬੁਲ ਸ਼ਹਿਰ ਜਿੱਥੇ ਹੁਣ ਗੁਰੂ ਜੀ ਦੀ ਧਰਮਸਾ
ਲਾ ਹੈ ਜਾ ਠਹਿਰੇ ਤੇ ਸ਼ਬਦ, ਸਾਖੀ, ਉਪਦੇਸ ਦੇਕਰ ਅਨੇਕ ਜੀਵਾਂ ਨੂੰ ਚੰਗੇ ਰਾਹ ਪਾਕੇ ਏਥੋਂ
ਉੱਤ੍ਰ ਦਿਸ਼ਾ ਲੁੰਡੇ ਦਰੀਆ ਤੋਂ ਪਾਰ ਹੋ ਆਸਾਮਾਈ ਦੀ ਟੇਕਰੀ ਨੂੰ ਦੇਖਦੇ ਹੋਏ ਕਾਬਲੋਂ ੮ ਕੋਸ
ਪਰ, ਅਕਸਰਾ ਨਾਮ ਪਹਾੜ ਉੱਤੇ ਜਿੱਥੇ ਹੁਣ ਗੁਰੂ ਕਾ ਕੋਠਾ ਤੇ ਚਸ਼ਮਾ ਮਸ਼ਹੂਰ ਹੈ ਜਾ ਉ
ਤਰੇ। ਲੋਗਾਂ ਨੇ ਸੇਵਾ ਸਤਸੰਗ ਬਹੁਤ ਕੀਤਾ। ਗੁਰੂ ਜੀ ਲੋਗਾਂ ਦਾ ਪ੍ਰੇਮ ਦੇਖ, ਇਕ ਥੌਂ
ਦੇ ਨੂੰ ਆਪਣਾ ਰੰਗ ਦੇਕੇ ਜਦ ਤੁਰਨ ਲੱਗੇ ਤਾਂ ਉਨ੍ਹਾਂ ਆਖਿਆ ਫੇਰ ਦਰਸ਼ਨ ਕਦ ਹੋਣਗੇ,
ਬਾਬੇ ਆਖਿਆ ਨੌਰੰਦੇ ਐਤਵਾਰ ਨੂੰ ਆਯਾ ਕਰਾਂਗੇ ਤੇ ਇਕ ਪੋਥੀ ਉਨ੍ਹਾਂ ਨੂੰ ਬਖਸ਼ੀ ਜਿਸ
ਦੇ ਦਰਸਨ ਹੁਣ ਹੁੰਦੇ ਹਨ ਤੇ ਬੈਸਾਖੀ ਦਾ ਮੇਲਾ ਭਰਦਾ ਹੈ। ਹਿੰਦੂ ਮੁਸਲਮਾਨ ਸਬ ਮੰਨਤ
ਦਾ ਕੜਾਹ ਵੰਡਦੇ ਹਨ ਤੇ ਨੌਰੰਦੇ ਐਤਵਾਰ ਨੂੰ ਬਹੁਤ ਲੋਗ ਇਕੱਠੇ ਹੁੰਦੇ ਹਨ।

ਏਦੂੰ ਅੱਗੇ ਕਾਬਲੋਂ ੨੫ ਕੋਸ ਪਰ ਜੋ ਘਨੂੰ ਕਾ ਨਾਮ ਬਾਬੇ ਦੀ ਮਸ਼ਹੂਰ ਜਗਾ ਹੈ ਉਸ ਪ
ਹਾੜੀ ਉੱਤੇ ਇਕ ਹਸਾਰ ਦੇਸ ਦਾ ਮੀਰ ਫਕੀਰ ਘਨੂੰ ਕਾ ਨਾਮ ਵਾਲਾ ਮੋਨਧਾਰੀ ਹੋਕੇ ਤਪ ਕ
ਰਦਾ ਸੀ ਉਸਨੇ ਪ੍ਰਤੱਗਿਆ ਕਰ ਰੱਖੀ ਸੀ ਕੇ ਜੋ ਕੋਈ ਮੈਨੂੰ ਬੁਲਾ ਲਏਗਾ ਉਸਨੂੰ ਮੈਂ ਸਤਿਗੁ
ਰੂ ਮੰਨਾਂਗਾ ਅਨੇਕ ਪੀਰ ਫਕੀਰ ਗਏ ਪਰ ਉਹ ਬੋਲਿਆ ਨਹੀਂ ਸੀ, ਬਾਬਾ ਜੀ ਭੀ ਸੁਣਕੇ
ਉਸ ਪਹਾੜੀ ਦੇ ਹੇਠ ਬ੍ਰਿੱਛ ਦੀ ਛਾਯਾ ਦੇਖ ਜਾ ਬੈਠੇ ਤੇ ਸਬਦ ਗਾਵਿਆ ਤਾਂ ਉਸਦਾ ਮਨ ਖਿ
ਚ ਆ ਗਿਆ ਤੇ ਆਪੇ ਹੀ ਬੋਲ ਪਿਆ। ਬਾਬੇ ਜੀ ਨੇ ਉਸਨੂੰ ਉਪਦੇਸ਼ ਦੇਕੇ ਨਿਹਾਲ ਕੀਤਾ
ਉਸਦੇ ਸੇਵਕਾਂ ਨੇ ਖੁਸ਼ੀ ਦੇ ਬਾਜੇ ਬਜਾਏ, ਬਾਬਾ ਜੀ ਚੱਲਣ ਲੱਗੇ ਤਾਂ ਫਕੀਰ ਨੇ ਅਰਜ਼
ਕੀਤੀ ਕੇ ਫੇਰ ਕਦ ਦਰਸ਼ਨ ਦੇਉਗੇ; ਗੁਰੂ ਜੀ ਨੇ ਆਖਿਆ ਜਦ ਤੂੰ ਯਾਦ ਕਰੇਂਗਾ, ਲੋਗਾਂ ਨੇ
ਆਖਿਆ ਆਪਦੇ ਆਉਣ ਦੀ ਸਾਨੂੰ ਕਿਸ ਤਰਾਂ ਖਬਰ ਹੋਊ, ਬਾਬੇ ਆਖਿਆ ਕੁਦਰਤੀ ਬਾਜੇ
ਬੱਜਿਆ ਕਰਨਗੇ ਹੁਣ ਉਥੇ ਹਰ ਪੂਨਿਓ ਦਾ ਮੇਲਾ ਭਰਦਾ ਹੈ ਲੋਗ ਦੂਰੋਂ ੨ ਆਂਵਦੇ ਹਨ।

੧ ਏਥੇ ਜਾਣ ਵਾਲੇ ਲੋਕਾਂ ਦੀ ਜ਼ੁਬਾਨੀ ਮਾਲੂਮ ਹੋਯਾ ਹੈ ਕਿ ਏਥੇ ਰੇਤ ਦਾ ਇੱਕ ਮੀਲ ਭਰ ਉੱਚਾ ਪਹਾੜੀ ਦੇ ਨਾਲ ਕੀ
ਧਵਾਂਗੂ ਹੈ ਰੋਜ ਕਿਤੇ ਰੇਤਾ ਨਹੀਂ ਜਦ ਸੰਗਤ ਜਾਂਦੀ ਹੈ ਤਾਂ ਘਨੂੰ ਕਾ ਦੇ ਦਰਸਨ ਕਰ, ਮੁੜ ਔਧ ਵਿਚ ਆਕੇ ਜਦ ਬਾ
ਬੇ ਦਾ ਜੈਕਾਰਾ ਬੋਲਦੀ ਹੈ ਤਾਂ ਕੁਦਰਤੀ ਬਾਜੇ ਬੱਜਦੇ ਹਨ ਤੇ ਉਹ ਲੋਗ ਖੁਸ਼ੀ ਨਾਲ ਰੇਤੇ ਨੂੰ ਪੈਰਾਂ ਨਾਲ ਹੇਠਾਂ ਨੂੰ ਢਲ

Digitized by Panjab Digital Library | www.panjabdigilib.org

ਤੇ ਮੰਨਤ ਦਾ ਕੜਾਹ ਵੰਡਦੇ ਹਨ। — ਪਨੂਕੇ ਤੋਂ ਅੱਗੇ ਫੇਰ ਸ਼ਾਹਿਰ ਤੁਰੇ ਹੋਏ ਹਜ਼ਾਰੇ ਦੇ ਮੁਲਕ ਵਿਚ ਹਜ਼ਾਰੇ[1] ਪਰਬਤ ਦੇ ਨਿਵਾਸੀ ਲੋਕਾਂ ਨੂੰ ਦਰਸ਼ਨ ਜਾ ਦਿੱਤਾ। ਉਨ੍ਹਾਂ ਵਿਚ ਚੋਰੀ, ਜਾਰੀ, ਠੱਗੀ, ਬਖੀਲੀ ਤਾਂ ਅੱਗੇ ਹੀ ਨਹੀਂ ਸੀ ਤੇ ਨਾਂਹੀ ਮਜ਼ਹਬੀ ਰਸਮਾਂ ਦੀ ਰੱਸੀ ਵਿਚ ਬੰਧੇ ਹੋਏ ਸੇ। ਬਾਬਾ ਜੀ ਦੇ ਸੱਚੇ ਉਪਦੇਸ਼ ਨੂੰ ਐਸਾ ਧਾਰਨ ਕੀਤਾ ਕਿ ਪੰਜਾਬ ਵਿਚ ਭੀ ਉਹੋ ਜੇਹੇ ਸਿਦਕੀ ਸਿੱਖ ਬਹੁਤ ਥੋੜੇ ਹਨ। ਏਹ ਲੋਗ ਮੁਰੀਦ ਨਾਨਕੀ ਨਾਮ ਸੇ ਮਸ਼ਹੂਰ ਹੈਂ। ਇਨ੍ਹਾਂ ਦਾ ਪ੍ਰੇਮ ਦੇਖ ਬਾਬਾ ਜੀ ਉਥੇ - - - - - ਗੜ੍ਹੀ ਵਿੱਚ ਦੋ ਮਹੀਨੇ ਰਹੇ। ਫੇਰ ਹੋਰ ੨ ਮੁਲਕਾਂ ਦਾ ਸੈਲ ਕਰਦੇ ਹੋਏ ਨੈਨਗਰਹਾਰ ਦੇਸ ਵਿੱਚ ਜਿੱਥੇ ਹੁਣ ਸੁਲਤਾਨਪੁਰ ਪਿੰਡ ਦੇ ਪਾਸ ਇਕ ਚਸ਼ਮਾ ਬਾਬੇ ਦਾ, ਤੇ ਭਾਈ ਬਾਲੇ ਦਾ, ਤੇ ਮਰਦਾਨੇ ਦਾ ਤੇ ਧਰਮਸਾਲਾ ਭੀ ਹੈ ਆ ਠਹਿਰੇ। ਇਸ ਧਰਮਸਾਲਾ ਵਿਚ ਬੇਦੀ ਕਰਮ ਸਿੰਘ ਗ੍ਰੰਥਸਾਹਿਬ ਪੜ੍ਹਦਾ ਹੈ। ਏਥੇ ਇਕ ਅਬਦੁਲ ਗੌਸ ਬੜੇ ਅਜਮਤੀ, ਹੰਕਾਰੀ, ਫਕੀਰ ਦੀ ਜਗਾ ਪਰ ਪਹਾੜੀ ਉਤੇ ਜਲ ਸੀ, ਮਰਦਾਨਾ ਗਿਆ ਤਾਂ ਉਸਨੇ ਜਲ ਨਾਂ ਦਿੱਤਾ, ਸਗੋਂ ਝਿੜਕ ਸਿੱਟਿਆ, ਮਰਦਾਨਾ ਰੋਂਦਾ ਆਯਾ, ਬਾਬੇ ਆਖਿਆ ਤੈਨੂੰ ਕਰਤਾਰ ਤੋਂ ਤਿਨ ਚਸ਼ਮੇ ਲੈ ਦਿੰਦੇ ਹਾਂ। ਤਦ ਹੀ ਜਲ ਫੁਟਕੇ ਨਿਕਲ ਪਿਆ। ਹਿੰਦੂ ਮੁਸਲਮਾਨ ਜਲ ਬਰਤਦੇ ਹਨ ਤੇ ਬਾਬੇ ਨੂੰ ਮੰਨਦੇ ਹਨ।—

ਏਥੋਂ ਤੁਰ ਜਲਾਲਾਬਾਦ, ਪੇਸ਼ਬੁਲਾਕ, ਬਸੌਲ, ਬਾਲਪੁਰਢਕਾ, ਅਲੀਮਸੀਤ, ਖੈਬਰ, ਜਮਰੋਤ[2] ਆਦਿਕ ਸ਼ਹਰਾਂ ਦਾ ਝਾਕਾ ਲੈ ਕੇ ਪਸ਼ਾਵਰ ਗੋਰ ਮਹੱਲੇ ਆ ਉਤਰੇ। ਏਥੇ ਸਿਰੀ

---

(ਪਿਛਲੇ ਸਫੇ ਦਾ ੧) ਦਿੰਦੇ ਹਨ। ਜਦ ਸਵੇਰੇ ਦੇਖੀਦਾ ਹੈ ਤਾਂ ਸਭ ਉਪਰ ਚਲਾ ਜਾਂਦਾ ਹੈ ਜੈਸੇ ਕੋਈ ਛਾਹੁੜੇ ਨਾਲ ਢਾਲਕੇ ਉਪਰ ਨੂੰ ਲੈ ਜਾਂਦਾ ਹੈ ਏਹ ਅਜਮਤ ਬਾਬੇ ਦੀ ਪ੍ਰਤੱਖ ਹੈ।

੧ ਹਜ਼ਾਰੇ ਨਾਮ ਉਨ੍ਹਾਂ ਬੰਦਿਆਂ ਦਾ ਭੀ ਹੈ। —ਕਾਬੁਲ ਦੇ ਸ਼ਾਹਜ਼ਾਦੇ ਸ਼ਾਹਨਵਾਜ਼ ਖਾਂ ਤੋਂ ਤੇ ਗੁਰਬਚਨ ਸਿੰਘ ਸੋਢੀ, ਕਰਮਪ੍ਰਕਾਸ਼ ਜੋ ਰਾਜੇ ਰਣਬੀਰ ਸਿੰਘ ਜੰਮੂ ਵਾਲੇ ਦੇ ਗੁਪਤ ਦੂਤ ਹੋ ਕੇ ਏਨਾਂ ਮੁਲਕਾਂ ਦਾ ਭੇਤ ਲੈਣ ਗਏ ਸੇ, ਤੇ ਜਮੂਨਾ ਸਿੰਘ ਕਲਾਲ ਕਰਤਾਰਪੁਰੀ ਜੋ ਸਰਕਾਰ ਅੰਗ੍ਰੇਜ਼ੀ ਦਾ ਗੁਪਤ ਦੂਤ ਜੋ ਰੂਸ ਦੇ ਮੁਲਕ ਤਕ ਸਾਰੇ ਮੁਸਲਮਾਨਾਂ ਦੇ ਦੇਸ਼ ਵਿਚ ਚੌਦਾਂ ਬਰਸ ਰਹਿ ਆਯਾ ਹੈ ਏਨ੍ਹਾਂ ਸਭਨਾਂ ਤੋਂ ਏਹ ਗਲ ਸੁਣੀ ਹੈ ਕਿ ਹਜ਼ਾਰੇ ਦੇ ਪਰਬਤੀ ਲੋਗ ਨਾਨਕਪੀਰ ਦੀ ਮੰਨਤ ਦਾ ਕੜਾਹ ਪ੍ਰਸਾਦ ਕਰਦੇ ਹਨ ਤੇ ਜਦ ਪੰਜਾ ਲੱਗਦਾ ਹੈ ਤਾਂ ਵੰਡਕੇ ਛਕਦੇ ਹਨ ਜੇ ਨਾਂ ਲੱਗੇ ਤਾਂ ਦੱਬ ਦਿੰਦੇ ਹਨ। ਬਿਨਾ ਪੰਜੇ ਲਗੇ ਨਹੀਂ ਵਰਤਾਉਂਦੇ ਉਨ੍ਹਾਂ ਦੇ ਸਿਦਕ ਨੂੰ ਪੰਜਾ ਲਗ ਜਾਂਦਾ ਹੈ। ਸ਼ਾਹਨਵਾਜ਼ ਖਾਂ ਅੱਛੀ ਤਰਾਂ ਨਿਰਨੇ ਕਰ ਕੇ ਦੇਖ ਆਯਾ ਹੈ ਪੰਜਾ ਲੱਗਦਾ ਹੈ।

੨ ਜਮਰੋਤ ਦਾ ਕਿਲਾ ਹਰੀਸਿੰਘ ਨਲੂਏ ਬਹਾਦੁਰ ਨੇ ਪਾਯਾ ਹੈ ਤੇ ਏਸ ਮੁਲਕ ਨੂੰ ਸਰ ਭੀ ਏਸੇ ਬਹਾਦਰ ਨੇ ਕੀਤਾ ਸੀ ਤੇ ਉਨਕ ਨੂੰ ਆਪ ਭੀ ਏਥੇ ਹੀ ਸ਼ਹੀਦੀ ਪਾਈ।

Digitized by Panjab Digital Library | www.panjabdigilib.org

ਚੰਦ ਜੀ ਆਇਆ ਸੀ ਹੁਣ ਏਥੇ ਧਰਮਸਾਲਾ ਹੈ ਤੇ ਭਾਈ ਆਯਾ ਸਿੰਘ ਨੇ ਸਤਸੰਗ ਚੰਗਾ ਬੰਧਿਆ ਹੋਯਾ ਹੈ। ਏਥੋਂ ਤੁਰ ਲੰਡੇ ਦਰੀਯਾਇ ਦੇ ਕੰਢੇ ਨੁਸ਼ਹਿਰ ਜਾ ਬੈਠੇ, ਏਥੇ ਹਰਾ ਸਿੰਘ ਸੇਤ ਦੀ ਧਰਮਸਾਲਾ ਮਸ਼ਹੂਰ ਹੈ। ਤੇ ਏਥੋਂ ੨ ਕੋਸ ਹੋਤੀ ਮਰਦਾਨ ਦੀ ਤਰਫ਼ ਫੂਲਾ ਸਿੰਘ ਦਾ ਸ਼ਹੀਦਗੰਜ ਹੈ।

ਖੈਰਾਬਾਦੋਂ ਅਟਕ ਦਰੀਯਾਇ ਪਾਰ ਹੋਕੇ ਭਾਦੋਂ ਸੰ: ੧੫੭੧ ਬਿ: ਵਿੱਚ, ਹਸਨ ਅਬਦਾਲ ਪਿੰਡ ਪਾਸ, ਟੇਕਰੀ ਦੇ ਹੇਠ, ਪਿੱਪਲ ਦੀ ਛਾਯਾ ਦੇਖ ਆ ਬੈਠੇ, ਏਹ ਹੁਣ ਪੰਜਾ ਸਾਹਿਬ ਮਸ਼ਹੂਰ ਹੈ। ਏਸ ਟੇਕਰੀ ਉੱਤੇ ਇਕ ਫ਼ਕੀਰ ਵਲੀ ਕੰਧਾਰੀ ਜਲ ਦੇ ਚਸ਼ਮੇ ਪਰ ਰਹਿੰਦਾ ਸੀ। ਜਦ ਬਾਬੇ ਨੂੰ ਬਹੁਤ ਲੋਗ ਮੰਨਣ ਲੱਗੇ ਤਾਂ ਕੰਧਾਰੀ ਮਨ ਵਿਚ ਵੱਟ ਖਾ ਗਿਆ। ਤੇ ਮਰਦਾਨਾ ਜਦ ਉਸ ਪਾਸ ਪਾਣੀ ਲੈਣ ਗਿਆ ਤਾਂ ਨਾਂ ਦਿੱਤਾ ਸਗੋਂ ਹੋਰ ਉਲਟੀਆਂ ਪੁਲਟੀਆਂ ਤਰਕਾਂ ਕੀਤੀਆਂ। ਮਰਦਾਨੇ ਨੇ ਬਾਬੇ ਨੂੰ ਆਣ ਸੁਣਾਯਾ ਤਾਂ ਬਾਬੇ ਆਖਿਆ ਤੈਨੂੰ ਏਥੇ ਹੀ ਕਰਤਾਰ ਜਲ ਦੇਵੇਗਾ — ਕੁਦਰਤ ਨਾਲ ਉਥੇ ਹੀ ਜਲ ਫੁੱਟ ਪਿਆ ਤੇ ਉਸ ਦਾ ਚਸ਼ਮਾ ਸੁੱਕ ਗਿਆ। ਵਲੀ ਕੰਧਾਰੀ ਨੇ ਇਕ ਪਹਾੜੀ ਉੱਤੋਂ ਰੇੜ੍ਹ ਦਿੱਤੀ, ਬਾਬੇ ਨੇ ਖੱਬੇ ਹੱਥ ਉੱਤੇ ਰੋਕ ਲਈ, ਉਸ ਪਵਿੱਤ੍ਰ ਪੰਜੇ ਦਾ ਨਿਸ਼ਾਨ ਹਿੰਦੂ ਮੁਸਲਮਾਨ ਸਭ ਮੰਨਦੇ ਹਨ, ਏਸ ਜਗਾ ਦਾ ਨਾਮ ਭੀ ਏਸੇ ਕਰਕੇ ਪੰਜਾ ਸਾਹਿਬ ਹੈ। ਕੰਧਾਰੀ ਨੇ ਬਾਬੇ ਦੇ ਆਣ ਕਦਮ ਚੁੰਮੇ।

ਏਥੋਂ ਚੱਲ ਮਾਰਗਲੇ ਥਾਣੀ ਪੋਠੋਹਾਰ ਦਾ ਦੀਦਾਰ ਕਰਦੇ, ਤੇ ਲੋਗਾਂ ਨੂੰ ਸੁਮੱਤੇ ਲਾਉਂਦੇ ਹੋਏ ਟਿੱਲੇ ਬਾਲ ਗੁੰਦਾਈ ਦੇ ਜੋਗੀਆਂ ਨੂੰ ਦਰਸ਼ਨ ਦੇ, ਭੁਤਾਸ ਨੂੰ ਹੁੰਦੇ ਹੋਏ, ਜੇਹਲਮ ਦਰੀਯਾ ਉਲੰਘਨ ਕਰ, ਗੁਜਰਾਤ ਵਿਚ ਸ਼ਾਹ ਜਹਾਨ ਫ਼ਕੀਰ ਨਾਲ ਗੋਸ਼ਟ ਜਾ ਕੀਤੀ। ਫੇਰ ਸਿਆਲਕੋਟ ਜਿਥੇ ਹੁਣ ਬਾਬੇ ਦੀ ਬਾਉਲੀ ਮਸ਼ਹੂਰ ਹੈ ਏਥੇ ਆਇ, ਮੂਲ ਚੰਦ ਖੱਤ੍ਰੀ ਨੂੰ ਬੁਲਾਯਾ ਏਸੇ ਮੂਲ ਚੰਦ ਨੇ ਪਹਿਲੇ ਸੱਚ ਝੂਠ ਲਿਖਕੇ ਦਿੱਤਾ ਸੀ ਤੇ ਪੂਰਬ ਦੇ ਸਫ਼ਰ ਵਿਚ ਜਾ ਕੇ ਰੋਜ਼ਗਾਰੀ ਤੇ ਆਪਣੀ ਸ਼ਾਦੀ ਕਰਨ ਵਾਸਤੇ ਮੁੜ ਆਯਾ ਸੀ। ਏਹ ਆਪਣੀ ਇਸਤ੍ਰੀ ਦੇ ਆਖੇ ਲੱਗ ਕੇ ਲੁਕ ਗਿਆ ਬਾਬੇ ਜੀ ਨੇ ਬਚਨ ਕੀਤਾ (ਨਾਲ ਕਿਰਾੜਾਂ ਦੋਸਤੀ ਕੂੜੇ ਕੂੜੀ ਪਾਇ। ਮਰਣ ਨ ਜਾਪੈ ਮੂਲਿਆ ਆਵੈ ਕਿਤੈ ਥਾਇ) ਕੁਦਰਤ ਕਰਤਾਰ ਦੀ ਐਸੀ ਹੋਈ, ਜਿੱਥੇ ਮੂਲ ਚੰਦ ਲੁਕਿਆ ਸੀ ਉਥੋਂ ਸੱਪ ਨਿਕਲਿਆ ਤੇ ਇੱਕੋ ਡੰਗ ਨਾਲ ਮੂਲ ਚੰਦ ਨੂੰ ਮਾਰ ਦਿੱਤਾ। — ਸੱਚ ਹੈ (ਮੂਸਾ ਭੱਜਾ ਮੌਤ ਥੀਂ ਅੱਗੇ ਮੌਤ ਖੜੀ।) ਉਸ ਦੀ ਇਸਤ੍ਰੀ ਨੇ ਤਾਂ ਏਸ ਗੱਲੋਂ ਡਰਦੀ ਮਾਰੀ ਲੁਕਾਯਾ, ਜੇ ਕਿਤੇ ਸਾਧਾਂ ਨਾਲ ਨਾ ਰਲ ਜਾਵੇ ਪਰ ਉਹ ਐਸਾ ਗਿਆ, ਫੇਰ ਨਾ ਆਯਾ।

Digitized by Panjab Digital Library | www.panjabdigilib.org

ਸਿਆਲਕੋਟ ਤੋਂ ਚਲ ਕੇ ਆਪਣੇ ਪੁਰਾਣੇ ਪ੍ਰੇਮੀ ਭਗਤ ਲਾਲੋ ਤਖਾਣ ਨੂੰ ਦਰਸ਼ਨ ਦੇ
ਣ ਵੈਸਾਖ ਮਹੀਨੇ ਸੰ: ੧੫੭੮ ਬਿ: ਨੂੰ ਏਮਨਾਬਾਦ ਆਏ ਤਾਂ ਉਨ੍ਹਾਂ ਦਿਨਾਂ ਵਿਚ ਹੀ ਲੋਦੀ
ਪਠਾਣ ਜ਼ਾਲਮਾਂ ਦੇ ਪਾਪਾਂ ਦੀ ਬਰਾਤ (ਫੌਜ) ਲੈਕੇ ਕਾਬਲੋਂ ਬਾਬਰ ਬਾਦਸ਼ਾਹ ਮੁਗਲ
ਹਿੰਦ ਉੱਤੇ ਚੜ੍ਹ ਆਯਾ ਤੇ ਸੈਦਪੁਰੇ ਅਰਥਾਤ ਏਮਨਾਬਾਦ ਆਣ ਉਤਰਿਆ। ਏਮਨਾ
ਬਾਦ ਦੇ ਪਠਾਣਾਂ ਨੇ ਉਸਨੂੰ ਰਸਤਾ ਨਾ ਦਿੱਤਾ ਸਗੋਂ ਉਸਦੇ ਆਦਮੀਆਂ ਦਾ ਨਿਰਾਦਰ ਕੀ
ਤਾ ਮੁਗਲਾਂ ਦੀ ਫੌਜ ਨੇ ਸੈਦਪੁਰੇ ਨੂੰ ਹੱਲਾ ਕਰ ਦਿੱਤਾ, ਥੋੜ੍ਹੀ ਜੇਹੀ ਲੜਾਈ ਪਠਾਣਾਂ
ਨੇ ਕੀਤੀ ਆਖਰ ਮਾਰੇ ਗਏ, ਪਿੰਡ ਲੁਟ ਮਾਰ ਕਤਲਾਮ ਕਰ ਸੁਟਿਆ, ਬਾਬੇ ਜੀ ਦਾ ਭ
ਵਿੱਖਤ ਬਚਨ ਜੋ ਸੰਮਤ ੧੫੫੯ ਬਿ: ਵਿਚ ਪਠਾਣਾਂ ਦੇ ਖਲਕਤ ਸਤਾਉਣੇ ਪਰ ਭ੍ਰਾ
ਈ ਲਾਲੋ ਨੂੰ ਸੁਣਾਯਾ ਸੀ ਯਥਾ (ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿ
ਆਨ ਵੇ ਲਾਲੋ। ਪਾਪ ਕੀ ਜੰਞ ਲੈ ਕਾਬਲੋਂ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ) ਇ
ਤਿਆਦਿਕ ਸਾਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹੈ।) ਏਹ ਸੱਚਾ ਹੋਯਾ।
ਮੁਗਲਾਂ ਨੇ ਮਾਲ ਲੁੱਟ, ਲੋਗਾਂ ਨੂੰ ਬਿਗਾਰੀ ਪਕੜ, ਭਾਰ ਚੁਕਾਕੇ ਤੋਰ ਲੀਤਾ, ਏਸ ਅ
ਫੜਾ ਦਫੜੀ ਵਿਚ ਬਾਬੇ ਜੀ ਨੂੰ ਭੀ ਸਾਥੀਆਂ ਸਮੇਤ ਪਕੜ ਕੇ ਬਾਬੇ ਜੀ ਨੂੰ ਤੇ ਬਾਲੇ ਨੂੰ
ਬੋਝੇ ਚੁਕਾਏ ਤੇ ਮਰਦਾਨੇ ਨੂੰ ਘੋੜਾ ਫੜਾਏ ਕੇ ਸਿਪਾਹੀਆਂ ਨੇ ਅੱਗੇ ਲਾ ਲੀਤਾ। ਬਾਬੇ
ਨੇ ਮਰਦਾਨੇ ਨੂੰ ਹੱਸਕੇ ਆਖਿਆ ਰਬਾਬ ਬਜਾਉ। ਮਰਦਾਨੇ ਆਖਿਆ ਹੁਣ ਤਾਂ ਮੈਂ ਹੀ
ਰਬਾਬ ਬਣ ਰਿਹਾ ਹਾਂ ਏਹ ਤੁਹਾਡੇ ਨਾਲ ਹੋਣ ਦਾ ਫਲ ਮਿਲਿਆ, ਏਸ ਨਾਲੋਂ ਤਾਂ ਮੇਰਾ
ਸਣ ਦਾ ਰਬਾਬ ਹੋ ਗਹਿਣਾ ਹੀ ਹੱਛਾ ਸੀ। — ਬਾਬੇ ਆਖਿਆ ਭੁਲਾ ਮਰਾਸਣ ਨੂੰ ਭੀ
ਮੇਲ ਦੇਵਾਂਗੇ, ਹੁਣ ਤਾਂ ਘੋੜਾ ਛੱਡ ਕੇ ਰਬਾਬ ਬਜਾਇ। ਮਰਦਾਨੇ ਬਚਨ ਮੰਨ ਘੋੜਾ ਛੱ
ਡ ਕੇ ਜਦ ਰਬਾਬ ਬਜਾਯਾ ਤੇ ਬਾਬੇ ਨੇ ਏਹ ਸ਼ਬਦ ਗਾਵਿਆ (ਸੀਹਾਂ ਬਾਜਾਂ ਚਰਗਾਂ
ਕੁਹੀਆਂ ਏਨ੍ਹਾਂ ਖਵਾਲੇ ਘਾਹ। ਘਾਹ ਖਾਨ ਤਿਨਾ ਮਾਸ ਖਵਾਲੇ ਏਹੀ ਚਲਾਏ ਰਾਹ। ਨ
ਦੀਆਂ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ। ਕੀੜਾ ਥਾਪ ਦੇਇ ਪਾਤਸ਼ਾਹੀ ਲਸ਼ਕ
ਰ ਕਰੇ ਸੁਆਹ।) ਤਾਂ ਸ਼ਬਦ ਦੀ ਤਾਸੀਰ, ਤੇ ਬਾਬੇ ਦੇ ਸਰੂਪ ਨੂੰ ਫਕੀਰੀ ਲਿਬਾਸ ਵਿਚ
ਇਲਾਹੀ ਨੂਰ ਚਮਕਦਾ ਦੇਖ ਕੇ ਕੈਦੀਆਂ ਦੇ ਜਮਾਦਾਰ ਨੇ ਸਲਾਮ ਕਰਕੇ ਬੇਅਦਬੀ
ਮਾਫ ਕਰਾਈ। ਜਨਮ ਸਾਖੀ ਵਿਚ ਲਿਖਿਆ ਹੈ ਕਿ ਬੋਝੇ ਸਿਰੋਂ ਹੱਥ ਉੱਚੇ ਜਾਂਦੇ ਸਨ।
ਜਦ ਬਾਬਰ ਨੇ ਅਫਗਾਨ ਪਿੰਡ ਜਾਕੇ ਡੇਰਾ ਕੀਤਾ ਤਾਂ ਜਮਾਦਾਰ ਨੇ ਬਾਬਰ ਅੱਗੇ ਏਨ੍ਹਾਂ

Digitized by Panjab Digital Library | www.panjabdigilib.org

ਹਕੀਕਤ ਦੱਸੀ ਤਾਂ ਸ਼ਾਹ ਨੇ ਪੀਖਆ ਵਾਸਤੇ ਆਪਣੇ ਮੁਰਸ਼ਦ ਮਰਦਾਨ ਸ਼ਾਹ ਅਲੀ ਨੂੰ ਭੇ-
ਜਿਆ ਉਸਨੇ ਕਾਬਲ ਵਿਚ ਬਾਬੇ ਜੀ ਨੂੰ ਦੇਖਿਆ ਸੀ, ਦੇਖਣ ਸਾਰ ਦਸਤ ਪੰਜਾ ਲੈਕੇ ਬਹੁਤ ਖੁ-
ਸ਼ੀ ਦੇ ਨਾਲ ਸ਼ਾਹ ਦੇ ਤੰਬੂ ਵਿਚ ਲੈ ਗਿਆ ਬਾਬਰ ਨੇ ਭੀ ਏਨ੍ਹਾਂ ਨੂੰ ਸਿਞਾਣ ਕੇ ਅਦਬ ਨਾ-
ਲ ਸਲਾਮ ਕੀਤਾ ਸ਼ਾਹ ਕਾਬੁਲ ਵਿਚ ਪੀਖਆ ਕਰ ਚੁਕਾ ਸੀ ਕਿ ਏਹ ਦੌਲਤ ਦੁਨੀਆਂ ਦੇ
ਗਾਹਕ ਨਹੀਂ ਏਸ ਕਰਕੇ ਸਮਰਕੰਦੀ ਭੰਗ ਸੇਤਾਂ ਦੀ ਬੂਟੀ ਸਮਝ ਕੇ ਰੁਮਾਲ ਵਿਚ ਇ-
ਕ ਮੁੱਠ ਪਾਈ ਤਾਂ ਬਾਬੇ ਜੀ ਨੇ ਉਸਦੀ ਸੱਧਾ ਦੇਖ ਖੁਸ਼ੀ ਹੋਕੇ ਬਚਨ ਕੀਤਾ ਇਕ ਬਾਦਸ਼ਾਹੀ
ਦੂਸਰੀ ਪਾਈ ਤਾਂ ਦੂਸਰੀ ਬਾਦਸ਼ਾਹੀ, ਏਸੇ ਤਰਾਂ ਜਦ ਸੱਤ ਪੁਸ਼ਤ ਬਾਦਸ਼ਾਹੀ ਦਾ ਬਰ ਸੱਤ
ਮੁਠੀਆਂ ਪਾਉਂਦੇ ਤਕ ਦੇਈ ਗਏ ਤਾਂ ਮਰਦਾਨੇ ਨੇ ਰੁਮਾਲ ਚੱਕ ਲੀਤਾ ਪਰ ਕੱਠਾ ਕਰਾਏ-
ਆ ੨ ਛੇਤੀ ਨਾਲ ਬਾਬਰ ਨੇ ਹੋਰ ਭੀ ਦੋ ਤਿੱਨ ਵਾਰੀ ਪਾ ਦਿੱਤੀ, ਏਸੇ ਕਰਕੇ ਬਾਬਰ[1] ਦੀ ਸੰ-
ਤਾਨ ਨੇ ੭ ਪੁਸ਼ਤ ਚੰਗੀ ਤੇ ਤਿੰਨ ਚਾਰ ਪੁਸ਼ਤ ਥੋੜੀ ੨ ਬਾਦਸ਼ਾਹੀ ਹਿੰਦ ਦੀ ਕੀਤੀ ਏਹ ਕਥਾ
ਜਨਮਸਾਖੀ ਵਿਚ ਲਿਖੀ ਹੈ। (ਸਾਧੂ ਬੋਲੇ ਸਹਜ ਸੁਭਾਇ ਸਾਧੂ ਦਾ ਬੋਲਿਆ ਬਿਰਥਾ ਨ
ਜਾਇ॥) ਕ੍ਯੋਂਕਿ ਜੋ ਹੋਣੀ ਹੈ ਸੋਈ ਬਾਣੀ ਸੰਤ ਦੇ ਮੂੰਹੋਂ ਨਿਕਲਦੀ ਹੈ। ਬਾਬਰ ਤਾਂ ਉਥੋਂ
ਲਾਹੌਰ ਫਤੇ ਕਰ ਦਿੱਲੀ ਨੂੰ ਗਿਆ ਤੇ ਬਾਬਾ ਜੀ ਵੈਸਾਖ ਸੰ:੧੫੭੮ ਬਿ: ਆਪਣੇ ਪਿੰਡ
ਕਰਤਾਰਪੁਰ ਜਾ ਰਹੇ। ਗੁਰੂ ਜੀ ਦਾ ਆਉਣਾ ਸੁਣਕੇ ਬੀਬੀ ਨਾਨਕੀ ਤੇ ਸਿੱਖ ਸੇਵਕ

੧ ਮੁਗਲ ਮੀਰ ਤਾਹਿਮੂਰ ਜਿਸਨੂੰ ਤਿਮਰਲਿੰਗ ਆਖਦੇ ਹਨ ਉਸਦੇ ਪੜਪੋਤੇ ਦਾ ਬੇਟਾ ਤੇ ਚੰਗੇਜ਼ਖਾਂ ਮੁਗਲ ਦੇ ਖਾ-
ਨਦਾ ਦੁਹਿਤਾ ਤੇ ਸਮਰਕੰਦ ਤੇ ਬੁਖਾਰੇ ਦਾ ਬਾਦਸ਼ਾਹ ਏਹ ਬਾਬਰ ਹੋਯਾ ਹੈ। ਫੇਰ ਸੰ:੧੫੬੨ ਬਿ: ਵਿਚ ਕਾਬ-
ਲ ਪਠਾਣਾਂ ਤੋਂ ਛੁਡਾ ਕੇ ਉਥੋਂ ਦਾ ਭੀ ਮਾਲਕ ਬਣ ਗਿਆ। ਸੰਮਤ ੧੫੭੦ ਵਿਚ ਹਿੰਦ ਪਰ ਚੜ੍ਹ ਆਯਾ ਪਰ
ਜੰਮੂ ਦੇ ਪਾਸੇ ਆਕੇ ਮੁੜ ਗਿਆ ਕ੍ਯੋਂਕਿ ਪਿੱਛੋਂ ਮੁਲਕ ਬਿਦਖਸ਼ਾਂ ਪਰ ਈਰਾਨੀ ਚੜ੍ਹ ਆਏ ਸੇ ਉਧਰੋਂ ਨਿਰਸੰ-
ਦੇਹ ਹੋਕੇ ਸੰ:੧੫੭੮ ਵਿਚ ਇੱਕ ਲੱਖ ਅਸਵਾਰ ਲੈਕੇ ਫੇਰ ਦੌਲਤ ਖਾਂ ਲੋਦੀ ਸੂਬੇ ਪੰਜਾਬ ਦੇ ਬੁਲਾਉ-
ਣੇ ਪਰ ਆਯਾ ਤੇ ਲਾਹੌਰ ਨੂੰ ਲੁੱਟਕੇ ਅੱਗ ਲਾ ਦਿੱਤੀ। ਜਦ ਦੈਪਾਲਪੁਰ ਵਾਲੇ ਪਠਾਣਾਂ ਨੂੰ ਕਤਲ ਕਰਕੇ ਸ-
ਰਹਿੰਦ ਪਾਸ ਗਿਆ ਤਾਂ ਦੌਲਤ ਖਾਂ ਬਿਗੜ ਬੈਠਾ ਤੇ ਬਾਬਰ ਉਥੋਂ ਹੀ ਮੁੜ ਗਿਆ ਪਰੰਤੂ ਸੰ:੧੫੭੮ ਬਿ: ਨੂੰ
ਤੀਸਰੀ ਵਾਰੀ ਫੇਰ ਆਕੇ ਸੈਦਪੁਰ ਅਰਥਾਤ ਏਮਨਾਵਾਦੀਏ ਪਠਾਣਾਂ ਨੂੰ ਸਣੇ ਸ਼ਹਿਰ ਕਤਲ ਕੀਤਾ ਫੇਰ
ਲਾਹੌਰ, ਸਰਹਿੰਦ, ਫਤੇ ਕਰਦਾ ਹੋਯਾ ਪਾਨੀਪਤ ਪਹੁੰਚਿਆ। ਏਥੇ ੧ ਇਕ ਲੱਖ ਅਸਵਾਰ ਤੇ ਪਿਆਦਾ ਤੇ ਇਕ
ਹਜ਼ਾਰ ਜੰਗੀ ਹਾਥੀ ਲੈ ਕੇ ਇਬਰਾਹੀਮ ਖਾਂ ਲੋਦੀ ਬਾਦਸ਼ਾਹ ਦਿਲੀ ਵਾਲੇ ਨੇ ਮੁਕਾਬਲਾ ਕੀਤਾ। ਬਾਬਰ ਦੇ
ਨਾਲ ਕੁਲ ੧੨ ਹਜ਼ਾਰ ਚੁਣਵੇਂ ਤੀਰੰਦਾਜ਼ ਸੇ ਫਤੇ ਪਰਮੇਸੁਰ ਦੇ ਹੱਥ ਹੈ ਇਬਰਾਹੀਮ ਸੋਲਾਂ ੧੬ ਹਜ਼ਾਰ ਬਾ-
ਦਰ ਸਮੇਤ ਜੰਗ ਵਿਚ ਮਾਰਿਆ ਗਿਆ। ਸੰ:੯੩੨ ਹਿਜਰੀ ਨੂੰ ਬਾਬਰ ਦਿੱਲੀ ਤੇ ਆਗਰੇ ਦਾ ਬਾਦਸ਼ਾਹ ਬਣ-
ਗਿਆ ਫੌਜ ਨੂੰ ਬਹੁਤ ਰੁਪਯਾ ਵੰਡਿਆ ਤੇ ਕਾਬੁਲ ਦੇ ਸਾਰੇ ਮੁਲਕ ਵਿਚ ਜੀਜੀ ਪ੍ਰਤੀ ਇਕ ੨ ਰੁਪਯਾ ਦਿੱਤਾ
ਤੇ ਇਕ ਕੰਠਾ ਰਤਨਾਂ ਦਾ ਜਿਸ ਵਿਚ ਇਕ ਹੀਰਾ ੧੦੨ ਰੱਤੀ ਵਜ਼ਨ ਦਾ ਸੀ ਆਪਣੇ ਬੇਟੇ ਹਿਮਾਊਂ ਨੂੰ ਦਿੱਤਾ। ਏਸ

Digitized by Panjab Digital Library | www.panjabdigilib.org

ਦਰਸ਼ਨ ਨੂੰ ਆਏ। ਬਾਬਾ ਕਾਲੂ ਚੰਦ, ਮਾਤਾ ਤ੍ਰਿਪ੍ਤਾ ਤੇ ਹੋਰ ਸੰਬੰਧੀ ਬਾਬੇ ਦੀ ਜਾਤ੍ਰਾ ਦੀਆਂ
ਕਥਾ ਭਾਈ ਮਰਦਾਨੇ ਬਾਲੇ ਤੋਂ ਸੁਣ ਸੁਣ ਕੇ ਬਹੁਤ ਖੁਸ਼ੀ ਤੇ ਅਚੰਭੇ ਪਏ ਹੋਏ ਹੈਨ। ਤਦ ਕਾ
ਲੂ ਚੰਦ ਨੇ ਭੀ ਹਰਦਿਆਲ ਪੰਡਿਤ ਦਾ ਬਚਨ ਜੋ ਬਾਬੇ ਦੇ ਜਨਮ ਸਮੇਂ ਉਸ ਨੇ ਕੀਤਾ ਸੀ ਸ
ਹੀ ਜਾਣ ਲੀਤਾ। — ਗੁਰੂ ਜੀ ਦੇ ਗਿਰਦ ਭੀੜ ਬਣੀ ਰਹੇ ਤੇ ਨਾਮ ਦਾ ਤੇ ਅੰਨ ਦਾ ਸਦਾਬ੍ਰ
ਤ ਜਾਰੀ ਰਹੇ। — ਕਾਤਕ ਸੰਮਤ ੧੫੭੮ ਬਿ: ਨੂੰ ਮਾਤਾ ਤ੍ਰਿਪਤਾ ਜੀ ਨੇ ਤੇ ਏਸੇ ਸਾਲ ੨੭
ਮੱਘ ਮਹਿ ਤੇ ਕਾਲੂ ਚੰਦ ਨੇ ਬੈਕੁੰਠ ਬਾਸ ਕੀਤਾ।

ਸੰ: ੧੫੮੩ ਬਿ: ਨੂੰ ਗੁਰੂ ਜੀ ਮਾਝੇ ਦੇਸ ਦਾ ਸੈਲ ਕਰਕੇ ਅਨੇਕ ਹਿੰਦੂ ਮੁਸਲਮਾਨ ਹਾਕ
ਮਾਂ ਨੂੰ ਤੇ ਰੱਯਤ ਨੂੰ ਧਰਮ ਦਾ ਉਪਦੇਸ਼ ਦ੍ਰਿੜ੍ਹਾ ਕਰ ਕੁਛ ਦਿਨ ਲਾਹੌਰ ਜਾ ਠਹਿਰੇ, ਉਥੇ ਹੀ
ਮਰਦਾਨਾ ਜੋ ਆਪਣੇ ਘਰ ਤਲਵੰਡੀ ਚਲਾ ਗਿਆ ਸੀ ਆ ਮਿਲਿਆ ਤੇ ਆਖਿਓਸ ਜੀ
ਅਸਾਂ ਦੀਦਾਰ ਨਾ ਦੇਖਣਾ। ਬਾਬੇ ਆਖਿਆ ਮਰਦਾਨਿਆਂ ਅਜੇ ਤੂੰ ਰੱਜਿਆ ਨਹੀਂ ਤਾਂ ਚੱਲ।
ਉਠ ਕੇ ਮਰਦਾਨੇ ਨੂੰ ਨਾਲ ਲੈ, ਪਾਕਪਟਨ ਬਾਵੇ ਫਰੀਦ ਦਾ ਮੇਲਾ ਦੇਖ ਦੇ ਮੁਲਤਾਨ ਨੂੰ
ਚਲੇ ਗਏ ਤੇ ਕਿਲੇ ਤੋਂ ਥੋੜ੍ਹੀ ਦੂਰ ਸ਼ੰਮਸ ਤਬ੍ਰੇਜ਼ ਦੀ ਚਾਰ ਦਿਵਾਲੀ ਦੇ ਅੰਦਰ ਜਾ ਉਤਰੇ
ਏਥੇ ਹੁਣ ਬਾਬੇ ਦੀ ਮੰਜੀ, ਤੇ ਸਿੱਖ ਪੁਜਾਰੀ ਹੈ। ਏਸ ਦੇ ਨੇੜੇ ਹੀ ਕਿਲੇ ਦੀ ਖਾਈ ਦੇ ਕੰਢੇ
ਸ਼ੰਮਸ ਤਬ੍ਰੇਜ਼ ਦੇ ਸਫਰੇ ਦੀ ਜਗਾਹ ਹੈ ਏਹ ਏਸ ਦੀ ਬਨਾਵਟੀ ਖਲੜੀ ਹੈ ਜਿਸ ਦੇ ਲੋਗ
ਦਰਸ਼ਨ ਕਰਦੇ ਹਨ। — ਬਹਾਵਲ ਹੱਕ ਦੀ ਜਗਾ ਯਾ ਕਬਰ ਕਿਲੇ ਦੇ ਅੰਦਰ ਹੈ ਏ
ਥੇ ਪ੍ਰਹਿਲਾਦ ਦੀ ਜਗਾ ਭੀ ਹੈ ਜੋ ਰਾਜੇ ਜਗਤੇ ਨੂਰਪੁਰੀਏ ਨੇ ਬਣਵਾਈ ਹੈ।

ਮੁਲਤਾਨ ਵਿੱਚ ਕਈ ਮਹੀਨੇ ਠਹਿਰ ਕੇ ਮੀਰਾਂ ਫਕੀਰਾਂ ਨੂੰ ਸਬਦ ਸਾਖੀ ਸੁਣਾ ਕੇ ਰੱਬ
ਦੇ ਰਾਹ ਪਾਯਾ ਤੇ ਅਜਮਤਾਂ ਦਾ ਹੰਕਾਰ ਛੁਡਾ ਕੇ ਨੂਰਪੁਰ ਥਲਾਂ ਵਿਚ ਦੀ ਮਗੀ ਪਠਾਣਾਂ
ਦਾ ਦੇਸ ਦੇਖਦੇ ਹੋਏ ਦੀਦਾਰ ਵਿਚ ਭੁਗਤਾਂ ਨੂੰ ਜਾਦੀਦਾਰ ਦਿੱਤਾ। ਤੇ ਉਥੋਂ ਹੋਰ ਦੋ ਸੌ ਕੋਹ
ਪਰੇ ਹਰਾਤ ਤਾਂਈ ਭੀ ਜਾ ਫਿਰੇ, ਤਾਂ ਮਰਦਾਨੇ ਆਖਿਆ ਜੀ ਬਸ ਹੁਣ ਮੈਂ ਰੱਜ ਲੀਤਾ। ਤ
ਦ ਉਥੋਂ ਮੁੜ ਕੇ ਬਾਬਾ ਜੀ ਖੁੱਰਮ ਸਾਹਿਰ ਆ ਪਹੁੰਚੇ। ਏਥੇ ਮਰਦਾਨਾ ਦੇਹ ਤਿਆਗ ਕੇ

ਦਿਨੋ ਤੋਂ ਚੁਗੱਤੇ ਮੁਗਲ ਦਿੱਲੀ ਦੇ ਬਾਦਸ਼ਾਹ ਬਨ ਗਏ। ਸੰ: ੧੫੮੭ ਬਿ: ਨੂੰ ਜਦ ਹਿਮਾਊਂ ਬਹੁਤ ਬੀਮਾਰ
ਹੋ ਗਿਆ ਤਾਂ ਬਾਬਰ ਨੇ ਇਸ਼ਨਾਨ ਕਰ, ਨਿਮਾਜ਼ ਪੜ੍ਹ, ਹਿਮਾਂਊਂ ਦੇ ਗਿਰਦੇ ਫਿਰ ਕੇ ਆਖਿਆ ਕਿ ਹੇ ਰੱਬਾ ਹਿਮਾਂ
ਊਂ ਦੀ ਮੌਤ ਮੈਨੂੰ ਆ ਜਾਵੇ, ਕੁਦਰਤ ਨਾਲ ਅਰਜ਼ ਮਨਜ਼ੂਰ ਹੋਈ ਤੇ ਉਸੇ ਦਿਨ ਤੋਂ ਬਾਬਰ ਬੀਮਾਰ ਹੋ ਗਿਆ
ਤੇ ਹਿਮਾਊਂ ਰਾਜ਼ੀ ਹੋਣ ਲਗ ਗਿਆ। ਅੱਠਾਂ ਦਿਨਾਂ ਵਿਚ ਹਿਮਾਊਂ ਰਾਜ਼ੀ ਹੋ ਗਿਆ ਤੇ ਬਾਬਰ ਮਰ ਗਿਆ।

Digitized by Panjab Digital Library | www.panjabdigilib.org

ਸੱਚਖੰਡ ਨੂੰ ਗਿਆ ਤੇ ਬਾਬਾ ਜੀ ਉਸਨੂੰ ਥਿਲੇ ਲਾਕੇ ਉਥੋਂ ੮ ਕੋਸ ਚੜ੍ਹਦੇ ਦੀ ਤਰਫ਼ ਇ
ਕਲੋਹਗੜ੍ਹ ਕਿਲਾ ਤੇ ਪਹਾੜੀ ਸੁੰਦਰ ਵੇਖਕੇ ਚਾਰ ਮਹੀਨੇ ਉਥੇ ਠਹਿਰੇ।

ਮਰਦਾਨੇ ਦੀ ਸੰਤਾਨ ਬਾਬਤ ਜਨਮਸਾਖੀ ਵਿਚ ਇਹ ਲਿਖਿਆ ਹੈ ਕਿ ਖੁੱਰਮੋਂ ਤੇ ਆਕਰ ਗੁ
ਰੂਜੀ ਤਲਵੰਡੀ ਤੋਂ ਮਰਦਾਨੇ ਦੇ ਬੇਟੇ ਰਜਾਦੇ ਤੇ ਸਜਾਦੇ ਨੂੰ ਨਾਲ ਲੈ, ਖੁੱਰਮ ਸ਼ਹਿਰ ਉਨ੍ਹਾਂ ਨੂੰ
ਛੱਡ ਕੇ ਫੇਰ ਕਰਤਾਰ ਪੁਰ ਆ ਰਹੇ। ਤੇ ਭਾਈ ਅਮੀਰਾ, ਸਾਉਣ, ਸੂਬਾ, ਜੀਵਣ ਜੋ ਮਰ
ਦਾਨੇ ਦੀ ਸੰਤਾਨ, ਡੇਰੇ ਬਾਬੇ ਨਾਨਕ ਵਿਚ ਬੇਦੀਆਂ ਦੇ ਮਰਾਸੀ ਹਨ, ਉਹ ਆਖਦੇ ਹਨ ਕੇ ਰਜਾ
ਦੇ ਦੀ ਸੰਤਾਨ ਖੁੱਰਮ ਸ਼ਹਿਰ ਵਿਚ ਹੈ ਤੇ ਸਜਾਦੇ ਦੇ ਦੋਵੇਂ ਪੁੱਤ੍ਰ ਬਾਦੂ ਤੇ ਸਾਦੂ ਗੁਰੂ ਦੂਸਰੇ, ਤੀ
ਸਰੇ, ਚੌਥੇ ਅੱਗੇ ਕੀਰਤਨ ਕਰਦੇ ਰਹੇ ਹਨ, ਉਨ੍ਹਾਂ ਦੇ ਬੇਟੇ ਸੱਤਾ, ਬਲਵੰਡ ਪੰਜਵੇਂ ਗੁਰੂ ਸਾ
ਹਿਬ ਦੇ ਦਰਬਾਰ ਵਿਚ ਸਬਦ ਪੜ੍ਹਦੇ ਰਹੇ। ਫੇਰ ਭਾਈ ਜੱਸਾ ਮਸ਼ਹੂਰ ਜੱਸ ਦਰੀਯਾ
ਤੇ ਬਾਵਕ ਛੀਵੇਂ ਗੁਰੂ ਅੱਗੇ ਸਬਦ ਪੜ੍ਹਦੇ ਰਹੇ ਏਸੇ ਤਰਾਂ ਅਸਾਡੇ ਵੱਡੇ ਸਬਨਾਂ ਗੁ
ਰੂਆਂ ਅੱਗੇ ਸਬਦ ਪੜ੍ਹਦੇ ਰਹੇ ਹਨ। ਬਾਬੇ ਸਾਹਿਬ ਸਿੰਘ ਦੇ ਦਰਬਾਰ ਵਿਚ ਭਾਈ ਬਾਘਾ
ਤੇ ਜੋਗਾ ਕੀਰਤਨ ਕਰਦੇ ਰਹੇ ਦੋ ਹਜ਼ਾਰ ਦੀ ਜਾਗੀਰ ਬਾਬੇ ਦੀ ਤਰਫ਼ੋਂ ਤੇ ਤਿਨ ਹਜ਼ਾਰ ਦੀ
ਜਾਗੀਰ ਸਰਕਾਰ ਲਾਹੌਰ ਦੀ ਤਰਫ਼ੋਂ ਮਿਲਦੀ ਸੀ ਏਸੇ ਕਰਕੇ ਉਨ੍ਹਾਂ ਨੇ ਆਪਣੇ ਸਾਕ ਭਾਈ
ਚੰਦ ਆਦਿਕਾਂ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਕੀਰਤਨ ਕਰਣੇ ਦਾ ਹੱਕ ਦੇ ਦਿੱਤਾ ਹੁਣ
ਉਥੇ ਭਾਈ ਅਤਰਾ, ਭਾਈ ਅਮੀਰਾ ਆਦਿਕ ਬਹੁਤ ਰਬਾਬੀ ਸਬਦ ਪੜ੍ਹਦੇ ਹਨ।)

ਖੁੱਰਮ ਵਿਚ ਬਹੁਤ ਲੋਕ ਬਾਬੇ ਦੇ ਸੇਵਕ ਬਣ ਗਏ ਜੋ ਹੁਣ ਤਕ ਨਾਨਕਪੀਰ ਦੇ ਮੁਰੀਦ
ਸੱਦੀਦੇ ਹਨ। ਇਕ ਚਸਮਾ ਏਥੇ ਬਾਬੇ ਦੀ ਦਯਾ ਨਾਲ ਪ੍ਰਗਟਿਆ ਸੀ ਜਿਸ ਨੂੰ ਚਰਨ ਗੰਗਾ
ਮੰਨਦੇ ਹਨ। ਏਥੋਂ ਬਾਬਾ ਜੀ ਅਨੇਕ ਦੇਸਾਂ ਦਾ ਸੈਲ ਕਰਦੇ ਹੋਏ ਕਰਤਾਰ ਪੁਰ ਆ ਬਿਰਾਜੇ
ਤੇ ਕਈ ਮਹੀਨੇ ਨਿਵਾਸ ਕਰਕੇ ਸਿੱਖਾਂ ਦਾ ਉਧਾਰ ਕਰਦੇ ਭਏ।

ਸੰ:੧੫੮੬ ਵਿਚ ਸਿਵਰਾਤ੍ਰੀ ਨੂੰ ਅੱਚਲ ਪਿੰਡ ਕਸਬੇ ਬਟਾਲੇ ਦੇ ਨਜ਼ਦੀਕ ਜੋਗੀ ਸਿਆ
ਸੀ ਮੇਲੇ ਪਰ ਬਹੁਤ ਇਕੱਠੇ ਹੋਏ ਸੇ ਉਨ੍ਹਾਂ ਨਾਲ ਗਿਆਨ ਚਰਚਾ ਕਰ, ਪਰਮੇਸ਼੍ਰ ਦੀ ਭਗ
ਤੀ ਭਜਨ ਸੁਖਦਾਈ ਦਿਖਾਂਵਦੇ ਭਏ, ਜਿਸ ਪਰ ਅਨੇਕ ਪ੍ਰਸ਼ਨ ਉੱਤ੍ਰ ਹੋਏ ਜੋ ਸਿੱਧ ਗੋਸ੍ਟ
ਵਿਚ ਦਰਜ ਹਨ। — ਗੁਰੂ ਸਾਹਿਬ ਚੇਤ ਮਹੀਨੇ ਮਹਾ ਬਾਰੁਨੀ ਦੇ ਮੇਲੇ ਪਰ ਹਰਿਦ੍ਵਾਰ
ਗੰਗਾ ਕਿਨਾਰੇ, ਜਿਥੇ ਤੀਸਰੇ ਗੁਰੂ ਭੀ ਜਾਕੇ ਬੈਠੇ ਸੇ ਤੇ ਹੁਣ ਗੁਰਦ੍ਵਾਰਾ ਹੈ ਉਥੇ ਜਾ ਬੈਠੇ।
ਬਹੁਤ ਸੇ ਬ੍ਰਾਹਮਣ ਤਰਪਣ ਕਰਦੇ ਦੇਖੇ ਤਾਂ ਬਾਬਾ ਜੀ ਭੀ ਗੰਗਾ ਵਿਚ ਖੜੇ ਹੋਕੇ ਪੱਛਮ

Digitized by Panjab Digital Library | www.panjabdigilib.org

ਵੀ ਤਰਫ ਜਲ ਉਛਾਲਨ ਲੱਗ ਪਏ। ਬ੍ਰਾਹਮਣਾਂ ਨੇ ਪੁੱਛਿਆ ਏਹ ਜਲ ਕਿਸ ਨੂੰ ਦਿੰਦੇ ਹੋ ਬਾਬੇ ਜੀ ਨੇ ਆਖਿਆ ਆਪਣੀ ਖੇਤੀ ਨੂੰ ਦਿੰਦਾ ਹਾਂ ਜੋ ਹੁਣ ਲਾਹੌਰ ਦੇ ਪਰਗਨੇ ਕਰਤਾਰਪੁਰ ਹੈ। ਬ੍ਰਾਹਮਣ ਬੋਲੇ ਏਥੋਂ ਦੋ ਸੌ ਕੋਸ ਕਿਵੇਂ ਪਹੁੰਚੇਗਾ, ਬਾਬੇ ਆਖਿਆ ਜੈਸੇ ਤੁਹਾਡਾ ਜਲ ਪਿਤਰਾਂ ਨੂੰ ਅਕਾਸ ਵਿਚ ਪਹੁੰਚੇਗਾ। ਏਹ ਸੁਣ ਕੇ ਓਹ ਨਿਰੁੱਤਰ ਹੋ ਗਏ ਤੇ ਬਾਬੇ ਦੇ ਚਰਨ ਫੜੇ, ਬਾਬਾ ਜੀ ਉਨ੍ਹਾਂ ਨੂੰ ਯਥਾਰਥ ਗਿਆਨ ਦੇ ਕੇ ਅੱਗੇ ਚਲਦੇ ਭਏ। ਏਸੇ ਤਰਾਂ ਹੋਰ ਅਨੇਕ ਪੁਰਸ਼ਾਂ ਦਾ ਭਲਾ ਕਰਦੇ ਹੋਏ ਕਾਤਕ ਪੂਨਿਓ ਸੰ: ੧੫੯੭ ਬਿ: ਨੂੰ ਕਪਾਲ ਮੋਚਨ ਤੀਰਥ ਪਰ ਜਾ ਪਹੁੰਚੇ। — ਏਸ ਤੀਰਥ ਦੇ ਪੰਡਿਆਂ ਨੇ ਆਖਿਆ ਏਸ ਦਾ ਬੜਾ ਮਹਾਤਮ ਹੈ, ਬਾਬੇ ਆਖਿਆ ਸੱਚਾ ਤੀਰਥ ਸਤਸੰਗ ਹੈ ਉਸ ਵਿਚ ਨ੍ਹਾਓ ਤਾਂ ਪਾਪ ਕੱਟੇ ਜਾਣ, ਇੱਤਿਆਦਿਕ ਪ੍ਰਸੰਗ ਸੁਣ ਕੇ ਉਨ੍ਹਾਂ ਦੇ ਮਨ ਸਾਫ਼ ਹੋ ਗਏ ਤੇ ਲੱਗੇ ਭਜਨ ਕਰਨ।

ਏਥੋਂ ਚਲ ਮਾਲਵੇ ਦੇਸ਼ ਛੀਟਾਂ ਵਾਲੇ ਸ਼ਹਿਰ ਇਕ ਭਗਤ ਦੇ ਚੁਬਾਰੇ ਵਿਚ ਆਣ ਠਹਿਰੇ। ਤਦ ਏਹ ਸ਼ਹਿਰ ਬਹੁਤ ਰੌਣਕ ਵਾਲਾ ਸੀ, ਫੇਰ ਮਨਸੂਰ ਅਲੀ ਖਾਂ ਕਾਕਨੇ ਵਾਲੇ ਰਜਪੂਤ ਦੇ ਕਬਜ਼ੇ ਵਿਚ ਆ ਜਾਣੇ ਕਰਕੇ ਮਨਸੂਰਪੁਰ ਏਸ ਦਾ ਨਾਮ ਮਸ਼ਹੂਰ ਹੋ ਗਿਆ। ਫੇਰ ਨਾਦਰਸ਼ਾਹ ਤੇ ਗਿਲਜਿਆਂ ਦੇ ਹੱਲਿਆਂ ਵਿੱਚ ਬਰਬਾਦ ਹੋ ਗਿਆ। ਉਸ ਭਗਤ ਨੇ ਬ੍ਰਹਮ ਭੋਜ ਕੀਤਾ ਭੋਜਨ ਛਕਣ ਦੇ ਵਕ਼ਤ ਉਸ ਦੇ ਘਰ ਬੇਟਾ ਪੈਦਾ ਹੋ ਪਿਆ, ਬ੍ਰਾਹਮਣਾਂ ਨੇ ਆਖਿਆ ਤੇਰੇ ਘਰ ਸੂਤਕ ਹੋ ਗਿਆ ਹੈ ਏਹ ਅਪਵਿੱਤ੍ਰ ਭੋਜਨ ਅਸੀਂ ਨਹੀਂ ਛਕਦੇ। ਤਾਂ ਬਾਬਾ ਬੋਲਿਆ (ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਇ। ਗੋਹੇ ਅੱਤੇ ਲਕੜੀ ਅੰਦਰ ਕੀੜਾ ਹੋਇ। ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ। ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ। ਸੂਤਕ ਕਿਉਕਰ ਰੱਖੀਐ ਸੂਤਕ ਪਵੈ ਰਸੋਇ। ਨਾਨਕ ਸੂਤਕ ਏਵ ਨ ਉਤਰੈ ਗਿਆਨ ਉਤਾਰੇ ਧੋਇ।) ਪੁਨਾ (ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕ ਕੂੜ। ਅੱਖੀਂ ਸੂਤਕ ਵੇਖਣਾ ਪਰ ਤ੍ਰਿਯ ਪਰ ਧਨ ਰੂਪ। ਕੰਨੀ ਸੂਤਕ ਕੰਨ ਪੈ ਲਾਇਤਬਾਰੀ ਖਾਂਹਿ। ਨਾਨਕ ਹੰਸਾ ਆਦਮੀ ਬੱਧੇ ਜਮਪੁਰ ਜਾਂਹਿ।) ਭਾਵ ਯਹ ਹੈ ਕਿ ਜੇਕਰ ਸੂਤਕ ਨੂੰ ਮੰਨੀਏ ਤਾਂ ਗੋਹੇ ਅੱਤੇ ਲਕੜੀ ਵਿੱਚ ਅਨੇਕ ਜੀਵ ਹੁੰਦੇ ਹਨ ਜੋ ਚੁੱਲ੍ਹੇ ਵਿਚ ਸੜਦੇ ਹਨ ਫੇਰ ਦਾਣੇ ਦਾਣੇ ਵਿਚ ਜੀਵ ਹੈ ਤੇ ਪਾਤਕਾਂ ਬਿਨਾ ਰਸੋਈ ਨਹੀਂ ਹੁੰਦੀ ਤਾਂ ਤੇ ਬਿਨਾ ਗਿਆਨ ਵੀਚਾਰ ਦੇ ਹੋਰ ਕਿਸੇ ਪ੍ਰਕਾਰ ਸੂਤਕ ਪਾਤਕ ਨਹੀਂ ਦੂਰ ਹੁੰਦਾ।

ਏਹ ਸੁਣ ਕੇ ਜਦ ਗਰੀਬ ਲੋਗ ਛਕਣ ਲੱਗੇ ਤਾਂ ਬ੍ਰਾਹਮਣ ਭੀ ਕਾਇਲ ਹੋ ਕੇ ਖਾਣ ਲੱ

Digitized by Panjab Digital Library | www.panjabdigilib.org

ਗਯੇ। ਇਸੇ ਤਰਾਂ ਹੋਰ ਅਨੇਕ ਪ੍ਰਕਾਰ ਦੇ ਬ੍ਰਾਹਮਣਾ ਦੇ ਜਾਲ ਵਿਚੋਂ ਸਿਦਕੀ ਸਿੱਖਾਂ ਨੂੰ ਕਢਦੇ ਹੋਏ ਗੁਰੂ ਜੀ ਕਰਤਾਰਪੁਰ ਆ ਪਹੁੰਚੇ। ਫੇਰ ਕਿਸੇ ਤਰਫ਼ ਨੂੰ ਕਦੀ ਨਹੀਂ ਗਏ ਏਥੇ ਹੀ ਰਾਤ ਦਿਨ ਸਤਸੰਗ ਦੀ ਰੰਗਣ ਚੜ੍ਹ ਛੱਡੀ, ਬੇਸ਼ੁਮਾਰ ਹਿੰਦੂ ਮੁਸਲਮਾਨ ਰੰਗੇ ਗਏ। — ਉਸੇ ਸਮੇ ਭੁੱਲੇ ਪਿੰਡ ਦੇ ਇਕ ਬੂੜੇ ਨਾਮੀ ਜਿਮੀਂਦਾਰ ਦੇ ਛੋਕਰੇ ਨੇ ਆ ਕੇ ਗੁਰੂ ਜੀ ਦੇ ਚਰਨ ਫੜੇ, ਤੇ ਆਖਿਆ ਜੀ ਮੇਰੀ ਰੱਖਿਆ ਕਰੋ। ਬਾਬੇ ਆਖਿਆ ਤੈਨੂੰ ਕੀ ਦੁਖ ਹੈ, ਉਸ ਨੇ ਅਰਜ਼ ਕੀਤੀ ਬਾਬਰ ਮੁਗਲ ਦੀ ਫੌਜ ਨੇ ਸਾਡੇ ਪਿੰਡ ਦੀ ਕੱਚੀ ਪੱਕੀ ਖੇਤੀ ਸਭ ਕੱਟ ਖੜੀ ਹੈ, ਮੈਨੂੰ ਖਿਆਲ ਆਯਾ ਜਦ ਏਨ੍ਹਾਂ ਨੂੰ ਕਿਸੇ ਨਾ ਰੋਕਿਆ ਤਾਂ ਜਮ ਤਾਂ ਏਦੂੰ ਭੀ ਡਾਢਾ ਹੈ ਉਸਦਾ ਹੱਥ ਕਿਸ ਨੇ ਫੜਨਾ ਹੈ, ਮੈਨੂੰ ਭੀ ਕੱਚੀ ਖੇਤੀ ਵਾਂਗੂ ਕੱਟ ਕੇ ਨਾ ਲੈ ਜਾਵੇ ਉਸ ਤੋਂ ਬਚਣ ਲਈ ਆਪ ਦੀ ਸਰਣ ਆਯਾ ਹਾਂ। ਗੁਰੂ ਜੀ ਬੋਲੇ ਨਿੱਕਿਆ ਤੂੰ ਤਾਂ ਕੋਈ ਬੁੱਢਾ ਹੈਂ ਉਸ ਨੂੰ ਭਜਨ ਦੱਸਿਆ ਅਤੇ ਤਦ ਤੋਂ ਉਸ ਦਾ ਨਾਮ ਬੁੱਢਾ ਮਸ਼ਹੂਰ ਹੋ ਗਯਾ ਏਹੋ ਬੁੱਢਾ ਜੀ ਛੀਵੇਂ ਗੁਰੂ ਤਕ ਰਹੇ ਹਨ, ਏਨ੍ਹਾਂ ਦੀ ਸਾਰੀ ਕਥਾ ਪੰਜਵੇਂ ਹਿੱਸੇ ਵਿੱਚ ਹੈ। ਇਸੇ ਤਰਾਂ ਇਕ ਹੋਰ ਲੰਗਰ ਤਾਰੂ ਪੋਪਟ ਨੇ ਆ ਕੇ ਅਰਜ਼ ਕੀਤੀ ਜੀ ਮੇਰੀ ਮਾਂ ਅੱਗ ਬਾਲਣ ਲਗੀ ਤਾਂ ਛੋਟੀਆਂ ਲਕੜਾਂ ਨੂੰ ਮੋਟੀਆਂ ਤੋਂ ਪਹਿਲਾਂ ਅੱਗ ਲੱਗੀ, ਮੈਨੂੰ ਡਰ ਉਪਜਿਆ ਮੈਂ ਸਾਰੇ ਟੱਬਰ ਵਿੱਚ ਛੋਟਾ ਹਾਂ ਕਿਤੇ ਮੈਨੂੰ ਭੀ ਪਹਿਲਾਂ ਕਾਲ ਨਾ ਖਾ ਜਾਵੇ। ਬਾਬੇ ਨੇ ਇਸ ਦਾ ਭੀ ਉਧਾਰ ਕੀਤਾ।

ਹੋਰ ਭਾਈ ਮੂਲਚੰਦ ਸਣਖੱਤ੍ਰ, ਪ੍ਰਿਥੀਮਲ, ਭਾਈ ਲਾਲੋ, ਭਾਈ ਕਾਲੂ, ਭਾਈ ਮੀਹਾਂ, ਭਾਈ ਅਜਿੱਤਾ, ਰੰਧਾਵਾ, ਪੀਰਾਂ ਲੁਹਾਰ, ਦੌਲਤ ਪਠਾਣ, ਸੀਤਾ, ਭਾਈ ਕਮਲੀਆ ਆਦਿਕ ਬਹੁਤ ਪ੍ਰੇਮੀਆਂ ਦੀ ਭੀੜ ਭਾੜ ਦਿਨੇ ਰਾਤ ਬਣੀ ਰਹੇ। ਲੰਗਰ ਐਸਾ ਜਾਰੀ ਸੀ ਕਿ ਕਿਸੇ ਵਕ਼ਤ ਕੋਈ ਖਾਲੀ ਨਹੀਂ ਜਾਂਦਾ ਸੀ। — ਤੇ ਅੰਤ ਲੋਗਾਂ ਨੂੰ ਬਨਾਵਟੀ ਲੋਗ ਦਿਖਾਵੇ ਦੇ ਕਰਮਾਂ ਤੋਂ ਛੁਡਾ ਕੇ ਸੱਚਖੰਡ ਦੇ ਅਧਿਕਾਰੀ ਕਰਦੇ ਭਏ। ਤੇ ਫੇਰ ਆਪਣੀ ਜਗਾ ਆਪਣੇ ਚੇਲੇ ਅੰਗਦ ਜੀ ਨੂੰ ਜੋ ਅਨੇਕ ਪ੍ਰੀਖਿਆ ਵਿਚ ਕਾਇਮ ਰਹੇ ਸੀ ਗੁਰਿਆਈ ਦੀ ਗੱਦੀ ਉਤੇ ਬੈਠਾ ਕਰ ਪੰਜ ਪੈਸੇ, ਇਕ ਸ੍ਰੀਫਲ ਅਗੇ ਰੱਖ, ਮੱਥਾ ਟੇਕ, ਚਾਰ ਪ੍ਰਕਰਮਾ ਕਰ, ਆਪਣੀ ਈਸ਼੍ਵਰੀ ਸ਼ਕ੍ਤੀ ਤੇ ਗਿਆਨ ਸ਼ਕ੍ਤੀ ਉਸ ਵਿਚ ਥਾਪ ੬੯ ਬਰਸ ੧੦ ਮਹੀਨੇ ੧੦ ਦਿਨ ਸਾਰੀ ਉਮਰ ਭੋਗ ਕਰ, ਅਸੂ ਬਦੀ ੧੦ ਸੰ: ੧੫੯੬ ਬਿ: ਤੇ ਸੰ: ੧੫੩੯ ਈ: ਨੂੰ ਚਾਰ ਘੜੀ ਦਿਨ ਚੜ੍ਹੇ ਜੋਤੀ ਜੋਤਿ ਸਮਾ ਗਏ। ਜਨਮਸਾਖੀ ਤੇ ਪ੍ਰਕਾਸ਼ ਬਾਬਾ ਨਾਨਕ ਵਿਚ ਲਿਖਿਆ ਹੈ ਕੇ ਉਨ੍ਹਾਂ ਦੇ ਚੋਲਾ ਛੱਡ ਜਾਣੇ ਪਰ ਇਕ ਝਗੜਾ ਖੜਾ ਹੋ ਗਿਆ। ਹਿੰਦੂ ਆਖਣ ਸਾਡਾ

Digitized by Panjab Digital Library | www.panjabdigilib.org

ਗੁਰੂਜੀ ਅਸੀਂ ਦਾਹ ਕਰਾਂਗੇ, ਮੁਸਲਮਾਨ ਆਖਣ ਸਾਡਾ ਪੀਰ ਸੀ ਅਸੀਂ ਦੱਬਾਂਗੇ। ਇਸੇ
ਤਨੇ ਵਿੱਚ ਇਕ ਫਕੀਰ ਨੇ ਆਕਰ ਆਖਿਆ ਤੁਸੀਂ ਕਿਉਂ ਝਗੜਦੇ ਹੋ ਗੁਰੂ ਜੀ ਤਾਂ ਦਸਕੇ
ਸਪੁਰਦ ਚਲੇ ਜਾਂਦੇ ਮੈਨੂੰ ਅਲੇ ਸਨਾ ਤੁਸੀਂ ਸਭ ਇਸ ਮਕਾਨ ਤੋਂ ਬਾਹਰ ਹੋ ਜਾਓ ਉਹ ਆਪੇ
ਝਗੜਾ ਨਿਬੇੜ ਦੇਣਗੇ, ਅੰਤ ਨੂੰ ਇਸੇ ਤਰਾਂ ਕੀਤਾ, ਜਦ ਦੋ ਘੜੀ ਪਿੱਛੋਂ ਕੁੰਡਾ ਖੋਲਕੇ ਅੰਦ
ਰ ਗਏ ਤਾਂ ਕੁਛ ਫੁੱਲ ਤੇ ਚਾਦਰ ਪਈ ਦੇਖੀ, ਦੇਹ ਬਾਬੇ ਦੀ ਗਾਇਬ ਹੋ ਗਈ, ਉਹ ਚੱਦਰ ਅੱ
ਧੀ ਅੱਧੀ ਕਰਕੇ ਹਿੰਦੂਆਂ ਨੇ ਸਾੜ ਕੇ ਸਮਾਧ ਬਣਾ ਦਿੱਤੀ ਤੇ ਮੁਸਲਮਾਨਾਂ ਨੇ ਦੱਬ ਕੇ ਕ
ਬਰ ਬਨਾ ਲਈ। — ਗੁਰੂ ਜੀ ਦਾ ਹੁਕਮ ਦੋਵੇਂ ਬਣਾਵਣ ਦਾ ਨਹੀਂ ਸੀ ਇਸ ਵਾਸਤੇ ਸੰਮਤ
੧੬੧੪ ਬਿ: ਵਿਚ ਰਾਵੀ ਦਰੀਯਾਇ ਦੋਹਾਂ ਨੂੰ ਰੋੜ੍ਹ ਕੇ ਲੈ ਗਿਆ।

ਫਿਰ ਹੁਣ ਸੰ: ੧੮੨੮ ਬਿ: ਵਿਚ ਗੁਰਬਖਸ਼ ਸਿੰਘ ਦੇ ਬੇਟੇ ਸੁੱਧਾ ਸਿੰਘ ਗੋਤ ਢੂਰੀਏ ਜ਼ਿਮੀ
ਦਾਰ ਨੇ ਦੇਹਰਾ ਬਾਬੇ ਜੀ ਦਾ ਪੱਕਾ ਬਨਵਾਯਾ ਹੈ ਜਿਸ ਦਾ ਦਰਸ਼ਨ ਕਰਕੇਂ ਅਨੰਤ ਲੋਗ ਭੁਲ
ਮਨਾਉਂਦੇ ਹਨ। ਅਤੇ ਜਦ ਗੁਰੂ ਜੀ ਦੀ ਸੰਤਾਨ ਬੇਦੀ ਮਿਹਰਚੰਦ ਆਦਿਕਾਂ ਨੇ ਰਾਵੀ ਤੋਂ ਪੂਰਬ ਦੀ
ਤਰਫ ਪੱਖੋਕੇ ਪਿੰਡ ਵਾਲੇ ਜ਼ਿਮੀਦਾਰਾਂ ਤੋਂ ਜ਼ਮੀਨ ਲੈਕੇ ਸੰ: ੧੬੩੫ ਵਿਚ (ਦੇਹਰਾ ਬਾਬਾ ਨਾ
ਨਕ) ਇਸ ਨਾਮ ਦਾ ਕਸਬਾ ਬਸਾਯਾ ਤੇ ਉਥੇ ਬਸਣ ਲੱਗੇ, ਤਾਂ ਗੁਰੂ ਨਾਨਕ ਜੀ ਦੀ ਸਮਾਧ
ਭੀ ਉਥੇ ਹੀ ਬਣਾ ਲਈ। ਜਿਸ ਦੀ ਪੱਕੀ ਇਮਾਰਤ ਬਹੁਤ ਚੰਗੀ ਰਾਜਾ ਚੰਦੂ ਲਾਲ ਦੇ ਚਾਚੇ
ਨਾਨਕ ਚੰਦ ਨੇ ਸੰ: ੧੮੪੪ ਵਿਚ ਬਨਾਈ। ਤੇ ਸੰ: ੧੮੮੫ ਬਿ: ਵਿਚ ਮਹਾਰਾਜੇ ਰਣਜੀ
ਤ ਸਿੰਘ ਨੇ ਉਸੇ ਮੰਦਰ ਨੂੰ ਸੁਇਨੇ ਤੇ ਸੰਗੇ ਮਰਮਰ ਨਾਲ ਸਜਾਯਾ ਹੈ। ਇਸ ਮੰਦਰ ਦੇ ਨਾਲ
ਸਰਕਾਰ ਤੋਂ ੪੦੩੫ ਚਾਰ ਹਜ਼ਾਰ ਪੈਂਤੀ ਰੁਪਏ ਦੀ ਜਾਗੀਰ ਲੰਗਰ ਵਾਸਤੇ ਹੈ। ਤੇ ਬੈਸਾਖੀ ਦੇ
ਮੇਲੇ ਨੂੰ ਭੀ ਬਹੁਤ ਰਨਕ ਆ ਜਾਂਦੀ ਹੈ, ਮਹੰਤ ਭਗਵਾਨ ਦਾਸ ਉਦਾਸੀ ਸਾਧ ਪੁੰਜਾਰੀ ਹੈ।

ਯੱਦਪਿ ਗੁਰੂ ਨਾਨਕ ਸਾਹਿਬ ਜੀ ਦੀ ਜਨਮਸਾਖੀ ਵਿਚੋਂ ਬਹੁਤ ਹਾਲ ਮਿਲਦੇ ਹਨ ਪਰ
ਫਿਰ ਭੀ ਪੂਰਾ ਪੂਰਾ ਨਿਸ਼ਚੇ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਨੇ ਜੋ ਤੀਸ ਪੈਂਤੀਸ ਬਰਸ ਤਕ ਦੂਰ
ਦੂਰ ਦੇ ਮੁਲਕਾਂ ਦਾ ਸੈਰ ਕੀਤਾ ਹੈ ਉਹ ਸਾਰਾ ਬ੍ਰਿਤਾਂਤ ਕਿਸੇ ਨੇ ਨਾਲ ਦੇ ਨਾਲ ਨਹੀਂ ਲਿਖਿਆ
ਪਿੱਛੋਂ ਭਾਈ ਬਾਲੇ ਨੇ ਗੁਰੂ ਅੰਗਦ ਜੀ ਨੂੰ ਸੁਣਾਯਾ ਹੈ। ਸੋਚਣ ਦੀ ਬਾਤ ਹੈ ਕਿ ਮੂੰਹ ਜ਼ੁਬਾਨੀ
ਇਤਨੇ ਬਰਸਾਂ ਦੀਆਂ ਬਾਤਾਂ ਠੀਕ ੨ ਕਦ ਯਾਦ ਰਹਿ ਸਕਦੀਆਂ ਹਨ।

ਮੈਨੂੰ ਜੋ ਕੁਛ ਪੋਥੀਆਂ ਵਿਚੋਂ ਤੇ ਦੇਸ ਦੇਸਾਂਤ੍ਰਾਂ ਦੇ ਰਟਨੇ ਤੋਂ ਤੇ ਬਹੁਤ ਸਾਰੇ ਮਾਤਬਰ ਲੋਗਾਂ ਦੀ
ਜ਼ੁਬਾਨ ਤੋਂ ਮਾਲੂਮ ਹੋਯਾ ਹੈ ਸੋ ਸਹੀ ਕਰਕੇ ਲਿਖਿਆ ਹੈ। ਇਸ ਵਿਚ ਜੋ ਕੁਛ ਉਚਿਤ ਅਨੁਚਿ

Digitized by Panjab Digital Library | www.panjabdigilib.org

ਤ ਲਿਖਾ ਗਿਆ ਹੋਵੇ ਉਸਨੂੰ ਭਲੀ ਪ੍ਰਕਾਰ ਨਿਰਨੇ ਕਰਣਾ ਜਾਂ ਮੈਨੂੰ ਲਿਖਣਾ ਅਤੇ (ਭੁੱ
ਲਣ ਅੰਦਰ ਸਭ ਕੋ ਅਭੁੱਲ ਗੁਰੂ ਕਰਤਾਰ) ਗੁਰੂ ਜੀ ਦੇ ਏਸ ਬਰਨਨ ਦਾ ਧਿਆਨ ਕਰਕੇ
ਮਾਫ਼ ਕਰਨਾ। ਕਿਉਂਕਿ ਮੈਂ ਭੀ ਇਕ ਅਲਪੱਗ ਬੁੱਧੀ ਆਦਮੀ ਹਾਂ। ਗੁਰੂ ਗ੍ਰੰਥ ਸਾਹਿਬ ਜੀ
ਤੋਂ ਬਿਨਾ ਹੋਰ ਜੋ ਗੁਰੂ ਕੀਆਂ ਸਾਖੀਆਂ ਤੇ ਸ਼ਬਦ ਨਵੇਂ ੨ ਵੇਖੀਦੇ ਹਨ, ਉਨ੍ਹਾਂ ਨੂੰ ਪੜ੍ਹਕੇ ਠੀਕ
ਨਿਸਚਾ ਹੋਂਦਾ ਹੈ ਕਿ ਏਹ ਉਨ੍ਹਾਂ ਹੀ ਦੀ ਬਾਣੀ ਤੇ ਸਾਖੀ ਹੈ। ਅਕਸਰ ਏਹ ਸਾਖੀਆਂ ਬਹੁਤੀਆਂ
ਕਰਾਮਾਤਾਂ ਨਾਲ ਭਰੀਆਂ ਹੋਈਆਂ ਹਨ। ਜੇਕਰ ਵਿਚਾਰਕੇ ਵੇਖੀਏ ਤਾਂ ਐਸਾ ਕੋਈ ਮਜ਼੍ਹ
ਬ ਯਾ ਪੰਥ ਨਹੀਂ, ਜਿਸਦੇ ਵਡਿਆਂ ਦੀ ਕਥਾ ਉਸਤਤੀ ਤੇ ਕਰਾਮਾਤਾਂ ਨਾਲ ਭਰੀ ਹੋਈ ਨਾ ਹੋਵੇ।
ਤਾਂਤੇ ਗੁਰੂ ਸਾਹਿਬਾਂ ਦੀ ਅਜ਼ਮਤ, ਮਹਿਮਾ ਲਿਖੀ ਜਾਣੀ ਕੋਈ ਅਣੋਖੀ ਗੱਲ ਨਹੀਂ। ਮੇਰੀ
ਬੁੱਧੀ ਕੁਣੱਕੀ ਵਿਚ ਆ ਰਹੀ ਹੈ ਕਿਉਂਕਿ ਜੇਹੜੇ ਪੁਰਾਣੇ ਪ੍ਰੇਮੀ ਤੇ ਰਿਵਾਜੀ ਗੁਰੂ ਕੇ ਸਿਖ ਹਨ
ਸੋ ਤਾਂ ਗੁਰੂਆਂ ਦੀ ਉਸਤਤਿ ਤੇ ਕਰਾਮਾਤਾਂ ਦੇ ਹੀ ਗਾਹਕ ਹਨ ਤੇ ਏਹੋ ਚਾਹੁੰਦੇ ਹਨ ਜੋ ਸਾਰੇ ਦੁ
ਨੀਆਂ ਦੇ ਆਚਾਰਯਾਂ, ਅਵਤਾਰਾਂ, ਪੈਗੰਬਰਾਂ ਨਾਲੋ ਗੁਰੂਆਂ ਦੀ ਉਸਤਤੀ ਅਧਿਕ ਲਿਖੀ
ਜਾਵੇ ਭਾਂਵੇ ਦੂਸਰੇ ਮਤ ਵਾਲਾ ਮੰਨੇ ਨਾ ਮੰਨੇ। ਤੇ ਜੇਹੜੇ ਅੰਗ੍ਰੇਜ਼ੀ ਫ਼ਾਰਸੀ ਪੜ੍ਹੇ ਹੋਏ ਨਵੀਨ
ਰਮਾਤ ਵਾਲੇ ਗੁਰੂ ਕੇ ਸਿੱਖ ਹਨ ਉਹ ਉਸਤਤੀ ਤੇ ਕਰਾਮਾਤਾਂ ਨੂੰ ਛੱਡਕੇ ਗੁਰੂ ਸਾਹਿਬਾਂ ਦੇ
ਸਰੀਰ ਬਿਹਾਰ ਤੇ ਹਿਕਮਤ ਦੇ ਬ੍ਰਿਤਾਂਤ ਨੂੰ ਪਸੰਦ ਕਰਦੇ ਹਨ। ਸੋ ਅਸੀਂ ਦੋਹਾਂ ਨੂੰ ਬਾਂਹ ਬਾਂ
ਹੀ ਰੱਖਣ ਲਈ ਗੁਰੂਆਂ ਦਾ ਇਤੀਹਾਸ ਸੰਛੇਪ ਨਾਲ ਪ੍ਰਕਾਸ਼ ਕੀਤਾ ਹੈ ਅਤੇ ਨਿਸਚੇ ਹੁੰ
ਦਾ ਹੈ ਕਿ ਕੋਈ ਭੀ ਸੱਜਨ ਪੁਰਸ਼ ਪੜ੍ਹਕੇ ਤੁਰਸ਼ ਨਾ ਹੋਵੇਂਗੇ। ਅਤੇ ਮੇਰੇ ਏਸ ਪਰਿਸ਼੍ਰਮ
ਵਲ ਧਿਆਨ ਦੇ ਕਰ ਪ੍ਰੇਮ ਨਾਲ ਪੜ੍ਹੇਂਗੇ ਤੇ ਕੁਛਕ ਉਪਕਾਰ ਭੀ ਧਾਰਣਗੇ।

ਯੱਦਯਪਿ ਦੁਨੀਆਂ ਦੇ ਲੋਗਾਂ ਨੇ ਆਪਣੇ ੨ ਆਚਾਰਯਾਂ ਦੀ ਮਹਿਮਾ ਕਰਣ ਵਿਚ ਕੋਈ
ਉਪਮਾ ਬਾਕੀ ਨਹੀਂ ਰੱਖੀ, ਇਕ ਨੇ ਦੂਸਰੇ ਨਾਲੋਂ ਵਧਕੇ ਹੀ ਲਿਖਿਆ ਹੈ। ਪਰੰਤੂ ਜਦ ਤਰ
ਫ਼ਦਾਰੀ ਛੱਡਕੇ, ਨਿਆਇਕਾਰੀ ਹੋਕੇ, ਬਬੇਕ ਦੇ ਨੇਤ੍ਰਾਂ ਨਾਲ ਵੇਖੀਏ ਤਾਂ ਜੈਸੇ ਸੱਚੇ ਰਾਹ ਪਾ
ਉਣ ਵਾਲੇ, ਬਿਨਾ ਲਾਗ ਲਪੇਟ, ਸੁਲਹਕੁੱਲ, ਸਮਦਰਸੀ, ਮੁਨਸਿਫ਼ ਮਜਾਜ਼, ਧਰਮ
ਤੇ ਬ੍ਰਹਮ ਗਿਆਨ ਦੀ ਸੂਰਤ ਗੁਰੂ ਨਾਨਕ ਜੀ ਹੋਏ ਹੈਂ, ਐਸਾ ਹੋਰ ਕੋਈ ਦੂਸਰਾ ਅਜ ਤਕ ਨਹੀਂ
ਹੋਯਾ। ਦੇਖੋ ਆਪਣੇ ੨ ਮਜ਼ਹਬ, ਆਚਾਰਯ ਦੀ ਉਪਮਾ ਤਾਂ ਹਰ ਕੋਈ ਕਰਦਾ ਹੈ ਪਰ ਗੁਰੂ
ਸਾਹਿਬ ਦੀ ਮਹਿਮਾ ਗੈਰ ਮਜ਼ਹਬ ਵਾਲੇ ਭੀ ਬਹੁਤ ਵਧਕੇ ਲਿਖਦੇ ਹਨ। ਕਸ੍ਰੂ ਸਾਹਿਬ ਬ
ਹਾਦੁਰ ਕਮਿਸ਼ਨਰ ਨੇ ਆਪਣੀ ਬਣਾਈ ਹੋਈ ਤਵਾਰੀਖ ਬਕਾਯਾ ਬਾਬਾ ਨਾਨਕ ਵਿਚ

Digitized by Panjab Digital Library | www.panjabdigilib.org

ਲਿਖਿਆ ਹੈ ਕਿ ਬਾਬਾ ਨਾਨਕ ਜੀ ਦੇ ਸਮਾਨ ਸਚਿਆਈ ਤੇ ਦੁਨੀਆਂ ਦੀ ਲਾਗ ਤੋਂ ਬਿਨਾ ਐਸਾ ਹੋਰ ਕੋਈ ਪੈਗੰਬਰ, ਅਵਤਾਰ, ਰਿਖੀ, ਮੁਨੀ ਨਹੀ ਹੋਯਾ ਤੇ ੪ ਸਫੇ ਏਨ੍ਹਾਂ ਦੀ ਮਹਿਮਾ ਤੇ ਸੱਚਾਈ ਦੇ ਉਸਨੇ ਲਿਖੇ ਹਨ। — ਅਤੇ ਦਬਿਸਤਾਨ ਮਜ਼ਾਹਿਬ ਤਵਾਰੀਖ ਜੋ ਈਰਾਨ ਮੁਲਕ ਦੇ ਮੌਲਵੀ ਨੇ ਫਕੀਰ ਹੋਕੇ, ਹਿੰਦੁ ਵਿੱਚ ਆਕੇ ਸੰਮਤ ੧੬੯੨ ਬਿ: ਵਿਚ ਬਨਾਈ ਹੈ ਉਸਨੇ ਐਤਨੀ ਤਾਰੀਫ ਬਾਬੇ ਦੇ ਗੁਣਾਂ ਦੀ ਲਿਖੀ ਹੈ ਕੇ ਜੇਕਰ ਕੋਈ ਸਿੱਖ ਲਿਖਦਾ ਤਾਂ ਜ਼ਰੂਰ ਹੀ ਤਰਫਦਾਰੀ ਮੰਨੀ ਜਾਂਦੀ। ਉਸਨੇ ਸਾਫ ਲਿਖਿਆ ਹੈ ਕੇ ਜੇਕਰ ਸੱਚੇ ਅਵਤਾਰ ਯਾ ਪੈਗੰਬਰ ਹੋਏ ਹਨ ਤਾਂ ਬਾਬਾ ਨਾਨਕ ਸਾਹਿਬ ਹੀ ਹੋਏ ਹਨ ਜਿਨ੍ਹਾਂ ਨੇ ਲੋਗਾਂ ਦਾ ਸੁਧਾਰ ਕੀਤਾ। ਏਨ੍ਹਾਂ ਦੀ ਬਾਣੀ ਤੋਂ ਦਿਲ ਨੂੰ ਸ਼ਾਂਤਿ ਆਉਂਦੀ ਹੈ।

ਏਸੇ ਤਰਾਂ ਮੁਹੱਜਤ ਆਜ਼ਮ ਤੇ ਕਾਮਲ ਪੰਜਾਬ ਤੇ ਸੈਰੁਲ ਮੁਤਾਖਰੀਨ ਆਦਿਕ ਪੁਸਤਕਾਂ ਵਿਚ ਸਬਨਾਂ ਪੈਗੰਬਰਾਂ, ਅਵਤਾਰਾਂ ਤੋਂ ਵਧਕੇ ਬਾਬੇ ਦੀ ਤਾਰੀਫ ਲਿਖੀ ਹੈ। ਹੁਣ ਭੀ ਜੋ ਕੋਈ ਉਨ੍ਹਾਂ ਦੀ ਬਾਣੀ ਪੜ੍ਹਦਾ ਸੁਣਦਾ ਹੈ ਉਸਨੂੰ ਆਪਤੋਂ ਆਪ ਨਿਸ਼ਚਾ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜ਼ਰੂਰ ਸੱਚੇ ਸਤਗੁਰੂ ਨੂਰ ਇਲਾਹੀ ਦੇ ਸੂਰਜ ਸਨ।

ਏਹ ਗੁਰੂ ਸਾਹਿਬ ਕੱਤਕ ਸੁਦੀ ਪੂਰਨਮਾਸੀ ਸੰਮਤ ੧੫੨੬ ਬਿਕ੍ਰਮੀ ਨੂੰ ਪ੍ਰਗਟ ਹੋਏ ਤੇ ੬੯ ਬਰਸ ੧੦ ਮਹੀਨੇ ੧੦ ਦਿਨ ਦੀ ਉਮਰ ਭੋਗਕੇ ਸੰਮਤ ੧੫੯੬ ਬਿ: ਅਸੂ ਬਦੀ ਦਸਮੀ ਨੂੰ ਜੋਤੀ ਜੋਤਿ ਸਮਾਏ। ਇਤਿ।

Digitized by Panjab Digital Library | www.panjabdigilib.org

# ਬ੍ਰਿਤਾਂਤ ਗੁਰੂ ਅੰਗਦ ਜੀ ਦਾ।

ਦੋਹਰਾ।

ਸ੍ਰੀ ਗੁਰੂ ਅੰਗਦ ਬੰਦ ਕੇ ਪਦ ਅਰਬਿੰਦ ਅਮੰਦ। ਬ੍ਰਿੰਦ ਦ੍ਰਿੰਦ ਕਰ ਬੀਦ ਹੋਂ ਦ੍ਰਿੰਦ ਬਰਿੰਦ
ਨਿਕੰਦ॥੧॥ — ਸ੍ਰੀ ਗੁਰੂ ਅੰਗਦ ਸਾਹਿਬ ਮਾਲਵੇ ਦੇਸ ਪਿੰਡ ਮੱਤੇ ਦੀ ਸਰਾਇ ਜੋ
ਮੁਕਤਸਰੋਂ ੩ ਕੋਸ ਪੂਰਬ ਵਲ ਹੈ, ਤੇ ਹੁਣ ਨਾਗੇ ਦੀ ਸਰਾਇ ਮਸ਼ਹੂਰ ਹੈ, ਸਿਕੰਦਰ ਲੋਦੀ
ਬਾਦਸ਼ਾਹ ਦੇ ਵਕ਼ਤ ਸੰਮਤ ੧੫੬੧ ਬਿ: ਤੇ ਸਾਲ ੩੫ ਗੁਰੂ ਵਿਚ ਸੋਮਵਾਰ ਬੈਸਾਖ ਸੁ
ਦੀ ੧ ਅੰਮ੍ਰਿਤ ਵੇਲੇ ਫੇਰੂਮੱਲ ਤੇਹਣ ਖੱਤ੍ਰੀ ਦੇ ਘਰ ਮਾਈ ਸਭਰਾਈ ਵਿਚੋਂ ਪ੍ਰਗਟ ਹੋਏ,
ਨਾਮ ਲਹਿਣਾ ਰੱਖਿਆ। ਜਦ ਗੁਰੂ ਨਾਨਕ ਜੀ ਨੇ ਗੱਦੀ ਦਿੱਤੀ ਤਾਂ ਅੰਗਦ ਨਾਮ ਰੱਖਿ
ਆ। ਏਹ ਬਾਲਕ ਹੁੰਦੇ ਹੀ ਭੋਲੇ ਭਾਲੇ, ਸੀਲ ਸੁਭਾਵ, ਧੀਰਜੀ, ਉਦਾਰ, ਸੰਤਸੇਵੀ, ਗੌ
ਰਵਰਨ ਸੁੰਦਰ ਸਰੂਪ ਸੇ।

ਫੇਰੂਮੱਲ ਫੀਰੋਜ਼ਪੁਰ ਦੇ ਹਾਕਮ ਪਠਾਣ ਦਾ ਖਜ਼ਾਨਚੀ ਸੀ। ਸੰ: ੧੫੭੮ ਬਿ: ਨੂੰ ਬਾਬ
ਰ ਬਾਦਸ਼ਾਹ ਦੇ ਵਕ਼ਤ ਗਦਰ ਵਿਚ ਪਠਾਣਾਂ ਦੀ ਬਾਦਸ਼ਾਹੀ ਜਾਂਦੀ ਰਹੀ। ਕੌਮ ਪਰਾਧੇ ਤੇ
ਭੱਟੀਆਂ ਨੇ ਏਨ੍ਹਾਂ ਦਾ ਪਿੰਡ ਭੀ ਹੋਰ ਦੇਸ ਦੇ ਨਾਲ ਹੀ ਲੁੱਟ ਲੀਤਾ ਤੇ ਉਜਾੜ ਕਰ ਦਿੱਤਾ।
ਲਹਣੇ ਜੀ ਦੀ ਸ਼ਾਦੀ ਮਾਝੇ ਵਿਚ ਖੰਡੂਰ ਪਿੰਡ ਸੰ: ੧੫੭੬ ਬਿ: ਵਿਚ ਦੇਵੀਚੰਦ ਖੱਤ੍ਰੀ
ਦੀ ਬੇਟੀ ਖੀਵੀ ਜੀ ਦੇ ਨਾਲ ਹੋਈ। ਫੇਰੂਮੱਲ ਦੀ ਭੈਣ ਬੀਬੀ ਵਿਰਾਈ ਖੰਡੂਰ ਵੱਸਦੀ
ਸੀ ਏਸ ਕਰਕੇ ਫੇਰੂਮੱਲ ਭੀ ਖੰਡੂਰ ਵਿਚ ਆ ਵੱਸਿਆ ਤੇ ਪਚੂਨ ਦੀ ਦੁਕਾਨ ਅਸਾਮੀ ਬ
ਣਜ ਕਰਕੇ ਗੁਜ਼ਾਰਾ ਕਰਦਾ ਰਿਹਾ।

ਲਹਿਣੇ ਜੀ ਦੇ ਘਰ ੯ ਭਾਦ੍ਰੋਂ ਸੰ: ੧੫੮੧ ਬਿ: ਨੂੰ ਦਾਸੂ ਜੀ ਤੇ ੨ ਪੋਹ ਸੰ: ੧੫੮੯ ਬਿ:
ਵਿਚ ਬੀਬੀ ਅਮਰੋ ਤੇ ੨੯ ਜੇਠ ਸੰ: ੧੫੯੧ ਬਿ: ਨੂੰ ਬੀਬੀ ਅਨੋਖੀ ਜੀ ਤੇ ੧ ਬੈਸਾਖ ਸੰ:
੧੫੯੪ ਬਿ: ਵਿਚ ਦਾਤੂ ਜੀ ਏਹ ਦੋ ਬੇਟੇ ਤੇ ਦੋ ਬੇਟੀਆਂ ਪੈਦਾ ਹੋਈਆਂ। — ਫੇਰੂਮੱਲ
ਦੇਵੀ ਦਾ ਭਗਤ ਸੀ, ਹਰ ਸਾਲ ਸੰਗਤ ਨੂੰ ਨਾਲ ਲੈ ਕਰ ਦੇਵੀ ਦੇ ਦਰਸਨ ਨੂੰ ਜਾਂਦਾ ਹੁੰਦਾ

Digitized by Panjab Digital Library | www.panjabdigilib.org

ਸੰ:੧੫੮੩ ਬਿ:ਨੂੰ ਫੇਰੂਮੱਲ ਦੇ ਗੁਜਰੇ ਪਿੱਛੋਂ ਫੇਰ ਓਹੋ ਖੂੰਡੀ ਖਾਮਣੀ ਦੇਵੀ ਦਾ ਭੇਖ ਧਾਰ ਕੇ ਲਹਿਣਾ ਜੀ ਦੇਵੀ ਦੇ ਜਾਂਦੇ ਰਹੇ। ਗੁਰੂ ਨਾਨਕ ਸਾਹਿਬ ਦੀ ਮਹਿਮਾ ਸੁਣ ਕੇ ਦਰਸ਼ਨ ਕਰਨ ਦੀ ਮਨਸਾ ਥਾਪ ਸੰ:੧੫੮੯ ਬਿ:ਨੂੰ ਅਸੂ ਦੇ ਮਹੀਨੇ ਵੈਸਨੋ ਦੇਵੀ ਦੇ ਜਾਂਦੇ ਹੋਏ ਸੰਗਤ ਸਮੇਤ, ਢੋਲੇ ਦੇ ਪੱਤਨ ਰਾਵੀ ਲੰਘ ਕੇ ਜਦ ਬਾਬੇ ਦੇ ਪਿੰਡ ਕਰਤਾਰਪੁਰ ਦੇ ਨੇੜੇ ਗਏ ਤਾਂ ਅੱਗੇ ਬਾਬਾ ਜੀ ਅਚਾਨਕ ਜੰਗਲ ਵਿਚੋਂ ਆਂਉਦੇ ਹੋਏ ਮਿਲ ਪਏ। ਲਹਿਣਾ ਜੀ ਬਿਨਾ ਪਛਾਣੇ ਘੋੜੀ ਉਤੇ ਸੇ ਅਤੇ ਬਾਬਾ ਜੀ ਪੈਰੀਂ ਤੁਰਦੇ ਚਲੇ ਆਏ। ਧਰਮਸਾਲਾ ਦੇ ਨਜ਼ੀਕ ਜਾ ਕੇ, ਬਾਬਾ ਜੀ ਹੋਰ ਰਸਤੇ ਹੋ ਕੇ ਗੱਦੀ ਉੱਪਰ ਜਾ ਬੈਠੇ। ਜਦ ਲਹਿਣਾ ਜੀ ਨੇ ਘੋੜੀ ਬੰਨ੍ਹ, ਡੇਰਾ ਕਰ ਬਾਬੇ ਨੂੰ ਜਾ ਮੱਥਾ ਟੇਕਿਆ ਤਾਂ ਪਛਾਣ ਕੇ ਅਧਿਕ ਸ਼ਰਮਿੰਦਾ ਹੋਯਾ। ਬਾਬੇ ਆਖਿਆ ਭਾਈ ਲਹਿਣਾ ਤੈਂ ਲੈਣਾ ਹੈ ਅਸੀਂ ਦੇਣਾ ਹੈ। ਮਿੱਟੀ ਦੇ ਭਾਂਡੇ ਵਾਂਗੂ ਗੁਰੂ ਭੀ ਪੀਖਿਆ ਕਰ ਕੇ ਧਾਰਣਾ ਚਾਹੀਦਾ ਹੈ ਤੇ ਕਹਾਵਤ ਹੈ (ਗੁਰੂ ਕੀਜੈ ਜਾਣ ਕੇ ਪਾਣੀ ਪੀਜੈ ਛਾਣ ਕੇ) ਬਾਬੇ ਦੇ ਦਰਸਨ ਕਰ ਤੇ ਬਚਨ ਸੁਣ ਕੇ ਲਹਿਣੇ ਜੀ ਦਾ ਮਨ ਅਨੰਦ ਹੋ ਗਯਾ ਤੇ ਦੇਵੀ ਦੇ ਜਾਣ ਦਾ ਇਰਾਦਾ ਛੱਡ ਬੈਠਾ। ਬਹੁਤ ਸੰਗਤੀਆਂ ਸਮੇਤ ਮਨ ਤਨ ਧਨ ਅਰਪਣ ਕਰ, ਬਾਬੇ ਤੋਂ ਗੁਰਮੰਤ੍ਰ ਲੈ, ਸਾਕਤਾਂ[1] ਤੋਂ ਸਿਖ ਬਣ ਗਏ ਅਤੇ ਭਜਨ ਬੰਦਗੀ ਕਰਨ ਲਗੇ। ਬਾਬੇ ਦੇ ਸਤਸੰਗ ਦਾ ਐਸਾ ਰੰਗ ਲੱਗਿਆ ਜੋ ਸਾਰੇ ਸਿੱਖਾਂ ਪੁੱਤ੍ਰਾਂ ਨਾਲੋਂ ਅਧਿਕ ਲਾਯਕ ਹੋ ਗਏ ਤੇ ਸਰਬ ਕਲਾ ਸਮਰੱਥ ਜਗਤ ਗੁਰੂ ਬਣ ਗਏ। ਅਤੇ ਦੇਵੀ ਦਾ ਦਰਸ਼ਨ ਲੈਹਣੇ ਜੀ ਨੇ ਸੰਗਤ ਸਮੇਤ ਧਰਮਸਾਲਾ ਦੇ ਬੂਹੇ ਅਗੇ ਹੀ ਕਰ ਲੀਤਾ।

ਜੇੜ੍ਹੀਆਂ ਅਨੇਕ ਕਸੌਟੀਆਂ ਤਾਉ, ਤੇ ਪ੍ਰੀਖਿਆ ਕਰ ਕੇ ਬਾਬੇ ਜੀ ਨੇ ਲਹਿਣੇ ਜੀ ਨੂੰ ਜਗਤ ਗੁਰੂ ਬਣਾਯਾ ਸੀ ਉਨ੍ਹਾਂ ਵਿਚੋਂ ਦੇਗ ਦੇ ਦਾਣੇ ਵਾਂਗੂ ਏਥੇ ਪੰਜ ਚਾਰ ਦੇਖਾਉਂਦੇ ਹਾਂ। (੧) ਇਕ ਦਿਨ ਚੂਹਾ ਮਰਿਆ ਹੋਯਾ ਫਰਸ਼ ਉੱਤੇ ਪਯਾ ਸੀ ਬਾਬੇ ਨੇ ਸਬ ਸਿੱਖਾਂ ਪੁਤ੍ਰਾਂ ਨੂੰ ਚੁੱਕਣ ਲਈ ਆਖਿਆ, ਉਨ੍ਹਾਂ ਨੇ ਦੇਰ ਕੀਤੀ, ਅੰਗਦ ਜੀ ਨੇ ਛੇਤੀ ਨਾਲ ਚੁੱਕ ਕੇ ਬਾਹਰ ਸਿਟ ਪਾਯਾ। (੨) ਬਾਬੇ ਜੀ ਪਾਸ ਇਕ ਸੱਚੇ ਸੁਲੇਮਾਨੀ ਪੱਥਰ ਦਾ ਕਟੋਰਾ ਸੀ, ਗੰਦੇ ਚਿਕੜ ਦੇ ਟੋਏ ਵਿਚ ਸਿਟ ਕੇ ਆਖਿਆ ਕੱਢੋ, ਪੁੱਤ੍ਰਾਂ ਆਖਿਆ ਮਜੂਰ ਤੋਂ ਕਢਾ ਲਵਾਂਗੇ, ਆਪ ਤੇਰੇ ਚੱਲੋ, ਅੰਗਦ ਜੀ

---

1 ਸਾਕਤ ਨਾਮ ਦੇਵੀ ਦੇ ਉਪਾਸਕ ਦਾ ਹੈ ਜੈਸੇ ਬਿਸਨੂੰ ਦੇ ਉਪਾਸਕ ਵੈਸਨੋ, ਸਿਵ ਦੇ ਉਪਾਸਕ ਸ਼ੈਵ, ਗਣੇਸ਼ ਦੇ ਗਾਣਪ, ਸੂਰਜ ਦੇ ਸੌਰ ਆਖੀਦੇ ਹਨ ਤੈਸੇ ਸ਼ਕ੍ਤੀ ਦੇ ਉਪਾਸਕ ਸਾਕ੍ਤ ਸਦਾਉਂਦੇ ਹਨ। ਤੇ ਜੇੜ੍ਹਾ ਏਨਾਂ ਪੰਜਾਂ ਦੀ ਉਪਾਸ਼ਨਾ ਕਰਦਾ ਹੈ ਉਸਨੂੰ ਸਮਾਰਤ ਆਖੀਦਾ ਹੈ।

Digitized by Panjab Digital Library | www.panjabdigilib.org

ਸਣੇ ਪੁਸ਼ਾਕ ਕੁੱਦ ਪਏ।(੩) ਇਕ ਦਿਨ ਧਾਨਾਂ ਵਿੱਚੋਂ ਨਦੀਣ ਘਾਸ ਕਢਵਾ ਕੇ ਚਿਕੜ ਦਾ
ਭਰਿਆ ਹੋਯਾ ਚੁਕਾਉਣਾ ਚਾਹਿਆ, ਹੋਰਨਾ ਆਖਿਆ ਧੋਕੇ ਚੁੱਕਦੇ ਹਾਂ, ਲਹਿਣਾ ਜੀ ਤੁਰਤ ਚੁੱ
ਕ ਕੇ ਲੈ ਆਏ। ਮਾਤਾ ਸੁਲੱਖਣੀ ਜੀ ਨੇ ਬਾਬੇ ਨੂੰ ਆਖਿਆ ਤੁਸਾਂ ਏਸ ਦੇ ਕਪੜੇ ਕਿਉਂ ਬਿਗਾੜੇ,
ਬਾਬੇ ਨੇ ਫੁਰਮਾਯਾ ਕੇਸਰ ਨਾਲ ਭਰੇ ਹਨ।(੪) ਦਰੀਯਾ ਦੇ ਕਿਨਾਰੇ ਮੁਰਦਾ ਪਯਾ ਹੋਯਾ ਦੇ
ਖ ਬਾਬੇ ਹੁਕਮ ਦਿੱਤਾ, ਏਸ ਨੂੰ ਖਾਓ, ਹੋਰ ਸਭਨਾ ਗਿਲਾਨੀ ਕੀਤੀ, ਅੰਗਦ ਜੀ ਨੇ ਅਰਜ਼ ਕੀ
ਤੀ ਪੈਰਾਂ ਵੱਲੋਂ ਖਾਵਾਂ ਕਿ ਸਿਰ ਵੱਲੋਂ, ਬਾਬੇ ਆਖਿਆ ਪੈਰਾਂ ਤੋ ਖਾਹ, ਜਦ ਓਹ ਖਾਣ ਲੱਗਿਆ ਤਾਂ
ਬਾਬਾ ਜੀ ਸੱਚਾ ਸਿਦਕ ਦੇਖ ਕੇ ਖੁਸ਼ੀ ਹੋ ਗਏ।(੫) ਬਾਬਾ ਜੀ ਜੰਗਲ ਵਿੱਚੋਂ ਭਿਆਨਕ ਸ੍ਵਾਂ
ਗ ਸਾਹਿਸੀ ਗੰਧੀਲਿਆਂ ਦਾ ਧਾਰ ਆਏ, ਕੁੱਤੇ ਕੁੱਤੀਆਂ ਜੀਉਂਦੇ, ਗਿੱਦੜ, ਗੋਹਾਂ ਮਰੇ ਹੋਏ, ਛੁ
ਰਾ ਛੱਜ ਲੈਕੇ ਲਾਲ ਨੇਤ੍ਰ ਕ੍ਰੋਧ ਕਰ ਢੀਮਾਂ ਮਾਰਨ ਤੇ ਗਾਲੀਆਂ ਦੇਣ ਲੱਗੇ, ਸਿੱਖ ਪੁੱਤ੍ਰ ਸਭ
ਮਾਰ ਖਾ ਕੇ ਡਰਦੇ ਨੱਠ ਗਏ ਇਕ ਅੰਗਦ ਜੀ ਕਾਯਮ ਰਹੇ।(੬) ਇਕ ਦਿਨ ਗੋਬਰ ਦੀ
ਭਰੀ ਹੋਈ ਜੁੱਤੀ ਪਹਿਰ ਕੇ ਸੁਫੈਦ ਫਰਸ਼ ਉੱਤੇ ਫਿਰਨ ਲੱਗੇ, ਹੋਰ ਸਭ ਨਾਰਾਜ਼ ਹੋਏ, ਅੰਗਦ
ਜੀ ਨੇ ਖੁਸ਼ੀ ਹੋ ਕੇ ਕੇਸਰ ਦੇ ਥਾਪੇ ਲਾਉਂਦੇ ਬਤਾਏ, ਫੇਰ ਜੋੜਾ ਸਿੱਟ ਕੇ ਆਖਿਆ ਮੂੰਹ ਨਾਲ ਚੁੱ
ਕੋ, ਹੋਰ ਕੋਈ ਨਾ ਉਠਿਆ ਅੰਗਦ ਜੀ ਚੁੱਕ ਲਿਆਏ।(੭) ਇਕ ਦਿਨ ਬਾਬਾ ਜੀ ਬੋਲੇ ਮੇਰਾ ਸਿੱ
ਖ ਓਹ ਹੈ ਜੇਹੜਾ ਆਪਣੀ ਮਾਈ ਨੂੰ ਭੋਗੇ। ਪੁੱਤ੍ਰ ਤਾਂ ਏਨ੍ਹਾਂ ਸਬਨਾਂ ਪ੍ਰੀਖਿਆ ਵਿਚ ਏਹੋ ਜ਼ਾਹਰ
ਆਖਦੇ ਰਹੇ ਜੋ ਤੁਸੀਂ ਸੱਠੇ ਬਹੱਤ੍ਰੇ ਹੋ ਕੇ ਠਰਕ ਗਏ, ਬੁੱਧੀ ਠਿਕਾਣੇ ਨਹੀਂ ਰਹੀ। ਤੇ ਸਿਖ ਭੀ ਕੋ
ਈ ਕੁਛ ਸਮਝਦਾ ਸੀ ਤੇ ਕੋਈ ਕੁਛ ਪਰ ਮਾਈ ਦਾ ਭੋਗਣਾ ਸੁਣਕੇ ਸਭ ਦੰਦ ਜੁੜ ਗਏ
। ਅੰਗਦ ਜੀ ਸ਼ੀਘਰ ਖੰਡੂਰ ਪਹੁੰਚੇ ਤੇ ਆਪਣੀ ਮਾਈ ਦਾ ਮੰਮਾ ਚੁੰਘ ਕੇ ਬਾਬੇ ਨੂੰ ਆਇ ਮੱ
ਥਾ ਟੇਕਿਆ ਤੇ ਅਰਜ਼ ਕੀਤੀ ਸੱਚੇ ਪਾਤਸ਼ਾਹ ਇਕ ਤਾਂ ਮਾਈ ਦਾ ਮੰਮਾ ਪੁੱਤ੍ਰ ਨੇ ਚੁੰਘ ਲੈਣਾ ਏਹੋ
ਮਾਈ ਦਾ ਭੋਗਣਾ ਸਮਝ ਕੇ ਮੈਂ ਭੋਗ ਆਯਾ ਹਾਂ ਦੂਸਰਾ ਮਾਈ ਨਾਮ ਮਾਯਾ ਦਾ ਹੈ ਸੋ ਸਬ
ਦ ਸਪਰਸ ਰੂਪ ਰਸ ਗੰਧ ਏਹ ਮਾਯਾ ਦੇ ਰਸ ਅਸੀਂ ਨਿੱਤ ਭੋਗਦੇ ਹਾਂ। ਏਹ ਬਚਨ ਸੁਣ
ਕੇ ਤੇ ਨਿਸ਼ੰਗ ਭਰੋਸੇ ਵਾਲੀ ਸੁੱਧ ਬੁੱਧੀ ਦੇਖ ਕੇ ਸਬ ਸਿੱਖ ਲਹਿਣੇ ਜੀ ਨੂੰ ਧੰਨ ਧੰਨ ਆਖ
ਣ ਲੱਗੇ ਤੇ ਬਾਬੇ ਜੀ ਨੇ ਭੀ ਏਸੇ ਨੂੰ ਸਰਬਤਰਾਂ ਲਾਯਕ ਪਰਖ ਕੇ, ਬਹੁਤ ਖੁਸ਼ੀ ਦੇ ਨਾਲ ਅ
ਪਣੀਆਂ ਭੁਜਾਂ ਵਿਚ ਭਰ ਲੀਤਾ ਤੇ ਅੰਗ ਨਾਲ ਲਾਕੇ ਅੰਗਦ ਨਾਮ ਰੱਖਿਆ, ਓਸੇ ਵਕ੍ਤ ਮੱਘ
ਰ ਸੁਦੀ ੧੩ ਸੰ: ੧੫੯੪ ਬਿ: ਨੂੰ ਗੁਰਿਆਈ ਦੀ ਗੱਦੀ ਉੱਤੇ ਬੈਠਾ ਕਰ, ਪੰਜ ਪੈਸੇ, ਇਕ ਨਾਲੀ
ਯੇਰ ਅੱਗੇ ਰੱਖ ਕੇ, ਕੇਸਰ ਦਾ ਤਿਲਕ ਭਾਈ ਬੁੱਢੇ ਤੋਂ ਕਰਵਾਇ ਬਾਬੇ ਜੀ ਨੇ ਅੰਗਦ ਜੀ ਦੇ

Digitized by Panjab Digital Library | www.panjabdigilib.org

ਅੱਗੇ ਮੱਥਾ ਟੇਕ ਦਿਤਾ ਤੇ ਹੋਰ ਸਬਨਾ ਸਿੱਖਾਂ ਤੋਂ ਟਿਕਾ ਦਿੱਤਾ। ਫੇਰ ਬਾਬੇ ਜੀ ਦੇ ਬੇਟੇ ਜਦ ਅੰਗਦ ਜੀ ਨਾਲ ਬਹੁਤ ਜਿਦ ਰੱਖਣ ਲੱਗੇ ਤਾਂ ਬਾਬੇ ਜੀ ਨੇ ਅੰਗਦ ਜੀ ਨੂੰ ਖੰਡੂਰ ਭੇਜਕੇ ਹੁਕਮ ਦਿੱਤਾ ਤੁਸਾਂ ਏਥੇ ਨਹੀਂ ਆਉਣਾ ਅਸੀਂ ਤੇਰੇ ਪਾਸ ਆਵਾਂਗੇ।

ਅੰਗਦ ਜੀ ਗੁਰਿਆਈ ਲੈਕੇ, ਖੰਡੂਰ ਜਾਕਰ, ਤਲਾਉ ਕਿਨਾਰੇ, ਕੋਠੇ ਵਿਚ ਰੋੜਾਂ ਦੇ ਬਿਸਤ੍ਰੇ ਉੱਤੇ ਤਪ ਕਰਨ ਲੱਗ ਪਏ। ਏਸੇ ਕਰਕੇ ਓਸ ਤੀਰਥ ਦਾ ਨਾਮ ਹੁਣ ਤੱਪਿਆਣਾ ਮਸਹੂਰ ਹੈ।

ਇਕ ਮਾਈ ਭੂਰੀ ਉਰਫ ਭਰਾਈ ਮਾਹਿਮੇ ਖਹਿਰੇ ਜੱਟ ਦੀ ਇਸ੍ਤ੍ਰੀ ਮਜੂਰੀ ਕਰਕੇ ਪਾਉ ਭਰ ਦੀ ਇੱਕ ਰੋਟੀ ਰੁੱਖੀ ਅਲੂਣੀ ਲਿਆਉਂਦੀ ਓਹੋ ਛਕਕੇ ਗੁਰੂ ਨਾਨਕ ਜੀ ਦਾ ਭਜਨ ਧਿਆਨ ਕਰਦੇ ਰਹਿੰਦੇ। ਅੰਗਦ ਜੀ ਦੀ ਧਾਰਣਾ ਭਗਤੀ, ਸ਼ਕ੍ਤੀ ਦਾ ਜਸ ਸੁਣਕੇ ਬਹੁਤ ਲੋਗ ਦਰਸ਼ਨ ਨੂੰ ਆਉਣ ਲੱਗੇ ਤੇ ਬਾਬਾ ਜੀ ਭੀ ਆਪਣਾ ਬਚਨ ਪਾਲਣ ਲਈ ਸੰ: ੧੫੯੫ ਬਿ: ਵਿਚ ਫੱਗਣ ਨੂੰ ਖੰਡੂਰ ਸਾਹਿਬ ਆਕੇ ਤਿੰਨ ਮਹੀਨੇ ਰਹੇ। ਤੇ ਗੁਰੂ ਅੰਗਦ ਜੀ ਨੂੰ ਪਰੋਪਕਾਰ ਵਾਸ੍ਤੇ ਸਭਾ ਵਿਚ ਬੈਠਕੇ ਉਪਦੇਸ਼, ਦਰਸ਼ਨ ਸੰਗਤਾਂ ਨੂੰ ਦੇਣ ਦਾ ਤੇ ਸਿੱਖੀ ਬਿਸ੍ਤਾਰ ਕਰਨ ਦੀ ਰੀਤਿ ਦੱਸੀ। ਏਸੇ ਸਮੇ ਅਮਰਦਾਸ ਜੀ ਗੁਰੂ ਕਾ ਸੁਜਸ ਸੁਣਕੇ ਦਰਸ਼ਨ ਨੂੰ ਆਏ। ਓਹ ਵੈਰਾਗੀ ਹੋਕੇ ਸੱਚੇ ਗੁਰੂ ਦੀ ਭਾਲ ਵਿਚ ਫਿਰਦੇ ਸੀ। ਏਨ੍ਹਾਂ ਨੇ ਤਿਲ ਤੇ ਚਾਉਲ ਤੇ ਸੱਕਰ ਏਹ ਤਿੰਨੇ ਚੀਜ਼ਾਂ ਮਿਲੀਆਂ ਹੋਈਆਂ ਪ੍ਰਸ਼ਾਦ ਗੁਰੂ ਸਾਹਿਬਾਂ ਅੱਗੇ ਰੱਖਿਆ। ਤਦ ਮਾਈ ਭਰਾਈ ਤੇ ਦੋਵੇਂ ਗੁਰੂ ਤੱਪਿਆਣੇ ਤਾਲ ਕਿਨਾਰੇ ਬੈਠੇ ਸਨ। ਪ੍ਰਸ਼ਾਦ ਬਰਤਾਕੇ ਜਦ ਗੁਰੂਆਂ ਨੇ ਤਿਲ ਚਾਉਲ ਚੱਬੇ ਤਾਂ ਬਾਬੇ ਨੇ ਬਚਨ ਕੀਤਾ ਅੰਗਦਾ ਏਹ ਖੰਡੂਰਾ ਸਾਨੂੰ ਤਿਲ ਚਬਾਕੇ ਸਭ ਕੁਛ ਲੈ ਗਿਆ। ਏਸ ਤੋਂ ਬਹੁਤ ਲੋਗ ਬੋਰੇਸਾਉਣ ਲਗੇ। ਤਦ ਤੋਂ ਹੁਣ ਤਾਈਂ ਭੋਲੇ ਸਾਹਿਬਜ਼ਾਦੇ ਦਿਨ ਦਿਹਾਰ ਤਿਲ ਚਾਉਲ ਚੜ੍ਹਾਕੇ, ਖੰਡੂਰ ਜਾਕੇ ਮੱਥਾ ਟੇਕਦੇ ਹਨ। ਗੁਰੂ ਨਾਨਕ ਜੀ ਤਾਂ ਕਰਤਾਰਪੁਰ ਜਾਕੇ ਸਮਾ ਗਏ ਤੇ ਸਬ ਸਿੱਖ ਗੁਰੂ ਅੰਗਦ ਜੀ ਦੇ ਪਾਸ ਆਉਣ ਲੱਗੇ। ਹਰ ਵਕ੍ਤ ਸੇਵਕਾਂ ਦੀ ਭੀੜ ਰਹਿਣ ਲੱਗੀ। ਕਥਾ ਕੀਰਤਨ ਸਤਸੰਗ ਹੋਵੇ, ਜੋ ਕੁਛ ਨਜ਼ਰ ਭੇਟਾ ਆਵੇ ਅੰਗਦ ਜੀ ਲੰਗਰ ਵਿਚ ਪਾ ਦੇਣ ਤੇ ਮਾਤਾ ਖੀਵੀ ਸਭ ਨੂੰ ਛਕਾਈ ਜਾਵੇ। ਗੁਰੂ ਸਾਹਿਬ ਦੀ ਪ੍ਰਭਤਾ ਬਹੁਤ ਵਧ ਗਈ। — ਜਦ ਸੰ: ੧੫੯੭ ਬਿ: ਨੂੰ ਸ਼ੇਰਸ਼ਾਹ ਤੋਂ ਹਾਰ ਮੰਨਕੇ ਹਿਮਾਂਯੂੰ ਭੱਜਿਆ ਜਾਂਦਾ ਗੋਇੰਦਵਾਲ ਦੇ ਪੱਤਣ ਬਿਆਸਾ ਲਿਘਕੇ ਗੁਰੂ ਦਾ ਸੁਜਸ ਸੁਣਕਰ ਅੰਗਦ ਜੀ ਦੇ ਦਰਸ਼ਨ ਨੂੰ ਆਯਾ ਤਾਂ ਅੱਗੇ ਗੁਰੂ ਜੀ ਭਜਨ ਵਿਚ ਬੈਠੇ ਸੇ ਕੁਛ ਪਰਵਾਹ ਬਾਦਸ਼ਾਹ ਦੀ ਨਾ ਕੀਤੀ। ਉਸਨੇ ਮਾਰਣ ਵਾਸ੍ਤੇ ਤਲਵਾਰ ਖਿੱਚਣੀ ਚਾਹੀ ਤਾਂ ਗੁਰੂ ਜੀ ਬੋਲੇ ਸ਼ੇਰਸ਼ਾਹ

Digitized by Panjab Digital Library | www.panjabdigilib.org

ਦੇ ਸਾਹਮਣੇ ਏਹ ਤੇਗ ਕਿੱਥੇ ਗਈ ਸੀ ਜੋ ਹੁਣ ਫ਼ਕੀਰਾਂ ਉੱਤੇ ਤੇਜ਼ ਹੋਣ ਲੱਗੀ ਹੈ। ਏਹ ਸੁਣਕੇ
ਬਾਦਸ਼ਾਹ ਨੇ ਗੁਰੂ ਦੇ ਕਦਮ ਚੁੰਮਕੇ ਮਾਫ਼ੀ ਮੰਗੀ ਤੇ ਅਰਜ਼ ਕੀਤੀ, ਪੀਰ ਨਾਨਕ ਸ਼ਾਹ ਨੇ ਮੇਰੇ
ਬਾਪ ਨੂੰ ਸੱਤ ਪੁਸ਼ਤ੍ਰ ਅਖੰਡ ਬਾਦਸ਼ਾਹੀ ਹਿੰਦੁਸਤਾਨ ਦੀ ਕਰਨ ਦਾ ਹੁਕਮ ਕੀਤਾ ਸੀ, ਓਹ ਸੱਚਾ
ਨਾ ਹੋਯਾ। ਗੁਰੂ ਜੀ ਨੇ ਫ਼ੁਰਮਾਯਾ ਬਾਬੇ ਦਾ ਬਚਨ ਕਦੇ ਨਹੀਂ ਟਲੇਗਾ। ਸੋਲਾਂ ਬਰਸ ਤੈਨੂੰ
ਬਿਪਤਾ ਹੈ ਫੇਰ ਤੇਰੀ ਬਾਦਸ਼ਾਹੀ ਹੋਵੇਗੀ ਤੇ ਇਕ ਸ਼ਾਹਜ਼ਾਦਾ ਤੇਰੇ ਘਰ ਵੱਡਾ ਪ੍ਰਤਾਪੀ ਹੋਵੇ
ਗਾ। ਏਹ ਬਰ ਲੈਕੇ ਹਿਮਾਊਂ[1] ਸਲਾਮ ਕਰ ਗਿਆ।

---

੧ ਹਿਮਾਊਂ ਬਾਬਰ ਸ਼ਾਹ ਦਾ ਬੇਟਾ ਸੀ: ੧੫੮੭ ਬਿ: ਨੂੰ ਦਿੱਲੀ ਦੇ ਤਖ਼ਤ ਪਰ ਬੈਠਾ ਪਰ ਆਰਾਮ ਵਿਚ ਪੈਗਿ
ਆ ਏਸ ਦੇ ਭਾਈ ਕਾਮਰਾਂ ੧ ਹਿੰਦਾਲ ੨ ਮਿਰਜ਼ਾ ਅਸਕਰੀ ਤਿੰਨੇ ਜੁਦਾ ੨ ਮੁਲਕਾਂ ਦੇ ਸੂਬੇ ਸੀ। ਹਿਮਾਊਂ ਸ਼ੇਰ
ਸ਼ਾਹ ਨਾਲ ਜੰਗ ਕਰਕੇ ਬਕਸਰ ਸ਼ਹਿਰ ਪਾਸ ਹਾਰ ਗਿਆ ਤੇ ਸੰ: ੧੫੯੪ ਬਿ: ਘੋੜੇ ਸਣੇ ਗੰਗਾ ਵਿਚ ਡਿਗਆ ਜਿ
ਥੋਂ ਸੱਕੇ ਨੇ ਬਚਾਯਾ ਜਿਸਨੇ ਆਪਣਾ ਸਿੱਕਾ ਚੰਮ ਦਾ ਲੋਹੇ ਦੀ ਮੇਖ ਵਾਲਾ ਚਲਾਯਾ ਸੀ। ਫੇਰ ਆਗਰੇ ਤੋਂ ਸਮ
ਨ ਲੈਕੇ ਅਟਾਵੇ ਪਾਸ ਜਾ ਲੜਾਈ ਠਾਨੀ ਪਰ ਸੰ: ੧੫੯੭ ਬਿ: ਨੂੰ ਏਥੋਂ ਭੀ ਹਾਰ ਹੋਈ ਤੇ ਜਮਨਾ ਵਿਚ ਡੁੱਬਦੇ
ਨੂੰ ਇਕ ਸਿਪਾਹੀ ਨੇ ਬਚਾਯਾ। ਏਸ ਹਿਮਾਊਂ ਨੇ ਬੜੇ ੨ ਜੰਗ ਜਿੱਤੇ ਸਨ ਪਰ ਸਮੇਂ ਦੇ ਇਖ਼ਤਿਆਰ ਹੈ ਏਥੇ ਐਵੇਂ ਥੋੜੀ
ਜੇਹੀ ਫ਼ੌਜ ਕੋਲੋਂ ਹੀ ਹਾਰ ਹੋਈ। ਏਥੋਂ ਆਪਣੀ ਗਰਭਵਤੀ ਬੇਗਮ ਹਮੀਦਾ ਨੂੰ ਲੈ ਦੌੜਿਆ ਕਿ ਲਾਹੌਰ ਨੂੰ ਜਾਵਾਂ ਪ
ਰ ਏਥੇ ਏਸ ਦਾ ਭਾਈ ਕਾਮਰਾਨ ਜੋ ਕੰਧਾਰ ਤਕ ਦਾ ਹਾਕਮ ਸੀ ਬਿਗੜ ਗਿਆ ਤਾਂ ਹਿਮਾਊਂ ਖਡੂਰ ਵਿਚ ਗੁਰੂ ਅੰਗ
ਦ ਜੀ ਦੇ ਦਰਸ਼ਨ ਕਰ, ਸਿੰਧ ਨੂੰ ਦੌੜਿਆ। ਅਮਰਕੋਟ ਦੇ ਪਾਸ ਜਾਕੇ ਬੇਗਮ ਨੂੰ ਅਕਬਰ ਲੜਕਾ ਪੈਦਾ ਹੋਯਾ।
ਜਦ ਏਹ ਤਿੰਨ ਦਿਨ ਦਾ ਹੋਯਾ ਤਾਂ ਫੇਰ ਵੈਰੀਆਂ ਨੂੰ ਹਿਮਾਊਂ ਦਾ ਪਤਾ ਲੱਗਾ। ਫੇਰ ਏਥੋਂ ਨੱਠਾ ਤੇ ਬਹੁਤ ਤਕਲੀਫ਼ਾਂ
ਸਹਾਰਦਾ ਹੋਯਾ ਤਿੰਨਾਂ ਬਰਸਾਂ ਵਿਚ ਕੰਧਾਰ ਦੇ ਨੇੜੇ ਪਹੁੰਚਿਆ ਤਾਂ ਮਿਰਜ਼ਾ ਅਸਕਰੀ ਜੋ ਓਥੇ ਦਾ ਹਾਕਮ ਸੀ
ਫੜਨ ਲਈ ਚੜ੍ਹ ਆਯਾ। ਹਿਮਾਊਂ ਆਪਣੇ ਬੇਟੇ ਨੂੰ ਭੀ ਨਾਂ ਉਠਾ ਸੱਕਿਆ ਤੇ ਕੱਲੀ ਬੇਗਮ ਨੂੰ ਹੀ ਲੈ ਦੌੜਿਆ
ਤੇ ਈਰਾਨ ਵਾਲੇ ਬਾਦਸ਼ਾਹ ਦੀ ਸ਼ਰਨ ਜਾ ਡਿੱਗਾ। ਓਧਰ ਅਸਕਰੀ ਖ਼ਾਂ ਨੇ ਅਕਬਰ ਨੂੰ ਲਿਆਕੇ ਕਾਮਰਾਨ ਪਾਸ
ਕਾਬੁਲ ਵਿਚ ਭੇਜ ਦਿੱਤਾ। ਈਰਾਨ ਦੇ ਬਾਦਸ਼ਾਹ ਤਹਮਾਸਪ ਸ਼ਾਹ ਸਫ਼ਵੀ ਨੇ ਆਪਣਾ ਬੇਟਾ ਮਿਰਜ਼ਾ ਮੁਰਾਦ ੧੪੦੦੦
ਚੌਦਾਂ ਹਜ਼ਾਰ ਅਸਵਾਰ ਜੰਗੀ ਦੇਕੇ ਹਿਮਾਊਂ ਦੇ ਨਾਲ ਭੇਜਿਆ। ਏਸ ਨੇ ਸੰ: ੧੬੦੪ ਬਿ: ਵਿਚ ਕੰਧਾਰ ਫ਼ਤੇ ਕਰ, ਅਸਕ
ਰੀ ਖ਼ਾਂ ਨੂੰ ਪਕੜਕੇ ਕਾਬੁਲ ਆਣ ਮੋਰਚਾ ਲਾਯਾ। ਕਾਮਰਾਨ ਨੇ ਜਿੱਥੇ ਹਿਮਾਊਂ ਦੀਆਂ ਤੋਪਾਂ ਦੇ ਗੋਲੇ ਕਿਲ੍ਹੇ ਉਪਰ ਬਰ
ਸਦੇ ਸੇ ਓਥੇ ਅਕਬਰ ਨੂੰ ਲਕੜੇ ਨਾਲ ਬੰਨ੍ਹ ਕੇ ਖੜਾ ਕਰ ਦਿੱਤਾ। ਹਿਮਾਊਂ ਨੇ ਆਖਿਆ ਕੁਛ ਪਰਵਾਹ ਨਹੀਂ ਜੇ ਜੀਂਵਦੇ
ਰਹੇ ਤਾਂ ਹੋਰ ਬਹੁਤੇਰੇ ਪੁੱਤ੍ਰ ਪੈਦਾ ਕਰ ਲਵਾਂਗੇ, ਗੋਲੇ ਚਲਾਓ। ਪਰ ਅਕਬਰ ਦਾ ਈਸ਼੍ਵਰ ਦੀ ਕੁਦਰਤ ਨਾਲ ਵਾਲ ਭੀ
ਵਿੰਗਾ ਨਾ ਹੋਯਾ। ਆਖ਼ਰਕਾਰ ਕਾਮਰਾਨ ਨੱਠ ਗਿਆ ਤੇ ਸੰ: ੧੬੦੭ ਵਿਚ ਕਾਬਲ ਫ਼ਤੇ ਕਰ ਹਿਮਾਊਂ ਤਖ਼ਤ ਪਰ ਬੈ
ਠਾ ਤੇ ਆਪਣੇ ਤਿੰਨਾਂ ਭਾਈਆਂ ਨੂੰ ਆਪਣੇ ਮਾਤਹਤ ਰੱਖ ਲੀਤਾ ਪਰ ਕਾਮਰਾਨ ਨੇ ਫੇਰ ਖੋਟ ਕੀਤਾ ਕਿ ਜਦ ਹਿਮਾਊਂ ਬਿ
ਦਖ਼ਸ਼ਾਂ ਵਲ ਚੜ੍ਹਿਆ ਤਾਂ ਏਸ ਨੇ ਮੁਲਕੀ ਲੋਕਾਂ ਨੂੰ ਨਾਲ ਮਿਲਾਕੇ ਹਿਮਾਊਂ ਦੇ ਬੇਟੇ ਅਕਬਰ ਨੂੰ ਕੈਦ ਕਰ ਲੀਤਾ ਤੇ ਆ
ਕੀ ਹੋ ਬੈਠਾ ਪਰ ਹਿਮਾਊਂ ਨੇ ਫਿਰ ਗੁੱਸੇ ਵਿਚ ਆਕੇ ਕਾਮਰਾਂ ਨੂੰ ਅੰਧਾ ਕਰਵਾ ਮੱਕੇ ਨੂੰ ਤੋਰ ਦਿੱਤਾ। ਤੇ ਸੰ: ੧੬੧੨ ਬਿ:
ਨੂੰ ਅਦਲੀ ਬਾਦਸ਼ਾਹ ਤੋਂ ਦਿੱਲੀ ਛੁੜਵਾਈ ਤੇ ਹਿੰਦ ਦਾ ਬਾਦਸ਼ਾਹ ਬਣਿਆ ਤੇ ਫੇਰ ਪੌੜੀ ਉੱਤੋਂ ਡਿੱਗਕੇ ਮਰ
ਗਿਆ। — ਸ਼ੇਰ ਸ਼ਾਹ ਸੂਰ ਨੇ ਭੀ ਹਿਮਾਊਂ ਨੂੰ ਜਿਤਕੇ ਪੰਜ ਬਰਸ ਆਪਣਾ ਖ਼ੂਬ ਰਾਜ ਕੀਤਾ ਸੀ ਏਹ ਸ਼ਾਹ ਐ
ਸਾ ਦਲੇਰ ਸੀ ਕਿ ਪੰਜ ਸੌ ਅਸ਼ਰਫ਼ੀ ਰੋਜ਼ ਏਸ ਦੇ ਲੰਗਰ ਦਾ ਖ਼ਰਚ ਸੀ। ਗਰੀਬ ਗੁਰਬਾ ਬਹੁਤ ਰੋਟੀ ਖਾਂਦਾ ਸੀ।

Digitized by Panjab Digital Library | www.panjabdigilib.org

ਸੰ: ੧੫੯੮ ਬਿ: ਵਿਚ ਗੁਰੂ ਅੰਗਦ ਜੀ ਨੇ ਗੁਰਮੁਖੀ ਅੱਖਰ ਨਵੇਂ ਰਚ ਕੇ ਬਾਬੇ ਨਾਨਕ
ਦੇ ਜੀਵਨ ਚਰਿੱਤ੍ਰ ਭਾਈ ਬਾਲੇ ਦੀ ਜ਼ੁਬਾਨੀ (ਜੋ ਹਮੇਸ਼ ਬਾਬੇ ਦੇ ਨਾਲ ਰਹਿਆ ਸੀ) ਸੁ
ਣ ਕੇ ਭਾਈ ਪੈੜੇ ਮੋਖੇ ਸਿੱਖ ਤੋਂ ਸੰ: ੧੬੦੦ ਬਿ: ਨੂੰ ਲਿਖਵਾ ਕੇ ਬਾਬੇ ਦੀ ਜਨਮਸਾਖੀ
ਨਾਮ ਰੱਖਿਆ ਜੋ ਹੁਣ ਪ੍ਰਚਾਰ ਹੋ ਰਹੀ ਹੈ। — ਸੰ: ੧੬੦੧ ਬਿ: ਨੂੰ ਮਾਝੇ ਦੇਸ ਬਰਖਾ ਨਾ
ਹੋਈ ਤੇ ਕਾਲ ਪੈ ਗਿਆ। ਗੁਰੂ ਜੀ ਦੇ ਲੰਗਰੋਂ ਸਾਧਾਂ ਸੰਤਾਂ ਗਰੀਬਾਂ ਨੂੰ ਰੋਟੀ ਬਹੁਤ ਮਿ
ਲੇ ਏਸ ਕਰਕੇ ਗੁਰੂ ਜੀ ਦਾ ਸੁਜਸ ਦੂਰ ਦੂਰ ਤਕ ਫੈਲ ਗਿਆ। ਬੈਰਾਗੀ, ਸੰਨਿਆ
ਸੀ, ਜੋਗੀ, ਭੇਖੀ ਮਤਸਰ ਦੇ ਮਾਰੇ ਰਿੱਕਸ ਰੱਖਣ ਲੱਗੇ। ਸ਼ਿਵਨਾਥ ਫਕੀਰ ਕਨਪਾਟਾ
ਜੋ ਮਾਝੇ ਵਿਚ ਬੜਾ ਮਸ਼ਹੂਰ ਸੀ, ਉਸਨੇ ਖਡੂਰ ਦੇ ਜੱਟਾਂ ਨੂੰ ਆਖਿਆ ਜੇ ਤੁਸੀਂ ਅੰਗਦ ਜੀ
ਨੂੰ ਪਿੰਡੋਂ ਕੱਢ ਦੇਉ ਤਾਂ ਮੈਂ ਬਰਖਾ ਕਰਾਇ ਦੇਵਾਂ। ਗੁਰੂ ਜੀ ਤਾਂ ਏਹ ਬਾਤ ਸੁਣ ਕੇ ਜੋ ਕਿੰਵੇ
ਬਰਖਾ ਹੋਵੇ ਤੁਰਤ ਖਾਨਰਜਾਦੇ ਪਿੰਡ, ਭਾਈ ਪ੍ਰੇਮੇ ਤਖਾਣ ਦੇ ਘਰ, ਜਾ ਰਹੇ ਪਰ ਬਰਖਾ
ਜੋਗੀ ਦੇ ਪਾਸ ਕਿੱਥੇ ਸੀ, ਉਸਨੇ ਤਾਂ ਗੁਰੂ ਨਾਲ ਜੱਟਾਂ ਨੂੰ ਬਿਗਾੜਨ ਲਈ ਛਲ ਖੇਡਿਆ
ਸੀ ਜੋ ਉਲਟਾ ਉਸੇ ਨੂੰ ਪੈ ਗਿਆ। ਸੱਚ ਹੈ ਟੋਆ ਪੁੱਟਦੇ ਨੂੰ ਬੇਰਾ ਤਯਾਰ ਹੈ।
ਅਮਰਦਾਸ ਜੈਸੇ ਗੁਰੂ ਜੀ ਦੇ ਸਿਦਕੀ ਸਿੱਖਾਂ ਨੇ ਬਾਸਰਕੇ ਪਿੰਡੋਂ ਆ ਕੇ ਜਦ ਏਹ ਬ੍ਰਿਤਾਂ
ਤ ਸੁਣਿਆ, ਤੇ ਜੱਟ ਕੱਠੇ ਹੋਕੇ ਪਛੋਤਾਉਂਦੇ ਦੇਖੇ ਤਾਂ ਅਮਰਦਾਸ ਜੀ ਨੇ ਆਖਿਆ, ਦੋ ਪਹਿ
ਰ ਦੇ ਅੰਦਰ ੨ ਜਿਸ ਦੇ ਖੇਤ ਵਿਚ ਏਸ ਜੋਗੀ ਦਾ ਅੰਗ ਜਾਏਗਾ ਉਥੇ ਬਰਖਾ ਹੋ ਜਾਊ। ਜੱ
ਟ ਦਾ ਤੇ ਇੰਞ ਦਾ ਬਿਸਾਹੁ ਨਹੀਂ, ਸ਼ੀਘ੍ਰ ਹੀ ਉਲਟ ਜਾਂਦੇ ਹਨ। ਉਸੇ ਵਕ੍ਤ ਜੱਟਾਂ ਨੇ ਜੋਗੀ ਨੂੰ
ਬੈਲਕਿਆਂ ਪਿੱਛੇ ਬੰਨ ਘਸੀਟਿਆ ਤੇ ਖੇਤਾਂ ਵਿਚ ਫੇਰੀਦਾ ਤੋਈ ੨ ਉਡਿ ਗਿਆ। ਕੁਦਰਤ
ਨਾਲ ਬਰਖਾ ਭੀ ਹੋ ਗਈ। ਫੇਰ ਤਾਂ ਜੱਟ ਪੈਰੀਂ ਪੈ ਕੇ ਗੁਰੂ ਅੰਗਦ ਜੀ ਨੂੰ ਖਡੂਰ ਲੈ ਆ
ਏ ਜਿੱਥੇ ਹੁਣ ਉਨ੍ਹਾਂ ਦੀ ਧਰਮਸਾਲਾ ਵਿਚ ਨਿਰਮਲੇ ਸਾਧ ਰਹਿੰਦੇ ਹਨ। — ਸੰਮਤ
੧੬੦੪ ਬਿ: ਵਿਚ ਇਕ ਦੇਵਾਗਿਰ ਸੰਨਿਆਸੀ ਬੜੀ ਜਮਾਤ ਲੈ ਕੇ ਆਯਾ, ਗੁਰੂ ਜੀ ਨੇ ਬ
ਹੁਤ ਸੇਵਾ ਕਰਾਈ। ਦੇਵਾਗਿਰ ਨੇ ਖੁਸ਼ੀ ਹੋ ਕੇ ਆਖਿਆ ਮੈਨੂੰ ਰਸਾਇਣ ਬਿੱਦਿਆ ਆਉਂ
ਦੀ ਹੈ, ਤੁਸੀਂ ਭੀ ਸਿੱਖ ਲਉ। ਗੁਰੂ ਜੀ ਬੋਲੇ (ਸਤਿਗੁਰ ਦੀਆ ਨਾਮ ਰਸਾਇਣਾ ਸਰਬ
ਸੁਖ ਰਿਧਿ ਸਿਧੀ ਆਇਣਾ।) ਪੁਨਾ ਉਸਨੇ ਜੋਗ ਕਲਾ ਦਾ ਉਪਦੇਸ਼ ਕਰਨਾ ਚਾਹਿਆ
ਤਾਂ ਗੁਰੂ ਜੀ ਬੋਲੇ (ਦੀਖਿਆ ਆਖ ਬੁਝਾਇਆ ਸਿਫਤੀ ਸੱਚ ਸਮੇਉ।। ਤਿਨ ਕਉ ਕਿਆ
ਉਪਦੇਸੀਐ ਜਿਨ ਗੁਰੁ ਨਾਨਕ ਦੇਉ।।) ਏਹ ਸੁਣ ਕੇ ਬਹੁਤ ਖੁਸ਼ੀ ਹੋ ਕੇ ਸੰਨਿਆਸੀ ਨਮ

Digitized by Panjab Digital Library | www.panjabdigilib.org

ਸਕਾਰ ਕਰ ਗਿਆ। — ਏਸੇ ਤਰਾਂ ਇਕ ਹੋਰ ਸੰਤ ਆਏ ਉਨ੍ਹਾਂ ਨੇ ਬੇਦਾਂਤ ਦੀ ਚਰਚਾ ਚਲਾਈ ਤਾਂ ਗੁਰੂ ਅੰਗਦ ਜੀ ਨੇ ਪੈਂਤੀਸ ਅੱਖਰੀ ਬਾਣੀ ਉਚਾਰੀ ਯਥਾ (ੴਕਾਰ ਸਰਬ ਪ੍ਰਕਾਸ਼ੀ। ਆਤਮ ਸ਼ੁੱਧ ਅਕ੍ਰੈ ਅਬਿਨਾਸ਼ੀ। ਈਸ਼ ਜੀਵ ਮੈਂ ਭੇਦ ਨ ਜਾਨੋ। ਸਾਧ ਚੋਰ ਸਭ ਬ੍ਰਹਮ ਪਛਾਨੋ ਹਸ੍ਤੀ ਚੀਟੀ ਤ੍ਰਿਣ ਲੌ ਆਦੀ। ਏਕ ਅਖੰਡਤ ਬਸੈ ਅਨਾਦੀ।) ਇਤਿਆਦਿਕ — ਏਹ ਸੁਣ ਕੇ ਸੰਤ ਆਨੰਦ ਹੋ ਕਰ ਚਲੇ ਗਏ। — ਗੁਰੂ ਅੰਗਦ ਜੀ ਹਮੇਸ਼ ਪਿਛਲੀ ਰਾਤ ਤੋਂ ਉਠ ਕੇ, ਸੌਚ ਇਸ਼ਨਾਨ ਕਰ ਆਤਮਾ ਦੇ ਧਿਆਨ ਵਿਚ ਸਮਾਧੀ ਲਾ ਬੈਠਦੇ। ਅੰਮ੍ਰਿਤ ਵੇਲੇ ਭਾਈ ਮਰਦਾਨੇ ਦੇ ਸ਼ਾਗਿਰਦ ਭਾਈ ਸਾਦੂ ਤੇ ਬਾਦੂ ਆਸਾ ਦੀ ਵਾਰ, ਕੀਰਤਨ ਕਰ ਸੰਗਤ ਨੂੰ ਆਨੰਦ ਦਿੰਦੇ। ਫੇਰ ਦੇਸੀ ਪ੍ਰਦੇਸੀ ਸਿੱਖਾਂ ਨੂੰ ਦਰਸ਼ਨ ਉਪਦੇਸ ਦੇ ਨਿਹਾਲ ਕਰਦੇ। ਫੇਰ ਸਭ ਨੂੰ ਲੰਗਰ ਛਕਾ ਕੇ ਆਪ ਗੁਰੂ ਜੀ ਛਕਦੇ। ਚਾਰ ਘੜੀ ਬਿਰਾਜ ਫੇਰ ਸੌਚ ਇਸ਼ਨਾਨ ਕਰ, ਸਭਾ ਵਿਚ ਬੈਠ, ਗੁਰੂ ਨਾਨਕ ਜੀ ਦੇ ਜੀਵਨ ਚਰਿੱਤ੍ਰ ਬਾਬੇ ਬੁੱਢੇ ਤੋਂ ਸੁਣਦੇ। ਨਜ਼ਰ ਭੇਟਾ ਜੋ ਕੁਛ ਆਵਦਾ ਸਭ ਮੱਲੂ ਸ਼ਾਹ ਖ਼ਜ਼ਾਨਚੀ ਦੀ ਹੱਥੀਂ ਲੰਗਰ ਵਿਚ ਖਰਚ ਕਰਦੇ। ਜੋਧਾ ਤੇ ਕਿਦਾਰਾ ਬ੍ਰਹਮਗਯਾਨੀ ਬ੍ਰਹਮਨ ਸਿੱਖ ਰਸੋਈਏ ਸਨ ਤੇ ਏਨ੍ਹਾਂ ਦੇ ਹੱਥੋਂ ਹੀ ਰਾਤ ਦਿਨ ਲੰਗਰ ਬਰਤਦਾ ਰਹਿੰਦਾ। ਗਰੀਬ ਗੁਰਬਾ ਹਿੰਦੂ ਤੁਰਕ ਸਭ ਛਕਦੇ ਰਹਿੰਦੇ। — ਖਹਿਰੇ ਜੱਟ ਖਡੂਰੀ ਤੇ ਹੋਰ ਦੇਸੀ ਲੋਗ ਅੱਠਵੇਂ ਦਿਨ ਸਭ ਦੁੱਧ ਗੁਰੂ ਜੀ ਦੇ ਲੰਗਰ ਵਿਚ ਦੇ ਦਿੰਦੇ ਏਸੇ ਕਰਕੇ ਰੋਜ਼ ਖੀਰ ਬਣਦੀ ਤੇ ਮਾਈ ਖੀਵੀ ਬਰਤਾਉਂਦੀ ਰਹਿੰਦੀ। (ਏਹ ਸੰ: ੧੫੯੯ ਵਿਚ ਮਰੀ ਹੈ।) — ਗੁਰੂ ਅੰਗਦ ਜੀ ਹਰਦਮ ਭਜਨ ਬੰਦਗੀ, ਸਤਸੰਗ, ਤਿਆਗ, ਵੈਰਾਗ ਵਿਚ ਰਹਿੰਦੇ। ਜੱਦ੍ਯਪਿ ਬਡੇ ੨ ਸਿਦਕੀ ਸਿਖ ਸੇਵਾ ਕਰਨ ਵਾਲੇ ਜਪੀ ਤਪੀ ਬਹੁਤ ਸੇ ਤੇ ਪੁੱਤ੍ਰ ਭੀ ਦੋਵੇਂ ਲਾਇਕ ਸਨ ਪ੍ਰੰਤੂ ਸਰਬ ਪ੍ਰਕਾਰ ਲਾਇਕ, ਗੁਰਿਆਈ ਦੀ ਗੱਦੀ ਦਾ ਅਧਿਕਾਰੀ ਅਮਰਦਾਸ ਜੀ ਨੂੰ ਦੇਖਕੇ ਸੰ: ੧੬੦੯ ਬਿ: ਵਿਚ ਬਸੰਤ ਪੰਚਮੀ ਨੂੰ ਆਪਣੀ ਗੱਦੀ ਪਰ ਬੈਠਾ, ਪੰਜ ਪੈਸੇ ਇਕ ਨਾਲੇਰ ਭੇਟਾ ਰੱਖ, ਆਪ ਮੱਥਾ ਟੇਕ ਸਿੱਖਾਂ ਪੁਤ੍ਰਾਂ ਤੋਂ ਟਿਕਾ ਦਿੱਤਾ। ਇਤਿ।

ਏਹ ਗੁਰੂ ੩੫ ਬਰਸ ੨ ਮਹੀਨੇ ੯ ਦਿਨ ਦੀ ਉਮਰ ਵਿਚ ਗੱਦੀ ਬੈਠੇ ਤੇ ੧੨ ਬਰਸ ੯ ਮਹੀਨੇ ੬ ਦਿਨ ਗੁਰਿਆਈ ਕਰ ੪੭ ਬਰਸ ੧੧ ਮਹੀਨੇ ੩ ਦਿਨ ਕੁੱਲ ਉਮਰ ਭੋਗ ਚੇਤ ਸੁਦੀ ੪ ਬੁੱਧਵਾਰ ਸੰ: ੧੬੦੯ ਬਿ: ਨੂੰ ਚਾਰ ਘੜੀ ਦਿਨ ਚੜ੍ਹੇ ਖਡੂਰ ਸਾਹਿਬ ਜੋਤੀ ਜੋਤਿ ਸਮਾਏ।

Digitized by Panjab Digital Library | www.panjabdigilib.org

# ਪ੍ਰਸੰਗ ਗੁਰੂ ਅਮਰਦਾਸ ਸਾਹਿਬ ਜੀ ਦਾ।

ਏਹ ਗੁਰੂ ਬੈਸਾਖ ਸੁਦੀ੧੪ ਸੰ: ੧੫੩੬ ਬਿ: ਤੇ ਸੰਨ ੧੪੭੯ ਈ: ਨੂੰ ਸੁੱਕ੍ਰਵਾਰ ਪਾਹ
ਰ ਰਾਤੁ ਰਹੀ ਪਰਗਨੇ ਅੰਮ੍ਰਿਤਸਰ ਪਿੰਡ ਬਾਸਰਕੇ, ਤੇਜਭਾਨ ਭੱਲੇ ਖੱਤ੍ਰੀ ਦੇ ਘਰ, ਮਾਤਾ
ਲੱਛਮੀ ਜੀ ਤੋਂ ਪ੍ਰਗਟ ਹੋਏ। ਸੰ: ੧੫੭੧ ਬਿ: ੧੧ ਮਾਘ ਨੂੰ ਦੇਵੀ ਚੰਦ ਬਹਿਲ ਖੱਤ੍ਰੀ ਦੀ
ਬੇਟੀ ਰਾਮਕੌਰ ਉਰਫ ਲੱਖੋ ਜੀ ਦੇ ਨਾਲ ਸਣਖੱਤ੍ਰੇ ਪਿੰਡ ਸ਼ਾਦੀ ਹੋਈ, ਜਿਸ ਵਿਚੋਂ ਇਕ ਬੇਟੀ
ਬੀਬੀ ਭਾਨੀ ਤੇ ਦੋ ਬੇਟੇ ਸੋਹਣ ਤੇ ਮੋਹਣ ਜੀ ਪੈਦਾ ਹੋਏ।

ਗੁਰੂ ਅਮਰਦਾਸ ਜੀ ਬਾਲਪਨ ਤੋਂ ਹੀ ਸੀਲ ਸੁਭਾਵ, ਭਗਤੀ ਭਾਵ, ਸੰਤ ਸੇਵਾ ਵਿਚ ਬਹੁ
ਤ ਪ੍ਰੀਤ ਰੱਖਦੇ ਤੇ ਇਕ ਘੋੜੇ ਉੱਤੇ ਲੂਣ ਤੇ ਹਲਦੀ ਮਿਰਚ, ਮਸਾਲਾ ਆਦਿਕ ਸੌਦਾ ਲੱਦ
ਕੇ ਪਿੰਡੋਂ ਪਿੰਡ ਵੇਚਿਆ ਕਰਦੇ ਜੋ ਕੁਛ ਬਚਦਾ ਉਸੇ ਵਿਚੋਂ ਘਰ ਦਾ ਤੇ ਸਤਸੰਗ ਦਾ ਖਰ
ਚ ਚਲਾਉਂਦੇ। ਦਾਨ ਪੁੰਨ ਤੇ ਜਪ ਤਪ ਕਰਨ ਵਿੱਚ ਐਤਨੀ ਸ਼ਰਧਾ ਸੀ ਜੋ ੨੧ ਵਾਰੀ ਨੰਗੀ
ਪੈਰੀਂ ਚਲਕੇ ਗੰਗਾ ਜੀ ਦੇ ਇਸ਼ਨਾਨ ਕੀਤੇ ਅਤੇ ਤਪੋਬਨ, ਰਿਖੀਕੇਸ਼ ਨਿਵਾਸ ਕਰਦੇ ਰਹੇ
ਇਕ ਵਾਰੀ ਗੰਗਾ ਜੀ ਤੋਂ ਮੁੜਦੇ ਹੋਏ ਮੁਲਾਹਜ਼ੇ ਪਿੰਡ ਤੋਂ ਪਰੇ ਬਾਗ ਵਿਚ ਪਏ ਸੇ, ਇਕ ਬ੍ਰਹ
ਮਚਾਰੀ ਜੋਤਸ਼ੀ ਨੇ ਏਨ੍ਹਾਂ ਦਾ ਹੱਥ ਦੇਖਕੇ ਆਖਿਆ ਤੁਸੀਂ ਕਿਸੇ ਰਾਜ ਗੱਦੀ ਉੱਤੇ ਬੈਠਕੇ ਪਾ
ਤਸ਼ਾਹ ਸਦਾਓਗੇ। ਅਮਰਦਾਸ ਜੀ ਬੋਲੇ ਜੋ ਹੁਕਮ ਕਰਤਾਰ ਦਾ। ਜੋਤਸ਼ੀ ਨੂੰ ਮਿਠਾਈ
ਦੇਣ ਲੱਗੇ ਤਾਂ ਉਸ ਨੇ ਪੁੱਛਿਆ ਤੁਹਾਡਾ ਗੁਰੂ ਕੌਣ ਹੈ। ਏਨ੍ਹਾਂ ਨੇ ਆਖਿਆ ਅਜੇ ਧਾਰਿਆ ਨਹੀਂ
ਉਹ ਬੋਲਿਆ ਨਿਗੁਰੇ ਦੇ ਹੱਥੋਂ ਮੈਂ ਕੁਛ ਨਹੀਂ ਖਾਂਦਾ, ਏਹ ਸੁਣਕੇ ਅਮਰਦਾਸ ਜੀ ਗੁਰੂ ਦੀ ਭਾ
ਲ ਕਰਨ ਲੱਗੇ। ਅਨੇਕ ਸਾਧੂ, ਪੰਡਿਤ ਦੇਖੇ ਪਰ ਦਿਲ ਟਿਕੇ ਜੰਮੇ ਨਹੀਂ। ਗੁਰੂ ਅੰਗਦ
ਦੀ ਬੇਟੀ ਬੀਬੀ ਅਮਰੋ ਏਨ੍ਹਾਂ ਦੇ ਭਤੀਜੇ ਦੇ ਘਰ ਸੀ ਉਹ ਅੰਮ੍ਰਿਤ ਵੇਲੇ ਰੋਜ਼ ਗੁਰੂ ਨਾਨਕ

Digitized by Panjab Digital Library | www.panjabdigilib.org

ਜੀ ਦੀ ਬਾਣੀ ਪੜ੍ਹੇ ਜਿਸ ਤੋਂ ਇਨ੍ਹਾਂ ਦੇ ਮਨ ਨੂੰ ਧੀਰਜ ਤੇ ਸ਼ਾਂਤਿ ਐਸੀ ਆਈ ਜੋ ਵੈਰਾਗ ਹੋ ਗਿ
ਆ। ਇਕ ਦਿਨ ਬੀਬੀ ਅਮਰੋ ਨਾਲ ਖਡੂਰ ਜਾ ਕੇ ਗੁਰੂ ਅੰਗਦ ਜੀ ਦੇ ਦਰਸ਼ਨ ਕੀਤੇ ਅਤੇ
ਸਤਸੰਗ ਕਥਾ ਕੀਰਤਨ ਹੁੰਦਾ, ਲੰਗਰ ਚਲਦਾ ਤੇ ਗੁਰੂ ਜੀ ਦਾ ਸੁਭਾਵ ਦੇਖ ਕੇ, ਮਨ ਵਿਚ
ਧਾਰਿਆ, ਜੇ ਕਰ ਮੈਨੂੰ ਆਪਣਾ ਸੀਤ ਪ੍ਰਸ਼ਾਦ ਦੇਣਗੇ ਤਾਂ ਸੱਚੇ ਸਮਰਥ ਪੁਰਖ ਸਮਝ ਕੇ
ਮੈਂ ਇਨ੍ਹਾਂ ਨੂੰ ਗੁਰੂ ਧਾਰਾਂਗਾ। ਜਦ ਲੰਗਰ ਦਾ ਨਗਾਰਾ ਵੱਜਿਆ ਤਾਂ ਗੁਰੂ ਜੀ ਨੇ ਹੋਰ ਸਭਨਾਂ ਨੂੰ
ਲੰਗਰ ਛਕਣ ਭੇਜ ਦਿੱਤਾ ਪਰ ਇਨ੍ਹਾਂ ਨੂੰ ਕੁਛ ਨਾ ਆਖਿਆ। ਤੇ ਜਦ ਆਪ ਪ੍ਰਸ਼ਾਦ ਛਕ
ਚੁਕੇ ਤਾਂ ਬਾਕੀ ਥਾਲ ਇਨ੍ਹਾਂ ਵੱਲ ਕਰ ਦਿੱਤਾ। ਫੇਰ ਤਾਂ ਇਹ ਬਿਨਾ ਦੰਮਾਂ ਦੇ ਵਿਕ ਗਏ ਤੇ ਉ
ਪਦੇਸ਼ ਭਜਨ ਲੈ ਕੇ ਲੱਗੇ ਕਮਾਉਣ। — ਇਸ ਵਕਤ ਇਨ੍ਹਾਂ ਦੀ ਉਮਰ ਪਹੁੰਚ ੭੨ ਬਰ
ਸ ਦੀ ਸੀ, ਇਸ ਉਮਰ ਵਿਚ ਸੇਵਾ ਕਰਨ ਦਾ ਐਡਾ ਸ਼ੌਕ ਹੋਯਾ ਜੋ ਅੱਧੀ ਰਾਤੋਂ ਉੱਠ ਕੇ ਬਿਆਸਾ
ਦਰੀਯਾਇ ਵਿਚੋਂ ਜੋ ਉਥੋਂ ਤੈ ਕੋਸ ਹੈ ਹਮੇਸ਼ ਜਲ ਦੀ ਗਾਗਰ ਲਿਆ ਕੇ ਗੁਰੂ ਅੰਗਦ ਸਾ
ਹਿਬ ਜੀ ਦਾ ਇਸ਼ਨਾਨ ਕਰਾਵੇਂ, ਤੇ ਫੇਰ ਜੰਗਲ ਵਿਚੋਂ ਲਕੜਾਂ ਦਾ ਭਾਰ ਲਿਆ ਕੇ ਲੰਗਰ
ਵਿਚ ਪਾਵੇਂ, ਬਰਤਨ ਮਾਂਜੇਂ, ਇਸੇ ਤਰਾਂ ਹਮੇਸ਼ਾ ਹੀ ਰਾਤ ਦਿਨ ਸੇਵਾ ਪਾਠ ਭਜਨ ਵਿਚ ਹੀ ਗੁ
ਜ਼ਾਰਨ, ਪਰ ਆਪਣਾ ਆਪ ਕਿਸੇ ਨੂੰ ਨਾਂ ਜਣਾਵਣਾ। — ਗੁਰੂ ਸਾਹਿਬ ਭੀ ਪ੍ਰੀਤਿ ਸਮ
ਝ ਕੇ ਇਨ੍ਹਾਂ ਨੂੰ ਹੀ ਪਰਖਣ ਲਈ ਕੰਮ ਕਾਰ ਆਖਣ, ਤੇ ਰੋਟੀ ਕਪੜਾ ਭੀ ਥੋੜ੍ਹਾ ਹੀ ਦੇਣਾ।
ਸੰ: ੧੬੦੩ ਬਿ: ਵਿਚ ਇਕ ਗੋਂਦੇ ਮਰਵਾਹੇ ਖੱਤ੍ਰੀ ਨੇ ਗੁਰੂ ਅੰਗਦ ਜੀ ਪਾਸ ਆ ਕੇ ਬੇਨ
ਤੀ ਕੀਤੀ ਜੀ ਮੇਰਾ ਪਿੰਡ ਨਹੀਂ ਵੱਸਦਾ, ਭੂਤ ਪ੍ਰੇਤ ਉਜਾੜ ਜਾਂਦੇ ਹਨ। ਜੇ ਕਰ ਆਪ ਸਹਾ
ਯਕ ਬਨੋ ਤਾਂ ਮੇਰਾ ਭਲਾ ਹੋ ਜਾਵੇਗਾ। ਗੁਰੂ ਅੰਗਦ ਜੀ ਨੇ ਆਪਣੀ ਛੜੀ ਅਮਰਦਾਸ
ਜੀ ਨੂੰ ਦੇ ਕੇ ਆਖਿਆ, ਇਸ ਦੇ ਨਾਲ ਜਾਹ ਅਤੇ ਜਿੱਥੇ ਤਾਂਈ ਸਾਡੀ ਛੜੀ ਫੇਰੋਗੇ ਉਥੋਂ ਤਾਂ
ਈ ਕੋਈ ਬਿਘਨ ਨਹੀਂ ਹੋਵੇਗਾ। ਉਣਕ ਨੂੰ ਐਸਾ ਹੀ ਹੋਯਾ ਤੇ ਸਭ ਲੋਗ ਸ਼ੈਤਾਨਪੁਣਾ
ਕਰਨੋ ਹਟ ਗਏ। ਗੁਰੂ ਜੀ ਦੇ ਪ੍ਰਤਾਪ ਨਾਲ ਗੋਂਦੇ ਦੇ ਨਾਮ ਗੋਇੰਦਵਾਲ ਨਗਰ ਵੱਸ ਗਿ
ਆ। ਗੁਰੂ ਅੰਗਦ ਜੀ ਨੇ ਅਮਰਦਾਸ ਜੀ ਦੇ ਪੁੱਤ੍ਰ ਤੇ ਸਾਕ ਸਬੰਧੀ ਭੀ ਉਥੇ ਹੀ ਵਸਾਇ ਦਿੱਤੇ
ਪਰ ਅਮਰਦਾਸ ਜੀ ਗੁਰੂ ਜੀ ਦੇ ਪਾਸ ਹੀ ਰਹੇ। ਬਹੁਤ ਬ੍ਰਿਧ ਅਵਸਥਾ ਦੇ ਕਾਰਣ ਜਲ
ਦੀ ਭਰੀ ਹੋਈ ਗਾਗਰ ਨੂੰ ਉਤਾਰ ਕੇ ਸਾਹ ਲੈਣ ਲਈ ਬਿਆਸਾ ਦੇ ਰਸਤੇ ਵਿਚ ਇੱਕ ਥੜਾ
ਤਿੰਨ ਹੱਥ ਉੱਚਾ ਬਣਾ ਰੱਖਿਆ ਸੀ, ਤੇ ਦਰਿਆਇ ਵਿਚੋਂ ਭੀ ਜਿਥੇ ਮੋਢੇ ਤਕ ਜਲ ਹੋਵੇ ਉਥੋਂ ਗਾ
ਗਰ ਭਰਦੇ, ਤੇ ਆਸਾਨੀ ਨਾਲ ਚੁੱਕ ਲੈਂਦੇ।

Digitized by Panjab Digital Library | www.panjabdigilib.org

ਜੱਦਯਪਿ ਗੁਰੂ ਸਾਹਿਬ ਪਹਿਲੇ ਹੀ ਏਨ੍ਹਾਂ ਦੀ ਸੇਵਾ ਪਰ ਬਹੁਤ ਖੁਸ਼ ਸਨ, ਤੇ ਗੁਰਿਆਈ ਏਨ੍ਹਾਂ ਨੂੰ ਹੀ ਦੇਣੀ ਚਾਹੁੰਦੇ ਸੇ। ਪਰੰਤੂ ਇਕ ਦਿਨ ਪੋਹ ਦੇ ਮਹੀਨੇ, ਅੰਧੇਰੀ ਰਾਤ ਨੂੰ ਜਦ ਪਉਣ ਤੇ ਬਰਖਾ ਹੋ ਰਹੀ ਸੀ, ਗੁਰੂ ਅਮਰਦਾਸ ਜੀ ਨੂੰ ਜਲ ਦੀ ਭਰੀ ਹੋਈ ਗਾਗਰ ਲਈ ਆਂਵਦਿਆਂ, ਜੁਲਾਹੇ ਦੇ ਘਰ ਪਾਸ, ਕਿੱਲੇ ਨਾਲ ਐਸੀ ਠੋਕਰ ਲੱਗੀ ਕਿ ਅਮਰਦਾਸ ਜੀ ਡਿੱਗ ਪਏ, ਪਰ ਪਾਣੀ ਨੂੰ ਨਾਂ ਡੁੱਲਣ ਦਿੱਤਾ ਤੇ ਹਮੇਸ਼ਾਂ ਵਾਂਗੂ ਗੁਰੂ ਜੀ ਦਾ ਇਸ਼ਨਾਨ ਆਣ ਕਰਾਯਾ। ਏਨ੍ਹਾਂ ਦੇ ਡਿੱਗਣ ਦਾ ਖੜਾਕ ਸੁਣ ਕੇ ਜੁਲਾਹੇ ਨੇ ਜੁਲਾਹੀ ਤੋਂ ਪੁੱਛਿਆ ਤਾਂ ਉਸ ਨੇ ਆਖਿਆ, ਇੱਕ ਅਮਰੂ ਨਿਥਾਵਾਂ, ਅੰਗਦ ਦਾ ਰੋਟੀਆ ਚਾਕਰ ਹੈ, ਉਸੇ ਨੂੰ ਚੈਨ ਨਹੀਂ ਆਂਵਦੀ ਓਹੋ ਹੋਵੇਗਾ। ਹੋਰ ਕੌਣ ਐਸ ਵੇਲੇ ਬਾਹਰ ਨਿਕਲਦਾ ਹੈ। ਏਹ ਬੋਲੀਆਂ ਸੁਣੀਆਂ ਭੀ ਪਰ ਅਮਰਦਾਸ ਜੀ ਨੇ ਜ਼ਰਾ ਭੀ ਮਨ ਵਿਚ ਖਿਆਲ ਨਾ ਕੀਤਾ ਤੇ ਹਰਖ, ਸੋਕ ਥੀਂ ਬਿਨਾ ਰਹਿਆ।

ਸਵੇਰੇ ਹੀ ਗੁਰੂ ਅੰਗਦ ਜੀ ਨੇ ਸਭਾ ਵਿੱਚ ਬੁਲਾ ਕਰ ਪੁੱਛਿਆ, ਜੁਲਾਹੀ ਨੇ ਕੀ ਆਖਿਆ ਸੀ ਅਮਰਦਾਸ ਜੀ ਨੇ ਆਖਿਆ ਤੁਸੀਂ ਸਭ ਕੁਛ ਜਾਣਦੇ ਹੋ। ਗੁਰੂ ਸਾਹਿਬ ਨੇ ਸਾਰਾ ਪ੍ਰਸੰਗ ਸਭਾ ਵਿਚ ਸੁਣਾਯਾ ਤੇ ਬਰ ਦਿੱਤਾ ਕਿ ਅਮਰਦਾਸ ਨਿਥਾਵਿਆਂ ਦਾ ਥਾਉਂ, ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਰ, ਦੀਨ ਦੁਨੀਆਂ ਦਾ ਥੰਮ੍ਹ ਹੋਇਆ। ਇਤਿਆਦਿਕ ਬਰ ਦੇ ਕਰ, ੧ ਮਾਘ ਸੰ: ੧੬੦੯ ਬਿ: ਨੂੰ ਗੁਰਿਆਈ ਦੇ ਦਿੱਤੀ ਤੇ ਗੋਇੰਦਵਾਲ ਭੇਜ ਦਿੱਤਾ। ਗੁਰੂ ਅਮਰਦਾਸ ਜੀ ਨੇ ਗੱਦੀ ਨੂੰ ਬਹੁਤ ਰੌਣਕ ਦਿੱਤੀ ਤੇ ਲੰਗਰ ਅਤੇ ਨਾਮ ਦਾਨ ਦਾ ਬ੍ਰਤ ਜਾਰੀ ਕਰ ਦਿੱਤਾ। — ਬਾਬਾ ਬੁੱਢਾ, ਭਾਈ ਮਾਲੋ, ਕਲਾਰ ਦੇਦ ਖੱਤ੍ਰੀ ਆਗਰੇ ਦਾ ਭਗਤ, ਭਗਤ ਓਹਰੀ, ਜੀਤਾ, ਰੰਧਾਵਾ, ਫਿਰਣਾ ਖਹਿਰ, ਸਾਵੂ, ਬਾਦੂ ਰਬਾਬੀ, ਭਾਈ ਲਾਲੂ ਗੁਰਦਾਸਪੁਰੀਆ, ਮਾਈਦਾਸ ਬ੍ਰਾਹਮਣ ਨਾਰਲੀ ਦਾ, ਸੱਚਨਸੱਚ ਮੰਦ੍ਰਾਂਵਾਲਾ, ਖੇੜਾ ਬ੍ਰਾਹਮਣ ਖੇਮਕਰਣ ਦਾ, ਗੰਗਾਦਾਸ ਬਸੀ ਖੱਤ੍ਰੀ ਦੁਆਬੇ ਦਾ, ਹਿੰਦਾਲ ਜੱਟ ਜੰਡਿਆਲੇ ਦਾ, ਚੂਹੜ ਖੱਤ੍ਰੀ ਬਟਾਲੇ ਦਾ, ਅੱਲਾਯਾਰ ਖਾਂ ਪਠਾਣ ਡੱਲੇ ਦਾ, ਸਰਦਾਰ ਖਾਂ ਲੁਹਾਰ ਮਹਿਤਪੁਰ ਦਾ, ਭਾਈ ਲਾਲੋ ਡੱਲੇ ਦਾ, ਤੇ ਭਾਈ ਸਾਵਣ ਆਦਿਕ ਮਸ਼ਹੂਰ ਸਿੱਖ ਬੜੇ ੨ ਕਰਣੀ ਵਾਲੇ ਏਨ੍ਹਾਂ ਪਾਸ ਰਹਿਣ ਤੇ ਦੇਸ ਪ੍ਰਦੇਸ ਤੋਂ ਸੰਗਤਾਂ ਨੂੰ ਪ੍ਰੇਰ ਕੇ ਲਿਆਉਣ ਲੱਗੇ। ਗੁਰੂ ਘਰ ਦੀ ਮਹਿਮਾ ਤੇ ਰੌਣਕ ਸਾਰੇ ਮੁਲਕ ਵਿਚ ਮਸ਼ਹੂਰ ਹੋ ਗਈ, ਬਹੁਤ ਨਜ਼ਰ ਭੇਟ ਆਉਣ ਲਗੀ।

ਗੁਰੂ ਦੇ ਹੁਕਮ ਨਾਲ ਬਾਵੇ ਸਾਉਣ ਮੱਲ ਨੇ ਪਰਬਤ, ਦੇਸ ਸੁਕੇਤ ਮੰਡੀ ਆਦਿਕ ਦੇ ਰਾਜਿਆਂ ਨੂੰ ਪ੍ਰੇਰ ਕੇ ਲਕੜੀ ਲਿਆ ਕਰ, ਸੰਗਤਾਂ ਤੇ ਸਬੰਧੀਆਂ ਵਾਸਤੇ ਮਕਾਨ ਬਣਾਏ ਤੇ ਹਜ਼ਾਰਾਂ

ਰੁਪਏ ਨਜ਼ਰ ਭੇਟਾ ਭੀ ਲਿਆਏ। — ਏਹ ਗੁਰੂ ਸਾਹਿਬ ਅੱਧੀ ਰਾਤ ਤੋਂ ਤੇ ਜਾਗ ਕੇ ਸੌਚ ਇਸ਼ਨਾ
ਨ ਕਰ ਪਰਮੇਸ਼ੂਰ ਦੇ ਧਿਆਨ ਵਿਚ ਇਸਥਿਤ ਹੋ, ਦਿਨ ਚੜ੍ਹੇ ਤਕ ਇਕ ਕਿੱਲੀ ਨੂੰ ਫੜ ਕੇ
ਸਾਰਾ ਦਿਨ ਖੜੇ ਤਪ ਕਰਦੇ ਤੇ ਸੰਗਤਾਂ ਨੂੰ ਦਰਸਨ ਉਪਦੇਸ ਦੇਂਦੇ। ਏਨ੍ਹਾਂ ਦੀ ਮਹਿਮਾ ਸੁਣ ਕੇ
ਸ਼ੇਖ ਮੁਹੰਮਦ ਤਾਹਰੀ ਜੋ ਸੰ: ੧੬੮੧ ਬਿ: ਨੂੰ ਗੁਜਰ ਗਿਆ ਹੈ ਤੇ ਸੱਯਦ ਸ਼ਾਹ ਬਿਲਾਵਲ ਜੋ
ਸੰ: ੧੬੮੬ ਬਿ: ਵਿਚ ਗੁਜਰ ਗਿਆ ਹੈ ਤੇ ਮੁਹੰਮਦ ਮੁਕੀਮ ਸ਼ਾਹ ਮੁਕੀਮ ਦੇ ਹੁਜਰੇ ਵਾਲਾ ਤੇ ਖੁ
ਜਾ ਬੁਹਾਰੀ ਆਦਿਕ ਮੁਸਲਮਾਨ ਅਤੇ ਅਜਿੱਤ ਨਾਥ ਬੁਲਾਂਡੇ ਵਾਲਾ, ਸੁਆਮਦਾਸ ਕ
ਸੂਰੀ ਜੋ ਉਸ ਸਮੇਂ ਦੇ ਪੂਜਨੀਕ ਸਿੱਧ ਮਸ਼ਹੂਰ ਸੇ, ਗੁਰੂ ਜੀ ਦੇ ਪਰਖਣ ਵਾਸਤੇ ਆਏ, ਗੁਰੂ
ਸਾਹਿਬ ਦੇ ਬ੍ਰਹਮਗਿਆਨ ਤੇ ਤਪ ਜਪ, ਸੁਭਾਵ, ਉਦਾਰਤਾ, ਲੰਗਰ, ਉਪਦੇਸ਼ ਆਦਿਕ ਆਚ
ਰਬਿਹਾਰ ਨੂੰ ਦੇਖ ਕੇ ਹੈਰਾਨ ਹੋ ਰਹੇ। ਸ਼ਾਹ ਬਿਲਾਵਲ ਨੇ ਪੁੱਛਿਆ ਕਿ ਆਪ ਐਸੇ ਗਿਆਨਵਾਨ
ਹੋ ਕੇ ਫੇਰ ਜਪ ਤਪ ਨੂੰ ਕਿਉਂ ਕਰਦੇ ਹੋ। ਹੁਣ ਤਾਂ ਜਪ ਤਪ ਕਰਨਾ ਐਸਾ ਹੈ ਜੈਸਾ ਮੱਖਣ ਨੂੰ ਕੱਢ
ਕੇ ਫੇਰ ਛਾਛ ਨੂੰ ਮਥਣਾ ਤੇ ਜੈਸੇ ਪੀਆ ਨੂੰ ਪ੍ਰਾਪਤ ਹੋ ਕੇ ਫੇਰ ਗੁੱਡੀਆਂ ਨਾਲ ਖੇਡਣਾ।
ਗੁਰੂ ਜੀ ਨੇ ਜਵਾਬ ਦਿੱਤਾ ਕੋਈ ਗਰੀਬ ਨਦੀ ਕਿਨਾਰੇ ਰੇਤਾ ਛਾਣਦਾ ਹੁੰਦਾ ਸੀ, ਉਸ ਨੂੰ ਦੁਖੀ ਦੇ
ਖ ਕਿਸੇ ਸਮਰਥ ਵਾਲੇ ਨੇ ਦਯਾ ਕਰ ਕੇ ਲਾਲ ਸੁੱਟ ਦਿੱਤਾ ਤੇ ਉਸ ਨੇ ਲੱਭ ਲੀਤਾ, ਉਸ ਦਾ ਦ
ਰਿਦ੍ਰ ਤਾਂ ਦੂਰ ਹੋ ਗਿਆ ਪਰ ਖਾਕ ਛਾਣਨੇ ਨਾ ਹਟਿਆ। ਜਦ ਫੇਰ ਉਹ ਧਨੀ ਆਯਾ ਤਾਂ ਉਸ ਨੇ
ਪੁੱਛਿਆ ਤੇਰਾ ਦਰਿੱਦ੍ਰ ਨਹੀਂ ਟੁੱਟਾ, ਉਸ ਨੇ ਕਿਹਾ ਜਿਸ ਕਰਮ ਤੋਂ ਮੇਰਾ ਦਰਿਦ੍ਰ ਨਾਸ ਹੋਯਾ, ਉਹ
ਤਿਆਗ ਦੇਣਾ ਅਕ੍ਰਿਤਘਨਤਾ ਹੈ। — ਏਹ ਪ੍ਰਸੰਗ ਸੁਣ ਕੇ ਸਭ ਅਨੰਦ ਹੋ ਗਏ। ਤੇ ਫਿਰ
ਮੁਕਤੀ ਦਾ ਮਾਰਗ ਪੁੱਛਿਆ ਤਾਂ ਗੁਰੂ ਜੀ ਨੇ ਫੁਰਮਾਯਾ ਕਿ ਮਨ ਤਨ ਧਨ ਤੋਂ ਲੈ ਕੇ ਸਾਰੇ ਦੁਨੀਆ
ਦੇ ਪਦਾਰਥਾਂ ਨੂੰ ਮਾਯਕ ਤੇ ਝੂਠੇ ਮੰਨ ਕੇ ਆਪ ਨੂੰ ਏਨ੍ਹਾਂ ਵਿਚ ਬਾਗ ਦੇ ਰਾਖੇ ਦੀ ਤਰਾਂ, ਤੇ ਪਰਾ
ਏ ਪੁੱਤ੍ਰ ਪਾਲਣ ਵਾਲੇ ਦਾਏ ਦਾਈ ਦੀ ਤਰਾਂ ਸਮਝ ਕੇ, ਪਰਮੇਸ਼ੂਰ ਦੀ ਬੰਦਗੀ ਵਿਚ, ਉਮਰ
ਬਿਤੀਤ ਕਰਨੀ ਏਹੋ ਮੁਕਤੀ ਦਾ ਰਸਤਾ ਹੈ। ਏਹ ਸੁਣ ਕੇ ਫਕੀਰ ਗੁਰੂ ਨੂੰ ਪੂਰਨ ਬ੍ਰਹਮਗਿਆਨੀ
ਸਿੱਧ ਪੁਰਖ ਮੰਨ ਕੇ, ਸਿਰ ਝੁਕਾ ਕੇ ਜਾਂਦੇ ਭਏ।

ਗੁਰੂ ਸਾਹਿਬ ਅੱਧੀ ਰਾਤ ਦੇ ਪਿੱਛੋਂ ਜਾਗਦੇ ਤੇ ਧਿਆਨ ਵਿਚ ਮਗਨ ਹੁੰਦੇ ਤੇ ਦਰਸਨ ਉਪਦੇਸ਼
ਸਿੱਖਾਂ ਨੂੰ ਕਰਦੇ, ਅਤੇ ਲੰਗਰ ਵਰਤੇ ਦੇ ਪਿੱਛੋਂ ਦਲੀਯਾ ਜਾਂ ਦੁੱਧ ਚਾਵਲ ਥੋੜ੍ਹੇ ਜੇਹੇ ਛਕਦੇ,
ਪਿਛਲੇ ਪਹਿਰ ਕੇਸ਼ੋ ਗੋਪਾਲ ਪੰਡਤ ਤੋਂ ਉਪਨਿਸ਼ਦਾਂ ਆਦਿਕ ਸ਼ਾਸਤ੍ਰਾਂ ਦੀ ਕਥਾ ਸੁਣਦੇ। ਸੰ
ਮਤ ੧੬੧੨ ਬਿ: ਵਿਚ ਗੁਰੂ ਸਾਹਿਬ ਬਾਈਸਵੀਂ [੨੨] ਵਾਰੀ ਗੰਗਾ ਜੀ ਗਏ ਤੇ ਸੰਗਤਾਂ ਨੂੰ ਨਾਲ

Digitized by Panjab Digital Library | www.panjabdigilib.org

ਲੈਕੇ ਕੁਰਖੇਤ੍ਰ ਦਾ ਸੂਰਜ ਗ੍ਰਹਨ ਕੀਤਾ, ਜਿਸ ਜਗਾ ਕਨਖਲ ਵਿਚ ਠਹਿਰੇ ਸੇ ਉਥੇ ਗੁਰਦ੍ਵਾ
ਰਾ ਜਾਗੀਰਦਾਰ ਹੈ ਤੇ ਨਿਰਮਲੇ ਸਾਧ ਪੁਜਾਰੀ ਹੈਨ। ਸੰ. ੧੬੧੪ ਬਿ: ਵਿਚ ਗੁਰੂ ਜੀ ਨੇ ਬਾਉ
ਲੀ ਦਾ ਆਰੰਭ ਕੀਤਾ ਤਾਂ ਗੋਇੰਦੇ ਮਰਵਾਹੇ ਖੱਤ੍ਰੀ ਨੇ ਨਾਰਾਜ਼ ਹੋਕੇ, ਲਾਹੌਰ ਹਾਕਮ ਪਾਸ ਅਰ
ਜ਼ ਕੀਤੀ ਕਿ ਅਸਾਂ ਆਪਣੇ ਪਿੰਡ ਅਮਰਦਾਸ ਨੂੰ ਫਕੀਰ ਸਮਝ ਕੇ ਠਹਿਰਾਯਾ ਸੀ, ਹੁਣ ਉਸ
ਦੀ ਸਿੱਖੀ ਸੇਵਕੀ ਬਹੁਤ ਵਧ ਗਈ ਹੈ ਤੇ ਉਸਦੇ ਸਿੱਖ ਅਸਾਡੀ ਜਾਇਦਾਤ ਨੂੰ ਲੁੱਟ ਪੁੱਟ ਰਹੇ
ਹਨ। ਹਾਕਮ ਨੇ ਗੁਰੂ ਸਾਹਿਬ ਨੂੰ ਬੁਲਾਯਾ, ਪਹਿਲਾਂ ਤਾਂ ਗੁਰੂ ਜੀ ਨੇ ਆਪਣੇ ਦਾਮਾਦ ਰਾਮਦਾ
ਸ ਜੀ ਨੂੰ ਭੇਜਿਆ ਤੇ ਫੇਰ ਆਪ ਭੀ ਗਏ। ਮਿਰਜ਼ਾ ਜ਼ਾਫਰਬੇਗ ਹਾਕਮ ਨੇ ਗਵਾਹ ਮੰਗੇ, ਏ
ਨ੍ਹਾਂ ਨੇ ਆਖਿਆ ਗਰਦਨ ਟੁੱਟੇ ਸੈਂਕੜਿਆਂ ਪਰ ਚਲ ਕੇ ਪ੍ਰਿਥਵੀ ਤੋਂ ਗਵਾਹੀ ਲੈ, ਏਥੇ ਕੀ ਮੰਗਦਾ
ਹੈਂ। ਹਾਕਮ ਨੇ ਗੁੱਸੇ ਹੋਕੇ ਆਖਿਆ ਚਲ ਦਾਹਾਂ ਤੇ ਗੋਇੰਦਵਾਲ ਪਹੁੰਚ, ਦੇਸ ਦੇ ਪੈਂਚ ਇਕੱਠੇ ਕ
ਰ ਜਦ ਜ਼ਿਮੀਨ ਤੋਂ ਪੁੱਛਿਆ ਤਾਂ ਆਵਾਜ਼ ਆਈ, ਮੈਂ ਸਿਵਾਇ ਪਰਮੇਸ਼੍ਵਰ ਤੇ ਸੰਤਾਂ ਦੇ ਹੋਰ ਕਿ
ਸੇ ਦੀ ਮਲਕੀਯਤ ਨਹੀਂ। ਤਦ ਗੋਇੰਦੇ ਦਾ ਦਾਵਾ ਖਾਰਜ ਹੋਯਾ। ਤੇ ਮਿਰਜ਼ਾ ਜ਼ਾਫਰਬੇਗ
ਰਸਤੇ ਵਿਚ ਘੋੜੇ ਉੱਤੋਂ ਡਿਗਾ ਜਿਸ ਕਰਕੇ ਗਰਦਨ ਟੁੱਟੀ ਤੇ ਮਰ ਗਿਆ। ਫੇਰ ਏਸ ਦਾ ਬੇ
ਟਾ ਮਿਰਜ਼ਾ ਤਾਹਰਬੇਗ ਬਾਪ ਦੀ ਜਗਾ ਲਾਹੌਰ ਸੂਬਾ ਹੋਕੇ ਗੁਰੂ ਜੀ ਦਾ ਮੁਰੀਦ ਹੋਯਾ ਤੇ ਬਾ
ਉਲੀ ਲਗਾਵਣ ਵਿਚ ਬੜੀ ਮਦਦ ਕੀਤੀ। ਉਧਰ ਅਕਬਰ ਬਾਦਸ਼ਾਹ ਚਤੌੜਗੜ੍ਹ ਵਿ
ਚ ਜੈਮਲ ਫੱਤੇ ਨਾਲ ਲੜ ਰਿਹਾ ਸੀ, ਪਰ ਓਹ ਟੁੱਟਦਾ ਨਹੀਂ ਸੀ। ਤਾਹਰਬੇਗ ਖਾਂ ਨੇ ਬਾਦਸ਼ਾ
ਹ ਪਾਸ ਅਰਜ਼ ਕੀਤੀ, ਜੇਕਰ ਨਾਨਕ ਪੀਰ ਦੀ ਗੱਦੀ ਵਾਲੇ ਅਮਰਦਾਸ ਪੀਰ ਦੀ ਮੰਨਤ ਕਰੋ
ਤਾਂ ਭਰੋਸਾ ਹੈ, ਕਿਲਾ ਫਤੇ ਹੋ ਜਾਵੇਗਾ। ਤੇ ਏਹੋ ਗੱਲ ਟੋਡਰਮੱਲ ਦੀਵਾਨ ਨੇ ਭੀ ਆਖੀ, ਤਾਂ
ਬਾਦਸ਼ਾਹ ਨੇ ਗੁਰੂ ਜੀ ਦੀ ਮੰਨਤ ਕਰਕੇ ਗੁਰੂ ਜੀ ਪਾਸ ਖਬਰ ਭੇਜ ਦਿੱਤੀ। ਗੁਰੂ ਜੀ ਬੋਲੇ ਜ
ਦ ਸਾਡੀ ਬਾਉਲੀ ਦਾ ਕੜਾ ਟੁੱਟੇਗਾ ਤਦੋਂ ਕਿਲਾ ਟੁੱਟੇਗਾ। ਬਾਦਸ਼ਾਹ ਨੇ ਫੌਰਨ ਹੀ ਕਾਰੀਗਰ
ਭੇਜਕੇ ਸੰ. ੧੬੧੬ ਵਿਚ ਬਾਉਲੀ ਦਾ ਕੜਾ ਤੁੜਵਾ ਦਿੱਤਾ, ਉਸੇ ਵਕ੍ਤ ਚਤੌੜਗੜ੍ਹ ਭੀ ਫਤੇ
ਹੋ ਗਿਆ। ਬਾਦਸ਼ਾਹ ਬਹੁਤ ਖੁਸ਼ੀ ਹੋਯਾ ਤੇ ਬਹੁਤ ਕੁਛ ਨਜ਼ਰ ਭੇਟਾ ਦਿੱਤਾ।

ਫੇਰ ਸੰ: ੧੬੨੨ ਬਿ: ਵਿਚ ਅਕਬਰ[1] ਬਾਦਸ਼ਾਹ ਲਾਹੌਰ ਦੀ ਤਰਫ ਆਯਾ ਤੇ ਬਿਆਸਾ
ਦਾ ਦਰੀਆਇ ਲੰਘ ਕੇ ਗੋਇੰਦਵਾਲ ਵਿਚ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੇ। ਗੁਰੂ ਜੀ

1 ਅਕਬਰ ਬਾਦਸ਼ਾਹ ਸੰਮਤ ੧੫੯੯ ਬਿ: ਮੁਤਾਬਕ ੧੫੪੨ ਈਸ੍ਵੀ ਨੂੰ ਹਮਾਯੂੰ ਬਾਦਸ਼ਾਹ ਦੇ ਘਰ ਪੈਦਾ
ਹੋਯਾ ਤੇ ਤੇਰਾਂ ੧੩ ਬਰਸ ਦੀ ਉਮਰ ਵਿਚ ਕਸਬੇ ਕਲਾਨੌਰ ਤਖਤ ਪਰ ਬੈਠਾ। ਤੇ ਹਮਾਯੂੰ ਦਾ ਮਾਤਬਰ ਸਰ

Digitized by Panjab Digital Library | www.panjabdigilib.org

ਦਾ ਏਹ ਰਿਵਾਜ ਸੀ ਤੇ ਹੁਕਮ ਸੀ ਜੋ ਕੋਈ ਪਹਿਲੇ ਲੰਗਰ ਦਾ ਪ੍ਰਸਾਦ ਛਕੇ ਸੋ ਦਰਸ਼ਨ ਕ
ਰੇ। ਏਹ ਗਲ ਬਾਦਸ਼ਾਹ ਨੂੰ ਭੀ ਆਖੀ ਗਈ। ਅਕਬਰ ਨੇ ਜਦ ਲੰਗਰ ਦਾ ਕੜਾਹ ਪ੍ਰਸ਼ਾ
ਦ ਛਕਿਆ ਤਾਂ ਖੁਸ਼ੀ ਹੋਕੇ ਆਖਣ ਲੱਗਾ ਕਿ ਮੈਂ ਜਾਣਿਆ ਹੈ ਗੁਰੂ ਜੀ ਬਹੁਤ ਬੁੱਢੇ ਹਨ ਏਸੇ
ਕਰਕੇ ਐਸਾ ਖਾਣਾ ਖਾਂਦੇ ਹਨ ਅਤੇ ਲੋਗਾਂ ਨੂੰ ਭੀ ਆਪਣੇ ਜੈਸੇ ਸਮਝਕੇ ਏਹੀ ਖਾਣਾ ਦਿ
ਦੇ ਹਨ। ਫੇਰ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਪੰਜ ਸੌ ਅਸ਼ਰਫੀ ਭੇਟਾ ਕੀਤੀ।

ਦਾਰ ਬੈਰਾਮਖਾਂ ਉਰਫ ਖਾਨਖਾਨਾ ਬੀਰੋ ਬਸ੍ਤੁ ਬਾਦਸ਼ਾਹੀ ਦਾ ਕਰਦਾ ਰਿਹਾ ਜਦ ਅਕਬਰ ਜਵਾ
ਨ ਹੋਯਾ ਤਾਂ ਬਾਦਸ਼ਾਹੀ ਦੀ ਵਾਗ ਆਪਣੇ ਹੱਥ ਲੈ ਲੀਤੀ ਏਹ ਬਾਤ ਸੰ ੧੬੧੮ ਦੀ ਹੈ। ਤਦ ਬੈਰਾ
ਮ ਉਦਾਸ ਹੋਕੇ ਮੱਕੇ ਨੂੰ ਤੁਰ ਪਿਆ ਪਰ ਗੁਜਰਾਤ ਵਿਚ ਇਕ ਦੁਸ਼ਮਨ ਦੇ ਹੱਥੋਂ ਮਾਰਿਆ ਗਿਆ।
ਅਕਬਰ ਨੇ ਮਜ਼ਬ ਦਾ ਪੱਖ ਬਾਦ ਛੱਡਕੇ ਹਿੰਦੂ ਮੁਸਲਮਾਨਾਂ ਨੂੰ ਇਕੋ ਜੈਸਾ ਸਮਝਿਆ।
ਜੌਨਪੁਰ, ਅਜਮੇਰ, ਗਵਾਲੀਯਰ ਤਾਂ ਬੈਰਾਮ ਫਤੇ ਕਰ ਹੀ ਗਿਆ ਸੀ ਪਰ ਦੱਖਨ ਮਾਲਵੇ ਦੇ ਹਾਕਮ
ਬਾਜ਼ਬਹਾਦਰ ਨੂੰ ਜਿਸਦੀ ਇਸ੍ਤ੍ਰੀ ਪਦਮਨੀ ਸੀ ਅਕਬਰ ਨੇ ਅਦਮਖਾਂ ਫੌਜਦਾਰ ਨੂੰ ਭੇਜਕੇ ਫਤਹ
ਕੀਤਾ। ਉਹ ਇਸ੍ਤ੍ਰੀ ਅਕਬਰ ਨੇ ਵਿਆਹੁਣੀ ਚਾਹੀ ਪਰ ਉਹ ਜ਼ਹਿਰ ਖਾਕੇ ਮਰ ਗਈ। ਉਸਦੀ ਸ਼ਕਲ ਦੇ
ਖਕੇ ਅਕਬਰ ਨੇ ਸਮਝਿਆ ਹਿੰਦੂ ਰਾਜਿਆਂ ਦੀਆਂ ਲੜਕੀਆਂ ਐਸੀਆਂ ਹੀ ਸੁੰਦਰ ਹੋਣਗੀਆਂ ਇ
ਸ ਕਰਕੇ ਪਹਿਲੇ ਜੈਪੁਰ ਦੇ ਰਾਜੇ ਦੀ ਬੇਟੀ ਨਾਲ ਹਿੰਦੂਆਂ ਵਾਂਗੂ ਅਗਨੀ ਦੇ ਗਿਰਦੇ ਫੇਰੇ ਲਏ ਤੇ ਸਬ
ਰੀਤਿ ਹਿੰਦੂਆਂ ਵਾਲੀ ਕੀਤੀ ਤੇ ਫੇਰ ਆਪਣਾ ਸ਼ਾਹਜ਼ਾਦਾ ਸਲੇਮ ਭੀ ਉਸੇ ਤਰਾਂ ਉਨ੍ਹਾਂ ਦੇ ਘਰ ਬਿਆਹਿਆ
ਐਸੇ ਕਰਕੇ ਰਾਜੇ ਦਾ ਬੇਟਾ ਭਗਵਾਨਦਾਸ ਤੇ ਪੁਸਪ ਪੁੱਤ੍ਰ ਮਾਨਸਿੰਘ ਹਮੇਸ਼ ਅਕਬਰ ਦੇ ਤਾਬੇਦਾਰ ਬ
ਨੇ ਰਹੇ। ਫਿਰ ਜੋਧਪੁਰ ਵਾਲੇ ਮਾਲਦੇਵ ਰਾਜਾ ਦੀ ਬੇਟੀ ਬਿਆਹੀ। ਉਦੇਪੁਰ ਵਾਲੇ ਉਦੇ ਸਿੰਘ ਨੇ ਬੇਟੀ ਨਾਂ
ਦਿੱਤੀ ਅਕਬਰ ਨੇ ਉਸਦੇ ਕਿਲੇ ਚਤੌੜ ਨੂੰ ਜਾ ਘੇਰਿਆ ਰਾਜਾ ਤਾਂ ਪਰੇ ਚਲਾ ਗਿਆ ਪਰ ਜੈਮਲ ਤੇ ਫੱਤਾ
ਦੋਵੇਂ ਲੜਦੇ ਰਹੇ ਜੈਮਲ ਦੇ ਮਰਨੇ ਬਾਦ ਰਾਜਪੂਤਾਂ ਨੇ ਜੌਹਰ ਕੀਤਾ ਅਰਥਾਤ ਆਪਣੇ ਸਬ ਇਸ੍ਤ੍ਰੀ ਪੁੱਤ੍ਰਾਂ
ਨੂੰ ਮਾਰ, ਕੇਸਰੀ ਬਾਗੇ ਪਾਰ, ਬੇਸ਼ੁਮਾਰ ਸੱਤ੍ਰੂਆਂ ਨੂੰ ਤਲਵਾਰ ਦੇ ਘਾਟ ਉਤਾਰ, ਸੀਸ ਰਣ ਤੇ ਂ ਪਾਰ ਉਤਰੇ।
ਟਾਡ ਸਾਹਿਬ ਲਿਖਦਾ ਹੈ ਕਿ ਮੁਰਦਿਆਂ ਦੇ ਜਨੇਊ ੭੪ ਮਣ ਤੋਂ ਉਪਰ ਤੋਲੇ ਗਏ ਸਨ ਏਸੇ ਵਾਸਤੇ ਚਿੱਠੀਆਂ
ਉੱਤੇ ੭੪॥ ਦਾ ਅੰਕ ਲਿਖਿਆ ਜਾਂਦਾ ਹੈ ਉਥੇ ੧੩ ਤੋਲੇ ਦਾ ਸੇਰ ਤੇ ਚਾਰ ਸੇਰ ਦਾ ਮਣ ਸੀ।
ਸੰ: ੧੬੨੭ ਤਕ ਅਕਬਰ ਨੇ ਗੁਜਰਾਤ ਬੰਗਾਲਾ ਸਬ ਆਪਨੇ ਕਬਜ਼ੇ ਕਰ ਲੀਤਾ ਤੇ ਸੰ: ੧੬੪੭ ਵਿਚ
ਸਿੰਧੁ ਤੇ ਕਸ਼ਮੀਰ ਅਫਗਾਨਾਂ ਤੋਂ ਛੁਡਾਏ ਪਰ ਏਹ ਜੰਗ ਮਾਨਸਿੰਘ ਨੇ ਜਿੱਤੇ ਸੀ ਏਸੇ ਸਾਲ ਸਿੰਧ ਕਿਨਾ
ਰੇ ਬੀਰਬਲ ਮਾਰਿਆ ਗਿਆ। ਦੱਖਣ ਵਿਚ ਅਹਿਮਦਨਗਰ, ਬੀਜਾਪੁਰ, ਗੋਲਕੁੰਡਾ ਏਹ ਤਿੰਨ ਬਾਦ
ਸ਼ਾਹ ਸੁਤੰਤਰ ਸੇ। ਅਕਬਰ ਨੇ ਆਪਣੇ ਬੇਟੇ ਮਿਰਜ਼ਾ ਮੁਰਾਦ ਤੇ ਬੈਰਾਮਖਾਂ ਦੇ ਬੇਟੇ ਰਹੀਮਖਾਂ ਸ਼ਾਇਰ
ਖਾਨਖਾਨਾ ਨੂੰ ਅਹਮਦ ਨਗਰ ਪਰ ਚੜ੍ਹਾਯਾ। ਏਥੋਂ ਦੀ ਬਾਦਸ਼ਾਹਜ਼ਾਦੀ ਚਾਂਦਬੀਬੀ ਯਾਨੇ ਚਾਂਦ ਸੁਲ
ਤਾਨਾ ਨੇ ਆਪ ਤਲਵਾਰ ਪਕੜਕੇ ਅਕਬਰ ਦੀ ਫੌਜ ਦੇ ਕਈ ਵਾਰੀ ਦੰਦ ਖੱਟੇ ਕੀਤੇ ਆਖਰਕਾਰ ਅਕ
ਬਰ ਨੇ ਉਸਦੇ ਵਜ਼ੀਰ ਨੂੰ ਆਪਣੇ ਨਾਲ ਮਿਲਾਇ ਲੀਤਾ ਤੇ ਇਸ ਧੋਖੇ ਨਾਲ ਅਕਬਰ ਨੇ ਉਥੇ ਫਤਹ ਪਾ
ਈ। ਸੰ: ੧੬੫੨ ਬਿ: ਵਿਚ ਅਕਬਰ ਦਾ ਵੱਡਾ ਬੇਟਾ ਸਲੇਮ ਜੋ ਤੀਸ ਬਰਸ ਦਾ ਸੀ ਤੇ ਬੜੇ ੨ ਜੰਗ
ਜਿੱਤ ਕੇ ਹੋਸ਼ਿਆਰ ਹੋ ਰਿਹਾ ਸੀ ਕਈ ਸੂਬੇ ਆਪਨੇ ਨਾਲ ਮਿਲਾ ਕੇ ਆਪਨੇ ਬਾਪ ਅਕਬਰ ਨਾਲ ਵਿਗੜ

Digitized by Panjab Digital Library | www.panjabdigilib.org

। ਬਾਦਸ਼ਾਹ ਦੇ ਆਉਣੇ ਕਰ ਜੋ ਏਥੇ ਸੁਮਾਰ ਗਰੀਬ ਗੁਰਬਾ ਸਾਧੂ ਉਥੇ ਜਮਾ ਹੋ ਗਏ ਸੀ ਸਭਨੂੰ ਅਸ਼ਰਫੀਆਂ ਦੇਣ ਦਾ ਹੁਕਮ ਦੇਕੇ, ਗੁਰੂ ਜੀ ਨੇ ਸਿੱਖਾਂ ਨੂੰ ਵੰਡਣ ਵਾਸਤੇ ਬਾਹਰ ਭੇਜ ਦਿੱਤਾ। ਏਹ ਉਦਾਰਤਾ ਦੇਖਕੇ ਬਾਦਸ਼ਾਹ ਅਚਰਜ ਰਹਿ ਗਿਆ। ਪੁਨਰ ੧੨ ਪਿੰਡ ਪਰਗਣੇ ਝਬਾਲ ਦਾ ਪਟਾ ਲਿਖਵਾ ਕੇ ਲੰਗਰ ਵਾਸਤੇ ਨਜ਼ਰ ਕੀਤਾ। ਗੁਰੂ ਜੀ ਨੇ ਫੁਰਮਾਯਾ ਅਸੀਂ ਗੁਰੂ ਕੇ ਘਰ ਨੂੰ ਕਿਸੇ ਦਾ ਅਧੀਨ ਨਹੀਂ ਕਰਨਾ ਚਾਹੁੰਦੇ ਫੇਰ ਸਭ ਕਾਰਜ ਗੁਰੂ ਕੇ ਘਰ ਦੇ ਚਲੇ ਜਾਂਦੇ ਹਨ, ਕੋਈ ਘਾਟਾ ਨਹੀਂ ਜਿਸ ਕਰਕੇ ਅਸੀਂ ਜਾਗੀਰ ਲਈਏ।

ਮਹਾਰਾਜ ਦੇ ਬਚਨ ਸੁਣਕੇ ਅਕਬਰ ਬਹੁਤ ਖੁਸ਼ੀ ਹੋਯਾ ਤੇ ਬੇਨਤੀ ਕੀਤੀ, ਬੀਬੀ ਭਾਨੀ ਜੈਸੀ ਤੁਹਾਡੀ ਬੇਟੀ ਹੈ ਤੈਸੀ ਸਾਡੀ, ਏਹ ਪਰਗਣਾ ਮੈਂ ਏਸਨੂੰ ਦਿੱਤਾ ਕਯੋਂਕੇ ਮੇਰਾ ਭੀ ਕੁਛ ਭਲਾ ਹੋਵੇ। ਤਦ ਗੁਰੂ ਜੀ ਨੇ ਉਸਦਾ ਪ੍ਰੇਮ ਦੇਖ ਏਹ ਮਨਜ਼ੂਰ ਕਰ ਲੀਤਾ। ਬਾਦਸ਼ਾਹ ਆਗਿਆ ਲੈਕੇ ਲਾਹੌਰ ਨੂੰ ਗਿਆ। — ਸਿੱਖਾਂ ਨੇ ਬੇਨਤੀ ਕਰ ਸਿੱਖੀ ਦੇ ਲੱਛਣ ਪੁੱਛੇ ਤਾਂ ਗੁਰੂ ਜੀ ਨੇ ਆਖ੍ਯਾ ਜੈਸੇ ਸੀਪ ਸ੍ਵਾਂਤੀ ਬੂੰਦ ਲੈਕੇ ਜਲ ਦੇ ਹੇਠਾਂ ਥੱਲੇ ਵਿਚ ਜਾ ਬੈਠਦਾ ਹੈ ਤੈਸੇ ਸਤਗੁਰੂ ਤੇ ਗੁਰਮੰਤ੍ਰ ਉਪਦੇਸ਼ ਧਾਰਨ ਕਰੇ, ਤੇ ਦੁਨੀਆ ਦੌਲਤ ਸਭ ਈਸ਼੍ਵਰ ਦੇ ਜਾਣੇ, ਆਪਣਾ ਹੰਕਾਰ ਛੱਡ ਰੱਖੇ ਤਾਂ ਮੁਰੀਦ ਮੁਰਦਾ ਹੋਕੇ ਗੁਰੂ ਗੋਰ ਵਿਚ ਸਮਾਂਵਦਾ ਹੈ। ਆਪਣੇ ਨਫ਼ੇ ਨੁਕਸਾਨ ਵਾਸਤੇ ਕਿਸੇ ਦੇਵੀ, ਦੇਵਤਾ, ਗੋਰ, ਮੜ੍ਹੀ, ਸਮਾਧ ਅੱਗੇ ਮੱਥਾ ਟੇਕਕੇ ਕਰੀ ਬੇਨਤੀ

---

ਬੈਠਾ। ਤੇ ਅਕਬਰ ਦੇ ਵਜ਼ੀਰ ਅੱਬੁਲਫ਼ਜ਼ਲ ਦਾ ਸਿਰ ਉਰਛਾ ਵਾਲੇ ਨਰਸਿੰਘ ਦੇਵ ਰਾਜਾ ਦੇ ਹੱਥੋਂ ਕਟਵਾ ਮੰਗਾਯਾ। ਏਸਦੇ ਫ਼ਿਕਰ ਵਿਚ ਅਕਬਰ ਨੇ ਤਿੰਨ ਦਿਨ ਤਕ ਖਾਣਾ ਨਾ ਖਾਧਾ। ਅਕਬਰ ਦੇ ਤਿੰਨ ਬੇਟੇ ਸੀ ਸਲੇਮ ੧ ਮੁਰਾਦ ੨ ਦਾਨੀਯਾਲ ੩ ਸੋ ਦਾਨੀਯਾਲ ਤੇ ਮੁਰਾਦ ਦੋਵੇਂ ਬਹੁਤ ਸ਼ਰਾਬ ਪੀਂਦੇ ਸਨ ਤੇ ਉਹ ਕ ਸ਼ਰਾਬ ਨਾਲ ਹੀ ਸੁੱਕਕੇ ਮਰ ਗਏ। ਪਯਾਰੇ ਪੁੱਤ੍ਰਾਂ ਦੇ ਤੇ ਵਜ਼ੀਰ ਦੇ ਗ਼ਮ ਨਾਲ ਮਰਨ ਲੱਗੇ। ਅਕਬਰ ਨੇ ਸਭ ਅਮੀਰਾਂ ਨੂੰ ਆਗਰੇ ਵਿਚ ਬੁਲਾਕੇ ਆਖ੍ਯਾ ਮੇਰੀ ਤੁਸੀਂ ਚੂਕ ਮਾਫ਼ ਕਰਨੀ ਸਭ ਹਿੰਦੂ ਮੁਸਲਮਾਨ ਉਸਦੇ ਜੁਦਾਈ ਨੂੰ ਯਾਦ ਕਰ ਕਰ ਰੋਣ ਲੱਗੇ ਤੇ ਸਲੇਮ ਭੀ ਬਾਪ ਦੇ ਪੈਰ ਚੁੰਮ ਕੇ ਧਾਹੀਂ ਮਾਰ ਮਾਰ ਰੋਣ ਲੱਗਾ। ਅਕਬਰ ਨੇ ਉਸਨੂੰ ਛਾਤੀ ਨਾਲ ਲਾਯਾ ਤੇ ਉਸਦੇ ਗਲ ਵਿਚ ਤਲਵਾਰ ਪਹਨਾਈ ਤੇ ਸੰ: ੧੬੬੩ ਬਿ: ਵਿਚ ਏਸ ਜਹਾਨ ਤੋਂ ਪਾਰ ਬੋਲਿਆ।

ਅਕਬਰ ਨੇ ਆਗਰੇ ਤੇ ਪਰਾਗਾ ਦੇ ਕਿਲੇ ਬਨਾਏ, ਗਊ ਹੱਤਯਾ ਬੰਦ ਕਰ ਰੱਖੀ, ਬਹੁਤ ਚੋਖਾ ਬਦਿਆਂ ਕਰਦਾ, ਹਿੰਦੂ ਮੁਸਲਮਾਨਾਂ ਦੇ ਉਹੁਦਿਆਂ ਵਿਚ ਕੋਈ ਭੇਦ ਨਹੀਂ ਕਰਦਾ, ਪੰਧਾਂ ਬੀਸ ਕੋਸ ਤਕ ਪੈਦਲ ਚਲ ਸਕਦਾ, ਦੋ ਦੋ ਦਿਨ ਤਕ ਡਾਕ ਵਿਚ ਬੈਠਾ ਰਹਿੰਦਾ ਤੇ ਇਕ ਵਾਰੀ ਇਕੋ ਦਮ ਸਾਂਢਣੀ ਪਰ ਸਵਾਰ ਹੋਕੇ ੨੨੫ ਮੀਲ ਤਕ ਚਲਾ ਗਿਆ ਏਸਨੇ ਬਹੁਤ ਕਾਜ਼ ਦੇ ਪ੍ਰਜਾ ਦੇ ਫ਼ਾਯਦੇ ਵਾਸਤੇ ਨਵੇਂ ਬਨਾਏ, ਏਸਦੇ ੧੮ ਸੂਬੇ ਸਨ, ਸਾਲਗਿਰਾ ਦੇ ਦਿਨ ਬੜਾ ਦਰਬਾਰ ਕਰਦਾ ਤੇ ਪੁੰਨ ਦਾਨ ਭੀ ਬਹੁਤ ਕਰਦਾ, ਤਖ਼ਤ ਦੇ ਨਾਲ ਘੰਟਾ ਹੋ ਕੇ ਯਾ ਤੇ ਤਾਂ ਬੈਠਕੇ ਇਨਸਾਫ਼ ਕਰਦਾ, ਦੌਲਤ ਏਸਦੇ ਪਾਸ ਸੱਤਾਂ ਬਾਦਸ਼ਾਹਾਂ ਜਿਤਨੀ ਸੀ।

Digitized by Panjab Digital Library | www.panjabdigilib.org

ਨਾ ਕਰੇ। ਕਿਉਂਕਿ ਆਪਣੇ ਕਰਮਾਂ ਦਾ ਫਲ ਦੇਣ ਵਾਲਾ ਈਸ਼੍ਵਰ ਨੂੰ ਸਮਝੇ ਤੇ ਉਸੇ ਪਰ ਭਰੋਸਾ
ਰੱਖੇ ਅਤੇ ਦੁਖ ਸੁਖ ਲਾਭ ਹਾਨ ਵਿਚ ਉਸੇ ਦੀ ਰਜ਼ਾਇ ਪਰ ਰਾਜ਼ੀ ਰਹੇ ਏਹੋ ਗੁਰ ਸਿੱਖੀ
ਦੀ ਰੀਤੀ ਹੈ। ਸੰ: ੧੬੨੯ ਬਿ: ਵਿਚ ਗੁਰੂ ਜੀ ਦੇ ਮਹਿਲ ਮਾਈ ਰਾਮ ਕੌਰ ਨੇ ਪ੍ਰਲੋਕ ਗਵ
ਨ ਕੀਤਾ। — ਏਸੇ ਸਮੇਂ ਇਕ ਮਾਈ ਦਾਸ ਬ੍ਰਹਮਚਾਰੀ ਆਯਾ, ਉਸਨੇ ਸਿੱਖਾਂ ਦੇ ਹੱਥ ਦਾ
ਪ੍ਰਸਾਦ ਨਾ ਛਕਿਆ, ਆਪਣਾ ਬਣਾਉਣ ਲੱਗਾ ਤਾਂ ਜਿਥੇ ਚੌਕਾ ਲਾਵੇ ਉਥੋਂ ਹੱਡੀ ਯਾ ਚੰਮ
ਨਿਕਲ ਆਵੇ। ਆਖਰ ਇਕ ਜਗਾ ਰਸੋਈ ਕਰ ਛਕ ਕੇ ਦਰਸ਼ਨ ਨੂੰ ਆਯਾ ਤੇ ਚੌਕੇ
ਵਿਚੋਂ ਹੱਡ ਚੰਮ ਨਿਕਲਨ ਦਾ ਜ਼ਿਕਰ ਕੀਤਾ ਤਾਂ ਗੁਰੂ ਜੀ ਨੇ ਆਖਿਆ ਇਕ ਪੰਡਿਤ ਨੇ ਬ
ੜੀ ਪਵਿਤ੍ਰ ਰਸੋਈ ਕਰਕੇ ਕੱਚੇ ਚੰਮ ਦੇ ਖਲੜੇ ਵਿਚ ਪਾ ਲਈ। ਅਸਾਂ ਆਖਿਆ ਜੇ ਖਲ
ੜੂ ਵਿਚ ਪਾ ਲੈਣੀ ਸੀ ਤਾਂ ਐਸੀ ਛੂਤ ਛਾਤ ਦਾ ਪਰਹੇਜ਼ ਕਰਨਾ ਬ੍ਰਿਥਾ ਹੀ ਸੀ। ਮਾਈ ਦਾਸ
ਬੋਲਿਆ ਉਹ ਕੌਣ ਐਸਾ ਮੂਰਖ ਸੀ, ਗੁਰੂ ਜੀ ਨੇ ਆਖਿਆ ਆਪ ਹੀ ਹੋ। ਉਸਨੂੰ ਗਿਆਨ
ਵੀਚਾਰ ਹੋ ਗਿਆ ਤੇ ਗੁਰੂ ਜੀ ਦਾ ਸਿਖ ਬਣਕੇ ਪਰਮ ਪਦ ਪਾਯਾ। ਏਸੇ ਪ੍ਰਕਾਰ ਅਪਾਰ
ਹੀ ਲੋਗ ਏਸ ਗੁਰੂ ਤੋਂ ਬਰੋਸਾਏ। ਏਹ ਗੁਰੂ ਰਾਜੇ ਜਨਕ ਵਾਂਗੂ ਰਾਜ ਜੋਗ ਕਮਾਂਵਦੇ ਰ
ਹੇ। ਜੇਹੜੇ ਅਜਮਤ ਦੇ ਖਜ਼ਾਨੇ ਗੁਰੂ ਨਾਨਕ ਤੇ ਗੁਰੂ ਅੰਗਦ ਜੀ ਨੇ ਜਮਾ ਕੀਤੇ ਸਨ, ਏ
ਨ੍ਹਾਂ ਨੇ ਆਪਣੇ ਲਾਯਕ ੨ ਕਰਣੀ ਵਾਲੇ ਸਿੱਖਾਂ ਨੂੰ ਮੰਜੀਆਂ ਤੇ ਕਰਾਮਾਤਾਂ ਬਖਸ਼ ਕੇ ਦੁਨੀ
ਆਂ ਦੇ ਭੁਲੇ ਵਾਸ੍ਤੇ ਬਾਈ ਜਗਾ ਉਪਦੇਸ ਦੇ ਸਦਾ ਬ੍ਰਤ ਲਾ ਦਿੱਤੇ ਜਿਨ੍ਹਾਂ ਦਾ ਬ੍ਰਿਤਾਂਤ ਪੰਜਵੇਂ
ਹਿੱਸੇ ਵਿਚ ਹੈ। — ਜਦ ਤਕ ਏਹ ਗੁਰੂ ਗੱਦੀ ਪਰ ਰਹੇ ਤਦ ਤਕ ਰਾਮਚੰਦ੍ਰ ਜੀ ਦੀ ਨ੍ਯਾ
ਈ ਜੈਸੇ ਅਜੁੱਧਿਆ ਵਿਚ ਕੋਈ ਪੁੱਤ੍ਰ ਮਾਤਾ ਪਿਤਾ ਅੱਗੇ ਨਹੀਂ ਮਰਿਆ ਸੀ ਤੈਸੇ ਏਨਾਂ ਦੇ ਸ
ਰਮਣੇ ਭੀ ਕੋਈ ਨਾ ਮਰਿਆ ਕਿਉਂਕਿ ਇਕ ਦਿਨ ਇਕ ਰੈਤੀ ਖੱਤ੍ਰਾਣੀ ਦਾ ਇੱਕੋ ਬੇਟਾ ਜਵਾ
ਨ ਤੇਈਏ ਤਾਪ ਨਾਲ ਮਰ ਗਿਆ। ਉਸਨੂੰ ਰੁਦਨ ਕਰਦੀ ਸੁਣਕੇ ਏਨਾਂ ਦੇ ਨੇਤ੍ਰ ਨੀਰ ਭਰ
ਆਏ, ਏਨਾਂ ਦੀ ਬੇਨਤੀ ਈਸ਼੍ਵਰ ਨੇ ਮੰਨ ਲਈ। ਉਹ ਲੜਕਾ ਭੀ ਜੀਉਂਦਾ ਹੋ ਗਿਆ ਤੇ ਅੱ
ਗੇ ਨੂੰ ਮਾਤਾ ਪਿਤਾ ਅੱਗੇ ਪੁੱਤ੍ਰ ਮਰਨੋਂ ਬੰਦ ਹੋ ਗਿਆ। ਉਸ ਲੜਕੇ ਦੀ ਸੰਤਾਨ ਹੁਣ ਵੈਰੋ
ਵਾਲੀਏ ਬਾਵੇ ਜੀਵਨ ਸੱਦੀਦੇ ਹਨ। ਏਸੇ ਤਰਾਂ ਹੋਰ ਭੀ ਬਹੁਤ ਕੰਮ ਏਨ੍ਹਾਂ ਤੋਂ ਪਰੋਪ
ਕਾਰ ਦੇ ਹੋਏ ਹਨ ਜਿਸ ਕਰਕੇ ਏਨ੍ਹਾਂ ਦੀ ਮਹਿਮਾ ਤੇ ਗੁਰੂ ਸਿੱਖੀ ਬਹੁਤ ਬਧ ਗਈ।
ਜੱਦਆਪਿ ਏਨ੍ਹਾਂ ਦੀ ਸੇਵਾ ਵਿਚ ਬਹੁਤ ਬਡੇ ੨ ਲਾਯਕ ਸਿੱਖ ਹਮੇਸ਼ ਹਾਜ਼ਰ ਰਹਿੰਦੇ, ਪ
ਰੰਤੂ ਜੈਸੇ ਦਾਮਾਦ ਦਾ ਸੰਬੰਧ ਹੋਕਰ ਗੁਰੂ ਰਾਮਦਾਸ ਜੀ ਏਨ੍ਹਾਂ ਨੂੰ ਪਰਮੇਸ਼ਰ ਸਤਗੁਰੂ

Digitized by Panjab Digital Library | www.panjabdigilib.org

ਮਿਲਕੇ ਸੁੱਧਾ ਭਗਤੀ ਸਹਿਤ ਰਾਤ ਦਿਨੇ ਟਹਿਲ ਵਿਚ ਹਾਜ਼ਰ, ਤੇ ਜਪ ਤਪ ਉਦਾਰਤਾ ਦੀ
ਮੂਰਤਿ, ਆਗਿਆਕਾਰੀ ਬਣੇ ਰਹੇ ਸੇ ਐਸਾ ਹੋਰ ਕੋਈ ਨਹੀਂ ਸੀ। — ਇਕਵਾਰੀ ਸਿੱਖਾਂ
ਪੁੱਤ੍ਰਾਂ ਦੇ ਪਰਖਣ ਵਾਸਤੇ ਗੁਰੂ ਸਾਹਿਬ ਨੇ ਆਖਿਆ ਥੜੇ ਬਣਾਓ। ਬਾਉਲੀ ਦੇ ਚਉਫੇਰੇ ਸ
ਭਨਾ ਨੇ ਥੜ੍ਹੇ ਬਣਾਏ, ਗੁਰੂ ਜੀ ਨੇ ਨਾ ਪਸੰਦ ਕਰ ਢਹਾਇ ਦਿੱਤੇ, ਹੋਰ ਬਣਾਏ ਓਹ ਭੀ ਗਿ
ਰਵਾਇ ਦਿੱਤੇ। ਕਿਸੇ ਦੋ ਵਾਰੀ ਕਿਸੇ ਚਾਰ ਵਾਰੀ ਥੜੇ ਬਣਾਏ, ਓੜਕ ਸਭ ਹਟ ਬੈਠੇ ਤੇ ਆ
ਖਣ ਲੱਗੇ ਗੁਰੂ ਨੂੰ ਕਮਲ ਹੋ ਗਿਆ ਹੈ। ਪਰ ਰਾਮਦਾਸ ਜੀ ੨੧ ਦਿਨ ਤਕ ਬਣਾਈ ਗੀ
ਗਏ ਤੇ ਗੁਰੂ ਜੀ ਢਹਾਈ ਗਏ। ਰਾਮਦਾਸ ਜੀ ਨੂੰ ਜ਼ਰਾ ਭੀ ਹਰਖ ਸੋਕ ਨਾ ਹੋਯਾ। ਜੇ ਕਰ
ਕੋਈ ਆਖੇ ਗੁਰੂ ਤਾਂ ਸਰਮੀ ਹੋ ਗਿਆ ਤੂੰ ਭੀ ਵਹਿਮੀ ਹੋ ਗਿਆ ਹੈਂ। ਰਾਮਦਾਸ ਜੀ ਆਖ
ਨ ਅਸੀ ਤਾਂ ਸੇਵਾ ਕਰਨੀ ਹੈ ਤੇ ਹੁਕਮ ਮੰਨਣਾ ਹੈ ਭਾਂਵੇ ਸਾਰੀ ਉਮਰ ਬਣਵਾਈ ਜਾਣ
ਮੈਂ ਤਾਂ ਬਣਾਈ ਜਾਂਵਾਂਗਾ। ਏਹ ਬਚਨ ਸੁਣਕੇ ਤੇ ਸਿਦਕ, ਧੀਰਜ, ਸੱਚੀ ਭਗਤੀ ਵੇਖਕੇ
ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਗੱਦੀ ੭ ਵੈਸਾਖ ਸੰਮਤ ੧੬੩੧ ਬਿ: ਵਿਚ ਬਖ
ਸ਼ ਦਿੱਤੀ ਅਤੇ ਪੰਜ ਪੈਸੇ ਨਾਲੀਏਰ ਅੱਗੇ ਧਰ, ਆਪ ਮੱਥਾ ਟੇਕ, ਸਿਖਾਂ ਪੁੱਤ੍ਰਾਂ ਤੋਂ ਟਿਕਾ ਦਿੱਤਾ
। ਫੇਰ ਰਾਮਦਾਸ ਜੀ ਕਦੀ ਗੋਇੰਦਵਾਲ ਗੁਰੂ ਜੀ ਦੀ ਸੇਵਾ ਵਿਚ ਤੇ ਕਦੀ ਰਾਮਦਾਸ ਪੁਰ ਰ
ਹਿੰਦੇ ਰਹੇ ਤੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣੇ ਪਿੱਛੋਂ ਗੁਰੂ ਚੱਕ ਵਿਚ ਜਾ ਰਹੇ
। ਤੀਸਰੇ ਗੁਰੂ ਜਿਸ ਕਿੱਲੀ ਨੂੰ ਪਕੜ ਕੇ ਤਪ ਕਰਦੇ, ਓਹ ਚੁਬਾਰਾ ਸਾਹਿਬ ਮਸ਼ਹੂਰ ਹੈ, ਤੇ
ਦੂਸਰਾ ਬਾਉਲੀ ਸਾਹਿਬ ਹੈ ਜਿਸ ਦੀਆਂ ਚੌਰਾਸੀ ਪੌੜੀਆਂ ਪਾਣੀ ਤਕ ਹਨ। ਸਾਖੀ ਵਿ
ਚ ਲਿਖਿਆ ਹੈ ਜੋ ਕੋਈ ਇਕ ਦਿਨ ਵਿਚ ੮੪ ਵਾਰੀ ਇਸ਼ਨਾਨ ਕਰਕੇ ਇਕ੨ ਪੌੜੀ ਉੱਤੇ ਬੈਠ
ਕੇ ਜਪੁਜੀ ਸਾਹਿਬ ਦਾ ਪਾਠ ੮੪ ਵਾਰੀ ਕਰਦਾ ਹੈ, ਉਸ ਦੀ ਚੌਰਾਸੀ ਲੱਖ ਜੋਨੀ ਕੱਟੀ ਜਾਂਦੀ
ਹੈ ਤੇ ਫੇਰ ਓਹ ਹਮੇਸ਼ ਸੱਚਖੰਡ ਵਿਚ ਵੱਸਦਾ ਹੈ।

ਏਥੇ ਬਰਸ ਵਿਚ ਦੋ ਮੇਲੇ ਹੁੰਦੇ ਹਨ ਇਕ ਵੈਸਾਖੀ ਦਾ ਤੇ ਦੂਸਰਾ ਭਾਦ੍ਰੋਂ ਸੁਦੀ ੧੫ ਨੂੰ ਗੁਰੂ
ਅਮਰਦੇਵ ਜੀ ਦੇ ਸਰਾਧ ਦਾ ਏਹ ਬਹੁਤ ਭਾਰਾ ਮੇਲਾ ਹੁੰਦਾ ਹੈ, ਭੱਲੇ ਸਾਹਿਬਜ਼ਾਦੇ ਏਥੋਂ ਦੇ
ਮਹੰਤ ਤੇ ਪੁਜਾਰੀ ਹਨ।

ਏਹ ਗੁਰੂ ੬੨ ਬਰਸ ਦੀ ਉਮਰ ਵਿਚ ਗੁਰੂ ਅੰਗਦ ਜੀ ਦੀ ਸੇਵਾ ਕਰਨ ਲੱਗੇ ਤੇ ੧੨ ਬਰਸ
ਟਹਲ ਕਰ ੨੨ ਬਰਸ ੩ ਮਹੀਨੇ ੧੩ ਦਿਨ ਗੁਰਿਆਈ ਕੀਤੀ ਤੇ ੯੫ ਬਰਸ ੪ ਮਹੀਨੇ
੧ ਦਿਨ ਸਾਰੀ ਉਮਰ ਭੋਗ ਸੰਮਤ ੧੬੩੧ ਬਿ: ਭਾਦ੍ਰੋਂ ਸੁਦੀ ਪੂੰਨਿਆਂ ਨੂੰ ਮੰਗਲਵਾਰ ਦੇ

Digitized by Panjab Digital Library | www.panjabdigilib.org

ਘੜੀ ਰਾਤ ਰਹੀ ਗੋਇੰਦਵਾਲ ਵਿਚ ਜੋਤੀ ਜੋਤਿ ਸਮਾਏ।

# ਪ੍ਰਸੰਗ ਗੁਰੂ ਰਾਮਦਾਸ ਸਾਹਿਬ ਜੀ ਦਾ।

ਏਹ ਗੁਰੂ ਸੰਮਤ ੧੫੮੭ ਬਿ: ਮੁਤਾਬਕ ੧੫੩੦ ਈਸ੍ਵੀ ਤੇ ਸਾਲ ੬੩ ਗੁਰੂ ਓਰ ਕੱਤ
ਕ ਬਦੀ ੨ ਵੀਰਵਾਰ ਚਾਰ ਘੜੀ ਦਿਨ ਰਹੇ ਹਿਮਾਊਂ ਬਾਦਸ਼ਾਹ ਦੇ ਵਕ੍ਤ ਹਰਦਾਸ ਮੱਲ
ਸੋਢੀ ਖੱਤ੍ਰੀ ਦੇ ਘਰ, ਮਾਈ ਦਯਾ ਕੌਰ ਤੋਂ ਲਾਹੌਰ ਚੂਨੀ ਮੰਡੀ ਵਿਚ ਪੈਦਾ ਹੋਏ।
ਏਹ ਅਤੀ ਸੁੰਦਰ ਸਰੂਪ ਗੌਰ ਵਰਨ, ਮੋਟੇ ਨਕਸ਼ਾਂ ਵਾਲੇ ਸਨ ਤੇ ਹੱਥਾਂ ਪੈਰਾਂ ਤੇ ਮੱਥੇ ਰੀ
ਆਂ ਰੇਖਾਂ ਭੀ ਅਵਤਾਰਾਂ ਜੈਸੀਆਂ ਸਨ। ਕਿਸੇ ਵਸਤੂ ਦੀ ਤ੍ਰਿਸਨਾ ਨਾ ਕਰਨ, ਕੋਮਲ ਤੇ ਮਿੱ
ਠਾ ਬੋਲਦੇ ਤੇ ਵੱਡਿਆਂ ਦਾ ਅਦਬ ਰਖਦੇ, ਉਦਾਰ, ਨਿਰਹੰਕਾਰ, ਸੰਤਸੇਵੀ, ਸੀਲ ਸੁਭਾਵ
ਆਦਿਕ ਚੰਗੇ ਗੁਣਾਂ ਕਰ ਪੂਰਤ, ਤੇ ਬਾਲਕਪਨ ਤੋਂ ਹੀ ਪ੍ਰਤਾਪੀ ਪ੍ਰਤੀਤ ਹੁੰਦੇ ਸੇ। ਜਦ ਸੱਤ
ਬਰਸ ਦੇ ਹੋਏ ਤਾਂ ਏਨ੍ਹਾਂ ਦਾ ਪਿਤਾ ਗੁਜ਼ਰ ਗਿਆ। ਏਸ ਕਰਕੇ ਘਰ ਵਿਚ ਸਖ਼ਤੀ ਹੋਗ
ਈ। ਜਦ ਆਪ ਏਹ ਵਡੇ ਹੋਕੇ, ਅਨੇਕ ਕਿਸਮ ਦੀ ਛਾਬੜੀ ਲਾਕੇ ਗੁਜ਼ਾਰਾ ਕਰਦੇ, ਪਰੰ
ਤੂ ਉਸ ਵਿੱਚੋਂ ਭੀ ਨਫੇ ਦਾ ਚੌਥਾ ਹਿੱਸਾ ਗਰੀਬਾਂ ਤੇ ਮੁਹਤਾਜਾਂ ਨੂੰ ਦਿੰਦੇ ਰਹਿੰਦੇ। ਸੰ: ੧੬੧੧
ਬਿ: ਵਿਚ ਲਾਹੌਰ ਦੀ ਸੰਗਤ ਨਾਲ ਗੁਰੂ ਅਮਰਦਾਸ ਦੇ ਦਰਸ਼ਨ ਨੂੰ ਗੋਇੰਦਵਾਲ ਗਏ
ਤਾਂ ਓਥੇ ਭੀ ਛਾਬੜੀ ਲਾਕੇ ਆਪਣਾ ਨਿਰਬਾਹ ਕਰਦੇ ਰਹੇ ਤੇ ਗੁਰੂ ਜੀ ਦੇ ਪ੍ਰੇਮ ਦੇ ਲੰਗ
ਰ ਦਾ ਪ੍ਰਸ਼ਾਦ ਨਾ ਛਕਿਆ। — ਇਕ ਦਿਨ ਗੁਰੂ ਅਮਰਦਾਸ ਜੀ ਆਪਣੀ ਬੇਟੀ
ਬੀਬੀ ਭਾਨੀ ਦੀ ਕੁੜਮਾਈ ਕਰਨ ਵਾਸਤੇ ਬ੍ਰਾਹਮਣ ਨੂੰ ਭੇਜਣ ਲੱਗੇ ਤਾਂ ਬੀਬੀ ਦੀ ਮਾਈ
ਨੇ ਰਾਮਦਾਸ ਜੀ ਨੂੰ ਛਾਬੜੀ ਫੇਰਦਾ ਦੇਖਕੇ ਆਖਿਆ ਏਹੋ ਜੇਹਾ ਸੁੰਦਰ ਤੇ ਏਸੇ ਉਮਰ
ਦਾ ਲੜਕਾ ਹੋਵੇ। ਗੁਰੂ ਅਮਰਦਾਸ ਜੀ ਨੇ ਏਹ ਗੱਲ ਸੁਣ ਕੇ ਰਾਮਦਾਸ ਜੀ ਨੂੰ ਬੁਲਾ
ਯਾ ਤੇ ਨਾਮ, ਜਾਤ, ਗੋਤ ਪੁੱਛਕੇ ਸਗਾਈ ਦਾ ਸਗਨ ਏਨ੍ਹਾਂ ਦੇ ਪੱਲੇ ਬ੍ਰਾਹਮਣ ਤੋਂ ਪਵਾਇ

Digitized by Panjab Digital Library | www.panjabdigilib.org

ਦਿੱਤਾ ਅਤੇ ਏਸਦੇ ਸੰਬੰਧੀਆਂ ਨੂੰ ਬੁਲਾ ਕਰਕੇ ੧੩ ਵੈਸਾਖ ਸੰ: ੧੬੧੨ ਬਿ: ਨੂੰ ਸਾਦੀ ਕਰ
ਦਿੱਤੀ ਅਤੇ ਗੋਇੰਦਵਾਲ ਹੀ ਏਨਾਂ ਨੂੰ ਮੰਦ੍ਰ ਬਣਵਾ ਕੇ ਆਪਣੇ ਪਾਸ ਰੱਖਿਆ। ਇਥੇ ਹੀ ਰਾਮ
ਦਾਸ ਜੀ ਦੇ ਘਰ ਤਿੰਨ ਬੇਟੇ ਪੈਦਾ ਹੋਏ। — ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾ
ਸ ਜੀ ਨੂੰ ਸਰਬ ਪ੍ਰਕਾਰ ਲਾਇਕ ਸਮਝ ਕੇ ਵੈਸਾਖ ਸੁਦੀ ੯ ਸੰ: ੧੬੨੬ ਬਿ: ਨੂੰ ਗੁਰਿ
ਆਈ ਦੇ ਦਿੱਤੀ ਅਤੇ ਏਨਾਂ ਦੇ ਗੁਜ਼ਾਰੇ ਤੇ ਵੱਸਣ ਵਾਸਤੇ ਤੁੰਗ, ਸੁਲਤਾਨਪਿੰਡ, ਗੁੰਮਟਾ
ਲਾ, ਏਨਾਂ ਤਿੰਨਾ ਪਿੰਡਾਂ ਦੇ ਜ਼ਿਮੀਦਾਰਾਂ ਤੋਂ ਜ਼ਮੀਨ ਲੈ ਕੇ ਹਾੜ੍ਹ ਵਦੀ ੧੨ ਸੰ: ੧੬੨੯ ਬਿ:
ਤੇ ੧੦੩ ਸਾਲ ਗੁਰੂ ਵਿਚ ਰਾਮਦਾਸ ਜੀ ਦੇ ਨਾਮ ਪਰ ਰਾਮਦਾਸਪੁਰ ਵਸਾਯਾ, ਜੋ ਹੁਣ ਅੰ
ਮ੍ਰਿਤਸਰ ਮਸ਼ਹੂਰ ਹੈ। — ਕਿਸੇ ਸਮੇ ਗੁਰੂ ਨਾਨਕ ਜੀ ਏਥੇ ਆਏ ਸੇ ਤੇ ਗੁਰੂ ਅੰਗ
ਦ ਜੀ ਨੂੰ ਆਖਿਆ ਏਥੇ ਪਰਾਚੀਨ ਤੀਰਥ ਹੈ ਤੇ ਏਹੋ ਬਾਤ ਗੁਰੂ ਅੰਗਦ ਜੀ ਤੋਂ ਗੁਰੂ ਅਮ
ਰਦਾਸ ਜੀ ਨੇ ਸੁਣੀ ਸੀ ਤੇ ਏਥੋਂ ਹੀ ਗੁਰੂ ਅੰਗਦ ਜੀ ਦੀ ਬੀਮਾਰੀ ਦੂਰ ਕਰਨ ਵਾਲੀ ਬੂ
ਟੀ ਮਿਲੀ ਸੀ ਏਸੇ ਤੋਂ ਸ੍ਰੇਸ਼ਟ ਭੂਮੀ ਸਮਝ ਕਰ ਤੇ ਗੁਰੂ ਨਾਨਕ ਸਾਹਿਬ ਦੇ ਬਚਨ ਦੀ ਪਾ
ਲਣਾ ਕਰਣ ਲਈ ਗੁਰੂ ਰਾਮਦਾਸ ਜੀ ਨੇ ਏਥੇ ਹੀ ਨਿਵਾਸ ਕਰਕੇ ਏਸ ਨਗਰ ਨੂੰ ਬ
ਹੁਤ ਆਬਾਦ ਕੀਤਾ ਅਤੇ ਭਾਈ ਸਾਲੋ ਨੇ ਦੂਰੋਂ ਦੂਰੋਂ ਪਰਜਾਤਿ ਦੇ ਆਦਮੀ ਲਿਆ ਕਰ
ਗੁਰੂ ਜੀ ਦੇ ਮਹਿਲਾਂ ਦੇ ਚੁਫੇਰੇ ਬਸਾਏ, ਜੋ ਹੁਣ ਤਕ ਵੱਸਦੇ ਹਨ। ਜੇਹੜਾ ਹੁਣ ਗੁਰੂ
ਕਾ ਬਾਜ਼ਾਰ ਮਸ਼ਹੂਰ ਹੈ ਏਹ ਦੁਕਾਨਾਂ ਭੀ ਭਾਈ ਸਾਲੋ ਨੇ ਬਣਵਾਈਆਂ ਸਨ। ਤੇ ਜਿੱਥੇ
ਹੁਣ ਹਰਿਮੰਦਰ ਜੀ ਦਰਬਾਰ ਸਾਹਿਬ ਹੈ ਏਥੇ ਤੀਰਥ ਕਨਾਰੇ ਬੈਠ ਕੇ ਗੁਰੂ ਰਾਮਦਾਸ
ਜੀ ਸਿੱਖਾਂ ਨੂੰ ਉਪਦੇਸ਼ ਤੇ ਰੱਬ ਦੀ ਬੰਦਗੀ ਦ੍ਰਿੜ੍ਹਾਉਂਦੇ ਤੇ ਬਾਣੀ ਉਚਾਰਣ ਕੀਤਾ ਕਰਦੇ
ਸਨ। ਏਨਾਂ ਨੇ ਭੀ ਆਪਣੇ ਬ੍ਰਿੱਧ ਗੁਰੂਆਂ ਦਾ ਆਚਾਰ ਬਿਹਾਰ ਧਾਰ ਲੀਤਾ ਤੇ ਗੁਰੂ ਦੇ
ਪੰਥ ਨੂੰ ਬਹੁਤ ਰੌਣਕ ਦਿੱਤੀ ਤੇ ਕਥਾ ਕੀਰਤਨ ਸਤਸੰਗ ਦਾ ਹਰ ਵਕ਼ਤ ਪਰਚਾ ਰੱਖਣ-
ਲੱਗੇ। ਏਸ ਗੁਰੂ ਤਕ ਓਹੋ ਫਕੀਰੀ ਬਾਣਾ ਤੇ ਰੰਗ ਢੰਗ ਸੂਧਾ ਸਾਦਾ ਜੈਸਾ ਗੁਰੂ ਨਾਨ
ਕ ਜੀ ਦੇ ਵਕ਼ਤ ਸੀ, ਜਾਰੀ ਰਿਹਾ।

ਏਹ ਗੁਰੂ ਐਸੇ ਉਦਾਰ ਸੇ ਕੇ ਏਨਾਂ ਦੇ ਸੇਵਕ ਲਾਲਚੰਦ ਖੱਤ੍ਰੀ ਲਾਹੌਰੀ ਸੌਦਾਗਰ ਨੇ
ਇੱਕ ਕੰਠਾ ਮੋਤੀਆਂ ਦਾ ਭੇਟਾ ਕੀਤਾ। ਜਿਸ ਵਕ਼ਤ ਇਕ ਮਲੰਗ ਫਕੀਰ ਜੋ ਖੜਾ ਕੁਛ
ਮੰਗ ਰਿਹਾ ਸੀ ਉਸ ਨੂੰ ਬਖਸ਼ ਦਿੱਤਾ। — ਸੰ: ੧੬੩੩ ਬਿ: ਵਿੱਚ ਜਦ ਅਕਬਰ ਬਾ
ਦਸ਼ਾਹ ਕਾਬਲ ਦੀ ਤਰਫੋਂ ਏਨਾਂ ਦੀ ਮਹਿਮਾ ਸੁਣ ਕੇ ਦਰਸ਼ਨ ਨੂੰ ਆਯਾ ਤੇ ੧੦੧ ਅਸ਼ਰਫੀ

Digitized by Panjab Digital Library | www.panjabdigilib.org

ਭੇਟਾ ਰੱਖੀ। ਪ੍ਰਿਥੀਚੰਦ ਚੁੱਕਣ ਲੱਗਾ ਸੀ ਪਰ ਗੁਰੂ ਜੀ ਦੇ ਇਸ਼ਾਰੇ ਨਾਲ ਗੁਰੂ ਅਰਜਨ
ਜੀ ਨੇ ਸੀਘ੍ਰ ਉਠਾ ਕਰਕੇ ਗਰੀਬਾਂ ਮੁਹਤਾਜਾਂ ਨੂੰ ਵੰਡ ਦਿੱਤੀਆਂ। ਬਾਦਸ਼ਾਹ ਨੇ ਖੁਸ਼ੀ ਹੋ
ਕੇ ਏਨ੍ਹਾਂ ਦੇ ਨਗਰ ਦੀ ਹੱਦਬੰਦੀ ਕਰਣ ਦਾ ਹੁਕਮ ਦੇ ਕੇ, ੧੨ ਪਿੰਡ ਪਰਗਣੇ ਝਬਾਲ ਦਾ
(ਪਟਾ) ਸਨਦ ਜੋ ਗੁਰੂ ਅਮਰਦਾਸ ਜੀ ਦੇ ਰੋਬਰੂ ਬੀਬੀ ਭਾਨੀ ਨੂੰ ਦੇ ਗਿਆ ਸੀ ਉਸ ਦੀ ਬ
ਹਾਲੀ ਕਰਣ ਨੂੰ ਆਖਿਆ ਤਾਂ ਗੁਰੂ ਸਾਹਿਬ ਬੋਲੇ ਸਾਧੂਆਂ ਦੀ ਜਾਗੀਰ ਰੱਬ ਰੱਖਕ ਹੈ ਨਾ
ਅਸੀਂ ਗੁਰੂ ਦੇ ਘਰ ਨੂੰ ਕਿਸੇ ਦਾ ਜਾਗੀਰਦਾਰ ਕਰਨਾ ਨਹੀਂ ਚਾਹੁੰਦੇ ਕਿਉਂਕੇ ਜਿਸ ਤਰਾਂ
ਧਾਨ ਸਰੂਤ ਮੱਛਰ ਆਦਿਕ ਜੀਵਾਂ ਨੂੰ ਪੈਦਾ ਕਰਦੀ ਹੈ ਤੈਸੇ ਜਾਗੀਰ ਭੀ ਕਾਮ, ਕ੍ਰੋਧ, ਝੂਠ
ਨਿੰਦਾ, ਬਖੀਲੀ, ਦੀਨਤਾ ਆਦਿਕ ਵਿਕਾਰਾਂ ਨੂੰ ਪ੍ਰਗਟ ਕਰਨੇ ਵਾਲੀ ਹੈ ਤੇ ਝਗੜੇ ਤੇ ਕਜੀ
ਆਂ ਦੀ ਜੀਮਾ ਹੈ। ਬਾਦਸ਼ਾਹ ਏਨਾਂ ਨੂੰ ਸੱਚੇ ਸਤਪੁਰਖ, ਲੋਭ ਲਾਲਚ ਬਿਨਾ ਤਿਆਗੀ ਸੰਤ
ਸਮਝਕੇ ਬਹੁਤ ਖੁਸ਼ੀ ਹੋਯਾ ਤੇ ਹੋਰ ਕੁਛ ਰੱਬ ਦੇ ਰਾਹ ਦਾ ਸ਼ਬਦ ਉਪਦੇਸ਼ ਸੁਣ ਕੇ ਸਲਾ
ਮ ਕਰ ਗਿਆ। — ਬਾਦਸ਼ਾਹ ਦੇ ਆਉਣੇ ਕਰਕੇ ਬਹੁਤ ਖਲਕਤ ਏਨਾਂ ਦੀ ਤਰ
ਫ ਝੁਕ ਪਈ ਤੇ ਦੌਲਤ ਆਉਣ ਲੱਗੀ। ਗੁਰੂ ਜੀ ਨੇ ਤਾਲਾਬ ਪੁਟਵਾਨਾ ਸ਼ੁਰੂ ਕਰ ਦਿੱ
ਤਾ। ਏਹ ਤਲਾਉ ਅੰਮ੍ਰਿਤਸਰ ਨਾਮ ਕਰਕੇ ਮਸ਼ਹੂਰ ਹੈ, ਇਸ ਦੇ ਸ਼ਕ੍ਰੀ ਵਾਲਾ ਹੋਣੇ ਬਾ
ਬਤ ਪੋਥੀਆਂ ਵਿਚ ਲਿਖਿਆ ਹੈ, ਦੁਨੀਚੰਦ ਖੱਤ੍ਰੀ ਮਾਫੀਦਾਰ ਕਸਬੇ ਪੱਟੀ ਵਾਲੇ ਦੀਆਂ ਪੰ
ਜ ਧੀਆਂ ਸਨ। ਇਕ ਦਿਨ ਪਰਸਪਰ ਪੁੱਛਣੇ ਪਰ ਚੌਹਾਂ ਬੇਟੀਆਂ ਨੇ ਆਖਿਆ ਅਸੀਂ ਆ
ਪਣੇ ਬਾਪ ਦਾ ਦਿੱਤਾ ਖਾਂਦੀਆਂ ਹਾਂ ਪਰ ਸਭ ਤੋਂ ਛੋਟੀ ਪੰਜਵੀਂ ਨੇ ਆਪਣੇ ਕਰਮਾਂ ਦਾ ਫਲ
ਭੋਗਣਾ ਦੱਸਿਆ। ਏਹ ਸੁਣ ਕੇ ਉਸ ਦੇ ਬਾਪ ਮੂਰਖ ਨੇ ਉਸ ਦੀ ਸ਼ਾਦੀ ਇਕ ਕੁਸ਼ਟੀ ਨਾਲ ਕ
ਰਕੇ ਘਰੋਂ ਬਾਹਰ ਕੱਢ ਦਿੱਤੀ। ਉਸ ਗਿਆਨ ਵੀਚਾਰ ਵਾਲੀ ਦੇਵੀ ਨੇ ਆਪਣੇ ਕਰਮਾਂ ਦੇ
ਫਲ ਉੱਤੇ ਸਬਰ ਸੰਤੋਖ ਤੇ ਹਿੰਮਤ ਧਾਰਕੇ ਆਪਣੇ ਪਤੀ ਨੂੰ ਪਰਮੇਸ਼ੁਰ ਮੰਨ, ਖਾਰੀ ਵਿ
ਚ ਬੈਠਾ, ਸਿਰ ਉੱਤੇ ਚੁੱਕ ਲੀਤਾ। ਪਿੰਡੋ ਪਿੰਡ ਮੰਗਕੇ ਰੋਟੀ ਲੈ ਆਵੇ ਤੇ ਪਹਿਲੇ ਉਸ ਨੂੰ ਖੁ
ਲਾਇਕੇ ਪਿੱਛੋਂ ਆਪ ਖਾਵੇ। ਉਸ ਦਾ ਸਿਦਕ ਵੇਖਕੇ ਲੋਗ ਬਹੁਤ ਕੁਛ ਦੇਣਾ ਚਾਹੁਣ ਪਰ
ਉਹ ਰੋਟੀ ਕਪੜੇ ਤੋਂ ਬਿਨਾ ਹੋਰ ਕੁਛ ਨਾ ਲਵੇ। ਇਸੇ ਤਰਾਂ ਫਿਰਦੀ ਹੋਈ ਬੈਸਾਖੀ ਵਾਲੇ ਦਿ
ਨ ਏਸੇ ਤਲਾਉ ਅੰਮ੍ਰਿਤਸਰ ਦੇ ਕਿਨਾਰੇ ਜਿੱਥੇ ਹੁਣ ਦੁਖਭੰਜਨੀ ਸਾਹਿਬ ਹੈ ਏਥੇ ਬੇਰੀ
ਦੇ ਬ੍ਰਿੱਛ ਹੇਠ ਉਸ ਨੂੰ ਉਤਾਰ ਕੇ ਗੁਰੂ ਦੇ ਲੰਗਰੋਂ ਰੋਟੀ ਲੈਣ ਗਈ ਤਾਂ ਇਸ ਦੇ ਪਿੱਛੋਂ ਕਾ
ਲੇ ਕਾਂਉ ਤਲਾਉ ਵਿਚ ਨ੍ਹਾ ਕੇ ਸੁਫੈਦ ਹੋ ਗਏ। ਉਸ ਕੁਸ਼ਟੀ ਨੇ ਦੇਖਕੇ ਮਨ ਵਿਚ ਧਾਰਿਆ

Digitized by Panjab Digital Library | www.panjabdigilib.org

ਕਿ ਏਥੇ ਕੋਈ ਭਾਰੀ ਤਾਸੀਰ ਹੈ ਜੋ ਕਾਂਉ ਨ੍ਹਾਕੇ ਸੁਫੈਦ ਹੋਗਏ ਹਨ ਜੇ ਮੈਂ ਭੀ ਨ੍ਹਾਵਾਂ ਤਾਂ ਸ਼
ਇਦ ਰਾਜੀ ਹੋਜਾਵਾਂ, ਏਹ ਧਾਰ ਕੇ ਹਿੰਮਤ ਨਾਲ ਹਲ ਚਲ, ਰੁੜ੍ਹ ਕੇ ਤਲਾਉ ਦੇ ਜਲ ਵਿਚ
ਪੈ ਗਿਆ ਪੈਂਦਿਆਂ ਸਾਰ ਹੀ ਉਸਦਾ ਰੋਗ ਨਸ਼ਟ ਹੋ ਗਿਆ, ਤੇ ਦਰੁਸਤ ਕੰਚਨ ਵਰਗਾ
ਹੋ ਬੈਠਾ। ਇਤਨੇ ਚਿਰ ਵਿਚ ਉਹ ਪਤਿਬ੍ਰਤਾ ਧਰਮ ਵਾਲੀ ਇਸਤ੍ਰੀ ਆਈ ਤਾਂ ਦੇਖ ਕੇ
ਘਬਰਾਈ, ਪੁੱਛਣ ਲੱਗੀ ਮੇਰਾ ਪਤੀ ਕਿਥੇ ਗਿਆ ਤੇ ਤੂੰ ਕੌਣ ਹੈਂ ਸੱਚ ਕਹੋ ਦੇ ਨਹੀਂ ਤਾਂ
ਹੁਣੇ ਗੁਰੂ ਅੱਗੇ ਫਰਿਆਦ ਕਰ, ਕੈਦ ਕਰਵਾਇ ਦੇਊਂਗੀ। ਉਸਨੇ ਆਖਿਆ ਹੇ ਧਰਮਾ
ਤਮਾ ਸਤਵੰਤੀ ਤੇਰੇ ਸਤ ਦੇ ਪ੍ਰਤਾਪ ਕਰਕੇ ਮੇਰਾ ਰੋਗ ਏਸ ਤਲਾਉ ਵਿਚ ਇਸ਼ਨਾਨ
ਕਰਨੇ ਕਰ ਜਾਂਦਾ ਰਿਹਾ ਹੈ, ਸੱਚ ਮੁੱਚ ਮੈਂ ਹੀ ਤੇਰਾ ਪਤੀ ਹਾਂ, ਫੇਰ ਪਿਛਲੇ ਗੁਪ੍ਤ ਪਤੇ
ਦਿੱਤੇ ਤੇ ਕਾਵਾਂ ਵਾਲੀ ਕਥਾ ਤੀਰਥ ਮਹਿਮਾ ਭੀ ਸੁਣਾਈ ਪਰ ਉਸਨੇ ਨਾ ਮੰਨਿਆ, ਆਖਰ
ਦੋਹਾਂ ਨੇ ਗੁਰੂ ਰਾਮਦਾਸ ਪਾਸ ਜਾ ਕਰ ਜਦ ਸਾਰੀ ਕਥਾ ਸੁਣਾਈ ਤਾਂ ਗੁਰੂ ਜੀ ਨੇ ਤੀਰਥ
ਦੀ ਸ਼ਕਤੀ ਤੇ ਉਸ ਦੇਵੀ ਦੇ ਧਰਮ ਦਾ ਪ੍ਰਤਾਪ ਸੱਚਾ ਸਮਝ ਕੇ ਆਖਿਆ ਹੇ ਦੇਵੀ ਏਹ ਤੇਰੇ
ਸਤ ਸੰਤੋਖ ਸਿਦਕ ਧਰਮ ਦੇ ਬਲ ਨਾਲ ਤੇਰੇ ਰੋਗੀ ਪਤੀ ਦੀ ਕਾਯਾ ਪਲਟ ਗਈ ਹੈ ਤੇ ਤੇ
ਰਾ ਪਤੀ ਏਹੋ ਹੈ, ਤਦ ਉਸ ਜੇਸ਼ਟ ਔਰਤ ਨੇ ਉਸਨੂੰ ਆਪਣਾ ਪਤੀ ਮੰਨਿਆ। ਉਹ ਦੋਵੇਂ ਗੁ
ਰੂ ਜੀ ਦੇ ਸੇਵਕ ਬਣੇ ਤੇ ਉਥੇ ਹੀ ਸੇਵਾ ਕਰਦੇ ਹੋਏ ਪਰਮ ਪਦ ਨੂੰ ਪ੍ਰਾਪਤ ਹੋ ਗਏ।
ਗੁਰੂ ਜੀ ਨੇ ਏਸ ਜਗਾ ਦਾ ਨਾਮ ਦੁਖ ਭੰਜਨੀ ਰੱਖਿਆ ਤੇ ਏਸ ਪ੍ਰਸੰਗ ਦਾ ਸ਼ਬਦ ਉਚਾ
ਰਨ ਕੀਤਾ। ( ਅੰਮ੍ਰਿਤਸਰ ਸਤਗੁਰ ਸਤਵਾਦੀ ਜਿਤ ਨ੍ਹਾਤੈ ਕਊਆ ਹੰਸ ਹੋਹੈ॥ ਸ
ਕ ਧਨ ਧਨ ਵਡੇ ਵਡਭਾਗੀ ਜਿਨ ਗੁਰਮਤਿ ਨਾਮ ਰਿਦੈ ਮਲ ਧੋਹੈ॥ )
ਸਿੱਖਾਂ ਨੇ ਪੁੱਛਿਆ ਏਸ ਤੀਰਥ ਵਿਚ ਐਡੀ ਸ਼ਕਤੀ ਕੀਕਰ ਹੋਈ ਤਾਂ ਪੰਡਿਤ ਕੇਸੋ ਗੋਪਾ
ਲ ਜੋ ਤੀਸਰੇ ਚੌਥੇ ਗੁਰੂ ਪਾਸ ਬੇਦਾਂ ਸਾਸਤ੍ਰਾਂ ਦੀ ਕਥਾ ਕਰਦਾ ਹੁੰਦਾ ਸੀ ਉਸਨੇ ਸਭਾ ਵਿ
ਚ ਏਹ ਕਥਾ ਸੁਣਾਈ ਕੇ ਬ੍ਰਹਮੰਡ ਪੁਰਾਣ ਤੇ ਭਵਿੱਖਤ ਪੁਰਾਣ ਵਿਚ ਲਿਖਿਆ ਹੈ ਕਿ ਸੂ
ਰਜਵੰਸੀ ਇਖਵਾਕ ਰਾਜਾ ਨੇ ਜਦ ਏਥੇ ਜੱਗ ਕੀਤਾ ਤੇ ਸਭ ਰਿਖੀ ਮੁਨੀ, ਬ੍ਰਹਮਾ, ਬਿਸ਼ਨੂ,
ਸ਼ਿਵ ਆਦਿਕ ਦੇਵਤਾ ਆਏ, ਜੱਗ ਸੰਪੂਰਨ ਹੋਯਾ, ਰਾਜਾ ਨੇ ਸਭਨਾਂ ਦੇ ਚਰਨ ਧੋਕੇ
ਏਥੇ ਜਲ ਦੇ ਕੁੰਭ ਵਿਚ ਪਾਏ ਸਨ ਉਹ ਚਰਨਾਮ੍ਰਿਤ ਪੈਣੇ ਕਰਕੇ ਬ੍ਰਹਮਾ ਜੀ ਨੇ ਏਸਦਾ
ਨਾਮ ਅੰਮ੍ਰਿਤਸਰ ਰੱਖਿਆ ਤੇ ਬਰ ਦਿੱਤਾ, ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਸਭ ਤੀਰ
ਥ ਏਥੇ ਆ ਕੇ ਨਿਵਾਸ ਕਰਨਗੇ, ਅਤੇ ਕਲਜੁਗ ਦੇ ਸਮਯ ਬੇਦੀ ਬੰਸ ਵਿਚ ਨਾਨਕ

Digitized by Panjab Digital Library | www.panjabdigilib.org

ਨਾਮ ਰਾਜ ਰਿਖੀ ਬ੍ਰਹਮਗਿਆਨੀ ਅਵਤਾਰ ਧਾਰਕੇ ਪ੍ਰਗਟ ਕਰਨਗੇ ਅਤੇ ਮਹਾਰਾਮਾਇਣ ਵਿਚ ਲਿਖਿਆ ਹੈ ਕਿ ਏਥੇ ਹੀ ਲਵ ਕੁਸ਼[1] ਨੇ ਜੰਗ ਤੇ ਅੰਮ੍ਰਿਤ ਦੀ ਬਰਖਾ ਇੰਦ੍ਰ ਪਾਸੋਂ ਕਰਵਾਕੇ ਰਾਮਚੰਦ੍ਰ ਜੀ ਦੀ ਸੈਨਾ ਜਿਵਾਈ ਸੀ ਏਸ ਕਰਕੇ ਭੀ ਏਸ ਅਸਥਾਨ ਦਾ ਨਾਮ ਅੰਮ੍ਰਿਤਸਰ ਹੈ।

ਗੁਰੂ ਰਾਮਦਾਸ ਜੀ ਰਾਤ ਦਿਨੇ ਭਜਨ ਭਗਤੀ ਵੈਰਾਗ ਦਸ਼ਾ ਵਿਚ ਬੈਠੇ ਤੰਬੂਰਾ ਬਜਾ ਕਰ ਹਰ ਵਕਤ ਸ਼ਬਦ ਉਚਾਰਣ ਕਰਦੇ ਰਹਿੰਦੇ ਜੋ ਕੁਛ ਨਕਦ ਭੇਟਾ ਜਿਨਸ ਆਉਂਦਾ ਜੇ ਕੋਈ ਖਾਸ ਹੁੰਦਾ ਤਾਂ ਉਸ ਨੂੰ ਲੰਗਰ ਵਿਚ ਪਾ ਦਿੰਦੇ ਨਹੀਂ ਤਾਂ ਉਹ ਸਭ ਗਰੀਬਾਂ ਮੁਹਤਾਜਾਂ ਨੂੰ ਵੰਡ ਦਿੰਦੇ, ਤੇ ਸਭ ਨੂੰ ਛਕਾਏ ਬਿਨਾ ਪ੍ਰਸਾਦ ਭੀ ਨਾ ਛਕਦੇ ਏਸੇ ਕਰਕੇ (ਸੱਚਾ ਪਾਤਸ਼ਾਹ ਗੁਰੂ ਰਾਮਦਾਸ ਤੇਰੀ ਪਨਾਹ) ਏਹ ਬਚਨ ਸਭ ਲੋਗ ਆਖਣ ਲੱਗ ਪਏ ਤੇ ਹੁਣ ਭੀ ਜੈਸੇ ਗੁਰੂ ਰਾਮਦਾਸ ਜੀ ਦੀ ਮੰਨਤ ਤੇ ਮਹਿਮਾ ਹੈ ਐਸੇ ਹੋਰ ਕਿਸੇ ਦੀ ਨਹੀਂ। ਏਨ੍ਹਾਂ ਦੇ ਤਿੰਨ ਬੇਟੇ ਸਨ ਪਹਿਲਾ ਪ੍ਰਿਥੀਚੰਦ ਜੋ ੧ ਅਸੂ ਸੰਮਤ ੧੬੧੫ ਬਿ: ਵਿਚ ਪੈਦਾ ਹੋਯਾ, ਦੂਸਰੇ ਮਹਾਦੇਵ ਜੋ ੪ ਹਾੜ ਸੰ: ੧੬੧੭ ਬਿ: ਨੂੰ ਪੈਦਾ ਹੋਏ ਤੀਸਰੇ ਗੁਰੂ ਅਰਜਨ ਜੀ ਜੋ ੧੮ ਵੈਸਾਖ ਸੰ: ੧੬੨੦ ਬਿ: ਨੂੰ ਪ੍ਰਗਟ ਹੋਏ ਭਾਂਵੇਂ ਪ੍ਰਿਥੀਚੰਦ ਸਭ ਤੋਂ ਵੱਡਾ ਸੀ ਪਰ ਉਹ ਆਪਣੇ ਪਿਤਾ ਦੀ ਆਗਿਆ ਨਹੀਂ ਮੰਨਦਾ ਸੀ ਤੇ ਆਪਣੇ ਭਾਈਆਂ ਨਾਲ ਦ੍ਵੈਖ ਰੱਖਦਾ ਹੁੰਦਾ ਏਸੇ ਕਰਕੇ ਉਸ ਨੂੰ ਗੱਦੀ ਨਾ ਮਿਲੀ। ਤੇ ਮਹਾਦੇਵ ਹਰ ਵਕਤ ਬੈਰਗੀ ਵਿਚ ਮਸਤ ਰਹਿੰਦੇ ਕਿਸੇ ਨਾਲ ਬਾਤ ਭੀ ਨਾ ਕਰਦੇ ਤੇ ਸ਼ਾਦੀ ਭੀ ਉਨ੍ਹਾਂ ਨੇ ਨਾ ਕਰਾਈ। ਅਰਜਨ ਜੀ ਆਪਣੇ ਪਿਤਾ ਦੀ ਸੇਵਾ ਤੇ ਆਗਿਆ ਵਿਚ ਰਹਿਕੇ ਸ੍ਵਾਸ ੨ ਭਜਨ ਭਗਤੀ ਕਰਦੇ ਰਹਿੰਦੇ ਏਸੇ ਕਰਕੇ ਏਨ੍ਹਾਂ ਨੂੰ ਗੁਰਿਆਈ ਮਿਲੀ। — ਪਿਛਲੇ ਤਿੰਨੇ ਗੁਰੂ ਸੇਵਕਾਂ ਨੂੰ ਗੱਦੀ ਦਿੰਦੇ ਰਹੇ ਏਨ੍ਹਾਂ ਦੇ ਪੁੱਤ੍ਰ ਨੂੰ ਗੁਰਿਆਈ ਦੇਣ ਦਾ ਕਾਰਣ ਏਹ ਹੋਯਾ ਜੋ ਬੀਬੀ ਭਾਨੀ ਜੀ ਆਪਣੇ ਪਿਤਾ ਗੁਰੂ ਅਮਰਦਾਸ ਜੀ ਨੂੰ ਈਸ਼੍ਵਰ ਜਾਣਕੇ ਰਾਤ ਦਿਨੇ ਉਨ੍ਹਾਂ ਦੇ ਮਨ ਦੀ ਇੱਛਿਆ ਅਨੁਸਾਰ ਸੇਵਾ ਕਰਦੀ ਰਹਿੰਦੀ। ਹਮੇਸ਼ ਅੱਧੀ ਰਾਤੋਂ ਉਠਕੇ ਗਰਮ ਪਾਣੀ ਕਰ ਉਨ੍ਹਾਂ ਦਾ ਇਸ਼ਨਾਨ ਕਰਾਉਂਦੀ ਹੁੰਦੀ। ਇਕ ਦਿਨ ਗੁਰੂ ਜੀ ਇਸ਼ਨਾਨ ਕਰਨ ਲਗੇ ਤਾਂ ਚੌਕੀ ਦਾ ਪਾਵਾ ਟੁਟ ਗਿਆ ਤਾਂ

---

੧ ਜਦ ਰਾਮ ਜੀ ਨੇ ਰਾਵਣ ਨੂੰ ਮਾਰਕੇ ਅਜੁੱਧਿਆ ਵਿਚ ਆਕੇ ਲੋਕਾਂ ਦੇ ਆਖਣ ਪਰ ਸੀਤਾ ਨੂੰ ਬਨਬਾਸ ਦਿੱਤਾ ਤੇ ਲਛਮਨ ਜੀ ਗੰਗਾ ਕਿਨਾਰੇ ਛੱਡ ਗਏ ਸੀਤਾ ਫਿਰਦੀ ੨ ਰਾਵੀ ਕਿਨਾਰੇ ਬਾਲਮੀਕ ਰਿਖੀ ਦੇ ਪਾਸ ਜਾ ਰਹੀ

Digitized by Panjab Digital Library | www.panjabdigilib.org

ਬੀਬੀ ਜੀ ਨੇ ਆਪਣਾ ਪੈਰ ਪਾਵੇ ਦੀ ਜਗਾ ਦੇ ਦਿੱਤਾ ਹੌਂਕੀ ਦੀ ਇਕ ਮੇਖ ਪੈਰ ਵਿਚ ਐਸੀ ਗਡ ਗਈ ਕਿ ਲਹੂ ਵਗਣ ਲੱਗ ਪਿਆ, ਪਰ ਬੀਬੀ ਜੀ ਨੇ ਗੁਰੂ ਸਾਹਿਬ ਨੂੰ ਖਬਰ ਨਾ ਹੋਣ ਦਿੱਤੀ। ਜਦ ਇਸ਼ਨਾਨ ਕਰ ਗੁਰੂ ਜੀ ਚੌਕੀ ਉੱਤੋਂ ਉਤਰੇ ਅੱਤੇ ਪਾਣੀ ਦਾ ਰੰਗ ਧਰਤੀ ਉੱਤੇ ਲਹੂ ਵਰਗਾ ਦੇਖਕੇ ਪੁਛਿਆ ਤਾਂ ਬੀਬੀ ਜੀ ਨੇ ਜ਼ੋਰ ਨਾਲ ਖਿੱਚ ਕੇ ਮੇਖ ਪੈਰ ਵਿਚੋਂ ਕੱਢੀ, ਗੁਰੂ ਜੀ ਏਸ ਦਾ ਸਿਦਕ, ਸ਼ਰਧਾ ਦੇਖ ਬਹੁਤ ਖੁਸ਼ੀ ਹੋਏ ਤੇ ਆਖਿਆ ਕੁਛ ਮੰਗ, ਉਸ ਨੇ ਅਰਜ਼ ਕੀਤੀ ਜੇਹੜੀ ਗੱਦੀ ਗੁਰਿਆਈ ਦੀ ਤੁਸੀਂ ਮੇਰੇ ਪਤੀ ਸੋਢੀ ਨੂੰ ਬਖਸ਼ੀ ਹੈ ਏਹ ਹੁਣ ਸੋਢ ਬੰਸ ਮੇਰੀ ਸੰਤਾਨ ਵਿਚ ਹੀ ਰਹੇ। ਏਹ ਗਲ ਸੁਣ ਕੇ ਜੱਦ ਆਪਿ ਗੁਰੂ ਜੀ ਨੇ ਔਖੀ ਨਾ ਮੰਨੀ ਤੇ ਆਖਿਆ ਬੀਬੀ ਏਹ ਅੰਤ ਤਾਂਈ ਨਹੀਂ ਰਹੇਗੀ ਏਹ ਮੇਵਾ ਤਾਂ ਸੇਵਾ ਦਾ ਫਲ ਹੈ ਤੇ ਸੇਵਕ ਨੂੰ ਹੀ ਫਬਦਾ ਹੈ ਅਤੇ ਦਾਵੇ ਵਾਲੇ ਨੂੰ ਦੁੱਖ ਤੇ ਕਲੇਸ਼ ਦੇਣ ਵਾਲਾ ਹੈ ਤੂੰ ਕੁਛ ਹੋਰ ਮੰਗ ਲੈ, ਪਰ ਬੀਬੀ ਜੀ ਨੇ ਤ੍ਰਿਆ ਹਠ ਨਾ ਛੱਡਿਆ ਤੇ ਏਹੋ ਬਰ ਪਾਯਾ। ਜਿਸਦਾ ਫਲ ਦਸਮੇ ਗੁਰੂ ਤਕ ੬ ਗੁਰੂ ਜੋ ਉਸ ਥੀਂ ਪਿੱਛੋਂ ਹੋਏ ਸੋ ਕਲੇਸ਼ਾਂ ਵਿਚ ਹੀ ਪ੍ਰਵਿਰਦੇ ਰਹੇ ਤੇ ਆਖਰ ਸੋਢੀਆਂ ਦੀ ਕੁਲ ਵਿਚ ਰਹੀ ਭੀ ਨਾਂ। ਜੇ ਕਰ ਬੀਬੀ ਜੀ ਹਠ ਨਾ ਕਰਦੀ ਤੇ ਗੁਰਿਆਈ ਦੀ ਗੱਦੀ ਲਾਇਕ ਸੇਵਕ ਨੂੰ ਮਿਲਦੀ ਰਹਿੰਦੀ ਤਾਂ ਸ਼ੰਕਰਾਚਾਰਯ ਦੀ ਗੱਦੀ ਵਾਂਗੂ ਹਮੇਸ਼ਾ ਹੀ ਇਕ ਸਤਗੁਰੂ ਸਿੱਖਾਂ ਦੇ ਪੰਥ ਦਾ ਮਾਲਕ ਬਣਿਆ ਰਹਿੰਦਾ। ਜਿਸ ਤਰਾਂ ਏਸ ਮਜ਼ਹਬ ਦੇ ਕਾਇਦੇ ਹੋਰ ਸਭਨਾ ਮਜ਼ਹਬਾਂ ਤੇ ਚੰਗੇ ਸੁਖਦਾਈ ਹਨ ਤੈਸੇ ਜੇ ਕਰ ਇਕ ਮਾਲਕ ਭੀ ਬਣਿਆ ਰਹਿੰਦਾ ਤਾਂ ਸਾਰੇ ਹਿੰਦੁਸਤਾਨ ਵਿਚ ਏਸ ਮਜ਼ਹਬ ਨੇ ਫੈਲ ਜਾਣਾ ਸੀ। ਪਰ ਇੱਕ ਦੇ ਨਾ ਹੋਣੇ ਕਰਕੇ ਘਰ ਘਰ ਮਾਲਕ ਹੋ ਬੈਠੇ

ਉਥੇ ਹੀ ਲਊ ਤੇ ਕੁਸ਼ੂ ਦੋ ਬੇਟੇ ਸੀਤਾ ਜੀ ਦੇ ਪੈਦਾ ਹੋਏ ਰਿਖੀ ਨੇ ਸ਼ਸਤ੍ਰ ਸ਼ਾਸਤ੍ਰ ਬਿੱਦਿਆ ਵਿਚ ਨਿਪੁਨ ਕਰ ਦਿੱਤੇ ਉਧਰ ਰਾਮਚੰਦ੍ਰ ਜੀ ਨੇ ਜੱਗ ਆਰੰਭ ਕਰਕੇ ਘੋੜਾ ਛੱਡਿਆ ਤਾਂ ਲਊ ਕੁਸ਼ੂ ਨੇ ਪਕੜ ਲੀਤਾ ਆਖਰ ਜੰਗ ਹੋਯਾ ਤੇ ਰਾਮਚੰਦ੍ਰ ਸਮੇਤ ਸਭ ਹਾਰ ਗਏ ਜਦ ਸੀਤਾ ਏਹ ਖਬਰ ਸੁਣ ਕੇ ਰੋਣ ਲੱਗੀ ਤਾਂ ਲਊ ਕੁਸ਼ੂ ਨੇ ਸਾਰਾ ਆਪਣਾ ਹਾਲ ਸੁਣ ਕੇ, ਬਾਲਮੀਕ ਆਦਿਕ ਰਿਖੀਆਂ ਨੂੰ ਨਾਲ ਲੈਕੇ ਰਾਮਚੰਦ੍ਰ ਜੀ ਨੂੰ ਸਾਵਧਾਨ ਕਰ ਆਪਣੀ ਭੁੱਲ ਬਖਸ਼ਾਈ ਤੇ ਅੰਮ੍ਰਿਤ ਦੀ ਬਰਖਾ ਇੰਦ੍ਰ ਤੋਂ ਕਰਵਾ ਕੇ ਰਾਮਚੰਦ੍ਰ ਜੀ ਦੀ ਸਬ ਸੈਨਾ ਲਛਮਨ ਸਮੇਤ ਜੀਉਂਦੀ ਕਰਵਾਈ। ਰਾਮਚੰਦ੍ਰ ਜੀ ਨੇ ਖੁਸ਼ੀ ਹੋ ਕੇ ਉਨ੍ਹਾਂ ਨੂੰ ਪੰਜਾਬ ਦਾ ਰਾਜ ਦਿੱਤਾ ਤੇ ਸੀਤਾ ਲੈ ਕੇ ਅਜੁੱਧਿਆ ਆ ਗਿਆ। ਲਊ ਨੇ ਲਾਹੌਰ ਤੇ ਕੁਸ਼ੂ ਨੇ ਕਸੂਰ ਆਬਾਦ ਕੀਤਾ ਤੇ ਰਾਜ ਕਰਨ ਲੱਗੇ। ਜਿਥੇ ਰਾਵੀ ਕਿਨਾਰੇ ਬਾਲਮੀਕ ਜੀ ਪਾਸ ਸੀਤਾ ਰਹੀ ਸੀ ਉਹ ਅਸਥਾਨ ਹੁਣ ਲਾਹੌਰ ਕਿਲੇ ਦੇ ਅੰਦਰ ਹੈ ਤੇ ਸਰਕਾਰ ਦੀ ਤਰਫੋਂ ਇਕ ਬ੍ਰਾਹਮਣ ਨੌਕਰ ਰਹੈ ਜੋ ਘਿਉ ਦੇ ਦੀਵੇ ਜਗਾਂਵਦਾ ਹੈ ਤੇ ਧੂਪ ਦੀਪ ਵਾਸਤੇ ਭੀ ਸਰਕਾਰ ਤੋਂ ਕੁਛ ਮਿਲਦਾ ਹੈ।

Digitized by Panjab Digital Library | www.panjabdigilib.org

ਏਸੇ ਕਰਕੇ ਏਸ ਮਜ਼੍ਹਬ ਦੀ ਉੱਨਤੀ ਘਟ ਗਈ। — ਇਕ ਤਾਂ ਬੀਬੀ ਭਾਨੀ ਜੀ ਦੇ
ਬਰ ਮੰਗਣ ਦਾ ਕਾਰਣ ਹੋਯਾ ਤੇ ਦੂਸਰਾ ਗੁਰੂ ਅਰਜਨ ਜੀ ਗੁਰੂ ਰਾਮਦਾਸ ਜੀ ਦੇ ਪ੍ਰੇ
ਮੀ ਤੇ ਆਗ੍ਯਾਕਾਰੀ ਐਸੇ ਬਣੇ ਰਹੇ ਜੋ ਇੱਕ ਵਾਰੀ ਗੁਰੂ ਰਾਮਦਾਸ ਜੀ ਨੇ ਆਪਣੇ
ਭਾਈ ਸਹਾਰੀ ਮਲ ਦੇ ਬੇਟੇ ਦੀ ਸ਼ਾਦੀ ਵਿਚ ਅਰਜਨ ਜੀ ਨੂੰ ਲਾਹੌਰ ਭੇਜਣ ਦੇ ਵਕ੍ਤ
ਆਖ੍ਯਾ ਸਾਡੇ ਬੁਲਾਏ ਬਿਨਾ ਤੁਸਾਂ ਨਹੀਂ ਆਉਣਾ, ਅਰਜਨ ਜੀ ਹੁਕਮ ਦੇ ਬੱਧੇ ਹੋਏ
ਬਰਸ ਰੋਜ ਲਾਹੌਰ ਬੈਠੇ ਰਹੇ ਭਾਵੇਂ ਏਹ ਬਰਸ ਉਨ੍ਹਾਂ ਨੇ ਸੌ ਬਰਸ ਜੈਸਾ ਕਟ੍ਯਾ
ਪਰ ਹੁਕਮ ਨਾ ਮੋੜ੍ਯਾ। ਆਖਰ ਗੁਰੂ ਅਰਜਨ ਜੀ ਨੇ ਇਕ ਚਿਠੀ ਲਿਖੀ ਯਥਾ (ਮਾ
ਝ ਮਹਲਾ ੫ ਮੇਰਾ ਮਨੁ ਲੋਚੈ ਗੁਰ ਦਰਸਨ ਤਾਈ। ਬਿਲਪ ਕਰੇ ਚਾਤ੍ਰਿਕ ਕੀ
ਨਿਆਈ। ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ। ਹਉ ਘੋ
ਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ।੧) ਏਹ ਅਰਦਾਸ ਲਿ
ਖਕੇ ਲਾਹੌਰੀ ਸਿੱਖ ਦੇ ਹਥ ਜਦ ਗੁਰੂ ਜੀ ਦੀ ਤਰਫ ਭੇਜੀ ਤਾਂ ਪ੍ਰਿਥੀਚੰਦ ਨੇ ਰਸਤੇ ਲੈਕੇ
ਪੜ੍ਹੀ ਤੇ ਪੜ੍ਹਕੇ ਸੋਚ੍ਯਾ ਜੇਕਰ ਏਹ ਚਿੱਠੀ ਗੁਰਾਂ ਨੂੰ ਦਿਖਾਈ ਤਾਂ ਅਰਜਨ ਨੂੰ ਬੁਲਾ ਕੇ
ਗੱਦੀ ਨਸ਼ੀਨ ਕਰ ਦੇਣਗੇ। ਏਹ ਸੋਚ ਕੇ ਦੋ ਘੜੀ ਪਿੱਛੋਂ ਉਸ ਸਿੱਖ ਨੂੰ ਪ੍ਰਸਾਦ ਛਕਾ ਕੇ
ਆਖ੍ਯਾ ਚਿੱਠੀ ਪੜ੍ਹ ਕੇ ਸਾਹਿਬਾਂ ਨੇ ਕੁਛ ਉੱਤ੍ਰ ਨਹੀਂ ਦਿੱਤਾ, ਤੂੰ ਏਹੋ ਸੰਦੇਸਾ ਜਾ ਦੇਹ, ਸਿੱ
ਖ ਨੇ ਏਸੇ ਤਰਾਂ ਆਣ ਆਖ੍ਯਾ। ਅਰਜਨ ਜੀ ਨੇ ੨੦ ਦਿਨ ਉਡੀਕ ਕੇ ਫੇਰ ਦੂਸਰੀ
ਚਿੱਠੀ ਲਿਖੀ ਯਥਾ (ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ। ਚਿਰੁ ਹੋਆ ਦੇਖੇ
ਸਾਰਿੰਗਪਾਣੀ। ਧੰਨੁ ਸੁ ਦੇਸੁ ਜਹਾਂ ਤੂੰ ਵਸਿਆ ਮੇਰੇ ਸੱਜਣ ਮੀਤ ਮੁਰਾਰੇ ਜੀਉ। ਹਉ
ਘੋਲੀ ਜੀਉ ਘੋਲਿ ਘੁਮਾਈ ਗੁਰ ਸੱਜਣ ਮੀਤ ਮੁਰਾਰੇ ਜੀਉ।੨।) ਜਦ ਏਹ ਚਿੱਠੀ
ਲੈਕੇ ਸਿੱਖ ਗੁਰੂ ਚਕ ਆਯਾ ਤਾਂ ਪ੍ਰਿਥੀਚੰਦ ਨੇ ਉਸੇ ਤਰਾਂ ਲੈਕੇ ਓਹੋ ਉਤ੍ਰ ਦੇ ਭੇਜ੍ਯਾ। ਅ
ਰਜਨ ਦੇਵ ਜੀ ਨੇ ੧ ਮਹੀਨਾ ਉਡੀਕ ਕੇ ਫਿਰ ਏਹ ਤੀਸਰੀ ਚਿੱਠੀ ਲਿਖੀ ਯਥਾ (ਇਕ
ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ,, ਮੋ
ਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ। ਹਉ ਘੋਲੀ ਜੀਉ
ਘੋਲਿ ਘੁਮਾਈ ਤਿਸੁ ਸੱਚੇ ਗੁਰ ਦਰਬਾਰੇ ਜੀਉ।੩।) ਏਹ ਅਰਦਾਸ ਦੇਕੇ ਸਿੱਖ ਨੂੰ
ਆਖ੍ਯਾ ਕਿ ਏਹ ਗੁਰੂ ਜੀ ਦੇ ਹੱਥ ਦੇਣੀ। ਸਿਖ ਨੇ ਉਸੇ ਤਰਾਂ ਕੀਤਾ ਤੇ ਚਿੱਠੀ ਗੁਰੂ ਰਾਮਦਾ
ਸ ਜੀ ਦੇ ਹੱਥ ਜਾ ਦਿੱਤੀ। ਗੁਰੂ ਜੀ ਨੇ ਚਿੱਠੀ ਪਰ ਤੀਸਰਾ ਅੰਗ ਦੇਖ ਕੇ ਪ੍ਰਿਥੀਚੰਦ ਪਾਸੋਂ

Digitized by Panjab Digital Library | www.panjabdigilib.org

ਪੁੱਛਿਆ ਤਾਂ ਉਸ ਨੇ ਆਖਿਆ ਮੇਰੇ ਪਾਸ ਕੋਈ ਚਿੱਠੀ ਅਰਜਨ ਦੀ ਨਹੀਂ ਆਈ, ਫੇਰ ਗੁਰੂ ਜੀ ਨੇ ਆਖਿਆ ਜੇ ਹੈ ਤਾਂ ਦੇ ਦੇਹ ਤਾਂ ਉਹ ਕੋਪ ਹੋਕੇ ਬੋਲਿਆ ਕਿਆ ਕੋਈ ਹੁੰਡੀ ਸੀ ਜੋ ਮੈਂ ਮੁੱਕਰਦਾ ਹਾਂ। ਗੁਰੂ ਜੀ ਨੇ ਲਾਹੌਰੀ ਸਿੱਖ ਨੂੰ ਸਾਮ੍ਹਣੇ ਕੀਤਾ, ਫੇਰ ਭੀ ਨਾ ਮੰਨਿਆ ਤੇ ਆਖਿਆ ਮੈਨੂੰ ਤੁਹਮਤ ਲਾਉਂਦੇ ਹੋ ਤੁਸੀਂ ਉਸ ਨੂੰ ਗੁਰਿਆਈ ਦੇਣ ਵਾਸਤੇ ਮੈਨੂੰ ਝੂਠਾ ਇਲਜ਼ਾਮ ਦੇਕੇ ਅੰਨਿਆਇ ਕਰਨਾ ਚਾਹੁੰਦੇ ਹੋ ਤੁਸੀਂ ਉਸ ਨੂੰ ਗੁਰਿਆਈ ਦੇਉ ਦੇਖੋ ਫੇਰ ਮੈਂ ਕੈਸਾ ਸੁਖ ਪਾਉਣ ਦੇਵਾਂਗਾ ਐਹੋ ਜੇਹੇ ਰਾਗ ਦ੍ਵੈਖ ਦੇ ਬਚਨ ਸੁਣਕੇ ਗੁਰੂ ਜੀ ਨੇ ਉਸਦੀ ਤਲਾਸ਼ੀ ਲਈ ਤਾਂ ਦੋਵੇਂ ਚਿੱਠੀਆਂ ਜੇਬ ਵਿਚੋਂ ਨਿਕਲ ਪਈਆਂ। ਪ੍ਰਿਥੀਚੰਦ ਤਾਂ ਸ਼ਰਮਿੰਦਾ ਹੋਕੇ ਬਹੁਤ ਅਜੋਗ ਬੋਲਦਾ ਹੋਇਆ ਘਰ ਨੂੰ ਚਲਾ ਗਿਆ ਤੇ ਗੁਰੂ ਜੀ ਨੇ ਅਰਜਨ ਦੇਵ ਜੀ ਨੂੰ ਲਾਹੌਰੋਂ ਬੁਲਾਇ ਕਰ ਆਖਿਆ ਏਸ ਸ਼ਬਦ ਨੂੰ ਪੂਰਾ ਕਰੋ ਤਦ ਗੁਰੂ ਅਰਜਨ ਦੇਵ ਜੀ ਨੇ ਚੌਥਾ ਪਦ ਉਚਾਰਿਆ ਯਥਾ (ਭਾਗ ਹੋਆ ਗੁਰ ਸੰਤ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥੪॥) ਏਹ ਸ਼ਬਦ ਸੁਣਕੇ ਗੁਰੂ ਰਾਮਦਾਸ ਜੀ ਬਹੁਤ ਖੁਸ਼ ਹੋਏ ਤੇ ੨੧ ਬੈਸਾਖ ਸੁਦੀ ੫ ਸੰ: ੧੬੩੮ ਬਿ: ਨੂੰ ਮੁਕਾਮ ਅੰਮ੍ਰਿਤਸਰ ਦਰਬਾਰ ਵਿਚ ਸਭਾ ਕਰਕੇ ਮਰਯਾਦਾ ਸਹਿਤ ਆਪਣੀ ਜਗਾ ਜਗਤ ਗੁਰੂ ਅਰਜਨ ਦੇਵ ਜੀ ਨੂੰ ਕਾਇਮ ਕਰ ਦਿੱਤਾ ਤੇ ਆਪ ਦੋ ਮਹੀਨੇ ਪਿੱਛੋਂ ਸੱਚਖੰਡ ਨੂੰ ਗਏ।

ਏਨ੍ਹਾਂ ਦਾ ਹੁਕਮ ਸਮਾਧ ਬਣਾਵਣ ਦਾ ਨਹੀਂ ਸੀ ਪਰ ਜੋ ਲੋਕਾਂ ਨੇ ਬਣਾਈ ਸੀ ਉਹ ਬਿਆਸਾ ਵਿਚ ਬਹਿ ਗਈ। ਇਸੇ ਗੁਰੂ ਦੀ ਸੰਤਾਨ ਸਾਰੇ ਪੰਜਾਬ ਮਾਲਵੇ ਵਿਚ ਸੋਢੀ ਸਾਹਿਬ ਮਸ਼ਹੂਰ ਹੈ ਜਿਸ ਦਾ ਬ੍ਰਿਤਾਂਤ ਪੰਜਵੇਂ ਹਿੱਸੇ ਵਿਚ ਹੈ।

ਏਹ ਗੁਰੂ ਸੰ: ੧੫੯੧ ਬਿ: ਕੱਤਕ ਬਦੀ ੨ ਨੂੰ ਪ੍ਰਗਟ ਹੋਏ ਤੇ ੬ ਬਰਸ ੧੧ ਮਹੀਨੇ ੧੬ ਦਿਨ ਗੁਰਿਆਈ ਕਰਕੇ ੪੬ ਬਰਸ ੧੦ ਮਹੀਨੇ ੧੬ ਦਿਨ ਕੁਲ ਉਮਰ ਭੋਗ, ਸਾਉਣ ਬਦੀ ੨ ਸੰ: ੧੬੩੮ ਬਿ: ਨੂੰ ਗੋਇੰਦਵਾਲ ਵਿਖੇ ਸ਼ੁੱਕਰਵਾਰ ਚਾਰ ਘੜੀ ਦੇ ਤੜਕੇ ਜੋਤੀ ਜੋਤਿ ਸਮਾਏ।

Digitized by Panjab Digital Library | www.panjabdigilib.org

# ਬ੍ਰਿਤਾਂਤ ਸ੍ਰੀ ਗੁਰੂ ਅਰਜਨ ਜੀ ਦਾ।

ਏਹ ਗੁਰੂ ਸਾਹਿਬ ੧੮ ਵੈਸਾਖ ਵਦੀ ੭ ਮੰਗਲਵਾਰ, ਅੱਧੀ ਰਾਤ ਸੰ: ੧੬੨੦ ਬਿ: ਤੇ ਸੰ: ੧੫੬੩ ਈ: ਸਾਲ ੯੪ ਗੁਰੂ ਵਿਚ ਅਕਬਰ ਬਾਦਸ਼ਾਹ ਦੇ ਵਕਤ ਕਸਬੇ ਗੋਇੰਦਵਾਲ, ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਸੈਂ ਪ੍ਰਗਟ ਹੋਏ। ਏਨ੍ਹਾਂ ਦੀ ਪਹਿਲੀ ਸ਼ਾਦੀ ਮੌੜ ਪਿੰਡ ਚੰਦਨਦਾਸ ਸੂਨੀ ਖੱਤ੍ਰੀ ਦੀ ਬੇਟੀ ਰਾਮਦੇਵੀ ਨਾਲ ਸੰ: ੧੬੩੩ ਬਿ: ਨੂੰ ਹੋਈ। ਏਹ ਰਾਮਦੇਵੀ ਬਿਨਾ ਸੰਤਾਨ ਦੇ ਸੰ: ੧੬੪੮ ਬਿ: ਨੂੰ ਅੰਮ੍ਰਿਤਸਰ ਗੁਜ਼ਰ ਗਈ। ਦੂਸਰੀ ਸ਼ਾਦੀ ਪਿੰਡ ਮਊ ਕ੍ਰਿਸ਼ਨਚੰਦ ਖੱਤ੍ਰੀ ਦੀ ਬੇਟੀ ਗੰਗਾ ਨਾਲ ੨੩ ਹਾੜ ਸੰ: ੧੬੪੫ ਬਿ: ਨੂੰ ਹੋਈ ਜਿਸ ਵਿਚੋਂ ਇਕ ਪੁੱਤ੍ਰ ਹਰਿਗੋਬਿੰਦ ਜੀ ਪੈਦਾ ਹੋਏ।

ਗੁਰੂ ਅਰਜਨ ਸਾਹਿਬ ਜੀ ਜਦ ਤੋਂ ਗੱਦੀ ਪਰ ਬੈਠੇ ਤਦ ਤੋਂ ਐਸੇ ਐਸੇ ਕੰਮ ਕੀਤੇ ਜੋ ਕਿਸੇ ਤੋਂ ਹੋਣੇ ਮੁਸ਼ਕਲ ਸਨ ਅਰਥਾਤ ਕਈ ਤਾਲਾਬ ਪੱਕੇ ਬਣਾਏ, ਕਸਬੇ ਵਸਾਏ ਗ੍ਰੰਥ ਸਾਹਿਬ ਦੀ ਬੀੜ ਬੱਧੀ, ਸਿੱਖੀ ਮਜ਼੍ਹਬ ਦੇ ਕਾਜ ਦੇ ਐਸੇ ਬਣਾਏ ਜਿਨ੍ਹਾਂ ਕਰਕੇ ਤਮਾਮ ਸਿਖੀ ਫੈਲੇ ਸਾਂਉਦੇ ਤੇ ਸਿੱਖ ਮੁਕ੍ਤੀ ਭੁਕ੍ਤੀ ਪਾਂਉਦੇ ਹਨ। ਏਹ ਗੁਰੂ ਅੱਧੀ ਰਾਤ ਤੋਂ ਜਾਗ ਕੇ ਸੌਚ ਇਸ਼ਨਾਨ ਕਰ ਪਰਮਾਤਮਾ ਆਤਮਾ ਦੇ ਧਿਆਨ ਵਿਚ ਸਮਾਧੀ ਲਾਕੇ ਬੈਠਦੇ, ਫੇਰ ਸੱਤਾ ਤੇ ਬਲਵੰਡ ਦੋਵੇਂ ਰਬਾਬੀ ਭਾਈ ਸਾਦੂ ਬਾਦੂ ਦੇ ਪੁੱਤ੍ਰਾਂ ਤੇ ਆਸਾ ਦੀ ਵਾਰ ਆਦਿਕ ਸੁਣਦੇ। ਫਿਰ ਦਿਨ ਚੜ੍ਹੇ ਚੌਹਾਂ ਗੁਰੂਆਂ ਦੀ ਬਾਣੀ ਦਾ ਉਪਦੇਸ਼ ਤੇ ਸਿੱਖਾਂ ਨੂੰ ਗੁਰਮੰਤ੍ਰ ਪਾਹੁਲ ਦੇਕੇ ਨਿਹਾਲ ਕਰਦੇ। ਇਕ ਵਾਰੀ ਪ੍ਰਿਥੀਚੰਦ ਨੇ ਆਪ ਨੂੰ ਹੀ ਗੁਰੂ ਮਸ਼ਹੂਰ ਕਰਕੇ ਸਿੱਖਾਂ ਨੂੰ ਆਪਣੀ ਤਰਫ ਫੇਰ ਲੀਤਾ ਤੇ ਸਭ ਕਾਰ ਭੇਟ ਆਪਹੀ ਲੈਣ ਲੱਗ ਪਿਆ ਤੇ ਜੋ ਕੋਈ ਸਿੱਖ ਸੇਵਕ ਆਵੇ ਉਸ ਨੂੰ ਪ੍ਰਸ਼ਾਦ ਛਕਣ ਵਾਸ੍ਤੇ ਗੁਰੂ ਜੀ ਦੇ ਲੰਗਰ ਵਿਚ ਭੇਜ ਦੇਵੇ। ਲੰਗਰ ਦਾ ਖਰਚ ਗੁਰੂ ਅਰਜਨ ਜੀ ਦੇ

Digitized by Panjab Digital Library | www.panjabdigilib.org

ਪੱਲੇ ਜੋ ਹੁੰਦਾ ਰਹੇ ਏਸੇ ਕਰਕੇ ਗੁਰੂ ਅਰਜਨ ਜੀ ਨੇ ਆਪਣੇ ਘਰ ਦੇ ਜੇਵਰ ਬੇਚ ੨
ਕੇ ਲੰਗਰ ਜਾਰੀ ਰੱਖਿਆ ਫੇਰ ਜਦ ਭਾਈ ਗੁਰਦਾਸ, ਬਾਬਾ ਬੁੱਢਾ ਜੀ, ਭਾਈ ਸਾਲੋ, ਭਾਈ
ਭੂਦਰੂ ਜੈਸੇ ਪਰਾਚੀਨ ਮਹਾਤਮਾ ਨੇ ਏਸ ਹਾਲ ਨੂੰ ਸੁਣਿਆ ਤਾਂ ਸਬ ਭੇਤ ਸੰਗਤਾਂ
ਨੂੰ ਸਮਝਾ ਬੁਝਾ ਕੇ ਸੱਰੇ ਗੁਰੂ ਦੀ ਤਰਫ ਲੈ ਆਂਦਾ ਅਤੇ ਦੇਸ ਪ੍ਰਦੇਸ ਵਿਚ ਹੁਕਮਨਾਮੇ
ਭੇਜ ਦਿੱਤੇ ਅਤੇ ਹਰ ਇਕ ਸਿੱਖ ਤੋਂ ਦਸਵੰਧ ਅਰਥਾਤ ਆਮਦਨ ਦਾ ਦਸਵਾਂ ਹਿੱਸਾ ਲੈ
ਣਾ ਮੁਕੱਰਰ ਕਰ ਦਿੱਤਾ ਹੋਰ ਬੇਟਾ ਜੀ ਮਣੇ ਮੰਗਣੇ ਚੜ੍ਹਾਉਣੇ ਪਰ ਕੁਛ ੨ ਕਰਾਪੂੰ
ਨਅ ਦੇ ਤੌਰ ਪਰ ਕਾਯਮ ਕਰਕੇ ਸਿੱਖਾਂ ਦੀ ਗਿਣਤੀ ਦੇ ਕਾਗਜ਼ ਬਣਾ ਲਏ ਤੇ ਹਰ ਇ
ਕ ਦੇਸ਼ ਪਰਗਣੇ ਵਿਚ ਇਕ ੨ ਸਿੱਖ ਆਪਣਾ ਮਾਤਬਰ ਜਿਨ੍ਹਾਂ ਨੂੰ ਮਸੰਦ ਆਖੀਦਾ ਸੀ
ਨਜ਼ਰ ਭੇਟਾ ਜਾ ਦਸਵੰਧ ਉਗਰਾਹੁਣ ਲਈ ਭੇਜ ਦਿੱਤੇ ਓਹ ਕਾਗਜ਼ ਦੇ ਅਨੁਸਾਰ
ਉਗ੍ਰਾਹੀ ਕਰਕੇ ਗੁਰੂ ਪਾਸ ਲੱਗੇ ਭੇਜਣਾ ਜਿਸ ਤਰਾਂ ਅਕਬਰ ਬਾਦਸ਼ਾਹ ਨੇ ੨੨ ਸੂ
ਬੇ ਮੁਲਕ ਦੇ ਬੰਦੋਬਸਤ ਵਾਸਤੇ ਬਨਾਏ ਸੇ ਓਸੇ ਤਰਾਂ ਗੁਰੂ ਅਰਜਨ ਸਾਹਿਬ ਦੇ ਬਾਈ
ਮਸੰਦ ਸੇ ਅਤੇ ਇਕ ੨ ਮਸੰਦ ਅੱਗੇ ਦਸ ੨ ਪੰਦ੍ਰਾਂ ੨ ਮੇਵੜੇ ਸੇ ਜੋ ਕੰਮਕਾਰ ਭੁਗਤਾ
ਉਂਦੇ ਸਨ। ਏਹ ਸਾਰੀ ਮਰਯਾਦਾ ਏਸੇ ਗੁਰੂ ਦੇ ਵਕਤ ਕਾਯਮ ਹੋਈ ਏਸੇ ਕਰਕੇ ਏਸ ਗੁ
ਰੂ ਦੀ ਗੋਲਕ ਅਰਥਾਤ ਖਜ਼ਾਨੇ ਵਿਚ ਬੇਸੁਮਾਰ ਦੌਲਤ ਆਉਣ ਲੱਗੀ। ਅਤੇ ਏਨ੍ਹਾਂ
ਨੇ ਕੀਮਤੀ ਬੜੇ ਬੜੇ ਤੱਯਾਰ ਕਰ ਦਿਖਾਏ। ਅੱਠੇ ਪਹਿਰ ਲੋਹ ਤਪਦੀ ਰਹੇ ਤੇ ਪ੍ਰਸ਼ਾਦ
ਹਿੰਦੂ ਮੁਸਲਮਾਨ ਸਬਨਾਂ ਨੂੰ ਵਰਤਦਾ ਰਹੇ ਤੇ ਗੁਰੂ ਮਹਾਰਾਜ ਦੇ ਇਮਾਰਤ ਦੇ ਕੰਮਾਂ
ਪਰ ਭੀ ਸੈਂਕੜੇ ਮਜ਼ੂਰ ਆਦਿਕ ਲਗੇ ਰਹਿੰਦੇ ਜਿਨ੍ਹਾਂ ਦੇ ਹੱਥੋਂ ਗੁਰੂ ਕੇ ਮਹਿਲ, ਗੁਰੂ ਕਾ
ਬਾਜ਼ਾਰ, ਦਰਸ਼ਨੀ ਦਰਵੱਜਾ, ਤਾਲਾਬ ਅੰਮ੍ਰਿਤਸਰ, ਸੰਤੋਖਸਰ, ਹਰਿਮੰਦਰ ਦਰ
ਬਾਰ ਸਾਹਿਬ ਪੁਲ ਸਮੇਤ, ਤਰਨਤਾਰਨ ਸਾਹਿਬ, ਕਰਤਾਰਪੁਰ ਦੇ ਮਕਾਨ, ਖੂਹੀਆਂ,
ਬਾਉਲੀ ਆਦਿਕ ਲਾਹੌਰ ਦੇ ਬਣੇ, ਜੋ ਹੁਣ ਤਕ ਮੌਜੂਦ ਹਨ।
ਪਹਿਲੇ ਪਹਿਲ ਗੁਰੂ ਅਰਜਨ ਸਾਹਿਬ ਨੇ ਸੰ: ੧੬੪੧ ਵਿਚ ਤਾਲਾਬ ਸੰਤੋਖਸਰ ਸ਼ੁ
ਰੂ ਕਰਕੇ ਸੰ: ੧੬੪੫ ਬਿ: ਵਿਚ ਪੂਰਾ ਕੀਤਾ। ਏਥੇ ਜੰਗਲ ਵਿੱਚ ਨਿੱਕੀ ਜੇਹੀ ਛਪ
ੜੀ ਕਿਨਾਰੇ ਇੱਕ ਟਾਹਲੀ ਦੇ ਬ੍ਰਿੱਛ ਹੇਠ (ਜੋ ਹੁਣ ਟਾਹਲੀ ਸਾਹਿਬ ਮਸ਼ਹੂਰ ਹੈ) ਗੁਰੂ ਜੀ
ਪਿਛਲੇ ਪਹਿਰ ਬੈਠਿਆ ਕਰਦੇ। ਇਕ ਦਿਨ ਭਾਈ ਸੰਤੋਖ ਮਲ ਪਸ਼ਾਵਰ ਦੇ ਅਰੋੜੇ
ਸਿੱਖ ਨੇ ਢਾਈ ਸੌ ਮੁਹਰ ਗੁਰੂ ਅੱਗੇ ਭੇਟਾ ਰੱਖ ਕੇ ਅਰਜ਼ ਕੀਤੀ ਜੀ ਮੇਰੇ ਸੰਤਾਨ ਨਹੀਂ

Digitized by Panjab Digital Library | www.panjabdigilib.org

ਕਿਸੇਤਰਾਂ ਮੇਰਾਨਾਮ ਦੁਨੀਆਂਵਿਚ ਰਹੇ ਗੁਰੂਜੀਨੇ ਉਥੇਹੀ ਉਸਦੇਨਾਮ ਦਾਤਾਲਾ
ਉਲਗਵਾ ਦਿੱਤਾ ਪੋਥੀਆਂ ਵਿਚ ਲਿਖਿਆਹੈ ਕਿ ਏਥੇ ਜ਼ਮੀਨ ਵਿਚੋਂ ਇਕ ਮਠ ਨਿ
ਕਲਿਆ ਜਿਸਵਿਚ ਇਕ ਸੰਤ ਸਮਾਧ ਲਾਈ ਬੈਠਾਸੀ ਗੁਰੂਜੀਨੇ ਉਸਨੂੰ ਰੂੰਈ ਵਿਚ
ਲਪੇਟਕੇ ਬਾਹਰ ਕੱਢਿਆ ਤੇ ਜਦ ਆਲਸ ਕਰਾਈ ਤਾਂ ਸਮਾਧ ਖੁੱਲੀ, ਤੇ ਉਸਨੇ ਦੱਸਿਆ
ਜੋ ਮੈਂ ਤ੍ਰੇਤੇ ਜੁੱਗ ਦਾ ਬੈਠਾਹਾਂ ਮੇਰੇ ਗੁਰੂ ਜਨਕ ਨੇ ਕਿਸੇ ਬਾਤ ਪਰ ਨਾਰਾਜ਼ ਹੋਕੇ ਮੈਨੂੰ
ਆਖਿਆ ਤੂੰ ਕਲਜੁਗ ਦੇਖੇਂਗਾ ਫੇਰ ਮੈਂ ਮਾਫੀ ਮੰਗੀ ਤਾਂ ਉਨ੍ਹਾਂਨੇ ਆਖਿਆ ਕਲਜੁਗ
ਵਿਚ ਸਤਗੁਰੂ ਨਾਨਕ ਅਵਤਾਰ ਹੋਨਗੇ ਤਦ ਤੇਰੀ ਮੁਕ੍ਤਿ ਹੋਵੇਗੀ ਹੁਣ ਤੁਸੀਂ ਦੱਸੋ
ਸਤਗੁਰੂ ਨਾਨਕ ਹੋਗਯਾਹੈ ਜਾਂਹੋਵੇਗਾ ਬਾਬੇ ਬੁੱਢੇ ਨੇ ਆਖਿਆ ਏਹੋ ਗੁਰੂ ਨਾਨਕ ਦਾ
ਸਰੂਪ ਹੈਂ ਜੋਗੀਨੇ ਗੁਰੂਜੀਨੂੰ ਨਮਸਕਾਰ ਕਰਕੇ ਬ੍ਰਹਮਗਿਆਨ ਦਾ ਉਪਦੇਸ਼ ਚਾ
ਹਿਆ ਤਾਂ ਗੁਰੂ ਸਾਹਿਬ ਨੇ ਉਸਨੂੰ ਅਧਿਕਾਰੀ ਸਮਝਕੇ ਬ੍ਰਹਮਗਿਆਨ ਦੇਣਲਈ ਦ੍ਰਿ
ਸ੍ਰਾਂਤ ਸਹਿਤ ਏਹ ਸਬਦ ਗੂਜਰੀ ਰਾਗ ਵਿਚ ਉਚਾਰਿਆ ਜਥਾ ( ਬਾਜੀਗਰ ਜੈਸੇ
ਬਾਜੀ ਪਾਈ ਨਾਨਾ ਰੂਪ ਭੇਖ ਦਿਖਲਾਈ ਸਾਂਗ ਉਤਾਰ ਥੰਮ੍ਹਿਓ ਪਾਸਾਰਾ ਤਬ
ਏਕੋ ਏਕੰਕਾਰਾ ਕਵਨ ਰੂਪ ਦ੍ਰਿਸਟਿਓ ਬਿਨਸਾਇਓ ਕਤਹਿ ਗਇਓ ਉਹ ਕਤ ਤੇ
ਆਇਓ ਜਲ ਤੇ ਊਠਹਿ ਅਨਿਕ ਤਰੰਗਾ ਕਨਿਕ ਭੂਖਨ ਕੀਨੇ ਬਹੁ ਰੰਗਾ) ਇੱਤ
ਦਿਕ ਸਬਦ ਤੇ ਉਪਦੇਸ ਗੁਰੂ ਸਾਹਿਬ ਤੋਂ ਸੁਣਕੇ ਜੋਗੀ ਤਾਂ ਨਿਹਾਲ ਹੋ ਗਿਆ ਤੇ ਸੱ
ਪਦੀ ਕੁੰਜ ਵਾਂਗੂ ਦੇਹ ਛੱਡਕੇ ( ਜਿਉ ਜਲ ਮੈਂ ਜਲ ਆਇ ਖਟਾਨਾ ਤਿਉ ਜੋਤੀ ਸੰਗ
ਜੋਤਿ ਸਮਾਨਾ) ਬ੍ਰਹਮ ਵਿਚ ਅਭੇਦ ਹੋ ਗਿਆ।

ਏਸਦੀ ਦਾਹ ਕ੍ਰਿਆ ਕਰਵਾਕੇ ਗੁਰੂਜੀਨੇ ਤਾਲ ਭੀ ਬਹੁਤ ਸ਼ੀਘ੍ਰ ਤੱਯਾਰ ਕਰਵਾ
ਯਾ ਤੇ ਭਾਈ ਭਗਤੂ, ਭਾਈ ਬਹਿਲੋ, ਭਾਈ ਸਾਲੋ, ਭਾਈ ਪੈੜਾ, ਭਾਈ ਜੇਠਾ ਆਦਿਕ
ਪੰਜਾਵੇ ਬੜੇ੨ ਸਿਦਕ ਭਰੋਸੇ ਵਾਲੇ ਸਿੱਖਾਂਨੂੰ ਆਵੇ ਪਕਾਉਣ ਦੀ ਟਹਿਲ ਬਖਸ਼ੀ ਸਿੱਖਾਂ
ਨੇ ਪ੍ਰੇਮ ਤੇ ਉੱਦਮ ਨਾਲ ਲਕੜੀ, ਗੋਹੇ ਦੇਸ ਵਿਚੋਂ ਇਕੱਠੇ ਕਰ ਬਹੁਤ ਸ਼ੀਘ੍ਰ ਕਈ
ਪੰਜਾਵੇ ਤੱਯਾਰ ਕਰ ਦਿਖਾਏ ਲਿਖਿਆਹੈ ਕਿ ਭਾਈ ਭਗਤੂ ਨੇ ਬਾਰਾਂ ਬਰਸ ਸਿਰੋਂ
ਮੰਡਾਸਾ ਨਹੀ ਖੋਲਿਆ ਤੇ ਲੀੜਾ ਪਾਕੇ ਸੁੱਤਾ ਨਹੀ, ਕਿਸੀ ਤੋਂ ਇਹ ਗੱਲ ਸੁਣਲਈ
ਕੇ ਮੈਲੇ ਨਾਲ ਇੱਟਾਂ ਬਹੁਤ ਰੰਗੀਆਂ ਪਕਦੀਆਂ ਹਨ ਏਸ ਕਰਕੇ ਸਾਹਿਰਾਂਦਾ
ਸਪੁਰੇ ਦਾ ਤੇ ਨੇੜੇ੨ ਦੇ ਪਿੰਡਾ ਦਾ ਮੈਲਾ ਕੱਠਾ ਕਰਿਆ ਹੈ ਸਿਰ ਪਰ ਢੋ ਕੇ ਆਵੇ

ਵਿਚ ਪਾਉਂਦਾ ਰਿਹਾ। ਬਾਰਾਂ ਬਰਸ ਪਿੱਛੋਂ ਜਦ ਉਸਦਾ ਮੰਡਾਸਾ ਗੁਰੂ ਜੀ ਨੇ ਉਤਾਰਿਆ
ਤਾਂ ਸਿਰ ਵਿਚ ਕੀੜੇ ਪਏ ਹੋਏ ਦੇਖਕੇ ਗੁਰੂ ਜੀ ਦੇ ਨੇਤ੍ਰਾਂ ਤੋਂ ਜਲ ਵਗ ਤੁਰਿਆ ਤਾਂ ਖੁਸ਼ੀ
ਹੋਕੇ ਧਰਮ ਅਰਥ ਕਾਮ ਮੋਖ ਬਖ਼ਸ਼ੇ ਅਤੇ ਰਿੱਧੀ ਸਿੱਧੀ ਦੇ ਕਰ ਮਾਲਵੇ ਦੇਸ ਦਾ ਮ
ਸੰਦ ਕਾਯਮ ਕਰ ਦਿਤਾ। — ਏਸੇ ਤਰਾਂ ਹੋਰ ਭੀ ਬਹੁਤ ਸਿੱਖਾਂ ਨੇ ਟਹਿਲ ਕੀਤੀ ਜਿ
ਸ ਤੇ ਖ਼ੁਸ਼ ਹੋਕੇ ਗੁਰੂ ਜੀ ਨੇ ਬਰ ਦਿੱਤਾ ਕਿ ਏਹੋ ਜੇਹੇ ਸੇਵਕੀਆਂ ਦੀਆਂ ਪਕਾਈਆਂ ਹੋ
ਈਆਂ ਇੱਟਾਂ ਜਿਥੇ ਲੱਗਣਗੀਆਂ ਓਹ ਦ੍ਰਿੜ੍ਹ ਤੇ ਪਵਿਤ੍ਰ ਹੋਵੇਗਾ ਤੇ ਓਥੇ ਬੇਅੰਤ ਜੀ
ਵਾਂ ਦੀਆਂ ਕਾਮਨਾ ਪੂਰੀਆਂ ਹੋਣਗੀਆਂ ਸੋ ਹੁਣ ਏਹ ਬਰ ਪ੍ਰਤੱਖ ਵਰਤ ਰਿਹਾ ਹੈ।
ਭਾਂਵੇਂ ਸ੍ਰੀ ਅੰਮ੍ਰਿਤਸਰ ਤਾਲਾਬ ਸੰ: ੧੬੩੩ ਬਿ: ਵਿਚ ਗੁਰੂ ਰਾਮਦਾਸ ਨੇ ਭੀ ਪੁਟ
ਵਾਯਾ ਸੀ ਪਰੰਤੂ ਪੰਜਵੇਂ ਗੁਰੂ ਨੇ ਅਧਿਕ ਖੁਦਵਾਕੇ ਪੱਕਾ ਕਰਾਯਾ ਤੇ ਪੁਲ ਭੀ ਪਵਾ
ਯਾ ਹੈ। ਏਸ ਤੀਰਥ ਦੇ ਵਿਚਕਾਰ ੧ ਮਾਘ ਸੰ: ੧੬੪੫ ਬਿ: ਤੇ ਸਾਲ ੧੧੯ ਗੁਰੂ
ਵਿਚ ਵੀਰਵਾਰ ਹਰਿਮੰਦਰ ਦੀ ਨੀਉਂ ਰੱਖੀ ਸੀ। ਉਸ ਵਕਤ ਮੀਆਂ ਮੀਰ ਸਾਹਿਬ
ਮਸ਼ਹੂਰ ਪੀਰ ਜੋ ਗੁਰੂ ਸਾਹਿਬ ਦੇ ਨਾਲ ਬਹੁਤ ਪ੍ਰੇਮ ਰੱਖਦਾ ਸੀ ਅਚਾਨਕ ਆ ਗਿ
ਆ ਗੁਰੂ ਜੀ ਨੇ ਉਸਦਾ ਮਾਨ ਰੱਖਣ ਵਾਸ੍ਤੇ ਉਸਦੇ ਹੱਥੋਂ ਪਹਿਲੀ ਇੱਟ ਰਖਵਾਈ ਪ
ਰ ਬਿਨਾ ਜਾਣੇ ਉਸਨੇ ਉਲਟੀ ਰੱਖ ਦਿੱਤੀ, ਰਾਜ ਨੇ ਉਠਾਕੇ ਫੇਰ ਸਿੱਧੀ ਕਰਕੇ ਰੱਖੀ ਤਾਂ
ਗੁਰੂ ਜੀ ਨੇ ਆਖਿਆ ਏਹ ਮੰਦਰ ਗਿਰਕੇ ਫੇਰ ਬਣੇਗਾ। ਏਹੋ ਬਾਤ ਸੱਚ ਹੋਈ ਸੰ:
੧੮੧੮ ਬਿ: ਨੂੰ ਅਹਿਮਦ ਸ਼ਾਹ ਦੁਰਾਨੀ ਬਰੂਦ ਨਾਲ ਏਸ ਮੰਦਰ ਨੂੰ ਉਖਾੜ ਗਿਆ
ਫੇਰ ੧੧ ਵੈਸਾਖ ਸੰ: ੧੮੨੧ ਵਿਚ ਗੁਰਦੁਆਰ ਨੂੰ ਬੁੱਢੇ ਦਲ ਖਾਲਸੇ ਨੇ ਸਰਦਾਰ ਜੱ
ਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨੀਉਂ ਰਖਾਈ ਅਤੇ ਏਹ ਟਹਿਲ ਦੀਵਾਨ ਦੇਸ ਰਾਜ
ਸੁਰਸੋਂ ਵਾਲੇ ਖੱਤ੍ਰੀ ਦੇ ਸਪੁਰਦ ਕੀਤੀ। ਏਹ ਸਾਰੀ ਕਥਾ ਪੰਜਵੇਂ ਹਿੱਸੇ ਵਿਚ ਹੈ।
ਗੁਰੂ ਅਰਜਨ ਸਾਹਿਬ ਦੀ ਮਹਿਮਾ ਤੇ ਦੌਲਤ, ਸਿੱਖੀ, ਸੇਵਕੀ ਰੋਜ਼ ਬਰੋਜ਼ ਬਹੁਤ ਵ
ਧਦੀ ਦੇਖਕੇ ਪ੍ਰਿਥੀਚੰਦ ਨੂੰ ਬੁਰਾ ਦੁੱਖ ਲੱਗਾ ਜਿਸ ਤੋਂ ਘਬਰਾਕੇ ਅਨੇਕ ਤਰਾਂ ਦੇ ਝ
ਗੜੇ, ਫਸਾਦ ਕਰਨ ਲੱਗਾ। ਪ੍ਰਿਥੀਚੰਦ ਤੋਂ ਅੱਕਕੇ ਸੰ: ੧੬੪੬ ਵਿਚ ਗੁਰੂ ਜੀ ਆ
ਬੂ ਦੇਸ ਦਾ ਸੈਲ ਤੇ ਸਿੱਖਾਂ ਨੂੰ ਨਿਹਾਲ ਕਰਨ ਵਾਸ੍ਤੇ ਅੰਮ੍ਰਿਤਸਰੋਂ ਚੱਲਕੇ ਜੰਡਿਆਲੇ ਬੁ
ਤਾਲੇ ਨੂੰ ਹੁੰਦੇ ਹੋਏ ਖਾਰੇ ਪਿੰਡ ਜਾ ਉਤਰੇ ਤੇ ਬਹੁਤ ਚੰਗੀ ਜ਼ਮੀਨ ਦੇਖਕਰ ਗਿਰਦਾ
ਵਾਈ ਦੇ ਜ਼ਿਮੀਦਾਰਾਂ ਤੋਂ ਜ਼ਮੀਨ ਲੈਕੇ ੧੭ ਵੈਸਾਖ ਸੰ: ੧੬੪੭ ਬਿ: ਨੂੰ ਕਸਬਾ

Digitized by Panjab Digital Library | www.panjabdigilib.org

ਤਰਨਤਾਰਨ ਬਸਾਯਾ ਤੇ ਫਤੇਆਬਾਦ ਦੇ ਹਾਕਮ ਪਾਸੋਂ ਸੇਨਦ ਭੀ ਕਰਾਇ ਲੀਤੀ।
ਓਥੇ ਭੀ ਗੁਰੂ ਜੀ ਨੇ ਜਦ ਸੰ ੧੬੫੩ ਬਿ: ਵਿਚ ਤਾਲਾਉ ਪੱਕਾ ਕਰਨ ਵਾਸਤੇ ਆਵੇ ਪ
ਕਵਾਏ ਤਾਂ ਅਮੀਰਦੀਨ ਨਵਾਬ ਨੂਰਦੀਨ ਦੇ ਬੇਟੇ ਨੇ ਮੱਲੋ ਮੱਲੀ ਇੱਟਾਂ ਉਠਵਾ ਕੇ ਸ
ਰਾਇ ਨੂੰ ਤੇ ਆਪਣੇ ਮਕਾਨਾਂ ਨੂੰ ਲਾ ਲਈਆਂ, ਸਿੱਖ ਰੋਜਣ ਲੱਗੇ ਤਾਂ ਗੁਰੂ ਜੀ ਬੋਲੇ
ਕਿਸੇ ਸਮੇਂ ਏਹੀ ਇੱਟਾਂ ਏਸੇ ਤਾਲ ਨੂੰ ਲਗ ਜਾਣਗੀਆਂ ਤੁਸੀਂ ਰੋਜ ਨਾ ਮੰਨੋ। ਅੰਤ
ਨੂੰ ੧੮੩੨ ਬਿ: ਵਿਚ ਸਰਦਾਰ ਬੁਧਸਿੰਘ ਫੈਜੁੱਲਾਪੁਰੀਏ ਤੇ ਸਰਦਾਰ ਜੱਸਾ ਸਿੰ
ਘ ਰਾਮਗੜ੍ਹੀਏ ਨੇ ਏਸ ਦੇਸ ਦੇ ਹਾਕਮ ਹੋਕੇ ਨੂਰਦੀਨ ਦੇ ਮਕਾਨ ਗਿਰਾਏ ਤੇ ਓਹੋ ਇ
ਟਾਂ ਤਰਨਤਾਰਨ ਦੇ ਤੀਰਥ ਨੂੰ ਲਾਕਰ ਦੋ ਪਾਸੇ ਪੱਕੇ ਬਣਾਏ ਤੇ ਦੋ ਪਾਸੇ ਮਹਾਰਾਜੇ
ਰਣਜੀਤ ਸਿੰਘ ਨੇ ਬਣਾਏ ਤੇ ਪਰਕ੍ਰਮਾ ਸਾਰੀ ਕੌਰ ਨੌਨਿਹਾਲ ਸਿੰਘ ਨੇ ਬਣਾਈ ਹੈ
ਇਹ ਭੀ ਸਾਰਾ ਹਾਲ ਪੰਜਵੇਂ ਹਿੱਸੇ ਵਿਚ ਹੈ।

੨੧ ਮੱਘਰ ਸੰ: ੧੬੫੧ ਬਿ: ਨੂੰ ਕਸਬਾ ਕਰਤਾਰਪੁਰ ਬਸਾਯਾ ਏਥੇ ਹੁਣ ਏਸੇ ਗੁਰੂ
ਦੀ ਸੰਤਾਨ ਮਾਫੀਦਾਰ ਸੋਢੀ ਨੌਨਿਹਾਲ ਸਿੰਘ ਜੀ ਕਾਯਮ ਹਨ। ਓਥੋਂ ਜਦ ਗੋਇੰ
ਦਵਾਲ, ਖੰਡੂਰ ਸਾਹਿਬ ਤੇ ਸਿਰਹਾਲੀ ਹੋਕਰ ੨੨ ਸਾਵਣ ਸੰ: ੧੬੫੩ ਬਿ: ਨੂੰ ਫੇ
ਰ ਅੰਮ੍ਰਿਤਸਰ ਆ ਰਹੇ ਤਾਂ ਇਕ ਦਿਨ ਦੇਹਰੇ ਬਾਬੇ ਨਾਨਕ ਦੇ ਦਰਸ਼ਨ ਦਾ ਨਿਸ਼ਾਨਾ
ਰੱਖਕੇ ਉਸ ਦੇਸ ਦੇ ਸਿੱਖਾਂ ਸੇਵਕਾਂ ਦੇ ਸੁਧਾਰ ਵਾਸਤੇ ਅੰਮ੍ਰਿਤਸਰੋਂ ਚਲਕਰ ਸਹਿਸ੍ਰੇ
ਪਿੰਡ ਜਾ ਉਤਰੇ। ਏਥੇ ਹੁਣ ਦੌੜ ਸਾਹਿਬ ਗੁਰੂ ਕੇ ਬਾਗ ਦਾ ਮੇਲਾ ਅਮੱਸਿਆ ਨੂੰ ਲਗ
ਦਾ ਹੈ। ਏਥੋਂ ਅੱਗੇ ਅਨੇਕ ਪਿੰਡਾਂ ਦੇ ਵਿਚ ਦੀ ਦੇਹਰੇ ਬਾਬੇ ਨਾਨਕ ਦੇ ਦਰਸ਼ਨ ਜਾ ਕੀਤੇ
ਤਿੰਨ ਦਿਨ ਏਥੇ ਠਹਿਰਕੇ ਬਾਰਠ ਪਿੰਡ ਵਿਚ ਜਿੱਥੇ ਸ੍ਰੀਚੰਦ ਤਪ ਕਰਦੇ ਸੇ ਸੰਮਤ
੧੬੫੫ ਬਿ: ਨੂੰ ਜਾ ਪਹੁੰਚੇ ਤੇ ਸ੍ਰੀਚੰਦ ਜੀ ਨੂੰ ਆਪਣੇ ਬ੍ਰਿੱਧ ਗੁਰੂ ਨਾਨਕ ਜੀ ਦਾ
ਪੁੱਤ੍ਰ ਸਮਝਕੇ ਭੇਟਾ ਦੇਕਰ ਸਤਸੰਗ ਦਾ ਵੀਚਾਰ ਕਰਦੇ ਰਹੇ। ਸ੍ਰੀਚੰਦ ਜੀ ਨੇ ਗੁਰੂ
ਸਾਹਿਬ ਦੀ ਲੰਬੀ ਦਾੜ੍ਹੀ ਦੇਖਕੇ ਆਖਯਾ ਐਡੀ ਵੱਡੀ ਦਾੜ੍ਹੀ ਕਿਉਂ ਵਧਾਈ ਹੈ ਏਨ੍ਹਾਂ
ਨੇ ਨਿੰਮ੍ਰਤਾ ਸਹਿਤ ਬਚਨ ਕੀਤਾ ਆਪ ਜੈਸੇ ਮਹਾਤਮਾ ਦੇ ਚਰਨ ਝਾੜਨ ਵਾਸਤੇ।
ਸ੍ਰੀਚੰਦ ਜੀ ਬੋਲੇ ਏਨ੍ਹਾਂ ਹੀ ਗੱਲਾਂ ਨਾਲ ਤੁਸੀਂ ਸਾਡੇ ਘਰ ਦੀ ਵਸਤੂ ਗੁਰਿਆਈ ਲੈ
ਗਏ ਹੋ। ਸ੍ਰੀਚੰਦ ਨੇ ਪੁਛਿਆ ਆਪ ਅੰਮ੍ਰਿਤਸਰ ਕਿਉਂ ਨਹੀਂ ਠਹਿਰਦੇ। ਗੁਰੂ ਜੀ ਨੇ
ਕਿਹਾ ਮਹਾਰਾਜ ਓਥੇ ਪ੍ਰਿਥੀਚੰਦ ਝਗੜੇ ਕਲੇਸ਼ ਕਰਦਾ ਹੈ, ਸ੍ਰੀਚੰਦ ਬੋਲੇ ਓਹ

Digitized by Panjab Digital Library | www.panjabdigilib.org

ਆਪੇ ਦੁਖ ਮਾਰ ਕੇ ਮਰ ਜਾਏਗਾ, ਗੁਰਿਆਈ ਤੇਰੇ ਹੀ ਘਰ ਰਹੇਗੀ। ਉਨ੍ਹਾਂ ਤੋਂ ਬਿਦਾ ਹੋਕੇ ਗੁਰੂ ਜੀ ਗੁਰਦਾਸਪੁਰ ਤੇ ਬਟਾਲੇ ਨੂੰ ਹੁੰਦੇ ਹੋਏ ਫੇਰ ਅੰਮ੍ਰਿਤਸਰ ਆ ਪਹੁੰਚੇ। ਦੋ ਵਕ੍ਤ ਦੀਵਾਨ ਲੱਗੇ, ਕਥਾ ਕੀਰਤਨ ਸਤਸੰਗ ਦਾ ਰੰਗ ਸਿੱਖਾਂ ਨੂੰ ਲੱਗਦਾ ਰਹੇ ਤੇ ਲੰਗਰ ਸਭ ਨੂੰ ਵਰਤੇ ਦੇਸ ਦੇਸ ਤੋਂ ਬਹੁਤ ਸੰਗਤਾਂ ਨੂੰ ਮਸੰਦ ਲੈ ਕੇ ਆਵਣ ਤੇ ਨਜ਼ਰ ਭੇਟਾ ਭੀ ਦਸਵੰਧ ਦੀ ਬਹੁਤ ਆਵੇ। ਸੰ: ੧੬੫੬ ਬਿ: ਵਿਚ ਭਾਈ ਭੂਰੀਆ, ਚੌਧਰੀ ਚੂਹੜ ਮਲ ਆਦਿਕ ਪ੍ਰੇਮੀ ਸਿੱਖਾਂ ਦੀ ਬੇਨਤੀ ਮੰਨਕੇ ਉਨ੍ਹਾਂ ਦੇ ਨੱਕੇ ਦੇਸ ਦਾ ਸੈਲ ਕਰਨ ਵਾਸ੍ਤੇ ਰਵਾਨੇ ਹੋਕਰ ਪ੍ਰਗਣੇ ਚੂਹਣੀਆਂ ਵਿਚ ਖੇਮਕਰਨ ਆਦਿਕ ਪਿੰਡਾਂ ਦੇ ਲੋਗਾਂ ਨੂੰ ਧਰਮ ਭਜਨ ਭਗਤੀ ਵਿਚ ਲਗਾਉਂਦੇ ਹੋਏ ਜੰਬਰ ਪਿੰਡ ਜਾ ਠਹਿਰੇ, ਜੋ ਲਾਹੌਰੋਂ ੨੫ ਕੋਸ ਦੱਖਣ ਵਿਚ ਹੈ। — ਗੁਰੂ ਜੀ ਦਾ ਪ੍ਰਤਾਪ ਸੁਣਕੇ ਇਕ ਸੇਤੂ ਨਾਮ ਖੱਤ੍ਰੀ ਚੋਪੜਾ ਕੁਸ਼ਟੀ ਘਰੋਂ ਕੱਢਿਆ ਹੋਯਾ ਗੁਰੂ ਜੀ ਦੇ ਅੱਗੇ ਆ ਰੋਣ ਲੱਗਿਆ, ਗੁਰੂ ਸਾਹਿਬ ਨੂੰ ਤਰਸ ਆਯਾ, ਉਥੇ ਧਰਮਸਾਲਾ ਵਿਚ ਦੇ ਥੰਮ ਸੇ ਬਾਂਧੇ ਬਚਨ ਕੀਤਾ ਏਨਾਂ ਥੰਮ੍ਹਾਂ ਨਾਲ ਲੱਗਿਆ ਕਰ ਤੇਰਾ ਦੁੱਖ ਜਾਂਦਾ ਰਹੇਗਾ। ਮਰਜ਼ੀ ਕਰਤਾਰ ਦੀ ਉਸੇ ਤਰਾਂ ਕਰਣ ਨਾਲ ਉਸਦਾ ਰੋਗ ਜਾਂਦਾ ਰਿਹਾ ਤਦ ਤੋਂ ਉਨ੍ਹਾਂ ਥੰਮਾਂ ਦਾ ਨਾਮ ਦੁਖ ਨਿਵਾਰਣ ਮਸ਼ਹੂਰ ਹੋ ਗਿਆ, ਹੁਣ ਭੀ ਅਨੇਕ ਪ੍ਰਕਾਰ ਦੇ ਬੀਮਾਰ ਜੱਫੀਆਂ ਪਾਉਂਦੇ ਰਹਿੰਦੇ ਹਨ। — ਭਾਈ ਸਮੁੰਦੂ, ਤੁਲਸਾ, ਲਾਲੂ ਬ੍ਰਾਹਮਨ, ਮੁਕੰਦਾ, ਖੇਡਾ, ਕਿਦਾਰਾ ਆਦਿਕ ਬਹੁਤ ਸਿੱਖਾਂ ਦਾ ਭਲਾ ਕਰਕੇ ਏਸੇ ਸਾਲ ਵਿਚ ਗੁਰੂ ਸਾਹਿਬ ਲਾਹੌਰੀ ਸਿੱਖਾਂ ਦੇ ਪ੍ਰੇਰੇ ਹੋਏ ਡੱਬੀ ਬਾਜ਼ਾਰ ਵਿਚ ਜਿੱਥੇ ਹੁਣ ਗੁਰੂ ਕੀ ਬਾਉਲੀ ਮਸ਼ਹੂਰ ਹੈ ਜਾ ਠਹਿਰੇ। ਗੁਰੂ ਜੀ ਦੀ ਮਹਿਮਾ ਸੁਣਕੇ ਸ਼ਾਹ ਸੁਲੇਮਾਨ ਜੋ ਸੰ: ੧੦੬੪ ਹਿਜਰੀ ਵਿਚ ਗੁਜ਼ਰਿਆ ਹੈ ਤੇ ਸ਼ੇਖ ਭੋਲੀ ਸ਼ਾਹ ਜਿਸ ਨੂੰ ਦਾਰਾ ਸ਼ਕੋਹ ਵਲੀ ਮੰਨਦਾ ਸੀ ਤੇ ਸੰ: ੧੬੦੯ ਹਿਜਰੀ ਵਿਚ ਗੁਜ਼ਰਿਆ ਹੈ, ਸ਼ਾਹ ਅਨਾਯਤ ਕਾਦਰੀ, ਸ਼ਾਹ ਹੁਸੈਨ, ਛੱਜੂ ਭਗਤ, ਕਾਨ੍ਹਾ ਭਗਤ, ਜੋਗੀ ਸੰਭੂ ਨਾਥ ਆਦਿਕ ਸੰਤਾਂ ਭਗਤਾਂ ਦੀ ਭੀੜ ਭਾਰੀ ਗੁਰੂ ਪਾਸ ਲਗੀ ਰਹੇ ਤੇ ਅਨੇਕ ਪ੍ਰਕਾਰ ਦੀ ਗਿਆਨ ਚਰਚਾ ਤੇ ਬਾਣੀ ਜੋ ਗੁਰੂ ਜੀ ਉਚਾਰਣ ਸੋ ਸੁਣਦੇ ਸੁਣਾਉਂਦੇ ਰਹਣ। ਗੁਰੂ ਜੀ ਦੀ ਮਹਿਮਾ ਸੁਣਕੇ ਉਥੋਂ ਦਾ ਸੂਬਾ ਹੁਸੈਨ ਖਾਂ ਭੀ ਅਨੇਕ ਅਮੀਰਾਂ ਦੇ ਨਾਲ ਆਯਾ ਤੇ ਵਿਲਾਯਤੀ ਮੇਵੇ ਤੇ ਪੰਜ ਮੁਹਿਰਾਂ ਭੇਟਾ ਕਰਕੇ ਅਰਜ਼ ਕੀਤੀ ਕਿ ਸ਼ਾਹ ਸਾਹਿਬ ਜੀ ਕੋਈ ਸਬਦ ਸੁਣਾਓ। ਤਾਂ ਗੁਰੂ ਜੀ ਨੇ ਏਹ

Digitized by Panjab Digital Library | www.panjabdigilib.org

ਸਬਦ ਉਚਾਰਿਆ (ਮੀਰਾਂ ਦਾਨਾ ਦਿਲ ਸੋਚ। ਮੁਹੱਬਤੇ ਮਨ ਤਨ ਬਸੈ ਸਚ ਸਾਹ ਬੰ
ਦੀ ਮੋਚ। ਦੀਦਨੇ ਦੀਦਾਰ ਸਾਹਿਬ ਕਛੁ ਨਹੀਂ ਇਸ ਕਾ ਮੋਲ। ਪਾਕ ਪਰਵਰਦਗਾ
ਰ ਤੂੰ ਖੁਦ ਖਸਮ ਵੱਡਾ ਅਤੋਲ। ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ। ਕ
ਰਤਾਰ ਕੁਦਰਤ ਕਰਣ ਖਾਲਕ ਨਾਨਕ ਤੇਰੀ ਟੇਕ।) ਏਹ ਸਬਦ ਤੇ ਹੋਰ ਬਚਨ ਸੁ
ਣਕੇ ਉਸਨੇ ਅਰਜ਼ ਕੀਤੀ ਕੁਛ ਟਹਿਲ ਲਾਯਕ ਯਾਦ ਰਹਿਨੇ ਦੇ ਮੈਨੂੰ ਫੁਰਮਾਓ, ਗੁ
ਰੂ ਜੀ ਨੇ ਉਸਦੀ ਸ਼ਰਧਾ ਦੇਖਕੇ ਉਸਤੋਂ ਸੰ: ੧੬੫੧ ਬਿ: ਨੂੰ ਬਾਉਲੀ ਤੱਯਾਰ ਕਰਵਾਈ
ਜੋ ਹੁਣ ਡੱਬੀ ਬਾਜ਼ਾਰ ਲਾਹੌਰ ਵਿਚ ਗੁਰੂ ਅਰਜਨ ਜੀ ਦੀ ਬਾਉਲੀ[1] ਮਸ਼ਹੂਰ ਹੈ।
ਇਸ ਪ੍ਰਕਾਰ ਜਿਉਂ ਜਿਉਂ ਗੁਰੂ ਸਾਹਿਬ ਦਾ ਪ੍ਰਤਾਪ ਵਧਿਆ ਤਿਉਂ ਤਿਉਂ ਪ੍ਰਿਥੀਚੰਦ ਨੂੰ ਐ
ਸਾ ਤਾਪ ਚੜ੍ਹਿਆ ਜਿਸਨੂੰ ਉਹ ਸਹਾਰ ਨਾ ਸਕਿਆ ਆਖਰ ਸੁਲਹੀ ਖਾਂ ਜੋ ਹਾਕਮ ਇਸ
ਦੇਸ਼ ਦਾ ਸੀ ਉਸਨੂੰ ਵੱਢੀ ਦੇਕੇ ਆਪਣਾ ਮਦਦਗਾਰ ਬਣਾ ਲੀਤਾ ਤੇ ਗੱਦੀ ਦਾ ਦਾਵਾ
ਦਾਇਰ ਕਰ ਦਿੱਤਾ। ਇਸ ਮੁਕੱਦਮੇ ਵਿਚ ਪ੍ਰਿਥੀਚੰਦ ਨੇ ਬੜੇ ੨ ਉਪੱਦ੍ਰਵ ਗੁਰੂ ਉੱਤੇ
ਉਠਾਏ ਪਰ ਪਰਮੇਸ਼ੂਰ ਬਚਾਉ ਕਰਦਾ ਰਿਹਾ, ਆਖਰ ਅਕਬਰ ਬਾਦਸ਼ਾਹ ਤਕ ਪ
ਹੁੰਚਕੇ ਏਹ ਫੈਸਲਾ ਹੋਯਾ ਕੇ ਜਿਸਨੂੰ ਗੁਰੂ ਰਾਮਦਾਸ ਗੱਦੀ ਦੇ ਗਏ ਹੈਂ ਉਹੋ ਮਾਲਕ
ਰਹੇਗਾ। ਜੱਦਅਪਿ ਏਹ ਫੈਸਲਾ ਭੀ ਹੋ ਗਿਆ ਪਰ ਸੁਲਹੀ ਖਾਨ ਦੀ ਸਹਾਯਤਾ ਨਾ
ਲ ਝਗੜਾ ਫਸਾਦ ਕਰਨੋ ਪ੍ਰਿਥੀਚੰਦ ਨਾ ਹਟਿਆ ਤੇ ਰੋਜ਼ ਕਲੇਸ਼ ਰੱਖੇ, ਫੇਰ ਅੰਮ੍ਰਿ
ਤਸਰ ਦੀ ਮਾਲਕੀਯਤ ਤੇ ਜਾਇਦਾਦ ਵੰਡਾਵਣ ਵਾਸਤੇ ਸੁਲਹੀ ਖਾਂ ਪਾਸ ਅਰਜੀ
ਕੀਤੀ। ਉਸ ਸਮੇ ਵਜ਼ੀਰ ਖਾਨ ਨਾਇਬ ਵਜ਼ੀਰ ਦਾ ਜਲੋਧਰ ਨਾਲ ਐਸਾ ਪੇਟ ਵਧਿਆ

੧ ਏਹ ਬਾਉਲੀ ਫੇਰ ਖਾਨ ਬਹਾਦਰ ਸੂਬੇ ਨੇ ਖਾਲਸੇ ਨਾਲ ਜਿੱਦਬਾਦ ਕਰਕੇ ਅੱਟੀ ਭਰਾ ਕਰ ਬੇਮਲੂਮ ਕ
ਰ ਛੱਡੀ ਸੀ ਜੋ ਫੇਰ ਮਹਾਰਾਜੇ ਰਣਜੀਤ ਸਿੰਘ ਦੇ ਵਕ੍ਤ ਪ੍ਰਗਟ ਹੋਈ ਹੈ ਆਖਦੇ ਹਨ ਕਿ ਮਹਾਰਾਜੇ ਨੂੰ ਬੀ
ਮਾਰੀ ਵਿਚ ਸੁਪਨ ਹੋਯਾ ਕਿ ਜੇਹੜੀ ਬਾਉਲੀ ਸੁਨਹਿਰੀ ਮਸੀਤ ਦੇ ਪਾਸ ਕਾਜ਼ੀਆਂ ਦੇ ਘਰ ਵਿਚ ਗੁਪਤ ਹੈ ਉਸ
ਦੇ ਜਲ ਨਾਲ ਇਸ਼ਨਾਨ ਕਰਨੇ ਕਰ ਤੇਰੀ ਬੀਮਾਰੀ ਦੂਰ ਹੋਵੇਗੀ, ਮਹਾਰਾਜੇ ਨੇ ਦਰਯਾਫਤ ਕਰਕੇ ਕਾਜ਼ੀਆਂ
ਨੂੰ ਹੋਰ ਮਕਾਨ ਦਿਤਾ ਤੇ ਬਾਉਲੀ ਪ੍ਰਗਟ ਕਰ ਇਸ਼ਨਾਨ ਪਾਨ ਕੀਤਾ ਤਾਂ ਤੁਰਤ ਅਨੰਦ ਹੋ ਗਏ ਏਹ ਬਾਉਲੀ
ਡੱਬੀ ਬਾਜ਼ਾਰ ਵਿਚ ਗੁਰੂ ਅਰਜਨ ਜੀ ਦੀ ਬਾਉਲੀ ਮਸ਼ਹੂਰ ਹੈ। ਸੋਢੀ ਕਰਤਾਰਪੁਰੇ ਵਾਲੇ ਇਸਦੇ ਮਾ
ਲਕ ਹਨ। ੮੦੦ ਅੱਠ ਸੌ ਰੁਪਏ ਤੋਂ ਜ਼ਿਆਦਾ ਦੀ ਮਾਹਵਾਰੀ ਆਮਦਨੀ ਹੁੰਦੀ ਹੈ ਏਹ ਆਮਦਨੀ ਦੁਕਾ
ਨਾਂ ਦੇ ਕਿਰਾਏ ਦੀ ਹੈ। ਏਹ ਸਬ ਦੁਕਾਨਾ ਮਹਾਰਾਜੇ ਨੇ ਏਥੇ ਦੇ ਧਰਮ ਅਰਥ ਲੰਗਰ ਵਾਸਤੇ ਲਾਈਆਂ ਸਨ
ਪਰ ਹੁਣ ਇਕ ਰੋਟੀ ਭੀ ਕਿਸੇ ਗਰੀਬ ਨੂੰ ਏਥੋਂ ਨਹੀਂ ਮਿਲਦੀ।

Digitized by Panjab Digital Library | www.panjabdigilib.org

ਜੋ ਬੈਠਣਾ ਮੁਸ਼ਕਿਲ ਹੋ ਗਿਆ ਬਹੁਤੇਰੇ ਉਪਾਇ ਕੀਤੇ ਕਿਸੇ ਤੋਂ ਫਾਇਦਾ ਨਾ ਹੋਯਾ ਆਖਰ ਗੁਰੂ ਅਰਜਨ ਸਾਹਿਬ ਦਾ ਜਸ ਸੁਣ ਕੇ ਅੰਮ੍ਰਿਤਸਰ ਆਯਾ ਗੁਰੂ ਜੀ ਦੁਖ ਭੰਜਨੀ ਸਾਹਿਬ ਦੇ ਥੜ੍ਹੇ ਪਾਸ ਬੈਠੇ ਤਲਾਉ ਪੁਟਵਾ ਰਹੇ ਸੇ ਉਨ੍ਹਾਂ ਦੇ ਸਾਹਮਣੇ ਵਜ਼ੀਰ ਖਾਨ ਆਣ ਪਿਆ ਗੁਰੂ ਜੀ ਨੇ ਵਜ਼ੀਰ ਖਾਂ ਦੀ ਸੂੰਧਾ ਦੇਖ ਕੇ ਬਾਬੇ ਬੁੱਢੇ ਜੀ ਨੂੰ ਆਖਿਆ ਬਾਬਾ ਜੀ ਏਸ ਦਾ ਕੁਛ ਉਪਾਇ ਕਰੋ। ਉਸ ਵਕ਼ ਸਿਖਾਂ ਸਮੇਤ ਬਾਬਾ ਜੀ ਤਲਾਉ ਦੀ ਕਾਰ ਕਢਵਾ ਰਹੇ ਸੇ ਗੁਰੂ ਜੀ ਦਾ ਬਚਨ ਸੁਣ ਕੇ ਚੁਪ ਕਰ ਰਹੇ। ਗੁਰੂ ਜੀ ਨੇ ਦੋਬਾਰਾ ਫੇਰ ਆਖਿਆ ਪਰ ਫਿਰ ਭੀ ਬਾਬਾ ਜੀ ਚੁੱਪ ਕਰ ਰਹੇ, ਗੁਰੂ ਜੀ ਨੇ ਫੇਰ ਤੀਸਰੀ ਵਾਰੀ ਆਖਿਆ ਤਾਂ ਬਾਬੇ ਨੇ ਗੁੱਸੇ ਨਾਲ ਗਾਰੇ ਦੀ ਭਰੀ ਹੋਈ ਟੋਕਰੀ ਵਜ਼ੀਰ ਖਾਂ ਦੇ ਪੇਟ ਉੱਤੇ ਮਾਰੀ ਉਹ (ਕੁੱਬੇ ਦੇ ਲੱਤ) ਐਸੀ ਸੂਤ ਲੱਗੀ ਕਿ ਦੋਵੇਂ ਕਲਾ ਛੁੱਟ ਕੇ ਉਸ ਦਾ ਢਿੱਡ ਸਾਫ਼ ਹੋ ਗਿਆ ਪਿਛੋਂ ਗੁਰੂ ਜੀ ਨੇ ਕ੍ਰਿਪਾ ਕਰ ਪਾਸ ਬੈਠ, ਆਪਣਾ ਹੱਥ ਉਸ ਦੇ ਬਦਨ ਪਰ ਫੇਰ, ਸਿਤਕਾਰ ਕਰ, ਗਰਮ ਕੜਾਹ ਪ੍ਰਸਾਦ ਛਕਾਯਾ ਤਾਂ ਪ੍ਰਸੰਨ ਹੋ ਗਿਆ ਸੱਚ ਹੈ। (ਤੁਲਸੀ ਅਪਨੇ ਰਾਮ ਕੋ ਖੀਝ ਭਜੇ ਕੈ ਰੀਝ। ਉਲਟਾ ਸੁਲਟਾ ਜਾਮ ਹੈ ਜੋ ਸੁਖੇਤ ਮੇਂ ਬੀਜ।) ਜੈਸੇ ਰਾਮ ਕ੍ਰਿਸਨ ਦੇ ਖੁਸ਼ੀ ਨਾਲ ਭਗਤ ਤੇ ਗੁੱਸੇ ਨਾਲ ਸ਼ੱਤ੍ਰੂ ਮਾਰੇ ਹੋਏ ਬੈਕੁੰਠ ਗਏ ਤੈਸੇ ਬਾਬੇ ਬੁੱਢੇ ਜੀ ਦੇ ਗੁੱਸੇ ਨੇ ਭੀ ਵਜ਼ੀਰ ਖਾਂ ਦਾ ਭਲਾ ਕਰ ਦਿਖਾਯਾ। ਰਾਜ਼ੀ ਹੋ ਕੇ ਉਸ ਨੇ ਇਕ ਸਿੱਖ ਭਾਈ ਭਾਗੂ ਨਾਮ ਸੁਖਮਨੀ ਸੁਣਾਉਣ ਵਾਲਾ ਗੁਰੂ ਜੀ ਤੋਂ ਮੰਗ ਲੀਤਾ ਤੇ ਫੇਰ ਹਮੇਸ਼ ਉਸ ਤੋਂ ਸੁਖਮਨੀ ਸੁਣਦਾ ਰਿਹਾ ਤੇ ੧। ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾ ਕੇ ਛਕਾਉਂਦਾ ਰਿਹਾ। ਉਸ ਵਜ਼ੀਰ ਖਾਂ ਨੇ ਸੁਲਹੀ ਖਾਂ ਨੂੰ ਆਖ ਕੇ ਗੁਰੂ ਅਰਜਨ ਸਾਹਿਬ ਤੇ ਪ੍ਰਿਥੀ ਚੰਦ ਦਾ ਝਗੜਾ ਇਸ ਪ੍ਰਕਾਰ ਨਿਬੇੜਿਆ ਕਿ ਜੋ ਹਰੀ ਸੰਨਦ ਪਰਗਣੇ ਝਬਾਲ ਦੀ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੀ ਨਜ਼ਰ ਕੀਤੀ ਸੀ ਉਸ ਦੇ ਲਿਹਾਜ਼ ਨਾਲ ਸੰ: ੧੬੪੪ ਬਿ: ਨੂੰ ਚੌਦਾਂ ਹਜ਼ਾਰ (੧੪੦੦੦) ਵਿਘੇ ਜ਼ਿਮੀਨ ਹੇਰ ਤੇ ਕਲੇਰ ਦੋ ਪਿੰਡ ਮਾਫੀ ਪਰਗਣੇ ਲਾਹੌਰ ਵਿਚ ਪ੍ਰਿਥੀ ਚੰਦ ਨੂੰ ਬਾਦਸ਼ਾਹ ਤੋਂ ਦਿਵਾ ਦਿੱਤੀ ਤੇ ਗੁਰੂ ਚੱਕ ਦੀ ਮਾਲਕੀਯਤ ਤੇ ਸਿੱਖੀ ਸੇਵਕੀ ਸਭ ਗੁਰੂ ਅਰਜਨ ਜੀ ਪਾਸ ਰਹਿਣ ਦਿੱਤੀ। ਮਹਾਂਦੇਵ ਤੀਸਰਾ ਭਾਈ ਇਨ੍ਹਾਂ ਦਾ ਮਸਤ ਬ੍ਰਿਤੀ ਅਵਧੂਤ ਬਣਿਆ ਰਿਹਾ ਉਸ ਨੇ ਬਿਆਹ ਹੀ ਨਾ ਕਰਾਯਾ। — ਦੂਸਰੀ ਏਹ ਬਾਤ ਸੀ ਕਿ ਉਸ ਵਕ਼ਤ ਤਕ ਗੁਰੂ ਅਰਜਨ ਸਾਹਿਬ ਦੇ ਸੰਤਾਨ ਨਹੀਂ ਹੋਈ ਸੀ ਤੇ ਪ੍ਰਿਥੀ ਚੰਦ ਦਾ ਬੇਟਾ ਮਿਹਰਵਾਨ ਹਮੇਸ਼

Digitized by Panjab Digital Library | www.panjabdigilib.org

ਗੁਰੂਜੀਦੇ ਪਾਸ ਰਹਿੰਦਾ ਸੀ, ਏਸ ਕਰਕੇ ਪ੍ਰਿਥੀਚੰਦ ਸਮਝਦਾ ਸੀ ਕਿ ਏਨ੍ਹਾਂ ਤੋਂ ਪਿੱਛੋਂ ਮੇਰਾਹੀ ਬੇਟਾ ਮਾਲਕ ਬਣੇਗਾ।

ਸੰ: ੧੬੪੮ ਬਿ: ਨੂੰ ਵੈਸਾਖ ਮਹੀਨੇ ਬੀਬੀ ਭਾਨੀ ਜੀ ਤੇ ਭਾਈ ਗੁਰਦਾਸ ਆਦਿਕ ਸਿੱਖਾਂ ਦੇ ਬਹੁਤ ਪ੍ਰੇਰਨੇ ਕਰ ਜਦ ਗੁਰੂ ਅਰਜਨ ਸਾਹਿਬ ਨੇ ਦੂਸਰੀ ਸ਼ਾਦੀ ਕੀਤੀ ਤੇ ਉਸ ਵਿਚੋਂ ਸੰ: ੧੬੫੨ ਬਿ: ਵਿਚ ਹਰਿਗੋਬਿੰਦ ਫਰਜ਼ੰਦ ਗੁਰੂ ਸਾਹਿਬ ਦੇ ਘਰ ਪੈਦਾ ਹੋਏ ਤਾਂ ਫੇਰ ਪ੍ਰਿਥੀਚੰਦ ਨੂੰ ਫਿਕਰ ਪੈਦਾ ਹੋਯਾ ਤੇ ਅਨੇਕ ਤਰਾਂ ਦੇ ਉਪੱਦ੍ਰਵ ਉਠਾਵਨ ਲੱਗਾ। ਉਸ ਵਕ੍ਤ ਭੀ ਜੰਦ ਆਪਿ ਵਜ਼ੀਰਖਾਂ ਨੇ ਉਸ ਦੇ ਟਿਕਾਉਣ ਲਈ ਸੰ: ੧੬੫੩ ਵਿਚ ਜ਼ਿਲੇ ਫੀਰੋਜ਼ਪੁਰ ਮਾਲਵੇ ਦੇਸ ਦੀ ਅਠਾਰਾਂ ਹਜ਼ਾਰ ਵਿਘੇ ਜ਼ਮੀਨ ਪਿੰਡ ਕੋਠਾ ਨਾਮ ਪ੍ਰਿਥੀਚੰਦ ਨੂੰ ਆਬਾਦ ਕਰਵਾ ਦਿੱਤਾ ਸੀ ਪਰ ਪ੍ਰਿਥੀਚੰਦ ਨੂੰ ਮਤਸਰ ਦੀ ਅੱਗ ਨੇ ਐਸਾ ਤਪਾਕੇ ਲਾਲ ਲੋਹਾ ਕੀਤਾ ਜੋ ਮਰਦੇ ਤਕ ਠੰਢਾ ਨਾ ਹੋਯਾ। — ਹਰਿਗੋਬਿੰਦ ਜੀ ਦੇ ਮਾਰਨ ਵਾਸਤੇ ਅਨੇਕ ਜੰਤ੍ਰ ਮੰਤ੍ਰ ਉਪਾਇ ਕੀਤੇ। ਸਾਖੀਆਂ ਵਿਚ ਲਿਖਯਾ ਹੈ ਪਹਿਲੇ ਇਕ ਦਿਨ ਦੂਨੀ ਨਾਮ ਬ੍ਰਾਹਮਣ ਗੁਰੂਕੇ ਰਸੋਈਏ ਨੂੰ ਰਿਸ਼ਵਤ ਦੇਣੀ ਕਰਕੇ ਜ਼ਹਿਰ ਦਿਵਾਉਣਾ ਚਾਹਿਆ ਜਦ ਉਹ ਦਹੀਂ ਵਿਚ ਜ਼ਹਿਰ ਮਿਲਾ ਕੇ ਛਕਾਉਣ ਲੱਗਾ ਤਦ ਸਾਹਿਬਜ਼ਾਦੇ ਨੂੰ ਲੋੜ ਨਹੀਂ ਸੀ ਏਸ ਕਰਕੇ ਸਾਹਜ਼ਾਦਾ ਰੋਣ ਲਗ ਪਿਆ, ਗੁਰੂਜੀ ਨੇ ਰੋਣਾ ਸੁਣਕੇ ਆਪਣੇ ਪਾਸ ਬੁਲਾਯਾ, ਬ੍ਰਾਹਮਣ ਆਵੇ ਨਹੀਂ, ਗੁਰੂਜੀ ਨੂੰ ਸ਼ੱਕ ਹੋਯਾ ਤੇ ਦਹੀਂ ਕੁੱਤੇ ਨੂੰ ਪਾਈ ਤਾਂ ਕੁੱਤਾ ਮਰ ਗਿਆ ਤਾਂ ਬ੍ਰਾਹਮਣ ਨੇ ਸੱਚੋ ਸੱਚ ਗੱਲ ਕਹਿ ਸੁਣਾਯਾ ਤੇ ਆਪਣੇ ਕੀਤੇ ਪਰ ਸ਼ਰਮਿੰਦਾ ਹੋਯਾ। ਪ੍ਰਿਥੀਚੰਦ ਭੀ ਨਮੋਸ਼ੀ ਦਾ ਮਾਰਿਆ ਕਈ ਦਿਨ ਘਰੋਂ ਬਾਹਰ ਨਾ ਨਿਕਲਿਆ ਤੇ ਬ੍ਰਾਹਮਣ ਭੀ ਹੈਜ਼ੇ ਨਾਲ ਮਰ ਗਿਆ।

ਫੇਰ ਪ੍ਰਿਥੀਚੰਦ ਨੇ ਡਾਇਣ ਸਦਾਈ ਉਸਦੀ ਖਬਰ ਸੁਣਕੇ ਗੁਰੂਜੀ ਨੇ ਏਹ ਸ਼ਬਦ ਬਾਲਕੇ ਗਲ ਬੰਧਵਾ ਦਿੱਤਾ ਯਥਾ (ਗੋਂਡ ਮਹਲਾ ੫ ਨਾਮ ਨਿਰੰਜਨ ਨੀਰ ਨਰਾਯਣ ॥ਰਸਨਾ ਸਿਮਰਤ ਪਾਪ ਬਿਲਾਯਣ॥੧॥ਰਹਾਉ॥ ਨਾਰਾਯਣ ਸਭ ਮਾਹਿ ਨਿਵਾਸ ॥ਨਾਰਾਯਣ ਘਟ ਘਟ ਪਰਗਾਸ॥ਨਾਰਾਯਣ ਕਹਤੇ ਨਰਕ ਨ ਜਾਹਿ॥ਨਾਰਾਯਣ ਸੇਵ ਸਗਲ ਫਲ ਪਾਹਿ॥੧॥ਨਾਰਾਯਣ ਮਨ ਮਾਹਿ ਅਧਾਰ॥ਨਾਰਾਯਣ ਬੋਹਿਥ ਸੰਸਾਰ॥ਨਾਰਾਯਣ ਕਹਤ ਜਮੁ ਭਾਗਿ ਪਲਾਇਣ॥ਨਾਰਾਯਣ ਦੰਤ ਭਾਨੇ ਡਾਇਣ॥੨ ॥ਨਾਰਾਯਣ ਸਦ ਸਦ ਬਖਸਿੰਦ॥ਨਾਰਾਯਣ ਕੀਨੇ ਸੂਖ ਅਨੰਦ॥ਨਾਰਾਯਣ ਪ੍ਰਗ

Digitized by Panjab Digital Library | www.panjabdigilib.org

ਟ ਕੀਨੋ ਪ੍ਰਤਾਪਾ। ਨਾਰਾਇਣ ਸੰਤ ਕੋ ਮਾਈ ਬਾਪਾ। ੩। ਨਾਰਾਇਣ ਸਾਧ ਸੰਗ ਨਾਰਾ
ਇਣਾ। ਬਾਰੰ ਬਾਰ ਨਾਰਾਇਣ ਗਾਇਣਾ। ਬਸਤ ਅਗੋਚਰ ਗੁਰ ਮਿਲ ਲਹੀ। ਨਾਰਾ
ਇਣ ਓਟ ਨਾਨਕ ਦਾਸ ਗਹੀ। ੪।) ਡਾਇਣ ਬਾਲਕ ਨੂੰ ਕੁਛ ਨਾ ਕਰ ਸਕੀ। ਫੇਰ
ਪ੍ਰਿਥੀਚੰਦ ਨੇ ਇਕ ਕਾਲਾ ਸਰਪ ਹਰਿਗੋਬਿੰਦ ਸਾਹਿਬ ਪਰ ਛੁਡਾਯਾ ਪਰ ਉਸਨੇ
ਭੀ ਚੋਟ ਨਾ ਕੀਤੀ। ਬਾਲਕ ਬਚਿਆ ਰਿਹਾ। — ਉਨ੍ਹਕ ਰੋਜ਼ ਰੋਜ਼ ਦੇ ਕਲੇਸ਼ਾਂ ਤੋਂ ਬ
ਚਣ ਲਈ ਗੁਰੂ ਸਾਹਿਬ ਅੰਮ੍ਰਿਤਸਰ ਛੱਡ ਕੇ ਵਡਾਲੀ ਪਿੰਡ ਜੋ ਉਥੋਂ ੪ ਕੋਸ ਪੱਛਮ
ਵਲ ਹੈ ਉਥੇ ਜਾ ਠਹਿਰੇ। ਤਦ ਹੀ ਗੁਰੂ ਜੀ ਨੇ ਉਥੇ ਇਕ ਬਹੁਤ ਵੱਡਾ ਖੂਹ ਸੰ: ੧੬੫੪
ਬਿ: ਵਿਚ ਬਣਾਯਾ ਜੋ ਹੁਣ ਛੇਹਰਟਾ ਮਸ਼ਹੂਰ ਹੈ। ਪ੍ਰਿਥੀਚੰਦ ਨੇ ਉਥੇ ਭੀ ਇੱਕ ਚੋਟ ਚ
ਲਵਾਈ। ਇਕ ਸੋਭੀ ਨਾਮ ਦਾਈ ਨੂੰ ਪੰਜ ਸੌ ਰੁਪਯਾ ਦੇਣਾ ਕਰ ਕੇ ਮੰਮਿਆਂ ਨੂੰ ਜ਼ਹਿਰ ਲਾ
ਕੇ ਭੇਜਿਆ। ਉਸ ਦਾਈ ਨੇ ਗੁਰੂ ਸਾਹਿਬ ਨੂੰ ਖਿਡਾਉਣ ਦੇ ਬਹਾਨੇ ਗੋਦ ਵਿਚ ਲੈ ਲੀਤਾ ਤੇ
ਮਾਤਾ ਗੰਗਾ ਦੀ ਅੱਖ ਬਚਾਇ ਕਰ ਜਦ ਮੂੰਹ ਵਿਚ ਮੰਮਾ ਦੇਣ ਲੱਗੀ ਤਾਂ ਗੁਰੂ ਸਾਹਿਬ
ਰੁਦਨ ਕਰਨ ਲਗ ਪਏ ਤੇ ਮੰਮਾ ਨਾ ਪੀਤਾ। ਅਤੇ ਓਹ ਵਿਸ ਉਸੇ ਨੂੰ ਚੜ੍ਹ ਗਈ ਤਾਂ ਸਾ
ਰੀ ਕਰਤੂਤ ਪ੍ਰਿਥੀਚੰਦ ਦੀ ਦੱਸ ਕੇ ਉਸੇ ਘੜੀ ਮਰ ਗਈ।

ਗੁਰੂ ਸਾਹਿਬ ਤਾਂ ਭੋਲੇ ਭਾਲੇ ਸੰਤ ਸੁਭਾਵ ਸੇ ਪਰਮੇਸ੍ਵਰ ਉੱਤੇ ਡੋਰੀ ਰੱਖ ਕੇ ਚੁਪ ਕਰ
ਰਹੇ। ਪਰ ਪ੍ਰਿਥੀਚੰਦ ਤਾਂ ਬਹੁਤ ਉਪੱਦ੍ਰਵੀ ਕਲਜੁਗ ਦਾ ਰੂਪ ਸੀ ਫੇਰ ਚੁਗਲੀ ਕਰਕੇ
ਹਾਕਮ ਨੂੰ ਚੜ੍ਹਾ ਲਿਆਯਾ ਤੇ ਉਲਟਾ ਦਾਈ ਦੇ ਖੂਨ ਦਾ ਮੁਕੱਦਮਾ ਕਰ ਦਿੱਤਾ ਤੇ ਓਧਰੋ
ਆਪਣੇ ਬੇਟੇ ਮਿਹਰਵਾਨ ਨੂੰ ਗੁਰੂ ਸਾਹਿਬ ਦਾ ਮੁਤਬੰਨਾ ਠਹਿਰਾਇ ਕਰ ਅੱਧੀ ਗੁਰੁਸਿੱ
ਖੀ ਦੇ ਵੰਡਾਉਣ ਦਾ ਦਾਵਾ ਕਰਾਇ ਦਿੱਤਾ। ਸੁਲਹੀ ਖਾਂ ਹਾਕਮ ਲਾਹੌਰ ਨੂੰ ਪਹਿਲੇ ਹੀ
ਉਸਨੇ ਆਪਣਾ ਮਦਦਗਾਰ ਬਣਾ ਲਿਆ ਸੀ ਉਸਨੇ ਜ਼ੋਰ ਦੇ ਕੇ ਸੰ: ੧੬੫੫ ਬਿ: ਵਿ
ਚ ਗੁਰੂ ਜੀ ਦੇ ੨੨ ਮਸੰਦਾਂ ਵਿਚੋਂ ਇਕ ਸੁੱਚਾ ਨਾਮੀ ਜੋ ਅਟਕੋਂ ਪਾਰ ਬੰਨੂੰ ਟਾਂਕ ਦੇ ਪਰ
ਗਣੇ ਦਾ ਤੇ ਦੂਸਰਾ ਸੂਜਾ ਧਨੀ ਘੇਬ ਦੇਸ ਦਾ, ਤੀਸਰਾ ਪੰਜੂ ਬਾਰ ਸਿਆਲਾਂ ਦਾ ਤੇ ਅੱ
ਧਾ ਭੂੰਦੜ ਜੱਟ ਮਾਲਵੇ ਦੇਸ ਦਾ ਏਹ ਸਾਢੇ ਤਿੰਨ ਮਸੰਦ ਪ੍ਰਿਥੀਚੰਦ ਦੇ ਬੇਟੇ ਮਿਹਰਵਾਨ
ਦੇ ਨਾਮ ਗੁਰੂ ਸਾਹਿਬ ਤੋਂ ਲਿਖਵਾ ਲਏ। ਜਦ ਪ੍ਰਿਥੀਚੰਦ ਦੀ ਕਰਤੂਤ ਤੇ ਏਸ ਫੈਸਲੇ
ਦੀ ਖਬਰ ਦੇਸ ਪਰਦੇਸ ਦੇ ਸਿੱਖਾਂ ਨੂੰ ਹੋਈ ਤਾਂ ਸਭ ਪ੍ਰਿਥੀਚੰਦ ਵਲੋਂ ਬਿਗੜ ਬੈਠੇ ਐਥੋਂ ਤ
ਕ ਕਿ ਪ੍ਰਿਥੀਚੰਦ ਨੂੰ ਘਰੋਂ ਬਾਹਰ ਨਿਕਲਨਾ ਮੁਸ਼ਕਿਲ ਹੋ ਗਿਆ ਆਖਰ ਤੁਰਕਾਂ

Digitized by Panjab Digital Library | www.panjabdigilib.org

ਦਾ ਆਰੰਭ ਹੋਇਆ ਸੁਣੀਦਾ ਹੈ ਕਿ ਸੰ:੧੬੫ ਪਹਿਲੇ ਅੰਮ੍ਰਿਤਸਰੋਂ ਉਜੜ ਕੇ ਹੇਹਰ
ਪਿੰਡ ਪਰਗਨੇ ਲਾਹੌਰ ਜਾ ਵਸਿਆ ਜੇਹੜੀ ਦੌਲਤ ਉਸਦੇ ਪਾਸ ਗੁਰੂ ਰਾਮਦਾਸ ਦੇ
ਵਕਤ ਦੀ ਸੀ ਉਹ ਖਰਚ ਕੇ ਪੱਕੇ ਮਕਾਨ ਤੇ ਇਕ ਤਾਲਾਉ ਮੰਦਰ ਅੰਮ੍ਰਿਤਸਰ ਜੈਸਾ
ਤੇ ਪਾਠ ਕਰਣ ਕੇ ਪੋਥੀਆਂ ਫੇਰ ਦਿੱਤੀਆਂ ਕਿ ਹੇਹਰ ਪਿੰਡ ਵਿਚ ਸ੍ਰੀ ਅੰਮ੍ਰਿਤਸਰ
ਪ੍ਰਗਟ ਹੋਇਆ ਹੈ। ਏਹ ਬਾਤ ਸੁਣਕੇ ਗੁਰੂ ਅਰਜਨ ਸਾਹਿਬ ਨੇ ਫੁਰਮਾਯਾ ਕਿ ਪ੍ਰਿਥੀ
ਚੰਦ ਨੇ ਗੁਰੂ ਰਾਮਦਾਸ ਦੀ ਬਰਾਬਰੀ ਕੀਤੀ ਹੈ, ਉਸ ਤਾਲ ਵਿਚ ਕਦੇ ਪਾਣੀ ਨਾ ਰਹੇਗਾ
। ਪ੍ਰਿਥੀ ਚੰਦ ਨੇ ਬਹੁਤੇਰੇ ਜਤਨ ਕੀਤੇ ਪਰ ਉਸ ਤਾਲ ਵਿਚ ਹੁਣ ਤਕ ਕਦੇ ਜਲ ਨਹੀਂ ਠ
ਹਰਿਆ। —— ਜਦ ਪ੍ਰਿਥੀ ਚੰਦ ਹੇਹਰ ਪਿੰਡ ਚਲਾ ਗਿਆ ਤਾਂ ਬਾਬੇ ਬੁੱਢੇ ਆਦਿ
ਕ ਸਿੱਖ ਮਿਲਕੇ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਲੈ ਆਏ। ਉਸ ਵਕਤ ਅਕਬਰ ਬਾ
ਦਸ਼ਾਹ ਦੇ ੨੨ ਸੂਬਿਆਂ ਦੀ ਤਰਾਂ ਗੁਰੂ ਸਾਹਿਬ ਦੇ ਭੀ ੨੨ ਮਸੰਦ ਸਿੱਖਾਂ ਤੋਂ ਕਾਰ ਭੇਟ ਉ
ਗਰਾਹੀ ਵਾਸਤੇ ਸਾਰੇ ਮੁਲਕ ਵਿਚ ਕਾਇਮ ਹੋ ਰਹੇ ਸੇ, ਬਹੁਤ ਰੁਪਯਾ ਨਜ਼ਰ ਭੇਟਾ, ਦ
ਸਵੰਧ, ਗੁਰੂ ਕੇ ਖਜ਼ਾਨੇ ਵਿਚ ਆਵਣ ਲੱਗਾ। — ਇਕ ਦਿਨ ਗੁਰੂ ਸਾਹਿਬ ਨੇ ਵਿਚ
ਰ ਕੀਤਾ ਜਿਤਨੇ ਮਜ਼ਹਬ, ਪੰਥ, ਦੁਨੀਆਂ ਵਿਚ ਹਨ ਸਬਨਾ ਦੇ ਅਚਾਰਯਾਂ ਨੇ ਮਜ਼ਹਬ
ਧਰਮ ਦੀ ਕਾਯਮੀ ਤੇ ਉੱਨਤੀ ਵਾਸਤੇ ਇੱਕ ੨ ਪੋਥੀ ਰਚਕੇ ਆਪਣੇ ਸੇਵਕਾਂ ਦਾ ਨਿਸ਼ਚ
ਉਸਦੇ ਬਚਨਾਂ ਉੱਤੇ ਰਖਾਉਣ ਵਾਸਤੇ ਉਸਨੂੰ ਪਰਮੇਸ਼ੁਰ ਦੀ ਤਰਫੋਂ ਪ੍ਰਗਟ ਹੋਈ ਬਤ
ਯਾ ਹੈ ਕਿਉਂਕੇ ਪਰਮੇਸ਼ੁਰ ਦੀ ਆਗਯਾ ਸਭ ਨੂੰ ਮੰਨਣੀ ਪੈਂਦੀ ਹੈ ਤੇ ਪੋਥੀ ਮਜ਼ਹਬ ਦੀ
ਜੜ੍ਹ ਹੈ, ਪੁਸਤਕ ਬਿਨਾ ਮਜ਼ਹਬ ਕਾਯਮ ਨਹੀਂ ਰਹ ਸਕਦਾ ਜੈਸੇ ਮੂਸਾ ਨੇ ਤੌਰੇਤ, ਹਜ਼ਰ
ਤ ਈਸਾ ਨੇ ਅੰਜੀਲ, ਜ਼ਰਤੁਸ਼ਤ ਨੇ ਦਸਾਤੀਰ, ਮੁਹੰਮਦ ਸਾਹਿਬ ਨੇ ਕੁਰਾਨ, ਹਿੰਦੂ
ਆਂ ਦੇ ਬੇਦ ਬਣੇ ਹੋਏ ਹਨ ਤੈਸੇ ਗੁਰੂ ਨਾਨਕ ਸਾਹਿਬ ਦਾ ਭੀ ਬਚਨ ਹੈ (ਜੈਸੀ ਮੈ ਆ
ਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ। ਪੁਨਹ - ਜੋ ਬੋਲਾਏ ਤੈ ਤਿ
ਉ ਨਾਨਕ ਦਾਸ ਬੋਲੈ) ਇੱਤਿਆਦਿਕ ਬਚਨਾਂ ਤੋਂ ਸਹੀ ਹੁੰਦਾ ਹੈ ਕਿ ਗੁਰੂ ਸਾਹਿਬਾਂ ਨੇ
ਅਕਾਲ ਪੁਰਖ ਦੇ ਹੁਕਮ ਨਾਲ ਬਾਣੀ ਰਚੀ ਹੈ ਤਾਂਤੇ ਐਸੀ ਅਤੀ ਉੱਤਮ ਬਾਣੀ ਨੂੰ
ਜਮਾ ਕਰਕੇ ਇਕ ਪੁਸਤਕ ਕਾਯਮ ਕਰ ਦੇਣਾ ਚਾਹੀਏ ਜਿਸਦੇ ਪੜ੍ਹਨੇ, ਸੁਣਨੇ, ਮੰਨ
ਣੇ, ਪੂਜਣੇ ਕਰ ਅਨੰਤ ਜੀਵਾਂ ਦੀ ਕੱਲਯਾਣ ਹੁੰਦੀ ਰਹੇਗੀ। ਏਹ ਨਿਸ਼ਚੇ ਬਾਂਧ ਕੇ ਗੁ
ਰੂ ਅਰਜਨ ਸਾਹਿਬ ਨੇ ਪਿਛਲੇ ਚੌਹਾਂ ਗੁਰੂਆਂ ਦੀ ਬਾਣੀ ਸੰਗ੍ਰਹ ਕਰ ਰਾਮਸਰ

Digitized by Panjab Digital Library | www.panjabdigilib.org

ਤੀਰਥ ਦੇ ਕਿਨਾਰੇ ਤੰਬੂ ਕਨਾਤ ਲਗਾਕਰ ਅੰਦਰ ਬੈਠ ਕੇ ਗੁਰੂ ਜੀ ਬੋਲਦੇ ਰਹਨ ਤੇ ਬਾਹਰ ਕਨਾਤੋਂ ਭਾਈ ਗੁਰਦਾਸ ਜੀ ਲਿਖਦੇ ਰਹੇ, ਹਰਰੋਜ਼ ਅੰਮ੍ਰਿਤ ਵੇਲੇ ਦੋ ਪਹਿਰ ਤਕ ਬਾਣੀ ਲਿਖਦੇ ਲਿਖਾਂਦੇ, ਫੇਰ ਲੰਗਰ ਵਰਤਾਇ ਕਰ ਪਿਛਲੇ ਪਹਿਰ ਸਭਾ ਲਾ ਕਰ ਕੀਰਤਨ ਸੁਣਨ ਤੇ ਸਿੱਖਾਂ ਨੂੰ ਉਪਦੇਸ਼ ਦਰਸ਼ਨ ਦੇਕੇ ਨਿਹਾਲ ਕਰਨਾ।

ਪਹਿਲੇ ਹਰਇਕ ਰਾਗ ਰਾਗਣੀ ਵਿਚ ਗੁਰੂ ਨਾਨਕ ਜੀ ਦੀ ਬਾਣੀ ਫੇਰ ਦੂਸਰੇ ਤੀਸਰੇ ਚੌਥੇ ਗੁਰੂ ਦੀ ਤੇ ਅਪਣੀ ਬਾਣੀ ਲਿਖਾਇ ਕਰ ਪੀਛੇ ਭਗਤਾਂ ਦੀ ਲਿਖਾ ਕੇ ਰਾਗ ਰਾਗਣੀ ਪੂਰੀ ਕਰਦੇ। ਅਤੇ ਸਭਨਾਂ ਗੁਰੂਆਂ ਨੇ ਆਪਣੀ ੨ ਬਾਣੀ ਵਿਚ ਨਾਮ ਨਾਨਕ ਹੀ ਲਿਖਿਆ ਹੈ ਇਸ ਵਾਸਤੇ ਇਨ੍ਹਾਂ ਨੇ ਬਾਣੀ ਦੀ ਪਛਾਣ ਲਈ ਮਹਲਾ ੧, ਮਹਲਾ ੨ ਮਹਲਾ ੩ ਮਹਲਾ ੪ ਮਹਲਾ ੫ ਐਸੇ ਲਿਖ ਦਿੱਤਾ। ਅਤੇ ਕਬੀਰ[੧], ਫਰੀਦ[੨], ਨਾਮਦੇਵ[੩], ਧੰਨਾ[੪], ਸਧਨਾ[੫], ਸੈਣ[੬], ਪੀਪਾ[੭], ਰਵਿਦਾਸ[੮], ਪਰਮਾਨੰਦ[੯], ਮੀਰਾਂ ਬਾਈ[੧੦], ਸੂਰਦਾਸ[੧੧], ਬੇਣੀ[੧੨], ਤ੍ਰਿਲੋਚਨ[੧੩], ਜੈਦੇਵ[੧੪], ਰਾਮਾਨੰਦ[੧੫] ਆਦਿਕ ਭਗਤ ਤੇ ੧੭ ਭੱਟ[੩੨], ਸੱਤਾ[੩੩], ਬਲਵੰਡ[੩੪], ਸੁੰਦਰ[੩੫], ਜਮਾਲ[੩੬], ਪ੍ਰਤਿਗ[੩੭], ਸਿਮਨ[੩੮], ਮੂਸਨ[੩੯], ਈਸਰ[੪੦], ਗੋਰਖ[੪੧], ਭਰਥਰੀ[੪੨], ਗੋਪੀਚੰਦ[੪੩], ਦੱਤ ਗੁਰੂ[੪੯], ਧੂਨਾ ਗੁਰੂ ਹਰਿਗੋਬਿੰਦ[੫੦] ਸਾਹਿਬ ਦੀਆਂ, ਰਾਗਮਾਲਾ ਆਲਮ ਦੀ[੫੧] ਇਹ ਨਾਂ ਇਕਵੰਜਾ ਸਤ ਪੁਰਖਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਹੈ। ਅਸਲ ਵਿਚ ਮੁੰਦਾਵਣੀ ਨਾਮ ਬਾਣੀ ਲਿਖਾ ਕੇ ਗੁਰੂ ਜੀ ਨੇ ਸਮਾਪਤੀ ਦੀ ਮੁਹਰ ਲਾ ਦਿੱਤੀ ਸੀ ਤੇ ਨੌਮੇ ਗੁਰੂ ਜੀ ਦੇ ਸਬਦਾਂ ਵਾਸਤੇ ਪਹਿਲੇ ਹੀ ਅਨੇਕ ਜਗਾ ਕੋਰੇ ਪੱਤ੍ਰੇ ਛੱਡੇ ਗਏ ਸੀ ਜੋ ਭਾਈ ਮਨੀ ਸਿੰਘ ਜੀ ਨੇ ਗੁਰੂ ਕੇ ਹੁਕਮ ਨਾਲ ਚੜ੍ਹਾਏ ਹਨ। — ਰਾਗਮਾਲਾ ਆਲਮ ਕਵੀ ਦੀ ਰਚੀ ਹੋਈ ਮਾਧਵਾ ਨਲ ਪੋਥੀ ਵਿਚ ਸੰਮਤ ੧੫੭੧ ਬਿ: ਦੀ ਮੌਜੂਦ ਹੈ ਜੋ ਗ੍ਰੰਥ ਸਾਹਿਬ ਦੀ ਬੀੜ ਤੋਂ ੯੧ ਬਰਸ ਪਹਿਲੇ ਲਿਖੀ ਹੋਈ ਹੈ ਸੋ ਮਾਲੂਮ ਹੁੰਦਾ ਹੈ ਜੈਸੇ ਭਗਤਾਂ ਦੀ ਬਾਣੀ ਪਸੰਦ ਕਰਕੇ ਉਨ੍ਹਾਂ ਦੀਆਂ ਪੋਥੀਆਂ ਤੇ ਲਿਖਾਈ ਹੈ ਤੈਸੇ ਮੁੰਦਾਵਣੀ ਤੋਂ ਪਿਛੋਂ ਪਸੰਦ ਹੋਣੇ ਕਰਕੇ ਰਾਗਮਾਲਾ ਭੀ ਲਿਖਾਈ ਹੋਵੇਗੀ। ਅਤੇ ਭਗਤਾਂ ਦੀ ਬਾਣੀ ਵਿਚ ਤਾਂ ਕਿਸੇ ੨ ਜਗਾ ਪੂਰਬੀ ਬੋਲੀ ਬਦਲਾ ਦਿੱਤੀ ਹੈ ਪਰ ਰਾਗਮਾਲਾ ਵਿਚ ਇੱਕ ਅੱਖਰ ਨਹੀਂ ਬਦਲਿਆ। ਕੋਈ ਆਖਦੇ ਹਨ ਕੇ ਭਗਤ ਆਪ ਆਕੇ ਬਾਣੀ ਲਿਖਾਉਂਦੇ ਰਹੇ ਹਨ ਸੋ ਬੈਕੁੰਠ ਤੋਂ ਆਕੇ ਬੇਸ਼ਕ ਲਿਖਾਈ ਹੋਵੇ ਅਸਬੂਲ ਦੇਹ ਉਸ ਵਕਤ ਉਨ੍ਹਾਂ ਦੇ ਨਹੀਂ ਸਨ ਸੋ ਇਸ ਗੱਲ ਮੰਨਣ ਨਾਲੋਂ ਪੋਥੀਆਂ ਉੱਤੋਂ ਲਿਖ ਲਈ ਮੰਨ ਲੈਣੀ ਅੱਛੀ ਹੈ। — ਇਸੇ ਤਰਾਂ ਸੰ: ੧੬੫੯ ਬਿ: ਤੇ ਅਰੰਭ ਕਰਕੇ 1659 Samb

Digitized by Panjab Digital Library | www.panjabdigilib.org

1661 ੧੬੬੧ ਬਿ: ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਧੀ ਗਈ। ਜਿਲਦ ਬੰਧਾਉ
ਣ ਵਾਸਤੇ ਭਾਈ ਬੰਨੋ ਨਾਮ ਭਾਈ ਦੇ ਸਿੱਖ ਨੂੰ ਲਾਹੌਰ ਭੇਜਿਆ ਉਸਨੇ ਦੂਸਰਾ ਉਤਾਰਾ ਕਰ
ਕੇ ਉਸ ਵਿਚ ਰਤਨਮਾਲਾ ਆਦਿਕ ਹੋਰ ਅਧਿਕ ਬਾਣੀ ਗੁਰੂ ਨਾਨਕ ਸਾਹਿਬ ਦੀ ਲਿ
ਖਾ ਦਿੱਤੀ ਜਿਸ ਕਰਕੇ ਗੁਰੂ ਸਾਹਿਬ ਨੇ ਉਸਨੂੰ ਖਾਰੀ ਬੀੜ ਬਰਨ ਕੀਤਾ। ਉਹ ਗ੍ਰੰਥ ਸਾ
ਹਿਬ ਹੁਣ ਸਾਹਪੁਰ ਦੇ ਜ਼ਿਲੇ ਮਾਂਗਟ ਪਿੰਡ ਭਾਈ ਬੰਨੋ ਦੀ ਸੰਤਾਨ ਪਾਸ ਹੈ। ਤੇ ਭਾਈ ਗੁ
ਰਦਾਸ ਦਾ ਲਿਖਿਆ ਹੋਯਾ ਆਦ ਗ੍ਰੰਥ ਸਾਹਿਬ ਕਰਤਾਰਪੁਰ ਸੋਢੀ ਸਾਹਿਬਾਂ ਪਾਸ ਹੈ।
ਸਾਰੀ ਕਥਾ ਏਨ੍ਹਾਂ ਦੀ ਪੰਜਵੇਂ ਹਿੱਸੇ ਵਿਚ ਹੈ।

ਜਦ ਭਾਈ ਬੰਨੋ ਲਾਹੌਰ ਤੋਂ ਜ਼ਿਲਦ ਬੰਧਵਾ ਕੇ ਲਿਆਯਾ ਤਾਂ ਗੁਰੂ ਸਾਹਿਬ ਨੇ ਬਹੁਤ ਸਿੰ
ਖਾਂ ਸਮੇਤ ਗਾਜੇ ਬਾਜੇ ਬਜਾ ਕੇ ਬਡੇ ਉਤਸ਼ਾਹ ਤੇ ਅਦਬ ਨਾਲ ਅੱਗੇ ਜਾ ਕੇ ਗੁਰੂ ਗ੍ਰੰ
ਥ ਸਾਹਿਬ ਜੀ ਨੂੰ ਲਿਆਂਦਾ ਤੇ ਦਰਬਾਰ ਅੰਮ੍ਰਿਤਸਰ ਸਾਹਿਬ ਵਿਚ ਪ੍ਰਕਾਸ਼ ਕੀਤਾ ਅਤੇ
ਬਾਬੇ ਬੁੱਢੇ ਜੀ ਨੂੰ ਤਾਬੇ ਬੈਠਾਯਾ, ਸਬ ਸਿੱਖਾਂ ਨੇ ਪੂਜਨ ਕੀਤਾ, ਬੇਅੰਤ ਦੌਲਤ ਚੜ੍ਹੀ।
ਤਦ ਭਾਈ ਬੰਨੋ ਨੇ ਦੂਸਰਾ ਗ੍ਰੰਥ ਸਾਹਿਬ ਭੀ ਗੁਰੂ ਜੀ ਨੂੰ ਦਿਖਾਯਾ। ਗੁਰੂ ਜੀ ਨੇ ਫੁਰਮਾਯਾ
ਭਾਈ ਬੰਨੋ ਜੇਕਰ ਇੱਕੋ ਹੀ ਗ੍ਰੰਥ ਸਾਹਿਬ ਬਣਿਆ ਰਹਿੰਦਾ ਤਾਂ ਸਾਰਾ ਜਗਤ ਏਸੇ ਨੂੰ ਪੂ
ਜਦਾ ਹੁਣ ਤੈਂ ਰੀਸ ਪਾ ਦਿਤੀ ਹੈ, ਅੱਗੇ ਨੂੰ ਘਰ ਘਰ ਗ੍ਰੰਥ ਸਾਹਿਬ ਹੋ ਜਾਵੇਗਾ। ਸੋ ਏਹ
ਬਚਨ ਹੁਣ ਗੁਰੂ ਮਹਾਰਾਜ ਦਾ ਪ੍ਰਤੱਖ ਦੇਖੀਦਾ ਹੈ। ਉਸ ਸਮੇ ਗੁਰੂ ਜੀ ਦੀ ਸਿੱਖੀ ਕਾਬੁ
ਲ, ਕੰਧਾਰ, ਸਿੰਧ, ਪੋਠੋਹਾਰ, ਪਸ਼ਾਵਰ, ਕਾਸ਼ਮੀਰ, ਮੁਲਤਾਨ, ਮਾਲਵੇ ਹਿੰਦੁਸਤਾਨ ਵਿਚ
ਬਹੁਤ ਦੂਰ ੨ ਤਕ ਫੈਲ ਗਈ ਸੀ। ਤੇ ਗੁਰੂ ਦੀ ਕਾਰ ਭੇਟ ਉਗਰਾਹੀ ਵਾਸਤੇ ਜੋ ਥਾਈਂ ਮਸੰ
ਦ ਕਾਯਮ ਕੀਤੇ ਗਏ ਸੇ ਉਨ੍ਹਾਂ ਨੇ ਭੀ ਕੰਮ ਨਿਬਾਹੁਣ ਲਈ ਆਪਣੇ ਅਗੇ ਦੋ ੨ ਮਸੰਦ ਪੰ
ਜ ੨ ਮੇਊੜੇ ਹੋਰ ਕਰ ਛੱਡੇ ਸੇ, ਉਸੇ ਸਮੇ ਚੰਦੂ ਲਾਲ ਖੱਤ੍ਰੀ ਸ਼ਾਹੀ ਕਲਾਨੌਰ ਵਾਲਾ ਜੋ
ਅਕਬਰ ਬਾਦਸ਼ਾਹ ਦਾ ਨਾਯਬ ਦੀਵਾਨ ਦਿੱਲੀ ਵਿਚ ਰਹਿੰਦਾ ਸੀ, ਉਸਨੇ ਆਪਣੀ ਬੇਟੀ
ਦੀ ਕੁੜਮਾਈ ਪੰਜਾਬ ਵਿਚ ਕਰਨ ਵਾਸਤੇ ਲਾਗੀਆਂ ਨੂੰ ਭੇਜਿਆ ਕੇ ਘਰ ਵਰ ਦੇਖ ਆਉ
। ਉਹ ਲਾਗੀ ਗੁਰੂ ਸਾਹਿਬ ਦੇ ਫਰਜ਼ੰਦ ਗੁਰੂ ਹਰਿਗੋਬਿੰਦ ਜੀ ਨੂੰ ਪਸੰਦ ਕਰ ਗਏ, ਸ
ਗਨ ਤੋਰਣ ਲੱਗੇ ਚੰਦੂ ਲਾਲ ਨੇ ਹੰਕਾਰ ਨਾਲ ਬ੍ਰਾਮਣ ਨੂੰ ਆਖਿਆ ਚੁਬਾਰੇ ਦੀ ਇੱਟ
ਮੋਰੀ ਨੂੰ ਲਾਂਉਂਦੇ ਹੋ ਪਰ ਇਕ ਬਾਤ ਚੰਗੀ ਹੈ ਮੇਰੀ ਬੇਟੀ ਨੂੰ ਲਾਖਾਂ ਸਿੱਖ ਮਾਤਾ ਸਾਹਿਬ
ਆਖਿਆ ਕਰਨਗੇ, ਜਾਓ ਸਾਕ ਕਰ ਆਓ। — ਸੰ: ੧੬੫੮ ਬਿ: ਨੂੰ ਜਦ ਉਸ ਦੇ

Digitized by Panjab Digital Library | www.panjabdigilib.org

ਲਾਗੀ ਅੰਮ੍ਰਿਤਸਰ ਆਏ ਤਦ ਉਸੇ ਦਿਨ ਦਿਲਵਾਲੀ ਸਿੱਖਾਂ ਨੇ ਚੰਦੂ ਦੇ ਕੁਬੋਲ ਲਿਖ ਕੇ ਭੇਜ ਦਿੱਤੇ ਤੇ ਅਰਜ਼ ਕੀਤੀ ਮਹਾਰਾਜ ਆਪ ਨੇ ਇਸ ਹੰਕਾਰੀ ਦਾ ਸਾਕ ਨਹੀਂ ਲੈਣਾ। ਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਮੰਨ ਕੇ ਉਸ ਦਾ ਸਗਨ ਮੋੜ ਦਿੱਤਾ।

ਇਸ ਗੱਲੋਂ ਚੰਦੂ ਲਾਲ ਆਪਣੀ ਬੇਇੱਜ਼ਤੀ ਤੇ ਨਿਰਾਦਰੀ ਸਮਝ ਕੇ ਗੁਰੂ ਸਾਹਿਬ ਦਾ ਦੁਸ਼ਮਣ ਬਨ ਬੈਠਾ। ਇਸ ਬ੍ਰਿਤਾਂਤ ਨੂੰ ਸੁਣ ਕੇ ਪ੍ਰਿਥੀ ਚੰਦ ਭੀ ਬਾਗ਼ ੨ ਹੋ ਕੇ ਅਨੇਕ ਦਾਉ ਘਾਉ ਗਿਣਦਾ ਹੋਯਾ ਚੰਦੂ ਲਾਲ ਪਾਸ ਜਾ ਪਹੁੰਚਿਆ। ਚੰਦੂ ਲਾਲ ਦਾ ਦੋਸਤ ਫੌਜਦਾਰ ਸੁਲੱਬੀ ਖਾਂ ਤੇ ਪ੍ਰਿਥੀ ਚੰਦ ਦਾ ਦੋਸਤ ਸੁਲਹੀ ਖਾਂ ਇਨ੍ਹਾਂ ਚੌਹਾਂ ਦੀ ਚੰਡਾਲ ਚੌਕੜੀ ਨੇ ਸਲਾਹ ਕਰਕੇ ਗੁਰੂ ਚੱਕ ਦੀ ਵਿਰਾਸਤ ਵੰਡਾਉਣ ਵਾਸਤੇ ਪ੍ਰਿਥੀ ਚੰਦ ਤੋਂ ਗੁਰੂ ਸਾਹਿਬ ਉੱਤੇ ਦਾਵਾ ਕਰਵਾਇ ਦਿੱਤਾ ਤੇ ਸੁਲਹੀ ਖਾਨ ਹਾਕਮ ਲਾਹੌਰ ਦੇ ਨਾਮ ਹੁਕਮ ਲਿਖਵਾ ਕੇ ਭੇਜਿਆ ਏਹ ਖਬਰ ਸੁਣ ਕੇ ਗੁਰੂ ਅਰਜਨ ਸਾਹਿਬ ਨੇ ਏਹ ਸ਼ਬਦ ਉਚਾਰਿਆ ਯਥਾ (ਸੁਲਹੀ ਤੇ ਨਾਰਾਇਣ ਰਾਖਾ। ਸੁਲਹੀ ਕਾ ਹਾਥ ਕਹੀ ਨ ਪਹੁੰਚੈ ਸੁਲਹੀ ਹੋਇ ਮੂਆ ਨਾਪਾਕ) ਇਧਰ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ ਤੇ ਉਧਰ ਹਾੜ੍ਹ ਦੇ ਮਹੀਨੇ ਸੰ: ੧੬੬੦ ਬਿ: ਵਿੱਚ ਸੁਲਹੀ ਖਾਂ ਨੂੰ ਪ੍ਰਿਥੀ ਚੰਦ ਨੇ ਹੇਹਰ ਪਿੰਡ ਆਪਣੇ ਘਰ ਬੁਲਾ ਕੇ ਖੁਸ਼ੀ ਦਾ ਜਲਸਾ ਤੇ ਜ਼ਿਆਫਤ ਕੀਤੀ। ਸਾਰੀ ਰਾਤ ਗੁਰੂ ਸਾਹਿਬ ਦੇ ਬੁਰੇ ਦੀਆਂ ਬਾਤਾਂ ਗਿਣਦੇ ਰਹੇ, ਸਵੇਰੇ ਅਸਵਾਰ ਹੋ ਕੇ ਅੰਮ੍ਰਿਤਸਰ ਨੂੰ ਆਉਣ ਲੱਗੇ ਤਾਂ ਪ੍ਰਿਥੀ ਚੰਦ ਨੇ ਜੋ ਆਵਾ ਪਕਵਾਯਾ ਸੀ ਉਸ ਦੇ ਦੇਖਣ ਲਈ ਜਦ ਪਾਸ ਆਏ ਤਾਂ ਇਕ ਐਸਾ ਜਾਨਵਰ ਉੱਡਿਆ ਜਿਸ ਕਰਕੇ ਸੁਲਹੀ ਖਾਂਨ ਦਾ ਘੋੜਾ ਐਸਾ ਭੜਕਿਆ ਜੋ ਉਛਲ ਕੇ ਆਵੇ ਉੱਤੇ ਜਾ ਚੜ੍ਹਿਆ ਤੇ ਦੂਸਰੀ ਛਾਲ ਨਾਲ ਅੱਗ ਦੇ ਵਿਚ ਧਸ ਗਿਆ, ਹਾਇ ਹਾਇ ਕਰਦਾ ਹੀ ਤਤਕਾਲ ਘੋੜੇ ਸਮੇਤ ਕੋਇਲਾ ਬਣ ਕੇ ਦਾਖਲ ਦੋਜ਼ਖ ਹੋਯਾ ਸੱਚ ਹੈ (ਤੱਕੇ ਪਰ ਨੂੰ ਆਵੇ ਘਰ ਨੂੰ) ਪ੍ਰਿਥੀ ਚੰਦ ਰੋ ਧੋ ਹੱਥ ਮਲਦਾ ਹੋਯਾ ਘਰ ਜਾ ਬੈਠਾ। ਥੋੜ੍ਹੇ ਦਿਨਾਂ ਪਿਛੋਂ ਫੇਰ ਚੰਦੂ ਲਾਲ ਪਾਸ ਜਾ ਰੋਯਾ, ਉਸ ਨੇ ਅਕਬਰ ਸ਼ਾਹ ਪਾਸ ਅਰਜ਼ੀ ਦਿਵਾਈ ਕਿ ਗੁਰੂ ਅਰਜਨ ਜੀ ਚੋਰਾਂ ਤੇ ਡਾਕੂਆਂ ਨੂੰ ਆਪਣੇ ਪਾਸ ਰੱਖ ਕੇ ਚੋਰੀ ਧਾੜਾ ਕਰਾਉਂਦਾ ਰਹਿੰਦਾ ਹੈ ਬਲਕੇ ਸੁਲਹੀ ਖਾਂਨ ਜੋ ਬਾਦਸ਼ਾਹੀ ਹੁਕਮ ਨਾਲ ਗਿਆ ਸੀ ਉਸ ਨੂੰ ਕਿਸੇ ਡਾਕੂ ਤੋਂ ਮਰਵਾ ਦਿੱਤਾ ਹੈ। ਇਸ ਪਰ ਬਾਦਸ਼ਾਹ ਨੇ ਤਲਬੀ ਦਾ ਹੁਕਮ ਦਿੱਤਾ। ਉਸ ਨੇ ਸੁਲੱਬੀ ਖਾਂ ਨੂੰ ਪਚਾਸ ਅਸਵਾਰ ਨਾਲ ਦੇ ਕੇ ਪ੍ਰਿਥੀ ਚੰਦ ਦੇ ਨਾਲ ਤੋਰਿਆ ਤੇ ਸਮਝਾਯਾ ਕਿ ਗੁਰੂ ਅਰਜਨ–

Digitized by Panjab Digital Library | www.panjabdigilib.org

ਸਾਹਿਬ ਨੂੰ ਕਿਸੇ ਨਾ ਕਿਸੇ ਢੰਗ ਪਰ ਮਾਰ ਕੇ ਪ੍ਰਿਥੀ ਚੰਦ ਨੂੰ ਕੁਲ ਜਾਇਦਾਦ ਤੇ ਗੱਦੀ ਗੁਰਿ
ਆਈ ਦਾ ਮਾਲਕ ਬਣਾ ਕੇ ਆਉਣਾ। ਇਸ ਮਸਲਤ ਦੀ ਖਬਰ ਜਦ ਦਿਲਵਾਲੀ ਸਿਖਾਂ
ਦ੍ਵਾਰੇ ਗੁਰੂ ਜੀ ਨੂੰ ਪਹੁੰਚੀ ਤੇ ਨਿਕਟ ਵਰਤੀ ਸਿੱਖਾਂ ਨੇ ਗੁਰੂ ਪਾਸ ਅਰਜ਼ ਕੀਤੀ ਕੇ ਅਸੀਂ ਭੀ
ਸਸ੍ਤ੍ਰ ਤੱਯਾਰ ਰੱਖੀਏ ਤਾਂ ਗੁਰੂ ਜੀ ਬੋਲੇ ( ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨ
ਛਾਰੀ। ਇਸ ਆਗੈ ਕੋ ਨ ਟਿਕੈ ਵੇਕਾਰੀ।) ਇਤਿਆਦੀ ਸਾਰਾ ਸਬਦ ਜਦ ਗੁਰੂ ਜੀ ਨੇ ਉ
ਚਾਰਨ ਕੀਤਾ ਤਾਂ ਉਧਰ ਸੁਲੱਬੀ ਖਾਂ ਨੂੰ ਉਸ ਦੇ ਨੌਕਰ ਨੇ ਨੌਕਰੀ ਲੈਣ ਦੇ ਤਕਾਜ਼ੇ ਵਿਚ
ਗੁੱਸੇ ਹੋ ਕੇ ਸੁਲੱਬੀ ਖਾਂ ਨੂੰ ਮਾਰ ਸੁਟਿਆ। ਕੁਦਰਤ ਨਾਲ ਉਸੇ ਸਮੇਂ ਬਾਦਸ਼ਾਹ ਲਾਹੌ
ਰ ਦੀ ਤਰਫ਼ ਜਾਂਦਾ ਹੋਯਾ ਬਟਾਲੇ ਉਤਰਿਆ ਤਾਂ ਚੰਦੂ ਲਾਲ ਦੀਵਾਨ ਨੇ ਅਰਜ਼ ਕੀਤੀ
ਗੁਰੂ ਅਰਜਨ ਜੀ ਨੇ ਇਕ ਕਿਤਾਬ ਬਨਾਈ ਹੈ ਉਸ ਵਿਚ ਦੀਨ ਇਸਲਾਮ ਦੀ ਬੁਰਿਆਈ
ਤੇ ਪੈਗੰਬਰਾਂ ਦੀ ਬਹੁਤ ਨਿੰਦਿਆ ਲਿਖੀ ਹੈ, ਬਾਦਸ਼ਾਹ ਨੇ ਅਸੂ ਮਹੀਨੇ ਸੰ:੧੬੬੨ ਬਿ: ਨੂੰ
ਗ੍ਰੰਥ ਸਾਹਿਬ ਸਮੇਤ ਗੁਰੂ ਸਾਹਿਬ ਨੂੰ ਬੁਲਾਯਾ। ਆਪ ਤਾਂ ਗੁਰੂ ਜੀ ਨਾ ਗਏ ਪਰ ਭਾਈ
ਗੁਰਦਾਸ ਤੇ ਬਾਬੇ ਬੁੱਢੇ ਜੀ ਨੂੰ ਦਸ ਬੀਸ ਸਿੱਖਾਂ ਸਮੇਤ ਗ੍ਰੰਥ ਸਾਹਿਬ ਦੇ ਕੇ ਬਟਾਲੇ ਭੇ
ਜ ਦਿੱਤਾ। ਬਾਦਸ਼ਾਹ ਨੇ ਜਦ ਪੜ੍ਹਨ ਵਾਸਤੇ ਆਖਿਆ ਤਾਂ ਪਹਿਲੇ ਹੀ ਏਹ ਸਬਦ ਨਿਕਲਿ
ਆ ( ਖਾਕ ਨੂਰ ਕਰਦੰ ਆਲਮ ਦੁਨੀਆਇ। ਅਸਮਾਨ ਜਿਮੀ ਦਰਖਤ ਆਬ ਪੈਦਾ
ਇਸ਼ ਖੁਦਾਇ।। ਬੰਦੇ ਚਸਮ ਦੀਦੰ ਫਨਾਇ। ਦੁਨੀਆ ਮੁਰਦਾਰ ਖੁਰਦਨੀ ਗਾਫਲ
ਹਵਾ। ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ। ਦਿਲ ਕਬਜ ਕਬਜਾ ਕਾ
ਦਰੋ ਦੋਜਕ ਸਜਾਇ। ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ। ਜਬ
ਅਜਰਾਈਲ ਬਸਤਨੀ ਤਬ ਚਿਕਾਰੇ ਬਿਦਾਇ। ਅਹਵਾਲ ਮਾਲੂਮ ਕਰਦੰ ਪਾਕ ਅੱਲ
ਹ। ਬੁਗੋ ਨਾਨਕ ਅਰਦਾਸ ਪੇਸ਼ ਦਰਵੇਸ਼ ਬੰਦਾਹ।।)
ਚੰਦੂ ਲਾਲ ਨੇ ਆਖਿਆ ਏਹ ਕਲਾਮ ਬਾਦਸ਼ਾਹ ਨੂੰ ਸੁਣਾਉਣ ਵਾਸਤੇ ਸਿੱਖਾਂ ਨੇ ਅੱਬਰ ਰੱ
ਖੀ ਸੀ, ਆਪ ਹੋਰ ਜਗਾ ਤੋਂ ਸੁਣੋ। ਫੇਰ ਜਦ ਦੂਸਰੀ ਜਗਾ ਤੋਂ ਪੱਤ੍ਰੇ ਉਲਟਾਏ ਤਾਂ ਏਹ
[1] ਸਬਦ ਨਿਕਲਿਆ। ਏਹ ਸਬਦ ਸੁਣ ਕੇ ਬਾਦਸ਼ਾਹ ਤੇ ਅਮੀਰ, ਵਜ਼ੀਰ, ਕਾਜ਼ੀ, ਤਾਂ ਸ
ਭ ਖੁਸ਼ੀ ਹੋਏ ਪਰ ਪਾਪੀ ਚੁਗਲਾਂ ਦੀ ਚਿਤ ਠੰਢੀ ਨਾ ਹੋਈ। ਚਿੰਤਾਤੀ ਰਾਜ਼ੀ ਦੇ ਤਰਫ
ਝੂਠੇ ਹੋਏ ਬੋਲੇ ਏਸ ਕਿਤਾਬ ਵਿਚ ਮੂਰਤਿ ਪੂਜਾ ਦੀ ਮਹਿਮਾ ਬਹੁਤ ਹੈ ਬਾਦਸ਼ਾਹ ਹੋਰ ਥਾਂ

[1] ਮਾਰੂ ਮਹਲਾ ੫ ਅੱਲਹ ਅਗਮ ਖੁਦਾਈ ਬੰਦੇ ਛੋਡਿ ਖਿਆਲ ਦੁਨੀਆ ਕੇ ਧੰਧੇ ਹੋਇ ਪੈ ਖਾਕ

Digitized by Panjab Digital Library | www.panjabdigilib.org

ਤੋਂ ਸੁਣੇਂ ਏਹ ਜੋ ਸੁਣਾਯਾ ਹੈ ਜੋ ਪੜ੍ਹਨ ਵਾਲੇ ਨੇ ਆਪਣੇ ਕੰਠ ਤੋਂ ਸੁਣਾਯਾ ਹੈ ਯਾ ਕਿਸੇ
ਹੋਰ ਪੜ੍ਹੇ ਹੋਏ ਤੋਂ ਸੁਣਨਾ ਚਾਹੀਏ ਤੇ ਸਰਬ ਦਯਾਲ ਗੁਰਮੁਖੀ ਪੜ੍ਹੇ ਹੋਏ ਨੂੰ ਚੰਦੂ ਲਾਲ
ਨੇ ਆਪਣੇ ਹੱਥ ਨਾਲ ਪੋਥੀ ਉਲਟਾ ਕੇ ਆਖਯਾ ਐਥੋਂ ਪੜ੍ਹ ਤਾਂ ਏਹ ਸਬਦ ਆਯਾ (ਰਾ
ਮਕਲੀ ਮਹਲਾ ੫ ॥ ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸ
ਈਆ ਕੋਈ ਅਲਾਹੁ ॥ ਕਾਰਣ ਕਰਣ ਕਰੀਮਾ ॥ ਕਿਰਪਾਧਾਰ ਰਹੀਮਾ ॥ ਕੋਈ ਨਾਵੈ ਤੀ
ਰਥ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰ ਨਿਵਾਇ ॥ ਕੋਈ ਪੜੈ ਬੇਦ ਕੋਈ ਕਤੇ
ਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ ਕੋਈ ਕਹੈ ਤੁਰਕ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿ
ਸਤ ਕੋਈ ਸੁਰਗਿੰਦੂ ॥ ਕਹੁ ਨਾਨਕ ਜਿਨ ਹੁਕਮ ਪਛਾਤਾ ॥ ਪ੍ਰਭੁ ਸਾਹਿਬ ਕਾ ਤਿਨ ਭੇਦ ਜਾ
ਤਾ ॥) ਏਹ ਸਬਦ ਸੁਣ ਕੇ ਬਾਦਸ਼ਾਹ ਨੂੰ ਨਿਸਚਾ ਹੋ ਗਿਆ ਕਿ ਏਸ ਗ੍ਰੰਥ ਵਿਚ ਸਿਵਾਇ
ਪਰਮੇਸ਼੍ਵਰ ਦੀ ਪ੍ਰਾਰਥਨਾਂ ਦੇ ਤੇ ਸੱਚੇ ਉਪਦੇਸ ਦੇ ਹੋਰ ਕਿਸੇ ਦੀ ਨਿੰਦਯਾ ਯਾ ਕਹਾਣੀਆਂ
ਨਹੀਂ ਇਸੇ ਕਰਕੇ ੫੧ ਮੁਹਰਾਂ ਨਜ਼ਰ ਕੀਤੀਆਂ ਤੇ ਸਬਨਾਂ ਸਿੱਖਾਂ ਨੂੰ ਸਿਰੋਪਾਉ ਦੇ ਕ
ਰ ਵਿਦਾ ਕੀਤਾ ਤੇ ਆਖਯਾ ਅਸੀਂ ਸ੍ਰੀ ਗੁਰੂ ਜੀ ਦਾ ਦਰਸਨ ਕਰਾਂਗੇ।

ਫਕੀਰ ਮੁਸਾਫਰ ਇਹੁ ਦਰਵੇਸ ਕਬੂਲ ਦਰਾ ॥੧॥ ਸਚ ਨਿਮਾਜ ਯਕੀਨ ਮੁਸਲਾ ਮਨਸਾ ਮਾਰਿ ਨਿਵਾ
ਰਹੁ ਆਸਾ ਦੇਹ ਮਸੀਤ ਮਨ ਮੌਲਾਨਾ ਕਲਮ ਖੁਦਾਈ ਪਾਕ ਖਰਾ ॥੨॥ ਸਰਾ ਸਰੀਅਤ ਲੇ ਕੰਮਾਵਹੁ ਤਰੀਕਤ
ਤਰਕ ਖੋਜ ਟੋਲਾਵਹੁ ਮਾਰਫਤ ਮਨ ਮਾਰਹੁ ਅਬਦਾਲਾ ਮਿਲਹੁ ਹਕੀਕਤ ਜਿਤ ਫਿਰ ਨ ਮਰਾ ॥੩॥ ਕੁ
ਰਾਨ ਕਤੇਬ ਦਿਲ ਮਾਹਿ ਕਮਾਹੀ ਦਸ ਔਰਾਤ ਰਖਹੁ ਬਦਰਾਹੀ ਪੰਚ ਮਰਦ ਸਿਦਕ ਲੈ ਬਾਧਹੁ ਖੈਰ ਸਬੂਰੀ
ਕਬੂਲ ਪਰਾ ॥੪॥ ਮਕਾ ਮਿਹਰ ਰੋਜਾ ਪੈਖਾਕਾ ਭਿਸਤ ਪੀਰ ਲਫਜ਼ ਕਮਾਇ ਅੰਦਾਜਾ ਹੂਰ ਨੂਰ ਮੁਸਕ ਖੁ
ਦਾਯਾ ਬੰਦਗੀ ਅਲਹ ਆਲਾ ਹੁਜਰਾ ॥੫॥ ਸਚ ਕਮਾਵੈ ਸੋਈ ਕਾਜੀ ਜੋ ਦਿਲ ਸੋਧੇ ਸੋਈ ਹਾਜੀ ਸੋ ਮੁਲਾਂ
ਮਲਊਨ ਨਿਵਾਰੈ ਸੋ ਦਰਵੇਸ ਜਿਸ ਸਿਫਤ ਧਰਾ ॥੬॥ ਸਭੇ ਵਕਤ ਸਭੇ ਕਰ ਵੇਲਾ ਖਾਲਕ ਯਾਦ ਦਿਲੈ
ਮਹਿ ਮੌਲਾ ਤਸਬੀ ਯਾਦ ਕਰੋ ਦਸ ਮਰਦਨ ਸੁੰਨਤ ਸੀਲ ਬੰਧਾਨ ਬਰਾ ॥੭॥ ਦਿਲ ਮੇਂ ਜਾਨੋ ਸਭ ਫਿਲ
ਹਾਲਾ ਖਿਲਖਾਨਾ ਬਿਰਾਦਰ ਹਮੂ ਜੰਜਾਲਾ ਮੀਰ ਮਲਕ ਉਮਰੇ ਫਾਨਾਯਾ ਏਕ ਮੁਕਾਮ ਖੁਦਾਇ ਦਰਾ
॥੮॥ ਅਵਲ ਸਿਫਤ ਦੂਜੀ ਸਾਬੂਰੀ ਤੀਜੇ ਹਲੇਮੀ ਚੌਥੇ ਖੈਰੀ ਪੰਜਵੇਂ ਪੰਜੇ ਇਕਤ ਮੁਕਾਮੇ ਏਹ ਪੰਜ ਵਕਤ ਤੇਰੇ
ਅਪਰਪਰਾ ॥੯॥ ਸਗਲੀ ਜਾਨ ਕਰੋ ਮੌਦੀਫਾ ਬਦ ਅਮਲ ਛੋਡ ਕਰਹੁ ਹਥ ਕੂਜਾ ਖੁਦਾਇ ਇਕ ਬੁਝ
ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥ ਹੱਕ ਹਲਾਲ ਬਖੋਰਹੁ ਖਾਣਾ ਦਿਲ ਦਰੀਆਇ ਧੋਵ
ਹੁ ਮੈਲਾਣਾ ਪੀਰ ਪਛਾਣੈ ਭਿਸਤੀ ਸੋਈ ਅਜ਼ਰਾਈਲ ਨ ਦੋਜ਼ ਠਰਾ ॥੧੧॥ ਕਾਯਾ ਕਿਰਦਾਰ ਔਰਤ ਯਕੀ
ਨਾ ਰੰਗ ਤਮਾਸੇ ਮਾਣਿ ਹਕੀਨਾ ਨਾਪਾਕ ਪਾਕ ਹਦੂਰ ਹਦੀਸਾਂ ਸਾਬਤ ਸੂਰਤ ਦਸਤਾਰ ਸਿਰਾ ॥੧੨॥
ਮੁਸਲਮਾਨ ਮੋਮ ਦਿਲ ਹੋਵੈ ਅੰਤਰ ਕੀ ਮਲ ਦਿਲ ਤੇ ਧੋਵੈ ਦੁਨੀਆ ਰੰਗ ਨ ਆਵੈ ਨੇੜੈ ਜਿਉਂ ਕੁਸੁਮ
ਪਾਟ ਘਿਉ ਪਾਕ ਹਰਾ ॥੧੩॥ ਜਾ ਕੌ ਮਿਹਰ ਮਿਹਰ ਮਿਹਰਵਾਨਾ ਸੋਈ ਮਰਦ ਮਰਦ ਮਰਦਾਨਾ ਸੋਈ
ਸੇਖ ਮਸਾਇਕ ਹਾਜੀ ਸੋ ਬੰਦਾ ਜਿਸ ਨਜਰ ਨਰਾ ॥੧੪॥ ਕੁਦਰਤ ਕਾਦਰ ਕਰਣ ਕਰੀਮਾ ਸਿਫਤ

॥ਇਕ ਮਹੀਨਾ ਲਾਹੌਰ ਰਹਿਕੇ ਬਾਦਸ਼ਾਹ ਨੇ ਬੜੇ ਅਦਬ ਨਾਲ ਮੁਲਾਕਾਤ ਕੀਤੀ, ਜਿਸਤ
ਰਾਂ ਪੀਰਾਂ ਫਕੀਰਾਂ ਦੀ ਕਰੀਦੀ ਹੈ ਤੇ ਗ੍ਰੰਥ ਸਾਹਿਬ ਦੀ ਬਹੁਤ ਤਾਰੀਫ ਕਰਕੇ ਬਾਦਸ਼ਾਹ ਨੇ
ਆਖਿਆ ਇਸ ਸੱਚੀ ਬਾਣੀ ਤੋਂ ਆਦਮੀਆਂ ਨੂੰ ਫਾਇਦਾ ਪਹੁੰਚੇਗਾ॥

ਗੁਰੂ ਸਾਹਿਬ ਦੇ ਦਰਬਾਰ ਦੀ ਰੌਣਕ ਤੇ ਲੰਗਰ ਜੋ ਹਿੰਦੂ ਮੁਸਲਮਾਨਾਂ ਨੂੰ ਬਰਾਬਰ ਬਰ
ਤਦਾ ਸੀ ਇਹ ਦੇਖਕੇ ਬਾਦਸ਼ਾਹ ਨੇ ਫੁਰਮਾਇਆ ਕੇ ਸਾਡੀ ਤਰਫੋਂ ਭੀ ਇਸ ਖੈਰਾਇਤੀ ਲੰ
ਗਰ ਵਿਚ ਕੁਛ ਪੈਣਾ ਚਾਹੀਏ। ਗੁਰੂ ਜੀ ਬੋਲੇ ਪਰਮੇਸ਼ੁਰ ਦੀ ਕ੍ਰਿਪਾ ਨਾਲ ਤੁਹਾਡਾ ਦਿੱ
ਤਾ ਬਹੁਤ ਕੁਛ ਹੈ ਤੇ ਏਹ ਰੱਯਤ ਭੀ ਆਪ ਦੀ ਹੈ ਜੋ ਸੇਵਾ ਕਰਦੀ ਹੈ। — ਅਕਬਰ
ਸ਼ਾਹ ਨੇ ਪ੍ਰਾਰਥਨਾ ਕੀਤੀ ਕਿ ਬਾਰਾਂ ਪਿੰਡ ਜੋ ਮੈਂ ਪੀਰ ਅਮਰਦੇਵ ਜੀ ਦੀ ਨਜ਼ਰ ਕੀਤੇ ਸਨ
ਤੇ ਆਪ ਨੇ ਉਨ੍ਹਾਂ ਦੀ ਆਮਦਨੀ ਅੰਗੀਕਾਰ ਨਹੀਂ ਕੀਤੀ ਸੋ ਮੁਨਾਸਬ ਹੈ ਕਿ ਉਨ੍ਹਾਂ ਦੀ ਆਮ
ਦਨੀ ਲੰਗਰ ਵਿਚ ਪਾਈ ਜਾਵੇ ਜਿਸ ਕਰਕੇ ਮੇਰਾ ਭੀ ਕੁਛ ਭਲਾ ਹੋਵੇ। ਏਹ ਦੋਬਾਰਾ ਬਾਦ
ਸ਼ਾਹ ਦੀ ਪ੍ਰਾਰਥਨਾ ਸੁਣਕੇ ਆਮ ਲੋਕਾਂ ਦੇ ਲੰਗਰ ਵਾਸ੍ਤੇ ਗੁਰੂ ਜੀ ਨੇ ਮਨਜ਼ੂਰ ਕੀਤਾ ਤੇ ਬਚ
ਨ ਕੀਤਾ, ਰੱਯਤ ਨੂੰ ਅਦਲ ਦੇਣੇ ਤੇ ਪਾਲਣੇ ਨਾਲ ਬਾਦਸ਼ਾਹ ਦਾ ਭਲਾ ਹੁੰਦਾ ਹੈ ਤੇ ਏਹੋ ਤੁਹਾ
ਡਾ ਮੁੱਖ ਧਰਮ ਹੈ ਜਿਸ ਬਾਦਸ਼ਾਹ ਦੀ ਰੱਯਤ ਖੁਸ਼ੀ ਰਹੇ ਉਸਨੂੰ ਦੀਨੀ ਦੁਨੀਯਾਵੀ ਸਬ
ਫਾਇਦੇ ਪਹੁੰਚਦੇ ਹਨ ਤੇ ਬਾਦਸ਼ਾਹੀ ਬਣੀ ਰਹਿੰਦੀ ਹੈ। ਐਸ ਸਮੇ ਬਰਖਾ ਨਾ ਹੋਣੇ ਕਰ
ਪੰਜਾਬ ਦੇਸ਼ ਵਿਚ ਕਾਲ ਹੈ ਸੋ ਜਿਤਨਾ ਹੋ ਸਕੇ ਰੱਯਤ ਦੀ ਮਦਦ ਕਰੋ।

ਏਹ ਨਸੀਹਤ ਮੰਨਕੇ ਬਾਦਸ਼ਾਹ ਨੇ ਸਬਨਾਂ ਦਾ ਮਾਮਲਾ ਮਾਫ ਕਰ ਦਿੱਤਾ ਤੇ ਹੋਰ ਲੋਗਾਂ ਨੂੰ
ਬਾਦਸ਼ਾਹੀ ਜ਼ਖੀਰਿਆਂ ਵਿਚੋਂ ਅੰਨ ਦੀ ਸਹਾਇਤਾ ਕੀਤੀ। ਇਸ ਪਰੋਪਕਾਰ ਤੋਂ ਬਾਦਸ਼ਾਹ
ਦੀ ਤੇ ਗੁਰੂ ਸਾਹਿਬ ਦੀ ਮਹਿਮਾ ਬਹੁਤ ਵਧ ਗਈ। ਜਿਸ ਮਹਾਨ ਮਹਿਮਾ ਦੇ ਮੋਤੀਏ ਦੀ
ਖੁਸ਼ਬੋਈ ਨੂੰ ਪ੍ਰਥੀਚੰਦ ਨਾ ਸਹਾਰ ਸਕਿਆ। ਤੇ ਸੂਲ ਦੀ ਬੀਮਾਰੀ ਨਾਲ (ਜੋ ਉਸਨੂੰ ਬਹੁ
ਤ ਦਿਨਾਂ ਤੋਂ ਠਹਿਰ ਰਹੀ ਸੀ) ੨੭ ਮਾਘ ਸੰ: ੧੬੬੨ ਬਿ: ਵਿਚ ਮਰ ਗਿਆ। ਇਸੇ ਸਮੇ
ਅਕਬਰ ਸ਼ਾਹ ਦੇ ਮਰਨੇ ਬਾਦ ਨੂਰਦੀਨ ਉਸਦੇ ਬੇਟੇ ਨੇ ਤਖਤ ਬੈਠਕੇ ਆਪਣਾ ਖਿਤਾਬ
ਜਹਾਂਗੀਰ ਪ੍ਰਗਟ ਕੀਤਾ। — ਸ਼ਾਹਜ਼ਾਦਾ ਖੁਸਰੋ ਜੋ ਬਹੁਤ ਦਿਨਾਂ ਤੋਂ ਪੰਜਾਬ ਤੇ
ਅਫਗਾਨਿਸਤਾਨ ਦਾ ਹਾਕਮ ਸੀ ਤੇ ਜਹਾਂਗੀਰ ਦਾ ਦੁਸ਼ਮਣ ਸੀ ਇਸਨੂੰ ਜਹਾਂਗੀਰ ਨੇ ਤ
ਖਤ ਪਰ ਬੈਠਦਿਆਂ ਹੀ ਪਕੜਨਾ ਚਾਹਿਆ ਪਰ ਉਹ ਬਾਗੀ ਹੋਕੇ ਆਗਰੇ ਵਿਚੋਂ ਉੱਠ ਨੱਠਾ,
ਪਿਛੇ ਸ਼ਾਹੀ ਫੌਜ ਲੱਗੀ ਤਾਂ ਖੁਸਰੋ ਤਰਨਤਾਰਨ ਵਿਚ ਗੁਰੂ ਅਰਜਨ ਜੀ ਪਾਸ ਪਹੁੰਚਿਆ

Digitized by Panjab Digital Library | www.panjabdigilib.org

ਤੇ ਖਰਚ ਵਾਸਤੇ ਰੁਪਏ ਦੀ ਮਦਦ ਚਾਹੀ ਤੇ ਆਖਿਆ ਲਾਹੌਰ ਜਾ ਕੇ ਭੇਜ ਦੇਵਾਂਗਾ। ਗੁਰੂ ਜੀ ਨੇ ਆਖਿਆ ਪੀਰਾਂ ਫਕੀਰਾਂ ਪਾਸ ਦੌਲਤ ਨਹੀਂ, ਰੋਟੀ ਹੈ। ਉਸ ਨੇ ਬਹੁਤ ਆਜਜ਼ ਹੋ ਕੇ ਫੇਰ ਅਰਜ਼ ਕੀਤੀ ਕਿ ਇਸ ਵਕਤ ਮੈਂਨੂੰ ਬਹੁਤ ਜ਼ਰੂਰਤ ਹੈ, ਥੋੜ੍ਹੀ ਬਹੁਤੀ ਮਦਦ ਕਰੋ, ਏਸ ਪਰ ਗੁਰੂ ਜੀ ਨੂੰ ਦਯਾ ਆਈ ਤੇ ਪਹਿਲੇ ਭੀ ਏਸ ਨੇ ਗੁਰੂ ਮਹਾਰਾਜ ਦੇ ਦੋ ਇਕ ਵਾਰੀ ਦਰਸ਼ਨ ਕੀਤੇ ਸੇ, ਅਤੇ ਕਰਤਾਰਪੁਰ, ਤਰਨਤਾਰਨ ਆਦਿਕਾਂ ਦੇ ਬਸਾਵਣੇ ਵਿਚ ਭੀ ਏਸ ਨੇ ਮਦਦ ਤੇ ਸੇਵਾ ਕੀਤੀ ਸੀ ਅਤੇ ਅਕਬਰ ਬਾਦਸ਼ਾਹ ਦਾ ਭੀ ਗੁਰੂ ਜੀ ਨੂੰ ਲਿਹਾਜ਼ ਸੀ ਇੱਤਿਆਦਿਕ ਬਾਤਾਂ ਵਿਚਾਰ ਕੇ ਤੇ ਸਮਾ ਪਛਾਣ ਕੇ ਗੁਰੂ ਜੀ ਨੇ ਪੰਦ੍ਰਾਂ ਹਜ਼ਾਰ ਰੁਪਯਾ ਖੁਸਰੋ ਨੂੰ ਦੇ ਦਿੱਤਾ।
ਫੇਰ ਜਦ ਖੁਸਰੋ ਜਿਹਲਮ ਦੇ ਪਾਸ ਇਕ ਮਸੀਤ ਵਿੱਚੋਂ ਪਕੜਿਆ ਗਿਆ ਤੇ ਲਾਹੌਰ ਆਯਾ ਤਾਂ ਜਹਾਂਗੀਰ ਨੇ ਕਾਜ਼ੀਆਂ ਤੋਂ ਫਤਵਾ ਲੈ ਕੇ ਸਾਥੀਆਂ ਸਮੇਤ ਉਸ ਨੂੰ ਕਤਲ ਕਰਵਾ ਦਿੱਤਾ। ਉਦੋਂ ਹੀ ਮੌਕਾ ਪਾ ਕੇ ਸੋਢੀ ਮਿਹਰਵਾਨ ਦੀ ਸਲਾਹ ਨਾਲ ਦੀਵਾਨ ਚੰਦੂ ਲਾਲ ਨੇ ਬਾਦਸ਼ਾਹ ਪਾਸ ਚੁਗਲੀ ਕੀਤੀ ਕਿ ਬਾਦਸ਼ਾਹ ਦੇ ਦੁਸ਼ਮਨ ਖੁਸਰੋ ਨੂੰ ਗੁਰੂ ਅਰਜਨ ਸਾਹਿਬ ਨੇ ਤੁਹਾਡੇ ਮੁਕਾਬਲੇ ਵਾਸਤੇ ੫੦੦੦੦ ਪੰਜਾਹ ਹਜ਼ਾਰ ਰੁਪਏ ਦੀ ਮਦਦ ਦੇ ਕੇ ਬਾਦਸ਼ਾਹ ਹੋਣ ਦਾ ਬਚਨ ਕੀਤਾ ਸੀ, ਜੇ ਕਰ ਬਾਦਸ਼ਾਹੀ ਲਸ਼ਕਰ ਸ਼ਿਤਾਬੀ ਹੀ ਪੰਜਾਬ ਵਿਚ ਨਾ ਪਹੁੰਚਦਾ ਤਾਂ ਉਮੈਦ ਸੀ ਕਿ ਆਦਮੀਆਂ ਦੀ ਮਦਦ ਭੀ ਉਸ ਨੂੰ ਮਿਲਦੀ ਕ੍ਯੋਂਕਿ ਕਈ ਲੱਖ ਮੁਰੀਦ ਏਨ੍ਹਾਂ ਦੇ ਹੁਕਮ ਵਿਚ ਹੈ। ਏਹ ਬਾਤ ਸੁਣ ਕੇ ਬਾਦਸ਼ਾਹ ਨੇ ਗੁੱਸੇ ਹੋ ਕੇ ਗੁਰੂ ਸਾਹਿਬ ਨੂੰ ਲਾਹੌਰ ਵਿਚ ਬੁਲਾਯਾ।
ਏਸ ਗੱਲ ਤੋਂ ਤਿੰਨ ਮਹੀਨੇ ਪਹਿਲੇ ਹੀ ਭਾਵੀ ਸੋਚ ਕੇ ਗੁਰੂ ਜੀ ਨੇ ਸੰ: ੧੬੬੩ ਬਿ: ਹਾੜ੍ਹ ਵਦੀ ੭ ਸੱਤਮੀ ਨੂੰ ਆਪਣੇ ਬੇਟੇ ਹਰਿਗੋਬਿੰਦ ਜੀ ਨੂੰ ਸਬ ਤਰਾਂ ਲਾਯਕ ਦੇਖ ਕਰ ਗੁਰਿਆਈ ਦੀ ਗੱਦੀ ਦੇ ਦਿੱਤੀ ਤੇ ਮਸ਼ਹੂਰ ਕਰ ਦਿਤਾ ਕਿ ਸਾਡੇ ਪਿੱਛੋਂ ਏਹ ਗੁਰੂ ਬਣਨਗੇ।
ਜਦ ਗੁਰੂ ਜੀ ਭਾਈ ਜੇਠਾ, ਪੈੜਾ, ਬਿਧੀਆ, ਸਾਲ੍ਹੋ ਆਦਿਕ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਆਏ ਤਾਂ ਵਜ਼ੀਰ ਖਾਂ ਦੀ ਮਾਰਫਤ ਬਾਦਸ਼ਾਹ ਦੇ ਰੋਬਰੂ ਹੋਏ। ਏਨ੍ਹਾਂ ਦਾ ਫਕੀਰੀ ਲਿਬਾਸ, ਸਾਦਾ ਮਿਜ਼ਾਜ, ਸੂਧਾ ਰੰਗ ਢੰਗ, ਸਤੋਗੁਣੀ ਸੁਭਾਵ ਦੇਖ ਕੇ ਹੀ ਬਾਦਸ਼ਾਹ ਦਾ ਉਹ ਸ਼ੱਕ ਜੇਹੜਾ ਚੰਦੂ ਨੇ ਆਖਿਆ ਸੀ ਜਾਂਦਾ ਰਿਹਾ ਤੇ ਸੱਚੇ ਪੀਰ ਫਕੀਰ ਸਮਝ ਕੇ ਤਾਜ਼ੀਮ ਦਿਤੀ। ਪਰ ਫੇਰ ਉਸ ਚੁਗਲ ਦੇ ਚੁੱਕਣੇ ਕਰ ਕੇ ਬਾਦਸ਼ਾਹ ਨੇ ਏਤਨਾ ਆਖਿਆ ਕਿ ਆਪ ਪੀਰ ਫਕੀਰ ਸਬ ਦੇ ਸਾਂਝੇ ਹੋ ਫੇਰ ਮੇਰੇ ਦੁਸ਼ਮਣ ਖੁਸਰੋ ਨੂੰ ਰੁਪਏ ਦੀ ਮਦਦ ਦੇਣੀ ਤੁਹਾਨੂੰ ਜੋਗ ਨਹੀਂ

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਬੋਲੇ ਬੇਸ਼ਕ ਅਸੀਂ ਸਮਦਰਸੀ ਗੁਰੂ ਨਾਨਕ ਜੀ ਦੇ ਸੇਵਕ ਪੀਰ ਫਕੀਰ ਹਾਂ ਤੇ ਸਾਨੂੰ ਕਿਸੇ ਹਿੰਦੂ ਯਾ ਮੁਸਲਮਾਨ ਨਾਲ ਕੋਈ ਰਾਗ ਦ੍ਵੈਸ਼ ਨਹੀਂ ਹੈ ਏਸ ਵਾਸਤੇ ਜਦ ਖੁਸਰੋ ਨੇ ਦੀਨ ਹੋਕੇ ਸਾਡੇ ਪਾਸੋਂ ਖਰਚ ਮੰਗਿਆ ਤਾਂ ਅਕਬਰ ਬਾਦਸ਼ਾਹ ਦੇ ਲਿਹਾਜ਼ ਨੂੰ ਜਿਤਨਾ ਕ ਸਾਥੋਂ ਹੋ ਸੱਕਿਆ ਰੁਪਯਾ ਦੇ ਦਿਤਾ। ਏਹ ਸੁਣਕੇ ਜਹਾਂਗੀਰ ਬਾਦਸ਼ਾਹ ਨੇ ਕਿਹਾ ਜਿਤਨਾ ਉਸਨੂੰ ਦਿਤਾ ਹੈ ਉਸ ਤੋਂ ਦੂਣਾ ਸਾਨੂੰ ਭੀ ਦੇਣਾ। ਗੁਰੂ ਜੀ ਨੇ ਆਖਿਆ ਦੰਡ ਦੇਣਾ ਦੁਨੀਆਂ ਦਾਰਾਂ ਵਾਸਤੇ ਹੈ ਪੀਰਾਂ ਫਕੀਰਾਂ ਵਾਸਤੇ ਦੰਡ ਨਹੀਂ ਕਿਉਂਕਿ ਫਕੀਰਾਂ ਪਾਸ ਧਨ ਪਦਾਰਥ ਸਭ ਖੈਰਾਯਤ ਦਾ ਆਉਂਦਾ ਹੈ ਜੋ ਮਾਲ ਗਰੀਬਾਂ ਫਕੀਰਾਂ ਦਾ ਹੈ ਤੇ ਉਨਾਂ ਨੂੰ ਹੀ ਛਕਾਯਾ ਜਾਂਦਾ ਹੈ। ਜੇਕਰ ਤੁਹਾਨੂੰ ਲੋੜ ਹੈ ਤਾਂ ਜੋ ਕੁਛ ਅਸਾਡੇ ਪਾਸ ਹੈ ਸੋ ਲੈ ਲਵੋ। ਏਹ ਉੱਤਰ ਸੁਣਕੇ ਬਾਦਸ਼ਾਹ ਨੇ ਤਾਂ ਕੁਛ ਜਵਾਬ ਨਾ ਦਿਤਾ ਅਤੇ ਕਚਹਿਰੀ ਭੀ ਉੱਠ ਖੜੋਤੀ ਪਰ ਜਮਾਦਾਰ ਨੇ ਪਹਿਲਾ ਹੁਕਮ ਸਹੀ ਮੰਨਕੇ ਗੁਰੂ ਜੀ ਨੂੰ ਇੱਕ ਲੱਖ ਜੁਰਮਾਨਾ ਸੁਣਾ ਕਰ ਕੋਤਵਾਲੀ ਭੇਜ ਦਿੱਤਾ। ਚੰਦੂ ਨੇ ਬਾਦਸ਼ਾਹ ਪਾਸ ਪੰਜਾਹ ਹਜ਼ਾਰ ਦੀ ਚੁਗਲੀ ਕੀਤੀ ਸੀ ਤੇ ਬਾਦਸ਼ਾਹ ਨੇ ਦੂਣਾ ਮੰਗਿਆ ਸੀ ਏਸ ਤੋਂ ਜਮਾਦਾਰ ਇੱਕ ਲਖ ਸਮਝ ਬੈਠਾ। ਦੂਸਰੇ ਦਿਨ ਲਾਹੌਰੀ ਸਿੱਖਾਂ ਨੇ ਜਦ ਏਹ ਖਬਰ ਸੁਣੀ ਤੇ ਦੰਡ ਦੇਣ ਵਾਸਤੇ ਰੁਪਯਾ ਚੰਦੇ ਨਾਲ ਕੱਠਾ ਕਰਨ ਦੀ ਤਜਵੀਜ਼ ਕੀਤੀ ਤਾਂ ਗੁਰੂ ਜੀ ਨੇ ਕਹਿ ਭੇਜਿਆ ਕੇ ਪੀਰ ਫਕੀਰ ਦੰਡ ਨਹੀਂ ਦਿੱਤਾ ਕਰਦੇ, ਅਸਾਡੇ ਨਾਮ ਪਰ ਜੋ ਕੋਈ ਦੰਡ ਭਰਨ ਲਈ ਰੁਪਯਾ ਦੇਵੇਗਾ ਸੋ ਗੁਰੂ ਕੀ ਸਿੱਖੀ ਤੋਂ ਖਾਰਜ ਹੋਕੇ ਲੋਕ ਪਰਲੋਕ ਆਪਣਾ ਖੋਵੇਗਾ। ਏਹ ਸਖਤ ਹੁਕਮ ਗੁਰੂ ਜੀ ਦਾ ਸੁਣਕੇ ਸਿੱਖ ਤਾਂ ਸਭ ਸਹਿਮ ਫਿਰ ਪੈ ਗਏ ਤੇ ਬਾਦਸ਼ਾਹ ਦੂਸਰੇ ਦਿਨ ਕਾਬਲ ਦੀ ਤਰਫ ਨੂੰ ਰਵਾਨੇ ਹੋ ਗਿਆ।

ਚੰਦੂ ਦੁਸ਼ਟ ਮੌਕਾ ਪਾਕਰ ਸੇਵਾ ਕਰਨ ਦੇ ਬਹਾਨੇ ਜ਼ਮਾਨਤ ਪਰ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਕੋਤਵਾਲ ਨੇ ਉਸਦਾ ਕਪਟ ਨਾ ਜਾਣਿਆ ਤੇ ਹਿੰਦੂ ਖੱਤ੍ਰੀ ਭਾਈ ਸਮਝਕੇ ਉਸਦੇ ਨਾਲ ਭੇਜ ਦਿੱਤੇ। ਦੀਵਾਨ ਚੰਦੂ ਲਾਲ ਨੇ ਹੰਕਾਰ ਨਾਲ ਜ਼ੋਰ ਜਣਾ ਕੇ ਆਖਿਆ ਅਜੇ ਭੀ ਤੁਸੀਂ ਆਪਣੇ ਬੇਟੇ ਦੀ ਸ਼ਾਦੀ ਮੇਰੀ ਬੇਟੀ ਨਾਲ ਮਨਜ਼ੂਰ ਕਰ ਲਵੋ ਨਹੀਂ ਤਾਂ ਬਹੁਤ ਦੁੱਖ ਤੇ ਖਰਾਬੀ ਸਹਾਰਨੀ ਪਵੇਗੀ। ਜੈਸਾ ਮੇਰਾ ਸਵਾਲ (ਰਿਸ਼ਤਾ) ਭੇਜਿਆ ਹੋਯਾ ਤੁਸੀਂ ਮੋੜ ਕੇ ਮੇਰੀ ਇੱਜ਼ਤ ਮਿੱਟੀ ਕਰ ਛੱਡੀ ਹੈ ਤੈਸੇ ਤੁਹਾਨੂੰ ਭੀ ਮਿੱਟੀ ਨਾਲ ਮਿਲਾ ਛੱਡਾਂਗਾ। ਗੁਰੂ ਜੀ ਬੋਲੇ ਹੋਣਹਾਰ ਤਾਂ ਹੋਏਗੀ ਕਿਸੇ ਤੋਂ ਟਲਣੀ ਨਹੀਂ, ਪਰ ਏਸ

Digitized by Panjab Digital Library | www.panjabdigilib.org

ਸ ਸਰੀਰ ਦੇ ਸਾਰੇ ਅੰਗਾਂ ਵਿਚੋਂ ਇਕੋ ਦੋ ਉਂਗਲ ਮਾਸ ਦਾ ਟੁਕੜਾ ਇੱਕ ਜ਼ੁਬਾਨ ਹੀ ਉੱਤ
ਮ ਹੈ, ਏਹੋ ਨਰਕ ਸੁਰਗ ਮੁਕਤਿ ਭੁਗਤਿ ਦੇਣੇ ਵਾਲੀ ਹੈ ਏਸੇ ਦੇ ਪ੍ਰਤਾਪ ਨਾਲ ਦੁਨੀਆਂ ਵਿ
ਚ ਨਾਮ ਅਮਰ ਰਹਿੰਦੇ ਹਨ। ਜਿਸਦਾ ਸੁਖਨ ਕਾਇਮ ਰਹਿਆ ਹੈ ਬੇਦ ਸਾਸਤ੍ਰ ਭੀ ਓਸੇ
ਦਾ ਸਫਲ ਜਨਮ ਦੱਸਦੇ ਹਨ। ਬਿਸਨੁ ਭਗਵਾਨ ਨੇ ਸੁਖਨ ਬਦਲੇ ਅਵਤਾਰ ਧਾਰ ਕੇ ਕਸ਼ਟ
ਸਹਾਰੇ, ਸ਼ਿਵਜੀ ਨੇ ਬਾਣੀ ਬਦਲੇ ਅਜੇ ਤਾਂਈ ਜ਼ਹਿਰ ਕੰਠ ਵਿਚ ਰੱਖ ਛੱਡਿਆ ਹੈ, ਰਾਜਾ
ਦਸਰਥ ਨੇ ਸੁਖਨ ਨਾਂ ਹਾਰਿਆ ਪ੍ਰਾਣ ਛੱਡ ਦਿੱਤੇ, ਰਾਜਾ ਹਰੀਚੰਦ ਨੇ ਚੂਹੜੇ ਦੇ ਘਰ ਸੂਰੀ
ਆਂ ਚਾਰੀਆਂ, ਏਸੇ ਤਰਾਂ ਕਬੀਰ, ਨਾਮਦੇਵ, ਜੈਦੇਵ ਆਦਿਕ ਭਗਤਾਂ ਨੇ ਕਸ਼ਟ ਸਹਾਰੇ ਪ
ਰ ਬਚਨ ਤੋਂ ਨਾ ਹਾਰੇ ਤੇ ਕਹਾਵਤ ਭੀ ਹੈ (ਸਿੰਘ ਸਪਰਸ ਸਪੁਰਸ ਬਚ ਕੇਲੇ ਫਲ ਇ
ਕ ਵਾਰ ਤ੍ਰਿਯਾ ਤੇਲ ਹਮੀਰ ਹਠ ਚੜ੍ਹੇ ਨ ਦੂਜੀ ਬਾਰ।) ਜਦ ਪਿਛੇ ਭੀ ਭਗਤਾਂ ਸੰਤਾਂ ਨੇ
ਬਚਨ ਨਹੀਂ ਹਾਰੇ ਤੇ ਆਪ ਦੁਨੀਆਦਾਰ ਭੀ ਆਪਣੀ ਬਾਣੀ ਤੋਂ ਨਹੀਂ ਹਾਰਦੇ ਤਾਂ ਅਸੀਂ
ਆਪਣੀ ਬਾਣੀ ਜੋ ਲਿਖ ਚੁਕੇ ਹਾਂ ਓਸ ਤੋਂ ਕਿਓਂ ਹਾਰੀਏ (ਯਥਾ, ਅੰਤ ਬਿਨਾਸੀ ਜੇਰ ਬਿਨਾ
ਸੀ ਉਤਭੁਜ ਸੇਤ ਬਿਨਾਧਾ। ਧਰਣਿ ਗਗਨ ਅਰ ਪਵਨ ਜਾਇਗੋ ਇਕ ਸਾਧੂ ਬਚਨ
ਅਟਲਾਧਾ।) ਗੁਰੂ ਜੀ ਦੇ ਏਨ੍ਹਾਂ ਅੰਮ੍ਰਿਤ ਰੂਪੀ ਸੱਚੇ ਬਚਨਾਂ ਤੋਂ ਭੀ ਓਸ ਦੁਸ਼ਟ ਸਰਪ ਨੂੰ ਦੁ
ਰਬੁਧਿ ਜ਼ਾਹਰ ਐਸੀ ਚੜ੍ਹ ਗਈ ਜੋ ਕਸ਼ਟ ਦੇਕੇ ਨਾਤਾ ਮਨਾਉਣ ਲੱਗ ਪਿਆ। ਓਸ ਵਕਤ ਪੀਰ
ਮੀਆਂ ਮੀਰ ਦੇ ਚੇਲੇ ਮਸਤਾਨ ਸ਼ਾਹ ਨੇ ਏਹ ਹਵਾਲ ਜਦ ਮੀਆਂ ਮੀਰ ਪਾਸ ਜਾਕੇ ਦੱਸਿਆ ਤਾਂ
ਓਨ੍ਹਾਂ ਨੇ ਆਕੇ ਚੰਦੂ ਨੂੰ ਤਾੜਿਆ ਤੇ ਲਾਣਤਾਂ ਫਿਟਕਾਰੀਆਂ ਦੇ ਕੇ ਆਖਿਆ ਪੀਰਾਂ ਫਕੀਰਾਂ ਦੀ
ਬੇਅਦਬੀ ਕਰਨੀ ਬਹੁਤ ਬੁਰੀ ਹੈ, ਜੇ ਤੂੰ ਨਹੀਂ ਮੰਨਦਾ ਤਾਂ ਮੈਂ ਬਾਦਸ਼ਾਹ ਪਾਸ ਖ਼ਬਰ ਭੇਜਦ
ਹਾਂ ਫੇਰ ਮੀਆਂ ਮੀਰ ਨੇ ਗੁਰੂ ਜੀ ਨੂੰ ਆਖਿਆ ਤੁਸੀਂ ਆਖੋ ਤਾਂ ਮੈਂ ਏਸਨੂੰ ਗਰਕ ਕਰ ਦੇਵਾਂ,
ਗੁਰੂ ਜੀ ਬੜੀ ਧੀਰਜ ਨਾਲ ਬੋਲੇ ਆਪ ਅਕਾਸ਼ ਦੀ ਤਰਫ ਵੇਖੋ, ਮੀਆਂ ਮੀਰ ਨੇ ਜਦ ਵੇਖਿਆ
ਤਾਂ ਸਿੱਧੀਆਂ ਤੇ ਸਿੱਧ, ਦੇਵਤਾ ਗੁਰੂ ਅੱਗੇ ਹੱਥ ਜੋੜੀ ਖੜੇ ਆਗਿਆ ਮੰਗਦੇ ਵੇਖੇ ਤਾਂ ਸਲਾ
ਮ ਕਰਕੇ ਆਖਿਆ ਆਪ ਐਡੇ ਵੱਡੇ ਸ਼ਕਤੀ ਵਾਲੇ ਹੋ ਕੇ ਕਸ਼ਟ ਕਿਓਂ ਸਹਾਰਦੇ ਹੋ, ਏਸ ਪਾਪੀ ਦਾ
ਨਾਸ ਕਿਓਂ ਨਹੀਂ ਕਰਦੇ। ਗੁਰੂ ਜੀ ਬੋਲੇ ਸੰਤ ਦਾ ਧਰਮ ਛਿਮਾ ਕਰਨੀ ਹੈ ਤੇ ਬਰ ਸ੍ਰਾਪ ਦੇਣਾ
ਧਰਮ ਨਹੀਂ ਜੈਸੇ ਮਿੱਤ੍ਰ, ਇਸਤ੍ਰੀ ਬਿਪਤਾ ਵਿਚ, ਸੂਰਮਾ ਜੰਗ ਵਿਚ, ਦਾਤਾ ਕਾਲ ਵਿਚ ਪਰ
ਖਿਆ ਜਾਂਦਾ ਹੈ ਤੈਸੇ ਸੰਤ ਦੀ ਨਿਰਵੈਰੀ ਤੇ ਕਸ਼ਟ ਪਰਖਿਆ ਹੈ ਮੀਆਂ ਜੀ ਸਰਬ ਸ਼ਕਤੀ ਵਾ
ਪ੍ਰਭੂ ਤੋਂ ਬਗੈਰ ਕੋਈ ਕੁਛ ਨਹੀਂ ਕਰ ਸਕਦਾ, ਏਹ ਸਭ ਕੁਛ ਓਸੇ ਦੇ ਹੁਕਮ ਅੰਦਰ ਹੈ।

Digitized by Panjab Digital Library | www.panjabdigilib.org

ਜੈਸੇ ਪ੍ਰਹਿਲਾਦ, ਹਰੀਚੰਦ ਦਧੀਚ, ਮਨਸੂਰ, ਸ਼ੱਮਸਤਬ੍ਰੇਜ਼, ਇਬਰਾਹੀਮ, ਮੂਸਾ ਈਸਾ ਆਦਿਕ ਦੀ ਪ੍ਰੀਖਿਆ ਹੋਈ ਹੈ ਤੈਸੇ ਸਾਡੀ ਭੀ ਏਹ ਪ੍ਰੀਖਿਆ ਹੋ ਰਹੀ ਹੈ। ਦੁਖ ਸੁਖ ਭੋਗ ਪਰਾਰਬਧ ਸ਼ਰੀਰ ਦਾ ਧਰਮ ਹੈ, ਆਤਮ ਦੇਹ ਤੋਂ ਨਿਆਰਾ ਹੈ ਤੇ ਤਿੰਨਾ ਸਰੀਰਾਂ ਦਾ ਸਾਖੀ ਹੈ। ਸ਼ਸ੍ਤ੍ਰ ਨਾਲ ਕਟੀਦਾ ਨਹੀਂ, ਅੱਗ ਵਿਚ ਜਲਦਾ ਨਹੀਂ, ਪਾਣੀ ਵਿਚ ਗਲਦਾ ਨਹੀਂ।

ਜੇਕਰ ਅਸੀਂ ਏਹ ਭਰੋਸਾ ਛੋੜ ਦੇਈਏ ਤਾਂ ਸਾਡੇ ਏਹ ਬਚਨ ਝੂਠੇ ਹੁੰਦੇ ਹਨ ਜਥਾ (ਦੁਖ ਸੁਖ ਮੱਧੇ ਸੰਸਾਰ ਸਗਲਾਣਾ। ਦੁਹਹੂੰ ਤੇ ਰਹਿਤ ਕੋਈ ਬਿਰਲਾ ਜਾਣਾ।) ਪੁਨਹ ਜੇ ਸੁਖ ਦੇਹ ਤਾਂ ਤੁਝਹਿ ਅਰਾਧੀਂ ਦੁਖ ਵਿਚ ਤੁਝੈ ਧਿਆਈਂ।।) ਜੇ ਅਸੀਂ ਏਹ ਬਚਨ ਨਾਂ ਪਾਲੀਏ ਤਾਂ ਸਿੱਖਾਂ ਦੀ ਕੱਲਿਆਣ ਨਹੀਂ ਹੋਵੇਗੀ। ਗੁਰੂ ਜੀ ਦੇ ਏਹੋ ਜੇਹੇ ਸ਼ਾਂਤੀ ਤੇ ਧੀਰਜ ਦੇਣ ਵਾਲੇ ਬਚਨ ਸੁਣਕੇ ਤੇ ਉਨ੍ਹਾਂ ਦੇ ਪਿੰਡੇ ਉਪਰ ਫਲੂਹੇ (ਜੋ ਚੰਦੂ ਦੁਸ਼ਟ ਨੇ ਰਿਸਟੇ ਤੱਤੇ ਕਰਕੇ ਤੇ ਭੁੱਠ ਦਾ ਜਲਦਾ ਬਲਦਾ ਰੇਤਾ ਪਾ ਕਰ ਕੀਤੇ ਹੋਏ ਸੇ) ਦੇਖਕਰ ਹੈਰਾਨ ਹੋ ਰਿਹਾ ਤੇ ਧਰਤੀ ਵਰਗਾ ਧੀਰਜ ਤੇ ਜਨਕ ਰਾਜਾ ਤੋਂ ਅਧਿਕ ਗਿਆਨਵਾਨ ਜਾਣਕੇ ਮੀਆਂ ਮੀਰ ਤਾਂ ਨਮਸਕਾਰ ਕਰ ਆਪਣੇ ਮਕਾਨ ਨੂੰ ਚਲਾ ਗਿਆ ਪਰ ਚੰਦੂ ਚਮਾਰ ਨੇ ਫੇਰ ਗਊ ਦਾ ਤਾਜ਼ਾ ਕੱਚਾ ਚਮੜਾ ਮੰਗਵਾਕੇ ਗੁਰੂ ਜੀ ਦੇ ਸਾਹਮਣੇ ਰੱਖਵਾਯਾ ਤੇ ਕਹਾ ਕਿ ਸਵੇਰੇ ਇਸ ਵਿਚ ਤੁਹਾਨੂੰ ਸੀਵਾਂਗੇ। — ਤਾਂ ਗੁਰੂ ਜੀ ਨੇ ਧਰਮ ਰੱਖਿਆ ਵਾਸਤੇ ਬੜੇ ਅੰਮ੍ਰਿਤ ਵੇਲੇ ਘਰੋਂ ਨਿਕਲ ਕਰ ਦਰੀਯਾ ਵਿਚ ਇਸ਼ਨਾਨ ਕੀਤਾ ਤੇ ਜਪਜੀ ਦਾ ਪਾਠ ਕਰ ਸਰਪ ਦੀ ਕੁੰਜ ਵਾਂਗੂ ਦੇਹ ਤਿਆਗ ਦਿੱਤੀ ਤੇ ਸਿੱਖਾਂ ਨੇ ਹੁਕਮ ਅਨੁਸਾਰ ਦੇਹ ਰਾਵੀ ਵਿਚ ਪ੍ਰਵਾਹ ਕਰ ਦਿੱਤੀ। ਦੇਹ ਤਿਆਗਣ ਦੀ ਜਗਾ ਹੁਣ ਸਮਾਧ ਬਣੀ ਹੋਈ ਹੈ ਏਹ ਸਮਾਧ ਲਹੌਰ ਕਿਲੇ ਦੇ ਪਾਸ ਪੱਕੀ ਬਹੁਤ ਚੰਗੀ ਬਣੀ ਹੋਈ ਹੈ ਤੇ ਪਰਕ੍ਰਮਾ ਵਿਚ ਸੰਗੇਮਰਮਰ ਲੱਗਾ ਹੋਯਾ ਹੈ ਤੇ ਮਕਾਨ ਭੀ ਬਾਉਲੀਆਦਿਕ ਬਣੇ ਹੋਏ ਹਨ, ਦੋ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦੇ ਹਨ। ੧੫੦) ਡੇਢ ਸੌ ਰੁਪਯਾ ਸਾਲਾਨਾ ਰਿਆਸਤ ਨਾਭੇ ਵੱਲੋਂ ਮਿਲਦਾ ਹੈ ਤੇ ਇਕ ਪਿੰਡ ਨੰਦੀਪੁਰ ਜ਼ਿਲੇ ਸਿਆਲਕੋਟ (੬੬) ਰੁਪਏ ਦਾ ਤੇ ਇਕ ਖੂਹ ਮਾਫੀ ਲਾਹੌਰ ਵਿਚ ਹੈ। ਹੋਰ ਪੂਜਾ ਭੀ ਬਹੁਤ ਆ ਜਾਂਦੀ ਹੈ।

ਗੁਰੂ ਅਰਜਨ ਸਾਹਿਬ ਬਹੁਤ ਧੀਰਜੀ, ਕਾਇਮ ਮਿਜ਼ਾਜ, ਅਚਲ ਭਰੋਸੇ ਵਾਲੇ, ਅਤੀ ਉੱਤਮ, ਉੱਦਮੀ, ਅਕਲਮੰਦ, ਦੂਰੰਦੇਸ਼, ਸਮਦਰਸੀ, ਕੋਮਲ ਸੁਭਾਵ, ਮਹਾਨ ਬਿੱਦ੍ਵਾਨ ਸੇ, ਏਹ ਐਸੇ ੨ ਕੰਮ ਤੇ ਸਾਮਾਨ ਬਣਾ ਗਏ ਜਿਨ੍ਹਾਂ ਤੋਂ ਬੇਸ਼ੁਮਾਰ ਜੀਵ ਹਮੇਸ਼ ਬਰੋਸਾਉਂਦੇ ਰਹਿਣਗੇ। ਤੇ ਸਭ ਤੋਂ ਵਧਕੇ ਏਹ ਕੰਮ ਕੀਤਾ ਕਿ ਗ੍ਰੰਥ ਸਾਹਿਬ ਦੀ ਬੀੜ ਬੰਨ੍ਹ ਦਿੱਤੀ ਜਿਸ ਕਰਕੇ

Digitized by Panjab Digital Library | www.panjabdigilib.org

ਸਿੱਖ ਪੰਥ ਦੀ ਜੜ੍ਹ ਐਸੀ ਲਗ ਗਈ ਹੈ ਜੋ ਉਖੜਨ ਵਾਲੀ ਨਹੀਂ। ਸੱਚ ਪੁੱਛੋ ਤਾਂ ਜੈਸੀ ਗੁਰੂ ਖਤ੍ਰੀ ਪੰਜਵੇਂ ਤੇ ਦਸਵੇਂ ਗੁਰੂ ਜੀ ਨੂੰ ਸੁੱਝੀ ਹੈ ਐਸੀ ਹੋਰ ਨੂੰ ਨਹੀਂ ਸੁੱਝੀ।

ਏਹ ਗੁਰੂ ਅਰਜਨ ਸਾਹਿਬ ੧੮ ਬਰਸ ੪ ਮਹੀਨੇ ੧੧ ਦਿਨ ਦੀ ਉਮਰ ਵਿਚ ਤਖਤ ਪਰ ਬੈਠੇ ਤੇ ੨੪ ਬਰਸ ੯ ਮਹੀਨੇ ੨ ਦਿਨ ਗੁਰਿਆਈ ਕਰ, ੪੩ ਵਰ੍ਹੇ ੧ ਮਹੀਨਾ ੧੨ ਦਿਨ ਸਾਰੀ ਉਮਰ ਭੋਗ ੨੨ ਜੇਠ ਸੁਦੀ ੪ ਸੰ: ੧੬੬੩ ਬਿ: ਤੇ ਸੰ: ੧੬੦੬ ਈ: ਮੁਤਾਬਕ ਸਾਲ ੧੩੭ ਗੁਰੂ ਵਿਚ ਸ਼ੁੱਕਰਵਾਰ ਚਾਰ ਘੜੀ ਦਿਨ ਚੜ੍ਹੇ ਲਾਹੌਰ ਕਿਲੇ ਦੇ ਪਾਸ ਜੋਤੀ ਜੋਤਿ ਸਮਾਏ।

---

# ਗੁਰੂ ਹਰਿਗੋਬਿੰਦ ਜੀ

।ਏਹ ਗੁਰੂ ੨੧ ਹਾੜ੍ਹ ਸੁਦੀ ੨ ਸੰ: ੧੬੫੨ ਬਿ: ਤੇ ਸੰ: ੧੫੯੬ ਈ: ਮੁਤਾਬਕ ਸਾਲ ਗੁਰੂ ੧੨੬ ਵਿਚ ਐਤਵਾਰ ਢਲੀ ਰਾਤ ਵਡਾਲੀ ਪਿੰਡ, ਅੰਮ੍ਰਿਤਸਰੋਂ ੪ ਕੋਸ ਗੁਰੂ ਅਰਜਨ ਜੀ ਦੇ ਘਰ ਮਾਤਾ ਗੰਗਾ ਦੇਵੀ ਤੋਂ ਪੈਦਾ ਹੋਏ।

ਏਨ੍ਹਾਂ ਨੂੰ ਸੱਤ ਬਰਸ ਦੀ ਉਮਰ ਤਕ ਪ੍ਰਿਥੀ ਚੰਦ ਏਨ੍ਹਾਂ ਦੇ ਤਾਏ ਨੇ ਬਹੁਤ ਬਿਘਨ ਪਾਏ, ਪਰ ਈਸ਼੍ਵਰ ਸਹਾਇਕ ਰਿਹਾ ਉਸ ਦੀ ਕੁਛ ਪੇਸ਼ ਨਾ ਗਈ। ਪਹਿਲੇ ਏਨ੍ਹਾਂ ਦੀ ਸ਼ਾਦੀ ਦੀਵਾਨ ਚੰਦੂ ਲਾਲ ਦੀ ਬੇਟੀ ਨਾਲ ਹੋਣ ਲੱਗੀ ਸੀ ਜੇਹੜੀ ਮੋੜਨ ਬਦਲੇ ਉਸਨੇ ਗੁਰੂ ਦੇ ਘਰ ਨਾਲ ਵੈਰ ਵਧਾਯਾ। ਇੱਕ ਸ਼ਾਦੀ ਤਾਂ ਏਸ ਗੁਰੂ ਸਾਹਿਬ ਦੀ ਪੰਜਵੇਂ ਗੁਰੂ ਬੜੀ ਧੂਮ ਧਾਮ ਨਾਲ ਡੱਲੇ ਪਿੰਡ ਪਰਗਣੇ ਸੁਲਤਾਨਪੁਰ ਸੂਬੀ ਖੱਤ੍ਰੀ ਨਾਰੈਣ ਦਾਸ ਦੀ ਬੇਟੀ ਦਮੋਦ੍ਰੀ ਜੀ ਦੇ ਨਾਲ ਕਰ ਗਏ ਸੇ ਤੇ ਦੋ ਸ਼ਾਦੀਆਂ ਪਿੱਛੋਂ ਹੋਈਆਂ ਅਤੇ ਪੰਜ ਬੇਟੇ ਇਕ ਬੇਟੀ ਏਨ੍ਹਾਂ ਦੇ ਸੰਤਾਨ ਹੋਈ। — ਗੁਰੂ ਅਰਜਨ ਸਾਹਿਬ ਦੇ ਪਿੱਛੋਂ ੯ ਹਾੜ੍ਹ ਬਦੀ ੭ ਸੰ: ੧੬੬੩ ਬਿ: ਵਿਚ ਏਸ ਗੁਰੂ ਨੂੰ ਦਸਤਾਰ ਬੰਧਾਉਣ ਵੇਲੇ ਮਸੰਦਾਂ ਨੇ ਪਿਛਲੀ ਰੀਤਿ ਅਨੁਸਾਰ ਮੰਜੀ, ਸੇਲੀ, ਟੋਪੀ ਅੱਗੇ ਲਿਆ ਰੱਖੀ। ਏਨ੍ਹਾਂ ਨੇ ਫੁਰਮਾਯਾ ਮੰਜੀ ਗ੍ਰੰਥ ਸਾਹਿਬ ਨੂੰ, ਸੇਲੀ ਬੇਦੀਆਂ ਨੂੰ

ਟੋਪੀ ਸਾਧਾਂ ਨੂੰ ਦੇਕੇ ਅਸੀਂ ਬੇਦ ਧਰਮ ਦੀ ਰੱਖਿਆ ਵਾਸਤੇ ਆਏ ਹਾਂ ਸਾਨੂੰ ਸ਼ਸਤ੍ਰ ਧਾਰਿਣਾ ਚ
ਕਿਉਂਕਿ ਸ਼ਸਤ੍ਰਾਂ ਬਿਨਾ ਸ਼ਤ੍ਰੂ ਨਹੀਂ ਦਬਦੇ ਏਸ ਤਰਾਂ ਕਹਿਕੇ ਦੋ ਤਲਵਾਰਾਂ ਦੋਹੀਂ ਪਾਸੀਂ ਪਹਿਰਲ
ਈਆਂ ਤੇ ਸੇਲੀ ਟੋਪੀ ਨੂੰ ਅੰਬਾਰੇ ਕ ਦਿੱਤਾ ਤੇ ਸਿੰਘਾਸਨ ਪਰ ਹੋ ਬੈਠੇ, ਸਿੱਖਾਂ ਨੇ ਪੁੱਛਿਆ ਤਾਂ ਬ
ਚਨ ਕੀਤਾ ਇਕ ਤੇਗ ਪੀਰੀ ਦੀ ਤੇ ਦੂਸਰੀ ਮੀਰੀ ਦੀ ਹੈ। — ਏਸੇ ਦਿਨ ਤੋਂ ਬਡੇ ੨ ਬਹਾਦਰ
ਲੋਗਾਂ ਨੂੰ ਬਹੁਤ ਆਦਰ ਦੇਕੇ ਆਪਣੇ ਪਾਸ ਰੱਖਣ ਲੱਗੇ ਤੇ ਸ਼ਿਕਾਰ ਖੇਲਣੇ ਸ਼ਸਤ੍ਰ ਬਿਦਿਆ
ਸਿੱਖਣੇ ਸਿਖਾਉਣੇ ਦਾ ਪ੍ਰਚਾਰ ਕਰ ਦਿੱਤਾ ਜੋ ਕੋਈ ਸਿੱਖ ਚੰਗਾ ਘੋੜਾ ਚੰਗਾ ਸ਼ਸਤ੍ਰ ਲਿਆਕੇ
ਨਜ਼ਰ ਕਰੇ ਉਸ ਪਰ ਬਹੁਤ ਖੁਸ਼ੀ ਹੋਣਾ ਥੋੜੇ ਹੀ ਦਿਨਾਂ ਵਿਚ ਬਹੁਤ ਪ੍ਰਤਾਪ ਫੈਲ ਗਿਆ ਤੇ
ਹਿੰਦੂ ਧਰਮ ਨੂੰ ਮਦਦ ਪਹੁੰਚਣ ਲੱਗੀ ਅਤੇ ਜੋ ਹਣੇ ਲੋਕ ਤੁਰਕਾਂ ਤੋਂ ਡਰਦੇ ਥਰ ਥਰ ਕੰਬ
ਦੇ ਹੋਏ ਸ਼ੋਕ ਤੇ ਸੰਸਾ ਦੇ ਸਮੁੰਦ੍ਰ ਵਿਚ ਡੁੱਬੇ ਜਾਂਦੇ ਸੇ ਤੁਰਕ ਹੋਣ ਦੀ ਘੁੰਮਣਵਾਣੀ ਵਿਚੋਂ
ਨਿਕਲਨੇ ਦੀ ਉਮੈਦ ਵਿਚ ਧੀਰਜ ਧਾਰ ਬੈਠੇ।
ਪੰਜ ਤਾਰੀਖ ਹਾੜ ਐਤਵਾਰ ਸੰ: ੧੬੬੬ ਬਿ: ਵਿਚ ਅਕਾਲ ਬੁੰਗੇ ਦੀ ਨੀਉਂ ਰੱਖਕੇ ਸ
ਭਾ ਲਾਉਣ ਤੇ ਗਿਆਨ ਉਪਦੇਸ਼ ਕਰਨ ਲਗ ਪਏ ਅਰਥਾਤ ਧਰਮ ਸਿੱਖਿਆ ਦਾ ਤਖਤ ਕਾ
ਯਮ ਕਰ ਦਿੱਤਾ ਜਿਸਦੇ ਪ੍ਰਤਾਪ ਨਾਲ ਸਾਰੇ ਦੇਸ ਵਿਚ ਗੁਰੂ ਸਾਹਿਬ ਦੇ ਸੁਜਸ ਦੀ ਚਰਚਾ
ਫੈਲ ਗਈ। ਜਿਉਂ ੨ ਬਹੁਤ ਦੌਲਤ ਆਉਣ ਲੱਗੀ ਤਿਉਂ ੨ ਗੁਰੂ ਜੀ ਨੇ ਘੋੜੇ ਤੇ ਜੁਆਨ ਆਪ
ਣੇ ਪਾਸ ਰੱਖਣੇ ਸ਼ੁਰੂ ਕਰ ਦਿੱਤੇ ਤੇ ਲੰਗਰ ਦਾ ਖਰਚ ਭੀ ਵਧਾਈ ਗਏ। ਸੈਂਕੜੇ ਮੁਸਲਮਾਨ
ਹਿੰਦੂ ਗਰੀਬ ਦਰਬਾਰ ਅੱਗੇ ਬੈਠੇ ਰਹਿਣ ਤੇ ਰੋਟੀ ਕਪੜਾ ਗੁਰੂ ਦੇ ਘਰੋਂ ਖਾਂਦੇ ਰਹਿਣ।
ਗੁਰੂ ਜੀ ਹਮੇਸ਼ ਬਿੱਕ੍ਰਮਾਜੀਤ ਜੈਸੇ ਰਾਜਿਆਂ ਤੇ ਰਾਇ ਮਹਮੇ ਹਸਨੇ ਆਦਿਕ ਸੂਰ ਬੀਰਾਂ ਦੇ
ਧਰਮ ਜੰਗਾਂ ਦੀਆਂ ਵਾਰਾਂ ਅਰਥਾਤ ਸਾਕਿਆਂ ਦੇ ਗੀਤ (ਜਿਨ੍ਹਾਂ ਨੂੰ ਸੁਣਕੇ ਕਾਇਰ ਭੀ ਸੂਰ
ਬੀਰ ਹੋ ਜਾਂਦੇ ਸੇ) ਢਾਡੀਆਂ ਤੇ ਜੋਗੀਆਂ ਤੋਂ ਸੁਣ ੨ ਕਰ ਬਹੁਤ ਖੁਸ਼ੀ ਹੋਣ ਤੇ ਉਨ੍ਹਾਂ ਨੂੰ ਦੌ
ਲਤ ਬਖਸ਼ਣਾ ਤੇ ਉਨ੍ਹਾਂ ਸਾਕਿਆਂ ਦੇ ਢੰਗ ਪਰ ਗਾਉਣ ਵਾਸਤੇ ਗ੍ਰੰਥ ਸਾਹਿਬ ਦੀਆਂ ਵਾਰਾਂ
ਪਰ ਧੁਨਾਂ ਚੜ੍ਹਾ ਦਿੱਤੀਆਂ। ਰਹੁਰਾਸ ਪੜ੍ਹਨੇ ਤੇ ਖੜੇ ਹੋਕੇ ਅਰਦਾਸ ਕਰਨੇ ਤੇ ਸ਼ਬਦ
ਪੜ੍ਹਦੇ ਹੋਏ ਪਰਕ੍ਰਮਾ ਕਰਨੇ, ਚੌਕੀ ਚੜ੍ਹਨੇ ਦੀ ਰੀਤੀ ਏਸੇ ਗੁਰੂ ਸਾਹਿਬ ਨੇ ਸੰ: ੧੬੬੯
ਬਿ: ਵਿਚ ਜਾਰੀ ਕੀਤੀ ਹੈ। — ਏਸੇ ਸਾਲ ਵਿਚ ਲਾਹੌਰੀ ਸਿੱਖਾਂ ਦੀ ਬੇਨਤੀ ਮੰਨ ਕੇ ਲਾਹੌਰ
ਜਾਕਰ ਭਾਈ ਦਰਵਾਜ਼ੇ ਜੀਵਣ ਮਿਸਤ੍ਰੀ ਦੇ ਘਰ ਤਿੰਨ ਮਹੀਨੇ ਨਿਵਾਸ ਕਰਕੇ ਸਿੱਖਾਂ ਦੇ
ਕਾਰਜ ਪੂਰੇ ਕੀਤੇ ਹੈ ਅਤੇ ਗੁਰੂ ਅਰਜਨ ਸਾਹਿਬ ਜੀ ਦੀ ਸਮਾਪਤੀ ਬਣਾਈ ਜੋ ਲਾਹੌਰ ਕਿਲੇ

Digitized by Panjab Digital Library | www.panjabdigilib.org

ਦੇ ਪਾਸ ਹੈ। ਛੱਜੂ ਭਗਤ, ਪੀਲੋ, ਭੈਰੋਨਾਥ, ਸੌਭਾਗਿਰ, ਸ਼ਾਹ ਹੁਸੈਨ, ਮੀਆਂਮੀਰ ਆਦਿਕ ਅਨੇਕ ਸਤਪੁਰਖ ਗੁਰੂ ਅਰਜਨ ਸਾਹਿਬ ਦੇ ਮੇਲੀ ਮੁਰੱਬੀ ਗੁਰੂ ਹਰਿਗੋਬਿੰਦ ਜੀ ਪਾਸ ਪਰਚੇ ਵਾਸਤੇ ਆਉਂਦੇ ਰਹੇ। ਇਕ ਦਿਨ ਗੁਰੂ ਸਾਹਿਬ ਭੀ ਮੀਆਂਮੀਰ ਸਾਹਿਬ ਨੂੰ ਮਿਲਣ ਵਾਸਤੇ ਗਏ ਤਾਂ ਅੱਗੇ ਉਨ੍ਹਾਂ ਦੀ ਮਜਲਸ ਵਿਚ ਸ਼ੇਖ ਜਾਨ ਮਹੰਮਦ ਲਾਹੌਰੀ ਜੋ ੧੭੨੨ ਬਿ: ਨੂੰ ਗੁਜ਼ਰ ਗਏ ਹੈ ਤੇ ਪੀਰ ਕੱਲ੍ਹਾ ਇਸਮਾਈਲ ਖਾਂ ਜੋ ੧੭੧੧ ਬਿ: ਵਿਚ ਸਮਾ ਗਏ ਹੈ ਤੇ ਸ਼ੇਖ ਕਰਮ ਸ਼ਾਹ ਕੁਰੈਸ਼ੀ ਆਦਿਕ ਬਹੁਤ ਪੀਰ ਫਕੀਰ ਬੈਠੇ ਸੇ, ਉਹ ਮਾਰਫਤ ਵਿਚ ਗੁਰੂ ਸਾਹਿਬ ਨਾਲ ਗਿਆਨ ਚਰਚਾ ਕਰਕੇ ਬਹੁਤ ਖੁਸ਼ ਹੋਏ। ਮੀਆਂਮੀਰ ਜੀ ਨੇ ਗੁਰੂ ਘਰ ਦੀ ਬਹੁਤ ਤਾਰੀਫ ਕੀਤੀ। ਕਰਮ ਸ਼ਾਹ ਨੇ ਆਖਿਆ ਮੇਰੀ ਨੇਕ ਨਸੀਬੀ ਜੋ ਮੈਨੂੰ ਗੁਰੂ ਜੀ ਦੇ ਦੀਦਾਰ ਹੋ ਗਏ ਨਹੀਂ ਤਾਂ ਮੈਂ ਅੱਜ ਚੋਲਾ ਛੱਡਣ ਲਈ ਮਕੇ ਨੂੰ ਤੁਰ ਜਾਣਾ ਸੀ। ਗੁਰੂ ਜੀ ਬੋਲੇ ਸ਼ੇਖ ਜੀ ਖਬਰ ਹੈ ਆਪ ਦਾ ਚੋਲਾ ਦਿੱਲੀ ਪਾਸ ਹੀ ਛੁੱਟੇ, ਰੱਬ ਦੀ ਕੁਦਰਤ ਵਿਚ ਦਮ ਮਾਰਨਾ ਅੱਛਾ ਨਹੀਂ। — ਜੈਦਾਪਿ ਕਰਮ ਸ਼ਾਹ ਉਸੇ ਦਿਨ ਮੱਕੇ ਨੂੰ ਤੁਰ ਪਿਆ ਪਰ ਮੁਲਤਾਨੋਂ ਕਿਸੇ ਔਰਤ ਦੇ ਖੂਨ ਦੇ ਮੁਕੱਦਮੇ ਵਿਚ ਫੜ ਕੇ ਦਿੱਲੀ ਨੂੰ ਤੋਰਿਆ ਗਿਆ ਤੇ ਦਿੱਲੀ ਤੋਂ ਦੋ ਕੋਸ ਪੱਛਮ ਪਾਸੇ ੧੭੧੨ ਬਿ: ਵਿਚ ਕਤਲ ਕੀਤਾ ਗਿਆ ਹੁਣ ਏਥੇ ਏਸ ਦਾ ਮੇਲਾ ਭਰਦਾ ਹੈ।

ਗੁਰੂ ਸਾਹਿਬ ਦੇ ਨਿੰਮ੍ਰ ਸੁਸ਼ੀਲ ਸੁਭਾਵ ਨੂੰ ਦੇਖਕੇ ਮੀਆਂਮੀਰ ਜੀ ਬਹੁਤ ਪਿਆਰ ਰੱਖਣ ਲੱਗੇ। ਤੇ ਉਨ੍ਹਾਂ ਦਾ ਅਦਬ ਮਾਨ ਕਰਨ ਲੱਗੇ। ਮੀਆਂਮੀਰ ਨੂੰ ਦੇਖਕੇ ਹੋਰ ਲੋਕ ਭੀ ਗੁਰੂ ਜੀ ਨੂੰ ਮੰਨਣ ਲੱਗ ਪਏ। — ਉਸੇ ਸਮੇ ਜਦ ਗੁਰੂ ਜੀ ਅੰਮ੍ਰਿਤਸਰ ਆਏ ਤਾਂ ਟਿੱਕੇ ਗੁਰਦਿੱਤੇ ਜੀ ਦੇ ਪ੍ਰਗਟ ਹੋਣ ਦੀ ਖਬਰ ਆਈ, ਮਾਤਾ ਗੰਗਾ ਦੇਈ ਨੇ ਬਹੁਤ ਖੁਸ਼ੀ ਮਨਾਈ, ਵਧਾਈ ਵੰਡੀ ਤੇ ਬਹੁਤ ਗਰੀਬ ਤਾਰੇ। ਗੁਰਦਿੱਤੇ ਜੀ ਦੀ ਮਾਈ ਦਮੋਦਰੀ ਜੀ ਆਪਣੀ ਸਕੀ ਭੈਣ ਰਾਮ ਕੌਰ ਜੀ ਦੇ ਬੇਟੇ ਦੀ ਸ਼ਾਦੀ ਪਰ ਡਰੌਲੀ ਪਿੰਡ ਗਈ ਹੋਈ ਸੀ, ਉਥੇ ਹੀ ਸੰ: ੧੬੭੦ ਬਿ: ਵਿਚ ਗੁਰਦਿੱਤਾ ਜੀ ਪੈਦਾ ਹੋਏ ਜਿੱਥੇ ਜਨਮ ਅਸਥਾਨ ਉਨ੍ਹਾਂ ਦਾ ਹੁਣ ਤਕ ਪੂਜੀਦਾ ਹੈ। ਫੇਰ ਕਿਸੇ ਬਾਤ ਪਰ ਮਾਤਾ ਗੰਗਾ ਜੀ ਨੇ ਦਮੋਦਰੀ ਨਾਲ ਗੁੱਸੇ ਹੋਕੇ ੧ ਵੈਸਾਖ ਸੰ: ੧੬੭੧ ਬਿ: ਵਿਚ ਬਕਾਲੇ ਪਿੰਡ, ਹਰੀਚੰਦ ਲੰਬ ਖੱਤ੍ਰੀ ਦੀ ਬੇਟੀ ਨਾਨਕੀ ਜੀ ਦੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੂਸਰੀ ਸ਼ਾਦੀ ਕਰਵਾਈ ਜਿਸ ਤੋਂ ੨੬ ਮਾਘ ਸੰ: ੧੬੭੨ ਬਿ: ਨੂੰ ਅਣੀਰਾਇ ਜੀ ਪੈਦਾ ਹੋਏ। — ਏਸੇ ਸਾਲ ਵਿਚ ਗੁਰੂ ਜੀ ਨੇ ਆਪਣੀ ਸਿੱਖੀ ਸੇਵਕੀ ਦਾ ਦੌਰਾ ਕਰਦੇ ਹੋਏ ੭ ਸੱਤ ਮਹੀਨੇ ਕਰਤਾਰਪੁਰ ਰਹਿਕੇ ਦੁਆਬੇ ਦੇਸ ਦਾ ਬਹੁਤ ਸੁਧਾਰ ਕੀਤਾ ਤੇ

Digitized by Panjab Digital Library | www.panjabdigilib.org

ਸੈਂਕੜੇ ਲੋਗਾਂ ਨੂੰ ਧਰਮ ਦ੍ਰਿੜ੍ਹਾ ਕਰ ਸਿੱਖ ਬਣਾਯਾ ਤੇ ਮਕਾਨ ਬਾਗ ਤੱਯਾਰ ਕਰਾਏ, ਬੈਸਾ
ਖੀ ਦਾ ਮੇਲਾ ਕਾਯਮ ਕੀਤਾ ਜੋ ਹੁਣ ਤਕ ਲਗਦਾ ਹੈ।
ਫੇਰ ਗੁਰੂ ਮਹਾਰਾਜ ਦਾ ਪ੍ਰਤਾਪ ਸੋਢੀ ਮਿਹਰਵਾਨ ਪ੍ਰਿਥੀ ਚੰਦ ਦਾ ਬੇਟਾ ਦੇਖ ਕੇ ਸਹਾਰ
ਨਾ ਸੱਕਿਆ ਤੇ ਦੀਵਾਨ ਚੰਦੂ ਲਾਲ ਪਾਸ ਦਿੱਲੀ ਵਿਚ ਪਹੁੰਚਿਆ ਏਨ੍ਹਾਂ ਦੋਹਾਂ ਨੇ ਝੂਠੇ ਸੱਚੇ ਪ
ਰੀਦ ਕੇ ਕਾਸਮ ਬੇਗ ਖਾਂ ਲਾਹੌਰ ਦੇ ਸੂਬੇ ਪਾਸੋਂ ਬਾਦਸ਼ਾਹ ਜਹਾਂਗੀਰ ਪਾਸ ਰਪੋਟ ਕਰਾ
ਦਿੱਤੀ ਕੇ ਗੁਰੂ ਹਰਿਗੋਬਿੰਦ ਨੇ ਆਪਣੇ ਵੱਡੇ ਗੁਰੂਆਂ ਦੀ ਮਰਯਾਦਾ ਪੀਰਾਂ ਫਕੀਰਾਂ
ਵਾਲੀ ਛੱਡ ਕੇ ਅਮੀਰਾਂ ਤੇ ਪਾਤ੍ਵੀਆਂ ਵਾਲਾ ਚਾਲ ਚਲਨ ਫੜ ਰੱਖਿਆ ਹੈ ਤੇ ਇਕ
ਚੌਤਰੇ ਦਾ ਨਾਮ ਅਕਾਲ ਤਖਤ ਥਾਪ ਕੇ ਉਥੇ ਸਭਾ ਲਾ ਕਰ ਹਾਕਮਾਂ ਦੀ ਤਰਾਂ ਹਮੇਸ਼
ਲੋਗਾਂ ਦੇ ਮੁਕੱਦਮੇ ਨਿਬੇੜਦਾ ਹੈ ਤੇ ਸਿਪਾਹ ਭਰਤੀ ਕਰ ਕੇ ਸ਼ਸ੍ਤ੍ਰ ਬਿਦਯਾ ਦਾ ਅੱਭਯਾਸ
ਕਰਨੇ ਕਰਾਉਣੇ ਵਿਚ ਬਹੁਤ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਹੁਣੇ ਬੰਦੋਬਸਤ ਨਾ ਹੋਯਾ
ਤਾਂ ਫਸਾਦ ਦੀ ਉਮੈਦ ਹੈ। ਏਹ ਪਰਵਾਨਾ ਜਦ ਬਾਦਸ਼ਾਹ ਪਾਸ ਗਿਆ ਤੇ ਚੰਦੂ ਲਾਲ ਨੇ
ਭੀ ਪਾਸੋਂ ਵੱਧ ਘਾਟ ਚੁਗਲੀਆਂ ਲਾਕੇ ਆਖਿਆ ਏਸ ਗੁਰੂ ਦੇ ਬਾਪ ਨੂੰ ਇਕ ਲੱਖ ਰੁਪਯਾ
ਜੁਰਮਾਨਾ ਹਜ਼ਰਤ ਨੇ ਕੀਤਾ ਸੀ ਉਹ ਭੀ ਵਸੂਲ ਕਰਨਾ ਚਾਹੀਏ।
ਏਹ ਬ੍ਰਿਤਾਂਤ ਸੁਣ ਕੇ ਜਹਾਂਗੀਰ ਬਾਦਸ਼ਾਹ ਨੇ ਸਰਦਾਰ ਸ਼ੁਹਰਾਬ ਬੇਗ ਖਾਂ ਤੇ ਵਜ਼ੀਰ ਖਾਂ
ਨੂੰ ਹੁਕਮ ਦਿੱਤਾ ਕਿ ਗੁਰੂ ਹਰਿਗੋਬਿੰਦ ਜੀ ਨੂੰ ਹਾਜ਼ਰ ਕਰੋ। ਏਧਰ ਗੁਰੂ ਸਾਹਿਬ ਤਾਂ ਪ
ਹਿਲੇ ਹੀ ਚਾਹੁੰਦੇ ਸੇ ਜੋ ਕਿਸੇ ਤਰਾਂ ਬਾਦਸ਼ਾਹ ਨਾਲ ਚਾਰ ਗੱਲਾਂ ਹੋਣ ਤਾਂ ਜ਼ਾਲਮਾਂ ਨੂੰ ਉਨ੍ਹਾਂ
ਦੇ ਜ਼ੁਲਮ ਦਾ ਸ੍ਵਾਦ ਚਖਾਯਾ ਜਾਵੇ। ਬਾਦਸ਼ਾਹੀ ਮਾਤਬਰਾਂ ਦੇ ਪਹੁੰਚਣ ਸਾਰ ਤੱਯਾਰ
ਹੋਕਰ, ਬਾਬੇ ਬੁੱਢੇ ਤੇ ਭਾਈ ਗੁਰਦਾਸ ਆਦਿਕ ਮਾਤਬਰ ਸਿੱਖਾਂ ਨੂੰ ਅੰਮ੍ਰਿਤਸਰ ਆਪ
ਣੇ ਘਰ ਦਾ ਬੰਦੋਬਸਤ ਰੱਖਣਾ ਸਪੁਰਦ ਕਰ ਕੇ ਦਿੱਲੀ ਨੂੰ ਰਵਾਨਾ ਹੋਏ। ਭਾਈ ਬਿਧੀ ਚੰ
ਦ, ਜੇਠਾ, ਪੈੜਾ, ਸਨਮੁਖ, ਦਿਲਵਾਲੀ, ਭਾਨਾ, ਮੁਣਸੀ ਬਟਾਲੇ ਵਾਲਾ ਬਹਲ ਖੱਤ੍ਰੀ, ਕਾ
ਲੀਚੰਨ, ਮੋਹਣ, ਦੇਵੀ ਸਿੰਘ ਪੂਰਬੀਏ, ਸੁੰਦਰ ਦਾਸ ਵੈਰਾਗੀ, ਗੀਗੂ ਸਿੰਘ ਬਹਾਦਰ,
ਜੈਤਾ ਸ਼ੇਰ ਭਰੂਕਾ, ਭਾਈ ਕਾਲਾ, ਤਖਤਾ ਮਲਵਈ ਦੁੱਲਟ ਜੱਟ ਜੋ ਦੇ ਅੱਧੇ ੨ ਮਣ ਦੀ
ਸਾਂਗ ਰੱਖਦੇ ਸੇ, ਭਾਈ ਤਿਲੋਕ ਚੰਦ ਰਸਾਲਦਾਰ, ਭਾਈ ਲਾਲੂ ਬਾਲੂ ਦੀਵਾਨ, ਭਾਈ ਸੋ
ਹੂ ਆਦਿਕ ਇਕ ਸੌ ਅਸਵਾਰ ਪਯਾਦੇ ਨੂੰ ਨਾਲ ਲੈ ਕਰ ੩ ਜੇਠ ਸੰ: ੧੬੭੩ ਬਿ: ਸਾਲ
੧੪੭ ਗੁਰੂ ਵਿਚ ਅੰਮ੍ਰਿਤਸਰੋਂ ਰਵਾਨੇ ਹੋਕਰ ਗੁਰੂ ਸਾਹਿਬ ਤਰਨਤਾਰਨ ਖਡੂਰ, ਗੋਇੰ

Digitized by Panjab Digital Library | www.panjabdigilib.org

ਰਵਾਲ, ਸੁਲਤਾਨਪੁਰ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਪਹੋਏ ਜਾ ਨਿਹਿਰੇ। ਸਰਸ੍ਵਤੀ
ਤੀਰਥ ਦੇ ਇਸ਼ਨਾਨ ਕਰਕੇ ਬਹੁਤ ਧਨ ਗਰੀਬਾਂ ਨੂੰ ਵੰਡਿਆ, ਭੰਡਾਰਾ ਦਿੱਤਾ।
ਗੁਰੂ ਸਾਹਿਬ ਦੇ ਨੇਕ ਸੁਭਾਵ ਤੇ ਅਜਮਤ ਦੇ ਪਰਚੇ ਵੇਖ ਕੇ ਰਸਤੇ ਵਿਚ ਮਿਰਜ਼ਾ ਗੁਰਹਿ
ਬੇਗ ਭੀ ਮੁਰੀਦ ਬਨ ਗਿਆ ਤੇ ਬੜੀ ਇੱਜ਼ਤ ਨਾਲ ਲੈ ਜਾ ਕਰ ਗੁਰੂ ਸਾਹਿਬ ਦਾ ਡੇਰਾ
ਕਰਵਾ ਕੇ ਬਾਦਸ਼ਾਹ ਪਾਸ ਤਾਰੀਫ ਨਾਲ ਮਿਲੀ ਹੋਈ ਖਬਰ ਕੀਤੀ ਤੇ ਦੂਸਰੇ ਦਿਨ ਬੜੇ
ਅਦਬ ਤੇ ਇੱਜ਼ਤ ਨਾਲ ਮੁਲਾਕਾਤ ਕਰਾਈ। ਗੁਰੂ ਸਾਹਿਬ ਦੇ ਚਿਹਰੇ ਮੁਬਾਰਕ ਪਰ
ਨੂਰ ਇਲਾਹੀ ਦਾ ਤੇਜ ਪ੍ਰਤਾਪ ਵੇਖ ਕੇ ਬਾਦਸ਼ਾਹ ਨੂੰ ਗੁਰੂ ਸਾਹਿਬ ਨਾਲ ਮੁਹੱਬਤ ਪੈਦਾ ਹੋ
ਗਈ ਤੇ ਅਦਬ ਨਾਲ ਰੁਖ਼ਸਤ ਕਰ ਪੰਜ ਸੌ ਰੁਪਯਾ ਲੰਗਰ ਦੇ ਖਰਚ ਵਾਸਤੇ ਦਿੱਤਾ ਅਤੇ
ਘੋੜਿਆਂ ਨੂੰ ਦਾਣਾ ਘਾਸ ਹਮੇਸ਼ ਮਿਲਣ ਦਾ ਹੁਕਮ ਦੇ ਕੇ, ਰੋਜ਼ ਕਚਹਿਰੀ ਵਿਚ ਆਵਣ ਦੀ
ਭੀ ਇਜਾਜ਼ਤ ਦਿੱਤੀ। ਜਦ ਗੁਰੂ ਜੀ ਕਚਹਿਰੀ ਵਿਚ ਤੇ ਕਦੇ ੨ ਸ਼ਿਕਾਰ ਖੇਡਣ ਬਾਦਸ਼ਾਹ
ਨਾਲ ਜਾਣ ਲੱਗੇ ਤਾਂ ਦੀਵਾਨ ਚੰਦੂ ਲਾਲ ਦੀ ਛਾਤੀ ਪਰ ਫਿਕਰਾਂ ਦੇ ਸਰਪ ਲੇਟ ਪਏ। ਅ
ਨੇਕ ਉਪਾਇ ਜੋੜੇ ਪਰ ਕੋਈ ਕਾਰ ਨਾ ਆਯਾ।

ਇਤਫਾਕ ਨਾਲ ਬਾਦਸ਼ਾਹ ਨੂੰ ਐਸਾ ਤਾਪ ਚੜ੍ਹਿਆ ਜੋ ਤਿੰਨ ਦਿਨ ਤਕ ਨਾ ਉਤਰਿਆ ਤਦ
ਚੰਦੂ ਦਾ ਦਾਉ ਲਗ ਗਿਆ ਤੇ ਇਕ ਨਜੂਮੀ ਜੋਤਸ਼ੀ ਨੂੰ ਕੁਛ ਰੁਪਏ ਦਾ ਲਾਲਚ ਦੇ ਕੇ ਬਾਦ
ਸ਼ਾਹ ਨੂੰ ਕਹਾ ਦਿੱਤਾ ਕਿ ਆਪ ਪਰ ਸਾਢਸਤੀ ਆਈ ਹੈ, ਕੋਈ ਹਿੰਦੂ ਪੀਰ ਫਕੀਰ ਗੁਰੂ ਹ
ਰਿਗੋਬਿੰਦ ਜੈਸਾ ਬੰਦਗੀ ਵਾਲਾ ਸਤਪੁਰਖ ਦੱਖਣ ਦਿਸ਼ਾ ਵਿਚ ਜਾ ਕੇ ਤੁਹਾਡੇ ਨਮਿੱਤ ਚਾ
ਲੀਂ ਦਿਨ ਜਾਪ ਕਰੇ ਤਾਂ ਗ੍ਰਹ ਟਲੇਗਾ ਨਹੀਂ ਤਾਂ ਸਾਢੇ ਸੱਤ ਬਰਸ ਕਲੇਸ਼ ਦੇਵੇਗਾ।
ਪਾਸੋਂ ਚੰਦੂ ਲਾਲ ਨੇ ਗੁਰੂ ਜੀ ਦੀ ਤਾਰੀਫ ਕਰ ਕੇ ਆਖਿਆ ਏਨ੍ਹਾਂ ਵਰਗਾ ਹੋਰ ਹਿਤੂ ਤੁਹਾਡਾ
ਕੌਣ ਹੈ ਏਨ੍ਹਾਂ ਨੂੰ ਗਵਾਲੀਅਰ ਦੇ ਕਿਲੇ ਦੱਖਣ ਦਿਸ਼ਾ ਵਲ ਭੇਜਿਆ ਜਾਵੇ। (ਗਰਜਵਦਾ
ਬਾਵਲਾ) ਬਾਦਸ਼ਾਹ ਨੇ ਉਸੇ ਵਕਤ ਗੁਰੂ ਜੀ ਨੂੰ ਕਹਾ ਭੇਜਿਆ ਕਿ ਆਪ ਮੇਰੇ ਭਲੇ ਵਾਸਤੇ ਗਵਾ
ਲੀਅਰ ਦੇ ਕਿਲੇ ਵਿਚ ਜਾ ਕੇ ਚਲੀਹਾ ਕਰੋ। — ਗੁਰੂ ਜੀ ਨੇ ਉਸ ਵੇਲੇ ਜਵਾਬ ਦੇਣਾ ਠੀਕ
ਨਾ ਸਮਝਿਆ ਤੇ ਸਭ ਡੇਰੇ ਨੂੰ ਦਿੱਲੀ ਵਿਚ ਛੱਡ ਕੇ ਪੰਜਾਂ ਸਿੱਖਾਂ ਨੂੰ ਨਾਲ ਲੈ, ਕੱਤਕ ਦੇ ਮਹੀ
ਨੇ ਕਿਲੇ ਵਿਚ ਜਾ ਪਹੁੰਚੇ। ਉਥੇ ਹਰਦਾਸ ਮਲ ਖੱਤ੍ਰੀ ਆਗਰੇ ਦਾ ਸਿੱਖ ਗੁਰੂ ਦਾ, ਕਿਲੇਦਾਰ
ਸੀ ਉਹ ਤਨ ਮਨ ਧਨ ਤੋਂ ਤਾਬੇਦਾਰ ਰਹਿਣ ਲੱਗਾ। ਜਿਤਨਾ ਰੁਪਯਾ ਗੁਰੂ ਜੀ ਦੇ ਪਾਸ ਬਾ
ਦਸ਼ਾਹ ਦੀ ਤਰਫੋਂ ਜਾਵੇ ਸਭ ਦਾ ਕੜਾਹ ਪ੍ਰਸ਼ਾਦ ਕਰ ਕੇ ਕੈਦੀਆਂ ਨੂੰ ਛੁਡਾਇ ਦੇਵਣਾ —

ਵ:੨੨੧੫੨

Digitized by Panjab Digital Library | www.panjabdigilib.org

ਅਤੇ ਭਾਈ ਬਿਧੀਚੰਦ, ਜੇਠਾ, ਪੈੜਾ, ਪਿਰਾਣਾ, ਜਾਜੂ ਏਹ ਜੋ ਕੁਛ ਸ਼ਹਿਰ ਵਿਚੋਂ ਮਜੂਰੀ ਕਰ ਕੇ ਲਿਆਉਂਦੇ ਓਹੋ ਛਕਦੇ ਛਕਾਉਂਦੇ। ਏਹ ਹਾਲ ਦੇਖਕੇ ਚੰਦੂ ਲਾਲ ਨੇ ਬਾਦਸ਼ਾਹ ਨੂੰ ਲਿਖ ਕਰਵਾ ਦਿੱਤਾ ਕਿ ਏਸ ਗੁਰੂ ਪਾਸ ਦੌਲਤ ਬਹੁਤ ਹੈ ਜਦ ਤਕ ਲੱਖ ਰੁਪਯਾ ਜੁਰਮਾਨੇ ਦਾ ਜੋ ਏਨ੍ਹਾਂ ਦੇ ਬਾਪ ਨੂੰ ਆਪ ਨੇ ਕੀਤਾ ਸੀ ਓਹ ਨਾ ਦੇ ਲੈਣ ਤਦ ਤਕ ਕਿਲੇ ਗਵਾਲੀਯਰ ਵਿਚ ਰਹਨ ਤੇ ਏਹੋ ਹੁਕਮ ਲਿਖਵਾ ਕੇ ਕਿਲੇਦਾਰ ਦੇ ਪਾਸ ਭੇਜ ਦਿੱਤਾ। — ਜਦ ਗੁਰੂ ਜੀ ਨੂੰ ਤਿੰਨ ਮਹੀਨੇ ਕਿਲੇ ਵਿਚ ਗੁਜਰੇ ਤੇ ਮਾਤਾ ਗੰਗਾ ਜੀ ਨੂੰ ਖਬਰ ਪਹੁੰਚੀ ਤਾਂ ਉਸ ਨੇ ਬਹੁਤ ਸੈਸਾ ਕੀਤਾ ਤੇ ਜੁਰਮਾਨਾ ਭਰਕੇ ਭੀ ਗੁਰੂ ਜੀ ਨੂੰ ਅੰਮ੍ਰਿਤਸਰ ਲੈ ਆਉਣ ਵਾਸਤੇ ਬਾਬੇ ਬੁੱਢੇ ਜੀ ਨੂੰ ਤੋਰ ਦਿੱਤਾ। ਏਹ ਖਬਰ ਸੁਣਕੇ ਪੰਜਾਬ ਵਿਚੋਂ ਟੋਲਿਆਂ ਦੇ ਟੋਲੇ ਗੁਰੂ ਦੇ ਸਿੱਖ ਗਵਾਲੀਯਰ ਪਹੁੰਚਣ ਲਗ ਪਏ। — ਦਬਿਸਤਾਨ ਮਜ਼ਾਹਬ ਕਿਤਾਬ ਦਾ ਕਰਤਾ ਆਖਦਾ ਹੈ ਕਿ ਏਹ ਬ੍ਰਿਤਾਂਤ ਮੈਂ ਆਪਣੀ ਅੱਖੀਂ ਦੇਖਿਆ ਲਿਖਦਾ ਹਾਂ ਕਿ ਗੁਰੂ ਜੀ ਦੇ ਸਿੱਖ ਇਸਤ੍ਰੀ ਮਰਦ ਪੰਜਾਬ ਤੋਂ ਚੱਲਕੇ ਰੋਜ ਸੈ ਸੈ ਦੇ ਲਗਭਗ ਗਵਾਲੀਯਰ ਪਹੁੰਚਦੇ ਤੇ ਕਿਲੇ ਦੀ ਕੰਧ ਨੂੰ ਮੱਥੇ ਟੇਕ ੨ ਹਲੂਆ ਬਰਤਾ ੨ ਕਰ ਗੁਰੂ ਜੀ ਦੇ ਸਬਦ ਗਾਉਂਦੇ ਹੋਏ ਫੇਰ ਪੰਜਾਬ ਨੂੰ ਚਲੇ ਜਾਂਦੇ ਸਨ ਜੇ ਕੋਈ ਪੁੱਛਦਾ ਤਾਂ ਆਖਦੇ ਸੇ ਏਸ ਕਿਲੇ ਵਿਚ ਸਾਡਾ ਸਤਗੁਰੂ ਪ੍ਰਮੇਸ਼ਰ ਹੈ, ਜੇ ਕੋਈ ਏਹ ਆਖਦਾ ਭਈ ਜੇਕਰ ਓਹ ਈਸ਼੍ਵਰ ਹੈ ਤਾਂ ਕਿਲੇ ਵਿਚ ਕੈਦ ਕਯੋਂ ਹੋਯਾ ਹੈ ਏਸ ਪਰ ਭੀ ਸਿੱਖ ਸਿਵਾਇ ਏਸ ਗੱਲ ਦੇ ਹੋਰ ਕੁਛ ਜਵਾਬ ਨਾਂ ਦਿੰਦੇ ਕੇ ਓਹ ਸਾਡੇ ਸਿਦਕ ਪਰਖਣ ਵਾਸਤੇ ਆਪਣੀ ਮਰਜੀ ਨਾਲ ਏਥੇ ਆ ਬੈਠਾ ਹੈ ਜਦ ਚਾਹੇਗਾ ਤਦੋਂ ਹੀ ਪੰਜਾਬ ਨੂੰ ਚਲਾ ਜਾਏਗਾ ਏਹ ਦੇਹ ਧਾਰੀ ਰੱਬ ਹੈ ਜੋ ਚਾਹੁੰਦਾ ਹੈ ਸੋ ਕਰ ਦਿਖਾਉਂਦਾ ਹੈ। ਸਾਡੀ ਤਾਕਤ ਨਹੀਂ ਜੋ ਏਸ ਨੂੰ ਅਸੀਂ ਪਰਮੇਸ਼ਰ ਦਾ ਰੂਪ ਨਾ ਮੰਨੀਏ। ਏਹੋ ਜੇਹੇ ਸੱਚੇ ਸਿਦਕ ਉਸ ਵਕਤ ਸਿਖਾਂਦੇ ਸੇ।

ਫੇਰ ਜਦ ਬਾਬਾ ਬੁੱਢਾ ਜੀ ਗਵਾਲੀਯਰ ਗੁਰੂ ਪਾਸ ਆਯਾ ਤੇ ਸਿੱਖ ਭੀ ਉਸ ਨਾਲ ਦੋ ਹਜ਼ਾਰ ਤੋਂ ਬਹੁਤ ਸੀ। ਸਭ ਨੇ ਗੁਰੂ ਪਾਸ ਬੇਨਤੀ ਕੀਤੀ ਕਿ ਅਸੀਂ ਚੰਦਾ ਕਰਕੇ ਰੁਪਯਾ ਭਰ ਦੇਂਦੇ ਹਾਂ ਤੁਸੀਂ ਪੰਜਾਬ ਨੂੰ ਚਲੋ। ਗੁਰੂ ਸਾਹਿਬ ਨੇ ਬਚਨ ਕੀਤਾ ਜੋ ਕੋਈ ਅਸਾਡੇ ਨਮਿਤ ਤੁਰਕ ਨੂੰ ਰੁਪਯਾ ਦੇਵੇਗਾ ਸੋ ਗੁਰੂ ਦੀ ਸਿੱਖੀ ਤੋਂ ਖਾਰਜ ਤੇ ਨਿਗੁਰਾ ਸਮਝਿਆ ਜਾਵੇਗਾ, ਅਸੀਂ ਬੜੇ ਅਨੰਦ ਨਾਲ ਬੈਠੇ ਹਾਂ ਤੁਸੀਂ ਸਭ ਆਪਣੇ ੨ ਘਰੀਂ ਜਾਓ ਤੇ ਪਰਮੇਸ਼ਰ ਦਾ ਸਿਮਰਣ ਕਰੋ। ਏਹ ਹੁਕਮ ਗੁਰੂ ਜੀ ਦਾ ਮੰਨਕੇ ਜੱਦਪਿ ਬਾਬੇ ਬੁੱਢੇ ਜੀ ਸਮੇਤ ਸਭ ਸਿੱਖ ਪੰਜਾਬ ਨੂੰ ਚਲੇ ਗਏ ਪਰ ਮਨ ਸਭ ਦੇ ਗੁਰੂ ਜੀ ਦੇ ਪਾਸ ਹੀ ਰਹੇ। — ਉਸੇ ਦਿਨ ਤੋਂ ਬਾਦਸ਼ਾਹ ਨੂੰ ਸੁਪਨੇ

Digitized by Panjab Digital Library | www.panjabdigilib.org

ਵਿਚ ਸ਼ੇਰ ਦਾ ਭੂਤ ਹਰਰੋਜ਼ ਐਸਾ ਹੋਣ ਲੱਗਾ ਜੋ ਅਨੇਕ ਜਤਨ ਕੀਤੇ ਪਰ ਸ਼ੈਤਾਨ ਨਾ ਮਿਲੇ। ਗੁਰੂ ਸਾਹਿਬ ਤਾਂ ਏਕਾਂਤ ਬੰਦਗੀ ਵਿਚ ਮਗਨ ਰਹਿੰਦੇ ਸੇ ਬਦ ਸਰਾਪ ਦੇਣਾ ਤਾਂ ਉਰਦਾਹੀ ਨਹੀਂ ਸੀ ਪਰੰਤੂ ਕਈ ਲੱਖ ਸਿੱਖਾਂ ਦਾ ਦਿਲ ਜੋ ਬਾਦਸ਼ਾਹ ਦੀ ਅਨੀਤੀ ਪਰ ਨਾਰਾਜ਼ ਸੀ ਏਸ ਕਰਕੇ (ਖਲਕ ਦੁਖੇ ਜਬ ਨੈਣ ਦੀ ਖਾਲਕ ਕੋਪੇ ਤਾਂਹਿ) ਪਰਮੇਸ਼ੂਰ ਦੀ ਤਰਫੋਂ ਬਾਦਸ਼ਾਹ ਨੂੰ ਸੁਪਨੇ ਵਿਚ ਸ਼ੇਰ ਡਰਾਉਣ ਲਗਿਆ ਅਨੇਕ ਟੂਣੇ ਟਾਮਣ ਕੀਤੇ ਪਰ ਓਹ ਡਰਨਾ ਹਟਿਆ। ਗੁਰਬਿਲਾਸ ਵਿਚ ਲਿਖਿਆ ਹੈ ਕੇ ਭਾਈ ਜੇਠਾ ਜੀ ਜੋਗ ਅਭਿਆਸ ਦੇ ਬਲ ਨਾਲ ਸ਼ੇਰ ਬਣ ਕੇ ਰੋਜ਼ ਡਰਾਉਂਦਾ ਤੇ ਫੇਰ ਉਸੇ ਨੇ ਨਜੂਮੀ ਬਣਕੇ ਬਾਦਸ਼ਾਹ ਨੂੰ ਸਮਝਾ ਕਰ ਗੁਰੂ ਜੀ ਨੂੰ ਕਿਲੇ ਵਿਚੋਂ ਬੁਲਾਯਾ ਸੀ। ਤਵਾਰੀਖ ਮਜ਼ਾਹਬ ਵਿਚ ਲਿਖਿਆ ਹੈ ਕਿ ਉਸੇ ਸਮੇ ਮੀਆਂ ਮੀਰ ਸਾਹਿਬ ਨਜ਼ਾਮ ਦੀਨ ਔਲੀਏ ਦੇ ਪੋਤੇ ਚੇਲੇ ਪੀਰ ਫਖਰੁਦੀਨ ਪਾਸ ਦਿੱਲੀ ਵਿਚ ਆਏ ਹੋਏ ਸੇ ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਬਹੁਤ ਮੁਹੱਬਤੀ ਤੇ ਏਸ ਹਾਲ ਬੀ ਵਾਕਫ਼ ਸਨ। ਜਦ ਬਾਦਸ਼ਾਹ ਉਨਾਂ ਨੂੰ ਮਿਲਣ ਗਿਆ ਤਾਂ ਸੁਪਨੇ ਦੇ ਭੈ ਦਾ ਬ੍ਰਿਤਾਂਤ ਭੀ ਸੁਣਾਯਾ ਤਦ ਪੀਰ ਮੀਆਂ ਮੀਰ ਸਾਹਿਬ ਨੇ ਆਖਿਆ ਤੁਸਾਂ ਕਿਸੇ ਪੀਰ ਫਕੀਰ ਨੂੰ ਬੇਗੁਨਾਹ ਤਕਲੀਫ ਦਿੱਤੀ ਹੈ ਉਸੇ ਦਾ ਨਤੀਜਾ ਏਹ ਹੈ ਜੋ ਤੇਰੇ ਵਾਸਤੇ ਚੰਗਾ ਨਹੀਂ। ਏਹ ਸੁਣ ਕੇ ਜਹਾਂਗੀਰ ਨੇ ਦਿਲਗੀਰ ਹੋਕੇ ਆਖਿਆ ਮੈਂ ਆਪਣੇ ਜਾਣੇ ਕਿਸੇ ਨੂੰ ਨਹੀਂ ਦੁਖਾਯਾ। ਤਦ ਮੀਆਂ ਮੀਰ ਜੀ ਨੇ ਕਿਹਾ ਕੀ ਤੁਸੀਂ ਮੁਸਲਮਾਨ ਫਕੀਰ ਨੂੰ ਪੀਰ ਸਮਝਦੇ ਹੋ ਹਿੰਦੂਆਂ ਨੂੰ ਨਹੀ। ਪਾਸੋਂ ਕਾਜ਼ੀ ਬੋਲਿਆ ਹਿੰਦੂ ਕੀਤੇ ਪੀਰ ਫਕੀਰ ਕੀ। ਏਸ ਪਰ ਮੀਆਂ ਜੀ ਨੇ ਪਹਿਲੇ ਗੁਰੂ ਨਾਨਕ ਜੀ ਦੀ ਬਹੁਤ ਸਾਰੀ ਸਿਫਤ ਕੀਤੀ ਫੇਰ ਗੁਰੂ ਅਰਜਨ ਸਾਹਿਬ ਜੀ ਦੀ ਕਥਾ ਸੁਣਾਈ ਜਿਸ ਤਰਾਂ ਦੀਵਾਨ ਚੰਦੂ ਲਾਲ ਦੀ ਬੇਟੀ ਦੇ ਨਾਤੇ ਬਦਲੇ ਬਿਗੜੀ ਸੀ ਤੇ ਫੇਰ ਚੰਦੂ ਲਾਲ ਨੇ ਸੁਲਹੀ ਖਾਨ, ਸੁਲੱਬੀ ਖਾਂ ਨੂੰ ਗੁਰੂ ਦੇ ਨੁਕਸਾਨ ਪਹੁੰਚਾਵਣ ਵਾਸਤੇ ਭੇਜਿਆ ਅਤੇ ਝੂਠ ਮੂਠ ਅਲਜ਼ਾਮ (ਤੁਹਮਤ) ਦੇਕੇ ਆਪੇ ਜੁਰਮਾਨਾ ਕਰਾਯਾ ਤੇ ਫੇਰ ਆਪਣੀ ਜ਼ਮਾਨਤ ਪਰ ਆਪਣੇ ਘਰ ਲੈ ਜਾਕਰ ਗੁਰੂ ਸਾਹਿਬ ਨੂੰ ਕਸ਼ਟ ਦਿੱਤੇ ਤੇ ਗੁਰੂ ਸਾਹਿਬ ਨੇ ਧਰਤੀ ਨਾਲੋਂ ਭੀ ਅਧਿਕ ਧੀਰਜ ਰੱਖ ਕੇ ਪ੍ਰਭੂ ਦੀ ਭਾਣੀ ਮੰਨੀ ਤੇ ਕਲੇਸ਼ ਸਹਾਰ ਕੇ ਦੇਹ ਤਿਆਗੀ।

ਫੇਰ ਗੁਰੂ ਹਰਿਗੋਬਿੰਦ ਸਾਹਿਬ ਦਾ ਕਿਲੇ ਗਵਾਲੀਯਰ ਵਿਚ ਜਾਣਾ ਤੇ ਚੰਦੂ ਲਾਲ ਦੇ ਕਪਟ ਛਲ ਜ਼ੁਲਮ ਸੁਣਾਕੇ ਆਖਿਆ ਏਹੋ ਜੇਹੇ ਜ਼ਾਲਮ ਪਾਪੀ ਮੁਸਾਹਿਬ ਬਾਦਸ਼ਾਹਾਂ ਤੋਂ ਬੇਇਨਸਾਫੀ ਕਰਾਕੇ ਦੋਜ਼ਖ ਦੇ ਅਧਿਕਾਰੀ ਕਰਾਉਂਦੇ ਹਨ। ਤੁਸਾਂ ਭੀ ਸੁਣਿਆ ਹੋਵੇਗਾ

See the date of meeting ?

Digitized by Panjab Digital Library | www.panjabdigilib.org

ਕੇ ਬੇਇਨਸਾਫ ਬਾਦਸ਼ਾਹਾਂ ਦੇ ਸਿਰ ਅਤੇ ਹੱਡੀਆਂ ਦੋਜ਼ਖ ਦੇ ਹਮਾਮ ਵਿਚ ਸੜਦੀਆਂ
ਹਨ। ਏਹ ਬ੍ਰਿਤਾਂਤ ਸੁਣ ਕੇ ਬਾਦਸ਼ਾਹ ਦੇ ਕੰਨ ਖੜੇ ਹੋ ਗਏ ਤੇ ਕੰਬ ਉੱਠਿਆ ਅਤੇ ਉਸੇ ਵਕ੍ਤ
ਵਜ਼ੀਰ ਖਾਂ ਨੂੰ ਗੁਰੂ ਸਾਹਿਬ ਦੇ ਲਿਆਉਣ ਵਾਸ੍ਤੇ ਅਸਵਾਰੀ ਤੇ ਖਿਲਤ ਦੇ ਕੇ ਰਵਾਨਾ ਕੀਤਾ
ਤੇ ਚੰਦੂ ਦੁਸ਼ਟ ਨੂੰ ਜੇਲ੍ਹਖਾਨੇ ਭੇਜ ਦਿੱਤਾ। ਉਧਰ ਗੁਰੂ ਸਾਹਿਬ ਨੇ ਆਖਿਆ ਜੇਕਰ ਇਸ ਕਿ
ਲੇ ਦੇ ਕੈਦੀ ਭੀ ਛੁੱਟਣ ਤਾਂ ਅਸੀਂ ਜਾਵਾਂਗੇ। ਵਜ਼ੀਰ ਖਾਂ ਨੇ ਏਹੋ ਬਾਤ ਬਾਦਸ਼ਾਹ ਨੂੰ ਲਿਖ ਭੇ
ਜੀ ਉਥੋਂ ਹੁਕਮ ਆਯਾ ਜਿਤਨੇ ਕੈਦੀ ਗੁਰੂ ਸਾਹਿਬ ਦਾ ਪੱਲਾ ਪਕੜ ਕੇ ਕਿਲੇ ਤੋਂ ਬਾਹਰ ਹੋ
ਜਾਂਣ ਉਹ ਛੱਡੇ ਜਾਣ। ਗੁਰੂ ਜੀ ਦੇ ਗਲ ਇਕ ਸੌ ਸੱਠ ਕਲੀ ਦਾ ਜਾਮਾ ਸੀ ਉਸ ਨੂੰ ਪਕੜ ਕੇ
੫੨ ਬੰਦੀਜਨ ਰਾਜੇ ਸਰਦਾਰ ਬਾਹਰ ਆਏ ਜੋ ਛੱਡੇ ਗਏ। ਇਸੇ ਤਰਾਂ ਸੱਚੇ ਸਤਿਗੁਰੂ ਦੇ ਲ
ੜ ਲੱਗ ਕੇ ਅਨੰਤ ਜੀਵ ਜਮ ਦੇ ਬੰਧਨ ਤੋਂ ਛੁਟ ਜਾਂਦੇ ਹਨ ਯਥਾ (ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲ॥) ਸੰ: ੧੬੬੪ ਬੈਸਾਖ ਨੂੰ ਗਵਾਲੀਯਰ ਤੋਂ ਚੱਲ ਕੇ ਗੁਰੂ ਸਾਹਿਬ ਆ
ਗਰੇ ਸ਼ਹਿਰ ਤੇ ਮਥਰਾ ਬ੍ਰਿੰਦਾਬਨ ਆਦਿਕ ਮਕਾਨਾਂ ਦਾ ਦਰਸ਼ਨ ਕਰਦੇ ਹੋਏ ੭ ਬੈਸਾਖ
ਸੰ: ੧੬੭੪ ਬਿ: ਨੂੰ ਦਿੱਲੀ ਵਿਚ ਪਹੁੰਚ ਗਏ ਤਾਂ ਬਾਦਸ਼ਾਹ ਨੇ ਸਭਾ ਵਿਚ ਬੁਲਾ ਕੇ ਬੜੀ
ਖਾਤਰ ਕੀਤੀ ਤੇ ਇਕ ਮਾਲਾ ਮੋਤੀਆਂ ਦੀ ਕੀਮਤੀ ਤੇ ਖਿਲਤ ਦੋ ਘੋੜੇ ਅਰਬੀ ਉਮਦਾ ਸੁ
ਇਨੇ ਚਾਂਦੀ ਦੇ ਜੇਵਰ ਜ਼ੀਨ ਸਮੇਤ ਨਜ਼ਰ ਕਰਕੇ ਆਪਣੀ ਭੁੱਲ ਦੀ ਮਾਫੀ ਮੰਗੀ। ਗੁਰੂ ਜੀ
ਨੂੰ ਤਾਂ ਆਪਣੇ ਪਾਸ ਬਾਦਸ਼ਾਹ ਨੇ ਰੱਖ ਲੀਤਾ ਤੇ ਲੰਗਰ ਦੇ ਖਰਚ ਵਾਸ੍ਤੇ ਰੁਭਾਲ ਦੇ ਪਰਗ
ਣੇ ਉਤੇ ੧੨ ਪਿੰਡਾਂ ਪਰ (ਜੋ ਅਕਬਰ ਬਾਦਸ਼ਾਹ ਅਰਦਾਸ ਕਰਾ ਗਿਆ ਸੀ) ਕਬਜ਼ਾ
ਕਰਵਾ ਦਿੱਤਾ।

ਬਾਦਸ਼ਾਹ ਗੁਰੂ ਜੀ ਨੂੰ ਹਮੇਸ਼ ਆਪਣੇ ਨਾਲ ਲੈ ਕੇ ਸਿਕਾਰ ਚੜ੍ਹਦਾ ਤੇ ਗੁਰੂ ਜੀ ਕਈ ਸ਼ੇਰ
ਆਦਿਕ ਮਾਰਦੇ ਜਿਸ ਕਰਕੇ ਬਾਦਸ਼ਾਹ ਹਮੇਸ਼ ਇਨ੍ਹਾਂ ਦੀ ਤਾਰੀਫ ਕਰਦਾ ਤੇ ਦਿਲੀ ਮੁਹੱਬਤ
ਰੱਖਣ ਲੱਗਾ। ਇਸੇ ਤਰਾਂ ਇਕ ਬੜਾ ਭਾਰੀ ਸ਼ੇਰ ਸੀ ਜੋ ਕਿਸੇ ਤੋਂ ਨਹੀਂ ਮਰਦਾ ਸੀ ਤੇ ਕਈ ਬ
ਹਾਦਰ ਜੋ ਉਸ ਨੂੰ ਮਾਰਨ ਗਏ ਸੋ ਮਰ ਮਰ ਗਏ ਪਰ ਉੜਕ ਨੂੰ ਗੁਰੂ ਜੀ ਦੇ ਖੰਡੇ ਨਾਲ ਹੀ
ਖੰਡ ਖੰਡ ਹੋਯਾ। ਗੁਰੂ ਜੀ ਦੀ ਏਹ ਬਹਾਦਰੀ ਦੇਖ ਕੇ ਬਾਦਸ਼ਾਹ ਤੇ ਹੋਰ ਅਮੀਰ ਵਜ਼ੀਰ ਸ
ਬ ਗੁਰੂ ਜੀ ਨੂੰ ਦੂਸਰਾ ਰੁਸ੍ਤਮ ਮੰਨਣ ਲੱਗੇ ਤੇ ਅਦਬ ਕਰਨ ਲੱਗੇ। — ਇਸੇ ਸਾਲ
ਵਿਚ ਜਦ ਬਾਦਸ਼ਾਹ ਨੇ ਅਜਮੇਰ ਤਕ ਰਾਜਪੂਤਾਨੇ ਦਾ ਦੌਰਾ ਕੀਤਾ ਤਾਂ ਗੁਰੂ ਜੀ ਨੂੰ ਭੀ ਆ
ਪਣੇ ਨਾਲ ਰੱਖਿਆ ਤੇ ਸਭਨਾਂ ਰਾਜਿਆਂ ਤੋਂ ਨਜ਼ਰਾਂ ਦੇਵਾਉਂਦਾ ਰਿਹਾ ਤੇ ਜੋਹੜੇ ਰਾਜੇ ਗੁਰੂ ਜੀ

Digitized by Panjab Digital Library | www.panjabdigilib.org

ਵਾ ਪੱਲਾ ਫੜ ਕੇ ਗਵਾਲੀਯਰ ਦੇ ਕਿਲ੍ਹੇ ਵਿੱਚੋਂ ਛੁਟੇ ਸੇ ਉਨ੍ਹਾਂ ਨੇ ਬਹੁਤ ਸੇਵਾ ਕੀਤੀ। ਅਜ
ਮੇਰ ਦੇ ਮੁਕਾਮ ਪਰ ਇਕ ਦਿਨ ਬਾਦਸ਼ਾਹ ਨੇ ਐਤਨੀ ਦੂਰ ਨਿਸ਼ਾਨਾ ਗੱਡਿਆ ਜਿੱਥੇ ਕਿਸੇ ?
ਬਡੇ ਤੀਰੰਦਾਜ਼ ਦਾ ਤੀਰ ਮਸਾਂ ਪਹੁੰਚਦਾ ਸੀ, ਜੇਹੜੇ ਰਾਜਪੂਤ, ਮੁਗਲ, ਪਠਾਣ ਏਸ ਬਿੱਦਿਆ
ਦੇ ਧਨੀ ਸਦਾਉਂਦੇ ਸੇ ਉਨ੍ਹਾਂ ਨੇ ਕਈ ਨਿਸ਼ਾਨੇ ਮਾਰੇ ਪਰ ਕਿਸੇ ਦਾ ਤੀਰ ਨਾ ਲੱਗਾ। ਗੁਰੂ ਸਾਹਿ
ਬ ਨੇ ਪਹਿਲੇ ਹੀ ਤੀਰ ਨਾਲ ਉਡਾ ਦਿੱਤਾ। — ਫੇਰ ਕਪੜੇ ਦਾ ਆਦਮੀ ਖੜਾ ਕਰ ਕੇ ਉਸ
ਨੂੰ ਨਿਸ਼ਾਨਾਂ ਮਾਰਨ ਲਈ ਆਖਿਆ ਹੋਰਨਾਂ ਨੇ ਤਾਂ ਛਾਤੀ ਤੇ ਮੂੰਹ ਵਿਚ ਤੀਰ ਮਾਰੇ ਪਰ ਗੁਰੂ
ਜੀ ਨੇ ਐਸੇ ਤੀਰ ਮਾਰੇ ਕਿ ਤਾਲੂ ਅਤੇ ਅੱਖੀਆਂ ਦੇ ਵਿੱਚੋਂ ਪਾਰ ਹੋਏ। — ਏਸ ਹੁਨਰ ਨੂੰ ਦੇਖ
ਕੇ ਸਭ ਹੱਕੇ ਬੱਕੇ ਰਹੇ, ਏਸੇ ਤਰਾਂ ਪੰਜ ਮਹੀਨੇ ਰਾਜਪੂਤਾਨੇ ਦਾ ਸੈਲ ਕਰ ਕੇ ਜਦ ਦਿੱਲੀ ਆ
ਏ ਤਾਂ ਉਸ ਸਮੇਂ ਰਾਜਾ ਤਾਰਾਚੰਦ ਨਾਲਾਗੜ੍ਹੀਆ ਜੋ ਬਾਗੀ ਹੋ ਰਿਹਾ ਸੀ ਤੇ ਤਿਨ ਵਾਰੀ ਸ਼ਾ
ਹੀ ਫੌਜ ਜਾਣੇ ਪਰ ਭੀ ਸਰ ਨਹੀਂ ਹੋਯਾ ਸੀ ਉਸ ਪਰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਲਸ਼ਕ
ਰ ਦੇ ਕੇ ਭੇਜਿਆ, ਏਨ੍ਹਾਂ ਨੇ ਜੇਠ ਮਹੀਨੇ ਸੰ: ੧੬੭੫ ਬਿ: ਨੂੰ ਰੋਪੜ ਪਹੁੰਚ ਕੇ ਉਸ ਨੂੰ ਬਾਦਸ਼ਾ
ਹੀ ਈਨ ਮਨਾਈ ਤੇ ਆਪਣੇ ਨਾਲ ਲੈ ਆਂਦਾ ਤੇ ਬਾਦਸ਼ਾਹ ਨਾਲ ਮੁਲਾਕਾਤ ਕਰਾਇ ਦਿੱਤੀ
ਅਤੇ ਜਿਗਾ, ਕਲਗੀ, ਖਿਲਤ, ਖਿਤਾਬ ਬਹਾਦਰੀ ਦਾ ਦੇ ਕਰ ਹਮੇਸ਼ ਦਾ ਝਗੜਾ ਮੁਕਾ
ਇ ਦਿੱਤਾ। — ਏਸ ਕੰਮ ਬਦਲੇ ਬਾਦਸ਼ਾਹ ਨੇ ਖੁਸ਼ੀ ਹੋ ਕਰ ੭ ਤੋਪਾਂ ਤੇ ਇਕ ਹਜ਼ਾਰ ਅ
ਸਵਾਰ ਪਿਆਦਾ ਗੁਰੂ ਸਾਹਿਬ ਦੇ ਮਾਤਹਤ ਦੇ ਕਰ ਪੰਜਾਬ ਦੇ ਹਾਕਮਾਂ ਉੱਤੇ ਨਿਗਾਹ ਰੱਖਣ
ਵਾਸਤੇ ਮੁਕੱਰਰ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਇਕ ਦਿਨ ਗੁਰੂ ਜੀ ਦੇ ਹੱਥ ਵਿਚ ਅਦਭੁ
ਤ ਕਪੂਰਾਂ ਤੇ ਮੋਤੀਆਂ ਦਾ ਸਿਮਰਨਾ ਦੇਖ ਕੇ ਬਾਦਸ਼ਾਹ ਨੇ ਆਖਿਆ ਏਸ ਵਿੱਚੋਂ ਇਕ ਦਾਣਾ
ਕਪੂਰ ਦਾ ਬਖਸ਼ੋ ਤਾਂ ਮੈਂ ਆਪਣੀ ਤਸਬੀ ਦਾ ਇਮਾਮ ਬਣਾ ਕੇ ਆਪ ਦੀ ਯਾਦਗੀਰੀ ਰੱਖਾਂ
। ਗੁਰੂ ਜੀ ਬੋਲੇ ਏਹ ਭੀ ਦੌਲਤ ਆਪ ਦੀ ਹੀ ਹੈ ਪਰੰਤੂ ਇਕ ਸੌ ਅੱਠ (੧੦੮) ਦਾਣੇ ਦੀ ਮਾਲਾ ਏਸ ਤੋਂ
ਚੰਗੀ ਮੇਰੇ ਪਿਤਾ ਦੀ ਦੀਵਾਨ ਚੰਦੂ ਲਾਲ ਦੇ ਘਰ ਹੈ। ਤਦ ਮੀਆਂ ਮੀਰ ਵਾਲੀ ਬਾਤ ਬਾਦ
ਸ਼ਾਹ ਨੂੰ ਯਾਦ ਆਈ ਤੇ ਗੁਰੂ ਸਾਹਿਬ ਨੇ ਭੀ ਬਾਦਸ਼ਾਹ ਦੇ ਪੁੱਛਣੇ ਪਰ ਓਹੋ ਕਥਾ ਸੁਣਾਇ
ਦਿੱਤੀ। — ਉਸੇ ਵਕਤ ਸ਼ਾਹ ਜਹਾਂਗੀਰ ਨੇ ਚੰਦੂ ਲਾਲ ਨੂੰ ਜੇਲਖਾਨੇ ਵਿੱਚੋਂ ਬੁਲਾ ਕੇ ਗੁਰੂ ਅ
ਰਜਨ ਸਾਹਿਬ ਜੀ ਦੇ ਹੱਥ ਦੀ ਮਾਲਾ ਤੇ ਮੁਹਰ ਮੰਗੀ ਤਾਂ ਉਹ ਮੁੱਕਰ ਪਿਆ ਫੇਰ ਜਦ ਉਸ ਦੇ
ਘਰ ਦੀ ਤਲਾਸ਼ੀ ਲਈ ਤਾਂ ਨਿਕਲ ਆਈ। — ਬਾਦਸ਼ਾਹ ਨੇ ਠੀਕ ਰ ਗੁਰੂ ਅਰਜਨ ਸਾ
ਹਿਬ ਦਾ ਖੂੰਨੀ ਤੇ ਬਾਦਸ਼ਾਹ ਨੂੰ ਧੋਖਾ ਦੇਣ ਵਾਲਾ ਚੰਦੂ ਨੂੰ ਸਮਝ ਲੀਤਾ ਤੇ ਉਸ ਦੀ ਸਾਰੀ ਜਾਏ

Digitized by Panjab Digital Library | www.panjabdigilib.org

ਦਾਦ ਜਬਤ ਕਰ ਉਸ ਦੀ ਬਾਂਹ ਗੁਰੂ ਸਾਹਿਬ ਨੂੰ ਫੜਾ ਦਿੱਤੀ ਤੇ ਆਪਣੀ ਭੁਲ ਮਾਫ ਕਰਾਕੇ ਹੁਕਮ ਦਿੱਤਾ ਏਹ ਤੁਹਾਡਾ ਖੂਨੀ ਹੈ ਜਿਸ ਤਰਾਂ ਚਾਹੋ ਮਾਰੋ। ਏਹ ਹੁਕਮ ਸੁਣਕੇ ਭਾਈ ਬਿਧੀ ਚੰਦ ਨੇ ਚੰਦੂ ਨੂੰ ਆਪਣੇ ਡੇਰੇ ਲਿਆਕੇ ਜੰਜੀਰ ਪਾਕਰ, ਕੁੱਤੇ ਰੱਖਣ ਵਾਲਿਆਂ ਦੇ ਹਵਾਲੇ ਕਰ ਦਿੱਤਾ। ਬਾਦਸ਼ਾਹ ਤੋਂ ਰੁਖਸਤ ਹੋਕੇ ਗੁਰੂ ਜੀ ਨੇ ਦੂਸਰੇ ਦਿਨ ਪੰਜਾਬ ਦੀ ਤਰਫ ਵਾਗ ਉਠਾਈ ਤੇ ਹੁਕਮ ਦਿੱਤਾ ਹਰ ਇੱਕ ਸਿੱਖ ਚੰਦੂ ਨੂੰ ਪੰਜ ੨ ਜੁੱਤੀਆਂ ਮਾਰੇ।

ਏਸ ਹੁਕਮ ਅਨੁਸਾਰ ਸਬ ਸਿੱਖ ਕਾਰ ਕਰਨ ਲੱਗੇ ਤੇ ਦੂਰੋਂ ੨ ਆਕਰਕੇ ਸਬ ਸਿਖ ਚੰਦੂ ਨੂੰ ਏਹੋ ਦੱਛਣਾ ਦੇਣ ਲੱਗੇ। —੭ ਮਾਘ ਸੰ:੧੬੭੫ ਬਿ: ਵਿਚ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚਕੇ, ਫੱਗਣ ਵਿਚ ਲਾਹੌਰ ਚਲੇ ਗਏ। ਲਾਹੌਰ ਦੀਆਂ ਸਾਰੀਆਂ ਗਲੀਆਂ ਵਿਚ ਚੰਦੂ ਨੂੰ ਫੇਰਿਆ। — ਜੱਦਯਪਿ ਪੈਜਾਰਾਂ ਤੇ ਫਿਟਕਾਰਾਂ ਨਾਲ ਚੰਦੂ ਨੂੰ ਅਧ ਮਰਿਆ ਤਾਂ ਹੋਰ ਲੋਕਾਂ ਨੇ ਹੀ ਕਰ ਛੱਡਿਆ ਸੀ ਪਰ ਜਦ ਗੁਰਦਿੱਤੇ ਭੜਭੂੰਜੇ ਸਿੱਖ ਦੀ ਦੁਕਾਨ ਅੱਗੇ ਆਯਾ ਤਾਂ ਜਿਸ ਭੱਠ ਦਾ ਤੱਤਾ ਰੇਤਾ ਚੰਦੂ ਨੇ ਪੰਜਵੇਂ ਗੁਰੂ ਉਪਰ ਪਾਯਾ ਸੀ ਉਸੇ ਭੱਠ ਵਿਚੋਂ ਰੇਤੇ ਦੇ ਪੰਜ ਸੱਤ ਕੜਛੇ ਚੰਦੂ ਉੱਤੇ ਪਾਕੇ ਇਕ ਕੜਛਾ ਕਮਰ ਵਿਚ ਐਸਾ ਮਾਰਿਆ ਕਿ ਚੰਦੂ ਤੜਫ ੨ ਕੇ ਮਰ ਗਿਆ। ਤੇ ੨੭ ਫੱਗਣ ਸੰ:੧੬੭੫ ਬਿ: ਵਿਚ ਨਰਕ ਨੂੰ ਗਿਆ। (ਅਹਿਕਰ ਕਰੇ ਸੋ ਅਹਿਕਰ ਪਾਏ ਕੋਈ ਨ ਪਕੜੀਐ ਕਿਸੈ ਥਾਇ) ਜੈਸਾ ਉਸ ਪਾਪੀ ਨੇ ਕੀਤਾ ਸੀ ਤੈਸਾ ਫਲ ਪਾਯਾ। — ਏਸੇ ਸਮੇ ਮਾਈ ਰਾਜੋ ਤੇ ਧਰਮੋ ਦੋਵੇਂ ਭੈਣਾਂ ਭਗਤ ਕੇਦਾਰੇ ਖੱਤ੍ਰੀ ਦੀਆਂ ਧੀਆਂ ਅਤੀ ਸੁੰਦਰ ਬਾਲ ਰੰਡਾਂ ਜਿਨ੍ਹਾਂ ਨੇ ਖਾਸ ਗੁਰੂ ਨਾਨਕ ਸਾਹਿਬ ਤੋਂ ਉਪਦੇਸ਼ ਲੀਤਾ ਸੀ ਤੇ ਤੁਰਕਾਂ ਦੇ ਜੁਲਮ ਤੋਂ ਡਰਕਰ ਬਾਨਵੇ ਬਰਸ ਇਕ ਕੋਠੇ ਵਿਚ ਬੈਠਕੇ ਬੰਦਗੀ ਕੀਤੀ, ਅੰਤ ਸਮੇ ਏਸੇ ਸਾਲ ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਜੀ ਨੇ ਦਰਸ਼ਨ ਤੇ ਬ੍ਰਹਮ ਗਯਾਨ ਦੇਕੇ ਮੁਕਤੀ ਬਖਸ਼ੀ, ਉਨਾਂ ਦਾ ਅਸਥਾਨ ਹੁਣ ਤਕ ਭਾਟੀ ਦਰਵਾਜੇ ਮਸ਼ਹੂਰ ਹੈ। — ਏਸੇ ਸਮੇ ਬਾਬਾ ਜਵੰਦ ਵਾਹੀ ਖੱਤ੍ਰੀ ਹੁਰਮੰਦੀ ਮਹਲੇ ਵਾਲਾ, ਭਾਈ ਬਾਂਕਾ ਅਰੋੜਾ ਸ਼ਹਾਲਮੀ ਦਰਵੱਜੇ ਦਾ, ਸੁਆਮੀ ਸਾਹਿਬ ਬ੍ਰਹਮਣ, ਜੱਗਾ ਖੱਤ੍ਰੀ ਗੁਮਟੀ ਮਹੱਲੇ ਦੇ, ਦਿਲੇਰਾ ਮਦੀਵਾਨ, ਭਾਈ ਭੂਪਾ ਅਰੋੜਾ, ਨੱਥਾ ਮਲ ਬ੍ਰਹਮਨ ਜੈਨੇ ਮੋਰੀ ਦੇ, ਕਾਲੂ ਭਗਤ ਵੱਤਿਆਂ ਦੇ ਵੇਹੜੇ ਦਾ, ਬਾਬਾ ਮਲੰਗ ਖੱਤ੍ਰੀ ਸੂਤ੍ਰ ਮੰਡੀ ਦਾ, ਛੱਜੂ ਭਗਤ ਭਾਟੀਆਂ, ਸ਼ਾਹ ਅਨਾਯਤ ਕਾਦਰੀ, ਸ਼ਾਹ ਮਹੀਮ ਦਰਵੇਸ਼, ਸ਼ੇਖ ਅਬਦੁੱਲਾ, ਸ਼ਾਹ ਹੁਸੈਨ, ਸਾਂਈਦਾਸ ਵੈਰਾਗੀ, ਭੈਰੋਂ ਨਾਥ, ਸਰਬੰਧ ਨਾਥ ਜੋਗੀ ਇਤਿਆਦਿਕ ਲਾਹੌਰੀ ਭਗਤਾਂ ਸੰਤਾਂ ਦੀ ਮਜਲਸ ਤੇ ਗਯਾਨ ਚਰਚਾ ਗੁਰੂ ਹਰਿਗੋਬਿੰਦ ਪਾਸ ਹਰਰੋਜ਼ ਬਣੀ

Digitized by Panjab Digital Library | www.panjabdigilib.org

ਰਹਿੰਦਾ ਸੀ ਤੇ ਬਾਦਸ਼ਾਹ ਜਹਾਂਗੀਰ ਨਾਲ ਬਹੁਤ ਚੰਗੀ ਬਣੀ ਹੋਈ ਤੇ ਪੂਰੇ ੨ ਅਮੀਰ ਸ
ਮਝਕੇ ਪੰਜਾਬ ਦੇ ਹਾਕਮਾਂ ਤੇ ਅਮੀਰਾਂ, ਜ਼ਿਮੀਦਾਰਾਂ, ਸਰਦਾਰਾਂ, ਸ਼ਾਹੂਕਾਰਾਂ ਚੌਧਰੀਆਂ
ਦੀ ਕਚਹਿਰੀ ਗੁਰੂ ਸਾਹਿਬ ਪਾਸ ਭਰੀ ਰਹਿੰਦੀ ਕਿਮ ਭੀ ਦੀਨੀ ਦੁਨੀਯਾਵੀ ਬੇਸ਼ੁਮਾਰ
ਲੋਗਾਂ ਦੇ ਏਸ ਗੁਰੂ ਪਾਸੋਂ ਪੂਰੇ ਹੁੰਦੇ ਕਿਓਂਕੇ ਉਸ ਵਕਤ ਬਾਦਸ਼ਾਹ ਨੇ ਮੁਲਕ ਪੰਜਾਬ ਵਿਚ
ਢੰਡੋਰਾ ਫਿਰਾ ਦਿੱਤਾ ਸੀ ਕਿ ਜਿਸ ਕਿਸੇ ਨੂੰ ਪੰਜਾਬ ਦੇ ਹਾਕਮਾਂ ਤੋਂ ਨਿਆਂਉ ਨਹੀਂ ਮਿਲਿਆ ਉ
ਹ ਗੁਰੂ ਹਰਿਗੋਬਿੰਦ ਪਾਸ ਹਾਜ਼ਰ ਹੋਕੇ ਆਪਣਾ ਹੱਕ ਹਾਸਲ ਕਰਨਾ ਏਹ ਸੁਣਕੇ ਬਹੁ
ਤ ਲੋਗਾਂ ਨੇ ਗੁਰੂ ਪਾਸ ਆਕਰ ਇਨਸਾਫ਼ ਪਾਏ ਕਿਓਂਕੇ ਗੁਰੂ ਸਾਹਿਬ ਦਿਲ ਦੇ ਨੇਤ੍ਰਾਂ ਨਾਲ
ਭੀ ਸੱਚ ਝੂਠ ਪਰਖ ਲੈਂਦੇ ਸਨ। — ਜਦ ਗੁਰੂ ਸਾਹਿਬ ਨੇ ਪੰਜਾਬ ਦਾ ਦੌਰਾ ਕੀਤਾ ਤੇ
ਪੋਠੋਹਾਰ ਦੇਸ਼ ਤੋਂ ਹਟਕੇ ਦਨਪ ਫਿਰ ਰਾਵੀ ਦੇ ਕੰਢੇ ਆਏ ਤਾਂ ਮੰਡਿਆਲੀ ਵਾਲੇ ਦਯਾਰਾਮ
ਮਰਵਾਹੇ ਖੱਤ੍ਰੀ ਨੇ ਆਪਣੀ ਬੇਟੀ ਮਹਾਂਦੇਵੀ ਦਾ ਡੋਲਾ ਨਜ਼ਰ ਕੀਤਾ। ੮ ਵੈਸਾਖ ਸੰਮਤ
੧੬੭੬ ਬਿ: ਫਿਰ ਏਹ ਸ਼ਾਦੀ ਕਰਕੇ ਗੁਰੂ ਜੀ ਅੰਮ੍ਰਿਤਸਰ ਆ ਬਿਰਾਜੇ। ਏਸੇ ਸਮੇ
ਵਡੀ ਸਮਾਣੀ ਦਾਮੋਦਰੀ ਜੀ ਤੋਂ ਗੁਰੂ ਜੀ ਦੇ ਘਰ ਅਣੀਰਾਯ ਬੇਟਾ ਪੈਦਾ ਹੋਯਾ।
ਏਹ ਖ਼ੁਸ਼ ਖਬਰਾਂ ਸੁਣਕੇ ਦੇਸ ਪਰਦੇਸ ਤੋਂ ਮਸੰਦਾਂ ਨਾਲ ਸੰਗਤਾਂ ਨੇ ਆਕਰ ਗੁਰੂ ਦੇ
ਦਰਸ਼ਨ ਤੇ ਮੇਲਾ ਦੀਪਮਾਲਾ ਦਾ ਕਰਕੇ ਬੇਸ਼ੁਮਾਰ ਦੌਲਤ ਚੜ੍ਹਾਈ ਤੇ ਮਨੋਕਾਮਨਾ
ਪਾਈ। — ਏਸੇ ਸਮੇ ਪਰਗਣੇ ਚੁਤਾਲ ਦੀ ਚੜ੍ਹਾਈ ਆਉਣੇ, ਤੇ ਬਾਦਸ਼ਾਹ ਦੀ
ਤਰਫੋਂ ਗੁਰੂ ਜੀ ਦੇ ਪਾਸ ਫੌਜ ਦੇ ਰਹਣੇ ਕਰਕੇ ਬਹੁਤ ਰੌਣਕ ਹੋ ਗਈ ਸੀ।
ਏਸ ਗੁਰੂ ਨੇ ਧਰਮ ਦਾ ਤੇ ਸ਼ਸ੍ਤ੍ਰ ਬਿੱਦਿਆ ਦਾ ਉਪਦੇਸ਼ ਦੇਕਰ ਆਪਣੇ ਸਿੱਖਾਂ ਦੇ ਦਿਲ ਸੂ
ਰਬੀਰ ਕਰ ਦਿੱਤੇ ਸਨ। — ਪੰਜਾਬ ਦੇ ਲੋਗ ਜਿਨ੍ਹਾਂ ਨੂੰ ਹੋਰਨਾ ਹਾਕਮਾਂ ਪਾਸੋਂ ਠੀਕ ਹੱਕ
ਨਹੀਂ ਮਿਲਿਆ ਸੀ ਉਹ ਬੇਸ਼ੁਮਾਰ ਮੁਕੱਦਮਿਆਂ ਵਾਲੇ ਗੁਰੂ ਪਾਸ ਆਉਣ ਲੱਗੇ ਤੇ ਹੱਕੋ
ਹੱਕ ਨਿਬੇੜਾ ਪਾਉਣ ਲੱਗੇ। ਏਸੇ ਕਰਕੇ ਗੁਰੂ ਸਾਹਿਬ ਦਾ ਨਾਮ ਸੱਚਾ ਪਾਤਸ਼ਾਹ ਸੋਢੀ 1676
ਸੁਲਤਾਨ ਮਸ਼ਹੂਰ ਹੋ ਗਿਆ।
ਏਸੇ ਸਾਲ ਗੁਰੂ ਜੀ ਨੇ ਅੰਮ੍ਰਿਤਸਰ ਦੀ ਸ਼ਹਰ ਪਨਾਹ ਬਹੁਤ ਚੰਗੀ ਬਣਵਾਈ ਤੇ ਇ
ਕ ਛੇਹਰਟਾ ਖੂਹ ਵਡਾਲੀ ਪਿੰਡ ਆਪਣੇ ਜਨਮ ਸਥਾਨ ਤੇ ਦੂਸਰਾ ਅਕਾਲ ਬੁੰਗੇ ਵਿ
ਚ ਲਗਵਾਯਾ ਅਤੇ ਇਕ ਬਾਗ ਲਗਵਾਯਾ ਜੋ ਹੁਣ ਗੁਰੂ ਕਾ ਬਾਗ ਮਸ਼ਹੂਰ ਹੈ। Atal Rai
੨੨ ਕੱਤਕ ਸੰ: ੧੬੭੬ ਬਿ: ਫਿਰ ਮਾਤਾ ਨਾਨਕੀ ਜੀ ਤੋਂ ਅਟੱਲ ਰਾਇ ਪੈਦਾ ਹੋਏ। ਫੇਰ

Digitized by Panjab Digital Library | www.panjabdigilib.org

ਸੱਤ ਮਹੀਨੇ ਕਰਤਾਰਪੁਰ ਰਹਿਕੇ ਮਕਾਨ ਬਣਵਾਏ ਤੇ ਵੈਸਾਖੀ ਦਾ ਮੇਲਾ ਕਾਇਮ ਕੀਤਾ
ਜੋ ਹੁਣ ਤਕ ਲੱਗਦਾ ਹੈ। — ਪੈਂਦੇਖਾਂ ਪਠਾਨ ਜੋ ਬੜਾ ਬਲੀ ਪਹਿਲਵਾਨ ਤੇ ਸ਼ਸਤ੍ਰੀ ਸੂ
ਰਬੀਰ ਗੁਰੂ ਪਾਸ ਨੌਕਰ ਸੀ ਉਸ ਪਰ ਗੁਰੂ ਸਾਹਿਬ ਬਹੁਤ ਮਿਹਰਬਾਨੀ ਰੱਖਦੇ ਤੇ ਉਸੇ
ਦੇ ਕਹਣੇ ਕਰਕੇ ਮੀਰਦਵਾ ਪਿੰਡ ਦੇ ਦਿਲਾਵਰ ਖਾਂ, ਅਮੀਰ ਖਾਂ, ਅਤਾਉੱਲਾ ਖਾਂ, ਬਹਾਦ
ਰ ਖਾਂ ਆਦਿਕ ੧੬ ਆਦਮੀ ਨੌਕਰ ਰੱਖ ਕੇ ਬਹਾਦਰ ਖਾਂ ਦੀ ਬੇਟੀ ਨਾਲ ਪੈਂਦੇ ਖਾਂ ਦੀ ਸ਼ਾਦੀ
ਭੀ ਕਰਾ ਦਿੱਤੀ। — ਫੇਰ ਦੁਆਬੇ ਦੇਸ ਦਾ ਦੌਰਾ ਤੇ ਸਿੱਖਾਂ ਦਾ ਸੁਧਾਰ ਕਰਦੇ ਹੋਏ ਮੁ
ਕੇਰੀਆਂ ਤੋਂ ਬਿਆਸਾ ਪਾਰ ਹੋਕੇ ਇੱਕ ਥੇਹ ਉੱਤੇ ਜਾ ਠਹਿਰੇ। ਤੇ ਉਥੇ ਦਾ ਰੁਹੀਲਾ ਪਿੰਡ ਜੋ
ਦੀਵਾਨ ਚੰਦੂ ਲਾਲ ਦੀ ਮਲਕੀਯਤ ਜ਼ਬਤ ਕਰਕੇ ਬਾਦਸ਼ਾਹ ਨੇ ਉਜਾੜ ਦਿੱਤਾ ਸੀ ਗੁ
ਰੂ ਜੀ ਨੇ ਸ਼ਾਹੀ ਸਨਦ ਲੈਕੇ ਉਥੇ ੧੭ ਅੱਸੂ ਸੰ: ੧੬੭੭ ਬਿ: ਵਿਚ ਹਰਿਗੋਬਿੰਦਪੁਰ ਬ
ਸਾਯਾ ਜਿਸ ਦੀ ਮਲਕੀਯਤ ਹੁਣ ਤਕ ਗੁਰੂ ਜੀ ਦੀ ਔਲਾਦ ਪਾਸ ਹੈ।
ਏਥੋਂ ਚਲਕੇ ਵਟਾਲੇ ਵਿਚ ਦੀ ਅੰਮ੍ਰਿਤਸਰ ਜੀ ਵਿਖੇ ਆਇ ਸਥਿਤ ਭਏ।
ਏਸੇ ਸਮੇ ਭਾਗ ਮਲ ਸੌਦਾਗਰ ਪਸ਼ੌਰੀ ਸਿੱਖ ਕਾਬਲ ਦੀ ਤਰਫੋਂ ਘੋੜੇ ਲੈਕੇ ਦਿੱਲੀ
ਨੂੰ ਚੱਲਿਆ ਸੀ ਜਦ ਲਾਹੌਰ ਆਯਾ ਤਾਂ ਸ਼ਾਹਜ਼ਾਦੇ ਸ਼ਹਾਬੁਦੀਨ ਦੇ ਮਾਤਬਰਾਂ ਨੇ ਘੋੜੇ
ਖਰੀਦੇ। ਇਕ ਘੋੜਾ ਨਿਹਾਯਤ ਚੰਗਾ ਜੋ ਉਹ ਗੁਰੂ ਸਾਹਿਬ ਵਾਸਤੇ ਲਿਆਯਾ ਸੀ ਸੋ ਭੀ ਜੋ
ਰੋ ਜ਼ੋਰੀ ਉਨ੍ਹਾਂ ਨੇ ਲੈ ਲੀਤਾ। ਜਦ ਸੌਦਾਗਰ ਨੇ ਗੁਰੂ ਪਾਸ ਆਕੇ ਏਹ ਬ੍ਰਿਤਾਂਤ ਸੁਣਾਯਾ
ਤਾਂ ਗੁਰੂ ਸਾਹਿਬ ਨੇ ਫੁਰਮਾਯਾ ਭਾਈ ਸਿੱਖਾ ਸਿਦਕ ਰੱਖ, ਜੇਹੜੀ ਵਸਤੂ ਜਿਸ ਦੇ ਭਾਗ ਦੀ
ਹੈ ਉਹ ਉਸੇ ਪਾਸ ਆਵੇਗੀ ਈਸ਼੍ਵਰ ਦੀ ਮ੍ਰਯਾਦਾ ਅੰਨਥਾ ਨਹੀਂ ਹੁੰਦੀ। ਜੇਕਰ ਉਹ ਘੋੜਾ
ਗੁਰੂ ਵਾਸਤੇ ਆਯਾ ਹੈ ਤਾਂ ਆਪੇ ਆ ਜਾਏਗਾ। ਸੋ ਉਹੋ ਬਾਤ ਸੱਚ ਹੋਈ ਕਿ ਥੋੜੇ ਦਿਨਾਂ ਬਾ
ਦ ਘੋੜਾ ਬੀਮਾਰ ਹੋ ਗਿਆ ਤੇ ਸ਼ਾਹਜ਼ਾਦੇ ਨੇ ਆਪਣੇ ਉਸਤਾਦ ਕਾਜ਼ੀ ਰੁਸਤਮ ਖਾਂ ਨੂੰ ਦੇ
ਦਿੱਤਾ। ਕੁਦਰਤਨ ਾਲ ਉਥੇ ਹੀ ਸ਼ਾਹਜ਼ਾਦੇ ਦੇ ਪ੍ਰੇਮ ਕਰਕੇ ਗੁਰੂ ਸਾਹਿਬ ਭੀ ਲਾਹੌਰ ਤੋਂ ਦੋ
ਕੋਸ ਮੁਜ਼ੰਗ ਪਿੰਡ ਵਿਚ ਜਾ ਠਹਿਰੇ। ਕਾਜ਼ੀ ਦੇ ਘਰ ਦੀ ਕੰਧ ਗੁਰੂ ਜੀ ਦੇ ਡੇਰੇ ਨਾਲ ਲੱਗ
ਦੀ ਸੀ, ਕਾਜ਼ੀ ਨੇ ਉਹ ਘੋੜਾ ਗੁਰੂ ਪਾਸ ਵੇਚ ਦਿੱਤਾ। ਸ਼ਾਹਜ਼ਾਦੇ ਸ਼ਹਾਬੁੱਦੀਨ ਨੂੰ ਸ਼ਿਕਾਰ
ਤੇ ਸੂਫੀਆਂ ਮਜ਼੍ਹਬ ਦੀ ਗਯਾਨ ਚਰਚਾ ਦਾ ਬਹੁਤ ਸ਼ੌਕ ਸੀ, ਤੇ ਗੁਰੂ ਜੀ ਏਨ੍ਹਾਂ ਬਾਤਾਂ ਵਿਚ
ਕਾਮਲ ਸੇ ਏਸ ਕਰਕੇ ਸ਼ਾਹਜ਼ਾਦੇ ਨੇ ਗੁਰੂ ਜੀ ਨੂੰ ਪੰਜ ਮਹੀਨੇ ਆਪਣੇ ਪਾਸ ਟਿਕਾਈ
ਰੱਖਿਆ। — ਗੁਰੂ ਜੀ ਦੇ ਡੇਰੇ ਸਤਸੰਗ ਦਾ ਵਿਚਾਰ ਤੇ ਗੁਰੂ ਦੀ ਬਾਣੀ ਦਾ ਉਚਾਰ ਹਰ

Digitized by Panjab Digital Library | www.panjabdigilib.org

ਚੇਲੇ ਸਿੱਖ ਕਰਦੇ ਰਹਿੰਦੇ। ਉਸ ਕਾਜ਼ੀ ਦੀ ਬੇਟੀ ਕੌਲਾਂ ਨਾਮ ਜੋ ਆਪ ਰੱਬ ਦੀ ਬੰਦਗੀ
ਵਿਚ ਰੱਤੀ ਹੋਈ ਦੀਵਾਨ ਹਾਫ਼ਜ਼ ਆਦਿਕ ਕਿਤਾਬਾਂ ਪੜ੍ਹਦੀ ਰਹਿੰਦੀ ਪਰ ਗੁਰੂ ਜੀ ਦੀ ਬਾ
ਣੀ ਸੁਣਕੇ ਉਸਨੂੰ ਐਸਾ ਅਸਰ ਹੋਯਾ ਕਿ ਦਿਲੀ ਸਾਦਕ ਮੁਰੀਦ ਬਣ ਗਈ ਤੇ ਗੁਰੂ ਨਾ
ਨਕ ਜੀ ਦੇ ਮਤ ਨੂੰ ਸੱਚਾ ਤੇ ਹੋਰ ਮਤਾਂ ਨੂੰ ਧੋਖੇ ਦੀ ਟੱਟੀ ਦੱਸਣ ਲਗ ਪਈ।
ਇਕ ਤਾਂ ਪਹਿਲੇ ਹੀ ਉਸਦੇ ਬਾਪ ਕਾਜ਼ੀ ਨਾਲ ਘੋੜੇ ਦੀ ਕੀਮਤ ਲੈਣ ਦੇਣ ਤੇ ਸਿੱਖਾਂ ਦੀ ਬੋ
ਲੀ ਠੋਲੀ ਹੋ ਗਈ ਸੀ, ਦੂਸਰੇ ਜਦ ਕੌਲਾਂ ਤੇ ਗੁਰੂ ਜੀ ਦੀ ਬਾਣੀ ਦੀ ਤਾਰੀਫ਼ ਸੁਣਦਾ ਤਾਂ
ਜਲਦਾ ਬਲਦਾ ਆਖਦਾ ਸੀ ਕਿ ਤੂੰ ਕਾਫ਼ਰ ਦੀ ਕਲਾਮ ਨੂੰ ਚੰਗਾ ਆਖਦੀ ਹੈਂ ਸੋ ਸ਼ਰਾ
ਮੁਹੱਮਦੀ ਦੇ ਅਨੁਸਾਰ ਕਤਲ ਕਰਨੇ ਦੇ ਜੋਗ ਹੈਂ। — ਕਾਜ਼ੀ ਦੇ ਘਰ ਘੋਤਨਕੱਸ
ਪ ਤੇ ਪ੍ਰਹਿਲਾਦ ਵਾਲਾ ਸੰਬਾਦ ਰਹਣ ਲੱਗਾ ਪਰ ਕੌਲਾਂ ਨੂੰ ਭੀ ਉਸ ਸੱਚੇ ਹਕੀਕੀ ਇ
ਸ਼ਕ ਨੇ ਚੁੱਪ ਨਾ ਰਹਣ ਦਿੱਤਾ, ਓੜਕ ਕਾਜ਼ੀ ਉਸਦੇ ਕਤਲ ਦਾ ਫ਼ਤੂਵਾ ਦੇਣ ਨੂੰ ਤੱਯਾਰ
ਹੋ ਗਿਆ ਤਦ ਕੌਲਾਂ ਦੀ ਮਾਂ ਨੇ ਬੇਟੀ ਦੀ ਜਾਨ ਬਚਾਵਨ ਲਈ ਰਾਤ ਨੂੰ ਘਰੋਂ ਨਿਕਾਲ
ਦਿਤਾ, ਉਸਨੇ ਹੋਰ ਕਿਤੇ ਆਪਣੀ ਜਾਨ ਬਚਦੀ ਨਾਂ ਦੇਖਕੇ ਆਪਣੇ ਮੁਰਸ਼ਦ ਪੀਰ ਅਬਦੁ
ਲਾ ਨੂੰ (ਜਿਸਦੀ ਕਬਰ ਹੁਣ ਮੁਜ਼ੰਗਾਂ ਵਿਚ ਮੰਨੀ ਦੀ ਹੈ) ਨਾਲ ਲੈਕੇ ਅੰਮ੍ਰਿਤਸਰ ਗੁ
ਰੂ ਜੀ ਦੀ ਸ਼ਰਣ ਆਕੇ ਅਰਜ਼ ਕੀਤੀ ਕਿ ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ ਗੁਰੂ
ਦਾ ਘਰ ਸੁਣਕੇ ਮੈਂ ਤੁਹਾਡੀ ਸ਼ਰਣ ਆਈ ਹਾਂ। ਗੁਰੂ ਸਾਹਿਬ ਨੇ ਉਸਨੂੰ ਨਾਮ ਵਿੱਚ ਰੱਤੀ
ਹੋਈ ਤੇ ਸੱਚ ਪਰ ਕਾਯਮ ਦੇਖਕੇ ਧੀਰਜ ਦਿੱਤਾ ਤੇ ਲੰਗਰੋਂ ਪ੍ਰਸ਼ਾਦ ਲਗਾਇ ਦਿੱਤਾ ਅਤੇ
ਇਕ ਕੋਠਾ ਉਸਦੇ ਰਹਣ ਵਾਸਤੇ ਅੱਧ ਕੋਸ ਦੇ ਫ਼ਾਸਲੇ ਪਰ ਬਣਵਾਕੇ ਉਸਦੀ ਰਾਖੀ ਪੈ
ਰੇਖਾਂ ਦੇ ਸਪੁਰਦ ਕੀਤੀ। — ਇਕ ਦਿਨ ਕੌਲਾਂ ਨੇ ਗੁਰੂ ਪਾਸ ਹੱਥ ਜੋੜਕੇ ਬੇਨਤੀ ਕੀ
ਤੀ ਕਿ ਮਹਾਰਾਜ ਕ੍ਰਿਪਾ ਕਰਕੇ ਮੈਨੂੰ ਇੱਕ ਪੁੱਤ੍ਰ ਬਖ਼ਸ਼ੋ ਜਿਸ ਕਰਕੇ ਮੇਰਾ ਨਾਮ ਭੀ ਦੁਨੀ
ਆਂ ਵਿਚ ਰਹੇ। ਗੁਰੂ ਜੀ ਨੇ ਆਖਿਆ ਤੂੰ ਬੰਦਗੀ ਕਰਦੀ ਰਹੁ ਤੈਨੂੰ ਐਸਾ ਬੇਟਾ ਦੇਵਾਂਗੇ
ਜੋ ਹਮੇਸ਼ ਤਕ ਕਾਯਮ ਰਹੇਗਾ ਏਹ ਕਹਕਰ ਕੌਲਾਂ ਦੇ ਨਾਮ ਪਰ ਕੌਲਸਰ ਬਣਾਯਾ।
ਏਹ ਤਲਾਬ ਸੰ:੧੬੭੭ ਬਿ: ਤੋਂ ਸ਼ੁਰੂ ਹੋਕੇ ਜਦ ਸੰ:੧੬੮੪ ਬਿ: ਵਿਚ ਤੱਯਾਰ ਹੋਯਾ
ਤਾਂ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਪਹਿਲੇ ਕੌਲਸਰ ਇਸ਼ਨਾਨ ਕਰਕੇ ਅੰਮ੍ਰਿਤਸਰ
ਇਸ਼ਨਾਨ ਕੀਤਾ ਕਰਨ ਏਹੋ ਹੁਕਮ ਹੁਣ ਤਕ ਸਿੱਖਾਂ ਵਿਚ ਵਰਤੀਦਾ ਹੈ।
੮ ਸਾਵਣ ਸੰ:੧੬੮੧ ਬਿ: ਨੂੰ ਗੁਰੂ ਜੀ ਦੇ ਬੇਟੇ ਗੁਰਦਿੱਤੇ ਜੀ ਦੀ ਸ਼ਾਦੀ ਵਟਾਲੇ ਸ਼ਹਰ

Digitized by Panjab Digital Library | www.panjabdigilib.org

ਸੋੱਲ ਖੱਤ੍ਰੀ ਗਾਮੇ ਦੀ ਬੇਟੀ ਅਨੰਤੀ ਨਾਲ ਧੂਮ ਧਾਮ ਦੀ ਹੋਈ। ਏਸੇ ਦੇ ਪੇਟੋਂ ਧੀਰਮੱਲ ਤੇ
ਗੁਰੂ ਹਰਿਰਾਇ ਜੀ ਪੈਦਾ ਹੋਏ। ਸੰਮਤ ੧੬੮੨ ਬਿ: ਫਿਰ ਜਦ ਜਹਾਂਗੀਰ ਬਾਦਸ਼ਾਹ
ਕਸ਼ਮੀਰ ਨੂੰ ਜਾਂਦਾ ਹੋਯਾ ਅੰਮ੍ਰਿਤਸਰ ਆਯਾ ਤਾਂ ਗੁਰੂ ਸਾਹਿਬ ਨੇ ਲੰਗਰ ਦਾ ਪ੍ਰਸਾਦ ਭੇ
ਜਿਆ ਜਿਸ ਨੂੰ ਬਾਦਸ਼ਾਹ ਨੇ ਖੁਸ਼ੀ ਨਾਲ ਪਵਿੱਤ੍ਰ ਸਮਝ ਕੇ ਗ੍ਰਹਣ ਕੀਤਾ। ਦੂਸਰੇ ਦਿਨ ਦ
ਰਬਾਰ ਦੇ ਦਰਸ਼ਨ ਕਰ ਕੇ ਬਹੁਤ ਭੇਟਾ ਦਿੱਤੀ ਅਤੇ ਗੁਰੂ ਜੀ ਨੂੰ ਕਸ਼ਮੀਰ ਦਾ ਸੈਲ ਕ
ਰਾਉਣ ਵਾਸਤੇ ਆਪਣੇ ਨਾਲ ਲੈ ਗਿਆ। — ਗੁਰੂ ਜੀ ਰਪਰਾਣ, ਗੋਂਦੇਟੀ, ਵਜ਼ੀਰਾ
ਬਾਦ ਆਦਿਕ ਮਕਾਨਾਂ ਵਿਚ ਉਤਰ ਕੇ ਸਿੱਖਾਂ ਦੀ ਕੱਲਿਆਣ ਕਰਦੇ ਹੋਏ ਜਦ ਭੀਮਪੁ
ਰ ਚੌਂਪਕ ਜਾ ਉਤਰੇ ਤਾਂ ਇਕ ਬੀਰਮ ਨਾਮ ਦੱਤ ਬ੍ਰਹਮਨ ਮਸ਼ਹੂਰ ਭੁਗਤ ਜੋ ਗੁਰੂ ਧਾ
ਰਣ ਵਾਸਤੇ ਸੈਂਕੜੇ ਸੰਨਿਆਸੀ ਬੈਰਾਗੀ ਫਕੀਰਾਂ ਪਾਸ ਫਿਰ ਚੁੱਕਾ ਸੀ ਗੁਰੂ ਜੀ ਦੇ ਬਚ
ਨਾਂ ਤੋਂ ਤਸੱਲੀ ਪਾ ਕੇ ਸਿਖ ਬਣਿਆ। ਜਦ ਚੌਂਪਕ ਤੋਂ ੧੨ ਕੋਸ ਕੈਣ੍ਹ ਪਿੰਡ ਪਹੁੰਚੇ ਤਾਂ ਦੀ
ਗਰ ਨਾਮ ਬ੍ਰਹਮਣ ਨੇ (ਜੋ ਉਸ ਦੇਸ ਦਾ ਪੂਜਨੀਕ ਸਿੱਧ ਸੀ) ਗੁਰੂ ਜੀ ਦੀ ਸਿੱਖੀ ਧਾਰਣ
ਕੀਤੀ। ਬਿਬਰੋਂ ਪਰੇ ੧੦ ਕੋਸ ਸਮਣੀ ਪਿੰਡ ਦਾ ਭਾਈ ਮੂਲਾ ਭੀ (ਜੋ ਉਸ ਦੇਸ ਦਾ ਗੁਰੂ
ਸਦਾਉਂਦਾ ਸੀ) ਸਿੱਖ ਬਣਿਆ। ਇਨਾਂ ਸਭਨਾਂ ਦੀ ਸਿੱਖੀ ਸੇਵਕੀ ਹੁਣ ਤਕ ਉਸ ਮੁਲ
ਕ ਵਿਚ ਬਹੁਤ ਹੈ ਏਹੋ ਜੇਹੇ ਹੋਰ ਭੀ ਪੰਜ ਚਾਰ ਪੂਜਨੀਕ ਲੋਗ ਗੁਰੂ ਜੀ ਦੇ ਸੇਵਕ ਹੋ ਕਰ
ਨਾਲ ਹੀ ਟਹਿਲ ਕਰਦੇ ਹੋਏ ਕਸ਼ਮੀਰ ਵਿਚ ਪਹੁੰਚੇ। ਬਿਸੇਸ ਕਥਾ ਪੰਜਵੇਂ ਹਿੱਸੇ ਵਿਚ
ਹੈ। — ਜਦ ਗੁਰੂ ਜੀ ਕਸ਼ਮੀਰ ਦੇਸ ਸ੍ਰੀਨਗਰ ਸ਼ਹਿਰ ਪਹੁੰਚੇ ਤਾਂ ਉਥੇ ਦੀ ਇੱ
ਕ ਬ੍ਰਹਮਣੀ ਲੱਛਮੀ ਨਾਮ ਜੋਗ ਅੱਭਿਆਸ ਤੇ ਬੰਦਗੀ ਵਿਚ ਪਹੁੰਚੀ ਹੋਈ ਸੀ ਉਹ ਗੁਰੂ ਸਾ
ਹਿਬ ਦਾ ਕਸ਼ਮੀਰ ਪਹੁੰਚਣਾ ਤੇ ਸੁਜਸ ਲੋਗਾਂ ਨੂੰ ਪਹਿਲੇ ਹੀ ਦੱਸਿਆ ਕਰਦੀ ਸੀ ਉਸੇ ਦੇ
ਮਕਾਨ ਵਿਚ ਗੁਰੂ ਜੀ ਜਾ ਠਹਿਰੇ। ਉਹ ਮਾਈ ਸੰਗਤ ਸਮੇਤ ਗੁਰੂ ਜੀ ਦੀ ਸੇਵਕ ਬ
ਣ ਗਈ। ਏਥੇ ਹੁਣ ਇਕ ਧਰਮਸਾਲਾ ਹੈ ਜਿਸ ਦੀ ਮਾਲਕ ਉਸੇ ਮਾਈ ਦੀ ਔਲਾਦ ਹੈ।
— ।ਕਸ਼ਮੀਰ, ਤਿੱਬਤ, ਲੱਦਾਖ ਆਦਿਕ ਮੁਲਕਾਂ ਦਾ ਸੈਲ ਕਰ ਕੇ ਬਾਦਸ਼ਾਹ ਤਾਂ
ਉਥੋਂ ਕਾਬੁਲ ਨੂੰ ਚਲਾ ਗਿਆ ਤੇ ਗੁਰੂ ਸਾਹਿਬ ਮੁਜ਼ੱਫਰਾਬਾਦ, ਐਬਟਾਬਾਦ ਹੁੰਦੇ ਹੋ
ਏ, ਹਸਨ ਅਬਦਾਲ ਪੰਜੇ ਸਾਹਿਬ ਦਾ ਦਰਸ਼ਨ ਕਰ, ਰਾਵਲਪਿੰਡੀ ਆਦਿਕ ਅਨੇਕ
ਨਗਰਾਂ ਵਿਚ ਉਤਰ ਕੇ ਸਿੱਖਾਂ ਦਾ ਬਿਹਾਰ ਪ੍ਰਮਾਰਥ ਸਵਾਰਦੇ ਹੋਏ ਜਦ ਗੁਜਰਾਤ ਵਿ
ਚ ਪਹੁੰਚੇ ਤਾਂ ਗੁਰੂ ਜੀ ਦੀ ਅਸਵਾਰੀ ਨੂੰ ਦੇਖ ਕੇ ਬਾਜ਼ਾਰ ਦੇ ਲੋਕਾਂ ਨੇ ਵਾਰ ਘੋਲ਼ ਵਾ

Digitized by Panjab Digital Library | www.panjabdigilib.org

ਕਲਗੀ ਵਾਹ ਬਾਂਕੇ ਜੂਨ, ਸਿਵਾਇ ਇਸ ਮਖੌਲ ਦੀ ਬਾਤ ਦੇ ਹੋਰ ਕੋਈ ਗਲ ਅਦਬ ਦੀ
ਨਾ ਕੀਤੀ ਅੱਗੇ ਇਕ ਜਗਾ ਲੋਗਾਂ ਨੇ ਏਹ ਗੱਲ ਆਖੀ (ਵਾਹ ਲੜਕੇ ਬਨ ਕੇ ਰਲ)
ਇਸ ਪਰ ਜ਼ਰਾ ਰੰਜ ਹੋਕੇ ਗੁਰੂ ਜੀ ਬੋਲੇ (ਗੁਜਰਾਤ ਮਸਖਰੀ ਪਨ ਕੇ ਖਲ, ਮਾਤ ਪਿਤਾ
ਕੀ ਕਰੈਂ ਨਕਲ, ਕਈ ਬੁਤ ਹੈਂ ਹਨ ਕੇ ਜਲ।।) ਗੁਰੂ ਜੀ ਦੇ ਇਸ ਬਚਨ ਦੀ ਖਬਰ ਪਾ ਕੇ
ਸ਼ਾਹ ਦੌਲੇ ਫਕੀਰ ਨੇ ਆਕਰ ਗੁਰੂ ਅੱਗੇ ਰਖੂਟਾ ਰੂਪ ਜਾ ਰੱਖਕੇ ਚਰਨ ਫੜ ਲਏ। ਗੁ
ਰੂ ਜੀ ਨੇ ਉਸ ਦਾ ਮਤਲਬ ਸਮਝ ਕੇ ਬਚਨ ਕੀਤਾ। ਸ਼ਾਹ ਦੌਲਾ ਫਕੀਰ, ਗੁਜਰਾਤ ਬ
ਸੇ ਬੇਪੀਰਾ ਜੋ ਹੁਣ ਭੀ ਗੁਜਰਾਤ ਦੇ ਲੋਗ ਮਸਖਰੇ ਦੇਖੀਦੇ ਹਨ। ਜਿੱਥੇ ਰਾਮ ਚੰਦ ਬ੍ਰਮ
ਨ ਸਿੱਖ ਨੇ ਗੁਰੂ ਜੀ ਨੂੰ ਉਤਾਰਾ ਸੀ ਉਥੇ ਹੁਣ ਗੁਰਦੁਆਰਾ ਹੈ। ਗੁਰੂ ਜੀ ਦੀ ਮਹਿਮਾ ਸੁਣ ਕੇ
ਜਾਂਗੀਰ[1] ਸ਼ਾਹ ਫਕੀਰ ਜੋ ਬੜਾ ਕਰਾਮਾਤੀ ਮਸ਼ਹੂਰ ਸੀ ਉਸ ਨੇ ਆਪਣੀ ਮਜਲਸ ਵਿਚ
ਹੰਕਾਰ ਨਾਲ ਆਖਿਆ ਹਿੰਦੂ ਕਿਆ ਤੇ ਪੀਰ ਕਿਆ ੧ ਔਰਤ ਕਿਆ ਤੇ ਫਕੀਰ ਕਿਆ ੨ ਦੌਲਤ
ਕਿਆ ਤੇ ਤਿਆਗ ਕਿਆ, ੩ ਲੜਕੇ ਕਿਆ ਤੇ ਵੈਰਾਗ ਕਿਆ ੪ ਆਰਫ ਕਿਆ ਤੇ ਦੁਨੀਆਦਾਰ ਕਿਆ
੫ ਮਜ਼ਬ ਕਿਆ ਤੇ ਸੱਚਿਆਰ ਕਿਆ ੬ ਪੁਜਾਰੀ ਕਿਆ ਤੇ ਸਵਾਬ ਕਿਆ ੭ ਮਰੂਥਲ ਕਿਆ ਤੇ
ਆਬ ਕਿਆ ੮ ਜਦ ਏਹ ਅੱਠ ਤਰਾਂ ਦੇ (ਤਾਨੇ) ਸਵਾਲ ਗੁਰੂ ਸਾਹਿਬ ਤਕ ਪਹੁੰਚੇ ਤਾਂ ਗੁਰੂ
ਜੀ ਨੇ ਉਸੇ ਵਕਤ ਜਵਾਬ ਲਿਖਾ ਭੇਜੇ। ਪੀਰੀ ਸਮਾਨ ਹੈ ੧ ਔਰਤ ਈਮਾਨ ਹੈ ੨ ਦੌਲਤ ਗੁ
ਜ਼ਰਾਨ ਹੈ ੩ ਸੰਤਾਨ ਨਿਸ਼ਾਨ ਹੈ ੪ ਆਰਫ ਬੀਚਾਰ ਹੈ ੫ ਮਜ਼ਬ ਸੁਧਾਰ ਹੈ ੬ ਪੁਜਾਰੀ
ਆਚਾਰ ਹੈ ੭ ਮਰੂਥਲ ਮੈਂ ਜਲ ਕੁਦਰਤ ਕਰਤਾਰ ਹੈ ੮। ਏਹ ਉਤ੍ਰ ਸੁਣ ਕੇ ਫਕੀਰ ਉ
ਸੇ ਵੇਲੇ ਗੁਰੂ ਜੀ ਦੀ ਤਰਫ ਆਯਾ ਤੇ (ਨਾਨਕ ਫਕੀਰ ਸਹੀ ਦੀਨ ਦੁਨੀਆਂ ਦੇ ਪੀਰ) ਏਹ
ਬਾਤ ਕਹਕੇ ਗੁਰੂ ਸਾਹਿਬ ਦੇ ਕਦਮਾਂ ਨੂੰ ਝੁਕਿਆ ਤਾਂ ਗੁਰੂ ਜੀ ਨੇ ਦਸ੍ਤ ਪੰਜਾ ਲੈ ਕੇ ਬੈਠਾ ਲੀ
ਤਾ। ਆਪਸ ਵਿਚ ਹਕੀਕਤ ਮਾਰਫਤ ਦੀ ਚਰਚਾ ਕਰਕੇ ਅਨੰਦ ਹੋਏ ਤੇ ਜੇਹੜੇ ਹੋਰ ਫ
ਕੀਰ ਭੀ ਆਏ ਸੇ ਬੇ ਕਲਾਮ ਹੋ ਕੇ ਸਲਾਮ ਕਰ ਗਏ।।

ਗੁਰੂ ਸਾਹਿਬ ਉਥੋਂ ਚਲ ਕੇ ਹਾਫਜ਼ਾਬਾਦ ਆਦਿਕ ਨਗਰਾਂ ਦਾ ਸੈਲ ਕਰਦੇ ਤੇ ਸਿੱਖਾਂ ਦਾ ਲੋ
ਕ ਪਰਲੋਕ ਸੁਧਾਰਦੇ ਹੋਏ, ਤਲਵੰਡੀ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਦਾ ਦਰਸ਼ਨ

੧ ਜਹਾਂਗੀਰ ਸ਼ਾਹ ਦਾ ਮੇਲਾ ਹੁਣ ਭੀ ਗੁਜਰਾਤ ਲੱਗਦਾ ਹੈ ਲੋਗ ਆਖਦੇ ਹਨ ਏਹ ਪੀਰ ੪੦ ਦਿਨ ਪਿੱ
ਛੋਂ ਕੋਠੇ ਅੰਦਰੋਂ ਨਿਕਲ ਕੇ ਜੰਗਲ ਨੂੰ ਚਲਿਆ ਜਾਂਦਾ ਤੇ ਏਸ ਦੀ ਅਸਵਾਰੀ ਸੱਪ ਦਾ ਰਾਬੂਕ ਸੱਪ ਦੇਹ ਧਾਰੇ ਹੋਏ
ਆਉਂਦਾ ਆਖਦੇ ਹਨ ਇਕ ਵਾਰੀ ਏਸਨੇ ਗਊ ਨੂੰ ਹੁਕਮ ਦੇਕੇ ਸ਼ੇਰ ਮਰਵਾ ਦਿੱਤਾ ਸੀ।।

Digitized by Panjab Digital Library | www.panjabdigilib.org

ਮੇਲਾ ਨਿਮਾਣੀ ਏਕਾਦਸੀ ਨੂੰ ਜਾ ਕੀਤਾ ਤੇ ਗੁਰੂ ਨਾਨਕ ਸਾਹਿਬ ਦੇ ਨਾਮ ਪਰ ਇਕ ਮਕਾਨ ਬ
ਣਵਾਯਾ ਜਿਸਦਾ ਨਾਮ ਨਾਨਕਮਾਣਾ ਮਸ਼ਹੂਰ ਹੈ। ਫੇਰ ਉਸ ਦੇਸ ਦੇ ਮਸੰਦ ਸਾਹਿਬ ਦ°
ਸਦੀ ਮਾਰਫਤ (ਜਿਸਦੇ ਚੇਲੇ ਸਾਧੂ ਉਦਾਸੀ ਹੁਣ ਪੁਜਾਰੀ ਹਨ) ਪੱਕਾ ਬਣਵਾਯਾ। ਸਾਰਾ
ਬ੍ਰਿਤਾਂਤ ਪੰਜਵੇਂ ਹਿੱਸੇ ਵਿਚ ਹੈ।
ਤਲਵੰਡੀ ਤੋਂ ਚੱਲਕੇ ਮਾਣਕ ਮਾਂਗਾ, ਗੰਗੋ ਬੂਹੇ ਆਦਿਕ ਪਿੰਡਾਂ ਵਿਚ ਉਤ੍ਰਕੇ ਸਾਉਣ ਵਿ
ਚ ਅੰਮ੍ਰਿਤਸਰ ਆ ਬਿਰਾਜੇ। — ਕਸ਼ਮੀਰ ਤੋਂ ਆਗਮਨ ਸੁਣਕੇ ਸਭਨਾਂ ਦੇਸਾਂ ਦੇ ਮਸੰਦਾਂ ਨੇ
ਸੰਗਤਾਂ ਲੈਕੇ ਗੁਰੂ ਜੀ ਦੀ ਰੁਚਿ ਅਨੁਸਾਰ ਚੰਗੇ ੨ ਘੋੜੇ, ਸ਼ਸ੍ਤ੍ਰ ਤੇ ਦਸਵੰਧ ਜੋ ਹਮੇਸ਼ ਦਿੰਦੇ ਸੇ
ਬਹੁਤ ਕੁਛ ਚੜ੍ਹਾਯਾ। ਦੀਪਮਾਲਾਂ ਦੇ ਮੇਲੇ ਪਰ ਬੇਸ਼ੁਮਾਰ ਦੌਲਤ ਤੇ ਸੰਗਤ ਆਈ।
ਸੰ: ੧੬੮੩ ਬਿ: ਵਿਚ ਜਹਾਂਗੀਰ ਬਾਦਸ਼ਾਹ ਨੇ ਕਾਬਲ ਤੋਂ ਪੰਜਾਬ ਨੂੰ ਆਉਂਦੇ ਹੋਏ ਦਮੇ ਦੀ ਬੀ
ਮਾਰੀ ਨਾਲ ਜਿਹਲਮ ਕਿਨਾਰੇ ਮ੍ਰਿਤੂ ਪਾਈ। ਏਸਦਾ ਮਕਬਰਾ ਲਾਹੌਰ ਸ਼ਾਹਦਰੇ ਪਾਸ
ਹੈ। ਫੇਰ ਏਸਦਾ ਬੇਟਾ ਸ਼ਾਹਜਹਾਂ ਤਖਤ ਪਰ ਬੈਠਾ। — ਪਹਿਲੇ ਜੱਦ ਆਪ ਪੰਜਾਬ ਦੇ
ਮੁਸਲਮਾਨ ਹਾਕਮਾਂ ਨੂੰ ਗੈਰ ਮਜ਼ਹਬ ਦੇ ਆਦਮੀ ਦੀ ਤਾਬੇਦਾਰੀ ਦਾ ਬੋਝ ਭਾਰੀ ਦੁਖਦਾਈ
ਦਿਸਦਾ ਤੇ ਛਾਤੀ ਪਰ ਸੱਪ ਲਿਟਦਾ ਸੀ। ਪਰ ਜਹਾਂਗੀਰ ਕਿਸੇ ਦੀ ਸੁਣਦਾ ਨਹੀਂ ਸੀ ਏਸ ਕਰ
ਕੇ ਚੁਗਲਾਂ ਦੀ ਕੁਛ ਪੇਸ਼ ਨਾਂ ਗਈ। — ਹੁਣ ਜਦ ਸ਼ਾਹਜਹਾਂ ਨੌਜੁਆਨ, ਤੇਜ਼ ਮਜ਼ਾਜ,
ਅਹਿਲਕਾਰਾਂ ਦੇ ਏਚ ਪੇਚ ਨਾ ਜਾਣਨੇ ਵਾਲਾ, ਬੇਤਜਰਬੇਕਾਰ ਤਖਤ ਪਰ ਬੈਠਾ ਤਾਂ ਸ
ਭਨੇ ਆਪਣੇ ੨ ਦਿਲਾਂ ਦੀ ਭੜਾਸ ਕੱਢੀ। ਅਬਦੁੱਲੇ ਖਾਂ ਜਲੰਧਰ ਦੇ ਸੂਬੇ ਚੰਦੂ ਦੇ ਦੋਸ੍ਤ ਨੇ
ਉਸਦੇ ਬੇਟੇ ਕਰਮਚੰਦ ਤੋਂ ਚੰਦੂ ਲਾਲ ਦੇ ਖੂਨ ਦੀ ਅਰਜ਼ੀ ਪਵਾ ਦਿੱਤੀ। ਤੇ ਸੁਲਹੀ ਖਾਨ ਦੇ
ਬੇਟੇ ਜਮਾਲ ਖਾਂ ਨੇ ਸੋਢੀ ਮਿਹਰਵਾਨ ਤੋਂ ਅੰਮ੍ਰਿਤਸਰ ਦੀ ਵਿਰਾਸਤ ਵੰਡਾਉਣ ਦਾ ਦਾਵਾ ਕ
ਰਵਾ ਦਿੱਤਾ ਅਤੇ ਕਾਸਮ ਬੇਗ ਖਾਂ ਲਾਹੌਰੀ ਨੇ ਰੁਸਤਮ ਖਾਂ ਤੋਂ ਫਰਿਆਦ ਕਰਾ ਦਿੱਤੀ। ਏਹੋ
ਜੇਹੀਆਂ ਅਨੇਕ ਚੂਹੀਆਂ ਛੱਡਕੇ ਅੱਲੜ੍ਹ ਮਜ਼ਾਜ ਬਾਦਸ਼ਾਹ ਨੂੰ ਫੇਰ ਲੀਤਾ।
ਮੁਲਕ ਪੰਜਾਬ ਦੀ ਨਿਗਰਾਨੀ ਰੱਖਣ ਵਾਸਤੇ ਜੋ ਇਖਤੀਆਰਾਤ ਜਹਾਂਗੀਰ ਨੇ ਗੁਰੂ ਜੀ ਨੂੰ
ਦਿੱਤੇ ਹੋਏ ਸਨ ਜੱਦ ਆਪ ਓਹ ਸ਼ਾਹਜਹਾਂ ਨੇ ਛੀਨ ਲਏ, ਪਰ ਗੁਰੂ ਜੀ ਦਾ ਇਕਬਾਲ, ਪ੍ਰਤਾ
ਪ, ਮਾਨਤਾ, ਜਸ ਉਸੇ ਤਰਾਂ ਬਣਿਆ ਰਿਹਾ ਕਿਉਂਕੇ ਗੁਰੂ ਜੀ ਦਾ ਬਿਹਾਰ ਸਭ ਸਿੱਖੀ ਸੇਵਕੀ
ਪਰ ਸੀ, ਬਾਦਸ਼ਾਹ ਦੀ ਤਰਫੋਂ ਨਹੀਂ ਸੀ ਜੋ ਕੁਛ ਘਟ ਜਾਂਦਾ।
ਸੰ: ੧੬੮੪ ਬਿ: ਵਿਚ ਜਦ ਸ਼ਾਹਜਹਾਂ ਲਾਹੌਰ ਆਯਾ ਤੇ ਪਹਾੜੀ ਰਾਜੇ ਨਜ਼ਰਾਂ ਦੇਣ

Digitized by Panjab Digital Library | www.panjabdigilib.org

ਆਏ ਤਦ ਰਾਜਾ ਤਾਰਾਚੰਦ ਨਾਲਾਗੜ੍ਹੀਆ, ਰਾਜਾ ਸੰਗ੍ਰਾਮਸੈਨ ਮੰਡੀ ਵਾਲਾ, ਸ਼ਾਹ ਨੂੰ ਨਜ਼
ਰਾਂ ਦੇਕੇ ਗੁਰੂ ਸਾਹਿਬ ਦੇ ਦਰਸ਼ਨ ਨੂੰ ਅੰਮ੍ਰਿਤਸਰ ਆਏ ਮੌਕੇ ਆਪਣੇ ਇਖਤਿਆਰ ਦੇ
ਵਕਤ ਗੁਰੂ ਜੀ ਨੇ ਏਨ੍ਹਾਂ ਦੇ ਕੰਮ ਚੰਗੇ ਕਰ ਸਵਾਰੇ ਸੇ ਪਰ ਪਹਾੜੀ ਲੋਗ ਕਿਸੇ ਦੇ ਬਣਦੇ ਨਹੀਂ
ਪੰਜ ਪੀੜ੍ਹੀਏ ਰਹਿੰਦੇ ਹਨ। ਰਾਜਾ ਤਾਰਾਚੰਦ ਨੇ ਨਜ਼ਰ ਭੇਟਾ ਦੇਕੇ ਅਰਜ਼ ਕੀਤੀ ਆਪ ਮੇਰੇ
ਦੇਸ ਦਾ ਸੈਲ ਸ਼ਿਕਾਰ ਕਰੋ। ਗੁਰੂ ਜੀ ਨੇ ਰਾਜਾ ਦੀ ਸ਼ਰਧਾ ਦੇਖਕੇ ਆਪਣੇ ਵੱਡੇ ਗੁਰਦਿੱਤੇ
ਜੀ ਨੂੰ ਉਸ ਦੇ ਨਾਲ ਭੇਜਿਆ। ਪੰਜ ਮਹੀਨੇ ਗੁਰਦਿੱਤਾ ਜੀ ਨੇ ਦੂਣ ਹੰਡੂਰ ਦਾ ਸੈਲ ਸ਼ਿਕਾ
ਰ ਕੀਤਾ ਤੇ ਦੋ ਬੜੇ ਕੇਹਰ ਤਲਵਾਰ ਨਾਲ ਮਾਰ ਕੇ ਅੰਮ੍ਰਿਤਸਰ ਭੇਜੇ ਤੇ ਰਾਜੇ ਤਾਰਾਚੰਦ
ਦੀ ਇੱਛਿਆ ਅਨੁਸਾਰ ਉਸਦੇ ਰਾਜ ਵਿਚ ਬਹੁਤ ਸੁੰਦਰ ਜ਼ਮੀਨ ਦੇਖਕੇ ੧੩ ਮਾਘਰ ਸੰ:
੧੬੮੪ ਬਿ: ਨੂੰ ਕੀਰਤਪੁਰ ਨਗਰ ਬਸਾਇਆ ਅਤੇ ਰਾਜੇ ਦੀ ਮਦਦ ਨਾਲ ਬਹੁਤ ਲੋਗ
ਉਥੇ ਬਸ ਗਏ। — ਉਸੇ ਸਮੇ ਇਕ ਦਿਨ ਸ਼ਾਹਜਹਾਂ ਸ਼ਿਕਾਰ ਖੇਲਦਾ ਹੋਇਆ ਗੁਮ
ਟਾਲੇ ਪਿੰਡ ਦੇ ਨਜ਼ੀਕ ਆ ਪਹੁੰਚਿਆ ਤੇ ਗੁਰੂ ਸਾਹਿਬ ਭੀ ਅਚਾਚੇਤ ਉਸੇ ਤਰਫ ਸ਼ਿਕਾਰ
ਨੂੰ ਚਲੇ ਆਏ ਤੇ ਗੁਮਟਾਲੇ ਪਿੰਡ ਦੇ ਪਾਸ ਬ੍ਰਿੱਛ ਹੇਠ ਜਾ ਬੈਠੇ। ਕੁਦਰਤ ਨਾਲ ਸ਼ਾਹਜਹਾਂ
ਦਾ ਸੁਫੈਦ ਬਾਜ਼ (ਜੋ ਲਾਲ ਬਦਖਸ਼ਾਂ ਵਾਲੇ ਬਾਦਸ਼ਾਹ ਨੇ ਤੋਹਫਾ ਭੇਜਿਆ ਸੀ) ਸੁਰਖਾਬ
ਪੰਛੀ ਪਿੱਛੇ ਉੱਡਦਾ ਹੋਇਆ ਗੁਰੂ ਜੀ ਦੇ ਬਾਜ਼ਾਂ ਵਿਚ ਆ ਬੈਠਾ। ਮੀਰ ਸ਼ਿਕਾਰੀ ਪਕੜ ਕੇ
ਗੁਰੂ ਅੱਗੇ ਲੈ ਆਏ। ਗੁਰੂ ਜੀ ਨੇ ਹੱਥ ਪਰ ਲੈ ਕੇ ਬਚਨ ਕੀਤਾ ਹੁਣ ਏਹ ਗੁਰੂ ਕੀ ਸ਼ਰ
ਣ ਆ ਗਿਆ ਹੈ ਦੇਣਾ ਨਹੀਂ। ਓੜਕ ਉਹੋ ਬਚਨ ਸਿੱਧ ਰਿਹਾ। ਬਾਜ਼ ਲੈਣ ਵਾਸਤੇ ਬਾਦ
ਸ਼ਾਹ ਨੇ ਕਈ ਮਾਤਬਰ ਭੇਜੇ ਪਰ ਗੁਰੂ ਜੀ ਨੇ ਨਾਂ ਦਿੱਤਾ।
ਏਸ ਵਕਤ ਚੁਗਲਾਂ ਨੂੰ ਚੁਗਲੀ ਕਰਨ ਦਾ ਚੰਗਾ ਸਮਾਂ ਹੱਥ ਆਇਆ। ਕਿਸੇ ਨੇ ਚੰਦੂ ਦੇ ਬੇਟੇ ਦੀ
ਅਰਜ਼ੀ ਸੁਨਾਈ, ਕਿਸੇ ਮਿਹਰਵਾਨ ਦੀ ਅਸਲ ਕਢਾਈ, ਕਿਸੇ ਨੇ ਕੌਲਾਂ ਦੇ ਕੌਲ ਯਾ
ਦ ਕਰਾਏ, ਕਿਸੇ ਨੇ ਚੋਰ ਧਾੜਵੀ ਬਤਾਏ, ਕਿਸੇ ਨੇ ਨਿੰਡਰ ਤੇ ਬੇਪਰਵਾਹ ਜਣਾਇਆ, ਕਿਸੇ
ਨੇ ਗਜ਼ਬ ਦੀਆਂ ਗੱਲਾਂ ਕਰਦਾ ਸੁਣਾਇਆ, ਕਿਸੇ ਨੇ ਦੌਲਤ ਦਾ ਅਭਿਮਾਨੀ ਬਤਾਇਆ, ਕਿਸੇ
ਨੇ ਸ਼ਸਤ੍ਰਾਂ ਦਾ ਗੁਮਾਨੀ ਜਿਤਾਇਆ। ਇਕ ਪਾਏਖਾਂ ਪਾਸੇ ਬੋਲ ਉਠਿਆ ਜੀ ਏਸ ਹਿੰਦੂ ਪੀਰ ਦੇ ਆ
ਸਮਾਨ ਵਿਚ ਕਤੂਰੇ ਭੌਂਕਦੇ ਹਨ। ਏਸ ਨੇ ਆਪਣੇ ਵਡਿਆਂ ਦੀ ਪੀਰਾਂ ਫਕੀਰਾਂ ਵਾਲੀ ਰੀਤ
ਮਰਯਾਦਾ ਛੱਡਕੇ ਅਮੀਰੀ ਵਿਚ ਪੈਰ ਰੱਖਿਆ ਹੈ, ਸਾਰੇ ਜਹਾਨ ਦੇ ਮੁਲਕਾਂ ਦੇ ਬਾਦਸ਼ਾਹ
ਨੂੰ ਝੂਠਾ ਤੇ ਆਪ ਨੂੰ ਸੱਚਾ ਬਾਦਸ਼ਾਹ ਕਹਾਉਂਦਾ ਹੈ। ਇਕ ਬੜੇ ਦਾ ਨਾਮ ਤਖਤ ਅਕਾਲ

Digitized by Panjab Digital Library | www.panjabdigilib.org

ਧਰ ਰੱਖਆ ਹੈ, ਅੱਜ ਬਾਜ ਨੂੰ ਹੱਥ ਪਾਯਾ ਹੈ, ਕੱਲ ਤਾਜ ਨੂੰ ਪਾਏਗਾ, ਏਸ ਦੀ ਖਾਜ ਦਾ ਇਲਾਜ ਹੁਣੇ ਹੋਣਾ ਚਾਹੀਏ। ਇੱਤ੍ਯਾਦਿਕ ਕਈ ਇਕ ਲੂਤੀਆਂ ਲਾ ਕੇ ਬਾਦਸ਼ਾਹ ਨੂੰ ਕ੍ਰੁਧਾ ਕੀਤਾ ਅਤੇ ਗੁਲਾਮ ਰਸੂਲ ਖਾਂ ਫੌਜਦਾਰ ਦੇ ਨਾਮ ਹੁਕਮ ਲਿਖਵਾ ਕੇ ੧੨ ਚੇਤ ਸੰ: ੧੬੮੫ ਬਿ: ਨੂੰ ਸੱਤ ਹਜ਼ਾਰ ਅਸ੍ਵਾਰ ਪ੍ਯਾਦਾ ਦੇ ਕੇ ਅੰਮ੍ਰਿਤਸਰ ਦੀ ਤਰਫ ਤੋਰ ਦਿੱਤਾ। ਏਧਰ ਗੁਰੂ ਸਾਹਿਬ ਨੇ ਭੀ ਤੁਰਕ ਨੂੰ ਗਲ ਪੈਂਦੇ ਦੇਖ ਕੇ ਭੁਰਭੇੜ ਕਰਣ ਵਾਸਤੇ ਪੈਂਦੇ ਖਾਂ, ਗੁਲਜ਼ਾਰ ਖਾਂ, ਨਾਹਰ ਖਾਂ, ਜਮਾਲ ਖਾਂ, ਭਾਈ ਬਿਧੀ ਚੰਦ, ਕਿਦਾਰਾ, ਮੰਗਲ, ਸਿੰਘਾ ਪੁਰੋਹਤ, ਤੁਲਸੀ ਦਯਾਰਾਮ ਆਦਿਕ ਬਹਾਦਰਾਂ ਨੂੰ ਧਰਮ ਜੰਗ ਦੇ ਕਰਣ ਦੇ ਕਾਯਦੇ ਤੇ ਫਾਯਦੇ ਸਮਝਾ ਕਰ ਹਜ਼ਾਰਕ ਅਸ੍ਵਾਰ ਪ੍ਯਾਦਾ ਛਿਤ੍ਰਾਲੀ ਪਿੰਡ ਦੇ ਪਾਸ ਅੰਮ੍ਰਿਤਸਰ ਤੋਂ ਤਿੰਨ ਕੋਸ ਅੱਗੇ ਸ਼ਾਹੀ ਫੌਜ ਦੇ ਮੁਕਾਬਲੇ ਵਾਸਤੇ ਭੇਜ ਦਿੱਤਾ ਤੇ ਲੁੱਟ ਮਾਰ ਦੀ ਖਬਰ ਸੁਣ ਕੇ ਦੂਰੋਂ ਕ ਮਝੈਲ ਸਿੱਖ ਸਸ੍ਤ੍ਰ ਫੜ ਕੇ ਆ ਮਿਲੇ।

੧੭ ਚੇਤ ਨੂੰ ਖੇਤ ਪਯਾ ਤੇ ਦੋ ਪਹਿਰ ਤਕ ਕਹਿਰ ਦਾ ਜੰਗ ਰਿਹਾ। ਇਸ ਵਿਚ ਕੁਤਬੁੱਦੀਨ ਤੇ ਰੁਸਤਮ ਖਾਂ ਦਾ ਬੇਟਾ ਮੌਲਾ ਬਖਸ਼ ਏਹ ਦੋ ਸਰਦਾਰ ਮਾਰੇ ਗਏ, ਤੇ ਗੁਲਾਮ ਰਸੂਲ ਸਖਤ ਜ਼ਖਮੀ ਹੋਯਾ (ਕਹਾਵਤ ਹੈ ਸਰਦਾਰ ਮਾਰਿਆ ਤਾਂ ਫੌਜ ਮਾਰੀ) ਫੇਰ ਕੌਣ ਖੜਾ ਹੋਂਦੈ, ਮੁੜ ਕੇ ਨੇੜੇ ਪਿੰਡ ਜਾ ਉਤਰੇ। ਬਹੁਤ ਸਾਰਾ ਮੇਗਜ਼ੀਨ ਸਿੱਖਾਂ ਦੇ ਹੱਥ ਆਯਾ, ਏਸ ਪਹਿਲੀ ਲੜਾਈ ਵਿਚ ਫਤੇ ਪਾਉਣੇ ਕਰ ਸਿੱਖਾਂ ਦੇ ਹੌਸਲੇ ਵਧ ਗਏ।

ਸ਼ਾਹਜਹਾਂ ਨੂੰ ਆਪਣੇ ਲਸ਼ਕਰ ਦੀ ਹਾਰ ਸੁਣ ਕੇ ਭਾਂਬੜ ਬਲ ਉੱਠਿਆ ਤੇ ਮੁਖਲਸ ਖਾਂ ਨਾਇਬ ਸੂਬੇਦਾਰ ਨਾਲ ਬਹਾਦਰ ਖਾਂ ਕਸੂਰੀ, ਕਲੰਦਰ ਖਾਂ ਤੁਰਾਨੀ, ਮਿਰਜ਼ਾ ਤਾਹਰ ਬੇਗ, ਕਾਲੇ ਖਾਂ ਜੌਨਪੁਰੀਏ ਆਦਿਕ ਸਰਦਾਰ ਤੇ ੧੫੦੦੦ ਪੰਦ੍ਰਾਂ ਹਜ਼ਾਰ ਫੌਜ ਦੇ ਕੇ ਗੁਰੂ ਸਾਹਿਬ ਦੇ ਫੜ ਲਿਆਵਨ ਦਾ ਹੁਕਮ ਦਿੱਤਾ। ਏਸ ਦਫ਼ਾ ਗੁਰੂ ਸਾਹਿਬ ਪਾਸ ਭੀ ਚਾਰ ੪੦੦੦ ਕ ਹਜ਼ਾਰ ਸਿੱਖ ਮਰਨ ਮਾਰਨ ਵਾਲਾ ਤੱਯਾਰ ਹੋ ਗਿਆ ਸੀ ਏਨਾਂ ਨੂੰ ਸੌ ਸੌ ਦਾ ਟੋਲਾ ਕਰ ਕੇ ਇਕ ਇਕ ਦੇ ਤਾਬੇ ਕਰ ਦਿੱਤਾ ਤੇ ਸ਼ਹਿਰੋਂ ਬਾਹਰ ਮੋਰਚਿਆਂ ਵਿਚ ਤੇ ਕਿਲੇ ਲੋਹਗੜ੍ਹ ਪਰ ਕਾਯਮ ਕਰ ਦਿਤੇ ਤੇ ਪਹਿਲੀਆਂ ਸ਼ਾਹੀ ਤੋਪਾਂ ਤੇ ਪੰਜ ਤੋਪਾਂ ਹੋਰ ਕਢਦੀਆਂ (ਜੋ ਖੇਮਕਰਨ ਵਾਲੇ ਮੋਹਰੀ ਤਖਾਣ ਨੇ ਬਿੰਡ ਕਟਾਇ ਕਰ ਸੱਲ ਕੇ ਤੱਯਾਰ ਕੀਤੀਆਂ ਸਨ) ਲੋਹਗੜ੍ਹ ਦੇ ਕਿਲੇ ਪਰ ਚੜ੍ਹਾ ਦਿੱਤੀਆਂ। ੧੧ ਵੈਸਾਖ ਸੰ: ੧੬੮੬ ਬਿ: ਫਿਰ ਦੋ ਪਹਿਰ ਤਕ ਖੂਬ ਜੰਗ ਹੋਯਾ, ਦੋਹਾਂ ਤਰਫਾਂ ਤੋਂ ਕਿਸੇ ਦਾ ਪੈਰ ਪਿਛਾਹਾਂ ਨਾ ਹਟਿਆ, ਏਤਨੇ ਨੂੰ ਸੂਰਜ ਨੇ ਕਾਲੀ

Digitized by Panjab Digital Library | www.panjabdigilib.org

ਪੁਸ਼ਾਕ ਪਹਿਨੀ। ਤਦ ਲੜਾਈ ਬੰਦ ਹੋਈ ਤੇ ਫ਼ੌਜਾਂ ਨੇ ਆਰਾਮ ਕੀਤਾ। — ਫਲੀਰਾਤ ਤੇ ਸਿੱਖਾਂ ਨੇ ਸ਼ਾਹੀ ਲਸ਼ਕਰ ਉੱਤੇ ਛਾਪਾ ਜਾ ਮਾਰਿਆ ਕੁੱਛ ਤਾਂ ਸਿਖਾਂ ਨੇ ਮਾਰੇ ਤੇ ਕੁਛ ਅੰਧੇਰੇ ਦੇ ਕਾਰਨ ਬਿਨਾ ਪਛਾਣ ਆਪਸ ਵਿਚ ਕੱਟ ਕੱਟ ਕੇ ਮਰ ਗਏ। ਜੇਹੜੇ ਬਾਕੀ ਰਹੇ ਓਹ ਸਭ ਨੱਠ ਗਏ ਸਿੱਖ ਫੇਰ ਸ਼ਹਿਰ ਆ ਵੜੇ। ਏਸ ਜੰਗ ਵਿਚ ਅਲੀਮੁਹੱਮਦਖ਼ਾਂ, ਮਿਰਜ਼ਾ ਤਾਹਰਬੇਗ, ਕਾਸਮਬੇਗ ਸ਼ਾਹੀ ਤੇ ਭਾਈ ਭਾਨ, ਭਾਈ ਬਾਗ, ਸੋਭਾ, ਭਾਗਾ ਰਾਮਾ ਆਦਿਕ ਗੁਰੂ ਦੇ ਨਾਮੀ ਸਰਦਾਰ ਕੰਮ ਆਏ। ਦੂਸਰੇ ਦਿਨ ਮੁਖਲਸਖ਼ਾਂ ਫ਼ੌਜ ਲੈ ਕੇ ਆ ਪਹੁੰਚਿਆ ਤੇ ਆਪਣੀ ਸਿਪਾਹ ਨੂੰ ਤਾੜ ਝਾੜ ਕਰਦਾ ਹੋਯਾ, ਨਗਾਰੇ ਵਜਾਂਦਾ ਸਿੱਧਾ ਸ਼ਹਿਰ ਨੂੰ ਚਲਾ ਆਯਾ ਜਦ ਕਿਲੇ ਲੋਹਗੜ੍ਹ ਦੇ ਨੇੜੇ ਆਏ ਤਾਂ ਜੰਦਪ ਤੋਪਾਂ ਨੇ ਬਹੁਤ ਉਡਾਏ ਤੇ ਸਿੱਖਾਂ ਨੇ ਤੀਰ ਗੋਲੀ ਬਰਸਾਏ ਪਰ ਗੁਰੂ ਜੀ ਦੇ ਨਾ ਪਹੁੰਚਣੇ ਕਰ ਸਿੱਖਾਂ ਦੇ ਪੈਰ ਹੱਲ ਗਏ ਤੇ ਕਿਲਾ ਛੱਡ ਕੇ ਚਲੇ ਆਏ।

ਗੁਰੂ ਜੀ ਨੇ ਪਹਿਲੇ ਹੀ ਵਿਚਾਰ ਕੇ ਆਪਣੇ ਪਰਵਾਰ ਨੂੰ ਰੱਥ ਗਡੀਆਂ ਉੱਤੇ ਅਸਵਾਰ ਕਰਾ ਕੇ ਆਪਣੀ ਜਾਗੀਰ ਦੇ ਪਿੰਡ ਚੁਤਾਲ ਭੇਜ ਦਿੱਤਾ ਸੀ। ਤੇ ਜੇਹੜੀ ਮਠਿਆਈ ਬੀਬੀ ਬੀਰੋ ਦੇ ਵਿਆਹ ਕਰਕੇ ਜਾਂਵੀਆਂ ਮਾਂਵੀਆਂ ਵਾਸਤੇ ਤੱਯਾਰ ਹੋਈ ਸੀ ਸ਼ਾਹੀ ਫ਼ੌਜ ਤਾਂ ਓਸੇ ਪਰ ਉਲਝ ਗਈ ਤੇ ਸਿੱਖ ਰਾਮਸਰ ਦੇ ਕਿਨਾਰੇ ਜੰਗ ਦੇ ਤੱਯਾਰੀ ਕਰ ਖੜੋਤੇ।

ਤੀਸਰਾ ਜੰਗ ਫੇਰ ਮੈਦਾਨ ਵਿਚ ਹੋਯਾ ਏਸ ਵਕਤ ਗੁਰੂ ਜੀ ਨੇ ਸ਼ਸਤ੍ਰ ਧਾਰ ਕੇ ਬੜੀ ਬਹਾਦ੍ਰੀ ਨਾਲ ਐਸੀ ਲੜਾਈ ਪਾਈ ਜੋ ਬੇਸ਼ੁਮਾਰ ਦੁਸ਼ਮਣਾਂ ਨੂੰ ਤਲਵਾਰ ਦੀ ਧਾਰ ਦੇ ਪਾਰ ਉਤਾਰ ਕੇ ਸੰਸਾਰ ਥੀਂ ਪਾਰ ਕਰ ਦਿੱਤਾ। ਗੁਰੂ ਸਾਹਿਬ ਦੇ ਸੂਰਬੀਰ ਪੈਂਦੇਖ਼ਾਂ, ਜਮਾਲਖ਼ਾਂ, ਦਿਲਵਰਖ਼ਾਂ, ਭਾਈ ਬਿਧੀਚੰਦ, ਕਾਲਾ, ਨਗਾਹੀਆ, ਰੋਸ਼ਨ, ਭਾਗੂ, ਕਦਾਰਾ, ਮੁਰਾਰੀ, ਪੈੜਾ, ਜੇਠਾ, ਜੱਟੂ, ਸਹਾਰੀ, ਸਿੰਘਾ, ਸੁੱਧੂ ਆਦਿਕ ਨਿਹਾਯਤ ਜਾਨ ਤੋੜ ਕੇ ਐਸੇ ਲੜੇ ਜੋ ਤੁਰਕਾਂ ਦੇ ਦੰਦ ਖੱਟੇ ਕਰ ਦਿੱਤੇ। ਆਖ਼ਰ ਮੀਰ ਸੱਯਦਤ ਅਲੀਖ਼ਾਂ, ਤੇ ਮਿਰਜ਼ਾ ਜਾਨ ਅਹਿਮਦ, ਮੁਖਲਸਖ਼ਾਂ ਆਦਿਕ ਸਰਦਾਰਾਂ ਨੇ ਨਕਾਰੇ ਬਜਵਾ ਕੇ ਬੜੇ ਜ਼ੋਰ ਸ਼ੋਰ ਨਾਲ ਤੀਰ ਗੋਲੀ ਦਾ ਮੀਂਹ ਬਰਸਾਯਾ ਤੇ ਇੱਕੇ ਵਾਰ ਗੁਰੂ ਜੀ ਦੇ ਮੋਰਚਿਆਂ ਪਰ ਹੱਲਾ ਕਰ ਦਿੱਤਾ ਜਿਸ ਵਿਚ ਐਸੀ ਕਟਾ ਕੁੱਟ ਹੋਈ ਜੋ ਸੈਂਕੜੇ ਜੁਆਨ ਘੋੜੇ ਸਾਰ ਦੀ ਧਾਰ ਵਿਚ ਬਹਿ ਗਏ, ਧਰਤੀ ਸੂਹੀ ਪੌਸ਼ਾਕ ਪਹਿਨ ਕੇ ਵਹੁਟੀ ਬਣ ਬੈਠੀ, ਜੋਗਣੀਆਂ, ਭੈਰਵ, ਭੂਤ ਪਿਸ਼ਾਚ ਖੱਪਰ ਭਰ ਭਰ ਲਹੂ ਨੂੰ ਪੀਣ ਲੱਗੇ, ਮਾਸ ਖਾਣ ਵਾਲਿਆਂ ਨੇ ਮਨ ਭਾਂਵਦੇ ਮਾਸ ਖਾਏ, ਖੁਸ਼ੀ ਦੇ ਗੀਤ ਗਾਏ ਅਤੇ

Digitized by Panjab Digital Library | www.panjabdigilib.org

ਮੰਗਲ ਮਨਾਏ, ਸੂਰਮਿਆਂ ਨੇ ਸੱਧਰ ਲਾਹੀ, ਦੋਹਾਂ ਤਰਫਾਂ ਦੇ ਬਹਾਦਰ ਬਿਬਾਣਾਂ ਪਰ ਬੈਠ ਬੈਠ, ਪਰੀਆਂ ਦੇ ਨਾਲ ਕਲੋਲ ਕਰਦੇ ਹੋਏ ਸੁਰਗ ਜਾ ਵੱਸੇ। ਆਖਰ ਜਦ ਮੁਖਲਸਖਾਂ ਗੁਰੂ ਜੀ ਦੇ ਖੰਡੇ ਨਾਲ ਖੰਡਿਆ ਗਿਆ ਤਾਂ ਬਾਕੀ ਦੀ ਸਿਪਾਹ ਲਾਹੌਰ ਦੇ ਰਾਹ ਪੈ ਗਈ। ਤੇ ਗੁਰੂ ਸਾਹਿਬ ਨੇ ਸ਼ਹੀਦਾਂ ਸਿੱਖਾਂ ਦੇ ਸਰੀਰ ਸਮੇਟ ਕੇ ਚੁਭਾਲ ਜਾ ਆਰਾਮ ਕੀਤਾ।

ਤੀਸਰੇ ਦਿਨ ਜੇਠ ਵਦੀ ੪ ਸੰ: ੧੬੮੬ ਬਿ: ਨੂੰ ਬੀਬੀ ਵੀਰੋ ਦਾ ਵਿਆਹ ਕਰਕੇ, ਤਰਨਤਾਰਨ, ਖਡੂਰ ਹੁੰਦੇ ਹੋਏ ਗੋਇੰਦਵਾਲ ਜਾ ਠਹਿਰੇ। — ਉਧਰ ਜਦ ਸ਼ਾਹੀ ਫੌਜ ਲਾਹੌਰ ਗਈ ਤੇ ਜੰਗ ਦਾ ਹਾਲ ਬਾਦਸ਼ਾਹ ਨੂੰ ਸੁਣਾਯਾ ਤਾਂ ਸ਼ਾਹਜਹਾਂ ਭੜਕਿਆ ਤੇ ਹੋਰ ਫੌਜ ਭੇਜਣ ਦਾ ਖਿਆਲ ਕੀਤਾ ਤਾਂ ਵਜ਼ੀਰ ਖਾਂ ਨੇ ਅਰਜ਼ ਕੀਤੀ ਕਿ ਜਿਸ ਫਕੀਰ ਨੇ ਕਾਠ ਦੀਆਂ ਤੋਪਾਂ ਨਾਲ ਕਈ ਹਜ਼ਾਰ ਫੌਜ ਗਾਰਤ ਕਰ ਸੁੱਟੀ ਤੇ ਜੱਟ ਬੂਟ ਕੱਠੇ ਕਰਕੇ ਉਨ੍ਹਾਂ ਗਿੱਦੜਾਂ ਤੋਂ ਸਾਡੇ ਸ਼ੇਰਾਂ ਜੈਸੇ ਸਿਪਾਹੀ ਕਟਵਾ ਸੁੱਟੇ ਹਨ, ਉਸ ਨਾਲ ਲੜਕੇ ਕੇਹੜਾ ਮੁਲਕ ਤੇ ਖਜ਼ਾਨਾ ਹੱਥ ਆਜਾਣਾ ਹੈ। ਤੇ ਗਾਲ ਤਾਂ ਸਾਡੀ ਗੱਲ ਉੱਤੇ ਹੈ ਕਿਉਂਕਿ ਸ਼ਾਹੀ ਫੌਜ ਨੇ ਉਸ ਦਾ ਸ਼ਹਿਰ ਲੁਟ ਲੀਤਾ ਹੈ ਤੇ ਉਸ ਨੂੰ ਭੀ ਸ਼ਹਿਰੋਂ ਕੱਢ ਦਿੱਤਾ ਹੈ, ਏਹ ਫਤੇ ਪਾਈ ਹੋਈ ਮਤ ਗਵਾਈ ਜਾਵੇ। ਤੇ ਨਠੇ ਹੋਏ ਦੇ ਪਿੱਛੇ ਪੈਣਾ ਰਾਜਨੀਤ ਦਾ ਕੰਮ ਨਹੀਂ।

ਏਹ ਸਲਾਹ ਮੰਨ ਕੇ ਬਾਦਸ਼ਾਹ ਤਾਂ ਸਿੰਧ ਦੀ ਤਰਫ ਕੂਚ ਕਰਕੇ ਗੁਜਰਾਤ ਮੁਲਕ ਦੇ ਸੁਧਾਰ ਵਾਸਤੇ ਉਸ ਤਰਫ ਚਲਾ ਗਿਆ ਤੇ ਗੁਰੂ ਸਾਹਿਬ ਪਰਵਾਰ ਸਮੇਤ ਆਪਣੇ ਘਰ ਕਰਤਾਰਪੁਰ ਜਾ ਬਸੇ। ਅਗੇ ਕੌਲਾਂ ਭੀ ਗੁਰੂ ਦੀ ਭੇਜੀ ਹੋਈ ਕਰਤਾਰਪੁਰ ਆਈ ਸੀ, ਬਿਓਗ ਦੀ ਬੀਮਾਰੀ ਨਾਲ ਮੁਰਝਾਈ ਹੋਈ ਵੇਲ ਵਾਂਙੂ ਲਗਰ ਸੀ, ਬਰਖਾ ਸਾਰਖਾ ਗੁਰੂ ਜੀ ਦਾ ਦੀਦਾਰ ਪਾ ਕੇ ਟਹਿਕ ਤਾਂ ਆਈ ਪਰ ਸਮੇਂ ਦੇ ਆ ਜਾਣੇ ਕਰਕੇ ਪੰਜੇਂ ਸਾਉਣ ਸੰ: ੧੬੮੬ ਬਿ: ਨੂੰ ਦੇਹ ਤਿਆਗ ਕੇ ਪ੍ਰਲੋਕ ਨੂੰ ਗਈ। — ਏਸੇ ਸਮੇਂ ਗੁਰੂ ਜੀ ਨੇ ਤਿਨ ਸ਼ੇਰ ਮਾਰੇ, ਫੇਰ ਬਿਆਸਾ ਨਦੀ ਪਾਰ ਹੋ ਕੇ ਹਰਿਗੋਬਿੰਦਪੁਰ ਚਤੁਰ ਮਾਸ ਕੱਟਣ ਦੀ ਚੰਗੀ ਜਗਾ ਸਮਝ ਤੇ ਨਗਰ ਦੀ ਆਬਾਦੀ ਕਰਣ ਲਈ ਉਥੇ ਜਾ ਠਹਿਰੇ। ਏਥੇ ਭਗਵਾਨ ਦਾਸ ਘੇਰੜ੍ਹ ਖੱਤ੍ਰੀ ਜੋ ਉਸ ਦੇਸ ਦਾ ਸਰਦਾਰ ਸ਼ਾਹੀ ਮਾਲਗੁਜ਼ਾਰ, ਦੀਵਾਨ ਚੰਦੂ ਲਾਲ ਦਾ ਰਿਸ਼ਤੇਦਾਰ ਸੀ ਉਸ ਨੇ ਹਰਿਗੋਬਿੰਦ ਪੁਰੇ ਪਰ ਆਪਣਾ ਕਬਜ਼ਾ ਕਰ ਰੱਖਿਆ ਸੀ ਕਿਉਂਕਿ ਇੱਕ ਤਾਂ ਦਸ ਯਾਰਾਂ ਬਰਸ ਤਕ ਉਹ ਪਿੰਡ ਛੱਡਕੇ ਖਬਰ ਨਾ ਲਈ ਤੇ ਦੂਸਰੇ ਘੇਰੜ੍ਹ ਨੇ ਸੋਚਿਆ ਕਿ ਬਾਦਸ਼ਾਹ ਨਾਲ ਤਾਂ ਗੁਰੂ ਦੀ ਵਿਗਾੜੀ ਹੋਈ ਹੈ ਮੈਨੂੰ ਕਿਸ ਨੇ ਪੁੱਛਣਾ ਹੈ ਏਸੇ ਹੌਸਲੇ ਪਰ ਗੁਰੂ ਜੀ ਦਾ ਪਿੰਡ ਦੱਬ

Death of Kaulan

Digitized by Panjab Digital Library | www.panjabdigilib.org

ਬੈਠਾ ਸੀ ਤੇ ਹੁਣ ਭੀ ਕਮਜ਼ੋਰ ਸਮਝ ਕੇ ਗੁਰੂ ਜੀ ਨੂੰ ਉਠਾਉਣ ਵਾਸਤੇ ਡਰਾਉਣ ਲੱਗਾ ਤੇ
੧੫੦ ਡੇਢ ਕੁ ਸੌ ਆਦਮੀ ਆਪਣਾ ਹਿਮਾਇਤੀ ਕੱਠਾ ਕਰ ਲਿਆ। ਜਿਉਂ ਜਿਉਂ ਗੁਰੂ ਸਾਹਿਬ ਉਸ
ਨੂੰ ਧੀਰਜ ਨਾਲ ਸਮਝਾਵਣ ਤਿਓਂ ਤਿਓਂ ਉਹ ਉੱਚਾ ਹੁੰਦਾ ਜਾਏ ਚੁਨਾਂਚਿ ਗੁਰੂ ਸਾਹਿਬ ਦਾ ਰੁਖ ਦੇ
ਖ ਕੇ ਭਾਈ ਬਿਧੀ ਚੰਦ ਆਦਿਕ ਬਹਾਦਰਾਂ ਨੇ ਹੱਥ ਉਠਾਏ ਤੇ ਦਸ ਬੀਸ ਫਟਕਾਏ ਤਾਂ ਜੇਹੜੇ
ਆਏ ਸੇ ਜਾਂਦੇ ਨਾਂ ਦਿਸਾਏ ਤੇ ਘੋਰੜ ਨੂੰ ਮਾਰਕੇ ਦਰਗੀ ਜਾਏ ਦੀ ਭੇਟਾ ਕਰ ਦਿੱਤਾ।

ਭਗਵਾਨੇ ਦੇ ਬੇਟੇ ਰਤਨ ਚੰਦ ਨੇ ਮਿਸੇ ਵਕ਼ ਜਾਲੰਧਰ ਜਾਕੇ ਚੰਦੂ ਲਾਲ ਦੇ ਬੇਟੇ ਕਰਮ ਚੰ
ਦ ਦੀ ਸਲਾਹ ਨਾਲ ਅਬਦੁੱਲੇ ਖਾਂ ਸੂਬੇ ਅੱਗੇ ਫਰਿਆਦ ਕੀਤੀ ਤੇ ਚੰਦੂ ਦਾ ਭਾਈ ਨੰਦ ਲਾ
ਲ ਨਾਜ਼ਮ ਦਾ ਪੇਸ਼ਕਾਰ ਸੀ ਤੇ ਕਰਮ ਚੰਦ (ਮੁਗਲ ਦਾਰ) ਤਹਸੀਲਦਾਰ ਸੀ, ਏਨ੍ਹਾਂ ਤਿਨਾਂ
ਨੇ ਹੋਰ ਭੀ ਆਪਣੇ ਪੰਜ ਸਤ ਸਾਕ ਮਿਲਾਕੇ ਗੁਰੂ ਸਾਹਿਬ ਉੱਤੇ ਅਨੇਕ ਪ੍ਰਕਾਰ ਦਾ ਝੂਠ ਦੋ
ਰ ਥਾਪ ਕਰ ਅਬਦੁੱਲੇ ਖਾਂ ਨੂੰ ਸੁਣਾਯਾ ਕਿ ਏਹ ਗੁਰੂ ਮੁਖਲਸ ਖਾਂ ਆਦਿਕ ਸਰਦਾਰਾਂ ਤੇ
ਹਜ਼ਾਰਾਂ ਆਦਮੀਆਂ ਨੂੰ ਮਾਰਕੇ ਨੱਠਾ ਫਿਰਦਾ ਹੈ ਏਸ ਵਕ਼ਤ ਦੋ ਸੌ ਆਦਮੀ ਸਮੇਤ ਅਸਾ
ਡੇ ਪਿੰਡ ਹੈ, ਜੇਕਰ ਉਸ ਨੂੰ ਆਪ ਫੜ ਕੇ ਬਾਦਸ਼ਾਹ ਪਾਸ ਪਹੁੰਚਾ ਦਿਓਗੇ ਤਾਂ ਆਪ ਦੀ ਨੇਕਨਾ
ਮੀ ਤੇ ਬਹਾਦਰੀ ਬਹੁਤ ਹੋਵੇਗੀ। ਉਨ੍ਹਾਂ ਖੱਤ੍ਰੀਆਂ ਦੇ ਮਸਾਲੇ ਦਾਰ ਮਿਠਾਈ ਦੇ ਭਰੇ ਹੋਏ ਥ
ਦਨ ਸੱਰ ਮੰਨ ਕੇ ਪੰਜ ਹਜ਼ਾਰ ਅਸਵਾਰ ਪਯਾਦਾ ਨਾਲ ਲੈ ਕੇ ਬਿਨਾ ਵਿਚਾਰੇ ਨਕਾਰੇ ਬਜਾ
ਕੇ ਗੁਰੂ ਸਾਹਿਬ ਪਰ ਚੜ੍ਹ ਪਿਆ। — ਗੁਰੂ ਸਾਹਿਬ ਨੇ ਭੀ ਸਾਰ ਪਾਕੇ ਸਬ ਸਾਮਾਨ ਲੈ
ਗਾ ਤੱਯਾਰ ਕਰ ਲੀਤਾ ਤੇ ਜਿਨ੍ਹਾਂ ਲੋਕਾਂ ਨੂੰ ਜਹਾਂਗੀਰ ਦੇ ਅਹਿਦ ਵਿਚ ਗੁਰੂ ਸਾਹਿਬ ਤੋਂ
ਫਾਇਦੇ ਪਹੁੰਚੇ ਸੇ ਜੈਸੇ ਕਿ ਰਾਜਾ ਮੰਡੀ ਵਾਲਾ ਸੂਰ ਸੈਨ, ਨਾਲਾਗੜ੍ਹੀਆ ਤਾਰਾ ਚੰਦ, ਰਾ
ਜਾ ਪ੍ਰਤਾਪ ਸਿੰਘ ਦੁਜਾਣੇ ਵਾਲਾ, ਫਤੇ ਮੁਹੰਮਦ ਖਾਂ ਹਲਵਾਰੇ ਵਾਲਾ, ਰਾਜਾ ਸੰਸਾਰ ਚੰਦ ਨੂ
ਰਪੁਰੀਆ, ਚੌਧਰੀ ਸੀਹਾਂ ਗਿੱਲ ਆਦਿਕ ਏਹ ਸਭ ਆਪਣੇ ਦਲ ਨਾਲ ਕਵਚ ਆਦਿਕ ਫੌਜਾਂ
ਲੈਕੇ ਗੁਰੂ ਸਾਹਿਬ ਦੇ ਮਦਦਗਾਰ ਆ ਬਣੇ। ਗੁਰੂ ਜੀ ਨੇ ਜਦ ਜਾਣਿਆ ਕਿ ਸ਼ਾਹੀ ਲਸ਼
ਕਰ ਨੇੜੇ ਆ ਗਿਆ ਹੈ ਤਦ ਭਾਈ ਜੇਠਾ, ਮੋਲਕ, ਕਲਿਆਣਾ, ਕਿਦਾਰਾ, ਪੰਜਾਬ, ਮਦਨ,
ਜੱਗਾ, ਚੂਹੜ ਆਦਿਕ ਮੁਖੀਏ ਸਿੱਖਾਂ ਨੂੰ ਜਥੇਦਾਰ ਬਣਾ ਕੇ ਜੁਦੇ ਜੁਦੇ ਕੰਮ ਸਪੁਰਦ ਕਰ
ਦਿੱਤੇ ਅਤੇ ਭਾਈ ਬਿਧੀਆ, ਪੈੜਾ, ਜੇਠਾ, ਰਾਮ ਪ੍ਰਤਾਪ ਸਿੰਘ, ਪ੍ਰਤਾਪ ਸਿੰਘ, ਸਾਇਨੀਦਾ,
ਫਤੇ ਮਹੰਮਦ ਖਾਂ, ਸੀਹਾਂ ਆਦਿਕ ਬਹਾਦਰਾਂ ਨੂੰ ਆਪਣੇ ਪਾਸ ਰੱਖਿਆ ਤੇ ੧੭ ਅੱਸੂ ਸੰਮਤ
੧੬੮੭ ਬਿ: ਵਾਲੇ ਦਿਨ ਤਿੰਨ ਪਹਿਰ ਭੀੜ ਭੂਪਕ ਦਾ ਜੰਗ ਹੁੰਦਾ ਰਿਹਾ। ਏਸ ਜੰਗ ਵਿਚ

Digitized by Panjab Digital Library | www.panjabdigilib.org

Battle of Hargobindpur 1630
The battle lasts three days

ਬਲਵੰਡਖਾਂ, ਅਲੀ ਬਖਸ਼, ਅਲੀਮਰਦਾਨਸ਼ਾਹ, ਨਜ਼ਮ ਦਾ ਬੇਟਾ ਕਰੀਮਬਖਸ਼ ਏਹ ਸਭ ਦੀਨੀ ਸਰਦਾਰ ਤੇ ਭਾਈ ਪੰਜਾਬ, ਕਲਿਆਣਾ, ਭਾਗੂ, ਮੋਲਕ ਗੁਰੂ ਕੇ ਜੱਥੇਦਾਰ ਮਾਰੇ ਗਏ। ਦੂਸਰੇ ਦਿਨ ਫੇਰ ਦੋਪਹਿਰ ਜੰਗ ਹੋਇਆ ਜਿਸ ਵਿਚ ਹਮੀਦੁੱਲਦੀਨ, ਬਹਿਰਾਮਖਾਂ, ਮਹੀਅਰਖਾਂ, ਕਰਮਚੰਦ, ਆਦਿਕ ਸ਼ਾਹੀ ਤੇ ਭਾਈ ਸੰਤਾ, ਮੋਹਰਾ, ਥੰਮਣ, ਮਸਤਾ ਆਦਿਕ ਗੁਰੂ ਜੀ ਦੀ ਤਰਫ ਦੇ ਮਾਰੇ ਗਏ ਤੇ ਹੋਰ ਸਿਪਾਹ ਦੋਹਾਂ ਤਰਫਾਂ ਦੀ ਬਹੁਤ ਮਾਰੀ ਗਈ। — ਤੀਸਰੇ ਦਿਨ ਭਾਈ ਬਿਧੀਚੰਦ ਦੇ ਹੱਥੋਂ ਸੂਬੇ ਦਾ ਬੇਟਾ ਨਬੀਬਖਸ਼ ਤੇ ਪੋਤਾ ਪਾਸੈਂਘ ਦੇ ਹੱਥੋਂ ਮਹਿਰਾਬ ਖਾਂ ਤੇ ਰਾਇਜੀਵੇ ਦੇ ਹੱਥੋਂ ਹਸਨਖਾਂ ਆਦਿਕ ਮਾਰੇ ਗਏ ਤੇ ਖਾਸ ਗੁਰੂ ਸਾਹਿਬ ਦੇ ਹੱਥੋਂ ਅਬਦੁੱਲੇਖਾਂ ਦਾ ਕਾਲ ਹੋਇਆ। ਜਦ ਅਬਦੁੱਲੇਖਾਂ ਮਾਰਿਆ ਸ਼ਾਹੀ ਲਸ਼ਕਰ ਨੂੰ ਭਾਜ ਪੈ ਗਈ ਤੇ ਜੰਗ ਦੀ ਫਤੇ ਗੁਰੂ ਜੀ ਨੇ ਪਾਈ।

ਫੇਰ ਗੁਰੂ ਸਾਹਿਬ ਨੇ ਆਪਣੇ ਪਰਵਾਰ ਨੂੰ ਸ੍ਰੀ ਹਰਿਗੋਬਿੰਦਪੁਰ ਹੀ ਬੁਲਵਾ ਲਿਆ ਤੇ ਇਕ ਬਰਸ ਓਥੇ ਨਿਵਾਸ ਕਰਕੇ ਪਿੰਡ ਦੀ ਆਬਾਦੀ ਕੀਤੀ ਤੇ ਇਕ ਮਸੀਤ ਦਾਇਰਾ ਮੁਸਲਮਾਨਾਂ ਵਾਸਤੇ ਤੇ ਇਕ ਧਰਮਸਾਲਾ, ਸ਼ਿਵਾਲਾ ਹਿੰਦੂਆਂ ਵਾਸਤੇ ਤੇ ਇਕ ਸਰਾਇ ਆਮ ਮੁਸਾਫਰਾਂ ਵਾਸਤੇ ਬਣਾਈ। ਫੇਰ ਏਥੋਂ ਤੁਰ ਕੇ ਘੁਮਾਣ ਪਿੰਡ ਦੇਹੁਰੇ ਨਾਮਦੇਵ ਦੇ, ਨੈਣੇ ਦੇ ਕੋਟ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਰਾਵੀ ਪਾਰ ਹੋ ਰਮਦਾਸਪੁਰ ਪਹੁੰਚ ਗਏ। ਏਥੇ ਬਾਬੇ ਬੁੱਢੇ ਜੀ ਨੇ ਦਰਸ਼ਨ ਕਰ ਬਹੁਤ ਖੁਸ਼ੀ ਹੋ, ਆਪਣੇ ਪੋਤੇ ਭਾਈ ਭਾਨੇ ਦੀ ਬਾਂਹ ਗੁਰੂ ਨੂੰ ਫੜਾਈ ਤੇ ਆਪ ੧੪ ਮੱਘਰ ਸੰ: ੧੬੮੭ ਬਿ: ਨੂੰ ਪ੍ਰਲੋਕ ਗਵਨ ਕੀਤਾ। ਬਾਬੇ ਬੁੱਢੇ ਦਾ ਦੁਸਹਰ° ਕਰਕੇ ਗੁਰੂ ਜੀ ਨੇ ਦੇਹੁਰੇ ਬਾਬੇ ਨਾਨਕ ਜੀ ਦੇ ਦਰਸ਼ਨ ਜਾ ਕੀਤੇ ਤੇ ਬਾਬੇ ਦੇ ਪੋਤੇ ਧਰਮਚੰਦ ਨੂੰ ਮਿਲਕੇ ਬਾਰਠ ਪਿੰਡ ਸ੍ਰੀਚੰਦ ਜੀ ਦੇ ਪਾਸ ਜਾ ਕੇ ਨਜ਼ਰ ਭੇਟਾ ਦੇ ਕੈ, ਜੰਗ ਦੇ ਪ੍ਰਸੰਗ ਸੁਣਾਕੇ ਬਹੁਤ ਖੁਸ਼ੀ ਹੋਏ। ਸ੍ਰੀਚੰਦ ਨੇ ਇੱਕੇ ਗੁਰਦਿੱਤੇ ਨੂੰ ਆਪਣੀ ਗੋਦ ਵਿਚ ਬੈਠਾ ਕਰਕੇ ਗੁਰੂ ਜੀ ਨੂੰ ਆਖਿਆ ਤੁਹਾਡੇ ਪੰਜਾਂ ਪੁੱਤ੍ਰਾਂ ਵਿਚੋਂ ਕੋਈ ਬਾਬੇ ਦਾ ਭੀ ਹੈ। ਗੁਰੂ ਜੀ ਬੋਲੇ ਪੰਜੇ ਬਾਬੇ ਦੇ ਹਨ ਜੇਹੜਾ ਚਾਹੋ ਰਖ ਲਓ। ਸ੍ਰੀਚੰਦ ਜੀ ਨੇ ਓਸੇ ਵਕਤ ਸੇਲੀ ਟੋਪੀ ਚੋਲਾ ਆਪਣਾ ਲਿਬਾਸ ਗੁਰਦਿੱਤੇ ਜੀ ਨੂੰ ਪਹਿਨਾਕੇ ਬਚਨ ਕੀਤਾ ਤੁਹਾਡਾ ਏਵਾਸੋ ਅਸਾਡਾ।

ਫੇਰ ਆਪਸ ਵਿਚ ਸ੍ਵਾਰਥ ਪਰਮਾਰਥ ਦਾ ਵੀਚਾਰ ਕਰਕੇ ਬਿਦਾ ਹੋਏ ਤੇ ਗੁਰਦਾਸਪੁਰ ਉਤਰਕੇ ਹਰਿਗੋਬਿੰਦਪੁਰ ਆ ਪਹੁੰਚੇ।

ਜਦ ਗੁਰੂ ਜੀ ਰਮਦਾਸਪੁਰ ਆਏ ਸੇ ਤਦ ਪਿੱਛੋਂ ਭਗਵਾਨੇ ਘੇਰੜ ਦੇ ਭਾਈ ਰਤਨੇ ਨੇ ਲਾਹੌਰ

Digitized by Panjab Digital Library | www.panjabdigilib.org

ਦੇ ਸੂਬੇ ਸਰਦਾਰਬੇਗਖਾਂ ਪਾਸ ਫਰਿਆਦ ਕੀਤੀ ਤਾਂ ਸੂਬੇ ਨੇ ਦਰਿਆਫਤ ਕਰਨ ਵਾਸਤੇ ਵਜ਼ੀਰਖਾਂ ਦੇ ਭਤੀਜੇ ਅਨਾਯਤਖਾਂ ਤਹਸੀਲਦਾਰ ਨੂੰ ਭੇਜਿਆ ਕਿ ਜਾਕੇ ਅਸਲੀ ਗਲ ਦਰਿਆਫਤ ਕਰੇ। ਅਨਾਯਤਖਾਂ ਨੇ ਹਰਿਗੋਬਿੰਦਪੁਰੇ ਪਹੁੰਚਕੇ ਗਿਰਦਨਿਵਾਹੀ ਦੇ ਲੋਗਾਂ ਤੋਂ ਪੁਛਿਆ ਤਾਂ ਸਬਨੇ ਭਗਵਾਨੇ ਚੌਧਰੀ ਦੀ ਗੀਦਪੀ ਕੀ ਦੱਸੀ। ਤੇ ਭਾਈ ਕਾਲ੍ਹਾ, ਮਿਹਰਾ, ਮੁਣਸ਼ੀ ਹੁਸ਼ਿਆਰਪੁਰੀਏ ਖੱਤ੍ਰੀ ਸਿੱਖ, ਪੈਂਡਾ, ਜੇਠਾ ਜੱਟ, ਰਾਇਗੈਂਡਾ, ਰਾਜਪੂਤ ਹਾਂਡਾ ਸਠਾਲੇ ਵਾਲਾ, ਸੀਤੂ ਮਹਿਤਾ, ਤ੍ਰਿਵਾੜੀ ਪੂਰਬੀਆ, ਗੁਰਦਿੱਤਾ ਦਿਵਾਨ ਇੱਤਿਆਦਿਕ ਜੋ ਗੁਰੂ ਕੇ ਆਦਮੀ ਹਰਿਗੋਬਿੰਦਪੁਰ ਗੁਰੂ ਕੇ ਮਹਿਲਾਂ ਦੀ ਟਹਿਲ ਵਿਚ ਸੇ ਉਨਾਂ ਨੇ ਅਨਾਯਤਖਾਂ ਨੂੰ ਗੁਰੂ ਜੀ ਦੀ ਬਨਵਾਈ ਹੋਈ ਮਸੀਤ ਤੇ ਮੰਦਰ (ਜੇਹੜੀ ਜਹਾਂਗੀਰ ਬਾਦਸ਼ਾਹ ਨੇ ਦਿੱਤੀ ਸੀ) ਦਿਖਾਈ ਤਾਂ ਅਨਾਯਤਖਾਂ ਨੇ ਲਾਹੌਰ ਜਾਕਰ ਸੂਬੇ ਪਾਸ ਗੁਰੂ ਸਾਹਿਬ ਦੀ ਬਹੁਤ ਤਾਰੀਫ ਕੀਤੀ। ਤਦ ਸੂਬੇ ਨੇ ਝਗੜਾ ਦੂਰ ਕਰਨ ਲਈ ਦਿੱਲੀ ਲਿਖ ਭੇਜਿਆ ਕਿ ਗੁਰੂ ਸਾਹਿਬ ਹਿੰਦੂ ਮੁਸਲਮਾਨ ਦੋਹਾਂ ਮਜ਼ਬਾਂ ਨੂੰ ਇੱਕੋ ਜੇਹਾ ਸਮਝਦੇ ਹਨ, ਉਨਾਂ ਨੇ ਸਰਾਇ ਤੇ ਮਸੀਤਾਂ, ਦਾਇਰੇ, ਧਰਮਸਾਲਾ ਬਣਾਇ ਰੱਖੀਆਂ ਹਨ। ਏਹ ਰਪੋਟ ਸੁਣਕੇ ਫੇਰ ਸ਼ਾਹਜਹਾਂ ਨੇ ਗੁਰੂ ਜੀ ਉੱਪਰ ਕਦੇ ਕੋਈ ਫਰਿਆਦ ਨਾ ਸੁਣੀ। — ਤੇ ਗੁਰੂ ਸਾਹਿਬ ਭਾਈ ਸੰਗਤੀਏ ਨੂੰ ਹਰਿਗੋਬਿੰਦਪੁਰ ਦੀ ਹਿਫਾਜ਼ਤ ਸਪੁਰਦ ਕਰਕੇ ਆਪ ਕਰਤਾਰਪੁਰ ਚਲੇ ਆਏ। ਸੰਗਤੀਏ ਦਾ ਹਾਲ ਪੰਜਵੇਂ ਹਿਸੇ ਵਿਚ ਲਿਖਿਆ ਹੈ।

ਏਸੇ ਸਾਲ ਸੂਰਜਮੱਲ ਦੀ ਸ਼ਾਦੀ ਕੀਤੀ ਜਿਸ ਦਾ ਹਾਲ ਹਿੱਸੇ ਪੰਜਵੇਂ ਵਿਚ ਹੈ।

ਏਥੋਂ ਚਲਕੇ ਗੁਰੂ ਜੀ ਦੁਰਗਾਪੁਰ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਮਾਲਵੇ ਦੇਸ ਫੀਰੋਜ਼ਪੁਰ ਦੇ ਜ਼ਿਲੇ ਡਰੋਲੀ ਪਿੰਡ ਜਾ ਉਤਰੇ। ਤੇ ਤਿੰਨ ਮਹੀਨੇ ਨਿਵਾਸ ਕਰਕੇ ਇਕ ਖੂਹ ਲਗਵਾਯਾ ਜੋ ਗੁਰੂ ਜੀ ਦੇ ਨਾਮ ਪਰ ਮਸ਼ਹੂਰ ਹੈ। ਏਥੇ ਹੀ ਗੁਰੂ ਜੀ ਦੀ ਸਾਲੀ ਰਾਮੋ ਤੇ ਸਾਂਢੂ ਸਾਂਈਦਿਤਾ ਰਹਿੰਦੇ ਸੇ। ਏਥੇ ਹੀ ੧੧ ਮੱਘਰ ਸੰਮਤ ੧੬੮੮ ਬਿ: ਨੂੰ ਮਾਤਾ ਦਮੋਦ੍ਰੀ ਜੀ ਦਾ ਚਲਾਣਾ ਹੋਯਾ ਜਿਸ ਦੀ ਸਮਾਧ ਉਥੇ ਹੁਣ ਤਕ ਹੈ। — ਏਥੋਂ ਚਲਕੇ ਵੱਡੇਘਰ, ਮੰਦੇ, ਲੋਪੋ, ਸਿੱਧਵ, ਸਧਾਰ, ਜੰਡ, ਮੱਲ ਆਦਿਕ ਪਿੰਡਾਂ ਦੇ ਸਿੱਖਾਂ ਨੂੰ ਧਰਮ ਦਾ ਉਪਦੇਸ਼ ਕਰਦੇ ਹੋਏ ਦਯਾਲਪੁਰੇ ਜਾ ਉਤਰੇ। ਏਥੇ ਇੱਕ ਸੌਦਾਗਰ ਸਿੱਖ ਘੋੜਿਆਂ ਦਾ ਟੋਲਾ ਲੈਕੇ ਦਿੱਲੀ ਨੂੰ ਜਾਂਦਾ ਹੋਯਾ ਗੁਰੂ ਸਾਹਿਬ ਨੂੰ ਆ ਮਿਲਿਆ ਤੇ ਬੜੇ ਅਫਸੋਸ ਨਾਲ ਆਖਿਆ ਕਿ ਦੋ ਘੋੜੇ ਬਹੁਤ ਖੂਬਸੂਰਤ, ਤੇਜ਼ ਚਾਲ ਤੇ ਜਿਨ੍ਹਾਂ ਵਰਗਾ ਦੁਨੀਆਂ ਪਰ ਹੋਰ ਕੋਈ ਦੂਸਰਾ ਘੋੜਾ ਨਹੀ ਹੈ ਤੁਹਾਡੇ ਵਾਸਤੇ

ਲਿਆਇਆ ਸੀ ਪਰ ਰਸਤੇ ਵਿਚ ਲਾਹੌਰ ਦੇ ਸੂਬੇ ਨੇ ਬਾਦਸ਼ਾਹ ਵਾਸਤੇ ਬਦੋਬਦੀ ਲੈ ਲੀਤੇ, ਜੇਕਰ ਮੈਂ
ਨਾਂ ਦਿੰਦਾ ਤਾਂ ਰੁਪਏ ਤੋਂ ਭੀ ਹੱਥ ਧੋ ਬੈਠਦਾ ਤੇ ਨਾ ਮਾਲੂਮ ਮੇਰੇ ਨਾਲ ਕੀ ਸਲੂਕ ਹੁੰਦਾ।

ਏਹ ਸੁਣਦਿਆਂ ਸਾਰ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਸਭਾ ਵਿਚ ਪੁਕਾਰ ਕੇ ਆਖਿਆ
ਕਿ ਕੋਈ ਐਸਾ ਭੀ ਹੈ ਜੋ ਉਹ ਘੋੜੇ ਲਿਆਵੇ ਤਦ ਬਿਧੀਚੰਦ ਜੱਟ ਸਿੱਖ ਜੋ ਬੜਾ ਬਹਾਦਰ ਸੀ
ਹੱਥ ਜੋੜ ਕੇ ਬੋਲਿਆ, ਮੈਨੂੰ ਆਗਿਆ ਹੋਵੇ। ਉਪਰੰਤ ਗੁਰੂ ਸਾਹਿਬ ਦੀ ਆਗਿਆ ਲੈ ਕੇ ਬਿਧੀਚੰਦ
ਲਾਹੌਰ ਗਿਆ ਤੇ ਇਕ ਜੀਵਣ ਤਖਾਣ ਸਿੱਖ ਦੇ ਘਰ ਰਹਿਕੇ ਐਸਾ ਕੰਮ ਫੜਿਆ ਜੋ ਨਰ
ਮਣ ਘਾਸ ਲਿਆ ਕੇ ਬਾਦਸ਼ਾਹੀ ਤਬੇਲੇ ਵਿਚ ਲੈ ਜਾਇਆ ਕਰੇ ਤੇ ਮਜੂਰੀ ਦਾ ਭੀ ਤਕਰਾਰ ਨਾ
ਕਰੇ। ਇਸੇ ਤਰਾਂ ਕਰਦਿਆਂ ਦਰੋਗੇ ਨੂੰ ਇਸ ਨੇ ਐਸਾ ਹੱਥਾਂ ਪਰ ਚੜ੍ਹਾਇਆ ਕਿ ਦਰੋਗੇ ਨੇ ਏ
ਸ ਨੂੰ ਘੋੜਿਆਂ ਦੀ ਟਹਿਲ ਕਰਨ ਵਾਸਤੇ ਰਖ ਲਿਆ ਤੇ ਕੁੰਜੀਆਂ ਭੀ ਬਿਧੀਚੰਦ ਦੇ ਹਵਾਲੇ ਕ
ਰ ਦਿੱਤੀਆਂ। ਬਿਧੀਚੰਦ ਜੋ ਕੁਛ ਨੌਕਰੀ ਦਾ ਲੈਂਦਾ ਸਬ ਕੁਛ ਉਨਾਂ ਲੋਕਾਂ ਨੂੰ ਹੀ ਖੁਵਾਇ ਦਿੰ
ਦਾ। ਇਸੇ ਤਰਾਂ ਇਕ ਦਿਨ ਮੌਕਿਆ ਪਾਕੇ ਬਿਧੀਚੰਦ ਨੇ ਸਬਨਾਂ ਨੂੰ ਰਾਤ ਦੇ ਵਕਤ ਐਸੀ ਸ਼ਰਾਬ
ਪਿਲਾਈ ਕਿ ਸਬ ਬੇਹੋਸ਼ ਹੋ ਗਏ ਤਦ ਬਿਧੀਚੰਦ ਘੋੜੇ ਉਪਰ ਸਾਜ ਪਾਕੇ ਅਸਵਾਰ ਹੋਇਆ
ਤੇ ਝੱਟ ਪੱਟ ਹੀ ਦੀਵਾਰ ਟਪਾਇ ਕਰ ਗੁਰੂ ਜੀ ਦੇ ਪਾਸ ਆਣ ਹਾਜ਼ਰ ਹੋਇਆ। ਘੋੜੇ ਨੂੰ ਤੇ ਬਿ
ਧੀਚੰਦ ਦੀ ਬਹਾਦਰੀ ਨੂੰ ਦੇਖਕੇ ਗੁਰੂ ਜੀ ਬਹੁਤ ਖੁਸ਼ ਹੋਏ।

ਫੇਰ ਗੁਰੂ ਜੀ ਨੇ ਘੋੜੇ ਨੂੰ ਉਦਾਸ ਦੇਖਕੇ ਬਿਧੀਚੰਦ ਨੂੰ ਸਿਤਕਾਰ ਤੇ ਪਿਆਰ ਦੇ ਕਰ ਉਸ ਦੀ
ਬਹਾਦਰੀ ਤੇ ਦਲੇਰੀ ਪਰਤਿਆਉਣ ਵਾਸਤੇ ਆਖਿਆ ਘੋੜਾ ਤਾਂ ਆਇਆ ਹੈ ਪਰ ਘੋੜਾ ਆਪ
ਣੇ ਜੋੜੇ ਬਿਨਾ ਉਦਾਸ ਹੈ ਜੇ ਜੋੜਾ ਹੋਵੇ ਤਾਂ ਕਿਆ ਰਾਸ ਹੋਵੇ। ਏਹ ਸੁਣਕੇ ਬਿਧੀਚੰਦ ਨੇ ਕਹਿਆ
ਜੇਕਰ ਆਪ ਕ੍ਰਿਪਾ ਕਰੋ ਤਾਂ ਦੂਸਰਾ ਘੋੜਾ ਭੀ ਆ ਜਾਵੇਗਾ। ਏਹ ਗੱਲ ਆਖਦਾ ਹੀ ਤੁਰਤ
ਲਾਹੌਰ ਨੂੰ ਰਵਾਨਾ ਹੋਇਆ ਤੇ ਖੋਜੀ (ਰਮਲੀਏ) ਦਾ ਰੂਪ ਐਸਾ ਵਟਾਇਆ ਕਿ ਕਿਸੇ ਨੇ ਨਾ ਪ
ਛਾਣਿਆ। ਸੂਬੇ ਪਾਸ ਪਹੁੰਚਕੇ ਆਖਣ ਲਗਾ ਕਿ ਪਤਾ ਮੈਂ ਲਗਾ ਦੇਵਾਂਗਾ। ਲਿਆਉਣਾ
ਨਾ ਲਿਆਉਣਾ ਤੁਹਾਡਾ ਇਖਤਿਆਰ ਹੈ। ਤਦ ਬਿਧੀਚੰਦ ਨੇ ਐਸੀ ਚਾਲਾਕੀ ਖੇਡੀ ਤੇ ਆਖਿਆ
ਜੇਕਰ ਮੈਨੂੰ ਉਹ ਥਾਉਂ ਜਿੱਥੋਂ ਘੋੜਾ ਗਿਆ ਹੈ ਦੱਸੀ ਜਾਵੇ ਤਾਂ ਪਤਾ ਲਗ ਜਾਵੇਗਾ। ਉਨਾਂ
ਨੇ ਮੰਨ ਲੀਤਾ। ਥਾਂਉਂ ਦੇਖਣ ਦੇ ਬਾਦ ਰਮਲ ਸਿੱਟਕੇ ਆਖਿਆ ਜੇਕਰ ਉਸੇ ਤਰਾਂ ਦੂਸਰਾ
ਘੋੜਾ ਸਜਾਕਰ ਮੈਨੂੰ ਸਵਾਰ ਹੋਕੇ ਏਧਰ ਉਧਰ ਦੋ ਚਾਰ ਕਦਮ ਫਿਰਕੇ ਦੇਖ ਲੈਣ ਦੀ ਇ
ਜਾਜ਼ਤ ਦੇਉ ਤਾਂ ਦੋ ਘੜੀ ਦੇ ਅੰਦਰ ੨ ਪਤਾ ਲਗ ਜਾਏਗਾ ਨਹੀ ਤਾਂ ਤੀਸਰੇ ਦਿਨ ਪਤਾ

Digitized by Panjab Digital Library | www.panjabdigilib.org

ਮਿਲੇਗਾ। ਕਹਾਵਤ ਹੈ ਗਰਜ਼ਮੰਦ ਬਾਵਲਾ ਹੁੰਦਾ ਹੈ ਉਨ੍ਹਾਂ ਨੇ ਏਹੋ ਮੰਨ ਲੀਤਾ ਤੇ ਨਾ
ਲੇ ਉਨ੍ਹਾਂ ਸੋਚਿਆ ਕਿ ਅਸੀਂ ਸਬ ਖੜੇ ਹਾਂ, ਦਰਵਾਜ਼ੇ ਬੰਦ ਹਨ ਲੈਕੇ ਕਿਧਰ ਨਠ ਜਾਊ।
ਬਿਧੀਚੰਦ ਨੇ ਘੋੜੇ ਨੂੰ ਨਮਸਕਾਰ ਕਰਕੇ ਸਵਾਰੀ ਕੀਤੀ ਤੇ ਏਧਰ ਉਧਰ ਫੇਰਕੇ ਆਖ
ਣ ਲੱਗਾ, ਪਹਿਲਾ ਘੋੜਾ ਮਾਲਵੇ ਦੇਸ, ਕਾਂਗੜੇ ਪਿੰਡ ਗੁਰੂ ਹਰਿਗੋਬਿੰਦ ਸਾਹਿਬ ਦੇ ਪਾ
ਸ ਗਿਆ ਹੈ ਏਹ ਭੀ ਉਥੇ ਹੀ ਜਾਂਦਾ ਹੈ ਜਿਸਦੀ ਤਾਕਤ ਹੈ ਰੋਕ ਲਵੇ ਏਹ ਗੱਲ ਆਖਦੇ
ਹੀ ਜ਼ੋਰ ਦਾ ਚਾਬਕ ਲਾਈ ਤਵੇਲੇ ਦੀ ਕੰਧ ਟਪਾ ਲਈ ਤੇ ਦਰੀਯਾ ਦੇ ਰਸਤੇ ਪਾਰ ਹੋ ਫੇਰਨ ਗੁ
ਰੂ ਜੀ ਦੇ ਪਾਸ ਦਿਵਾਲੀ ਦੇ ਦਿਨ ਆ ਮੌਜੂਦ ਹੋਇਆ। ਗੁਰੂ ਜੀ ਸਮੇਤ ਸਾਰੇ ਦੀਵਾਨ ਦੇ ਬਿਧੀ
ਚੰਦ ਪਰ ਬਹੁਤ ਖੁਸ਼ ਹੋਏ ਤੇ ਸਾਰੀ ਕਥਾ ਸੁਣਕੇ ਲੋਕ ਹੱਕੇ ਬੱਕੇ ਰਹ ਗਏ।
ਏਧਰ ਲਾਹੌਰ ਦੇ ਸੂਬੇ ਨੇ ਪਹਿਲੇ ਤਾਂ ਬਹੁਤ ਸਾਰੇ ਅਸਵਾਰ ਬਿਧੀਚੰਦ ਦੇ ਪਿੱਛੇ ਦੌੜਾਏ
ਪਰ ਹਾਰਕੇ ਮੁੜ ਗਏ। ਫੇਰ ਬਾਦਸ਼ਾਹ ਨੂੰ ਸਬ ਗਲ ਲਿਖ ਭੇਜਿਆ। ਬਾਦਸ਼ਾਹ ਨੇ ਬ
ਹੁਤ ਗੁੱਸੇ ਵਿਚ ਆਕੇ ਅਬਦੁੱਲਾ ਖਾਂ, ਸਲੇਮ ਖਾਂ, ਬਹਲੋਲ ਖਾਂ ਆਦਿਕ ਸਰਦਾਰਾਂ ਨੂੰ ਮਿ
ਰਜ਼ਾ ਕਮਰ ਬੇਗ ਖਾਂ ਸਿਪਹਸਾਲਾਰ ਦੇ ਤਾਬੇ ਕਰਕੇ, ਦਸ ਹਜ਼ਾਰ ਫੌਜ ਦੇਕੇ ਗੁਰੂ ਸਾਹਿ
ਬ ਦੇ ਪਕੜ ਲਿਆਵਣ ਦਾ ਹੁਕਮ ਕੀਤਾ ਤੇ ਸੂਬੇ ਸਰਹੰਦ, ਤੇ ਜਲੰਧਰ, ਤੇ ਲਾਹੌਰ ਤੋਂ ਭੀ
ਹਰਇਕ ਫੌਜਦਾਰ ਚਾਰ ੨ ਪੰਜ ੨ ਹਜ਼ਾਰ ਫੌਜ ਲੈਕੇ ਆ ਮਿਲੇ। ਸਾਰਾ ਬਾਈ ਹਜ਼ਾਰ ਅ
ਸਵਾਰ ਪਿਆਦਾ ਕੱਠਾ ਹੋਕੇ ਮਾਰ ਮਾਰ ਕਰਦਾ ਹੋਯਾ ਗੁਰੂ ਪਰ ਆ ਗਿਆ। ਏਧਰ ਕਾਂਗ
ੜ, ਧੌਲੇ ਤੇ ਦੇਸ ਮਾਲਵੇ ਦੇ ਸਬ ਬਹਾਦਰ ਸਿੰਖ ਤੇ ਤਮਾਮ ਲੁਟੇਰੇ ਗੁਰੂ ਸਾਹਿਬ ਵਲ ਭੀ
ਆ ਗਏ ਤੇ ਰਾਇ ਜੋਧ, ਸਲੇਮ ਦੋਵੇਂ ਭਾਈ, ਭੁੱਲਣ, ਭੂਪਾ, ਸੂਰਾ, ਕਰਮਾ, ਫੱਤਾ, ਆਕਲ,
ਬੀਰਾ, ਸਾਗਰ, ਤਖਤਾ, ਕਾਲਾ ਫੁੱਲ ੨, ਕਾਲਾ ਕਰਮਚੰਦ ਆਦਿਕ ਏਹ ਸਬ ਢੋਲ ਵਜਾਉਂ
ਦੇ ਹੋਏ ਆਪਣੇ ਨਾਲ ਬਹੁਤ ੨ ਆਦਮੀ ਲੈਕੇ ਆ ਗਏ। ਗੁਰੂ ਸਾਹਿਬ ਨੇ ਏਨਾਂ ਨੂੰ ਨਾਲ ਲੈ
ਕੇ ਬੜੇ ਭਾਰੀ ਜੰਗਲ ਵਿਚ (ਜਿਥੇ ਹੁਣ ਲਹਿਰਾ ਪਿੰਡ ਤੇ ਗੁਰੂਸਰ ਤਾਲਾਉ ਹੈ) ਪਾਣੀ ਦੀ ਢਾ
ਬ ਦੇ ਕਿਨਾਰੇ ੧੭ ਪੋਹ ਸੰ: ੧੬੯੦ ਬਿ: ਨੂੰ ਮੋਰਚਾ ਬੰਨਕੇ ਲੜਾਈ ਸ਼ੁਰੂ ਕੀਤੀ ਯਥਾ

**ਨਰਾਜ ਛੰਦ।**

ਗਾਢ ਕੇ ਸੁ ਆਇ ਦੋ ਦਿਸੈਂ ਬਜਾਇ ਢੋਲ ਭੈਰਕਾਂ ਅਨੇਕ ਬਾ
ਜ ਬੱਜਹੀ ਜੁਝਾਉ ਰਾਉ ਸੈਰਕਾਂ ਸੁਣੰਤ ਜਾਹਿ ਕੇ ਤਈਂ ਬੁਜੇ ਭਵੰਤ ਕੇਹਰੈਂ ਚਢੈ ਕਰੁੱਧ
ਜੁੱਧ ਕੇ ਜਹੂਰ ਨੂਰ ਸੋਹਰੈਂ ਅਹਾਨ ਮੇਘ ਜੋਨ ਆਇ ਮਹੀਮਰੀ ਅਪਾਰ ਹੈਂ ਖਰੋਸ਼ ਜੋਸ਼ ਕੈ
ਧਏ ਅਲੀ ਅਲੀ ਪੁਕਾਰ ਹੈਂ। ਬਿਹੰਦ ਕੱਢ ਭਾਨਕੈਂ ਮਿਨਾਰ ਸੇ ਅਫੱਸਬੇ ਅਫੇ ਜਿਗਾਹ

ਲੋਹ ਸੈ ਅੱਛੋਹ ਬੀਰ ਅੱਸ੍ਰ ਥੋ। ਥੇਅੰਤ ਜੰਗ ਥੇ ਜਿਤੇ ਜਿਨੈ ਬਿਦੇਸ ਦੇਸ ਮੈਂ। ਲਟੇਨ ਥੱਕਕੇ
ਕਈ ਹਟੇਨ ਜੰਗ ਕੇ ਸਮੈਂ। ਪਠਾਨ, ਸੇਖ ਸੱਯਦ ਮੁਗੱਲ ਗੱਲ ਵਾਰ ਜੋ। ਬਲੀ ਸੁਬੀਨ ਬੀ
ਨਵੈ ਕੁਲੀਨ ਪੀਨ ਸਾਰ ਜੋ। ਪਠੇ ਬਟੋਰ ਸਾਹਿਨੈ ਸਮਾਨ ਦੈ ਅਪਾਰ ਸੋ। ਲੜਾਕ ਪਾਕ ਬਾਜ ਜੇ
ਬਿਬਾਕ ਖ਼ੂਨ ਖ੍ਵਾਰ ਜੋ। ਇਤੈ ਗਰੀਬ ਜੱਟ ਸਿੱਖ ਸਾਇਣੀ ਬਕਾਲ ਸੋ। ਤਖਾਣ ਬਿੱਪ ਖੱਤ੍ਰੀ
ਕਹਾਰ ਤੈ ਕਲਾਲ ਸੋ। ਜਿਨੈ ਸੁਜੰਗ ਥਾ ਕਭੀ ਨਿਹਾਰਿਓ ਨ ਜੀਮ ਕੈ। ਆਏ ਅਚੇਤ ਖੇਤ ਮੈ
ਸਹੇਤ ਭਾਰ ਕੀਮ ਕੈ। ਗੁਰੂ ਕ੍ਰਿਪਾਹਿ ਤੈ ਭਏ ਬੁਜੇ ਬਘਆੜ ਸੇਰ ਸੋ। ਜਿਤੀ ਸੁਲੀਕ ਜੋ ਕਪੇ
ਪਤਾਪ ਰਾਮ ਕੇਰ ਸੋ। ਅਨੇਤ ਸੂਰ ਬੀਰ ਧੀਰ ਥੇ ਤਿਨੈ ਮਝਾਰ ਜੋ। ਸੁਨਾਤ ਭਏ ਸੱਬ ਕੋ ਬਖ੍ਯਾ
ਤ ਬਾਤ ਸਾਰ ਸੋ। ਮਜ੍ਹਬ ਦੀਨ ਕੇ ਇਹੈ ਧਰੰਮ ਹੇਤ ਜੰਗ ਹੈ। ਪਰਿਓ ਸੁਆ ਅਰਾਨ ਕੈ ਕਰੋਨ
ਸੰਗ ਰੰਗ ਹੈ। ਰਮਾਨ ਧਿਆਨ ਜਾਪ ਤਾਪ ਜੋਗ ਜੋ ਕਮਾਇ ਹੈਂ। ਅਰਾਧ ਈਸ਼ ਜੁੱਗਲੇ ਬੈਕੁੰ
ਠ ਮੋਖ ਪਾਇ ਹੈਂ। ਸਮੱਛ ਅੱਛ ਜੂਝ ਕੈ ਤਜੰਤ ਜੋ ਸਰੀਰ ਕੋ। ਮਿਲੰਤ ਸੋ ਮਰਾਤਬਾ ਛਿਨੇਕ
ਮਾਹਿ ਬੀਰ ਕੋ। ਮਰੈਂ ਤੁ ਮੋਖ ਹੂੰ ਲਹੈਂ ਜਿਯੈਂ ਤੁ ਜੱਸ ਪਾਇ ਹੈਂ। ਉਤੈ ਸੁਹਾਬ ਹੈਂ ਲਤੂ ਅਨੰਦ ਸਾ
ਥ ਖਾਇ ਹੈਂ। ਇਹੈ ਵਿਚਾਰ ਧਾਰ ਕੈ ਨਿਸੰਗ ਜੰਗ ਕੇ ਉਠੇ। ਫਲੰਗ ਦੈ ਉਮੰਗ ਸੈ ਗੁਰੂ ਕੀ ਬੋ
ਲ ਜੈ ਜੁਟੇ। ਕਮਾਨ ਬਾਨ ਪਾਨ ਲੈ ਸੁਤਾਨ ਕਾਨ ਲੌ ਖਰੈਂ। ਅਰੋਪ ਪੇਰ ਧੋਪ ਦੈ ਰਲਾਤ ਕੋਪ ਕੈ
ਸਰੈਂ। ਫੁਲਾਦ ਤੈ ਸਪਾਟ ਕੀ ਜਿਰਾ ਕੁਲਾਹ ਛੇਦ ਕੈ। ਕਢੈਂ ਦੁਸਾਰ ਪਾਰ ਸੋ ਕਿਕਾਨ ਜ੍ਵਾਨ
ਬੇਧ ਕੈ। ਕਿਤੇ ਤਕਾਇ ਤੁੱਪ ਕੈਂ ਤੜਾਕ ਬਾੜ ਝਾੜ ਹੈਂ। ਤੜਾਕ ਫੇਰ ਕੱਸ ਕੈ ਚਲਾਤ ਸਾੜ ਸਾ
ੜ ਹੈਂ। ਧੜਾਕ ਭੂਮਿ ਪੈ ਗਿਰੈਂ ਫੜਾਕ ਢਾਲ ਫੁੱਟ ਹੈਂ। ਤੜਾਕ ਤੇਗ ਬੇਗ ਦੈ ਸੜਾਕ ਸੀਸ ਕੁੱਟ
ਹੈਂ। ਝਪਟ ਕੈ ਲਪਟ ਚੱਟ ਪੱਟ ਕੱਟ ਕੁੱਟ ਹੀਂ। ਦੁਪੱਟ ਕੈ ਅਪੱਟ ਤੱਟ ਫੱਟ ਫੱਟ ਸੁੱਟ ਹੀਂ। ਚਲਾ
ਕ ਚੋਖ ਚਾਤੁਰੇ ਚਲਾਇ ਦੰਡ ਲੋਹ ਸੇ। ਗਿਰਾਤ ਜਾਤ ਘਾਤ ਕੈ ਫਿਰਾਤ ਹੈਂ ਅਛੋਹ ਸੋ। ਸੜੱ
ਕ ਸੈਂਫ ਸਾਫ ਦੈ ਸਫਾਇ ਸਾਫ ਹੈਂ ਕਰੈਂ। ਤੜੱਕ ਤੇਗ ਬੇਗ ਬਾਹਿ ਬਾਂਹਿ ਲਾਹਿ ਕੈ ਧਰੈਂ। ੧।।
ਅਰਧਨਰਾਜ ਛੰਦ। ਕਟਾ ਕੁੱਟ ਮਾਰੀ। ਝਟਾ ਝੱਟ ਸਾਰੀ। ਫਟਾ ਫਟ ਫੁੱਟੈਂ। ਸਟਾ ਸੱਟ
ਸੱਟੈਂ। ਤਿਖੀ ਤੇਗ ਧਾਰਾ। ਕਟੈ ਬੇਗ ਆਰਾ। ਅਟਾ ਅੱਟ ਤੱਸੈਂ। ਖਟਾ ਖਟ ਖੱਸੈਂ। ਹਥਾ ਵੱਥ
ਹੋਏ। ਪਥਾ ਪੱਥ ਖੋਏ। ਕਟੇ ਜੰਘ ਬਾਹਾਂ। ਰਟੇ ਹਾਇ ਹਾਹਾਂ। ਜਹਾਂ ਸ੍ਰੋਣ ਡੋਲੇ। ਤਹਾਂ ਮਾਰ ਬੋ
ਲੇ। ਕਟੈਂ ਏਕ ਏਕੈਂ। ਧਰੈਂ ਛੇਕ ਛੇਕੈਂ। ਮਰੇ ਜ੍ਵਾਨ ਘੋਰੇ। ਪਰੇ ਨਾਹਿ ਥੋਰੇ। ਘਨੇ ਖ਼ਾਨ ਖੂਨੀ।
ਬਨੇ ਗੂਨ ਗੂਨੀ। ਬਡੇ ਸਿੱਖ ਸੂਰੇ। ਰਰੈਂ ਬੈਨ ਕ੍ਰੂਰੇ। ਜਿਸੈ ਬਾਂਹ ਤੋਰੈਂ। ਕਰੈਂ ਪਾਰ ਬੋਰੈਂ। ਬਰ
ਖੇਤੀਰ ਗੋਲੀ। ਮਨੋ ਮੇਂਹ ਓਲੀ। ਗੁਰੂ ਜੈ ਬੁਲਾਈ। ਫਤਹ ਜੰਗ ਪਾਈ। ੨।।

Digitized by Panjab Digital Library | www.panjabdigilib.org

।। ਇਸ ਪ੍ਰਕਾਰ ਕਈ ਦਿਨ ਤਕ ਜੰਗ ਹੁੰਦਾ ਰਿਹਾ ਤੇ ਦੋਹਾਂ ਤਰਫਾਂ ਦੇ ਹਜ਼ਾਰਾਂ ਆਦਮੀ ਮਰੇ। ਗੁਰੂ ਜੀ ਦੀ ਤਰਫ ਦੇ ਮੁਲਕੀ ਲੋਗ ਦਿਨ ਭਰ ਤਾਂ ਲੜਾਈ ਕਰਨ ਤੇ ਰਾਤ ਨੂੰ ਆਪਣੇ ਰਿਸ਼ਤੇਦਾਰੀਆਂ ਅੰਗਾਂ ਸਾਕਾਂ ਦੇ ਜ਼ਾ ਰਹਨਾ ਤੇ ਫੌਜ ਭੀ ਗੁਰੂ ਸਾਹਿਬ ਦੀ ਪਾਣੀ ਦੇ ਕਿਨਾਰੇ ਸੀ ਜਿਸ ਕਾਰਣ ਬਹੁਤ ਆਰਾਮ ਰਹੇ। — ਇਕ ਤਾਂ ਬਾਦਸ਼ਾਹੀ ਫੌਜ ਜੰਗਲ ਵਿਚ ਭੁੱਖੀ ਤਿਹਾਈ ਰਹੇ ਤੇ ਦੂਸਰੇ ਗੁਰੂ ਜੀ ਦੇ ਸਿੱਖ ਜਾਨ ਤੋੜ ਕੇ ਲੜਦੇ ਸੀ ਤੇ ਮੁਸਲਮਾਨ ਜਾਨ ਬਚਾ ਕੇ ਲੜਨ ਦੇ ਸੇ ਕਾਰਨ ਇਕ ਇਕ ਸਿੱਖ ਦਸ ਦਸ ਤੁਰਕਾਂ ਨੂੰ ਮਾਰਦਾ ਸੀ। ਉਸੇ ਸਮੇ ਕੁਦਰਤ ਕਰਤਾਰ ਦੀ ਐਸੀ ਹੋਈ ਕਿ ਮੁਸਲਮਾਨੀ ਫੌਜ ਪਰ ਮੀਂਹ ਤੇ ਗੜੇ ਬਹੁਤ ਬਰਸੇ।

ਚੂਨਕਿ ਗੁਰੂ ਸਾਹਿਬ ਦੀ ਜਿੱਤ ਹੋਈ ਤੇ ਬਹੁਤ ਸਾਰਾ ਮਾਲ ਅਸਬਾਬ ਸ਼ਾਹੀ ਫੌਜ ਦਾ ਗੁਰੂ ਜੀ ਦੇ ਸਿੱਖਾਂ ਨੇ ਲੁੱਟ ਲੀਤਾ। ਫੇਰ ਗੁਰੂ ਸਾਹਿਬ ਨੇ ਐਸੀ ਦਯਾ ਕੀਤੀ ਕਿ ਜਿਤਨੇ ਮੁਸਲਮਾਨ ਮਰੇ ਸਭ ਨੂੰ ਇਕ ਖਾਤਾ ਖੁਦਵਾ ਕੇ ਦਬਾ ਦਿੱਤਾ ਤੇ ਜਿਤਨੇ ਹਿੰਦੂ ਮਰੇ ਸੇ ਸਭ ਨੂੰ ਇਕਠੇ ਕਰ ਕੇ ਫੂਕਵਾਇ ਦਿੱਤਾ ਅਤੇ ਜੋ ਮੁਸਲਮਾਨ ਜ਼ਖਮੀ ਯਾ ਅਧਮਰੇ ਮਿਲੇ ਉਨਾਂ ਨੂੰ ਉਠਵਾ ਕੇ ਡੇਰੇ ਲੈ ਆਂਦਾ ਤੇ ਰਾਜ਼ੀ ਕਰ ਕੇ ਖਰਚ ਦੇ ਕਰ ਬਾਦਸ਼ਾਹ ਦੀ ਤਰਫ ਭੇਜ ਦਿੱਤਾ।

ਉਨ੍ਹਾਂ ਨੇ ਸ਼ਾਹਜਹਾਂ ਪਾਸ ਦਿੱਲੀ ਜਾ ਕੇ ਗੁਰੂ ਸਾਹਿਬ ਦੀ ਬਹਾਦਰੀ ਤੇ ਦਯਾ ਦੀ ਬਹੁਤ ਤਾਰੀਫ ਕੀਤੀ ਤੇ ਆਪਣੀ ਜਾਨ ਭੀ ਗੁਰੂ ਸਾਹਿਬ ਦੀ ਬਖਸ਼ੀਸ਼ ਦੇਖਾ ਕੇ ਆਖਿਆ ਤਮਾਮ ਦੁਨੀਆ ਤੇ ਇੰਦ੍ਰ ਦੇਵਤਾ ਉਨਾਂ ਦੀ ਮਦਦ ਵਿਚ ਹੈ ਜਿਸ ਨੇ ਸਾਡੇ ਸਾਰੇ ਲਸ਼ਕਰ ਨੂੰ ਗੜੇ ਬਰਸਾ ਕੇ ਸਰਦੀ ਨਾਲ ਮਾਰ ਦਿੱਤਾ ਤੇ ਉਨ੍ਹਾਂ ਦੇ ਕਿਸੇ ਆਦਮੀ ਦਾ ਬਾਲ ਭੀ ਵਿੰਗਾ ਨਾ ਹੋਯਾ।

ਜੋਦਿਆਪਿ ਇਕ ਸਲੇਮ ਖਾਂ ਤੋਂ ਬਿਨਾ ਹੋਰ ਬਹਲੋਲ ਖਾਂ, ਕਮਰ ਬੇਗ ਖਾਂ ਆਦਿਕ ਸਭ ਸਰਦਾਰ ਤੇ ਪੰਦ੍ਰਾਂ ਸੋਲਾਂ ਹਜ਼ਾਰ ਸਿਪਾਹੀ ਮਾਰਿਆ ਗਿਆ ਸੀ ਪਰ ਗੁਰੂ ਸਾਹਿਬ ਦੀ ਕਰਣੀ ਦੀ ਤਰਫ ਖਿਆਲ ਕਰ ਕੇ ਤੇ ਦੱਖਣ ਦਿਸ਼ਾ ਦੀ ਮੁਹਿੰਮ ਪੇਸ਼ ਆਣੇ ਕਰ ਕੇ ਬਾਦਸ਼ਾਹ ਨੇ ਦੂਸਰੀ ਵਾਰੀ ਗੁਰੂ ਪਰ ਫੌਜ ਨਾ ਭੇਜੀ। — ਗੁਰੂ ਸਾਹਿਬ ਨੇ ਤਿੰਨਾ ਮਹੀਨਿਆਂ ਵਿਚ ਮਰਾੜ੍ਹ, ਭਗਤੇ, ਦਯਾਲਪੁਰੇ, ਗਰਲ, ਮੌੜ, ਘਨੌੜ, ਖੁਰਾਣੀ, ਅਕੋਈ, ਸੌਟੀ, ਗੜ੍ਹੇ, ਘੁੜਾਣੀ, ਪਾਇਲ ਆਦਿਕ ਅਨੇਕ ਪਿੰਡਾਂ ਵਿਚ ਉਤਰ ਕੇ ਲੋਗਾਂ ਨੂੰ ਧਰਮ ਦਾ ਉਪਦੇਸ਼ ਕੀਤਾ ਤੇ ਫੇਰ ਕੀਰਤਪੁਰ ਜਾ ਨਿਵਾਸ ਕੀਤਾ। ਏਸੇ ਕੀਰਤਪੁਰ ਸਾਰੇ ਪਰਵਾਰ ਨੂੰ ਡਰੋਲੀ ਤੋਂ ਭੇਜ ਗਏ ਸੇ।

ਰਾਜਾ ਤਾਰਾਚੰਦ ਨੇ ਆਪਣੇ ਮੁਲਕ ਵਿਚ ਸੈਰ ਸ਼ਿਕਾਰ ਬਹੁਤ ਕਰਾਏ ਤੇ ਸੇਵਾ ਭੀ ਬਹੁਤ ਕੀਤੀ ਅਤੇ ਤਿੰਨ ਪਿੰਡ ਮਾਫੀ ਗੁਰੂ ਦੇ ਘੋੜਿਆਂ ਦੇ ਘਾਸਦਾਣੇ ਵਾਸਤੇ ਹੋਰ ਅਰਦਾਸ ਕਰਾਏ।

Digitized by Panjab Digital Library | www.panjabdigilib.org

।ਰਾਜਾ ਬਿਲਾਸਪੁਰੀ ਆਕਰ ਮੁਰੀਦ ਆਦਿਕ ਭੀ ਸੇਵਾ ਕਰਦੇ ਰਹੇ। ਇਕ ਫਕੀਰ ਬੁੱਢਣ ਸ਼ਾਹ ਜੋ ਉਥੇ ਜੰਗਲ ਵਿਚ ਜੋਗਾ ਬ੍ਰਹਮ ਵਾਸੀ ਪੂਰਨ ਪੁਰਖ ਰਹਿੰਦਾ ਸੀ ਏਸ ਪਾਸ ਗੁਰੂ ਨਾਨਕ ਜੀ ਦੁੱਧ ਇਮਾਨਤ ਰੱਖ ਗਏ ਸੇ ਉਹ ਦੁੱਧ ਸਵਾ ਸੌ ਬਰਸ ਪਿੱਛੋਂ ਛੀਵੇਂ ਗੁਰੂ ਦੀ ਆਗਿਆ ਨਾਲ ਟਿੱਕੇ ਗੁਰਦਿੱਤੇ ਜੀ ਨੇ ਬਾਬਾ ਨਾਨਕ ਜੀ ਦਾ ਸਰੂਪ ਧਾਰ ਕੇ ਲੀਤਾ ਤਦ ਤੋਂ ਹੀ ਗੁਰਦਿੱਤੇ ਜੀ ਦਾ ਨਾਮ ਬਾਬਾ ਗੁਰਦਿੱਤਾ ਮਸ਼ਹੂਰ ਹੋਇਆ। ਏਸੇ ਸਮੇ ਬੁੱਢਣ ਸ਼ਾਹ ਨੇ ਦੇਹ ਛੱਡੀ ਤੇ ਗੁਰੂ ਜੀ ਨੇ ਉਸ ਦੀ ਕਬਰ ਬਣਾਈ ਜੋ ਬਾਬੇ ਗੁਰਦਿੱਤੇ ਜੀ ਦੀ ਸਮਾਧ ਦੇ ਪਾਸ ਹੈ।

ਸੰ: ੧੬੯੨ ਬਿ: ਫਿਰ ਗੁਰੂ ਹਰਿਗੋਬਿੰਦ ਸਾਹਿਬ ਫੇਰ ਦਿਵਾਲੀ ਨੂੰ ਅੰਮ੍ਰਿਤਸਰ ਆਏ ਤੇ ਬੜੇ ਉਤਸ਼ਾਹ ਨਾਲ ਸਭਨਾਂ ਦੇਸਾਂ ਦੇ ਮਸੰਦ ਭੀ ਸੰਗਤਾਂ ਨੂੰ ਨਾਲ ਲੈ ਕੇ ਆ ਗਏ ਤੇ ਬੇਸ਼ੁਮਾਰ ਦੌਲਤ ਚੜ੍ਹਾਈ। ਗੁਰੂ ਜੀ ਮਸੰਦਾਂ ਨੂੰ ਸਿਰੋਪਾਉ ਤੇ ਸ਼ੁਕਰਾਨੇ ਦੇ ਕੇ ਕਰਤਾਰਪੁਰ ਆ ਟਿਕੇ। ਏਸੇ ਸਾਲ ਏਥੇ ਹੀ ਸੂਰਜ ਮੱਲ ਦਾ ਵਿਆਹ ਹੋਇਆ ਤੇ ਅਣੀਰਾਇ ਦਾ ਚਲਾਣਾ ਹੋਇਆ। — ਏਸੇ ਸਾਲ ਭਾਈ ਕਾਬਲੀ ਮਲ ਸੌਦਾਗਰ ਸ਼ਿਕਾਰਪੁਰੀਏ ਨੇ ਕੰਧਾਰ ਤੋਂ ਆ ਕਰ ਬਹੁਤ ਰੰਗ ਰੰਗ ਦੇ ਤੋੜੇ, ਘੋੜੇ, ਹਥਿਆਰ, ਬਸਤ੍ਰ, ਗਲੀਚੇ ਤੇ ਇਕ ਮਾਲਾ ਮੋਤੀਆਂ ਦੀ ਗੁਰੂ ਜੀ ਭੇਟਾ ਕੀਤੀ। ਪੈਂਦੇ ਖਾਂ ਦੇ ਦਾਮਾਦ ਉਸਮਾਨ ਖਾਂ ਨੇ ਉਹ ਸਭ ਅਸਬਾਬ ਚੁਰਾਇ ਕਰ ਆਪਣੇ ਘਰ ਮੀਰ ਵਿਚ ਪਹੁੰਚਾ ਦਿੱਤਾ ਤੇ ਜਦ ਪੁੱਛਿਆ ਤਾਂ ਮੁਕਰ ਗਿਆ। ਜਦ ਗੁਰੂ ਜੀ ਨੇ ਉਸ ਨੂੰ ਤਾੜਿਆ ਤਾਂ ਪੈਂਦੇ ਖਾਂ (ਜੋ ਬੜਾ ਹੰਕਾਰੀ ਸੀ ਤੇ ਆਪ ਨੂੰ ਰੁਸਤਮ ਰਾਵਣ ਜੈਸਾ ਸਮਝਦਾ ਸੀ) ਦਾਮਾਦ ਦਾ ਮਦਦਗਾਰ ਬਣ ਕੇ ਗੁਰੂ ਜੀ ਨਾਲ ਬਿਗੜ ਬੈਠਾ ਤੇ ਵੱਧ ਘੱਟ ਅਜੋਗ ਬਚਨ ਬੋਲਨ ਲੱਗਾ। ਤਦ ਗੁਰੂ ਜੀ ਨੇ ਪੈਂਦੇ ਖਾਂ ਨੂੰ ਆਪਣੀ ਸਭਾ ਵਿਚੋਂ ਨਿਕਾਲ ਦਿੱਤਾ। ਫੇਰ ਤਾਂ ਵਧੇਰੇ ਹੀ ਬੁਰਿਆਈਆਂ ਤੇ ਨਿੰਦਾ ਕਰਨ ਲੱਗਾ।

ਫੇਰ ਇਕ ਦਿਨ ਗੁਰੂ ਜੀ ਦਾ ਸੁਫੈਦ ਬਾਜ਼ ਭੀ ਪੈਂਦੇ ਖਾਂ ਦਾ ਜਵਾਈ ਚੁਰਾਇ ਕਰ ਲੈ ਗਿਆ ਜਦ ਗੁਰੂ ਜੀ ਨੂੰ ਮਾਲੂਮ ਹੋਇਆ ਤੇ ਮੰਗਿਆ ਤਾਂ ਆਖਣ ਲਗਾ ਤੁਹਮਤਾਂ ਲਾਉਂਦੇ ਹੋ। ਤਦ ਗੁਰੂ ਜੀ ਦੇ ਇਸ਼ਾਰੇ ਨਾਲ ਭਾਈ ਬਿਧੀ ਚੰਦ ਸਾਰਾ ਅਸਬਾਬ ਉਸਮਾਨ ਖਾਂ ਦੇ ਘਰੋਂ ਚੋਰੀ ਹੀ ਕੱਢ ਲਿਆਇਆ ਤਾਂ ਗੁਰੂ ਜੀ ਨੇ ਉਸ ਨੂੰ ਵਿਖਾਇਆ, ਅਸਬਾਬ ਵੇਖ ਕੇ ਉਸ ਮੂਰਖ ਨੇ ਮਾਫੀ ਤਾਂ ਨਾ ਮੰਗੀ ਸਗੋਂ ਉਲਟ ਪੁਲਟ ਬੋਲਣ ਲਗਾ। ਗੁਰੂ ਜੀ ਨੇ ਉਸ ਨੂੰ ਪੰਜ ਦਿਨ ਕੈਦ ਕਰ ਕੇ ਛੱਡ ਦਿੱਤਾ ਤੇ ਪੈਂਦੇ ਖਾਂ ਦੀ ਨੌਕਰੀ ਭੀ ਹਟਾਇ ਦਿੱਤੀ। — ਫੇਰ ਪੈਂਦੇ ਖਾਂ ਨੇ ਗੁਰੂ ਦੇ ਪੋਤੇ ਧੀਰਮੱਲ ਨੂੰ ਅੰਦਰਖਾਤਾ ਆਪਣਾ ਸਾਥੀ ਬਣਾ ਲੀਤਾ ਤੇ ਹੋਰ ਪੰਜ ਚਾਰ ਮੁਸਲਮਾਨ

ਨਾਨੂੰ ਨਾਲ ਲੈਕੇ ਵਲੀ ਮੁਹੰਮਦ ਖਾਂ ਨੂੰ (ਜਿਸ ਦਾ ਬਾਪ ਅਬਦੁੱਲਾ ਖਾਂ ਤੇ ਦੋ ਭਾਈ ਹਰਿ ਗੋਬਿੰਦਪੁਰ ਦੇ ਜੰਗ ਵਿਚ ਗੁਰੂ ਨੇ ਮਾਰੇ ਸੇ) ਜਲੰਧਰੋਂ ਜਾ ਉਭਾਰਿਆ ਤੇ ਏਹ ਸਭ ਮਿਲਕੇ ਜਦ ਜਲੰਧਰ ਦੇ ਸੂਬੇ ਕੁਤਬਦੀਨ ਪਾਸ ਗਏ ਅਤੇ ਗਲ ਸੁਣਾਈ ਤਾਂ ਉਸਨੇ ਪੈਂਦੇਖਾਂ ਨੂੰ ਬਹੁਤ ਬੁਰਾ ਭਲਾ ਕਹਕਰ ਲਾਣ ਤਾਣ ਕੀਤੀ ਤੇ ਆਖਿਆ ਤੈਨੂੰ ਉਨ੍ਹਾਂ ਨੇ ਪੁੱਤ੍ਰਾਂ ਵਾਂਗੂ ਪਾਲ ਕੇ ਰਾਈ ਤੋਂ ਸੁਮੇਰ, ਰੰਕ ਤੋਂ ਰਾਵ ਕਰ ਦਿਖਾਯਾ ਹੈ ਹੁਣ ਤੂੰ ਉਨ੍ਹਾਂ ਨਾਲ ਹੀ ਬਦੀ ਤੇ ਨਿਮਕ ਹਰਾਮੀ ਕਰਕੇ ਦੋਜ਼ਖ ਪਯਾ ਚਾਹੁੰਦਾ ਹੈਂ। ਫੇਰ ਪੈਂਦੇਖਾਂ ਨੇ ਉਥੇ ਆਪਣੀ ਦਾਲ ਗਲਦੀ ਨਾ ਦੇਖਕੇ ਲਾਹੌਰ ਜਾ ਪੁਕਾਰ ਜਾ ਕੀਤੀ। ਇਕ ਤਾਂ ਬਾਦਸ਼ਾਹ ਦਾ ਮੁਕਾਬਲਾ ਕਰਨੇ ਕਰ ਗੁਰੂ ਜੀ ਨੂੰ ਬਾਗੀ ਸਮਝਦੇ ਸੇ ਤੇ ਦੂਸਰੇ ਪੈਂਦੇਖਾਂ ਨੇ ਗੁਰੂ ਪਾਸ ਦੌਲਤ, ਜਵਾਹਰਾਤ ਬੇਸ਼ੁਮਾਰ ਬਤਾਈ ਉਸਦੇ ਲੈਣ ਦਾ ਲਾਲਚ, ਤੀਸਰੇ ਗੁਰੂ ਘਰ ਦੇ ਭੇਤੀ ਆਪਣੇ ਨਾਲ ਹੋਏ ਸਮਝਕੇ ਲਾਹੌਰ ਦੇ ਸੂਬੇ ਨੇ ਮਲਕ ਅਨਵਰ ਖਾਂ ਰਸੂਲ ਨਗਰੀਏ ਨੂੰ ਚਾਰ ਹਜ਼ਾਰ ਅਸਵਾਰ ਦੇਕੇ ਕਾਲੇਖਾਂ ਪਸ਼ੌਰੀ ਨਾਲ ਤੋਰਿਆ ਤੇ ਕੁਤਬਦੀਨ ਜਾਲੰਧਰੀ ਨੂੰ ਭੀ ਨਾਲ ਮਿਲਾ ਲੀਤਾ ਸਾਰਾ ਸੱਤਕ ਹਜ਼ਾਰ ਮੁਹੰਮਦੀ ਨਕਾਰੇ ਬਜਾਕੇ ਚੜ੍ਹ ਆਯਾ। ਏਧਰ ਗੁਰੂ ਸਾਹਿਬ ਪਾਸ ਭੀ ਤਿੰਨ ਹਜ਼ਾਰ ਦੀ ਭੀੜ ਭਾੜ ਸੀ। ਸੋ ਵੈਸਾਖ ਸੰ: ੧੬੮੩ ਬਿ: ਨੂੰ ਪੈਂਦੇਖਾਂ ਦੀ ਬਦੌਲਤ ਗੁਰੂ ਨੂੰ ਫੇਰ ਸ਼ਾਹੀ ਦਲ ਨਾਲ ਭਟਭੇੜ ਕਰਨਾ ਪਿਆ। ਭਾਈ ਬਿਧੀਚੰਦ, ਜਾਤੀ ਪਰੋਹਿਤ, ਨਾਨੂੰ ਮੱਲ ਖੱਤ੍ਰੀ, ਜੀਵਣ, ਰੈਪਾਲ, ਸੂਰਾ ਬੈਰਾੜ, ਸਿਆ ਲੋਹਾਰ ਆਦਿਕ ਬਾਬੇ ਗੁਰਦਿੱਤੇ ਦੇ ਤਾਬੇ ਕਰਕੇ ਜੰਗ ਨੂੰ ਤੱਯਾਰ ਕੀਤੇ। ਦੋਹਾਂ ਤਰਫਾਂ ਤੋਂ ਸੂਰਮੇ ਜੰਗ ਦੇ ਮੈਦਾਨ ਵਿਚ ਨਿਕਲਕੇ ਆਪੋ ਆਪਣਾ ਜ਼ੋਰ ਦਿਖਾਉਣ ਲੱਗੇ, ਤਿੰਨ ਦਿਨ ਤਕ ਖੂਬ ਲੜਾਈ ਹੁੰਦੀ ਰਹੀ, ਕਿਸੇ ਤਰਫੋਂ ਪੈਰ ਨਾਂ ਹੱਲਿਆ, ਲਹੂ ਦੇ ਦਰੀਯਾ ਵਗ ਤੁਰੇ। ਜ਼ਿਮੀਂ ਨੇ ਸੂਹੀ ਪੋਸ਼ਾਕ ਪਾਹਿਨੀ, ਮਾਸਾਹਾਰੀ ਰੱਜ ਮੁੜੇ। ਆਖਰਕਾਰ ਤੀਸਰੇ ਦਿਨ ਬਾਦਸ਼ਾਹੀ ਫੌਜ ਦੇ ਪੈਰ ਹਿੱਲ ਗਏ ਤੇ ਕਾਲੇਖਾਂ ਪਸ਼ੌਰੀ ਜੰਗ ਦਲੇਰ, ਤੇ ਕੁਤਬਦੀਨ ਆਦਿਕ ਬਹੁਤ ਸਰਦਾਰ ਮਾਰੇ ਗਏ ਤੇ ਪੈਂਦੇਖਾਂ ਭੀ ਜੋ ਆਪਨੂੰ ਬੜਾ ਬਹਾਦਰ ਤੇ ਜ਼ੋਰਾਵਰ ਸਮਝਦਾ ਸੀ ਜਦ ਖਾਸ ਗੁਰੂ ਜੀ ਦੀ ਤਲਵਾਰ ਨਾਲ ਦੋ ਟੁਕੜੇ ਹੋ ਗਿਆ ਤਾਂ ਸਬ ਫੌਜ ਤਿੱਤ੍ਰ ਬਿੱਤ੍ਰ ਹੋ ਗਈ। ਤੇ ਫਤੇ ਗੁਰੂ ਜੀ ਦੇ ਹੱਥ ਆਈ।

ਫਤੇ ਪਾਵਣ ਪਿਛੋਂ ਗੁਰੂ ਜੀ ਨੇ ਸਭ ਅਸਬਾਬ ਲਦਵਾ ਕਰ ਕੀਰਤਪੁਰ ਵੱਲ ਕੂਚ ਕਰ ਦਿੱਤਾ। ਬਾਦਸ਼ਾਹੀ ਫੌਜ ਜੋ ਰਹੀ ਏਧਰ ਉਧਰ ਭੁੱਜਕੇ ਪਿੰਡਾਂ ਵਿਚ ਜਾ ਵੜੀ ਸੀ ਉ

Digitized by Panjab Digital Library | www.panjabdigilib.org

ਫੇਰ ਤੀਜੇ ਦਿਨ ਖਾਲੀ ਮੈਦਾਨ ਦੇਖਕੇ ਪੈਂਦੇ ਖਾਂ ਦੇ ਜਵਾਈ ਤੇ ਹੋਰ ਪਿੰਡਾਂ ਦੇ ਬਹੁਤ ਮੁਸਲ
ਮਾਨਾਂ ਤੇ ਫੌਜੀ ਸਰਦਾਰਾਂ ਨੂੰ ਨਾਲ ਲੈ ਆਈ ਤੇ ਕਰਤਾਰਪੁਰ ਵਿਚ ਲੁੱਟਮਾਰ ਮਚਾ ਦਿੱਤੀ
ਅਤੇ ਉਸਮਾਨ ਖਾਂ ਫੌਜ ਨੂੰ ਤਾਨੇ ਮਾਰ, ਜੋਸ਼ ਦਿਵਾਕੇ ਗੁਰੂ ਦੇ ਪਿੱਛੇ ਲੈ ਤੁਰਿਆ ਅਤੇ ਜੇ
ਠ ਸੰਮਤ ੧੬੯੩ ਬਿ: ਵਿਚ ਫਗਵਾੜੇ ਦੇ ਪਾਸ ਗੁਰੂ ਜੀ ਦੇ ਡੇਰੇ ਪਰ, ਸੰਝ ਦੇ ਵਕਤ ਅਚਾਨ
ਕ ਜਾ ਪਿਆ। ਗੁਰੂ ਸਾਹਿਬ ਦੇ ਬਹਾਦਰਾਂ ਨੇ ਭੀ ਹਥਿਆਰ ਪਕੜ ਲਏ ਤੇ ਦੋਹਾਂ ਤਰਫਾਂ ਤੋਂ
ਖਟ ਖਟ ਤਲਵਾਰ ਚੱਲਨ ਲੱਗੀ, ਸੈਹਥੀ, ਕਟਾਰ, ਗੁਰਜ ਚਲਾਕੇ ਆਪਣਾ ੨ ਹੁਨਰ
ਦਿਖਾਵਣ ਲੱਗੇ ਮਾਰ ਮਾਰ ਦੀ ਪੁਕਾਰ ਪੈ ਗਈ ਬਹੁਤ ਭਾਰੀ ਲੜਾਈ ਹੋਈ।
ਓੜਕ ਨੂੰ ਅਸਮਾਨ ਖਾਂ ਜੇਹੇ ਕਈ ਸਰਦਾਰ ਗੁਰੂ ਸਾਹਿਬ ਜੀ ਦੇ ਪਵਿਤ੍ਰ ਹੱਥਾਂ ਤੋਂ ਤਲਵਾ
ਰ ਦੇ ਘਾਟ ਉਤਰ ਗਏ। ਇਸ ਵਕਤ ਇਕ ਤਾਂ ਅੰਧੇਰਾ ਹੀ ਸੀ ਤੇ ਦੂਸਰੇ ਅੰਧੇਰੀ ਦਾ ਜ਼ੋਰ ਸੀ
ਏਸ ਕਰਕੇ ਆਪਣਾ, ਪਰਾਯਾ, ਰਾਹ ਖੇੜਾ ਕੁੱਛ ਨਾ ਸੁਝਿਆ, ਸ਼ਾਹੀ ਸਿਪਾਹ ਤਾਂ ਮਾਰੀ ਬਿ
ਪਤਾ ਦੀ ਜਿਧਰ ਮੂੰਹ ਹੋਯਾ ਉਸੇ ਰਾਹ ਪੈ ਗਈ ਤੇ ਦੂਸਰੇ ਦਿਨ ਗੁਰੂ ਜੀ ਓਥੋਂ ਤੁਰਕੇ ਹਕੀ
ਮਪੁਰ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਸਤਲੁਜੋਂ ਪਾਰ ਕੀਰਤਪੁਰ ਜਾ ਬਿਰਾਜੇ। ਭਾ
ਵੇਂ ਏਨ੍ਹਾਂ ਲੜਾਈਆਂ ਵਿਚ ਗੁਰੂ ਸਾਹਿਬ ਦੇ ਜਾਨ ਮਾਲ ਦਾ ਨੁਕਸਾਨ ਬਹੁਤ ਹੋਯਾ ਪਰੰਤੂ
ਫਤੇ ਦਾ ਡੰਕਾ ਗੁਰੂ ਜੀ ਦੇ ਨਾਮ ਪਰ ਹੀ ਹੁੰਦਾ ਰਿਹਾ। ਏਸੇ ਕਰਕੇ ਫੇਰ ਸਬ ਦਬ ਗਏ ਤੇ
ਕਿਸੇ ਨੇ ਸਿਰ ਨਾ ਉਕਾਸਿਆ।

ਕੀਰਤਪੁਰ ਵਿਚ ਰਾਜਾ ਤਾਰਾ ਚੰਦ ਨੇ ਗੁਰੂ ਜੀ ਦੇ ਦਰਸ਼ਨ ਕਰ ਬਹੁਤ ਭੇਟਾ ਦਿੱਤੀ ਤੇ ਜਦ
ਤਕ ਗੁਰੂ ਜੀ ਏਥੇ ਰਹੇ ਰਾਜਾ ਬਹੁਤ ਸੇਵਾ ਕਰਦਾ ਰਿਹਾ। ਫੇਰ ਕੱਤਕ ਦੇ ਮਹੀਨੇ ਸੰਮਤ
੧੬੯੩ ਬਿ: ਨੂੰ ਗੁਰੂ ਸਾਹਿਬ ਅਲਮਸਤ ਉਦਾਸੀ ਫਕੀਰ ਦੇ ਆਖਣ ਕਰਕੇ ਪੂਰਬ ਦੀ
ਤਰਫ ਨੂੰ ਸੈਰ ਕਰਨ ਵਾਸਤੇ ਰਵਾਨਾ ਹੋਏ ਤੇ ਹਰਿਦ੍ਵਾਰ ਗੰਗਾ ਇਸ਼ਨਾਨ ਕਰਕੇ ਬ੍ਰਾਹਮਣਾਂ ਨੂੰ
ਬਹੁਤ ਦਾਨ ਦਿੱਤਾ ਤੇ ਫੇਰ ਅਲਮਸਤ ਫਕੀਰ ਦੀ ਮਦਦ ਵਾਸਤੇ (ਜਿਸਨੂੰ ਕਨਪਾਟਿਆਂ ਜੋਗੀ
ਆਂ ਨੇ ਨਾਨਕਮਤੇ ਵਿਚੋਂ ਨਿਕਾਲ ਦਿੱਤਾ ਸੀ) ਇਲਾਕਾ ਪੀਲੀਭੀਤ ਜ਼ਿਲਾ ਨੈਨੀਤਾਲ
ਦੀ ਤਰਫ ਰਵਾਨਾ ਹੋਏ ਅਤੇ ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੌਸੀ, ਬਰੇਲੀ
ਪੀਲੀਭੀਤ ਆਦਿਕ ਨਗਰਾਂ ਦਾ ਸੈਰ ਕਰਦੇ ਹੋਏ ਜਦ ਨਾਨਕਮਤੇ ਪਹੁੰਚੇ ਤਾਂ ਕਨਪਾਟੇ
ਜੋਗੀਆਂ ਨੂੰ ਆਪਣੇ ਪ੍ਰਤਾਪ ਨਾਲ ਝਟਪਟ ਹੀ ਓਥੋਂ ਨਿਕਾਲ ਦਿਤਾ ਤੇ ਅਲਮਸਤ ਫਕੀ
ਰ ਦਾ ਕਬਜ਼ਾ ਕਰਾ ਦਿੱਤਾ। ਏਥੇ ਇਕ ਪਿੱਪਲ ਦਾ ਦਰਖਤ ਸੀ ਜਿਸਨੂੰ ਕਨਪਾਟਿਆਂ

Digitized by Panjab Digital Library | www.panjabdigilib.org

ਜੋਗੀਆਂਨੇ ਗੁਰੂਨਾਨਕ ਸਾਹਿਬ ਦਾ ਨਿਸ਼ਾਨ ਸਮਝਕੇ ਬਿਲਕੁਲ ਜੜ੍ਹ ਤੋਂ ਉਖਾੜਦਿ
ਤਾ ਸੀ ਗੁਰੂ ਸਾਹਿਬ ਨੇ ਉਸ ਪਰ ਚੰਦਨ ਦਾ ਛਿੱਟਾ ਦੇਕੇ ਫੇਰ ਨਵੇਂ ਸਿਰੇ ਸਬਜ਼ ਕੀਤਾ ਹੁਣ
ਤਕ ਜੋ ਇਸ ਪਿੱਪਲ ਦੇ ਪੱਤੇ ਨਿਕਲਦੇ ਹਨ ਸਭਨਾਂ ਪਰ ਚੰਦਨ ਦੇ ਛਿੱਟਿਆਂ ਦਾ ਨਿਸ਼ਾਨ
ਹੁੰਦਾ ਹੈ ਸਿੱਖ ਲੋਗ ਇਨਾਂਨੂੰ ਬਹੁਤ ਪਵਿਤ੍ਰ ਸਮਝਦੇ ਹਨ ਤੇ ਅਦਬ ਕਰਦੇ ਹਨ।
ਫੇਰ ਇਥੋਂ ਅਲੀਗੜ੍ਹ, ਬੁਲੰਦਸ਼ਹਰ, ਦਿਹਲੀ, ਕਰਨਾਲ ਆਦਿਕ ਮਕਾਨਾਂ ਦੀ ਸੈਲ
ਕਰਦੇ ਹੋਏ ਮੁੜ ਕੀਰਤਪੁਰ ਆ ਠਹਿਰੇ। ਸੰ: ੧੬੮੫ ਬਿ: ਨੂੰ ਬਾਬੇ ਗੁਰਦਿੱਤੇ ਜੀ ਦਾ
ਚਲਾਣਾ ਹੋਯਾ ਤਾਂ ਉਸਦੇ ਨਮਿਤ ਪਾਠ ਕਰਾਉਣ ਵਾਸਤੇ ਗੁਰੂ ਗ੍ਰੰਥ ਸਾਹਿਬ ਜੋ ਕਰਤਾਰ
ਪੁਰ ਧੀਰਮੱਲ ਪਾਸ ਰੱਖਿਆ ਹੋਯਾ ਸੀ ਮੰਗਾ ਭੇਜਿਆ ਤਾਂ ਉਸਨੇ ਨਾ ਦਿੱਤਾ। ਗੁਰੂ ਸਾਹਿਬ
ਕੁਛ ਤਾਂ ਉਨਾ ਚਿੱਠੀਆਂ ਤੋਂ ਨਰਾਜ਼ ਸੇ ਜੋ ਧੀਰਮੱਲ ਨੇ ਜਲੰਧਰ ਦੇ ਸੂਬੇ ਨੂੰ ਗੁਰੂ ਦੇ ਬਰਖ
ਲਾਫ ਭੇਜੀਆਂ ਸਨ ਤੇ ਦੂਸਰੇ ਪਾਠ ਵਾਸਤੇ ਗ੍ਰੰਥ ਸਾਹਿਬ ਨਾ ਦੇਣੇ ਕਰ ਗੁਰੂ ਸਾਹਿਬ ਬਹੁ
ਤ ਨਾਰਾਜ਼ ਹੋਗਏ ਤੇ ਹੁਕਮ ਦਿੱਤਾ ਕਿ ਜੋ ਸਿੱਖ ਧੀਰਮੱਲ ਨੂੰ ਮੰਨੇ ਪੂਜੇਗਾ ਉਹ ਸਿਖੀ ਤੋਂ
ਖਾਰਜ ਸਮਝਿਆ ਜਾਵੇਗਾ। ਇਸੇ ਕਰਕੇ ਹੁਣ ਤਕ ਸਿਦਕੀ ਸਿੱਖ ਧੀਰਮੱਲ ਦੀ ਔਲਾਦ
ਨੂੰ ਨਹੀਂ ਪੂਜਦੇ ਮੰਨਦੇ।
ਸੰ: ੧੬੮੯ ਬਿ: ੨੨ ਫੱਗਣ ਨੂੰ ਰਾਜਾ ਤਾਰਾਚੰਦ ਹੰਡੂਰੀਏ ਦੀ ਰੋਪੜ ਵਾਲੇ ਨਵਾਬ ਨਾਲ
ਹੱਦ ਦੇ ਦਬਾ ਲੈਣੇ ਕਰਕੇ ਲੜਾਈ ਹੋ ਪਈ। ਗੁਰੂ ਜੀ ਭੀ ਜਦ ਰਾਜੇ ਦੀ ਮਦਦ ਵਾਸਤੇ ਦੋ ਹ
ਜ਼ਾਰ ਅਸਵਾਰ ਲੈਕੇ ਨਗਾਰੇ ਨੂੰ ਦੁਹਿਰੀ ਚੋਬ ਦਿੰਦੇ ਹੋਏ ਜੁਝਾਊ ਮਾਰੂ ਬਾਜਾ ਬਜਵਾਕੇ
ਜੰਗ ਵਿਚ ਜਾ ਵੜੇ ਤਾਂ ਪਠਾਣਾਂ ਨੇ ਭੀ ਬੜੇ ਜ਼ੋਰ ਸ਼ੋਰ ਨਾਲ ਤੀਰ ਗੋਲੀ ਦੀ ਬਰਖਾ ਕੀ
ਤੀ ਪਰ ਗੁਰੂ ਦੇ ਬਾਣਾਂ ਦੀ ਅੰਧੇਰੀ ਨੇ ਮੁਹਿੰਮਦੀ ਸੇਧ ਕਿਤੇ ਦੇ ਕਿਤੇ ਉਡਾ ਛੱਡੇ। ਰਾਜੇ ਨੂੰ
ਫਤੇ ਦਿਵਾਕੇ ਗੁਰੂ ਸਾਹਿਬ ਹਜ਼ਾਰਕ ਅਸਵਾਰ ਨਾਲ ਲੈਕੇ ਕੁਰੁਖੇਤ੍ਰ ਦੇ ਗ੍ਰਹਣ ਨੂੰ ਚੇਤ੍ਰ
ਮਹੀਨੇ ਚੱਲੇ ਤਾਂ ਰੋਪੜੀਏ, ਸਿਘੌਲੀਏ, ਬਹਿਲੋਲਪੁਰੀਏ, ਕਿਰੀਵਾਲੇ ਪਠਾਣਾਂ ਨੇ ਬਾਂ
ਮਣਮਾਜਰੇ ਪਾਸ ਗੁਰੂ ਸਾਹਿਬ ਨੂੰ ਆ ਘੇਰਿਆ, ਤੀਰ ਤੁੱਪਕ ਦੀ ਲੜਾਈ ਹੋਣ ਲੱਗੀ।
ਜੱਦਪਿ ਸਿੱਖਾਂ ਨੇ ਪਠਾਣ ਭੀ ਬਹੁਤ ਮਾਰੇ ਪਰ ਬਹੁਤਿਆਂ ਅੱਗੇ ਥੋੜਿਆਂ ਦੀ ਕੁਛ ਪੇਸ਼ ਨਾਂ
ਗਈ ਤੇ ਤਿੰਨ ਸੌ ਸਿੱਖ ਨੂੰ ਮਰਨਾ ਹੀ ਪਿਆ, ਬਾਕੀ ਭੱਜਕੇ ਪਿੰਡਾਂ ਵਿਚ ਜਾ ਵੜੇ। ਗੁਰੂ ਜੀ
ਨੇ ਇਕ ਬ੍ਰਾਹਮਣ ਦੇ ਚੁਬਾਰੇ ਵਿਚ ਬੈਠਕੇ ਐਸੇ ਬਾਣ ਮਾਰੇ ਕੇ ਕਿਸੇ ਮੁਹੰਮਦੀ ਨੂੰ ਪਿੰਡ ਦੇ ਅੰ
ਦਰ ਨਾਂ ਆਵਣ ਦਿੱਤਾ, ਲੋਥਾਂ ਦੇ ਢੇਰ ਲਗ ਗਏ, ਛੇ ਪਹਿਰ ਤਕ ਲੜਦੇ ਰਹੇ। ਇਤਨੇ ਵਿਚ

Digitized by Panjab Digital Library | www.panjabdigilib.org

ਫਿਰ ਕੀਰਤਪੁਰੋਂ ਬਹੁਤ ਸਿੱਖਾਂ ਨੂੰ ਲੈਕੇ ਬਿਧੀਚੰਦ ਬੇਖਬਰ ਤੁਰਕਾਂ ਉਤੇ ਬਿਜੁਲੀ ਵਾਂਗੂ ਆ ੦
ਪਿਆ, ਤਦ ਸਬ ਤੁਰਕ ਤਿੱਤ੍ਰ ਬਿੱਤ੍ਰ ਹੋ ਗਏ ਤੇ ਸਿੱਖ ਹਟਕੇ ਕੀਰਤਪੁਰ ਆ ਗਏ। ਗੁਰੂ ਸਾਹਿ
ਬ ਕੁਰੁਖੇਤ੍ਰ ਤੋਂ ਹੋਕੇ ਫੇਰ ਕੀਰਤਪੁਰ ਆ ਗਏ। — ਸੰ: ੧੬੯੯ ਬਿ: ੨ ਭਾਦੋਂ ਨੂੰ ਭਾਈ
ਬਿਧੀਚੰਦ ਜੋ ਗੁਰੂ ਜੀ ਦਾ ਪਰਮ ਸੇਵਕ ਸੀ ਸੱਚਖੰਡ ਨੂੰ ਗਿਆ। ਫੇਰ ਏਸਦੇ ਬੇਟੇ ਲਾਲਚੰ
ਦ ਨੂੰ ਗੁਰੂ ਜੀ ਨੇ ਬਡੇ ਆਦਰ ਨਾਲ ਆਪਣੇ ਪਾਸ ਰੱਖ ਲਿਆ। ਏਸੇ ਸਮੇ ਭਾਈ ਬਾਦਕ ਰਬਾ
ਬੀ ਗੁਰੂ ਜੀ ਦੀ ਸਭਾ ਦਾ ਸਿੰਗਾਰ, ਕੀਰਤਨ ਦਾ ਧਨੀ ਭੀ ਪਲੋਕ ਗਿਆ ਤੇ ਉਸਦੇ ਬੇਟੇ ਭਾ
ਈ ਅਮੀਰੇ ਨੂੰ ਉਸਦੀ ਜਗਾ ਦਸਤਾਰ ਬਖਸ਼ੀ। ਸੰ: ੧੭੦੦ ਵਿਚ ਭਾਈ ਬਾਹਿਲੋ ਤੇ ਭਾ
ਈ ਸਾਲੋ, ਭਾਈ ਭੂੰਦਨ, ਭਾਈ ਜੇਠਾ, ਭਾਈ ਤਖਤੂ, ਪਿਰਾਣਾ ਆਦਿਕ ਨਾਮੀ ਗੁਰੂ ਕੇ ਸਿੱਖ
ਬੈਕੁੰਠ ਨੂੰ ਜਾ ਬਸੇ। ਫੇਰ ਗੁਰੂ ਹਰਿਗੋਬਿੰਦ ਸਾਹਿਬ ਨੇ ਭੀ ਆਪਣਾ ਸਮਾ ਨਜ਼ਦੀਕ ਪਛਾ
ਣਕੇ ਆਪਣੇ ਪੋਤ੍ਰੇ ਹਰਿਰਾਇ ਜੀ ਨੂੰ ਸਬ ਤਰਾਂ ਲਾਇਕ ਸਮਝਕਰ, ਗੱਦੀ ਬੈਠਾ ਕੇ, ਬਾ
ਬੇ ਬੁੱਢੇ ਜੀ ਦੇ ਪੋਤ੍ਰੇ ਭਾਈ ਭਾਨੇ ਦੇ ਹੱਥੋਂ ਤਿਲਕ ਕਰਵਾਯਾ ਤੇ ਆਪ ਪੈਸੇ ਪੰਜ, ਇਕ ਨਾਲੀ
ਏਰ ਅੱਗੇ ਰੱਖਕੇ ਮੱਥਾ ਟੇਕ ਦਿੱਤਾ। ਤੇ ਏਸ ਤੋਂ ਛੇ ਮਹੀਨੇ ਪਿੱਛੋਂ ਆਪ ਦੇਹ ਤਿਆਗ ਗਏ।

ਜਿਸ ਤਰਾਂ ਅਜੁੱਧਿਆ ਬਾਸੀਆਂ ਦਾ ਹਾਲ ਰਾਮਚੰਦ੍ਰ ਜੀ ਦੇ ਬਨਬਾਸ ਜਾਣ ਪਰ ਹੋਯਾ ਸੀ
ਤੈਸੇ ਹੀ ਏਸ ਗੁਰੂ ਦੇ ਜਗਤ ਛੱਡਣੇ ਪਰ ਲੋਗਾਂ ਨੂੰ ਅਚਾਨਕ ਸੋਕ ਨੇ ਆ ਘੇਰਿਆ, ਆਕਾ
ਸ਼ ਲਾਲੀ ਤੇ ਧਰਤੀ ਪਰ ਜ਼ਰਦੀ ਛਾ ਗਈ, ਜੰਗ ਦਾ ਉਮਾਹਾ ਜਾਂਦਾ ਰਿਹਾ, ਬਹਾਦਰਾਂ ਦੇ
ਹੌਸਲੇ ਢਹਿ ਗਏ, ਤਮਾਮ ਮਰਦ ਔਰਤ ਬੇਹੋਸ਼ ਹੋ ਗਏ, ਐਸਾ ਕੋਈ ਨਹੀਂ ਸੀ ਜੋ ਫੁੱਟ ਫੁ
ਟਕੇ ਨਹੀਂ ਰੋਯਾ, ਸਬ ਛੋਟੇ ਬਡੇ ਗ਼ਮ ਦੇ ਦਰੀਯਾ ਵਿਚ ਗੋਤੇ ਖਾ ਗਏ।

ਦਬਿਸਤਾਨ ਮਜ਼ਾਹਿਬ ਦਾ ਕਰਤਾ ਇਕ ਮੁਸਲਮਾਨ ਲਿਖਦਾ ਹੈ ਕਿ ਮੈਂ ਗੁਰੂ ਹਰਿਗੋਬਿੰ
ਦ ਜੀ ਦਾ ਹਾਲ ਜੋ ਬੀਸ ਬਰਸ ਤੋਂ ਦੇਖ ਰਿਹਾ ਹਾਂ ਆਪਣੀ ਅੱਖੀ ਦੇਖਯਾ ਹੈ ਕਿ ਜਦ ਏਸ
ਗੁਰੂ ਦੀ ਚਿਖਾ ਨੂੰ ਅੱਗ ਚਮਕੀ ਤਾਂ ਰਾਜਾ ਰਾਮ ਪ੍ਰਤਾਪ ਸਿੰਘ ਰਾਜਪੂਤ ਜੈਸਲਮੇਰ ਦੇ
ਨਿਵਾਸੀ ਨੇ ਦੌੜਕੇ ਚਿਖਾ ਵਿਚ ਗੁਰੂ ਦੇ ਕਦਮਾਂ ਪਰ ਸਿਰ ਜਾ ਰੱਖਿਆ ਤੇ ਫੇਰ ਨਾ ਉਠਾਯਾ,
ਉਸੇ ਵਕ੍ਤ ਉਸਦਾ ਬੇਟਾ ਰਾਮ ਸਿੰਘ ਭੀ ਛਾਲ ਮਾਰਕੇ ਜਲ ਮਰਿਆ ਤੇ ਹੋਰ ਭੀ ਕਈਆਂ ਨੇ
ਛਾਲਾਂ ਮਾਰੀਆਂ। ਜੱਦਪਿ ਗੁਰੂ ਹਰਿਰਾਇ ਜੀ ਨੇ ਬਹੁਤ ਦਿਲਾਸਾ ਤੇ ਧੀਰਜ ਦੇਕੇ ਅ ੦
ਪਣੀ ਜਾਨ ਨਾਲ ਰੱਖਣ ਦਾ ਫਾਇਦਾ ਭੀ ਕੀਤਾ ਪਰੰਤੂ ਗੁਰੂ ਸਾਹਿਬ ਦੇ ਪਿਛੋਂ ਜੀਉਣਾ ਬੁਰਾ
ਸਮਝਕੇ ਕਈਆਂ ਨੇ ਕਟਾਰਾਂ ਨਾਲ ਆਪਣੇ ਪੇਟ ਪਾੜ ਲਏ ਤੇ ਕਈ ਗ਼ਮ ਨਾਲ ਹੀ ਮਰ

Digitized by Panjab Digital Library | www.panjabdigilib.org

ਗਏ। ਕਿਉਂਕੇ ਜੇਹੜੇ ਜਹਾਂਗੀਰ[1] ਆਦਿਕ ਬਾਦਸ਼ਾਹਾਂ ਦੇ ਜ਼ੁਲਮਾਂ ਤੋਂ ਡਰਦੇ ਨੱਠਕੇ ਗੁਰੂ ਦੀ ਸ਼ਰਣ ਵਿਚ ਆ ਗਏ ਸੇ ਉਨ੍ਹਾਂ ਨੇ ਆਪਣਾ ਰਾਖਾ ਹੋਰ ਕਿਸੇ ਨੂੰ ਨਾਂ ਦੇਖਕੇ ਮਰਣਾ ਹੀ ਅੱਛਾ ਸਮਝਿਆ। ਜੇਹੜੇ ਗੁਰੂ ਹਰਿਰਾਇ ਜੀ ਨੇ ਨ ਮਰਣ ਦਿੱਤੇ ਉਨ੍ਹਾਂ ਦੀ ਪਾਲਣਾ ਭੀ ਬਹੁਤ ਕਰਦੇ ਰਹੇ।

ਗੁਰੂ ਸਾਹਿਬ ਉਦਾਰ ਭੀ ਐਸੇ ਸੇ ਕਿ ਜਦ ਡਰੌਲੀ ਠਹਿਰੇ ਹੋਏ ਸੇ ਤਦ ਇਕ ਦਿਨ ਸ਼ਿਕਾਰ ਖੇਡਕੇ ਆਉਂਦਿਆਂ ਨੂੰ ਜ਼ੀਰੇ ਪਿੰਡ ਪਾਸ ਮਲੰਗ, ਮਦਾਰੀ ਫਕੀਰਾਂ ਮਰਾਸੀਆਂ ਨੇ ਜੋ ਕਿਸੇ ਦੀ ਜੰਞ ਮੰਗਣ ਵਾਸ੍ਤੇ ਕੱਠੇ ਹੋਏ ਸੀ ਘੇਰਕੇ ਗੁਰੂ ਜੀ ਤੋਂ ਕੁਛ ਮੰਗਿਆ ਤਾਂ ਏਨਾਂ ਨੇ ਕੰਗਣ ਸੋਨੇ ਦੇ ਤੇ ਹੋਰ ਛੱਲੇ ਛਾਪਾਂ ਜੋ ਪਹਿਨੇ ਹੋਏ ਸੇ ਸਭ ਬਖ਼ਸ਼ ਦਿੱਤੇ। ਇਕ ਨੇ ਘੋੜਾ ਮੰਗਿਆ ਤਾਂ ਘੋੜਾ ਭੀ ਦੇ ਦਿੱਤਾ ਤੇ ਆਪ ਦੂਸਰੇ ਸਿੱਖ ਦੇ ਘੋੜੇ ਪਰ ਸਵਾਰ ਹੋ ਗਏ।

ਸੁਲਹਕੁੱਲ ਐਸੇ ਸੇ ਕਿ ਹਰਿਗੋਬਿੰਦਪੁਰ ਤੇ ਅੰਮ੍ਰਿਤਸਰ ਵਿਚ ਮੁਸਲਮਾਨਾਂ ਵਾਸ੍ਤੇ ਮਸੀਤਾਂ ਤੇ ਦਾਇਰੇ ਬਣਵਾਕੇ ਲੰਗਰੋਂ ਰੋਟੀ ਮਿਲਣ ਦਾ ਹੁਕਮ ਦੇ ਰੱਖਿਆ ਸੀ।।

---

1 ਜਹਾਂਗੀਰ ਦਾ ਪਹਿਲੇ ਨਾਮ ਸਲੇਮ ਸੀ ਤਖ਼ਤ ਪਰ ਬੈਠਕੇ ਜਹਾਂਗੀਰ ਹੋਯਾ। ਏਹ ਸੰ:੧੬੨੮ ਬਿ: ਵਿਚ ਅਕਬਰ ਦੇ ਘਰ ਰਾਜਾ ਜੈਪੁਰ ਦੀ ਬੇਟੀ ਤੋਂ ਪੈਦਾ ਹੋਯਾ ਸੀ। ਤੇ ੩੩ ਬਰਸ ਦੀ ਉਮਰ ਵਿਚ ਸੰ:੧੬੬੨ ਬਿ: ਨੂੰ ਤਖ਼ਤ ਪਰ ਬੈਠਾ। ਏਸ ਨੇ ਰੱਯਤ ਨੂੰ ਬਹੁਤ ਆਰਾਮ ਦਿੱਤਾ ਤੇ ਮੁਹਿੰਮਾ ਆਦਿਕ ਪਰ ਭੀ ਰੱਯਤ ਨੂੰ ਬਿਗਾਰੀ ਨਹੀਂ ਪਕੜਿਆ ਸਿਰਫ਼ ਪੈਦਾਵਾਰ ਵਿਚੋਂ ਤੀਸਰਾ ਹਿੱਸਾ ਲੈਂਦਾ ਰਿਹਾ। ਏਸ ਦਾ ਬੇਟਾ ਅਮੀਰ ਖ਼ੁਸਰੋ ਜਦ ਲੜਾਈ ਕਰਕੇ ਕਾਬੁਲ ਨੂੰ ਨੱਸਿਆ ਤਾਂ ਜੇਹਲਮ ਤੋਂ ਪਕੜਿਆ ਗਿਆ ਤੇ ਉਸ ਦੇ ਸਾਥੀਆਂ ਦੀ ਖੱਲ ਲਹਾਕੇ ਜੀਂਵਦੇ ਹੀ ਲਾਹੌਰ ਦੇ ਦਰਵਾਜ਼ਿਆਂ ਅੱਗੇ ਅੱਧੇ ੨ ਜ਼ਿਮੀਨ ਵਿਚ ਗਡਵਾਕੇ ਮਰਵਾ ਦਿੱਤੇ। ਤੇ ਖ਼ੁਸਰੋ ਨੂੰ ਸਾਰੇ ਸ਼ਹਰ ਫਿਰਾਕੇ ਕਤਲ ਕਰਵਾ ਦਿੱਤਾ। ਸੰ:੧੬੬੮ ਬਿ: ਨੂੰ ਜਹਾਂਗੀਰ ਨੇ ਨੂਰਜਹਾਂ ਨਾਲ ਨਕਾਹ ਕੀਤਾ। ਨੂਰਜਹਾਂ ਦਾ ਹਾਲ ਇਉਂ ਹੈ ਕਿ ਇਸ ਦਾ ਬਾਪ ਮਿਰਜ਼ਾ ਗ਼ਿਆਸ ਬੇਗ ਈਰਾਨ ਤੋਂ ਮੰਗਦਾ ਖਾਂਦਾ ਹਿੰਦ ਨੂੰ ਆਯਾ ਤੇ ਜਿਥੇ ਹੁਣ ਨੂਰਮਹਲ ਹੈ ਏਥੇ ਏਹ ਪੈਦਾ ਹੋਈ ਸੀ। ਏਸ ਦੇ ਮਾਂ ਬਾਪ ਨੇ ਪਾਲਣ ਦੀ ਤਾਕਤ ਨਾ ਰਖਕੇ ਨੂਰਜਹਾਂ ਨੂੰ ਉਥੇ ਹੀ ਰਸ੍ਤੇ ਵਿਚ ਸਿੱਟ ਦਿਤਾ ਤੇ ਆਪ ਕਿਤੇ ਤੁਰ ਗਏ। ਪਿਛੇ ਸੌਦਾਗਰ ਅਲਫ ਬੇਗ ਦਾ ਕਾਫ਼ਲਾ ਆਉਂਦਾ ਸੀ ਉਨਾਂ ਨੇ ਦਯਾ ਕਰਕੇ ਨੂਰਜਹਾਂ ਨੂੰ ਚੁਕ ਲੀਤਾ ਫੇਰ ਏਸ ਦਾ ਮਾਂ ਬਾਪ ਭੀ ਮਿਲ ਗਿਆ ਜਿਸ ਨੂੰ ਅਲਫ਼ ਬੇਗ ਦੇ ਕਾਫ਼ਲੇ ਨੇ ਨੌਕਰ ਰੱਖਕੇ ਨੂਰਜਹਾਂ ਉਨ੍ਹਾਂ ਦੇ ਸਪੁਰਦ ਕਰ ਦਿੱਤੀ।
ਜਦ ਏਹ ਜਵਾਨ ਹੋਈ ਤਾਂ ਜਹਾਂਗੀਰ ਦਾ ਮਨ ਏਸ ਪਰ ਰਲ ਗਿਆ। ਏਹ ਖ਼ਬਰ ਪਾਕੇ ਅਕਬਰ ਬਾਦਸ਼ਾਹ ਨੇ ਅਲਫ਼ ਬੇਗ ਖਾਂ ਨੂੰ ਕਹਿਕੇ ਸ਼ੇਰ ਅਫ਼ਗੁਨ ਬੰਗਾਲੇ ਦੇ ਛੋਟੇ ਜੇਹੇ ਜਾਗੀਰਦਾਰ ਨਾਲ ਬਿਆਹ ਦਿੱਤੀ। ਪਰ ਜਹਾਂਗੀਰ ਤੇ ਨੂਰਜਹਾਂ ਦਾ ਦਿਲ ਆਪਸ ਵਿਚ ਮਿਲਿਆ ਰਿਹਾ। ਜਦ ਜਹਾਂਗੀਰ ਬਾਦਸ਼ਾਹ ਹੋ ਗਿਆ ਤਾਂ ਨੂਰਜਹਾਂ ਨੂੰ ਆਪਣੀ ਬੇਗਮ ਬਣਾਵਣ ਵਾਸ੍ਤੇ ਸੂਬੇਦਾਰ ਬੰਗਾਲੇ ਦੀ ਮਾਰਫ਼ਤ ਗੱਲ ਬਾਤ ਸ਼ੁਰੂ ਕੀਤੀ। ਅਫ਼ਗੁਨ ਖਾਂ ਨੇ ਖ਼ਬਰ ਪਾਕੇ ਸੂਬੇ ਨੂੰ ਧੋਖੇ ਦੇ ਕੇ ਮਾਰ ਦਿੱਤਾ ਪਰ ਅਫ਼ਗੁਨ ਖਾਂ ਭੀ ਮਾਰਿਆ ਗਿਆ। ਫੇਰ ਉਸ ਸੂਬੇ ਦੇ ਬੇਟੇ ਨੇ ਨੂਰਜਹਾਂ ਨੂੰ ਦਿੱਲੀ ਲਿਆਕਰ ਜਹਾਂਗੀਰ ਨਾਲ ਨਕਾਹ ਕਰਵਾ ਦਿੱਤਾ। ਫੇਰ ਤਾਂ ਜਹਾਂਗੀਰ ਸ਼ਰਾਬ ਪੀ ਕੇ

Digitized by Panjab Digital Library | www.panjabdigilib.org

ਕਰੀਮ ਰਹੀਮ। ਐਸੇ ਸਨ ਕਿ ਇਕ ਦਿਨ ਲੰਗਰ ਬਰਤ ਗਏ ਪਿੱਛੋਂ ਭੁੱਖੇ ਸਿੱਖ ਸਾਧੂ ਆਗਏ। ਏਨ੍ਹਾਂ ਦੀ ਬੇਟੀ ਦੇ ਬਿਆਹ ਦੀ ਸੀਰਨੀ ਜੋ ਪੱਕ ਰਹੀ ਸੀ ਓਹੋ ਖੁਲਾਉਣੀ ਚਾਹੀ ਤਾਂ ਬੀਬੀ ਦੀ ਮਾਤਾ ਨੇ ਆਖਿਆ ਏਹ ਸਗਨਾਂ ਦੀ ਮਠਿਆਈ ਹੈ ਜਦ ਤਕ ਜਾਂਞੀ ਨਾਂ ਛਕ ਲੈਣ ਤਦ ਤਕ ਹੋਰ ਕਿਸੇ ਨੂੰ ਦੇਣੀ ਜੋਗ ਨਹੀਂ ਏਹ ਜਵਾਬ ਸੁਣਕੇ ਗੁਰੂ ਜੀ ਨੇ ਬਚਨ ਕੀਤਾ, ਏਹ ਮਠਿਆਈ ਸਿੱਖਾਂ ਸਾਧਾਂ ਨੂੰ ਨਹੀਂ ਦਿੱਤੀ ਤੁਰਕਾਂ ਨੂੰ ਦੇਉਗੇ। ਏਹੋ ਗੱਲ ਸੱਚੀ ਹੋਈ ਕਿ ਥੋੜ੍ਹੇ ਦਿਨ ਪਿੱਛੋਂ ਤੁਰਕਾਂ ਨਾਲ ਲੜਾਈ ਹੋ ਪਈ ਤੇ ਓਹੋ ਮਠਿਆਈ ਹੋਰ ਬਹੁਤ ਚੀਜ਼ਾਂ ਦੇ ਸਮੇਤ ਸ਼ਾਹੀ ਫੌਜ ਦੇ ਕੰਮ ਆਈ।

ਤੇ ਏਨ੍ਹਾਂ ਦੇ ਸਿੱਖਾਂ ਦੇ ਸਿਦਕ ਭੀ ਐਸੇ ਸਨ ਕਿ ਇੱਕ ਵਾਰੀ ਪੰਜ ਸੱਤ ਸਿੱਖਾਂ ਨੂੰ ਅਸ਼ਰਫੀਆਂ ਦੇਕੇ ਭਾਈ ਗੁਰਦਾਸ ਜੀ ਦੇ ਨਾਲ ਕਾਬਲ ਦੇਸ ਦੇ ਘੋੜੇ ਖਰੀਦਣ ਭੇਜਿਆ, ਜਦ ਪਸ਼ਾਵਰ ਪਹੁੰਚੇ ਤਾਂ ਭਾਈ ਦੁਨੀ ਚੰਦ ਮੁਨਸ਼ੀ ਜੋ ਏਨ੍ਹਾਂ ਦੇ ਨਾਲ ਗਯਾ ਸੀ ਉਸਦਾ ਘਰ ਪਸ਼ੌਰ ਤੋਂ ਚਾਰ ਕੋਸ ਪਰ ਸੀ ਉਸਦੇ ਸਕੇ ਭਾਈਆਂ ਨੇ ਆਕੇ ਆਖਿਆ, ਤੇਰੀ ਇਸਤ੍ਰੀ ਬਹੁਤ ਬੀਮਾਰ ਹੋ ਰਹੀ

ਪਯਾ ਰਹੇ ਨੂਰ ਜਹਾਂ ਜੋ ਕਰੇ ਸੋਈ ਹੋਵੇ। ਨੂਰਜਹਾਂ ਨੇ ਇਕ ਜ਼ੰਜੀਰ ਸੁਇਨੇ ਦਾ ਟੱਲੀਆਂ ਵਾਲਾ ਆਪਣੇ ਮਹਿਲ ਤੋਂ ਬਾਜ਼ਾਰ ਤਕ ਸਿਟਵਾ ਦਿੱਤਾ ਜਿਸਨੂੰ ਆਂਉ ਹੱਥ ਨਾ ਲੱਗੇ ਉਹ ਜ਼ੰਜੀਰ ਹਿਲਾਵੇ ਤਾਂ ਉਸਦਾ ਇਨਸਾਫ ਨੂਰਜਹਾਂ ਪੂਰਾ ਕਰਦੀ ਪਰ ਨਾਮ ਜਹਾਂਗੀਰ ਦਾ ਹੋਵੇ।

ਸੰਮਤ ੧੬੭੫ ਬਿ: ਵਿਚ ਜਹਾਂਗੀਰ ਨੇ ਆਪਣੇ ਵੱਡੇ ਬੇਟੇ ਖੁੱਰਮ ਯਾਨੇ ਸ਼ਾਹਜਹਾਂ ਨੂੰ ਦੱਖਨ ਦੀ ਮੁਹਿਮ ਪਰ ਕਾਯਮ ਕੀਤਾ ਤੇ ਨੂਰਜਹਾਂ ਦੀ ਬੇਟੀ ਜੋਹਣੀ ਅਫਕੁਨਖਾਂ ਦੇ ਘਰ ਹੁੰਦੀ ਨੂੰ ਜੰਮੀ ਸੀ ਉਹ ਜਹਾਂਗੀਰ ਦੇ ਛੋਟੇ ਬੇਟੇ ਸ਼ਹਰਯਾਰ ਦੇ ਨਾਲ ਬਿਆਹੀ ਜਾਣ ਕਰਕੇ ਉਸਨੂੰ ਤਖਤ ਬੈਠਾਵਣ ਲਈ ਘਾੜਤ ਘੜਨ ਲੱਗੀ। ਸ਼ਾਹਜਹਾਂ ਤੇ ਜਹਾਂਗੀਰ ਵਿਚ ਐਸੇ ਚੁਗਲੇ ਛੋੜੇ ਕਿ ਅੱਠੀ ਖੰਡ ਕਰ ਦਿਤੇ ਓੜਕ ਸ਼ਾਹਜਹਾਂ ਨੇ ਬਗਾਵਤ ਦਾ ਡੰਕਾ ਬਜਾਇਆ ਤੇ ਮਾਂਡੂ ਤੋਂ ਆਗੇ ਨੂੰ ਆਯਾ ਪਰ ਸ਼ਾਹੀ ਫੌਜ ਤੋਂ ਹਰਦਾ ਦੱਖਣ ਨੂੰ ਚਲਾ ਗਿਆ। ਏਧਰ ਮਹਾਵਤਖਾਂ ਬੰਗਾਲੇ ਦੇ ਸੂਬੇ ਨਾਲ ਕੁਛ ਤਾਂ ਹਿਸਾਬ ਮੰਗਣੇ ਤੋਂ ਤੇ ਦੂਸਰੇ ਉਸਨੇ ਆਪਣੀ ਬੇਟੀ ਬਿਨਾ ਪੁੱਛੇ ਜਹਾਂਗੀਰ ਦੇ ਸਰਦਾਰ ਬਰਖੁਰਦਾਰ ਖਾਂ ਨਾਲ ਨਕਾਹ ਦਿੱਤੀ ਸੀ ਏਸ ਗੱਲੋਂ ਨੂਰਜਹਾਂ ਦੀ ਮਹਾਵਤਖਾਂ ਤੇ ਬਰਖੁਰਦਾਰਖਾਂ ਨਾਲ ਬਹੁਤ ਬਿਗੜ ਗਈ। ਉਹ ਅੰਦ੍ਰਕਤਾ ਸ਼ਾਹਜਹਾਂ ਨਾਲ ਮਿਲ ਗਏ। ਮਹਾਵਤਖਾਂ ਨੇ ਪੰਜ ਸੌ ਚੁਣੇ ਹੋਏ ਰਾਜਪੂਤ ਨਾਲ ਲੈਕੇ ਜਹਾਂਗੀਰ ਨੂੰ ਆਪਣੇ ਕਾਬੂ ਕਰ ਲੀਤਾ ਜੱਦ ਆਪ ਨੂਰਜਹਾਂ ਸ਼ਾਹੀ ਫੌਜ ਲੈਕੇ ਬਾਦਸ਼ਾਹ ਨੂੰ ਛੁਡਾਵਣ ਵਾਸਤੇ ਆਪ ਤਲਵਾਰ ਖੈਂਚ ਕੇ ਬਹੁਤ ਲੜੀ ਤੇ ਬੇਸ਼ੁਮਾਰ ਆਦਮੀ ਦੋਹਾਂ ਤਰਫਾਂ ਦੇ ਮਰੇ ਪਰ ਓੜਕ ਨੂੰ ਨੂਰਜਹਾਂ ਨੱਠ ਉੱਠੀ ਤੇ ਪਕੜ ਕਰ ਬਾਦਸ਼ਾਹ ਦੇ ਰੂਬਰੂ ਆਂਦੀ ਗਈ। ਮਹਾਵਤ ਖਾਂ ਦੋਹਾਂ ਨੂੰ ਲੈਕੇ ਕਾਬਲ ਨੂੰ ਤੁਰਿਆ ਤਾਂ ਨੂਰਜਹਾਂ ਨੇ ਐਸੀ ਚਾਲ ਖੇਡੀ ਕਿ ਸਮੇਤ ਜਹਾਂਗੀਰ ਦੇ ਨਿਕਲ ਕੇ ਆਪਣੀ ਫੌਜ ਵਿਚ ਜਾ ਵੜੀ। ਜਹਾਂਗੀਰ ਭੀ ਗ਼ਮ ਨਾਲ ਕਸ਼ਮੀਰੋਂ ਲਾਹੌਰ ਨੂੰ ਆਂਵਦਾ ਹੋਯਾ ਦਮੇ ਦੀ ਬੀਮਾਰੀ ਨਾਲ ਸੰ: ੧੬੮੨ ਬਿ: ਵਿਚ ਕੂਚ ਕਰ ਗਿਆ। ਇੰਗਲਿਸਤਾਨ ਦੇ ਬਾਦਸ਼ਾਹ ਜੇਮਸ ਦੇ ਵਕੀਲ ਸਰਟਾਮਸ ਰੋਨੇ ਸੰ: ੧੬੧੬ ਈ: ਵਿਚ ਜਹਾਂਗੀਰ ਪਾਸ ਆਯਾ ਸੀ ਏਸ ਦੀ ਤਾਰੀਫ ਤੇ ਕਾਰਦਾਰਾਂ ਦੀ ਬੇਇੰਤਜਾਮੀ ਬਹੁਤ ਲਿਖੀ ਹੈ।

Digitized by Panjab Digital Library | www.panjabdigilib.org

ਹੈ ਤੇ ਤੈਨੂੰ ਬੁਲਾਯਾ ਹੈ, ਪਰ ਉਹ ਨਾ ਗਿਆ। ਫੇਰ ਦੂਸਰੇ ਦਿਨ ਉਨ੍ਹਾਂ ਨੇ ਆਖਿਆ ਕਿ ਤੇਰੀ ਇਸਤ੍ਰੀ ਮਰ ਗਈ ਹੈ ਤੇ ਤੇਰਾ ਇਕਲੌਤਾ ਪੁੱਤ੍ਰ ਰਾਤੀ ਕੋਠੇ ਉੱਤੋਂ ਡਿਗ ਪਿਆ ਹੈ ਤੇ ਬਚਣ ਦੀ ਉਮੈਦ ਨਹੀਂ ਤੇ ਉਸਦੇ ਮਰੇ ਪਿਛੋਂ ਸਾਰਾ ਧਨ ਪਦਾਰਥ ਸ਼ਰੀਕ ਲੈ ਜਾਣਗੇ।

ਏਹ ਸੁਣਕੇ ਪ੍ਰੇਮੀ ਸਿੱਦਕੀ ਸਿੱਖ ਨੇ ਜਵਾਬ ਦਿੱਤਾ ਜਿਸ ਕੰਮ ਵਾਸਤੇ ਮੈਨੂੰ ਗੁਰੂ ਨੇ ਭੇਜਿਆ ਹੈ ਜਦ ਤਕ ਮੈਂ ਉਹ ਨਾ ਕਰ ਲਵਾਂ ਤਦ ਤਕ ਹੋਰ ਦੁਨੀਆਵੀ ਕੰਮ ਕੋਈ ਨਾਂ ਕਰਾਂਗਾ। ਭਾਈ ਗੁਰਦਾਸ ਜੀ ਭੀ ਭੇਜ ਰਹੇ ਪਰ ਉਹ ਸਿੱਖ ਨਾ ਗਿਆ। ਏਸੇ ਤਰਾਂ ਕਸ਼ਮੀਰ ਨੂੰ ਜਾਂਦੇ ਹੋਏ ਜਦ ਪੁਣਛ ਦੇ ਪਰਗਣੇ ਕੈਣੋ ਪਿੰਡ ਜਾ ਉਤਰੇ ਤਾਂ ਉਥੇ ਇੱਕ ਸ਼ੈਂਗਾਰੂ ਨਾਮ ਬ੍ਰਹਮਣ ਸਿੱਖਣੀ ਉਸਨੇ ਬਹੁਤ ਸੇਵਾ ਕੀਤੀ, ਜਦ ਗੁਰੂ ਜੀ ਚੱਲੇ ਤਾਂ ਉਹ ਭੀ ਨਾਲ ਤੁਰਿਆ ਤਾਂ ਗੁਰੂ ਜੀ ਨੇ ਆਖਿਆ ਏਥੇ ਹੀ ਖੜਾ ਰਹੁ। ਸ਼ੈਂਗਾਰੂ ਨਾਥ ਪੰਜ ਬਰਸ ਤਕ ਰਾਤ ਦਿਨ ਉਥੇ ਹੀ ਖੜਾ ਰਿਹਾ। ਜਦ ਕੋਈ ਉਸਨੂੰ ਬੈਠਣ ਵਾਸਤੇ ਕਹੇ ਤਾਂ ਉਹ ਆਖੇ ਕਿ ਮੈਨੂੰ ਗੁਰੂ ਜੀ ਖੜੇ ਕਰ ਗਏ ਹਨ, ਜਦ ਉਹ ਬੈਠਾਵਣਗੇ ਤਾਂ ਬੈਠਾਂਗਾ। ਏਹ ਖਬਰ ਸੁਣਕੇ ਗੁਰੂ ਜੀ ਨੇ ਜਦ ਉਸਦੇ ਬੈਠਣ ਦਾ ਹੁਕਮ ਭੇਜਿਆ ਤਦ ਹੀ ਬੈਠਾ।

ਏਹੋ ਜੇਹੀਆਂ ਅਨੰਤ ਸਾਖੀਆਂ ਹਨ ਜਿਨ੍ਹਾਂ ਤੋਂ ਮਨ ਤਨ ਧਨ ਅਰਪਣ ਕੀਤਾ ਹੋਯਾ ਸਿੱਖਾਂ ਦਾ ਤੇ ਬ੍ਰਹਮਗਿਆਨੀ ਸਮਦਰਸੀ ਗੁਰੂ ਦਾ ਹੋਣਾ ਸਹੀ ਹੈ। ਏਸੇ ਵਾਸਤੇ ਉਨ੍ਹਾਂ ਦੀਆਂ ਨੇਕੀਆਂ ਤੇ ਸਿੱਧੀਆਂ ਦੀ ਮਸ਼ਹੂਰੀ ਤੇ ਮੰਨਤ ਦੁਨੀਆਂ ਵਿਚ ਹੋ ਰਹੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਬੁਲੰਦ ਕੱਦ, ਅਤੀ ਸੁੰਦ੍ਰ, ਚੌੜੀ ਛਾਤੀ, ਹਾਥੀ ਸੁੰਡ ਵਾਂਗੂ ਲੰਬੀਆਂ ਬਾਹਾਂ, ਮੱਥਾ, ਕੰਧੇ, ਪੱਬ, ਦੰਦ ਉੱਚੇ, ਕਣਕ ਰੰਗ, ਹਰਣ ਨੇਤ੍ਰ, ਬਹੁਤ ਬੜੇ ਸੂਰਬੀਰ, ਰੂਹਾਨੀ ਜਿਸਮਾਨੀ ਦੋਹਾਂ ਬਾਤਾਂ ਵਿਚ ਬਲੀ, ਉਦਾਰ, ਸੱਚੇ ਤੇ ਮਿਠ ਬੋਲੇ, ਹਸਮੁਖ ਸ਼੍ਰੇਸ਼ਟ ਗੁਣਾਂ ਸੰਯੁਕਤ ਰਾਜ ਨੀਤ ਧਰਮ ਦੇ ਪੂਰੇ ੨ ਗਿਆਤਾ ਸੇ।

ਏਹ ਗੁਰੂ ਸੰਮਤ ੧੬੫੨ ਬਿ: ਹਾੜ੍ਹ ਸੁਦੀ ੨ ਨੂੰ ਪ੍ਰਗਟ ਹੋਏ ਤੇ ੧੦ ਬਰਸ ੧੧ ਮਹੀਨੇ ਇੱਕ ਦਿਨ ਦੀ ਉਮਰ ਵਿਚ ਗੱਦੀ ਬੈਠ, ੩੭ ਸਾਲ ੧੦ ਮਹੀਨੇ ਇਕ ਦਿਨ ਗੁਰਿਆਈ ਕਰ, ੪੮ ਬਰਸ ੯ ਮਹੀਨੇ ੪ ਦਿਨ ਕੁੱਲ ਉਮਰ ਭੋਗ ਕੇ ਚੇਤ ਸੁਦੀ ੫ ਸ਼ੁੱਕ੍ਰਵਾਰ ੯ ਘੜੀ ਰਾਤ ਗਈ ਸੰਮਤ ੧੭੦੧ ਨੂੰ ਕੀਰਤਪੁਰ ਵਿਚ ਜੋਤੀ ਜੋਤਿ ਸਮਾਏ।

ਇਨ੍ਹਾਂ ਦਾ ਦੇਹੁਰਾ ਸਰਦਾਰ ਰੂਪ ਸਿੰਘ ਰੋਪੜੀਏ ਦਾ ਬਣਾਯਾ ਹੋਯਾ ਹੁਣ ਤਕ ਮੰਨੀਦਾ ਹੈ। ਸਾਰਾ ਹਾਲ ਏਸ ਦਾ ਪੰਜਵੇਂ ਹਿੱਸੇ ਵਿਚ ਹੈ। ਇਤਿ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਹਰਿਰਾਇ ਜੀ।

---

ਗੁਰੂ ਹਰਿਰਾਇ ਸਾਹਿਬ ਗੁਰਦਿੱਤਾ ਜੀ ਦੇ ਘਰ ੧੩ ਮਾਘ ਸੁਦੀ ੨ ਸੰ: ੧੬੮੬ ਬਿ: ੧੬੩੦ ਈ: ੧੦੪੯ ਹਿ: ੧੬੦ ਗੁ: ਐਤਵਾਰ ੧੧ ਘੜੀ ਰਾਤ ਗਈ, ਭਰਨੀ ਨਛੱਤ੍ਰ ਵਿਚ ਨਿਹਾਲ ਕੌਰ ਮਸ਼ਹੂਰ ਨੱਤੀ ਜੀ ਤੋਂ ਕੀਰਤਪੁਰ ਵਿਖੇ ਪੈਦਾ ਹੋਏ।

ਬਾਲਕ ਹੁੰਦੇ ਹੀ ਸਤੋਗੁਣੀ, ਸੰਤੋਖੀ, ਬੇਪਰਵਾਹ, ਸਾਧੂ ਸੁਭਾਵ, ਸੱਚ ਬੋਲਦੇ, ਪਰਮੇਸ਼੍ਰ ਦੀ ਬੰਦਗੀ ਕਰਦੇ, ਗੁਰੂ ਨਾਨਕ ਜੀ ਦੀ ਬਾਣੀ ਪੜ੍ਹਦੇ ਰਹਿੰਦੇ ਤੇ ਆਪਣੇ ਦਾਦੇ ਗੁਰੂ ਹਰਿਗੋਬਿੰਦ ਜੀ ਦੇ ਨਾਲ ਬਹੁਤ ਪਯਾਰ ਰੱਖਦੇ। ਏਨਾਂ ਦੀ ਸ਼ਾਦੀ ਦਯਾਰਾਮ ਸਿੱਲ ਖੱਤ੍ਰੀ ਅਨੂਪਸ਼ਹਿਰ ਦੇ ਰਹਣ ਵਾਲੇ ਦੀ ਬੇਟੀ ਕ੍ਰਿਸ਼ਨ ਕੌਰ ਆਦਿਕ ਚੌਹਾਂ ਭੈਣਾਂ ਨਾਲ ਇੱਕੋ ਦਿਨ ਹੋਈ। ਏਸ ਦਾ ਸਬਬ ਏਹ ਹੋਯਾ ਕਿ ਜਦ ਗੁਰੂ ਹਰਿਗੋਬਿੰਦ ਸਾਹਿਬ ਨਾਨਕ ਮਤੇ ਦੀ ਫੇਤੇ, ਪਾ ਕੇ ਮੁੜਦੇ ਹੋਏ ਅਨੂਪਸ਼ਹਿਰ ਆ ਕੇ ਉਤਰੇ ਤਦ ਹਰਿਰਾਇ ਜੀ ਭੀ ਏਨ੍ਹਾਂ ਦੇ ਨਾਲ ਸਨ। ਏਥੇ ਪਸਰੂਰ ਦਾ ਰਹਣ ਵਾਲਾ ਇਕ ਪੰਜਾਬੀ ਸਿੱਲੀ ਖਤ੍ਰੀ ਦਯਾਰਾਮ ਨਾਮੀ ਜੋ ਮਸ਼ਹੂਰ ਆਦਮੀ ਰਿਹਾਇਸ਼ ਕਰ ਰਿਹਾ ਸੀ ਕੁਟੰਬ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਨੂੰ ਆਯਾ ਤਾਂ ਗੁਰੂ ਜੀ ਦਾ ਅਧਿਕ ਪ੍ਰਤਾਪ ਤੇ ਮਰਤਬਾ ਦੇਖ ਕੇ ਦਯਾਰਾਮ ਨੇ ਆਪਣੀ ਬੇਟੀ ਕ੍ਰਿਸ਼ਨ ਕੌਰ ਦੀ ਸ਼ਾਦੀ ਹਰਿਰਾਇ ਜੀ ਦੇ ਨਾਲ ਕਰਨੀ ਮਨ ਵਿਚ ਧਾਰ ਲਈ ਅਤੇ ਦਯਾਰਾਮ ਦੀ ਔਰਤ ਨੇ ਦੂਸਰੀ ਬੇਟੀ ਚੰਦ ਕੌਰ ਦੀ ਸ਼ਾਦੀ ਕਰਨੀ ਥਾਪ ਲਈ ਅਤੇ ਉਸ ਦੇ ਬੇਟੇ ਨੇ ਤੀਸਰੀ ਦਾ ਸਾਕ ਕਰਨਾ ਠਾਨ ਲੀਤਾ, ਤੇ ਦਯਾਰਾਮ ਦੀ ਭੈਣ ਨੇ ਉਦੂੰ ਛੋਟੀ ਦਾ ਨਾਮ ਧਰ ਦਿੱਤਾ। ਪਿਛਲੇ ਸਮੇ ਬਹੁਤ ਲੋਗਾਂ ਦਾ ਏਹੋ ਧਰਮ ਸੀ ਕਿ ਜਿਸ ਕੁੜੀ ਦੀ ਸ਼ਾਦੀ ਦਾ ਨਾਮ ਜਿਸ ਲੜਕੇ ਨਾਲ ਰੱਖਯਾ ਜਾਵੇ ਉਸੇ ਨਾਲ ਬਯਾਹੁੰਦੇ ਸੇ। ਏਸੇ ਕਰਕੇ ਦਯਾਰਾਮ ਨੇ

Digitized by Panjab Digital Library | www.panjabdigilib.org

ਆਪਣੀਆਂ ਰੌਂਹਾਂ ਬੇਟੀਆਂ ਦੀ ਸ਼ਾਦੀ ੧੧ ਹਾੜ ਸੁਦੀ ੩ ਸੰ: ੧੬੮੭ ਬਿ: ਨੂੰ ਇੱਕੋ ਦਿਨ
ਕਰ ਦਿੱਤੀ। ਗੁਰੂ ਹਰਿਰਾਇ ਸਾਹਿਬ ਜਿਸ ਦਿਨ ਤੋਂ ਗੱਦੀ ਪਰ ਬੈਠੇ ਉਸੇ ਦਿਨ ਤੋਂ ਸਭ ਜੁੱ
ਧ ਜੰਗ ਛੱਡ ਕੇ ਰਾਤ ਦਿਨ ਜਪ ਤਪ ਵਿਚ ਰਹਣ ਲੱਗੇ, ਹੋਰ ਸਭ ਨੌਕਰ ਹਟਾ ਕੇ ਸਿਰਫ
੨੨੦੦ ਬਾਈ ਸੌ ਉਹ ਅਸਵਾਰ ਜਿਨ੍ਹਾਂ ਵਿਚ ਪਰਦੇਸੀ ਲੋਗ ਤੇ ਰਾਠ ਕਾਠ ਸੂਰਬੀਰ ਬਾਦਸ਼ਾ
ਹੀ ਜ਼ੁਲਮਾਂ ਤੋਂ ਡਰਦੇ ਹੋਏ ਨੱਠ ਕੇ ਗੁਰੂ ਜੀ ਦੀ ਸਰਣ ਆਏ ਹੋਏ ਸੇ ਰੱਖ ਲਏ। ਸੋ ਭੀ
ਬਿਨਾ ਹੀ ਕੰਮ ਤੋਂ ਦਯਾ ਕਰਕੇ ਗੁਰੂ ਜੀ ਨੇ ਰੱਖ ਛੱਡੇ ਸੇ। ਗੁਰੂ ਜੀ ਦਯਾਲੂ ਬਹੁਤ ਸਨ
ਇਸੇ ਕਰਕੇ ਕਦੀ ਕਿਸੇ ਸਵਾਲੀ ਯਾ ਸ਼ਰਣ ਆਏ ਨੂੰ ਜਵਾਬ ਨਾਂ ਦਿੰਦੇ।
ਇਕ ਵਾਰੀ ਰਾਜਾ ਤਾਰਾਚੰਦ ਦਾ ਦੀਵਾਨ ਸੋਹਣੂ ਨਾਮੀ ਭੱਜ ਕੇ ਇਨ੍ਹਾਂ ਪਾਸ ਆ ਰਿਹਾ ਤਾਂ
ਉਸ ਬਦਲੇ ਤਾਰਾਚੰਦ ਦਾ ਦੇਸ ਤੇ ਜਾਗੀਰ ਛੱਡਣੀ ਮਨਜ਼ੂਰ ਕੀਤੀ ਪਰ ਉਹ ਨਾਂ ਪਕੜਾ
ਯਾ। ਰਾਜੇ ਪਰ ਛੀਮੇ ਗੁਰੂ ਜੀ ਦੇ ਬਹੁਤ ਉਪਕਾਰ ਸੇ ਇਸ ਵਾਸਤੇ ਚੁੱਪ ਕਰ ਰਿਹਾ।
ਇਕ ਵਾਰੀ ਕਿਸੇ ਨੇ ਬੇਟਾ ਹੋਣ ਦੀ ਅਰਜ਼ ਕੀਤੀ, ਇਨ੍ਹਾਂ ਪਾਸ ਰਾਮਰਾਇ ਵਡਾ ਬੇਟਾ ਖੇਡ
ਰਿਹਾ ਸੀ ਉਸੇ ਦੀ ਬਾਂਹ ਫੜਾ ਦਿੱਤੀ। — ਇਕ ਦਿਨ ਜਾਮੇ ਦਾ ਪੱਲਾ ਐਸਾ ਉੱਡਿਆ ਕਿ
ਝਪਟ ਨਾਲ ਕਈ ਇਕ ਫੁੱਲ ਟੁੱਟ ਗਏ ਤਦ ਗੁਰੂ ਸਾਹਿਬ ਰੁਦਨ ਕਰਨ ਲਗ ਗਏ ਤੇ
ਅੱਗੇ ਨੂੰ ਵੱਡਾ ਜਾਮਾ ਪਹਿਰਣਾ ਛੱਡ ਦਿੱਤਾ। ਸੱਚ ਬੋਲਣੇ ਤੇ ਬੰਦਗੀ ਵਿਚ ਐਸੇ ਪੂ
ਰੇ ਸੇ ਕਿ ਰੂਮ ਦੇ ਬਾਦਸ਼ਾਹ ਦਾ ਵਕੀਲ ਜੋ ਦਿੱਲੀ ਤੋਂ ਮੁੜ ਕੇ ਜਾਂਦਾ ਹੋਯਾ ਗੁਰੂ ਪਾਸ ਆ
ਯਾ ਤੇ ਪੁੱਛਣ ਲੱਗਾ ਕਿ ਈਸਾ, ਮੂਸਾ, ਮੁਹੰਮਦ ਸਾਹਿਬ ਆਦਿਕ ਪੈਗੰਬਰਾਂ ਤੇ ਰਾਮ
ਕ੍ਰਿਸ਼ਨ ਆਦਿਕ ਅਵਤਾਰਾਂ ਵਿਚੋਂ ਅਧਿਕ ਜੀਵਾਂ ਨੂੰ ਦੋਜ਼ਖ ਪੈਣ ਤੋਂ ਕੇਹੜਾ ਬਚਾ ਸਕ
ਦਾ ਹੈ। ਗੁਰੂ ਜੀ ਨੇ ਜਵਾਬ ਦਿੱਤਾ ਸਿਵਾਇ ਆਪਣੇ ਸ੍ਰੇਸ਼ਟ ਸੁਭਾਵ ਤੇ ਸ਼ੁਭ ਕਰਮਾਂ ਦੇ
ਹੋਰ ਕੋਈ ਨਹੀਂ ਬਚਾ ਸੱਕਦਾ। ਸਗੋਂ ਪੈਗੰਬਰ ਅਵਤਾਰ ਪੀਰ ਫਕੀਰ ਸਭ ਆਪਣੇ
ਆਪਣੇ ਕਰਮ ਦਾ ਫਲ ਪਾਂਵਦੇ ਹਨ ਦੇਖੋ ਜਦ ਮੁਹੰਮਦ ਸਾਹਿਬ ਦੀ ਮਾਂ ਮਰਨ ਲਗੀ ਤਾਂ
ਉਸ ਨੇ ਆਪਣੇ ਬੇਟੇ ਮੁਹੰਮਦ ਸਾਹਿਬ ਨੂੰ ਆਖਿਆ ਤੂੰ ਪੈਗੰਬਰ ਹੈਂ ਮੈਨੂੰ ਦੋਜ਼ਖ ਥੀਂ ਬ
ਚਾ ਲਈਂ। ਮੁਹੰਮਦ ਸਾਹਿਬ ਨੇ ਕਹਿਆ ਤੇਰੇ ਕਰਮ ਤੈਨੂੰ ਬਹਿਸ਼ਤ ਦੋਜ਼ਖ ਪਾਉਣਗੇ
ਮੈਨੂੰ ਬਚਾਉਣ ਦੀ ਯਾ ਪਾਉਣ ਦੀ ਤਾਕਤ ਨਹੀਂ। ਜੇਹੜੇ ਮੇਰੀ ਸਫਾਰਸ਼ ਦਾ ਭਰੋਸਾ
ਰੱਖਣਗੇ ਉਹ ਰੱਬ ਤੋਂ ਬੇਮੁਖ ਹੋਣਗੇ। ਸੋ ਜਦ ਮੁਹੰਮਦ ਸਾਹਿਬ ਇਹ ਬਾਤ ਆਖਦੇ ਹ
ਨ ਤਾਂ ਜੋ ਲੋਗ ਪੈਗੰਬਰਾਂ ਅਵਤਾਰਾਂ ਦੇ ਭਰੋਸੇ, ਜਪ ਤਪ ਛੱਡ ਕੇ ਵਿਸ਼ੇ ਭੋਗਣ ਅਤੇ

Digitized by Panjab Digital Library | www.panjabdigilib.org

ਕੁਟੰਬ ਦੇ ਪਾਲਣ ਵਿਚ ਰਹੀ ਉਮਰ ਖੋਣਾਂ ਦੇ ਹਨ ਉਨ੍ਹਾਂ ਦੀ ਨਜਾਤ (ਮੁਕਤੀ) ਕਦੇ ਨਾ ਹੋਵੇਗੀ।
ਏਹ ਉੱਤਰ ਸੁਣਕੇ ਫਕੀਰ ਬਹੁਤ ਖੁਸ਼ੀ ਹੋਗਿਆ ਤੇ ਗੁਰੂ ਸਾਹਿਬ ਦੀ ਉਪਮਾ ਆਪਣੇ ਸ
ਫਰਨਾਮੇ ਵਿਚ ਬਹੁਤ ਲਿਖੀ।

ਏਸੇ ਸਮੇ ਸ਼ਾਹਜਹਾਂ ਬਾਦਸ਼ਾਹ ਦੇ ਚੌਹਾਂ ਪੁੱਤ੍ਰਾਂ ਵਿਚ ਗੱਦੀ ਲੈਣ ਬਦਲੇ ਝਗੜਾ ਹੋਰਿ
ਹਾ ਸੀ। ਦਾਰਾਸ਼ਕੋਹ ਜੋ ਤਖ਼ਤ ਦਾ ਮਾਲਕ ਸਭ ਤੋਂ ਵੱਡਾ ਸ਼ਾਹਜਹਾਂ ਦਾ ਪਯਾਰਾ ਪੁੱਤ੍ਰ ਸੀ, ਉ
ਸਨੂੰ ਔਰੰਗਜ਼ੇਬ ਨੇ ਰਸੋਈਏ ਨਾਲ ਮਿਲ ਕੇ ਸ਼ੇਰ ਦੀ ਮੁੱਛ ਦਾ ਵਾਲ ਖੁਵਾਇ ਦਿੱਤਾ, ਜਿ
ਸ ਤੋਂ ਉਹ ਬੀਮਾਰ ਹੋਕੇ ਦਿਨ ਬਦਿਨ ਘਟਣ ਲਗ ਪਯਾ। ਕਯੋਂਕੇ ਮਸ਼ਹੂਰ ਹੈ [illegible], ਕੱਚ,
ਸ਼ੇਰ ਦੀ ਮੁੱਛ ਦਾ ਵਾਲ, ਅਧਪਕਿਆ ਪਾਰਾ, ਉੱਲੂ ਦਾ ਮਾਸ ਜਿਸ ਆਦਮੀ ਨੂੰ ਖਵਾਯਾ ਜਾ
ਵੇ ਉਹ ਬੀਮਾਰ ਹੋਕੇ ਮਰ ਜਾਂਦਾ ਹੈ। — ਹਕੀਮਾਂ ਨੇ ਆਖਿਆ ਜੇਕਰ ਦਸ ਤੋਲੇ ਦੀ ਹ
ਰੜ, ਚਾਰ ਤੋਲੇ ਦਾ ਲੌਂਗ ਮਿਲੇ ਤਾਂ ਸ਼ਾਹਜ਼ਾਦਾ ਰਾਜ਼ੀ ਹੋਵੇ। ਸ਼ਾਹ ਨੇ ਹਰ ਇਕ ਮੁਲਕ ਵਿ
ਚ ਤਲਾਸ਼ ਕੀਤੀ ਪਰ ਏਹ ਚੀਜ਼ਾਂ ਨਾ ਮਿਲੀਆਂ। ਉੜਕ ਕਿਸੇ ਸਿੱਖ ਨੇ ਆਖਿਆ ਏਹ ਦੋਵੇਂ ਚੀਜ਼ਾਂ
ਗੁਰੂ ਹਰਿਰਾਇ ਪਾਸ ਹਨ। ਬਾਦਸ਼ਾਹ ਨੇ ਵਜ਼ੀਰ ਖਾਂ ਤੇ ਗੁਲ ਬੇਗ ਖਾਂ ਉਮਰਾਵਾਂ ਨੂੰ ਗੁਰੂ
ਪਾਸ ਭੇਜਿਆ। ਇਨ੍ਹਾਂ ਨੇ ਗੁਰੂ ਸਾਹਿਬ ਪਾਸ ਆਕੇ ਬਹੁਤ ਬੇਨਤੀ ਕੀਤੀ ਤੇ ਹਰੜ[1] ਅਤੇ ਲੌਂ
ਗ ਲੈ ਜਾਕਰ ਦਾਰਾਸ਼ਕੋਹ ਨੂੰ ਰਾਜ਼ੀ ਕੀਤਾ। ਕੱਤਕ ਮਹੀਨੇ ਸੰ: ੧੭੦੭ ਨੂੰ
ਦਾਰਾਸ਼ਕੋਹ ਰਾਜ਼ੀ ਹੋਕੇ ਲਾਹੌਰ ਨੂੰ ਜਾਂਦਾ ਹੋਯਾ ਗੁਰੂ ਜੀ ਦਾ ਧੰਨਵਾਦ ਕਰਨ ਵਾਸਤੇ
ਕੀਰਤਪੁਰ ਆਯਾ ਤੇ ਬਹੁਤ ਰ ਅਮੋਲਕ ਰਤਨ ਤੋਹਫੇ ਨਜ਼ਰ ਭੇਟਾ ਕਰਕੇ ਗੁਰੂ ਜੀ
ਦੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਸਾਹਿਬ ਨੇ ਆਖਿਆ ਪਰਮੇਸ਼ੁਰ ਦੇ ਲੰ
ਗਰ ਨੂੰ ਕਿਸੇ ਬੰਦੇ ਦੀ ਜਾਗੀਰ ਦਾ ਦੀਨ ਤੇ ਆਸ਼ਾਵੰਦ ਕਰਨਾ ਭਲੇ ਪੁਰਸ਼ਾਂ ਦਾ ਕੰਮ ਨ
ਹੀਂ। ਗੁਰੂ ਸਾਹਿਬ ਦਾ ਏਹ ਬਚਨ ਸੁਣਕੇ ਦਾਰਾਸ਼ਕੋਹ ਨੇ ਜਾਣ ਲੀਤਾ ਕਿ ਏਹ ਨਿਰਲੋਭ
ਤੇ ਬੇਪਰਵਾਹ ਹਨ। ਅਤੇ ਇਕ ਕਸੀਦਾ[2] (ਗੁਰੂ ਦੀ ਉਪਮਾ) ਫਾਰਸੀ ਵਿਚ ਬਣਾਕੇ ਗੁਰੂ

1 ਹਰੜਾਂ ਚਾਰ, ਤੇ ਲੌਂਗ ੩ ਤਿਨ ਦਾਣੇ ਕੋਈ ਸੰਤ ਕਿਸੇ ਜੰਗਲ ਵਿਚੋਂ ਗੁਰੂ ਹਰਿਗੋਬਿੰਦ ਸਾਹਿਬ ਪਾਸ ਤੋਹਫੇ ਲਿਆਯਾ ਸੀ। ਤੇ ਜੇਹੜਾ ਸਿੱਖ ਸੁਖਮਨੀ ਪੜ੍ਹਨ ਵਾਲਾ ਵਜ਼ੀਰ ਖਾਂ ਆਪਣੇ ਪਾਸ ਲੈ ਗਯਾ ਹੋਯਾ ਸੀ ਉਸ ਦੇ ਦੱਸ ਪਾਉਣੇ ਕਰਕੇ ਬਾਦਸ਼ਾਹ ਨੇ ਮੰਗਾਏ ਸੇ। ਕਹਾਵਤ ਹੈ ਕੇ ਜੇਕਰ ਪੰਜ ਤੋਲੇ ਤੋਂ ਉਪਰ ਵਜ਼ਨ ਦੀ ਹਰੜ ਹੱਥ ਉਤੇ ਲਈ ਜਾਵੇ ਤਾਂ ਚੰਗਾ ਜੁਲਾਬ ਲਗ ਜਾਂਦਾ ਹੈ ਤੇ ਲਿਖਿਆ ਹੈ ਕਿ ਧਨੰਤਰ ਜਦ ਜੰਮਿਆ ਸੀ ਤਾਂ ਉਸ ਵਕਤ ਏਸ ਦੇ ਹੱਥ ਵਿਚ ਏਹ ਹਰੜਾਂ ਸਨ। — 2 ਕਸੀਦੇ ਦੇ ਅਗਲੇ ਪਿਛਲੇ ਬੈਂਤ ਹੱਥ ਨਹੀਂ ਆਏ ਸਿਰਫ ਵਿਚਕਾਰ ਦੇ ਅੱਠ ਬੈਂਤ ਹੱਥ ਲੱਗੇ ਹਨ ਏਸੇ ਵਾਸਤੇ ਲਿਖਿਆ ਨਹੀਂ ਗਿਆ।

Digitized by Panjab Digital Library | www.panjabdigilib.org

ਜੀਦੀ ਭੇਟਾ ਕੀਤਾ ਤੇ ਸਿਰੋਪਾਉ ਲੈਕੇ ਲਾਹੌਰ ਨੂੰ ਗਯਾ।
ਸੰ: ੧੭੦੮ ਬਿ: ਨੂੰ ਰਾਜਾ ਬਿਲਾਸਪੁਰੀਆ, ਹੰਡੂਰੀਆ ਆਦਿਕ ਗੁਰੂਜੀਦੇ ਦਰਸ਼ਨ ਨੂੰ
ਆਏ, ਬਹੁਤ ਤੇਢੇ ਦੌਲਤ ਨਜ਼ਰ ਭੇਟਾ ਕੀਤੀ। ਗੁਰੂਜੀ ਨੇ ਗਰਮ ੨ ਕੜਾਹ ਪ੍ਰਸਾਦ ਛ
ਕਾਕੇ ਉਨ੍ਹਾਂਦੇ ਪਹਿਲਵਾਨਾਂ ਨਾਲ ਆਪਣੇ ਪਹਿਲਵਾਨ ਲੜਾਕੇ ਬਾਲ ਲੀਲਾ ਦੇਖੀ ਦੇਖਾ
ਈ ਤੇ ਰਾਜਧਰਮ ਦਾ ਉਪਦੇਸ਼ ਦੇਕਰ ਖੁਸ਼ੀ ਬਖਸ਼ੀ। — ਅੱਸੂ ਦੇ ਪਹਿਲੇ ਨਵਰਾਤ੍ਰੇ
ਸੰ: ੧੭੦੮ ਬਿ: ਨੂੰ ਧੀਰਮਲ ਆਪਣੇ ਬੜੇ ਭਾਈ ਦੇ ਬੁਲਾਏ ਹੋਏ ਕੀਰਤਪੁਰੋਂ ਚੱਲਕੇ
ਪਰਗਣੇ ਹੁਸ਼ਿਆਰਪੁਰ, ਬਡੀ ਲਾਹਿਲੀ ਹਰੀਆਂ ਵੇਲਾ, ਛੋਟੀ ਲੋਹਲੀ ਆਦਿਕ ਪਿੰ
ਡਾਂ ਵਿਚ ਉਤਰਕੇ, ਸਿੱਖਾਂ ਨੂੰ ਸੁਮੱਤੇ ਲਾਉਂਦੇ ਹੋਏ ਦੁਆਬੇ ਦੇਸ ਦਾ ਸੈਲ ਕਰਕੇ ਕਰਤਾਰ
ਪੁਰ ਜਾ ਬਿਰਾਜੇ। ਧੀਰਮੱਲ ਨੂੰ ਅਲ ਅਲਾ ਸਿੱਖਾਂ ਨੂੰ ਨਾਮਦਾਨ ਬਖਸ਼ਕੇ ਮਾਲਵੇ ਦੇ
ਸਦਾ ਸੈਲ ਕਰਨ ਲਈ ਬੰਬੇਲੀ, ਨੂਰਮਾਹਿਲ, ਪੁਆਧੜੇ ਆਦਿਕ ਅਨੇਕ ਪਿੰਡਾਂ ਦੇ
ਲੋਗਾਂ ਨੂੰ ਤਾਰਦੇ ਹੋਏ ਸਤਲੁਜ ਪਾਰ ਹੋ ਸਿਧਵਾਲੇ ਜਾ ਉਤਰੇ। ਫੇਰ ਅੱਠ ਮਹੀਨੇ ਡ
ਰੌਲੀ ਠਹਿਰਕੇ ਆਪਣੀ ਦਾਦੀ ਦਮੋਦਰੀ ਜੀ ਦੀ ਸਮਾਧ ਸੰ: ੧੭੧੦ ਬਿ: ਵਿਚ ਤਯਾ
ਰ ਕਰਾਈ ਏਥੇ ਹੁਣ ਹੱਛੀ ਰੌਣਕ ਰਹਿੰਦੀ ਹੈ। — ਫੇਰ ਮਾਲਵੇ ਦੇਸ ਨੂੰ ਦੇਖਦੇ ਹੋਏ ਬੇ
ਦੋਵਾਲੀ ਬਠਿੰਡੇ ਦੇ ਪਰਗਣੇ ਜਾ ਠਹਿਰੇ ਤਦ ਫੂਲਬੰਸ ਦੇ ਵੱਡਿਆਂਨੇ (ਜੋ ਉਸ ਦੇਸ ਵਿਚ
ਗੈਰ ਮੌਰੂਸੀ ਸੇ) ਬਹੁਤ ਸੇਵਾ ਕੀਤੀ। ਇਕ ਦਿਨ ਗੁਰੂਜੀ ਨੂੰ ਖੁਸ਼ ਦੇਖਕੇ ਮੋਹਨ, ਕਾਲਾ,
ਕਰਮਚੰਦ, ਸੈਤੂ, ਮੁਹੱਬਤ ਆਦਿਕਾਂ ਨੇ ਅਰਜ਼ ਕੀਤੀ ਕੇ ਮਹਾਰਾਜ ਕੌੜੇ, ਭੁੱਲਰ, ਧਾਲੀ
ਵਾਲ ਜ਼ਿਮੀਦਾਰ ਜੋ ਏਸ ਦੇਸ ਦੇ ਮਾਲਕ ਤੇ ਆਪਦੇ ਸੇਵਕ ਹਨ, ਸਾਨੂੰ ਮਲਕੀਯਤ ਦਾ
ਪਿੰਡ ਬੰਨ੍ਹਣ ਨਹੀਂ ਦਿੰਦੇ ਤੇ ਨਾਂਹੀ ਖੂਹ ਲਾਵਣ ਦਿੰਦੇ ਹਨ ਸਗੋਂ ਸਾਡੀਆਂ ਇਸ੍ਤ੍ਰੀਆਂ ਜਦ
ਏਨ੍ਹਾਂ ਦੇ ਖੂਹ ਪਰ ਪਾਣੀ ਲੈਣ ਜਾਂਦੀਆਂ ਹਨ ਤਾਂ ਏਹ ਲੋਗ ਉਨ੍ਹਾਂ ਦੀ ਬੇਇੱਜ਼ਤੀ ਕਰਦੇ ਹੈਂ
ਤੇ ਹੋਰ ਅਨੇਕ ਤਰਾਂ ਦੇ ਕਲੇਸ਼ ਦਿੰਦੇ ਰਹਿੰਦੇ ਹਨ ਜੇ ਆਪ ਕ੍ਰਿਪਾ ਕਰਕੇ ਇਕ ਪਿੰਡ ਦੀ ਜ਼ਮੀ
ਨ ਲੈ ਦੇਉ ਤਾਂ ਅਸੀਂ ਆਪਣਾ ਖੂਹ ਲਾ ਲਈਏ ਤੇ ਨਾਲੇ ਸਾਕ ਲੈਣ ਦੇਣ ਦੀ ਆਗਿਆ ਕਰੋ।
ਗੁਰੂਜੀ ਨੇ ਉਨ੍ਹਾਂ ਦੀ ਸੇਵਾ ਤੇ ਗਰੀਬੀ ਪਰ ਖੁਸ਼ ਹੋਕੇ ਕੌੜੇ, ਭੁੱਲਰ, ਜੱਟਾਂ ਦੇ ਸਰਦਾਰ ਸੈਤ
ਘਰਾਣੇ ਆਦਿਕ ਲੰਬੜਦਾਰਾਂ ਨੂੰ ਬੁਲਾਕੇ ਕਰਮਚੰਦ ਆਦਿਕ ਮਰਾਸ੍ਹਦੇ ਲੋਕਾਂ ਨੂੰ ਇਕ
ਪਿੰਡ ਦੀ ਜ਼ਮੀਨ ਦੇਵਾਉਣੀ ਚਾਹੀ ਤੇ ਬੇਟੀਆਂ ਦੇ ਸਾਕ ਲੈਣ ਦੇਣ ਨੂੰ ਭੀ ਆਖਿਆ ਤਾਂ ਉਨ੍ਹਾਂ
ਨੇ ਗੁਰੂਜੀ ਦੀ ਕੋਈ ਬਾਣੀ ਨਾ ਮੰਨੀ। ਗੁਰੂਜੀ ਨੇ ਨਾਰਾਜ਼ ਹੋਕੇ ਆਖਿਆ ਤੁਸੀਂ ਸਾਡੇ ਆਖੇ ਤਾਂ

Digitized by Panjab Digital Library | www.panjabdigilib.org

ਇੱਕਪਿੰਡ ਦੀ ਜਮੀਨ ਨਹੀਂ ਦਿੱਤੀ ਪਰ ਕਿਸੇ ਦਿਨ ਨੂੰ ਇਸ ਦੇਸ ਦੇ ਮਾਲਕ ਏਹੀ ਹੋ ਜਾਵਣਗੇ
ਤੇ ਤੁਸੀ ਆਪਣੀਆਂ ਬੇਟੀਆਂ ਦੇ ਡੋਲੇ ਏਨ੍ਹਾਂ ਨੂੰ ਦੇਉਗੇ ਪਰ ਏਹ ਲੈਣਗੇ ਨਹੀਂ।
ਫੇਰ ਚੌਧਰੀ ਕਾਲ੍ਹੇ, ਕਰਮਚੰਦ ਆਦਿਕ ਨੂੰ ਆਖਿਆ ਤੁਸੀਂ ਏਸੇ ਵਕਤ ਚੜ੍ਹਦੇ ਦੀ ਤਰਫ਼ ਤੁਰੋ
ਤੇ ਜਿੱਥੇ ਦਿਨ ਛਿਪੇ ਉਥੇ ਹੀ ਮੋਹ੍ਹੀ ਗੱਡਕੇ ਬੈਠ ਜਾਓ ਉਥੇ ਹੀ ਤੁਹਾਡੇ ਕਈ ਪਿੰਡ ਬਸ ਜਾਵਣਗੇ
ਤਦ ਉਨ੍ਹਾਂ ਨੇ ਗੁਰੂ ਜੀ ਦਾ ਬਚਨ ਮੰਨਕੇ ਕੂਚ ਕਰ ਦਿੱਤਾ ਤੇ ਜਿੱਥੇ ਸੂਰਜ ਛਿਪਿਆ ਉਥੇ ਹੀ
ਆਪਣੇ ਵੱਡੇ ਮਰਾਝ ਦੇ ਨਾਮ ਦੀ ਮੋਹ੍ਹੀ ਗੱਡਕੇ ਪਿੰਡ ਬੰਨ੍ਹ ਬੈਠੇ। ਏਥੇ ਉਠਾਉਣ ਬਦਲੇ ਜੋ
ਬਸੰ: ੧੭੧੧ ਬਿ: ਨੂੰ ਕੌੜੇ ਜਟਾਂ ਦੀ ਤੇ ਮਰਾਝ ਦੇ ਸਿੱਧੂ ਜੱਟਾਂ ਦੀ ਆਪਸ ਵਿਚ ਬੜੀ ਭਾਰੀ ਲ
ੜਾਈ ਹੋਈ, ਜਿਸ ਵਿਚ ਦੋਹਾਂ ਤਰਫ਼ਾਂ ਦੇ ਬਹੁਤ ਆਦਮੀ ਮਾਰੇ ਗਏ, ਆਖਰਕਾਰ ਚੌਧਰੀ
ਕਾਲ੍ਹੇ ਦੇ ਹੱਥੋਂ ਜਰ ਜੈਤਪਿਰਾਣਾ[1] ਮਾਰਿਆ ਗਿਆ। ਫੇਰ ਮਰਾਝ ਦੇ ਲੋਕਾਂ ਨੇ ਮਰਾਝ ਨਾਮ
ਪਿੰਡ ਬਸਾਕੇ ਖੂਹ ਤਿਆਰ ਕਰ ਲੀਤਾ ਜੋ ਹੁਣ ਤਕ ਗੁਰੂ ਦਾ ਖੂਹ ਮਸ਼ਹੂਰ ਹੈ। ਇਸ ਦੇਸ ਵਿ
ਚ ਗੁਰੂ ਜੀ ਸੱਤ ਮਹੀਨੇ ਠਹਿਰੇ ਰਹੇ। ਏਨਾਂ ਦਿਨਾਂ ਵਿਚ ਹੀ ਇਕ ਦਿਨ ਚੌਧਰੀ ਕਾਲਾ ਆਪ
ਣੇ ਭਤੀਜੇ ਫੂਲ ਤੇ ਸੰਦਲੀ ਨੂੰ (ਜਿਨ੍ਹਾਂ ਦਾ ਬਾਪ ਕਰਮਚੰਦ ਉਸ ਜੰਗ ਵਿਚ ਮਾਰਿਆ ਗਿਆ
ਸੀ) ਲੈਕੇ ਗੁਰੂ ਪਾਸ ਆਯਾ। ਤਾਂ ਫੂਲ ਨੇ ਜੋ ਉਦੋਂ ਪੰਜ ਬਰਸ ਦਾ ਸੀ ਆਪਣੇ ਚਾਚੇ ਕਾਲਾ
ਚੰਦ ਦੇ ਸਿਖਾਏ ਹੋਏ ਗੁਰੂ ਜੀ ਦੇ ਸਾਹਮਣੇ ਖੜੇ ਹੋਕੇ ਨੱਕਾਰੇ ਵਾਂਗੂ ਹੱਥ ਨਾਲ ਆਪਣਾ ਪੇ
ਟ ਵਜਾਯਾ। ਗੁਰੂ ਜੀ ਨੇ ਪੁੱਛਿਆ ਤਾਂ ਕਾਲ੍ਹੇ ਨੇ ਅਰਜ਼ ਕੀਤੀ ਮਹਾਰਾਜ ਏਹ ਭੁੱਖਾ ਹੈ, ਗੁਰੂ
ਦੇ ਘਰੋਂ ਬਖਸ਼ਸ਼ ਚਾਹੁੰਦਾ ਹੈ ਗੁਰੂ ਸਾਹਿਬ ਨੇ ਜੋ (ਦੀਨ ਦੁਨੀਆਂ ਦੀ ਦੌਲਤ ਦੇ ਸਮੁੰਦ੍ਰ ਸੇ)
ਬਚਨ ਕੀਤਾ ਏਸ ਦੀ ਸੰਤਾਨ ਦੇ ਘੋੜੇ ਜਮਨਾ ਦਾ ਜਲ ਪੀਣਗੇ ਅਰਥਾਤ ਜਮਨਾ, ਸਤ
ਲੁਜ ਦੇ ਅੰਦਰ ਰਾਜ ਕਰਨਗੇ ਤੇ ਲੱਖਾਂ ਜੀਵ ਏਸ ਦੇ ਲੰਗਰੋਂ ਰੋਟੀ ਖਾਣਗੇ। ਓਹ ਠੀਕ ਓਹੋ
ਬਚਨ ਸੱਚ ਹੋਯਾ ਕੇ ਮਰਾਝ ਪਿੰਡ ਵਿਚੋਂ ਨਿਕਲਕੇ ਫੂਲ, ਲਾਹਿਰਾ ਆਦਿਕ ਪੰਜੀ[24] ਤੀ[30]
ਸ ਪਿੰਡ ਹੋਰ ਬਸ ਗਏ (ਜੋ ਬਾਈਆ ਮਸ਼ਹੂਰ ਹੈ) ਤੇ ਫੂਲ ਦੀ ਸੰਤਾਨ ਮਹਾਰਾਜਾ ਪਟਿ
ਆਲਾ, ਨਾਭਾ, ਜੀਂਦ ਹੁਣ ਪ੍ਰਤੱਖ ਜਮਨਾ ਸਤਲੁਜ ਦੇ ਅੰਦਰ ਰਾਜ ਕਰ ਰਹੀ ਹੈ।

੧ ਜੈਤਪਿਰਾਣੇ ਦੀ ਬਹਾਦਰੀ ਉਸ ਦੇਸ ਵਿਚ ਹੁਣ ਤਕ ਮਸ਼ਹੂਰ ਹੈ ਏਹ ਜੈਤਪਿਰਾਣਾ ਸਵਾ ਮਣ ਲੋਹੇ ਦੀ
ਸਾਂਗ ਹੱਥ ਵਿਚ ਰੱਖਦਾ ਹੁੰਦਾ ਸੀ ਤੇ ਕਈ ਸ਼ੇਰ ਏਸੇ ਸਾਂਗ ਨਾਲ ਮਾਰੇ ਸਨ। ਬਡੇ ੨ ਬਲੀ ਝੋਟਿਆਂ ਨੂੰ ਸਿੰਗਾਂ ਤੋਂ
ਪਕੜਕੇ ਪਛਾੜ ਦਿੰਦਾ ਹੁੰਦਾ। ਪੈਸੇ ਦੇ ਹਰਫ਼ ਮਲ ਸਿੱਟਦਾ। ਇਸ ਦੀ ਮਾਂ ਜਦ ਗਰਭਵਤੀ ਸੀ ਤਾਂ ਸੁਤੀ ਉਠਕੇ ਸ
ਵੇਰੇ ਹੀ ਸ਼ੇਰ ਦਾ ਆਚਾਨਕ ਦਰਸਨ ਕੀਤਾ ਇਤਫਾਕ ਨਾਲ ਸੂਰਜ ਨਿਕਲਨ ਦੇ ਸਮੇ ਸ਼ੇਰ ਪਾਣੀ ਪੀਣ ਆ
ਇਆ ਸੀ। ਓਹੋ ਝਲ ਜੈਤਪਿਰਾਣੇ ਵਿਚ ਆ ਗਏ।

Digitized by Panjab Digital Library | www.panjabdigilib.org

ਜਦ ਕਾਲਾ ਆਪਣੇ ਭਤੀਜਿਆਂ ਨੂੰ ਏਹ ਖ਼ਬਰ ਦਿਵਾਕੇ ਘਰ ਗਿਆ ਤਾਂ ਉਸਦੀ ਔਰਤਨੇ ਆ
ਖਿਆ ਏਨ੍ਹਾਂ ਦੀ ਔਲਾਦ ਨੂੰ ਰਾਜ ਦਿਵਾਕੇ ਆਪਣੀ ਸੰਤਾਨ ਨੂੰ ਰਯਤ ਬਣਾ ਲਿਆ ਜਾ ਹੈਂ ਤੈ
ਨੂੰ ਕੀ ਫਾਇਦਾ ਹੋਯਾ ਸ਼ਰੀਕ ਦੀ ਰਯਤ ਹੋਣੇ ਤੋਂ ਤਾਂ ਤੁਰਕਾਂ ਦੀ ਰਯਤ ਹੋਣਾ ਚੰਗਾ ਹੈ। ਉਸਦੀ
ਬੋਲੀ ਦਾ ਮਾਰਿਆ ਹੋਯਾ ਕਾਲਾ ਫੇਰ ਆਪਣੇ ਪੁੱਤਾਂ ਨੂੰ ਨਾਲ ਲੈਕੇ ਗੁਰੂ ਪਾਸ ਗਿਆ ਤਾਂ ਉ
ਨ੍ਹਾਂਨੇ ਬਚਨ ਕੀਤਾ ਰਾਜ ਤਾਂ ਫੂਲ ਦੀ ਔਲਾਦ ਹੀ ਕਰੇਗੀ ਪਰ ਤੇਰੀ ਔਲਾਦ ਆਪਣੀ ਵਾ
ਹੀ ਆਪੇ ਖਾਊ ਮਾਫੀਦਾਰ ਹੋਵੇਗੀ। ਸੋਈ ਹੁਣ ਤਕ ਲੈਂਡ ਘਰੀਏ ਸਰਦਾਰ ਸੱਦੀਦੇ ਹਨ ਇਕ ਖ਼ਤਾਬ ਦਾ ਨਾਮਾ
।। — ਗੁਰੂ ਹਰਿਰਾਇ ਸਾਹਿਬਨੇ ਦੋ ਬਰਸ ਤਕ ਨਦੀ ਮੇਘ ਦੀ ਤਰਾਂ ਮਾਲਵੇ ਦੇਸ ਦੇ ਅਨੇ
ਕ ਪਿੰਡਾਂ ਵਿਚ ਫਿਰਕੇ ਬੇਅੰਤ ਲੋਗਾਂ ਨੂੰ ਲੋਕ ਪਰਲੋਕ ਦੀ ਦੌਲਤ ਬਖਸ਼ਕੇ ਧਨੀ ਕੀਤਾ
ਪੂਰੀ ਕਥਾ ਉਨ੍ਹਾਂ ਦੀ ਪੰਜਵੇਂ ਹਿੱਸੇ ਵਿਚ ਹੈ।

ਇਕ ਦਿਨ ਬਿੰਦ੍ਰੂ ਨਾਮ ਪਿੰਡ ਵਿਖੇ ਗੁਰੂ ਜੀ ਦੀ ਸਭਾ ਵਿਚ ਭਾਈ ਭਗਤੂ ਦੇ ਬੇਟੇ ਗੌਰੇ ਨੂੰ ਗੁਰੂ
ਦੇ ਚੌਰ ਬਰਦਾਰ ਅਹਿਲਕਾਰ ਜੈਤੇ ਨਾਮੀ ਸਰਦਾਰ ਨੇ ਮਸਖਰੀ ਕੀਤੀ ਕੇ ਜੇਹੜੀ ਔਰਤ
ਭਾਈ ਭਗਤੂ ਬਿਆਹ ਕੇ ਛਡ ਗਿਆ ਹੈ ਉਹ ਤੁਹਾਡੇ ਕੰਮ ਨਹੀਂ ਭਾਈ ਭਗਤੂ ਮੇਰਾ ਗੁਰਭ੍ਰਾ
ਈ ਸੀ ਏਸ ਵਾਸਤੇ ਮੇਰਾ ਹੱਕ ਹੈ ਤੁਸੀ ਮੈਨੂੰ ਦੇਦੇਓ। ਮਸਖਰੀ ਕਲੇਸ ਦਾ ਕਾਰਣ ਜਾਨ ਦਾ ਖੋ
ਹੁੰਦੀ ਹੈ ਗੌਰੇ ਨੂੰ (ਜੋ ਬਡਾ ਬਹਾਦਰ ਧਾੜਵੀ ਮਸ਼ਹੂਰ ਆਦਮੀ ਸੀ ਤੇ ਜਿਸਦੇ ਪਾਸ ਸੌ ਦੋ
ਸੌ ਅਸਵਾਰ ਗਠਕਾਠ ਧਾੜਵੀ ਹਮੇਸ਼ ਟਿਕੇ ਰਹਿੰਦੇ ਸੇ) ਏਹ ਬੋਲੀ ਸਾਬੁਨ ਤਾਰ ਵਾਂਗੂ
ਖਾ ਗਈ ਤੇ ਏਸੇ ਬਦਲੇ ਇਕ ਦਿਨ ਸ਼ਿਕਾਰ ਗਏ ਜੈਤੇ ਨੂੰ ਗੌਰੇ ਨੇ ਮਰਵਾ ਦਿੱਤਾ ਏਹ ਗ
ਲ ਸੁਣਕੇ ਗੁਰੂ ਸਾਹਿਬਨੇ ਗੌਰੇ ਉੱਤੇ (ਜਿਸਨੇ ਇਕ ਦਿਲ ਲਗੀ ਦੀ ਬਾਤ ਪਰ ਗੁੱਸਾ ਖਾਕੇ
ਗੁਰੂ ਜੀ ਦੇ ਲਾਇਕ ਸੇਵਕ ਨੂੰ ਕਤਲ ਕਰ ਦਿੱਤਾ) ਬਹੁਤ ਕੋਪ ਹੋਕੇ ਸ੍ਰਾਪ ਦੇ ਦਿੱਤਾ ਕਿ ਗੌ
ਰਾ ਸਾਡੇ ਸਾਹਮਣੇ ਨਾ ਆਵੇ। ਫੇਰ ਆਪ ਕੀਰਤਪੁਰ ਵੱਲ ਚੱਲ ਪਏ। ਗੌਰਾ ਭੀ ਆਪ
ਣੇ ਸਾਥੀਆਂ ਸਮੇਤ ਸ੍ਰਾਪ ਦੀ ਮਾਫੀ ਵਾਸਤੇ ਹਰਵਕਤ ਆਸ ਪਾਸ ਦੋ ਦੋ ਕੋਸ ਫਿਰਦਾ ਰਹੇ।

ਜਦ ਕੀਰਤਪੁਰੋਂ ਗੁਰੂ ਸਾਹਿਬ ਫੇਰ ਕਰਤਾਰਪੁਰ ਦੀ ਤਰਫ ਚਲਕੇ ਸਤਲੁਜੋਂ ਪਾਰ ਗਏ
ਤਾਂ ਇਕ ਜਗਾ ਮੁਹੰਮਦ ਯਾਰਬੇਗ ਖਾਂ ਫੌਜਦਾਰ ਮੁਖਲਸ ਖਾਂ ਦਾ ਬੇਟਾ ਹਜ਼ਾਰਕ ਅਸ
ਵਾਰ ਨਾਲ ਉਤਰਿਆ ਹੋਯਾ ਸੀ। ਗੁਰੂ ਸਾਹਿਬ ਤਾਂ ਆਪਣੀ ਫੌਜ ਸਮੇਤ ਪੰਜ ਚਾਰ ਕੋਸ
ਅੱਗੇ ਚਲੇ ਗਏ ਪਰ ਗੁਰੂ ਜੀ ਦੇ ਡੋਲੇ, ਰੱਥ, ਖਜ਼ਾਨਾ, ਅਸਬਾਬ ਦੇ ਗੱਡੇ ਲੱਦੇ ਹੋਏ ਪਿੱਛੇ
ਚਲੇ ਆਉਂਦੇ ਸੇ।। — ਮੁਹੰਮਦ ਯਾਰਬੇਗ ਖਾਂਨੇ (ਜਿਸਦੇ ਬਾਪ ਨੂੰ ਗੁਰੂ ਹਰਿਗੋਬਿੰਦ

Digitized by Panjab Digital Library | www.panjabdigilib.org

ਸਾਹਿਬ ਨੇ ਜੰਗ ਵਿਚ ਮਾਰਿਆ ਸੀ) ਆਪਣਾ ਪੁਰਾਣਾ ਵੈਰ ਵਿਚਾਰ ਕੇ ਗੁਰੂ ਦੇ ਵਜੀਰ ਨੂੰ ਲੁੱਟਣ ਮਾਰਣ ਦਾ ਹੁਕਮ ਦੇ ਦਿੱਤਾ। — ਏਹ ਰੌਲਾ ਸੁਣਕੇ ਭਾਈ ਗੈਰਾ ਜੋ ਦੋ ਸੈ ਅਸਵਾਰ ਨਾਲ ਲੈਕੇ ਏਹੋ ਜੇਹੇ ਵਕ੍ਤ ਦੀ ਇੱਛਿਆ ਰੱਖਕੇ ਪਿੱਛੇ ੨ ਚਲਿਆ ਆਉਂਦਾ ਸੀ ਆ ਪਹੁੰਚਿਆ ਤੇ ਐਸੇ ਜੋਰ ਸੋਰ ਤੇ ਹੌਸਲੇ ਬਹਾਦਰੀ ਨਾਲ ਤੁਰਕਾਂ ਨੂੰ ਰੋਕਿਆ ਕੇ ਸਾਰੀ ਫੌਜ ਦੇ ਦੰਦ ਖੱਟੇ ਕਰ ਦਿੱਤੇ ਅਤੇ ਪਿਛਾਂਹ ਨੂੰ ਮੋੜ ਦਿੱਤਾ। — ਭਾਈ ਗੈਰੇ ਨੇ ਸਬ ਨੂੰ ਦੁਸਮਣਾਂ ਦੇ ਪੰਜੇ ਵਿਚੋਂ ਛੁਡਾਕੇ ਅਮਨ ਆਮਾਨ ਨਾਲ ਗੁਰੂ ਪਾਸ ਪਹੁੰਚਾ ਦਿੱਤਾ।

ਏਹ ਖਬਰ ਸੁਣਕੇ ਗੁਰੂ ਸਾਹਿਬ ਨੇ ਗੈਰੇ ਨੂੰ ਆਪਣੇ ਪਾਸ ਬੁਲਾ ਕਰ, ਪਿਛਲਾ ਕਸੂਰ ਮਾਫ ਕਰਕੇ ਅੱਗੇ ਨੂੰ ਦੋਹਾਂ ਜਹਾਨਾ ਦੀ ਦੌਲਤ ਬਖਸ ਦਿੱਤੀ ਜਿਸ ਕਰਕੇ ਭਾਈ ਗੈਰੇ ਦੀ ਸੰਤਾਨ ਕੈਂਬਲ ਦੇ ਰਾਜੇ ਹੋ ਗਏ। ਸਾਰੀ ਕਥਾ ਪੰਜਵੇਂ ਹਿੱਸੇ ਵਿਚ ਲਿਖੀ ਹੈ।

ਗੁਰੂ ਸਾਹਿਬ ਫਗਵਾੜੇ, ਪਲਾਹੀ, ਫਰਾਲੇ, ਦੁਸਾਂਝ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਦੁਆਬੇ ਦੇਸ ਦੇ ਲੋਗਾਂ ਨੂੰ ਧਰਮ ਦੇ ਰਾਹ ਚਲਾਉਂਦੇ ਹੋਏ ਬਿਆਸਾ ਪਾਰ ਹੋ ਸੰ:੧੭੧੩ ਬਿ: ਨੂੰ ੨੨ ਅੱਸੂ ਦੇ ਦਿਹਾੜੇ ਗੋਇੰਦਵਾਲ ਜਾ ਉਤਰੇ।

ਉਸੇ ਸਮੇਂ ਔਰੰਗਜੇਬ ਨੇ ਜਦ ਆਪਣੇ ਬਾਪ ਸਾਹਜਹਾਂ[1] ਬਾਦਸਾਹ ਨੂੰ ਆਗਰੇ ਦੇ ਕਿਲੇ ਵਿਚ ਕੈਦ ਕਰਕੇ ਤਖਤ ਦੇ ਵਾਰਸ ਦਾਰਾਸਿਕੋਹ ਟਿੱਕੇ ਦੀ ਜਾਨ ਲੈਣੀ ਚਾਹੀ ਤਦ ਟਿੱਕਾ ਦਾਰ

---

੧ ਸਾਹਜਹਾਂ ਦਾ ਪਹਿਲਾ ਨਾਮ ਸਹਾਬੁੱਦੀਨ ਸੀ ਤਖਤ ਬੈਠ ਕੇ ਸਾਹਜਹਾਂ ਮਸਹੂਰ ਹੋਯਾ। ਇਸ ਨੇ ਬਹੁਤ ਜੰਗ ਕਰਨੇ ਦੇ ਬਾਦ ਸੰਮਤ ੧੬੮੩ ਬਿ: ਨੂੰ ਤਖਤ ਸੰਭਾਲਿਆ ਫੇਰ ਬਹੁਤ ਚੰਗੇ ੨ ਕੰਮ ਕੀਤੇ ਰੱਯਤ ਆਬਾਦ ਕੀਤੀ ਬਾਦਸਾਹੀ ਨੂੰ ਐਸੀ ਰੌਣਕ ਦਿੱਤੀ ਜੋ ਹੋਰ ਕਿਸੇ ਬਾਦਸਾਹ ਤੇ ਐਸੀ ਹੋਣੀ ਮੁਸਕਿਲ ਸੀ। ਸੰ:੧੬੯੫ ਬਿ: ਵਿਚ ਪੁਰਾਣੀ ਦਿੱਲੀ ਉਜਾੜਕੇ ਨਵਾਂ ਸਾਹਿਰ ਜਮਨਾ ਕਿਨਾਰੇ ਜਹਾਨਾਬਾਦ ਨਾਮੀ ਵਸਾਯਾ ਤੇ ਆਪਣੇ ਖਜਾਨੇ ਵਿਚੋਂ ਰੱਯਤ ਦੇ ਮਕਾਨ ਬਣਵਾ ਦਿੱਤੇ। ਦਿੱਲੀ ਵਿਚ ਲਾਲ ਕਿਲਾ ਅਤੀ ਮਜਬੂਤ ਤੇ ਸੁੰਦਰ ਤੇ ਜਾਮੇ ਮਸਜਦ ਆਗਰੇ ਵਿਚ ਤਾਜ ਗੰਜ, ਜਹਾਂਗੀਰ ਦਾ ਰੋਜਾ ਸਾਹਦਰੇ ਆਦਿਕ ਮਕਾਨ ਬਨਵਾਏ ਤੇ ਇਕ ਤਖਤ ਤਾਊਸੀ ੬ ਫੁਟ ਲੰਬਾ ੪ ਫੁਟ ਚੌੜਾ ਬਨਵਾਯਾ ਜਿਸ ਵਿਚ ੧੦੮ ਲਾਲ ਸਵਾ ਸੌ ਰੱਤੀ ਤੋਂ ਲੈਕੇ ਢਾਈ ਸੈ ਰੱਤੀ ਤੋਲ ਤਕ ਦੇ ਲੱਗੇ ਸੇ, ੧੬੨ ਪੰਨੇ ੩੬ ਰੱਤੀ ਤੋਂ ਲੈਕੇ ੭੨ ਰੱਤੀ ਤੱਕ ਦੇ ਜੜਾਏ ਅਤੇ ਸਾਰੇ ਹੀਰੇ ਤੇ ਮੋਤੀ ਕੱਟਕੇ ਝਾਲਰ ਸਾਰੀ ਚੰਗੇ ਗੋਲ ਮੋਤੀਆਂ ਦੀ ਲਗਾਈ। ਤਖਤ ਦੀ ਮਹਰਾਬ ਉੱਤੇ ਇਕ ਮੋਰ ਜਮੁਰਦ ਰੰਗ ਨੀਲਮ ਦਾ ਪੂੰਛ ਫੈਲਾਏ ਹੋਏ ਜਵਾਹਰਾਂ ਨਾਲ ਜੜਿਆ ਹੋਯਾ ਖੜਾ ਕੀਤਾ, ਦੁੰਮ ਸਾਰੀ ਨੀਲਮਾਂ ਦੀ ਛਾਤੀ ਅੱਗੇ ਇਕ ਵੱਡਾ ਲਾਲ, ਗਰਦਨ ਵਿਚ ਡੇਢ ਰੱਤੀ ਤੋਂ ਘਟ ਕੇ ਦੀ ਮੋਤੀ ਨਾਲ ਲਗਾਯਾ। ਇਕ ਹੀਰੇ ਦਾ ਅੰਡਾ ੧੭੦ ਰੱਤੀ ਦਾ ਸੀ। ਏਸ ਦੀ ਲਾਗਤ ਸਾਰੀ ੭ ਕਰੋੜ ੧੦ ਲੱਖ ੮੨ ਹਜ਼ਾਰ ਤਿੰਨ ਸੌ ਪਚੱਤਰ ਰੁਪਯਾ ਗਿਣਤੀ ਵਿਚ ਆਈ ਹੈ ਤੇ ੨੨ ਲਖ ਦੀ ਮਸਨਦ ਏਸ ਪਰ ਬਿਛਾਈ ਗਈ। ਸਾਹਜਹਾਂ ਦੇ ਜਨਮ ਵਾਲੇ ਦਿਨ ਹਮੇਸਾ ਤੁਲਾ ਦਾਨ ਹੁੰਦਾ ਤੇ ਪਿਆਲੇ ਭਰ ੨ ਕੇ ਸਦਕੇ ਕੀ

ਸ਼ਿਕੋਹ ਕਾਬੁਲ ਪਹੁੰਚਣ ਵਾਸ੍ਤੇ ਨੱਠ ਤੁਰਿਆ ਤਾਂ ਤੇ ਬ੍ਯਾਸਾ ਲੰਘਕੇ ਗੋਇੰਦਵਾਲ ਗੁਰੂ
ਸਾਹਿਬ ਪਾਸ ਪਹੁੰਚਕੇ, ਦੀਨ ਹੋਕੇ ਅਰਜ਼ ਕੀਤੀ ਕਿ ਮੇਰੇ ਪਿੱਛੇ ਔਰੰਗਜੇਬ ਦੀ ਫੌਜ
ਮੈਨੂੰ ਫੜਨ ਵਾਸ੍ਤੇ ਆਈ ਹੈ ਜੇਕਰ ਤੁਸੀਂ ਏਨ੍ਹਾਂ ਨੂੰ ਕਿਸੇਤਰਾਂ ਦੋ ਪਹਿਰ ਦਰਿਯਾਓਂ
ਨਾ ਲੰਘਣ ਦੇਵੋ ਤਾਂ ਮੇਰੀ ਜਾਨ ਬਚ ਜਾਏਗੀ। ਗੁਰੂ ਜੀ ਨੇ ਦਯਾ ਕਰਕੇ ਆਪਣੇ ੨੨੦੦
ਭਾਈ ਸੈ ਅਸਵਾਰ ਤੇ ਦੋ ਤਿੰਨ ਤੋਪਾਂ ਭੇਜਕੇ ਪੱਤਣ ਪਰ ਦੋ ਚਾਰ ਫੈਰ ਕਰਾਇ ਦਿੱਤੇ।
ਅਤੇ ਬੇੜੀਆਂ ਰੋਕ ਦਿੱਤੀਆਂ ਜਿਸ ਕਰਕੇ ਸ਼ਾਹੀ ਫੌਜ ਓਥੇ ਇਕ ਦਿਨ ਰੁਕਕੇ ਫੇਰ ਪਿੱ
ਛੇ ਨੂੰ ਵਾਪਸ ਹੋ ਗਈ। —— ਗੁਰੂ ਸਾਹਿਬ ਖਡੂਰ ਤਰਨ ਤਾਰਨ ਦਰਸ਼ਨ ਇਸ਼ਨਾਨ
ਕਰਕੇ ਦੀਪਮਾਲਾ ਨੂੰ ਅੰਮ੍ਰਿਤਸਰ ਵਿਚ ਪਹੁੰਚ ਗਏ। ਆਗਮਨ ਸੁਣਕੇ ਦੇਸ ੨ ਦੇ ਮ
ਸੰਦ ਸੰਗਤਾਂ ਨੂੰ ਨਾਲ ਲੈਕੇ ਆ ਪਹੁੰਚੇ ਤੇ ਬਹੁਤ ਦੌਲਤ ਨਜ਼ਰ ਭੇਟਾ ਦਿਵਾਈ ਤੇ ਸਿਰੋ
ਪਾਉ ਗੁਰੂ ਤੋਂ ਪਾਏ ਸਿੱਖ ਭੀ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਪਾਕੇ ਰੁਖਸਤ
ਹੋਏ। ਗੁਰੂ ਸਾਹਿਬ ਭਾਈ ਰਾਮਦਿਦ ਨੂੰ ਅੰਮ੍ਰਿਤਸਰ ਦਾ ਮਸੰਦ ਕਾਯਮ ਕਰਕੇ, ਆਪ੍ਰੇ,

---

[illegible] ਤੇ ਜਾਂ ਦੇ ਆਖਰੀ ਖਾਂ ਲਿਖਦਾ ਹੈ ਕਿ ਤੁਲਾਦਾਨ ਵਾਲੇ ਦਿਨ ਇਕ ਕਰੋੜ ਸੱਠ ਲੱਖ ਰੁਪਯਾ ਖਰਚ
ਹੁੰਦਾ ਸੀ। ਏਸੇ ਦੇ ਵਕਤ ਸੰ: ੧੬੩੧ ਈ: ਵਿਚ ਪੁਰਤਗਾਲ ਵਾਲੇ ਫਰਾਸੀਸਾਂ ਨੇ ਹੁਗਲੀ ਪਾਸ
ਕਿਲਾ ਬਨਾਯਾ ਸੀ ਜੋ ਹੁਣ ਭੀ ਫਰਾਂਸ ਡਾਂਗਾ ਨਾਮ ਕਰਕੇ ਉਨ੍ਹਾਂ ਦੇ ਕਬਜੇ ਵਿਚ ਹੈ। ਅਲੀ ਮਰਦਾ
ਨ ਖਾਂ ਕੰਧਾਰੀ ਨੇ ਨਹਰ ਬਨਵਾਈ ਸੰ: ੧੭੦੩ ਵਿਚ ਜੋ ਹੁਣ ਦਿੱਲੀ ਵਿਚ ਚਲ ਰਹੀ ਹੈ। ਸੰਮਤ
੧੭੦੫ ਬਿ: ਵਿਚ ਮੀਰ ਜੁਮਲਾ ਜੋ ਪਹਿਲੇ ਹੀਰਿਆਂ ਦੀ ਸੌਦਾਗਰੀ ਕਰਦਾ ਹੁੰਦਾ ਤੇ ਫੇਰ ਦੱਖਣ
ਹੈਦਰਾਬਾਦ ਦੇ ਅਬਦੁੱਲਾ ਕੁਤਬਸ਼ਾਹ ਬਾਦਸ਼ਾਹ ਦਾ ਵਜ਼ੀਰ ਬਣ ਗਿਆ ਸੀ ਉਸ ਪਰ ਨਾਰਾਜ ਹੋ
ਕੇ ਬਾਦਸ਼ਾਹ ਨੇ ਉਸਦੇ ਬੇਟੇ ਮੁਹੰਮਦ ਅਮੀਨ ਨੂੰ ਕੈਦ ਕਰ ਲੀਤਾ ਮੀਰ ਜੁਮਲਾ ਨੇ ਸ਼ਾਹਜਹਾਂ ਪਾਸੋਂ ਮ
ਦਦ ਮੰਗੀ ਸ਼ਾਹਜਹਾਂ ਨੇ ਆਪਣੇ ਬੇਟੇ ਔਰੰਗਜ਼ੇਬ ਨੂੰ ਫੌਜ ਦੇਕੇ ਭੇਜਿਆ। ਔਰੰਗਜ਼ੇਬ ਨੇ ਦੱਖਣੀਆਂ
ਤੇ ਫਤੇ ਪਾਉਣੀ ਮੁਸ਼ਕਿਲ ਸਮਝਕੇ ਬਾਦਸ਼ਾਹ ਅਬਦੁੱਲਾ ਨਾਲ ਕਸਮ ਨੇਮ ਕਰ ਐਸਾ ਧੋਖਾ ਦਿੱਤਾ
ਕਿ ਮਿਲਣ ਦੇ ਬਹਾਨੇ ਹੈਦਰਾਬਾਦ ਵਿਚ ਫੌਜ ਲੈ ਜਾਕੇ ਲੁੱਟ ਮਾਰ ਕਰਣੀ ਤੇ ਅੱਗ ਲਾਉਣੀ ਸ਼ੁਰੂ ਕਰ
ਦਿੱਤੀ। ਬਾਦਸ਼ਾਹ ਅਬਦੁੱਲਾ ਨੇ ਲਾਚਾਰ ਹੋਕੇ ਮੁਹੰਮਦ ਅਮੀਨ ਨੂੰ ਭੀ ਛੱਡ ਦਿੱਤਾ ਤੇ ਆਪਣੀ ਬੇਟੀ
ਔਰੰਗਜ਼ੇਬ ਦੇ ਬੇਟੇ ਸੁਲਤਾਨ ਮੁਹੰਮਦ ਨੂੰ ਬਯਾਹਕੇ ਇਕ ਕਰੋੜ ਰੁਪਯਾ ਹੋਰ ਨਾਲ ਦਿੱਤਾ ਤੇ ਆਪਣਾ
ਪਿੱਛਾ ਛੁਡਾਯਾ। ਉਦੋਂ ਹੀ ਮੀਰ ਜੁਮਲਾ ਸੌਦਾਗਰ ਨੇ ਸ਼ਾਹਜਹਾਂ ਨੂੰ ਕੋਹਨੂਰ ਹੀਰਾ ਭੇਟ ਕੀਤਾ ਜੋ ਹੁਣ
ਸ੍ਰੀ ਮਹਾਰਾਣੀ ਇੰਗਲੈਂਡ ਕੀ ਸ੍ਰੂਰੀ ਦੇ ਪਾਸ ਹੈ। ਏਹ ਹੀਰਾ ਕਿਸੇ ਸਮੇ ਕਾਹਿਲੂਰ ਦੂਣ ਦੇ ਪਹਾੜਾਂ ਵਿ
ਚੋਂ ਨਿਕਲਿਆ ਸੀ ਤਾਂ ਹੀ ਏਸ ਦਾ ਨਾਮ ਕੋਹਨੂਰ ਹੀਰਾ ਰੱਖਿਆ ਗਿਆ।
ਸ਼ਾਹਜਹਾਂ ਦੇ ਚਾਰ ਬੇਟੇ ਸੇ ਵੱਡਾ ਦਾਰਾਸ਼ਿਕੋਹ (ਜੋ ਵੱਡਾ ਉਦਾਰ ਫਕੀਰ ਬੰਦਗੀ ਵਿਚ ਰਹਿੰਦਾ ਸੀ
੫੨ ਬਦੀਨਾ ਉਪਨਿਸ਼ਦਾਂ ਦਾ ਤਰਜੁਮਾ ਪਹਿਲੇ ਏਸੇ ਨੇ ਕਰਾਯਾ ਸੀ ਏਸ ਨੂੰ ਸ਼ਾਹਜਹਾਂ ਆਪਣੇ ਪਾਸ
ਰੱਖਦਾ ਸੀ।) ਦੂਸਰਾ ਸ਼ੁਜਾ ਬੰਗਾਲੇ ਦਾ ਸੂਬਾ ਸੀ, ਤੀਸਰਾ ਮੁਰਾਦ ਗੁਜਰਾਤ ਦਾ ਨਾਜ਼ਮ ਸੀ, ਤੇ

Digitized by Panjab Digital Library | www.panjabdigilib.org

ਢਾਬੇ ਦੇਸ ਦੇ ਸਿੱਖਾਂ ਨੂੰ ਪ੍ਰਭੂ ਦੀ ਭਗਤੀ ਵਿਚ ਲਾਉਂਦੇ ਹੋਏ ਮਾਘੀ ਨੂੰ ਕੀਰਤਪੁਰ ਆਬੈਠ ਜੇ। — ਉਧਰ ਆਲਮਗੀਰ ਨੇ ਤਖ਼ਤ ਬੈਠਦੇ ਹੀ ਆਪਣਾ ਤਾਹਿਦ ਬੈਠਾਉਣ ਵਾਸਤੇ ਆਪਣੇ ਤਿਨਾ ਭਾਈਆਂ ਨੂੰ ਧੋਖੇ ਨਾਲ ਕਸਮਾਂ ਖਾਕੇ ਪਕੜ ਕੇ ਮਾਰ ਦਿੱਤਾ ਅਤੇ ਬਾਪ ਨੂੰ ਕੈਦ ਵਿਚ ਪਾਯਾ। ਹਿੰਦੂਆਂ ਪਰ ਜ਼ੁਲਮ ਤੇ ਬਾਦ ਪੱਖ ਦੀ ਐਸੀ ਤਲਵਾਰ ਖਿੱਚੀ ਕਿ ਸੈਂਕੜੇ ਮੰਦਰ ਮੂਰਤਾਂ ਤੋੜਕੇ ਉਥੇ ਮਸੀਤਾਂ ਪਵਾ ਦਿੱਤੀਆਂ। ਕਾਂਸ਼ੀ ਵਿਚ ਬਿਸ੍ਵਨਾਥ ਦਾ ਮੰਦਰ ਢਾਹਕੇ ਸ਼ਿਵਜੀ ਨੂੰ ਕੂਏ ਵਿਚ ਸਿਟਾਇ ਦਿੱਤਾ ਮਥਰਾ ਦਾ ਕੇਸ਼ਵ ਮੰਦਰ ਤੇ ਅਜੁੱਧਯਾ ਦਾ ਰਾਮਝਰੋਖਾ ਗਿਰਾਇਕੇ ਮਸੀਤਾਂ ਰਚ ਦਿੱਤੀਆਂ। ਪਿੰਡਾਂ ਦੇ ਪਿੰਡ ਬਦੋ ਬਦੀ ਮੁਸਲਮਾਨ ਕਰ ਸਿੱਟੇ, ਜੋ ਕੋਈ ਉਜ਼ਰ ਕਰਦਾ ਉਹੋ ਤੇਗ ਦੇ ਘਾਟ ਉਤਾਰਿਆ ਜਾਂਦਾ। — ਦਿੱਲੀ ਵਿਚ ਸਰਮੱਦ ਫਕੀਰ ਜੋ ਦਾਰਾ ਸ਼ਿਕੋਹ ਨੂੰ ਸੱਚਾ ਪਾਤਸ਼ਾਹ ਬੋਲਿਆ ਕਰਦਾ ਸੀ ਕਤਲ ਕਰਾਯਾ ਗਿਆ। ਬਿਸਨਾਥ ਜੋਗੀ, ਸ਼ੰਭੂਗਿਰ ਸਿਨਿਆਸੀ ਜੋ ਬਡੇ ੨ ਮਸ਼ਹੂਰ ਹਿੰਦੂ ਧਰਮਦ ਈਮਸੇ ਦੂਰ ਦਸ਼ਾ ਕਰਕੇ ਮਾਰ ਦਿੱਤੇ।

੨੫੮ ਸਾਖੀ

ਚੌਥਾ ਔਰੰਗਜ਼ੇਬ ਦੱਖਣ ਦਾ ਸੂਬਾ ਸੀ। ਜਦ ਸ਼ਾਹਜਹਾਂ ਨੇ ਬੀਮਾਰ ਹੋਕੇ ਦਾਰਾ ਦੇ ਅਖ਼ਤਯਾਰ ਵਧਾਕੇ ਏਸ ਨੂੰ ਆਗਰੇ ਵਿਚ ਤਖ਼ਤ ਬੈਠਾਉਣਾ ਚਾਹਿਆ ਤਾਂ ਉਹ ਤਿਨੋ ਆਪਣੀ ੨ ਫੌਜਾਂ ਲੈਕੇ ਚੜ੍ਹ ਆਏ। ਔਰੰਗੇ ਨੇ ਮੁਰਾਦ ਨੂੰ ਲਿਖਦਿਤਾ ਤਖ਼ਤ ਤੈਨੂੰ ਮੁਬਾਰਕ ਹੋਵੇ ਮੈਂ ਤਾਂ ਫਕੀਰ ਹੋਕੇ ਮੱਕੇ ਚਲਿਆਜਾਂਦਾ ਪਰ ਦਾਰਾ ਕਾਫ਼ਰ ਹਿੰਦੂ ਮਤ ਨੂੰ ਅੱਛਾ ਮੰਨਦਾ ਹੈ ਜੇ ਏਹ ਬਾਦਸ਼ਾਹ ਹੋਯਾ ਤਾਂ ਦੀਨ ਨੂੰ ਨੁਕਸਾਨ ਪਹੁੰਚੇਗਾ ਏਸ ਕਰਕੇ ਮੈਂ ਤੈਨੂੰ ਤਖ਼ਤ ਦਿਵਾਕੇ ਮੱਕੇ ਜਾਣਾ ਚਾਹੁੰਦਾ ਹਾਂ। ਏਸੇ ਤਰਾਂ ਸੂਜੇ ਨੂੰ ਲਿਖ ਭੇਜਿਆ। ਤਿੰਨੇ ਮਿਲਕੇ ਆਗਰੇ ਪਾਸ ਆਗਏ ਏਧਰੋਂ ਦਾਰਾ ਭੀ ਫੌਜਾਂ ਲੈਕੇ ਗਿਆ ਤਾਂ ਬੜਾ ਘੋਰ ਜੁੱਧ ਮੱਚਿਆ। ਰਾਜਾ ਰਾਮ ਸਿੰਘ ਕੇਸਰੀ ਬਾਗੇ ਪਹਿਨੇ ਮੋਤੀਆਂ ਦੇ ਹਾਰ ਸਿਰ ਪਰ ਲਪੇਟੇ ਹੋਏ ਬੇਸ਼ੁਮਾਰਾਂ ਨੂੰ ਮਾਰਦਾ ਹੋਯਾ ਮੁਰਾਦ ਦੇ ਹਾਥੀ ਨਾਲ ਜਾ ਭਿੜਿਆ, ਸੁੰਡ ਵੱਢ ਸਿੱਟਿਆ। ਜਦ ਰਾਮ ਸਿੰਘ ਮੁਰਾਦ ਨੂੰ ਘਾਇਲ ਕਰਕੇ ਸ਼ਹੀਦ ਹੋ ਗਿਆ। ਰਾਜਪੂਤਾਂ ਨੇ ਬਿਜਯ ੨ ਦੀ ਧੁਨ ਉਠਾਈ ਤੇ ਹੱਲਾ ਕਰਕੇ ਲੋਥਾਂ ਦੇ ਢੇਰ ਲਗਾਇ ਦਿੱਤੇ। ਔਰੰਗਜ਼ੇਬ ਖਿਜਕੇ ਕਿਚਕਿਚਾਇ ਕਰ ਆਪਣੀ ਫੌਜ ਨੂੰ ਤਾੜ ਫਾੜ ਕਰਦਾ ਹੋਯਾ ਅੱਗੇ ਵਧਿਆ। ਰਾਜਾ ਰੂਪ ਸਿੰਘ ਨੇ ਦੌੜਕੇ ਉਸਦੇ ਹੌਦੇ ਦਾ ਰੱਸਾ ਜਾ ਕੱਟਿਆ। ਔਰੰਗਜ਼ੇਬ ਨੇ ਉਸਦੀ ਬਹਾਦਰੀ ਪਰ ਖ਼ੁਸ਼ ਹੋਕੇ ਪੁਕਾਰਿਆ ਏਹ ਮਾਰਿਆ ਨਾ ਜਾਵੇ ਪਰ ਉਸ ਅੰਧਾਧੁੰਧ ਵਿੱਚ ਕੌਣ ਸੁਣੇ। ਦਾਰਾ ਦੀ ਜਿੱਤ ਹੋਣ ਵਾਲੀ ਸੀ ਪਰ ਉਸਦੇ ਹਾਥੀ ਨੂੰ ਬਾਣ ਆ ਲੱਗਿਆ ਜਦ ਹਾਥੀ ਨੱਠਾ ਤਾਂ ਦਾਰਾ ਹੇਠਾਂ ਕੁੱਦ ਪਯਾ ਫੌਜ ਨੇ ਜਾਣਿਆ ਕਿ ਮਾਰਿਆ ਗਿਆ ਏਹ ਸਮਝਕੇ ਬੇਦਿਲ ਹੋਕੇ ਭੱਜ ਨਿਕਲੀ। ਫੇਰ ਦਾਰਾ ਭੀ ਬੇਗਮ ਬੇਟੇ ਲੈਕੇ ਕਾਬੁਲ ਨੂੰ ਤੁਰ ਪਿਆ। ਔਰੰਗਜ਼ੇਬ ਆਗਰੇ ਪਹੁੰਚ ਆਪਣੇ ਬਾਪ ਬੀਮਾਰ ਨੂੰ ਕੈਦ ਕਰਕੇ ਤਖ਼ਤ ਪਰ ਬੈਠ ਗਿਆ ਤੇ ਮੁਰਾਦ ਨੂੰ ਇਕ ਦਿਨ ਪਯਾਰਨਾਲ ਬਹੁਤ ਸ਼ਰਾਬ ਪਿਲਾਇ ਕਰ ਬੇਹੋਸ਼ ਕਰਕੇ ਪੈਰਾਂ ਵਿਚ ਬੇੜੀਆਂ ਪਾਕੇ ਗਵਾਲੀਯਰ ਦੇ ਕਿਲੇ ਵਿਚ ਭੇਜ ਦਿੱਤਾ ਤੇ ਸੂਜਾ ਜੋ ਏਸ ਤੋਂ ਡਰਦਾ ਅਰਾਕਾਨ ਵਿਚ ਚਲਾ ਗਿਆ ਸੀ ਉਸਨੂੰ ਔਰੰਗਜ਼ੇਬ

Digitized by Panjab Digital Library | www.panjabdigilib.org

ਗੁਰੂ ਹਰਿਰਾਇ ਜੀ ਨੂੰ ਭੀ ਪੰਜਾਬ ਦੇਸ ਦੇ ਹਿੰਦੂਆਂ ਦਾ ਪੂਜਨੀਕ ਪੇਸ਼ਵਾ ਸਮਝ ਕੇ ਦੀਨ ਮਨਾਵਣ ਦੀ ਗਰਜ਼ ਨਾਲ, ਦਾਰਾਸ਼ਿਕੋਹ ਨੂੰ ਮਦਦ ਦੇਣ ਦਾ ਇਲਜ਼ਾਮ ਰੱਖ ਕੇ ਦਿੱਲੀ ਬੁਲਾਯਾ। ਗੁਰੂ ਸਾਹਿਬ ਤਾਂ ਜ਼ਾਲਮ ਮਲੇਛਾਂ ਦਾ ਮੂੰਹ ਭੀ ਵੇਖਣਾ ਨਹੀਂ ਚਾਹੁੰਦੇ ਸੇ ਏਸੇ ਕਰਕੇ ਆਪ ਤਾਂ ਨਾ ਗਏ ਪਰ ਆਪਣੇ ਬੇਟੇ ਰਾਮਰਾਇ ਨੂੰ ੭ ਵੈਸਾਖ ਸੰਮਤ ੧੭੧੭ ਬਿ: ਨੂੰ ਏਹ ਬਰ ਦੇ ਕੇ ਭੇਜ ਦਿੱਤਾ ਕਿ ਜੇਕਰ ਆਪਣੇ ਧਰਮ ਤੇ ਵਡਿਆਂ ਦੀ ਮਰਯਾਦਾ ਪਰ ਕਾਯਮ ਰਹੋਗੇ ਤਾਂ ਜੋ ਕੁਛ ਚਾਹੋਗੇ ਸੋ ਹੋ ਜਾਏਗਾ। — ਰਾਮਰਾਇ ਜੀ ਨੇ ਦਿੱਲੀ ਮਜਨੂੰ ਦੇ ਟਿੱਲੇ ਪਰ ਉਤਰ ਕੇ ਬਾਦਸ਼ਾਹ ਦੀ ਮੁਲਾਕਾਤ ਵੇਲੇ ਕੁ ਐਸੇ ਅੱਠੇ ਪਿਆਰੇ ਸਮੇ ਅਨੁਸਾਰ ਭਾਉ ਦੇ ਬਚਨ ਕੀਤੇ ਤੇ ਪ੍ਰਸੰਗ ਸੁਣਾਏ ਜੋ ਔਰੰਗਜ਼ੇਬ ਏਨ੍ਹਾਂ ਦੇ ਇਲਾਹੀ ਨੂਰ ਦੇ ਭਰਪੂਰ ਚਿਹਰੇ ਤੇ ਚੜ੍ਹਦੀ ਜੁਆਨੀ ਵਿਚ ਪੂਰੇ ੨ ਪੀਰਾਂ ਫਕੀਰਾਂ ਦੇ ਲੱਛਣ ਦੇਖ ਕੇ ਅਤੇ ਰੀਬ ਸਾਹਿਬ ਦੇ ਬਚਨ ਸੁਣ ਕੇ ਬਹੁਤ ਖੁਸ਼ੀ ਹੋਯਾ ਤੇ ਜਾਣ ਲੀਤਾ ਕਿ ਨਾਨਕ ਸ਼ਾਹ ਦਾ ਮਤ ਸੁਲਾਕੁੱਲ ਪੈਗੰਬਰ ਸਾਹਿਬ ਦੇ ਅਨੁਸਾਰ ਹੈ, ਏਹ ਲੋਗ ਬੁੱਤ ਪ੍ਰਸਤ ਕਾਫਰ ਨਹੀਂ। ਏਹ ਸਮਝ ਕੇ ਪੰਜਸੌ ਰੁਪਯਾ ਰੋਜ਼ ਲੰਗਰ ਵਾਸਤੇ ਗੁਰੂ ਹਰਿਗੋਬਿੰਦ ਜੀ ਨੂੰ ਜੋ ਜਾਗੀਰ ਦੇਵਕੁ ਮਿਲਦਾ ਸੀ ਉਹੋ ਰਾਮਰਾਇ ਨੂੰ ਰੋਜ਼ ਮਿਲਣ ਦਾ ਹੁਕਮ ਦੇ ਕੇ ਕਚਹਿਰੀ ਆਉਣ ਦੀ ਆਗਿਆ ਦੇ ਦਿੱਤੀ। ਫੇਰ ਰਾਮਰਾਇ ਨੇ ਐਸੀਆਂ ਬਾਤਾਂ ਕੀਤੀਆਂ ਕਿ ਸ਼ਾਹ ਦਾ ਮਨ ਫੇਰ ਲੀਤਾ (ਕਿਉਂ ਕੇ ਬਾਤ ਕਰ ਜਾਨੇ ਤਬ ਬਾਤ ਕਰਾਮਾਤ ਹੈ।) ਪਰ ਐਸੀ ਬਾਤ ਕਰਨ ਵਾਲਾ ਲੱਖਾਂ ਵਿਚੋਂ ਇਕ ਹੁੰਦਾ ਹੈ।

ਪੋਥੀ ਗੁਰਬਿਲਾਸ ਵਿਚ ਲਿਖਿਆ ਹੈ ਕਿ ਰਾਮਰਾਇ ਨੇ ਬਾਦਸ਼ਾਹ ਨੂੰ ਬਹੁਤ ਕਰਾਮਾਤਾਂ ਦਿਖਾਈਆਂ ਸਨ। ਇਕ ਦਿਨ ਸ਼ਾਹ ਨੇ ਪੁੱਛਿਆ ਕਿ ਤੁਹਾਡੇ ਗ੍ਰੰਥ ਵਿਚ (ਮਿਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ।) ਲਿਖਿਆ ਹੈ ਏਸ ਦਾ ਕੀ ਮਤਲਬ ਹੈ। ਰਾਮਰਾਇ ਸ਼ਾਹ ਦੇ ਖੁਸ਼ ਰੱਖਣ ਵਾਸਤੇ ਬੋਲਿਆ ਏਹ ਆਪਣੇ ਕਿਸੇ ਤੋਂ ਝੂਠ ਹੀ ਸੁਣ ਲਯਾ ਹੈ ਉਥੇ ਇਉਂ ਲਿਖਿਆ

ਨੇ ਕੁਟੰਬ ਸਮੇਤ ਉਨ੍ਹਾਂ ਤੋਂ ਹੀ ਕਤਲ ਕਰਾ ਦਿੱਤਾ। ਦਾਰਾਸ਼ਕੋਹ ਬਹੁਤ ਸਖਤੀਆਂ ਉਠਾ ਕੇ ਜਦ ਕੰਧਾਰ ਦੇ ਨਜ਼ਦੀਕ ਪਹੁੰਚਿਆ ਤਾਂ ਉਥੇ ਦੇ ਹਾਕਮ ਮਲਕ ਜੀਵਣ ਨੇ (ਜਿਸ ਨੂੰ ਦਾਰਾ ਨੇ ਸ਼ਾਹਜਹਾਂ ਪਾਸ ਸਫਾਰਸ਼ ਕਰਕੇ ਕਤਲ ਹੁੰਦੇ ਨੂੰ ਬਚਾਯਾ ਸੀ) ਦਗੇ ਨਾਲ ਪਕੜ ਕੇ ਦਿੱਲੀ ਲੈ ਆਂਦਾ। ਔਰੰਗਜ਼ੇਬ ਨੇ ਬੜੀ ਖੁਸ਼ੀ ਨਾਲ ਮੌਲਵੀਆਂ ਤੋਂ ਫਤਵਾ ਲੈ ਕੇ (ਕਿ ਏਸ ਨੇ ਹਿੰਦੂ ਮਤ ਧਾਰ ਲੀਤਾ ਹੈ) ਕਤਲ ਕਰਾ ਦਿੱਤਾ। ਸ਼ਾਹਜਹਾਂ ਨੇ ੩੭ ਸਾਲ ਦੀ ਉਮਰ ਵਿਚ ਤਖਤ ਬੈਠ ਕੇ ੩੧ ਬਰਸ ਹਕੂਮਤ ਕਰ ੭ ਬਰਸ ਕੈਦ ਕੱਟ ੭੫ ਸਾਲ ਦੀ ਉਮਰ ਵਿਚ ਸੰ: ੧੭੨੩ ਬਿ: ਨੂੰ ਪਰਲੋਕ ਗਮਨ ਕੀਤਾ।

ਤੈ ਨੇ (ਜਿੰਨੀ ਬੇਈਮਾਨਕੀ ਪੇਟੈ ਪਈ ਖੁਸਿਆਰਾ ਘਰ ਭਾਂਤੇ ਇਟਾਂਕੀਆ ਜਲਦੀ ਕਰੇ ਪੁਕਾਰਾ) ਏਹ ਖੁਸਾਮਦ ਤੇ ਬਣਾਵਟ ਦੀ ਬਾਤ ਸੁਣਕੇ ਬਾਦਸਾਹ ਬਹੁਤ ਖੁਸੀ ਹੋਯਾ ਤੇ ਰੋਜ ੨ ਬਾਬੇ ਨਾਨਕ ਦੀ ਬਾਣੀ ਸੁਣਨ ਲੱਗਾ ਪਰੰਤੂ ਜਦ ਏਹ ਬਾਤ ਗੁਰੂ ਹਰਿਰਾਇ ਜੀ ਨੇ ਸੁਣੀ ਤਾਂ ਬਹੁਤ ਨਾਰਾਜ਼ ਹੋਏ ਤੇ ਰਾਮਰਾਇ ਨੂੰ ਕਹ ਭੇਜਿਆ ਕਿ ਤੂੰ ਆਪਣੇ ਧਰਮ ਦਾ ਲਿਹਾਜ਼ ਛੱਡਕੇ ਬਾਦਸਾਹ ਦਾ ਲਿਹਾਜ਼ ਕਰਕੇ ਜਿਸ ਮੂੰਹ ਨਾਲ ਗੁਰੂ ਨਾਨਕ ਜੀ ਦਾ ਬਚਨ ਉਲਟਾਯਾ ਹੈ ਓਹ ਮੂੰਹ ਸਾਨੂੰ ਨਾਂ ਦਿਖਾਈਂ। ਤੇ ਆਪਣੇ ਸਿੱਖਾਂ ਨੂੰ ਭੀ ਹੁਕਮ ਸੁਣਾਇ ਦਿੱਤਾ ਕਿ ਦੇਖੋ ਸੁਖਨ ਬਦਲੇ ਗੁਰੂ ਅਰਜਨ ਜੀ ਨੇ ਕਸ਼ਟ ਸਹਾਰੇ, ਸਿਰ ਦੇ ਦਿੱਤਾ ਪਰ ਬਚਨ ਨਾ ਉਲਟਾਯਾ ਸੋ ਰਾਮਰਾਇ ਨੇ ਬਚਨ ਉਲਟਾਯਾ ਤੇ ਕੂੜ ਬੋਲਿਆ ਹੈ ਕੋਈ ਸਿਖ ਏਸ ਨੂੰ ਕੌਡੀ ਪੈਸਾ ਰੁਪਯਾ ਨਜ਼ਰ ਭੇਟਾ ਨਾ ਦੇਵੇ ਤੇ ਨਾ ਮੰਨੇ ਪੂਜੇ। ਏਹ ਬਾਤ ਸੁਣਕੇ ਰਾਮਰਾਇ ਹੱਟਾ ਪੱਟਾ ਹੀ ਕੀਰਤਪੁਰ ਆਯਾ ਤੇ ਆਪਣੇ ਕਸੂਰ ਦੀ ਮਾਫੀ ਮੰਗੀ ਪਰ ਗੁਰੂ ਸਾਹਿਬ ਨੇ ਉਸਨੂੰ ਆਪਣੇ ਸਾਮ੍ਹਣੇ ਭੀ ਨਾ ਆਵਣ ਦਿੱਤਾ ਜਦ ਉਸਨੇ ਕਿਹਾ ਮੈਂ ਕਿਧਰ ਜਾਵਾਂ ਤਾਂ ਗੁਰੂ ਜੀ ਬੋਲੇ ਜਿਧਰ ਤੇਰੀ ਮਰਜ਼ੀ ਤੇ ਜਿਧਰ ਤੇਰਾ ਮੂੰਹ ਹੈ ਉਧਰੇ ਚਲਾ ਜਾਹ, ਉਸ ਵਕ੍ਤ ਰਾਮਰਾਇ ਦਾ ਮੂੰਹ ਲਾਹੌਰ ਵਲ ਸੀ ਸੋ ਲਾਹੌਰ ਨੂੰ ਹੀ ਚਲਾ ਗਿਆ। ਏਸ ਦਿਨ ਤੋਂ ਬਾਦ ਫੇਰ ਗੁਰੂ ਸਾਹਿਬ ਦੀ ਰਾਮਰਾਇ ਨਾਲ ਸਫਾਈ ਨਾ ਹੋਈ।

ਫੇਰ ਗੁਰੂ ਹਰਿਰਾਇ ਸਾਹਿਬ ਨੇ ਆਪਣਾ ਅੰਤ ਸਮਾ ਨੇੜੇ ਆਯਾ ਦੇਖਕੇ ਸੰ: ੧੭੧੭ ਬਿ: ਨੂੰ ਆਪਣੇ ਪੰਜ ਬਰਸ ਦੇ ਛੋਟੇ ਬੇਟੇ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਦੀ ਗੱਦੀ ਦੇ ਦਿੱਤੀ। ਗੁਰੂ ਹਰਿਰਾਇ ਸਾਹਿਬ ਨਿਹਾਯਤ ਨਰਮ ਦਿਲ, ਮੋਟੇ ਨਕਸ਼, ਬਡੇ ੨ ਨੇਤ੍ਰ, ਚੌੜਾ ਮੱਥਾ, ਉੱਚੇ ਕੰਧੇ, ਪੱਬ ਕੱਦ ਦਰਮਿਆਨਾ, ਬਹੁਤ ਗੋਰਾ ਰੰਗ, ਤੇ ਸੁਸ਼ੀਲ ਸੁਭਾਵ ਵਾਲੇ ਸੇ। ਏਹ ਗੁਰੂ ੧੨ ਮਾਘ ਸੰ: ੧੬੮੬ ਬਿ: ਨੂੰ ਪੈਦਾ ਹੋਏ, ੧੪ ਸਾਲ ੨ ਮਹੀਨੇ ੩ ਦਿਨ ਦੀ ਉਮਰ ਵਿਚ ਗੱਦੀ ਪਰ ਬੈਠੇ ਤੇ ੧੭ ਬਰਸ ੬ ਮਹੀਨੇ ੮ ਦਿਨ ਗੁਰਿਆਈ ਕਰ, ਸਾਰੀ ਉਮਰ ੩੧ ਬਰਸ ੮ ਮਹੀਨੇ ੨੨ ਦਿਨ ਭੋਗਕੇ, ਕੱਤਕ ਸੁਦੀ ੮ ਸੰ: ੧੭੧੮ ਬਿ: ਨੂੰ ੬ ਘੜੀ ਦਿਨ ਰਹੇ ਕੀਰਤਪੁਰ ਵਿਚ ਜੋਤੀ ਜੋਤਿ ਸਮਾਏ।

ਏਨ੍ਹਾਂ ਦੀ ਸਮਾਧ ਭੂਪਾ ਸਿੰਘ ਰੋਪੜੀਏ ਦੀ ਪੱਕੀ ਬਨਵਾਈ ਹੋਈ ਹੈ।

---

Digitized by Panjab Digital Library | www.panjabdigilib.org

# ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ॥

ਗੁਰੂ ਹਰਿ ਕ੍ਰਿਸ਼ਨ ਸਾਹਿਬ, ਸੰਮਤ ੧੭੧੩ ਬਿ: ਸੰ: ੧੬੫੬ ਈ: ਸਾਲ ੧੮੭ ਗੁਰੂ ੮ ਜਉਨਵਰੀ ੧੦, ਬੁੱਧਵਾਰ, ਪੁਨਰਬਸਾ ਨਛੱਤ੍ਰ, ਚਾਰ ਘੜੀ ਦਿਨ ਚੜ੍ਹੇ, ਗੁਰੂ ਹਰਿ ਰਾਇ ਜੀ ਦੇ ਘਰ, ਮਾਤਾ ਕ੍ਰਿਸ਼ਨ ਕੌਰ ਦੇ ਪੇਟੋਂ, ਕੀਰਤ ਪੁਰ ਵਿਚ ਪ੍ਰਗਟ ਹੋਏ ਤੇ ੧੦ ਕੱਤਕ ਬਿ: ੧੭੧੮ ਬਿ: ਨੂੰ ਗੱਦੀ ਪਰ ਬੈਠੇ।

ਜੱਦ ਆਪ ਉਮਰ ਵਿਚ ਤਾਂ ਏਹ ਛੋਟੇ ਹੀ ਸਨ ਪਰ ਤੇਜ, ਪ੍ਰਤਾਪ, ਧੀਰਜ, ਦਿਲਾਵਰੀ ਸਫਾਈ ਬਚਨ ਸਿੱਧੀ, ਬੰਦਗੀ ਦੇ ਖ਼ਿਆਲ ਵਿਚ ਆਪਣੇ ਵੱਡੇ ਗੁਰੂਆਂ ਤੋਂ ਕਿਸੇ ਤਰਾਂ ਘੱਟ ਨਹੀਂ ਸੇ ਹਮੇਸ਼ਾ ਬਚਨ ਸੱਚੇ ਤੇ ਮਨ ਨੂੰ ਮੋਹਨ ਵਾਲੇ ਬੋਲਦੇ ਹਰ ਰੋਜ਼ ਪੰਥ ਦੇ ਬੀਸ ੨ ਤੀਸ ੨ ਸਿਆਣੇ ੨ ਆਦਮੀ ਏਨ੍ਹਾਂ ਦੇ ਪਾਸ ਬਾਤਾਂ ਸੁਣਨ ਵਾਸਤੇ ਬੈਠੇ ਰਹਿੰਦੇ। ਦੇਸ ਦੇਸ ਦੇ ਮਸੰਦ ਸੰਗਤਾਂ ਨੂੰ ਲਿਆ ਕੇ ਦਰਸ਼ਨ ਕਰਵਾਉਂਦੇ ਤੇ ਨਜ਼ਰ ਭੇਟਾ ਦਿਵਾਉਂਦੇ ਏਸੇ ਤਰਾਂ ਇਕ ਆਂਵਦੇ ਇਕ ਜਾਂਦੇ ਭੀੜ ਭਾੜ ਲਗੀ ਰਹਿੰਦੀ ਤੇ ਬਾਵਨ ਚੰਦਨ ਦੇ ਬ੍ਰਿਛ ਦੀ ਤਰਾਂ ਏਨ੍ਹਾਂ ਦੇ ਗੁਣ ਦੇਖ ਕੇ ਸਭ ਕੁਰਬਾਨ ਹੋਕੇ ਬੇਸ਼ੁਮਾਰ ਦੌਲਤ ਦੇਂਦੇ।

ਏਹ ਉਪਮਾ ਦੇਖ ਸੁਣ ਕੇ ਰਾਮ ਰਾਇ ਨੂੰ ਮਤਸਰ ਦੀ ਐਸੀ ਅੱਗ ਭੜਕੀ ਜੋ ਦਿੱਲੀ ਵਿਚ ਔਰੰਗਜ਼ੇਬ ਪਾਸ ਜਾ ਕੇ ਗੱਦੀ ਲੈਣ ਵਾਸਤੇ ਫਰਿਆਦ ਜਾ ਕੀਤੀ। ਬਾਦਸ਼ਾਹ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਲਿਆਉਣ ਵਾਸਤੇ ਰਾਜਾ ਜੈ ਸਿੰਘ ਜੈਪੁਰੀਏ ਨੂੰ ਹੁਕਮ ਦਿੱਤਾ। ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਅਸਵਾਰੀਆਂ ਤੇ ਨਜ਼ਰ ਭੇਟਾ ਗੁਰੂ ਵਾਸਤੇ ਦੇ ਕੇ ਆਖਿਆ ਕਿ ਕੀਰਤ ਪੁਰ ਵਿਚ ਜਾ ਕੇ ਗੁਰੂ ਸਾਹਿਬ ਨੂੰ ਬੜੇ ਅਦਬ ਨਾਲ ਲੈ ਆਓ।

ਜਦ ਦੀਵਾਨ ਨੇ ਗੁਰੂ ਪਾਸ ਜਾ ਕੇ ਅਰਜ਼ ਕੀਤੀ ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਅਸੀਂ ਰਾਜਾ ਦੇ ਪ੍ਰੇਮ ਕਰ ਕੇ ਚਲੇ ਤਾਂ ਚਲ ਦੇਹਾਂ ਪਰ ਬਾਦਸ਼ਾਹ ਨੂੰ ਦਰਸ਼ਨ ਨਹੀਂ ਦੇਵਾਂਗੇ ਤੇ ਨਾਂ ਹੀ

Digitized by Panjab Digital Library | www.panjabdigilib.org

ਉਸਦਾ ਦਰਸਨਕਰਾਂਗੇ।ਏਹ ਕਹਕੇ ਦੂਸਰੇਦਿਨ ਕੁੱਲ ਕਾਰ ਬਿਹਾਰ ਆਪਣੇ ਕਾਰ
ਦਾਰ ਮਸੰਦਾਂਨੂੰ ਸੌਂਪਕੇ ਮਾਘ ਸੁਦੀ ੫ ਸੰ: ੧੭੨੦ ਬਿ: ਨੂੰ ਕੀਰਤਪੁਰੋਂ ਦਿੱਲੀਨੂੰ ਰਵਾਨਾ
ਹੋਗਏ।ਲਿਖਿਆਹੈਕੇ ਏਨਾਂਦੇ ਨਾਲ ਹਜ਼ਾਰਾਂ ਸਿੱਖ ਆਪਣੇ ੨ ਖਰਚ ਲੈਕੇ, ਕੰਮਕਾਰ
ਕੁਟੰਬਨੂੰ ਬਿਸਾਰ, ਏਸ ਇਰਾਦੇ ਨਾਲ ਤੁਰਪਏ ਕਿ ਔਰੰਗਜੇਬ ਨੇ ਸਰਮੱਦ ਤੇ ਸ਼ਿਭੂਨਾ
ਥਜੇਹੇ ਬਡੇ ੨ ਮਸ਼ਹੂਰ ਪੀਰ ਫਕੀਰ ਮਰਵਾ ਦਿੱਤੇਹਨ, ਜੇਕਰ ਗੁਰੂਸਾਹਿਬਨੂੰ ਭੀ
ਕੁਛਕਹੇਗਾ ਤਾਂ ਅਸੀਂ ਸਬ ਉਥੇਹੀ ਆਪਣੇ ਪ੍ਰਾਣ ਦੇਦੇਵਾਂਗੇ ਪਰ ਉਨ੍ਹਾਂਦੀ ਏਹ ਸਲਾਹ
ਗੁਰੂਨੂੰ ਪਸੰਦਨਾ ਆਈ ਤੇ ਪੰਜੋਖਰੇ ਪਿੰਡ ਅੰਬਾਲੇਪਾਸ ਪਹੁੰਚਕੇ ਇਕ ਲਕੀਰ ਖਿੱ
ਚਕੇ ਹੁਕਮ ਦਿਤਾ ਕਿ ਜੋ ਕੋਈ ਗੁਰੂਕਾ ਸਿੱਖ ਏਸ ਲੀਕ ਨੂੰ ਟੱਪਕੇ ਸਾਡੇ ਪਿੱਛੇ ਆਵੇਗਾ
ਉਹ ਗੁਰੂਕਾ ਸਿੱਖ ਨਹੀਂ ਸਮਝਿਆ ਜਾਵੇਗਾ।ਏਹ ਬਚਨ ਮੰਨਕੇ ਸਬ ਸਿੱਖ ਉਥੇਹੀ ਖੜੇ
ਰਹੇ।ਤੇ ਗੁਰੂਸਾਹਿਬ ਆਪਣੀ ਮਾਤਾ ਸਮੇਤ ਬੀਸਕ ਸਿੱਖਾਂਨੂੰ ਨਾਲਲੈਕੇ ਕੁਰੁਖੇਤ੍ਰ ਆ
ਦਿਕ ਮਕਾਨਾਦੇ ਪੰਡਿਤ ਲਾਲਜੀ ਆਦਿਕ ਬ੍ਰਮਣਾਦਾ ਹੰਕਾਰ ਦੂਰ ਕਰਦੇਹੋਏ ਰਾਜਾ
ਜੈਸਿੰਘਦੇ ਮਕਾਨ ਦਿੱਲੀ ਸ਼ਹਰ ਜੈਪੁਰੇ ਵਿਚ ਜਾਉਤਰੇ।ਰਾਜਾਨੇ ਮਨੋ ਤਨੋ ਸੇਵਾ ਕੀਤੀ
।ਦੂਸਰੇਦਿਨ ਰਾਜਾਦੀ ਪਟਰਾਣੀਨੇ ਦਰਸਨਵਾਸਤੇ ਮਹਿਲ ਵਿਚ ਗੁਰੂਸਾਹਿਬ ਬੁਲਾਏ
ਤੇ ਪ੍ਰੀਖਿਆ ਕਰਨਲਈ ਆਪ ਮੈਲੇ ਬਸਤ੍ਰ ਪਹਿਨਕੇ ਨੀਵੇਂ ਥਾਂ ਬੈਠੀ ਤੇ ਹੋਰ ਸਬ ਰਾਣੀ
ਆਂ ਟਹਿਲਣਾਂਨੂੰ ਪੀੜ੍ਹਿਆਂ ਉਤੇ ਬੈਠਾਕੇ ਆਖਿਆ ਜੇ ਸੱਚਾ ਗੁਰੂ ਹੈ ਤਾਂ ਮੇਰੀ ਗੋਦ ਵਿਚ ਆ
ਬੈਠੇਗਾ।ਸੋ ਉਹੋ ਬਾਤ ਹੋਈ ਗੁਰੂਜੀ ਹੋਰ ਸਬਨਾਨੂੰ ਛਡੀ ਲਾਂਉਂਦੇ ੨ ਉਸੇਦੀ ਗੋਦੀ
ਵਿਚ ਜਾਬੈਠੇ।ਏਹ ਸ਼ਕਤੀ ਦੇਖਕੇ ਸਬਨਾ ਰਾਣੀਆਂਨੇ ਬਹੁਤ ਕੁਛ ਨਜ਼ਰ ਭੇਟਾ ਕੀਤੀ
ਤੇ ਗੁਰੂਜੀਦੇ ਬਰ ਕਰਕੇ ਉਸਰਾਣੀਦੇ ਭੀ ਬੇਟਾ ਪੈਦਾਹੋਯਾ।ਰਾਜਾ ਜੈਸਿੰਘਨੇ ਹਾਜ਼ਰ
ਹੋਕੇ ਬਾਦਸ਼ਾਹ ਪਾਸ ਏਨ੍ਹਾਂਦੀ ਖਬਰ ਬਹੁਤ ਮਹਿਮਾ ਸੰਯੁਕਤ ਕੀਤੀ।ਬਾਦਸ਼ਾਹ ਨੇ
ਏਨਾਂਨੂੰ ਗੱਦੀਨਸ਼ੀਨ ਸਮਝਕੇ ਰਾਮਰਾਇ ਨਾਲੋਂ ਦੂਣੀ ਖਾਤ੍ਰ ਕਰਨੀ ਜੋਗ ਸਮਝ
ਕੇ ਆਪਣੇ ਸ਼ਾਹਜ਼ਾਦੇ ਮੁਅੱਜ਼ਮ ਨੂੰ ਗੁਰੂਪਾਸ ਭੇਜਿਆ।ਸ਼ਾਹਜ਼ਾਦਾ ਗੁਰੂਜੀਨੂੰ ਮਿਲ
ਕੇ ਬਹੁਤ ਖੁਸ਼ੀਹੋਯਾ ਤੇ ਬਾਦਸ਼ਾਹ ਪਾਸ ਆਕੇ ਬਹੁਤ ਤਾਰੀਫ ਕੀਤੀ।ਉਸ ਸਮੇ ਦਿੱ
ਲੀਵਿਚ ਹੈਜੇਦੀ ਬੀਮਾਰੀ ਬਹੁਤ ਫੈਲੀਹੋਈਸੀ ਗੁਰੂਕੇ ਦਿਲਵਾਲੀ ਸਿਖ ਸਿਦਕਵਾ
ਲੇ ਚਰਨਾਮ੍ਰਿਤ ਪੀਣੇਕਰ ਬਹੁਤ ਲੋਗ ਰਾਜ਼ੀ ਹੋਗਏ ਤੇ ਸਾਰੇ ਸ਼ਹਿਰਵਿਚ ਏਹ ਗੱ
ਲ ਚੱਲਪਈ ਕਿ ਜੋ ਕੋਈ ਗੁਰੂਜੀਦਾ ਚਰਨਾਮ੍ਰਿਤ ਪੀਂਦਾਹੈ ਉਹੋ ਰਾਜ਼ੀ ਹੋ ਜਾਂਦਾਹੈ।

Digitized by Panjab Digital Library | www.panjabdigilib.org

ਗੁਰੂ ਦੇ ਕਾਰਦਾਰ ਭਾਈ ਗੁਰਬਖਸ਼ ਨੇ ਗੁਰੂ ਜੀ ਦਾ ਚਰਨਾਮ੍ਰਿਤ ਤੇ ਕੁਛ ਦਵਾਈ ਦੇਣੀ
ਸਬਨਾ ਨੂੰ ਸ਼ੁਰੂ ਕਰ ਦਿੱਤੀ। ਬੇਅੰਤ ਲੋਕਾਂ ਨੂੰ ਫਾਇਦਾ ਹੋਣੇ ਕਰ ਗੁਰੂ ਦਾ ਸੁਜਸ ਘਰ ਦ
ਫੈਲ ਗਿਆ ਤੇ ਬਾਦਸ਼ਾਹ ਦੀ ਕਚੈਹਰੀ ਵਿਚ ਭੀ ਗੁਰੂ ਜੀ ਦੀ ਤਰੀਫ ਹੋਈ ਤਾਂ ਰਾਮਰਾਇ
ਸੁਣਕੇ ਬਹੁਤ ਦੁਖੀ ਹੋਯਾ ਤੇ ਬੋਲਿਆ ਕੀ ਹੋਯਾ ਜੋ ਮਹਿਮਾ ਕਰਾ ਲਈ ਹੈ ਆਖਰ ਠੰਢੀ
ਦਾਹੀ ਖਾਈਆ ਹੈ। ਏਹ ਮੰਦਾ ਬਚਨ ਸੁਣਕੇ ਸਬਨੇ ਰੰਜ ਮੰਨਿਆ ਤੇ ਗੁਰੂ ਹਰਿਕ੍ਰਿਸਨ
ਜੀ ਬੋਲੇ ਅਸੀ ਤਾਂ ਏਥੇ ਦੇਹ ਛੱਡਣ ਹੀ ਆਏ ਹਾਂ ਪਰ ਰਾਮਰਾਇ ਹਮੇਸ਼ ਜਲਦਾ ਬਲਦ
ਰਹੂ ਤੇ ਅੰਤ ਨੂੰ ਬੇਔਲਾਦ ਜੀਂਦਿਆਂ ਹੀ ਸਾੜਿਆ ਜਾਵੇਗਾ ਜੋ ਦੋਹਾਂ ਭਾਈਆਂ ਦੇ ਬਚਨ
ਸੱਚੇ ਹੋਏ। — ਗੁਰੂ ਹਰਿਕ੍ਰਿਸ਼ਨ ਸਾਹਿਬ ਸੀਤਲਾ ਨਾਲ ਬੀਮਾਰ ਹੋ ਗਏ ਤੇ ਐਸੇ
ਸਮੇ ਯਾਰਾਂ ਸੌ (੧੧੦੦) ਰੁਪਏ ਦਾ ਕੜਾਹ ਪ੍ਰਸਾਦ ਕਰਾਕੇ ਵੰਡਿਆ ਤੇ ੧ ਇਕ ਨਾਲੀਯੇਰ, ਪੰਜ
ਪੈਸੇ ਗੱਦੀ ਉੱਤੇ ਰੱਖਕੇ ਮੱਥਾ ਟੇਕ ਦਿੱਤਾ ਤੇ ਭਾਈ ਬੁੱਢੇ ਦੇ ਪੋਤ੍ਰੇ ਗੁਰਦਿਤੇ ਜੀ ਦੇ ਹੱਥ ਟੇਕ
ਰ ਬਚਨ ਕੀਤਾ ਬਾਬਾ ਬਕਾਲੇ, ਅਰਥਾਤ ਗੁਰੂ ਤੇਗ ਬਹਾਦਰ ਜੀ ਬਕਾਲੇ ਪਿੰਡ ਹੈਂ
ਉਨਾਂ ਨੂੰ ਗੱਦੀ ਦੇ ਵਾਰਸ ਕਰਨ ਦਾ ਇਸ਼ਾਰਾ ਸਮਝਾਯਾ।

ਏਹ ਗੁਰੂ ਅਤੀ ਸੁੰਦਰ, ਉਦਾਰ, ਸੰਤ ਸੁਭਾਵ, ਬਾਲਕਪਨੇ ਤੋਂ ਹੀ ਬਡੇ ਪ੍ਰਤਾਪੀ ਸੇ।

ਏਹ ਗੁਰੂ ੯ ਸਾਉਣ ਬਦੀ ੧੦ ਸੰ: ੧੭੧੩ ਬਿ: ਨੂੰ ਪੈਦਾ ਹੋਏ ਤੇ ਪੰਜ ਸਾਲ ੬ ਮਹੀਨੇ
੨ ਰੋਜ਼ ਦੀ ਉਮਰ ਵਿਚ ਗੱਦੀ ਬੈਠਕੇ ੩ ਬਰਸ ੫ ਮਹੀਨੇ ੧੧ ਦਿਨ ਗੁਰਿਆਈ ਕਰ ਸਾ
ਰੀ ਉਮਰ ੮ ਬਰਸ ੮ ਮਹੀਨੇ ੧੯ ਦਿਨ ਭੋਗਕੇ ਚੇਤ ਸੁਦੀ ੧੪ ਸੰ: ੧੭੨੧ ਬਿ: ਨੂੰ ਬੁੱ
ਧਵਾਰ ਪਹਿਰ ਰਾਤ ਗਈ ਦਿੱਲੀ ਵਿਚ ਜੋਤੀ ਜੋਤਿ ਸਮਾਏ।

ਏਨਾਂ ਦਾ ਦੇਹੁਰਾ ਜਮਨਾ ਕਿਨਾਰੇ ਬਾਲ ਜੀ ਨਾਮ ਤੇ ਮਸ਼ਹੂਰ ਹੈ। ਇਤਿ।

---

Digitized by Panjab Digital Library | www.panjabdigilib.org

# ਗੁਰੂਤੇਗਬਹਾਦੁਰਜੀ।

ਏਹ ਗੁਰੂ ਹਰਿਗੋਬਿੰਦ ਸਾਹਿਬ ਦੇ ਛੋਟੇ ਬੇਟੇ, ੧੯ ਅੱਘਰ ਸੁਦੀ ੨, ਸੰ: ੧੬੭੮ ਬਿ: ੧੬
੨੧ ਈ: ੧੫੨ ਸਾਲ ਗੁਰੂ, ਬੈਸਾਖ ਨਛੱਤ੍ਰ, ਐਤਵਾਰ, ਅੱਧੀਰਾਤ ਦੇ ਸਮੇ ਮਾਤਾ ਨਾਨ
ਕੀ ਜੀ ਤੋਂ ਅੰਮ੍ਰਿਤਸਰ ਵਿਚ ਪੈਦਾ ਹੋਏ ਸਨ ਤੇ ੧੫ ਅਸੂ ਸੁਦੀ ੫ ਸੰ: ੧੬੮੬ ਬਿ: ਨੂੰ ਲਾ
ਲਚੰਦ ਸੁਭਿਖੀਏ ਖੱਤ੍ਰੀ ਦੀ ਬੇਟੀ ਗੂਜਰੀ ਜੀ ਨਾਲ ਕਰਤਾਰਪੁਰ ਵਿਚ ਸ਼ਾਦੀ ਹੋਈ।
ਜਦ ਗੁਰੂ ਹਰਿਰਾਇ ਜੀ ਨੂੰ ਗੱਦੀ ਹੋਈ ਤਾਂ ਮਾਤਾ ਨਾਨਕੀ ਜੀ ਨੇ ਆਪਣੇ ਪਤੀ ਛੀਵੇਂ ਗੁਰੂ
ਅੱਗੇ ਬੇਨਤੀ ਕੀਤੀ ਕਿ ਮੇਰਾ ਪੁੱਤ੍ਰ ਬਹੁਤ ਸੂਧਾ ਸਾਦਾ ਹੈ ਏਸਦਾ ਗੁਜ਼ਾਰਾ ਕਿਸ ਤਰਾਂ ਹੋ
ਵੇਗਾ, ਉਨਾਂ ਨੇ ਬਚਨ ਕੀਤਾ ਸੀ ਜ਼ਮਾਨਾ ਹਮੇਸ਼ ਬਦਲਦਾ ਰੈਂਹਦਾ ਹੈ ਆਪਣੇ ੨ ਸਮੇ ਸਿ
ਰ ਸਭ ਸਥਾਵਰ, ਜੰਗਮ, ਪਦਾਰਥ ਫਲਦੇ ਰੈਹਨ ਕਿਸੇ ਸਮੇ ਏਹ ਭੀ ਗੁਰੂ ਹੋਜਾਵੇ
ਗਾ। — ਛੀਵੇਂ ਗੁਰੂ ਦੇ ਪਿਛੋਂ ਜਦ ਗੁਰੂ ਦੇ ਪੁੱਤ੍ਰ ਪੋਤ੍ਰੇ ਸੂਰਜਮੱਲ ਆਦਿਕ ਗੁਰੂ ਹ
ਰਿਰਾਇ ਨਾਲ ਆਮਦਨੀ ਬਦਲੇ ਕਜ਼ੀਏ ਕਲੇਸ਼ ਰੱਖਣ ਲੱਗੇ ਤਦੋਂ ਮਾਤਾ ਨਾਨਕੀ
ਜੀ ਆਪਣੇ ਪੁੱਤ੍ਰ ਨੂੰ ਲੈਕੇ ਪੇਊਕੇ ਪਿੰਡ ਬਕਾਲੇ ਜੋ ਵਜ਼ੀਰ ਪੱਤਣੋ ਸੱਤ ਅਠ ਕੋਸ ਦੱ
ਖਣ ਦੀ ਤਰਫ ਮਾਝੇ ਦੇਸ ਵਿਚ ਹੈ ਉਥੇ ਚਲੀ ਗਈ। ਗੁਰੂ ਤੇਗਬਹਾਦਰ ਜੀ ਦਾ
ਨਾਨਾ ਨਰੈਣਦਾਸ ਮਸ਼ਹੂਰ ਸਾਹੂਕਾਰ ਸੀ ਉਸਨੇ ਏਨਾਂ ਵਾਸਤੇ ਜੁਦੇ ੨ ਮਕਾਨ ਬਣਾ
ਦਿਤੇ। ਹਰਿਗੋਬਿੰਦਪੁਰ ਦੇ ਜ਼ਿਮੀਂਦਾਰੇ ਦੀ ਤੇ ਉਸ ਦੇਸ ਦੇ ਸਿੱਖਾਂ ਦੀ ਆਮਦਨੀ ਪਰ ਚੰ
ਗਾ ਗੁਜ਼ਾਰਾ ਹੁੰਦਾ ਰਿਹਾ ਤੇ ਹੋਰ ਲੋਗ ਭੀ ਸੇਵਾ ਕਰਦੇ ਰਹੇ। ਜਦ ਗੁਰੂ ਹਰਿਕ੍ਰਿਸ਼ਨ ਜੀ
ਨੇ ਬਾਬਾ ਬਕਾਲੇ ਅਰਥਾਤ ਗੁਰੂ ਬਕਾਲੇ ਦੱਸਿਆ ਤਾਂ ਏਹ ਖਬਰ ਸੁਣਕੇ ਪ੍ਰਿਥੀਚੰਦ
ਦੀ ਸੰਤਾਨ ਤੋਂ ਲੈਕੇ ਜਿਤਨੇ ਛੋਟੇ ਮੋਟੇ ਸੋਢੀ ਸੇ ਸਭ ਜੁਦੀ ੨ ਗੱਦੀਆਂ ਲਾਕੇ ਗੁਰੂ ਬਨ
ਬੈਠੇ, ਇਕ ਗੁਰੂ ਕੋਈ ਨਿਰਣੇ ਨਾ ਹੋਵੇ ਕੋਈ ਮਸੰਦ ਕਿਸੇ ਸਿਖ ਨੂੰ ਕਿਸੇ ਸੋਢੀ ਪਾਸ ਲੈ
ਜਾਵੇ ਕੋਈ ਕਿਸੇ ਪਾਸ, ਪਰੰਤੂ ਜਿਸ ਵਾਸਤੇ ਅੱਠਵੇਂ ਗੁਰੂ ਸਾਹਿਬ ਬਚਨ ਕਰ ਗਏ ਸੇ
ਉਧਰ ਕੋਈ ਨਾ ਜਾਵੇ। ਗੁਰੂ ਤੇਗਬਹਾਦਰ ਜੀ ਆਪਣੇ ਕਦੀਮੀ ਸੁਭਾਵ ਦੇ ਮੂਜਬ ਏ
ਕਾਂਤ ਕੋਠੇ ਅੰਦਰ ਬੈਠਕੇ ਭਜਨ ਵਿਚ ਤੱਤਪਰ ਸੇ ਤੇ ਪ੍ਰਮਾਤਮਾ ਦੀ ਪ੍ਰੀਤਿ ਵਿਚ ਰੱਤੇ ਹੋਏ

Digitized by Panjab Digital Library | www.panjabdigilib.org

ਮਸਤ ਹੋ ਰਹੇ ਸੇ, ਗੱਦੀ ਗੁਰਆਈ ਯਾ ਸਿੱਖੀ ਸੇਵਕੀ ਦੀ ਕੁਛ ਪਰਵਾਹ ਨਹੀ ਰੱਖਦੇ ਸੇ
ਉਸੇ ਸਮੇ ਇਕ ਲਬਾਣਾ ਸਿੱਖ ਮੱਖਣਸ਼ਾਹ[1] ਸੌਦਾਗਰ (ਜਿਸਨੇ ਮਾਲ ਦਾ ਭਰਿਆ ਹੋਯਾ
ਜਹਾਜ਼ ਸਮੁੰਦ੍ਰ ਵਿਚ ਡੁੱਬਣ ਲੱਗਿਆਂ ਦੋ ਬਾਹਿੱਸਾ ਗੁਰੂ ਕੇ ਨਮਿੱਤ ਦੇਣਾ ਸੁਖਿਆ ਸੀ)
ਆ ਪਹੁੰਚਿਆ ਪਰ ਅੱਗੇ ਬਹੁਤ ਗੁਰੂ ਬਣੇ ਬੈਠੇ ਦੇਖਕੇ ਸੱਚੇ ਗੁਰੂ ਦੀ ਪ੍ਰੀਖਿਆ ਵਾਸਤੇ ਪੰ
ਜ ਸੌ ਸੁੱਖਣਾ ਦੀ ਬਾਬਤ ਕੀ ਵਿਚੋ ਦੋ ਦੋ ਮੁਹਰਾਂ ਸਭ ਅੱਗੇ ਰੱਖੀਆਂ ਪਰ ਕਿਸੇ ਨੇ ਵੱਧ ਨਾ ਮੰ
ਗੀਆਂ ਜਦ ਸਬਨਾ ਨੂੰ ਦੇਕੇ ਪੁੱਛਿਆ ਕਿ ਹੋਰ ਭੀ ਕੋਈ ਹੈ ਤਾਂ ਕਿਸੇ ਨੇ ਆਖਿਆ ਇਕ ਤੇਗਾ ਸ
ਹਿਬਜ਼ਾਦਾ ਮਸਤ ਜੇਹਾ ਇਕ ਕੋਠੇ ਅੰਦਰ ਪਯਾ ਰਹਿੰਦਾ ਹੈ ਓਹ ਬਾਕੀ ਹੈ। ਜਦ ਮੱਖਣਸ਼
ਾਹ ਨੇ ਗੁਰੂ ਤੇਗ ਬਹਾਦਰ ਜੀ ਦੇ ਅੱਗੇ ਭੀ ਦੋ ਮੁਹਰਾਂ ਧਰਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਪੰ
ਜ ਸੌ ਮੁਹਰ ਮੰਗ ਲਈ ਤੇ ਜਹਾਜ਼ ਬਚਾਉਣ ਦਾ ਪਤਾ ਦਿੱਤਾ ਤਦ ਓਸ ਲੁਬਾਣੇ ਸਿੱਖ ਨੇ
ਨਿਹਾਯਤ ਖੁਸ਼ੀ ਹੋਕੇ ਪੰਜ ਸੌ ਅਸ਼ਰਫੀ ਨਜ਼ਰ ਦੇਕਰ ਹੋਰ ਸਬਨਾ ਸਿੱਖਾਂ ਨੂੰ ਪੁਕਾਰਕੇ
ਸੁਣਾ ਦਿਤਾ ਕਿ ਮੈਂ ਸੱਚਾ ਸਤਿਗੁਰੂ ਭਾਲ ਲਿਆ ਏਹ ਅਵਾਜ ਸੁਣਕੇ ਸਬ ਸਿੱਖ ਤੇ ਮ
ਸੰਦ ਗੁਰੂ ਤੇਗ ਬਹਾਦ੍ਰ ਜੀ ਦੇ ਚਰਨੀ ਆ ਲੱਗੇ, ਜੱਦਪਿ ਏਨਾਂ ਨੇ ਅਨੇਕ ਉਜ਼ਰ ਨਾਮਨਜ਼ੂਰੀ
ਦੇ ਕੀਤੇ ਪਰ ਸੰਗਤ ਨੇ ਬੇਨਤੀ ਕਰਕੇ ੮ ਬੈਸਾਖ ਸੰ: ੧੭੨੧ ਬਿ: ਵਿਚ, ਏਨਾਂ ਨੂੰ ਗੱਦੀ ਉ
ਤੇ ਬੈਠਾਕੇ ਜੋ ਹਰਨਾ ਗੁਰਿਆਈ ਦਾ ਤਿਲਕ ਅਰਥਾਤ ਪੰਜ ਪੈਸੇ, ਇਕ ਨਾਲੀਯੇਰ ਗੁਰੂ
ਹਰਿਕ੍ਰਿਸ਼ਨ ਜੀ ਨੇ ਭੇਜਿਆ ਸੀ ਓਹੋ ਬਾਬੇ ਬੁੱਢੇ ਦੇ ਪੋਤ੍ਰੇ ਭਾਈ ਗੁਰਦਿੱਤੇ ਨੇ ਅੱਗੇ ਰੱਖਕੇ ਅੱ
ਠਵੇਂ ਗੁਰੂ ਦੀ ਤਰਫੋਂ ਮੱਥਾ ਟੇਕ ਕਰ ਤਿਲਕ ਕਰਾ ਦਿੱਤਾ, ਸੰਗਤਾਂ ਨੇ ਗੁਰੂ ਮੰਨਕੇ ਦਰਸ਼ਨ
ਕੀਤਾ, ਭੇਟਾ ਚੜ੍ਹਾਈ, ਸਬ ਸੰਸੇ, ਸ਼ੋਕ ਦੂਰ ਹੋ ਗਏ, ਬਿਓਗ ਦੀ ਰਾਤ੍ਰੀ ਦੇ ਕੁਮਲਾਏ ਹੋਏ ਸਿੱ
ਖਾਂ ਦੇ ਮੁਖ ਕਮਲ ਗੁਰੂ ਸੂਰਜ ਦਾ ਦਰਸ਼ਨ ਕਰ ਖਿੜ ਆਏ ਅਤੇ ਝੂਠੇ ਕਪਟੀ ਜੋ ਗੁਰੂ
ਬਣ ਕਰਕੇ ਸਿਖੀ ਰੂਪ ਖੇਤੀ ਨੂੰ ਲੁੱਟ ਰਹੇ ਸੇ ਸੱਚੇ ਗੁਰੂ ਮਾਲਕ ਦੇ ਪ੍ਰਗਟ ਹੋਣੇ ਕਰ ਸ਼ਰਮਿੰਦੇ
ਹੋਕਰ ਖਿਸਕ ਚਲੇ। ਧੀਰਮੱਲ ਜੋ ਗੁਰੂ ਗ੍ਰੰਥ ਸਾਹਿਬ ਨੂੰ ਲੈਕੇ ਗੁਰੂ ਬਣਨ ਦੀ ਆਸਾ
ਧਾਰੀ ਬੈਠਾ ਸੀ ਏਹ ਸਮਾ ਦੇਖਕੇ ਬੜਾ ਨਾਰਾਜ਼ ਹੋਯਾ ਤੇ ਆਪਣੇ ਨੌਕਰਾਂ ਸਿੱਖਾਂ ਨੂੰ ਨਾਲ
ਲੈ ਕੇ ਹੱਲਾ ਕਰਾ ਦਿੱਤਾ ਤੇ ਆਪ ਧੀਰਮਲ ਨੇ ਗੁਰੂ ਸਾਹਿਬ ਪਰ ਬੰਦੂਕ ਸਰ ਕੀਤੀ ਜੋ ਪਾ
ਸ ਬੈਠੇ ਇਕ ਸਿੱਖ ਨੂੰ ਮਾਰ ਗਈ ਬਾਕੀ ਦੇ ਪੰਜ ਸਤ ਆਦਮੀ ਜੋ ਗੁਰੂ ਜੀ ਦੇ ਪਾਸ ਸੇ ਓਹ
ਭੀ ਨੱਠ ਗਏ। ਤੇ ਸਬ ਸਾਮਾਨ ਪੂਜਾ ਆਦਿਕ ਗੁਰੂ ਘਰ ਦਾ ਲੁੱਟਕੇ ਧੀਰਮੱਲ ਕਰਤਾ
ਰਪੁਰ ਨੂੰ ਤੁਰ ਗਿਆ। ਏਹ ਬੇਅਦਬੀ ਸੁਣਕੇ ਸਿੱਖਾਂ ਤੋਂ ਨਾਂ ਸਹੀ ਗਈ, ਜੱਦਪਿ ਗੁਰੂ ਜੀ

[1] ੧ ਮਖਣਸ਼ਾਹ [illegible]

ਰੋਕਦੀ ਰਹੇ ਪਰੰਤੂ ਸਬ ਸੰਗਤ ਨੂੰ ਨਾਲ ਲੈਕੇ ਮੱਖਣਸ਼ਾਹ ਨੇ ਧੀਰਮੱਲ ਉੱਤੇ ਹਮਲਾ
ਕਰ ਦਿੱਤਾ ਤੇ ਰਸਤੇ ਵਿਚ ਹੀ ਜਾ ਘੇਰਿਆ, ਦੋਹਾਂ ਤਰਫਾਂ ਤੋਂ ਚੋਖੀ ਤੀਰ ਗੋਲੀ ਚਲ ਪਈ, ਸੱ
ਤ ਅੱਠ ਮਾਰੇ ਗਏ ਕਈ ਜ਼ਖਮੀ ਹੋਏ ਆਖਰ ਧੀਰਮੱਲ ਨੱਠ ਤੁਰਿਆ ਤੇ ਸਬ ਸਾਮਾਨ ਗ੍ਰੰ
ਥ ਸਾਹਿਬ ਸਮੇਤ ਸਿੱਖ ਲੁੱਟ ਲਿਆਏ। ਗੁਰੂ ਸਾਹਿਬ ਜੋ ਬਹੁਤ ਨਰਮ ਦਿਲ ਸੇ (ਉਨਾ
ਨੇ ਏਹ ਖਿਆਲ ਕਰਕੇ (ਬੁਰੇ ਦਾ ਭੁਲਾ ਕਰ ਗੁੱਸਾ ਮਨ ਨ ਹੰਢਾਇ) ਉਸਦਾ ਗ੍ਰੰਥ ਸਾਹਿ
ਬ ਧੀਰਮੱਲ ਦਾ ਰੋਜ਼ਗਾਰ ਸਮਝ ਕੇ ਉਸੇ ਨੂੰ ਦੇ ਭੇਜਿਆ।

ਹੋਰ ਸਬ ਦੇਸ ਦੇਸ ਦੇ ਮਸੰਦ ਸੰਗਤਾਂ ਨੂੰ ਨਾਲ ਲੈਕੇ ਗੁਰੂ ਸਾਹਿਬ ਦੇ ਦਰਸ਼ਨ ਨੂੰ ਆ
ਵਣ ਲੱਗੇ ਤੇ ਬੇਸ਼ੁਮਾਰ ਨਜ਼ਰ ਭੇਟਾ ਦੇ ਦੇ ਕੇ ਸਿਰੋਪਾਉ ਪਾਵਣ ਲੱਗੇ। ਰੌਣਕ ਬਣੀ
ਰਹੀ। ਛੇ ਮਹੀਨੇ ਪਿੱਛੋਂ ਅੱਠਵੇਂ ਗੁਰੂ ਦੀ ਮਾਈ ਕ੍ਰਿਸ਼ਨ ਕੌਰ ਦੇ ਬੁਲਾਉਣੇ ਕਰ, ਸਿੱਖਾਂ ਮ
ਸੰਦਾਂ ਦੇ ਪ੍ਰੇਰੇ ਹੋਏ ਕੀਰਤਪੁਰ ਜਾਣੇ ਨੂੰ ਤੱਯਾਰ ਹੋਕਰ ਮਾਘ ਸੰ: ੧੭੨੧ ਬਿ: ਨੂੰ ਸ੍ਰੀ
ਅੰਮ੍ਰਿਤਸਰ ਜੀ ਦੇ ਦੀਦਾਰ ਨੂੰ ਆਏ। ਜੇਹੜੇ ਮਸੰਦ ਦਰਬਾਰ ਹਰਮੰਦਰ ਵਿਚ ਪੁਜਾਰੀ
ਸੇ ਉਨ੍ਹਾਂ ਨੇ ਏਹ ਖਿਆਲ ਕਰਕੇ ਜੋ ਏਹ ਏਥੇ ਮਾਲਕ ਨਾ ਬਣ ਬੈਠਣ, ਦਰਸ਼ਨੀ ਦਰ
ਵਾਜ਼ੇ ਨੂੰ ਜੰਦਾ ਲਾ ਕੇ ਗੁਰੂ ਜੀ ਨੂੰ ਅੰਦਰ ਨਾ ਜਾਣ ਦਿੱਤਾ। ਜੇਹੜਾ ਹੁਣ ਗੁਰੂ ਤੇਗ ਬ
ਹਾਦਰ ਜੀ ਦਾ ਥੜਾ ਮਸ਼ਹੂਰ ਹੈ ਏਥੇ ਬੇਰੀ ਦੇ ਬ੍ਰਿੱਛ ਹੇਠ ਦੋ ਪਹਿਰ ਤਕ ਬੈਠੇ ਰਹੇ ਆ
ਖਰ (ਅੰਮ੍ਰਿਤਸਰੀਏ, ਅੰਦਰ ਸੜੀਏ) ਸਰਾਪ ਦੇਕਰ ਰਾਤ ਵੱਲੇ ਪਿੰਡ ੩ ਕੋਸ ਪਰ ਜਾ
ਰਹੇ। ਜਦ ਏਹ ਖਬਰ ਅੰਮ੍ਰਿਤਸਰ ਵਿਚ ਘਰ ਘਰ ਹੋਈ ਤਾਂ ਸਬ ਮਾਈਆਂ ਨੇ ਅ
ਪਣੀ ਕਦਰ ਦੇ ਅਨੁਸਾਰ ਨਜ਼ਰ ਭੇਟਾ ਲੈਕੇ ਗੁਰੂ ਦੇ ਚਰਨ ਜਾ ਫੜੇ, ਉਨ੍ਹਾਂ ਦੀ ਭਾਵਨਾ
ਦੇਖ ਕੇ ਗੁਰੂ ਜੀ ਨੇ ਬਚਨ ਕੀਤਾ ਅੰਮ੍ਰਿਤਸਰ ਦੀਆਂ ਮਾਈਆਂ ਬੀਬੀਆਂ ਨੂੰ ਗੁਰੂ ਪ
ਰਮੇਸ਼ੂਰ ਦੀ ਭਗਤੀ ਸ਼ੁੱਧਾ ਸੰਤ ਸੇਵਾ, ਨਾਮ ਦਾਨ ਹਮੇਸ਼ ਪ੍ਰਾਪਤ ਰਹੇਗਾ। ਸੋ ਦੋਵੇਂ ਬ
ਰ ਸਰਾਪ ਹੁਣ ਪ੍ਰਤੱਖ ਦੇਖੀ ਦੇਹਨਾ। ਗੁਰੂ ਸਾਹਿਬ ਦੀ ਯਾਦਗੀਰੀ ਵਿਚ ਉਸ ਦਿਨ ਦਾ
ਹੁਣ ਤਕ ਮਾਘ ਦੀ ਪੁੰਨਿਆ ਨੂੰ ਵੱਲੇ ਪਿੰਡ ਬੜਾ ਭਾਰੀ ਮੇਲਾ ਹੁੰਦਾ ਹੈ।

ਵੱਲੇ ਤੋਂ ਚਲਕੇ ਗੁਰੂ ਸਾਹਿਬ ਬਕਾਲੇ ਪਹੁੰਚੇ ਤੇ ਆਪਣੇ ਸਬ ਸਬੰਧੀਆਂ ਨੂੰ ਨਾਲ
ਲੈਕੇ ਰਸਤੇ ਦੇ ਸਿੱਖਾਂ ਨੂੰ ਸਤ ਮਾਰਗ ਵਿਚ ਲਾਉਂਦੇ ਹੋਏ ੮ ਜੇਠ ਸੰ: ੧੭੨੨ ਬਿ: ਨੂੰ ਕੀ
ਰਤਪੁਰ ਜਾ ਪਹੁੰਚੇ। ਏਹ ਖਬਰ ਸੁਣਕੇ ਮਾਲਵੇ ਦੇਸ ਦੇ ਮਸੰਦ ਬੇਅੰਤ ਸੰਗਤਾਂ ਨੂੰ ਲੈ
ਆਏ, ਸਿੱਖਾਂ ਨੇ ਦਰਸ਼ਨ ਮਨੋਰਥ ਪਾਏ, ਪਦਾਰਥ ਚੜ੍ਹਾਏ। ਥੋੜੇ ਹੀ ਦਿਨਾਂ ਵਿਚ ਖੂਬ

ਮਾਘ ਦੀ ਪੂਰਨਮਾ

Digitized by Panjab Digital Library | www.panjabdigilib.org

ਖਜ਼ਾਨਾ ਭਰ ਗਿਆ, ਲੰਗਰ ਤੇ ਸਭਾ ਦੀ ਬਹੁਤ ਰੌਣਕ ਹੋ ਗਈ। ਏਨ੍ਹਾਂ ਦੀ ਮਹਿਮਾ ਤੇ ਬਿਭੂਤੀ ਅਧਕ ੨ ਹੁੰਦੀ ਦੇਖ ਕੇ ਸੂਰਜਮੱਲ ਆਦਿਕ ਸ਼ਰੀਕ ਬਹੁਤ ਰਸ਼ਕ ਤੇ ਕਲੇਸ਼ ਰੱਖਣ ਲੱਗੇ ਬਲਕੇ ਮਾਈ ਕ੍ਰਿਸ਼ਨ ਕੌਰ ਨੂੰ ਬੀ ਸਿਖਾ ਕੇ ਤਨਾਜ਼ੇ ਛੇੜ ਬੈਠੇ। ਗੁਰੂ ਸਾਹਿਬ ਨੇ ਉਨ੍ਹਾਂ ਤੋਂ ਦੂਰ ਰਹਣ ਵਾਸਤੇ ਸਤਲੁਜ ਦਰੀਆ ਕਿਨਾਰੇ ਮਾਖੋਵਾਲ ਪਿੰਡ ਦੀ (ਮਲਕੀਯਤ ਜ਼ਿਮੀਂਦਾਰਾਂ ਖਰੀਦ ਕਰ ੨੧ ਹਾੜ੍ਹ ਸੰ: ੧੭੨੨ ਬਿ: ਨੂੰ ਅਨੰਦਪੁਰ ਨਗਰ ਆਬਾਦ ਕਰਕੇ ਨਿਵਾਸ ਕਰ ਲੀਤਾ ਤੇ ਹੋਰ ਬਹੁਤ ਲੋਗਾਂ ਨੂੰ ਮਦਦ ਦੇ ਕੇ ਬਸਾਇਆ।

ਉਧਰ ਧੀਰਮੱਲ ਸੋਢੀ ਨੇ ਰਾਮਰਾਇ ਨੂੰ ਚੁੱਕ ਚਮਕਾ ਕੇ ਫੇਰ ਗੁਰਿਆਈ ਦੀ ਗੱਦੀ ਦਾ ਦਾਵਾ ਕਰਵਾਇ ਦਿੱਤਾ। ਭਾਵੇਂ ਉਸ ਦੀ ਕੁਛ ਸੁਣਾਈ ਨਾ ਹੋਈ ਤਾਂ ਭੀ ਗੁਰੂ ਸਾਹਿਬ ਨੇ ਸ਼ਰੀਕਾਂ ਦਾ ਫਸਾਦ ਮੇਟਣ ਵਾਸਤੇ ਆਪਣੇ ਦੀਵਾਨ ਗੁਰਬਖਸ਼ ਮਸੰਦ ਤੇ ਕ੍ਰਿਪਾਲ ਚੰਦ ਆਦਿਕ ਦੀ ਸਲਾਹ ਨਾਲ ਤੀਰਥ ਜਾਤ੍ਰਾ ਦਾ ਨਾਮ ਰੱਖ ਕੇ ਸਿੱਖਾਂ ਨੂੰ ਧਰਮ ਮਾਰਗ ਵਿਚ ਤਤਪਰ ਕਰਣ ਲਈ (ਅਨੰਦਪੁਰ ਦੀ ਆਬਾਦੀ ਤੇ ਮਕਾਨ ਉਥੋਂ ਦੇ ਕਾਰਬਾਰ ਭਾਗੂ ਅਰੋੜੇ ਚੂਨੀਆਂ ਵਾਲੇ ਨੂੰ ਤੇ ਭਾਈ ਰਾਮਾ, ਸੁੱਧੂ ਮੁਲਤਾਨੀ ਨੂੰ ਸਪੁਰਦ ਕਰਕੇ) ੧੫ ਮੱਘਰ ਸੰ: ੧੭੨੨ ਬਿ: ਨੂੰ ਆਪਣੇ ਕੁਟੰਬ ਸਮੇਤ ਅਨੰਦਪੁਰੋਂ ਕੂਚ ਕੀਤਾ ਤੇ ਘਨੂੰਆਂ, ਅਨੰਦਪੁਰ ਕਲੋੜ, ਦਾਦੂ ਮਾਜਰਾ, ਉਗਾਣਾ, ਨੌਲਖਾ, ਟਹਿਲਪੁਰਾ ਆਦਿਕ ਅਨੇਕ ਪਿੰਡਾਂ ਵਿਚ ਉਤਰ ਕੇ ਲੋਗਾਂ ਦੀ ਕੱਲਿਆਣ ਕਰਦੇ ਹੋਏ ੨੨ ਪੋਹ ਨੂੰ ਸ਼ੇਖੇ ਪਿੰਡ ਜਾ ਉਤਰੇ, ਦੋ ਦਿਨ ਤਕ ਉਥੋਂ ਦੇ ਸੁਲਤਾਨੀਏ ਜੱਟਾਂ ਨੇ ਕੋਈ ਸੇਵਾ ਟਹਿਲ ਨਾ ਕੀਤੀ ਤੇ ਸਗੋਂ ਮਲੂਕਾ ਨਾਮੇ ਚੌਧਰੀ ਜੋ ਉਸ ਸਮੇ-ਜਵੰਧੇ ਜੱਟਾਂ ਦੇ ਬਾਈ ਤੇਈ ਪਿੰਡਾਂ ਦਾ ਸਰਦਾਰ ਮਾਲਗੁਜ਼ਾਰ ਸੀ ਕਈ ਵਾਰੀ ਗੁਰੂ ਜੀ ਦੇ ਡੇਰੇ ਪਾਸੋਂ ਲੰਘਿਆ ਤੇ ਸਿਰ ਨਾ ਨਿਵਾਯਾ ਅਤੇ ਆਕੜ ਤੇ ਮਗਰੂਰ ਵਿਚ ਭਰਿਆ ਹੋਯਾ ਟੇਢਾ ਟੇਢਾ ਹੀ ਗਿਆ ਤੇ ਗੁਰੂ ਜੀ ਨੇ ਬੁਲਾਯਾ, ਤਾਂ ਭੀ ਨਾ ਆਯਾ। ਤਦ ਲੋਕਾਂ ਨੇ ਆਖਿਆ ਜੀ ਏਸ ਨੂੰ ਆਪਣੇ ਪਿੰਡਾਂ ਦਾ ਗੁਮਾਨ ਹੈ। ਗੁਰੂ ਜੀ ਨੇ ਸਹਜੇ ਹੀ ਏਹ ਬਚਨ ਕੀਤਾ (ਜਵੰਧੇ ਅਕਲ ਕੇ ਅੰਧੇ, ਇਨਕਾ ਬਾਈਆ ਤੇਈਆ ਹੋਵੇਗਾ ਥੇਈਆ) ਏਹ ਸਰਾਪ ਸੁਣਕੇ ਮਲੂਕਾ ਪੈਰੀਂ ਆ ਪਿਆ ਤਾਂ ਗੁਰੂ ਜੀ ਬੋਲੇ ਏਥੋਂ ਉਜੜ ਕੇ ਹੋਰ ਜਗਾ ਦੂਣੇ ਹੋ ਕੇ ਬਸੋਗੇ, ਉਹੋ ਸੱਚ ਹੋਯਾ। ਨਾਦਰ ਸ਼ਾਹ ਦੇ ਵਕ਼ਤ ਉਹ ਤੇਈ ਪਿੰਡ ਉਜੜ ਕੇ ਪੂਰਬ ਨੂੰ ਚਲੇ ਗਏ ਤੇ ਦਿੱਲੀਉਂ ਪਰੇ ਜਾ ਵੱਸੇ ਜੋ ਹੁਣ ੪੮ ਪਿੰਡ ਜਵੰਧਿਆਂ ਦਾ ਜਟਵਾੜਾ ਮਸ਼ਹੂਰ ਹੈ।

ਸ਼ੇਖੇ ਪਿੰਡ ਤੋਂ ਚਲਕੇ ਹੰਢਾਏ, ਧੀਵੇ ਠਾਹਿਰ ਕੇ, ਕਸਬੇ ਭੀਖੀ ਜਾ ਉਤਰੇ। ਏਥੋਂ ਦੇ ਰਾਜਾ

Digitized by Panjab Digital Library | www.panjabdigilib.org

ਦੇਸੂ ਜੱਟ ਗੋਤ ਚਾਹਿਲ ਨੇ ਬਹੁਤ ਪ੍ਰੇਮ ਨਾਲ ਸੇਵਾ ਟਹਿਲ ਕਰਕੇ ਅਰਜ਼ ਕੀਤੀ ਕਿ ਮੈਨੂੰ ਪਰਾਧੇ, ਬੀਗੜ੍ਹ ਵਾਲੇ ਤੇ ਰਾਜਪੂਤ ਭੱਟੀ ਭਟਨੇਰੀ ਬਹੁਤ ਕਸ਼ਟ ਦਿੰਦੇ ਹਨ, ਅਸਾਡੇ ਪਿੰਡਾਂ ਵਿਚ ਹਮੇਸ਼ ਡਾਕੇ ਮਾਰਦੇ ਰਹਿੰਦੇ ਹਨ। ਗੁਰੂ ਸਾਹਿਬ ਨੇ ਖੁਸ਼ੀ ਹੋ ਕੇ ਉਸਨੂੰ ਪੰਜ ਤੀਰ ਬਖਸ਼ ਕੇ ਆਖਿਆ ਏਹ ਤੀਰ ਮਹਾਬੀਰ ਹਨ ਤੁਸੀਂ ਇਨ੍ਹਾਂ ਨੂੰ ਅਦਬ ਨਾਲ ਰੱਖ ਕੇ ਗੁਰੂ ਦਾ ਮੰਤ੍ਰ (ਸੱਤਨਾਮ ਵਾਹਗੁਰੂ) ਸਿਮਰਦੇ ਹੋਏ ਮੁਸਲਮਾਨ ਪੀਰਾਂ ਨੂੰ ਜਾ ਮੜ੍ਹੀ ਮਸਾਣੀ ਕਬਰਾਂ ਨੂੰ ਨਾ ਮੰਨੋਗੇ ਤਦ ਤਕ ਤੁਸੀਂ ਦੁਸ਼ਮਨ ਪਰ ਫਤੇ ਪਾਉਂਦੇ ਰਹੋਗੇ। ਪਰ ਉਹ ਸੁਲਤਾਨ ਦਾ ਸੇਵਕ ਸੀ, ਜਦ ਘਰ ਲੈ ਗਿਆ ਤਾਂ ਉਸਦੀ ਔਰਤ ਨੇ ਆਖਿਆ ਜੇ ਅਸੀਂ ਗੁਰੂ ਕੇ ਸਿੱਖ ਬਣਾਂਗੇ ਤਾਂ ਸੁਲਤਾਨ ਸਾਨੂੰ ਪੀੜ ਕੇ ਮਾਰ ਛੱਡੇਗਾ। ਔਰਤ ਦੇ ਆਖੇ ਲੱਗ ਕੇ ਉਹ ਤੀਰ ਤੋੜ ਕਰ ਗੁਰੂ ਦੇ ਪਾਸ ਭੇਜ ਦਿਤੇ। — ਗੁਰੂ ਜੀ ਨੇ ਤੀਰਾਂ ਦੀ ਬੇਅਦਬੀ ਕਰਨੇ ਪਰ ਗੁੱਸੇ ਹੋ ਕੇ ਸਰਾਪ ਦਿੱਤਾ ਜੈਸੇ ਤੁਸਾਂ ਏਹ ਤੀਰ ਤੋੜੇ ਹਨ ਉਸੇ ਤਰਾਂ ਤੁਹਾਡੀ ਸੰਤਾਨ ਤੇ ਹਕੂਮਤ ਟੁੱਟ ਜਾਵੇਗੀ। ਜੋ ਉਹੋ ਸੱਚੀ ਹੋਈ ਦੇਸੂ ਦੇ ਪੋਤੇ ਗੈਂਡੇ ਰਾਇ ਪਰ ਆ ਕੇ ਦੋਨੋਂ ਮੁੱਕ ਗਏ। ਭੀਖੀ ਤੋਂ ਚਲਕੇ ਸੂਲੀਸਰ, (ਜਿੱਥੇ ਏਨਾਂ ਦੇ ਘੋੜਿਆਂ ਦਾ ਚੋਰ ਸੂਲੀ ਦਿੱਤਾ ਸੀ) ਦਮਦਮੇ ਹੋਕਰ, ਫੇਰ ਗਾਗੇ ਲਾਹਿਰੇ ਤੁਰਦੇ ਹੋਏ ਧਮਧਾਣ ਪਿੰਡ ਬਾਂਗਰ ਦੇਸ ਵਿਚ ਜਾ ਠਹਿਰੇ, ਏਥੇ ਇਕ ਬੜਾ ਭਾਰੀ ਜਾਗੀਰਦਾਰ ਮਕਾਨ ਹੈ।

ਇਕ ਮਹੀਨਾ ਗੁਰੂ ਜੀ ਏਥੇ ਟਿਕੇ ਰਹੇ। ਇਕ ਮੀਹਾ ਨਾਮ ਸਿੱਖ ਗੁਰੂ ਦੇ ਨਾਲ ਹਮੇਸ਼ ਮਸ਼ਕ, ਬੋਕਾ ਲੱਜ ਲੈ ਕੇ ਜਲ ਦੀ ਸੇਵਾ ਤੇ ਭਜਨ ਕਰਦਾ ਰਹਿੰਦਾ, ਜਿੱਥੇ ਗੁਰੂ ਜੀ ਬੈਠਦੇ ਚਾਰੋਂ ਤਰਫ ਜਲ ਛਿੜਕਦਾ ਏਸੇ ਕਰਕੇ ਗੁਰੂ ਜੀ ਉਸਨੂੰ ਮੀਹਾਂ ਆਖਿਆ ਕਰਦੇ। ਭਾਈ ਮੀਹੇ ਨੇ ਬਾਰਾਂ ਬਰਸ ਸੇਵਾ ਕੀਤੀ ਪਰ ਮੂੰਹੋਂ ਕਦੇ ਕੁਛ ਨਾ ਮੰਗਿਆ ਏਸ ਕਰਕੇ ਗੁਰੂ ਜੀ ਨੇ ਖੁਸ਼ ਹੋ ਕੇ ਮੀਹੇ ਨੂੰ ਇਕ ਲੋਹ ਇਕ ਨਗਾਰਾ, ਸੇਲੀ, ਟੋਪੀ, ਚੋਲਾ ਮੰਜੀਠੀ ਰੰਗ ਤੇ ਭਾਈ ਦਾ ਖਿਤਾਬ ਦੇ ਕੇ ਉਸ ਦੇਸ ਦੀ ਮਸੰਦੀ ਬਖਸ਼ ਦਿੱਤੀ। ਏਸ ਦੇ ਚੇਲੇ ਹੁਣ ਤਕ ਉਦਾਸੀ ਸੰਤ ਮੀਹਾਂ ਸਾਹਿਬ ਦੇ ਮਸ਼ਹੂਰ ਹਨ, ਪੂਰਾ ਹਾਲ ਪੰਜਵੇਂ ਹਿੱਸੇ ਵਿਚ ਹੈ।

ਧਮਧਾਣ ਤੋਂ ਚਲਕੇ ਭਾਗਲ ਚੀਕੇ, ਸਿਆਣੇ ਬਹੋਰ ਜੱਖਮ, ਕੈਥਲ, ਠੰਡਾਰ ਤੀਰਥ

੧ ਬਹਿਰ ਜੱਖਮ, ਰਤਨ ਜੱਖਮ ਆਦਿਕ ਚਾਰ ਜਥੇਦਾਰ ਕੌਰਵਾਂ ਪਾਂਡਵਾਂ ਦੇ ਜੰਗ ਵਕ੍ਤ ਕ੍ਰਿਸ਼ਨ ਜੀ ਨੇ ਕੁਰੁਖੇਤ੍ਰ ਭੂਮੀ ਦੇ ਚੌਹੀਂ ਪਾਸੀਂ ਪਹਿਰੇ ਖੜੇ ਕਰਕੇ ਹੁਕਮ ਦੇ ਰੱਖਿਆ ਸੀ, ਜੋ ਕੋਈ ਜੰਗ ਵਿਚੋਂ ਭੱਜ ਕੇ ਬਾਹਰ ਜਾਵੇ ਉਸਨੂੰ ਜਾਣ ਨਾ ਦੇਣਾ। ਓਹ ਠਿਕਾਣੇ ਹੁਣ ਤਾਂਈਂ ਉਨ੍ਹਾਂ ਜੱਖਿਆਂ ਦੇ ਨਾਮ ਤੋਂ ਮਸ਼ਹੂਰ ਹਨ।

Digitized by Panjab Digital Library | www.panjabdigilib.org

ਕਿਨਾਰੇ ਉਤਰਕੇ ਇਸ਼ਨਾਨ ਦਾਨ ਕੀਤੇ ਅਤੇ ਤਿੰਨ ਦਿਨ ਠਹਿਰੇ ਫੇਰ ਬਾਰਨੇ ਪਿੰਡ-
ਹੁੰਦੇ ਹੋਏ ਥਾਨੇਸਰ ਅਸਥਾਨ ਤੀਰਥ ਪਰ ਉਤਰਕੇ ਸੂਰਜ ਗ੍ਰਹਣ ਜਾ ਕੀਤਾ ਫੇਰ ਕੜੇ
ਮਾਨਕਪੁਰ ਜਮਨਾ ਤੀਰੇ ਜਾ ਠਹਿਰੇ ਏਥੇ ਇਕ ਮਲੂਕਦਾਸ ਬੈਰਾਗੀ ਸਾਧੂ ਨੇ ਜੋਗਾਭ੍ਯਾ-
ਸ ਦੇ ਬਲ ਨਾਲ ਡੇਢ ਸੌ ਬਰਸ ਦੀ ਦੇਹ ਗੁਰੂ ਕੇ ਦਰਸ਼ਨ ਵਾਸਤੇ ਰੱਖੀ ਹੋਈ ਸੀ, ਗੁਰੂ ਸਾਹਿ-
ਬ ਤੋਂ ਉਪਦੇਸ਼ ਲੈ ਕੇ ਜੀਵਨ ਮੁਕਤ ਦਾ ਅਧਿਕਾਰੀ ਹੋਯਾ ਗੁਰੂ ਸਾਹਿਬ ਦੇ ਪਊਏ (ਖ-
ੜਾਵਾਂ) ਤੇ ਇਕ ਪੋਥੀ ਦਰਸ਼ਨ ਪੂਜਾ ਵਾਸਤੇ ਨਿਸ਼ਾਨੀ ਰੱਖ ਲਈ ਸੀ ਸੋ ਹੁਣ ਤਕ ਓਥੇ
ਹੈ। ਏਸੇ ਤਰਾਂ ਅਨੇਕ ਪਿੰਡਾਂ ਵਿਚ ਸੰਤਾਂ ਭਗਤਾਂ ਨੂੰ ਦਰਸ਼ਨ ਦਿੰਦੇ ਹੋਏ ਮਥੁਰਾ, ਬ੍ਰਿੰਦਾ-
ਬਨ ਜਾ ਬਸੇ, ਕੰਸ ਟਿੱਲੇ ਪਾਸ ਗੁਰੂ ਜੀ ਦਾ ਅਸਥਾਨ ਹੁਣ ਭੀ ਹੈ।

ਆਗਰੇ, ਅਟਾਏ, ਕਾਨਪੁਰ, ਫਤੇਪੁਰ ਆਦਿਕਾਂ ਵਿਚ ਉਤਰਦੇ ਹੋਏ ਪ੍ਰਯਾਗਰਾਜ (ਜਿ-
ਥੇ ਜਮਨਾ ਦਾ ਸੰਗਮ ਤ੍ਰਿਬੇਣੀ ਮਸ਼ਹੂਰ ਤੀਰਥ, ਮੁਕਤੀ ਦੀ ਸ੍ਰੇਣੀ ਬੇਦ ਵਿਚ ਲਿਖੀ ਹੈ)
ਜਾ ਪਹੁੰਚੇ, ਇਕ ਮਹੀਨਾ ਦਿਨ ਓਥੇ ਰਹੇ, ਡੇਰਾ ਸ਼ਹਿਰ ਵਿਚ ਰੱਖਿਆ ਜਿੱਥੇ ਹੁਣ ਗੁਰਦੁਆ-
ਰਾ ਪੱਕੀ ਸੰਗਤ ਬਣੀ ਹੋਈ ਹੈ। — ਏਥੋਂ ਚਲ ਮਿਰਜ਼ਾਪੁਰ, ਕਾਂਸ਼ੀ ਜੀ ਠਹਿਰ ਕੇ
ਸਿੱਖਾਂ ਨੂੰ ਪਰਮੇਸ਼ਰ ਦੀ ਭਗਤੀ ਭਜਨ ਦ੍ਰਿੜਾਉਂਦੇ ਹੋਏ ਗਯਾ ਛੇਤ੍ਰ ਜਾ ਦੇਖਿਆ।
ਏਥੇ ਹੀ ਰਾਜਾ ਬਿਸ਼ਨ ਸਿੰਘ ਜੈਪੁਰੀਆ ਭੀ ਬਾਦਸ਼ਾਹੀ ਲਸ਼ਕਰ ਸਮੇਤ ਕਾਮਰੂਪ
ਮੁਲਕ ਦੇ ਫਤੇ ਕਰਨ ਵਾਸਤੇ (ਜਿਥੋਂ ਅੱਗੇ ਕਈ ਅਮੀਰ ਹਾਰ ਆਏ ਸੇ) ਜਾਂਦਾ ਹੋਯਾ
ਆ ਉਤਰਿਆ ਸੀ। ਗੁਰੂ ਸਾਹਿਬ ਦੀ ਮਹਿਮਾ ਸੁਣਕੇ ਦਰਸ਼ਨ ਆ ਕੀਤਾ ਤੇ ਨਜ਼ਰ
ਭੇਟਾ ਦੇਕੇ ਆਪਣੇ ਨਾਲ ਅਸਾਮ ਦੇਸ ਨੂੰ ਲੈ ਜਾਣ ਵਾਸਤੇ ਬੇਨਤੀ ਕਰਕੇ ਮੂੰਹੋਂ ਕਹ-
ਲਿਆ। — ਉਸ ਦੇਸ ਦਾ ਜੰਤ੍ਰ ਮੰਤ੍ਰ ਬਹੁਤ ਮਸ਼ਹੂਰ ਸੀ ਜਿਸ ਪਰ ਮੁਸਲਮਾਨਾਂ
ਨੂੰ ਹੋਰ ਲੋਗਾਂ ਨਾਲੋਂ ਜ਼ਿਆਦੇ ਨਿਸ਼੍ਚਾ ਹੈ ਤੇ ਜਿਸ ਦੀ ਕਹਾਵਤ ਭੀ ਇਉਂ ਆਖਦੇ ਹਨ (
ਜਾਦੂ ਬਰਹੱਕ ਹੈ ਕਰਨੇ ਵਾਲਾ ਕਾਫਰ ਹੈ) ਜੇਕਰ ਬੀਮਾਰੀ ਪੈਂਦੀ ਯਾ ਕਿਸੇ ਤਰਾਂ ਹਾ-
ਰ ਹੋਣ ਲੱਗਦੀ ਤਾਂ ਜਾਦੂ ਸਮਝਕੇ ਸਭ ਬੇਦਿਲ ਹੋਕੇ ਲੜਾਈ ਵਿਚੋਂ ਨੱਠ ਆਂਵਦੇ,
ਏਹ ਸ਼ੁਬ੍ਹਾ ਹਟਾਵਣ ਤੇ ਧੀਰਜ ਦ੍ਰਿੜਾਵਣ ਲਈ ਬਿਸ਼ਨ ਸਿੰਘ ਨੇ ਸਾਰੀ ਫੌਜ ਨੂੰ ਕਹਿ
ਦਿਤਾ ਕਿ ਜਿਸ ਗੁਰੂ ਨਾਨਕ ਨੇ ਕਾਮਰੂਪ ਦੇਸ ਦੇ ਜਾਦੂਗਰ ਆਪਣੇ ਸਿੱਖ ਬਣਾ ਲਏ
ਸਨ ਓਸੇ ਦੀ ਗੱਦੀ ਵਾਲਾ ਸਰਬ ਸ਼ਕਤੀਵਾਨ ਗੁਰੂ ਅਸਾਡੇ ਨਾਲ ਮਦਦਗਾਰ ਚੱਲੇ-
ਗਾ, ਏਸ ਕਰਕੇ ਸਭ ਦੇ ਹੌਸਲੇ ਵਧ ਗਏ।

Digitized by Panjab Digital Library | www.panjabdigilib.org

ਗੁਰੂਸਾਹਿਬਨੇ ਭੀ ਔਰੰਗਜੇਬ ਦੇ ਜ਼ੁਲਮਾਦਾ ਸਮਾ ਤੇ ਫੌਜਨਾਲ ਸੁਖੱਲਾ ਸੈਲਹੋਣਾ
ਸਮਝਕੇ ਖਾਲਸਾਈ ਜੋਤੀ ਦੇ ਮਕਾਨ ਪਟਣੇਸ਼ਹਿਰ (ਜਿੱਥੇ ਚਾਰ ਮਹੀਨੇ ਗੁਰੂ ਨਾਨ
ਕ ਜੀ ਰਹੇਸੇ) ਆਪਣੇ ਕੁਟੰਬ ਨੂੰ ਠਹਿਰਾਕਰ, ਕ੍ਰਿਪਾਲ ਚੰਦ, ਸਾਹਿਬਚੰਦ, ਮਤੀਰਾਮ, ਸ
ਤੀਰਾਮ, ਘਨਸ਼ਾਮ, ਗੁਲਾਬਰਾਇ ਆਦਿਕ ਮਾਤਬਰ ਸੇਵਕ ਉਨ੍ਹਾਂ ਪਾਸ ਛੱਡਕੇ ਆ
ਪ ਰਾਜਾਬਿਸਨਸਿੰਘ ਦੀ ਕਾਮਨਾ ਪੂਰਨ ਕਰਣ ਲਈ ਕਾਮਰੂਪ ਆਸਾਮ ਦੇਸ ਦੇ ਭ
ਲੇ ਵਾਸ੍ਤੇ ਚਲੇਗਏ। ਬਾੜ੍ਹ, ਮੁੰਗੇਰ, ਭਾਗਲਪੁਰ, ਕਹਿਲਗਾਉਂ, ਕੰਤਨਗਰ, ਮਕਸੂ
ਦਾਬਾਦ, ਆਦਿਕ ਸ਼ਹਿਰਾਂਵਿਚ ਉਤਰ ਕੇ ਬੰਗਾਲੇ ਦਾ ਸੈਲ ਕਰਦੇ ਹੋਏ ਢਾਕੇ ਸ਼ਹਿਰ
ਜਾ ਉਤਰੇ। ਏਥੋਂ ਦੇ ਨਿਵਾਸੀ ਦੇਵੀਦਾਸ, ਬੁਲਾਕੀ, ਨੱਥਸ਼ਾਹ ਆਦਿਕਾਂਨੇ ਬਹੁਤਸੇਵਾ
ਕੀਤੀ ਤੇ ਸਾਰੇ ਦੇਸ ਦੀ ਸੰਗਤ ਨੂੰ ਪ੍ਰੇਰਕੇ ਭੇਟਾ ਦਿਵਾਈ। ਇਸ ਜਗਾ ਜਿਸ ਪਲੰਘ ਪਰ ਗੁ
ਰੂ ਜੀ ਬੈਠੇਸੇ ਹੁਣ ਤਕ ਉਸ ਦੀ ਪੂਜਾ ਮਾਨਤਾ ਹੁੰਦੀ ਹੈ। ਏਥੋਂ ਚੱਲਕੇ ਕਾਮੱਖਿਆ ਦੇਵੀ ਦਾ ਮੰ
ਦਰ ਤੇ ਲੋਕਾਂ ਦੀ ਰੀਤਿ ਮਰਯਾਦਾ ਦੇਖਕੇ ਬ੍ਰਹਮਪੁੱਤ੍ਰ ਦਰੀਯਾ ਦੇ ਕਿਨਾਰੇ ਧੋਬੜੀ ਬੰਦ੍ਰ ਜਾ
ਉਤਰੇ। ਰਾਜਾ ਬਿਸਨਸਿੰਘ ਨੇ ਅਸਾਮ ਦੇਸੀ ਰਾਜਿਆਂ ਨੂੰ ਜਦ ਹਾਰ ਦਿੱਤੀ ਤਾਂ ਰੰਗਪੁਰ
ਵਾਲੇ ਰਾਮਰਾਇ ਰਾਜੇ ਨੇ ਗੁਰੂ ਜੀ ਦੀ ਮਾਰਫਤ ਸੁਲਾ ਕਰਕੇ ਤਾਬੇਦਾਰੀ ਮੰਨ ਲਈ। ਉ
ਸੇ ਸਮੇ ਪਟਣੇ ਤੋਂ ਇਕ ਸਿੱਖ ਨੇ ਜਾਕੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ਖਬਰੀ ਸੁਣਾ
ਈ। ਰਾਜਾ ਨੇ ਦਰਬਾਰ ਕਰਕੇ ਬੜਾ ਉਤਸ਼ਾਹ ਕੀਤਾ ਤੇ ਸੁਲਕ ਕਰਾਈ।

ਗੁਰੂ ਜੀ ਨੇ ਫੁਰਮਾਯਾ ਜਿੱਥੇ ਅਸੀ ਬੈਠੇ ਹਾਂ ਏਥੇ ਗੁਰੂ ਨਾਨਕ ਜੀ ਕਿਸੇ ਸਮੇ ਬੈਠੇ ਸੇ ਸੋ
ਇਕ ੨ ਢਾਲ ਮਿੱਟੀ ਦੀ ਸਬ ਏਥੇ ਪਾਉ ਤਾਂ ਉਨ੍ਹਾਂ ਦਾ ਦਮਦਮਾ ਬਣਜਾਏ। ਉਸੇ ਵਕਤ
ਰਾਜੇ ਦੇ ਸਮੇਤ ਸਭਨੇ ਇਕ ਪਹਾੜੀ ਜੈਸੀ ਉਸਾਰ ਦਿੱਤੀ ਜੋ ਹੁਣ ਚਾਰ ਕੋਸ ਤੇ ਦਿਖਾ
ਈ ਦਿੰਦੀ ਹੈ। ਤੇ ਉਦਾਸੀ ਸੰਤ ਗੈਬਸਾਹਿਬ ਪਨ੍ਹਾਦੇ ਹਨ ਇਕ ਪਿੰਡ ਮਾਫੀ ਗੁਜ਼ਾਰੇ ਵਾਸ੍ਤੇ
ਹੈ। ਉਸ ਦੇਸ ਵਿਚੋਂ ਫੌਜ ਨੇ ਬਹੁਤ ਦੌਲਤ ਲੁੱਟੀ ਸੀ, ਏਸਕਰਕੇ ਗੁਰੂ ਜੀ ਅੱਗੇ ਬਹੁਤ
ਨਜ਼ਰ ਭੇਟਾ ਆਈ ਤੇ ਸਾਰੀ ਫੌਜ ਨੇ ਦਸਵੰਧ ਦਿੱਤਾ। ਸੱਤ ਲੱਖ ਦੇ ਲਗਭਗ ਰੁਪਯਾ ਗੁ
ਰੂ ਮਹਾਰਾਜ ਪਾਸ ਹੋਗਿਆ। — ਜਦ ਤੁਰਨ ਲੱਗੇ ਤਾਂ ਰਾਜਾ ਰਾਮਰਾਇ ਨੇ ਰਾਜਾ
ਬਿਸਨਸਿੰਘ ਨੂੰ ਕਹਿਕੇ ਗੁਰੂ ਜੀ ਨੂੰ ਆਪਣੇ ਪਾਸ ਠਿਕਾਇ ਲੀਤਾ। ਰਾਜਾ ਦੇ ਘਰ ਕੋਈ
ਬੇਟਾ ਨਹੀਂ ਸੀ, ਗੁਰੂ ਜੀ ਦੀ ਕ੍ਰਿਪਾਲਤਾ ਪੁੱਤ੍ਰ ਹੋਗਿਆ। ਰਾਜਾ ਨੇ ਵੱਡੇ ਉਤਸ਼ਾਹ ਨਾਲ ਦੌ
ਲਤ ਵੰਡੀ ਤੇ ਗੁਰੂ ਸਾਹਿਬ ਦੇ ਲੜਕੇ ਵਾਈਆਂ ਵਾਸਤੇ ਗਹਿਣੇ, ਕਪੜੇ, ਮੋਤੀਆਂ ਦੀ

Digitized by Panjab Digital Library | www.panjabdigilib.org

ਮਾਲਾ ਹੋਰ ਬਹੁਤ ਤੋਫੇ ਆਦਿਕ ਪਟਨੇ ਸ਼ਹਿਰ ਭੇਜ ਦਿੱਤੇ।।
ਏਥੋਂ ਬਿਦਾ ਹੋਕੇ ਗੁਰੂ ਜੀ ਅਨੇਤ ਦੇਸਾਂ ਸ਼ਹਿਰਾਂ ਦਾ ਸੈਲ ਲੈਂਦੇ ਹੋਏ ਕਲਕੱਤੇ ਆਗ
ਏ। ਏਹ ਕਲਕੱਤਾ ਓਦੋਂ ਕਲੀਕਾਟ ਨਾਮ ਕਰਕੇ ਛੋਟਾ ਜੈਸਾ ਪਿੰਡ ਸੀ ਤੇ ਏਥੋਂ ਦਾ ਰਾਜਾ
ਬਹਲ ਖੱਤ੍ਰੀ ਹਜ਼ੂਰੀ ਸਿੰਘ ਸੀ ਓਸਨੇ ਦੋ ਮਹੀਨੇ ਗੁਰੂ ਜੀ ਨੂੰ ਬਹੁਤ ਪ੍ਰੇਮ ਨਾਲ ਰੱ
ਖਿਆ ਤੇ ਬਹੁਤ ਕੁਛ ਨਜ਼ਰ ਭੇਟਾ ਕੀਤੀ। ਏਥੇ ਹਜ਼ੂਰੀ ਸਿੰਘ ਦੀ ਬਣਵਾਈ ਹੋਈ ਬ
ਡੀ ਸੰਗਤ ਹੈ ਤੇ ਇਕ ਬੜਾ ਬਾਜ਼ਾਰ ਭੀ ਓਸੇ ਦਾ ਸੱਦੀਦਾ ਹੈ। ਏਥੋਂ ਚੱਲ ਕੇ ਬਾਲੇਸ੍ਵ
ਰ, ਮੇਦਨੀਪੁਰ, ਮੋਰਭੰਜ, ਕਟਕ ਆਦਿਕ ਸ਼ਹਿਰਾਂ ਦਾ ਤੇ ਉਡੀਸੇ ਮੁਲਕ ਦਾ ਸੈਲ
ਕਰ ਕੁਛ ਦਿਨ ਜਗਨਨਾਥ ਪੁਰੀ ਠਹਿਰ ਕੇ ਗੁਰੂ ਨਾਨਕ ਜੀ ਦੀ ਬਾਉਲੀ ਪੱਕੀ ਬਣ
ਵਾਈ ਫੇਰ ਅਨੇਕ ਜੀਵਾਂ ਨੂੰ ਪਰਮੇਸ੍ਵਰ ਦੀ ਭਗਤੀ ਵਿਚ ਲਾਉਂਦੇ ਹੋਏ ੭ ਜੇਠ ਸੰ:
੧੭੨੪ ਬਿ: ਨੂੰ ਪਟਨੇ ਸਾਹਿਬ ਆ ਗਏ। ਸਾਹਿਬਜ਼ਾਦੇ ਨੂੰ ਦੇਖ ਕੇ ਬਹੁਤ ਖੁਸ਼ੀ
ਹੋਏ ਤੇ ਬਹੁਤ ਦੌਲਤ ਗਰੀਬਾਂ ਨੂੰ ਵੰਡੀ, ਨੌਕਰਾਂ ਸੇਵਕਾਂ ਨੂੰ ਇਨਾਮ, ਸਿਰੋਪਾਉ ਬ
ਖਸ਼ੇ। ਫੇਰ ਸਾਹਿਬਜ਼ਾਦੇ ਨੂੰ ਓਥੇ ਹੀ ਛੱਡ ਕੇ ਆਪ ਦੁਸ਼ਹਿਰਾ ਪੂਜ ਕੇ ਪੰਜਾਬ ਨੂੰ ਚਲੇ
ਆਏ। ਰਸਤੇ ਵਿਚ ਸੁਸਰਾਮ ਗ੍ਰਾਮ ਠਹਿਰੇ, ਅਗਰਹਿਰੀ ਬਣੀਏ ਸਿੱਖਾਂ ਨੇ ਬਹੁਤ
ਸੇਵਾ ਕੀਤੀ ਏਨ੍ਹਾਂ ਦੀ ਔਲਾਦ ਹੁਣ ਕਲਕੱਤੇ ਵਿਚ ਬਾਬੂ ਚੂਨੀ ਸਿੰਘ, ਮੁੰਨੀ ਸਿੰਘ
ਆਦਿਕ ਬਸਦੇ ਹਨ। ਸੁਸਰਾਮ ਵਿਚ ਅੰਮ੍ਰਿਤਸਰ ਦੀ ਤਰਾਂ ਪਰ ਤਾਲਾਉ ਤੇ ਮੰ
ਦਰ ਸ਼ੇਰਸ਼ਾਹ ਦੇ ਬਣਾਏ ਹੋਏ ਬਹੁਤ ਚੰਗੇ ਹਨ। ਗੁਰੂ ਸਾਹਿਬ ਦੇ ਭੀ ਦੋ ਮਕਾਨ ਬਹੁ
ਤ ਚੰਗੇ ਹਨ। ਏਥੋਂ ਚਲ ਜੌਨਪੁਰ ਦੇ ਰਸਤੇ ਕਾਂਸ਼ੀ ਨਗਰ, ਰੇਸ਼ਮੀ ਕਟੜੇ (ਜਿਥੇ ਹੁਣ
ਗੁਰਦੁਆਰਾ ਤੇ ਰਾਜਾ ਪਟਿਆਲੇ ਵਾਲੇ ਦਾ ਸਦਾ ਬ੍ਰਤ ਹੈ) ਜਾ ਉਤਰੇ ਤੇ ਪੰਦ੍ਰਾਂ ਦਿਨ ਠਹਿ
ਰੇ ਰਹੇ, ਭਾਈ ਗੁਰਬਖਸ਼ ਜੌਨਪੁਰੀਆ ਕੀਰਤਨ ਸੁਣਾਉਂਦਾ ਰਿਹਾ, ਓਸਨੂੰ ਇਕ ਮ੍ਰਿ
ਦੰਗ, ਇਕ ਚੋਲਾ ਭਗਵੇ ਰੰਗ ਦਾ ਬਖਸ਼ਿਆ ਜੋ ਹੁਣ ਕਾਸ਼ੀ ਵਿਚ ਹੈ। ਓਸੇ ਸਮੇ ਔਰੰ
ਗਜ਼ੇਬ ਨੇ ਕਾਸ਼ੀ ਵਿਚ ਬਿੱਸ੍ਵਨਾਥ ਦਾ ਮੰਦਰ ਢਾਹ ਕੇ ਮਸੀਤ ਦੀ ਇਮਾਰਤ ਲਾਈ ਸੀ
ਤੇ ਮਹਾਦੇਵ ਨੂੰ ਗਿਆਨਬਾਪੀ ਨਾਮ ਖੂਹ ਵਿਚ ਸੁੱਟ ਰੱਖਿਆ ਸੀ ਜਿਸਨੂੰ ਮਰਹੱਟੇ ਸੇਵਾ ਜੀ
ਨੇ ਸੰ: ੧੭੬੪ ਬਿ: ਵਿਚ ਨਿਕਾਲਿਆ ਤੇ ਓਸ ਮੰਦਰ ਵਿਚ ਥਾਪਿਆ ਸੀ, ਜਿਸ ਉਪਰ ਮਹਾ
ਰਾਜੇ ਰਣਜੀਤ ਸਿੰਘ ਦਾ ਚੜ੍ਹਾਯਾ ਹੋਯਾ ਸੋਇਨਾ ਹੁਣ ਮੌਜੂਦ ਹੈ। ਕਾਂਸ਼ੀਓਂ ਤੁਰਕੇ
ਅਜੁੱਧਿਆ, ਲਖਨਊ, ਫੱਰੁਖਾਬਾਦ, ਮੁਰਾਦਾਬਾਦ, ਮੇਰਠ, ਗੰਗਾ ਜੀ ਹਰਿਦ੍ਵਾਰ ਆਏ

Digitized by Panjab Digital Library | www.panjabdigilib.org

ਸਲਾਹ ਕਰਕੇ ੨੨ ਵੈਸਾਖ ਸੰ: ੧੭੨੬ ਬਿ: ਨੂੰ ਆਨੰਦਪੁਰ ਆ ਬਿਰਾਜੇ। ਗੁਰੂ ਜੀ ਦਾ
ਆਗਮਨ ਸੁਣਕੇ ਦੇਸ ਦੇਸ ਦੇ ਮਸੰਦ ਸੰਗਤਾਂ ਨੂੰ ਲੈ ਕੇ ਆਂਉਂਦੇ ਭਏ। ਇਕ ਤਾਂ ਰਾਹ ਥ
ਰਸਦ ਕਾਰਣ ਹੋਰ ਦਸਵੰਧ ਦਾ ਸਿੱਖਾਂ ਦੇ ਘਰ ਜਮਾ ਸੀ ਦੂਸਰੇ ਗੁਰੂ ਤੀਰਥ ਯਾਤ੍ਰਾ ਕਰ
ਕੇ ਆਏ ਸੇ ਇਸ ਕਰਕੇ ਗੁਰੂ ਜੀ ਨੂੰ ਸਿੱਖਾਂ ਨੇ ਬਹੁਤ ਪਦਾਰਥ ਭੇਟਾ ਕੀਤਾ। ਗੁਰੂ ਜੀ ਭੀ
ਗਰੀਬਾਂ ਨੂੰ ਹੋਰ ਵਧੇਰੇ ਦੇਣ ਲਗ ਪਏ।

ਜਦ ਆਨੰਦਪੁਰ ਫਿਰ ਰੌਣਕ ਹੋ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਕੁਟੰਬ ਸਮੇ
ਤ ਪਟਣੇ ਤੋਂ ਮੰਗਵਾ ਲਯਾ। ਸਾਹਿਬਜ਼ਾਦੇ ਦਾ ਆਉਣਾ ਸੁਣਕੇ ਸਿੰਧ, ਕੰਧਾਰ, ਕਾਬਲ
ਕਸ਼ਮੀਰ, ਦੱਖਣ ਪੂਰਬ, ਪੰਜਾਬ, ਮਾਲਵਾ ਆਦਿਕ ਸਰਬ ਦੇਸਾਂ ਤੋਂ ਸੰਗਤਾਂ ਦਰਸ਼ਨ
ਕਰਨ ਆਈਆਂ। ਇਕ ਲਾਹੌਰੀ ਖੱਤ੍ਰੀ ਸੁਭਿਖੀਏ ਗੋਤ ਹਰਿਜਸ ਨੇ ਸਾਹਿਬਜ਼ਾਦੇ ਨੂੰ ਪ
ਸੰਦ ਕਰਕੇ ਆਪਣੀ ਬੇਟੀ ਜੀਤੋ ਜੀ ਦੀ ਕੁੜਮਾਈ ਕਰਕੇ ਲਾਹੌਰ ਜਾਕੇ ਬ੍ਯਾਹ ਕਰਣ
ਦੀ ਸਲਾਹ ਕੀਤੀ ਤਾਂ ਉਸੇ ਗੁਰੂ ਬੋਲੇ ਅਸੀਂ ਏਥੇ ਹੀ ਲਾਹੌਰ ਰਚ ਦੇਵਾਂਗੇ ਤੂੰ ਆਪਣੀ
ਸੰਬੰਧੀਆਂ ਨੂੰ ਪਰਵਾਰ ਸਮੇਤ ਲੈ ਆ। ਬਚਨ ਮੰਨਕੇ ਉਹ ਤਾਂ ਸਬੰਧੀਆਂ ਨੂੰ ਲੈਣ ਗਿਆ
ਤੇ ਗੁਰੂ ਜੀ ਨੇ ਅਨੰਦਪੁਰ ਤੋਂ ਸੱਤ ਕੋਸ ਉੱਤ੍ਰ ਦਿਸ਼ਾ ਇਕ ਪਿੰਡ ਲਾਹੌਰ ਨਾਮੀ ਬਸਾਕੇ ਸਬ
ਤਰਾਂ ਦੇ ਸੌਦਾਗਰ ਸਿੱਖ ਉਥੇ ਠਹਿਰਾਕੇ ਰੌਣਕ ਕਰਾਇ ਦਿੱਤੀ। ੧੫ ਜੇਠ ਸੰ: ੧੭੩੦
ਬਿ: ਬ੍ਯਾਹ ਦਾ ਦਿਨ ਮੁਕੱਰਰ ਕਰਕੇ ਦੇਸ ਦੇਸ ਦੇ ਮਸੰਦਾਂ ਨੂੰ ਹੁਕਮਨਾਮੇ ਲਿਖ ਭੇਜੇ ਤੇ
ਬੇਦੀ ਤੇਹਣ ਭੱਲੇ ਸੋਢੀ ਸਾਕ ਨਾਤੇ ਸਬ ਬੁਲਾ ਲਏ, ਅਨੰਤ ਪ੍ਰਕਾਰ ਦੇ ਪਦਾਰਥ ਗੱਡੇ
ਭਰ ਭਰਕੇ ਸਿੱਖ ਲੈ ਆਏ।

ਦੋਹਰਾ। ਜਬ ਤੇ ਬਿਆਹ ਉਤਸ਼
ਹ ਯੁਤ ਗੁਰੂ ਗੁਰੂ ਪੁਰ ਆਨੰਦ। ਮਨ ਬਾਂਛਤ ਸਬ ਕੋ ਦਏ ਅਸਨ ਬਸਨ ਸੁਖ ਕੰਦ
ਅਤੇ ਰੌਣਕ ਪਈ। ।। ਨਗਰੀ ਬਜ਼ਾਰ ਅਗਾਰ ਸਜਾਏ। ਛਿੜਕ ਸੁਗੰਧੀ ਅਤਿ ਮਹਿਕਾ
ਏ। ਚਿਤ੍ਰ ਕਰੇ ਬਚਿੱਤ੍ਰ ਸਾਰੇ। ਧੁਜਾ ਪਤਾਕਾ ਬੰਦਨਵਾਰੈ। ਪੌਰ ਪੌਰ ਪਰ ਬਾਜਤ ਬਾ
ਜੇ। ਮੰਗਲ ਮਈ ਸਾਜ ਸਬ ਸਾਜੇ। ਖਰੀ ਖਰੀ ਤ੍ਰਿਯ ਗਰੀ ਗਰੀ ਤੈ। ਭਰੀ ਪਰੀ ਤੈ ਭ
ਰੀ ਪਰੀ ਤੈ। ਜੇਵਰ ਬਸਨ ਸਜਾਇ ਸਰੂਪੇ। ਧਾਰ ਸਿੰਗਾਰ ਉਦਾਰ ਅਨੂਪੇ। ਲੈ ਮੰਗਲ
ਮੇਂ ਵਸਤੂ ਅਪਾਰਾ। ਘਰ ਘਰ ਤੈ ਨਿਕਸੀ ਸੁੰਦਰਾ। ਹਿਲਮਿਲ ਚਲੀ ਭਲੀ ਬਿਧਿ ਬੋ
ਲੀ। ਜਾਵਤ ਗਾਵਤ ਕਰਤ ਠਠੋਲੀ। ਹਰਨੀ ਨੈਨਨ ਹਰਨੀ ਸੋਭਾ। ਕਰਨੀ ਗਤ ਕਰ
ਨੀ ਮਤਿ ਖੋਭਾ। ਚੰਦ ਮੁਖੀ ਸੁਠ ਚੰਪਕ ਬਰਨੀ। ਕੋਕਿਲ ਬੈਨੀ ਤਰਨੀ ਤਰਨੀ। ਸਮੁਖ

Digitized by Panjab Digital Library | www.panjabdigilib.org

ਤਕਾਇ ਦੇਤ ਜਿੰਹ ਗਾਰੀ। ਲਗਤ ਸੁਧਾ ਸਮ ਸੋ ਤਿੰਹ ਪਯਾਰੀ। ਝਾਂਜਰ ਨੂਪਰ ਬਜਤ ਸੁ
ਹਾਏ। ਵ੍ਰਿੰਦਾ ਬ੍ਰਿੰਦ ਜੈਸੇ ਮਦਨ ਜਨਵਾਏ। ਦਾਇ ਅਦਾਇ ਦਿਖਾਇ ਅਦਾਇਲਾ। ਘਾਇ
ਲ ਕਰ ਕਰ ਸਿਟਤ ਉਤਾਇਲਾ। ਨੈਨ ਨੋਕ ਕੀ ਝੋਕ ਲਗੀ ਕੈ। ਕਢਤ ਕਰੇਜੇ ਰੇਜੇ ਕੈ ਕੈ।
ਚਿਬਕ ਕਪੋਲ ਸੋਹਿ ਤਿਲ ਰੇਖੇ। ਅਲੀ ਸੋਲਸੇ ਲਗਤ ਅਲੇਖੇ। ਤਿਲ ਤਿਸੀ ਤਿਲਕ
ਕਢਜੈ ਲਹਿ। ਜਾਨੋ ਜਖਮੀ ਜੀਵੈਂ ਤੌ ਦਾਹਿ। ਸਾਂਢ ਕੌਲ ਲਟਕ ਲਟ ਲਾਗੀ। ਕੁੰਡ
ਮਨੋ ਫਿਸੇ ਵਿਸ ਪਾਗੀ। ਦਿਲ ਦਰੀਆਵਹੁ ਮਨ ਮਛ ਫੜਕੈ। ਤੜਫਾਵਤ ਜਾਦੂ ਜਿ
ਦ ਪਠਕੈ। ਮੋਦ ਪ੍ਰਮੋਦ ਬਿਨੋਦ ਨਦੀਸੀ। ਧਸਤ ਧਾਇ ਗੁਰੁ ਧਾਮ ਮਹੀਸੀ। ਸਿੰਧੁ ਅਨੰ
ਦ ਕੋਰ ਗੁਰੂ ਕੇ ਘਰਾ। ਉਛਰਿਓ ਪਰਮਾਨੰਦ ਸੁਖਦਤਰਾ। ਪਿਖ ਸੁਤ ਲਗਨ ਸਗਨ
ਬਰ ਬ੍ਰਿੰਦੈਂ। ਤਨੀ ਰੈਤਨੀ ਚਾਂਦਮਾਨਿੰਦੈਂ। ਸਾਤ ਸੁਹਾਗਨਿ ਮਿਲ ਬਡਭਾਗਨ। ਗਾਇ
ਸੁਹਾਗ ਬਧਾਇ ਅਨੁਰਾਗਨ। ਸੁੰਦਰ ਬਦਨ ਮਦਨ ਛਬ ਕਦਨਾ। ਦਾਇਕ ਮੋਖ ਭੋਗ
ਸੁਖ ਸਦਨਾ। ਅਤਿ ਪਯਾਰੇ ਲਾਗਤ ਸਬਹੀ ਕੋ। ਜੈਸੇ ਕ੍ਰਿਸ਼ਨ ਗੋਪੀਜਨਹੀ ਕੋ। ਮਿਸ
ਬਦਨੈ ਗੁਰ ਤਨ ਸੁਤ ਪਰਸੈਂ। ਜਨਮ ਲਾਭ ਸਫਲੋ ਨਿਜ ਦਰਸੈਂ। ਹਾਵ ਭਾਵ ਬਹੁ ਕਰ
ਮੁਸਕਾਵਤਾ। ਅਨੋਰਤੀ ਨਿਜ ਪਤੀ ਜਗਾਵਤਾ। ਘੇਰ ਚੁਫੇਰ ਥਿਰੀ ਮੁਦ ਧਾਰੈ। ਮਨੋ
ਚਾਂਦ ਤਾਰਨ ਪਰਵਾਰੇ। ਗਮਾਤ ਅਗਮਾਤ ਜੋਬਨ ਜੇਤੀ। ਮੋਹਿਤ ਭਈ ਅਧਿਕ ਪਿ
ਖ ਤੇਤੀ। ਨੈਨ ਸੈਨ ਦੈ ਬੈਨ ਅਲਾਵਤਾ। ਮਨ ਭਾਵਤ ਗਾਵਤ ਮੁਸਕਾਵਤਾ। ਬਹੁ ਜੋਸ਼ਿ
ਗਾਰ ਹਾਸਰਸ ਭਾਰੀ। ਕੀਨੀ ਰੀਤਿ ਬੇਦ ਕੁਲ ਸਾਰੀ। ਸਾਂਤਿ ਰੂਪ ਹਿਤ ਸਾਂਤਿ ਕਰਾਈ।
ਕ੍ਰਿਪਾਲ ਚੰਦ ਮਾਮੇ ਮੁਦ ਪਾਈ। ਕਰ ਇਸਨਾਨ ਪੀਤ ਪਟ ਸਾਜੇ। ਕਲਗੀ ਜਿਗਾ ਸੀਸ
ਸੁਤ ਭ੍ਰਾਜੇ। ਤਰੀ ਮੁਕੇਸ਼ ਬਸੇਸ ਜਰੀ ਕੋ। ਮੁਕਤਾ ਮੁਕਤਾ ਲਗੀ ਕਰੀ ਕੋ। ਸਜੇ ਸੇਹਰਾ
ਛਬਨ ਬੇਹਰਾ। ਮੋਹਿਤ ਹੋਇ ਨ ਪੇਖ ਕੇਹਰਾ। ਪੰਕਜ ਪੈ ਰਵਿ ਕਿਰਨਾ ਢੂਰੀ। ਮਨੋ ਚਾਂ
ਦ ਪਰ ਬਿਜੁਰੀ ਜੁਰੀ। ਬਾਜੇ ਬਜੇ ਅਨਿਕ ਪਰਕਾਰੈਂ। ਗੀਤ ਰੀਤਿ ਕੇ ਗਾਵਤ ਨਾਰੈਂ। ਭ
ਯੋ ਕੁਲਾਹਲ ਆਨੰਦ ਭਾਰੀ। ਚਢੀ ਬਰਾਤ ਬਖ਼ਯਾਤ ਉਦਾਰੀ। ਦੋਹਰਾ। ॥
ਹੈ ਗੈ ਰਥ ਸਾਜੇ ਘਨੇ ਚਲੇ ਹੋਇ ਅਸਵਾਰ। ਮਗਨ ਭਏ ਸੁਤ ਲਗਨ ਪਿਖ ਸਗਨ
ਭਏ ਸੁਖਕਾਰ। ਚੌਪਈ। ਬੇਦੀ ਤੇਹਣ ਸੋਢੀ ਭੱਲੇ। ਸਾਕ ਸਬੰਧੀ ਸਭ ਰ
ਦ ਰਲੇ। ਚੜ੍ਹੇ ਪਾਲਕੀ ਨੌਮ ਗੁਰੂ ਵਰਾ। ਭਾਰ ਲਦਾਏ ਸਭ ਸੁਤ ਰਨ ਪਰਾ। ਸੋਢੀ ਮੋਹ
ਲਾਹੌਰ ਪਹੂੰਚੇ। ਬਾਜੇ ਬਜੇ ਚਹੂੰ ਦਿਸ ਊਚੇ। ਸਮਧੀ ਲੈਣ ਬਰਾਤਹਿ ਆਏ। ਬ੍ਰਿਧਿ

Digitized by Panjab Digital Library | www.panjabdigilib.org

ਬਿਰੋ ਪਿਖ ਬਹੁ ਬਿਸਮਾਏ।ਨਹਿ ਸੁਬੇਸ ਅਲਿਕੇਸ ਨਰੇਸੈਂ ਪ੍ਰਾਪਤ ਹੋਵਤ ਇਤਕ
ਬਸੇਸੈਂ।ਰਿੱਧਿ ਸਿੱਧਿ ਸਬ ਗੁਰਕੀ ਦਾਸੀ।ਸੇਵ ਕਮਾਵਤ ਧਾਵਤ ਖਾਸੀ।ਜਾਗੀ ਤੇ
ਸਾਰੇ ਪਤਿਸਾਹੂ।ਕਹਿਤ ਰਹਿਤ ਜਨ ਗੁਰੈਂ ਸਦਾਹੂ।ਮਿਲ ਨੀਕਰ ਢੂਕਾਵ ਕਰਵਾਯੋ
।।ਸਤਗੁਰੂ ਧਨ ਧਨ ਜੱਸੋ ਬਰਸਾਯੋ।ਖੁਲੇ ਨਸੀਬ ਗਰੀਬਨ ਧਾਵਤ।ਪਾਯੋ ਧਨ
ਅਨਗਨ ਮਨਭਾਵਤ।ਕਰੀ ਆਰਤੀ ਆਰਤ ਹਰਿ ਕੀ।ਜਾਸ ਪੌਰ ਨਿਜ ਆਇਸ ਧ
ਰਕੀ।ਪਿਖ ਸਰੂਪ ਦੂਲੋ ਕਾ ਭਾਰੀ।ਮਨ ਤਨ ਧਨ ਤਿਸ ਵਾਰਤ ਸਾਰੀ।ਪੰਮਭਾਗਦੁ
ਲਹਿਨਕੇ ਭਾਖੇਂ।ਜੀਐਂ ਜੁਗਨ ਲੋ ਜੁਗ ਅਭਿਲਾਖੇਂ।ਅੰਦਰ ਮੰਦਰ ਕੇ ਲੈ ਗਈਆਂ।
ਹਾਸ ਬਿਲਾਸ ਕਰਤ ਬਹੁ ਭਈਆਂ।ਜਰੀ ਜੇਵਰੈਂ ਫੂਲ ਫਰੀਸੀ।ਸਰੀ ਪਰੀਸੀ ਸ੍ਵਰਨ
ਸਰੀਸੀ।ਕਾਮਨਿ ਕਾਮਨ ਭਾਮਨ ਕਰਹੀਂ।ਗੁਰੂ ਨਿਸਕਾਮ ਦ੍ਰਿਸ੍ਟਿ ਇਸ ਧਰਹੀਂ।ਮੁਗ
ਧਾ ਕਲੀ ਅਧਖਿਰੀ ਝੂਲੀ।ਮੱਧਮਾ ਫਿਰਤ ਫੂਲਸੀ ਫੂਲੀ।ਪ੍ਰੌੜ ਜੇਵਰਮਿਸ ਗੁਰਤ
ਨੁਪਰਸਤ।ਮੋਦ ਪ੍ਰਮੋਦ ਲਹਿਤ ਮਦ ਹਰਸਤ।ਨੈਨ ਨਚਾਇ ਮਧੁਰ ਮੁਸਕਾਵਤ।ਹ
ਸ ਹਸ ਰਸਕ ਮਜਾਖ ਦਿਖਾਵਤ।ਦੇਵ ਅੰਗਨਾ ਸੀ ਸੁਚ ਸੋਹਿਤ।ਰਿੱਧਿ ਸਿੱਧਿ ਸੀ
ਮੁਨਿਮਨ ਮੋਹਤ।ਦੀਪਮਾਲਕਾ ਕਿਤ ਚਪਲਾਸੀ।ਸਚੀ ਰਤੀ ਰੰਭਾ ਕਮਲਾਸੀ।ਕਾ
ਮਤਰੂ ਜਨ ਕਾਮਰੂਪ ਗੁਰੁ ਭਾ।ਕਾਮਨਿ ਲਹਿਤ ਕਾਮਨਾ ਭਰਪੂਰਾ।ਲੇਤ ਬਲੱਯਾ ਸੱਯਾ
ਸਾਸੂਆ।ਗਾਈਲੈਨ ਵਾਰਤੀ ਖਾਸੂਆ।ਕਰ ਕੁਲ ਰੀਤਿ ਬਰਾਤ ਬੁਲਾਈ।ਪਰਤ ਪਾਂਵਟੇ
ਮਗ ਚਲ ਆਈ।ਬਾਦ ਗੀਤ ਧੁਨਿ ਪੂਰੀ ਨਭ ਧਰਾ।ਉਛਰਯੋ ਮਨੋ ਸਿੰਧੁ ਆਨੰਦ ਤਰਾ।।
ਖਟ ਰਸ ਛਕਤ ਬ੍ਰਾਤ ਤ੍ਰਿਪਤਾਵਤ।ਜਨ ਸੁਰਗਨਾ ਕਾਮ ਜਗਾਵਤ।ਪਯਾਰੀ ਕੀ
ਗਾਰੀ ਅਤਿ ਪਯਾਰੀ।ਲਗਤ ਸੁਧਾਸੀ ਚੂਰਨ ਰਾਰੀ।ਪਾਨ ਲਾਇਚੀ ਅਤਰ ਬਿਦਾਈ
।ਪ੍ਰੀਤਿ ਰੀਤ ਦੁਹਿਦਿਸ ਉਮਗਾਈ।ਲੋਕ ਬੇਦ ਰੀਤੀ ਕਰ ਸਾਰੀ।ਫੇਰੇ ਦਏ ਮੋਦ ਮਨਧਾ
ਰੀ।ਸਾਤ ਦਿਵਸ ਸਾਨੰਦ ਬਿਤਾਏ।ਦੁਹਿਦਿਸ ਰਸ ਜਸ ਬਢਯੋ ਮਹਾਂਏ।ਦਏ ਦਹੇਜ
ਸੇਜ ਲੈ ਸਾਰੇ।ਜੇਵਰ ਜੇਵਰ ਤੇਵਰ ਭਾਰੇ।ਬਿਦਾ ਭਏ ਮਨ ਭਿਦਾ ਸਾਸ ਕੋ।ਦੈ ਅਸੀਸ
ਲੈ ਕਹਯੋ ਸ੍ਵਾਸ ਕੋ।ਆਪ ਜਗਤ ਗੁਰੂ ਸਬ ਬਿਧਿ ਗਯਾਨੀ।ਸਦਗੁਨ ਮੰਦਰ ਸੁੰਦਰ ਮ॰
ਨੀ।ਮੋਰ ਸੁਤਾ ਮਤਿ ਥੋਰ ਅਜਾਨੀ।ਬਖਸ਼ਯੋ ਇਸੈ ਕੁਭੂਲ ਕੁਬਾਨੀ।ਸੁਨ ਪ੍ਰਭ ਬੀਰ
ਨ ਕਰੀ ਸਹੇਤੂ।ਪਾਲਕ ਲੋਕ ਬੇਦ ਬਿਧਿ ਸੇਤੂ।ਬਰ ਬਸ ਪੁਨਾ ਸੁਤਾ ਢਿਗ ਜਾਈ।ਲਾਇ
ਕੰਠ ਕਰ ਰੁਦਨ ਸੁਨਾਈ।ਰਚੀ ਨਾਰਿ ਕਤ ਬਿਧ ਨਾ ਮਾਨੀ।ਪਰਾਧੀਨ ਰਹਿ ਸਦਾ ਨਿਮਾ

Digitized by Panjab Digital Library | www.panjabdigilib.org

ਨੀ। ਪਤਿ ਆਗਯਾ ਮੈਂ ਅਤਿ ਅਨੁਰਾਗੀ। ਤਜੀਓ ਸੁਤਾ ਮਾਨ ਨਿਜ ਤਯਾਗੀ। ਸਦਾ ਸਾ
ਸ ਕੀ ਆਇਸ ਮਾਨੋ। ਨਿੱਸ ਦਿਨ ਰਹੋ ਸੇਵ ਸਭ ਠਾਨੋ। ਸਿਖ ਮਾਤ ਦੈ ਅਸੀਸ ਉਠਲਾ
ਈ। ਪੇਨ੍ਹ ਬੈੱਠ ਜਿਮ ਤਜਨ ਸਕਾਈ। ਕੇਸਰ ਅਤਰ ਗੁਲਾਬ ਗੁਲਾਲੀ। ਛਿੜਕੇ ਬਿ
ਦਾ ਭੁਈ ਖੁਸ਼ਹਾਲੀ। ਰਚੈ ਕਿਕਾਨ ਨ ਜਾਨਨ ਨਾਨਾ। ਡੋਰ ਤੋਰਾ ਬਜੇ ਨਿਸ਼ਾਨਾ। ਅਤਿ
ਅਹਿਲਾਦ ਨੌਮ ਗੁਰੂ ਪਾਯੋ। ਡੋਰੇ ਪਰ ਧਨ ਬਹੁ ਬਰਸਾਯੋ। ਤੁਰਕਰ ਫੁਰ ਆਨੰਦਪੁ
ਰ ਆਏ। ਬਗਰ ਬਾਜ਼ਾਰ ਦਰਸ ਹਿਤ ਛਾਏ। ਗੀਤ ਬਾਦ ਕਰ ਬਡੋ ਕੁਲਾਹਲਾ।
ਆਈ ਸੰਪਤਿ ਜਨ ਕਰ ਕਾਹਲਾ। ਪੀਓ ਵਾਰ ਜਲ ਬਹੂ ਬਧਾਈ। ਮਾਤ ਗੂਜਰੀ ਅੰਗ
ਲਗਾਈ। ਦੂਲਹਨਿ ਪੇਖ ਰੂਪ ਗੁਨ ਰਾਸੀ। ਨਾਰਿ ਸਰਾਹਿਤ ਸਭ ਪੁਰਿ ਵਾਸੀ। ਛੱਲਾ ਮੁੰ
ਦ੍ਰੀ ਪੁਨ ਖਿਲਾਏ। ਜਾਣਕ ਗੁਰੂ ਹਾਰਤ ਜਾਂਏ। ਪਰਸ ਪਰਸ ਕਰ ਕਵਲ ਖੇਲ ਅੰ
ਸ਼ਾਲ ਰਤ ਚਕੋਰ ਚੋਰ ਚਖ ਦੁਹਿ ਦਿਸਾ। ਦੋਹਰਾ। ਕਰ ਮੋ ਨੌਮ ਗੁਰੂ
ਦਸਮੇਕੇ ਬਯਾਹਿ ਉਛਾਹਿ ਬਢਾਇ। ਮੇਲ ਬਿਦਾ ਕੀਨੇ ਪੁਨਾ ਦੈ ਧਨ ਮਾਨ ਬਢਾਇ।
ਆਗੇ ਵਾਰਤਕ ਲਿੱਖਯਤੇ। ਨੌਮੇ ਗੁਰੂ ਤੇ ਦੋਵੇਂ ਮਾਤਾ ਅਤੇ ਸਿੱਖ ਸੇਵਕ
ਬਾਲਕ ਸਰੂਪ ਬਰ ਬਧੂ ਨੂੰ ਬਾਲ ਲੀਲਾ ਤੇ ਛਨਕ ਮਨਕ ਕਰਦੇ ਫਿਰਦੇ ਦੇਖ ੨ ਬਸੇ
ਸ ਆਨੰਦ ਵਿਚ ਮਗਨ ਰਹਿਣ ਲੱਗੇ। ਏਨ੍ਹਾਂ ਦੇ ਖਾਸ ਨਿਵਾਸ ਵਾਸਤੇ ਜੋ ਮਹਿਲ ਪਹਿ
ਲੇ ਹੀ ਬਨਵਾ ਰੱਖਿਆ ਸੀ ਉਸਦੇ ਚਾਰੋਂ ਤਰਫ਼ ਖਸ ਦੇ ਫਿਨਕੇ ਛਿੜਕੇ ਜਾਂਦੇ, ਗੁਲਾਬ
ਦੇ ਫੁਹਾਰੇ ਛੁੱਡੇ ਜਾਂਦੇ, ਹੌਜ਼ ਲਬਾਲਬ ਭਰੇ ਰਹਿੰਦੇ, ਦਾਸ ਦਾਸੀਆਂ ਪੱਖੇ ਝੱਲਦੇ ਹੋਏ
ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਤਰਾਂ ਤਰਾਂ ਦੀਆਂ ਸੁਰਾਂ ਨਾਲ ਸੁਣਾਉਂਦੇ।
ਗੁਰੂ ਸਾਹਿਬ ਕਦੇ ੨ ਬਾਲਕਾਂ ਨਾਲ ਸਤਲੁਜ ਵਿਚ ਤਾਰੀਆਂ ਲਾਉਂਦੇ ਤੇ ਕਦੇ ਕਿਸ਼ਤੀ ਪ
ਰ ਸਵਾਰ ਹੋਕੇ ਦਰਯਾਉ ਦਾ ਸੈਲ ਕਰਦੇ ਤੇ ਕਦੇ ਸ਼ਿਕਾਰ ਚਲੇ ਜਾਂਦੇ। ਏਸੇ ਤਰਾਂ ਛੇਆਂ
ਰੁੱਤਾਂ ਦੇ ਸੁਖਦਾਈ ਸਾਮਾਨ ਹਰਰੋਜ਼ ਤੱਯਾਰ ਹੁੰਦੇ ਰਹਿੰਦੇ, ਸੰਗਤਾਂ ਦੀ ਭੀੜ ਬਣੀ ਰਹਿੰ
ਦੀ, ਪੂਜਾ ਭੇਟ ਬੇਸ਼ੁਮਾਰ ਆਉਣ ਲੱਗੀ, ਆਨੰਦਪੁਰ ਵਿਚ ਬਾਜ਼ਾਰ ਪੈ ਗਏ, ਬਯਾਪਾਰ
ਹੋਣੇ ਲੱਗੇ, ਸੈਂਕੜੇ ਸਿੱਖ, ਸੌਦਾਗਰ, ਧਨੀ ਗਰੀਬ ਆ ਵੱਸੇ। ਅਹਿਲਕਾਰਾਂ ਜੋਗ ਸਾਮਾ
ਨ ਗੁਰੂ ਦੇ ਦੁਆਰੇ ਫੱਬਯਾ ਰਹੇ। ਦਸਮੇ ਗੁਰੂ ਦੇ ਫਾਰਸੀ ਪੜ੍ਹਾਉਣ ਵਾਸਤੇ ਕਾਜ਼ੀ ਪੀਰਮੁਹੰਮ
ਦ, ਤੇ ਗੁਰਮੁਖੀ ਵਾਸਤੇ ਭਾਈ ਗੁਰਬਖਸ਼, ਘੋੜੇ ਤੇ ਚੜ੍ਹਨ ਤੇ ਸ਼ਸਤ੍ਰ ਚਲਾਉਣ ਵਾਸਤੇ ਬੱ
ਜਰ ਸਿੰਘ ਰਾਜਪੂਤ ਆਦਿਕ ਬੜੇ ੨ ਲਾਇਕ, ਦੂਰਅੰਦੇਸ਼, ਬਹਾਦਰ, ਉਦਾਰ, ਧਰਮਾਤਮਾ,

Digitized by Panjab Digital Library | www.panjabdigilib.org

ਪੁਰਸ਼ ਐਸੇ ਗੁਰੂ ਨੇ ਕਾਇਮ ਕਰ ਰੱਖੇ ਸੇ ਹੋਰ ਭਜਨ ਦਾ ਤੇ ਅੰਨ ਦਾ ਸਦਾ ਬ੍ਰਤ ਚਲਦਾ ਰਹੇ।

[੧] ਉਧਰ ਔਰੰਗਜ਼ੇਬ ਨੇ ਆਪਣੇ ਤਿਨਾਂ ਭਾਈਆਂ ਨੂੰ ਕਤਲ ਕਰਕੇ ਆਪਣੇ ਬਾਪ ਨੂੰ ਕੈਦ ਕਰ ਦਿੱਤਾ ਤੇ ਤਖਤ ਪਰ ਬੈਠਕੇ ਦੀਨ ਇਸਲਾਮ ਦੀ ਬ੍ਰਿੱਧੀ ਕਰਨ ਵਾਸਤੇ ਹੁਕਮ ਲਿਖ ਦਿੱਤਾ, ਕੋਈ ਹਿੰਦੂ ਕਿਸੇ ਉਹਦੇ ਪਰ ਨੌਕਰ ਨਾ ਰੱਖਿਆ ਜਾਵੇ, ਸਭ ਕੰਮ ਦੀਨੀ ਭਾਈ ਕਰਨ, ਤੇ ਅਨੇਕ ਤਰਾਂ ਦੇ ਜੇਜ਼ੀਏ, ਟਿਕਸ ਹਿੰਦੂਆਂ ਪਰ ਲਗਾ ਦਿਤੇ। ਹੋਰ ਅਨੇਕ ਪ੍ਰਕਾਰਦੇ ਟਿਕਸ ਜਾਰੀ, ਹਿੰਦੂਆਂ ਪਰ ਲਗਾ ਦਿਤੇ, ਜਿਨ੍ਹਾਂ ਤੋਂ ਤੰਗ ਹੋਕੇ ਸਭ ਹਿੰਦੂ ਆਪਣੇ ਆਪ ਮੁਸਲਮਾਨ ਬਣਨ ਲੱਗੇ। ਸਿਖ ਬਜਾਉਣਾ, ਪੂਜਾ, ਪਾਠ ਕਰਨਾ ਬੰਦ ਕਰ ਦਿਤਾ।

---

੧ ਔਰੰਗਜ਼ੇਬ ਦਾ ਪਹਿਲਾ ਨਾਮ ਮੁਹੱਯੁਦੀਨ ਮੁਹੰਮਦ ਸੀ ਤਖਤ ਬੈਠਕੇ ਆਲਮਗੀਰ ਔਰੰਗਜ਼ੇਬ ਨਾਮ ਰਖਾਯਾ। ਇਸਨੇ ਹਿੰਦੂ ਰਯਤ ਪਰ ਬੜੇ ਸਖਤ ਜ਼ੁਲਮ ਕੀਤੇ। ਰਯਾਯਾ ਦਾ ਦਿਲ ਦੁਖ ਗਿਆ ਇਸੇ ਕਰਕੇ ਮਰਹਟੇ ਸੇਵਾ ਜੀ ਨੇ ਬਹੁਤ ਸਾਰਾ ਇਲਾਕਾ ਦੱਖਣ ਦੇਸ ਦਾ ਦਬਾ ਲੀਤਾ। ਹਿੰਦੂ ਸਿਪਾਹੀ ਲੜਨੋ ਮਰਨੋ ਟਾਲਾ ਕਰਨ ਲੱਗ ਪਏ। ਖਫ਼ੀ ਖਾਂ ਲਿਖਦਾ ਹੈ ਉਸ ਸਮੇ ਭੀ ਮਨਾਮ ਕਈ ਰਾਜਿਆਂ ਦੇ ਖਤ ਆਏ ਜਿਨ੍ਹਾਂ ਦਾ ਖੁਲਾਸਾ ਏਹ ਹੈ ਕਿ ਦੇਖੀਏ ਅਕਬਰ, ਜਹਾਂਗੀਰ, ਸ਼ਾਹਜਹਾਂ ਦੇ ਵਕ੍ਤ ਵਿਚ ਇਸ ਮੁਲਕ ਦਾ ਕੀ ਹਾਲ ਸੀ ਤੇ ਹੁਣ ਕੀ ਹੋ ਰਿਹਾ ਹੈ। ਹਾਕਮ ਨੂੰ ਮਜ਼ਬ ਦਾ ਪਾਸ ਛੱਡਕੇ ਸਾਫ਼ ਇਨਸਾਫ਼ ਕਰਨਾ ਚਾਹੀਦਾ ਹੈ ਆਪਨੇ ਹਿੰਦੂਆਂ ਪਰ ਸਖਤੀਆਂ ਕਰਕੇ ਦਿਨ ੨ ਮਾਮੂਲਾ ਵਧਣਾ ਸ਼ੁਰੂ ਕਰ ਰੱਖਿਆ ਹੈ, ਖਜ਼ਾਨਾ ਭੀ ਖਾਲੀ ਹੁੰਦਾ ਜਾਂਦਾ ਹੈ ਪੁਲਿਸ ਕਿਸੇ ਦੀ ਰਖਵਾਲੀ ਨਹੀਂ ਕਰਦੀ ਐਸਾ ਰੰਗ ਬਾਦਸ਼ਾਹ ਦੀ ਨੀਤਿ ਪਰ ਬਦਲਿਆ ਜਾਂਦਾ ਹੈ। ਯੱਦਪਿ ਔਰੰਗਜ਼ੇਬ ਐਸੇ ੨ ਖਤ ਪੜ੍ਹਦਾ ਤੇ ਸਮਝਦਾ ਭੀ ਸੀ ਪਰੰਤੂ ਮਜ਼੍ਹਬੀ ਅੱਗ ਐਸੀ ਭੜਕੀ ਜੋ ਸਭ ਨੂੰ ਮੁਹੰਮਦੀ ਕਰਨੇ ਵਾਸਤੇ ਲੱਕ ਬੰਨ ਬੈਠਾ। — ਜਦ ਰਾਜਾ ਜਸਵੰਤ ਸਿੰਘ ਜੋਧਪੁਰੀਆ ਬੜੀ ੨ ਮੁਹਿੰਮਾ ਫਤੇ ਕਰਕੇ ਕਾਬੁਲ ਵਿਚ ਮਾਰਿਆ ਗਿਆ ਤਾਂ ਉਸਦੀ ਇਕ ਰਾਣੀ ਤੇ ਦੋ ਬੇਟੇ ਜੋ ਦਿੱਲੀ ਵਿਚ ਸੇ ਉਨ੍ਹਾਂ ਨੂੰ ਮੁਸਲਮਾਨ ਕਰਨ ਵਾਸਤੇ ਘਰ ਲੈ ਆਯਾ। ਭਾਵੇਂ ਰਾਜਪੂਤਾਂ ਨੇ ਫੇਰ ਏਨ੍ਹਾਂ ਨੂੰ ਭੇਸ ਬਦਲਾ ਕੇ ਨਿਕਾਲ ਭੀ ਲਿਆ ਪਰ ਇਸ ਬੇਈਮਾਨੀ ਤੋਂ ਸਭਨਾਂ ਦਾ ਦਿਲ ਟੁਟ ਗਿਆ। ਇਸੇ ਕਰਕੇ ਜਸਵੰਤ ਸਿੰਘ ਦਾ ਬੇਟਾ ਅਜੀਤ ਸਿੰਘ ਤੇ ਉਦੇਪੁਰ ਵਾਲਾ ਰਾਜ ਸਿੰਘ ਲੜ ਭਿੜ ਕਰ ਸਦਾ ਤੰਗ ਕਰਦੇ ਰਹੇ। — ਸੰ: ੧੭੩੨ ਬਿ: ਵਿਚ ਏਨ੍ਹਾਂ ਰਾਜਿਆਂ ਦੇ ਮੁਲਕ ਪਰ ਚੜ੍ਹਾਈ ਕੀਤੀ ਸੰ: ੧੭੪੨ ਬਿ: ਵਿਚ ਬੀਜਾਪੁਰ ਦੇ ਬਾਲਕ ਬਾਦਸ਼ਾਹ ਨਾਲ ਸੱਤ ਮਹੀਨੇ ਜੰਗ ਕੀਤਾ ਤੇ ਓੜਕ ਉਸਨੂੰ ਕੈਦ ਕਰਕੇ ਉਸਦਾ ਇਲਾਕਾ ਛੀਨ ਲਯਾ। ਸੰ ੧੭੪੫ ਬਿ: ਵਿਚ ਗੋਲਕੁੰਡੇ ਦੇਸ ਪਰ ਲੁੱਟ ਮਾਰ ਕੀਤੀ ਜਿਸ ਵਿਚ ਕਈ ਸ਼ਰਤਾਂ ਹੋਈਆਂ ਓੜਕ ਸ਼ਰਤਾਂ ਕਰਕੇ ਭੀ ਕਾਇਮ ਨਾ ਰਿਹਾ ਆਖਰ ਅਬਦੁਲ ਹਸਨ ਬਾਦਸ਼ਾਹ ਨੇ ਤਿਨ ਕਰੋੜ ਰੁਪਯਾ ਦੇ ਕੇ ਸਿਰੋਂ ਬਲਾ ਟਾਲੀ ਏਨਾਂ ਦੋਹਾਂ ਬਾਦਸ਼ਾਹਾਂ ਦੇ ਦਿਲ ਦੁਖਣ ਨਾਲ ਮੁਗਲਾਂ ਦੀ ਸ਼ਾਹੀ ਵਿਚ ਹਲਚਲੀ ਪੈ ਗਈ। ਆਖਰ ਅਹਮਦ ਨਗਰ ਵਿਚ ਜਿਥੇ ਮਰਹੱਟਿਆਂ ਨਾਲ ਲੜਾਈ ਲਗ ਰਹੀ ਸੀ ਸੰ: ੧੭੬੪ ਬਿ: ਨੂੰ ੫੦ ਬਰਸ ਬਾਦਸ਼ਾਹੀ ਕਰਕੇ, ੮੯ ਬਰਸ ਉਮਰ ਭੋਗ ਕਰ ਪ੍ਰਲੋਕ ਗਿਆ।

Digitized by Panjab Digital Library | www.panjabdigilib.org

ਮੰਦਰ ਗਿਰਾ ਗਿਰਾ ਕੇ ਮਸੀਤਾਂ ਰਚਾ ਦਿੱਤੀਆਂ, ਕਿਸੇ ਨੂੰ ਲਾਲਚ, ਕਿਸੇ ਨੂੰ ਡਰ ਦੇ ਕੇ ਜੋਰੋ
ਜੋਰੀ ਮੁਸਲਮਾਨ ਕਰਨਾ ਸ਼ੁਰੂ ਕਰ ਦਿੱਤਾ, ਅਨੇਕ ਸੰਤ ਭਗਤ ਦੇਹਾਂ ਦੀਨਾਂ ਦੇ ਸਿਰ
ਮੱਢ ਤੇ ਅਘੋਰਨਾਥ ਜੈਸੇ ਸਤਪੁਰਖ ਮਰਵਾ ਦਿੱਤੇ। ਬਾਦਸ਼ਾਹ ਦੀ ਮਰਜੀ ਦੇਖ ਕੇ ਨਿ
ਰਦਈ ਜ਼ਾਲਮ ਬਾਕੀ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਉੱਤੇ ਬਹੁਤ ਕਹਿਰ ਕਰਨੇ
ਸ਼ੁਰੂ ਕੀਤੇ, ਕਲਮਾ ਯਾ ਕਤਲ ਏਹੋ ਆਵਾਜ਼ ਕਰ ਦਿੱਤੀ, ਪਿੰਡਾਂ ਦੇ ਪਿੰਡ ਮੁਸਲਮਾਨ
ਕਰ ਲਏ। ਖੱਖੇ, ਬੈਂਤੇ, ਕੱਕੇਜ਼ਈ, ਰੰਘੜ, ਜੱਟ, ਰਾਜਪੂਤ, ਰਾਂਈ, ਕੰਬੋ, ਖਰਲ, ਗੱ
ਖੜ, ਭੱਟੀ, ਮਹਲ, ਪਰਾਚੇ ਆਦਿਕ ਸਭ ਲੋਗ ਉਸੇ ਸਮੇਂ ਦੇ ਮੁਸਲਮਾਨ ਹੋਏ ਦੇਖੀ
ਦੇ ਹਨ। ਏਸੇ ਸਮੇਂ ਦੀ ਏਹ ਗੱਲ ਮਸ਼ਹੂਰ ਹੋ ਗਈ ਹੈ ਕਿ ਔਰੰਗਜ਼ੇਬ ਰੋਜ਼ ਸਵਾ ਮਣ
ਜਨੇਊ ਉਤਾਰ ਕੇ ਖਾਣਾ ਖਾਂਦਾ ਸੀ ਸੋ ਏਹ ਝੂਠ ਹੈ ਕਿਉਂਕੇ ਉਸ ਸਮੇਂ ਸਾਰੇ ਮੁਲਕ ਉਪਰ
ਕੁਲ ਹਿੰਦੂ ਗਯਾਰਾਂ ਕਰੋੜ ਸੇ ਤੇ ੫੦ ਲੱਖ ਜਨੇਊਆਂ ਦਾ ਵਜ਼ਨ ਸਵਾ ਮਣ ਹੋ ਸਕਦਾ ਹੈ
— ਏਸ ਸਮੇਂ ਸਭ ਖੱਤ੍ਰੀ ਬ੍ਰਾਹਮਣ ਦੁਖੀ ਹੋ ਕਰ, ਸਿੱਖਾਂ ਨੂੰ ਨਾਲ ਲੈ, ਢੱਕੇ ਢੋਲੇ ਖਾਂਦੇ,
ਅਨੰਦਪੁਰ ਗੁਰੂ ਤੇਗ ਬਹਾਦਰ ਜੀ ਪਾਸ ਆਏ ਤੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ
ਕੇ ਮਹਾਰਾਜ ਔਰੰਗਜ਼ੇਬ ਦੇ ਜ਼ੁਲਮਾਂ ਦਾ ਹੜ੍ਹ ਹਿੰਦੂ ਧਰਮ ਦੀ ਖੇਤੀ ਨੂੰ ਬਰਬਾਦ ਕਰ
ਰਿਹਾ ਹੈ ਜੇਹੜੇ ਜ਼ੁਲਮ ਤੇ ਪਾਪ ਕਦੇ ਸੁਣੇ ਭੀ ਨਹੀਂ ਸੇ ਓਹ ਹੁਣ ਅੱਖੀਂ ਦੇਖੀਦੇ ਹਨ। ਜਿ
ਸ ਬਾਦਸ਼ਾਹ ਦਾ ਧਰਮ ਸਾਰੀ ਪ੍ਰਜਾ ਨੂੰ ਇੱਕੋ ਜੇਹਾ ਦੇਖਣਾ ਸੀ ਸੋ ਪੱਖਪਾਤੀ ਜ਼ਿੱਦੀ ਬ
ਣੀ ਹੋ ਰਿਹਾ ਹੈ। ਭੈੜੇ ਤੋਂ ਭੈੜੇ ਮੁਹੰਮਦੀ ਨੂੰ ਚੰਗੇ ਤੋਂ ਚੰਗਾ ਤੇ ਸ੍ਰੇਸ਼ਟ ਤੋਂ ਸ੍ਰੇਸ਼ਟ ਹਿੰਦੂ ਨੂੰ ਮੰਦੇ
ਤੋਂ ਮੰਦਾ ਸਮਝਦਾ ਹੈ। ਠੌਰ ਠੌਰ ਗਊਆਂ ਦੇ ਘਾਤ ਹੁੰਦੇ ਹਨ। ਫਿਰ ਜਦ ਕੋਈ ਗਊ ਬੈ
ਲ ਬੀਮਾਰ ਹੁੰਦਾ ਹੈ ਤਾਂ ਸਾਡੇ ਘਰਾਂ ਵਿਚ ਆ ਕੇ ਸਾਡੇ ਰੂਬਰੂ ਹੀ ਹਲਾਲ ਕਰ ਕੇ, ਕੱਟ ਵੱ
ਢ ਕੇ ਲੈ ਜਾਂਦੇ ਹਨ। ਜੇ ਕਰ ਨਾ ਬਤਾਈਏ ਤਾਂ ਅਸੀਂ ਮਾਰੀਦੇ ਹਾਂ ਆਖਦੇ ਹਨ ਤੁਸਾਂ ਗ
ਊ ਬੈਲ ਨੂੰ ਹਰਾਮ ਕਿਉਂ ਮਰਨ ਦਿੱਤਾ, ਸਾਨੂੰ ਬਹੁਤ ਭਾਰੀ ਕਲੇਸ਼ ਹੋ ਰਿਹਾ ਹੈ।
ਕਹਿਬਾਰਾ। ਬਹਾਵਲਪੁਰ ਦੇ ਰਾਜ ਵਿਚ ਸੰ:੧੯੨੨ ਤਕ ਅਸੀਂ ਅੱਖੀਂ ਦੇਖਿਆ ਹੈ
ਕਿ ਇਕ ਖੱਤ੍ਰੀ ਦੀ ਨੂੰਹ ਬਿਆਹੀ ਆਈ, ਜਿਸ ਨੇ ਉਥੋਂ ਦਾ ਹੁਕਮ ਕੋਈ ਨਹੀਂ ਸੁਣਿਆ ਸੀ, ਸੂ
ਰ ਦੇ ਵਾਲਾਂ ਦੀ ਕੂਚੀ ਨਾਲ ਪੇਖ ਬਰੀ ਫਿਰ ਗਹਿਣੇ ਚੋਂਦੀ ਪਕੜੀ ਗਈ, ਜਿਸ ਬਦਲੇ ਪੱ
ਥਰਾਂ ਤੇ ਇੱਟਾਂ ਨਾਲ ਮਰਵਾਈ ਗਈ ਤੇ ਹੋਰ ਭੀ ਕਈ ਉਪੱਦ੍ਰਵ ਹੁੰਦੇ ਸਨ। ਹੁਣ ਸਰਕਾਰ
ਅੰਗ੍ਰੇਜ਼ੀ ਦੀ ਕ੍ਰਿਪਾ ਨਾਲ ਸ਼ੀਂਹ ਬਕਰੀ ਇੱਕੋ ਘਾਟ ਪਾਣੀ ਪੀਂਦੇ ਹਨ।

Digitized by Panjab Digital Library | www.panjabdigilib.org

ਔਰੰਗਜ਼ੇਬ ਦੇ ਜ਼ੁਲਮ ਤੇ ਹਿੰਦੂਆਂ ਦੇ ਦੁਖਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਦਿਲ ਨੂੰ ਭੀਪਣੀ
ਕਰ ਦਿੱਤਾ ਤੇ ਬਹੁਤ ਸੋਚ ਸਮਝ ਕਰ ਆਪਣੇ ਸੀਸ ਦੇ ਦਿੱਤੇ ਬਿਨਾ ਬਾਤ ਨਾ ਬਣਦੀ
ਦੇਖ ਕਰ ਜੁਵਾਬ ਦਿੱਤਾ ਕੇ ਜਦ ਤਕ ਕੋਈ ਸਤਪੁਰਖ ਮਹਾਤਮਾ ਹਿੰਦੂ ਧਰਮ ਵਾਸਤੇ
ਆਪਣਾ ਸਿਰ ਬਲੀਦਾਨ ਨਹੀਂ ਕਰਦਾ ਤਦ ਤਕ ਏਸ ਧਰਮ ਦਾ ਠਹਿਰਾਉਣਾ ਔਖਾ
ਹੈ। ਏਹ ਬਚਨ ਸੁਣਕੇ ਹੋਰ ਤਾਂ ਕੋਈ ਕੁਛ ਨਾ ਬੋਲਿਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ
(ਜੋ ਨੌ ਬਰਸ ਦੀ ਉਮਰ ਵਿਚ ਸੌ ਬਰਸ ਦੀ ਅਕਲ ਰੱਖਦੇ ਹੋਏ, ਪਿਤਾ ਪਾਸ ਸਬ ਹਾਲ ਬੈਠੇ
ਸੁਣ ਰਹੇ ਸੇ) ਹੱਥ ਜੋੜ ਕੇ ਅਰਜ਼ ਕੀਤੀ ਕੇ ਮਹਾਰਾਜ ਆਪ ਨਾਲੋਂ ਅਧਿਕ ਹਿੰਦੂ ਧਰਮ
ਦਾ ਰਾਖਾ ਤੇ ਪਿਆਰਾ, ਸਤਪੁਰਖ, ਮਹਾਤਮਾ ਹੋਰ ਕੌਣ ਹੈ। ਏਹ ਸੁਖਨ ਸੱਚੇ ਧਰਮ ਤੇ
ਦੂਰਦੇਸ਼ ਹੌਸਲੇ ਵਾਲੇ ਸੁਣਕੇ ਹੋਰ ਤਾਂ ਸਬ ਲੋਕ ਹੱਕੇ ਬੱਕੇ ਰਹੇ ਪਰ ਗੁਰੂ ਤੇਗ ਬਹਾਦਰ
ਜੀ ਮਨ ਵਿਚ ਬਹੁਤ ਖੁਸ਼ੀ ਹੋ ਗਏ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੜੇ ਪਤਾਪੀ ਤੇ ਸਮਰੱਥ
ਸਮਝ ਕੇ ਛਾਤੀ ਨਾਲ ਲਗਾਇ ਲੀਤਾ ਤੇ ਉਸੇ ਵਕਤ ਸਬਨਾ ਹਿੰਦੂਆਂ ਨੂੰ ਕਹਿ
ਦਿੱਤਾ ਕਿ ਤੁਸੀਂ ਜਾਓ, ਬਾਦਸ਼ਾਹ ਨੂੰ ਕਹਦੇਵੋ ਕੇ ਅਸਾਡੇ ਗੁਰੂ ਤੇਗ ਬਹਾਦਰ ਜੀ ਨੂੰ ਪਹਿਲੇ
ਜੇਕਰ ਦੀਨ ਮੁਹੰਮਦੀ ਮਨਾਓ ਤਾਂ ਅਸੀਂ ਸਬ ਆਪੇ ਹੀ ਮੁਸਲਮਾਨ ਬਣ ਜਾਵਾਂਗੇ
ਓਹ ਲੋਗ ਤਾਂ ਏਹ ਗਲ ਆਖਣ ਵਿਚ ਜ਼ਰਾ ਝਿਝਕਦੇ ਹੀ ਸੇ ਪਰ ਸੋਢੀ ਧੀਰਮੱਲ
ਤੇ ਰਾਮਰਾਇ ਜੋ ਦਿਲੋਂ ਦੁਸ਼ਮਣੀ ਰੱਖਦੇ ਸੇ ਏਹ ਖਬਰ ਸੁਣਕੇ ਉਨ੍ਹਾਂ ਲੋਗਾਂ ਦੇ ਮਦਦਗਾਰ
ਬਣ ਗਏ ਤੇ ਉਨ੍ਹਾਂ ਦੀ ਅਰਜ਼ੀ ਫੌਰਨ ਬਾਦਸ਼ਾਹ ਪਾਸ ਪਹੁੰਚਾ ਦਿੱਤੀ।
ਔਰੰਗਜ਼ੇਬ ਅੱਗੇ ਹੀ ਮਜ਼ਹਬੀ ਤੇ ਮੁਲਕੀ ਮਾਅਮਲਿਆਂ ਵਿਚ ਬੜਾ ਚਾਲਾਕ ਸੀ ਉਸਨੇ
ਸੁਣਕੇ ਬਹੁਤ ਖੁਸ਼ੀ ਮਨਾਈ ਤੇ ਸੋਚਿਆ, ਇਕ ਪਿੱਛੇ ਸਾਰੀ ਪੰਜਾਬ ਦੀਨ ਵਿਚ ਆ ਜਾਊ
ਫੌਰ ਤਮਾਮ ਹਿੰਦੁਸਤਾਨ ਮੁਸਲਮਾਨ ਹੋਯਾ ਹੀ ਸਮਝੋ ਏਹ ਕਹਕੇ ਇਕ ਅਹਿਦੀਏ ਨੂੰ
ਸਮਝਾ ਬੁਝਾ ਕਰ ਇੱਜ਼ਤ ਨਾਲ ਗੁਰੂ ਦੇ ਲਿਆਵਣ ਵਾਸਤੇ ਭੇਜ ਦਿੱਤਾ। ਏਧਰ ਗੁਰੂ ਸਾਹਿਬ
ਨੇ ਤਲਬੀ ਨਾਲ ਜਾਣ ਤੋਂ ਪਹਿਲੇ ਹੀ ਜਾਣਾ ਚੰਗਾ ਸਮਝਕੇ ਆਪਣੇ ਫਰਜ਼ੰਦ ਗੁਰੂ
ਗੋਬਿੰਦ ਸਿੰਘ ਨੂੰ ਗੁਰੁਸਿੱਖੀ ਤੇ ਬ੍ਰਹਮਗਿਆਨ ਦਾ ਉਪਦੇਸ਼ ਤੇ ਗੁਰੂ ਘਰ ਦੇ ਕਾਰਬਾਰ
ਭਲੀ ਪ੍ਰਕਾਰ ਸਮਝਾ ਕਰ, ੧੧ ਹਾੜ ਸੰ: ੧੭੩੨ ਬਿ: ਨੂੰ ਦਸੰਕ ਅਸਵਾਰ ਨਾਲ ਲੈਕੇ
ਅਨੰਦਪੁਰੋਂ ਕੂਚ ਕਰ ਦਿੱਤਾ ਤੇ ਸੈਫਾਬਾਦ ਜਾ ਠਹਿਰੇ। ਏਥੇ ਹੁਣ ਬਹਾਦਰਗੜ੍ਹ ਦਾ
ਕਿਲਾ ਪਟਿਆਲੇ ਤੋਂ ਚਾਰ ਕੋਸ ਮਸ਼ਹੂਰ ਹੈ। ਸੈਫ ਅਲੀ ਖਾਂ ਦੇ ਘਰ ਦੋ ਮਹੀਨੇ ਰਹੇ।

Digitized by Panjab Digital Library | www.panjabdigilib.org

ਚਿਧਰ ਜਦ ਅਹਿਦੀਆ ਖਾਲੀ ਗਿਆ ਤਾਂ ਬਾਦਸ਼ਾਹ ਨੇ ਇਸ਼ਤਿਹਾਰ ਜਾਰੀ ਕਰ ਦਿੱਤਾ
ਕਿ ਜੋ ਕੋਈ ਗੁਰੂ ਤੇਗ ਬਹਾਦਰ ਨੂੰ ਪਕੜਾਵੇਗਾ ਉਸ ਨੂੰ ਇੱਕ ਹਜ਼ਾਰ ਰੁਪੱਯਾ ਇਨਾ
ਮ ਮਿਲੇਗਾ। ਏਹ ਸੁਣ ਕੇ ਸੱਯਦ ਸੈਫ਼ ਅਲੀ ਖਾਂ ਤੇ ਅਹਿਮਦ ਬਖ਼ਸ਼ ਪਠਾਣ ਸਮਾ
ਣੇ ਵਾਲੇ ਤੇ ਲੰਗਰ ਲਾਲ ਦੇ ਚੌਧਰੀ ਰਾਇ ਧੂਮੇ ਆਦਿਕ ਸਤਸੰਗੀ ਲੋਗਾਂ ਨੇ ਗੁਰੂ ਸਾ
ਹਿਬ ਨੂੰ ਛੁਪਾ ਕਰ ਆਪਣੇ ਪਾਸ ਰੱਖਣਾ ਚਾਹਿਆ ਤੇ ਦਿੱਲੀ ਜਾਣ ਤੋਂ ਰੋਕਿਆ ਪਰ ਏਹ
ਤਾਂ ਔਰੰਗਜ਼ੇਬ ਦੇ ਸਿਰ ਠੀਕਰ ਫੋੜਨਾ ਚਾਹੁੰਦੇ ਸੇ ਸੈਫ਼ਾਬਾਦੋਂ ਚੱਲ ਕੇ ਸਮਾਣੇ, ਕਰ
ਹਾਲੀ, ਪਹੋਏ, ਕੈਂਥਲ, ਰੁਹੇੜੇ ਆਦਿਕ ਮਕਾਨਾਂ ਵਿਚ ਉਤਰਦੇ ਹੋਏ ਸਿੱਧੇ ਆਗਰੇ ਨੂੰ
ਚਲੇ ਗਏ। ਏਥੇ ਇਕ ਤਾਂ ਮਾਈ ਭਾਗੋ ਜੋ ਗੁਰੂ ਅਰਜਨ ਜੀ ਦੀ ਸੇਵਕ ਸੌ ਬਰਸ ਤੋਂ
ਉਪਰ ਉਮਰ ਵਾਲੀ, ਏਨ੍ਹਾਂ ਦੇ ਦਰਸ਼ਨ ਨੂੰ ਰਾਤ ਦਿਨੇ ਚੰਦ ਚਕੋਰ ਦੀ ਤਰਾਂ ਚਾਹ ਰਹੀ ਸੀ
ਉਸ ਨੂੰ ਦਰਸ਼ਨ ਦੇਣਾ ਸੀ, ਦੂਸਰੇ ਇਕ ਸੱਯਦ ਅਤੀ ਨਿਰਧਨ ਮਨ ਵਿਚ ਧਾਰੀ ਬੈਠਾ ਸੀ
ਜੋ ਕਿਵੇਂ ਗੁਰੂ ਤੇਗ ਬਹਾਦਰ ਜੀ ਮੈਨੂੰ ਆ ਮਿਲਣ ਤਾਂ ਉਨ੍ਹਾਂ ਨੂੰ ਪਕੜਾ ਕੇ ਹਜ਼ਾਰ ਰੁਪਯਾ
ਪਾਵਾਂ ਤੇ ਆਪਣੀ ਬੁਢੇਪੇ ਦੀ ਉਮਰ ਨੂੰ ਸੁਖ ਨਾਲ ਬਿਤਾਵਾਂ ਏਨ੍ਹਾਂ ਦੀ ਇੱਛਿਆ ਪੂਰੀ ਕ
ਰਨ ਵਾਸਤੇ ਗੁਰੂ ਜੀ ਮਥੁਰਾ, ਬਿੰਦ੍ਰਾਬਨ ਹੁੰਦੇ ਹੋਏ ਆਗਰੇ ਸ਼ਹਿਰ ਇਕ ਬਗੀਚੇ ਵਿਚ
ਜਾ ਉਤਰੇ। ਏਥੇ ਹੁਣ ਦੀਦਾਰ ਸਿੰਘ ਨਿਰਮਲੇ ਸੰਤ ਨੇ ਗੁਰਦੁਆਰੇ ਦੀ ਚੰਗੀ ਰੌਣਕ ਰੱਖੀ
ਹੋਈ ਹੈ। ਮਾਈ ਭਾਗੋ ਨੂੰ ਜਿਥੇ ਮਿਲਣ ਗਏ ਸੀ ਉਹ ਮਾਈ ਥਾਨ ਧਰਮਸਾਲਾ ਮਸ਼ਹੂਰ
ਹੈ। —— ਗੁਰੂ ਜੀ ਨੇ ਪ੍ਰਗਟ ਹੋਣ ਲਈ ਇਕ ਅਯਾਲੀ ਨੂੰ ਮੁਹਿਰ ਤੇ ਦੁਸਾਲਾ
ਦੇ ਕੇ ਮਿਠਾਈ ਖਰੀਦਣ ਵਾਸਤੇ ਭੇਜਿਆ ਤਦ ਉਸ ਸੱਯਦ ਨੇ ਅਯਾਲੀ ਦੇ ਕਦਰ ਤੋਂ ਬਹੁ
ਤਾ ਮਾਲ ਦੇਖ ਕੇ ਤੇ ਦਰਯਾਫ਼ਤ ਕਰ ਕੇ ਕੋਤਵਾਲ ਨੂੰ ਗੁਰੂ ਸਾਹਿਬ ਪਾਸ ਲੈ ਆਂਦਾ ਤੇ
ਇਨਾਮ ਲੈ ਲੀਤਾ। ਕੋਤਵਾਲ ਨੇ ਗੁਰੂ ਜੀ ਨੂੰ ਦਿੱਲੀ ਭੇਜ ਦਿੱਤਾ। ਏਸ ਵਕਤ ਭਾਈ ਗੁ
ਰਦਿੱਤਾ[੧] ਬਾਬੇ ਬੁੱਢੇ ਦਾ ਪੜੋਤਾ, ਭਾਈ ਊਦਾ[੨], ਭਾਈ ਦਯਾਲਾ[੩], ਜੈਤਾ[੪], ਦੀਵਾਨ[੫] ਮਤੀ ਰਾਮ, ਏ
ਹ ਪੰਜ ਸਿੱਖ ਗੁਰੂ ਦੇ ਨਾਲ ਸੇ। ਬਾਦਸ਼ਾਹ ਨੇ ਪਹਿਲਾਂ ਤਾਂ ਬੜੀ ਖਾਤਰਦਾਰੀ ਕੀਤੀ ਤੇ ਬ
ਹੁਤ ਨਰਮਾਈ ਨਾਲ ਆਖਿਆ, ਆਪ ਤਾਂ ਉਸ ਗੁਰੂ ਨਾਨਕ ਸ਼ਾਹ ਦੇ ਗੱਦੀ ਨਸ਼ੀਨ ਹੋ ਜਿਨ੍ਹਾਂ
ਨੇ ਕਦੇ ਕਿਸੇ ਮਜ਼੍ਹਬ ਦਾ ਪੱਖ ਪਾਤ ਨਹੀਂ ਕੀਤਾ, ਉਮੈਦ ਹੈ ਆਪ ਭੀ ਨਾ ਕਰਦੇ ਹੋਗੇ ਕਯੋਂਕੇ
ਬ੍ਰਹਮਗਿਆਨੀ ਸੰਤਾਂ ਦਾ ਕੋਈ ਮਜ਼੍ਹਬ ਨਹੀਂ ਹੁੰਦਾ, ਸਭ ਕੰਮ ਪਰੋਪਕਾਰ ਵਾਸਤੇ ਹੁੰਦੇ ਹਨ।
ਜੇਕਰ ਆਪ ਮੇਰੀ ਅਰਜ਼ ਮੰਨ ਕੇ ਦੀਨ ਇਸਲਾਮ ਧਾਰ ਲਵੋ ਤਾਂ ਜੋ ਬੇਸ਼ੁਮਾਰ ਹਿੰਦੂ -

Digitized by Panjab Digital Library | www.panjabdigilib.org

ਦੁਖ ਦੇਕੇ ਮੁਸਲਮਾਨ ਕਰੇ ਜਾਂਦੇ ਹਨ ਸੋ ਆਪ ਦੇ ਪਿੱਛੇ ਸਬ ਸੁਖੀ ਹੋ ਜਾਣਗੇ। ਇਕ ਦੀਨ ਹੋ ਗਏ ਤੇ ਫੇਰ ਕੋਈ ਕਲੇਸ਼ ਨਾ ਰਹੇਗਾ ਤੇ ਤੁਸੀਂ ਭੀ ਸਾਰੀ ਬਾਦਸ਼ਾਹੀ ਦੇ ਪੀਰ ਮੰਨੇ ਜਾਓਗੇ, ਤੁਹਾਡੇ ਮੁਰੀਦਾਂ ਨੂੰ ਬੜੇ ਬੜੇ ਮਰਾਤਬੇ ਦਿੱਤੇ ਜਾਣਗੇ, ਹੋਰ ਜੋ ਕੁਛ ਆਪ ਚਾਹੋਗੇ ਸੋ ਕੀਤਾ ਜਾਵੇਗਾ। ਔਰੰਗਜ਼ੇਬ ਨੇ ਬਹੁਤੇਰੇ ਧੋਖੇ ਦੇ ਜਾਲ ਪਾਏ ਪਰ ਗੁਰੂ ਜੀ ਲਾਲਚ ਵਸ ਲੈਕਰ ਧਰਮ ਬੇਚਦੇ ਸੇ। ਏਨ੍ਹਾਂ ਨੇ ਤਾਂ ਸਗੋਂ ਸਾਰੀ ਹਿੰਦੂਆਂ ਦਾ ਧਰਮ ਰੱਖਣ ਵਾਸ੍ਤੇ ਆਪਣੀ ਜਾਨ ਤਲੀ ਰੱਖੀ ਸੀ ਏਨ੍ਹਾਂ ਨੇ ਐਸੇ ਜਵਾਬ ਦਿੱਤੇ ਜਿਨ੍ਹਾਂ ਤੋਂ ਉਸ ਨੂੰ ਨਿਸ਼ਚਾ ਹੋ ਗਿਆ ਕਿ ਏਹ ਹਿੰਦੂ ਧਰਮ ਦੇ ਰਖਵਾਲੇ ਹਨ, ਦੀਨ ਨੂੰ ਨਹੀਂ ਮੰਨਣਗੇ, ਏਹ ਧਾਰਕੇ ਜਿਥੇ ਹੁਣ ਸੀਸ ਗੰਜ ਗੁਰਦੁਆਰਾ ਹੈ ਉਥੇ ਹਵੇਲੀ ਵਿਚ ਕੈਦ ਕਰ ਦਿੱਤਾ।

ਅੱਠ ਦਿਨ ਦੇ ਬਾਦ ਫੇਰ ਬੁਲਾ ਕੇ ਉਹੋ ਗੱਲ ਆਖੀ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਜੇਕਰ ਖੁਦਾ ਨੂੰ ਦੀਨ ਮੁਹੱਮਦੀ ਹੀ ਮਨਜ਼ੂਰ ਹੋਵੇ ਤਾਂ ਸ਼ਰਾ ਕੀਤੀ ਕਰਾਈ ਹੀ ਪੈਦਾ ਕਰੇ। ਤੇ ਅਸੀਂ ਆਖਦੇ ਹਾਂ ਕਿ ਖੁਦਾ ਨੂੰ ਹਿੰਦੂ ਧਰਮ ਹੀ ਮਨਜ਼ੂਰ ਹੈ ਕਿਉਂਕੇ ਸਬ ਹਿੰਦੂ ਹੀ ਪੈਦੇ ਹੁੰਦੇ ਹਨ। ਤੁਸੀਂ ਈਸ਼੍ਵਰ ਦਾ ਹੁਕਮ ਮੇਟ ਕੇ ਹੁਕਮ ਅਦੂਲੀ ਕਰਦੇ ਹੋ ਜਿਸ ਦਾ ਫਲ ਤੁਹਾਨੂੰ ਦੋਜ਼ਖ ਭੁਗਤਨਾ ਪਵੇਗਾ ਕਿਉਂਕੇ ਜਦ ਤੁਸੀਂ ਆਪਣੇ ਹੁਕਮ ਨਾ ਮੰਨਣ ਵਾਲੇ ਨੂੰ ਸਜ਼ਾ ਦਿੰਦੇ ਹੋ ਤਦ ਖੁਦਾ ਤੁਹਾਨੂੰ ਦੋਜ਼ਖ ਕਿਉਂ ਨਾ ਦੇਵੇਗਾ। ਜਾ ਤੁਸੀਂ ਅੱਖੀ ਦਾ ਕੰਮ ਕੰਨਾ ਤੋਂ, ਕੰਨਾਂ ਦਾ ਅੱਖੀ ਤੋਂ, ਮੂੰਹ ਦਾ ਨਾਸਕਾਂ ਤੋਂ, ਨਾਸਕਾਂ ਤੋਂ ਮੂੰਹ ਦਾ ਕੰਮ ਕਰਕੇ ਦੇਖਾਓ ਤਾਂ ਹਿੰਦੂਆਂ ਨੂੰ ਮੁਸਲਮਾਨ ਕਰੋ, ਜਦ ਏਹ ਨਹੀਂ ਕਰ ਸਕਦੇ ਤਾਂ ਅਸੀਂ ਖੁਦਾ ਦਾ ਸੱਚਾ ਦੀਨ ਛੱਡਕੇ ਬੰਦਿਆਂ ਦਾ ਬਨਾਵਟੀ, ਝੂਠਾ ਦੀਨ ਮਨਜ਼ੂਰ ਕਰਕੇ ਕਿਉਂ ਨਰਕਗਾਮੀ ਹੋਈਏ। ਏਹੋ ਜੇਹੇ ਬਚਨ ਸੁਣਕੇ ਬਾਦਸ਼ਾਹ ਨੇ ਜਲ ਬਲਕੇ ਆਖਿਆ ਮੁਸਲਮਾਨ ਨਹੀਂ ਹੋਣਾ ਤਾਂ ਕਰਾਮਾਤ ਦਿਖਾਓ ਨਹੀਂ ਤਾਂ ਕਤਲ ਕੀਤੇ ਜਾਓਗੇ। ਗੁਰੂ ਜੀ ਬੋਲੇ ਕਰਾਮਾਤ ਦੇਖਾਉਣੀ ਕਹਿਰ ਕਰਨਾ ਹੈ, ਮੁਸਲਮਾਨ ਹੋਣਾ ਈਮਾਨ ਖੋਣਾ ਹੈ, ਅਸੀਂ ਤਾਂ ਸਿਰ ਦੇਵਾਂਗੇ ਕਿਉਂਕੇ ਏਸ ਨੇ ਜਾਣਾ ਹੀ ਹੈ। ਏਹ ਸੁਣ ਕੇ ਭੈੜਾ ਬਾਦਸ਼ਾਹ ਭੈ ਦੇਣ ਲੱਗਾ, ਗੁਰੂ ਦੇ ਸੰਗੀ ਕੁਢੰਗੀ ਕਰਕੇ ਮਾਰ ਸਿੱਟੇ, ਮਤੀਰਾਮ ਨੂੰ ਚੀਰਿਆ ਪਾੜਿਆ, ਦਯਾਲਾ ਦੇਗ ਵਿਚ ਸਾੜਿਆ, ਪਰ ਉਨ੍ਹਾਂ ਨੇ ਜ਼ਰਾ ਭੀ ਦੁੱਖ ਨਾ ਜਨਾਯਾ ਤੇ ਧਰਮ ਸਿਦਕ ਪੁਗਾਯਾ ਅਤੇ ਵਾਹਗੁਰੂ ਉਚਾਰਦੇ ਰਹੇ। ਏਸ ਵਕ੍ਤ ਗੁਰੂ ਸਾਹਿਬ ਨੇ ਸਬਦ ਸਲੋਕ ਉਚਾਰੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹਨ। ਯਥਾ ਗਉੜੀ ਮਹਲਾ ੯ ਪ੍ਰੀਤਮ ਜਾਨ ਲੇਹੁ ਮਨ

ਸਾਂਗੀ। ਮਾਤ ਪਿਤਾ ਭਾਈ ਸੁਤ ਬੰਧਪ ਕੋ ਕਾਹੂ ਕੋ ਨਾਹੀ। ਪੁਨਹ ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ। ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀ ਕੋਇ। ਪੁਨਹ ਰਾਮ ਗਯੋ ਰਾਵਨ ਗਯੋ ਜਾਕੋ ਬਹੁ ਪਰਵਾਰ। ਕਹੁ ਨਾਨਕ ਥਿਰ ਕਛੁ ਨਹੀ ਸੁਪਨੇ ਜਿਓ ਸੰਸਾਰ। ਜੋ ਉਪਜਿਓ ਸੋ ਬਿਨਸ ਹੈ ਪਰੋ ਆਜ ਕੈ ਕਾਲ। ਨਾਨਕ ਹਰਿ ਗੁਨ ਗਾਇਲੈ ਛਾਡ ਸਗਲ ਜੰਜਾਲ। ਇਹ ਸਬਦ ਸਲੋਕ ਸੁਣ ਕੇ ਖ੍ਵਾਜੇ ਅਬਦੁੱਲਾ[1] ਖਾਂ ਦਰੋਗੇ ਸਮੇਤ ਕੋਤਵਾਲ ਸਿਪਾਹੀ ਸਭ ਗੁਰੂ ਕੇ ਪ੍ਰੇਮੀ ਬਣ ਗਏ। ਇਸੇ ਸਮੇ ਗੁਰੂ ਜੀ ਨੇ ਪੰਜ ਪੈਸੇ ਇਕ ਨਲੀਏਰ ਗੁਰਿਆਈ ਦਾ ਮਰਾਤਬਾ ਦਸਮੇ ਗੁਰੂ ਵਾਸਤੇ ਭਾਈ ਗੁਰਦਿੱਤੇ ਦੇ ਹੱਥ ਆਨੰਦਪੁਰ ਨੂੰ ਤੋਰ ਦਿਤਾ। ਅੰਤ ਨੂੰ ਜਦ ਗੁਰੂ ਜੀ ਨੇ ਔਰੰਗਜ਼ੇਬ ਦੇ ਆਖੇ ਕਲਮਾ ਨਾ ਪੜ੍ਹਿਆ ਤਾਂ ਉਸ ਨਿਰਦਈ ਜ਼ਾਲਮ ਨੇ ਜਲਾਲਦੀਨ ਜਲਾਦ ਸਮਾਣੇ ਦੇ ਸੱਯਦ ਨੂੰ ਗੁਰੂ ਦੇ ਕਤਲ ਵਾਸਤੇ ਭੇਜ ਦਿੱਤਾ। ਜਿਥੇ ਹੁਣ ਸੀਸ ਗੰਜ ਗੁਰੂਦੁਆਰੇ ਵਿਚ ਬੋਹੜ ਦਾ ਬ੍ਰਿਛ ਹੈ ਉਸਦੇ ਹੇਠਾਂ ੧੧ ਮੱਘ੍ਰ ਸੁਦੀ ਪੰਜ ਸੰ: ੧੭੩੨ ਬਿ: ਨੂੰ ਹਮੇਸ਼ਾਂ ਦੀ ਤਰਾਂ ਇਸ਼ਨਾਨ ਕਰਕੇ ਪਾਠ ਕਰਨ ਲੱਗੇ, ਜਿਸ ਵਕ੍ਤ ਜਪਜੀ ਸਾਹਿਬ ਦਾ ਪਾਠ ਕਰਕੇ ਭੋਗ ਪਰ ਸੀਸ ਨਿਵਾਯਾ ਤਾਂ ਜਲਾਲਦੀਨ ਜੱਲਾਦ ਬੇਰਹਮ ਨੇ ਧੜ ਨਾਲੋਂ ਸਿਰ ਜੁਦਾ ਕੀਤਾ। ਸਿਰ ਕੀ ਕੱਟਿਆ ਹਿੰਦੁਸਤਾਨ ਵਿਚੋਂ ਅਫਗਾਨਾਂ ਦੀ ਬਾਦਸ਼ਾਹਤ ਦੀ ਜੜ੍ਹ ਕੱਟ ਸੁੱਟੀ, ਸਾਰੇ ਸੰਸਾਰ ਵਿਚ ਅੰਧੇਰਾ ਹੋ ਗਿਆ, ਮਾਨੋ ਦੁਨੀਆ ਦਾ ਦੀਵਾ ਬੁਝ ਗਿਆ, ਕੰਧਾਂ ਭੀ ਕੰਬ ਉੱਠੀਆਂ, ਦੇਵਤਿਆਂ ਨੇ ਫੁੱਲ ਬਰਸਾਏ, ਸਬਨਾਂ ਤਰਫਾਂ ਤੋਂ ਹੈ ਹੈ ਦੀ ਆਵਾਜ਼ ਆਵਣ ਲੱਗੀ, ਬਦਲ ਭੀ ਹੰਝੂ ਭਰ ਲਿਆਏ, ਪੱਥਰ ਭੀ ਮੋਮ ਹੋ ਗਏ, ਕੋਈ ਰੋਂਦਾ, ਕੋਈ ਪਿਟਦਾ, ਕੋਈ ਕਹਿੰਦਾ ਇਹ ਕੀ ਹੋਯਾ, ਬਾਦਸ਼ਾਹ ਦਾ ਬੇੜਾ ਗਰਕ ਹੋਯਾ, ਜਿਥੇ ਕੋਈ ਸੀ ਉਥੇ ਹੀ ਖੜਾ ਰਹਿ ਗਿਆ, ਕਲਮ ਭੀ ਲਿਖਣੋ ਰਹ ਗਈ, ਰੱਬ ਜਾਣੇ ਉਸ ਕੰਬਖ਼ਤ ਬਾਦਸ਼ਾਹ ਦਾ ਕੈਸਾ ਪੱਥਰ ਦਿਲ ਸੀ ਜਿਸ ਨੇ ਐਸਾ ਹੁਕਮ ਦਿੱਤਾ।

ਰੌਲਾ ਤਾਂ ਪੈ ਹੀ ਗਿਆ ਸੀ ਏਸੇ ਅਫੜਾ ਤਫੜੀ ਵਿਚ ਭਾਈ ਜੀਉਣ ਨਾਮੀ ਮਜ਼੍ਹਬੀ ਸਿੱਖ ਨੇ ਐਸੀ ਚਾਲਾਕੀ ਕੀਤੀ ਕਿ ਸਬਨਾਂ ਦੀ ਅੱਖੀਂ ਘੱਟਾ ਪਾ ਕੇ ਸੀਸ ਉਠਾ ਕੇ ਆਨੰਦਪੁਰ ਨੂੰ ਤੁਰ ਗਿਆ। — ਇਧਰ ਕੋਤਵਾਲ ਨੇ ਸਿਰ ਦੇ ਚੋਰ ਨੂੰ ਫੜਨ ਵਾਸਤੇ ਗੁਰੂ ਦਾ ਧੜ

੧ ਖ੍ਵਾਜੇ ਅਬਦੁੱਲੇ ਨੂੰ ਗੁਰੂ ਜੀ ਦੇ ਸ਼ਬਦਾਂ ਦਾ ਐਸਾ ਅਸਰ ਹੋਯਾ ਜੋ ਸਾਰੀ ਉਮਰ ਗੁਰੂ ਦਸਮੇ ਪਾਤਸ਼ਾਹ ਪਾਸ ਰਹਿ ਕੇ ਧਰਮ ਦੀ ਹਕੀਮੀ ਕੀਤੀ ਤੇ ਉਦੋਂ ਹੀ ਨੌਕਰੀ ਕਰਨੀ ਛੱਡ ਦਿੱਤੀ ਏਸੇ ਦਾ ਬੇਟਾ ਗੁਲਾਮ ਅੱਬਾਸ ਨਵਾਬ ਕਪੂਰ ਸਿੰਘ ਪਾਸ ਰਿਹਾ, ਏਸੇ ਦਾ ਪੋਤ੍ਰਾ ਹਕੀਮ ਸੈਦ ਮੁਹੰਮਦ ਖਾਂ ਕਸਬੇ ਖਰੜ ਜ਼ਿਲੇ ਅੰਬਾਲੇ ਵਿਚ ਹੈ।

Digitized by Panjab Digital Library | www.panjabdigilib.org

ਚੌਕ ਵਿਚ ਰਖਵਾ ਕੇ ਢੰਢੋਰਾ ਫੇਰ ਦਿਤਾ ਕਿ ਜੇ ਕੋਈ ਸਿੱਖ ਹੈ ਤਾਂ ਚੁੱਕ ਲੈ ਜਾਵੇ। ਹੋਰ ਤਾਂ ਕੋਈ ਡਰਦਾ ਨੇੜੇ ਨਾ ਆਯਾ ਪਰ ਇਕ ਸਿਦਕੀ ਲਬਾਣਾ ਸਿੱਖ ਲੱਖੀ ਸ਼ਾਹ ਜੋ ਬਾਦਸ਼ਾਹੀ ਕਿਲੇ ਵਿਚ ਚੂਨਾ ਕਲੀ ਸਿੱਟਿਆ ਕਰਦਾ ਸੀ ਬੇਸ਼ੁਮਾਰ ਬੈਲ ਲੈ ਕੇ ਸੰਝ ਦੇ ਵਕ਼ਤ ਆਯਾ ਤੇ ਚਾਨਣੀ ਚੌਕ ਵਿਚੋਂ ਧੜ ਨੂੰ ਉਠਾ ਕੇ ਦਿੱਲੀ ਤੋਂ ਬਾਹਰ ਚਾਰ ਕੋਸ ਪਰ ਆਪਣੇ ਘਰ ਲੈ ਜਾ ਕਰ ਘਰ ਸਮੇਤ ਧੜ ਦਾਹ ਕਰ ਦਿੱਤਾ। ਇਸ ਜਗਾ ਹੁਣ ਇਕ ਮਕਾਨ ਜਾਗੀਰਦਾਰ ਬਣਿਆ ਹੋਇਆ ਹੈ। ਜਦ ਬੈਲਾਂ ਦੀ ਭੀੜ ਨਹੀਂ ਤਾਂ ਧੜ ਨਾ ਪਾਯਾ, ਸਭ ਹੱਕੇ ਬੱਕੇ ਰਹ ਗਏ ਬਹੁਤੇਰਾ ਤਾਲਾਸ਼ ਕੀਤਾ ਪਰ ਪਤਾ ਕੁਛ ਨਾ ਲੱਗਾ, ਗੁਰੂ ਦਾ ਸਿਰ, ਧੜ ਗਾਇਬ ਹੋਣੇ ਕਰ ਬਾਦਸ਼ਾਹ ਤਕ ਸਭ ਲੋਗ ਕਰਾਮਾਤ ਮੰਨ ਬੈਠੇ। ਉਧਰ ਜਦ ਨੈਂਮੇ ਗੁਰੂ ਦਾ ਸੀਸ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਪਹੁੰਚਿਆ ਤਾਂ ਉਨ੍ਹਾਂ ਨੇ ਸੀਸ ਦਾ ਸਸਕਾਰ ਕੀਤਾ ਤੇ ਰੰਘਰੇਟੇ ਨੂੰ (ਰੰਘਰੇਟੇ ਗੁਰੂ ਦੇ ਬੇਟੇ) ਦਾ ਬਰ ਦਿੱਤਾ ਤੇ ਭਾਈ ਜੈਤੇ ਨੂੰ ਸੰਤ ਪਦਵੀ ਬਖਸ਼ੀ ਤੇ ਬੇਦ ਰੀਤਿ ਅਨੁਸਾਰ ਨੈਂਮੇ ਗੁਰੂ ਦੇ ਨਮਿਤ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾ ਕੇ ਆਪ ਗੁਰਿਆਈ ਦਾ ਕਾਰ ਬਾਰ ਕਰਨ ਲੱਗੇ।

ਸੱਚ ਪੁੱਛੋ ਤਾਂ ਔਰੰਗਜ਼ੇਬ ਦੇ ਜ਼ੁਲਮ ਤੇ ਹਿੰਦੂਆਂ ਦੇ ਦੁੱਖਾਂ ਨੂੰ ਯਾਦ ਕਰ ਕੇ ਅੱਖੀਆਂ ਤਰ ਬਾਂਉਂਦੀਆਂ ਹਨ, ਕੰਠ ਗਦ ਗਦ ਤੇ ਹੱਥ ਕੰਬਦੇ ਹੈਂ, ਕਲਮ ਨਹੀਂ ਚਲਦੀ, ਜ਼ੁਬਾਨ ਨਹੀਂ ਹਲਦੀ, ਛਾਤੀ ਫਟਦੀ ਹੈ, ਰੂਹ ਘਟਦੀ ਹੈ।

ਗੁਰੂ ਤੇਗ ਬਹਾਦਰ ਸਾਹਿਬ ਸੱਚੇ ਬ੍ਰਹਮ ਗਿਆਨੀ, ਦਯਾ ਦੇ ਭਰੇ ਹੋਏ, ਅਤੀ ਸੁੰਦਰ, ਗੌਰ ਵਰਨ, ਮੋਟੇ ਨਕਸ਼, ਸਮਕੱਦ, ਧੀਰਜੀ, ਉਦਾਰ, ਨਿਰਭੈ, ਦੂਰੰਦੇਸ਼, ਧਰਮ ਦੀ ਮੂਰਤਿ, ਸੀਪੀ ਚੌਗਿਰਦ ਦਾੜ੍ਹੀ, ਗੋਲ ਚਿਹਰਾ, ਰਤਨਾਰੇ ਨੇਤ੍ਰ, ਨੱਕ ਲੰਬਾ, ਮੱਥਾ ਚੌੜਾ, ਸੁਧੇਸ਼ ਦੇ ਮਜ਼ਾਜ ਵਾਲੇ ਸੇ।

ਏਹ ਗੁਰੂ ੧੧ ਮੱਘਰ ਸੁਦੀ ੨ ਸੰ: ੧੬੭੮ ਬਿ: ਸ਼ੁੱਕ੍ਰਵਾਰ ਅੰਮ੍ਰਿਤਸਰ ਪੈਦਾ ਹੋਏ ਤੇ ੯ ਬੈਸਾਖ ਵਦੀ ੧੩ ਸੰ: ੧੭੨੧ ਬਿ: ਨੂੰ ੪੩ ਸਾਲ ੪ ਮਹੀਨੇ ੧੩ ਦਿਨ ਦੀ ਉਮਰ ਵਿਚ ਗੱਦੀ ਸੰਭਾਲ ਕੇ ੧੦ ਬਰਸ ਪੰਜ ਮਹੀਨੇ ੨੧ ਦਿਨ ਗੁਰਿਆਈ ਕਰ, ੫੪ ਬਰਸ ੪ ਦਿਨ ਸਾਰੀ ਉਮਰ ਭੋਗ, ਸੰ: ੧੭੩੨ ਬਿ: ੧੩ ਮੱਘਰ ਸੁਦੀ ੫ ਨੂੰ ਦਿੱਲੀ ਵਿਚ ਜੋਤੀ ਜੋਤਿ ਸਮਾਏ। ਦੇਹੁਰਾ ਬਣਿਆ ਹੋਇਆ ਹੈ।

Digitized by Panjab Digital Library | www.panjabdigilib.org

# ਸ਼੍ਰੀਗੁਰੂਗੋਬਿੰਦਸਿੰਘ ਸਾਹਿਬ

ਏਹ ਗੁਰੂ ੧੩ ਪੋਹ ਸੁਦੀ ੭ ਸੰ: ੧੭੨੩ ਬਿ:, ਸਾਲ ੧੯੮ ਗੁਰੂ, ਸੰ: ੧੬੬੬ ਈ: ਸ਼ਨੀਵਾਰ, ਧਨਿਸ਼੍ਟਾ ਨਛੱਤ੍ਰ, ਅੱਧੀਰਾਤ, ਗੁਰੂ ਤੇਗ ਬਹਾਦਰ ਜੀ ਦੇ ਘਰ, ਮਾਤਾ ਗੁਜਰੀ ਜੀ ਤੋਂ ਪਟਣੇ ਸ਼ਹਿਰ, ਆਲਮਗੀਰ ਬਾਦਸ਼ਾਹ ਦੇ ਵਕ੍ਤ ਪ੍ਰਗਟ ਹੋਏ।

ਏਨ੍ਹਾਂ ਨੇ ਰਾਮ, ਕ੍ਰਿਸ਼ਨ ਸਮ ਐਸੀ ਦ ਬਾਲ ਲੀਲਾ ਕੀਤੀ ਜਿਸ ਨੂੰ ਦੇਖ ਕੇ ਜਗਤਾ ਸੇਠ, ਰਹੀਮਖਾਂ ਨਵਾਬ, ਸ਼ਿਵਦੱਤ ਬ੍ਰਾਹਮਣ, ਫਤੇ ਚੰਦ ਮੈਣੀ ਖੱਤ੍ਰੀ ਆਦਿਕ ਸਿੱਖ ਬਣ ਗਏ, ਜਿਨ੍ਹਾਂ ਦੀ ਕੁਲ ਵਿਚ ਹੁਣ ਤਕ ਗੁਰੂ ਨੂੰ ਮੰਨੀਦਾ ਹੈ।

ਏਹ ਗੁਰੂ ਖੇਡਾਂ ਭੀ ਐਸੀਆਂ ਖੇਡਦੇ ਸੇ ਕਿ ਗੰਗਾ ਕਿਨਾਰੇ ਛੋਕਰਿਆਂ ਦੀਆਂ ਦੋ ਫੌਜਾਂ ਬਨਾ ਕਰ, ਕਾਨਿਆਂ ਦੇ ਨੇਜ਼ੇ ਬੰਦੂਕਾਂ ਪਕੜਾ ਕਰ, ਕਵਾਇਦ ਲੜਾਈ ਕਰਾਂਉਂਦੇ ਤੇ ਬਾਦਸ਼ਾਹਾਂ ਦੀ ਤਰਾਂ ਅਦਾਲਤ ਕਰਦੇ, ਅਤੇ ਆਪ ਭੀ ਕਾਨੇ ਦੀ ਤੀਰ ਕਮਾਨ ਬਣਾ ਕੇ ਨਿਸ਼ਾਨੇ ਮਾਰਦੇ। ਪਿਛੋਂ ਬਾਲਕਾਂ ਨੂੰ ਮਿਠਿਆਈ, ਪੈਸੇ, ਕੌਡੀਆਂ ਦੀ ਤਨਖ੍ਵਾਹ ਵੰਡਿਆ ਕਰਦੇ। ਐਸੇ ਤਰਾਂ ਦੀਆਂ ਖੇਲਾਂ ਦੇਖ ਦੇ ਲੋਗ ਅਚਰਜ ਰਹਿੰਦੇ ਸੇ। ਸੰਮਤ ੧੭੨੮ ਬਿ: ਵਿਚ ਗੁਰੂ ਤੇਗ ਬਹਾਦਰ ਜੀ ਨੇ ਏਨ੍ਹਾਂ ਨੂੰ ਪੰਜਾਬ ਦੇਸ਼ ਮੁਕਾਮ ਅਨੰਦਪੁਰ ਵਿਚ ਬੁਲਾਯਾ, ਤਾਂ ਏਹ ਕਸਬੇ ਸੁਸਰਾਮ, ਛਪਰੇ, ਆਰੇ, ਜੌਨਪੁਰ ਆਦਿਕ ਦਾ ਸੈਲ ਕਰਦੇ ਹੋਏ ਕਾਂਸ਼ੀ ਜੀ (ਜਿੱਥੇ ਹੁਣ ਗੁਰੂ ਕਾ ਬਾਗ ਮਸ਼ਹੂਰ ਹੈ) ਆਣ ਠਹਿਰੇ। ਪੰਦ੍ਰਾਂ ਦਿਨ ਠਹਿਰ ਕੇ ਬਿਸ਼੍ਵਨਾਥ, ਕਾਲਭੈਰੋਂ, ਢੁੰਢੀਰਾਜ ਆਦਿਕ ਮੰਦਰ, ਤੇ ਮਨੀਕਰਣਕਾ, ਦਸਾਸ਼੍ਵਮੇਧ, ਬਰਣਾਸੰਗਮ, ਅਸੀ ਆਦਿਕ ਘਾਟਾਂ ਪਰ ਇਸ਼ਨਾਨ ਕੀਤਾ ਤੇ ਸ਼ਹਰ ਕਾਂਸ਼ੀ ਰਾਮਨਗਰ ਦਾ ਸੈਲ ਪ੍ਰਦੱਖਣਾ ਕੀਤੀ।— ਏਥੋਂ ਚਲ ਮਿਰਜ਼ਾਪੁਰ ਆਦਿਕ ਨਗਰਾਂ ਨੂੰ ਦੇਖਦੇ ਹੋਏ ਅਜੁੱਧਿਆ ਜੀ ਬਸਿਸ਼੍ਟ ਕੁੰਡ (ਜੋ ਬਸਿਸ਼੍ਟ ਜੀ ਦਾ ਘਰ ਤੇ ਹੋਮ ਕਰਣ ਦੀ ਜ

ਗਏ) ਜਾ ਠਹਿਰੇ। ਫਿਰ ਸੂਰਜਕੁੰਡ, ਹਨੂਮਾਨਗੜ੍ਹੀ, ਰਾਮਚੰਦ੍ਰ ਦੇ ਮੰਦਰ, ਸੀਤਾ ਦੀ ਰਸੋਈ ਆਦਿਕ ਅਸਥਾਨ ਦੇਖੇ ਤੇ ਸ੍ਵਰਗਦ੍ਵਾਰੀ ਗੁਪਤਾਰਘਾਟ[1] ਸਰਜੂ ਦੇ ਇਸ਼ਨਾਨ ਦਾਨ ਕੀਤਾ। ਫਿਰ ਲਖਨਊ, ਚੰਦੌਸੀ, ਖੁਰਜੇ ਨੂੰ ਹੁੰਦੇ ਹੋਏ ਮਥੁਰਾ, ਬ੍ਰਿੰਦਾਬਨ, ਗੋਕੁਲ ਦੇ ਸੈਲ ਕੀਤੇ ਕਿਉਂਕੇ ਮਾਤਾ ਨਾਨਕੀ, ਗੁਜਰੀ, ਮਾਮਾ ਕ੍ਰਿਪਾਲ ਚੰਦ, ਮੁਨਸ਼ੀ ਸਾਹਿਬ ਚੰਦ, ਦੀਵਾਨ ਮਤੀਰਾਮ ਆਦਿਕ ਇਨ੍ਹਾਂ ਸ਼ਹਰਾਂ ਦੇ ਦੇਖਣ ਨੂੰ ਚਾਹੁੰਦੇ ਸੇ। ਫੇਰ ਹਰਿਦ੍ਵਾਰ ਇਸ਼ਨਾਨ ਕਰਕੇ ਸੂਰਜਕੁੰਡ ਕਸਬੇ ਬੂੜੀਏ ਦੇ ਪਾਸ ਉਤਰ ਕਰ ਲਖਨੌਰ ਪਿੰਡ ਅੰਬਾਲੇ ਦੇ ਪਾਸ ਜੇਠੇ ਤੇ ਸੈਂਡੂ ਮਸੰਦ ਦੇ ਘਰ ਜਾ ਠਹਿਰੇ। ਏਥੇ ਇਕ ਖੂਹ ਜੋ ਬਹੁਤ ਦਿਨਾਂ ਦਾ ਜ਼ਿਮੀ ਵਿਚ ਦੱਬਿਆ ਹੋਯਾ ਸੀ ਮਾਤਾ ਗੁਜਰੀ ਜੀ ਨੇ ਪ੍ਰਗਟ ਕੀਤਾ ਤੇ ਮੁਰੰਮਤ ਕਰਵਾਕੇ ਆਬਾਦ ਕੀਤਾ। — ਏਥੇ ਹੀ ਪੀਰ ਸੈਦ ਭੀਖ ਠਸਕੇ ਵਾਲਾ, ਅਲਫਦੀਨ, ਸ਼ਰਫਦੀਨ, ਪੀਰ ਸਢੌਰੇ ਵਾਲੇ ਜੋ ਆਪਣੇ ਮੁਰੀਦਾਂ ਪਾਸੋਂ ਕਾਰਭੇਟ ਲੈਂਦੇ ਹੋਏ ਕੋਟ ਕਛੂਏ ਦੇ ਨਵਾਬ ਪਾਸ ਆਏ ਹੋਏ ਸੇ। ਗੁਰੂ ਜੀ ਦੀ ਸੋਭਾ ਸੁਣਕੇ ਦਰਸ਼ਨ ਨੂੰ ਆਏ ਤੇ ਦਰਸ਼ਨ ਕਰਕੇ ਆਪਣੇ ਮੁਰੀਦਾਂ ਨੂੰ ਆਖਿਆ ਕਿ ਏਹ ਗੁਰੂ ਬੜਾ ਪ੍ਰਤਾਪੀ ਤੇ ਬਹਾਦਰ ਹੋਵੇਗਾ।

ਸੰ: ੧੭੨੯ ਬਿ: ਬਸੰਤ ਪੰਚਮੀ ਨੂੰ ਦਸਮੇਂ ਗੁਰੂ ਅਨੰਦਪੁਰ ਆ ਪਹੁੰਚੇ। ਇਨ੍ਹਾਂ ਦਾ ਆਗਮਨ ਸੁਣਕੇ ਦੇਸ ਦੇਸਾਂਤੋਂ ਬੇਸ਼ੁਮਾਰ ਸੰਗਤਾਂ ਅਨੇਕ ਪ੍ਰਕਾਰ ਦੇ ਤੋਹਫੇ, ਖੇਲਣੇ, ਸ਼ਸ੍ਤ੍ਰ

---

੧ ਗੁਪਤਾਰਘਾਟ, ਇਕ ਦਿਨ ਰਾਮਚੰਦ੍ਰ ਜੀ ਨੇ ਇਕਾਂਤ ਬੈਠਕੇ ਲਛਮਨ ਨੂੰ ਹੁਕਮ ਦਿਤਾ ਕਿ ਜਿਹੜਾ ਕੋਈ ਨਾ ਬੁਲਾਏ ਜੋ ਬੁਲਾਵੇਗਾ ਉਹ ਮਾਰਿਆ ਜਾਏਗਾ। ਏਸੇ ਸਮੇ ਦੁਰਬਾਸਾ ਰਿਖੀ ਬਹੁਤ ਬਿੱਦਿਆਰਥੀ ਲੈਕੇ ਏਥੇ ਆ ਪਹੁੰਚੇ ਤੇ ਲਛਮਨ ਨੂੰ ਆਖਿਆ ਕਿ ਰਾਮਚੰਦ੍ਰ ਜੀ ਨੂੰ ਬੁਲਾ ਦੇ, ਲਛਮਨ ਨੇ ਬਹੁਤੇਰਾ ਸਮਝਾਯਾ ਪਰ ਦੁਰਬਾਸਾ ਨੇ ਆਖਿਆ ਜੋ ਤੂੰ ਨਹੀਂ ਬੁਲਾਉਂਦਾ ਤਾਂ ਮੈਂ ਸ਼ਰਾਪ ਦੇਂਦਾ ਹਾਂ, ਏਸ ਤੋਂ ਡਰਕੇ ਲਾਚਾਰ ਹੋ ਲਛਮਨ ਨੇ ਰਾਮਚੰਦ੍ਰ ਜੀ ਨੂੰ ਖਬਰ ਕੀਤੀ ਰਾਮਚੰਦ੍ਰ ਜੀ ਨੇ ਬਾਹਰ ਆਕੇ ਉਸਦਾ ਸਤਕਾਰ ਤਾਂ ਕੀਤਾ ਪਰ ਲਛਮਨ ਨੂੰ ਉਸ ਤਰਾਂ ਮਾਰਨ ਨਾਲੋਂ ਦਿਲੋਂ ਮਾਰ ਦਿੱਤਾ ਅੱਖ ਨਾ ਮਿਲਾਈ ਲਛਮਨ ਜੀ ਏਸ ਗੈਰਤ ਵਿਚ ਸ਼ਰਮਿੰਦੇ ਹੋ ਗਏ ਤੇ ਸਹਾਰ ਨਾ ਸਕੇ ਉਨਕ ਚੁਪ ਚੁਪ ਸਰਜੂ ਵਿਚ ਜਾਕੇ ਆਪਣੀ ਦੇਹ ਤਿਆਗ ਦਿਤੀ। ਰਾਮਚੰਦ੍ਰ ਜੀ ਭੀ ਉਸਦਾ ਬਿਜੋਗ ਸਹਾਰ ਨਾ ਸਕੇ ਤੇ ਉਸੇ ਥਾਂ ਜਾਕੇ ਆਪਣੀ ਦੇਹ ਤਿਆਗ ਦਿੱਤੀ। ਇਨ੍ਹਾਂ ਦੇ ਬਿਯੋਗ ਨਾਲ ਬੇਸ਼ੁਮਾਰ ਲੋਕ ਏਹ ਗਲ ਆਖਦੇ ਹੋਏ ਡੁਬ ਡੁੱਬਕੇ ਮਰ ਗਏ ਕਿ ਜੋ ਕੋਈ ਅੱਜ ਦੇਹ ਤਿਆਗੇਗਾ ਸੋ ਰਾਮਚੰਦ੍ਰ ਜੀ ਦੇ ਨਾਲ ਬੈਕੁੰਠ ਨੂੰ ਜਾਏਗਾ ਜਦ ਬਹੁਤ ਲੋਕ ਮਰਦੇ ਗਏ ਤਾਂ ਸਿਆਣੇ ੨ ਲੋਕਾਂ ਨੇ ਅਪਣੀ ਸੰਤਾਨ ਦੇ ਬਚਾਵਣ ਲਈ ਸਲਾਹ ਕਰਕੇ ਬਸਿਸ਼ਟ ਜੀ ਤੋਂ ਕਹਾ ਦਿੱਤਾ ਕਿ ਅਜੁੱਧਿਆ ਇਕ ਦਿਨ ਫੇਰ ਬੈਕੁੰਠ ਨੂੰ ਜਾਵੇਗੀ ਤੁਸੀਂ ਉਦੋਂ ਜਾਣਾ ਏਹ ਲਾਲਚ ਦੇਕੇ ਲੋਕਾਂ ਨੂੰ ਮਰਨੋਂ ਬਚਾਯਾ। ਏਸੇ ਗੱਲੋਂ ਹੁਣ ਤਕ ਲੋਕ ਆਖਦੇ ਹਨ ਕਿ ਅਜੁੱਧਿਆ ਬੈਕੁੰਠ ਨੂੰ ਵਿਕਵਾਰੀ ਗਈ ਹੈ ਵਿਕਵਾਰੀ ਜਾਏਗੀ। ਜਿਥੇ ਉਦੋਂ ਰਾਮ ਲਛਮਨ ਆਦਿਕਾਂ ਨੇ ਪ੍ਰਾਣ ਤਿਆਗੇ ਸੇ ਉਸੇ ਥਾਂ ਦਾ ਨਾਮ ਗੁਪਤਾਰਘਾਟ ਹੈ।

Digitized by Panjab Digital Library | www.panjabdigilib.org

ਬਸਤ੍ਰ ਜ਼ੇਵਰ ਲੈਕੇ ਆਉਣ ਲੱਗੇ, ਸਿੱਖਾਂ ਨੇ ਬਹੁਤ ਪਦਾਰਥ ਚੜ੍ਹਾਏ, ਉਤਸਾਹ ਮਨਾਏ। ਸੰਮਤ ੧੭੩੦ ਬਿ: ੧੫ ਜੇਠ ਨੂੰ ਏਨ੍ਹਾਂ ਦੀ ਪਹਿਲੀ ਸ਼ਾਦੀ ਸੁਭਿੱਖੀਏ ਖੱਤ੍ਰੀ ਹਰਿਜਸ ਨਾਮੀ ਲਾਹੌਰੀ ਦੀ ਬੇਟੀ ਜੀਤੋ ਜੀ ਨਾਲ ਹੋਈ ਜਿਸਦਾ ਹਾਲ ਪਿੱਛੇ ਲਿਖਆ ਗਿਆ। — ਨੌਮੇ ਗੁਰੂ ਦੇ ਜੋਤੀ ਜੋਤਿ ਸਮਾਵਣੇ ਦੇ ਬਾਦ ਸੰ: ੧੭੩੨ ਬਿ: ਪੋਹ ਵਦੀ ੮ ਨੂੰ ਗੁਰਿਆਈ ਦੀ ਗੱਦੀ ਪਰ ਬੈਠ ਕੇ ਗੁਰਸਿੱਖੀ ਨੂੰ ਬਹੁਤ ਰੌਣਕ ਦਿੱਤੀ।

ਫੇਰ ਸਾਰੇ ਸਿੱਖਾਂ ਨੂੰ ਹੁਕਮ ਨਾਮੇ ਲਿਖ ਭੇਜੇ ਕਿ ਜੋ ਕੋਈ ਸਿੱਖ ਚੰਗਾ ਹਥੀਯਾਰ, ਚੰਗਾ ਘੋੜਾ, ਗੁਰੂ ਦੀ ਭੇਟਾ ਲਿਆਵੇਗਾ ਉਸ ਪਰ ਗੁਰੂ ਦੀ ਬਹੁਤ ਖੁਸ਼ੀ ਹੋਵੇਗੀ। ਏਹ ਹੁਕਮ ਸੁਣ ਕੇ ਬਹੁਤ ਸਿੱਖ ਸ਼ਸਤ੍ਰ, ਬਸਤ੍ਰ ਸੰਜੋਏ, ਘੋੜੇ ਲਿਆਕੇ ਦੇਣ ਲੱਗੇ ਤੇ ਬੜੇ ਨਾਮੀ ਰਾਠ ਕਾਠ ਬਹਾਦਰ (ਜਿਨ੍ਹਾਂ ਨੂੰ ਔਰੰਗਜੇਬ ਮੁਸਲਮਾਨ ਕਰਨਾ ਚਾਹੁੰਦਾ ਸੀ) ਡਰ ਕਰ ਗੁਰੂ ਜੀ ਦੇ ਪਾਸ ਆ ਗਏ ਤੇ ਗੁਰੂ ਜੀ ਨੇ ਭੀ ਬਾਦਸ਼ਾਹ ਦੇ ਮੁਕਾਬਲੇ ਦੀ ਕੁਛ ਪਰਵਾਹ ਨਾ ਕਰਕੇ ਸਭ ਨੂੰ ਖਾਤਰ ਨਾਲ ਰੱਖ ਲੀਤਾ। ਤੀਰੰਦਾਜ਼ੀ, ਲਕੜੀਬਾਜ਼ੀ, ਨੇਜ਼ਾ, ਬੰਦੂਕ, ਚਲਾਵਣ ਦੀ ਵਿੱਦਯਾ ਸਿੱਖਾਂ ਨੂੰ ਸਿਖਾਵਣ ਦਾ ਪ੍ਰਚਾਰ ਕਰ ਦਿੱਤਾ ਤੇ ਆਪ ਭੀ ਘੋੜੇ ਦੀ ਅਸਵਾਰੀ ਆਦਿਕ ਹਰ ਤਰਾਂ ਦੇ ਸ਼ਸਤ੍ਰ ਚਲਾਵਣ ਦੀ ਵਿੱਦਯਾ ਦੇ ਅੱਭਿਆਸ ਵਿਚ ਤਤਪਰ ਰਹਿਣ ਲੱਗੇ।

ਹਮੇਸ਼ ਇਕ ਵਕ੍ਤ ਦਰਬਾਰ ਲਗਾ ਕਰ ਸਿੱਖਾਂ ਨੂੰ ਆਪਨੇ ਕਰਮ ਧਰਮ ਵਿਚ ਕਾਯਮ ਰਹਣ ਦਾ ਉਪਦੇਸ਼ ਕਰਕੇ ਸੱਤਿਆ, ਅਸੱਤਿਆ ਦਾ ਗਿਆਨ ਦ੍ਰਿੜ੍ਹਾਉਂਦੇ, ਜਿਸ ਕਰਕੇ ਸਿੱਖਾਂ ਦੇ ਸੰਸੇ ਦੇਹ ਅੱਧਿਆਸ ਦੂਰ ਹੁੰਦੇ। ਸੰਮਤ ੧੭੩੭ ਬਿ: ਵਿਚ ਆਸਾਮ ਦੇਸ ਦੇ ਰਾਜੇ ਰਾਮ ਰਾਇ ਦਾ ਬੇਟਾ ਰਤਨ ਰਾਇ (ਜਿਨ੍ਹਾਂ ਦੇ ਘਰ ਗੁਰੂ ਤੇਗ ਬਹਾਦਰ ਜੀ ਰਹ ਆਏ ਸੇ) ਗੁਰੂ ਗੋਬਿੰਦ ਸਿੰਘ ਜੀ ਦਾ ਦਰਸ਼ਨ ਕਰਨ ਤੇ ਗੁਰਮੰਤ੍ਰ ਲੈਣ ਵਾਸ੍ਤੇ ਆਨੰਦਪੁਰ ਆਯਾ। ਤੇ ਇਕ ਪੰਚਕਲਾ[1] ਹਥਿਯਾਰ ਜੋ ਕਲਾ ਦੇ ਦਬਾਉਣੇ ਕਰ ਬਰਛੀ, ਬੰਦੂਕ, ਗੁਰਜ, ਪੇਸ਼ਕਬਜ਼, ਪਿਸ੍ਤੌਲ ਪੰਜ ਹਥਿਆਰਾਂ ਦਾ ਕੰਮ ਦਿੰਦਾ ਸੀ। ਦੂਸਰੇ ਚੰਦਨ ਦੀ ਚੌਕੀ[2] ਜਿਸ ਪਰ ਇਸ਼ਨਾਨ ਕਰਨ ਬੈਠੀਏ ਤਾਂ ਕਲਾ ਦਬਾਉਣੇ ਕਰ ਚਾਰ ਪੁਤਲੀਆਂ ਨਿਕਲਕੇ ਮਰਦਨ ਆਦਿਕ ਕਰਨ ਲਗਦੀਆਂ। ਤੀਸਰੇ ਪੰਜ ਘੋੜੇ[3] ਜਿਨ੍ਹਾਂ ਨੂੰ ਦਰਿਆਈ ਆਖਦੇ ਹਨ ਸੌ ਸੌ ਕੋਸ ਦਮ ਵਾਲੇ। ਚੌਥੇ ਇਕ ਪ੍ਰਸਾਦੀ ਨਾਮ ਹਾਥੀ[4] ਜਿਸਦੇ ਮੱਥੇ ਤੋਂ ਲੈ ਕੇ ਪੂਛ ਤਕ ਸੁਫੈਦ ਲੀਕ ਸੀ ਤੇ ਪੜ੍ਹਿਆ ਹੋਯਾ ਐਸਾ ਸੀ

Digitized by Panjab Digital Library | www.panjabdigilib.org

ਕਿ ਜੋੜਾ ਸ਼ਾਨ ਕੇ ਮਾਲਕ ਦੇ ਅੱਗੇ ਰੱਖਦਾ, ਜੰਗ ਵਿਚ ਦੁਸ਼ਮਨ ਦਾ ਤੇ ਸ਼ਿਕਾਰ ਵਿਚ ਸ਼ੇਰ
ਦਾ ਮੁਕਾਬਲਾ ਕਰਦਾ, ਚਲਾਏ ਹੋਏ ਤੀਰ ਚੁੱਕ ਲਿਆਂਵਦਾ, ਚੌਰ ਝੁਲਾਂਵਦਾ, ਮਸਾਲ ਫ
ੜਕੇ ਚਲਦਾ ਤੇ ਪਹਿਰਾ ਦਿੰਦਾ ਸੀ। ਇਤ੍ਯਾਦਿਕ ਗੁਣਾਂ ਵਾਲਾ ਹਾਥੀ ਸੀ।। ਪੰਜਵੇਂ ਸੰਜੋ
ਇ ਫੌਲਾਦੀ ਬਹੁਤ ਰੰਗੀ ੫, ਮੋਤੀਆਂ ਦੀ ਮਾਲਾ ੬, ਢਾਕੇ ਦੀ ਮਲਮਲ ੭, ਰੇਸ਼ਮੀ ਬਸਤ੍ਰ
ਜ਼ਨਾਨੇ ਮਰਦਾਨੇ ਜ਼ੇਵਰ ਆਪਣੇ ਦੇਸ ਦੀ ਘਾੜਤ ਦੇ, ਹੋਰ ਅਨੇਕ ਪ੍ਰਕਾਰ ਦੇ ਤੋਹਫੇ ਤੇ ਨ
ਕਦ ਰੁਪਯਾ ਦਸਵੰਧ ਦਾ ਭੇਟਾ ਧਰਕੇ ਮੱਥਾ ਟੇਕਿਆ, ਗੁਰੂ ਸਾਹਿਬ ਨੇ ਬੜੇ ਆਦਰ ਨਾ
ਲ ਏਸ ਨੂੰ ਪੰਜ ਮਹੀਨੇ ਤਕ ਆਪਣੇ ਪਾਸ ਠਹਿਰਾਯਾ ਤੇ ਧਰਮ ਕਰਮ ਦੇ ਉਪਦੇਸ਼ ਅ
ਤੇ ਸ਼ਿਕਾਰ, ਰਾਜਨੀਤੀ ਦੀ ਰੀਤੀ ਵਿਚ ਨਿਪੁਨ ਕਰਕੇ ਬਿਦਾ ਕੀਤਾ।

ਸੰਮਤ ੧੭੩੮ ਬਿ: ਬੈਸਾਖੀ ਦੇ ਮੇਲੇ ਪਰ ਇਕ ਸੌਦਾਗਰ ਦੁਨੀਚੰਦ ਖੱਤ੍ਰੀ ਸਿੱਖ ਕਾਬ
ਲੀਏ ਨੇ ਆਪਣੇ ਦੇਸੀ ਭਾਈਆਂ ਦੇ ਸਮੇਤ ਆਕੇ ਦਸਵੰਧ ਦੀ ਕਾਰ ਭੇਟ ਗੁਰੂ ਜੀ ਨੂੰ ਚੜ੍ਹਾ
ਈ ਤੇ ਇਕ ਤੰਬੂ ਕਾਰਚੋਬੀ ਤੇ ਕਨਾਤ ਬਹੁਤ ਬੜੇ ਮੁੱਲ ਦੇ ਨਜ਼ਰ ਕੀਤੇ ਅਤੇ ਗੁਰੂ ਸਾਹਿ
ਬ ਤੋਂ ਗਿਆਨ ਉਪਦੇਸ਼ ਤੇ ਮਨੋ ਕਾਮਨਾ ਪਾ ਕੇ ਘਰ ਨੂੰ ਗਿਆ। ਏਸੇ ਸਾਲ ਦੀਪਮਾਲਾ ਨੂੰ
ਇਕ ਗੱਗਨ ਮੱਲ ਨਾਮੀ ਸੇਠ ਸ਼ਿਕਾਰਪੁਰੀਏ ਨੇ ਸੰਗਤ ਸਮੇਤ ਗੁਰੂ ਜੀ ਪਾਸ ਹਾਜ਼ਰ
ਹੋ ਕੇ ਦਸ ਹਜ਼ਾਰ ਭੇਟਾ ਕੀਤਾ। ਏਸੇ ਤਰਾਂ ਜੋਂ ਜੋਂ ਗੁਰੂ ਜੀ ਪਾਸ ਬਹੁਤ ਦੌਲਤ ਆਵਣ
ਲਗੀ ਤੋਂ ਤੋਂ ਲੰਗਰ ਦਾ ਖਰਚ ਵਧਾਈ ਗਏ ਤੇ ਬਹੁਤ ਸਾਰੇ ਰਾਠ ਕਾਠ ਬਹਾਦਰ ਨੌ
ਕਰ ਰਖੀ ਗਏ। — ਥੋੜ੍ਹੇ ਹੀ ਦਿਨਾਂ ਵਿਚ ਬਹੁਤ ਪ੍ਰਤਾਪ ਵਧ ਗਿਆ। — ਗੁਰੂ ਸਾਹਿ
ਬ ਜੀ ਦਾ ਈਸ੍ਵਰਜ ਦੇਖ ਸੁਣਕੇ ਪਹਾੜੀ ਰਾਜੇ ਹੱਕੇ ਬੱਕੇ ਰਹ ਗਏ। ਤੇ ਰਾਜਾ ਭੀਮਚੰ
ਦ ਬਿਲਾਸਪੁਰੀਏ ਨੇ ਜਿਸ ਦੇ ਰਾਜ ਵਿਚ ਏਹ ਗੁਰੂ ਸਾਹਿਬ ਰਹਿੰਦੇ ਸੇ ਏਹ ਸਲਾਹ ਕੀ
ਤੀ ਕਿ ਕਿਸੇ ਬਹਾਨੇ ਨਾਲ ਗੁਰੂ ਪਾਸੋਂ ਪ੍ਰਸਾਦੀ ਹਾਥੀ ਆਦਿਕ ਮੰਗ ਲਈਏ ਤੇ ਫੇਰ ਨਾ ਦੇ
ਈਏ ਤੇ ਏਹੋ ਕਪਟ ਬਿਚਾਰ ਕੇ ਆਪਣੇ ਬੇਟੇ ਦੇ ਬ੍ਯਾਹ ਦਾ ਬਹਾਨਾ ਕਰਕੇ ਆਪਣੇ ਪਰੋਹਿ
ਤ ਪ੍ਰਮਾਨੰਦ ਵਜ਼ੀਰ ਨੂੰ ਗੁਰੂ ਪਾਸ ਭੇਜਿਆ (ਪਰ ਦਿਲਾਂ ਦਾ ਦਿਲਾਂ ਨੂੰ ਰਾਹ ਹੈ) ਗੁਰੂ ਜੀ
ਨੇ ਉਸ ਦਾ ਕਪਟ ਸਮਝ ਕੇ ਗੱਲਾਂ ਨਾਲ ਹੀ ਟਾਲ ਛੱਡਿਆ ਫੇਰ ਰਾਜਾ ਭੀਮਚੰਦ ਨੇ ਆ
ਪਣੇ ਸਾਲੇ ਰਾਜੇ ਕੇਸਰੀ ਸਿੰਘ ਜਸਵਾਲੀਏ ਨੂੰ ਗੁਰੂ ਪਾਸ ਭੇਜਿਆ, ਪਰ ਗੁਰੂ ਜੀ ਨੇ ਇੱ
ਕੋ ਜਵਾਬ ਦਿੱਤਾ ਕਿ ਏਹ ਚੀਜ਼ਾਂ ਜਿਨ੍ਹਾਂ ਸਿੱਖਾਂ ਨੇ ਦਿੱਤੀਆਂ ਹਨ ਉਨ੍ਹਾਂ ਏਥੇ ਹੀ ਰਹਣ ਲ
ਈ ਦਿੱਤੀਆਂ ਹਨ ਸੋ ਅਸੀਂ ਸਿੱਖਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ। ਫੇਰ ਰਾਜੇ ਭੀਮਚੰਦ

Digitized by Panjab Digital Library | www.panjabdigilib.org

ਨੂੰ ਲਾਲਚ ਨੇ ਐਸਾ ਆਘੇਰਿਆ ਜੋ ਖੁਦ ਗੁਰੂ ਜੀ ਪਾਸ ਚਲਾ ਆਯਾ, ਗੁਰੂ ਜੀ ਨੇ ਬਹੁਤ
ਖਾਤ੍ਰ ਕਰਾਈ, ਤਿਨ ਰਾਤ ਦਿਨ ਬਰਾਬਰ ਸੈਲ ਸਿਕਾਰ ਕਰਦੇ ਰਹੇ। ਜੱਦਪਿ ਗੁਰੂ ਸਾਹਿ
ਬ ਦਾ ਮਨਸ਼ਾ ਅੱਗੇ ਰਾਜਾ ਸੁਣ ਭੀ ਚੁੱਕਾ ਸੀ ਪਰ ਚੀਜ਼ਾਂ ਦੇਖਕੇ ਰਹਿ ਨਾ ਸੱਕਿਆ ਤੇ ਪ੍ਰਸਾਦੀ
ਹਾਥੀ ਆਦਿਕ ਚੀਜ਼ਾਂ ਮੰਗੀਆਂ, ਪਰ ਗੁਰੂ ਜੀ ਨੇ (ਉਹੋ ਢੰਗ ਦੇ ਤਿੰਨੇ ਪਤੇ ਦਸੇ) ਸਾਫ ਜ
ਵਾਬ ਦਿਤਾ ਕਿ ਏਹ ਚੀਜ਼ਾਂ ਸਿੱਖਾਂ ਦੀ ਹੈ ਅਸੀਂ ਕਿਸੇ ਨੂੰ ਦੇਣਾ ਨਹੀਂ ਚਾਹੁੰਦੇ। ਇਸ ਪਰ ਰਾ
ਜਾ ਬਹੁਤ ਨਾਰਾਜ਼ ਹੋਕੇ ਚਲਾ ਗਿਆ ਤੇ ਗੁਰੂ ਜੀ ਨੂੰ ਡਰਾਵਾ ਦੇ ਭੇਜਿਆ ਕਿ ਜੇਕਰ ਪ੍ਰਸਾ
ਦੀ ਹਾਥੀ ਆਦਿਕ ਅਸਬਾਬ ਦੇ ਦੇਓ ਤਾਂ ਬਿਹਤਰ ਹੈ ਨਹੀਂ ਤਾਂ ਤੁਹਾਨੂੰ ਦੇਸ ਤੋਂ ਨਿਕਾਲ
ਦਿੱਤਾ ਜਾਵੇਗਾ। ਗੁਰੂ ਜੀ ਨੇ ਜਵਾਬ ਦਿੱਤਾ ਅਸੀਂ ਇਕ ਅਕਾਲ ਪੁਰਖ ਦੇ ਬਿਨਾ ਹੋਰ
ਕਿਸੇ ਦਾ ਹੁਕਮ ਨਹੀਂ ਮੰਨਦੇ ਤੇ ਨਾਂਹੀ ਕਿਸੇ ਤੋਂ ਦਬਦੇ ਹਾਂ। ਏਹ ਜਵਾਬ ਸੁਣਕੇ ਰਾਜਾ ਨੇ
ਸੰ: ੧੭੩੯ ਬਿ: ਨੂੰ ਚੜ੍ਹਾਈ ਕਰ ਦਿੱਤੀ ਪਰ ਸਿੱਖਾਂ ਦੇ ਇੱਕ ਹੱਲੇ ਅੱਗੇ ਭੀ ਨਾ ਠਹਿਰ ਸੱ
ਕਿਆ, ਸਗੋਂ ਪਹਿਲੀ ਗੱਲ ਭੀ ਖੋ ਬੈਠਾ ਤੇ ਸਿੱਖਾਂ ਨੂੰ ਨਿਰਭੈ ਕਰ ਗਿਆ। ਇਸ ਹਾਰ
ਤੇ ਸ਼ਰਮਿੰਦੇ ਹੋਕੇ ਫੇਰ ਆਪਣੀ ਪਰਾਈ ਫੌਜ ਬਟੋਰ ਕੇ ਚੜ੍ਹਾਈ ਕਰਨੀ ਚਾਹੀ ਪਰ ਬੇਟੇ
ਦੀ ਸ਼ਾਦੀ ਦੇ ਨਜ਼ਦੀਕ ਆ ਜਾਣੇ ਕਰਕੇ ਲੋਗਾਂ ਨੇ ਸਮਝਾ ਬੁਝਾ ਕਰ ਮਨਾ ਕਰ ਰੱਖਿਆ
ਏਸੇ ਸਮੇ ਵੈਸਾਖੀ ਦੇ ਮੇਲੇ ਪਰ ਆਏ ਹੋਏ ਰਾਮਸਰਨ ਉਮਰਾਵ ਖੱਤ੍ਰੀ ਲਾਹੌਰੀ ਨੇ ਆ
ਪਣੀ ਬੇਟੀ ਸੁੰਦਰੀ ਜੀ ਦਾ ਡੋਲਾ ਗੁਰੂ ਜੀ ਦੀ ਨਜ਼ਰ ਕੀਤਾ ਜਿਸਦਾ ਬਿਆਹ ੭ ਵੈਸਾਖ
ਵਦੀ ੯ ਸੰ: ੧੭੪੧ ਬਿ: ਨੂੰ ਹੋਯਾ। ਏਸੇ ਸਾਲ ਜੇਠ ਦੇ ਮਹੀਨੇ ਰਾਜਾ ਮੇਦਨੀ ਪ੍ਰਕਾਸ਼
ਨਾਹਣ ਵਾਲੇ ਦੇ ਬੁਲਾਏ ਹੋਏ ਨਾਹਣ ਜਾ ਠਹਿਰੇ। ਰਾਜਾ ਨੇ ਬਹੁਤ ਟਹਿਲ ਖਾਤਰ
ਕੀਤੀ ਤੇ ਮਿਲਕੇ ਸੈਰ ਸ਼ਿਕਾਰ ਨੂੰ ਜਾਂਦੇ ਰਹੇ। ਏਸੇ ਸਾਲ ਕਤਕ ਮਹੀਨੇ ਰਾਜੇ ਦਾ
ਬਚਨ ਮੰਨਕੇ ਜਮਨਾ ਕਿਨਾਰੇ ਬਹੁਤ ਚੰਗੀ ਜ਼ਿਮੀਨ ਦੇਖ ਕਰ ਇਕ ਪਿੰਡ ਪਾਉਂਟਾ ਨਾ
ਮ ਬਸਾ ਕਰ ਰਹਿਣ ਲਗ ਪਏ ਤੇ ਆਪਣੇ ਕਬੀਲੇ ਨੂੰ ਭੀ ਏਥੇ ਹੀ ਬੁਲਾ ਲਿਆ।
ਤੇ ਇੱਟਾਂ ਦੇ ਭੱਠੇ ਪਕਵਾ ਕਰ ਪਿੰਡ ਦੇ ਚੁਫੇਰੇ ਪੱਕੀ ਕੰਧ ਕਿਲੇ ਦੇ ਨਮੂਨੇ ਦੀ ਬਣਵਾਉ
ਦੇ ਰਹੇ ਜਿਸਦੇ ਨਿਸ਼ਾਨ ਹੁਣ ਤਕ ਹਨ। — ਰਾਜਾ ਨਾਹਣੀਏ ਤੇ ਰਾਜਾ ਫਤੇਸ਼ਾਹ ਸ੍ਰੀ
ਨਗਰ ਵਾਲੇ ਦੀ ਆਪਸ ਵਿਚ ਅਣਬਣ ਸੀ, ਗੁਰੂ ਸਾਹਿਬ ਨੇ ਦੋਹਾਂ ਦੀ ਸੁਲਾ ਕਰਾ
ਦਿਤੀ। ਇਸ ਕਰਕੇ ਰਾਜਾ ਫਤੇਸ਼ਾਹ ਬਹੁਤ ਅਹਿਸਾਨ ਮੰਦ ਤੇ ਗੁਰੂ ਦਾ ਸੇਵਕ ਕਹਿ
ਲਜਾਨ ਤੋਂ ਬਾਨਿਆ ਰਿਹਾ। — ਉਸ ਸਮੇ ਗੁਰੂ ਜੀ ਨੂੰ ਜੈਸਾ ਸ਼ਸਤ੍ਰ ਵਿੱਦਿਆ ਦਾ

Jeth Vasobih

Digitized by Panjab Digital Library | www.panjabdigilib.org

ਸੈ ਕਸੀ ਓਦੂੰ ਚਾਰ ਚੰਦ ਸ਼ਾਸਤ੍ਰ ਵਿੱਦਿਆ ਦਾ ਭੀ ਸ਼ੌਕ ਵਧ ਗਿਆ ਸੀ। ਏਸੇ ਕਰਕੇ ਬ੍ਰਾਹਮਣਾ ਦਾ ਬਹੁਤ ਸਨਮਾਨ ਕਰਦੇ, ਜਿਸ ਤੋਂ ਅਨੇਕ ਪੰਡਿਤ, ਕਵੀਸ਼ਰ ਗੁਰੂ ਜੀ ਪਾਸ ਨੇੜੇ ਰਹਿੰਦੇ। ਇਕ ਰਘੁਨਾਥ ਪੰਡਿਤ ਪਾਸੋਂ ਭਾਗਵਤ ਦੀ ਕਥਾ ਹਮੇਸ਼ ਸਭਾ ਵਿਚ ਬੈਠਕੇ ਸੁਣਿਆ ਕਰਦੇ।

ਗੁਰੂ ਸਾਹਿਬ ਨੇ ਸ਼ਸਤ੍ਰ, ਸ਼ਾਸਤ੍ਰ ਦੋਨੋਂ ਵਿਦਿਆ ਆਪਣੇ ਪੰਥ ਵਿਚ ਕਾਇਮ ਰੱਖਣ ਲਈ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਵਾਸਤੇ ਰਘੁਨਾਥ ਪੰਡਿਤ ਦੇ ਸਪੁਰਦ ਕੀਤਾ। ਪੰਡਿਤ ਨੇ ਆਖਿਆ ਤੁਹਾਡੇ ਸਿੱਖ ਜੱਟ, ਤਖਾਣ, ਕਲਾਲ ਆਦਿਕ ਸ਼ੂਦ੍ਰ ਜਾਤਿ ਦੇ ਹਨ, ਇਨ੍ਹਾਂ ਨੂੰ ਬੇਦ ਸ਼ਾਸਤ੍ਰ ਪੜ੍ਹਨ ਪੜ੍ਹਾਉਣ ਦਾ ਅਧਿਕਾਰ ਨਹੀਂ। ਪੰਡਿਤ ਦਾ ਨਿਕੰਮਾ ਜਵਾਬ ਗੁਰੂ ਜੀ ਨੂੰ ਬਹੁਤ ਬੁਰਾ ਮਾਲੂਮ ਹੋਯਾ ਤੇ ਗੁੱਸੇ ਹੋਕੇ ਆਖਿਆ ਜਿਨ੍ਹਾਂ ਸਿੱਖਾਂ ਨੂੰ ਤੂੰ ਸ਼ੂਦ੍ਰ ਆਖਦਾ ਹੈਂ ਇਨ੍ਹਾਂ ਹੀ ਮੇਰੇ ਸਿੱਖਾਂ ਤੋਂ ਬ੍ਰਾਹਮਣ ਬੇਦ ਸ਼ਾਸਤ੍ਰ ਪੜ੍ਹਿਆ ਕਰਨਗੇ। ਏਹ ਬਚਨ ਕਹਕੇ ਓਸੇ ਵਕ੍ਤ ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ (ਜੋਹੜੇ ਅੰਮ੍ਰਿਤ ਛਕਕੇ ਕਰਮ ਸਿੰਘ, ਵੀਰ ਸਿੰਘ, ਗੰਡਾ ਸਿੰਘ, ਸੈਣਾ ਸਿੰਘ, ਰਾਮ ਸਿੰਘ ਨਿਰਮਲੇ ਪੰਡਿਤ ਮਸ਼ਹੂਰ ਹੋਏ ਹਨ) ਬ੍ਰਹਮਚਾਰੀਆਂ ਦਾ ਬਾਣਾ ਪਹਿਰਾਕੇ ਮੱਘਰ ਸੰ: ੧੭੪੨ ਬਿ: ਨੂੰ ਕਾਂਸ਼ੀ ਜੀ ਭੇਜ ਦਿੱਤਾ ਜੋ ਗੁਰੂ ਜੀ ਦੀ ਕ੍ਰਿਪਾ ਨਾਲ ਕਾਂਸ਼ੀ ਚੇਤਨ ਮਠ (ਜਿੱਥੇ ਹੁਣ ਨਿਰਮਲਿਆਂ ਦਾ ਵੱਡਾ ਮਕਾਨ ਹੈ) ਰਹਕੇ ਬੜੇ ਪੰਡਿਤ ਹੋਕਰ ਸੰ: ੧੭੫੨ ਬਿ: ਨੂੰ ਅਨੰਦਪੁਰ ਗੁਰੂ ਜੀ ਪਾਸ ਆਏ। ਫੇਰ ਏਨ੍ਹਾਂ ਹੀ ਸਿੱਖਾਂ ਤੋਂ ਗੁਰੂ ਜੀ ਨੇ ਬਹੁਤ ਸਾਰੀਆਂ ਸੰਸਕ੍ਰਿਤ ਪੁਸਤਕਾਂ ਭਾਗਵਤ, ਬਿਸ਼ਨੂ ਭਾਗਵਤ, ਮਹਾਭਾਰਤ, ਉਪਨਿਸ਼ਦ, ਭੋਜਪੱਤ੍ਰ ਆਦਿਕਾਂ ਦਾ ਤਰਜਮਾ ਕਰਾਯਾ।

ਏਸੇ ਸਮੇ ੨੨ ਸਾਉਣ ਸੰ: ੧੭੪੨ ਬਿ: ਨੂੰ ਪੀਰ ਬੁੱਧੂ ਸ਼ਾਹ ਸਢੌਰੇ ਵਾਲਾ ਜੋ ਗੁਰੂ ਜੀ ਦਾ ਦੋਸਤ ਸੀ, ਪੰਜ ਸੌ ਅਸਵਾਰ ਪਠਾਣ ਦੌਮਲੇ ਵਾਲੇ (ਜੋ ਬਾਦਸ਼ਾਹੀ ਨੌਕਰੀ ਤੋਂ ਹਟਾਏ ਗਏ ਸੇ) ਗੁਰੂ ਪਾਸ ਨੌਕਰ ਕਰਵਾ ਗਿਆ। ਇਨ੍ਹਾਂ ਵਿਚ ਕਾਲੇ ਖਾਂ, ਹਯਾਤ ਖਾਂ, ਨਜਾਬਤ ਖਾਂ, ਭੀਖਨ ਖਾਂ ਆਦਿਕ ਸਰਦਾਰ ਸੇ। ਏਸੇ ਸਾਲ ੧੯ ਭਾਦ੍ਰੋਂ ਨੂੰ ਸੋਢੀ ਰਾਮ ਰਾਇ ਜੀ ਗੁਰੂ ਸਾਹਿਬ ਨੂੰ ਮਿਲਣ ਆਯੇ ਅਤੇ ਪਰਸਪਰ ਮਿਲਕੇ ਆਨੰਦ ਵਧਾਏ।

ਏਸੇ ਸਾਲ ਗੁਰੂ ਸਾਹਿਬ ਕਾਤਕ ਸੁਦੀ ਪੂਨ੍ਯੋਂ ਦੇ ਮੇਲੇ ਪਰ ਕਪਾਲ ਮੋਚਨ ਤੀਰਥ ਦੇ ਇਸ਼ਨਾਨ ਕਰਨ ਗਏ। ਇਨ੍ਹਾਂ ਦਾ ਆਉਣਾ ਸੁਣਕੇ ਬੇਸ਼ੁਮਾਰ ਸਿੱਖ ਭੀ ਆ ਪਹੁੰਚੇ। ਨਾਮੀ ਨਾਮੀ ਸਿੱਖਾਂ ਨੂੰ ਸਿਰੋਪਾਉ ਦੇਣ ਵਾਸਤੇ ਪਗੜੀਆਂ ਇਕੱਠੀਆਂ ਕਰਨ ਲਈ ਗੁਰੂ ਸਾਹਬ

Digitized by Panjab Digital Library | www.panjabdigilib.org

ਨੇ ਏਹ ਹੁਕਮ ਦਿੱਤਾ ਕਿ ਜੋ ਕੋਈ ਤੀਰਥ ਦੇ ਕਿਨਾਰੇ ਝਾੜੂ ਫਿਰਦਾ ਹੋਵੇ ਉਸ ਦੀ ਪਗੜੀ ਉ
ਤਾਰ ਲੈਂਦੇ ਤੇ ਉਹੋ ਧੋਬੀ ਤੋਂ ਧੁਵਾ ਕਰ ਸਿਰੋਪਾਉ ਵਿਚ ਦਿੱਤੀ ਜਾਵੇ। ਏਸੇ ਤਰਾਂ ਬਹੁਤ
ਪੱਗਾਂ ਮਿਲ ਗਈਆਂ ਤੇ ਨਾਲੇ ਗੁਰੂ ਜੀ ਦਾ ਜਸ ਭੀ ਬਣਿਆ ਰਿਹਾ ਕਿ ਗੁਰੂ ਸਾਹਿਬ ਤੀ
ਰਥ ਦਾ ਅਦਬ ਰੱਖਦੇ ਹਨ।

ਜਦ ਗੁਰੂ ਜੀ ਕਪਾਲਮੋਚਨ ਤੋਂ ਹਟਕੇ ਪਾਂਉਟੇ ਆਏ ਤਾਂ ਸੋਢੀ ਰਾਮਰਾਇ ਦੀ ਇਸਤ੍ਰੀ ਪੰ
ਜਾਬ ਕੌਰ ਨੇ ਗੁਰੂ ਪਾਸ ਲਿਖ ਭੇਜਿਆ ਕਿ ਆਪ ਦੇ ਭਤੀਜੇ ਨੂੰ ਮਸੰਦਾਂ ਨੇ ਬਦੋਬਦੀ ਫੂ
ਕ ਦਿੱਤਾ ਹੈ ਤੇ ਸਾਡੇ ਘਰ ਨੂੰ ਲੁੱਟ ਰਹੇ ਹਨ, ਤੁਸੀਂ ਆਕੇ ਸੰਭਾਲੋ। ਗੁਰੂ ਜੀ ਨੇ ਉਸੇ ਵਕ੍ਤ
ਮਾਮੇ ਕ੍ਰਿਪਾਲ ਚੰਦ ਨੂੰ ਪਾਂਉਟੇ ਦਾ ਬ੍ਯਹਾਰ ਸੌਂਪ ਦਿਤਾ ਤੇ ਆਪ ਦੋ ਸੌ ਆਦਮੀ ਨਾਲ ਲੈ
ਕੇ ਦੇਹਰੇਦੂਨ ਰਾਮਰਾਇ ਦੇ ਘਰ ਜਾ ਪਹੁੰਚੇ। ਤੇ ਪੰਜਾਬ ਕੌਰ ਦੀ ਸਲਾਹ ਨਾਲ, ਮਸੰਦਾਂ
ਨੂੰ ਦੋ ਦੋ ਚਾਰ ਚਾਰ ਕਰਕੇ ਅੰਦਰ ਬੁਲਾਯਾ ਤੇ ਜਿਨ੍ਹਾਂ ਨੇ ਰਾਮਰਾਇ ਨੂੰ ਸਾੜਿਆ ਸੀ ਉਨ੍ਹਾਂ
ਉੱਪਰ ਤੇਲ ਤਪਾਇਕੇ ਪਾਯਾ ਤੇ ਏਸੇ ਤਰਾਂ ਸਾੜਕੇ ਮਾਰ ਦਿੱਤਾ, ਬਾਕੀ ਸਬਨਾਂ ਨੂੰ ਜਥਾ
ਜੋਗ ਦੰਡ ਦੇਕੇ ਪੰਜਾਬ ਕੌਰ ਦੇ ਹੁਕਮ ਵਿਚ ਰਹਣ ਦੀ ਲਿਖਤ ਕਰਵਾ ਲਈ ਤੇ ਪੰਜਾਬ
ਕੌਰ ਨੂੰ ਮਹੀਤੀ ਦੀ ਦਸ੍ਤਾਰ ਦੇਕੇ ਪਾਂਉਟੇ ਵਾਪਸ ਆ ਗਏ। ਏਸ ਦਿਨ ਤੋਂ ਰਾਮਰਾਈਏ,
ਧੀਰਮੱਲੀਏ, ਪ੍ਰਿਥੀਚੰਦ ਦੇ ਸਿੱਖ ਮਸੰਦ ਸਾਹਿਬਜ਼ਾਦੇ ਸਬ ਏਨ੍ਹਾਂ ਦਾ ਡਰ ਮੰਨਣ ਲੱਗੇ,
ਸਾਰੇ ਮੁਲਕ ਵਿਚ ਦਬਦਬਾ ਬੈਠ ਗਿਆ। — ਏਸੇ ਸਮੇ ਰਾਜੇ ਫਤੇਸ਼ਾਹ ਸ੍ਰੀਨਗ
ਰ ਵਾਲੇ ਦੀ ਬੇਟੀ ਦੇ ਬਿਆਹ ਵਿਚ ਗੁਰੂ ਜੀ ਨੇ ਨੰਦਚੰਦ, ਤੇ ਪਰੋਹਤ ਦਯਾਰਾਮ ਨੂੰ ਬੜੇ
ਕੀਮਤੀ ਜ਼ੇਵਰ, ਕੁਛ ਨਕਦੀ ਤੰਬੋਲ ਦੇਕੇ ਭੇਜਿਆ। ਏਸ ਦੇ ਘਰ ਰਾਜਾ ਭੀਮਚੰਦ ਆ
ਪਣੇ ਬੇਟੇ ਨੂੰ ਬਿਆਹੁਣ ਢੁੱਕਿਆ ਸੀ, ਗੁਰੂ ਜੀ ਦਾ ਤੰਬੋਲ ਦੇਖਕੇ ਜਲ ਬਲ ਗਿਆ ਤੇ
ਆਖਿਆ ਜੇਕਰ ਤੂੰ ਏਹ ਤੰਬੋਲ ਮੇਰੇ ਵੈਰੀ ਦਾ ਲਵੇਂਗਾ ਤਾਂ ਮੈਂ ਤੇਰੀ ਬੇਟੀ ਦਾ ਡੋਲਾ ਨਹੀਂ
ਲਵਾਂਗਾ, ਤਦ ਲਾਚਾਰ ਹੋਕੇ ਫਤੇਸ਼ਾਹ ਨੇ ਗੁਰੂ ਦਾ ਤੰਬੋਲ ਮੋੜ ਦਿੱਤਾ।

ਨੰਦਚੰਦ ਨੇ ਏਸ ਗੱਲੋਂ ਨਾਰਾਜ਼ ਹੋਕੇ ਤੇ ਆਪਣੀ ਨਿਰਾਦਰੀ ਸਮਝਕੇ, ਆਪਣੇ ਆਦ
ਮੀਆਂ ਨੂੰ (ਜੋ ਕਰੀਬ ਸੌ ਦੇ ਸੀ) ਇਸ਼ਾਰਾ ਦੇਕਰ, ਚੱਟਪੱਟ ਖੱਟ ਦਾ ਅਸਬਾਬ ਲੁਦਾਕੇ ਰ
ਸ੍ਤੇ ਪਾ ਲਿਆ। ਪਹਾੜੀ ਬਿੱਜੂ ਦੇਖਦੇ ਹੀ ਰਹ ਗਏ। ਭੀਮਚੰਦ ਨੇ ਆਖਿਆ, ਜੰਪੀ ਦੇ ਸਿੱਖ
ਜਾਣੇ ਨਾ ਪੈਣ। ਏਹ ਸੁਣਕੇ ਬਹੁਤ ਪਹਾੜੀ ਫੜਨ ਵਾਸਤੇ ਚੜ੍ਹੇ, ਪਰ ਸਿੱਖ ਲੜਦੇ, ਮਰਦੇ
ਧਾਈ ਲਿੰਘਕੇ ਗੁਰੂ ਜੀ ਪਾਸ ਆ ਪਹੁੰਚੇ। ਤੇ ਸਬ ਹਾਲ ਸੁਣਾਕੇ ਨੰਦਚੰਦ ਨੇ ਅਰਜ਼

ਕੀਤੀ ਕਿ ਹੁਣ ਪਹਾੜੀਏ ਜ਼ਰੂਰ ਜੰਗ ਕਰਨ ਆਵਣਗੇ, ਏਧਰੋਂ ਭੀ ਤਿਆਰੀ ਕਰਨੀ ਚਾਹੀਏ। ਗੁਰੂ ਜੀ ਨੇ ਚੱਟ ਪੱਟ ਸਬ ਸਾਮਾਨ ਜੰਗ ਦਾ ਤਿਆਰ ਕਰ ਲੀਤਾ।

ਉਧਰ ਭੀਮ ਚੰਦ ਨੇ ਸਬਨਾ ਰਾਜਿਆਂ ਨੂੰ ਕਹਿਆ, ਏਹ ਸਿੱਖ ਤਾਂ ਸਬਨਾਂ ਦੇ ਨੱਕ ਕੱਟ ਗਏ ਜੇਕਰ ਤੁਸੀਂ ਹੁਣ ਏਨਾਂ ਲੁਟੇਰੇ ਸਿੱਖਾਂ ਦੇ ਗੁਰੂ ਨੂੰ ਮੁਲਕ ਵਿਚੋਂ ਨਹੀਂ ਕੱਢੋਗੇ ਤਾਂ ਤੁਹਾਨੂੰ ਸਬਨਾਂ ਨੂੰ ਚਣੇ ਚਬਾਉਣਗੇ। ਓੜਕ ਏਹੋ ਸਲਾਹ ਠਹਿਰਾਕੇ, ਦੂਲੋ ਦੁਲਹਨਿ ਨੂੰ ਤਾਂ ਬਿਲਾਸਪੁਰ ਨੂੰ ਭੇਜਿਆ ਤੇ ਆਪ ਸਭ ਰਾਜੇ ਰਾਜਾ ਭੀਮ ਚੰਦ, ਫਤੇ ਸ਼ਾਹ, ਗੋਪਾਲ ਚੰਦ ਗੋਲੇਰੀਆ, ਕ੍ਰਿਪਾਲ ਚੰਦ ਕਟੋਚੀਆ, ਕੇਸਰੀ ਸਿੰਘ ਜਸਵਾਲੀਆ, ਦਯਾਲ ਚੰਦ ਕਾਂਗੜੀਆ, ਹਰੀ ਚੰਦ ਹੰਡੂਰੀਆ, ਡਡਵਾਲੀਏ ਆਦਿਕ ਆਪਣੀ ੨ ਫੌਜ ਮੰਗਾ ਕੇ, ਜੰਗ ਦਾ ਸਾਮਾਨ ਕਰ ਚੜ੍ਹ ਪਏ।

ਏਸ ਸਮੇ ਓਹ ਪੰਜ ਸੌ ਪਠਾਣ ਜੋ ਗੁਰੂ ਜੀ ਦੇ ਨੌਕਰ ਸੇ ਨਿਮਕ ਹਰਾਮ ਹੋਕੇ ਬੇਈਮਾਨ ਬਨ ਗਏ ਤੇ ਲਾਲਚ ਲੈਕੇ ਪਹਾੜੀ ਰਾਜਿਆਂ ਨਾਲ ਮਿਲ ਗਏ। ਤੇ ਗੁਰੂ ਜੀ ਦਾ ਖਜ਼ਾਨਾ ਲੁੱਟਣ ਦਾ ਇਰਾਦਾ ਧਾਰ ਲਿਆ। ਫੇਰ ਏਸੇ ਦਿਨ ਪੰਜ ਸੌ ਉਦਾਸੀ ਸਾਧ ਜੋ ਹਮੇਸ਼ ਗੁਰੂ ਜੀ ਦੇ ਲੰਗਰੋਂ ਕੜਾਹ ਮੰਡਾ (ਹਲਵਾ ਮੰਡਾ) ਖਾਂਦੇ ਰਹਿੰਦੇ ਸੇ ਦੁੰਬ ਦਬਾ ਕਰ ਖਿਸਕ ਗਏ। ਇਕ ਕ੍ਰਿਪਾਲ ਚੰਦ ਹੀ ਰਹਿਆ। ਭਾਵੇਂ ਇਤਨੀ ਫੌਜ ਗੁਰੂ ਜੀ ਦੀ ਚਲੀ ਭੀ ਗਈ, ਪਰ ਗੁਰੂ ਜੀ ਨੇ ਤਾਂ ਭੀ ਦੁਸ਼ਮਨਾਂ ਦਾ ਜ਼ੋਰ ਜਿਤਨਾ ਡਰ ਨਾ ਮੰਨਿਆ ਤੇ ਸਾਹਮਣੇ ਮੁਕਾਬਲਾ ਲੀਤਾ। — ਗੁਰੂ ਜੀ ਨੇ ਪਾਂਉਂਟੇ ਦੀ ਰਖਵਾਲੀ ਤਾਂ ਭਾਈ ਜਗਤਾ, ਕਾਲਾ, ਅਹਰਾ, ਲਟਕਨ, ਗੁਰਦਿੱਤੇ ਆਦਿਕ ਨੂੰ ਸੌਂਪੀ ਤੇ ਆਪ ਆਪਣੇ ਮਾਮੇ ਕ੍ਰਿਪਾਲ, ਲਾਲ ਚੰਦ ਬਿਪੀ ਚੰਦ ਦਾ ਪੁੱਤ੍ਰ ਪੰਜੇ ਭਾਈ, ਭੂਆ ਦੇ ਬੇਟੇ ਦੀਵਾਨ ਨੰਦ ਚੰਦ, ਦਯਾ ਰਾਮ ਭਾਈ ਉਦਾ, ਜੈਤਾ, ਸਾਂਗਾ ਰਾਣਾ, ਚੰਦਨ ਰਾਇ ਆਦਿਕ ਨਾਮੀ ੨ ਸੂਰ ਬੀਰ ਤੇ ਢਾਈ ਹਜ਼ਾਰ (੨੫੦੦) ਅਸਵਾਰ, ਪਯਾਦੇ ਨੂੰ ਨਾਲ ਲੈ, ਨਗਾਰੇ ਵਜਾਂਉਂਦੇ ਹੋਏ ਪਾਉਂਟੇ ਤੋਂ ੬ ਕੋਸ ਗਿਰੀ ਨਦੀ ਤੇ ਜਮਨਾਂ ਦੇ ਕਿਨਾਰੇ, ਭੰਗਾਣੀ ਪਿੰਡ ਪਾਸ ਡੰਡੇ ਜਾ ਗੱਡੇ।

੧੮ ਬੈਸਾਖ ਸੰ: ੧੭੪੪ ਬਿ: ਨੂੰ ਐਨ ਜੰਗ ਦੇ ਵਕ੍ਤ ਪੀਰ ਬੁੱਧੂ ਸ਼ਾਹ ਪਠਾਣਾਂ ਦੀ ਨਿਮਕ ਹਰਾਮੀ ਸੁਣਕੇ, ਆਪਣੇ ਚਾਰੋਂ ਬੇਟੇ ਤੇ ਦੋ ਕੁ ਹਜ਼ਾਰ (੨੦੦੦) ਆਦਮੀ ਆਪਣਾ ਮੁਰੀਦ ਨਾਲ ਲੈਕੇ ਗੁਰੂ ਸਾਹਿਬ ਦੀ ਮਦਦ ਵਾਸਤੇ ਆ ਪਹੁੰਚਿਆ।

ਦਸ ਬਜੇ ਜੰਗ ਹੋਣ ਲੱਗਾ, ਕਾੜ ਕਾੜ ਬੰਦੂਕਾਂ, ਦਾੜ ੨ ਜੰਬੂਰੇ ਕਰਨ ਲੱਗੇ, ਤੀਰਾਂ ਤੇ

Digitized by Panjab Digital Library | www.panjabdigilib.org

ਗੋਲੀਆਂ ਦੀ ਬਰਖਾ ਹੋ ਪਈ, ਮਾਰ ਮਾਰ ਦੀ ਪੁਕਾਰ ਮਚ ਗਈ, ਮਾਰੂ ਰਾਗ ਦੇ ਜੁਝਾਊ-
ਬਾਜੇ ਜੁੱਝੇ ੨ ਪੁਕਾਰਨੇ ਲੱਗੇ, ਤਿਰਛੇ ੨ ਬਰਛੇ ਪਸਰ ੨ ਧਸਣ ਲੱਗੇ, ਤਲਵਾਰਾਂ ਬਿਜੁ
ਲੀਆਂ ਵਾਂਗੂੰ ਚਮਕਣ ਲੱਗੀਆਂ ਉਧਰ ਪਹਾੜੀ ਰਾਜੇ ਤੇ ਏਧਰ ਸਿੱਖਾਂ ਨੇ ਪੰਜ ਛੇ ਜ
ਗਾ ਮੋਰਚੇ ਬੰਧ ਕੇ ਲੜਾਈ ਲਈ। ਸਾਹਿਬ ਚੰਦ ਨੇ ਭੀਖਨ ਖਾਂ ਦੇ ਮੋਰਚੇ ਨੂੰ ਜਾ ਦੱਬਿਆ
ਯਥਾ ਬਚਿੱਤ੍ਰ ਨਾਟਕੇ ਸ੍ਰੀ ਮੁਖਵਾਕ ਪਾਤਸ਼ਾਹੀ ੧੦ (ਜੁਟਯੋ ਸਾਹਿਬ ਚੰਦ ਖੇਤ੍ਰੰ ਖਤ੍ਰਾਣੰ
ਹਨੇ ਖਾਨ ਖੂਨੀ ਖੁਰਾਸਾਨ ਭਾਨੰ।) ਜਿੱਥੇ ਹਯਾਤ ਖਾਂ ਸਿੱਖਾਂ ਨੂੰ ਦਬਾਉਂਦਾ ਚਲਿਆ
ਆਂਵਦਾ ਸੀ ਉਸਦੇ ਅੱਗੇ ਕ੍ਰਿਪਾਲ ਚੰਦ ਜਾ ਅੜਿਆ ਤੇ ਦਸ ਸੇਰ ਦਾ ਡੰਡਾ ਘੋਟਣਾ ਸੋ
ਟਾ ਚੁੱਕਿਆ ਤਾਂ ਉਸ ਨੇ ਸਰੋਹੀ ਚਲਾਈ, ਪਰ ਕ੍ਰਿਪਾਲ ਚੰਦ ਦੇ ਸੋਟੇ ਨੂੰ ਲੱਗ ਕੇ ਦੋ ਹੋ ਗਈ
ਕ੍ਰਿਪਾਲ ਚੰਦ ਨੇ ਉਛਲ ਕੇ ਐਸੀ ਕੁਤਕ ਮਾਰੀ ਜੋ ਤੌਲੇ ਜੇਡੇ ਸਿਰ ਨੂੰ ਟੋਟੇ ਕਰ ਗਈ
ਯਥਾ (ਕ੍ਰਿਪਾਲ ਕੋਪੀਯੰ ਕੁਤਕੰ ਸੰਭਾਰੀ। ਹਠੀ ਖਾਨ ਹੱਯਾਤ ਕੇ ਸੀਸ ਝਾਰੀ। ਉਠੀ ਛਿੱ
ਛ ਇੱਛੰ ਕਢੀ ਮਿੱਝ ਜੋਰੀ। ਮਨੋ ਮਾਖਨੰ ਮੱਟਕੀ ਕਾਨ ਫੋਰੀ।) ਜਦ ਹੱਯਾਤ ਖਾਂ ਮਾਰਿ
ਆ ਤਾਂ ਨਜਾਬਤ ਖਾਂ ਘੋੜਾ ਛੇੜ ਕੇ ਆਯਾ, ਪਰ ਦੀਵਾਨ ਨੰਦ ਚੰਦ ਨੇ ਰੋਕ ਲੀਤਾ (ਤਹਾਂ
ਨੰਦ ਚੰਦੰ ਕੀਯੰ ਕੋਪ ਭਾਰੋ। ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।) ਨਜਾਬਤ ਖਾਂ ਉਸਦੀ
ਬਰਛੀ ਦਾ ਜ਼ਖਮ ਖਾ ਕੇ ਜਦ ਟਲ ਚੱਲਿਆ ਤਾਂ ਚੰਦੇਰੀ ਵਾਲਾ ਰਾਜਾ ਗਾਜੀ ਚੰਦ ਆਪ
ਣੀ ਫੌਜ ਦਾ ਤ੍ਰੰਮਲ ਲੈ ਕੇ ਮੇਘ ਦੀ ਤਰਾਂ ਗੱਜਦਾ ਹੋਯਾ ਆ ਕੇ ਤੀਰ ਗੋਲੀ ਬਰਸਾਉ
ਣ ਲੱਗਾ ਜਿਸ ਕਰਕੇ ਸਿੱਖਾਂ ਦੀਆਂ ਸੱਤੇ ਭੁੱਲ ਗਈਆਂ। ਪਰ ਸਾਂਗਾ ਰਾਣੇ ਤੇ ਚੰ
ਦਨ ਰਾਇ ਨੇ ਥਾਂ ਹੀ ਰੱਖਿਆ (ਚਕ੍ਯੋ ਚੌਪ ਚੰਦੇਲ ਗਾਜੀ ਸੁਚੰਦੀ। ਗਿਰਯੋ ਟੂਕ ਟੂਕੰ
ਦੈ ਮਾਰ ਸੁ ਬੰਦੀ।) ਏਸੇ ਥਾਂ ਭਾਈ ਸੰਗੋ ਤੇ ਨਜਾਬਤ ਖਾਂ ਬੜੇ ਜ਼ੋਰ ਸ਼ੋਰ ਨਾਲ ਲੜਦੇ
ਹੋਏ ਇੱਕੇ ਵਾਰੀ ਜੂਝ ਗਏ। (ਦੋ: ਮਾਰ ਨਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ।) ਨਜ਼ਾ
ਬਤ ਖਾਂ ਨੂੰ ਮਰੇ ਦੇਖ ਰਾਜਾ ਹਰੀ ਚੰਦ ਹੰਡੂਰੀਆ ਜੋ ਬੜਾ ਤੀਰੰਦਾਜ਼ ਸੀ ਜ਼ੋਰ ਸ਼ੋਰ ਨਾ
ਲ ਖੇਤ ਵਿਚ ਨਿਕਲ ਪਿਆ ਤੇ ਮੀਂਹ ਦੀ ਤਰਾਂ ਬਾਣ ਬਰਸਾਏ, ਬਹੁਤ ਜਵਾਨ ਤੇ ਘੋ
ੜੇ ਮਾਰੇ। ਏਸ ਨੂੰ ਜੀਤ ਮੱਲ ਨੇ ਜਾ ਰੋਕਿਆ, ਦੋਵੇਂ ਜੋਧੇ ਖੂਬ ਲੜੇ (ਰਸੀ ਰੁੱਦ੍ਰ ਮਾਤੇ ਮਹਾਂ
ਲੋਹ ਤਾਤੇ। ਤਹਾਂ ਜੀਤ ਮੱਲੰ। ਹਰੀ ਚੰਦ ਭੱਲੰ। ਦ੍ਰਿੜੈ ਐਂਚ ਮਾਰ੍ਯੋ। ਸੁ ਸ੍ਵਰਗੰ ਸਿਧਾ
ਰ੍ਯੋ।) ਜੀਤ ਮੱਲ ਤੇ ਸੰਗੋ ਦੇ ਮਰਨੇ ਤੇ ਗੁਰੂ ਜੀ ਨੂੰ ਭੀ ਬੀਰ ਰਸ ਜਾਗਿਆ ਤੇ ਪਹਾੜੀ
ਰਾਜਿਆਂ ਪਰ ਤੀਰਾਂ ਦੀ ਬਰਖਾ ਕਰ ਕੇ ਬਿਹਬਲ ਕਰ ਦਿੱਤੇ, ਤਦ ਫਤੇ ਸ਼ਾਹ ਬਿਨਾ ਜੰਗ

Digitized by Panjab Digital Library | www.panjabdigilib.org

ਦੇ ਭੱਜ ਗਿਆ। (ਭਜੇ ਸਾਹ ਪਾਹਾੜ ਤਾਜੀ ਤ੍ਰਿਭਾਜੀ। ਰਲੇ ਜੋ ਬੀਰੀਆ ਤੀਰੀਆ
ਨਾ ਚਲਾਯੀ।) ਜਦ ਹੋਰ ਕੋਈ ਗੁਰੂ ਅੱਗੇ ਖੜਾ ਨਾ ਹੋਇਆ ਤਾਂ ਹਰੀ ਚੰਦ ਹੰਡੂਰੀਏ ਨੇ ਅੱ
ਗੇ ਆ ਕੇ ਇੱਕ ਤੀਰ ਨਾਲ ਗੁਰੂ ਜੀ ਦਾ ਘੋੜਾ ਜ਼ਖਮੀ ਕੀਤਾ। ਦੂਸਰਾ ਜੋ ਨਾ ਤੀਰਾਂ ਦਾ ਛ
ਤੀ ਨੂੰ ਮਾਰਿਆ ਪਰ ਸੰਜੋਇ ਨੇ ਬਚਾਇ ਕੀਤਾ, ਸਿਰਫ਼ ਗਾੜਾ ਬੇਧ ਆ ਗਿਆ। ਤੀਸਰਾ
ਲੱਕ ਨੂੰ ਬਾਹਿਆ ਜੋ ਕਮਰਪੇਟੀ ਨੂੰ ਫਰਮ ਕਰਕੇ ਦੋ ਉਂਗਲ ਮਾਸ ਵਿਚ ਧਸ ਗਿਆ, ਪ
ਰ ਗੁਰੂ ਜੀ ਨੇ ਖਿੱਚ ਕੇ ਕੱਢ ਸਿਟਿਆ। (ਜਬੈ ਬਾਣ ਲਾਗੇ, ਤਬੈ ਰੋਸ ਜਾਗੇ) ਤਦ ਗੁਰੂ
ਜੀ ਨੇ ਉਸ ਨੂੰ ਲਲਕਾਰ ਕੇ ਐਸਾ ਬਾਣ ਮਾਰਿਆ ਕਿ ਸੰਜੋਇ ਕੱਟ, ਢੱਖੀ ਵਿਚੋਂ ਪਾਰ ਹੋ,
ਘੋੜੇ ਨੂੰ ਮਾਰ ਗਿਆ, ਹਰੀ ਚੰਦ ਮੂਰਛਾ ਖਾ ਕੇ ਡਿਗ ਪਿਆ। ਇਕ ਤਰਫ਼ ਪੀਰ ਬੁੱਧੂ ਸ਼ਾ
ਹ ਨੇ ਆਪਣੇ ਮੁਰੀਦ ਤੇ ਬੇਟੇ ਲੈ ਕੇ ਖੂਬ ਘੋਰ ਜੰਗ ਕੀਤਾ, ਵੈਰੀਆਂ ਦੇ ਤਿੰਨ ਮੋਰਚੇ ਛੁ
ਡਾ ਦਿੱਤੇ। ਫੇਰ ਕ੍ਰਿਪਾਲ ਚੰਦ ਕਟੋਚੀ ਨੇ ਜ਼ੋਰ ਪਾਯਾ, ਇਸ ਨੂੰ ਭਾਈ ਬਿਧੀ ਚੰਦ ਦੇ ਬੇਟੇ
ਲਾਲ ਚੰਦ ਨੇ ਸ਼ੇਰ ਵਾਂਙੂ ਜਾ ਦਬਾਯਾ ਤੇ ਦੁਸ਼ਮਣਾਂ ਦੀ ਫ਼ੌਜ ਦੇ ਸਵਾਰ ਲਾਹ ਦਿੱਤੇ।
ਗੰਗਾਰਾਮ ਤੇ ਮੋਹਰੀ ਜੀ ਨੇ ਬਹੁਤ ਪਠਾਣ ਲਾਹੇ ਯਥਾ (ਹਠੀ ਮੋਹਰੀ ਚੰਦ ਸੌ ਗੰਗ
ਰਾਮਾ। ਜਿਨੈ ਜਿੱਤਿਓ ਫੌਜ ਸਭੈ ਸੰਗ੍ਰਾਮਾ।) (ਕ੍ਰੁਧੇ ਲਾਲ ਚੰਦੰ ਕਿਯੇ ਲਾਲ ਰੂਪੰ। ਜਿ
ਨੈ ਗਾਜੀਯੰ ਗਰਬ ਸਿੰਘੰ ਅਨੂਪੰ।) ਇਸੇ ਤਰਾਂ ਸਭਨਾਂ ਮੋਰਚਿਆਂ ਉਤੇ ਦੋਹਾਂ ਤਰਫ਼ਾਂ
ਦੇ ਸੂਰਬੀਰ ਜੁੱਟ ਰਹੇ ਸੇ। ਇਸੇ ਸਮੇ ਭਾਈ ਰਾਮੇ ਤਖਾਣ ਨੇ (ਜੋ ਕਾਂਸ਼ੀ ਤੋਂ ਪਰੇ ਨਾਲਾ
ਗੜ੍ਹ ਦੇ ਰਹਣ ਵਾਲਾ ਸੀ ਤੇ ਗੁਰੂ ਪਾਸ ਰਹਿੰਦਾ ਸੀ) ਦੋ ਤੋਪਾਂ ਕਾਠ ਦੀਆਂ ਬਣਾ ਕੇ ਲੈ
ਆਂਦੀਆਂ, ਜਿਨ੍ਹਾਂ ਨੂੰ ਉੱਚੀ ਜਗਾ ਧਰ ਕੇ, ਗੋਲੇ ਦੇ ਥਾਂ ਵੱਟੇ ਭਰ ਕੇ ਚਲਾਯਾ। ਇਨ੍ਹਾਂ
ਨੂੰ ਦੇਖ ਕੇ ਪਹਾੜੀ ਹੱਕੇ ਬੱਕੇ ਰਹ ਗਏ। ਅਗੇ ਕ੍ਰਿਪਾਲ ਚੰਦ ਨੇ ਭੀਖਨ ਖਾਂ ਨੂੰ ਫਾਹ
ਲਿਆ। ਦੂਸਰੀ ਤਰਫ਼ ਭਾਈ ਮਾਹਰੂ ਤੇ ਦਯਾਰਾਮ ਪਰੋਹਤ ਜਾ ਅੜੇ (ਕ੍ਰੁਧੇ ਮਾਹਰੂ
ਕਾਹਰੂ ਰੂਪ ਧਾਰੇ। ਜਿਨੈ ਖਾਨ ਖੋਰੀਨ ਕੇ ਖੇਤ ਮਾਰੇ। ਕ੍ਰੁਧੇ ਦੇਵਤੇਸੰ ਦਯਾਰਾਮ ਜੁੱਧੰ
ਕੀਓ ਦ੍ਰੋਣ ਕੀ ਜਿਓਂ ਮਹਾਂ ਜੁੱਧ ਸੁੱਧੰ।) ਜਿਸ ਤਰਫ਼ ਰਾਜਾ ਗੋਪਾਲ ਤੇ ਦਯਾਲ ਚੰਦ ਮੋ
ਫਾਯਰ ਰਚਾ ਵਧਾਈ ਅੱਗੇ ਆਂਵਦੇ ਸੇ, ਜਦ ਉਸ ਤਰਫ਼ ਤੋਪਾਂ ਦਾ ਮੂੰਹ ਕਰ ਕੇ ਦਸੰਕ ਫੈਲਕੀ
ਤੇ ਤਾਂ ਪਹਾੜੀਆਂ ਨੂੰ ਭਾਜੜ ਪੈ ਗਈ। ਸਿੰਘਾਂ ਨੇ ਬਹੁਤ ਦੂਰ ਤਕ ਪਿੱਛਾ ਕੀਤਾ।
ਇਸ ਲੜਾਈ ਵਿਚ ਤਿੰਨ ਸਰਦਾਰ ਪਹਾੜੀਆਂ ਦੇ ਤੇ ਹੋਰ ਬਹੁਤ ਸਾਰੇ ਪਠਾਣ ਮਾਰੇ ਗ
ਏ। ਤੇ ਬਹੁਤ ਅਸਬਾਬ ਲੁੱਟ ਕੇ ਸਿੰਘਾਂ ਦੇ ਸਮੇਤ ਗੁਰੂ ਜੀ ਪਾਂਉਟੇ ਆ ਬਿਰਾਜੇ।

Digitized by Panjab Digital Library | www.panjabdigilib.org

।।ਪੀਰ ਬੁੱਧੂਸ਼ਾਹ ਪਰ ਗੁਰੂਜੀ ਬਹੁਤ ਖੁਸ਼ੀ ਹੋਏ ਤੇ ਅੱਧੀ ਦਸਤਾਰ, ਇਕ ਕੰਘਾ, ਹੁਕਮਨਾ
ਮਾ ਯਾਦਗੀਰੀ ਵਾਸਤੇ ਬਖਸ਼ਿਆ ਜੋ ਹੁਣ ਤਕ ਉਸਦੀ ਸੰਤਾਨ ਪਾਸ ਹੈ ਅਤੇ ਪੰਜ ਹਜ਼ਾਰ
ਰੁਪਯਾ ਏਸਦੇ ਆਦਮੀਆਂ ਨੂੰ ਇਨਾਮ ਦਿੱਤਾ। — ਅੱਧੀ ਦਸਤਾਰ ਕ੍ਰਿਪਾਲਚੰਦ ਉਦਾ
ਸੀ ਨੂੰ ਬਖਸ਼ੀ। ਏਸੇ ਤਰਾਂ ਹੋਰ ਸਬਨੂੰ ਜਥਾਜੋਗ ਇਨਾਮ, ਸ਼ਸਤ੍ਰ, ਬਸਤ੍ਰ, ਘੋੜੇ, ਜੇਵਰ
ਬਖਸ਼ਕੇ ਖੁਸ਼ ਕੀਤਾ। — ਚਾਰ ਮਹੀਨੇ ਬਾਦ ਮਾਤਾ ਸਾਹਿਬ ਦਾ ਬਚਨ ਮੰਨਕੇ ਅਨੰ
ਦਪੁਰ ਵੱਲ ਤੁਰ ਪਏ। ਲਾਹੜੂ ਪਿੰਡ ਪਾਸ ਰਾਜੇ ਮੇਦਨੀ ਪ੍ਰਕਾਸ਼ ਨੇ ਬਹੁਤ ਕੁਛ ਨਜ਼
ਰ ਭੇਟਾ ਭੇਜਕੇ ਜੰਗ ਵਿਚ ਹਾਜ਼ਰ ਨਾ ਹੋ ਸਕਣ ਦੀ ਮਾਫ਼ੀ ਮੰਗੀ। ਏਥੋਂ ਤੁਰ ਅੱਠ ਕੋਸ
ਪਰ ਰਾਣੀ ਦੇ ਰਾਇਪੁਰ ਆਣ ਉਤਰੇ, ਰਾਣੀ ਨੇ ਸੇਵਾ ਕੀਤੀ, ਗੁਰੂ ਜੀ ਨੇ ਇਕ ਢਾਲ, ਤ
ਲਵਾਰ ਬਖਸ਼ੀ ਜੋ ਹੁਣ ਤਕ ਰਾਣੀ ਦੀ ਸੰਤਾਨ ਪਾਸ ਹੈ। ਫਿਰ ਖਿਦਰਾਬਾਦ ਆਦਿਕ ਪਿੰ
ਡਾਂ ਵਿਚ ਉਤਰਦੇ ਹੋਏ ਦੀਪਮਾਲਾ ਦੇ ਨਜ਼ਦੀਕ ਸੰ: ੧੭੪੪ ਬਿ: ਨੂੰ ਆਨੰਦਪੁਰ ਆਗ
ਏ। ਜੰਗ ਜਿੱਤਕੇ ਗੁਰੂ ਜੀ ਦਾ ਆਉਣਾ ਸੁਣਕੇ ਬੇਸ਼ੁਮਾਰ ਸੰਗਤਾਂ ਨੇ ਆਕੇ ਭੇਟਾ ਚ
ੜ੍ਹਾਈ ਤੇ ਸਿਰੋਪਾਉ ਪਾਏ। ਏਸੇ ਸਾਲ ਮਾਘ ਸੁਦੀ ੪ ਨੂੰ ਮਾਤਾ ਸੁੰਦਰੀ ਜੀ ਤੋਂ ਗੁਰੂ ਸਾਹਿ
ਬ ਦੇ ਘਰ ਸਾਹਿਬਜ਼ਾਦਾ ਪੈਦਾ ਹੋਯਾ ਜਿਸਦਾ ਨਾਮ ਅਜੀਤ ਸਿੰਘ ਰੱਖਿਆ।

ਏਸੇ ਸਾਲ ਗੁਰੂ ਸਾਹਿਬ ਨੇ ਚੰਗੇ ੨ ਕਾਰੀਗਰ ਬੁਲਾਕੇ ਸ਼ਸਤ੍ਰਾਂ ਦਾ ਕਾਰਖਾਨਾ ਜਾਰੀ ਕ
ਰ ਦਿੱਤਾ, ਬੰਦੂਕਾਂ, ਜੰਬੂਰੇ ਬਹੁਤ ਢਲਵਾਏ, ਅਨੇਕ ਪ੍ਰਕਾਰ ਦੇ ਤੀਰ ਜਮਾ ਕਰ ਲਏ।
ਸੰਜੋਏ ਫੌਲਾਦੀ, ਚਿੱਰਾਨੇ, ਸ਼ੇਰਪੰਜੇ, ਤਲਵਾਰਾਂ, ਕਟਾਰ ਆਦਿਕ ਬਹੁਤ ਬਣਵਾਏ, ੭
ਸਤ ਤੋਪਾਂ ਢਲਵਾਈਆਂ ਸੀ ਜਿਨਾਂ ਵਿਚੋਂ ਹੁਣ ਭੀ ਦੋ ਤੋਪਾਂ ਲਾਹੌਰ ਦੇ ਅਜਾਇਬ ਘਰ
ਵਿਚ ਹਨ। — ਗੁਰੂ ਦੇ ਘਰ ਦੀ ਰੀਤੀ ਦਸਮ ਗੁਰੂ ਪ੍ਰਯੰਤ ਏਸ ਤਰਾਂ ਸੀ ਜਿਸ ਤਰ
ਹੁਣ ਬੰਦਈ ਸਿੱਖਾਂ ਵਿਚ ਹੈ। ਜੋ ਸੌ ਸੌ ਦੋ ਦੋ ਸੌ ਸਿੱਖ ਸਿੱਖਣੀਆਂ ਗੁਰੂ ਦੇ ਘਰ ਦੀ ਟਹਿ
ਲ ਕਰਦੇ ਰਹਿੰਦੇ ਸੇ, ਜਿਤਨਾ ਚਿਰ ਗੁਰੂ ਛੁੱਟੀ ਨਾ ਦੇਣ ਉਤਨਾ ਚਿਰ ਚਾਹੇ ਆਪਣੇ ਘ
ਰ ਦਾ ਕੰਮ ਵਿਗੜੇ ਸਫ਼ਰੇ ਪਰ ਘਰ ਨਹੀਂ ਜਾਂਦੇ ਸੇ। ਏਸੇ ਕਾਰਨ ਗੁਰੂ ਜੀ ਦੇ ਪਾਸ
ਹਰ ਵਕਤ ਸੰਗਤਾਂ ਦੀ ਭੀੜ ਬਣੀ ਰਹਿੰਦੀ। ਸਿੱਖ ਭੀ ਮਨ ਤਨ ਲਗਾਕੇ ਸੇਵਾ ਕਰਦੇ
ਤੇ ਲੜਾਈ ਭਿੜਾਈ ਦੇ ਵਕਤ ਆਪਣੇ ੨ ਘਰਾਂ ਤੋਂ ਖਰਚ ਤੇ ਸ਼ਸਤ੍ਰ ਬੰਨਕੇ ਹਾਜ਼ਰ ਆ
ਣ ਹੁੰਦੇ ਸੇ ਤੇ ਸ਼ਹੀਦ ਹੋਣ ਦੀ ਇੱਛਿਆ ਧਾਰਕੇ ਲੜਾਈ ਕਰਦੇ ਸੇ, ਏਹੋ ਸਬੱਬ ਸੀ ਜੋ
ਦੁਸ਼ਮਨਾਂ ਨੂੰ ਭਜਾਇਕੇ ਫਤਹ ਪਾਂਵਦੇ ਸੇ।

Digitized by Panjab Digital Library | www.panjabdigilib.org

ਏਨ੍ਹਾਂ ਹੀ ਸਿਮਤਾਂ ਯਾਨੇ ੧੭੪੫ ਤੇ ੪੬ ਬਿ: ਵਿਚ ਹੀ ਅਨੰਦਗੜ੍ਹ, ਲੋਹਗੜ੍ਹ, ਫਤੇਗੜ੍ਹ
ਏਹ ਚਾਰ ਕਿਲੇ ਬਣਵਾਏ। ਏਸੇ ਸਮੇ ਰਾਜਾ ਭੀਮ ਚੰਦ ਨੇ ਭੀ ਗੁਰੂ ਜੀ ਨਾਲ ਸਫਾਈ
ਕਰ ਲਈ ਤੇ ਆਪਣੇ ਪਿਛਲੇ ਕਸੂਰ ਦੀ ਮਾਫੀ ਮੰਗੀ।

ਏਸ ਸਮੇ ਦੱਖਣ ਦੇਸ ਵਿਚ ਤਾਨੇਸ਼ਾਹ ਹੈਦਰਾਬਾਦ ਵਾਲਾ ਬਾਦਸ਼ਾਹ, ਸੇਵਾ ਜੀ ਮਰਹ
ਟਾ ਪੂਨੇ ਵਾਲਾ, ਟੀਪੂ ਸੁਲਤਾਨ ਦਾ ਪੋਤ੍ਰਾ ਵਲੀ ਸੁਲਤਾਨ ਸ੍ਰੀਰੰਗਪੱਟਨ ਵਾਲਾ, ਅਤੇ
ਰਾਇ ਗੁਜਰਾਤੀਯਾ ਆਦਿਕ ਬਹੁਤ ਰਾਜੇ ਔਰੰਗਜ਼ੇਬ ਨਾਲ ਬਿਗੜ ਰਹੇ ਸੇ ਤੇ ਔਰੰ
ਗਜ਼ੇਬ ਆਪਣੇ ਮਾਲ ਮੁਲਕ, ਪ੍ਰਾਣ ਬਚਾਉਣ ਲਈ ਫੌਜਾਂ ਲੈਕੇ ਉਸੇ ਤਰਫ ਲੜਾ
ਈ ਦੇ ਫਿਕਰ ਵਿਚ ਦੁਖੀ ਹੋ ਰਿਹਾ ਸੀ, ਏਸ ਕਰਕੇ ਪਹਾੜੀ ਰਾਜਿਆਂ ਕੋਲੋਂ ਕੋਈ ਮਾਮਲਾ
ਲੈਣ ਨਾ ਆਯਾ, ਚਿਠੀਆਂ ਬਹੁਤੇਰੀਆਂ ਲਿਖੀਆਂ ਪਰ ਕਿਸੇ ਰਾਜਾ ਨੇ ਕੁਛ ਨਾ ਭੇ
ਜਿਆ ਓੜਕ ਬਾਦਸ਼ਾਹ ਨੇ ਮੀਆਂ ਖਾਨ ਫੌਜਦਾਰ ਨੂੰ ਏਧਰ ਭੇਜਿਆ ਪਰ ਉਹ ਆਪ ਤਾਂ
ਜੰਮੂ ਦੀ ਤਰਫ ਚਲਾ ਗਿਆ ਤੇ ਆਪਣੇ ਭਤੀਜੇ ਅਲਫ ਖਾਂ ਨੂੰ ਫੌਜ ਦੇਕੇ ਦੂਣ, ਹੰਡੂ
ਰ, ਕਹਲੂਰ, ਜਸਵਾਲ, ਕਾਂਗੜੇ ਆਦਿਕ ਦਾ ਮਾਮੁਲਾ ਵਸੂਲ ਕਰਣ ਭੇਜਿਆ।
ਕਾਂਗੜੇ ਵਾਲਾ ਰਾਜਾ ਕ੍ਰਿਪਾਲ ਚੰਦ, ਬਿਝੜਵਾਲੀਆ ਦਯਾਲ ਚੰਦ, ਆਦਿਕ ਉਸ
ਨੂੰ ਮਿਲਕੇ ਕਹਲੂਰੀ ਰਾਜਿਆਂ ਪਰ ਚੜ੍ਹ ਆਇਆ। ਕਿਉਂਕੇ ਅਲਫ ਖਾਨ ਸਬ ਮਾ
ਮੁਲਾ ਇੱਕੋ ਵਾਰੀ ਮੰਗਦਾ ਸੀ ਤੇ ਏਹ ਕਿਸ੍ਤਾਂ ਨਾਲ ਦੇਣਾ ਮੰਨਦੇ ਸਨ, ਕਿਉਂਕੇ ਇੱਕ
ਠਾ ਰੁਪਯਾ ਦੇਣਾ ਔਖਾ ਸੀ, ਏਸੇ ਬਾਤ ਪਰ ਨਦੌਣ ਵਿਚ ਲੜਾਈ ਹੋ ਪਈ। ਪਹਾੜੀ
ਰਾਜੇ ਲੜੇ ਤਾਂ ਪਏ ਪਰ ਉਨ੍ਹਾਂ ਮੁਗਲ, ਪਠਾਣ, ਬਘਿਆੜਾਂ ਅੱਗੇ ਏਨ੍ਹਾਂ ਪਹਾੜੀ ਬ
ਕਰਿਆਂ ਦੀ ਕੀ ਵੱਟੀ ਦੀ ਸੀ, ਓੜਕ ਹਾਰਕੇ ਰਾਜੇ ਭੀਮ ਚੰਦ ਨੇ, ਰਾਜੇ ਪ੍ਰਿਥੀ ਚੰਦ ਡਡ
ਵਾਲੀਏ ਤੇ ਆਪਣੇ ਵਜ਼ੀਰ ਪਰਮਾਨੰਦ ਪਰੋਹਤ ਨੂੰ ਗੁਰੂ ਪਾਸ ਭੇਜਕੇ, ਪੰਜ ਹਜ਼ਾ
ਰ ਰੁਪਯਾ ਫੌਜ ਦਾ ਖਰਚ ਦੇਣਾ ਕਰਕੇ ਆਪਣੀ ਕੁੰਮਕ ਪਰ ਬੁਲਾ ਲਯਾ। ਗੁ
ਰੂ ਸਾਹਿਬ ਤਾਂ ਏਹੋ ਜੇਹੇ ਕੰਮਾਂ ਵਿਚ ਸਿੱਖਾਂ ਨੂੰ ਪੁਖਤਾ ਕਰਣ ਵਾਸ੍ਤੇ ਬੜੀ ਖੁਸ਼ੀ ਨਾ
ਲ ਚਾਹੁੰਦੇ ਸੇ ਉਸੇ ਵੇਲੇ ਪੰਜ ਸੌ ਅਸਵਾਰ ਨਾਲ ਲੈਕੇ ਨਦੌਣ ਵਿਚ ਜਾ ਪਹੁੰਚੇ, ਜੰਗ
ਫੇਰ ਗਰਮ ਹੋ ਗਿਆ। ਗੁਰੂ ਸਾਹਿਬ ਦੇ ਤੀਰ, ਗੋਲੀਆਂ ਤਾਂ ਉਨ੍ਹਾਂ ਪਰ ਮਾਨੋ ਆਸਮਾਂ
ਨੀ ਆਫਤ ਟੁੱਟ ਪਈ। ਏਨਾਂ ਦੀ ਦਲੇਰੀ ਨਾਲ ਰਾਜੇ ਭੀ ਚਿੱਤ੍ਰਿਆਂ ਵਾਂਗੂੰ ਲਿਪਟ ਪਏ।
ਤੇ ਪਹਾੜੀ ਮਾਣੂ ਨਾਗਲੂ, ਪਾਂਗਲੂ, ਦਦੌਲ, ਡਫਵਾਲੀਏ, ਰੀਂਏ, ਮੀਂਏ, ਗੋਤ ਜਾਤਾਂ,

Digitized by Panjab Digital Library | www.panjabdigilib.org

ਦੇ ਲੋਗ ਸੂਰਬੀਰ ਸਿੱਖਾਂ ਦੇ ਲਲਕਾਰੇ ਹੋਏ ਸ਼ਿਕਾਰੀ ਸ੍ਵਾਨਾਂ ਵਾਂਗੂ ਝਪਟ ਪਏ। ਜਦ ਖਾਸ ਗੁਰੂ ਜੀ ਦੇ ਹੱਥੋਂ ਰਾਜਾ ਦਿਆਲ ਚੰਦ ਮਾਰਿਆ ਗਿਆ ਤੇ ਕ੍ਰਿਪਾਲ ਚੰਦ ਜ਼ਖਮੀ ਹੋਯਾ ਤਾਂ ਬਾਕੀ ਦੇ ਰਾਜਿਆਂ ਦੇ ਦਿਲ ਟੁੱਟ ਗਏ, ਫੇਰ ਤਾਂ ਸਿੱਖਾਂ ਤੇ ਗੁਰੂ ਦੇ ਬਾਣ ਗੋਲੀ ਆਂਦੀ ਬਾਛੜ ਨੇ ਫੌਜ ਵਿਚ ਤੋਬਾ ੨ ਮਚਾ ਦਿੱਤੀ, ਲਹੂ ਦੇ ਨਾਲੇ ਵਗ ਤੁਰੇ, ਲੋਥਾਂ ਦੇ ਢੇਰ ਲਗ ਗਏ, ਓੜਕ ਅਲਫ ਖਾਂ ਲਾਹੌਰ ਦੀ ਤਰਫ ਨੂੰ ਦੌੜ ਗਿਆ। ਗੁਰੂ ਜੀ ਨਦੀ ਕਿਨਾਰੇ ੮ ਦਿਨ ਉਤਰੇ ਰਹੇ। ਸਬਨਾ ਰਾਜਿਆਂ ਨੇ ਆਪਣੇ ੨ ਘਰ ਦਿਖਾਏ, ਭੋਜਨ ਛਕਾਏ, ਸ਼ਿਕਾਰ ਖਿਲਾਏ ਹੋਰ ਨਜ਼ਰਾਂ ਚੜ੍ਹਾਈਆਂ। ਫੇਰ ਗੁਰੂ ਜੀ ਆਨੰਦਪੁਰ ਨੂੰ ਤੁਰ ਪਏ, ਗੁਰੂ ਜੀ ਤਾਂ ਅੱਗੇ ਲੰਘ ਆਏ ਪਿਛੋਂ ਆਲਸੂਨ ਵਾਲੇ ਰਜਪੂਤਾਂ ਨੇ ਸਿੱਖਾਂ ਨੂੰ ਛੇੜ ਛਾੜ ਕੀਤੀ ਤਾਂ ਗੁਰੂ ਕੇ ਦੀਵਾਨ ਨੰਦ ਚੰਦ ਨੇ ਹੱਲਾ ਕਰਕੇ ਉਨ੍ਹਾਂ ਦਾ ਪਿੰਡ ਲੁੱਟ ਪੁੱਟ ਲੀਤਾ। — ਉਧਰ ਲਾਹੌਰ ਦੇ ਸੂਬੇ ਦਿਲਾਵਰ ਖਾਂ ਨੇ ਅਲਫ ਖਾਨ ਦੀ ਹਾਰ ਹੋਈ ਸੁਣਕੇ ਆਪਣੇ ਸ਼ਾਹਜ਼ਾਦੇ ਰੁਸਤਮ ਖਾਂ ਨੂੰ ਦੋ ਹਜ਼ਾਰ ਅਸਵਾਰ ਦੇਕੇ ਅਨੰਦਪੁਰ ਦੀ ਤਰਫ ਦੂਣ ਕਹਲੂਰ ਪਰ ਚੜ੍ਹਾਯਾ। ਜਦ ਸ਼ਾਹਜ਼ਾਦਾ ਰਾਤ ਦੇ ਵਕ੍ਤ ਅਨੰਦਪੁਰ ਪਹੁੰਚਿਆ ਤੇ ਗੁਰੂ ਦੇ ਡੋਉਢੀ ਬਰਦਾਰ ਆਲਮ ਚੰਦ ਨੇ ਗੁਰੂ ਜੀ ਨੂੰ ਖਬਰ ਦਿੱਤੀ ਤਾਂ ਉਸੇ ਵਕ੍ਤ ਰਣਜੀਤ ਨਗਾਰਾ ਬਜਵਾ ਦਿੱਤਾ। ਉਸੇ ਵਕ੍ਤ ਸਬ ਸਿੱਖ ਸ਼ਸ੍ਤ੍ਰ ਪਕੜ ਕੇ ਆ ਗਏ ਤੇ ਜਦ ਬਾਹਰ ਨਿਕਲਕੇ ਬੰਦੂਕਾਂ ਦੀ ਬਾੜ ਝਾੜੀ ਤਾਂ ਖਾਨਜ਼ਾਦੇ ਨੂੰ ਮਾਈ ਯਾਦ ਆਈ, ਪਲੀਤਾਂ ਨੇ ਪਲੀਤੇ ਭੀ ਕਾਲੇ ਨਾ ਕੀਤੇ, ਨਿਲੱਜ ਭੱਜ ਕੇ ਨਾਲੇ ਦੇ ਕਿਨਾਰੇ ਜ ਉਤਰੇ। ਇਤਫਾਕੀਆ ਬਰਖਾ ਹੋ ਗਈ, ਜਿਸ ਕਰਕੇ ਨਾਲਾ ਚੜ੍ਹ ਆਯਾ, ਭੁਛ ਤਾਂ ਠੰਢੀ ਪੌਣ ਤੇ ਪਾਲੇ ਦੇ ਮਾਰੇ ਓਹ ਪਹਿਲੇ ਹੀ ਠਰੇ ਪਏ ਸੇ ਪਿੱਛੋਂ ਪਾਣੀ ਨੇ ਸੋਝੀ ਨਾ ਲੈਣ ਦਿੱਤੀ, ਓੜਕ ਭਾਰੀ ਦੁੱਖ ਤੇ ਮੁਸੀਬਤ ਉਠਾਕੇ ਨੱਠ ਗਏ। ਇਸ ਨਾਲੇ ਦਾ ਨਾਮ ਓਸ ਦਿਨ ਤੋਂ ਹਿਮਾਯਤੀ ਨਾਲਾ ਸਿੱਖਾਂ ਨੇ ਰੱਖਿਆ ਕਿਓਂਕਿ ਏਸ ਤੋਂ ਮਦਦ ਪਹੁੰਚੀ ਸੀ।

ਉਧਰ ਖਾਨਜ਼ਾਦਾ (ਜੈਸੇ ਬਾਣੀਆ ਸ਼ਿਕਾਰ ਦੀ ਖੁਰੇਂ ਵਿਚ ਰੋੜ ਤੜਕ ਖਾਂਦਾ ਹੈ ਤੈਸੇ) ਭੁਲਾਣ ਤੇ ਬਰਠੇ ਪਿੰਡ ਨੂੰ ਲੁੱਟਕੇ ਲਾਹੌਰ ਨੂੰ ਚਲਾ ਗਿਆ ਤੇ ਆਪਣੀ ਸ਼ਰਮਿੰਦਗੀ ਉਤਾਰਣ ਵਾਸ੍ਤੇ ਏਹ ਗੱਲ ਮਸ਼ਹੂਰ ਕਰ ਦਿੱਤੀ ਕਿ ਗੁਰੂ ਦੀ ਮਦਦ ਵਾਸ੍ਤੇ ਤਾਂ ਖ੍ਵਾਜਾ ਪੀਰ ਚੜ੍ਹ ਆਂਦਾ ਹੈ ਉਸਨੂੰ ਕੌਣ ਜਿੱਤੇ। — ਆਪਣੇ ਪੁੱਤ੍ਰ ਦੀ ਹਾਰ ਸੁਣਕੇ ਦਿਲਾਵਰ ਖਾਂ ਤਾਂ ਅੱਗ ਵਾਂਗੂ ਭੁੜਕ ਉੱਠਿਆ, ਤੇ ਗੁਲਾਮ ਹੁਸੈਨ ਖਾਂ ਨੇ (ਜੋ ਬੜਾ ਤੇਜ਼

Digitized by Panjab Digital Library | www.panjabdigilib.org

ਮਜਾਜ, ਜ਼ਾਲਮ ਸੀ) ਗੁਰੂ ਪਰ ਬੀੜਾ ਉਠਾਯਾ ਤੇ ਦੋ ਹਜ਼ਾਰ ਅਸ੍ਵਾਰ ਪਯਾਦਾ ਲੈ
ਕੇ ਜ਼ੁਲਮ ਕਰਦਾ ਹੋਯਾ ਸਿੱਧਾ ਦੂਣ, ਕਹਲੂਰ ਨੂੰ ਆਯਾ, ਅਲਫਖਾਨ, ਚੰਦਨਰਾ
ਇ, ਸ਼ਮਸ਼ੇਰਖਾਂ, ਕਿਰਪਾਰਾਮ ਏਹ ਸਭ ਭੀ ਏਸਦੇ ਨਾਲ ਮਿਲ ਗਏ। ਏਨਾਂ ਨੇ ਪਹਾ
ੜਾਂ ਵਿਚ ਹਲਚਲ ਪਾ ਦਿੱਤੀ, ਬਹੁਤ ਲੋਗਾਂ ਦੇ ਘਰ ਉਜਾੜ ਦਿੱਤੇ। ਰਾਜਾ ਕ੍ਰਿਪਾਲ
ਚੰਦ ਕਟੋਚੀ ਤੇ ਭੀਮਚੰਦ ਕਹਲੂਰੀ ਰਾਜੇ ਭੀ ਏਸ ਨੂੰ ਜਾ ਮਿਲੇ ਤੇ ਅਨੰਦਪੁਰ ਲੁਟਾ
ਵਣ ਵਾਸ੍ਤੇ ਉਕਸਾਯਾ ਪਰ ਚੁਗਲਾਂ ਦੇ ਦੂਹੀਂ ਜਹਾਨੀ ਮੂੰਹ ਕਾਲੇ ਹੁੰਦੇ ਹਨ (ਤੱਕੇ ਪ
ਰਨੂੰ ਆਵੇ ਘਰ ਨੂੰ) ਓਹੋ ਸਾਰੀ ਘਟਾ ਓਨ੍ਹਾਂ ਉੱਤੇ ਹੀ ਏਸ ਤਰਾਂ ਬਰਸੀ ਕਿ ਰਾਜਾ ਗੋ
੧੦੦੦੦
ਪਾਲਚੰਦ ਗੁਲੇਰੀ ਤੇ ਰਾਮਸਿੰਘ ਬਿਗੜ ਬੈਠੇ। ਕਿਓਂਕੇ ਗੁਲਾਮਹੁਸੈਨਖਾਂ ਦਸਹ
ਜ਼ਾਰ ਰੁਪਯਾ ਮੰਗਦਾ ਸੀ ਤੇ ਓਹ ਥੋੜਾ ਦਿੰਦੇ ਸੇ। ਓੜਕ ਲੜਾਈ ਹੋਣ ਲੱਗੀ ਤਾਂ ਗੋ
ਪਾਲਚੰਦ ਨੇ ਬਹੁਤ ਦੀਨ ਹੋਕੇ ਗੁਰੂ ਸਾਹਿਬ ਪਾਸੋਂ ਮਦਦ ਮੰਗੀ, ਜਿਸ ਪਰ ਗੁਰੂ ਜੀ ਨੇ
ਤਿੰਨ ਸੌ ਅਸਵਾਰ ਭਾਈ ਸੰਗਤੀਏ ਦੇ ਮਾਤਹਤ ਕਰਕੇ ਮਦਦ ਨੂੰ ਭੇਜਿਆ। ਤਿੰਨ ਦਿਨ
ਤਕ ਤੀਰ ਤੁਫੰਗ ਦਾ ਖੂਬ ਜੰਗ ਹੋਯਾ, ਚੌਥੇ ਦਿਨ ਹੱਥਾ ਵੱਥੋ ਹੋ ਪਏ, ਜਿਸ ਵਿਚ ਸ਼ਾਹ
ਦੀ ਤਰਫ ਦੇ ਹੁਸੈਨਖਾਂ, ਸ਼ਮਸ਼ੇਰਖਾਂ, ਦਿਲੇਲਖਾਂ, ਅਲਫਖਾਂ ਦੋ ਸੌ ਆਦਮੀ ਸਮੇਤ
ਰਾਜਾ ਕ੍ਰਿਪਾਲਚੰਦ, ਹਰੀਸਿੰਘ, ਹਿੰਮਤਸਿੰਘ ਆਦਿਕ ਮਾਰੇ ਗਏ। ਤੇ ਏਧਰੋਂ ਭਾਈ
ਸੰਗਤੀਆ, ੧੭ ਸਿੱਖਾਂ ਸਮੇਤ, ਰਾਜਾ ਪ੍ਰਿਥੀਸਿੰਘ, ਰਾਮਚੰਦ, ਅਮਰਚੰਦ ਆਦਿਕ
ਬਹੁਤ ਆਦਮੀ ਮਾਰੇ ਗਏ। ਬਾਕੀ ਸ਼ਾਹੀ ਫੌਜ ਸਮੇਤ ਚੰਦਨਰਾਇ ਤੇ ਰੁਸਤਮਖਾਂ ਦੇ ਨੱ
ਠ ਗਈ। ਜੰਗ ਦੀ ਫਤੇ ਗੋਪਾਲਚੰਦ ਨੂੰ ਮਿਲੀ ਜੋ ਬਹੁਤ ਕੁਛ ਨਜ਼ਰ ਭੇਟਾ ਲੈਕੇ ਗੁ
ਰੂ ਸਾਹਿਬ ਦੀ ਖਿਦਮਤ ਵਿਚ ਹਾਜ਼ਰ ਹੋਯਾ। ਓਧਰ ਜਦ ਏਸ ਜੰਗ ਦਾ ਹਾਲ ਲਾਹੌ
ਰ ਦੇ ਨਾਜ਼ਮ ਦਿਲਾਵਰਖਾਂ ਨੇ ਸੁਣਿਆਂ ਤਾਂ ਸ਼ੋਕ ਤੇ ਕ੍ਰੋਧ ਨਾਲ ਲਬਾਲਬ ਹੋ ਗਿਆ।
ਲਾਚਾਰ ਸਫਦਰਜੰਗ, ਸਰਦਾਰਖਾਂ ਆਦਿਕ ਬਡੇ ਬਹਾਦਰਾਂ ਨੂੰ ਫੌਜ ਦੇਕੇ ਆਪ
ਣੇ ਬੇਟੇ ਰੁਸ੍ਤਮਖਾਂ ਦੀ ਕੁੱਮਕ ਪਰ ਭੇਜਿਆ। ਤੇ ਜੁਝਾਰਸਿੰਘ, ਚੰਦਨਰਾਇ ਚੰਦੇਲ ਰਾ
ਜਪੂਤ, ਜੁਝਾਰਸਿੰਘ ਹਾਡਾ ਰਾਜਪੂਤ ਆਦਿਕਾਂ ਨੂੰ ਭੀ ਪ੍ਰੇਰਕੇ ਫੌਜ ਦੇ ਨਾਲ ਕਰ ਦਿੱ
ਤਾ। ਏਹ ਸਭ ਅਨੇਕਾਂ ਨੂੰ ਲੁੱਟਦੇ ਮਾਰਦੇ ਹੋਏ ਜਦ ਜਸਵਾਲੀਆ ਦੇ ਰਾਜ ਵਿਚ ਪਹੁੰ
ਚੇ ਤਾਂ ਓਥੇ ਜੰਗ ਹੋ ਪਯਾ, ਜਿਸ ਵਿਚ ਚੰਦੇਲ ਤੇ ਜਸਵਾਲੀਏ ਮੌਜ਼ੇਲਣੇ ਕੇ ਸੈਂਕੜੇ
ਆਦਮੀ ਦੋਹਾਂ ਤਰਫਾਂ ਦੇ ਮਾਰੇ ਗਏ। ਅੰਤ ਨੂੰ ਜਦ ਚੰਦਨਰਾਇ ਤੇ ਜੁਝਾਰਸਿੰਘ ਸ਼ਹੀਦ

Digitized by Panjab Digital Library | www.panjabdigilib.org

ਹੋਏ ਤਾਂ ਬਾਦਸ਼ਾਹੀ ਸਿਪਾਹੀ ਜੋ ਬਹੁਤ ਦਿਨਾਂ ਤੋਂ ਪਰਬਤਾਂ ਵਿਚ ਫਿਰਦੇ ਹੋਏ ਬੀਮਾਰ ਤੇ ਲਾਚਾਰ ਹੋ ਰਹੇ ਸੇ ਜੰਗ ਛੱਡਕੇ ਲਾਹੌਰ ਦੀ ਤਰਫ ਨੂੰ ਚਲੇ ਗਏ।

ਏਸ ਹਾਲ ਦੀ ਖਬਰ ਜਦ ਔਰੰਗਜ਼ੇਬ ਨੂੰ ਹੋਈ ਤਾਂ ਆਪਣੇ ਵੱਡੇ ਬੇਟੇ ਮੁਅੱਜ਼ਮ ਨੂੰ ਫੌਜ ਦੇਕੇ ਭੇਜਿਆ। ਏਸ ਦੀ ਅਵਾਈ ਸੁਣਕੇ ਪਹਾੜੀ ਰਾਜਿਆਂ ਨੂੰ ਹਾਲ ਚਾਲ ਤੇ ਜਾਨ ਮਾਲ ਦੇ ਬਚਾਉ ਦਾ ਫਿਕਰ ਪੈ ਗਿਆ। ਗੁਰੂ ਜੀ ਨੂੰ ਭੀ ਬਹੁਤ ਲੋਗਾਂ ਨੇ ਡਰਾਯਾ ਪਰ ਏਹ ਕਦ ਡਰਦੇ ਸੇ, ਹਮੇਸ਼ਾ ਲੜਾਈ ਦੇ ਵਾਸਤੇ ਤੱਯਾਰ ਰਹੇ। — ਸ਼ਾਹਜ਼ਾਦਾ ਮੁਅੱਜ਼ਮ ਆਪ ਤਾਂ ਲਾਹੌਰ ਨੂੰ ਗਿਆ ਤੇ ਏਧਰ ਮਿਰਜ਼ਾ ਜ਼ਾਫਰ ਬੇਗ ਦਸ ਹਜ਼ਾਰ ਨੂੰ ਚਾਰ ਮੁਖੀਏ ਸਰਦਾਰ ਨਾਲ ਦੇਕੇ ਰਵਾਨਾ ਕੀਤਾ। ਏਨਾਂ ਨੇ ਪਹਾੜੀ ਰਾਜਿਆਂ ਦੀ ਤੇ ਸਰਦਾਰਾਂ ਦੀ ਬਹੁਤ ਦੁਰਦਸ਼ਾ ਕੀਤੀ ਤੇ ਘਰ ਬਾਰ ਲੁੱਟ ਪੁੱਟਕੇ ਬਰਬਾਦ ਕਰ ਛੱਡੇ, ਅਨੇਕਾਂ ਨੂੰ ਕੈਦ ਕਰ ਲਿਆ, ਅਨੇਕਾਂ ਦੇ ਸਿਰ ਮੂੰਹ ਮੁੰਡਵਾਕੇ ਕਾਲੇ ਮੂੰਹ ਕਰ, ਗਧਿਆਂ ਉੱਤੇ ਚੜ੍ਹਾ, ਪਿੱਛੇ ਢੋਲ ਬਜਵਾ, ਸ਼ਹਿਰਾਂ ਵਿਚ ਫੇਰਿਆ ਤੇ ਇੱਟਾਂ ਪੱਥਰਾਂ ਦੀ ਮਾਰ ਪਵਾਈ। ਜੋ ਲੋਗ ਗੁਰੂ ਦੇ ਘਰ ਨਾਲ ਵਿਰੋਧੀ ਸੇ ਕੁਦਰਤ ਨਾਲ ਹੀ ਏਹ ਸਜ਼ਾ ਉਨ੍ਹਾਂ ਨੂੰ ਮਿਲ ਗਈ। ਏਸ ਹਾਲ ਨੂੰ ਦੇਖਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਏਹ ਬਚਨ ਕੀਤਾ ਯਥਾ (ਬਾਬੇ ਅਰ ਬਾਬਰ ਕੇ ਦੋਊ। ਆਪ ਕਰੇ ਪਰਮੇਸ਼੍ਵਰ ਸੋਊ॥ ਜੋ ਬਾਬੇ ਕੇ ਦਾਮ ਨ ਦੈਹੈ। ਤਿਨ ਤੇ ਗਹਿ ਬਾਬਰ ਕੇ ਲੈਹੈਂ) ਜਦ ਪਹਾੜੀ ਲੋਗਾਂ ਦੀ ਸਫਾਈ ਹੋ ਗਈ ਤਾਂ ਸ਼ਾਹਜ਼ਾਦਾ ਪਸ਼ਾਵਰ ਦੀ ਤਰਫ ਚਲਾ ਗਿਆ।

ਪਿੱਛੇ ਭੀ ਸਰਹਿੰਦ ਆਦਿਕ ਮਤਸਰੀ ਲੋਗਾਂ ਦੇ ਚੁਗਲੀ ਕਰਣੇ ਪਰ, ਸੂਬਾ ਲਾਹੌਰ ਨੇ (ਏਹ ਦੋਸ਼ ਰੱਖਕੇ ਜੋ ਗੁਰੂ ਜੀ ਨੇ ਨਦੌਣ ਤੇ ਗੁਲੇਰ ਦੇ ਜੰਗਾਂ ਵਿਚ ਸ਼ਾਹੀ ਫੌਜ ਦੇ ਮੁਕਾਬਲੇ ਵਿਚ ਪਹਾੜੀ ਰਾਜਿਆਂ ਨੂੰ ਮਦਦ ਦਿੱਤੀ ਸੀ) ਗੁਰੂ ਸਾਹਿਬ ਨੂੰ ਮਤੀਹ ਕਰਣ ਵਾਸਤੇ ਅਨੰਦਪੁਰ ਉੱਤੇ ਫੇਰ ਫੌਜ ਭੇਜ ਦਿੱਤੀ ਜਿਸਨੇ ਬੜੇ ਜ਼ੋਰ ਸ਼ੋਰ ਨਾਲ ਲੜਾਈ ਕਰਕੇ ਸਿੱਖਾਂ ਨੂੰ ਪਿੱਛੇ ਹਟਾਇ ਦਿੱਤਾ ਤੇ ਅਨੰਦਪੁਰ ਵਿਚ ਧਸਕੇ, ਮਾਲ ਅਸਬਾਬ ਲੁੱਟਕੇ ਭਲਾਨ ਪਿੰਡ ਪੰਜ ਕੋਸ ਪਰ ਜਾ ਉਤਰੇ ਅਤੇ ਨਿਸ਼ਚਿੰਤ ਹੋਕੇ ਸੌਂ ਰਹੇ। ਏਧਰ ਅੱਧੀ ਰਾਤ ਦੇ ਵਕ੍ਤ ਗੁਰੂ ਜੀ ਦੇ ਹੁਕਮ ਨਾਲ ਸਿੱਖ ਧਾਵਾ ਕਰਕੇ ਅਚਾਨਕ ਬਿਜਲੀ ਵਾਂਗੂ ਉਨ੍ਹਾਂ ਪਰ ਜਾ ਪਏ। ਉਸ ਸਮੇਂ ਕੁਛ ਤਾਂ ਬਿਨਾ ਪਹਿਚਾਨ ਆਪਸ ਵਿਚ ਕਟ ਮਰੇ ਤੇ ਕੁਛ ਸਿਖਾਂ ਨੇ ਮਾਰ ਮੁਕਾਏ, ਬਾਕੀ ਨੱਠ ਤੁਰੇ, ਸਿੱਖ ਮਾਲ ਅਸਬਾਬ ਲੁੱਟਕੇ ਅਨੰਦਪੁਰ ਵਿਚ

Digitized by Panjab Digital Library | www.panjabdigilib.org

ਆਗਏ। — ਲਾਹੌਰ ਦੇ ਸੂਬੇ ਨੇ ਇਹ ਹਾਲ ਸੁਣਕੇ ਹੋਰ ਫੌਜ ਭੇਜਣੀ ਚਾਹੀ ਸੀ ਪਰ ਪਸਾਵਰ ਤੇ ਸਾਹਜਾਦਾ ਆਗਿਆ ਏਸਨੇ ਫੌਜ ਭੇਜਣੋ ਹਟਾਇ ਰੱਖੀ ਕਿਓਂਕੇ ਏਸਦੇ ਪਾਸ ਭਾਈ ਨੰਦਲਾਲ ਮੀਰ ਮੁਨਸੀ, ਤੇ ਹਾਕਮਰਾਇ ਦੀਵਾਨ ਆਗਰੇ ਵਾਲੇ ਗੁਰੂ ਦੇ ਸੇਵਕ ਸੇ, ਏਨ੍ਹਾਂ ਨੇ ਸਾਹਜਾਦੇ ਨੂੰ ਗੁਰੂ ਨਾਨਕ ਸਾਹਿਬ ਦੀ ਮਹਿਮਾ ਤੇ ਗੁਰੂ ਘਰ ਦਾ ਪ੍ਰਤਾਪ ਸੁਣਾਕੇ ਗੁਰੂ ਵਲ ਪੇਰ ਰੱਖਣਾ ਹੋਯਾ ਸੀ, ਤੇ ਦਸਮੇ ਪਾਤਸਾਹ ਦੀ ਮਹਿਮਾ ਰਾਮਰਾਇ ਨਾਲੋਂ ਬਹੁਤ ਵਧਕੇ ਸੁਣਾਈ ਸੀ ਏਸਕਰਕੇ ਸਾਹਜਾਦੇ ਨੇ ਭਾਈ ਨੰਦਲਾਲ ਨੂੰ ਗੁਰੂ ਪਾਸ ਭੇਜਕਰ ਬਾਦਸਾਹ ਹੋਣ ਦਾ ਬਰ ਮੰਗਿਆ ਤੇ ਚਿੱਠੀ ਪੱਤ੍ਰੀ ਦ੍ਵਾਰਾ ਮੇਲ ਰੱਖਣ ਲੱਗਾ ਏਸੇ ਕਾਰਣ ਆਗਰੇ ਦੀ ਲੜਾਈ ਵਿਚ ਗੁਰੂ ਜੀ ਏਸਦੀ ਮਦਦ ਨੂੰ ਗਏ ਸੇ। — ਗੁਰੂ ਸਾਹਿਬ ਜੀ ਦਾ ਸੁਜਸ ਪ੍ਰਤਾਪ ਦੇਖਕੇ ਅਨੇਕ ਸੂਰ ਬੀਰ ਆਕੇ ਏਨ੍ਹਾਂ ਪਾਸ ਰਹਣ ਲੱਗੇ ਅਤੇ ਇਕ ਬੁੰਦੇਲਖੰਡ ਦਾ ਕੁਵਰੇਸ ਨਾਮੀ ਮਸਹੂਰ ਕਵੀਸਰ ਤੇ ਪੰਡਿਤ (ਜਿਸਨੂੰ ਤੁਰਕ ਬਦੋ ਬਦੀ ਮੁਸਲਮਾਨ ਕਰਨਾ ਚਾਹੁੰਦੇ ਸੇ) ਨੱਠਕੇ ਗੁਰੂ ਜੀ ਪਾਸ ਆਗਿਆ ਏਸੇ ਤਰਾਂ ਹੋਰ ਬਵੰਜਾ[1] ਕਵੀਸਰ, ਪੰਡਿਤ ਤੇ ਅਨੇਕ ਬੀਰ ਰਾਜਪੂਤ ਸੂਰਬੀਰ ਮੁਸਲਮਾਨਾ ਦੇ ਦੁਖਾਏ ਹੋਏ ਗੁਰੂ ਸਾਹਿਬ ਪਾਸ ਆਰਹੇ ਤੇ ਹਰਵਕ੍ਤ ਸਭਾ ਵਿਚ ਸਸ੍ਤ੍ਰ ਸਾਸ੍ਤ੍ਰ ਬਿੱਦਿਆ ਦਾ ਪਰਚਾ ਤੇ ਗਹਿਮਾ ਗਹਿਮ ਬਣੀ ਰਹਣ ਲੱਗੀ। ੨੧ ਚੇਤ ਸੁਦੀ ੭ ਵੀਰਵਾਰ ਸੰ:੧੭੪੭ ਬਿ: ਨੂੰ ਜੁਝਾਰਸਿੰਘ ਜੀ, ਤੇ ੬ ਮੱਘਰ ਸੁਦੀ ੩ ਐਤਵਾਰ, ਸੰ:੧੭੫੩ ਬਿ: ਨੂੰ ਜੋਰਾਵਰਸਿੰਘ ਜੀ, ਤੇ ੪ ਫੱਗਣ ਵਦੀ ੧੧ ਬੁਧਵਾਰ ਸੰ:੧੭੫੫ ਬਿ: ਨੂੰ ਫਤੇਸਿੰਘ ਸਾਹਿਬ ਏਹ ਤਿੰਨ ਸਾਹਿਬਜਾਦੇ ਮਾਤਾ ਜੀਤੋ ਜੀ ਗੁਰੂ ਕੀ ਬਡੀ ਸਆਣੀ ਤੋਂ ਪ੍ਰਗਟ ਹੋਏ। —

ਸੰ:੧੭੪੮ ਬਿ: ਨੂੰ ਹੋਲੇ ਦੇ ਮੇਲੇ ਸਮਯ ਬਹੁਤ ਸੰਗਤ ਗੁਰੂ ਸਾਹਿਬ ਦੇ ਦਰਸਨ ਨੂੰ ਅਨੰਦਪੁਰ ਆਈ। ਨਟ, ਭੱਟ, ਰਾਗੀ, ਰਬਾਬੀ, ਕਲਾਵਤ, ਸਿੱਖ, ਸਾਧੂ ਕੱਠੇ ਹੋਏ, ਗਾਉਣੇ ਬਜਾਉਣੇ ਦੀ ਰੌਣਕ, ਤਪਲੇ, ਤਾਰਾਂ ਵਿਚ ਗਾਰਾਂ ਤੇ ਭੜੂਆ੨ ਹੋਣ ਲੱਗੀ, ਕੇਵਲ

1 ਅੰਮ੍ਰਿਤਰਾਇ,੧ ਕੁਵਰੇਸ੨, ਮੰਗਲ੩, ਸੈਨਾਪਤਿ੪, ਸੁਖਦੇਵ੫, ਚੰਦਨ੬, ਈਸੂਰ੭, ਆਲਮ੮, ਉਦੈਰਾਇ੯, ਹੰਸਰਾਜ੧੦, ਗਾਵਲ੧੧, ਰਾਮ੧੨, ਅੱਲੂ੧੩, ਮੱਦੂ੧੪, ਚੰਦ੧੫, ਬੱਲੂ੧੬, ਲੱਖਾ੧੭, ਬ੍ਰਿਧੀਚੰਦ੧੮, ਨੰਦਲਾਲ੧੯, ਬ੍ਰਿਜਲਾਲ੨੦, ਖਾਨਖਾਨਾ੨੧, ਪਿੰਡੀਲਾਲ੨੨, ਰਾਮਦਾਸ੨੩, ਹੁਸੈਨੀ੨੪, ਨਿਹਾਲ੨੫, ਮਦਨਗਿਰ੨੬, ਧਿਆਨਸਿੰਘ੨੭, ਧਰਮਸਿੰਘ੨੮, ਦਯਾਸਿੰਘ੨੯, ਰੌਸਨਸਿੰਘ੩੦, ਮਾਲਾਸਿੰਘ੩੧, ਆਸਾਸਿੰਘ੩੨, ਨੰਦਾਸਿੰਘ੩੩, ਸੁੱਖਾਸਿੰਘ੩੪, ਸੈਨਾਸਿੰਘ੩੫, ਟਹਕਨ੩੬, ਨੰਦਰਾਮ੩੭, ਨਾਨੂ੩੮, ਗੁਰਦਾਸ੩੯, ਅਚਲਦਾਸ੪੦, ਅਣੀਰਾਇ੪੧, ਸਾਮ੪੨, ਸੈਨ੪੩, ਤਸਰਾਮ੪੪, ਸੁੱਖਾ੪੫, ਰਾਮਚੰਦ੪੬, ਅੱਲੀ੪੭, ਕਾਲੂ੪੮, ਆਲੀ੪੯, ਈਸੂਰਦਾਸ੫੦, ਜਮਾਲ੫੧ ਹੀਰ੫੨, ਏਹ ਬਵੰਜਾ ਕਵੀਸਰ ਸੇ।

Digitized by Panjab Digital Library | www.panjabdigilib.org

ਗੁਲਾਬ, ਕੇਸਰ, ਕਪੂਰ, ਘੋਲਕੇ ਚਹੱਚੇ ਭਰੇ ਗਏ। ਪਿਚਕਾਰੀਆਂ, ਕੁਮਕੁਮੇ ਚਲਣੇ
ਲੱਗੇ। ਗੁਲਾਲ ਅੰਬੀਰ ਦੀ ਅੰਧੇਰੀ ਛੁਟ ਪਈ, ਆਠ ਰੋਜ਼ ਭਾਰੀ ਪ੍ਰੇਮ ਧਾਮਦਾ ਮੇਲਾ ਹੋ
ਯਾ। ਸਭਨੂੰ ਜਥਾ ਜੋਗ ਸਿਰੋਪਾਉ ਦੇਕੇ ਵਿਦਾ ਕੀਤਾ।
ਏਸ ਸਮੇ ਇਕ ਖਤ੍ਰਾਣੀ ਅਨੂਪਕੌਰ ਰੂਪਵਤੀ ਲਾਹੌਰ ਵਾਲੀ ਦਰਸ਼ਨ ਕਰਨੇ ਆ
ਈ ਹੋਈ ਗੁਰੂਜੀ ਦੇ ਤੇਜ ਪ੍ਰਤਾਪ ਸੁੰਦਰ ਰੂਪ ਨੂੰ ਦੇਖਕੇ ਮੋਹਿਤ ਹੋ ਗਈ। ਮਿਲਣਦਾ
ਸ੍ਰੇ ਅਨੇਕ ਜਤਨ ਕੀਤੇ ਪਰ ਕੋਈ ਰਾਸ ਨਾ ਆਯਾ। ਓੜਕ ਏਹ ਚਾਲ ਚੱਲੀ ਕਿ ਆ
ਪ ਫਕੀਰੀ ਬਾਣਾ ਮਰਦਾਨਾ ਧਾਰ ਕਰ ਇਕ ਹਵੇਲੀ ਵਿਚ ਰਹਣ ਲੱਗੀ ਤੇ ਐਸਾ
ਪਾਖੰਡ ਸਾਜਆ ਜੋ ਦਿਨੇ ਕਿਸੇ ਨਾਲ ਬਾਤ ਹੀ ਨਾ ਕਰੇ ਤੇ ਪਰਦੇ ਦੇ ਅੰਦਰ ਰਹੇ ਅਤੇ
ਰਾਤ ਨੂੰ ਔਰਤਾਂ ਮਰਦਾਂ ਨੂੰ ਗਯਾਨ ਸੁਣਾਵੇ, ਜੰਤ੍ਰ ਮੰਤ੍ਰ ਕਰ ਕਰ ਦੇਵੇ, ਕਿਸੇ ਤੋਂ ਕੁਛ
ਲਵੇ ਨਹੀ ਸਗੋਂ ਆਪਣੇ ਪਾਸੋਂ ਰੋਜ਼ ਪਤਾਸੇ ਵੰਡਿਆ ਕਰੇ। ਥੋੜੇ ਦਿਨਾ ਵਿਚ ਹੀ ਆ
ਪਨੂੰ ਅਭਿਆਸੀ ਸੰਤ ਮਸ਼ਹੂਰ ਕਰਕੇ, ਇਕ ਮਗਨ ਨਾਮੀ ਗੁਰੂ ਦੇ ਨਫਰ ਨੂੰ ਲਾਲ
ਚ ਦੇਕਰ ਆਪਣੀ ਮਹਿਮਾਂ ਦੀ ਚਰਚਾ ਗੁਰੂ ਪਾਸ ਚਲਵਾ ਦਿੱਤੀ। ਜਿਸ ਕਰਕੇ ਗੁ
ਰੂ ਸਾਹਿਬ ਭੀ ਰਾਤ ਦੇ ਵਕਤ ਸਾਧੂਆਂ ਦਾ ਬਾਣਾ ਧਾਰ ਕੇ, ਮਗਨ ਨਫਰ ਨੂੰ ਨਾਲ
ਲੈ, ਉਸਦੇ ਮਕਾਨ ਪਰ ਗਏ। ਯਥਾ ਸ੍ਰੀਮੁਖਵਾਕ (ਚਲਯੋ ਧਾਰ ਅਤੀਤ ਕੋ ਭੇ
ਖ ਰਾਈ। ਅਨੀ ਆਪਨੇ ਮੇਂ ਭਰੋਤੀ ਮਨਾਈ।) ਤਦ ਉਸਨੇ ਬੜੀ ਖੁਸ਼ੀ ਤੇ ਅਦਬ
ਨਾਲ ਗੁਰੂਜੀ ਨੂੰ ਪਲੰਘ ਉੱਤੇ ਬੈਠਾਯਾ ਤੇ ਆਪ ਥੋੜੀ ਦੇਰ ਬਾਦ ਅੰਦਰ ਜਾ, ਬਾਣਾ
ਬਦਲ, ਸਾਜ ਲਾ ਕੇ ਗੁਰੂਜੀ ਅੱਗੇ ਭੇਟਾ ਰੱਖੀ ਤੇ ਆਪਣਾ ਮਤਲਬ ਜ਼ਾਹਰ
ਕੀਤਾ। — ਗੁਰੂਜੀ ਨੇ ਉਸਦਾ ਚਰਿੱਤ੍ਰ ਸਮਝਕੇ ਉਸਨੂੰ ਧੀਰਜ, ਧਰਮ, ਸੀਲ
ਰੱਖਣਦੇ ਫਾਯਦੇ ਬਤਾਏ ਤੇ ਸਾਫ ਇਨਕਾਰ ਕੀਤਾ। ਯਥਾ ਸ੍ਰੀਮੁਖਵਾਕ ਅੜਿੱਲ।
(ਸੁਧ ਜਬ ਤੇ ਹਮ ਧਰੀ ਬਚਨ ਗੁਰ ਦਯੋ ਹਮਾਰੇ। ਪੂਤ ਇਹੈ ਪ੍ਰਣ ਤੋਰੇ ਪ੍ਰਾਣ ਜਬ
ਲਗ ਘਟ ਥਾਰੇ। ਨਿਜ ਨਾਰੀ ਕੇ ਸਾਥ ਨੇਹੁ ਤੁਮ ਨੀਤ ਬਢੱਯੋ। ਪਰ ਨਾਰੀ ਕੀ ਸੇਜ
ਭੂਲ ਸੁਪਨੇ ਹੂੰ ਨ ਜੱਯੋ। ਪਰ ਨਾਰੀ ਸੋਂ ਨੇਹੁ ਛੁਰੀ ਪੈਨੀ ਕਰ ਜਾਨਹੁ। ਪਰ ਨਾਰੀ ਕੇ
ਭਜੇ ਕਾਲ ਬ੍ਯਾਪਯੋ ਤਨ ਮਾਨਹੁ। ਅਧਿਕ ਹਰੀਫੀ ਜਾਨ ਭੋਗ ਪਰਤ੍ਰਿਯਾ ਜੋ ਕਰਹੈਂ
ਹੋ ਅੰਤ ਸ੍ਵਾਨ ਕੀ ਮੌਤ ਹਾਥ ਲੇਂਡੀ ਕੇ ਮਰਹੈਂ। ਪਰ ਨਾਰੀ ਕੇ ਭਜੇ ਸਹਸ ਭਗ ਬਾਸਵ
ਪਾਏ। ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ। ਪਰ ਨਾਰੀ ਕੇ ਹੇਤ ਸੀਸ ਦਸ ਸੀਸ

Digitized by Panjab Digital Library | www.panjabdigilib.org

ਗਵਾਏ ਹੋਏ ਪਰ ਨਾਰੀ ਕੇ ਹੇਤ ਕਟਕ ਕੈਰਵ ਕੇ ਘਾਏ) ਪਰ ਉਸ ਮੱਕਾਰ ਔਰਤ ਨੇ ਇਕ ਨਾ ਮੰਨੀ ਤੇ ਜਦ ਗੁਰੂ ਜੀ ਉੱਠਕੇ ਆਵਣ ਲੱਗੇ ਤਾਂ ਉਹ ਚੋਰ ੨ ਪੁਕਾਰ ਉੱਠੀ ਪਰ ਗੁਰੂ ਜੀ ਫੌਰਨ ਚਲੇ ਆਏ ਤੇ ਉਹ ਅਤੀਤ ਬਾਣਾ ਜੋ ਧਾਰਕੇ ਗਏ ਸੇ ਸੋ ਫੀ ਰਸਿੰਘ ਨਿਰਮਲੇ ਨੂੰ ਬਖਸ਼ ਦਿੱਤਾ।

ਬੈਸਾਖ ਸੰ: ੧੭੫੧ ਬਿ: ਨੂੰ ਇਕ ਦਿਨ ਔਰੰਗਜ਼ੇਬ ਦੀ ਸਭਾ ਵਿਚ ਕੁਰਾਨ ਦੀ ਇਕ ਆਯਤ ਦੇ ਅਰਥ ਮੌਲਵੀਆਂ ਤੋਂ ਨਾ ਹੋਏ ਤੇ ਨੰਦਲਾਲ ਜੀ ਨੇ ਕਰ ਦਿਖਾਏ ਤਾਂ ਮੌਲਵੀਆਂ ਨੇ ਬਾਦਸ਼ਾਹ ਨਾਲ ਸਲਾਹ ਕੀਤੀ ਕਿ ਐਸਾ ਇਲਮਦਾਰ ਮੁਸਲਮਾਨ ਕਰ ਲੈਣਾ ਚਾਹੀਏ ਪਰ ਏਸ ਸਲਾਹ ਦੀ ਖਬਰ ਸ਼ਾਹਜ਼ਾਦੇ ਮੁਅੱਜ਼ਮ ਨੇ ਨੰਦ ਲਾਲ ਨੂੰ ਕਰ ਦਿੱਤੀ। ਭਾਈ ਨੰਦ ਲਾਲ ਉਸੇ ਵਕਤ ਅਨਾਯਤ ਹੁਸੈਨ ਖਾਂ ਨੂੰ (ਜੋ ਨੰਦਲਾਲ ਦਾ ਸੰਗਤੀ ਦੌਲਤ ਮੰਦ ਫਕੀਰ ਦੋਸਤ ਸ਼ਾਹੀ ਦਰੋਗਾ ਸੀ) ਨਾਲ ਲੈਕੇ ਗੁਰੂ ਪਾਸ ਚਲਾ ਆਯਾ। ਅੱਯਦ ਅਨਾਯਤ ਹੁਸੈਨ ਖਾਂ ਨੇ ਇਕ ਹਜ਼ਾਰ ਦੀਨਾਰ ਤੇ ਨੰਦ ਲਾਲ ਨੇ ਬੇਸ਼ੁਮਾਰ ਦੌਲਤ ਗੁਰੂ ਜੀ ਦੀ ਭੇਟਾ ਕੀਤੀ। ਉਸੇ ਸਮੇ ਭਾਈ ਬੀਰ ਸਿੰਘ, ਰਾਮ ਸਿੰਘ ਆਦਿਕ ਜੋ ਨੌ ਸਿੱਖ ਪਾਉਂਟੇ ਤੋਂ ਕਾਂਸ਼ੀ ਪੜ੍ਹਨ ਗਏ ਸੇ ਉਹ ਪੰਡਿਤ ਹੋਕੇ ਆ ਗਏ। ਗੁਰੂ ਸਾਹਿਬ ਨੇ ਉਨ੍ਹਾਂ ਦੇ ਸਪੁਰਦ ਕਵੀਸ਼ਰ ਕਰ ਦਿੱਤੇ। ਉਹ ਸੰਸਕ੍ਰਿਤ ਵਿਚੋਂ ਦੱਸਦੇ ਗਏ ਤੇ ਕਵੀਸ਼ਰ ਭਾਸ਼ਾ ਛੰਦਾਂ ਬੰਦੀ ਕਰਦੇ ਗਏ। ਦੇਵੀ ਭਾਗਵਤ ਤੇ ਪਦਮਪੁਰਾਣ,[1] ਮਹਾਭਾਰਥ, ਦੱਸੋ ਉਪਨਿਸ਼ਦ, ਭੋਜ ਪ੍ਰਬੋਧ, ਸ਼ੁੱਕ੍ਰਨੀਤੀ, ਬਾਲਮੀਕੀ ਰਾਮਾਯਣ, ਗੁਰੂ ਗੀਤਾ, ਖਟ ਸ਼ਾਸ਼ਤ੍ਰਦਯ ਸੰਛੇਪ, ਬੈਸ਼ਨਵੀ ਭਾਗਵਤ, ਭਰਥਰੀ ਦਾ ਨੀਤੀ ਸੱਤਕ, ਸਿੰਮ੍ਰਤੀ ਮਨੂੰ ਆਦਿਕ ਅਨੇਕ ਗ੍ਰੰਥ ਸੰਸਕ੍ਰਿਤ ਵਿਚੋਂ ਤੇ ਬਹਾਰ ਦਾਨਸ਼ ਆਦਿਕ ਫਾਰਸੀ ਵਿਚੋਂ ਭਾਈ ਨੰਦਲਾਲ ਤੇ ਅਨਾਯਤ ਹੁਸੈਨ ਭਾਸ਼ਾ ਕਰਾਉਣ ਲਾਏ। ਏਸੇ ਤਰਾਂ ਹੋਰ ਬਹੁਤ ਸਿੱਖ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਲਾ ਦਿੱਤੇ।

1 ਪਦਮਪੁਰਾਣ ਵਿਚ ਦੇਵੀ ਦਾ ਨਾਮ ਸਮੀਰਾਮਾ ਲਿਖਯਾ ਹੈ ਤੇ ਈਰਾਨ ਵਾਲਿਆਂ ਦੀ ਤਵਾਰੀਖ ਵਿਚ ਲਿਖਯਾ ਹੈ ਕਿ ਸੰ: ੯੯੫ ਈਸਵੀ ਤੋਂ ਪਹਿਲੇ ਉਨ੍ਹਾਂ ਦੀ ਮਹਾਰਾਣੀ ਸਮੀਰਾਮਾ ਹਿੰਦੁਸਤਾਨ ਉੱਤੇ ਚੜ੍ਹਾਈ ਕਰਕੇ ਉਤਰੀ ਹਿੱਸੇ ਦੀ ਮਾਲਕ ਬਣ ਗਈ ਸੀ ਸੋ ਮਾਲੂਮ ਹੁੰਦਾ ਹੈ ਉਸੇ ਨੂੰ ਦੇਵੀ ਥਾਪਕੇ ਕਿਸੇ ਕਵੀਸ਼ਰ ਨੇ ਉਸ ਦੀ ਮਹਿਮਾ ਲਿਖਕੇ ਉਸ ਪੋਥੀ ਦਾ ਨਾਮ ਪਦਮਪੁਰਾਣ ਰੱਖ ਦਿਤਾ ਹੋਵੇ ਕਯੋਂਕੇ ਸਭ ਹਿੰਦੂ ਦੇਵੀ ਨੂੰ ਪਹਾੜਾਂ ਦੀ ਰਾਣੀ ਕਰਕੇ ਮੰਨਦੇ ਹਨ। ਜੇਕਰ ਮਹਾਰਾਣੀ ਕੁਈਨ ਵਿਕਟੋਰੀਯਾ ਦੀ ਪੂਜਾ ਅੰਗੇਜ਼ ਕਰਨ ਤੇ ਕਰਾਵਨ ਤਾਂ ਫੇਰ ਏਸ ਏਸੇ ਨੂੰ ਉਹ ਦੇ ਅਸਤ੍ਰਨੋਂ ਸਰਬ ਸ਼ਕਤੀਮਾਨ ਸਮਝਕੇ ਸਭ ਲੋਕ ਮੰਨਦੇ ਪੂਜਦੇ ਰਹਨ ਏਸੇ ਤਰਾਂ ਪ੍ਰਮਾਣ ਸਾਰੇ ਪੁਸਤਕਾਂ ਦਾ ਹਾਲ ਹੈ।

Digitized by Panjab Digital Library | www.panjabdigilib.org

ਜੈਸਾ ਸ਼ਸਤ੍ਰ ਬਿੱਦਿਆ ਦਾ ਅੱਭਿਆਸ ਖਾਕਤੋਰੇ ਕਵਾਇਦ ਕਰਾਉਣੇ, ਸਿੱਖਣੇ ਸਿਖਾਉਣੇ ਸਬ ਸਿੱਖਾਂ ਨੂੰ ਲਗਾਇ ਰੱਖਿਆ ਸੀ ਤੈਸਾ ਹੀ ਸ਼ਾਸਤ੍ਰ ਵਿੱਦਿਆ ਪੜ੍ਹਨ ਲਾਇਆ ਤੇ ਗੁਰੂ ਸਾਹਿਬ ਦੀ ਮਨਸ਼ਾ ਸੀ ਕਿ ਸੋਢਬੰਸ ਖਾਲਸਾ ਪੰਥ ਰਚੀਏ, ਇਸ ਕਰਕੇ ਬਿੱਦਿਆ ਦਾ ਪ੍ਰਚਾਰ ਜ਼ਰੂਰੀ ਸਮਝਦੇ ਸੇ, ਕਿਉਂਕੇ ਵਿੱਦਿਆ ਨਾਲ ਪੰਥ ਦੀ ਉੱਨਤੀ, ਬਿਜੈ, ਏਕਤਾ ਹੁੰਦੀ ਹੈ। —— ਸੰ: ੧੭੫੨ ਬਿ: ਨੂੰ ਬੈਸਾਖੀ ਦੇ ਦਿਨ ਦਨ੍ਹਪਦੇਸ ਦੀ ਸੰਗਤ ਨੇ ਆਕੇ ਗੁਰੂ ਪਾਸ ਅਰਜ਼ ਕੀਤੀ ਕਿ ਬਜਰੂੜ ਵਾਲੇ ਰੰਘੜਾਂ ਨੇ ਸਾਡਾ ਸਬ ਧਨ ਅਸਬਾਬ ਛੀਨ ਲਯਾ ਹੈ ਤੇ ਕਈ ਸਿੱਖ ਜ਼ਖਮੀ ਕੀਤੇ ਹਨ। ਏਸੇ ਤਰਾਂ ਪਹਿਲੇ-ਭੀ ਅਨੇਕ ਦੇਸਾਂ ਦੀ ਸੰਗਤ ਗੁਰੂ ਪਾਸ ਫਰਿਆਦ ਕਰ ਚੁਕੀ ਸੀ ਜਿਨਾਂ ਨੂੰ ਰਸਤੇ ਵਿਚ ਮੁਸਲਮਾਨ ਲੁਟਦੇ ਰਹਿੰਦੇ ਸੇ। ਏਸ ਕਰਕੇ ਦਨ੍ਹਪਦੇਸ ਦੇ ਲੋਕਾਂ ਦੀ ਪੁਕਾਰ ਸੁਣਕੇ ਗੁਰੂ ਜੀ ਨੇ ਦੂਸਰੇ ਦਿਨ ਬਜਰੂੜ ਨੂੰ ਜਾ ਘੇਰਿਆ ਤੇ ਰੰਘੜਾਂ, ਗੁੱਜਰਾਂ ਨੂੰ ਸਿੱਧੇ ਕਰ, ਸੰਗਤ ਦੀ ਲੁੱਟ ਨਾਲੋਂ ਦਸ ਗੁਣਾ ਮਾਲ ਕਢਾਇ ਲਿਆਂਦਾ। ਏਸ ਦਿਨ ਤੋਂ ਬਾਦ ਸਬ ਸੰਗਤ ਨੂੰ ਸ਼ਸਤ੍ਰ ਪਹਰਨੇ ਦੇ ਫਾਇਦੇ ਦਿਖਾ ਕਰ ਹੁਕਮ ਦਿਤਾ ਕਿ ਸਬ ਲੋਗ ਸ਼ਸਤ੍ਰ ਦਾ ਅੱਭਿਆਸ ਕੀਤਾ ਕਰਨ। ——

ਸੰ: ੧੭੫੩ ਬਿ: ਨੂੰ ਦੇਸ ਦੇਸ ਦੇ ਬ੍ਰਮਣਾਂ ਨੂੰ ਨਿਓਤਾ ਦੇ ਭੇਜਿਆ ਤੇ ਇਕ ਜੱਗ ਰਚਣਾ ਚਾਹਿਆ। ਜਦ ਸਬ ਦੇਸਾਂ ਦੇ ਬ੍ਰਮਨ ਆ ਗਏ ਤਦ ਹੁਕਮ ਦਿੱਤਾ ਕਿ ਜੋ ਬ੍ਰਮਨ ਮਾਸ ਖਾਏਗਾ ਉਸਨੂੰ ਮੁਹਰ ਦੱਛਣਾ ਮਿਲੇਗੀ ਤੇ ਜੋ ਖੀਰ ਖੰਡ, ਮਠਿਆਈ ਖਾਏਗਾ ਉਸਨੂੰ ਇਕ ਰੁਪਯਾ ਮਿਲੇਗਾ। ਦਸਾਂਕ ਦਿਨਾਂ ਵਿਚ ਸਬ ਹੀ ਮਾਸ ਖਾਣੇ ਹੋ ਗਏ ਸਿਰਫ ਥੋੜੇ ਜੇਹੇ ਐਸੇ ਕਾਇਮ ਰਹੇ ਜਿਨ੍ਹਾਂ ਨੇ ਮਾਸ ਖਾਣਾ ਨਾ ਮੰਨਿਆ। ਗੁਰੂ ਜੀ ਨੇ ਮਾਸ ਖਾਣ ਵਾਲੇ ਲੋਭੀਆਂ ਨੂੰ ਤਾਂ ਪੰਜ ੨ ਰੁਪਏ ਦੇਕੇ ਤੋਰ ਦਿੱਤਾ ਤੇ ਦੂਸਰਿਆਂ ਨੂੰ ਪੰਜੀ ੨੫ ਪੰਜੀ ਅਸ਼ਰਫੀਆਂ ਦੇਕੇ ਆਪਣੇ ਪਾਸ ਆਦਰ ਨਾਲ ਰੱਖ ਲਿਆ। ਸੰ: ੧੭੫੪ ਬਿ: ਨੂੰ ਗੁਰੂ ਸਾਹਿਬ ਨੇ ਗੁਰਬਖਸ਼ ਰਾਇ, ਸਾਹਿਬ ਚੰਦ ਮੁਨਸ਼ੀ, ਦੀਪ ਚੰਦ ਗੁਰਦਾਸਪੁਰੀਏ ਤੋਂ ਹੋਮ ਦੀ ਸਾਮੱਗ੍ਰੀ ਮੰਗਵਾ ਕੇ ਕਾਲੀਦਾਸ, ਕੇਸੋਦਾਸ ਆਦਿਕ ਪੰਡਿਤਾਂ ਨਾਲ, ਨੈਣਾ ਦੇਵੀ ਦੇ ਟਿੱਲੇ ਉੱਤੇ ਜੋ ਅਨੰਦਪੁਰੋਂ ੭ ਕੋਸ ਚੜ੍ਹਾਈ ਪਰ ਬਹੁਤ ਸੁੰਦਰ ਟੇਕਰੀ ਹੈ, ਹੋਮ ਕਰਨ ਦਾ ਆਰੰਭ ਕੀਤਾ। ਕਿਉਂਕੇ ਇਕ ਤਾਂ ਹੋਮ ਕਰਣੇ ਤੇ ਦੇਸ ਵਿਚ ਬਰਖਾ ਹੁੰਦੀ ਹੈ ਤੇ ਪਵਣ ਦੀ ਸ਼ੁੱਧੀ, ਨਿਰੋਗਤਾ

Digitized by Panjab Digital Library | www.panjabdigilib.org

ਹੁੰਦੀ ਹੈ। ਦੂਸਰੇ ਛਤ੍ਰੀ ਰਾਜੇ ਹਮੇਸ਼ ਜੱਗ ਅਤੇ ਹੋਮ ਕਰਦੇ ਰਹੇ ਹਨ, ਕਯੋਂਕੇ ਬੇਦਾਂ
ਵਿਚ ਲਿਖਿਆ ਹੈ ਕਿ ਸਮਸ਼ੀ ਬ੍ਰਮੰਡ ਈਸ਼ੂਰ ਦਾ ਸਰੀਰ ਹੈ। ਇਸ ਵਿਚ ਅਗਨੀ
ਈਸ਼ੂਰ ਦਾ ਮੂੰਹ ਹੈ ਅਤੇ ਜੱਗ ਆਦੀ ਕਰਮ ਫਲਾਂ ਤੋਂ ਵਿੱਦਿਆ, ਧਨ, ਕ੍ਰਾਂਤੀ, ਸੂਰ
ਬੀਰਤਾ, ਪ੍ਰਭੁਤਾ, ਅਰੋਗਤਾ, ਬਿਜਯ, ਗਿਆਨ, ਸੁਖ, ਅਭੈਤਾ, ਸੰਪਤਾ, ਕਾਮਨਾ
ਪੂਰਨ, ਪ੍ਰਤਾਪ, ਸੁਜਸ ਆਦਿਕ ਅਨੇਕ ਫਾਯਦੇ ਮਿਲਣੇ ਲਿਖੇ ਹਨ। ਤਿਸ
ਤੇ ਕੇਸੋਦਾਸ, ਕਾਲੀਦਾਸ ਆਦਿਕ ਬ੍ਰਹਮਣ ਰੋਜ਼ ਰੋਜ਼ ਗੁਰੂ ਜੀ ਨੂੰ ਆਖਿਆ ਕਰਦੇ
ਸੇ ਕਿ ਦੇਵੀ ਦੀ ਉਪਾਸ਼ਨਾ ਕਰਨ ਤੇ ਦੁਸ਼ਮਨਾਂ ਪਰ ਫਤੇ ਪਾਈ ਦੀ ਹੈ ਤੁਸੀਂ ਭੀ ਦੇਵੀ ਪ
ਗਟ ਕਰੋ। ਰੌਬੇ ਉਸ ਸਮਯ ਪਹਾੜੀ ਤੇ ਪੰਜਾਬੀ ਲੋਗ ਆਮ ਦੇਵੀ ਦੇ ਉਪਾਸ਼ਕ
ਸਨ ਬਲਕੇ ਹੁਣ ਭੀ ਹਜ਼ਾਰਾਂ ਲੋਗ ਦੇਵੀ ਨੂੰ ਮੰਨਦੇ ਪੂਜਦੇ ਹਨ। ਇਸੇ ਕਰਕੇ ਗੁ
ਰੂ ਸਾਹਿਬ ਨੇ ਭੀ ਉਨ੍ਹਾਂ ਦੀ ਮਨਸ਼ਾ ਦੇ ਅਨੁਸਾਰ ਲੋਕਾਂ ਨਾਲ ਇਤਫਾਕ ਰੱਖਣ ਲ
ਈ ਹੋਮ ਕਰਨ ਦਾ ਆਰੰਭ ਕੀਤਾ। ਇਹ ਹੋਮ ਚੇਤ ਸੁਦੀ ੫ ਸੰ: ੧੭੫੪ ਨੂੰ ਸ਼ੁਰੂ ਹੋ
ਯਾ। ਜਦ ਬਰਸ ਰੋਜ਼ ਪੂਰਾ ਹੋਯਾ ਤੇ ਚੇਤ ਸੁਦੀ ੮ ਸੰ: ੧੭੫੫ ਦਾ ਦਿਨ ਆਯਾ
ਤਾਂ ਪੁੱਛਿਆ ਕਿ ਪੰਡਿਤ ਜੀ ਦੇਵੀ ਕਦ ਪ੍ਰਗਟ ਹੋਵੇਗੀ ਤਾਂ ਬ੍ਰਹਮਣ ਨੇ ਆਖਿਆ ਕਿ
ਜੇ ਕੁਲੀਨ ਪਵਿੱਤ੍ਰ ਪੁਰਸ਼ ਦਾ ਹੋਮ ਇਸ ਵਕ੍ਤ ਕਰਨਾ ਚਾਹੀਏ ਤਾਂ ਪ੍ਰਗਟ ਹੋਵੇਗੀ
ਗੁਰੂ ਜੀ ਨੇ ਬਚਨ ਕੀਤਾ ਕਿ ਤੇਰੇ ਨਾਲੋਂ ਹੋਰ ਕੌਣ ਪਵਿੱਤ੍ਰ ਕੁਲੀਨ ਹੋਣਾ ਹੈ, ਤੇਰੀ
ਹੀ ਭੇਟਾ ਕਰਾਂਗੇ ਤੇ ਜਦ ਦੇਵੀ ਪ੍ਰਗਟ ਹੋਵੇਗੀ ਤਾਂ ਅਸੀਂ ਕਹਾਂਗੇ ਕੇ ਪਹਿਲੇ ਸਾਡਾ
ਪੰਡਿਤ ਜੀਵੇ ਤਾਂ ਅਸੀਂ ਪੰਡਿਤ ਨੂੰ ਪੁੱਛ ਕੇ ਵਰ ਮੰਗਾਂਗੇ। ਪੰਡਿਤ ਨੇ ਭੈ ਖਾ ਕੇ ਆਖਿਆ
ਮੈਂ ਨਦੀ ਇਸ਼ਨਾਨ ਕਰ ਆਵਾਂ ਤੁਸੀਂ ਹੋਮ ਕਰੋ ਮੰਤ੍ਰ ਪੜ੍ਹੋ, ਇਹ ਕਹਕੇ ਪੰਡਿਤ ਜੀ ਤਾਂ ਪੱ
ਤ੍ਰਾ ਵਾਚ ਗਏ। ਯਥਾ ਵਾਕ ਭਾਈ ਮਨੀ ਸਿੰਘ ਜੀ (ਜਦ ਹੋਮ ਪੂਰਾ ਹੋਣ ਉੱਤੇ ਆ
ਯਾ ਤਾਂ ਪੰਡਿਤਾਂ ਨੇ ਸਭ ਦੇਸਾਂ ਦੇ ਬ੍ਰਹਮਣਾਂ ਨੂੰ ਨਿਓਤੇ ਭੇਜ ਦਿੱਤੇ ਤੇ ਗੁਰੂ ਜੀ ਨੂੰ ਆਖਿਆ
ਦੇਵੀ ਦੇ ਹੋਮ ਵਾਸਤੇ ਤੁਸਾਂ ਕੋਈ ਪਵਿੱਤ੍ਰ ਕੁਲੀਨ ਮਨੁੱਖ ਤੱਯਾਰ ਰੱਖਣਾ। ਤਿਸ ਪਿੱਛੋਂ
ਬ੍ਰਹਮ ਭੋਜ ਬ੍ਰਹਮਣਾਂ ਨੂੰ ਖਵਾਉਣਾ। ਗੁਰੂ ਜੀ ਨੇ ਬਚਨ ਕੀਤਾ ਪੰਡਿਤਾ ਅਸੀਂ ਤੈਨੂੰ
ਹੀ ਹੋਮ ਦੇਵਾਂਗੇ ਤੇਰੇ ਨਾਲੋਂ ਹੋਰ ਪਵਿਤ੍ਰ ਕੁਲੀਨ ਪੁਰਖ ਚੰਗਾ ਕੌਣ ਹੈ। ਤੇ ਜਿਤ ਵੇ
ਲੇ ਦੇਵੀ ਪ੍ਰਤੱਖ ਹੋਵੇਗੀ ਤਾਂ ਅਸੀਂ ਕਹਾਂਗੇ ਏਹ ਸਾਡਾ ਪੰਡਿਤ ਜੀਵੇ ਤੇ ਜੋ ਏਹ ਕਹੇ ਸੋ
ਅਸੀਂ ਵਰ ਮੰਗਾਂਗੇ। ਤਾਂ ਪੰਡਿਤ ਨੇ ਭੈ ਮਾਨ ਹੋਕੇ ਕਹਿਆ ਮੈਂ ਇਸ਼ਨਾਨ ਕਰ ਆਵਾਂ

Digitized by Panjab Digital Library | www.panjabdigilib.org

ਤੇ ਤੁਸੀਂ ਹੋਮ ਕਰੋ ਮੰਤ੍ਰ ਪੜ੍ਹੋ) ਜਦ ਪੰਡਿਤ ਨਾ ਆਯਾ ਤਾਂ ਗੁਰੂ ਜੀ ਨੇ ਸਭ ਸਾਮਾਨ ਹੋ
ਮ ਦਾ ਜੋ ਬਚਿਆ ਹੋਯਾ ਸੀ ਇੱਕੇ ਵਾਰੀ ਅੱਗ ਵਿਚ ਪਾ ਦਿੱਤਾ ਤੇ ਆਪ ਤਲਵਾਰ ਲੈ ਕੇ
ਖੜ੍ਹੇ ਹੋ ਗਏ। ਸਭ ਸਾਮੱਗ੍ਰੀ ਦੇ ਇੱਕੇ ਵਾਰੀ ਪੈ ਜਾਣੇ ਕਰ ਪਹਾੜ ਦੀ ਚੋਟੀ ਪਰ ਬਹੁ
ਤ ਭਾਰੀ ਪ੍ਰਕਾਸ਼ ਹੋ ਗਿਆ ਜਿਸ ਪ੍ਰਕਾਸ਼ ਨੂੰ ਦੂਰੋਂ ੨ ਲੋਕਾਂ ਨੇ ਦੇਖ ਕੇ ਖ਼ਯਾਲ ਕੀਤਾ
ਕਿ ਦੇਵੀ ਪ੍ਰਗਟ ਹੋਈ ਹੈ ਉਸੇ ਦਾ ਪ੍ਰਕਾਸ਼ ਹੈ। ਉਸ ਵਕ੍ਤ ਜਿਨ੍ਹਾਂ ਲੋਗਾਂ ਨੇ ਆ ਕੇ ਪੁੱਛਿਆ
ਕਿ ਦੇਵੀ ਪ੍ਰਗਟ ਹੋਈ ਤਾਂ ਮਹਾਰਾਜ ਨੇ ਤਲਵਾਰ ਹੱਥ ਵਿਚ ਲਏ ਹੋਏ ਬਚਨ ਕੀਤਾ
ਕਿ ਹਾਂ ਦੇਵੀ ਪ੍ਰਗਟ ਹੋਈ। ਫੇਰ ਤਾਂ ਤਮਾਮ ਮੁਲਕ ਵਿਚ ਖਬਰਾਂ ਹੋ ਗਈਆਂ ਕਿ
ਗੁਰੂ ਨੇ ਦੇਵੀ ਪ੍ਰਗਟ ਕੀਤੀ ਹੈ। ਤੇ ਦੌਲਤ ਭੇਟਾ ਲੈ ਕੇ ਸੰਗਤਾਂ ਆਵਣ ਲੱਗੀਆਂ,
ਗੁਰੂ ਸਾਹਿਬ ਨੇ ਭੀ ਸਮਾ ਪਛਾਣ ਕੇ ਅਸਲ ਬਾਤ ਜ਼ਾਹਰ ਨਾ ਕੀਤੀ।
ਸੰ: ੧੭੫੫ ਬਿ: ਨੂੰ ਹੋਮ ਪੂਰਾ ਹੋਏ ਦੇ ਬਾਦ ਜੱਗ ਤੈਯਾਰ ਹੋਯਾ ਤਾਂ ਲਾਂਗਰੀਆਂ
ਨੇ ਅਰਜ ਕੀਤੀ ਜੀ ਮਹਾਰਾਜ ਪ੍ਰਸ਼ਾਦ ਤੱਯਾਰ ਹੈ ਗੁਰੂ ਸਾਹਿਬ ਨੇ ਆਖਿਆ ਕਿ
ਬਰਤਾਓ, ਬ੍ਰਮਣ ਜੋ ਆਪਣੇ ੨ ਅੰਦਰੀਂ ਲੁਕੇ ਬੈਠੇ ਸੇ ਉਨ੍ਹਾਂ ਨੂੰ ਬਹੁਤ ਚਿਰ ਨਾ
ਉਡੀਕਿਆ ਤੇ ਲੰਗਰ ਬਰਤਾਇ ਦਿੱਤਾ। ਏਸ ਬਾਤ ਪਰ ਬ੍ਰਮਨ ਨਾਰਾਜ਼ ਹੋ ਗਏ
ਤੇ ਕੁਛ ੨ ਬਕਣ ਲੱਗੇ। ਸਿੱਖਾਂ ਨੇ ਗੁਰੂ ਪਾਸ ਅਰਜ਼ ਕੀਤੀ ਬ੍ਰਮਨ ਬਹੁਤ ਕਲ
ਪਦੇ ਹਨ। ਗੁਰੂ ਜੀ ਨੇ ਉਨ੍ਹਾਂ ਦੇ ਮਨਾਵਣ ਲਈ ਨੰਦ ਲਾਲ ਦੇ ਹੱਥ ਏਹ ਸਵੱਯੇ ਲਿ
ਖ ਭੇਜੇ। ਯਥਾ ਸਵੈਯਾ॥ ॥ ਜੋ ਕਛੁ ਲੇਖ ਲਿਖ੍ਯੋ ਬਿਧਨਾ ਸੋਈ ਪਾਈਯ
ਤ ਮਿਸ੍ਰ ਜੂ ਸ਼ੋਕ ਨਿਵਾਰੋ। ਮੇਰੋ ਕਛੂ ਅਪ੍ਰਾਧ ਨਹੀਂ ਗਯੋ ਯਾਦ ਤੇ ਭੂਲ ਨਾ ਕੋਪ
ਚਿਤਾਰੋ। ਬਾਗੋ ਨਿਹਾਲੀ ਪਠੈ ਦੈਹੌਂ ਆਜ ਭਲੇ ਤੁਮ ਕੋ ਨਿਸਚੈ ਜੀਅ ਧਾਰੋ। ਛੱਤ੍ਰੀ
ਸਭੈ ਕ੍ਰਿਤ ਬਿਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥੧॥ ਸ: ॥ ਜੁੱਧ ਜਿਤੇ
ਇਨਹੀ ਕੇ ਪ੍ਰਸਾਦ ਇਨਹੀ ਕੇ ਪ੍ਰਸਾਦ ਸੁ ਦਾਨ ਕਰੇ। ਅਘ ਓਘ ਟਰੇ ਇਨਹੀ ਕੇ ਪ੍ਰ
ਸਾਦ ਇਨਹੀ ਕੀ ਕ੍ਰਿਪਾ ਸਬ ਧਾਮ ਭਰੇ। ਇਨਹੀ ਕੇ ਪ੍ਰਸਾਦ ਸੁ ਬਿੱਦਿਆ ਲਈ ਇ
ਨਹੀ ਕੀ ਕ੍ਰਿਪਾ ਸਬ ਸੱਤ੍ਰੁ ਮਰੇ। ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀ
ਬ ਕਰੋਰ ਪਰੇ॥੨॥ ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨਹੂੰ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ। ਆਗੈ ਫਲੈ ਇ
ਨਹੂੰ ਕੋ ਦਯੋ ਜਗ ਮੈ ਜਸ ਔਰ ਦਯੋ ਸਬ ਫੀਕੋ। ਮੋ ਗ੍ਰਹ ਮੈਂ ਤਨ ਤੇ ਮਨ ਤੇ ਸਿਰ ਲੌ

Digitized by Panjab Digital Library | www.panjabdigilib.org

ਧਨ ਹੈ ਸਭ ਗੀ ਇਨ ਹੀ ਕੋ ॥੩॥ ਦੋਹਰਾ ॥ ਪਾਰਦਪਨਾਇ ਚਿਤ ਮੈ ਜਰਮੋ
ਦ੍ਵਿਜ ਐਸੇ ਕ੍ਰੁੱਧ ਤੋਇ ਖੋਜ ਰੋਜ ਕੇ ਹੇਤ ਲੈ ਦਯੋ ਅਸੁਰ ਜੁ ਰੋਇ ॥ ਤਦ ਭਾ
ਈ ਨੰਦ ਲਾਲ ਨੇ ਆਖਿਆ ਸਾਹਿਬਾਂ ਨੇ ਖਾਲਸੇ ਨੂੰ ਗੁਰਿਆਈ ਦੇਕੇ ਆਪਣਾ ਸ
ਰੂਪ ਕੀਤਾ ਹੈ ਤੁਸੀ ਖਾਲਸੇ ਨੂੰ ਸ਼ੂਦ੍ਰ ਨਾ ਸਮਝੋ, ਜਗਤ ਵਿਚ ਗੁਣਾਂ ਦੀ ਵਡਿਆਈ
ਹੈ ਜੋ ਧੀਰਜੀ ਗਿਆਨੀ ਹੈ ਸੋਈ ਪੂਜਨੀਕ ਹੈ ॥ ਇਸ ਤਰਾਂ ਦੀਆਂ ਗੱਲਾਂ ਕਰਕੇ
ਭਾਈ ਨੰਦ ਲਾਲ ਬ੍ਰਾਹਮਣਾਂ ਨੂੰ ਲੈ ਆਯਾ ॥ ਗੁਰੂ ਜੀ ਨੇ ਸਭਨਾਂ ਨੂੰ ਭੋਜਨ ਛਕਾ ਕੇ
ਦੱਛਣਾ ਦੇਕਰ ਬਿਦਾ ਕੀਤਾ ॥ — ਏਸ ਤਰਾਂ ਬ੍ਰਾਹਮਣਾਂ ਦਾ ਹੰਕਾਰ ਦੂਰ ਕਰ ਤੇ ਅ
ਭਿਆਗਤਾਂ ਗਰੀਬਾਂ ਸਿੱਖਾਂ ਸਾਧਾਂ ਦੇ ਦੇਣ ਦਾ ਮਹਾਤਮ ਦੇਖਾ ਕੇ ਫੇਰ ਉਨਾਂ ਨੂੰ ਭੀ
ਬਹੁਤ ਕੁਛ ਦਿੱਤਾ ॥ ਏਸ ਜੱਗ ਅਤੇ ਹੋਮ ਕਰਣੇ ਤੋਂ ਦੇਸ ਪਰਦੇਸ ਵਿਚ ਸਾਰੇ ਗੁਰੂ
ਸਾਹਿਬ ਦੇ ਪਰੋਪਕਾਰ ਤੇ ਪੁੰਨਿਆਂ ਦੀ ਚਰਚਾ ਐਸੀ ਫੈਲੀ ਕਿ ਜੋ ਲੋਗ ਗੁਰੂ ਦੇ ਸਿੱ
ਖ ਭੀ ਨਹੀ ਸੇ ਓਹ ਭੀ ਦਰਸ਼ਨ ਨੂੰ ਆਉਣ ਲੱਗੇ ॥

ਏਸ ਦੇ ਬਾਦ ਇਕ ਬਰਸ ਭਰ ਗੁਰੂ ਜੀ ਅਕਾਲ ਪੁਰਖ ਦੀ ਉਪਾਸ਼ਨਾ ਵਿਚ ਐ
ਸੇ ਤਤਪਰ ਹੋਏ ਜੋ ਕਿਸੇ ਨਾਲ ਬਾਤ ਭੀ ਨਾ ਕਰਨਾ ॥ ਜਿਸ ਤੋਂ ਅਨਜਾਣ ਲੋਗ
ਇਹ ਸਮਝ ਬੈਠੇ ਕਿ ਇਨਾਂ ਨੂੰ ਦੇਵੀ ਉਲਟੀ ਪੈ ਗਈ ਹੈ ॥ ਪਰ ਜਦ ਗੁਰੂ ਜੀ ਨੇ ਇ
ਕ ਸਾਲ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਪੂਰੀ ਕਰ ਲਈ ਤਾਂ ਪੰਥ ਖਾਲਸੇ ਦੇ ਪਰਖ
ਣ ਤੇ ਰਚਣ ਦੀ ਤਜਵੀਜ਼ ਇਸ ਤਰਾਂ ਕੀਤੀ ਕਿ ਪਹਿਲੇ ਤਾਂ ਹੁਕਮਨਾਮੇ ਭੇਜ ਕੇ
ਸਾਰੇ ਦੇਸ਼ਾਂ ਵਿਚੋਂ ਸਿੱਖ ਬੁਲਾ ਲਏ ਤੇ ਸੰ: ੧੭੫੬ ਬਿ: ਨੂੰ ਬੈਸਾਖੀ ਤੋਂ ਇਕ ਦਿਨ
ਪਹਿਲੇ ਕੇਸਗੜ੍ਹ ਵਿਚ ਬਡਾ ਦਰਬਾਰ ਕਰਕੇ ਗੁਰੂ ਜੀ ਨੇ ਉੱਚੇ ਥਾਂ ਖੜੇ ਹੋਕਰ
ਆਖਿਆ ਕਿ ਅਸਾਂ ਦੇਵੀ ਦੀ ਬਲੀ ਪੰਜ ਸਿਖ ਦੇਣੇ ਹਨ ਸੋ ਕੋਈ ਐਸਾ ਸਿੱਖ ਹੈ ਜੋ
ਸਿਰ ਦੇਵੇ ॥ ਏਸ ਬਚਨ ਨੂੰ ਸੁਣ ਕਰ ਤੇ ਗੁਰੂ ਮਹਾਰਾਜ ਦੇ ਨੇਤ੍ਰ ਲਾਲ ਤੇ ਹੱਥ ਵਿਚ
ਨੰਗੀ ਤਲਵਾਰ ਦੇਖਕਰ ਬਹੁਤ ਸਿੱਖਾਂ ਦੇ ਦਿਲ ਕੰਬ ਗਏ ਤੇ ਸੋਚਣ ਲੱਗੇ ਕਿ ਸੱ
ਚ ਮੁੱਚ ਦੇਵੀ ਉਲਟੀ ਪੈ ਗਈ ਹੈ ਤਾਂਹੀ ਅਜੇਹੇ ਬਚਨ ਕਹਿ ਰਹੇ ਹਨ ॥

ਏਤਨੇ ਚਿਰ ਨੂੰ ਭਾਈ ਦਯਾ ਸਿੰਘ ਸੋਢੀ ਖੱਤ੍ਰੀ ਨੇ ਖੜੇ ਹੋਕੇ ਅਰਜ਼ ਕੀਤੀ ਕਿ ਹੇ
ਭਗਵਨ ਸਿਰ ਤਾਂ ਅਸੀਂ ਉਸੇ ਦਿਨ ਦੇ ਚੁਕੇ ਹਾਂ ਜਿਸ ਦਿਨ ਆਪ ਦੇ ਸਿੱਖ ਬਣੇ ਸੇ ॥
ਹੁਣ ਜੇਕਰ ਆਪ ਦੇ ਅਰਥ ਸਿਰ ਲੱਗੇ ਤਾਂ ਧੰਨ ਭਾਗ ਅਸਾਡੇ ॥ ਤਦ ਗੁਰੂ ਜੀ ਉਸੇ

Digitized by Panjab Digital Library | www.panjabdigilib.org

ਫਕੂ ਉਸਨੂੰ ਉਸ ਤੰਬੂਵਿਚ ਲੈਗਏ ਜਿੱਥੇ ਪਹਿਲੇਹੀ ਪੰਜ ਬੱਕਰੇ ਬੇਮਲੂਮੇ ਬੰਨ ਰੱ
ਖੇ ਸੋ ਦਯਾਸਿੰਘ ਨੂੰ ਤਾਂ ਉਥੇ ਇਕ ਪਾਸੇ ਬੈਠਾ ਦਿੱਤਾ ਤੇ ਇਕ ਬੱਕਰੇ ਨੂੰ ਐਸੇ ਢੰਗਨਾ
ਲ ਮਾਰਿਆ ਕਿ ਲਹੂਦੀਧਾਰ ਤੰਬੂਓਂ ਬਾਹਰ ਆਗਈ ਜਿਸਨੂੰ ਦੇਖਕੇ ਬਹੁਤਿਆਂ ਦੇ ਦਿ
ਲ ਧੜਕ ਗਏ ਇਤਨੇ ਨੂੰ ਗੁਰੂ ਸਾਹਿਬ ਬਾਹਰ ਆਏ ਤੇ ਲਹੂਦੀ ਲਿਬੜੀ ਹੋਈ ਤ
ਲਵਾਰ ਚਮਕਾਕੇ ਆਖਿਆ ਹੋਰ ਕੋਈ ਹੈ, ਜੋ ਸਿਰ ਦੇਵੇ ਤਾਂ ਭਾਈ ਧਰਮਸਿੰਘ ਜੱਟ ਸਿੱ
ਖ ਖੜਾ ਹੋਇਆ, ਉਸਨੂੰ ਭੀ ਉਸੇ ਤਰਾਂ ਤੰਬੂ ਵਿਚ ਲੈਜਾਕੇ ਬੈਠਾ ਦਿੱਤਾ ਤੇ ਬੱਕਰਾ ਝਟਕਾ
ਕੇ ਬਾਹਰ ਆਏ ਅਤੇ ਫੇਰ ਉਸੇ ਤਰਾਂ ਆਵਾਜ ਕੀਤੀ ਤਦ ਹਿੰਮਤ ਸਿੰਘ ਖੜਾ ਹੋਇਆ,
ਜਦ ਇਸਨੂੰ ਭੀ ਅੰਦਰ ਲੈਜਾਕੇ ਉਸੇ ਤਰਾਂ ਬਕਰਾ ਝਟਕਾਇਆ ਤੇ ਲਹੂਦੀਧਾਰ ਬਾ
ਹਰ ਨਿਕਲੀ ਤਾਂ ਸਾਰੀ ਸਭਾ ਵਿਚ ਥਰਥੱਲਾ ਪੈਗਿਆ ਪਰ ਗੁਰੂ ਦੇ ਤੇਜ਼ ਦਾ ਦਬਾ
ਉ ਐਸਾ ਬੈਠਾ ਕਿ ਕਿਸੇ ਨੂੰ ਬੋਲਣ ਦੀ ਤੇ ਉੱਠਣ ਦੀ ਤਾਕਤ ਨਾਰਹੀ, ਸਭ ਚਿਤ੍ਰੇਦੀ
ਆਂ ਮੂਰਤਾਂ ਹੋ ਗਏ ਫੇਰ ਚੌਥੀ ਵਾਰੀ ਗੁਰੂਜੀ ਦੀ ਆਵਾਜ਼ ਪਰ ਸਾਹਿਬਸਿੰਘ ਨਾ
ਈ ਸਿੱਖ ਖੜਾ ਹੋਇਆ ਤੇ ਇਸਦੇ ਬਾਦ ਮੁਹਕਮਸਿੰਘ ਛੀਂਬਾ ਹਾਜ਼ਰ ਹੋਇਆ ਇਹ ਪੰ
ਜੇ ਪੰਥ ਵਿਚ ਤੱਤ੍ਵਬੇਤਾ ਮਸ਼ਹੂਰ ਸੇ। ਹੋਰ ਭੀ ਕਈ ਸਿੱਖ ਸਿਰ ਦੇਣ ਨੂੰ ਤਯਾਰ ਸੇ
ਪਰ ਗੁਰੂਜੀ ਨੇ ਫੇਰ ਤੰਬੂਓਂ ਬਾਹਰ ਆਕੇ ਅੱਗੇ ਵਾਂਗੂ ਬਚਨ ਨਾ ਕੀਤਾ ਅੰਦਰ ਹੀ
ਝਟਪਟ ਉਨਾ ਪੰਜਾਂ ਨੂੰ ਬਸਤ੍ਰ ਸ਼ਸਤ੍ਰ ਪਹਿਨਾ, ਆਪ ਪਹਿਨ, ਜਿਗਾ, ਕਲਗੀ ਸਜਾ,
ਉਨਾਂ ਨੂੰ ਨਾਲ ਲੈਕੇ ਬਾਹਰ ਆਗਏ ਤੇ ਉਨਾਂ ਨੂੰ ਚੌਕੀਆਂ ਪਰ ਬੈਠਾਇਆ ਅਤੇ ਆਪ ਸਿੰ
ਘਾਸਨ ਪਰ ਬਿਰਾਜੇ। ਸਭ ਲੋਗ ਜੋ ਭੈ ਨਾਲ ਹੋਸ਼ ਭੁਲਾਕੇ ਮੁਰਝਾਏ ਬੈਠੇ ਸੇ ਸੋ
ਖਿੜ ਆਏ ਤੇ ਪਛੁਤਾਉਣ ਲੱਗੇ ਕਿ ਅਸੀਂ ਕਿਉਂ ਨਾ ਖੜੇ ਹੋਏ ਪਰ ਗੁਰੂ ਸਾਹਿਬ
ਨੇ ਸਭਨੂੰ ਧੀਰਜ ਦੇਕੇ ਬੜੀ ਖੁਸ਼ੀ ਨਾਲ ਤਿਨ ਵਾਰੀ ਧੰਨ ਸਿੱਖੀ ੨ ਆਖਕੇ ਬਚਨ
ਕੀਤਾ ਤੁਸੀਂ ਸਭ ਗੁਰੂ ਕੇ ਲਾਲ ਇਕ ਤੋਂ ਇਕ ਬਿਸਾਲ ਰਤਨ ਦੇ ਤੇ ਚਰਨ ਦੇ ਹੋ ਅਸੀਂ
ਅਕਾਲਪੁਰਖ ਦਾ ਹਜ਼ਾਰਵਾਰ ਧੰਨਬਾਦ ਕਰਦੇ ਹਾਂ ਕਿਉਂਕੇ ਜਦ ਗੁਰੂ ਨਾਨਕ ਸਾ
ਹਿਬ ਨੇ ਸਿੱਖੀ ਪਰਖੀ ਸੀ ਤਾਂ ਇਕ ਗੁਰੂ ਅੰਗਦ ਜੀ ਹੀ ਬੀਜਰੂਪ ਪੂਰੇ ਉਤਰੇ ਸੇ, ਜਿਨ੍ਹਾਂ
ਦੀ ਕ੍ਰਿਪਾ ਨਾਲ ਬੇਸ਼ੁਮਾਰ ਸਿੱਖੀ ਫੈਲ ਰਹੀ ਹੈ ਹੁਣ ਤਾਂ ਪੰਜ ਅੰਗਦ ਪ੍ਰਗਟ ਹੋਗ
ਏ ਤੇ ਹੋਰ ਭੀ ਅਨੇਕ ਪੂਰੇ ਪੁਰਖ ਦੇਖੀਦੇ ਹਨ ਤਾਂਤੇ ਹੁਣ ਪੂਰਾ ੨ ਭਰੋਸਾ ਹੋਗਿਆ ਹੈ
ਜੋ ਇਸ ਪੰਥ ਦੀ ਬਹੁਤ ਬ੍ਰਿਧੀ ਹੋਵੇਗੀ ਅਤੇ ਵੈਦਕ ਧਰਮ ਦੇ ਵਿਰੋਧੀ ਦੁਸ਼ਟਾਂ ਨੂੰ ਮਾਰ

Digitized by Panjab Digital Library | www.panjabdigilib.org

ਕੇ ਫਤੇ ਪਾਵੇਂਗੇ, ਸਆਣੇ ਲੋਗ ਪੰਚਾਂ ਵਿਚ ਪਰਮੇਸ੍ਵਰ ਮੰਨਦੇ ਹਨ ਯਥਾ ਗੁਰਬਾ
ਣੀਬੋਵਾਚਾ (ਪੰਚਪਰਵਾਨ ਪੰਚ ਪਰਧਾਨ ਪੰਚੇ ਪਾਵਹਿ ਦਰਗਹ ਮਾਨ) ਸੋ ਹੁਣ
ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਨਾਲ ਸਰਬ ਕਾਰਜ ਸਿੱਧ ਹੋਣਗੇ, ਇਸ ਪ੍ਰਕਾਰ ਸ
ਬ ਸੰਗਤਾਂ ਨੂੰ ਭਰੋਸਾ ਤੇ ਖੁਸ਼ੀ ਬਖਸ਼ ਕੇ ਦੀਵਾਨ ਬਰਖਾਸਤ ਕੀਤਾ।
ਫੇਰ ਬੈਸਾਖੀ ਦੇ ਦਿਨ ੧੭੫੬ ਬਿ: ਨੂੰ ਕੇਸਗੜ੍ਹ ਸਜਾ ਲਾ ਕੇ ਉਨਾਂ ਪੰਜਾਂ ਸਿੱਖਾਂ ਨੂੰ ਕੱ
ਛ ਕ੍ਰਿਪਾਨ ਆਦਿਕ ਸੁੰਦਰ ਬਸਤ੍ਰ ਪਹਿਨਾ ਸਜਾ ਕੇ ਅੱਗੇ ਖੜੇ ਕਰ ਵਾਹਿਗੁਰੂ ਦ
ਜਪਣੇ ਦਾ ਹੁਕਮ ਦਿੱਤਾ ਤੇ ਆਪ ਇਕ ਬਰਤਨ ਵਿਚ ਦਰਿਆ ਦਾ ਜਲ ਤੇ ਪਤਾ
ਸੇ ਪਾ ਕੇ ਵਿਚ ਕਾਰਦ ਖੰਡਾ ਫੇਰਦੇ ਹੋਏ ਜਪ ਜਾਪ ਜੀ ਸਵੱਯੇ ੧੦ ਚੌਪਾਈ, ਅਨੰਦ ਪ
ੜ੍ਹ ਕੇ ਅੰਮ੍ਰਿਤ ਤੈਯਾਰ ਕੀਤਾ। ਪਹਿਲੇ ਪੰਜਵਾਰੀ ਉਸੇ ਖੰਡੇ ਨਾਲ ਆਪਣੇ ਮੂੰਹ
ਵਿਚ ਪਾਯਾ ਫੇਰ ਉਨਾਂ ਨੂੰ ਪਹਿਲੇ ਪੰਜ ੨ ਚੁਲੇ ਪਿਲਾਏ ਫੇਰ ਕੇਸਾਂ ਵਿਚ ਪਾਏ, ਫੇਰ
ਨੇਤ੍ਰਾਂ ਪਰ ਛਿੜਕਾਏ, ਬਾਕੀ ਜੋ ਬਚਿਆ ਸਭ ਨੂੰ ਇਕੋ ਬਰਤਨ ਵਿਚ ਪਿਲਾਇ ਦਿੱਤਾ
ਹਰਇਕ ਚੁਲੇ ਨਾਲ (ਬੋਲ ਵਾਹਗੁਰੂ ਜੀ ਕਾ ਖਾਲਸਾ ਬੋਲ ਵਾਹਗੁਰੂ ਜੀ ਕੀ ਫਤੇ)
ਇਹ ਇਸਮੰਤ੍ਰ ਉਚਾਰਨ ਕਰਦੇ ਕਰਾਂਉਦੇ ਰਹੇ। ਪੁਨਹ ਇੱਕੋ ਹੀ ਬਰਤਨ ਵਿਚ ਸਭ
ਨੂੰ ਇਕੱਠੇ ਬੈਠਾ ਕਰ ਕੜਾਹ ਪ੍ਰਸਾਦ ਛਕਾ ਕੇ ਰਹਿਤ ਬਤਾਈ। ਕੱਛ, ਕ੍ਰਿਪਾਨ, ਕੇਸ
ਹਮੇਸ਼ ਰੱਖਣੇ, ਕੁੱਠਾ, ਤਮਾਕੂ, ਮੁਸਲੀ ਕਦੇ ਨਹੀਂ ਬਰਤਨੇ। ਅੱਜ ਤੋਂ ਤੁਸੀ ਸੋਢਬੰਸ
ਖਾਲਸਾ ਛੱਤ੍ਰੀ ਬਰਣ ਹੋਏ ਤੇ ਜਨਮ ਪਟਨੇ ਦਾ ਵਾਸੀ ਅਨੰਦਪੁਰ ਦੀ ਹੋਏ। ਇਕ ਪਿ
ਤਾ ਦੇ ਪੁੱਤ੍ਰ ਸਕੇ ਭਾਈ ਹੋ ਗਏ, ਪਿਛਲੀ ਜਾਤ ਪਾਤ ਸਭ ਜਾਂਦੀ ਰਹੀ। ਸ਼ਸ੍ਤ੍ਰ ਨਾਲ ਜੀ
ਵਕਾ ਕਰਨੀ, ਜੇ ਏਹ ਨਾ ਬਣੇ ਤਾਂ ਖੇਤੀ ਬ੍ਯਾਪਾਰ ਮਿਹਨਤ ਕਰ ਛਕਣਾ, ਗੈਰਕੌਮ
ਦੀ ਗੁਲਾਮੀ ਨਹੀਂ ਕਰਨੀ, ਰੋਟੀ ਬੇਟੀ ਦੀ ਸਾਂਝ ਸਿੱਖਾਂ ਨਾਲ ਰੱਖਣੀ, ਚੋਰੀ, ਠੱਗੀ, ਨਿੰਦਾ
ਚੁਗਲੀ ਨਹੀਂ ਕਰਨੀ, ਧਰਮ ਦੀ ਕ੍ਰਿਤ ਕਰ ਖਾਣੀ। ਗੁਰੂ ਦੀ ਬਾਣੀ ਪੜ੍ਹਨੀ, ਸਿੱਖਸਾ
ਧੂ ਦੀ ਸੇਵਾ, ਗਊ ਬ੍ਰਾਹਮਣ ਦੀ ਰਖ੍ਯਾ ਕਰਣੀ, ਆਪਣੀ ਕਮਾਈ ਵਿਚੋਂ ਦਸਵੰਧ ਦਿੰਦੇ
ਰਹਣਾ, ਸਿਵਾਇ ਅਕਾਲ ਪੁਰਖ ਦੇ ਹੋਰ ਕਿਸੇ ਦੇਵੀ ਦੇਵਤਾ ਦੇ ਮੰਦਰ, ਮੂਰਤੀ, ਮੜ੍ਹੀ,
ਮਸਾਣੀ, ਸਮਾਧ, ਗੋਰ ਨੂੰ ਨਹੀਂ ਮੰਨਣਾ, ਸ੍ਵਾਸ ਸ੍ਵਾਸ ਵਾਹਿਗੁਰੂ ਦਾ ਸਿਮਰਣ ਤੇ ਸ
ਸ੍ਤ੍ਰ ਸਾਸਤ੍ਰ ਵਿਦਿਆ ਦਾ ਅੱਭਿਆਸ ਕਰਦੇ ਰਹਣਾ। ਇਤਯਾਦਿਕ ਰਹਤ ਮਰਯਾਦਾ
ਬਤਾ ਕੇ ਉਨ੍ਹਾਂ ਦੇ ਨਾਮ ਸਿੰਘ ਰੱਖੇ ਤੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਮਾਲਾ ਮੰਤ੍ਰ—

Digitized by Panjab Digital Library | www.panjabdigilib.org

ਪੰਜਵਾਰੀ ਪਣਾ ਦਿੱਤਾ। ਫੇਰ ਏਸੇ ਤਰਾਂ ਓਨ੍ਹਾਂ ਪੰਜਾਂ ਤੋਂ ਅੰਮ੍ਰਿਤ ਤਯਾਰ ਕਰਾ ਕਰ ਗੁਰੂ ਸਾਹਿਬ ਨੇ ਆਪ ਛਕ ਕੇ ਏਹ ਬਚਨ ਕੀਤਾ। (ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ) ਏਸ ਤੋਂ ਆਪਣੇ ਸਿੱਖਾਂ ਨੂੰ ਏਹ ਜਿਤਾਯਾ ਕੇ ਦੁਨੀਆ ਵਿਚ ਸਬ ਆਦਮੀ ਇੱਕੋ ਜੇਹੇ ਹਨ ਸਿਰਫ ਗੁਣਾਂ ਦੀ ਵਡਿਆਈ ਹੈ।

ਜੈਸੇ ਮੁਹੱਮਦ ਸਾਹਿਬ ਨੇ ਆਪਣੇ ਪਹਿਲੇ ਮੇਲੀ ਉਮਰ, ਅਬੂਬਕਰ, ਸਦੀਕ, ਅਲੀ ਏਨਾਂ ਚੌਹਾਂ ਨੂੰ ਯਾਰਾਂ ਦਾ ਖਿਤਾਬ ਦਿੱਤਾ ਸੀ ਤੈਸੇ ਗੁਰੂ ਜੀ ਨੇ ਏਨਾਂ ਪੰਜਾਂ ਨੂੰ ਪਯਾਰਿਆਂ ਦੀ ਪਦਵੀ ਬਖਸ਼ੀ। ਫੇਰ ਬ੍ਰਮਨ, ਖੱਤ੍ਰੀ, ਬੈਸ਼, ਸੂਦਰ ਚਾਰੇ ਬਰਣ ਦੇ ੨੫ ਆਦਮੀਆਂ ਨੂੰ ਇਸੇ ਤਰਾਂ ਅੰਮ੍ਰਿਤ ਛਕਾ ਕੇ, ਚਾਰ ਬਰਣ ਕੇ ਏਕੋ ਭਾਈ ਬਣਾ ਕਰ ਓਨ੍ਹਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ। ਏਸੇ ਪ੍ਰਕਾਰ ਸੈਂਕੜੇ ਸਿੱਖ ਰੋਜ਼ ੨ ਅੰਮ੍ਰਿਤ ਛਕ ਕੇ ਸਿੰਘ ਬਣਨ ਲੱਗੇ। ਫੇਰ ਗੁਰੂ ਸਾਹਿਬ ਨੇ ਇਕ ੨ ਪਯਾਰੇ ਨਾਲ ਚਾਰ ੨ ਹੋਰ ਸਿੰਘ ਦੇ ਕੇ ਦੇਸ ਦੇਸ ਵਿਚ ਭੇਜ ਦਿੱਤਾ ਏਨ੍ਹਾਂ ਨੇ ਕਈ ਹਜ਼ਾਰ ਸਿੰਘ ਬਣਾ ਲਏ। ਫੇਰ ਤਾਂ ਸਾਰੇ ਪੰਜਾਬ ਵਿਚ ਏਸੇ ਪੰਥ ਦੀ ਚਰਚਾ ਚਲ ਪਈ। ਸੰ: ੧੭੫੬ ਬਿ: ਨੂੰ ਹੋਲੇ ਦੇ ਮੇਲੇ ਪਰ ਜਦ ਬਹੁਤ ਸੰਗਤ ਆਈ ਤਾਂ ਇਕ ਦਿਨ ਭਾਈ ਉਦੇ ਸਿੰਘ ਸ਼ੇਰ ਮਾਰ ਕੇ ਲੈ ਆਯਾ, ਗੁਰੂ ਸਾਹਿਬ ਨੇ ਉਸ ਦੀ ਖਲੜੀ ਗਧੇ ਉੱਪਰ ਸਿਵਾਇ ਕੇ ਖੇਤਾਂ ਵਿਚ ਛੁਡਾ ਦਿੱਤਾ। ਕੋਈ ਜੱਟ ਉਸ ਦੇ ਨਜ਼ਦੀਕ ਨਾ ਜਾਵੇ ਓਹ ਖੇਤ ਖਾਂਦਾ ਫਿਰੇ। ਪਰ ਉਹ ਜਦ ਦੂਸਰੇ ਗਧੇ ਦੀ ਬੋਲੀ ਸੁਣ ਕੇ ਹੀਂਗ ਪਿਆ ਤਾਂ ਲੋਕਾਂ ਨੇ ਮਾਰ ਕੁੱਟ ਕੇ ਘੁਮਾਰ ਦੇ ਹਵਾਲੇ ਕੀਤਾ। ਏਹ ਕੌਤਕ ਸੰਗਤ ਨੂੰ ਦੇਖਾ ਕੇ ਗੁਰੂ ਸਾਹਿਬ ਨੇ ਸੁਣਾਯਾ ਕਿ ਦੇਖੋ ਖਾਲ ਸਾਜੀ ਸ਼ੇਰ ਦੇ ਬੁਰਕੇ ਦਾ ਪ੍ਰਤਾਪ ਏਹ ਹੋਯਾ ਕਿ ਲੋਕ ਗਧੇ ਤੋਂ ਡਰਦੇ ਰਹੇ, ਪਰ ਜਦ ਉਸ ਨੇ ਆਪਣਾ ਗਧਾਪਣ ਜ਼ਾਹਰ ਕੀਤਾ ਤਾਂ ਉਸ ਤੋਂ ਗਧੇ ਦਾ ਕੰਮ ਲੀਤਾ ਗਿਆ। ਤੈਸੇ ਹੁਣ ਤੁਹਾਨੂੰ ਏਹ ਸ਼ੇਰ ਦਾ ਸੱਚਾ ਬੁਰਕਾ ਪਹਿਨਾਯਾ ਹੈ ਜਦ ਤਕ ਤੁਸੀ ਏਸ ਦੀ ਰਹਣੀ ਰੱਖੋਗੇ ਤਦ ਤਕ ਤੁਹਾਨੂੰ ਕੋਈ ਨਾ ਦਬਾ ਸਕੇਗਾ। ਜਦ ਤੁਸੀ ਪਿਛਲੀ ਜਾਤਿ ਨਾਲ ਰਲੋਗੇ ਤਦ ਤੁਹਾਡਾ ਤੇਜ ਘਟ ਜਾਵੇਗਾ ਤੇ ਬ੍ਰਮਾ ਰੂਪੀ ਘੁਮਾਰ ਦੇ ਜਨਮ ਮਰਨ ਦੇ ਭਾਰ ਨੂੰ ਚੁੱਕੋਗੇ। — ਗੁਰੂ ਜੀ ਦੇ ਇਸ ਦ੍ਰਿਸ਼ਟਾਂਤ ਦਾ ਸਿਧਾਂਤ ਨੂੰ ਸੁਣ ਦੇਖ ਕੇ ਸਿੱਖਾਂ ਦੇ ਦਿਲਾਂ ਪਰ ਐਸਾ ਅਸਰ ਹੋਯਾ ਕਿ ਸਭ ਸਿੱਖ ਖੰਡੇ ਦਾ ਅੰਮ੍ਰਿਤ ਛਕ ਛਕ ਕੇ ਸਿੰਘ ਸਜਣ ਲੱਗੇ ਤੇ ਰਹਤ ਪਰ ਚੱਲਣ ਲੱਗੇ।

Digitized by Panjab Digital Library | www.panjabdigilib.org

ਸੰਮਤ ੧੭੫੭ ਬਿ: ਵਿਚ ਇਕ ਸਿੱਖ ਭਾਈ ਰਾਮੂ ਬਸੀ ਖੱਤ੍ਰੀ ਰੁਹਤਾਸ ਦੇ ਨਿਵਾਸੀ ਨੇ ਆਪਣੀ ਬੇਟੀ ਸਾਹਿਬ ਦੇਵੀ ਦਾ ਡੋਲਾ ਗੁਰੂ ਜੀ ਦੀ ਨਜ਼ਰ ਕੀਤਾ। ਗੁਰੂ ਸਾਹਿਬ ਏਹ ਬਿਵਾਹ ਕਰਨਾ ਨਹੀਂ ਚਾਹੁੰਦੇ ਸੇ ਪਰ ਉਸ ਸਿੱਖ ਨੇ ਆਖਿਆ ਮੈਂ ਤੁਹਾਡੇ ਨਮਿਤ ਏਸ ਨੂੰ ਪਾਲਿਆ ਹੈ ਹੁਣ ਹੋਰ ਨੂੰ ਨਹੀਂ ਦੇ ਸਕਦਾ, ਅਤੇ ਮੋੜ ਕੇ ਲੈ ਜਾਣ ਤੇ ਮੇਰੀ ਇੱਜ਼ਤ ਨਹੀਂ ਰਹਿੰਦੀ ਏਥੇ ਤੁਹਾਡੇ ਲੰਗਰ ਦੇ ਬਰਤਨ ਮਾਂਜਿਆ ਕਰੇਗੀ। ਇਤਿਆਦਿਕ ਉਸ ਦੀ ਦੀਨਤਾ ਦੇਖਕੇ ੧੮ ਬੈਸਾਖ ਨੂੰ ਸ਼ਾਦੀ ਕਰ ਲਈ। ਤੇ ਏਸ ਦੀ ਝੋਲੀ ਵਿਚ ਸਰਬ ਖਾਲਸੇ ਨੂੰ ਪਾਯਾ ਏਸੇ ਕਰਕੇ ਹੁਣ ਤਕ ਅੰਮ੍ਰਿਤ ਛਕਾਵਣ ਦੇ ਵਕ੍ਤ ਹਰ ਏਕ ਸਿੰਘ ਨੂੰ ਆਖਿਆ ਜਾਂਦਾ ਹੈ ਕਿ ਅੱਜ ਤੋਂ ਮਾਤਾ ਸਾਹਿਬ ਦੇਵੀ ਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਹੋਏ।

ਗੁਰੂ ਜੀ ਦੇ ਨਵੀਨ ਪੰਥ ਦੀ ਰਚਨਾ ਸੁਣ ਕੇ ਦੇਖਣ ਵਾਸਤੇ ਬੇਸ਼ੁਮਾਰ ਲੋਗ ਦੇਸ ਦੇਸ ਤੋਂ ਆਉਣ ਲੱਗੇ ਤੇ ਬੜੀ ਭਾਰੀ ਭੀੜਾ ਗੁਰੂ ਜੀ ਪਾਸ ਹਰ ਵੇਲੇ ਰਹਣ ਲੱਗੀ।

ਗੁਰੂ ਸਾਹਿਬ ਨੂੰ ਪਹਿਲੇ ਭੀ ਮਸੰਦਾਂ ਦੀਆਂ ਚੋਰੀਆਂ ਤੇ ਸਖਤੀਆਂ, ਬਦ ਚਲਨੀਆਂ, ਬਹੁਤ ਸਿੱਖ ਕਈ ਵਾਰੀ ਸੁਣਾ ਚੁਕੇ ਸੇ। ਪਰ ਏਸ ਸਮੇ ਇਕ ਸੇਠ ਰਾਮਲਾਲ[1] ਜਹੜੀਏ ਸਿੱਖ ਨੇ ਇਕ ਬੜਾ ਕੀਮਤੀ ਚੂੜਾ ਹੀਰੇ, ਪੰਨੇ, ਮਾਣਿਕ, ਚੂਨੀ, ਪੁਖਰਾਜ, ਤਾਮੜੇ, ਲਸਨੀਏ, ਨੀਲਮ, ਫੀਰੋਜ਼ੇ, ਹਕੀਕ, ਲਾਲ, ਮੋਤੀ, ਸਬਜ਼ੇ ਆਦਿਕਾਂ ਨਾਲ ਜੜਿਆ ਹੋਯਾ ਗੁਰੂ ਦੀ ਨਜ਼ਰ ਕੀਤਾ। ਦੇਖਕੇ ਸਭ ਨੇ ਸਰਾਹਿਆ ਤਾਂ ਉਸ ਨੇ ਅਰਜ਼ ਕੀਤੀ ਜੀ ਏਦੂੰ ਚੰਗਾ ਇਕ ਚੂੜਾ ਪਹਿਲੇ ਭੀ ਵੱਡੀ ਸਾਹਿਬਾਣੀ ਵਾਸਤੇ ਬੁਲਾਕੀ ਦਾਸ ਮਸੰਦ ਦੇ ਹਥ ਭੇਜਿਆ ਸੀ ਸੋ ਪਹੁੰਚਿਆ ਹੋਵੇਗਾ। ਗੁਰੂ ਜੀ ਨੇ ਬੁਲਾਕੀ ਨੂੰ ਪੁੱਛਿਆ ਤਾਂ ਉਸ ਨੇ ਆਖਿਆ ਜੀ ਲਿਆਯਾ ਤਾਂ ਠੀਕ ਸਾਂ ਪਰ ਚੋਰੀ ਜਾਂਦਾ ਰਿਹਾ ਪਰ ਉਸ ਦੇ ਸ਼ਰੀਕ ਨੇ ਦੱਸਿਆ ਏਸ ਦੀ ਇਸਤ੍ਰੀ ਪਾਸ ਓਹ ਚੂੜਾ ਹੈ। ਗੁਰੂ ਜੀ ਨੇ ਗੁਪਤ ਆਦਮੀ ਉਸ ਦੇ ਘਰ ਭੇਜ ਕੇ ਓਹ ਕਢਵਾ ਮੰਗਾਯਾ। ਦੂਸਰੇ ਪਟਨੇ ਸਾਹਿਬ ਦੇ ਰਾਜਾ ਫਤੇ ਚੰਦ ਨੇ ਬਾਦਲੇ ਦਾ ਥਾਨ, ਇਕ ਜੋੜੀ ਸੁਇਨੇ ਦੇ ਕੜਿਆਂ ਦੀ ਨਜ਼ਰ ਕਰਕੇ ਅਰਜ਼ ਕੀਤੀ ਕਿ ਮਸੰਦ ਘਨੈਸ਼ਿਆਮ[2] ਦੇ ਹਥ ਅੱਗੇ ਭੀ ਏਤਨੀ ਹੀ ਚੀਜ਼ ਭੇਜੀ ਸੀ। ਤੇ ਸਾਰੇ ਗਨਪਤ ਸੇਠ

1 ਏਸੇ ਰਾਮਲਾਲ ਜਹੜੀਏ ਦੇ ਪੜੋਤੇ ਲੱਲੂ ਸੇਠ ਮਕਸੂਦਾਬਾਦੀ ਏਨੇ ਮੰਜੀ ਸਾਹਿਬ ਦੇ ਪਾਏ ਦੋ ਥਾਲ, ਪੰਜ ਕੌਲ, ਇਕ [illegible], ਚੌਰ ਦੀ ਡੰਡੀ ਗੁਲਾਬਦਾਨੀ ਆਦਿਕ ਦੋ ਹਜ਼ਾਰ ਰੁਪਏ ਦਾ ਅਸਬਾਬ ਪਟਨੇ ਸਾਹਿਬ ਹਰਿਮੰਦਿਰ ਵਿਚ ਚੜ੍ਹਾਯਾ ਸੀ। 2 ਏਸੇ ਦੀ ਸੰਤਾਨ ਪਟਨੇ ਸਾਹਿਬ ਗੁਲਾਬ ਸਿੰਘ ਜੀ ਜੀ ਆਦਿਕ ਪੁਜਾਰੀ ਹੈਂ।

Digitized by Panjab Digital Library | www.panjabdigilib.org

ਸ਼ਿਕਾਰਪੁਰੀਏ ਨੇ ਕਨਾਵੇਜ਼ ਬੁਖਾਰੀ ਤੇ ਕੁਛ ਤਿੱਲੇ ਭੇਟਾ ਕਰਕੇ ਆਖਿਆ ਜੀ ਪਹਿ
ਲੇ ਭੀ ਚੇਤੇ ਅਮੀਰ ਦੇ ਹੱਥੀ ਗਰਦੇ ਤੇ ਬਾਦਲੇ ਦਾ ਥਾਨ ਭੇਜਿਆ ਸੀ। ਚੌਥੇ ਗੁਰਦਿੱਤ
ਮੱਲ ਸੌਦਾਗਰ ਆਗਰੇ ਵਾਲੇ ਨੇ ਭੀ ਹੀਰੇ ਜੀਰੇ ਦਸਤਾਰੇ, ਬਨਾਰਸੀ ਦੁਪੱਟੇ ਕਰਮੇ
ਅਮੀਰ ਦ੍ਵਾਰਾ ਪਹੁੰਚਾਏ ਸੁਣਾਏ। ਪੰਜਵੇਂ ਦੀਵਾਨ ਚੈਨਰਾਇ ਸਿੰਧ ਹੈਦਰਾਬਾਦ ਵਾ
ਲੇ ਦੇ ਬਹੁਤ ਤੋੜੇ ਮੋਹਰੇ ਰੁਪਏ ਅਮੀਰਾਂ ਦੇ ਹੱਥ ਆਏ ਸੁਣੇ, ਜੇਹੜੇ ਉਨ੍ਹਾਂ ਗੁੰਮ ਕਰ ਲ
ਏ। ਏਸੇ ਤਰਾਂ ਕਈ ਵਾਰੀ ਕਾਬੁਲ, ਕੰਧਾਰ, ਪਸ਼ੌਰ ਆਦਿਕ ਅਸਥਾਨਾਂ ਵਿਚੋਂ ਸਿੱਖਾਂ
ਦੇ ਪਦਾਰਥ ਭੇਜੇ ਹੋਏ ਅਨੇਕ ਅਮੀਰਾਂ ਦੇ ਘਰੋਂ ਮੰਗਾ ਕਰ ਦੇਖ ਤਾਂ ਛੱਡੇ ਸੇ, ਪਰ ਬਹੁ
ਤ ਤਾੜਨਾ ਕਦੇ ਨਹੀਂ ਕੀਤੀ ਸੀ। ਏਸੇ ਸਮੇ ਕੁਦਰਤ ਨਾਲ ਗੁਰੂ ਦੀ ਸਭਾ ਵਿਚ ਅ
ਮੀਰਾਂ ਦਾ ਸ੍ਵਾਂਗ ਸ੍ਵਾਂਗੀ ਲੈ ਆਏ। ਇਕ ਅਮੀਰ ਦੋ ਘੋੜੀਆਂ, ਦੋ ਵਛੇਰੇ, ਇਕ ਕੰ
ਜਰੀ, ਚਾਰ ਨਫਰ, ਚਾਰ ਕੁਤੇ ਸ਼ਿਕਾਰੀ ਨਾਲ ਲੈ ਕੇ ਇਕ ਗਰੀਬ ਸਿੱਖ ਸਰਧਾਲੂ
ਦੇ ਬੂਹੇ ਅਗੇ ਆਕੇ ਆਵਾਜ਼ ਕੀਤੀ, ਓ ਸਿੱਖ, ਓ ਸਿੱਖ, ਓ ਗੁਰੂ ਕੇ ਮਾਰੇ ਸਿੱਖ, ਤੇਰੇ
ਦ੍ਵਾਰੇ ਗੁਰੂ ਕੇ ਆਏ ਹਨ ਤੂੰ ਛੇਤੀ ਬਾਹਰ ਨਿਕਲ। ਸਿੱਖ ਆਵਾਜ਼ ਸੁਣਕੇ ਆਇ ਚ
ਰਣੀ ਲੱਗਾ ਅਮੀਰ ਨੇ ਲੱਤ ਮਾਰਕੇ ਆਖਿਆ ਗੁਰੂ ਦੇ ਪੱਟੇ ਹੋਏ ਖਾਲੀ ਹੱਥ ਕਿਓਂ ਆ
ਯਾ, ਦਰਸਨ ਭੇਟਾ ਲੈ ਆ, ਦੁਧ, ਸਰਦਾਈ, ਪਲੰਘ ਬਿਛਾਈ, ਇਕ ਕੋਠਾ ਇਕੰਤ ਘੋ
ੜੀਆਂ ਨੂੰ ਨਿਹਾਰੀ, ਦਾਣਾ, ਹਰਾ ਘਾਸ ਤੇ ਵਛੇਰਿਆਂ ਨੂੰ ਸੇਰ ਮੱਖਣ, ਮੁੱਠੀ ਮਿਰਚ
ਕਾਲੀ ਛੇਤੀ ਹਾਜ਼ਰ ਕਰ। ਬੇਗਮ ਸਾਹਿਬ ਦੇ ਇਸ਼ਨਾਨ ਵਾਸਤੇ ਦੋ ਗਾਗਰ ਜਲ ਗਰ
ਮ, ਦਹੀ, ਵੇਸਣ, ਫੁਲੇਲ ਦੇਕੇ ਸਿੱਖਣੀ ਨੂੰ ਭੇਜ। ਸਿੱਖ ਨੇ ਆਪਣੀ ਬੇਟੀ ਨੂੰ ਤਾਂ ਬੇ
ਗਮ ਦੀ ਸੇਵਾ ਵਿਚ ਤੇ ਸਿਖਣੀ ਨੂੰ ਪ੍ਰਸ਼ਾਦ ਕਰਨ ਲਾਯਾ ਅਤੇ ਬੇਟੇ ਨੂੰ ਸਬਜ਼ ਘਾ
ਸ ਲੈਣ ਭੇਜਿਆ ਤੇ ਆਪ ਔਰਤ ਦੀ ਨੱਥ ਗਹਿਣੇ ਰੱਖਕੇ ਖੰਡ, ਘੀ, ਮਸਾਲਾ ਘਰ
ਧਰਕੇ, ਆਪ ਦੁਧ ਖੰਡ ਤੇ ਦੋ ਰੁਪਏ ਲੈਕੇ ਅਮੀਰ ਅੱਗੇ ਆਣ ਧਰਿਆ। ਅਮੀਰ ਨੇ ਆ
ਖਿਆ ਮੱਖਣ ਮਿਰਚਾਂ ਕਿਓਂ ਨਹੀਂ ਲਿਆਯਾ। ਗੁੱਸੇ ਨਾਲ ਦੁੱਧ ਕੁੱਤਿਆਂ ਅਗੇ ਰਖਵਾ ਕੇ
ਰੁਪਏ ਦੋਵੇਂ ਪੈਰ ਦੀ ਠੋਕਰ ਨਾਲ ਬੇਗਮ ਦੀ ਤਰਫ ਕਰ ਦਿੱਤੇ ਤੇ ਗਾਲੀਂ ਦੇਕੇ ਆਖਿਆ।
ਦੁਸ੍ਰਾ ਬਰਸ ਦਿਨਾਂ ਪਿੱਛੋਂ ਏਹੋ ਦੋ ਛਿੱਲੜ ਦਰਸਨੀ ਭੇਟਾ ਤੈਥੋਂ ਸਰੇ। ਜਾਹ ਛੇਤੀ
ਮਿਸਰੀ, ਨਾਰੀਆਂ ਬਾਦਾਮ, ਚਾਰੇ ਮਗਜ਼, ਸਰਦਾਈ ਕਰਕੇ ਲਿਆ। ਸਿੱਖ ਦੂਸਰੇ
ਪਿੰਡੋਂ ਮਿਸਰੀ ਲੈਣ ਗਿਆ ਪਿੱਛੋਂ ਸਿਖਣੀ ਨੂੰ ਆਖਿਆ ਖੂੰਜੀ ਦੇ ਆਈ ਤੇਰੇ ਜਵਾਈ

Digitized by Panjab Digital Library | www.panjabdigilib.org

ਤਿਹਾਏ ਬੈਠੇ ਹਾਂ, ਦੁੱਧ ਖੰਡ ਲਿਆ, ਠੰਢਾ ਕਰ ਪਿਲਾਇ, ਉਸ ਵਿਚਾਰੀ ਨੇ ਗਵਾਂਢੀਆਂ
ਤੋਂ ਦੁੱਧ ਮੰਗ ਕੇ, ਖੰਡ ਪਾ ਕੇ ਲਿਆ ਦਿੱਤਾ ਪਰ ਮਸੰਦ ਜੀ ਨੇ ਥੋੜ੍ਹਾ ਸਮਝ ਕੇ ਗੁਰੂ ਦੀ
ਸ੍ਰਾਪੀ ਹੋਈ ਇਕ ਚੁੱਲ੍ਹੂ ਚਿੱਟਾ ਪਾਣੀ ਲਿਆਈ ਆਖ ਕੇ ਗੁੱਸੇ ਹੋ ਭਾਂਡਾ ਭੰਨ ਸਿੱਟਿਆ।
ਏਤਨੇ ਨੂੰ ਸਿੱਖ ਦੇ ਬੇਟੇ ਨੇ ਘਾਸ ਦੀ ਪੰਡ ਲਿਆ ਦਿੱਤੀ, ਸੋ ਭੀ ਦੇਖ ਕੇ ਖੁਸ਼ੀ ਨਾ ਹੋਯਾ,
ਦੋ ਮੰਜੇ ਨਾ ਪਸੰਦ ਕਰ ਤੋੜ ਛੱਡੇ। ਫੇਰ ਸਿੱਖ ਨੇ ਅਸਰੀ ਲਿਆ ਦਿਤੀ, ਕੁਛ ਪੀਤੀ ਬਾ
ਕੀ ਬੇਗਮ ਦੇ ਨਫਰ ਨੂੰ ਫੜਾ ਦਿੱਤੀ। ਪ੍ਰਸ਼ਾਦ ਕੜਾਹ ਖੀਰ ਤੱਯਾਰ ਹੋਯਾ, ਸੋ ਜਦ ਅੱ
ਗੇ ਰੱਖਿਆ ਤਾਂ ਨੱਕ ਚੜ੍ਹਾ ਕੇ ਬੋਲਿਆ ਅਸੀਂ ਪਸ਼ੂ ਹਾਂ ਜੋ ਨਸ਼ਾ ਪੀਤੇ ਬਿਨਾ ਖਾਈਏ, ਦੋ ਬੋ
ਤਲਾਂ ਇੱਕ ਬੱਕਰਾ ਮਹਾਪ੍ਰਸਾਦ ਛਕਾ ਨਹੀਂ ਤਾਂ ਹੁਣੇ ਸਰਾਪ ਦੇ ਕੇ ਤੇਰੀ ਕੁਠਾਲੀ ਗਾ
ਲਦਾ ਹਾਂ। ਸਿੱਖ ਕੰਬਿਆ ਤੇ ਹੱਥ ਜੋੜ ਕੇ ਆਖਿਆ ਹੁਣੇ ਲਿਆ। ਏਹ ਕਹਿ ਕੇ ਜ਼ਮੀਨ ਗ
ਹਿਣੇ ਧਰਨ ਦਾ ਇਕਰਾਰ ਕਰ, ਸਭ ਚੀਜ਼ ਤੱਯਾਰ ਕਰ ਦਿੱਤੀ। ਪਰ ਫੇਰ ਭੀ ਮਸੰਦ
ਜੀ ਨੇ ਪੰਜ ਰੁਪਏ ਲਏ ਬਿਨਾ ਰੋਟੀ ਨਾ ਖਾਧੀ। ਸਵੇਰੇ ਤੁਰਦਾ ਹੋਯਾ ਬੇਗਮ ਨੂੰ
ਤੇਉਰ ਤੇ ਨਫਰਾਂ ਨੂੰ ਬਿਦਾਈ ਦੇਵਾਉਣ ਉੱਤੇ ਅੜ ਬੈਠਾ, ਓੜਕ ਲੈ ਕੇ ਭੀ ਸਬਰ ਨਾਂ
ਕੀਤਾ ਤੇ ਨਫਰ ਵਾਸਤੇ ਸਿੱਖ ਦੀ ਬੇਟੀ ਦਾ ਸਾਕ ਮੰਗਿਆ, ਸਿੱਖ ਨੇ ਆਖਿਆ ਜੇ ਮੰਗੀ ਹੋਈ
ਨਾ ਹੁੰਦੀ ਤਾਂ ਦੇ ਦਿੰਦਾ, ਏਹ ਸੁਣ ਕੇ ਲਾਲ ਲੋਹਾ ਹੋ ਗੁਰੂ ਮਾਰਿਆ, ਗੁਰੂ ਦਾ ਸਰਾਪਿਆ ਹੋ
ਯਾ, ਤੈਨੂੰ ਗੁਰੂ ਪੁੱਟੇ, ਤੂੰ ਬਹਾਨਾ ਕਰ ਕੇ ਗੁਰੂ ਘਰ ਤੋਂ ਬੇਮੁਖ ਹੋ ਗਿਆ ਹੈਂ ਏਹੋ ਜੇਹੀਆਂ
ਖੁਸ਼ੀਆਂ ਦਿੰਦਾ ਹੋਯਾ ਦੂਸਰੇ ਪਿੰਡ ਨੂੰ ਤੁਰ ਗਿਆ। ਸਿੱਖ ਸਿੱਖਣੀ ਪ੍ਰੇਮੀ ਉਸ ਦੇ ਪਿੱਛੇ
ਦੂਰ ਤਕ ਗਏ ਤੇ ਘੋੜੇ ਦੀ ਪੈੜ ਵਿੱਚੋਂ ਮੱਥੇ ਨੂੰ ਧੂੜ ਲਾ ਕੇ ਧੰਨ ਸਤਗੁਰੂ ੨ ਆਖਦੇ ੨ ਪ
ਛਤਾਉਣ ਲੱਗੇ ਕਿ ਜੇ ਸਾਡੇ ਧਨ ਹੁੰਦਾ ਤਾਂ ਗੁਰੂ ਕੇ ਗੁੱਸੇ ਕਿਉਂ ਜਾਂਦੇ, ਸਾਥੋਂ ਕੁਛ ਸੇਵਾ ਨਾ
ਹੋਈ, ਹੱਛਾ ਏਹਨਾਂ ਦੀਆਂ ਗਾਲੀਂ ਸਾਨੂੰ ਘਿਉ ਦੀਆਂ ਨਾਲੀਂ ਹਨ।

ਜੱਦਪਿ ਮਸੰਦਾਂ ਦੀਆਂ ਚੋਰੀਆਂ ਯਾਰੀਆਂ ਫਪੀਕੀਆਂ ਸੁਣ ਕੇ ਪਹਿਲੇ ਭੀ ਸਭਨਾਂ ਦੇ
ਦਿਲ ਵਿਚ ਪੱਕਾ ਵਿਸ੍ਵਾਸ ਸੀ ਪਰ ਇਸ ਨਕਲ ਨੇ ਸੱਤੇ ਕਲਹ ਜਗਾ ਦਿੱਤੀਆਂ ਤੇ ਗੁਰੂ
ਸਾਹਿਬ ਦੇ ਦਿਲ ਨੂੰ ਕੰਬਾ ਦਿਤਾ ਜਿਸ ਕਰ ਕੇ ਗੁਰੂ ਸਾਹਿਬ ਨੇ ਲਾਲ ਨੇਤ੍ਰ ਕਰ ਸਿੱਖਾਂ ਨੂੰ
ਹੁਕਮ ਦਿੱਤਾ ਕਿ ਜਿਥੇ ਕੋਈ ਮਸੰਦ ਹੈ ਸਭ ਨੂੰ ਪਕੜ ਲਿਆਓ। ਸਿੱਖ ਤਾਂ ਅੱਗੇ ਹੀ ਮਸੰ
ਦਾਂ ਪਰ ਦੰਦ ਚਬਾਉਂਦੇ ਸੇ, ਗੁਰੂ ਕਾ ਹੁਕਮ ਸੁਣਦੇ ਹੀ ਦੇਸ ੨ ਨੂੰ ਦੌੜ ਗਏ ਤੇ ਮਸੰਦਾਂ ਨੂੰ ਮੁ
ਸ਼ਕਾਂ ਦੇ ਕੇ ਲਿਆਉਣ ਲੱਗੇ ਅਤੇ ਰਸਤੇ ਵਿਚ ਮੋਚੀ ਪੋੜ੍ਹਿਆਂ ਦੀ ਪੂਜਾ ਭੀ ਕਰਦੇ ਆਏ।

Digitized by Panjab Digital Library | www.panjabdigilib.org

ਗੁਰੂ ਜੀ ਨੇ ਅਨੇਕ ਮਸੰਦ ਮਾਰੇ ਅਨੇਕ ਦੰਡੇ, ਅਨੇਕ ਖਾਰਜ ਕੀਤੇ, ਕਈ ਬਖਸ਼ੇ। ਬ
ਰਸ ਦਿਨ ਤਕ ਬਰਾਬਰ ਏਹੋ ਇੰਤਜ਼ਾਮ ਹੁੰਦਾ ਰਿਹਾ ਤੇ ਅੱਗੇ ਨੂੰ ਗੁਰੂ ਜੀ ਨੇ ਸਿੱਖਾਂ ਨੂੰ
ਹੁਕਮ ਦਿੱਤਾ ਕਿ ਕੋਈ ਸਿੱਖ ਕਦੇ ਕਿਸੇ ਮੀਣੇ, ਮਸੰਦ, ਮੇਵੜੇ ਨੂੰ ਗੁਰੂ ਕੀ ਕਾਰ ਭੇਟ ਨਾ
ਦੇਵੇ ਜੋ ਕੁਛ ਆਪਣੀ ਸ਼ਰਧਾ ਖੁਸ਼ੀ ਨਾਲ ਦੇਣਾ ਹੋਵੇ ਸੋ ਆਪਣੇ ੨ ਘਰ ਵਿਚ ਇਕ
ਬਰਤਨ ਨੂੰ ਗੁਰੂ ਕੀ ਗੋਲਕ ਥਾਪ ਕੇ ਉਸ ਦੇ ਵਿਚ ਪਾਉਂਦੇ ਰਹੋ। ਤੇ ਸਾਲ ਦੇ ਸਾਲ ਦੇ
ਬਾਦ ਗੁਰੂ ਕੇ ਘਰ ਪਹੁੰਚਾਇ ਦਿੱਤਾ ਕਰੋ। — ਉਸ ਸਮੇ ਜੇਹੜੇ ਸਿੱਖ ਗੁਰੂ ਸਾਹਿਬ
ਪਾਸ ਰਹਿੰਦੇ ਸੇ ਜਦ ਉਹ ਘਾਸ ਲਕੜੀ ਰਾਜਿਆਂ ਦੇ ਰਾਜ ਵਿੱਚੋਂ ਲੈਣ ਜਾਣ (ਕਿਉਂਕਿ
ਅਨੰਦਪੁਰ ਦੇ ਚੁਫੇਰੇ ਉਨ੍ਹਾਂ ਦਾ ਹੀ ਰਾਜ ਸੀ) ਤਾਂ ਪਹਾੜੀ ਲੋਗ ਹਟਾਉਣ, ਪਰ ਸਿੱਖ ਹ
ਟਣ ਨਹੀਂ, ਦੰਗਾ ਹੋਣੇ ਪਰ ਸਿੱਖ ਮਾਰ ਕੁੱਟ ਕੇ ਚਲੇ ਆਉਣਾ। ਪਰਜਾ ਰਾਜਿਆਂ ਪਾ
ਸ ਫਰਿਆਦੀ ਜਾਵੇ, ਉਹ ਜਮਾਦਾਰਾਂ ਨੂੰ ਸਿਪਾਹੀ ਦੇ ਕੇ ਭੇਜਣਾ। ਏਸੇ ਕਰਕੇ ਸਿੱਖ ਟੋ
ਲੇ ਬੰਨ੍ਹ ਕੇ ਘਾਸ ਲਕੜੀ ਨੂੰ ਜਾਵਣ ਲੱਗ ਪਏ। ਬਹੁਤ ਕਲੇਸ਼ ਬਧਦਾ ਦੇਖ ਕੇ ਰਾ
ਜਿਆਂ ਨੇ ਗੁਰੂ ਪਾਸ ਵਕੀਲ ਭੇਜੇ ਕੇ ਸਿੱਖਾਂ ਨੂੰ ਬੰਦ ਕਰੋ। ਗੁਰੂ ਸਾਹਿਬ ਨੇ ਆਖਿਆ
ਘਾਸ ਲਕੜੀ ਦੇਣ ਦਾ ਠੇਕਾ ਕਰੋ, ਰਾਜਿਆਂ ਨੇ ਮਨਜ਼ੂਰ ਤਾਂ ਕਰ ਲਿਆ ਪਰ ਉਹ ਪ
ਹੁੰਚਾ ਨਾ ਸੱਕੇ, ਫੇਰ ਸਿੱਖਾਂ ਨੂੰ ਜਾਣਾ ਪਿਆ। ਫਸਾਦ ਵਧ ਗਿਆ। ਆਖਰ ਪਹਾੜੀ
ਰਾਜਿਆਂ ਨੇ ਆਪਣੇ ਰਾਜ ਵਿਚੋਂ ਗੁਰੂ ਨੂੰ ਕੱਢ ਦੇਣ ਦੀ ਸਲਾਹ ਕੀਤੀ ਤੇ ਅੱਸੂ ਸੰਮ
ਤ੧੭੫੭ ਬਿ: ਨੂੰ ਇਕ ਦਿਨ ਇਕ ਜੁੱਟ ਸਿੱਖਾਂ ਦਾ ਲਕੜੀ ਘਾਸ ਲੈਣ ਗਿਆ ਤਾਂ
ਰਾਜਾ ਕਹਲੂਰੀ, ਹੰਡੂਰੀ ਦੀ ਮਦਦ ਨਾਲ ਰਾਜਾ ਬਲੀਆ ਚੰਦ ਤੇ ਆਲਮ ਚੰਦ ਨੇ
ਜੋ ਛੋਟੇ ੨ ਰਾਜੇ ਰਾਜਪੂਤ ਬਹਾਦਰ ਮਸ਼ਹੂਰ ਸੇ, ਪੰਜ ਕੁ ਸੌ ਸਿਪਾਹੀ ਨਾਲ ਲਿਆ
ਕੇ ਸਿੱਖਾਂ ਦੇ ਟੋਲੇ ਨੂੰ ਘੇਰ ਲੀਤਾ, ਦੋਨੋ ਤਰਫਾਂ ਤੋਂ ਤੀਰ ਗੋਲੀ ਚੱਲ ਪਏ। ਬਹੁਤ ਆ
ਦਮੀ ਜ਼ਖਮੀ ਹੋਏ, ਕੁਛ ਮਾਰੇ ਗਏ। ਬਲੀਆ ਚੰਦ ਸਖ਼ਤ ਜ਼ਖਮੀ ਹੋਇਆ ਤੇ ਡਿੱਗ
ਪਿਆ। ਤਦ ਬਾਕੀ ਦੇ ਪਹਾੜੀ ਭੱਜ ਗਏ। — ਏਸੇ ਤਰਾਂ ਪੰਜ ਸਤ ਵਾਰੀ ਤੀ
ਰ ਤੁਪਕ ਚੱਲੇ ਪਰ ਪਰਬਤੀਏ ਕਦੇ ਨਾ ਜਿੱਤੇ। ਫੇਰ ਤਾਂ ਰਾਜਿਆਂ ਦੇ ਪ੍ਰਾਣ ਨੱਕ ਵਿਚ
ਆ ਗਏ। ਜਦ ਰਾਜਾ ਭੀਮ ਚੰਦ ਨੇ ਆਪਣੇ ਮੁਲਕ ਦੀ ਖਰਾਬੀ ਹੁੰਦੀ ਦੇਖੀ ਤਾਂ ਆ
ਪਣੇ ਘਰ ਬਿਲਾਸਪੁਰ ਵਿਚ ਸਭ ਰਾਜਿਆਂ ਨੂੰ ਬੁਲਾ ਕੇ ਆਖਿਆ ਦੇਖੋ ਤੁਸੀਂ ਰਾਜ
ਪੂਤ, ਸੂਰਬੀਰ ਮੁਲਕ ਦੇ ਮਾਲਕ ਰਾਜੇ ਮਸ਼ਹੂਰ ਹੋ ਪਰ ਐਸ ਵੇਲੇ ਤੁਹਾਡੇ ਜੈਸਾ

Digitized by Panjab Digital Library | www.panjabdigilib.org

ਗੀਦੀ ਕੋਈ ਨਹੀਂ। ਜਿਨ੍ਹਾਂ ਦੇ ਮੁਲਕ ਨੂੰ ਇਕ ਫਕੀਰ ਦੇ ਚੇਲੇ ਜੱਟ, ਤਖਾਣ, ਕਲਾਲ, ਬ
ਣੀਏ, ਰੋੜੇ ਆਦਿਕ ਛੋਟੀ ਜਾਤਾਂ ਦੇ ਲੋਗ ਲੁੱਟ ਖਸੋਟ ਕੇ ਬਰਬਾਦ ਕਰਦੇ ਹੋਏ ਸਿਰ
ਚੜ੍ਹੇ ਆਉਂਦੇ ਹਨ, ਤੁਸੀ ਅੱਖੀਆਂ ਬੰਦ ਕਰੀ ਬੈਠੇ ਹੋ। ਜਦੋਂ ਘਰਾਂ ਤੋਂ ਤੁਸਾਂ ਨੂੰ ਆ ਫੜ
ਨਗੇ ਤਦ ਕੀ ਬਣੇਗਾ। — ਏਹ ਗੱਲ ਸੁਣਕੇ ਸਬ ਚਮਕ ਉੱਠੇ ਤੇ ਲੋਕਾਂ ਨੂੰ ਪਾਕੇ
ਗੁਰੂ ਸਾਹਿਬ ਨਾਲ ਲੜਾਈ ਕਰਨ ਵਾਸਤੇ ਅਪਣੀ ੨ ਫੌਜ ਲੈਕੇ ਚੜ੍ਹ ਆਏ। ਰਾਜਾ
ਭੀਮਚੰਦ ਕਹਿਲੂਰੀ, ਹਿੰਮਤ ਸਿੰਘ ਹੰਡੂਰੀ, ਕਰਮਪ੍ਰਕਾਸ਼ ਤੇ ਮਦਨਪਾਲ ਸਿਰਮੌਰੀ
ਏ, ਵੀਰ ਸਿੰਘ ਜਸਵਾਲੀਆ, ਕਟੋਚ, ਕਾਂਗੜੇ ਵਾਲੇ, ਗੁਲੇਰੀਆ, ਦੜੋਲੀਏ, ਪੜੋ
ਲੀਏ, ਡਡਵਾਲੀਏ, ਸਿਰੀਨਗਰੀਏ, ਕਠਗੜ੍ਹੀਏ ਆਦਿਕ ਪਹਾੜੀ ਰਾਜੇ ਕੋਈ ਆ
ਪ ਆਯਾ, ਕਿਸੇ ਦੇ ਮਾਤਬਰ ਫੌਜ ਲੈਕੇ ਆਏ। ਸਾਰਾ ਕਰੀਬ ੨੦ ਹਜ਼ਾਰ ਸਿਪਾਹੀ ਅ
ਨੰਦਪੁਰ ਪਰ ਚੜ੍ਹ ਆਯਾ। ਪਰ ਗੁਰੂ ਦੇ ਸਿੰਘਾਂ ਨੂੰ ਸ਼ੇਰਾਂ ਵਾਂਗੂ ਦੇਖਣ ਤੇ ਗੁਲੇਲ ਤੋਂ
ਕਾਂਉ ਵਾਂਗੂ ਡਰਨਾ। ਏਧਰ ਗੁਰੂ ਸਾਹਿਬ ਪਾਸ ਭੀ ਅੱਠ ਕ ਹਜ਼ਾਰ ਸਿੰਘ ਇਕੱਠਾ ਹੋ
ਰਿਹਾ ਸੀ। ਅਸੋ ਮੱਘ੍ਰ ਸੰ: ੧੭੫੭ ਬਿ: ਨੂੰ ਦੋਹਾਂ ਤਰਫਾਂ ਤੋਂ ਤੀਰ ਗੋਲੀ ਚੱਲ ਪਈ।
ਪਹਾੜੀਆਂ ਨੇ ਕਿਲੇ ਅਨੰਦਗੜ੍ਹ ਨੂੰ ਦੋ ਮਹੀਨੇ ਘੇਰ ਰੱਖਿਆ। ਸਾਰਾ ਦਿਨ ਤਾਂ ਸਿੱਖ
ਕਿਲੇ ਅੰਦਰੋਂ ਲੜਦੇ, ਰਾਤ ਨੂੰ ਬਾਹਰ ਨਿਕਲ ੨ ਕੇ ਪਹਾੜੀਆਂ ਪਰ ਛਾਪਾ ਮਾਰਕੇ ਲੁੱਟ
ਮਾਰ ਕਰ ਜਾਣਾ। ਜਦ ਏਸ ਲੜਾਈ ਦੀ ਖਬਰ ਮਾਝੇ, ਮਾਲਵੇ ਦੇਸ ਵਿਚ ਪਹੁੰਚੀ
ਤਾਂ ਸੈਂਕੜੇ ਸਿੱਖ ਆਪਣੇ ੨ ਘਰਾਂ ਤੋਂ ਖਰਚ ਸ਼ਸਤ੍ਰ ਬੰਨ੍ਹਕੇ ਰਲੇ ਆਏ, ਉਨ੍ਹਾਂ ਨੇ ਪਹਾ
ੜੀਆਂ ਨੂੰ ਬਹੁਤ ਨੁਕਸਾਨ ਪਹੁੰਚਾਯਾ। ਪਰ ਜਦ ਕਿਲੇ ਦਾ ਦਰਵਾਜ਼ਾ ਸਿੱਖਾਂ ਨੇ ਨਾ
ਖੋਲ੍ਹਿਆ ਤਾਂ ਤੋੜਨ ਲਈ ਇਕ ਹਾਥੀ ਜੋ ਪਰਬਤ ਜੇਡਾ ਕੱਦ ਵਾਲਾ ਸੀ ਤੇ ਰਾਜੇ ਜਸ
ਵਾਲੀਏ ਦਾ ਪੜ੍ਹਾਯਾ ਹੋਯਾ ਸੀ ਉਸ ਦੇ ਮੱਥੇ ਉੱਤੇ ਲੋਹੇ ਦੇ ਤਵੇ ਬੰਨ੍ਹਕੇ, ਸ਼ਰਾਬ ਪਿਲਾ
ਏ, ਸੁੰਡ ਵਿਚ ਤਲਵਾਰ ਪਕੜਾਕੇ ਕਿਲੇ ਦੇ ਦਰਵੱਜੇ ਨੂੰ ਤੋੜਨ ਭੇਜਿਆ।
ਏਹ ਖਬਰ ਪਾਕੇ ਗੁਰੂ ਜੀ ਨੇ ਇਕ ਬਚਿੱਤ੍ਰ ਸਿੰਘ ਨੂੰ (ਜੋ ਉਸ ਸਮੇਂ ਦਾ ਭੀਮਸੈਨ ਮਸ਼
ਹੂਰ ਸੀ) ਹਾਥੀ ਦੇ ਸਾਹਮਣੇ ਭੇਜਿਆ। ਉਸ ਨੇ ਸ਼ੇਰ ਵਾਂਗੂ ਗਰਜ ੨, ਉਛਲਕੇ ਫੌਲਾ
ਦੀ ਸਾਂਗ ਹਾਥੀ ਦੇ ਸਿਰ ਵਿਚ ਐਸੀ ਮਾਰੀ ਕਿ ਤਵੇ ਨੂੰ ਭੰਨ ਕੇ ਮੱਥੇ ਵਿਚ ਧਸ ਗਈ।
ਤੇ ਹਾਥੀ ਚੀਕ ਮਾਰਕੇ ਪਿੱਛੇ ਨੂੰ ਭੰਜ ਤੁਰਿਆ, ਮਹਾਵਤ ਡਿਗ ਪਿਆ। ਹਾਥੀ ਨੇ ਰਾ
ਜਿਆਂ ਦੀ ਫੌਜ ਵਿਚ ਜਾਕੇ ਉਸੇ ਸੁੰਡ ਨਾਲ (ਜੇਹੜੀ ਰਾਜਿਆਂ ਨੇ ਉਸ ਨੂੰ ਸਿੱਖਾਂ ਦੇ ਮਾਰਨ

Digitized by Panjab Digital Library | www.panjabdigilib.org

ਲਈ ਫੜਾਈ ਸੀ) ਬਹੁਤ ਆਦਮੀ ਘੋੜੇ ਮਾਰ ਸੁੱਟੇ ਰਾਜਿਆਂ ਦੇ ਦਲ ਵਿਚ ਹਲ
ਚਲ ਪੈ ਗਈ ਇਹ ਫਤੂ ਦੇਖਕੇ ਸਭ ਸਿੱਖ ਤਲਵਾਰਾਂ ਖਿੱਚ ਕੇ ਜਾ ਪਏ, ਫੇਰ ਤਾਂ ਪਹਾ
ੜੀਆਂ ਨੂੰ ਰਾਹ ਨਾ ਲੱਭਿਆ, ਟਿੱਬੀਆਂ, ਖੱਡਾਂ, ਖੁਰਲੀਆਂ ਵਿਚ ਡਿਗ ੨ ਕੇ ਬਹੁਤ ਮਰੇ,
ਸੈਂਕੜੇ ਲੱਤਾਂ ਬਾਹਾਂ ਤੁੜਾ ਬੈਠੇ ਤੇ ਹਾਰ ਖਾਕੇ ਬਾਕੀ ਦੇ ਨੱਠ ਗਏ, ਗੁਰੂ ਜੀ ਦੀ ਫਤਹ ਹੋਈ
ਫੇਰ ਤਾਂ ਸਿੱਖਾਂ ਦਾ ਹੱਥ ਉੱਚਾ ਹੋ ਗਿਆ ਤੇ ਰੋਜ਼ ੨ ਲੁੱਟ ਮਾਰ ਰੱਖਣ ਲੱਗੇ।
ਓੜਕ ਰਾਜਿਆਂ ਨੇ ਤੰਗ ਹੋਕੇ ਗੁਰੂ ਨਾਲ ਸੁਲਾ ਕਰਨੀ ਸਮਝ ਕੇ ਗੁਰੂ ਪਾਸ ਲਿਖ ਭੇ
ਜਿਆ ਕਿ ਤੁਸੀਂ ਬਹੁਤ ਸਿੱਖ ਆਪਣੇ ਪਾਸ ਨਾ ਰੱਖੋ ਕੁਛ ਸਾਲਾਨਾ ਧਨ ਦੇਣਾ ਕਰਕੇ
ਏਥੇ ਹੀ ਰਹੋ। ਗੁਰੂ ਜੀ ਨੇ ਜਵਾਬ ਦਿੱਤਾ, ਸਿੱਖ ਤਾਂ ਸਾਡੇ ਪ੍ਰਾਣ ਅੰਗ ਪੰਖੀ ਦੇ ਪਰਾਂ ਵਾਂਗੂ
ਪਰ ਹਨ, ਅਸੀਂ ਏਨ੍ਹਾਂ ਨੂੰ ਦੂਰ ਨਹੀਂ ਕਰ ਸਕਦੇ, ਤੇ ਦੌਲਤ ਸਾਡੇ ਪਾਸ ਤਲਵਾਰਾਂ, ਤੀਰਾਂ
ਦੀ ਧਾਰ ਹੈ ਜੇਕਰ ਲੈ ਸਕਦੇ ਹੋ ਤਾਂ ਆਕੇ ਲੈ ਲਵੋ। — ਏਹ ਉੱਤ੍ਰ ਸੁਣਕੇ ਫੇਰ ਸਭ
ਰਾਜੇ ਖਿਝ ਗਏ ਤੇ ਕੇਸਰੀ ਚੰਦ ਜਸਵਾਲੀਆ ਨਗਾਰਾ ਬਜਵਾਕੇ ਅਨੰਦਪੁਰ ਦੀ ਤਰ
ਫ ਚੱਲ ਪਿਆ, ਫੇਰ ਤਾਂ ਸਭ ਓਸਦੇ ਮਗਰ ਲੱਗ ਤੁਰੇ।
ਏਧਰ ਗੁਰੂ ਸਾਹਿਬ ਪਾਸ ਭੀ, ਬਖਸ਼ਾ ਸਿੰਘ, ਗੁਰਬਖਸ਼ ਸਿੰਘ ਭੌਰੇ ਵਾਲੀਏ ਕਲਾਲ,
ਸੇਵਾ ਸਿੰਘ, ਦਯਾਲ ਸਿੰਘ, ਉਦੇ ਸਿੰਘ ਸੁਰਸੰਗ ਵਾਲੇ, ਅਮਰ ਸਿੰਘ, ਕੁਇਰ ਸਿੰਘ ਤੇ
ਲਵੰਡੇ, ਸਹਜਾ ਸਿੰਘ ਬ੍ਰਮਣ ਝਲੀਆਂ ਦਾ, ਸੂਰਾ ਸਿੰਘ ਤਰਖਾਣ ਖਾਲੜੇ ਦਾ, ਮਾਲੀ
ਸਿੰਘ ਭੜਾਣੀਆ, ਬਘੇਲ ਸਿੰਘ, ਅਮਰ ਸਿੰਘ ਢਿੱਲੋਂ ਸਰਾਇ ਦੇ, ਗੌਰਾ ਸਿੰਘ, ਬੂਲ
ਕਾ ਸਿੰਘ ਬ੍ਰਮਣ ਸਾਂਘਣੇ ਦੇ, ਭੀਮਾ ਸਿੰਘ, ਬਾਲ ਸਿੰਘ ਰੱਤੋਕੇ, ਸੰਤਾ ਸਿੰਘ, ਰਸਾਲ ਸਿੰ
ਘ ਮੁਲਤਾਨੀ, ਸੁਭਾ ਸਿੰਘ ਵਟਾਲੀਆ, ਭੰਡਾਰਾ ਸਿੰਘ, ਦਰਬਾਰਾ ਸਿੰਘ ਸਰਹੰਦੀ, ਬੱ
ਲਾ ਸਿੰਘ, ਮੱਲਾ ਸਿੰਘ, ਸੁਜਾ ਸਿੰਘ ਬੈਰਾੜ ਬਿਝੂਕੇ, ਕਾਲਾ ਸਿੰਘ, ਤਖਤਾ ਸਿੰਘ ਦੁੱ
ਲਟ ਕੈਂਥੋ ਵਾਲੀਏ, ਆਘੜ ਸਿੰਘ, ਜਮੁਣਾ ਸਿੰਘ ਰੰਘਾਟੇ ਸੇਰੋਂ ਦੇ, ਕੌਲਾ ਸਿੰਘ, ਦੌਲਾ
ਸਿੰਘ, ਨੌਧ ਸਿੰਘ, ਗੰਜਾ ਸਿੰਘ ਮਰਾੜ੍ਹ ਦੇ ਇਤਯਾਦਿਕ ਸਭ ਨਾਮੀ ੨ ਸਿੱਖ ਆਪਣੇ ਨਾ
ਲ ਬੀਸ ੨ ਪਚਾਸ ੨ ਆਦਮੀ ਲੈਕੇ ਆ ਗਏ ਤੇ ਰਾਇ ਜੋਧ ਕੇ, ਫੂਲਕੇ ਸਾਬੋਕੇ ਆਦਿਕਾਂ
ਨੇ ਆਪਣੇ ੨ ਆਦਮੀ ਭੇਜੇ ਅਨੰਦਪੁਰ ਬਹੁਤ ਕੱਠ ਹੋ ਗਿਆ। ਗੁਰੂ ਸਾਹਿਬ ਨੇ
ਸਾਹਿਬਜ਼ਾਦੇ ਅਜੀਤ ਸਿੰਘ ਨੂੰ ਉਦੇ ਸਿੰਘ, ਨੰਦ ਸਿੰਘ, ਜਮੁਣਾ ਸਿੰਘ ਆਦਿਕ ਸਰਦਾ
ਰਾਂ ਸਮੇਤ ਹਜ਼ਾਰ ਕੁ ਸਿੰਘ ਨਾਲ ਲੋਹਗੜ੍ਹ ਵਿਚ ਕਾਇਮ ਕੀਤਾ ਤੇ ਮਾਮੇ ਕ੍ਰਿਪਾਲ

Digitized by Panjab Digital Library | www.panjabdigilib.org

ਸਿੰਘ ਨੂੰ ਬਚਿੱਤ੍ਰਸਿੰਘ, ਆਮਰੀਕਸਿੰਘ, ਕੌਲਾਸਿੰਘ, ਸੋਭਾਸਿੰਘ ਆਦਿਕ ਸਰਦਾਰ
ਤੇ ਪੰਦ੍ਰਾਂ ਸੌ ਸਿਪਾਹੀ ਦੇਕੇ ਕੇਸਗੜ੍ਹ ਸਪੁਰਦ ਕੀਤਾ। ਏਸੇ ਤਰਾਂ ਹੋਰ ਸਿੱਖਾਂ ਸਰਦਾਰਾਂ
ਨੂੰ ਮੋਰਚੇ ਵੰਡ ਦਿੱਤੇ ਅਤੇ ਆਪ ਅਨੰਦਗੜ੍ਹ ਵਿਚ ਰਹੇ। ਯਾਰਾਂ ਦਿਨ ਦੋਹਾਂ ਤਰਫਾਂ ਤੋਂ
ਸਾਰਦੀ ਬਰਖਾ ਹੁੰਦੀ ਰਹੀ। ਇਕ ਦਿਨ ਘਮੰਡਚੰਦ ਕਟੋਚੀਏ ਤੇ ਜਮਤੂਲੇ ਦੋਹਾਂ ਰਾ
ਜਿਆਂ ਨੇ ਜ਼ੋਰ ਦੇਕੇ ਸਾਹਿਬਸਿੰਘ ਪਜਾਰੇ ਦੇ ਆਦਮੀ ਬਹੁਤ ਮਾਰੇ, ਮੋਰਚਾ ਛੁਡਾਇ
ਲੀਤਾ। ਦੂਸਰੇ ਦਿਨ ਮਾਨਸਿੰਘ, ਦਯਾਸਿੰਘ ਨੇ ਬੜਾ ਘਮਸਾਣ ਕੀਤਾ ਤੇ ਰਾਜਿਆਂ
ਦੇ ਦੋ ਮੋਰਚੇ ਹਿਲਾਏ। ਜਮਤੂਲਾ ਮਾਰਿਆ ਗਿਆ। ਜਮਤੂਲੇ ਦੀ ਲੋਥ ਚੁੱਕਣ ਪ
ਰ ਮੈਦਾਨ ਵਿਚ ਬੜਾ ਭਾਰੀ ਜੰਗ ਹੋਯਾ, ਆਲਮਸਿੰਘ, ਰਾਜੇ ਕੇਸਰੀਸਿੰਘ ਦਾ ਸਿ
ਰ ਵੱਢਕੇ ਨੇਜ਼ੇ ਪਰ ਟੰਗ ਲਿਆਯਾ। ਘਮੰਡਚੰਦ ਤੇ ਦੰਨੋਲੀਆ, ਗੁਲੇਰੀਆ ਸਖ
ਤ ਜ਼ਖਮੀ ਹੋਏ। ਖੂਬ ਘੋਰ ਜੰਗ ਹੁੰਦਾ ਰਿਹਾ। ਓੜਕ ਜਦ ਰਾਜਿਆਂ ਨੇ ਆਪਣੀ ਹਾਰ
ਹੁੰਦੀ ਦੇਖੀ ਤਾਂ ਵਜ਼ੀਦਖਾਨ ਸੂਬੇ ਸਰਹੰਦੀ ਪਾਸ ਆਪਣੇ ਮਾਤਬਰ ਭੇਜਕੇ ਮੱਦਦ ਮੰ
ਗੀ ਉਸਨੇ ਬਾਦਸ਼ਾਹ ਤੋਂ ਮਨਜ਼ੂਰੀ ਲੈਕੇ ਸਰਦਾਰ ਯਾਕੂਬਖਾਂ ਤੇ ਅਲੀਮਰਦਾਨਖਾਂ
ਨੂੰ ਦੋ ਹਜ਼ਾਰ ਫੌਜ ਦੇਕੇ ਰਾਜਿਆਂ ਦੀ ਕੁਮਕ ਪਰ ਰਵਾਨਾ ਕੀਤਾ।

ਏਧਰ ਰਾਜਿਆਂ ਨੇ ਵਜ਼ੀਰ ਪਰਮਾਨੰਦ ਆਦਿਕਾਂ ਦੀ ਸਲਾਹ ਨਾਲ ਰਾਤ ਦੇ ਸਮੇਂ ਕਿ
ਲੇ ਅਨੰਦਗੜ੍ਹ ਦੇ ਬੂਹੇ ਅੱਗੇ ਲੇਪਨ ਕਰਕੇ, ਆਟੇ ਦੀ ਗਊ ਬਣਾ ਕਰ ਰੱਖ ਦਿੱਤੀ
ਤੇ ਵਕੀਲ ਦੇ ਹੱਥ ਪੱਤ੍ਰਿਕਾ ਲਿਖ ਭੇਜੀ ਕਿ ਅਸੀਂ ਹੁਣ ਲੜਨਾ ਨਹੀਂ ਚਾਹੁੰਦੇ ਸੋ ਤੁਸੀਂ
ਏਸ ਗਊ ਦੀ ਆਨ ਮੰਨਕਰ ਦਸਰੋਜ਼ ਅਨੰਦਪੁਰੋਂ ਬਾਹਰ ਚਲੇ ਜਾਓ ਤਦ ਸਾਨੂੰ ਭੀ
ਹਟ ਜਾਣ ਦਾ ਬਹਾਨਾ ਹੱਥ ਲਗ ਜਾਵੇਗਾ। ਜੱਦਯਪਿ ਗੁਰੂ ਸਾਹਿਬ ਤਾਂ ਪਹਾੜੀ
ਆਂ ਦੇ ਛਲ ਨੂੰ ਜਾਣਕੇ ਕਿਲਾ ਛੱਡਣਾ ਨਹੀਂ ਚਾਹੁੰਦੇ ਸੇ ਪਰ ਮਸੰਦਾਂ ਨੇ ਤੇ ਮਾਤਾ ਸਾ
ਹਿਬ ਨੇ ਬਹੁਤ ਹਠ ਕੀਤਾ ਤੇ ਬਹੁਤਿਆਂ ਸਿੱਖਾਂ ਪਾਸੋਂ ਭੀ ਅਨੰਦਪੁਰ ਨੂੰ ਤਿਆਗਣ ਵਾ
ਸ੍ਤੇ ਕਹਾਯਾ। ਓੜਕ ਗੁਰੂ ਜੀ ਨੇ ਆਪਣੇ ਕਬੀਲੇ ਤੇ ਕੁਛ ਸਿੱਖਾਂ ਨੂੰ ਤਾਂ ਕਿਲੇ ਅਨੰਦ
ਗੜ੍ਹ ਵਿਚ ਛੱਡਿਆ ਤੇ ਆਪ ਕੀਰਤਪੁਰ ਨੂੰ ਰਵਾਨਾ ਹੋਏ। ਫੌਜ ਸਾਰੀ ਕੀਰਤਪੁਰ ਉਤਾ
ਰਕੇ ਆਪ ਪੂਰਬ ਦੀ ਤਰਫ ਡੇਢ ਕੋਸ ਦੇ ਫਾਸਲੇ ਪਰ ਇਕ ਟੇਕਰੀ ਉੱਤੇ ਅਕਾਲਪੁਰ
ਖ ਦੇ ਧਿਆਨ ਪਰਾਯਣ ਹੋ ਬੈਠੇ। ਪੰਜਾਂ ਦਿਨ ਸਮਾਧੀ ਲੱਗੀ ਰਹੀ, ਕਿਸੇ ਨਾਲ ਬੋਲੇ ਨ
ਹੀ। ਸਿੱਖ ਆਖਣ ਲਗ ਪਏ ਗੁਰੂ ਨਿਰਮੋਹ ਹੋ ਗਏ, ਕਿਸੇ ਨਾਲ ਬੋਲਦੇ ਨਹੀਂ, ਫੇਰ

Digitized by Panjab Digital Library | www.panjabdigilib.org

ਨਿਰਮੋਹ ਰਾਜਾ ਦੀ ਕਥਾ ਓਥੇ ਹੀ ਬੈਠ ਕੇ ਸਿਖਾਂ ਨੂੰ ਸੁਣਾ ਕੇ, ਬ੍ਰਹਮਗਿਆਨ ਦੇ ਕਰ
ਜਗਤ ਤੋਂ ਨਿਰਮੋਹ ਕਰ, ਸਰੀਰ ਤੋਂ ਭੀ ਭਾਵਨਾ ਉਠਵਾ ਦਿੱਤੀ। ਸਭ ਸਿੱਖ ਆਪ
ਣੇ੨ ਕੁਟੰਬ ਤੋਂ ਨਿਰਮੋਹ ਹੋ ਕਰ ਮਰਨੇ ਮਾਰਨੇ ਨੂੰ ਤਯਾਰ ਹੋ ਗਏ। ਇਸੇ ਕਰਕੇ ਓ
ਸ ਥਾਂ ਦਾ ਨਾਮ ਨਿਰਮੋਹਗੜ੍ਹ ਹੁਣ ਤਕ ਮਸ਼ਹੂਰ ਹੈ। ਦੂਸਰੇ ਅਨੰਦਪੁਰ ਦਾ ਮੋਹ
ਛੱਡ ਕੇ ਏਥੇ ਆ ਬੈਠੇ ਤਾਂ ਨਿਰਮੋਹਗੜ੍ਹ ਆਖਦੇ ਹਨ। ਜਦ ਪਹਾੜੀ ਰਾਜਿਆਂ
ਨੇ ਗੁਰੂ ਸਾਹਿਬ ਨੂੰ ਮੈਦਾਨ ਵਿਚ ਬੈਠਾ ਦੇਖਿਆ ਤਾਂ ਫੇਰ ਹੱਲਾ ਕਰਕੇ ਆ ਪਏ, ਅੱ
ਗੋਂ ਸਿੰਘਾਂ ਨੇ ਭੀ ਖੂਬ ਹੱਥ ਦਿਖਾਏ। ਗੁਰੂ ਜੀ ਓਸ ਵਕ੍ਤ ਦਸ੍ਤਾਰ ਬੰਧ ਰਹੇ ਸੇ। ਰਾ
ਜਾ ਭੀਮਚੰਦ ਦੇ ਗੋਲ ਅੰਦਾਜ਼ ਨੇ ਗੁਰੂ ਜੀ ਨੂੰ ਤੱਕ ਕੇ ਤੋਪ ਦਾ ਗੋਲਾ ਚਲਾਇਆ। ਜਿਸ
ਨਾਲ ਗੁਰੂ ਦਾ ਚੌਰਦਾਰ ਰਾਮਸਿੰਘ ਨਾਮੀ ਉਡ ਗਿਆ। ਗੁਰੂ ਜੀ ਨੇ ਅਤੀ ਸ਼ੀ
ਘ੍ਰ ਗੋਲ ਅੰਦਾਜ਼ਾਂ ਨੂੰ ਤੀਰਾਂ ਦੀ ਬਰਖਾ ਨਾਲ ਮਾਰ ਦਿੱਤਾ। ਤਦ ਸਿੱਖ ਦੌੜ ਕੇ ਤੋਪਾਂ
ਖੋਹ ਲਿਆਏ। ਇਸੇ ਸਮੇ ਨਾਜ਼ਮ ਸਰਹੰਦ ਦਾ ਆਪਣੀ ਫੌਜ ਲੈ ਕੇ ਰਾਜਿਆਂ ਦੀ ਮਦ
ਦ ਵਿਚ ਆ ਪਹੁੰਚਿਆ, ਫੇਰ ਤਾਂ ਪਹਾੜੀਆਂ ਦੀ ਚੜ੍ਹ ਮੱਚੀ, ਜਿਸ ਤਰਾਂ ਆਦਮੀਆਂ
ਦੀ ਸ਼ਹਿ ਨਾਲ ਕੁੱਤਾ ਬਘਿਆੜ ਨੂੰ ਜਾ ਚਿਮੜਦਾ ਹੈ ਓਸੇ ਤਰਾਂ ਹੱਲਾ ਕਰਕੇ ਚਾਰੋਂ
ਤਰਫੋਂ ਸਿੱਖਾਂ ਦੇ ਦਲ ਪਰ ਆ ਪਏ। ਸੰ: ੧੭੫੮ ਬਿ: ਨੂੰ ਘੋਰ ਜੰਗ ਮੱਚਿਆ, ਗੁਰੂ
ਜੀ ਤਾਂ ਬੈਠੇ ਦੇਖਦੇ ਰਹੇ ਪਰ ਸਾਹਿਬਜ਼ਾਦਾ ਅਜੀਤ ਸਿੰਘ ਜੋ ਸਿੱਖਾਂ ਦੀ ਫੌਜ ਦਾ ਬ
ਖਸ਼ੀ ਸੀ ਆਪਣੀ ਤਜਵੀਜ਼ ਨਾਲ ਲੜਾਂਉਦਾ ਰਿਹਾ। ਮੁਨਸ਼ੀ ਸਾਹਿਬ ਚੰਦ, ਈਸ਼
ਰ ਸਿੰਘ, ਨੰਦ ਸਿੰਘ, ਸੂਰਾ ਸਿੰਘ, ਸਾਧੂ ਸਿੰਘ ਆਦਿਕ ਬੜੇ੨ ਨਾਮੀ ਸੂਰਮੇ ਬੇਅੰ
ਤ ਦੁਸ਼ਮਣਾਂ ਨੂੰ ਮਾਰ ਕੇ ਸ਼ਹੀਦ ਹੋ ਗਏ ਤਦ ਗੁਰੂ ਜੀ ਨੂੰ ਭੀ ਬੀਰ ਰਸ ਜਾਗਿਆ, ਐ
ਸੇ ਤੀਰ ਮਾਰੇ ਕਿ ਜਾਕੂਬ ਖਾਂ, ਅਲੀ ਮਰਦਾਨ ਖਾਂ ਆਦਿਕ ਅਨੇਕ ਸਰਦਾਰ ਮਾਰ ਕੇ
ਧਰਤੀ ਨਾਲ ਮਿਲਾਇ ਦਿੱਤੇ। ਸਿੱਖ ਭੀ ਐਸੇ ਜਾਨ ਤੋੜ ਕੇ ਲੜੇ ਕਿ ਬੈਰੀਆਂ ਦੇ ਛੱ
ਕੇ ਛੁਡਾਇ ਦਿੱਤੇ। ਤਲਵਾਰਾਂ ਦੀ ਚਮਕ ਨੂੰ ਦੇਖ ਕੇ ਸੂਰਜ ਭੀ ਛਪ ਗਿਆ, ਆਕਾ
ਸ਼ ਨੇ ਕਾਲੀ ਪੌਸ਼ਾਕ ਪਹਿਨੀ, ਦੋਵੇਂ ਦਲ ਖੰਡਿਆਂ ਨੂੰ ਮਿਆਨ ਵਿਚ ਕਰਕੇ ਆਰਾਮ ਕ
ਰਨ ਲੱਗੇ। — ਇਸੇ ਸਮੇ ਬਸਾਲੀ ਵਾਲਾ ਰਾਜਾ ਜੋ ਗੁਰੂ ਕਾ ਸਿੱਖ ਸੀ, ਬੜੇ ਪ੍ਰੇਮ
ਨਾਲ ਗੁਰੂ ਜੀ ਨੂੰ ਆਪਣੇ ਘਰ ਬਸਾਲੀ ਵਿਚ (ਜੋ ਅਨੰਦਪੁਰੋਂ ੮ ਕੋਸ ਦੱਖਣ ਦਿਸ਼ਾ
ਵਲ ਹੈ) ਲੈ ਗਿਆ ਤੇ ਅਰਜ਼ ਕੀਤੀ ਕਿ ਅਨੰਦਪੁਰ ਵਿਚ ਭੀਮਚੰਦ ਕਲੇਸ਼ ਦਿੰਦਾ ਹੈ

Digitized by Panjab Digital Library | www.panjabdigilib.org

ਤੁਸੀਂ ਏਥੇ ਹੀ ਰਹੋ। ਗੁਰੂਜੀ ਤਾਂ ਏਧਰ ਆ ਠਹਿਰੇ ਉਧਰ ਅਜੀਤਸਿੰਘ ਜੀ ਚਾਰ ਕ
ਹਜ਼ਾਰ ਸਿੱਖਾਂ ਨਾਲ ਤੋਪਾਂ ਆਦਿਕ ਸਾਮਾਨ ਲੈਕੇ ਰਾਤੋ ਰਾਤ ਕਿਲੇ ਅਨੰਦਗੜ੍ਹ ਵਿਚ
ਫੇਰ ਆ ਵੜੇ ਤੇ ਰੌਲੇ ਗੌਲੇ ਵਿਚ ਚਾਰ ਪੰਜ ਖੱਚਰਾਂ ਗੋਲੀ ਬਾਰੂਦ ਦੀਆਂ ਲੱਦੀ
ਆ ਹੋਈਆਂ ਹੱਕ ਲਿਆਏ। ਸਵੇਰੇ ਮੈਦਾਨ ਖਾਲੀ ਦੇਖਕੇ ਸੂਬੇ ਨੇ ਤਾਂ ਫਤੇ ਦੇ ਨੱਗਾ
ਰੇ ਬਜਵਾ ਦਿੱਤੇ। ਤੇ ਰਾਜੇ ਹੰਡੂਰੀਏ ਕਹਿਲੂਰੀਏ ਤੋਂ ਜੰਗ ਦਾ ਖਰਚ ਤੇ ਦੋ ਹਾਥੀ, ਘੋੜੇ
ਲੈਕੇ ਸਰਹੰਦ ਨੂੰ ਵਾਗ ਮੋੜੀ ਤੇ ਰਾਜੇ ਹਾਰ ਜੈਸੀ ਫਤੇ ਲੈਕੇ ਘਰਾਂ ਨੂੰ ਚਲੇ ਆਏ।
ਉਧਰ ਬਸਾਲੀ ਦੇ ਰਾਜਾ ਨੇ ਗੁਰੂਜੀ ਨੂੰ ਏਧਰ ਨਾ ਆਵਣ ਦਿੱਤਾ। ਰੋਜ਼ ੨ ਸ਼ਿਕਾਰ ਖੇ
ਲਣ ਕੱਠੇ ਹੋਕੇ ਜਾਂਦੇ। ਇਕ ਦਿਨ ਸ਼ਿਕਾਰ ਖੇਡਨ ਗਿਆ ਤੇ ਜਾਂਹੀਂ ਭੰਬੋਰ ਦਾ ਰਾਜਾ
ਮਿਲ ਪਯਾ, ਗੁਰੂਜੀ ਦਾ ਦਰਸ਼ਨ ਕਰ ਬਹੁਤ ਅਨੰਦ ਹੋਯਾ ਤੇ ਬਸਾਲੀ ਤੋਂ ਬਿਦਾ
ਕਰਾਕੇ ਗੁਰੂਜੀ ਨੂੰ ਆਪਣੇ ਘਰ ਲੈ ਜਾਕਰ ਅਨੇਕ ਤਰਾਂ ਦੀਆਂ ਪਹਾੜੀਆਂ ਦੇ ਸੈਲ
ਕਰਾਏ, ਬਹੁਤ ਦਿਨ ਆਪਣੇ ਪਾਸ ਟਿਕਾਈ ਰੱਖਿਆ। ਏਹ ਭੰਬੋਰ ਅਨੰਦਪੁਰੋਂ ੧੨ ਕੋ
ਸ ਪੱਛਮ ਦੀ ਤਰਫ ਹੈ।

ਏਸੇ ਸਮੇ ਕਲਮੋਟ ਦੇ ਗੁੱਜਰਾਂ, ਰੰਘੜਾਂ ਨੇ ਗੁਰੂ ਦੇ ਦਰਸ਼ਨ ਨੂੰ ਆਂਵਦੀ ਹੋਈ ਸੰਗਤ
ਨੂੰ ਲੁੱਟ ਲੀਤਾ। ਸੰਗਤ ਨੇ ਭੰਬੋਰ ਵਿਚ ਆਕੇ ਗੁਰੂ ਪਾਸ ਫਰਿਆਦ ਕੀਤੀ। ਗੁਰੂਜੀ ਨੇ
ਉਸੇ ਵਕਤ ਖਾਲਸੇ ਨੂੰ ਚੜ੍ਹਾਈ ਕਰਨ ਦਾ ਹੁਕਮ ਦਿਤਾ। ਹੁਕਮ ਪਾਂਵਦਿਆਂ ਹੀ ਖਾਲਸੇ
ਨੇ ਕਲਮੋਟ ਨੂੰ ਲੁਟ ਪੁਟ ਲਿਆ ਤੇ ਉਥੋਂ ਦੇ ਗੁੱਜਰਾਂ, ਰੰਘੜਾਂ ਨੂੰ ਸਜ਼ਾ ਦੇਕੇ ਫੇਰ ਸਬ
ਅਨੰਦਪੁਰ ਆ ਬਿਰਾਜੇ। ਫੇਰ ਹੋਰ ਲੋਗ ਭੀ ਆਇ ੨ ਬਸਣ ਲੱਗੇ।

ਸੰ: ੧੭੫੮ ਬਿ: ਹੋਲੇ ਦੇ ਮੇਲੇ ਪਰ, ਗੁਰੂ ਸਾਹਿਬ ਦੀ ਜੰਗ ਲੀਲਾ ਦਾ ਹਾਲ ਸੁਣਕੇ ਬੇਸ਼ੁ
ਮਾਰ ਸੰਗਤਾਂ ਨੇ ਆਕੇ ਦੌਲਤ ਭੇਟਾ ਕੀਤੀ। ਰਾਜਾ ਭੀਮਚੰਦ ਨੇ ਭੀ ਆਪਣਾ ਮੁਲਕ ਬ
ਚਾਵਣ ਵਾਸਤੇ ਗੁਰੂ ਸਾਹਿਬ ਨਾਲ ਸਫਾਈ ਕਰ ਲਈ। — ਫੇਰ ਸਿੱਖਾਂ ਦੇ ਤੇ ਮਾਤਾ
ਸਾਹਿਬ ਦੇ ਬਹੁਤ ਵਾਰ ਕਹਨੇ ਤੇ ਗੁਰੂ ਸਾਹਿਬ ਰਵਾਲਸਰ ਦੇ ਬਹਾਨੇ ਪਹਾੜੀਆਂ ਦਾ
ਸੈਲ ਕਰਨ ਵਾਸਤੇ, ਅਨੰਦਪੁਰੋਂ ਰਵਾਨਾ ਹੋਕੇ ਦਸ ਕੋਸ ਪਰ ਕਾਲੇ ਕੁੰਡਲੂ ਜਾ ਉਤਰੇ।
ਉਥੋਂ ੧੦ ਕੋਸ ਪਰ ਬਿਲਾਸਪੁਰ ਹੈ, ਰਾਜਾ ਭੀਮਚੰਦ ਨੇ ਆਪਣਾ ਵਜ਼ੀਰ ਪਰਮਾਨੰਦ
ਗੁਰੂ ਪਾਸ ਭੇਜਕੇ, ਬਾਰਬਰਦਾਰੀ ਦੇਕਰ, ਸੁਕੇਤ ਵਿਚ ਪਹੁੰਚਾ ਦਿੱਤਾ। ਸੁਕੇਤ ਵਾਲੇ ਰਾ
ਜਾ ਨੇ ਮਿਲਕਰ ਰਵਾਲਸਰ ਤਕ ਪਹੁੰਚਾ ਦਿਤਾ। ਰਵਾਲਸਰ ਦੇ ਮੇਲੇ ਪਰ ਗੁਰੂ ਜੀ

Digitized by Panjab Digital Library | www.panjabdigilib.org

ਦਾ ਆਗਮਨ ਸੁਣਕੇ ਬਹੁਤ ਸੰਗਤਾਂ ਆਈਆਂ ਤੇ ਹੋਰ ਰਾਜੇ ਅਮੀਰ ਜੋ ਮੇਲੇ ਪਰ
ਗਏ ਸੇ ਸਭ ਗੁਰੂ ਮਹਾਰਾਜ ਦੇ ਦਰਸ਼ਨ ਨੂੰ ਆਏ, ਦੀਵਾਨ ਖੂਬ ਸਜ ਰਿਹਾ ਸੀ, ਏਸੇ
ਸਮਯ ਇਕ ਰਜਪੂਤ ਸਿੱਖ ਫਰੁੱਖਾਬਾਦੀ ਨੇ ਦੋ ਨਾਲੀ ਬੰਦੂਕ ਬਹੁਤ ਉਮਦਾ ਗੁਰੂ
ਸਾਹਿਬਾਂ ਅੱਗੇ ਨਜ਼ਰ ਰੱਖੀ। ਗੁਰੂ ਜੀ ਨੇ ਗੋਲੀ ਭਰਕੇ ਆਵਾਜ਼ ਕੀਤੀ ਕਿ ਕੋਈ ਸਿੱਖ
ਐਸਾ ਭੀ ਹੈ ਜੋ ਏਸ ਬੰਦੂਕ ਦਾ ਨਿਸ਼ਾਨਾ ਬਣੇ। ਇਹ ਸੁਣਕੇ ਕਈ ਸਿਖ ਜਾਨ ਦੇਣ ਨੂੰ
ਖੜੇ ਹੋ ਗਏ। ਗੁਰੂ ਜੀ ਨੇ ਉਪਰ ਨੂੰ ਕਰਕੇ ਚਲਾਇ ਦਿੱਤੀ। ਇਸ ਪ੍ਰਕਾਰ ਸਿੱਖਾਂ ਦਾ
ਸਿਦਕ ਨਿਸ਼ਚਾ ਦੇਖਕੇ ਸਭ ਰਾਜੇ ਦੰਗ ਰਹ ਗਏ ਤੇ ਗੁਰੂ ਪਰ ਨਿਸ਼ਚਾ ਜ਼ਿਆਦਾ ਰੱਖਣ
ਲੱਗੇ। ਫੇਰ ਰਵਾਲਸਰੋਂ ਰਾਜਾ ਸੁਧਰਸੈਨ ਮੰਡੀ ਵਾਲਾ ਬੜੇ ਪ੍ਰੇਮ ਨਾਲ ਆਪਣੇ
ਘਰ (ਰਵਾਲਸਰੋਂ ਪੰਜ ਕੋਸ ਪਰ) ਮੰਡੀ ਵਿਚ ਲੈ ਗਿਆ। ਗੁਰੂ ਸਾਹਿਬ ਤਾਂ ਦ
ਰਯਾਇ ਬ੍ਯਾਸਾ ਕਿਨਾਰੇ ਉਤਰੇ ਪਰ ਸਮਾਣੀਆਂ ਨੂੰ ਰਾਜਾ ਨੇ ਆਪਣੇ ਮਹਿਲਾਂ ਵਿਚ
ਉਤਾਰਿਆ। ਗੁਰੂ ਸਾਹਿਬ ਦਿਨੇ ਤਾਂ ਬ੍ਯਾਸਾ ਕਿਨਾਰੇ ਰਹਿੰਦੇ ਤੇ ਰਾਤ ਨੂੰ ਮਹਿਲਾਂ ਵਿ
ਚ ਆ ਜਾਂਦੇ। ਏਸੇ ਕਰਕੇ ਹੁਣ ਤਕ ਮਹਿਲਾਂ ਵਿਚ ਗੁਰਦੁਆਰਾ ਹੈ।

ਏਥੇ ਗੁਰੂ ਸਾਹਿਬ ਇਕ ਮਹੀਨਾ ਰਹੇ ਏਨਾਂ ਦੇ ਨਾਲ ਸੁਕੇਤ ਵਾਲਾ ਰਾਜਾ ਭੀ ਰਿਹਾ। ਸ਼ਿ
ਕਾਰ ਵਿਚ ਬਹੁਤ ਸ਼ੇਰ ਮਾਰੇ, ਇਕ ਦਿਨ ਸਿਕੰਦਰੇ ਦੀ ਧਾਰ ਪਰ ਨਿਵਾਸ ਕੀਤਾ, ਜਿਥੇ
ਹੁਣ ਗੁਰੂ ਜੀ ਦੀ ਯਾਦਗਾਰ ਇਕ ਜਗਾ ਬਣੀ ਹੋਈ ਹੈ। ਵਿਦਾ ਹੋਣ ਲੱਗੇ ਇਕ ਪੋਥੀ
ਰਾਜਾ ਨੂੰ ਦੇ ਆਏ ਸੇ ਜੋ ਹੁਣ ਤਕ ਓਥੇ ਹੈ।

ਏਥੋਂ ਤੁਰ ਨਦੌਣ ਦੇ ਰਸਤੇ ਜ੍ਵਾਲਾਮੁਖੀ ਜਾ ਪਹੁੰਚੇ ਤੇ ਓਥੋਂ ਦੇ ਮਹੰਤ ਬਿਜੈ ਭਾਰਥੀ ਗੁਸਾਂ
ਈ (ਜਿਸ ਨੇ ਕਲਮੋਟ ਦੀ ਲੜਾਈ ਵਿਚ ਗੁਰੂ ਦੇ ਵਿਰੁੱਧ ਗੁੱਜਰਾਂ ਦਾ ਪੱਖ ਕੀਤਾ ਸੀ ਤੇ
ਬੜਾ ਮਾਲਦਾਰ ਹੋਕੇ ਦੌਲਤ ਦਾ ਘਮੰਡ ਰੱਖਦਾ ਸੀ) ਦਾ ਘਰ ਬਾਰ ਲੁੱਟਕੇ ਆਨੰਦ
ਪੁਰ ਆ ਨਿਵਾਸ ਕੀਤਾ।

ਆਨੰਦਪੁਰ ਠਹਿਰਕੇ ਸ਼ਸਤ੍ਰ ਸ਼ਾਸਤ੍ਰ ਦਾ ਅੱਭਯਾਸ ਕਰਨਾ ਸ਼ੁਰੂ ਕੀਤਾ, ਸੰਗਤਾਂ ਆਵ
ਣ ਲੱਗੀਆਂ, ਬੜੀ ਰੌਣਕ ਰਹਣ ਲੱਗੀ। ਏਸੇ ਸਮੇ ਇਕ ਦਿਨ ਦੀਵਾਨ ਵਿਚ ਆਕੇ ਇ
ਕ ਕਵੀਸ਼ਰ ਚੰਦ ਨਾਮੀ ਨੇ ਆਖਿਆ ਕਿ ਆਪ ਦੀ ਸਭਾ ਵਿਚ ਬੜੇ ੨ ਵਿਦ੍ਵਾਨ ਹਨ ਪਰ ਤ
ਦ ਜਾਣੀਏ ਜੇ ਮੇਰੇ ਏਸ ਸਵੱਯੇ ਦਾ ਅਰਥ ਕਰ ਦੇਣ। ਯਥਾ ਸਵੈਯਾ। ਨਵ ਸਾਤ
ਤ੍ਰਿਯੇ ਨਵ ਸਾਤ ਕੀਏ ਨਵ ਸਾਤ ਪਿਯੇ ਨਵ ਸਾਤ ਪਯਾਏ। ਨਵ ਸਾਤ ਰਚੇ ਨਵ ਸਾਤ

Digitized by Panjab Digital Library | www.panjabdigilib.org

ਬਰੇ ਨਵ ਸਾਤ ਪੀਸਾ ਪਤਿ ਦਾਇਕ ਪਾਏ। ਜੀਤ ਕਲਾ ਨਵ ਸਾਤਨ ਕੀ ਨਵ ਸਾਤਨ ਕੇ ਮੁਖ ਅੰਬਰ ਛਾਏ। ਆਨਹੁ ਮੇਘ ਕੇ ਮੰਡਲ ਮੈਂ ਕਵਿ ਚੰਦਨ ਚੰਦ ਕਲੇ ਵਰ ਛਾਏ ॥ — ਇਸ ਦੇ ਅਰਥ ਗੁਰੂ ਜੀ ਦੇ ਘਾਹੀ ਧੰਨਾ ਸਿੰਘ ਨੇ ਇਸ ਪ੍ਰਕਾਰ ਕਰ ਦਿਖਾਏ। ਏਹ ਭੀ ਛੋਟਾ ਮੋਟਾ ਕਵੀਸ਼ਰ ਸੀ। ਤਬਾਹੀ ਅਰਥ। ਸੋਲਾਂ ਬਰਸ ਦੀ ਇਸਤ੍ਰੀ ਨੇ ਸੋਲਾਂ ਸਿੰਗਾਰ ਕੀਤੇ, ਸੋਲਾਂ ਮਹੀਨੇ ਪਿੱਛੋਂ ਉਸ ਦਾ ਪਤੀ ਪਰਦੇਸੋਂ ਆਯਾ, ਸੋਲਾਂ ਤਰਾਂ ਦੇ ਭੋਜਨ ਛਕਾਏ, ਸੋਲਾਂ ਘਰਾਂ ਦੀ ਚੌਪੜ ਰਚੀ, ਸੋਲਾਂ ਸੋਲਾਂ ਚਾਲੇ ਦੋਹਾਂ ਨੇ ਕੀਤੇ। ਸੋਲਾਂ ਨਰਦਾਂ ਵਾਲੀ ਬਾਜ਼ੀ ਜਿੱਤ ਕੇ ਸੋਲਾਂ ਆਨੇ ਵਾਲੇ ਰੁਪਏ ਪਤੀ ਪਾਸੋਂ ਪਹਿਲੇ ਇਸਤ੍ਰੀ ਨੇ ਪਾਏ ਫੇਰ ਪਤੀ ਨੇ ਸੋਲਾਂ ਕਲਾਂ ਵਰਰੋ ਚੰਦ ਜੈਸੇ ਮੁਖ ਵਾਲੀ ਇਸਤ੍ਰੀ ਨੂੰ ਜਿੱਤਿਆ ਤਾਂ ਉਹ ਸ਼ਰਮਿੰਦੀ ਹੋ ਘੁੰਡ ਕੱਢ ਬੈਠੀ ਮਾਨੋ ਮੇਘ ਵਿਚ ਚੰਦ ਲੁਕ ਬੈਠਾ।

ਏਹ ਇਕ ਨਮੂਨਾ ਕਵੀਸ਼ਰਾਂ ਦੀ ਵਿਦਿਆ ਦਾ ਦਿਖਾਯਾ ਹੈ। ਜੈਸੇ ਰਾਜਾ ਭੋਜ ਦੇ ਜੁਲਾਹੇ ਭੀ ਪੰਡਿਤ ਸੇ ਤੈਸੇ ਉਸ ਸਮੇ ਗੁਰੂ ਦੇ ਘਾਹੀ ਸਿੱਖ ਭੀ ਏਹੋ ਜੇਹੇ ਵਿੱਦਿਆ ਵਾਲੇ ਸੇ।

ਸੰ: ੧੭੫੮ ਬਿ: ਨੂੰ ਗੁਰੂ ਸਾਹਿਬ ਸੂਰਜ ਗ੍ਰਹਣ ਦੇ ਮੇਲੇ ਪਰ ਹਾੜ ਵਿਚ, ਕੁਰੁਖੇਤ੍ਰ ਤੀਰਥ ਦੇ ਕਿਨਾਰੇ (ਜਿਥੇ ਹੁਣ ਉਨ੍ਹਾਂ ਦਾ ਅਸਥਾਨ ਹੈ) ਜਾ ਉਤਰੇ। ਗ੍ਰਹਣ ਲੱਗੇ ਵਿਚ ਬ੍ਰਾਹਮਣਾਂ ਦੀ ਪਰੀਖਿਆ ਕਰਨ ਵਾਸਤੇ ਗੁਰੂ ਜੀ ਨੇ ਗਧਾ ਦੇਣਾ ਚਾਹਿਆ ਸਬ ਬ੍ਰਾਹਮਣ ਪਿੱਛੇ ਹਟ ਗਏ ਪਰ ਇਕ ਮੰਨੀਰਾਮ ਪੰਡਿਤ ਜੋ ਬਹੁਤ ਦੂਰ ਅੰਦੇਸ਼ ਸੀ ਉਹ ਲੈਣ ਨੂੰ ਤੱਯਾਰ ਹੋ ਗਿਆ ਤਦ ਗੁਰੂ ਜੀ ਨੇ ਉਸ ਨੂੰ ਘੋੜਾ, ਗਊ ਆਦਿਕ ਬਹੁਤ ਕੁਛ ਦਿੱਤਾ। ਏਸੇ ਸਮੇਂ ਚੰਦ ਨਾਥ ਜੋਗੀ ਜੋ ਤੀਰੰਦਾਜ਼ੀ ਵਿਚ ਬੜਾ ਮਸ਼ਹੂਰ ਸੀ ਤੇ ਆਪ ਦੇ ਵਰਗਾ ਹੋਰ ਕਿਸੇ ਨੂੰ ਨਹੀਂ ਮੰਨਦਾ ਸੀ, ਗੁਰੂ ਸਾਹਿਬ ਪਾਸ ਆ ਕੇ ਜ਼ੋਰ ਨਾਲ ਤੀਰ ਚਲਾਯਾ ਪਰ ਗੁਰੂ ਜੀ ਦੇ ਤੀਰਾਂ ਨੂੰ ਉਸ ਦੇ ਤੀਰ ਕਦ ਪਹੁੰਚ ਸਕਦੇ ਸੇ, ਅੱਧ ਵਿਚ ਹੀ ਰਹੇ ਤੇ ਸ਼ਰਮਿੰਦਾ ਹੋ ਗਿਆ। ਫੇਰ ਗੁਰੂ ਜੀ ਦਾ ਜਸ ਏਹ ਭੀ ਕਰਣ ਲੱਗਾ।

ਏਥੋਂ ਚੱਲ ਕੇ ਜੋਤੀਸਰ ਪਰ ਜਿੱਥੇ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਸੁਣਾਈ ਸੀ ਉਥੇ ਜਾ ਠਹਿਰੇ। ਦੂਸਰੇ ਦਿਨ ਪੇਹੋਏ ਪੁਲ ਦੇ ਪਾਸ ਉਤਰ ਕੇ ਸਰਸ੍ਵਤੀ ਦੇ ਇਸ਼ਨਾਨ ਕਰ

1 ਮੰਨੀਰਾਮ ਦੇ ਘਰ ਤਿਨਾ ਦਿਨ ਗੁਰੂ ਜੀ ਠਹਿਰੇ ਸੇ। ਤੁਰਦੇ ਹੋਏ ਇਕ ਪੋਥੀ ਸਾਖੀਆਂ ਭਾਈ ਗੁਰਬਖਸ਼ ਸਿੰਘ ਦੀ ਲਿਖੀ ਨਿਸ਼ਾਨੀ ਦੇ ਗਏ ਸੇ ਜੋ ਸੰ: ੧੮੭੨ ਬਿ: ਨੂੰ ਮੰਨੀਰਾਮ ਦੇ ਪੋਤ੍ਰੇ ਸੇਲੀ ਅਸ਼ਰ ਪਾਸੋਂ ਮੰਗਵਾ ਕੇ ਸਰਦਾਰ ਅਮ ਰ ਸਿੰਘ ਸਿੰਘਪੁਰੀਏ ਨੇ ਦੇਖੀਆਂ ਸਨ। ੧੦੦ ਸਾਖੀ ਦਲੀਪ ਸਿੰਘ ਵਾਲੀ ਏਸੇ ਦਾ ਨਾਮ ਹੈ। ਮੰਨੀਰਾਮ ਦੀ ਸੰਤਾਨ ਨੂੰ ਮੁਖਤਾਰਨਾਮਾ ਦਿੱਤਾ ਹੈ।

ਕੋਠੇ ਪਿੰਡ ਦੇ ਪਾਹਿਰ ਠਹਰਕੇ ਸਆਣੇ[1] ਪਿੰਡ ਜਾ ਉਤਰੇ। ਏਸੇ ਤਰਾਂ ਅਨੇਕ ਪਿੰਡਾਂ ਵਿ
ਚ ਉਤਰਕੇ ਅਨੇਕ ਲੋਕਾਂ ਨੂੰ ਸਿਖ ਸਜਾਉਂਦੇ ਤੇ ਧਰਮ ਪਰਾਇਣ ਕਰਦੇ ਹੋਏ ਚਮ
ਕੌਰ ਆਣ ਠਹਿਰੇ। ਏਥੇ ਦੋ ਉਮਰਾਵ ਸੈਦਬੇਗ ਤੇ ਅਲਫਖਾਨ ਦੋ ਹਜ਼ਾਰ ਅਸਵ
ਾਰ ਸਮੇਤ (ਜਿਨ੍ਹਾਂ ਨੇ ਲਾਹੌਰ ਨੂੰ ਜਾਣਾ ਸੀ) ਪਹਾੜੀ ਰਾਜਿਆਂ ਤੇ ਰੋਪੜੀਏ ਪਠਾਣਾ
ਨੇ ਸਿਖਾਕਰ ਉਤਾਰ ਰੱਖੇ ਸੇ। ਗੁਰੂ ਜੀ ਭੀ ਬਿਨਾ ਖਬਰੋਂ ਓਥੇ ਹੀ ਆ ਉਤਰੇ।
ਮੁਸਲਮਾਨਾ ਨੇ ਹੱਲਾ ਕਰ ਦਿੱਤਾ, ਬਹੁਤ ਲੜਾਈ ਹੋਈ, ਸਿੱਖਾਂ ਨੇ ਐਸਾ ਜੰਗ ਕੀ
ਤਾ ਕਿ ਵੈਰੀਆਂ ਦੇ ਮੂੰਹ ਮੋੜ ਦਿੱਤੇ ਤੇ ਖਿਦਰਾਬਾਦ ਤਕ ਲੜਦੇ ਭਿੜਦੇ ਗਏ, ਓਹ ਤਾਂ
ਲਾਹੌਰ ਦੇ ਰਸਤੇ ਪਏ ਤੇ ਗੁਰੂ ਸਾਹਿਬ ਆਨੰਦਪੁਰ ਪਹੁੰਚ ਗਏ।

ਏਸੇ ਸਮੇ ਸਿੱਖਾਂ ਦੀ ਪ੍ਰੀਖਿਆ ਵਾਸਤੇ ਤਿੰਨ ਵਾਰੀ ਕੜਾਹ ਪ੍ਰਸਾਦ ਕਰਾ ਕੇ ਲੁਟਵਾਯਾ, ਖਾ
ਲਸੇ ਦੇ ਦਲ ਵਿਚ ਬਹੁਤ ਰੌਲਾ ਮੱਚਿਆ, ਦੰਗਾ ਕਰਨ ਵਾਲਿਆਂ ਨੂੰ ਤਮੋਗੁਣੀ ਨਿਹੰ
ਗ ਤੇ ਜਿਨ੍ਹਾਂ ਨੇ ਬਿਨਾ ਦੰਗੇ ਤੋਂ ਲੁੱਟਿਆ ਓਨ੍ਹਾਂ ਨੂੰ ਰਜੋਗੁਣੀ ਗ੍ਰਿਹਸਤੀ, ਜੋ ਹੜੇ ਸੰਤੋਖੀ ਲੁੱ
ਟਣ ਨਾ ਉਠੇ ਓਨ੍ਹਾਂ ਨੂੰ ਸਤੋਗੁਣੀ ਨਿਰਮਲੇ, ਏਹ ਤਿੰਨ ਪ੍ਰਕਾਰ ਦੀ ਪਦਵੀ ਖਾਲਸੇ ਨੂੰ
ਬਖਸ਼ੀ। ਬਹੁਤ ਹਾਸ ਬਿਲਾਸ ਹੋਏ।

ਚਮਕੌਰ ਦੀ ਲੜਾਈ ਜੇਹੜੀ ਰਾਜਿਆਂ ਦੀ ਸ਼ਰਾਰਤ ਨਾਲ ਹੋਈ ਸੀ, ਏਸ ਕਰਕੇ ਰਾਜਿਆਂ
ਦੇ ਮੁਲਕਾਂ ਨੂੰ ਲੁੱਟਣ ਮਾਰਣ ਵਾਸਤੇ ਖਾਲਸਾ ਜੀ ਤੱਯਾਰ ਬਰ ਤੱਯਾਰ ਹੋ ਗਿਆ। ਤਦ
ਰਾਜਾ ਭੀਮ ਚੰਦ ਆਦਿਕਾਂ ਨੇ ਬਾਦਸ਼ਾਹ ਪਾਸ ਲਿਖਵਾ ਭੇਜਿਆ ਕਿ ਇਕ ਫਕੀਰ ਗੋਬਿ
ੰਦ ਸਿੰਘ ਆਪ ਨੂੰ ਸੱਚਾ ਪਾਤਸ਼ਾਹ ਸਦਾਉਂਦਾ ਹੈ ਤੇ ਬਹੁਤ ਫੌਜ ਰੱਖਕੇ ਲੁੱਟ ਮਚਾਇ ਰਿ
ਹਾ ਹੈ, ਕਿਸੇ ਦਿਨ ਨੂੰ ਬਾਦਸ਼ਾਹ ਦਾ ਭੀ ਮੁਕਾਬਲਾ ਕਰੇਗਾ, ਏਸ ਤੋਂ ਗਦਰ ਹੋਣ ਦੀ ਜ਼
ਰੂਰ ਉਮੈਦ ਹੈ ਕਯੋਂਕੇ ਏਸ ਨੇ ਆਪਣੇ ਬਾਪ ਗੁਰੂ ਤੇਗ ਬਹਾਦੁਰ ਦਾ ਬਦਲਾ ਲੈਣ ਵਾ
ਸਤੇ (ਜੋ ਸੰ: ੧੭੩੨ ਬਿ: ਨੂੰ ਸ਼ਾਹੀ ਹੁਕਮ ਨਾਲ ਕਤਲ ਹੋਯਾ ਸੀ) ਇੱਕ ਮਜ਼ਹਬ ਸਿਖਾਂ
ਦਾ ਪ੍ਰਗਟ ਕੀਤਾ ਹੈ ਜਿਸ ਵਿਚ ਤਮਾਮ ਪੰਜਾਬ, ਹਿੰਦੁਸਤਾਨ ਦੇ ਡਾਕੂ ਰਾਹਜ਼ਨ ਸ਼ਾਮਲ
ਕੀਤੇ ਹਨ। ਪਹਾੜੀ ਰਾਜਿਆਂ ਨੇ ਤਿੰਨ ਚਾਰ ਵਾਰੀ ਕੱਠ ਕਰਕੇ ਆਪਣੇ ਰਾਜ ਵਿਚੋਂ ਕੱ
ਢਣਾ ਚਾਹਿਆ ਸੀ ਪਰ ਕੱਢ ਨਾ ਸਕੇ। — ਏਸੇ ਸਮੇ ਇਕ ਸਿੱਖ ਕਾਬਲੀ ਮੱਲ ਖੱਤ੍ਰੀ

੧ ਸਆਣੇ ਪਿੰਡ ਵਿੱਚ ਬਾਢੀ ਦੀ ਸੰਤਾਨ ਰਾਮ ਸਿੰਘ ਆਦਿਕ ੫੦ ਆਦਮੀ ਹਨ, ਗੁਰਦ੍ਵਾਰਾ ਚੰਗਾ ਬਣਾਇ
ਰੱਖਿਆ ਹੈ। ਏਸੇ ਦੇ ਨੇੜੇ ਘੁੜਾਮ ਪਿੰਡ ਵਿਚ ਸੈਦ ਭੀਖ ਪੀਰ ਰਿਹਾ ਕਰਦਾ ਸੀ।

Digitized by Panjab Digital Library | www.panjabdigilib.org

ਪਸੌਰੀ ਹਾਕਮ ਕਈ ਹਜ਼ਾਰ ਰੁਪਯਾ ਦਸਵੰਧ ਦਾ ਤੇ ਹੱਥਿਆਰ ਘੋੜੇ ਗੁਰੂ ਦੀ ਨਜ਼ਰ ਕਰਕੇ, ਪਚਾਸ ਸਿਪਾਹੀ ਸੂਰਬੀਰ ਆਪਣੀ ਤਰਫੋਂ ਗੁਰੂ ਸਾਹਿਬ ਦੀ ਖਿਦਮਤ ਵਿਚ ਛੱਡ ਗਿਆ। ਇਸੇ ਤਰਾਂ ਹੋਰ ਭੀ ਦੋਚਾਰ ਸਿੱਖਾਂ ਨੇ ਆਦਮੀ ਨੌਕਰ ਰੱਖਕੇ ਗੁਰੂ ਜੀ ਪਾਸ ਭੇਜੇ ਸੋ ਇਹ ਬਾਤ ਭੀ ਦਸਗੁਣੀ ਬਣਾ ਕਰਕੇ ਅਵਰੰਗਜ਼ੇਬ ਪਾਸ ਲਿਖ ਭੇਜੀ। ਬਾਦਸ਼ਾਹ ਨੇ ਉਸੇ ਵਕਤ ਸੂਬੇ ਸਰਹਿੰਦ ਦੇ ਨਾਮ ਗੁਰੂ ਦੀ ਗ੍ਰਿਫਤਾਰੀ ਵਾਸਤੇ ਪਰਵਾਨਾ ਭੇਜਕੇ, ਅਮੀਰਖਾਂ ਦਸ ਹਜ਼ਾਰੀ ਤਿਰਾਵੜੀ ਵਾਲੇ ਨੂੰ ਭੇਜਿਆ, ਤੇ ਨਜ਼ਾਬਤਖਾਂ, ਹੈਬਤਖਾਂ, ਸੈਦਖਾਂ, ਰਮਜ਼ਾਨਖਾਂ, ਦੀਨਾਬੇਗਖਾਂ ਇਹ ਸਰਦਾਰ ਦਿੱਲੀ ਤੋਂ ਭੇਜੇ।

ਉਧਰ ਇਸੇ ਸਮੇ ਗੁਰੂ ਪਾਸ ਆਕੇ ਬ੍ਰਾਹਮਣਾਂ ਨੇ ਫਰਿਆਦ ਕੀਤੀ ਕਿ ਹੁਸ਼ਿਆਰਪੁਰ ਦੇ ਪਰਗਨੇ ਬਸੀਆਂ ਵਾਲੇ ਪਠਾਣਾਂ ਨੇ ਡੋਲੇ ਸਮੇਤ ਸਾਡਾ ਸਮਾਨ ਛੀਨ ਲਿਆ ਹੈ, ਤੁਹਾਡੇ ਬਗੈਰ ਸਾਡਾ ਹੁਣ ਕੋਈ ਆਸਰਾ ਨਹੀਂ। ਗੁਰੂ ਜੀ ਨੇ ਉਨਾਂ ਪਰ ਰਹਮ ਖਾ ਕੇ ਸਾਹਜ਼ਾਦੇ ਅਜੀਤ ਸਿੰਘ ਨੂੰ ਚਾਰ ਸੌ ਅਸਵਾਰ ਦੇ ਕੇ ਭੇਜਿਆ। ਇਨ੍ਹਾਂ ਨੇ ਅਚਾਨਕ ਹੀ ਬਸੀ ਦੇ ਪਠਾਣਾਂ ਪਰ ਕਿਆਮਤ ਪਾ ਦਿੱਤੀ ਉਨ੍ਹਾਂ ਨੂੰ ਲੁੱਟ ਮਾਰ, ਬ੍ਰਾਹਮਣੀ ਨੂੰ ਘੋੜੇ ਪਰ ਚੜ੍ਹਾ ਕੇ ਲੈ ਆਏ। ਇਸ ਬਾਤ ਪਰ ਬਹੁਤ ਹਿੰਦੂ ਭੀ ਗੁਰੂ ਜੀ ਦੇ ਮਦਦਗਾਰ ਬਣ ਗਏ।

ਇਤਨੇ ਨੂੰ ਸੁਣ ਲਿਆ ਕਿ ਬਾਦਸ਼ਾਹੀ ਫੌਜ ਅਨੰਦਪੁਰ ਪਰ ਚੜ੍ਹ ਕੇ ਆਈ ਹੈ ਤਾਂ ਬੇਸ਼ੁਮਾਰ ਸਿੱਖ ਆਪਣੇ ੨ ਘਰਾਂ ਤੋਂ ਖਰਚ ਬੰਨ੍ਹਕੇ ਗੁਰੂ ਜੀ ਪਾਸ ਹਾਜ਼ਰ ਆਣ ਹੋਏ। ਅਤੇ ਰਣਸਿੰਘ, ਸਿਆਮ ਸਿੰਘ, ਬੀਰ ਸਿੰਘ, ਦਯਾ ਸਿੰਘ, ਧਰਮ ਸਿੰਘ, ਸਾਹਿਬ ਸਿੰਘ, ਦੇਵ ਸਿੰਘ, ਟੇਕ ਸਿੰਘ, ਗਿਆਨ ਸਿੰਘ, ਮਾਨ ਸਿੰਘ, ਕਾਲਾ ਸਿੰਘ, ਜੇਠਾ ਸਿੰਘ, ਸੰਤ ਸਿੰਘ ਆਦਿਕ ਸਿੱਖ ਸਰਦਾਰ ਤਯਾਰ ਹੋਕੇ ਗੁਰੂ ਸਾਹਿਬ ਪਾਸ ਆਗਿਆ ਲੈਣ ਆਏ। ਪਰ ਸਰਦਾਰ ਮੈਮੂੰਖਾਂ ਤੇ ਸੈਦਾਬੇਗ ਮੁਸਲਮਾਨ ਜੋ ਗੁਰੂ ਪਾਸ ਨੌਕਰ ਸੇ ਸਬ ਤੋਂ ਪਹਿਲੇ ਇਨ੍ਹਾਂ ਨੇ ਗੁਰੂ ਸਾਹਿਬ ਤੋਂ ਆਗਿਆ ਲੈਕੇ ਨਗਾਰੇ ਬਜਾਇ ਰਣਭੂਮੀ ਵਿਖੇ ਝੰਡੇ ਜਾ ਗੱਡੇ। ੧੭ ਫੱਗਣ ਸੰਮਤ ੧੭੫੮ ਬਿ: ਨੂੰ ਜੰਗ ਹੋਣ ਲੱਗਾ। ਰਾਜਾ ਹਰੀ ਚੰਦ ਗੁਲੇਰੀਯਾ ਤੇ ਸੈਦਾਬੇਗ ਜੁਟ ਗਏ, ਸੈਦਾਬੇਗ ਨੇ ਸ਼ਹੀਦੀ ਪਾਈ, ਦੀਨਾਬੇਗ ਜਖਮੀ ਹੋਯਾ ਮੈਮੂੰਖਾਂ ਤੇ ਅਮੀਰਖਾਂ ਬਹੁਤ ਭਿੜੇ, ਅਮੀਰਖਾਂ ਘਾਇਲ ਹੋਯਾ, ਫੇਰ ਹੈਬਤਖਾਂ ਸਾਮਣੇ ਆਯਾ, ਸੋ ਭੀ ਜਾਣਾ ਨਾ ਪਾਯਾ, ਨਜ਼ਾਬਤਖਾਂ ਖੜਾ ਹੋਯਾ ਪਹਿਲਵਾਨਾਂ ਦੀ ਤਰਾਂ ਮੈਦਾਨ ਵਿਚ ਲੜਦਾ ਰਿਹਾ ਅਜ਼ੀਮਖਾਂ ਤੇ ਪੇਦੇਖਾਂ ਖਾਸ ਗੁਰੂ ਸਾਹਿਬ ਦੇ ਹੱਥੋਂ ਸ਼ਹੀਦ

Digitized by Panjab Digital Library | www.panjabdigilib.org

ਹੋਇਆ ਗੁਰੂ ਜੀ ਦੀ ਬਹਾਦਰੀ ਤੇ ਮਹਿਮਾ ਦੇਖ ਸੁਣਕੇ ਬਡੇ ਅਫਸਰ ਸ਼ਾਹੀ ਸੈਦਖਾਂ ਨੇ
ਮਨ ਵਿਚ ਧਾਰਿਆ ਕਿ ਜੇਕਰ ਗੁਰੂ ਮੈਨੂੰ ਮਿਲੇ ਤਾਂ ਮੈਂ ਉਸ ਨਾਲ ਦੋ ਬਾਤਾਂ ਕਰਾਂ।
ਗੁਰੂ ਜੀ ਉਸੇ ਵਕ਼ਤ ਸ਼ਾਹੀ ਸੈਨਾ ਨੂੰ ਚੀਰਦੇ ਹੋਏ ਸੈਦਖਾਂ ਦੇ ਪਾਸ ਜਾ ਲਲਕਾਰੇ, ਸੈਦ
ਖਾਂ ਦੇਖਕੇ ਹੱਕਾ ਬੱਕਾ ਰਹ ਗਿਆ ਤੇ ਪੁੱਛਿਆ ਕਿ ਤੁਹਾਨੂੰ ਦੁਸ਼ਮਨਾਂ ਦੇ ਦਲ ਵਿਚੋਂ ਆਂ
ਵਦਿਆਂ ਹੋਯਾਂ ਡਰ ਨਾ ਲੱਗਿਆ। ਸਾਹਿਬ ਬੋਲੇ ਸਾਡਾ ਕੋਈ ਦੋਸਤ ਦੁਸ਼ਮਣ ਨਹੀਂ
ਸਭ ਖੁਦਾ ਦਾ ਇੱਕੋ ਨੂਰ ਹੈ, ਏਹ ਲੜਾਈ ਤਾਂ ਇਕ ਖੇਲ ਰਚੀ ਹੋਈ ਹੈ। ਜਥਾ ((ਹਿ
ਦੂ ਤੁਰਕ ਬਾਦ ਮੇਂ ਪਰੇ ਗਏ ਇਨ ਤੇ ਨਾਥ ਨਿਰਾਲੇ ਬਰੇ।)) ਗੁਰੂ ਸਾਹਿਬ ਦੇ ਸੱਚੇ ਬਚ
ਨ ਸੁਣਕੇ ਤੇ ਚਿਹਰਾ ਚੌਧਵੇਂ ਚੰਦ ਜੈਸਾ ਖਿੜਿਆ ਹੋਯਾ ਦੇਖਕਰ ਸੈਦਖਾਂ ਨੇ ਗੁਰੂ ਦੇ
ਕਦਮ ਚੁੰਮੇ ਤੇ ਲੜਾਈ ਦਾ ਸਭ ਸਾਮਾਨ ਛੱਡਕੇ ਜੰਗਲ ਨੂੰ ਚਲਾ ਗਿਆ ਅਤੇ ਰੱ
ਬ ਦੀ ਬੰਦਗੀ ਵਿਚ ਤਤਪਰ ਹੋਯਾ। ਏਹ ਅਚਰਜ ਦੀ ਸ਼ਕਤੀ ਗੁਰੂ ਜੀ ਦੇ ਬਚਨ
ਵਿਚ ਦੇਖਕੇ ਲੋਗ ਤਾਂ ਹੈਰਾਨ ਹੋ ਗਏ ਤੇ ਫੇਰ ਗੁਰੂ ਸਾਹਿਬ ਨੂੰ ਪਕੜਨਾ ਚਾਹਿਆ ਪਰ
ਗੁਰੂ ਸਾਹਿਬ ਗੋਲੀ ਦੀ ਤਰਾਂ ਵਿਚੋਂ ਦੀ ਨਿਕਲਕੇ ਆਪਣੀ ਫੌਜ ਵਿਚ ਆ ਗਏ।
ਇਸ ਜੰਗ ਵਿਚ ਰਮਜ਼ਾਨਖਾਂ ਕਹਲੂਰੀ ਵਜ਼ੀਰ ਆਦਿਕ ਬੜੇ ੨ ਆਦਮੀ ਮਾਰੇ ਗ
ਏ ਪਰ ਸਿੱਖਾਂ ਨੂੰ ਸ਼ਿਕਸਤ ਹੋਈ ਤੇ ਮੁਸਲਮਾਨੀ ਫੌਜ ਅਨੰਦਪੁਰ ਨੂੰ ਲੁੱਟਕੇ ਪਿਛੇ ਚਾ
ਰ ਕੋਸ ਪਰ ਜਾ ਉਤਰੀ। ਰਾਤ ਨੂੰ ਸ਼ਾਹਜ਼ਾਦੇ ਅਜੀਤ ਸਿੰਘ ਨੇ ਦਯਾ ਸਿੰਘ, ਹਿੰਮਤ ਸਿੰ
ਘ, ਉਦੇ ਸਿੰਘ ਆਦਿਕਾਂ ਨੂੰ ਨਾਲ ਲੈ ਕੇ ਧਾਵਾ ਕਰ ਦਿੱਤਾ ਤੇ ਬੇਖਬਰੇ ਬਾਦਸ਼ਾਹੀ ਫੌਜ
ਨੂੰ ਜਾ ਲੁੱਟਿਆ, ਉਹ ਘਬਰਾ ਕਰ ਰੋਪੜ ਦੀ ਤਰਫ ਦੌੜ ਗਈ।
ਇਸ ਖਬਰ ਨੂੰ ਸੁਣਕੇ ਸਰਹੰਦੀ ਸੂਬਾ ਆਪ ਚੜ੍ਹ ਆਯਾ ਤੇ ਸਭ ਪਹਾੜੀ ਰਾਜੇ
ਬੁਲਾਇ ਲਏ। ਸੰ: ੧੭੬੦ ਬਿ: ਨੂੰ ਫੇਰ ਘੇਰਾ ਆਣ ਪਾਇਆ, ਇਸ ਵਕ਼ਤ ਗੁਰੂ ਸਾਹਿ
ਬ ਪਾਸ ਭੀ ਅੱਠ ਕ ਹਜ਼ਾਰ ਸਿੱਖ ਹੋ ਗਯਾ ਸੀ, ਤਿੰਨ ਮਹੀਨੇ ਬਰਾਬਰ ਜੰਗ ਹੁੰਦਾ ਰਿ
ਹਾ, ਕਈ ਵਾਰੀ ਰਾਤ ਦੇ ਵਕ਼ਤ ਕਿਲੇ ਤੋਂ ਨਿਕਲਕਰ ਸਿੱਖ ਛਾਪਾ ਮਾਰ ਜਾਂਦੇ।
ਇਕ ਦਿਨ ਗੁਰੂ ਸਾਹਿਬ ਨੇ ਚਾਰ ਹਜ਼ਾਰ ਫੌਜ ਅਪਣੇ ਨਾਲ ਲੈਕੇ, ਕਿਲੇ ਤੋਂ ਬਾਹਰ ਹੋ,
ਚਾਰ ਘੰਟੇ ਐਸਾ ਭਾਰੀ ਜੰਗ ਕੀਤਾ ਕਿ ਤੁਰਕਾਂ ਦੇ ਦੰਦ ਖੱਟੇ ਕਰ ਦਿੱਤੇ, ਪਰ ਸੂਰਜ ਦੇ ਛਿ
ਪ ਜਾਣੇ ਕਰ ਲੜਾਈ ਬੰਦ ਹੋ ਗਈ। ਦੂਸਰੇ ਦਿਨ ਵਜ਼ੀਰਖਾਂ ਨੇ ਕਿਲੇ ਨੂੰ ਤੋਪਾਂ ਧਰ
ਦਿੱਤੀਆਂ, ਅੱਠ ਦਿਨ ਬਰਾਬਰ ਰਾਤ ਦਿਨੇ ਤੋਪ ਚਲਦੀ ਰਹੀ ਪਰ ਕਿਲੇ ਨੂੰ ਕੁਛ ਨੁਕਸਾਨ

ਨਾ ਪਹੁੰਚਿਆ ਕਿਉਂਕੇ ਕਿਲੇਦੇ ਚੁਫੇਰੇ ਬਣੇ ਹ ਟਿੱਲੇ ਮਿੱਟੀ ਦੇ ਕੁਦਰਤੀ ਪਏ ਹੋਏ ਸੇ, ਜੇਤੋ
ਪ ਬੰਦੂਕ ਦਾ ਗੋਲਾ ਬਾਹਰੋਂ ਜਾਂਦਾ ਸੋ ਮਿੱਟੀ ਵਿਚ ਧਸ ਜਾਂਦਾ। ਏਹ ਖਾਸ ਮਿੱਟੀ ਦੀ ਲੜਾ
ਈ ਜਦ ਨਾ ਪੁੱਗੀ ਤਾਂ ਸੂਬੇ ਨੇ ਆਪਣੀ ਫੌਜ ਚਾਰੋਂ ਤਰਫ ਉਤਾਰਕੇ, ਦਾਣਾ ਘਾਸ ਕਿਲੇ
ਦੇ ਅੰਦਰ ਜਾਣਾ ਬੰਦ ਕਰ ਦਿੱਤਾ। ਕਿਲੇ ਦੇ ਇਕ ਪਾਸੇ ਤਾਂ ਦਰੀਯਾ ਸੀ ਦੋ ਤਰਫ ਪਹਾੜੀ
ਦੇ ਉੱਚੇ ਟਿੱਲੇ ਸੇ, ਚੌਥਾ ਪਾਸਾ ਜਿਧਰ ਮੁਸਲਮਾਨ ਲੜਦੇ ਸੇ ਓਹ ਬਹੁਤ ਨੀਵਾਂ ਸੀ, ਹੇ
ਠਾਂ ਦੇ ਪੰਜ ਹਜ਼ਾਰ ਨਾਲ ਉਪਰ ਦਾ ਪੰਜ ਸੌ ਬਰਾਬਰ ਲੜ ਸੱਕਦਾ ਸੀ। ਦੂਸਰੀ ਬਾਤ ਏ
ਹ ਸੀ ਕਿ ਸਿੱਖ ਜਾਨਾਂ ਤੋੜ ਕੇ ਲੜਦੇ ਸੀ ਤੇ ਮੁਸਲਮਾਨ, ਪਹਾੜੀ ਜਾਨ ਬਚਾਇ ਕਰ,
ਤੀਸਰੇ ਮੁਸਲਮਾਨਾਂ ਨੂੰ ਇਹ ਭੀ ਖਿਆਲ ਸੀ ਕਿ ਫਕੀਰਾਂ ਨਾਲ ਲੜਕੇ ਕੀ ਲੈਣਾ ਹੈ। ਇਨ੍ਹਾਂ
ਬਾਤਾਂ ਦੇ ਸਬਬ ਕਰਕੇ ਕਿਲੇ ਨੂੰ ਬਾਦਸ਼ਾਹੀ ਸਰਦਾਰ ਛੁਡਾ ਨਹੀਂ ਸੱਕਦੇ ਸੇ।

ਗੁਰੂ ਸਾਹਿਬ ਨੇ ਭੀ ਸਾਹਜ਼ਾਦੇ ਅਜੀਤ ਸਿੰਘ ਨੂੰ ਦੋ ਹਜ਼ਾਰ ਅਸਵਾਰ ਸਮੇਤ ਕੇਸ
ਗੜ੍ਹ ਵਿਚ, ਤੇ ਨੰਦ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ ਆਦਿਕ ਸਰਦਾਰ ਲੋਹਗੜ੍ਹ
ਵਿਚ, ਆਲਮ ਸਿੰਘ, ਸੰਤਾ ਸਿੰਘ, ਸੰਗਤ ਸਿੰਘ ਆਦਿਕ ਸਰਦਾਰ ਦਮਦਮੇ ਵਿਚ,
ਉਦੇ ਸਿੰਘ, ਈਸ਼ਰ ਸਿੰਘ ਨੂੰ ਅਗੰਮਪੁਰੇ ਵਿਚ, ਏਸੇ ਤਰਾਂ ਹੋਰ ਅਨੇਕ ਜਗਾ ਮੋਰ
ਚਿਆਂ ਵਿਚ ਸਿੱਖ ਕਾਯਮ ਕਰ ਰੱਖੇ ਸੇ। ਜੋ ਸਿਖ ਸਤੋਗੁਣੀ ਸ਼ਸ੍ਰ ਪਕੜਨਾ ਨਹੀਂ ਚ
ਹੁੰਦੇ ਸੇ ਉਨਾਂ ਨੂੰ ਜੰਗੀ ਸਿੰਘਾਂ ਦੀ ਟਹਿਲ ਦਾਰੂ ਸਿੱਕਾ, ਅੰਨ, ਜਲ ਪਹੁੰਚਾਉਣ ਦੀ
ਸਪੁਰਦਗੀ ਸੀ। ਇਨ੍ਹਾਂ ਵਿਚ ਹੀ ਇਕ ਸਿੱਖ ਸੇਵਾ ਸਿੰਘ ਜਲ ਦੀ ਮਸ਼ਕ ਭਰਕਰ
ਲਿਆਵੇ ਤੇ ਜੇ ਰਾਹ ਵਿਚ ਮੁਸਲਮਾਨ ਭੀ ਮੰਗੇ ਤਾਂ ਉਨ੍ਹਾਂ ਨੂੰ ਭੀ ਪਿਲਾਇ ਦੇਵੇ। ਏ
ਸ ਪਰ ਸਿੱਖਾਂ ਨੇ ਉਸ ਉੱਤੇ ਨਾਰਾਜ਼ ਹੋਕੇ ਗੁਰੂ ਪਾਸ ਫਰਿਆਦ ਕੀਤੀ। ਗੁਰੂ ਜੀ ਨੇ
ਉਸਨੂੰ ਪੁੱਛਿਆ ਤਾਂ ਉਸਨੇ ਜਵਾਬ ਦਿੱਤਾ ਕਿ ਹੇ ਸਤਗੁਰੋ ਮੈਨੂੰ ਤਾਂ ਹਿੰਦੂ ਮੁਸਲਮਾਨ
ਸਬ ਤੁਹਾਡਾ ਹੀ ਰੂਪ ਨਜ਼ਰ ਆਂਵਦਾ ਹੈ। ਏਹ ਬਚਨ ਸੁਣਕਰ ਗੁਰੂ ਜੀ ਬਹੁਤ ਖੁ
ਸ਼ ਹੋਏ। ਤੇ ਉਸਨੂੰ ਫੇਰ ਓਹੋ ਕੰਮ ਸਪੁਰਦ ਕੀਤਾ।

ਇਕ ਦਿਨ ਗੁਰੂ ਜੀ ਉੱਚੀ ਜਗਾ ਬੈਠੇ ਦਸ੍ਤਾਰ ਸਜਾ ਰਹੇ ਸੇ, ਨਾਜ਼ਮ ਨੇ ਦੇਖਕੇ ਤੋਪਾਂ
ਦੇ ਗੋਲੇ ਬਰਸਾਏ, ਕਈ ਸਿੱਖ ਮਾਰੇ। ਗੁਰੂ ਜੀ ਨੇ ਕਮਾਨ ਪਕੜਕੇ ਗੋਲਅੰਦਾਜ਼ ਤੇ
ਕਈ ਸਰਦਾਰ ਸਿਪਾਹੀ ਮਾਰੇ। ਅਤੇ ਉਥੋਂ ਦੋ ਕੋਸ ਪਰ ਜਿਥੇ ਸੂਬਾ ਬੈਠਾ ਸੀ ਉਥੇ
ਤੀਰ ਮਾਰਿਆ, ਸੂਬੇ ਨੇ ਏਤਨੀ ਦੂਰ ਤੀਰ ਦਾ ਪਹੁੰਚਨਾ ਕਰਾਮਾਤ ਸਮਝੀ ਪਰ ਗੁਰੂ

Digitized by Panjab Digital Library | www.panjabdigilib.org

ਜੀਨੇ ਦੂਸਰਾ ਤੀਰ ਚਿੱਠੀ ਸਮੇਤ ਉਸਦੇ ਪਲੰਘ ਦੇ ਪਾਵੇ ਵਿਚ ਮਾਰਿਆ, ਜਿਸ ਵਿਚ ਲਿਖਿਆ ਕਿ ਕਰਾਮਾਤ ਨਹੀਂ ਏਹ ਕਰਤਬ ਹੈ। ਗੁਰੂਜੀ ਦੀ ਏਹ ਵਿੱਦਿਆ ਤੇ ਤਾਕਤ ਦੇਖਕੇ ਸੂਬਾ ਹੈਰਾਨ ਹੋ ਗਿਆ ਤੇ ਉਥੋਂ ਡੇਰਾ ਉਠਾ ਲੀਤਾ।

ਇਕ ਦਿਨ ਸਿਖਾਂ ਨੇ ਮੋਰਚਾ ਵਧਾ ਕਰਕੇ ਅੱਗੇ ਜਾ ਲਾਯਾ, ਸ਼ਾਹੀ ਫੌਜ ਟੁਟਕੇ ਆ ਪਈ ਤੇ ਸਿੱਖਾਂ ਨੂੰ ਭਜਾਇ ਕਰ ਕੁਛਕ ਸ਼ਹਰ ਲੁਟਿਆ, ਪਰ ਅਜੀਤ ਸਿੰਘ ਜੀ ਦੋ ਹਜ਼ਾਰ ਅਸਵਾਰ ਲੈਕੇ ਆ ਪਹੁੰਚੇ ਸਾਹਿਬਜ਼ਾਦੇ ਨੇ ਜ਼ਖਮ ਤਾਂ ਖਾਧੇ ਪਰ ਸ਼ਹਰ ਬਚਾ ਲੀਤਾ। ਇਤਨੇ ਨੂੰ ਗੁਰੂ ਸਾਹਿਬ ਆ ਪਹੁੰਚੇ ਤੇ ਫੌਜ ਨੂੰ ਮਾਰਕੇ ਪਿੱਛੇ ਹਟਾਇ ਦਿੱਤਾ। ਇਸ ਜੰਗ ਨੂੰ ਦੇਖਕੇ ਸ਼ਾਹੀ ਅਫਸਰ ਹੈਰਾਨ ਹੋ ਗਏ ਤੇ ਮੂੰਹ ਵਿਚ ਉਂਗਲੀਆਂ ਪਾਕੇ ਰਾਜਾ ਭੀਮਚੰਦ ਪਾਸੋਂ ਪੁੱਛਿਆ ਕਿ ਏਹ ਕੀ ਸਬਬ ਹੈ ਜੋ ਸਾਨੂੰ ਹਾਰ ਹੁੰਦੀ ਹੈ, ਰਾਜਾ ਨੇ ਆਖਿਆ ਕਿ ਖਬਰ ਨਹੀਂ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾਵਣ ਦੇ ਵੇਲੇ ਕੀ ਜਾਦੂ ਕਰ ਦਿਤਾ ਹੈ ਕਿ ਜੋ ਕੋਈ ਬਣੀਆ, ਕੰਬੋਇ, ਸਾਈਣੀ, ਅਰੋੜਾ, ਜਟ, ਕਲਾਲ, ਤਖਾਣ, ਛੀਂਬਾਂ, ਕਹਾਰ ਭੀ ਅੰਮ੍ਰਿਤ ਛਕ ਲੈਂਦਾ ਹੈ, ਤਾਂ ਗਿੱਦੜੋਂ ਤੇ ਸ਼ੇਰ ਬਣਕੇ ਛੱਤ੍ਰੀ, ਰਾਜਪੂਤ, ਸੱਯਦ, ਮੁਗਲ, ਪਠਾਣਾਂ ਨੂੰ ਬਕਰੀ ਭੇਡਾਂ ਵਾਂਗੂ ਦਬਾ ਲੈਂਦਾ ਹੈ। ਸੂਰਬੀਰਤਾ, ਸਿਦਕ, ਹਠ ਏਹ ਏਨ੍ਹਾਂ ਵਿਚ ਕੁੱਟ ਕੁਟ ਕੇ ਭਰਿਆ ਹੋਯਾ ਹੈ।

ਸੂਬੇ ਨੇ ਜਦ ਕਿਲਾ ਟੁਟਦਾ ਨਾ ਦੇਖਿਆ ਤਾਂ ਚਾਰੋਂ ਤਰਫ ਫੌਜ ਉਤਾਰਕੇ ਘਾਸ ਦਾਣਾ ਕਿਲੇ ਵਿਚ ਜਾਣਾ ਬੰਦ ਕਰ ਦਿੱਤਾ ਪਰ ਸਿੱਖ ਰੋਜ਼ ਰਾਤ ਨੂੰ ਨਿਕਲਕੇ ਛਾਪਾ ਮਾਰ ਜਾਯਾ ਕਰਨ ਤੇ ਕਈ ਇਕ ਸ਼ਾਹੀ ਫੌਜ ਦੇ ਅਫਸਰ, ਮਿਰਜ਼ਾ ਸਦੀਕ ਬੇਗ, ਅਜੀਮ ਖਾਂ, ਹੈਬਤ ਖਾਂ ਸ਼ਾਹੀ, ਤੇ ਰਾਜਾ ਜਸਵਾਲ, ਬਿਜਰਵਾਲ, ਡਡਵਾਲ, ਕੈਥਲ, ਕਹਲੂਰ ਦਾ ਵਜ਼ੀਰ ਆਦਿਕ ਮਾਰ ਦਿਤੇ, ਸ਼ਾਹੀ ਫੌਜ ਨੂੰ ਚੈਨ ਨਾ ਲੈਣ ਦਿੱਤਾ। ਤਦ ਵਜ਼ੀਰ ਖਾਂਨ ਸੂਬੇ ਨੇ ਬਾਦਸ਼ਾਹ ਦੇ ਪਾਸ ਅਰਜ਼ੀ ਭੇਜਕੇ ਮਦਦ ਮੰਗੀ। ਜਿਸ ਪਰ ਬਾਦਸ਼ਾਹ ਔਰੰਗਜ਼ੇਬ ਨੇ ਸੂਬੇ ਲਾਹੌਰ ਦਿਲਾਵਰ ਖਾਂ, ਸੂਬੇ ਕਸ਼ਮੀਰ ਜਬਰਦਸਤ ਖਾਂ, ਨਾਜ਼ਮ ਨਜ਼ਾਬਤ ਖਾਂ ਸੂਬੇ ਪਸ਼ਾਵਰ ਨੂੰ ਲਿਖ ਭੇਜਿਆ ਕਿ ਜਿਸ ਤਰਾਂ ਹੋ ਸਕੇ ਗੁਰੂ ਗੋਬਿੰਦ ਸਿੰਘ ਨੂੰ ਮੇਰੇ ਪਾਸ ਪਕੜ ਕੇ ਪਹੁੰਚਾਓ ਯਾ ਕਤਲ ਕਰੋ।

ਇਸ ਹੁਕਮ ਦੀ ਤਮਾਮ ਦੇਸ਼ ਵਿਚ ਧਾਂਕ ਪੈ ਗਈ। ਸੂਬਿਆਂ ਨੇ ਆਪਣੇ੨ ਇਲਾਕੇ ਦੇ ਸਰਦਾਰ, ਨਵਾਬ, ਮਾਲਗੁਜ਼ਾਰ ਬੁਲਾ ਲਏ। ਸਭ ਆਪਣੇ੨ ਪਰਗਣਿਆਂ

Digitized by Panjab Digital Library | www.panjabdigilib.org

ਤੇ ਛੇਕੜਾਂ ਤੇ ਫੌਜਾਂ ਲੈਕੇ ਆਗਏ।

ਸ਼ੇਰਮੁਹੰਮਦਖਾਂ, ਖ੍ਵਾਜਾ ਖਿਜਰਖਾਂ ਮਲੇਰਕੋਟਲੇਵਾਲੇ, ਨਜੀਬਖਾਂ, ਰਹਿਮਤਖਾਂ ਜਲੰਧਰੀਏ, ਹਿੰਮਤਖਾਂ, ਉਸਮਾਨਖਾਂ ਕਸੂਰੀ, ਮੁਹੰਮਦਖਾਂ, ਕਰੀਮਖਾਂ ਫਗਵਾੜੀਏ, ਸ਼ਮਸਖਾਂ ਬਿਜਵਾੜੇਵਾਲਾ, ਹੋਰ ਸਰਸਾ, ਰਣੀਆ, ਬੇਹਮਾ, ਬੁਲਾਢਾ, ਅੱਡਰੂ ਅਲਵਾਰ, ਸਮਾਣਾ, ਬਹਾਵਲਪੁਰ, ਝੰਗ, ਚੱਠੇ, ਗੱਖੜ ਆਦਿਕ ਦੇਸੀ ਸਰਦਾਰ ਤੇ ਕਹਿਲੂਰੀ, ਹੰਡੂਰੀ, ਕਟੋਚ, ਜਸਵਾਲ, ਗੁਲੇਰੀ, ਚੰਬਾ, ਮੰਡੀ, ਸੁਕੇਤ, ਕੁੱਲੂ, ਹਰੀਪੁਰ, ਨੂਰਪੁਰ, ਸ੍ਰੀਨਗਰ, ਕੈਂਥਲ, ਦੱਤੋਲ, ਚੰਦੇਲ, ਡਢਵਾਲ, ਕਰੋਲ, ਅੱਰਕੀ, ਭੰਜੀ ਆਦਿਕ ਮਕਾਨਾਂ ਦੇ ਰਾਜੇ, ਬਾਈਧਾਰਾਂ ਰਲੀਆਂ ਆਈਆਂ, ਤੇ ਅਨੰਦਪੁਰ ਦੇ ਦਸ ੨ ਕੋਸ ਦੁਫੇਰੇ ਲਸ਼ਕਰ ਆ ਉਤਰੇ। ਏਧਰ ਜਿਤਕੀ ਸਿੱਖ ਭੀ ਸ਼ਹੀਦੀ ਲੈਣ ਵਾਸਤੇ ਆਪਣੇ ੨ ਘਰਾਂ ਤੋਂ ਸ਼ਸਤ੍ਰ ਖਰਚ ਲੈਕੇ ਆਗਏ ਤੇ ਗੁਰੂਸਾਹਿਬ ਸਮੇਤ ਸਬਨੇ ਕੇਸਰੀ ਬਾਗੇ ਪਹਿਰ ਲਏ ਤੇ ਜੰਗ ਦੀ ਤਯਾਰੀ ਕਰ ਲਈ।

ਪੋਥੀਆਂ ਵਿਚ ਲਿਖਿਆ ਹੈ ਕਿ ਚਾਰਸੌ ਨਗਾਰਾ ਤੇ ਨਿਸਾਨ ਤਾਂ ਇਕ ਸੂਬੇ ਸਰਹੰਦੀ ਵਾਲੇ ਨਾਲ ਹੀ ਸੇ। ਸਾਰਾ ਦਸ ਲੱਖ ਦੇ ਕਰੀਬ ਆਦਮੀ ਤਾਂ ਬਾਹਰ ਸੀ ਤੇ ਦਸ ਹਜ਼ਾਰ ਦੇ ਕਰੀਬ ਅੰਦਰ ਗੁਰੂ ਪਾਸ ਸੇ। ਇਸ ਸਮੇ ਮਸੰਦਾਂ ਨੇ ਤੇ ਗੁਰੂ ਕੇ ਸਬੰਧੀਆਂ ਨੇ ਮਾਤਾ ਸਾਹਿਬਾਂ ਤੋਂ ਗੁਰੂ ਸਾਹਿਬ ਨੂੰ ਕਹਾਯਾ ਕਿ ਇਸ ਵਕਤ ਮਾਲਵੇ ਦੇਸ ਨੂੰ ਜਾਣਾ ਚੰਗਾ ਹੈ ਕ੍ਯੋਂਕਿ ਸ਼ਾਹੀ ਅਫਸਰ ਤੇ ਰਾਜੇ ਭੀ ਏਹੋ ਚਾਹੁੰਦੇ ਹਨ।

ਗੁਰੂ ਸਾਹਿਬ ਬੋਲੇ ਸਾਨੂੰ ਏਨਾਂ ਪਹਾੜੀਆਂ ਪਰ ਇਤਬਾਰ ਨਹੀਂ ਅਸੀ ਤਾਂ ਸਾਹਮਣੇ ਮੱਥੇ ਲੜਾਂਗੇ ਜੈਸਾ ਕਿ ਸਿੰਘਾਂ ਦਾ ਧਰਮ ਹੈ। — ਓੜਕ ੨੨ ਜੇਠ ਸੰ: ੧੭੬੧ ਬਿ: ਨੂੰ ਘਟਾਂ ਦੀ ਤਰਾਂ ਦੁਸ਼ਮਨਾਂ ਨੇ ਕਿਲੇ ਉੱਤੇ ਹੱਲਾ ਕਰ ਦਿੱਤਾ। ਜਦ ਨੇੜੇ ਆਏ ਤਾਂ ਸਿੰਘਾਂ ਨੇ ਬਾੜ੍ਹ ਝਾੜਨੀ ਸ਼ੁਰੂ ਕਰ ਦਿੱਤੀ, ਬੇਸ਼ੁਮਾਰ ਸ਼ੱਤ੍ਰੂ ਥਾਇ ਰੱਖੇ। ਇਸੇ ਤਰਾਂ ਬਹੁਤ ਹੱਲੇ ਕੀਤੇ ਪਰ ਕਿਲਾ ਨਾ ਟੁੱਟਿਆ ਆਖਰ ਘੇਰਾ ਪਾਕੇ ਬੈਠ ਗਏ ਤੇ ਘਾਸ, ਦਾਣਾ, ਰਸਤ ਅੰਦਰ ਜਾਣਾ ਸਬ ਬੰਦ ਕਰ ਦਿੱਤਾ। ਜੱਦਪਿ ਕਿਲੇ ਦੇ ਅੰਦਰ ਬਹੁਤ ਸਾਮਾਨ ਜਮਾ ਸੀ ਪਰ ਪੰਜ ਮਹੀਨੇ ਤਕ ਘੇਰਾ ਪੱਤ ਰੱਖਣੇ ਕਰ ਸਬ ਜ਼ਖੀਰਾ ਮੁਕ ਗਿਆ ਮੁੱਠੀ ਮੁੱਠੀ ਕੱਚੇ ਛੋਲੇ ਚੱਬਕੇ ਭੀ ਸਿੱਖ ਲੜਦੇ ਰਹੇ। ਜਦ ਗੁਰੂ ਸਾਹਿਬ ਨੇ ਦੇਖਿਆ ਕਿ ਹੁਣ ਏਥੋਂ ਨਿਕਲਨਾ ਮੁਸ਼ਕਿਲ ਹੈ ਤਾਂ ਸਬ ਖਜਾਨੇ, ਬਰਤਨ, ਤੋਪਾਂ, ਜੰਬੂਰੇ, ਦਰਿਯਾ

Digitized by Panjab Digital Library | www.panjabdigilib.org

ਸਤਲੁਜ ਵਿਚ ਸਿਟਵਾ ਦਿੱਤੇ ਹਾਥੀ, ਘੋੜੇ, ਬੈਲ, ਊਂਟ ਬਹੁਤ ਤਾਂ ਭੁੱਖੇ ਹੀ ਮਰ ਚੁਕੇ ਸੇ ਬਾਕੀ ਜੋ ਮਰਣ ਵਾਲੇ ਦੇਖੇ ਸੋ ਵੂਣ ਕਹਿਲੂਰ ਦੀ ਤਰਫ ਤੋਰ ਦਿੱਤੇ। ਤਦ ਮਾਤਾ ਨੇ ਆਖਿਆ ਜੇਹੜੀ ਦੌਲਤ ਤੁਸੀਂ ਦਰੀਆ ਵਿਚ ਸਿਟਵਾ ਰਹੇ ਹੋ, ਜੇ ਸਿੱਖਾਂ ਨੂੰ ਦੇਓ ਤਾਂ ਏਨ੍ਹਾਂ ਦੇ ਕੰਮ ਆਵੇ, ਤੇ ਖੁਸ਼ੀ ਹੋਕੇ ਲੜਾਈ ਭੀ ਕਰਨ। ਗੁਰੂ ਜੀ ਨੇ ਜਵਾਬ ਦਿੱਤਾ, ਜੈਸੇ ਮੈਂ ਤੇਰਾ ਪੁੱਤ੍ਰ ਹਾਂ, ਤੂੰ ਮੈਨੂੰ ਜ਼ਹਿਰ ਨਹੀਂ ਦੇ ਸੱਕਦੀ ਤੈਸੇ ਏਹ ਸਿੰਘ ਸਬ ਮੇਰੇ ਨਾਦੀ ਪੁੱਤ੍ਰ ਹਨ, ਮੈਂ ਏਨ੍ਹਾਂ ਨੂੰ ਪੂਜਾ ਦਾ ਧਾਨ ਜ਼ਹਿਰ ਨਹੀਂ ਦੇ ਸੱਕਦਾ। ਤੇ ਏਹ ਛੱਤ੍ਰੀ ਧੰਮ ਅਸਾਂ ਰਖਿਆ ਹੈ ਸੋ ਛੱਤ੍ਰੀ ਦਾ ਧਰਮ ਕ੍ਰਿਤ ਕਰਕੇ ਖਾਣਾ ਤੇ ਗਰੀਬ ਗੁਰਬੇ ਨੂੰ ਛਕਾਉਣਾ। ਪੂਜਾ ਖਾਣ ਵਾਲੇ ਗ੍ਰਿਹਸਤੀ ਦਾ, ਧਰਮ, ਤੇਜ, ਪ੍ਰਤਾਪ ਘਟ ਜਾਂਦਾ ਹੈ।

ਗੁਰੂ ਸਾਹਿਬ ਹਰ ਇਕ ਦੇ ਮੋਰਚੇ ਵਿਚ ਜਾਕੇ ਹੌਸਲਾ ਦੇ ਦੇ ਕੇ ਲੜਾਉਂਦੇ ਰਹੇ ਤੇ ਸਿੱਖ ਭੀ ਜਾਨਾਂ ਤੋੜ ਕੇ ਲੜਦੇ ਰਹੇ ਪਰ ਭੁੱਖ ਨੇ ਸਬ ਨੂੰ ਬਿਆਕੁਲ ਕਰ ਰੱਖਿਆ ਸੀ। ਉਧਰ ਸ਼ਾਹੀ ਅਫਸਰ ਤੇ ਰਾਜੇ ਭੀ ਲੜਦੇ ੨ ਬਹੁਤ ਤੰਗ ਆ ਗਏ, ਦੇਸ ਬਰਬਾਦ ਹੋ ਗਿਆ, ਦਾਣਾ, ਘਾਸ ਨਾ ਮਿਲੇ, ਇਕ ਪਲ ਭਰ ਭੀ ਆਰਾਮ ਦਾ ਨਾ ਗੁਜ਼ਰੇ, ਹਰ ਵਕ੍ਤ ਚਿੰਤਾ ਲਗੀ ਰਹੇ। ਇਸ ਕਰਕੇ ਓਨ੍ਹਾਂ ਨੇ ਫਰੇਬ ਇਸ ਤਰਾਂ ਕੀਤਾ ਕਿ ਇਕ ਪੱਤ੍ਰਕਾ ਇਸ ਮਜ਼ਮੂਨ ਦੀ ਲਿਖੀ ਕਿ ਤੁਸੀਂ ਆਪਣੇ ਮਾਲ ਜਾਨ ਨੂੰ ਲੈਕੇ ਕਿਤੇ ਚਲੇ ਜਾਓ, ਅਸੀਂ ਤੁਹਾਡੇ ਮਾਲ ਜਾਨ ਨੂੰ ਨਹੀਂ ਛੇੜਾਂਗੇ ਸਾਨੂੰ ਆਪਣੇ ਕੁਰਾਨ, ਤੇ ਗਊ, ਭਾਗਵਤ ਦੀ ਕਸਮ ਹੈ। ਏਹ ਪਤ੍ਰਿਕਾ ਵਕੀਲ ਦੇ ਹੱਥ ਗੁਰੂ ਸਾਹਿਬ ਪਾਸ ਭੇਜੀ। ਜੱਦਅਪਿ ਗੁਰੂ ਸਾਹਿਬ ਨੇ ਓਨ੍ਹਾਂ ਦੀ ਕਸਮ ਪਰ ਇਤਬਾਰ ਤਾਂ ਨਾ ਕੀਤਾ, ਪਰੰਤੂ ਮਸੰਦਾਂ ਦੇ ਸਿਖਾਉਣੇ ਤੋਂ ਮਾਤਾ ਸਾਹਿਬ ਤੇ ਸਿੱਖਾਂ ਨੇ ਬਹੁਤ ਹਠ ਕਰਕੇ ਆਖਿਆ, ਜੇਕਰ ਤੁਸੀਂ ਕਿਲਾ ਨਹੀਂ ਛੱਡਦੇ ਤਾਂ ਅਸੀਂ ਆਪੇ ਚਲੇ ਜਾਂਵਾਂਗੇ ਹੁਣ ਸਾਥੋਂ ਭੁੱਖੇ ਮਰਕੇ ਲੜਿਆ ਨਹੀਂ ਜਾਂਦਾ। ਫੇਰ ਗੁਰੂ ਸਾਹਿਬ ਨੇ ਆਖਿਆ ਕਿ ਪੰਜ ਦਿਨ ਤਕ ਤੁਸੀਂ ਹੋਰ ਔਖੇ ਸੌਖੇ ਲੜੋ, ਸ਼ਾਹੀ ਫੌਜ ਆਪੇ ਚਲੀ ਜਾਏਗੀ। ਜੇ ਹੁਣ ਬਾਹਰ ਨਿਕਲੋਗੇ ਤਾਂ ਏਹ ਪਹਾੜੀ ਤੁਹਾਨੂੰ ਦੁਰਦਸ਼ਾ ਕਰਕੇ ਮਾਰਨਗੇ, ਏਨ੍ਹਾਂ ਦੀ ਕਸਮ (ਸੌਂਹ) ਦਾ ਕੁਛ ਇਤਬਾਰ ਨਹੀਂ। ਜੇ ਤੁਸੀਂ ਨਹੀਂ ਮੰਨਦੇ ਤਾਂ ਆਜ਼ਮਾਕੇ ਦੇਖ ਲਵੋ। ਏਹ ਕਹਕੇ ਗੁਰੂ ਜੀ ਨੇ ਬਾਹਰ ਕਹ ਭੇਜਿਆ ਕਿ ਬਾਰਬਰਦਾਰੀ ਵਾਸ੍ਤੇ ਊਠ, ਖੱਚਰ, ਗੱਡੇ ਭੇਜਦੇਵੋ, ਅਸੀਂ ਕਿਲਾ ਛੱਡ ਦੇਂਦੇ ਹਾਂ। ਓਨ੍ਹਾਂ ਨੇ ਬੜੀ ਖੁਸ਼ੀ ਮਨਾਈ ਤੇ ਬੈਲ, ਗੱਡੇ ਭੇਜ

Digitized by Panjab Digital Library | www.panjabdigilib.org

ਦਿੱਤੇ। ਗੁਰੂ ਸਾਹਿਬ ਨੇ ਟੁੱਟੇ ਫੁੱਟੇ ਤੌਬੜੇ, ਕਾਠੀਆਂ, ਠੀਕਰੇ, ਪੱਥਰ, ਬੋਰੀਆਂ ਵਿਚ ਭਰਕੇ ਬੈਲਾਂ ਉਪਰ ਲਦਵਾਕਰ, ਰਾਤ ਦੇ ਸਮੇ ਮਸਾਲਾਂ ਜਗਾਇਕਰ, ਤੋਰ ਦਿੱਤੇ। ਅਜੇ ਥੋੜੀ ਹੀ ਦੂਰ ਗਏ ਸੀ ਕਿ ਦੁਸ਼ਮਣ ਲੁੱਟਣ ਆ ਪਏ ਤੇ ਸਭ ਕੁਛ ਲੈ ਗਏ, ਜਦ ਖੋਲਨ ਤਾਂ ਵੇਖ ਵੇਖ ਸ਼ਰਮਿੰਦੇ ਹੋਵਨਾ। — ਤਦ ਗੁਰੂ ਜੀ ਨੇ ਸਿੱਖਾਂ ਨੂੰ ਇਹ ਦ੍ਰਿਸ਼ਟਾਂਤ ਦਿਖਾਕੇ ਧੀਰਜ ਦਿਤਾ ਤੇ ਬਹੁਤ ਸਮਝਾਯਾ ਜਿਸ ਕਰਕੇ ਥੋੜੇ ਦਿਨ ਤਕ ਸਿੱਖ ਲੜਦੇ ਰਹੇ। ਪਰ ਭੁੱਖ ਤੇ ਜੰਗ ਦੇ ਦੁੱਖਾਂ ਨੇ ਸਿੱਖਾਂ ਨੂੰ ਠਹਿਰਣ ਨਾ ਦਿੱਤਾ, ਐਸੇ ਲਾਚਾਰ ਹੋਏ ਜੋ ਆਪ ਤੋਂ ਆਪ ਕਿਲਾ ਛੱਡਣ ਨੂੰ ਤੱਯਾਰ ਹੋ ਗਏ। ਜਦ ਗੁਰੂ ਸਾਹਿਬ ਨੇ ਦੇਖਿਆ ਕਿ ਸਿੱਖ ਨਹੀਂ ਠਹਰਦੇ ਤਦ ਇਹ ਫੁਰਮਾਯਾ ਕਿ ਜੇ ਕਰ ਤੁਸੀਂ ਮੇਰੇ ਆਖੇ ਨਹੀਂ ਲੱਗਦੇ ਤਾਂ ਇਹ ਲਿਖ ਜਾਓ ਕਿ ਅਸੀਂ ਗੁਰੂ ਕੇ ਸਿੱਖ ਨਹੀਂ। ਸੋ ਏਸੇ ਤਰਾਂ ਹੋਈ ਜੋ ਬਹੁਤ ਸਿੱਖ ਬੇਦਾਵਾ ਲਿਖਕੇ ਚਲੇ ਗਏ ਤੇ ਬਹੁਤ ਸਿਦਕੀ ਕਿਲੇ ਵਿਚ ਹੀ ਰਹੇ। ਏਸ ਵਕ਼ਤ ਗੁਰੂ ਸਾਹਿਬ ਪਾਸ ੬੦੦ ਛੇ ਸੌ ਦੇ ਲਗ ਭਗ ਸਿੱਖ ਰਹ ਗਏ। — ਗੁਰੂ ਸਾਹਿਬ ਨੇ ਬੇਦਾਵੇ ਵਾਲਾ ਕਾਗਜ਼ ਤੇ ਪਹਾੜੀਆਂ ਦੀ ਲੋਮ ਕਸਮ ਵਾਲਾ ਕਾਗਜ਼ ਏਹ ਦੋਵੇਂ ਕਾਗਜ਼ ਆਪਣੀ ਜੇਬ ਵਿਚ ਪਾ ਲਏ। ਤੇ ੧੫ ਮੱਘਰ ਸੰ: ੧੭੬੧ ਬਿ: ਨੂੰ ਪਹਿਲੇ ਦਿਨ ਦੇ ਵੇਲੇ ਤਾਂ ਮਾਈਆਂ ਦੇ ਡੋਲੇ ਤੇ ਪੋਥੀਆਂ ਦੇ ਗੱਡੇ ਭਰਕੇ ਭਾਈ ਧਰਮ ਸਿੰਘ, ਮੁਹਕਮ ਸਿੰਘ, ਈਸ਼ਰ ਸਿੰਘ, ਆਲਮ ਸਿੰਘ, ਜਵਾਹਰ ਸਿੰਘ ਆਦਿਕ ਸਰਦਾਰਾਂ ਨੂੰ ਦੋ ਸੌ ਸਿੰਘ ਨਾਲ ਦੇਕੇ, ਸਿਰਮੌਰ ਰਾਜਾ ਦੇ ਰਾਜ ਦੀ ਤਰਫ ਤੋਰ ਦਿੱਤਾ ਅਤੇ ਗੁਲਾਬ ਰਾਇ ਤੇ ਸ਼ਾਮ ਸਿੰਘ ਨੂੰ ਚਿਠੀ ਦੇਕੇ ਰਾਜੇ ਪਾਸ ਭੇਜਿਆ।

ਫੇਰ ਜਥਾਜੋਗ ਪ੍ਰਸ਼ਾਦ ਛਕਕੇ ਗੁਰੂ ਸਾਹਿਬ ਭੀ ਸਰਬੰ ਖਾਲਸੇ ਨੂੰ ਤੇ ਦੋਵੇਂ ਵਡੇ ਸਾਹਜ਼ਾਦਿਆਂ ਨੂੰ ਨਾਲ ਲੈਕੇ ਅੰਮ੍ਰਿਤ ਵੇਲੇ ਅਨੰਦਪੁਰੋਂ ਨਿਕਲ ਤੁਰੇ। ਜਦ ਕੀਰਤਪੁਰ ਲੰਘੇ ਤਾਂ ਮੁਸਲਮਾਨਾਂ ਤੇ ਰਾਜਿਆਂ ਨੇ ਖਬਰ ਪਾਕੇ ਹੱਲਾ ਕਰ ਦਿੱਤਾ। ਬਹੁਤ ਫੌਜ ਤਾਂ ਕਿਲਾ ਤੇ ਸ਼ਹਿਰ ਲੁੱਟਣ ਜਾ ਪਈ, ਬਾਕੀ ਦੀ ਸਭ ਫੌਜ ਗੁਰੂ ਸਾਹਿਬ ਦੇ ਪਿੱਛੇ ਧਾਈ। — ਜਦ ਗੁਰੂ ਜੀ, ਧੌਲਾ, ਕੀਰਤਪੁਰ ਲੰਘਕੇ ਸਰਸਾ ਨਦੀ ਦੇ ਨਜ਼ਦੀਕ ਆਏ ਤਾਂ ਨਦੀ ਚੜ੍ਹੀ ਹੋਈ ਸੀ, ਏਸ ਕਰਕੇ ਸਭ ਅਸਬਾਬ, ਡੋਲੇ, ਗੱਡੇ ਰੁਕ ਗਏ। ਏਤਨੇ ਨੂੰ ਬਾਦਸ਼ਾਹੀ ਫੌਜ ਭੀ ਆ ਪਹੁੰਚੀ। ਗੁਰੂ ਸਾਹਿਬ ਨੇ ਸਾਹਿਬਜ਼ਾਦੇ ਅਜੀਤ ਸਿੰਘ ਸਮੇਤ ਕਈ ਜਰਾ ਸਿੰਘਾਂ ਨੂੰ ਲੜਾਕਰ ਵੈਰੀਆਂ ਨੂੰ ਬਹੁਤ ਦੇਰੀ ਤਕ ਰੋਕਿਆ, ਪਰ ਨਦੀ ਨੇ ਕਿਸੇ ਨੂੰ ਪਾਰ ਨਾ ਹੋਣ ਦਿੱਤਾ, ਅਨੇਕ ਸਿੱਖ ਤਰਦਾਰ ਤੇ ਨਦੀ ਦੀ ਧਾਰ ਵਿਚ ਬਹਿ ਗਏ, ਅਸਬਾਬ ਦੇ ਭਰੇ ਹੋਏ ਗੱਡੇ

ਲੁੱਟੇ ਗਏ। ਮਾਤਾ ਸਾਹਿਬਾਂ ਦੇ ਰਥ ਠੇਲ੍ਹੇ ਉਥੇ ਹੀ ਰਹ ਗਏ, ਮਾਈਆਂ ਨੂੰ ਬੜੀ ਮੁਸ਼ਕਲ ਨਾਲ ਸਿੰਘਾਂ ਨੇ ਪਾਰ ਕੀਤਾ। ਜੇਪਰ ਜਿਸ ਦਾ ਮੂੰਹ ਹੋਯਾ ਉਧਰੇ ਹੀ ਚਲਾ ਗਿਆ, ਇਕ ਨੂੰ ਦੂਸਰੇ ਦੀ ਸੰਭਾਲ ਨਾ ਰਹੀ। ਬੜੀ ਮਾਤਾ ਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਤਾਂ ਇਕ ਖੱਚਰ ਪਰ ਚੜ੍ਹਾ ਕੇ ਘਰ ਦਾ ਨੌਕਰ ਰਸੋਈਆ ਬ੍ਰਾਹਮਣ ਆਪਣੇ ਪਿੰਡ ਦੁਖੇੜੀ ਜੋ ਮੋਰਿੰਡੇ ਦੇ ਪਾਸ ਹੈ ਲੈ ਗਿਆ ਤੇ ਉਥੇ ਜਾ ਕੇ ਪਾਪੀ ਨੇ ਲਾਲਚ ਬਦਲੇ ਤੁਰਕਾਂ ਨੂੰ ਪਕੜਾ ਦਿਤਾ। ਗੁਰੂ ਦੀਆਂ ਦੋਵੇਂ ਸਆਣੀਆਂ ਨੂੰ ਮਰਦਾਨੇ ਭੇਸ ਕਰਾ ਕਰ, ਜਵਾਹਰ ਸਿੰਘ, ਧੰਨਾ ਸਿੰਘ ਆਦਿਕ ਦਿੱਲੀ ਵਿਚ ਆਪਣੇ ਘਰ ਲੈ ਗਏ। ਇਨ੍ਹਾਂ ਦੇ ਨਾਲ ਬੀਬੋ, ਭਾਗੋ, ਦੋਵੇਂ ਟਹਿਲਣਾ ਤੇ ਭਾਈ ਮਨੀ ਸਿੰਘ ਜੀ ਗਏ।

ਏਧਰ ਗੁਰੂ ਸਾਹਿਬ, ਦੋਵੇਂ ਵੱਡੇ ਸਾਹਿਬਜ਼ਾਦੇ ਤੇ ਦਯਾ ਸਿੰਘ ਆਦਿਕ ਸੌ [124] ਸਵਾ ਸੌ ਸਿਘਾਂ ਦੇ ਨਾਲ ਨਦੀ ਪਾਰ ਹੋ ਕੇ ਰੋਪੜ ਨੂੰ ਆਏ। ਏਥੇ ਭੀ ਰੋਪੜੀਏ ਪਠਾਣਾਂ ਨੇ ਏਨ੍ਹਾਂ ਨੂੰ ਘੇਰਨਾ ਚਾਹਿਆ ਪਰ ਗੁਰੂ ਸਾਹਿਬ ਉਨ੍ਹਾਂ ਦਾ ਮੂੰਹ ਮੋੜ ਕੇ ਅੱਗੇ ਲੰਘ ਗਏ ਤੇ ਬੂਰ ਮਾਜਰੇ, ਬਾਮਣ ਮਾਜਰੇ ਨੂੰ ਹੋ ਕੇ, ਚਮਕੌਰ ਪਿੰਡ ਦੀ ਇਕ ਕੱਚੀ ਗੜ੍ਹੀ ਵਿਚ ਸ਼ਾਮ ਦੇ ਵਕ਼ਤ ਜਾ ਵੜੇ। ਪਰ ਏਥੇ ਪਹੁੰਚਣ ਤਕ ਗੁਰੂ ਸਾਹਿਬ ਦੇ ਪਾਸ ਸਿਰਫ ੪੦ ਸਿੱਖ ਤੇ ਦੋ ਸਾਹਿਬਜ਼ਾਦੇ ਹੀ ਰਹ ਗਏ ਸੋ। ਬਾਕੀ ਦੇ ਸਿੱਖਾਂ ਸਮੇਤ ਪਿਛੇ ਹੀ ਇਕ ਪਹਾੜੀ ਦੀ ਆੜ ਵਿਚ ਭਾਈ ਉਦੇ ਸਿੰਘ ਬੜੀ ਦੇਰੀ ਤਕ ਲੜ ਕੇ ਸ਼ਹੀਦ ਹੋਯਾ। ਏਸ ਦੀ ਸ਼ਕਲ ਗੁਰੂ ਸਾਹਿਬ ਨਾਲ ਮਿਲਦੀ ਸੀ ਤੁਰਕਾਂ ਨੇ ਜਾਣਿਆ ਕਿ ਏਹੋ ਗੁਰੂ ਸੀ, ਏਸ ਕਰ ਕੇ ਗੁਰੂ ਸਾਹਿਬ ਦੇ ਪਿਛੇ ਫੌਜ ਨਾ ਗਈ ਪਰ ਜਦ ਸੂਬੇ ਸਰਹਿੰਦ ਨੇ ਉਦੇ ਸਿੰਘ ਦਾ ਸਿਰ ਦੇਖਿਆ ਤਾਂ ਆਖਿਆ ਏਹ ਗੁਰੂ ਨਹੀ, ਤਦ ਸਾਰੀ ਫੌਜ ਖਬਰ ਪਾ ਕੇ ਚਮਕੌਰ ਦੀ ਤਰਫ ਆਈ। ਤਦ ਗੁਰੂ ਸਾਹਿਬ ਨੇ ਇਸ ਤਰਾਂ ਲੜਾਈ ਕਰਨੀ ਸ਼ੁਰੂ ਕੀਤੀ ਕਿ ਇਕ ਸਿੰਘ ਨੂੰ ਬਾਹਰ ਨਿਕਾਲਨ ਅਤੇ ਉਹ ਕਈਆਂ ਨੂੰ ਮਾਰ ਕੇ ਜਦ ਸ਼ਹੀਦ ਹੋ ਜਾਵੇ ਤਾਂ ਉਸੇ ਤਰਾਂ ਦੂਸਰੇ ਨੂੰ ਮੈਦਾਨ ਜੰਗ ਵਿਚ ਭੇਜਣਾ। ਜਦ ਏਸੇ ਤਰਾਂ ਲੜਦਿਆਂ ਦ ਤੀਸਰਾ ਪਹਿਰ ਹੋ ਗਿਆ ਤੇ ਸਿੱਖ ਭੀ ਬਹੁਤ ਥੋੜੇ ਰਹ ਗਏ ਤਦ ਗੁਰੂ ਜੀ ਦੇ ਵੱਡੇ ਸਾਹਜ਼ਾਦੇ ਅਜੀਤ ਸਿੰਘ ਨੇ ਹੱਥ ਜੋੜ ਕੇ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਬੜੀ ਖੁਸ਼ੀ ਨਾਲ ਪਿੱਠ ਠੋਕ ਕੇ ਆਖਿਆ ਹੇ ਸਪੁੱਤ੍ਰ ਛੱਤ੍ਰੀ ਦਾ ਏਹੀ ਧਰਮ ਹੈ ਕਿ ਰਣ ਵਿਚ ਪਿਠ ਨਾ ਦਿਖਾਵਣੀ ਤੇ ਧਰਮ ਦੇ ਵਾਸਤੇ ਏਹ ਮਿੱਥਿਆ ਸ਼ਰੀਰ ਦੇ ਕਰ ਸੁਜਸ ਬਿਸ੍ਤੀਰਨ ਕਰਨਾ।

Digitized by Panjab Digital Library | www.panjabdigilib.org

ਤਦ ਸਾਹਿਬਜ਼ਾਦੇ ਨੇ ਬੜੀ ਖੁਸ਼ੀ ਨਾਲ ਕਦਮ ਉਠਾਯਾ ਤੇ ਸਾਹਿਬ ਸਿੰਘ ਤੇ ਮੁਹ
ਕਮ ਸਿੰਘ ਪਯਾਰੇ ਭੀ ਗੁਰੂ ਸਾਹਿਬ ਤੋਂ ਆਗਯਾ ਲੈਕੇ ਨਾਲ ਹੋ ਗਏ। ਤੇ ਲਲ
ਕਾਰੇ ਦੇ ਕਰ ਸੱਤ ਸ੍ਰੀ ਅਕਾਲ, ਸੱਤ ਸ੍ਰੀ ਅਕਾਲ ਉਚਾਰਦੇ ਹੋਏ ਸ਼ੇਰ ਦੀ ਤਰਾਂ ਸ਼
ਤ੍ਰੂਆਂ ਦੇ ਦਲ ਵਿਚ ਜਾ ਵੜੇ। ਮਿਰਜ਼ਾ ਤਾਹਰਬੇਗ ਤੇ ਜ਼ਾਫ਼ਰ ਅਲੀਖਾਂ, ਨੂਰਖਾਂ
ਤਿੰਨੇ ਸਰਦਾਰ ਆ ਭਿੜੇ। ਸਾਹਿਬਜ਼ਾਦੇ ਦਾ ਜੰਗ ਦੇਖਣ ਵਾਸਤੇ ਅੰਦਰੋਂ ਗੁਰੂ ਸਾਹਿਬ
ਤੇ ਬਾਹਰੋਂ ਨਾਜ਼ਮ ਸਬਹੋਰ ਵਡੇ ਵਡੇ ਲੋਕ ਉਚੀ ਉਚੀ ਜਗਾ ਬੈਠ ਗਏ। ਵਾਹ ਵਾਹ ਦੀ
ਅਵਾਜ਼, ਜੁਝਾਊ ਬਾਜੇ ਦੀ ਗਾਜ, ਤਲਵਾਰਾਂ ਦੀ ਚਮਕ ਬਿਜਲੀਆਂ ਦੀ ਤਰਾਂ ਦਿਖਾ
ਈ ਦੇ ਰਹੀ ਸੀ। ਸੂਰਮੇ ਜਿਉਂ ਜਿਉਂ ਜ਼ਖਮ ਦਾ ਸ੍ਵਾਦ ਚੱਖਦੇ ਸੇ ਤਿਉਂ ਤਿਉਂ ਅੱਗੇ ਨੂੰ ਪੈਰ
ਰੱਖਦੇ ਸੇ (ਜਥਾ ਛਪਯਾ। ਗਹਿ ਕੁਵੰਡ ਬਲਵੰਡ ਬੀਰ ਅਜੀਤ ਸਿੰਘ ਬ
ਕਾਕਰ ਘਮੰਡ ਪਰਚੰਡ ਕਰੇ ਬਹੁ ਖੰਡ ਖੰਡ ਅਰਿ। ਕਿਤਕ ਰੁੰਡ ਬਿਨ ਮੁੰਡ ਤੁੰਡ
ਮਹਿ ਸੱਧ ਬਿਖੇਰੇ। ਕਿਤਕ ਬਿਡਰ ਅਰਿ ਭਗੇ ਪੱਥ ਕੋ ਪੱਥ ਨ ਹੇਰੇ। ਸਰ ਤਜੇ ਪੱਛ
ਧਰ ਅੱਛ ਖਰ ਲਾਹਿ ਲਹਾਤ ਪਰਤੱਛ ਤਬ। ਜਨ ਫੁੰਕਤ ਫਿਰਤ ਸਪੱਛ ਬਹੁ
ਤੱਛਕ ਲੱਛਨ ਲੱਛ ਨਭ।) ਇਸ ਪ੍ਰਕਾਰ ਅਨੇਕਾਂ ਨੂੰ ਮਾਰਕੇ ਪੁਰਜੇ ੨ ਹੋਕਰ
ਤਿੰਨੇ ਸ਼ਹੀਦੀ ਪਾ ਗਏ।

ਜਦ ਬਡਾ ਭਾਈ ਸ਼ਹੀਦ ਹੋ ਗਿਆ ਤਾਂ ਛੋਟੇ ਸ਼ਾਹਜ਼ਾਦੇ ਜੋਰਾਵਰ ਸਿੰਘ ਜੀ ਨੇ ਉਸਦੇ
ਨਾਮ ਪਰ ਵਾਹ ਵਾਹ ਤੇ ਧੰਨ ਧੰਨ ਦੀ ਆਵਾਜ਼ ਹੁੰਦੀ ਸੁਣਕੇ ਜੰਗ ਵਿਚ ਜਾਣ ਲਈ
ਗੁਰੂ ਸਾਹਿਬ ਦਾ ਇਸ਼ਾਰਾ ਚਾਹਿਆ, ਗੁਰੂ ਸਾਹਿਬ ਨੇ (ਜੋ ਬੜੇ ਹੌਸਲੇ ਵਾਲੇ ਪੁਰਖ ਸੇ
ਤੇ ਜਿਨ੍ਹਾਂ ਨੇ ਆਪਣਾ ਸਰਬੰਸ ਹੀ ਧਰਮ ਦੀ ਰੱਖਯਾ ਵਾਸਤੇ ਕੁਰਬਾਨ ਕਰ ਦੇਣਾ ਸਮ
ਝ ਰੱਖਯਾ ਸੀ) ਉਸੇ ਵਕ਼ਤ ਸ਼ਾਹਜ਼ਾਦੇ ਦਾ ਮੂੰਹ ਧੋ, ਦਸਤਾਰ ਸਜਾਕਰ ਛੋਟੀ ਜੇਹੀ ਤ
ਲਵਾਰ ਪਕੜਾਈ, ਤੇ ਮੱਥਾ ਚੁੰਮ, ਪਿੱਠ ਠੋਕ ਕਰ ਆਖਯਾ ਕਿ ਬੇਟਾ ਜਾਓ ਔਰ ਦੁਸ਼
ਮਨਾਂ ਨੂੰ ਮਾਰਕੇ ਸ਼ਹੀਦ ਹੋ ਜਾਓ। ਛੋਟਾ ਸ਼ਾਹਜ਼ਾਦਾ ਜਦ ਉਠਕੇ ਚਲਿਆ ਤਾਂ ਮੁਸ
ਲਮਾਨੀ ਫੌਜ ਜੋ ਕਾਲੀਆਂ ਘਟਾਂ ਦੀ ਤਰਾਂ ਉਮਡ ਰਹੀ ਸੀ ਉਸਨੂੰ ਦੇਖਕੇ ਦਹਲ
ਗਿਆ ਤੇ ਪਿੱਛੇ ਮੁੜਕੇ ਗੁਰੂ ਸਾਹਿਬ ਪਾਸੋਂ ਪੀਣ ਵਾਸਤੇ ਪਾਣੀ ਮੰਗਿਆ, ਪਰ ਗੁਰੂ
ਜੀ ਨੇ ਉਸਦਾ ਅਸਲ ਮਤਲਬ ਸਮਝਕੇ ਫੁਰਮਾਯਾ ਕਿ ਹੇ ਬੇਟਾ ਤੇਰੇ ਵਾਸਤੇ ਹੁ
ਣ ਏਥੇ ਪਾਣੀ ਨਹੀਂ ਹੈ ਹੁਣ ਤੇਰਾ ਪਾਣੀ ਤੇਰੇ ਬੜੇ ਭਾਈ ਦੇ ਪਾਸ ਹੈ। ਏਹ ਬਚਨ ਸੁਣ

Digitized by Panjab Digital Library | www.panjabdigilib.org

ਕੇ ਸਾਹਜ਼ਾਦਾ ਜ਼ੋਰਾਵਰਸਿੰਘ[੧] ਜੀ ਸ਼ੇਰ ਦੀ ਤਰਾਂ ਗਰਜਕੇ ਮੈਦਾਨ ਵਿਚ ਆ ਗਯਾ ਤੇ ਏਸੇ ਵਕਤ ਹਿੰਮਤਸਿੰਘ, ਨੰਦਸਿੰਘ, ਆਲਮਸਿੰਘ ਨੇ ਭੀ ਗੁਰੂ ਜੀ ਤੋਂ ਆਗਯਾ ਲੈ ਕੇ ਸਾਹਜ਼ਾਦੇ ਦਾ ਸਾਥ ਕੀਤਾ ਤੇ ਸੈਨਾ ਵਿਚ ਬਿਜਲੀ ਵਾਂਗੂ ਜਾ ਪਏ। ਤੇ ਅਨੇਕ ਸਰਦਾਰ ਅਸਮਤਖਾਂ, ਬਹਾਦਰਖਾਂ, ਨਾਹਰਖਾਂ ਆਦਿਕਾਂ ਨੂੰ ਮਾਰ ਕੇ ਗੁਰੂ ਸਾਹਿਬ ਦੇ ਸਾਹਮਣੇ ਮੈਦਾਨ ਜੰਗ ਵਿਚ ਸ਼ਹੀਦੀ ਹਾਸਲ ਕੀਤੀ। ਯਥਾ ਕਬਿੱਤ॥

ਭਾਰੀਬ ਸਮਾਨ ਮਹਾਂ ਭਾਰਥ ਪ੍ਰਚੰਡ ਮੰਡਿਓ ਖੰਡਿਓ ਦਲ ਦੁਜਨ ਕਾ ਛੰਡਿਓ ਕਾਰਜਾਰ ਹੈ॥
ਕੇਤਨ ਕੇ ਮੂੰਡ ਵੱਖ ਸੱਬਲ ਕਟੇ ਹੈਂ ਮੱਥ ਹੱਥ ਤਲ ਫਤ ਜੈਸੇ ਸਫਰੀ ਅਪਾਰ ਹੈ॥
ਕੇਤਨ ਕੇ ਫਾਰ ਉਰ ਪਰੇ ਹੈਂ ਦੁਫਾਰ ਧਰੇ ਲੁੱਥ ਪੈ ਚਣਾਈ ਲੁੱਥ ਜੁੱਥ ਗੁੱਥ ਭਾਰ ਹੈ।
ਕਾਲੀ ਕੀ ਕਰਵਾਰ ਹੈ ਕਿ ਕਾਲ ਹੀ ਕੀ ਧਾਰ ਹੈ ਕਿ ਗਯਾਨਸਿੰਘ ਹਿੰਮਤ ਅੰਗ੍ਰੇਸ਼ ਕੀ ਤ੍ਰਵਾਰ ਹੈ॥੧॥
ਖਾਲੀ ਤੇਗ ਬੇਗ ਸੰਗ ਜੋਰਾਵਰਸਿੰਘ ਜੀਨੇ ਪਰੀ ਹਲਚਾਲੀ ਚਹੂੰ ਚੱਕਨ ਬਿਸਾਲੀ ਹੈ। ਭਾਰੀ ਬਰਥੱਲਾ ਬ੍ਰਹਮੰਡ ਮੇਂ ਅਵੱਲਾ ਪਰਿਓ ਉਦਧਿ ਉਛੱਲਾ ਹੱਲਾ ਮੇਰੁ ਧਰਚਾਲੀ ਹੈ। ਕਮਠ ਕੜੱਕੇ ਕੋਲ ਭੁਜੰਗ ਭੜੱਕੇ ਚੈਲ ਦਿੱਗਜ ਦੜੱਕੇ ਔਧ ਧੜੱਕੇ ਦੇਵ ਜਾਲੀ ਹੈ। ਅੱਲਾ ਅੱਲਾ ਬੋਲਤ ਮੁਸੱਲਾ ਗਨ ਚੱਲਾ ਦੌਰ ਤਬੈ ਭਜੇ ਸਾਹਜ਼ਾਦਾ ਤਨ ਪ੍ਰਾਣ ਖਾਲੀ ਹੈ॥ +

ਐ ਪਾਠਕੋ ਜ਼ਰਾ ਸੋਚਣੇ ਦੀ ਬਾਤ ਹੈ ਕਿ ਓਹ ਕੌਣ ਐਸਾ ਪਿਤਾ ਸੀ ਜਿਸਨੇ ਆਪਣੇ ਪ੍ਰਾਣ ਪਯਾਰੇ, ਚੜ੍ਹਦੀ ਜੁਆਨੀ ਚੌਦਾਂ ਬਰਸ ਤੇ ਅਠਾਰਾਂ ਬਰਸ ਦੇ ਆਗਯਾਕਾਰੀ ਲਾਇਕ ਪੁੱਤ੍ਰਾਂ ਨੂੰ ਵਗਦੀਆਂ ਗੋਲੀਆਂ ਤੇ ਚਮਕਦੀਆਂ ਤਲਵਾਰਾਂ ਦੇ ਸਾਹਮਣੇ ਭੇਜ ਦਿੱਤੇ ਤੇ ਸ਼ਹੀਦ ਹੁੰਦੇ ਹੋਏ ਦੇਖਯਾ। ਫੇਰ ਕੋਈ ਜ਼ਰ, ਜੋਰੂ, ਜ਼ਮੀਨ ਦਾ ਲਾਲਚ ਨਹੀਂ ਸੀ, ਕੇਵਲ ਹਿੰਦੂ ਧਰਮ ਦੀ ਰੱਖਯਾ ਵਾਸਤੇ ਓਹ ਕੋਲੇ ਦੀ ਗੋਭ ਜੈਸੇ ਗੁੱਲ ਦੇ ਗੁੱਲ, ਖਿੜੇ ਹੋਏ ਗੁਲਾਬ ਦੇ ਫੁੱਲ, ਅੱਖੀਆਂ ਦੇ ਨੂਰ, ਆਪਣੇ ਸਾਹਮਣੇ ਕੁਰਬਾਨ ਹੁੰਦੇ ਦੇਖੇ। ਅਤੇ ਜ਼ਰਾ ਜਿਤਨਾ ਰੰਜ ਯਾ ਗਮ ਨਾ ਜ਼ਾਹਰ ਕੀਤਾ, ਸਗੋਂ ਉਨ੍ਹਾਂ ਨੂੰ ਸ਼ਾਬਾਸ਼ ੨ ਕਹ ਕਹ ਕੇ ਪੁਕਾਰਿਆ। ਏਹ ਹੌਸਲਾ ਤੇ ਸ਼ਕਤੀ ਸਿਵਾਇ ਗੁਰੂ ਗੋਬਿੰਦਸਿੰਘ ਸਾਹਿਬ ਦੇ ਹੋਰ

੧ ਤਵਾਰੀਖ ਉਰਦੂ ਤੇ ਪੰਥਪ੍ਰਕਾਸ਼ ਗੁਰਮੁਖੀ ਵਿਚ ਸਾਹਿਬਜ਼ਾਦੇ ਜੁਝਾਰਸਿੰਘ ਜੀ ਦਾ ਨਾਮ ਭੁੱਲਕੇ ਲਿਖਾ ਗਯਾ ਹੈ, ਜੋਰਾਵਰਸਿੰਘ ਜੀ ਕਾ ਨਾਮ ਚਾਹੀਏ ਕਯੋਂਕੇ ਉਰਦੂ ਸਫਾ ੧੪੪ ਵਿਚ ਸਾਹਜ਼ਾਦੇ ਜ਼ੋਰਾਵਰਸਿੰਘ ਜੀ ਦਾ ਜਨਮ ੧੭੫੭ ਬਿ: ਦਾ ਲਿਖਯਾ ਹੈ ਤੇ ਸਾਹਜ਼ਾਦੇ ਜੁਝਾਰਸਿੰਘ ਜੀ ਦਾ ਜਨਮ ੧੭੫੨ ਬਿ: ਦਾ ਹੈ

ਕਿਸੇ ਅਵਤਾਰ ਯਾ ਪੈਗੰਬਰ ਵਿਚ ਭੀ ਨਹੀਂ ਹੋਈ। ਵੇਖੋ ਰਾਮਚੰਦ੍ਰ ਜੀ ਨੇ ਆਪਣੇ ਪਿਆ
ਰੇ ਭਾਈ ਲਛਮਨ ਦਾ ਬਿਓਗ ਨਾ ਸਹਾਰਕੇ ਸਰਜੂ ਨਦੀ ਵਿਚ ਦੇਹ ਤਿਆਗ ਦਿੱਤੀ
। ਕ੍ਰਿਸ਼ਨ ਜੀ ਨੇ ਪੁੱਤ੍ਰ, ਪੋਤ੍ਰਿਆਂ ਦਾ ਦੁਖ ਨਾ ਸਹਾਰ ਕਰ ਉਸੇ ਦਿਨ ਬਧਿਕ ਦੇ ਹੱਥੋਂ ਪ੍ਰਾਣ ਤਿਆ
ਗ ਦਿੱਤੇ। ਬਸਿਸ਼ਟ ਜੀ ਬੜੇ ਗਿਆਨੀ ਗਲ ਵਿਚ ਪੱਥਰ ਬੰਨ੍ਹਕੇ ਡੁੱਬਣ ਗਏ। ਇਸੇ
ਤਰਾਂ ਹੋਰ ਅਨੇਕਾਂ ਦੀ ਦਸ਼ਾ ਇਤਿਹਾਸ ਦਿਖਾਇ ਰਹੇ ਹਨ। ਪਰ ਗੁਰੂ ਗੋਬਿੰਦ ਸਿੰਘ
ਸਾਹਿਬ ਜੀ ਦਾ ਇਤਿਹਾਸ ਸਾਬਤ ਕਰਦਾ ਹੈ ਕਿ ਉਹ ਸ਼ਹਨਸ਼ਾਹੀ ਸਾਮਾਨ ਤੇ ਜਾਨ
ਕੁਰਬਾਨ ਕਰਨੇ ਵਾਲੇ ਬੇਸ਼ੁਮਾਰ ਸਿੱਖ, ਮਾਤਾ ਤੇ ਇਸਤ੍ਰੀਆਂ ਪੁੱਤ੍ਰਾਂ ਦੇ ਬਿਓਗ ਹੋਣੇ ਕਰ
ਜ਼ਰਾ ਅਧੀਰ ਜੀ ਤੇ ਕਮ ਹੌਸਲੇ ਨਹੀਂ ਹੋਏ। ਇਹ ਸ਼ਕਤੀ ਉਨ੍ਹਾਂ ਵਿਚ ਹੀ ਦੇਖੀਦੀ ਹੈ।
ਏਹੋ ਬ੍ਰਹਮ ਗਿਆਨ ਦਾ ਪ੍ਰਤੱਖ ਲੱਛਣ ਸੂਰਜ ਦੀ ਤਰਾਂ ਚਮਕ ਰਿਹਾ ਹੈ। ਅਫ਼ਸੋ
ਸ ਹੈ ਉਨ੍ਹਾਂ ਲੋਕਾਂ ਪਰ ਜੋ ਹੁਣੇ ਫੇਰ ਗਫ਼ਲਤ ਦੀ ਨੀਂਦ ਵਿਚੋਂ ਅੱਖੀਆਂ ਨਹੀਂ ਪੁੱਟਦੇ ਤੇ
ਉਨ੍ਹਾਂ ਦੇ ਸੱਚੇ ਬਚਨਾਂ ਪਰ ਕਾਇਮ ਨਹੀਂ ਰਹਿੰਦੇ।
ਜਦ ਗੁਰੂ ਸਾਹਿਬ ਦੇ ਦੋਵੇਂ ਫ਼ਰਜ਼ੰਦ ਤੇ ਪੈਂਤੀ [੩੬] ਛੱਤੀ ਸਿੱਖ ਸ਼ਹੀਦ ਹੋ ਗਏ ਤਦ ਨਾਹਰ
ਖਾਂ ਮਲੇਰਕੋਟਲੀਏ, ਨਜੀਬ ਖਾਂ ਸੂਬਾ ਜਾਲੰਧਰ, ਉਸਮਾਨ ਖਾਂ ਕਸੂਰੀ ਆਦਿਕ
ਸਰਦਾਰਾਂ ਨੇ ਗੜ੍ਹੀ ਵਿਚ ਥੋੜੇ ਆਦਮੀ ਸਮਝਕੇ ੧੭ ਕੱਤਕ ਸੰ: ੧੭੬੧ ਬਿ: ਨੂੰ
ਹੱਲਾ ਕਰ ਦਿੱਤਾ। ਤੀਰ ਤੇ ਬੰਦੂਕਾਂ ਗੁਰੂ ਸਾਹਿਬ ਦੀ ਤਰਫ਼ੋਂ ਚਲਦੇ ਰਹੇ। ਨਾਹਰ ਖਾਂ
ਮਲੇਰੀ, ਮਹਿਮੰਦ ਖਾਂ ਫਗਵਾੜੇ ਵਾਲਾ, ਦਿਲਾਵਰ ਖਾਂ ਕਸੂਰੀ, ਸਮੰਦ ਖਾਂ ਲਾਹੌਰੀ,
ਜਾਫ਼ਰ ਬੇਗ ਦੁਰਾਨੀ ਆਦਿਕ ਬਹੁਤ ਸਰਦਾਰ ਤੇ ਸਿਪਾਹੀ ਜੋ ਗੜ੍ਹੀ ਛੁਡਾਉਣ ਲਈ
ਅਗੇ ੨ ਦੌੜਕੇ ਆਏ ਸੋ ਸੋ ਉਸੇ ਦੌੜ ਵਿਚ ਚੌੜ ਹੋ ਗਏ। ਇਤਨੇ ਨੂੰ ਅੰਧੇਰਾ ਹੋ ਗਿਆ
ਤੇ ਲਸ਼ਕਰ ਗੜ੍ਹੀ ਦੇ ਚਾਰੋਂ ਤਰਫ਼ ਉਤਰ ਪਿਆ।
ਏਧਰ ਗੁਰੂ ਸਾਹਿਬ ਨੇ ਇਕ ਸੰਤਾ ਸਿੰਘ ਸਿੱਖ ਨੂੰ ਜੋ ਹੂਬਹੂ ਗੁਰੂ ਸਾਹਿਬ ਦੀ ਸ਼ਕਲ
ਜੈਸਾ ਸੀ, ਆਪਣਾ ਸਾਰਾ ਪੁਸ਼ਾਕਾ ਜਿਗ੍ਹਾ ਕਲਗ਼ੀ ਸਮੇਤ ਪਹਿਨਾ ਕਰ ਆਪਨੀ ਜ
ਗਾ ਬੈਠਾ ਦਿੱਤਾ ਤੇ ਰਾਮਾ ਸਿੰਘ, ਕੇਹਰ ਸਿੰਘ, ਸੰਤੋਖਾ ਸਿੰਘ, ਜੀਵਨਾ ਸਿੰਘ ਮਜ਼੍ਹਬੀ,
ਕਾਠਾ ਸਿੰਘ ਰਾਮਦਾਸੀਆ ਏਨ੍ਹਾਂ ਨੂੰ ਚੌਹਾਂ ਬੁਰਜਾਂ ਵਿਚ ਬੰਦੂਕਾਂ ਚਲਾਉਂਦੇ, ਤੇ ਇਕ ਨੂੰ
ਨਗਾਰਾ ਬਜਾਉਂਦੇ ਰਹਣ ਦਾ ਹੁਕਮ ਦੇਕੇ, ਭਾਈ ਧਰਮ ਸਿੰਘ, ਦਯਾ ਸਿੰਘ, ਮਾਨ ਸਿੰਘ
ਨੂੰ ਆਪਣੇ ਨਾਲ ਲੈ, ਇਕ ਬਾਰੀ ਦੇ ਰਸਤੇ, ਗੜ੍ਹੀ ਤੋਂ ਬਾਹਰ ਹੋ, ਸ਼ਾਹੀ ਲਸ਼ਕਰ ਵਿਚ-

ਧਸਕੇ (ਹਿੰਦੂ ਦਾ ਪੀਰ ਸਿੱਖਾਂ ਦਾ ਗੁਰੂ ਭੁੱਜਾ ਜਾਂਦਾ ਹੈ) ਏਹ ਸੱਦ ਤੇ ਉੱਚੀ ਅਵਾਜ਼ ਦਿੰਦੇ ਹੋਏ ਤੁਰ ਪਏ। ਜਿਨਾਂ ਨੂੰ ਈਸ਼੍ਵਰ ਵਡਿਆਈ ਦਿੰਦਾ ਹੈ ਉਨ੍ਹਾਂ ਨੂੰ ਚੰਗੀ ਅਕਲ ਤੇ ਹਿਕਮਤ ਭੀ ਬਖਸ਼ ਦਿੰਦਾ ਹੈ। ਸਭ ਲਸ਼ਕਰ ਵਿਚ ਰੌਲਾ ਪੈ ਗਿਆ ਤੇ ਏਹੋ ਬਾਤ ਪੁਕਾਰਦੇ ਹੋਏ ਏਧਰ ਉਧਰ ਦੌੜ ਪਏ। ਗੁਰੂ ਸਾਹਿਬ ਭੀ ਦੂਰ ਨਿਕਲ ਗਏ। ਜਦ ਖੇੜੀ ਪਿੰਡ ਦੇ ਨੇੜੇ ਗਏ ਤਾਂ ਪਹੁ ਫਟ ਗਈ। ਏਥੇ ਅੱਲੂ ਤੇ ਗਾਮੂ ਦੋਵੇਂ ਭਾਈ ਗੁੱਜਰ ਗਊਆਂ, ਭੈਂਸਾਂ ਚਾਰਦੇ ਸੇ, ਉਨ੍ਹਾਂ ਨੇ ਗੁਰੂ ਸਾਹਿਬ ਨੂੰ ਪਛਾਣਕੇ ਰੌਲਾ ਪਾਯਾ, ਗੁਰੂ ਜੀ ਨੇ ਪੰਜ ਪੰਜ ਮੋਹਰਾਂ ਉਨ੍ਹਾਂ ਅੱਗੇ ਸਿੱਟੀਆਂ ਪਰ ਉਹ ਤਦ ਭੀ ਚੁੱਪ ਨਾ ਕੀਤੇ ਫੇਰ ਗੁਰੂ ਜੀ ਨੇ ਸੋਨੇ ਦੇ ਕੜੇ ਦੇਣ ਦੇ ਬਹਾਨੇ ਨਜ਼ਦੀਕ ਬੁਲਾਕੇ ਦੋਹਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ।

ਗੁਰੂ ਸਾਹਿਬ ਦੇ ਚਰਨਾਂ ਦਾ ਜੋੜਾ ਚਮਕੌਰ ਬਾੜੀ ਲੰਘਣ ਲਗੇ ਉਥੇ ਹੀ ਰਹਿ ਗਿਆ ਸੀ ਜਿਸ ਕਰਕੇ ਨੰਗੀ ਪੈਰੀ ਚਲਣਾ ਮੁਸ਼ਕਿਲ ਸਮਝਕੇ ਤੇ ਆਸ ਪਾਸ ਕਿਨੀ, ਬਹਿਲੋਲਪੁਰ ਆਦਿਕ ਤੁਰਕਾਂ ਦੇ ਪਿੰਡ, ਅਤੇ ਬਾਦਸ਼ਾਹੀ ਸਿਪਾਹੀ ਫਿਰਦੇ ਦੇਖਕੇ, ਇਕ ਗਹਿਣੇ ਜੰਗਲ ਵਿਚ ਜੰਡ ਬ੍ਰਿਛ ਦੇ ਹੇਠ ਪੈਕੇ ਸੌਂ ਰਹੇ। ਪਿੱਛਲੇ ਪਹਿਰ ਉੱਠੇ ਤਾਂ ਨੰਗੇ ਪੈਰਾਂ ਨੂੰ ਛਾਲੇ ਪੈ ਜਾਣੇ ਕਰਕੇ ਅਧਿਕ ਨਾ ਚਲ ਸਕੇ, ਇਸ ਕਰਕੇ ਥੋੜੀ ਦੂਰ ਉੱਤੇ ਝਾੜ, ਬੇਰੀਆਂ ਦੀ ਝੰਗੀ ਵਿਚ (ਜਿੱਥੇ ਹੁਣ ਝਾੜ ਸਾਹਿਬ ਗੁਰਦੁਆਰਾ ਹੈ) ਦਿਨ ਪੂਰਾ ਕੀਤਾ, ਅਫੀਮ ਦੇ ਥਾਂ ਅੱਕ ਦੇ ਡੋਡੇ ਖਾਧੇ। ਜਦ ਰਾਤ ਪਈ ਤਾਂ ਫੇਰ ਤਾਰੇ ਦੀ ਸੇਧ ਧਰਕੇ ਮਾਲਵੇ ਦੀ ਤਰਫ ਨੂੰ ਚੱਲੇ, ਤਿੰਨ ਚਾਰ ਕੋਹ ਉਜਾੜ ਉਜਾੜ ਹੀ ਚਲੇ ਗਏ। ਫੇਰ ਮਾਛੀਵਾੜੇ ਪਿੰਡ ਦੇ ਪਾਸ ਇਕ ਬਾਗ ਵਿਚ ਠਹਿਰ ਗਏ (ਕੁਦਰਤ ਪਰਮੇਸ਼ੁਰ ਦੀ ਆਸ਼ਚਰਜ ਹੈ ਦੇਖੋ ਜਿਨ੍ਹਾਂ ਦੇ ਵਾਸਤੇ ਅਨੇਕ ਤਰਾਂ ਦੇ ਜੋੜੇ ਤੇ ਘੋੜੇ ਆਦਿਕ ਅਸਵਾਰੀਆਂ, ਸੁੰਦਰ ਮਖਮਲੀ ਸੇਜਾਂ, ਛੱਤੀ ਪ੍ਰਕਾਰ ਦੇ ਭੋਜਨ, ਸਰਦਾਈਆਂ, ਠੰਢੇ ਜਲ, ਅਫੀਮਾਂ ਦੇ ਡੱਬੇ ਲੈਕੇ ਬੇਸ਼ੁਮਾਰ ਸੇਵਕ ਹਾਜ਼ਰ ਰਹਿੰਦੇ ਸੇ, ਉਨ੍ਹਾਂ ਤ੍ਰੈਕਾਲ ਦਰਸੀ ਸਤਪੁਰਖਾਂ ਨੂੰ ਐਸਾ ਵਕਤ ਦੇਖਣਾ ਪਿਆ ਕਿ ਲਿਖਦਿਆਂ ਹੋਯਾਂ ਕਲਮ ਭੀ ਹੰਝੂ ਭਰ ਆਈ ਹੈ, ਹੱਥ ਕੰਬਦਾ ਹੈ)

ਫੇਰ ਗੁਰੂ ਸਾਹਿਬ ਨੇ ਜਦ ਆਪਣੇ ਵਿਚ ਚੱਲਣ ਦੀ ਤਾਕਤ ਨਾ ਦੇਖੀ ਤਾਂ ਉਸੇ ਬਾਗ ਵਿਚ (ਜਿਥੇ ਹੁਣ ਚਰਨ ਕੰਵਲ ਗੁਰਦੁਆਰਾ ਹੈ) ਪੈ ਰਹੇ। ਏਹ ਬਾਗ ਗਨੀਖਾਂ, ਨਬੀਖਾਂ ਰੁਹੇਲੇ ਪਠਾਣਾਂ ਦਾ ਸੀ। ਇਨ੍ਹਾਂ ਪਠਾਣਾਂ ਪਾਸੋਂ ਗੁਰੂ ਸਾਹਿਬ ਨੇ ਬਹੁਤ ਵਾਰੀ ਘੋੜੇ ਖਰੀਦੇ ਸੇ। ਜਦ ਏਹ ਪਠਾਣ ਆਪਣੇ ਬਾਗ ਵਿਚ ਆਏ ਤਾਂ ਗੁਰੂ ਸਾਹਿਬ ਨੂੰ ਦੇਖਕੇ ਬਹੁਤ ਬਿਸਮ

੧ ਏਥੇ ਜੰਡ ਸਾਹਬ ਗੁਰਦੁਆਰਾ

Digitized by Panjab Digital Library | www.panjabdigilib.org

ਹੋਗਏ। ਤੇ ਗੁਰੂ ਸਾਹਿਬ ਨੂੰ ਪਹਿਚਾਨ ਕੇ ਮਦਦਗਾਰ ਬਣ ਗਏ।
ਏਤਨੇ ਚਿਰ ਵਿਚ ਭਾਈ ਧਰਮ ਸਿੰਘ, ਦਯਾ ਸਿੰਘ, ਮਾਨ ਸਿੰਘ ਏਹ ਤਿੰਨੇ ਹੀ ਮੁਸਲਮਾ
ਨੀ ਲਿਬਾਸ ਪਹਿਨੇ ਹੋਏ ਗੁਰੂ ਜੀ ਨੂੰ ਭਾਲਦੇ ੨ ਆ ਪਹੁੰਚੇ। ਧਰਮ ਸਿੰਘ ਜੀ ਨੇ ਚਰ
ਨਾਂ ਪਰ ਮੁੱਠੀ ਚਾਪੀ ਕੀਤੀ, ਮਾਨ ਸਿੰਘ ਜੀ ਨੇ ਸੁੱਖਾ ਅਫੀਮ ਛਕਾਯਾ। ਫੇਰ ਮਾਛੀ
ਵਾੜੇ ਫਿਰ ਗੁਲਾਬੇ, ਪੰਜਾਬੇ ਭੱਟੀ ਖੱਤ੍ਰੀ, ਮਸੰਦ ਦੇ ਘਰ ਜਾ ਠਹਿਰੇ। ਓਧਰ ਪਿੱਛੋਂ ਚਮ
ਕੌਰ ਵਿਚ ਸੰਤ ਸਿੰਘ ਜੋਦ ਸਿੱਖ ਨੂੰ ਜਦ ਆਪਣੀ ਜਗਾ ਕਾਯਮ ਕਰਕੇ ਨਿਕਲੇ ਸਨ
ਤਾਂ ਜਮੂਣਾ ਸਿੰਘ ਮਜ਼੍ਹਬੀ ਮਦਨ ਸਿੰਘ ਰਮਦਾਸੀਆ, ਛੈਲਾ ਸਿੰਘ ਲੁਹਾਰ ਆਦਿ
ਕ ਸਾਰੀ ਰਾਤ ਬੰਦੂਕ ਤੀਰ ਚਲਾਉਂਦੇ ਤੇ ਨਗਾਰਾ ਬਜਾਉਂਦੇ ਰਹੇ। ਦਿਨ ਚੜ੍ਹਿਆ ਤਾਂ ਸ਼ਾ
ਹੀ ਫੌਜ ਨੇ ਹੱਲਾ ਕੀਤਾ। ਓਹ ਚਾਰੇ ਦਸ ੨ ਬੀਸ ੨ ਨੂੰ ਮਾਰਕੇ ਸ਼ਹੀਦ ਹੋਗਏ। ਸੰਤ ਸਿੰ
ਘ ਜੀ ਨੂੰ ਗੁਰੂ ਸਮਝਕੇ ਉਸਦਾ ਸਿਰ ਔਰੰਗਜ਼ੇਬ ਪਾਸ ਭੇਜ ਦਿੱਤਾ। ਇਸੇ ਕਰਕੇ
ਗੁਰੂ ਸਾਹਿਬ ਦੀ ਤਲਾਸ਼ ਵਿਚ ਕੋਈ ਫੌਜ ਨਾ ਗਈ।
ਏਧਰ ਗੁਰੂ ਸਾਹਿਬ ਨੇ ਰਾਤ ਤਾਂ ਗੁਲਾਬੇ ਮਸੰਦ ਦੇ ਘਰ ਕੱਟੀ ਤੇ ਸਵੇਰੇ ਏਹ ਹਿਕਮ
ਤ ਕੀਤੀ ਕਿ ਹਾਜੀ ਫਕੀਰਾਂ ਦਾ ਭੇਸ ਧਾਰਕੇ ਆਪਣੇ ਸਾਥੀ ਸਿੱਖਾਂ ਨੂੰ ਭੀ ਧਾਰਣ ਕਰਾ
ਇ ਦਿੱਤਾ। ਮਾਨ ਸਿੰਘ, ਧਰਮ ਸਿੰਘ, ਗਨੀ ਖਾਂ, ਨਬੀ ਖਾਂ ਏਨ੍ਹਾਂ ਨੇ ਚਾਰਪਾਈ ਉਠਾ
ਈ ਦਯਾ ਸਿੰਘ ਨੇ ਮੋਰ ਦੇ ਖੰਭਾਂ ਦਾ ਮੁੱਠਾ ਲੀਤਾ ਤੇ ਮਾਲਵੇ ਦੇਸ ਦੀ ਤਰਫ ਚਲ ਪਏ।
ਓਸ ਸਮੇ ਸਬ ਫਕੀਰ ਮੰਜੀਆਂ ਪਰ ਹੀ ਸਵਾਰ ਹੋਕੇ ਫਿਰਿਆ ਕਰਦੇ ਸੇ। ਜੇ ਕੋਈ ਪੁੱ
ਛਦਾ ਏਹ ਕੌਣ ਹੈਂ ਤਾਂ ਗਨੀ ਖਾਂ, ਨਬੀ ਖਾਂ ਆਖਦੇਂਦੇ ਏਹ ਉੱਚ[੨] ਦੇ ਪੀਰ ਹਾਜੀ ਹੈਂ। ਇਸੇ
ਤਰਾਂ ਪਰ ਜਦ ਪੰਜ ਕੋਸ ਪਰ ਆਕੇ ਲੱਲ ਪਿੰਡ ਦੇ ਪਾਸੋਂ ਲੰਘਣ ਲੱਗੇ ਤਾਂ ਓਥੇ ਬਾਦ
ਸ਼ਾਹੀ ਫੌਜ ਉਤਰੀ ਹੋਈ ਸੀ। ਇਨ੍ਹਾਂ ਨੂੰ ਦੇਖਕੇ ਸਿਪਾਹੀ ਆਪਣੇ ਅਫਸਰ ਦਲੇਲ ਖਾਂ
ਪਾਸ ਲੈ ਗਏ। ਜਦ ਓਸ ਨੇ ਪੁੱਛਿਆ ਤਾਂ ਗਨੀ ਖਾਂ ਨੇ ਉੱਚ ਦੇ ਪੀਰ, ਹਾਜੀ ਫਕੀਰ ਬਤਾ
ਏ। ਫੌਜਦਾਰ ਨੂੰ ਸ਼ੱਕ ਹੋਯਾ ਤੇ ਆਖਣ ਲੱਗਾ ਪੀਰਜ਼ਾਦੇ ਹੋਣ ਦੀ ਗਵਾਹੀ ਦੇਓ ਤੇ
ਨਾਲੇ ਸਾਡੇ ਨਾਲ ਖਾਨਾ ਖਾਕੇ ਜਾਓ। ਤਦ ਗਨੀ ਖਾਂ ਨੇ ਆਖਿਆ ਪੀਰ ਤਾਂ ਰੋਜ਼ੇ ਵਿਚ ਕੱ
ਸੀਦੇ ਗੌਸੀਏ ਦਾ ਵਿਰਦ ਕਰਦੇ ਹਨ, ਖਾਣਾ ਨਹੀਂ ਖਾ ਸੱਕਦੇ, ਅਫਸਰ ਨੇ ਕਿਹਾ ਮੁਰੀ
ਪਾਠ ਦ ਖਾਂਵੇ। ਤਦ ਗੁਰੂ ਸਾਹਿਬ ਦੀ ਮਨਸ਼ਾ ਅਨੁਸਾਰ ਸਬ ਸਾਥੀਆਂ ਨੇ ਖਾਣਾ ਮਨਜ਼ੂਰ

੨ ਉੱਚ ਪਿੰਡ ਮੁਲਤਾਨੋਂ ਤੋਂ ਸੱਤ ਕੋਹ ਪੱਛਮ ਦੀ ਤਰਫ ਹੈ ਓਥੋਂ ਦੇ ਸੱਯਦ ਉੱਚ ਦੇ ਪੀਰ ਮਸ਼ਹੂਰ ਹਨ।

ਕਰ ਲੀਤਾ ਅਤੇ ਗਵਾਹੀ ਵਾਸਤੇ ਗੁਰੂ ਸਾਹਿਬ ਦੇ ਕਹਿਣੇ ਦੇ ਬਮੂਜਬ ਕਾਜ਼ੀ ਪੀਰਮੁਹੰਮਦ ਸਲੋਹ ਵਾਲਾ ਜਿਸ ਤੋਂ ਗੁਰੂ ਸਾਹਿਬ ਨੇ ਇਲਮ ਫਾਰਸੀ ਪੜ੍ਹਿਆ ਸੀ, ਤੇ ਸੱਯਦ ਅਨਾਯਤ ਅਲੀ ਨੂਰਪੁਰੀਆ, ਸੱਯਦ ਹਸਨ ਅਲੀ ਮੋਹਨੂੰ ਮਾਜਰੀਆ ਏਹ ਤ੍ਰੈ ਨੇ ਬੁਲਾਏ ਗਏ। ਇਨ੍ਹਾਂ ਨੇ ਗੁਰੂ ਸਾਹਿਬ ਦੀ ਮਨਸ਼ਾ ਅਨੁਸਾਰ ਗਵਾਹੀ ਦੇ ਦਿੱਤੀ।

ਏਸੇ ਖਾਤਰ ਗੁਰੂ ਮਹਾਰਾਜ ਨੇ ਏਨਾਂ ਤਿਨਾਂ ਨੂੰ ਹੁਕਮਨਾਮੇ ਲਿਖ ਦਿੱਤੇ ਜੋ ਹੁਣ ਤਕ ਉਨ੍ਹਾਂ ਦੀ ਔਲਾਦ ਪਾਸ ਹਨ। ਜਿਸ ਬਾਗ਼ ਹੇਠ ਗੁਰੂ ਸਾਹਿਬ ਠਹਿਰੇ ਸੇ ਹੁਣ ਉਥੇ ਗੁਰਦ੍ਵਾਰਾ ਮਸ਼ਹੂਰ ਹੈ। — ਏਥੋਂ ਚਲਕੇ ਰਾਮਪੁਰ ਕਟਾਣੀ ਜਾ ਠਹਿਰੇ। ਏਥੇ ਜਾਕੇ ਘੁੰਗਰਾਲੀ ਵਾਲੇ ਫੱਤੇ ਮਿਸਤ੍ਰੀ ਨੂੰ ਜਿਸ ਦੀ ਮਾਰਫਤ ਬਾਦਸ਼ਾਹੀ ਹੱਥਿਆਰ ਬਣਦੇ ਹੁੰਦੇ ਸੇ ਬੁਲਾਯਾ। ਉਸਨੇ ੧ ਕਮਾਨ, ੨੨ ਤੀਰ, ੨ ਤਲਵਾਰਾਂ, ੨ ਤਮੰਚੇ ਗੁਰੂ ਸਾਹਿਬ ਦੀ ਨਜ਼ਰ ਕੀਤੇ। ਏਥੋਂ ਚੱਲਕੇ ੩ ਕੋਸ ਪਰ ਕਨੇਚ ਪਿੰਡ ਪਹੁੰਚਕੇ ਫੱਤੇ ਲੰਬਰਦਾਰ ਤੋਂ ਘੋੜੀ ਮੰਗੀ, ਪਰ ਉਹ ਮੁੱਕਰ ਗਿਆ। ਸੱਚ ਹੈ ਏਹੋ ਜੇਹੇ ਵਕ਼ਤ ਵਿਚ ਕੋਈ ੨ ਆਦਮੀ ਹੀ ਸਾਬਤ ਰਹਿੰਦੇ ਹਨ, ਬਹੁਤ ਮੂੰਹ ਫੇਰ ਜਾਂਦੇ ਹਨ।

ਜਦ ਆਲਮਗੀਰ ਪਿੰਡ ਵਿਚ ਪਹੁੰਚੇ ਤਾਂ ਭਾਈ ਮਨੀ ਸਿੰਘ ਜੀ ਦੇ ਸਕੇ ਭਾਈ ਨਗਾਹੀਆ ਸਿੰਘ ਨੇ ਇਕ ਘੋੜਾ ਭੇਟ ਨਜ਼ਰ ਗੁਰੂ ਸਾਹਿਬ ਦੀ ਕੀਤਾ। ਏਸ ਜਗਾ ਤੋਂ ਗੁਰੂ ਸਾਹਿਬ ਨੇ ਗਨੀ ਖਾਂ ਤੇ ਨਬੀ ਖਾਂ ਨੂੰ ਹੁਕਮਨਾਮਾ ਦੇਕੇ ਵਿਦਾ ਕੀਤਾ। ਏਸੇ ਹੁਕਮਨਾਮੇ ਦੇ ਉਪਰੋਂ ਉਨ੍ਹਾਂ ਦੀ ਸੰਤਾਨ ਨੇ ਅਨੇਕ ਹੁਕਮਨਾਮੇ ਬਣਾ ਰੱਖੇ ਹਨ।

ਏਥੋਂ ਘੋੜੇ ਪਰ ਸਵਾਰ ਹੋ, ਜੋਧ, ਮੋਰੀ ਹੁੰਦੇ ਹੋਏ ਹੇਹਰ ਪਿੰਡ ਕ੍ਰਿਪਾਲ ਦਾਸ ਉਦਾਸੀ ਦੇ ਡੇਰੇ ਜਾ ਉਤਰੇ। ਅੰਮ੍ਰਿਤ ਵੇਲੇ ਹੀ ਉਸਨੇ ਆਖਿਆ ਜੇ ਆਪ ਮੇਰੇ ਡੇਰੇ ਠਹਿਰੇ ਰਹੋਗੇ ਤਾਂ ਮੈਨੂੰ ਤੁਰਕ ਫਾਂਸੀ ਦੇ ਦੇਣਗੇ। ਗੁਰੂ ਸਾਹਿਬ ਬੋਲੇ ਅਸੀਂ ਤਾਂ ਨਹੀਂ ਠਹਿਰਦੇ ਪਰ ਤੇਰੀ ਮਨਸ਼ਾ ਤੈਨੂੰ ਫਲ ਦੇਵੇਗੀ। ਸੋ ਉਸੇ ਤਰਾਂ ਹੋਈ ਕਿ ਇਕ ਮਹੀਨੇ ਪਿੱਛੋਂ ਕਿਸੇ ਡਾਕੇ ਦੇ ਇਲਜ਼ਾਮ ਵਿਚ ਉਸ ਦਾ ਡੇਰਾ ਲੁਟਿਆ ਗਿਆ ਤੇ ਉਸ ਨੂੰ ਤੁਰਕਾਂ ਨੇ ਪਕੜਕੇ ਫਾਂਸੀ ਦੇ ਦਿੱਤਾ। — ਏਥੋਂ ਚੱਲਕੇ ਜਦ ਸੀਲੋਆਣੀ ਪਿੰਡ ਆਏ ਤਾਂ ਰਾਇ ਦੇ ਕੋਟ ਵਾਲਾ ਰਾਇ ਕੱਲਾ ਕਿਸੇ ਤਰਫ਼ ਨੂੰ ਜਾਂਦਾ ਹੋਯਾ ਆ ਮਿਲਿਆ ਤੇ ਇਕ ਘੋੜਾ, ਇਕ ਤਲਵਾਰ ਨਜ਼ਰ ਦੇਕਰ ਹੋਰ ਭੀ ਬਹੁਤ ਸੇਵਾ ਕੀਤੀ। ਤਦ ਗੁਰੂ ਜੀ ਨੇ ਉਸ ਦਾ ਹਲਕਾਰਾ ਭੇਜਕੇ ਸਾਹਿਬਜ਼ਾਦਿਆਂ ਦੀ ਖਬਰ ਮੰਗਾਈ ਤਾਂ ਮਾਲੂਮ ਹੋਯਾ ਕਿ —

Digitized by Panjab Digital Library | www.panjabdigilib.org

ਗੰਗਾਰਾਮ ਖੇੜੀਵਾਲੇ ਬ੍ਰਾਮਣਨੇ ਮਾਤਾਸਾਹਿਬ ਨੂੰ ਸਾਹਬਜ਼ਾਦਿਆਂ ਸਮੇਤ ਤੁਰਕਾਂ
ਨੂੰ ਪਕੜਾਇ ਦਿੱਤਾ ਤੇ ਸਰਹੰਦ ਦੇ ਸੂਬੇਦਾਰ ਬਜ਼ੀਦਖਾਂ ਨੇ ਸਾਹਿਬਜ਼ਾਦਿਆਂ ਨੂੰ ਮੁ
ਸਲਮਾਨ ਕਰਨਾ ਚਾਹਿਆ ਪਰ ਓਹ ਨਾਂ ਹੋਏ, ਆਖਰ ਉਨ੍ਹਾਂ ਦੇ ਕਤਲ ਦਾ ਹੁਕਮ ਹੋਯਾ।
ਜਿਸ ਪਰ ਸ਼ੇਰਮੁਹੰਮਦਖਾਂ ਨੇ ਜੋ ਮਲੇਰਕੋਟਲੇ ਦਾ ਨਵਾਬ ਸੀ ਅਰਜ਼ ਕੀਤੀ ਕਿ
ਸ਼ੀਰਖੋਰ ਅਰਥਾਤ ਦੁੱਧ ਪੀਣਵਾਲੇ ਬੱਚਿਆਂ ਨੂੰ ਮਾਰਨਾ ਚੰਗਾ ਨਹੀਂ ਤਦ ਪਾਸੋਂ ਸੁਚਾ
ਨੰਦ ਦੀਵਾਨ ਨੇ ਆਖਿਆ ਸੱਪ ਦੇ ਬੱਚਿਆਂ ਨੂੰ ਮਾਰਨਾਹੀ ਚੰਗਾ ਹੈ। ਇਹ ਸੁਣਕੇ ਉਸ
ਬੇਰਹਿਮ ਜ਼ਾਲਮ ਨੇ ਉਨ੍ਹਾਂ ਛੋਟੇ ੨ ਸਾਹਿਬਜ਼ਾਦਿਆਂ ਨੂੰ ਜਿਨ੍ਹਾਂ ਨੇ ਧਰਮ ਵਾਸਤੇ ਪ੍ਰਾਣ ਦੇਣੇ
ਮਨਜ਼ੂਰ ਕਰ ਲਏ ਤੇ ਧਰਮ ਨਾ ਤਿਆਗਿਆ ਉਨ੍ਹਾਂ ਨੂੰ ਜੀਉਂਦੇ ਕੰਧ ਵਿਚ ਚਿਣਵਾਕੇ
ਮਾਰ ਦਿੱਤਾ। ਸਾਰਾ ਬ੍ਰਿਤਾਂਤ ਏਨ੍ਹਾਂ ਦਾ ਪੰਜਵੇਂ ਹਿੱਸੇ ਵਿਚ ਹੈ।

ਜੱਦਯਪਿ ਏਸ ਖਬਰ ਨੂੰ ਸੁਣਕੇ ਸਬ ਸੰਗਤ ਦੇ ਨੇਤ੍ਰਾਂ ਵਿਚੋਂ ਹੰਝੂਆਂ ਦੇ ਪ੍ਰਵਾਹ ਚਲ
ਪਏ, ਪਰ ਗੁਰੂ ਸਾਹਿਬ ਇਸ ਖਬਰ ਨੂੰ ਸੁਣਕੇ ਪਹਿਲੇ ਤਾਂ ਚੁਪ ਕੀਤੇ ਇਕ ਘੜੀ ਪ੍ਰਯੰ
ਤ ਬੈਠੇ ਰਹੇ। ਫੇਰ ਫੁਰਮਾਯਾ ਕਿ ਓਹ ਤਾਂ ਸਦਾਹੀ ਜੀਉਂਦੇ ਹਨ, ਜਿਨ੍ਹਾਂ ਨੇ ਆਪਣੇ ਬਾਪ
ਦਾਦੇ ਦੀ ਲਾਜ ਰੱਖੀ ਤੇ ਹਿੰਦੂ ਧਰਮ ਵਾਸਤੇ ਸਰੀਰ ਤਿਆਗਨ ਕੀਤੇ। ਪਰ ਬੱਚਿਆਂ ਦਾ
ਮਾਰਣਾ ਸਬ ਦੇ ਮਜ਼੍ਹਬ ਵਿਚ ਬੁਰਾ ਹੈ ਸੋ ਏਸ ਮਹਾਪਾਪ ਨੇ ਇਕ ਮਲੇਰਕੋਟਲੇ ਦੀ ਰਿ
ਯਾਸਤ ਬਿਨਾ ਹੋਰ ਕਿਸੇ ਨਕਾਰਬੰਦ ਮੁਸਲਮਾਨ ਦੀ ਜੜ੍ਹ ਨਹੀਂ ਛੱਡਣੀ। ਇਹ ਬਚ
ਨ ਸੁਣਕੇ ਰਾਇਕੱਲ੍ਹਾ ਗੁਰੂਜੀ ਦੇ ਪੈਰ ਫੜ ਬੈਠਾ ਤਾਂ ਗੁਰੂਜੀ ਨੇ ਉਸਨੂੰ ਆਪਣਾ ਖ
ੜਗ ਬਖਸ਼ਕੇ ਫੁਰਮਾਯਾ ਕਿ ਜਦ ਤਕ ਤੁਸੀਂ ਏਸ ਨੂੰ ਅਦਬ ਨਾਲ ਰੱਖੋਗੇ ਤਦ ਤ
ਕ ਤੁਹਾਡਾ ਰਾਜ ਬਣਿਆ ਰਹੇਗਾ। ਸੋਈ ਹੋਯਾ, ਜਦ ਉਸਦੇ ਬੇਟੇ ਰਾਇ ਅੱਲ੍ਹਯਾਸ
ਨੇ ਉਸਦੀ ਬੇਅਦਬੀ ਕੀਤੀ ਤਾਂ ਉਨ੍ਹਾਂ ਦੀ ਰਿਆਸਤ ਜਾਂਦੀ ਰਹੀ। ਦੂਸਰਾ ਬਚਨ ਜੋ ਸ
ਰਹਿੰਦ ਦੀ ਬਾਬਤ ਕੀਤਾ ਸੀ ਕਿ ਮੋਠੇ ਸਿੱਖ ਸਰਹੰਦ ਦੀਆਂ ਇੱਟਾਂ ਪੁੱਟਣਗੇ ਸੋ ਭੀ ਸੱਚ
ਹੋਯਾ ਪਹਿਲੇ ਤਾਂ ਸੰ:੧੮੨੦ਬਿ: ਵਿਚ ਖਾਲਸੇ ਨੇ ਏਸ ਸ਼ਹਿਰ ਨੂੰ ਬਰਬਾਦ ਕੀਤਾ
ਫੇਰ ਸਿੱਖ ਓਥੋਂ ਪੁੱਟ ਕੇ ਸਤਲੁਜ ਵਿਚ ਪਾਉਂਦੇ ਰਹੇ, ਆਖਰ ਸੰ:੧੯੨੮ਬਿ: ਵਿਚ
ਮਹਾਰਾਜੇ ਮਹਿੰਦ੍ਰਸਿੰਘ ਪਟਿਆਲੇ ਵਾਲੇ ਨੇ ਰੇਲ ਵਾਲੇ ਸਾਹਿਬ ਲੋਕਾਂ ਨੂੰ ਓਥੋਂ ਦੇ ਢੱ
ਠੇ ਹੋਏ ਮਕਾਨ ਵੇਚ ਕੇ ਐਸੇ ਪੁਟਵਾਏ ਜੋ ਓਹ ਇੱਟਾਂ ਮੁਲਤਾਨ ਤਕ ਪਹੁੰਚੀਆਂ
ਏਸੇ ਤਰਾਂ ਗੁਰੂ ਦੇ ਸਰਾਪ ਨੇ ਸਰਹੰਦ ਨੂੰ ਬਰਬਾਦ ਕਰ ਛੱਡਿਆ।

Digitized by Panjab Digital Library | www.panjabdigilib.org

ਰਾਇਕੱਲ੍ਹੇ ਤੋਂ ਬਿਦਾ ਹੋਕੇ ਗੁਰੂ ਸਾਹਿਬ ਲੰਮੇ, ਜਟਪੁਰੇ, ਚੱਕਰ, ਤਖਤੂਪੁਰੇ ਮੱਧੇਯ, ਧੌਲੇ, ਕਾਂਗੜ ਹੁੰਦੇ ਹੋਏ ਮੱਘਰ ਸੰ: ੧੭੬੧ ਬਿ: ਨੂੰ ਜਦ ਦੀਨੇ ਪਿੰਡ ਪਹੁੰਚੇ ਤਾਂ ਰਾਇ ਜੋਧ ਦੇ ਪੋਤ੍ਰੇ ਲਖਮੀਰ ਤੇ ਸਮੀਰ ਚੌਧਰੀਆਂ ਨੇ ਗੁਰੂ ਸਾਹਿਬ ਨੂੰ ਭਾਈ ਸਰਪੇ ਨਾਮੀ ਤਖਾਣ ਸਿੱਖ ਦੇ ਘਰ ਚੌਬਾਰੇ ਵਿਚ ਠਹਿਰਾਕਰ ਬਹੁਤ ਸੇਵਾ ਕੀਤੀ ਇਸੇ ਅਸਥਾਨ ਦਾ ਨਾਮ ਹੁਣ ਗੁਰਦੁਆਰਾ ਲੋਹਗੜ੍ਹ ਮਸ਼ਹੂਰ ਹੈ।

ਦੀਨੇ ਪਿੰਡ ਗੁਰੂ ਜੀ ਦਾ ਪਹੁੰਚਣਾ ਸੁਣਕੇ ਮਾਲਵੇ ਦੇਸ ਦੇ ਸਿੱਖ ਨਜ਼ਰ ਭੇਟ ਦਸਵੰਧ ਦੀ ਦੌਲਤ ਲੈਕੇ ਦਰਸ਼ਨ ਨੂੰ ਆਉਣ ਲੱਗੇ। ਫੇਰ ਭਾਈ ਰੂਪੇ ਤਖਾਣ ਸਿੱਖ ਦੇ ਪੋਤ੍ਰੇ ਧਰਮਾਸਿੰਘ, ਪਰਮਾਸਿੰਘ ਏਹ ਦੋਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਸ਼ਤ੍ਰ ਬਖਸ਼ੇ ਹੋਏ ਲੈਕੇ ਆਏ ਤੇ ਹੋਰ ਨਜ਼ਰ ਭੇਟਾ ਸਮੇਤ ਗੁਰੂ ਜੀ ਨੂੰ ਅਰਪਣ ਕਰ ਦਿਤੇ। ਜਿਨ੍ਹਾਂ ਨੂੰ ਦੇਖਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਜਦ ਮਾਲਵੇ ਦੇਸ ਵਿਚ ਖਬਰਾਂ ਹੋਈਆਂ ਤਾਂ ਬੈਰਾੜ ਤੇ ਫੂਲਕੇ, ਧਾਲੀਵਾਲ, ਗਿੱਲ, ਚਾਹਲ, ਰੰਧਾਵੇ, ਕਾਲੇ, ਮਾਨ, ਮਾਹਲ, ਢੁੱਲਟ ਆਦਿਕ ਦੇਸੀ ਜ਼ਿਮੀਦਾਰ ਤੇ ਭਾਈ ਬਹਿਲੋ, ਭਗਤੂ, ਭਾਈ ਮੂਲਚੰਦ, ਭੂੰਦੜ, ਸੇਤਾਂ, ਜਹਾਂਦਾ, ਰਤਨ ਆਦਿਕ ਮਸੰਦ ਸੰਗਤਾਂ ਨੂੰ ਨਾਲ ਲੈਕੇ ਗੁਰੂ ਸਾਹਿਬ ਪਾਸ ਆਉਂਦੇ ਭਏ ਸ਼ਸਤ੍ਰ ਬਸਤ੍ਰ ਘੋੜੇ ਪਦਾਰਥ ਬਹੁਤ ਚੜ੍ਹਾਏ। ਫੇਰ ਅਨੰਦਪੁਰ ਵਾਂਗੂੰ ਗੁਰੂ ਪਾਸ ਫੌਜ ਤੇ ਸੰਗਤ ਰਹਣ ਲੱਗੀ। — ਇਸੇ ਸਮੇ ਗੁਰੂ ਸਾਹਿਬ ਨੇ ਮੁਸਲਮਾਨਾਂ ਦੇ ਜ਼ੁਲਮ ਤੇ ਸ਼ਾਹੀ ਅਫਸਰਾਂ ਦੇ ਝੂਠੇ ਤਕਰਾਰ ਜੋ ਕਸਮ ਕਰਕੇ ਭੀ ਕਾਇਮ ਨਾ ਰਹੇ ਉਹ ਦੇਖ ਉਣਵਾਸਤੇ ਇਕ ਖਤ (ਜ਼ਫਰਨਾਮਾ) ਨਜ਼ਮ ਫਾਰਸੀ ਜ਼ੁਬਾਨ ਵਿਚ ਲਿਖਕੇ ਭਾਈ ਦਯਾ ਸਿੰਘ ਜੀ ਦੇ ਹੱਥ ਔਰੰਗਜ਼ੇਬ ਬਾਦਸ਼ਾਹ ਪਾਸ ਦੱਖਣ ਦੇਸ਼ ਔਰੰਗਾਬਾਦ ਸ਼ਹਿਰ ਵਿਚ ਜਿੱਥੇ ਉਹ ਮਰਹਟਿਆਂ ਨਾਲ ਲੜ ਰਿਹਾ ਸੀ ਭੇਜ ਦਿੱਤਾ। ਬਾਦਸ਼ਾਹ ਤਾਂ ਦਮੇ ਦੀ ਬੀਮਾਰੀ ਨਾਲ ਪਹਿਲੇ ਹੀ ਲਾਚਾਰ ਸੀ, ਗੁਰੂ ਸਾਹਿਬ ਦੇ ਖੱਤ ਨੇ ਤਾਂ ਠੀਕ ਮੌਤ ਨੂੰ ਅਲਾਇ ਦਿੱਤਾ। ਕਿਉਂਕੇ ਉਸ ਖਤ ਵਿਚ ਗੁਰੂ ਜੀ ਨੇ ਉਸ ਨੂੰ ਬਹੁਤ ਸੱਚੇ ੨ ਉਲਾਂਭੇ ਲਿਖੇ ਸੇ ਜੋ ਗੁਰੂ ਸਾਹਿਬ ਦੇ ਬਚਨਾਂ ਤੋਂ ਪ੍ਰਕਾਸ਼ ਹੋ ਰਹੇ ਹਨ। ਇਨ੍ਹਾਂ ਵਿਚ ਪਹਿਲੇ ਤਾਂ ਅਕਾਲਪੁਰਖ ਦੀ ਸੰਮ੍ਰਥਾ ਤੇ ਮਿਹਰਬਾਨੀ ਦਿਖਾਈ ਫੇਰ ਔਰੰਗਜ਼ੇਬ ਦੇ ਤੇ ਸ਼ਾਹੀ ਅਫਸਰਾਂ ਦੇ ਝੂਠੇ ਇਕਰਾਰ, ਜ਼ੁਲਮ, ਦਗੇ, ਫਰੇਬ ਦਿਖਾਏ। ਇਸੇ ਤਰਾਂ ਦਸ ਹਕਾਯਤਾਂ ਅਰਥਾਤ ਦਸ ਕਹਾਣੀਆਂ ਰਾਜਨੀਤੀ ਧਰਮ ਦੇ ਕਾਇਮ ਰਖਾਉਣ ਲਈ ਲਿਖੀਆਂ। ਜਬਾ

Digitized by Panjab Digital Library | www.panjabdigilib.org

(ਕਮਾਲੇ ਕਰਾਮਾਤ ਕਾਯਮ ਕਰੀਮਾ)[1] ਇਤਿਆਦਿਕ ਹਕਾਯਤਾਂ ਲਿਖੀਆਂ।
ਗੁਰੂ ਸਾਹਿਬ ਨੇ ਦੋ ਮਹੀਨੇ ਦੀਨੇ ਪਿੰਡ ਠਹਿਰ ਕਰ ਚੌਧਰੀ ਲਖਮੀਰ, ਸਮੀਰ ਆ
ਦਿਕ ਸਿੱਖਾਂ ਨੂੰ ਜੋ ਜੋ ਬਖ਼ਸ਼ੀਸ਼ਾਂ ਕੀਤੀਆਂ ਹਨ ਸੋ ਪੰਜਵੇਂ ਹਿੱਸੇ ਵਿਚ ਹਨ।
ਇਸ ਦੇਸ ਦੇ ਸਿੱਖਾਂ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਦੀਨੇ ਤੇ ਚਲ ਕੇ ਮਾਨਾ ਦੇ ਸੂਰਜ
ਭੁਦੌੜ, ਜਲਾਲ, ਦਯਾਲਪੁਰਾ, ਭਗਤਾ, ਬਾਂਦਰ, ਬਰਗਾੜੀ, ਬਹਿਬਲ, ਢੋਡ
ਆਦਿਕ ਪਿੰਡਾਂ ਵਿਚ ਫਿਰਦੇ ਹੋਏ ਜਦ ਪੱਤੋ ਪਿੰਡ ਪੌਂਚੇ ਤਾਂ ਖ਼ਬਰ ਆਈ ਕਿ ਸੂਬਾ
ਵਜੀਦ ਖ਼ਾਂ ਸਰਹੰਦ ਤੇ ਫੌਜ ਲੈ ਕੇ ਆਯਾ ਚਾਹੁੰਦਾ ਹੈ, ਏਹ ਬਾਤ ਸੁਣ ਕੇ ਗੁਰੂ ਸਾ
ਹਿਬ ਭੀ ਜੰਗ ਕਰਨ ਵਾਸਤੇ ਮਕਾਨ ਦੀ ਤਲਾਸ਼ ਕਰਦੇ ਹੋਏ ਜੈਤੋ, ਲੰਭਵਾਲੀ ਨੂੰ ਹੋ
ਕਰ ਕੋਟਕਪੂਰੇ ਜਾ ਉਤਰੇ। ਉਥੋਂ ਦਾ ਸਰਦਾਰ ਬੈਰਾੜ ਕਪੂਰਾ ਚੌਧਰੀ ਜੋ ੮੪ ਪਿੰਡਾਂ
ਦਾ ਮਾਲਕ ਸ਼ਾਹੀ ਬਾਜ ਗੁਜ਼ਾਰ ਮਸਹੂਰ ਸੀ ਉਹ ਗੁਰੂ ਸਾਹਿਬ ਪਾਸ ਆਯਾ ਤਾਂ ਗੁ
ਰੂ ਜੀ ਨੇ ਉਸ ਤੇ ਤੁਰਕਾਂ ਨਾਲ ਜੰਗ ਕਰਨ ਵਾਸਤੇ ਗੜ੍ਹੀ ਮੰਗੀ ਤਾਂ ਉਸ ਨੇ ਸਾਫ਼ ਇਨ
ਕਾਰ ਕੀਤਾ ਤੇ ਆਖਿਆ ਆਪਣਾ ਤਾਂ ਘਰ ਬਾਰ ਗਵਾ ਦਿੱਤਾ ਜੇ, ਹੁਣ ਮੈਨੂੰ ਭੀ ਫਾਂਸੀ
ਦਿਵਾਂਉਦੇ ਹੋ, ਤੇ ਘਰ ਬਾਰ ਲੁਟਵਾਂਉਦੇ ਹੋ। ਇਸ ਬਾਤ ਪਰ ਰੰਜ ਹੋਕੇ ਗੁਰੂ ਸਾਹਿਬ ਨੇ
ਫੁਰਮਾਯਾ ਕਿ ਤੈਨੂੰ ਤੇਰੀ ਇਸ ਭਾਵਨਾ ਦਾ ਫਲ ਮਿਲੇਗਾ। ਇਹ ਸਰਾਪ ਦੇ ਕੇ ਗੁਰੂ ਜੀ
ਢਿੱਲਵੀਂ ਜਾ ਉਤਰੇ। ਤੇ ਕਪੂਰੇ ਨੂੰ ਈਸੇ ਖ਼ਾਂ ਨੇ ਫਾਂਸੀ ਦੇ ਦਿੱਤਾ ਤੇ ਕਿਲੇ ਨੂੰ ਉਸਦੇ ਪੋਤ੍ਰੇ
ਟੇਕਾ ਸਿੰਘ ਨੇ ਆਪਣੇ ਬਾਪ ਨਾਲ ਲੜ ਕੇ ਕੁੱਪੇ ਬਾਰੂਦ ਦੇ ਧਰ ਕਰ ਸਬੰਧੀਆਂ ਸਮੇਤ
ਉਡਾ ਛੱਡਿਆ। ਇਹ ਕਥਾ ਸਾਰੀ ਰਾਜਾ ਫਰੀਦਕੋਟ ਦੀ ਤਵਾਰੀਖ਼ ਵਿਚ ਆਵੇਗੀ।

---

੧ ਕਮਾਲੇ ਕਰਾਮਾਤ ਕਾਯਮ ਕਰੀਮਾ। ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮਾ। ਅਮਾ ਬਖ਼ਸ਼ ਬ
ਖ਼ਸ਼ਿੰਦ ਓ ਦਸਤਗੀਰਾ। ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲਪਜ਼ੀਰਾ। ਸ਼ਹਨਸ਼ਾਹ ਖ਼ੂਬੀ ਦਿਹੋ ਰਹਨਮੂੰ
ਨਿ ਬੇਗੂਨ ਬੇਚੂਨ ਚੂੰ ਬੇ ਨਮੂੰਨ। ਨ ਸਾਜ਼ੋ ਨ ਬਾਜ਼ੋ ਨ ਫੌਜੋ ਨ ਫ਼ਰਸ਼। ਖ਼ੁਦਾਵੰਦ ਬਖ਼ਸ਼ਿੰਦ ਓ ਐਸ਼
ਅਰਸ਼। ਜ਼ਿਹਤ ਪਾਕ ਜ਼ਬਰਦਸਤ ਜ਼ਾਹਰ ਜ਼ਹੂਰ। ਅਤਾ ਮੇ ਦਿਹੋ ਹਮਚੂ ਹਾਜ਼ਰ ਹਜ਼ੂਰ। ਅਤਾ
ਬਖ਼ਸ਼ ਓ ਪਾਕ ਪਰਵਰਦਗਾਰ। ਖ਼ੁਦਾਵੰਦ ਰੋਜ਼ੀ ਦਿਹੋ ਮਰਦਯਾਰ। ਕਿ ਸਾਹਿਬ ਦਯਾਰ ਅਸਤ ਆ
ਜ਼ਮ ਅਜ਼ੀਮ। ਕਿ ਹੁਸਨਲ ਜਮਾਲ ਅਸਤ ਰਾਜ਼ਿਕ ਰਹੀਮ। ਕਿ ਸਾਹਿਬ ਸ਼ਊਰ ਅਸਤ ਆਜਜ਼ ਨਿ
ਵਾਜ਼। ਗ਼ਰੀਬੁਲ ਪਰਸਤੋ ਗ਼ਨੀਮੁਲ ਖ਼ਿਰਾਜ਼। ਸ਼ਰੀਯਤ ਪਰਸਤੋ ਫ਼ਜ਼ੀਲਤ ਮਆਬ। ਹਕੀਕ
ਤ ਸ਼ਨਾਸੇ ਨਬੀਉਲ ਕਿਤਾਬ। ਕਿ ਦਾਨਸ਼ ਪਯੋਹ ਅਸਤ ਸਾਹਿਬ ਸ਼ਊਰ। ਹਕੀਕਤ ਸ਼ਨਾਸ ਅਸਤ ਜ਼ਾ
ਹਰ ਜ਼ਹੂਰ। ਸ਼ਨਾਸਿੰਦਏ ਇਲਮ ਆਲਮ ਖ਼ੁਦਾਇ। ਕੁਸ਼ਾਇੰਦਏ ਕਾਰ ਆਲਮ ਕੁਸ਼ਾਇ।
ਇਤਿਆਦਿਕ ਸਭ ਹਿਕਾਯਤਾਂ ਦਸਮ ਪਾਤਸ਼ਾਹੀ ਕੇ ਗੁਰੂ ਗ੍ਰੰਥ ਸਾਹਿਬ ਮੇਂ ਲਿਖੀ ਹੈਂ।

Digitized by Panjab Digital Library | www.panjabdigilib.org

ਢਿੱਲੋਂ ਪਿੰਡ ਵਿਚ ਸੋਢੀ ਪ੍ਰਿਥੀਚੰਦ ਦਾ ਪੋਤ੍ਰੇਤਾ ਬਾਬਾ ਕੌਲ ਬਸਦਾ ਸੀ, ਉਸ ਨੇ ਗੁਰੂ ਸਾਹਿਬ ਪਰ ਨੀਲੀ ਚਾਦਰ ਦੇਖ ਕੇ ਆਖਿਆ ਆਪ ਨੇ ਏਹ ਤੁਰਕਾਨੀ ਬਸਤ੍ਰ ਕਿਓਂ ਪਹਿਨੇ ਹੋਏ ਤਦ ਗੁਰੂ ਸਾਹਿਬ ਨੇ ਉਸ ਵਕਤ ਨੀਲੇ ਬਸਤ੍ਰ ਪਾੜ ਪਾੜ ਕੇ ਸਾੜ ਦਿੱਤੇ ਤੇ ਸੁਫੇਦ ਪੋਸ਼ਾਕ ਪਹਿਰ ਲਈ। ਨੀਲੇ ਬਸਤ੍ਰ ਫੂਕਣੇ ਦੇ ਸਮੇ ਏਹ ਬਚਨ ਉਚਾਰਦੇ ਰਹੇ ਯਥਾ (ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਯਾ।

ਸੋਢੀ ਕੌਲ ਜੀ ਨੇ ਬਹੁਤ ਸੇਵਾ ਕੀਤੀ। ਦੂਸਰੇ ਦਿਨ ਆਪਣੇ ਪੋਤ੍ਰੇ ਅਭੈ ਸਿੰਘ ਆਦਿਕ ਸਾਹਿਬਜ਼ਾਦਿਆਂ ਨੂੰ ਖੰਡੇ ਦਾ ਅੰਮ੍ਰਿਤ ਛਕਵਾਉਣਾ ਚਾਹਿਆ। ਗੁਰੂ ਸਾਹਿਬ ਨੇ ਫੁਰਮਾਯਾ ਕਿ ਗੁਰੂ ਗ੍ਰੰਥ ਸਾਹਿਬ ਦਾ ਬਚਨ ਹੈ (ਸਿੱਖਾਂ ਪੁੱਤ੍ਰਾਂ ਭਾਈਆਂ ਭਾਉ ਇੱਕੋ ਜੇਹਾ) ਹੋਰ ਭੀ ਸਿੱਖ ਅੰਮ੍ਰਿਤ ਛਕਣਗੇ ਤਦ ਸਭਨਾ ਦੇ ਨਾਲ ਇਕੱਠਾ ਕਰ ਏਨ੍ਹਾਂ ਨੂੰ ਭੀ ਛਕਾਯਾ ਜਾਵੇਗਾ। ਬਾਬੇ ਕੌਲ ਜੀ ਨੇ ਮਨਜ਼ੂਰ ਕਰ ਲੀਤਾ, ਕੜਾਹ ਪ੍ਰਸਾਦ ਅੰਮ੍ਰਿਤ ਤੱਯਾਰ ਕਰਾ ਕੇ ਸੋਢੀ ਸਾਹਿਬਾਂ ਸਮੇਤ ਸਵਾ ਸੌ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਭ ਨੂੰ ਇਕ ਰੂਪ ਕਰ ਦਿੱਤਾ। ਜੇਹੜਾ ਬਚਨ ਗੁਰੂ ਰਾਮਦਾਸ ਜੀ ਨੇ ਸੰ: ੧੬੩੭ ਬਿ: ਵਿਚ ਸੋਢੀ ਪ੍ਰਿਥੀਚੰਦ ਦੇ ਪਰ ਬਾਬਤ ਕੀਤਾ ਸੀ ਕੇ ਮੀਣੇ ਨਾਲ ਗੁਰੂ ਕਾ ਸਿੱਖ ਕੋਈ ਨਾ ਵਰਤੇ। ਏਹ ਬਚਨ ਭੀ ਨਾ ਉਲੰਘਿਆ, ਕਿਓਂਕੇ ਜਿਨ੍ਹਾਂ ਸੋਢੀ ਸਾਹਿਬਾਂ ਨੇ ਅੰਮ੍ਰਿਤ ਛਕ ਲੀਤਾ ਓਹ ਮੀਣੇ ਸੋਢੀ ਨਾ ਰਹੇ, ਜੋ ਹੁਣ ਨੇ ਚਰਨਪਾਹੁਲ ਲੈਂਦੇ ਹਨ ਓਹ ਮੀਣੇ ਸੋਢੀ ਹਨ। — ਇਸੇ ਦਿਨ ਚੌਧਰੀ ਕਪੂਰੇ ਨੇ ਭੀ ਢਿੱਲਵਾਂ ਪਹੁੰਚ ਕੇ ਆਪਣੀ ਭੁੱਲ ਮਾਫ ਕਰਾ ਕੇ ਆਪਣੇ ਪੁੱਤ੍ਰਾਂ ਭਤੀਜਿਆਂ ਨੂੰ ਅੰਮ੍ਰਿਤ ਛਕਾਯਾ। ਉਸੇ ਸਮੇ ਭਰੋਵਾਲੇ ਬਖਸ਼ਾ ਸਿੰਘ ਆਦਿਕ ਕਲਾਲ ਸਿੱਖਾਂ ਨੇ ਰਾਤ ੨ ਆ ਕਰ ਗੁਰੂ ਸਾਹਿਬ ਨੂੰ ਖਬਰ ਦਿੱਤੀ ਕਿ ਸੂਬਾ ਸਰਹਿੰਦ ਵਾਲਾ ਆਪ ਦੇ ਫੜਨ ਵਾਸਤੇ ਫੌਜ ਲਈ ਆਉਂਦਾ ਹੈ। ਗੁਰੂ ਸਾਹਿਬ ਦੇ ਪੁੱਛਣੇ ਪਰ ਸਰਦਾਰ ਕਪੂਰੇ ਨੇ ਆਖਿਆ ਏਥੋਂ ਪੰਦ੍ਰਾਂ ਬੀਸ ਕੋਸ ਖਿਦਰਾਣੇ ਦਾ ਜੰਗਲ ਜੰਗ ਵਾਸਤੇ ਬਹੁਤ ਚੰਗਾ ਠਿਕਾਣਾ ਹੈ। ਕਿਓਂਕੇ ਸਿਵਾਇ ਖਿਦਰਾਣੇ ਦੀ ਢਾਬ ਦੇ ਹੋਰ ਕਿਤੇ ਦਸ ੨ ਕੋਸ ਚੁਫੇਰੇ ਪਾਣੀ ਨਹੀਂ ਹੈ। ਸੋ ਢਾਬ ਤੁਸੀ ਰੋਕ ਲਓਗੇ ਤਾਂ ਤੁਰਕ ਤਿਹਾਏ ਮਰਦੇ ਆਪੇ ਮੁੜ ਜਾਣਗੇ। ਏਹ ਸਲਾਹ ਸਭ ਦੇ ਪਸੰਦ ਆਈ ਕਪੂਰੇ ਨੇ ਆਪਣੇ ਮਾਤਬਰ ਖਾਨਬੇਗ ਨੂੰ ਨਾਲ ਦਿੱਤਾ। ਗੁਰੂ ਜੀ ਉਸ ਨੂੰ ਅੱਗੇ ਲਾ ਕੇ ਦਸ ਕੋਸ ਪਰ ਰਾਮੇਆਣੇ ਪਿੰਡ ਜਾ ਉਤਰੇ।

Digitized by Panjab Digital Library | www.panjabdigilib.org

ਫੇਰ ਲੌਰਾਂਤ ਧਾਲੀਵਾਲ ਫੂਲਕੇ ਆਦਿਕ ਨਾਮੀ ਨਾਮੀ ਸਿੱਖਾਂ ਸਰਦਾਰਾਂ ਨੇ ਬਹੁਤ ਅਸਵਾਰ ਮਾਰੇ ਭੇਜ ਦਿੱਤੇ, ਮਾਲਵੇ ਦੇਸ ਦੇ ਧਾੜਵੀ ਬਹਾਦਰ ਲੋਗ ਸਬ ਗੁਰੂ ਸਾਹਿਬ ਦੀ ਟਹਿਲ ਵਾਸਤੇ ਆ ਕੱਠੇ ਹੋਏ। ਮਾਝੇ ਦੇਸ ਦੇ ਸਿੱਖ ਜੇਹੜੇ ਅਨੰਦਪੁਰੋ ਸਿੱਖੀ ਲੇਖ ਦੇ ਕੇ ਚਲੇ ਗਏ ਸੇ ਓਹ ਸਬ ਫੇਰ ਕਰੀਬ ਅੱਠ ਸੌ ਸਿੰਘ ਦੇ ਰਾਮੇਆਣੇ ਗੁਰੂ ਪਾਸ ਆਏ ਪਰ ਓਨਾਂ ਨੇ ਅਰਜ਼ ਕੀਤੀ ਕਿ ਹੇ ਗੁਰੂ ਮਹਾਰਾਜ ਆਪ ਦੰਗਾ ਕਰਨਾ ਛੱਡ ਦਿਓ ਤਾਂ ਅਸੀ ਬਾਦਸਾਹ ਨਾਲ ਸੁਲਾ ਸਫਾਈ ਕਰਾ ਦੇਵਾਂਗੇ ਤੇ ਸਾਡਾ ਸਾਰਾ ਦੇਸ ਤੁਹਾਡਾ ਸੇਵਕ ਬਣਿਆ ਰਹੇਗਾ। ਏਹੋ ਜੇਹੇ ਬਚਨ ਸੁਣਕੇ ਗੁਰੂ ਸਾਹਿਬ ਨੇ ਫੁਰਮਾਯਾ ਕਿ ਮੈਨੂੰ ਤੁਸੀਂ ਆਪਣਾ ਗੁਰੂ ਸਮਝਦੇ ਹੋ ਕਿ ਤੁਸੀਂ ਮੇਰੇ ਗੁਰੂ ਹੋ ਜੋ ਸਿੱਖਿਆ ਦੇਣ ਆਏ ਹੋ, ਜੰਗ ਕਰਨਾ ਹੈ ਤਾਂ ਕਰੋ ਨਹੀਂ ਤਾਂ ਚਲੇ ਜਾਓ। ਮੈਂ ਕਿਸੇ ਦੀ ਮਦਦ ਨਹੀਂ ਚਾਹੁੰਦਾ, ਮੈਨੂੰ ਇੱਕ ਅਕਾਲ ਪੁਰਖ ਦਾ ਭਰੋਸਾ ਹੈ, ਬੰਦਿਆਂ ਦਾ ਭਰੋਸਾ ਮੈਂ ਨਹੀਂ ਰੱਖਦਾ। ਏਹ ਬਚਨ ਕਰ ਹੀ ਰਹੇ ਸੇ ਜੋ ਏਤਨੇ ਨੂੰ ਬਾਦਸਾਹੀ ਫੌਜ ਨਜ਼ਦੀਕ ਆ ਪਹੁੰਚੀ। ਜਦ ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਭਰੋਸੇ ਪਰ ਜੰਗ ਕਰਣ ਦਾ ਸੰਕਲਪ ਨਾ ਛੱਡਿਆ ਤਾਂ ਮਝੈਲ ਸਿੱਖਾਂ ਵਿਚੋਂ ਅਨੇਕ ਸੂਰਬੀਰਾਂ ਨੇ ਆਖਿਆ ਕਿ ਹੁਣ ਗੁਰੂ ਦੇ ਬਦਲੇ ਤੁਰਕਾਂ ਨਾਲ ਲੜਕੇ ਮਰ ਜਾਣਾ ਹੀ ਅੱਛਾ ਹੈ, ਘਰ ਜਾਣਾ ਚੰਗਾ ਨਹੀਂ, ਆਖਰ ਤਾਂ ਮਰਣਾ ਹੀ ਹੈ, ਗੁਰੂ ਤੋਂ ਬੇਮੁਖ ਹੋਕੇ ਮਰਣਾ ਨਰਕ ਵਿਚ ਪੈਣਾ ਹੈ, ਧਰਮ ਦੇ ਵਾਸਤੇ ਮਰਾਂਗੇ ਤਾਂ ਬੈਕੁੰਠ ਨੂੰ ਜਾਵਾਂਗੇ, ਜਿੱਤਾਂ ਹੋਤਾਂ ਲੋਕ ਪ੍ਰਲੋਕ ਵਿਚ ਜਸ ਪਾਵਾਂਗੇ ਏਹ ਸੋਚਕੇ ਓਨ੍ਹਾਂ ਵਿਚੋਂ ਚਾਲੀ ੪੦ ਸਿੰਘ ਤਾਂ ਤਲੀ ਪਰ ਜਾਨ ਧਰਕੇ ਗੁਰੂ ਸਾਹਿਬ ਦੇ ਪਿੱਛੇ ਲਗ ਪਏ। ਬਾਕੀ ਦੇਸ ਨੂੰ ਚਲੇ ਗਏ।

ਗੁਰੂ ਸਾਹਿਬ ਤਾਂ ਰਾਮੇਆਣੇ ਤੋਂ ਚਲਕੇ ੧੦ ਕੋਸ ਖਿਦਰਾਣੇ ਦੀ ਢਾਬ ਦੇ ਕਿਨਾਰੇ ਇਕ ਉੱਚੀ ਜਗਾ ਜੋ ਹੁਣ ਟਿੱਬੀ ਸਾਹਿਬ ਮਸ਼ਹੂਰ ਹੈ ਜਾ ਖੜੇ ਹੋਏ ਤੇ ਮਲਵਈ ਸਿੱਖਾਂ ਨੇ ਢਾਬ ਦੇ ਇਕ ਪਾਸੇ ਹੋਕੇ ਪਾਣੀ ਨੂੰ ਰੋਕ ਲ੍ਯਾ ਤੇ ਲੜਨੇ ਨੂੰ ਤਯਾਰ ਹੋ ਗਏ।

ਜੇਹੜੇ ਮਝੈਲ ਸਿੱਖ ਗੁਰੂ ਦੇ ਪਿੱਛੇ ਆ ਰਹੇ ਸੇ ਜਦ ਓਨ੍ਹਾਂ ਦੇ ਨਜ਼ਦੀਕ ਬਾਦਸਾਹੀ ਫੌਜ ਆ ਢੁੱਕੀ ਤਾਂ ਓਨ੍ਹਾਂ ਨੇ ਇਸ ਹਿਕਮਤ ਨਾਲ ਮੁਕਾਬਲਾ ਕੀਤਾ ਕਿ ਆਪਣੇ ਕਪੜੇ ਝਾੜੀਆਂ ਉਪਰ ਟੰਗ ਦਿੱਤੇ ਜੋ ਤੰਬੂਆਂ ਵਾਂਗੂ ਮਾਲੂਮ ਹੁੰਦੇ ਸੇ। ਬਾਦਸਾਹੀ ਫੌਜ ਨੇ ਸਮਝਿਆ ਕਿ ਏਹੋ ਗੁਰੂ ਜੀ ਦਾ ਲਸ਼ਕਰ ਹੈ, ਏਸੇ ਵਾਸਤੇ ਲੜਾਈ ਕਰਨ ਲਗ ਪਏ

Digitized by Panjab Digital Library | www.panjabdigilib.org

ਏਤਨੇ ਨੂੰ ਸਿੱਖਾਂ ਨੇ ਮੋਰਚਾਬੰਦੀ ਕਰ ਲਈ ਤੇ ਝਾੜੀਆਂ ਵਿਚ ਛੁਪਕੇ ਬੰਦੂਕਾਂ ਭਰ
ਕਰ ਬੈਠ ਗਏ। ੨੧ ਬੈਸਾਖ ਸੰ: ੧੭੬੨ ਬਿ: ਨੂੰ ਜਦ ਸ਼ਾਹੀ ਫੌਜ ਨੇੜੇ ਆਈ ਤਾਂ
ਸਿੱਖਾਂ ਨੇ ਬਾੜ ਝਾੜੀ, ਮੁਸਲਮਾਨ ਤੋਬਾ ਤੋਬਾ ਕਰਕੇ ਪਿੱਛੇ ਹਟ ਗਏ, ਸਿੱਖਾਂ ਨੇ
ਗੋਲੀਆਂ ਚਲਾਵਣੀਆਂ ਜਾਰੀ ਰੱਖੀਆਂ। ਸ਼ਾਹੀ ਫੌਜ ਨੂੰ ਝਾੜਾਂ ਵਿਚ ਛੁਪੇ ਹੋਏ
ਏ ਸਿੱਖ ਨਜ਼ਰ ਨਾਂ ਆਵਣਾ ਓੜਕ ਸ਼ਾਹੀ ਫੌਜ ਨੂੰ ਜਦ ਏਹ ਮਾਲੂਮ ਹੋ ਗਿਆ ਜੇ
ਏਹ ਗੁਰੂ ਸਾਹਿਬ ਨਹੀਂ ਹੈਂ ਇਹ ਥੋੜੇ ਜੇਹੇ ਸਿੱਖ ਹਨ ਤਾਂ ਹੱਲਾ ਕਰਕੇ ਆ ਪਈ।
ਤਦ ਓਹ ਚਾਲੀ ਸਿੰਘ ਅਨੇਕਾਂ ਨੂੰ ਮਾਰਕੇ ਸ਼ਹੀਦ ਹੋ ਗਏ। ਏਤਨੇ ਚਿਰ ਨੂੰ ਗੁਰੂ ਸਾ
ਹਿਬ ਦੀ ਫੌਜ ਨੇ ਆਕੇ ਐਸਾ ਜੰਗ ਕੀਤਾ ਜੋ ਤੁਰਕਾਂ ਦੇ ਮੂੰਹ ਮੋੜ ਦਿੱਤੇ ਅਤੇ ਪਾਣੀ
ਦਾ ਕਿਨਾਰਾ ਨਾ ਛੱਡਿਆ, ਤੁਰਕਾਂ ਦੀ ਫੌਜ ਪਿਆਸ ਤੋਂ ਲਾਚਾਰ ਹੋਕੇ ਪਿੱਛੇ ਨੂੰ ਮੁੜ ਗ
ਈ। ਤਦ ਗੁਰੂ ਸਾਹਿਬ ਤਾਲਾਉ ਦੇ ਕਿਨਾਰੇ ਆਏ ਤੇ ਬਹੁਤ ਜੁਆਨ, ਘੋੜੇ ਮਰੇ ਦੇਖੇ
ਤਾਂ ਗੁਰੂ ਸਾਹਿਬ ਆਪਣੇ ਰੁਮਾਲ ਨਾਲ ਹਰ ਇਕ ਸਿੱਖ ਦਾ ਮੂੰਹ ਪੂੰਝਦੇ ਕਰ ਕਿਸੇ
ਨੂੰ ਪੰਜ ਹਜ਼ਾਰੀ, ਕਿਸੇ ਨੂੰ ਸੱਤ ਹਜ਼ਾਰੀ ਦਾ ਬਰ ਦਿੰਦੇ ਹੋਏ ਇਕੋ ਚਿਖਾ ਉਪਰ ਰਖਾਉਂ
ਦੇ ਗਏ। ਇਕ ਮਹਾਂ ਸਿੰਘ ਉਨ੍ਹਾਂ ਚਾਲੀਆਂ ਸਿੰਘਾਂ ਵਿਚੋਂ ਜੀਉਂਦਾ ਸੀ ਉਸਨੂੰ ਪਾਣੀ
ਪਿਲਾਇਕਰ ਸਾਵਧਾਨ ਕੀਤਾ ਤੇ ਫੁਰਮਾਇਆ ਕਿ ਮੈਂ ਤੇਰੇ ਪਰ ਖੁਸ਼ ਹੋਯਾ ਹਾਂ ਕੁਛ ਮੰ
ਗ ਲੈ। ਮਹਾਂ ਸਿੰਘ ਨੇ ਅਰਜ਼ ਕੀਤੀ ਮਹਾਰਾਜ ਜੇਹੜੀ ਚਿੱਠੀ ਬੇਦਾਵੇ ਦੀ ਮਝੈਲ
ਸਿੱਖ ਲਿਖ ਗਏ ਹਨ ਓਹ ਪਾੜਕੇ ਟੁੱਟੀ ਮੇਲੋ। ਗੁਰੂ ਸਾਹਿਬ ਨੇ ਫੁਰਮਾਇਆ ਤੂੰ ਆ
ਪਣੇ ਵਾਸਤੇ ਕੁਛ ਮੰਗ, ਏਸ ਗੱਲ ਨੂੰ ਜਾਣ ਦੇਹ, ਤੈਨੂੰ ਏਸ ਲੋਕ ਦਾ ਯਾ ਪ੍ਰਲੋਕ ਦਾ ਰਾ
ਜ ਯਾ ਬੈਕੁੰਠ ਦਾ ਸੁਖ, ਮੁਕਤੀ ਅਸੀਂ ਦੇ ਸਕਦੇ ਹਾਂ, ਤਿੰਨ ਵਾਰੀ ਏਸੇ ਤਰਾਂ ਫੁਰਮਾਯਾ।
ਪਰ ਉਸ ਸਿਦਕੀ ਸੱਚੇ ਸਿੰਘ ਨੇ ਪਰੋਪਕਾਰ ਦੇ ਵਾਸਤੇ ਆਪਣੇ ਲਈ ਕੁਛ ਨਾ ਚਾਹਿਆ
ਤੇ ਏਹੋ ਆਖਿਆ ਕਿ ਜੇਕਰ ਦਿੰਦੇ ਹੋ ਤਾਂ ਏਹੋ ਦੇਉ ਕਿ ਓਹ ਕਾਗਜ਼ ਪਾੜਕੇ ਟੁੱਟੀ ਮੇਲੋ
। ਅੰਤ ਨੂੰ ਗੁਰੂ ਸਾਹਿਬ ਨੇ ਉਸਦੀ ਬੇਨਤੀ ਮੰਨਕੇ ਜੇਬ ਵਿਚੋਂ ਓਹ ਕਾਗਜ਼ ਕੱਢਕੇ
ਉਸਦੇ ਸਾਹਮਣੇ ਪਾੜ ਦਿੱਤਾ ਤੇ ਖਾਲਸੇ ਨੂੰ ਹੁਕਮ ਸੁਣਾਇ ਦਿੱਤਾ ਕਿ ਹੁਣ ਟੁੱਟੀ ਮਿ
ਲ ਗਈ। ਸਭ ਸਿੱਖ ਇਕੋ ਜੇਹੇ ਹੋ ਗਏ।

ਇਤਨੇ ਨੂੰ ਮਹਾਂ ਸਿੰਘ ਨੇ ਭੀ ਪ੍ਰਾਣ ਤਿਆਗ ਦਿੱਤੇ। ਗੁਰੂ ਸਾਹਿਬ ਨੇ ਸਭਨਾਂ ਸ਼ਹੀ
ਦਾਂ ਸਿੰਘਾਂ ਨੂੰ ਇਕੱਠੇ ਕਰਕੇ ਆਪਣੇ ਹੱਥੀਂ ਦਾਹ ਕਰਕੇ ਮੁਕਤਿਆਂ ਦਾ ਖਿਤਾਬ ਦਿੱਤਾ

Digitized by Panjab Digital Library | www.panjabdigilib.org

ਤੇ ਉਸ ਤਲਾਬ ਦਾ ਨਾਮ ਭੀ ਮੁਕਤਸਰ ਰੱਖਿਆ ਤੇ ਜਿਥੇ ਉਹ ਸਿੰਘ ਦਾਹ ਕੀਤੇ ਸੇ ਉ
ਹ ਹੁਣ ਸ਼ਹੀਦਗੰਜ ਨਾਮ ਕਰਕੇ ਮਸ਼ਹੂਰ ਹੈ। ਜਿੱਥੇ ਗੁਰੂ ਸਾਹਿਬ ਬੈਠੇ ਸੇ ਉਥੇ ਮੰਜੀ
ਸਾਹਿਬ ਮਸ਼ਹੂਰ ਹੈ ਤੇ ਜਿਥੇ ਗੁਰੂ ਦੇ ਸਿਆਣੇ ਬ੍ਰਿਛਾਂ ਉਪਰ ਕਪੜੇ ਪਾਏ ਸੇ ਸੋ ਤੰਬੂ
ਸਾਹਿਬ ਨਾਮ ਕਰਕੇ ਮਸ਼ਹੂਰ ਹਨ। ਸਾਰੀ ਕਥਾ ਪੰਜਵੇਂ ਹਿੱਸੇ ਵਿਚ ਹੈ। ਹੁਣ ਏਥੇ
ਹਰ ਸਾਲ ੧ ਮਾਘ ਨੂੰ ਮੇਲਾ ਲੱਗਦਾ ਹੈ।

ਏਥੋਂ ਚੱਲਕੇ ਗੁਰੂ ਸਾਹਿਬ ਸਰਾਏ ਪਿੰਡ ਜਾ ਠਹਿਰੇ। ਏਥੇ ਇਕ ਜੋਗੀ ਰਾਜ ਚੋਣੀ
ਫੀਰ ਹਿੰਦਾਸੀ ਗੁਰੂ ਜੀ ਨੇ ਬਹੁਤ ਬਾਤਾਂ ਚੀਤਾਂ ਉਸ ਨਾਲ ਕਰਕੇ ਉਸ ਨੂੰ ਬ੍ਰਹਮਗਿਆ
ਨ ਉਪਦੇਸ਼ ਦ੍ਰਿੜ੍ਹ ਕਰ ਕੇ ਫੱਲਿਅ ਮੁਕਤਿ ਦਾ ਅਧਿਕਾਰੀ ਕੀਤਾ। ਏਥੋਂ ਅੱਗੇ ਸਤ
ਲੁਜ ਦੀ ਤਰਫ ਸੱਮੂ ਫੱਤੂ ਦੀਆਂ ਟਾਲੀਆਂ ਪਿੰਡ ਜਾ ਠਹਿਰੇ। ਏਥੋਂ ਦੇ ਲੋਗਾਂ
ਨੇ ਬਹੁਤ ਸੇਵਾ ਕੀਤੀ, ਡੱਬੇ, ਖੇਸ, ਲੁੰਗੀਆਂ ਨਜ਼ਰ ਕੀਤੇ। ਗੁਰੂ ਜੀ ਨੇ ਉਹ ਲਿਬਾ
ਸ ਪਹਿਨਕੇ ਫੁਰਮਾਇਆ, ਜੈਸਾ ਦੇਸ ਤੈਸਾ ਭੇਸ। ਸਿੱਖਾਂ ਨੇ ਏਸ ਭੇਸ ਕਰਣ ਬਦ
ਲੇ ਸਵਾ ਸੌ ਰੁਪਯਾ[੧੨੫] ਤਨਖਾਹ ਲਾ ਕੇ ਕੜਾਹ ਪ੍ਰਸ਼ਾਦ ਵਰਤਾਯਾ। ਏਥੋਂ ਚਲਕੇ ਵ
ਜੀਦਪੁਰ, ਰੁਪਾਣੇ, ਗੁਰੂਸਰ, ਆਦਿਕ ਪਿੰਡਾਂ ਵਿਚ ਹੁੰਦੇ ਹੋਏ ਬੇਹੜ੍ਹੀ ਪਿੰਡ ਆ
ਉਤਰੇ ਤੇ ਏਥੋਂ ਦੇ ਨਾਥ ਨੂੰ ਜੋ ਬੜਾ ਹੰਕਾਰੀ ਸੀ ਗਿਆਨ ਚਰਚਾ ਨਾਲ ਜਿੱਤਕਰ
ਪਰਮੇਸ਼੍ਵਰ ਦੇ ਰਾਹ ਪਾਯਾ। ਤੇ ਏਥੇ ਹੀ ਇਕ ਪੀਰ ਦੀ ਕਬਰ ਦੀ ਵਡਿਆਈ ਕਰ ਕੇ
ਕਮਾਨ ਦੇ ਕੋਣੇ ਨਾਲ (ਤਾਜ਼ੀਮ) ਅਦਬ ਕੀਤਾ। ਏਸ ਗੱਲੋਂ ਉਥੇ ਭੀ ਸਿੰਘਾਂ ਨੇ ਢਾਈ[੨੫੦]
ਸੌ ਰੁਪਯਾ ਗੁਰੂ ਜੀ ਨੂੰ ਤਨਖਾਹ ਲਾਈ ਜਿਸ ਦਾ ਕੜਾਹ ਪ੍ਰਸ਼ਾਦ ਵੰਡਿਆ ਗਇਆ।
ਏਸੇ ਤਰਾਂ ਲੀਲਾ ਕਰਦੇ ਹੋਏ ਬੇਹੜੀ ਤੇ ੧੪ ਕੋਸ ਪਸ਼੍ਚਮ ਹਰੀ[੧] ਪਿੰਡ ਜਾ ਠਹਿਰੇ
ਤੇ ਉਥੇ ਦੇ ਲੋਗਾਂ ਨੂੰ ਉਪਦੇਸ਼ ਦੇ ਕਰ, ਕਾਲਝਰਾਣੀ, ਬੰਬੀਹਾ, ਰੋਹਲਾ, ਜੰਗੀਰਾ
ਣਾ, ਭਾਈ ਦਾ ਕੋਟ, ਸਾਹਿਬ ਚੰਦ ਆਦਿਕ ਪਿੰਡਾਂ ਦਾ ਸੈਲ ਕਰਕੇ ਛੱਤੇਆਣੇ ਆ
ਪਹੁੰਚੇ ਤੇ ਉਨ੍ਹਾਂ ਬੈਰਾੜਾਂ ਨੂੰ ਜੋ ਹੜੇ ਮੁਕਤਸਰ ਦੇ ਜੰਗ ਵਾਸਤੇ ਨੌਕਰ ਰੱਖੇ ਸੇ ਤਨਖ੍ਵਾ
ਹ ਵੰਡੀ। ਗੁਰੂ ਜੀ ਦੇ ਪਾਸ ਕੁਦਰਤ ਨਾਲ ਹੀ ਬਹੁਤ ਰੁਪਯਾ ਜਮਾ ਹੋ ਗਯਾ ਸੀ।

੧ ਏਸੇ ਹਰੀ ਪਿੰਡ ਪ੍ਰਹਲਾਦ ਭਗਤ ਦੀ ਜਗਾ ਬੜਾ ਤੀਰਥ ਹੈ ਸੰ: ੧੯੨੦ ਬਿ: ਵਿਚ ਭਾਈ ਰਾਮਸਿੰ
ਘ ਕੂਕੇ ਨੇ ਏਥੇ ਮੇਲਾ ਕਾਯਮ ਕੀਤਾ ਜੋ ਹੁਣ ਤਕ ਲੱਗਦਾ ਹੈ ਸੰ: ੧੯੩੩ ਬਿ: ਵਿਚ ਬੜਾ ਤੀਰਥ ਪੁਟਾ
ਉਣ ਲੱਗਿਆਂ ਲੋਹੇ ਦੇ ਸੰਦੂਕ ਵਿਚੋਂ ੧ ਚਰਨ ਪਾਦੁਕਾ ਪੋਥੀ ਦੀ ਗੁਰੂ ਨਾਨਕ ਸਾਹਿਬ ਦੀ ਤੇ ਦੋ ਹੁਕਮਨਾਮੇ ਲਿਖਤ ਪੰਜਾਂ ਗੁਰੂ ਜੀ ਦੀ ਨਿਕਲੀ।

Digitized by Panjab Digital Library | www.panjabdigilib.org

ਏਸ ਬ੍ਰਿਤਾਂਤ ਨੂੰ ਸੁਣਕੇ ਫਹੀਮੀ ਨਾਮ ਮੁਸਲਮਾਨ ਫਕੀਰ ਜੋ ਬੜਾ ਕਰਾਮਾਤੀ ਮਸ਼
ਹੂਰ ਸੀ ਸੋ ਗੁਰੂ ਜੀ ਦੇ ਪਾਸ ਆਯਾ ਤੇ ਬਹੁਤ ਕੁਛ ਪੀਰੀ ਫਕੀਰੀ ਦੇ ਉੱਚੇ ਲੰਬੇ ਬਚ
ਨ ਕਰਨ ਲੱਗਿਆ ਤਦ ਗੁਰੂ ਜੀ ਨੇ ਉਸਦੀ ਧਰਨ ਠਿਕਾਣੇ ਕੀਤੀ ਤੇ ਸੇਵਕ ਬਣਾਯਾ
। ਏਥੋਂ ਅੱਗੇ ਬਾਜਕ ਪਿੰਡ ਤਿੰਨ ਦਿਨ ਠਹਿਰਕੇ ਸੱਖੂ ਤੇ ਬੁੱਧੂ ਦੀਵਾਨੇ ਸਾਧਾਂ ਤੋਂ ਢੱਡ
ਸਾਰੰਗੀ ਬਜਵਾ ਕੇ ਮਾਲਵੇ ਦੇਸ ਦੇ ਗੀਤ ਸੁਣੇ। ਏਥੋਂ ਅੰਜੀ ਪਰ ਸਵਾਰ ਹੋਕੇ ਜੱ
ਸੀ ਪਿੰਡ ਪਹੁੰਚੇ। ਏਥੇ ਇਕ ਸਿੱਖ ਨੇ ਗੁੜ ਦਾ ਲੱਦਾ ਅਰਪਣ ਕੀਤਾ। ਗੁਰੂ ਜੀ ਨੇ ਉ
ਸਦਿਨ ਉਹੋ ਗੁੜ ਸਬ ਨੂੰ ਵਰਤਾਯਾ ਓਦੋਂ ਦਾ ਹੀ ਹੁਣ ਤਕ ਓਥੇ ਕੜਾਹ ਦੀ ਜਗਾਹ
ਗੁੜ ਵੰਡਿਆ ਜਾਂਦਾ ਹੈ। ਏਥੋਂ ਤੁਰ ੧੩ ਕੱਤਕ ਸੰ: ੧੭੬੨ ਬਿ: ਨੂੰ ਸਾਬੋ ਕੀ ਤਲਵੰ
ਡੀ ਜਾ ਉਤਰੇ। ਏਥੋਂ ਦਾ ਸਰਦਾਰ ਡੱਲਾ ਨਾਮੀ ਆਪਣੇ ਚਾਰ ਸੈ ਆਦਮੀਆਂ ਸਮੇ
ਤ ਤਿੰਨ ਕੋਹ ਅੱਗੇ ਆਕਰਕੇ ਬੜੇ ਆਦਰ ਸਨਮਾਨ ਨਾਲ ਗੁਰੂ ਜੀ ਨੂੰ ਆਪਣੇ
ਪਿੰਡ ਲੈ ਗਿਆ। ਤੇ ਮਨ ਤਨ ਧਨ ਤੋਂ ਬਹੁਤ ਸੇਵਾ ਕੀਤੀ। ਏਥੇ ਹੁਣ ਗੁਰਦੁਆਰਾ
ਦਮਦਮਾ ਸਾਹਿਬ ਮਸ਼ਹੂਰ ਹੈ। ਨੌ ਮਹੀਨੇ ਨੌ ਦਿਨ ਏਥੇ ਗੁਰੂ ਜੀ ਨੇ ਨਿਵਾਸ ਕ
ਰਕੇ ਮਾਲਵੇ ਦੇਸ ਦਾ ਸ੍ਵੈਲ ਤੇ ਸੁਧਾਰ ਬਹੁਤ ਕੀਤਾ। ਅਤੇ ਨੌਮੇ ਮਹਿਲ ਦੇ ਸ਼ਬ
ਦ ਸਲੋਕਾਂ ਵਾਲੀ ਆਦਿ ਗ੍ਰੰਥ ਸਾਹਿਬ ਦੀ ਤੀਸਰੀ ਬੀੜ ਏਸੇ ਥਾਂ ਬੈਠਕੇ ਰਚੀ

੧ ਜਦਯਪਿ ਏਹ ਬਾਤ ਸੁਣਕੇ ਬਹੁਤ ਲੋਗ ਅਚੰਭਾ ਮੰਨਣਗੇ ਕੇ ਆਦਿ ਗ੍ਰੰਥ ਸਾਹਿਬ ਜੈਸਾ
ਵੱਡਾ ਗ੍ਰੰਥ ਜਿਸ ਵਿਚ ਅਨੇਕ ਸਤਪੁਰਸ਼ਾਂ ਦੀ ਬਾਣੀ ਹੈ ਸੋ ਬਿਨਾ ਕੰਠ ਕੀਤੇ ਜਾ ਸਾਹਮਣੇ ਧਰੇ ਦੇ
ਗੁਰੂ ਸਾਹਿਬ ਨੇ ਐਨ ਬੈਨ ਕਿਸ ਤਰਾਂ ਉਚਾਰਣ ਕੀਤਾ। ਪਰੰਤੂ ਜੋ ਪੁਰਸ਼ ਰੂਹਾਨੀ ਤਾਕਤ ਜਾ
ਸਿੱਧੀਆਂ ਮੰਨਣ ਵਾਲੇ ਹਨ ਉਨ੍ਹਾਂ ਨੂੰ ਏਹ ਬਾਤ ਕੁਛ ਅਸਚਰਜ ਨਹੀਂ। ਤੇ ਤੌਰੇਤ ਵੇਖੋ ਲਿਖਯਾ ਹੈ ਕਿ
ਈਸਾ ਮਸੀਹ ਨੇ ਛੇ ਮਹੀਨੇ ਦੀ ਉਮਰ ਵਿਚ ਮੂਸਾ ਦੀ ਕਿਤਾਬ ਤੌਰੇਤ ਪੜ੍ਹ ਸੁਣਾਈ। ਫੇਰ ਸੁਕਦੇ
ਵ ਸ੍ਵਾਮੀ ਅਸ਼ਟਾਵੱਕ੍ਰ ਆਦਿਕਾਂ ਦੀ ਬਾਬਤ ਲਿਖਯਾ ਹੈ ਕਿ ਉਨ੍ਹਾਂ ਨੇ ਮਾਤਾ ਦੇ ਗਰਭ ਵਿਚ ਹੀ ਬੇਦ
ਉਚਾਰ ਸੁਣਾਏ। ਕਯੋਂਕੇ ਈਸ਼੍ਵਰ ਬੁੱਧੀ ਪੁਰਸ਼ਾਂ ਨੂੰ ਭੁਲਾਵਾ ਨਹੀਂ ਹੁੰਦਾ। — ਅੰਗ੍ਰੇਜ਼ੀ ਪੜ੍ਹੇ ਹੋਏ
ਲੋਗ ਜਾਣਦੇ ਹੋਣਗੇ ਕਿ ਥੀਆਸੂਫੀਕਲ ਸਭਾ ਦੇ ਸਹਾਇਕਾਂ ਨੇ ਯਾਨੇ ਜੋਗ ਅੱਭਯਾਸੀ
ਲੋਗਾਂ ਨੇ ਐਸੀ੨ ਕੁਦਰਤੀ ਸ਼ਕਤੀਆਂ ਸਿੱਧ ਕਰ ਲਈਆਂ ਹਨ ਜਿਸ ਕਰਕੇ ਓਹ ਅਚਰ
ਜ ਤੋਂ ਅਚਰਜ ਬਾਤਾਂ ਦਿਖਾਈ ਦਿੰਦੇ ਹਨ। ਜਿਸ ਤਰਾਂ ਬ੍ਲੀਯਮਾਟਿਸਕੀ ਮੇਮ ਸਾਹਿਬ
ਨੇ ਸ਼ਿਮਲੇ ਦੇ ਪਹਾੜ ਵਿਚੋਂ ਚਾਹ ਦੇ ਗਰਮ੨ ਪਯਾਲੇ ਨਿਕਾਲ ਦਿਖਾਏ। ਤੇ ਵਲਾਯਤ ਦਾ ਅ
ਖਬਾਰ ਉਸੇ ਦਿਨ ਦਾ ਛਪਯਾ ਹੋਯਾ ਮੰਗਵਾ ਕੇ ਦਿਖਾਯਾ, ਅਕਾਸ਼ ਵਿਚੋਂ ਫੁਲ ਬਰਸਾਏ, ਕੁਲ
ਕੱਤੇ ਦੀਆਂ ਗੱਲਾਂ ਜੋ ਉਸ ਸਮੇਂ ਓਥੇ ਹੋ ਰਹੀਆਂ ਸਨ ਕਹਿ ਸੁਣਾਈਆਂ। ਏਸੇ ਤਰਾਂ ਉਸ ਸ
ਭਾ ਦੇ ਸਹਾਇਕ ਹੋਰ ਭੀ ਕਈ ਐਸੇ ਹਨ ਕਿ ਬਹੁਤ੨ ਅਜਮਤ ਦੀਆਂ ਗੱਲਾਂ ਜਾਹਰ ਕਰ

Digitized by Panjab Digital Library | www.panjabdigilib.org

ਓਹ ਅਸਲ ਗ੍ਰੰਥ ਸਾਹਿਬ ਉਨ੍ਹਾਂ ਦੇ ਹੱਥਾਂ ਦਾ ਬੁੱਢੇ ਦਲ ਵਿਚ ਰਹਿਆ ਕਰਦਾ ਸੀ ਬ ਨੂੰ ਘੱਲੂਘਾਰੇ ਦੇ ਜੰਗ ਵਿਚ ਰਾਇਪੁਰ ਗੁਜਰਵਾਲੇ ਦੇ ਪਾਸ ਜਾਂਦਾ ਰਿਹਾ। ਉਸ ਗ੍ਰੰਥ ਸਾਹਿਬ ਉੱਤੋਂ ਸ਼ਹੀਦ ਦੀਪ ਸਿੰਘ ਜੀ ਨੇ ਤਿੰਨ ਉਤਾਰੇ ਉਤਰਾਏ ਸੇ ਸੋ ਇਕ ਤਾਂ ਪਟਨੇ ਸਾਹਿਬ ਭੇਜਿਆ ਜੇਹੜਾ ਹੁਣ ਵੱਡਾ ਬਾਬਾ ਸੱਦੀਦਾ ਹੈ, ਦੂਸਰਾ ਅੰਮ੍ਰਿਤਸਰ ਭੇਜਿਆ ਜੋ ਅਕਾਲ ਬੁੰਗੇ ਸਾਹਿਬ ਹੈ, ਤੀਸਰਾ ਦਮਦਮੇ ਸਾਹਿਬ ਹੈ।

ਏਸੇ ਸਮੇਂ ਏਥੇ ਹੀ ਗੁਰੂ ਸਾਹਿਬ ਦੇ ਮਹਿਲਾਂ ਨੂੰ ਭਾਈ ਮਨੀ ਸਿੰਘ ਆਦਿਕ ਦਿੱਲੀ ਦੇ ਸਿੱਖ ਗੁਰੂ ਸਾਹਿਬ ਪਾਸ ਲੈ ਆਏ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਗੁਜ਼ਰਨੇ ਦਾ ਅਫ਼ਸੋਸ ਕਰਕੇ ਤੇ ਭਾਣੀ ਪ੍ਰਬਲ ਸਮਝ ਕੇ ਧੀਰਜ ਕੀਤਾ। ਸਰਦਾਰ ਡੱਲੇ ਨੇ ਅਰਜ਼ ਕੀਤੀ ਕਿ ਮਹਾਰਾਜ ਜੇ ਤੁਸੀਂ ਅਨੰਦਪੁਰ ਦੇ ਜੰਗ ਵਿਚ ਮੈਨੂੰ ਖ਼ਬਰ ਕਰਦੇ ਤਾਂ ਮੈਂ ਬਡੇ੨ ਸਿਰ ਕੀ ਸੂਰਬੀਰ ਲੈ ਕੇ ਪਹੁੰਚਦਾ। ਗੁਰੂ ਜੀ ਨੇ ਦੂਸਰੇ ਦਿਨ ਹੀ ਪ੍ਰੀਖਿਆ ਵਾਸਤੇ ਦੁਨਾਲੀ ਬੰਦੂਕ ਭਰ ਕਰ ਆਖਿਆ ਡੱਲਿਆ ਤੂੰ ਆਪਣਾ ਸੂਰਬੀਰ ਆਦਮੀ ਖੜਾ ਕਰ ਅਸੀਂ ਬੰਦੂਕ ਪਰਖ ਲਈਏ, ਏਹ ਸੁਣ ਕੇ ਡੱਲੇ ਦੇ ਸਾਰੇ ਸੂਰਬੀਰ ਤਿੱਤ੍ਰ ਬਿੱਤ੍ਰ ਹੋ ਗਏ ਤੇ ਡੱਲਾ ਸ਼ਰਮਿੰਦਾ ਹੋਯਾ।

ਏਥੇ ਹੀ ਫੇਰ ਤਿੰਨਵਾਰੀ ਪਹਿਲੇ ਦੀ ਤਰਾਂ ਕੜਾਹ ਪ੍ਰਸ਼ਾਦ ਲੁਟਵਾਯਾ ਤੇ ਤਿੰਨ ਪ੍ਰਕਾਰ ਦਾ ਖ਼ਾਲਸਾ ਬਤਾਯਾ। ਤਲਵੰਡੀ ਤੋਂ ਜਾ ਕੇ ਗੁਰੂ ਜੀ ਨੇ ਬਠਿੰਡੇ ਦਾ ਕਿਲਾ ਦੇਖਿਆ ਤੇ ਪ੍ਰੇਤਾਂ ਨੂੰ ਕੱਢ ਕੇ ਸਿੱਖਾਂ ਨੂੰ ਬਸਾਯਾ। — ਇਕ ਦਿਨ ਸ਼ਿਕਾਰ ਖੇਡਦੇ ਹੋਏ ਗੁਰੂ ਜੀ ਨੇ ਡੱਲੇ ਨੂੰ ਵਰ ਦਿਤਾ ਕਿ ਕਿਸੇ ਸਮੇਂ ਏਸ ਦੇਸ ਵਿਚ ਕਣਕਾਂ, ਬਾਗ, ਨਹਿਰਾਂ ਹੋਣਗੀ

ਫੁਟਨੋਟ: ਦੇਹਣਾ। ਦੂਸਰੇ ਫ੍ਰੀਮੇਸਨ ਪੰਥੀ ਲੋਗ ਭੀ ਅਨੇਕ ਬਾਤਾਂ ਐਸੀਆਂ ਕਰਦੇ ਹਨ ਜੋ ਅਕਲ ਵਿਚ ਨਹੀਂ ਆਂਵਦੀਆਂ। ਏਸੇ ਤਰਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗ੍ਰੰਥ ਸਾਹਿਬ ਉਚਾਰਣਾ ਤੇ ਭਵਿਖਤ ਕਥਾ ਦਾ ਸੁਣਾ ਦੇਣਾ ਭੀ ਅਸੰਭਵ ਨਹੀਂ ਐਨ ਠੀਕ ਹੈ। — ਗ੍ਰੰਥ ਸਾਹਿਬ ਆਦ ਜੈਸਾ ਐਨ ਬੈਨ ਦਸਮੇ ਗੁਰੂ ਦੇ ਉਚਾਰਣ ਦਾ ਤਾਤਪਰਯ ਏਹ ਸੀ ਕਿ ਗੁਰੂ ਅਰਜਨ ਸਾਹਿਬ ਦੇ ਹੱਥਾਂ ਦਾ ਆਦ ਗ੍ਰੰਥ ਸਾਹਿਬ ਧੀਰਮੱਲ ਪਾਸੋਂ ਗੁਰੂ ਸਾਹਿਬ ਨੇ ਪਾਠ ਕਰਨ ਵਾਸਤੇ ਮੰਗਾ ਭੇਜਿਆ, ਉਸ ਨੇ ਜਵਾਬ ਦਿੱਤਾ ਕਿ ਜੇਕਰ ਸੱਚੇ ਗੁਰੂ ਹਨ ਤਾਂ ਏਹੋ ਜੇਹਾ ਆਦ ਗ੍ਰੰਥ ਸਾਹਿਬ ਆਪ ਰਚ ਲੈਣ, ਉਸ ਦੀ ਬਾਤ ਪੂਰੀ ਕਰਨ ਲਈ ਓਹੋ ਜੇਹਾ ਗ੍ਰੰਥ ਸਾਹਿਬ ਦਸਮੇ ਪਾਤਸ਼ਾਹ ਨੇ ਦਮਦਮੇ ਬੈਠ ਕੇ ਰਚ ਦਿਖਾਯਾ।

੧ ਆਮ ਲੋਕਾਂ ਵਿਚ ਮਸ਼ਹੂਰ ਸੀ ਕਿ ਭੂਤ ਪ੍ਰੇਤ ਰਹਿੰਦੇ ਹਨ ਜਿਸ ਕਰਕੇ ਫ਼ਸਲ ਨੂੰ ਬਰਬਾਦੀ ਹੁੰਦੀ ਹੈ ਸੋ ਗੁਰੂ ਮਹਾਰਾਜ ਨੇ ਆਖਿਆ ਅਸੀਂ ਓਹ ਭੂਤ ਪ੍ਰੇਤ ਨਿਕਾਲ ਕੇ ਸਰਹਿੰਦ ਭੇਜ ਦਿੱਤੇ ਹਨ ਹੁਣ ਸਰਹਿੰਦ ਦੀ ਪੈਦਾਵਾਰ ਖਾਯਾ ਕਰਨਗੇ, ਸੋ ਹੁਣ ਤਕ ਸਰਹਿੰਦ ਵਿਚ ਘੱਟ ਅਨਾਜ ਮਿਲਦਾ ਹੈ।

Digitized by Panjab Digital Library | www.panjabdigilib.org

ਆਂ ਸੋ ਸੰਮਤ ੧੭੬੨ ਦਾ ਫਰਾਦਿਤਾ ਹੋਯਾ ਹੁਣ ਪ੍ਰਤੱਖ ਦੇਖੀਦਾ ਹੈ।

ਫੇਰ ਭਾਈ ਭਗਤੂ ਦੇ ਪੋਤ੍ਰੇ ਰਾਮ ਸਿੰਘ, ਫਤੇ ਸਿੰਘ ਆਦਿਕ ਮਲਵਈ ਸਿੱਖਾਂ ਦੀ ਬੇਨਤੀ ਸੁਣਕੇ ਭਾਈਕੇ ਚੱਕ, ਭੁੱਚੋ, ਮਹਿਮਾ, ਲੱਖੀ ਜੰਗਲ ਆਦਿਕ ਅਨੇਕ ਪਿੰਡਾਂ ਵਿਚ ਰਮਤ ਕਰਕੇ, ਬੇਸ਼ੁਮਾਰ ਲੋਗਾਂ ਨੂੰ ਸਿੰਘ ਬਣਾਯਾ ਤੇ ਸੱਚੇ ਉਪਦੇਸ਼ ਦੇ ਕਰ ਕਲਆਣ ਦੇ ਭਾਗੀ ਬਣਾਯਾ।

ਓਧਰ ਜੇਹੜਾ ਪਰਵਾਨਾ (ਜ਼ਫਰਨਾਮਾ) ਦੀਨੇ ਪਿੰਡ ਤੋਂ ਗੁਰੂ ਜੀ ਨੇ ਲਿਖਕੇ ਭਾਈ ਦਯਾ ਸਿੰਘ ਜੀ ਦੇ ਹੱਥ ਔਰੰਗਜ਼ੇਬ ਪਾਸ ਭੇਜਿਆ ਸੀ ਉਸਨੂੰ ਸੁਣਕੇ ਬਾਦਸ਼ਾਹ ਨਾਜ਼ਮ ਸਰਹੰਦ ਪਰ ਬਹੁਤ ਗੁੱਸੇ ਹੋਯਾ ਤੇ ਪਛੁਤਾਯਾ ਅਤੇ ਵਜ਼ੀਰ ਖਾਂ ਦੇ ਨਾਮ ਫੁਰਮਾਨ ਜਾਰੀ ਕੀਤਾ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਦਗੇ ਤੇ ਫਰੇਬ ਬਹੁਤ ਕੀਤੇ ਹਨ ਜੋ ਉਨ੍ਹਾਂ ਦੇ ਲਿਖਣ ਤੋਂ ਸਾਬਤ ਹੁੰਦੇ ਹਨ। ਹੁਣ ਤੁਸੀਂ ਉਨ੍ਹਾਂ ਨੂੰ ਕਿਸੇ ਤਰਾਂ ਦੀ ਤਕਲੀਫ ਨਾ ਦੇਣੀ ਜਿੱਥੇ ਉਨ੍ਹਾਂ ਦੀ ਮਰਜ਼ੀ ਹੋਵੇ ਉਥੇ ਰਹਿਣ। ਏਹ ਫਕੀਰੀ ਘਰਾਣੇ ਨਾਨਕਸ਼ਾਹੀ ਦੇ ਗੱਦੀ ਨਸ਼ੀਨ ਹਨ, ਏਨ੍ਹਾਂ ਨੂੰ ਰੰਜ ਦੇਣਾ ਬੁਰਾ ਹੈ। ਏਹ ਤਾਂ ਨਜ਼ਾਮ ਦੀ ਤਰਫ ਲਿਖਿਆ ਤੇ ਇਕ ਮੁਰਾਸਲਾ ਗੁਰੂ ਸਾਹਿਬ ਪਾਸ ਭੇਜਿਆ ਕਿ ਜੋ ਕੁਛ ਜ਼ਬਰਦਸਤੀ ਆਪਦੇ ਨਾਲ ਹੋਈ ਹੈ ਸੋ ਮੇਰੀ ਬੇਖਬਰੀ ਵਿਚ ਹੋਈ ਹੈ, ਤੁਸੀਂ ਮਾਫ ਕਰਦੇਉ ਤੇ ਮੈਂ ਸੂਬੇ ਸਰਹੰਦ ਨੂੰ ਬਹੁਤ ਲਾਣ ਤਾਣ ਕੀਤੀ ਹੈ ਜੇਕਰ ਤੁਸੀਂ ਮੇਰੇ ਪਾਸ ਆ ਜਾਉ ਤਾਂ ਜੋ ਕੁਛ ਤੁਸੀਂ ਕਹੋਗੇ ਸੋ ਕੀਤਾ ਜਾਵੇਗਾ।

ਏਸ ਮੁਰਾਸਲੇ ਦੇ ਆਵਣੇ ਪਰ ਗੁਰੂ ਸਾਹਿਬ ਨੇ ਤਿੰਨ ਬਾਤਾਂ ਸੋਚ ਕਰ ਦੱਖਣ ਦੇਸ ਨੂੰ ਤੱਯਾਰੀ ਕੀਤੀ। ਇਕ ਤਾਂ ਇਹ ਕਿ ਜੇਕਰ ਔਰੰਗਜ਼ੇਬ ਸਾਫ ਨੀਤਿ ਨਾਲ ਮੰਨੇਗਾ ਤਾਂ ਦਗੇਬਾਜ਼ ਜ਼ਾਲਮਾਂ ਨੂੰ ਉਨ੍ਹਾਂ ਦੇ ਪਾਪ ਦਾ ਫਲ ਭੁਗਤਾਵਾਂਗੇ। ਦੂਸਰੇ ਜੇ ਉਸਨੂੰ ਸਾਫ ਨ ਦੇਖਾਂਗੇ ਤਾਂ ਸੇਵਾ ਜੀ ਆਦਿਕ ਮਰਹਟੇ ਬਹਾਦਰ ਜੋ ਧਰਮ ਦੇ ਵਾਸਤੇ ਖੰਡਾ ਉਠਾਈ ਰਹੇ ਹਨ ਉਨ੍ਹਾਂ ਨਾਲ ਮਿਲਕੇ ਪੰਥ ਦੀ ਉੱਨਤੀ ਕਰ, ਦੁਸ਼ਮਣਾ ਨੂੰ ਉਨ੍ਹਾਂ ਦੇ ਕਰਮਾਂ ਦਾ ਸ੍ਵਾਦ ਚਖਾਵਾਂਗੇ। ਤੀਸਰੇ ਮੁਲਕ ਦੱਖਣ ਦਾ ਸੈਲ ਤੇ ਸਿੱਖਾਂ ਦੀ ਕੱਲਆਣ ਨਮਿਤ ਸਾਉਣ ੨੩ ਸੰ: ੧੭੬੩ ਬਿ: ਨੂੰ ਸਾਬੋ ਕੀ ਤਲਵੰਡੀ ਤੋਂ ਚਲਕਰ ੭ ਕੋਸ ਦੱਖਣ ਦੀ ਤਰਫ ਕੋਟਲੀ ਪਿੰਡ ਜਾ ਉਤਰੇ। ਤਦ ਫੂਲ ਮਰਾਜ ਕੇ ਤਲੋਕ ਸਿੰਘ, ਰਾਮ ਸਿੰਘ ਆਦਿਕ, ਫਤੇ ਸਿੰਘ, ਰਾਮ ਸਿੰਘ ਆਦਿਕ ਭਾਈ ਭਗਤੂ ਕੇ, ਹੋਰ ਭਾਈ ਰੂਪੇ ਕੇ, ਬਾਹਿਲੋ ਕੇ

Digitized by Panjab Digital Library | www.panjabdigilib.org

ਭੁਗਤੇ ਕੇ ਸਰਦਾਰ ਤੱਲਾਸਿੰਘ ਆਦਿਕ ਸਾਥੋਕੇ, ਰੂਪਾਸਿੰਘ, ਸੋਭਾਸਿੰਘ, ਹਰਦਿਤ
ਸਿੰਘ ਸੰਤੋਖਸਿੰਘ, ਸਾਧੂਸਿੰਘ, ਆਦਿਕ ਬਹੁਤ ਮਲਵਈ ਮਝੈਲ, ਦਨਪੀ, ਮੁਲਤਾ
ਨੀ ਅਨੇਕ ਦੇਸਾਂ ਦੇ ਸੂਰਬੀਰ ਪੰਜਸੌ ਸਿੰਘ ਗੁਰੂਜੀਦੇਨਾਲ ਸੀ ਆਪ ਜਦ ਝੋਰੜ
ਪਿੰਡ ਹੁੰਦੇਹੋਏ ੧੨ ਕੋਸਪਰ ਸਰਸੇਪਿੰਡ ਪਹੁੰਚੇ ਤਾਂ ੧੫੦ ਡੇਢਕ ਸੌ ਸਿੱਖ ਗੁਰੂਸਾਹਿ
ਬ ਪਾਸ ਰਹਿਗਿਆ ਹੋਰ ਸਭ ਆਪਣੇ ੨ ਘਰਾਂ ਨੂੰ ਮੁੜ ਆਏ। ਅੰਮ੍ਰਿਤਵੇਲੇ ਗੁਰੂ
ਸਾਹਿਬਨੇ ਤੱਲੇ ਦਾ ਨਾਮ ਲੈਕੇ ਤਿੰਨਵਾਰੀ ਆਵਾਜ਼ ਕੀਤੀ ਤਦ ਇਕ ਬੇਨਵਾ ਫਕੀਰ
ਜੋ ਗੁਰੂਜੀਦੇ ਦਲਵਿਚ ਸੀ ਉਸਨੇ ਆਖਿਆ (ਤੱਲਾ ਨਾ ਮੱਲਾ ਗੁਰੂ ਇਕੱਲਾ, ਅੱਲਾ
ਹੀ ਅੱਲਾ) ਏਹ ਸੁਣਕੇ ਗੁਰੂਜੀਨੇ ਫੁਰਮਾਯਾ ਪਹਿਰੇਪਰ ਕੌਣ ਹੈ ਤਾਂ ਦੋ ਭਾਈ ਮਾਨ੍ਹਾ,
ਤਾਨ੍ਹਾ, ਜੋ ਗੁਰੂ ਪਾਸ ਨੌਕਰ ਸੇ ਉਨ੍ਹਾਂਨੇ ਜਵਾਬ ਦਿੱਤਾ ਕਿ ਅਸੀਂ ਦੋਵੇਂ ਮਝੈਲ ਮਾਨ੍ਹੇ, ਤਾ
ਨ੍ਹੇ ਹਾਜ਼ਰ ਹਾਂ ਗੁਰੂਜੀ ਬੋਲੇ, ਮਝੈਲ ਮਾਨ੍ਹੇ ਤੌ ਭੀ ਮਲਵਈਆਂ ਦੇ ਲਾਨ੍ਹੇ।।
ਏਸੇ ਸਾਲ ਜਵਾਹਿਰਸਿੰਘ ਦਿਲਵਾਲੀ ਦੀ ਅਰਜ਼ ਮੰਨਕੇ ਗੁਰੂਸਾਹਿਬਨੇ ਮਾਮਾ
ਕ੍ਰਿਪਾਲਚੰਦ, ਸਾਹਿਬਦਾਸ, ਭਾਈ ਮਨੀਸਿੰਘ ਆਦਿਕ ਮਾਤਬਰ ਸਿੱਖਾਂ ਦੇ ਨਾਲ ਆ
ਪਣੇ ਡੋਲੇ ਦਿੱਲੀਨੂੰ ਤੋਰਦਿੱਤੇ ਤੇ ਆਪ ਦੂਸਰੇ ਦਿਨ ਸਰਸੇਤੋਂ ਬੀਸਕੋਸ ਦੱਖਣ ਵੱਲ
ਨੌਹਰ ਸ਼ਹਿਰ ਬੀਕਾਨੇਰ ਦੇ ਰਾਜਵਿਚ ਜਾ ਠਿਹਰੇ। ਫੇਰ ਏਥੋਂ ੧੮ ਕੋਸਪਰ ਭਾਦਰੇ ਗ
ਮਜਾ ਡੇਰਾ ਕੀਤਾ ਏਸੇ ਪਿੰਡ ਪਾਸ ਜਮਨਾ ਦੀ ਸ਼ਾਹ ਨਹਿਰ ਰੇਤੇ ਵਿਚ ਗ਼ਾਇਬ ਹੁੰਦੀ ਹੈ
ਏਥੋਂ ਚੱਲ ੭ ਕੋਸ ਸੁਹੇਵੇ ਪਿੰਡ ਜਾ ਠਹਿਰੇ, ਏਥੇ ਇਕ ਜੰਡ ਦੇ ਬ੍ਰਿੱਛ ਵਿਚ ਪਿੱਪਲ ਲੱ
ਗਾ ਹੋਯਾ ਦੇਖਕੇ ਗੁਰੂਜੀਨੇ ਬਚਨ ਕੀਤਾ ਕਿ ਜਦ ਏਹ ਪਿੱਪਲ ਸਾਰੇ ਜੰਡ ਨੂੰ ਨਿਗ
ਲ ਜਾਏਗਾ ਤਦ ਖਾਲਸੇ ਦਾ ਰਾਜ ਤੇਜ ਵੱਧੇਗਾ। ਏਸੇਤਰਾਂ ਮਧੁਸਿੰਘਾਣੇ ਆਦਿਕ
ਅਨੇਕ ਨਗਰਾਂ ਦੇਸਾਂ ਦਾ ਸੈਲ ਕਰਦੇ ਹੋਏ ਜੈਪੁਰੀਏ ਦੇ ਰਾਜ ਦੇ ਵਿਚੋਂ ਦੀ ਪੁਸ਼ਕਰ
ਤੀਰਥ ਦੇ ਕਿਨਾਰੇ ਕਾਤਕ ਸੁਦੀ ੧੫ ਸੰ: ੧੭੬੩ ਬਿ: ਨੂੰ ਜਾ ਬਿਰਾਜੇ। ਦਾਨ ਇਸ਼ਨਾਨ
ਕੀਤੇ ਅਤੇ ਇਕ ਪੰਡੇ ਨੂੰ ਸਿੰਘ ਸਜਾਕੇ, ਖਾਲਸੇ ਦਾ ਤੀਰਥ ਪਰੋਹਤ ਥਾਪਿਆ ਜਿਸਦਾ
ਪੋਤ੍ਰਾ ਰਾਮਾਸਿੰਘ ਹੁਣ ਭੀ ਹੈ ਏਸਨੇ ਧਰਮਸਾਲਾ ਲੰਗਰ ਰਚ ਰੱਖਿਆ ਹੈ। ੧
ਪੁਸ਼ਕਰ ਤੋਂ ਅਗੇ ਅਜਮੇਰ ਆਦਿਕ ਸ਼ਹਿਰਾਂ ਦਾ ਸੈਲ ਕਰਦੇ ਹੋਏ ੪੩ ਕੋਸ ਨਰੈਣੇ

ਨਰੈਣਾ ਪਿੰਡ ਜੈਪੁਰਤੋਂ ੨੫ ਕੋਸ ਦੱਖਣ ਦੀ ਤਰਫ਼ ਹੈ ਏਥੇ ਦਾਦੂਪੰਥੀਆਂ ਦੇ ਗੁਰੂ ਦਾਦੂਜੀ ਦੀ ਸਮਾਧ ਹੈ ਤੀ
ਰਾਮ ਅਤੇ ਤਪ ਨਾਲੇ ਵਾਲੇ ਦੀ ਬਨਵਾਈ ਹੋਈ ਸੰਗਮਰਮਰ ਦੀ ਹੈ ਏਥੋਂ ਦਾ ਮਹੰਤ ਉਦੇਰਾਮ ਹੈ ਤੇ ਕਾਰਬਾਰੀ ਸਿ
ਵ ਰਾਮ ਹੈ ਆਮਦਨ ਇਕ ਲੱਖ ਸਾਲਾਨਾ ਤੇ ਕਛੂ ਆਦਾ ਹੈ ਆਪਨੂੰ ਏਹ ਭੀ ਖਾਲਸਾ ਸਦਾਉਂਦੇ ਹਨ।

Digitized by Panjab Digital Library | www.panjabdigilib.org

ਸ਼ਹਿਰ ਜਾ ਠਹਿਰੇ, ਏਥੋਂ ਦੇ ਲੋਗਾਂ ਨੇ ਸ਼ਹਿਰ ਲੁੱਟੇ ਜਾਣ ਤੋਂ ਡਰਕੇ ਸਬ ਤਰਾਂ ਦੀ ਸੇਵਾ
ਕੀਤੀ ਜੱਦ ਅਪਿ ਗੁਰੂ ਸਾਹਿਬ ਤਾਂ ਕਿਸੇ ਨੂੰ ਸੰਤਾਉਂਦੇ ਨਹੀਂ ਸੇ ਪਰ ਜਿੱਥੇ ਜਿਥੇ ਗੁ
ਰੂ ਸਾਹਿਬ ਜਾਂਦੇ ਸੇ ਓਥੋਂ ਦੇ ਲੋਗ ਸਿਖਾਂ ਦੇ ਜੱਥੇ ਨੂੰ ਤੇ ਸਰੂਪ ਨੂੰ ਦੇਖਕੇ, ਆਪ ਤੋਂ ਆ
ਪ ਡਰਦੇ ਮਾਰੇ ਨਜ਼ਰ ਭੇਟ ਲੈਕੇ ਹਾਜ਼ਰ ਹੋ ਜਾਂਦੇ ਸੇ। ਲਿਖਿਆ ਹੈ ਕਿ ਦਾਦੂ ਦ੍ਵਾਰੇ ਦੇ ਮ
ਹੰਤ ਜੈਤਰਾਮ ਨੇ ਇਕ ਦਿਨ ਗੁਰੂ ਦੇ ਸਾਰੇ ਲਸ਼ਕਰ ਨੂੰ ਭੰਡਾਰਾ ਦਿੱਤਾ ਤੇ ਬਾਜ਼, ਜੁੱਰਰੇ
ਗੁਰੂ ਨਾਲ ਦੇਖਕੇ ਮਹੰਤ ਨੇ ਅਰਜ਼ ਕੀਤੀ ਕੇ ਆਪ ਏਨਾਂ ਨੂੰ ਹੁਕਮ ਦੇਓ ਜੋ ਅੱਜ ਫਕੀ
ਰਾਂ ਦੀ ਬਾਜਰੀ ਜਵਾਰ, ਛਕ ਲੈਣ, ਗੁਰੂ ਜੀ ਨੇ ਹੱਸਕੇ ਆਖਿਆ ਤੁਸੀਂ ਜਾਣੋ। ਸਾਧੂ ਨੇ ਜ
ਵਾਰ ਪਾਈ ਤਾਂ ਗੁਰੂ ਜੀ ਦੀ ਮਨਸ਼ਾ ਅਨੁਸਾਰ ਬਾਜ਼ਾਂ ਨੇ ਛਕ ਲਈ ਏਸਨੂੰ ਦੇਖਕੇ ਸਬ
ਆਸ਼੍ਚਰਜ ਰਹੇ। ਦੂਸਰੇ ਦਿਨ ਗੁਰੂ ਸਾਹਿਬ ਦਾਦੂ ਜੀ ਦਾ ਮਕਾਨ ਦੇਖਣ ਵਾਸ੍ਤੇ ਅੰਦਰ
ਗਏ ਤੇ ਗੱਦੀ ਅੱਗੇ ਪ੍ਰਸ਼ਾਦ ਰੱਖਕੇ ਗੁਰੂ ਜੀ ਨੇ ਤੀਰ ਨਾਲ ਨਮਸ਼ਕਾਰ ਕੀਤੀ ਤਾਂ ਸਿੱ
ਖਾਂ ਨੇ ਡੇਰੇ ਆਕੇ ਆਖਿਆ ਕਿ ਆਪਦਾ ਹੁਕਮ ਹੈ ਜੋ ਕਿਸੇ ਸਮਾਧ, ਗੋਰ, ਦੇਵਾਲੇ ਆਦਿ
ਕ ਜਾ ਪ੍ਰਿਤਮਾ ਨੂੰ ਨਮਸ਼ਕਾਰ ਨਹੀਂ ਕਰਨੀ, ਹੁਣ ਆਪਨੇ ਕਿਓਂ ਕੀਤੀ ਹੈ। ਗੁਰੂ ਜੀ ਨੇ
ਖੁਸ਼ੀ ਹੋਕੇ ਫੁਰਮਾਇਆ ਮੈਂ ਤੁਹਾਡਾ ਸਿਦਕ ਪਰਖਿਆ ਹੈ ਸੋ ਤੁਸੀਂ ਪੱਕੇ ਹੋ। ਜਦ ਤਕ ਸਿ
ਖਾਂ ਦਾ ਏਹੋ ਜੇਹਾ ਸਿਦਕ ਨਿਸ਼੍ਚਾ ਰਹੇਗਾ ਤਦ ਤਕ ਤੇਜ, ਪ੍ਰਤਾਪ ਵਧੇਗਾ। ਜਦ ਬੁਤੇ
ਸਮਾਧਾਂ, ਮੂਰਤਾਂ, ਨੂੰ ਮੱਥੇ ਟੇਕਣ, ਪੂਜਣ ਲੱਗ ਜਾਣਗੇ ਤਦ ਤੇਜ਼ ਪ੍ਰਤਾਪ ਘਟ ਜਾਵੇ
ਗਾ ਏਹ ਕਹਿਕੇ ਗੁਰੂ ਜੀ ਨੇ ਉਸ ਨਮਸ਼ਕਾਰ ਕਰਨ ਬਦਲੇ ਪੰਜ ਸੌ ਰੁਪਯਾ ਖਾਲਸੇ
ਨੂੰ ਤਨਖਾਹ ਦਿੱਤਾ ਜਿਸਦਾ ਪ੍ਰਸ਼ਾਦ ਬਰਤਵਾਯਾ ਗਿਆ।

ਮਹੰਤ ਜੈਤਰਾਮ ਨੇ ਬਹੁਤ ਪ੍ਰੇਮ ਤੇ ਸੇਵਾ ਕੀਤੀ ਤਿਸ ਦਿਨ ਟਿਕਾਈ ਰੱਖਿਆ, ਇਕ ਦਿਨ ਗਿ
ਆਨ ਚਰਚਾ ਵਿਚ ਉਸਨੇ ਦਾਦੂ ਜੀ ਦਾ ਇਹ ਬਚਨ ਸੁਣਾਯਾ ਯਥਾ (ਦਾਦੂ ਦਾਵਾ ਦੂਰ
ਕਰ ਬਿਨ ਦਾਵੇ ਦਿਨ ਕੱਟ। ਕੇਤੀ ਸਉਦਾ ਕਰ ਗਈ ਏਸ ਪਸਾਰੀ ਦੀ ਹੱਟ) ਇਸ ਪਰ ਗੁ
ਰੂ ਜੀ ਨੇ ਫੁਰਮਾਯਾ (ਜਗ ਮੈਂ ਦਾਵਾ ਰੱਖਕੇ ਲਿਹੁ ਦੁਸ਼ਟਨ ਕੋ ਲੁੱਟ। ਬੁਰਾ ਕਰੇ ਜੋ ਆਪ
ਨੋ ਤਾਂ ਕੀ ਜੜ ਦਿਹੁ ਪੁੱਟ) ਏਹੋ ਜੇਹੇ ਬਚਨ ਬਿਲਾਸ ਕਰਕੇ ਓਥੋਂ ਚੱਲਕੇ ਲਾਲੀ, ਖ
ਰੋੜ, ਕੁਲਾਯਤ ਆਦਿਕ ਕਸਬੇ ਦੇਖਦੇ ਹੋਏ ਜਦ ਬਘੌਰ ਸ਼ਹਿਰ ਉਦੇਪੁਰ ਦੇ ਰਾਜ
ਵਿਚ ਪਹੁੰਚੇ ਤਾਂ ਉਦੇਪੁਰ ਦਾ ਰਾਜਾ ਭੀ ਏਥੇ ਆਯਾ ਹੋਯਾ ਸੀ, ਉਸਨੇ ਗੁਰੂ ਸਾਹਿਬ ਦੀ
ਤੀਰੰਦਾਜ਼ੀ ਨੂੰ ਦੇਖਕੇ ਬੜੀ ਖੁਸ਼ੀ ਜ਼ਾਹਰ ਕੀਤੀ ਤੇ ਸਿੱਖਣ ਦੀ ਇੱਛਿਆ ਧਾਰਕੇ ਗੁਰੂ ਜੀ

Digitized by Panjab Digital Library | www.panjabdigilib.org

ਨੂੰ ਹਮੇਸ਼ ਰੱਖਣਾ ਚਾਹਿਆ ਪਰ ਗੁਰੂ ਜੀ ਬਹੁਤ ਨਾਰਾਜ਼ ਹੋਏ। ਏਸੇ ਥਾਂ ਭਾਈ ਦਯਾ ਸਿੰ
ਘ ਜੀ (ਜੋ ਦੀਨੇ ਪਿੰਡ ਤੋਂ ਖਤ ਲੈ ਕੇ ਗਏ ਸੀ) ਔਰੰਗਜ਼ੇਬ ਪਾਸੋਂ ਹੋ ਕੇ ਗੁਰੂ ਸਾਹਿਬ ਨੂੰ ਆ
ਮਿਲੇ। ਏਥੇ ਹੀ ਥੋੜ੍ਹੇ ਦਿਨਾਂ ਪਿੱਛੋਂ ਔਰੰਗਜ਼ੇਬ ਦੇ ਮਰਨੇ ਦੀ ਖਬਰ ਆ ਗਈ।
ਔਰੰਗਜ਼ੇਬ ਦੇ ਛੋਟੇ ਬੇਟੇ ਆਜ਼ਮ ਸ਼ਾਹ ਨੇ ਜੋ ਉਸ ਵਕਤ ਆਪਣੇ ਬਾਪ ਦੇ ਪਾਸ ਸੀ, ਬਾ
ਪ ਦੇ ਮਰਨੇ ਬਾਦ ਸ਼ਾਹੀ ਤਾਜ ਆਪਣੇ ਸਿਰ ਪਰ ਧਰ ਕੇ, ਆਪਣਾ ਨਾਮ ਤਾਰਾ ਆਜ਼ਮ
ਮਸ਼ਹੂਰ ਕਰ ਦਿੱਤਾ, ਤੇ ਆਪਣੇ ਦੂਸਰੇ ਭਾਈ ਕਾਮਬਖਸ਼ ਨੂੰ ਬੰਗਾਲੇ ਵਿਚੋਂ ਦਗੇ ਨਾ
ਲ ਬੁਲਾ ਕੇ ਮਰਵਾ ਦਿੱਤਾ ਤੇ ਆਪ ਫੌਜਾਂ ਲੈ ਕੇ ਦਿੱਲੀ ਨੂੰ ਆਇਆ।
ਏਧਰ ਔਰੰਗਜ਼ੇਬ ਦਾ ਵੱਡਾ ਬੇਟਾ ਤਖਤ ਦਾ ਮਾਲਕ ਮੁਅੱਜ਼ਮ ਸ਼ਾਹ ਮਸ਼ਹੂਰ ਬਹਾ
ਦਰ ਸ਼ਾਹ ਉਸ ਸਮੇ ਕਾਬਲ ਵਿਚ ਸੀ ਏਹ ਭੀ ਦਿੱਲੀ ਨੂੰ ਆਇਆ ਆਖਰ ਦੋਹਾਂ ਦੀ
ਲੜਾਈ ਹੋਣ ਵਾਸਤੇ ਆਗਰੇ ਪਾਸ ਚੰਬਲ ਨਦੀ ਕਿਨਾਰੇ ਮੋਰਚੇ ਬੰਨੇ ਗਏ। ਬਹਾ
ਦਰ ਸ਼ਾਹ ਨੇ ਮੀਰ ਮੁਨਸ਼ੀ ਨੰਦ ਲਾਲ ਤੇ ਦੀਵਾਨ ਹਰਕਮ ਰਾਇ ਦ੍ਵਾਰਾ ਗੁਰੂ ਸਾਹਿਬ ਦੀ
ਬਹਾਦਰੀ ਤੇ ਸ਼ਕਤੀ ਸਮਝ ਰੱਖੀ ਸੀ ਏਸ ਕਰਕੇ ਗੁਰੂ ਸਾਹਿਬ ਪਾਸ ਨੰਦ ਲਾਲ ਨੂੰ
ਭੇਜਿਆ ਤੇ ਮੁਰਾਸਲੇ ਵਿਚ ਲਿਖਿਆ ਕਿ ਜੇਕਰ ਆਪ ਮੇਰੀ ਬਾਂਹ ਫੜੋਗੇ ਤਦ ਮੈਂ ਬਾ
ਦਸ਼ਾਹਤ ਦਾ ਮਾਲਕ ਬਣਾਂਗਾ ਤੇ ਜਦ ਮੈਨੂੰ ਤਖਤ ਮਿਲੇਗਾ ਤਦ ਜੋ ਕੁਛ ਆਪ ਕ
ਹੋਗੇ ਸੋ ਕੀਤਾ ਜਾਵੇਗਾ। — ਗੁਰੂ ਜੀ ਤਾਂ ਏਹੋ ਜੇਹੇ ਸਮੇ ਨੂੰ ਉਡੀਕ ਰਹੇ ਸਨ ਸੋ ਏਹ ਮੁਰਾ
ਸਲਾ ਪੜ੍ਹ ਕੇ ਭਾਈ ਧਰਮ ਸਿੰਘ, ਦਯਾ ਸਿੰਘ ਆਦਿਕ ਪੱਚੀ ਸੌ[੨੫] ਸਿੰਘ ਨੰਦ ਲਾਲ ਦੇ
ਨਾਲ ਤੋਰੇ ਤੇ ਲਿਖ ਭੇਜਿਆ ਕਿ ਅਸੀਂ ਐਨ ਜੰਗ ਦੇ ਵਕ੍ਤ ਪਹੁੰਚ ਕੇ ਆਪਣੇ ਤੀਰ ਨਾਲ
ਤੇਰੇ ਦੁਸ਼ਮਣ ਤਾਰਾ ਆਜ਼ਮ ਨੂੰ ਮਾਰਾਂਗੇ, ਤੂੰ ਫਿਕਰ ਨਾ ਕਰ, ਪੀਲਾ ਰੰਗ ਸੁਇਨੇ ਦੇ
ਫਲ ਵਾਲਾ ਅਸਾਡਾ ਤੀਰ ਹੋਵੇਗਾ। — ਉਧਰ ਗੁਰੂ ਜੀ ਨੇ ਮਲਵਈ ਪੰਜਾਬੀ ਪੰਜ[੫੦੦]
ਸੌ ਸਿੰਘਾਂ ਨੂੰ ਹੁਕਮਨਾਮੇ ਭੇਜ ਕੇ ਬੁਲਾਇ ਲੀਤਾ ਤੇ ਆਗਰੇ ਭੇਜ ਦਿੱਤਾ ਅਤੇ ਆਪ
ਭੀ ਅੱਧਹਰ ਸੰ: ੧੭੬੩ ਬਿ: ਨੂੰ ਐਨ ਜੰਗ ਦੇ ਵਕ੍ਤ ਆਗਰੇ ਪਹੁੰਚੇ। ਭਾਈ ਦਯਾ ਸਿੰ
ਘ ਜੀ ਨੇ ਜਦ ਬਾਦਸ਼ਾਹ ਨੂੰ ਗੁਰੂ ਦੇ ਝੰਡੇ ਦਾ ਨਿਸ਼ਾਨ ਤੇ ਸਿੰਘਾਂ ਦਾ ਤ੍ਰੈਮਲ ਦਿਖਾਇਆ
ਤਾਂ ਬਹਾਦਰ ਸ਼ਾਹ ਦਾ ਦਿਲ ਬਹੁਤ ਵਧ ਗਿਆ ਤੇ ਦੁਸ਼ਮਨ ਉੱਤੇ ਹੱਲਾ ਕਰ ਦਿੱਤਾ। ਗੁ
ਰੂ ਜੀ ਨੇ ਇਕ ਤੀਰ ਨਾਲ ਤਾਰਾ ਆਜ਼ਮ ਨੂੰ ਹਾਥੀ ਉੱਤੋਂ ਉਡੰਗ ਕੇ ਧਰਤੀ ਪਰ ਲਿਟਾਇ
ਦਿੱਤਾ। ਏਸ ਦਾ ਗਿਰਨਾ ਹੀ ਸੀ ਕਿ ਬਹਾਦਰ ਸ਼ਾਹ ਦੀ ਤਰਫੋਂ ਫਤੇ ਦੇ ਨਗਾਰੇ ਵੱਜ ਪਏ

Digitized by Panjab Digital Library | www.panjabdigilib.org

ਅਮੀਰ ਵਜ਼ੀਰ ਫ਼ੌਜੀ ਅਫ਼ਸਰ ਸਭ ਆ ਮਿਲੇ। ਗੁਰੂ ਸਾਹਿਬ ਉਸਦਾ ਕੰਮ ਕਰਕੇ
ਆਗਰੇ ਜਿਥੇ ਹੁਣ ਗੁਰਦ੍ਵਾਰਾ ਹੈ ਉਥੇ ਬਾਗ ਵਿਚ ਆ ਉਤਰੇ। — ਉਧਰ ਬਹਾਦਰ
ਸ਼ਾਹ, ਤਾਰਾ ਆਜ਼ਮ ਦੀ ਲੋਥ ਤੇ ਉਸਦਾ ਘਾਤੀ ਤੀਰ ਲੈਕੇ ਆਗਰੇ ਦੇ ਕਿਲੇ ਵਿਚ ਤ
ਖ਼ਤ ਉਤੇ ਆ ਬੈਠਾ। ਇਨਾਮ ਵੰਡੇ, ਬੰਦੋਬਸਤ ਕੀਤਾ, ਅਨੇਕ ਤੀਰੰਦਾਜ਼ਾਂ ਨੇ ਇਨਾਮ ਲੈ
ਣ ਵਾਸਤੇ ਮਾਰਣ ਦਾ ਦਾਵਾ ਕੀਤਾ ਪਰ ਤੀਰ ਕਿਸੇ ਦਾ ਉਸ ਤੀਰ ਨਾਲ ਨਾ ਮਿਲਿਆ, ਜ
ਦ ਬਾਦਸ਼ਾਹ ਗੁਰੂ ਪਾਸ ਗਯਾ ਤਾਂ ੧੧ ਸੌ ਮੁਹਿਰ ਦੇਕੇ ਮੱਥਾ ਟੇਕਿਆ ਤੇ ਦਰਸ਼ਨ ਕਰ
ਕੇ ਜਦ ਉਹ ਤੀਰ ਗੁਰੂ ਜੀ ਦੇ ਤੀਰਾਂ ਨਾਲ ਰਲਾਯਾ ਤਾਂ ਰਲ ਗਿਆ ਤਦ ਗੁਰੂ ਸਾਹਿ
ਬ ਦੇ ਚਰਨ ਪਕੜਕੇ ਆਖਿਆ ਏਹ ਬਾਦਸ਼ਾਹੀ ਮੈਨੂੰ ਆਪ ਨੇ ਹੀ ਬਖਸ਼ੀ ਹੈ ਹੁਣ
ਆਪ ਮੇਰੇ ਨਾਲ ਦਿੱਲੀ ਚੱਲੋ, ਪਹਿਲੇ ਸਭ ਬੰਦੋਬਸਤ ਕਰਕੇ ਫੇਰ ਦੱਖਣ ਦਾ ਸੈਲ ਕ
ਰਾਂਗੇ। ਗੁਰੂ ਸਾਹਿਬ ਦਿੱਲੀ ਮੋਤੀ ਬਾਗ ਵਿਚ ਜਾ ਉਤਰੇ, ਏਥੇ ਹੁਣ ਮੰਜੀ ਸਾਹਿਬ ਹੈ
ਏਥੇ ਦੋਵੇਂ ਮਹਿਲ ਗੁਰੂ ਸਾਹਿਬ ਦੇ ਜਵਾਹਰ ਸਿੰਘ ਅਰੋੜੇ ਦੀ ਹਵੇਲੀ ਵਿਚ ਪਹਿਲੇ
ਹੀ ਸੇ ਸੋ ਉਨ੍ਹਾਂ ਨੂੰ ਮਿਲੇ। ਮਾਤਾ ਸੁੰਦਰੀ ਜੀ ਨੇ ਆਪਣੇ ਬੇਟੇ ਅਜੀਤ ਸਿੰਘ ਜੀ ਦੀ ਸ਼ਕ
ਲ ਜੈਸਾ ਇਕ ਸੁਨਿਆਰੇ ਦਾ ਛੋਕਰਾ ਲੈਕੇ ਬੇਟਾ ਬਣਾਯਾ ਤੇ ਉਸਦਾ ਨਾਮ ਭੀ ਅਜੀਤ
ਸਿੰਘ ਰੱਖਿਆ। ਗੁਰੂ ਸਾਹਿਬ ਨੇ ਏਹ ਹਾਲ ਸੁਣਕੇ ਆਖਿਆ ਤੁਸੀ ਚੰਗਾ ਨਹੀ ਕੀਤਾ
ਏਸ ਸੁਨਿਆਰੇ ਤੋਂ ਦੁਖ ਪਾਓਗੇ। ਸਾਰਾ ਬ੍ਰਿਤਾਂਤ ਪੰਜਵੇਂ ਹਿੱਸੇ ਵਿਚ ਹੈ।

ਇਕ ਦਿਨ ਬਾਦਸ਼ਾਹ ਤੇ ਗੁਰੂ ਸਾਹਿਬ ਕਿਸ਼ਤੀ ਵਿਚ ਬੈਠੇ ਜਮਨਾ ਦਰੀਯਾਇ ਦਾ ਸੈਲ
ਕਰ ਰਹੇ ਸੇ ਤੇ ਮੁਨਸ਼ੀ ਨੰਦਲਾਲ, ਦੀਵਾਨ ਹਾਕਮਰਾਇ, ਸਆਦਤਖ਼ਾਂ ਆਦਿਕ ਖ਼ਾ
ਸ ਖ਼ਾਸ ਆਦਮੀ ਪਾਸ ਸੇ ਤਦ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਬਹੁਤ ਅਹਸਾਨ ਜ
ਣਾ ਕਰਕੇ ਆਖਿਆ ਹੁਣ ਆਪ ਦਿਲ ਦੱਸੋ ਜੋ ਮੈਂ ਕਰਾਂ, ਗੁਰੂ ਸਾਹਿਬ ਨੇ ਸੂਬਾ ਸਰ
ਹੰਦ, ਸੁਚਾਨੰਦ ਦੀਵਾਨ, ਮੁਕੱਰਮਖ਼ਾਂ ਨਵਾਬ ਰੋਪੜੀਆ, ਦਿਲਾਵਰਖ਼ਾਂ ਸੂਬਾ ਲਾ
ਹੌਰ, ਹਾਕਮ ਜਾਲੰਧਰ, ਸ਼ੱਮਸਖ਼ਾਂ ਬ੍ਰਿਜਵਾੜੀਆ ਤੇ ਚੌਧਰੀ ਫਗਵਾੜੇ ਵਾਲੇ, ਸ
ਹੇੜੀ ਵਾਲਾ ਬ੍ਰਹਮਣ, ਮੋਰੰਡੇ ਵਾਲੇ ਜਾਨੀ ਮਾਨੀ ਖ਼ਾਂ ਰੰਘੜ, ਰਾਜੇ ਹੰਡੂਰੀ ਕਹਿਲੂਰੀ
ਆਦਿਕ ਸਤਾਰਾਂ ਆਦਮੀਆਂ ਦੇ ਨਾਮ ਲੈਕੇ ਆਖਿਆ ਜਿਨ੍ਹਾਂ ੨ ਨੇ ਅਸਾਡੇ ਨਾਲ ਜ਼ੁ
ਲਮ ਤੇ ਦਗੇ ਕੀਤੇ ਹਨ ਏਨ੍ਹਾਂ ਦੇ ਮਾਲ ਮੁਲਕ ਜ਼ਬਤ ਹੋਕਰ ਜੈਸਾ ਆਪਦੇ ਬਾਬੇ ਜ
ਹਾਂਗੀਰ ਬਾਦਸ਼ਾਹ ਨੇ ਚੰਦੂ ਸ਼ਾਹੀ ਦੀਬਾਨ ਅਸਾਡੇ ਦਾਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ

Digitized by Panjab Digital Library | www.panjabdigilib.org

ਫੜਾ ਦਿੱਤੀ ਸੀ ਉਸੇ ਤਰਾਂ ਏਹ ੧੭ ਆਦਮੀ ਸਾਡੇ ਹਵਾਲੇ ਕੀਤੇ ਜਾਣ। ਏਹ ਸੁਣ ਕੇ ਬਾਦਸ਼ਾਹ ਨੇ ਅਰਜ਼ ਕੀਤੀ ਕਿ ਅਜੇ ਮੇਰਾ ਬੰਦੋਬਸਤ ਮੁਲਕ ਪਰ ਪੂਰਾ ੨ ਨਹੀ ਹੋਯਾ ਜਦ ਪੰਜ ਸਤ ਬਰਸ ਮੇਰੇ ਇੰਤਜ਼ਾਮ ਨੂੰ ਹੋ ਜਾਣਗੇ ਤਾਂ ਏਹ ਕੰਮ ਭੀ ਕੀਤਾ ਜਾਵੇਗਾ ਐਸ ਸਮਯ ਜੇਹੜਾ ਪ੍ਰਗਨਾ ਆਪ ਨੂੰ ਪਸੰਦ ਹੋਵੇ ਸੋ ਲੈ ਕਰ ਨਿਵਾਸ ਕਰੀਏ ਤੇ ਆਪਦੇ ਨਾਮੀ ੨ ਸਿੱਖਾਂ ਨੂੰ ਭੀ ਇੱਜ਼ਤ ਜਾਗੀਰ ਯਥਾਯੋਗ ਦਿੱਤੀ ਜਾਵੇਗੀ ਹੋਰ ਜੋ ਕੁਛ ਨੁਕਸਾਨ ਤੁਹਾਡਾ ਅਨੰਦਪੁਰ ਵਿਚ ਹੋਯਾ ਹੈ ਉਸਦੀ ਫਰਦ ਬਣਾ ਕਰ ਦੇਓ ਤਾਂ ਸ਼ਾਹੀ ਖਜ਼ਾਨੇ ਵਿੱਚੋਂ ਦਿੱਤਾ ਜਾਵੇਗਾ। ਏਹ ਜਵਾਬ ਸੁਣ ਕੇ ਗੁਰੂ ਸਾਹਿਬ ਨੇ ਗੁੱਸੇ ਨਾਲ ਆਖਿਆ ਏਸ ਲਿਮੇ ਲੇਖੇ ਦੀ ਆਸ ਅਸੀਂ ਨਹੀਂ ਰੱਖਦੇ ਕਿਓਂਕੇ ਸ੍ਵਾਸ ਦਾ ਕੋਈ ਭਰੋਸਾ ਨਹੀਂ। ਅਤੇ ਸਾਡਾ ਨੁਕਸਾਨ ਦੇਣ ਦੀ ਤੇਰੇ ਪਾਸ ਤਾਕਤ ਨਹੀਂ, ਅਸਾਡੇ ਸਿੱਖ ਆਪਣੀ ਹਿੰਮਤ ਨਾਲ ਆਪੇ ਜਾਗੀਰਾਂ ਰੋਕ ਲੈਣਗੇ। ਜਿਨ੍ਹਾਂ ਦੇ ਫੜਾਉਣ ਤੋਂ ਤੂੰ ਡਰਦਾ ਹੈਂ ਸੋ ਅਸਾਡਾ ਇੱਕੋ ਸੇਵਕ ਆਵੇਗਾ ਤੇ ਉਨ੍ਹਾਂ ਸਭਨਾ ਨੂੰ ਮਨ ਭਾਂਵਦੀ ਸਜ਼ਾ ਦੇਵੇਗਾ ਤੇ ਸਾਹਿਬਜ਼ਾਦਿਆਂ ਦੇ ਵੈਰ ਲਵੇਗਾ। ਏਹ ਬਚਨ ਸੁਣ ਕੇ ਬਹਾਦਰ ਸ਼ਾਹ ਤੇ ਸਭ ਅਮੀਰ ਆਸ਼੍ਚਰਜ ਹੋ ਗਏ। ਬਾਦਸ਼ਾਹ ਸਮਾ ਪਛਾਣ ਕੇ ਮੁਹੱਬਤ ਤੇ ਸੇਵਾ ਕਰਨ ਲੱਗਾ।

ਦੂਸਰੇ ਦਿਨ ਪੰਜ ਲੱਖ ਰੁਪਏ ਦਾ ਸੁਇਨਾ ਚਾਂਦੀ, ਨਕਦੀ ਸਾਮਾਨ ਗੁਰੂ ਸਾਹਿਬ ਦੇ ਡੇਰੇ ਸਿੱਖਾਂ ਨੂੰ ਬਖਸ਼ਣ ਵਾਸਤੇ ਭੇਜ ਦਿੱਤਾ ਤੇ ਇਕ ਲੱਖ ਰੁਪਏ ਦਾ ਜ਼ਰ, ਜ਼ੇਵਰ, ਬਰਤਨ ਸੋਨੇ ਚਾਂਦੀ ਦੇ ਆਦਿਕ ਮਾਤਾ ਸੁੰਦਰੀ ਜੀ ਦੇ ਪਾਸ ਹਵੇਲੀ ਵਿਚ ਭੇਜਿਆ ਤੇ ਮਾਤਾ ਸਾਹਿਬਾਂ ਦੇ ਲੰਗਰ ਵਾਸਤੇ ਸਵਾ ਸੌ ਰਸਤ, ਘੋੜਿਆਂ ਦਾ ਘਾਸਦਾਣਾ ਹਰ ਰੋਜ਼ ਦਾ ਤੇ ਬਾਰਾਂ ਹਜ਼ਾਰ ਨਕਦ ਸਾਲ ਦਾ ਬੰਨ੍ਹ ਦਿੱਤਾ। — ਜੇਹੜਾ ਪਦਾਰਥ ਪਾਤਸ਼ਾਹ ਨੇ ਗੁਰੂ ਸਾਹਿਬ ਪਾਸ ਭੇਜਿਆ ਸੀ ਸੋ ਗੁਰੂ ਜੀ ਤਾਂ ਰੱਖਣਾ ਨਹੀਂ ਚਾਹੁੰਦੇ ਸੇ ਪਰ ਮਾਮੇ ਕ੍ਰਿਪਾਲ ਚੰਦ, ਸਾਹਿਬਚੰਦ, ਮੁਨਸ਼ੀ ਨੰਦਲਾਲ, ਰਾਮ ਦਿਆਲ, ਹਰਿਦਿਤ ਸਿੰਘ, ਗੋਪਾਲ ਸਿੰਘ, ਮਨੀ ਸਿੰਘ ਆਦਿਕ ਸਿੱਖਾਂ ਨੇ ਮੋੜ ਦੇਣਾ ਚੰਗਾ ਨਾ ਸਮਝ ਕੇ ਸਿੱਖਾਂ ਨੂੰ ਹੀ ਵਰਤਾਇ ਦਿੱਤਾ।

ਬਾਦਸ਼ਾਹ ਗੁਰੂ ਸਾਹਿਬ ਨੂੰ ਖੁਸ਼ੀ ਰੱਖਣ ਵਾਸਤੇ ਮ੍ਰਿਗ, ਸ਼ੇਰ, ਪਹਿਲਵਾਨ, ਹਾਥੀਆਂ ਦੇ ਘੋਲ ਤੇ ਨਿਸ਼ਾਨੇ ਬਾਜ਼ੀ ਕਰਾਉਂਦਾ ਦਿਖਾਉਂਦਾ ਰਹਿੰਦਾ ਸੀ। ਫੇਰ ਏਹ ਰਾਜਨੀਤੀ ਦੀ ਚਾਲ ਕੀਤੀ ਕੇ ਬਸੰਤ ਪੂਜ ਕੇ ਸੰ: ੧੭੬੩ ਬਿ: ਨੂੰ ਦੱਖਣ ਦੇਸ ਦਾ ਦੌਰਾ ਕਰਨ ਚੱਲਿਆ ਤਾਂ ਗੁਰੂ ਸਾਹਿਬ ਨੂੰ ਬੜੇ ਪ੍ਰੇਮ ਨਾਲ ਸਾਥ ਲੈ ਤੁਰਿਆ, ਕਿਓਂਕੇ ਉਹ ਜਾਣਦਾ ਸੀ ਜੋ ਪੰਜਾਬ

Digitized by Panjab Digital Library | www.panjabdigilib.org

ਦੇਸ ਸਬ ਗੁਰੂ ਦੇ ਸਿੱਖਾਂ ਦਾ ਹੈ, ਐਸਾ ਨ ਹੋਵੇ ਅੱਗੇ ਦੀ ਤਰਾਂ ਗਦਰ ਮਚ ਜਾਵੇ। ਗੁ
ਰੂ ਸਾਹਿਬ ਤਾਂ ਪਹਿਲੇ ਹੀ ਦੱਖਣ ਦੇਸ ਜਾਣੇ ਦਾ ਵਿਚਾਰ ਰੱਖਦੇ ਸੇ ਫੇਰ ਤਾਂ ਮਾਤਾ ਸਾਹਿ
ਬ ਦੇਵੀ ਤੇ ਦੋ ਇਕ ਸੌ ਸਿੰਘ ਭੀ ਗੁਰੂ ਸਾਹਿਬ ਦੇ ਨਾਲ ਹੋ ਗਏ। ਬਿਰਧ ਸੌ ੧੦੦ ਸਿੰਘ ਮਾਤਾ
ਸੁੰਦਰੀ ਜੀ ਦੇ ਪਾਸ ਦਿੱਲੀ ਵਿਚ ਰਹੇ।

ਜਦ ਮਥੁਰਾ, ਬ੍ਰਿੰਦਾਬਨ, ਭਰਤਪੁਰ, ਜੈਪੁਰ, ਜੋਧਪੁਰ ਆਦਿਕ ਅਸਥਾਨਾਂ ਦਾ ਸੈਲ
ਕਰਦੇ ਹੋਏ ਉਜੈਨ ਵਿਚ ਪਹੁੰਚੇ ਤਾਂ ਬਾਦਸ਼ਾਹ ਨੇ ਇਕ ਬੜਾ ਦਰਬਾਰ ਕੀਤਾ ਜਿਸ ਵਿ
ਚ ਉਸ ਦੇਸ ਦੇ ਸਬ ਰਾਜਪੂਤ ਰਾਜੇ ਤੇ ਨੱਵਾਬ ਆਏ, ਨਜ਼ਰਾਨੇ ਦਿੱਤੇ ਖਿਲਤ ਪਾਏ
ਉਸ ਸਮੇ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਭੀ ਸਬ ਤੋਂ ਨਜ਼ਰ ਦਿਖਾਈ ਤੇ ਆਮ ਦਰਬ
ਰ ਵਿਚ ਬਾਦਸ਼ਾਹ ਨੇ ਆਪ ਗੁਰੂ ਜੀ ਦੀ ਮਹਿਮਾ ਕਹਿ ਕਰ ਸੁਣਾਯਾ ਕੇ ਏਨ੍ਹਾਂ ਦੀ ਕ੍ਰਿਪਾ
ਨਾਲ ਹੀ ਮੈਨੂੰ ਫਤੇ ਮਿਲੀ ਹੈ। ਦੂਸਰੇ ਦਿਨ ਬਾਦਸ਼ਾਹ ਸਬਨਾ ਰਾਜਿਆਂ ਸਮੇਤ ਸ਼ਿਕਾਰ
ਗਯਾ ਤਾਂ ਇਕ ਵੱਡਾ ਭਾਰੀ ਸ਼ੇਰ ਨਿਕਲਿਆ, ਬਾਦਸ਼ਾਹ ਨੇ ਤਲਵਾਰ ਨਾਲ ਮਾਰਨੇ ਦਾ
ਹੁਕਮ ਦਿੱਤਾ ਅਨੇਕ ਬਹਾਦਰ ਰਾਜਪੂਤ, ਮੁਗਲ, ਪਠਾਨ ਉਸ ਦੇ ਸਾਹਮਣੇ ਗਏ
ਕਈ ਮਾਰੇ ਗਏ ਕਈ ਜ਼ਖਮੀ ਹੋਏ ਪਰ ਸ਼ੇਰ ਨਾ ਮਾਰਿਆ, ਓੜਕ ਗੁਰੂ ਸਾਹਿਬ ਦੀ
ਆਗਿਆ ਨਾਲ ਰੌਸ਼ਨ ਸਿੰਘ ਨੇ ਉਸ ਨੂੰ ਲਲਕਾਰ ਕੇ ਮਾਰਿਆ। ਏਸ ਨੂੰ ਦੇਖ ਕੇ ਸਿ
ਖਾਂ ਦੀ ਬਹਾਦਰੀ ਸਬ ਦੇ ਦਿਲ ਪਰ ਬੈਠ ਗਈ। — ਏਸੇ ਦਿਨ ਸਿਪਰਾ ਗੰਗਾ
ਜੋ ਉਥੇ ਚਲਦੀ ਹੈ ਉਸ ਦੇ ਕਿਨਾਰੇ ਉਤਰ ਕੇ ਬਾਦਸ਼ਾਹ ਨੇ ਐਤਨੀ ਦੂਰ ਨਿਸ਼ਾਨਾ ਗੱ
ਡਿਆ ਕਿ ਅਨੇਕਾਂ ਦੇ ਤੀਰ ਉਥੋਂ ਤਕ ਪਹੁੰਚ ਹੀ ਨਾ ਸੱਕੇ। ਗੁਰੂ ਸਾਹਿਬ ਨੇ ਪਹਿਲੇ ਹੀ
ਤੀਰ ਨਾਲ ਨਿਸ਼ਾਨਾ ਉਡਾ ਕੇ ਸੌ ਕਦਮ ਪਰ ਅੱਗੇ ਜਾ ਗਿਰਾਯਾ। ਸਬ ਰਾਜੇ ਮਹਾਰ
ਜੇ ਦੇਖ ਕੇ ਦੰਗ ਰਹੇ। ਏਹ ਬਿੱਦਿਆ ਸਿੱਖਣ ਵਾਸਤੇ ਅਨੇਕ ਰਾਜਿਆਂ ਨੇ ਆਪਣੇ ੨ ਮਾਤ
ਬਰ ਗੁਰੂ ਜੀ ਦੇ ਪਾਸ ਭੇਜ ਕੇ ਬੇਨਤੀ ਕੀਤੀ ਕਿ ਚਾਰ ਮਹੀਨੇ ਸਾਡੀ ਰਾਜਧਾਨੀ ਵਿੱਚ
ਚੱਲ ਕੇ ਰਹੋ, ਪਰ ਗੁਰੂ ਸਾਹਿਬ ਕਿਸੇ ਦੇ ਘਰ ਨਾ ਗਏ। — ਏਥੋਂ ਤੁਰ ਬੁਰਹਾਨ
ਪੁਰ ਦੀ ਤਰਫ ਨੂੰ ਬਾਦਸ਼ਾਹ ਨੇ ਕੂਚ ਕੀਤਾ। ਏਕਾ ਟਾਕੀ ਤਾਂ ਮੁਸਲਮਾਨਾਂ ਤੇ ਸਿੱਖਾਂ ਦੀ
ਹਮੇਸ਼ ਹੀ ਰਹਿੰਦੀ ਸੀ, ਇਕ ਜਗਾ ਸੂਰ ਦੇ ਸ਼ਿਕਾਰ ਉੱਤੇ ਲੜਾਈ ਹੋ ਪਈ ਜਿਸ ਵਿ
ਚ ਭਾਈ ਮਾਨ ਸਿੰਘ ਜੋ ਬੜਾ ਨਾਮੀ ਗੁਰੂ ਕਾ ਪ੍ਰੇਮੀ ਸੂਰਬੀਰ ਸਿੰਘ ਸੀ ਸੋ ੭੦ ਸੱਠਾ ਸੱਤਾਂ
ਨੂੰ ਮਾਰ ਕੇ ੧੪ ਸਿੱਖਾਂ ਸਮੇਤ ਸ਼ਹੀਦ ਹੋ ਗਿਆ। ਏਸੇ ਤਰਾਂ ਫੇਰ ਇਕ ਦਿਨ ਮੁਸਲਮ

Digitized by Panjab Digital Library | www.panjabdigilib.org

ਨਾਨੇ ਸਿੱਖਾਂ ਦੇ ਡੇਰੇ ਦੇ ਨਜ਼ਦੀਕ ਗਊਆਂ ਮਾਰੀਆਂ। ਸਿੰਘ ਜਰ ਨਾ ਸਕੇ ਤੇ ਤਲਵਾਰਾਂ ਖਿੱਚ ਕੇ ਜਾ ਪਏ। ਬਾਦਸ਼ਾਹ ਨੇ ਵਜ਼ੀਰ ਨੂੰ ਭੇਜ ਕੇ ਲੜਾਈ ਬੰਦ ਕਰਾਈ।

ਏਥੋਂ ਗੁਰੂ ਸਾਹਿਬ ਤਾਪੀ ਨਦੀ ਦੇ ਕਿਨਾਰੇ ਬੁਰਹਾਨਪੁਰ ਸ਼ਹਿਰ (ਜਿੱਥੇ ਹੁਣ ਹਠੀ ਸਿੰਘ ਦੀ ਸਮਾਧ ਤੇ ਗੁਰਦੁਆਰਾ ਹੈ) ਠਹਿਰ ਗਏ। ਅਤੇ ਬਹਾਦਰ ਸ਼ਾਹ ਗੁਲਬਰਗੇ ਦੀ ਤਰਫ ਚਲਾ ਗਿਆ। ਬੁਰਹਾਨਪੁਰ ਦਾ ਮਾਲੀ ਮਹੰਤ ਇਕ ਜੀਵਣ ਦਾਸ ਬੈਸ਼ਨੋ ਸੰਤ ਕਿਸੇ ਸਮੇਂ ਗੁਰੂ ਸਾਹਿਬ ਪਾਸ ਆਨੰਦਪੁਰ ਰਹਿ ਗਿਆ ਸੀ, ਉਸ ਨੇ ਗੁਰੂ ਸਾਹਿਬ ਦੀ ਮਹਿਮਾ ਸੁਣਾ ਕੇ ਉਥੋਂ ਦੇ ਲੋਗਾਂ ਨੂੰ ਗੁਰੂ ਜੀ ਦੇ ਸੇਵਕ ਬਣਾਇ ਦਿੱਤਾ ਤੇ ਬਹੁਤ ਸੇਵਾ ਕਰਾਈ ਇਕ ਮਹੀਨਾ ਗੁਰੂ ਸਾਹਿਬ ਨੂੰ ਸੇਵਕਾਂ ਨੇ ਜਾਣ ਨਾ ਦਿੱਤਾ। ਉਸੇ ਸਮੇਂ ਮਹੰਤ ਜੈਤ ਰਾਮ ਨਰੈਣੇ ਵਾਲਾ ਭੀ ਆਪਣੇ ਸੇਵਕਾਂ ਤੋਂ ਪੂਜਾ ਲੈਂਦਾ ਹੋਯਾ ਬੁਰਹਾਨਪੁਰ ਪਹੁੰਚ ਗਯਾ ਗੁਰੂ ਜੀ ਨੂੰ ਮਿਲ ਕੇ ਬਹੁਤ ਖੁਸ਼ ਹੋਯਾ। ਦੇਸ ਜਾਤ੍ਰਾ ਤੇ ਸੰਤਾਂ ਦੇ ਪ੍ਰਸੰਗ ਵਿਚ ਜੈਤ ਰਾਮ ਨੇ ਆਖਿਆ ਨਾਦੇੜ ਸ਼ਹਿਰ ਦੇ ਪਾਸ ਗੋਦਾਵਰੀ ਗੰਗਾ ਕਿਨਾਰੇ ਇਕ ਸਿੱਧ ਪੁਰਸ਼ ਲਛਮਨ ਬਾਲਾ, ਨਰੈਣ ਦਾਸ ਸੰਤ ਬੜਾ ਕਰਾਮਾਤੀ ਅੱਠ ਸਿਧੀਆਂ ਤੇ ਚੌਸਠ ਬਿੱਦਿਆ ਦਾ ਧਨੀ ਰਹਿੰਦਾ ਹੈ, ਜੋ ਕੋਈ ਸਾਧੂ ਉਸ ਦੇ ਦਰਸ਼ਨ ਕਰਨ ਜਾਂਦਾ ਹੈ ਉਸ ਨੂੰ ਪਰਖਣ ਵਾਸਤੇ ਪਹਿਲੇ ਤਾਂ ਉਹ ਬਾਦਸ਼ਾਹਾਂ ਦੀ ਸੇਜਾ ਜੈਸੇ ਪਲੰਘ ਉੱਤੇ ਬੈਠਾ ਕੇ ਬਹੁਤ ਸਤਿਕਾਰ ਤੇ ਸੇਵਾ ਕਰਦਾ ਹੈ ਫੇਰ ਮੁਵੱਕਲਾਂ (ਬੀਰਾਂ) ਤੋਂ ਪਲੰਘ ਨੂੰ ਪੁੱਠਾ ਕਰਵਾ ਕਰ ਸਾਧੂ ਨੂੰ ਹੇਠਾਂ ਦਬਾਇ ਕਰ, ਤਾੜੀ ਬਜਾਇ, ਹਾਸੀ ਮਖੌਲ ਕਰ ਸ਼ਰਮਿੰਦਾ ਕਰ ਦਿੰਦਾ ਹੈ। ਇਕ ਵਾਰੀ ਮੈਂ ਭੀ ਉਸ ਤੋਂ ਏਹੋ ਜੇਹੀ ਸੇਵਾ ਮਸਖਰੀ ਕਰਵਾ ਆਯਾ ਹਾਂ। ਜਦ ਏਸੇ ਗੱਲ ਦੀ ਗਵਾਹੀ ਤੇ ਉਸ ਦੀ ਮਹਿਮਾ ਜੀਵਨ ਦਾਸ ਨੇ ਭੀ ਬਹੁਤ ਕੀਤੀ ਤਾਂ ਗੁਰੂ ਸਾਹਿਬ ਨੇ ਹੱਸ ਕੇ ਫੁਰਮਾਯਾ ਤੁਸੀਂ ਮੋਨੇ ਕੋਨੇ ਦਾਸ ਨਾਮ ਮੋਠ ਬਾਜਰੀ ਦੇ ਖਾਣ ਵਾਲੇ ਮਾਰ ਖਾ ਆਏ ਹੋ ਅਸੀਂ ਸਿੰਘ ਨਾਮ ਕੇਸਾਧਾਰੀ, ਸ਼ਸਤ੍ਰੀ ਸ਼ਿਕਾਰ ਦੇ ਖਿਲਾੜੀ ਉਸ ਮਸਤ ਫੀਲ ਬੈਰਾਗੀ ਦਾ ਸ਼ਿਕਾਰ ਕਰਾਂਗੇ ਅਤੇ ਪਹਿਲੇ ਉਸੇ ਨੂੰ ਦੇਖਾਂਗੇ। ਏਹ ਕਹਿ ਕੇ ਗੁਰੂ ਜੀ ਉਥੋਂ ਰਵਾਨਾ ਹੋ ਕਰ ਸੇਵਨ, ਛਪਾਰਾ, ਨਾਗਪੁਰ, ਬਾਲਾਪੁਰ, ਅਕੋਲਾ, ਬਨੇਰਾ, ਅਮਰਾਵਤੀ, ਬਸਮਤ, ਹਿੰਗੋਲੀ ਆਦਿਕ ਸ਼ਹਿਰਾਂ ਦਾ ਸੈਲ ਕਰਦੇ ਹੋਏ ਹਾੜ ਸੰ: ੧੭੬੪ ਬਿ: ਨੂੰ ਨਾਦੇੜ ਸ਼ਹਿਰ ਵਿਚ ਗੰਗਾ ਤੀਰੇ ਜਿੱਥੇ ਸੰਗਤ ਸਾਹਿਬ ਨਾਮੇ ਗੁਰਦੁਆਰਾ ਮਸ਼ਹੂਰ ਹੈ ਜਾ ਉਤਰੇ।

Digitized by Panjab Digital Library | www.panjabdigilib.org

ਦੂਸਰੇ ਦਿਨ ਨਰੈਣਦਾਸ ਮਸ਼ਹੂਰ ਮਾਧੋਦਾਸ ਸਾਧੂ ਨੂੰ ਦੇਖਣ ਵਾਸਤੇ ਦਸ ਬੀਸ ਸਿਖ੍ਯਾਂ
ਸਮੇਤ ਗਏ ਤਾਂ ਉਸਦਾ ਬਗ਼ੀਚਾ ਦੇਖਕੇ ਬਹੁਤ ਖੁਸ਼ ਹੋਏ। ਮਾਧੋਦਾਸ ਡੇਰੇ ਨਹੀ ਸੀ
ਏਸ ਵਾਸਤੇ ਗੁਰੂ ਸਾਹਿਬ ਉਸਦੇ ਬਾਗ ਦਾ ਸੈਲ ਕਰਕੇ ਉਸਦੇ ਮੰਜੇ ਪਰ (ਜੋ ਬਾਦਸ਼ਾ
ਹਾਂ ਜੈਸਾ ਵਿਛਿਆ ਹੋਯਾ ਸੀ) ਜਾ ਬੈਠੇ। ਤੇ ਗੁਰੂ ਜੀ ਦੇ ਸਿਖਾਂ ਨੇ ਮਾਧੋਦਾਸ ਦੇ ਕਈ ਬਕ
ਰੇ ਝਟਕਾਇ ਲੀਤੇ। ਏਹ ਹਾਲ ਦੇਖਕੇ ਉਸਦੇ ਚੇਲਿਆਂ ਨੇ ਦੌੜ ਕੇ ਮਾਧੋਦਾਸ ਨੂੰ ਖਬਰ
ਕੀਤੀ। ਮਾਧੋਦਾਸ ਨੇ ਸੁਣ ਕੇ ਬੜਾ ਕ੍ਰੋਧ ਕੀਤਾ। ਤੇ ਲਿਖਿਆ ਹੈ ਕਿ ਉਸੇ ਵਕਤ ਆਪਣੇ
ਬੀਰ ਭੇਜੇ ਕੇ ਜਾ ਕਰ ਬਕਰੇ ਮਾਰਨ ਵਾਲਿਆਂ ਨੂੰ ਮਾਰ ਦੇਓ ਤੇ ਪਲੰਘ ਨੂੰ ਉਲਟਾ ਕਰ
ਕੇ ਸਿਟ ਆਓ। ਬੀਰਾਂ ਨੇ ਆ ਕੇ ਸਿੱਖਾਂ ਨੂੰ ਬਹੁਤ ਡਰਾਯਾ। ਤਦ ਗੁਰੂ ਜੀ ਨੇ ਭਾਈ ਦਯਾ
ਸਿੰਘ ਨੂੰ ਆਪਣਾ ਤੀਰ ਦੇਕੇ ਫੁਰਮਾਯਾ ਕਿ ਤੁਸੀਂ ਆਪਣੇ ਚੁਫੇਰੇ ਤੀਰ ਨਾਲ ਲਕੀਰ
ਕਢ ਲਓ ਤੇ ਸੱਤ ਸ੍ਰੀ ਅਕਾਲ, ਸੱਤ ਸ੍ਰੀ ਅਕਾਲ ਉਚਾਰਦੇ ਰਹੋ। ਸੋ ਸਬ ਸਿੱਖ ਏਸੇ ਤ
ਰਾਂ ਕਰਦੇ ਰਹੇ। ਫੇਰ ਜਦ ਮਦਕਲਾ ਨੇ ਪਲੰਘ ਪੁੱਠਾ ਕਰਨਾ ਚਾਹਿਆ ਤਾਂ ਗੁਰੂ ਜੀ ਨੇ
ਤੀਰ ਦੀ ਮੁਖੀ ਨਾਲ ਪਲੰਘ ਨੂੰ ਦਬਾ ਕੇ ਆਖਿਆ ਟਿਕਿਆ ਰਹੁ। ਬਸ ਫੇਰ ਤਾਂ ਮੁਦਕਲਾ
ਬਥੇਰਾ ਜ਼ੋਰ ਲਾਂਵਦੇ ਪਰ ਪਲੰਘ ਹਿੱਲ ਨਾ ਸਕਿਆ। ਫੇਰ ਮਾਧੋਦਾਸ ਨੇ ਹੋਰ ਭੀ ਅਨੇ
ਕ ਜਤਨ ਕੀਤੇ ਪਰ ਗੁਰੂ ਸੁਮੇਰੂ ਨੂੰ ਕੋਈ ਹਿਲਾ ਨਾ ਸਕਿਆ ਸਬ ਹਾਰ ਗਏ। ਓੜਕ
ਮਾਧੋਦਾਸ ਹੱਥ ਜੋੜ ਕੇ ਅੱਗੇ ਆ ਖੜੋਤਾ ਤੇ ਆਖਿਆ ਜੀ ਮੈਂ ਆਪਦਾ ਬੰਦਾ ਹਾਂ। ਗੁ
ਰੂ ਸਾਹਿਬ ਨੇ ਕਹਿਆ ਤੂੰ ਮਨ ਤਨ ਤੋਂ ਬੰਦਾ ਹੈਂ ਕਿ ਨਿਰਾ ਪੁਰਾ ਮੂੰਹੋਂ ਆਖਣ ਨੂੰ ਹੀ ਹੈਂ। ਤ
ਦ ਮਾਧੋਦਾਸ ਨੇ ਕਹਿਆ ਮੈਂ ਮਨ ਤਨ ਤੇ ਤੁਹਾਡਾ ਬੰਦਾ ਹਾਂ। ਗੁਰੂ ਜੀ ਬੋਲੇ ਜੋ ਬੰਦਾ ਹੁੰਦਾ ਹੈ
ਸੋ ਮਾਲਕ ਦੀ ਬੰਦਗੀ ਕਰਦਾ ਹੈ। ਮਾਧੋਦਾਸ ਨੇ ਪ੍ਰਾਰਥਨਾ ਕੀਤੀ ਕੇ ਜੋ ਕੁਛ ਟਹਿਲ
ਆਪ ਫੁਰਮਾਓ ਸੋ ਮੈਂ ਮਨ ਤਨ ਤੇ ਕਰਾਂਗਾ। — ਗੁਰੂ ਜੀ ਨੇ ਉਸਨੂੰ ਸਪੁਤਰਾਂ ਲਾ
ਇਕ ਸਮਝ ਕੇ ਆਪਣੇ ਪਾਸ ਬੈਠਾਯਾ ਤੇ ਸਤਕਾਰ ਦੇਕੇ ਆਪਣਾ ਸੇਵਕ ਬਣਾਯਾ
ਤੇ ਜੋ ਕੁਛ ਪਹਾੜੀ ਰਾਜਿਆਂ ਨੇ, ਤੇ ਸੂਬੇ ਵਜੀਦਖਾਨ ਆਦਿਕ ਮੁਸੱਲਮਾਨਾਂ ਨੇ ਗੁਰੂ ਸਾ
ਹਿਬਾਂ ਨਾਲ ਫਰੇਬ, ਜ਼ੁਲਮ, ਜੰਗ ਕੀਤੇ ਸੇ ਓਹ ਸਬ ਪ੍ਰਸੰਗ ਸੁਨਾ ਕਰ ਸਾਹਿਬਜ਼ਾ
ਦਿਆਂ ਦਾ ਬਦਲਾ ਲੈਣ ਵਾਸਤੇ ਉਦਮੀ ਕਰਾਯਾ। ਤਦ ਉਸਨੇ ਮਦਦ ਮੰਗੀ ਤਾਂ ਮਹਾਰਾ
ਜ ਨੇ ਆਪਣੀ ਤਲਵਾਰ ਉਸਨੂੰ ਬਖਸ਼ੀ। ਪਰ ਸਿੱਖਾਂ ਨੇ ਉਸ ਤੋਂ ਝਟ ਪਟ ਛੀਨ ਲਈ,
ਤੇ ਆਖਿਆ ਕਿ ਏਸੇ ਸ਼ਮਸ਼ੇਰ ਵਾਸਤੇ ਅਸਾਂ ਸਿਰ ਦਿੱਤੇ, ਜੰਗ ਕੀਤੇ, ਦੁੱਖ ਭੁਖ ਸਹਾਰੀ

Digitized by Panjab Digital Library | www.panjabdigilib.org

ਕੁਟੰਬੀ ਛੱਡੇ ਤੇ ਹੋਰ ਅਨੇਕ ਦੁੱਖ ਝਾਗੇ ਹਨ, ਉਹ ਤੇਗ ਅਸੀਂ ਤੈਨੂੰ ਕਿਸ ਤਰਾਂ ਲੈਣ
ਦਿੰਦੇ ਹਾਂ। ਸਿਖਾਂ ਦੇ ਏਸ ਹੌਸਲੇ ਪਰ ਗੁਰੂ ਜੀ ਨੇ ਖੁਸ਼ੀ ਹੋ ਕੇ ਫੁਰਮਾਯਾ, ਹੁਣ ਖਾਲਸੇ
ਨੇ ਸਮਰਥ ਹੋ ਕੇ ਆਪਣੀ ਤੇਗ ਆਪੇ ਸੰਭਾਲ ਲਈ ਹੈ ਏਹ ਬਹੁਤ ਚੰਗਾ ਹੋਯਾ।
ਏਹ ਕਹ ਕਰ ਗੁਰੂ ਜੀ ਨੇ ਬੰਦੇ ਨੂੰ ਪੰਜ ਤੀਰ ਬਖਸ਼ੇ ਤੇ ਆਖਯਾ ਏਹ ਤੀਰ ਮਹਾਬੀਰ
ਸਮਝਣੇ। ਭੀੜ ਬਣੀ ਤੇ ਜ਼ਰੂਰਤ ਦੇ ਸਮੇਂ ਇਨ੍ਹਾਂ ਵਿਚੋਂ ਇਕ ਚਲਾਉਣਾ, ਕਾਰਜ ਸਿੱ
ਧ ਹੋ ਦੇਵੇਗਾ। ਫੇਰ ਹੋਰ ਹੱਥਯਾਰ, ਪੁਸ਼ਾਕੀ, ਬੰਦਾ ਬਹਾਦਰ ਦਾ ਖਿਤਾਬ, ਨਗਾਰਾ, ਨਿਸ਼ਾ
ਨ ੨੫ ਸਿੰਘ ਨਾਲ ਦੇ ਕਰ, ਪਿਠ ਠੋਕ ਕੇ ਪੰਜਾਬ ਨੂੰ ਤਯਾਰ ਕਰ ਦਿੱਤਾ। ੨੫ ਸਿੰਘਾਂ
ਵਿਚ ਬਾਬਾ ਬਿਨੋਦ ਸਿੰਘ ਭੱਲਾ ਸਾਹਿਬਜ਼ਾਦਾ, ਬਾਜ ਸਿੰਘ, ਕਾਨ ਸਿੰਘ, ਮੀਰਾਂਪੁਰ
ਪੱਟੀ ਦੇ ਜ਼ਿਮੀਦਾਰ, ਬਿਜੈ ਸਿੰਘ ਮਕੂ, ਰਾਮ ਸਿੰਘ ਹਜੂਰੀ, ਏਹ ਪੰਜ ਸਰਦਾਰ ਦੇ ਕਰ
ਪੰਜਾਬੀ ਸਿੱਖਾਂ ਨੂੰ ਹੁਕਮ ਨਾਮੇ ਲਿਖ ਭੇਜੇ ਕਿ ਸਬ ਪੰਥ ਖਾਲਸਾ ਬੰਦੇ ਬਹਾਦਰ ਨਾ
ਲ ਮਿਲ ਕੇ ਹਿੰਦੂ ਧਰਮ ਦੀ ਰੱਖਯਾ ਤੇ ਪੰਥ ਦੀ ਬ੍ਰਿੱਧੀ ਕਰੇ, ਸਾਹਿਬਜ਼ਾਦਿਆਂ ਦਾ ਬੈਰ
ਅੱਨਯਾਈ ਜ਼ਾਲਮਾਂ ਤੋਂ ਲਵੇ, ਬੰਦੇ ਬਹਾਦਰ ਨੂੰ ਮੇਰਾ ਸਰੂਪ ਸਮਝ ਕੇ ਏਸ ਦੇ ਤਾਬੇ
ਦਾਰ ਬਣੇ ਰਹਿਣਾ। ਫੇਰ ਬੰਦੇ ਬਹਾਦਰ ਨੂੰ ਉਪਦੇਸ਼ ਕੀਤਾ ਕਿ ਲੰਗੋਟੇ ਦਾ ਜਤੀ ਰ
ਹਿਣਾ, ਝੂਠ ਨਾ ਬੋਲਣਾ, ਆਪਣਾ ਪੰਥ ਜੁਦਾ ਨਾ ਚਲਾਉਣਾ, ਗੁਰਦੁਆਰੇ ਵਿਚ ਗੱ
ਦੀ ਲਾ ਕੇ ਨਾ ਬੈਠਣਾ। ਆਪ ਨੂੰ ਗੁਰੂ ਨਾ ਸਦਾਉਣਾ, ਸਿੰਘਾਂ ਨਾਲ ਮੁਹੱਬਤ ਰੱਖ
ਣੀ, ਸਿੰਘਾਂ ਪਰ ਜ਼ੋਰ ਨਾ ਜਿਤਾਵਣਾ। ਇਤਆਦਿਕ ਕਹਕੇ ਫੁਰਮਾਯਾ ਕਿ ਜਦ ਤ
ਕ ਤੂੰ ਏਨ੍ਹਾਂ ਬਚਨਾਂ ਉੱਤੇ ਕਾਯਮ ਰਹੇਂਗਾ ਤਦ ਤਕ ਫ਼ਤੇ ਤੁਰੀ ਰਹੇਗੀ ਜਦ ਏਨ੍ਹਾਂ ਬ
ਚਨਾਂ ਉੱਤੇ ਕਾਯਮ ਨਾ ਰਹੇਂਗਾ ਤਾਂ ਨੁਕਸਾਨ ਉਠਾਵੇਂਗਾ।
ਏਸ ਪ੍ਰਕਾਰ ਸਬ ਨੂੰ ਸਮਝਾ ਬੁਝਾ ਕੇ ਸਾਵਣ ਸੰ: ੧੭੬੪ ਬਿ: ਨੂੰ ਬੰਦੇ ਬਹਾਦਰ
ਨੇ ਪੰਜਾਬ ਦੀ ਤਰਫ਼ ਰਵਾਨੇ ਕੀਤਾ। -- ਜੋ ਜੋ ਕੰਮ ਬੰਦੇ ਸਾਹਿਬ ਨੇ ਪੰਜਾਬ ਵਿਚ
ਪਹੁੰਚ ਕੇ ਕੀਤੇ ਹਨ ਸੋ ਦੂਸਰੇ ਹਿੱਸੇ ਵਿਚ ਲਿਖੇ ਹਨ। ਏਧਰ ਗੁਰੂ ਸਾਹਿਬ ਨੇ ਗੋਦਾਵਰੀ
ਗੰਗਾ ਕਿਨਾਰੇ ਬਹੁਤ ਚੰਗਾ ਮੈਦਾਨ ਪਸੰਦ ਕਰ ਕੇ ਤੰਬੂ ਲਗਵਾਯਾ, ਤੇ ਪਚਾਸ ਕ
ਸਿੰਘਾਂ ਸਮੇਤ ਉਥੇ ਰਹਿਣ ਲਗ ਪਏ। ਏਥੇ ਇਕ ਫਕੀਰ ਸਾਬਰਸ਼ਾਹ ਤਕੀਏ
ਦਾਰ ਨੇ ਝਗੜਾ ਕੀਤਾ ਜਿਸ ਪਰ ਗੁਰੂ ਜੀ ਨੇ ਆਪਣੇ ਤਪ ਕਰਨੇ ਦੇ ਨਿਸ਼ਾਨ ਧੂੰਣੀ,
ਮਾਲਾ, ਤੂੰਬਾ, ਪਊਏ ਆਦਿਕ ਜ਼ਮੀਨ ਵਿਚੋਂ ਕੱਢ ਕੇ ਦਿਖਾਏ।

Digitized by Panjab Digital Library | www.panjabdigilib.org

ਗੁਰੂ ਸਾਹਿਬ ਦੀ ਹਮੇਸ਼ ਏਹ ਰੀਤੀ ਰਹੀ ਕਿ ਸਵਾ ਪਹਿਰ ਦੇ ਤੜਕੇ ਤੋਂ ਖੜੇ ਹੋਕੇ ਗੋਦਾ-
ਵਰੀ ਗੰਗਾ ਦੇ ਜਲ ਵਿਚ ਦੋ ਪਹਿਰ ਤਕ ਭਜਨ ਤਪੱਸਿਆ ਕਰਦੇ ਤੇ ਫੇਰ ਪ੍ਰਸ਼ਾਦ ਛ-
ਕਕੇ ਥੋੜੀ ਦੇਰ ਬਿਰਾਜ ਕੇ ਗ੍ਰੰਥ ਸਾਹਿਬ ਦੀ ਕਥਾ ਕਰਦੇ। ਜਿਸ ਵਿਚ ਗਿਆਨ ਉਪਦੇ-
ਸ਼ ਦੇਕੇ ਸਿੱਖਾਂ ਨੂੰ ਕੱਲਿਆਨ ਦੇ ਅਧਿਕਾਰੀ ਬਣਾਉਂਦੇ। ਫੇਰ ਕਦੇ ਦ ਗੰਗਾ ਪਾਰ ਸ਼ਿ-
ਕਾਰ ਜਾਯਾ ਕਰਦੇ, ਜਿਸ ਘਾਟ ਦੇ ਉਪਰੋਂ ਜਾਂਦੇ ਸੋ ਉਸਦਾ ਨਾਮ ਸ਼ਿਕਾਰ ਘਾਟ ਮਸ਼ਹੂਰ
ਹੈ, ਅਤੇ ਜਿੱਥੇ ਨਿਤ ਪ੍ਰਤੀ ਤਪ ਜਪ ਕਰਦੇ ਸੋ ਉਹ ਹੁਣ ਨਗੀਨਾ ਘਾਟ ਸੱਦੀਦਾ ਹੈ। ਤ੍ਰੀ-
ਸਰਾ ਹੀਰਾ ਘਾਟ ਮਸ਼ਹੂਰ ਹੈ। ਏਨਾ ਬਾਬਤ ਲਿਖਿਆ ਹੈ ਕਿ ਇਕ ਸੁਦਾਗਰ ਨੇ ਵੱਡ-
ਕੀਮਤੀ ਨਗੀਨਾ ਗੁਰੂ ਸਾਹਿਬ ਦੀ ਨਜ਼ਰ ਕੀਤਾ। ਇਨ੍ਹਾਂ ਨੇ ਗੰਗਾ ਵਿਚ ਸਿੱਟ ਦਿਤਾ
ਸੌਦਾਗਰ ਨੇ ਰੰਜ ਮੰਨਿਆ ਤਾਂ ਉਸਨੂੰ ਸਭ ਪੱਥਰ ਨਗੀਨੇ ਕਰ ਦਿਖਾਏ ਤਦ ਤੋਂ ਉਸ
ਦਾ ਨਾਮ ਨਗੀਨਾ ਘਾਟ ਹੋਗਿਆ। ਫੇਰ ਜਦ ਬਹਾਦਰ ਸ਼ਾਹ ਅਹਮਦਨਗਰ ੧੭੬੫ [illegible]
ਨੂੰ ਫਤੇ ਕਰਕੇ ਗੋਲਕੁੰਡੇ ਨੂੰ ਜਾਂਦਾ ਹੋਯਾ ਨੰਦੇੜ ਜਾ ਉਤਰਿਆ ਤੇ ਗੁਰੂ ਸਾਹਿਬ ਦੇ
ਦਰਸ਼ਨ ਕਰਕੇ ਇਕ ਅਮੋਲਕ ਹੀਰਾ ਭੇਟਾ ਕੀਤੀ। ਗੁਰੂ ਜੀ ਨੇ ਉਹ ਭੀ ਦਰਿਯਾ
ਗੋਦਾਵਰੀ ਵਿਚ ਪਾ ਦਿੱਤਾ। ਬਾਦਸ਼ਾਹ ਭੀ ਹੈਰਾਨ ਹੋਗਿਆ ਤਦ ਗੁਰੂ ਜੀ ਨੇ ਫੁਰ-
ਮਾਯਾ ਕਿ ਸਾਡਾ ਖਜ਼ਾਨਾ ਦਰੀਯਾ ਹੈ, ਜੇ ਕੁਛ ਸ਼ੱਕ ਹੈ ਤਾਂ ਦੇਖ ਲਵੋ। ਬਾਦਸ਼ਾਹ ਨੇ
ਦਰਿਯਾ ਵਿਚ ਵੇਖਿਆ ਤਾਂ ਬੇਸ਼ੁਮਾਰ ਹੀਰੇ ਮੋਤੀ ਨੀਲਮ, ਚੂਨੀ, ਮਾਨਕ, ਪੰਨੇ, ਪੁਖ-
ਰਾਜ ਆਦਿਕ ਜਵਾਹਿਰਾਤ ਨਜ਼ਰ ਆਏ। ਤਦ ਫੇਰ ਬਾਦਸ਼ਾਹ ਨੇ ਅਰਜ਼ ਕੀਤੀ
ਕਿ ਆਪਦਾ ਸੇਵਕ ਬੰਦਾ ਪੰਜਾਬ ਵਿਚ ਬਹੁਤ ਜ਼ੁਲਮ ਤੇ ਗਦਰ ਕਰ ਰਿਹਾ ਹੈ
ਆਪ ਉਸਨੂੰ ਬੰਦ ਕਰ ਦੇਵੋ ਤਾਂ ਬੜੀ ਕ੍ਰਿਪਾ ਹੋਵੇਗੀ। ਗੁਰੂ ਜੀ ਨੇ ਫੁਰਮਾਯਾ ਜ਼ਾ-
ਲਮਾਂ ਨੂੰ ਜ਼ੁਲਮ ਦਾ ਫਲ ਮਿਲਨਾ ਅਨ੍ਯਾਇ ਨਹੀਂ। — ਏਹ ਸੁਣਕੇ ਬਾਦ-
ਸ਼ਾਹ ਤਾਂ ਚਲਾ ਗਿਆ ਤੇ ਉਧਰੋਂ ਪੰਜਾਬ ਦੀ ਤਰਫੋਂ ਖਬਰ ਆਈ ਕਿ ਪੰਥ ਖਾਲਸੇ ਸ-
ਮੇਤ ਬੰਦੇ ਬਹਾਦਰ ਨੇ ਸਾਹਿਬਜ਼ਾਦਿਆਂ ਦਾ ਐਸਾ ਬੈਰ ਲੀਤਾ ਹੈ ਜੋ ਸਰਹੰਦ ਫਤੇ
ਕਰਕੇ ਵਜ਼ੀਦ ਖਾਨ ਤੇ ਦੀਵਾਨ ਸੁਚਾਨੰਦ ਆਦਿਕ ਦੁਸ਼ਮਣਾਂ ਨੂੰ ਉਨ੍ਹਾਂ ਦੇ ਕਰਮ ਦਾ
ਫਲ ਭੋਗਾ ਕੇ ਬਾਲ ਬੱਚੇ ਸਮੇਤ ਕਤਲ ਕਰ ਦਿਤਾ। ਸਮਾਣਾ, ਸਢੌਰਾ, ਦਾਮ-
ਲਾ, ਛਤਬਾਨੂੜ ਆਦਿਕ ਅਨੇਕ ਪਿੰਡ ਜਿੱਥੇ ਜਿੱਥੇ ਗਊ ਬਧ ਤੇ ਜ਼ੋਰ ਨਾਲ ਹਿੰ-
ਦੂਆਂ ਨੂੰ ਤੁਰਕ ਕੀਤਾ ਜਾਂਦਾ ਸੀ, ਸਭ ਨੂੰ ਫਤੇ ਕਰਕੇ ਖਾਲਸੇ ਦਾ ਡੰਕਾ ਬਜਵਾਏ

Digitized by Panjab Digital Library | www.panjabdigilib.org

ਦਿੱਤਾ। ਇਹ ਖੁਸ਼ਖਬਰੀ ਸੁਣਕੇ ਅਬਚਲ ਨਗਰ ਨਿਵਾਸੀ ਖਾਲਸੇ ਨੇ ਗੁਰੂ ਸਾਹਿ
ਬ ਸਮੇਤ ਬਹੁਤ ਖੁਸ਼ੀ ਮਨਾਈ ਤੇ ਕੜਾਹ ਪ੍ਰਸਾਦ ਵਰਤਾਯਾ। ਹੋਰ ਅਨੇਕ ਪ੍ਰਕਾਰ
ਦੀਆਂ ਖੁਸ਼ੀਆਂ ਕੀਤੀਆਂ ਗਈਆਂ।

ਪੈਂਦੇ ਖਾਂ ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਮਾਰਿਆ ਸੀ ਉਸਦੇ ਪੋਤ੍ਰੇ ਤੇ ਸੈਂਧੇ ਖਾਂ
ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਵਿਚ ਮਾਰਿਆ ਸੀ ਉਸਦੇ ਬੇਟੇ ਅਤਾਉਲਾ
ਖਾਂ ਤੇ ਗੁਲਖਾਂ ਪਠਾਨ ਦੋਵੇਂ ਭਾਈ ਗੁਰੂ ਗੋਬਿੰਦ ਸਿੰਘ ਜੀ ਪਾਸ ਨੌਕਰ ਸੇ। ਜਦ
ਏਨ੍ਹਾਂ ਦਾ ਬਾਪ ਸੈਂਧੇ ਖਾਂ ਜੰਗ ਵਿਚ ਮਾਰਿਆ ਗਿਆ ਤਾਂ ਏਨ੍ਹਾਂ ਦੀ ਮਾਈ ਨੇ ਗੁਰੂ ਸਾਹਿ
ਬ ਪਾਸ ਅਰਜ਼ ਕੀਤੀ ਕਿ ਮੇਰੇ ਲੜਕੇ ਇਆਣੇ ਹਨ ਤੇ ਏਨ੍ਹਾਂ ਦਾ ਬਾਪ ਤੁਹਾਡੇ ਹੱਥੋਂ
ਮਾਰਿਆ ਹੈ ਸੋ ਹੁਣ ਏਨ੍ਹਾਂ ਦਾ ਗੁਜ਼ਾਰਾ ਕਿਸ ਤਰਾਂ ਚੱਲੇਗਾ। ਉਸ ਦੀ ਪ੍ਰਾਰਥਨਾ ਸੁਣ
ਕੇ ਅਤੇ ਉਸਨੂੰ ਗਰੀਬ ਸਮਝ ਕੇ ਗੁਰੂ ਜੀ ਨੇ ਏਨ੍ਹਾਂ ਦੋਹਾਂ ਲੜਕਿਆਂ ਨੂੰ ਆਪਣੇ
ਪਾਸ ਨੌਕਰ ਰਖ ਲਿਆ ਸੀ ਤੇ ਬਹੁਤ ਪਰਵਰਸ਼ ਕੀਤੀ ਅਤੇ ਹਰ ਤਰਾਂ ਦੀ ਸ਼
ਸ਼ਤ੍ਰ ਵਿੱਦਿਆ ਭੀ ਸਿਖਾਈ, ਪਰ ਜਦ ਉਹ ਜਵਾਨ ਹੋ ਗਏ ਤਾਂ ਆਪਣੇ ਬਲ ਦਾ ਘ
ਮੰਡ ਕਰਨ ਲਗ ਪਏ। ਭਾਂਵੇਂ ਮੁਸਲਮਾਨ ਲੋਕ ਵਿਚ ਵਿਚ ਉਨ੍ਹਾਂ ਨੂੰ ਆਖਿਆ
ਕਰਦੇ ਸੇ ਕਿ ਤੁਹਾਡਾ ਜੀਉਣਾ ਠੀਕ ਨਹੀਂ, ਕਿਉਂਕਿ ਤੁਹਾਡੇ ਬਾਪ ਦਾਦੇ ਨੂੰ ਜਿਸਨੇ
ਮਾਰਿਆ ਹੋਵੇ ਤੁਸੀਂ ਫੇਰ ਉਸੇ ਦੀ ਨੌਕਰੀ ਕਰੋ, ਪਰ ਏਨ੍ਹਾਂ ਦੀ ਮਾਂ ਏਨ੍ਹਾਂ ਨੂੰ ਹਮੇਸ਼ ਰੋਕ
ਰੋਕ ਰੱਖਦੀ ਰਹੀ। ਆਖਰ ਇਕ ਦਿਨ ਨਾਦੌਨ ਦੇ ਹਾਕਮ ਫੀਰੋਜ਼ ਖਾਂ ਨੇ ਨਿਸ਼ਾਨੇ
ਬਾਜ਼ੀ ਤੀਰੰਦਾਜ਼ੀ ਦਾ ਜਲਸਾ ਕੀਤਾ, ਉਸ ਵਿਚ ਏਹ ਦੋਵੇਂ ਭੀ ਗਏ। ਉਥੇ ਅਨੇ
ਕ ਮੁਸਲਮਾਨਾਂ ਨੇ ਏਨ੍ਹਾਂ ਨੂੰ ਤਾਨੇ ਦੇ ਕੇ ਆਖਿਆ ਤੁਸੀਂ ਭੀ ਦੁਨੀਆਂ ਪਰ ਮਰਦ
ਸਦਾਉਂਦੇ ਹੋ, ਜੋ ਆਪਣੇ ਕੁਲਘਾਤੀ ਦੇ ਪਾਜੀ ਬਣ ਰਹੇ ਹੋ, ਤੁਹਾਡੇ ਮੂੰਹ ਵਿਚ ਤਾਂ
ਥੁੱਕਣਾ ਚਾਹੀਦਾ ਹੈ, ਜਦ ਤਕ ਤੁਸੀਂ ਬਾਪ ਦਾਦੇ ਦਾ ਵੈਰ ਨਹੀਂ ਲੈਂਦੇ ਤਦ ਤਕ ਖਾਣਾ
ਪੀਣਾ ਤੁਹਾਡਾ ਹਰਾਮ ਹੈ। ਏਹ ਬੋਲੀ ਉਨ੍ਹਾਂ ਨੂੰ ਖਾ ਗਈ ਤੇ ਚਟਪਟੀ ਲਗ ਪਈ
ਕਿ ਕਿਸੇ ਤਰਾਂ ਵੈਰ ਲਈਏ। ਗੁਰੂ ਸਾਹਿਬ ਭੀ ਰੌਸ਼ਨ ਜ਼ਮੀਰ ਪੁਰਸ਼ ਸੇ, ਉਨਾਂ ਦਾ
ਮਨਸ਼ਾ ਸਮਝ ਕੇ ਆਪੇ ਹੀ ਉਨ੍ਹਾਂ ਨੂੰ ਆਖਣ ਲੱਗ ਪਏ ਕਿ ਆਪਣੇ ਬਾਪ ਦਾਦੇ
ਦਾ ਵੈਰ ਨਾ ਲੈਣਾ ਨਾਲਾਇਕਾਂ ਦਾ ਕੰਮ ਹੈ। ਫੇਰ ਤਾਂ ਉਨ੍ਹਾਂ ਦੇ ਦਿਲ ਐਨ ਬੇਈਮ
ਨ ਹੋ ਗਏ ਤੇ ਗੁਰੂ ਜੀ ਦੇ ਮਾਰਨ ਦੀ ਠੀਕ ਠਾਨ ਲਈ। ਇਕ ਦਿਨ ਮੌਕਿਆ ਪਾ ਕੇ

Digitized by Panjab Digital Library | www.panjabdigilib.org

ਚਾਰ ਤਾਰੀਖ ਭਾਦ੍ਰੋਂ ਸੰ:੧੭੬੫ ਬਿ: ਨੂੰ ਗੁਰੂ ਸਾਹਿਬ ਨੂੰ ਤੰਬੂ ਵਿਚ ਇਕੱਲੇ ਸੁਤੇ ਹੋਏ
ਦੇਖਕੇ, ਦਰਵਾਜ਼ੇ ਪਰ ਤਾਂ ਅਤਾਉੱਲਾਖਾਂ ਖੜਾ ਹੋ ਗਿਆ ਤੇ ਗੁਲਖਾਂ ਨੇ ਅੰਦਰ ਜਾ
ਕੇ ਗੁਰੂ ਸਾਹਿਬ ਦੇ ਪੇਟ ਵਿਚ ਕਟਾਰੀ ਧਸਾਇ ਦਿੱਤੀ। ਗੁਰੂ ਸਾਹਿਬ ਨੇ ਛੇਤੀ ਨਾਲ ਉ
ਠਕੇ ਉਸ ਨਿਮਕਹਰਾਮ ਨੂੰ ਤਾਂ ਤੇਗ ਨਾਲ ਉਥੇ ਹੀ ਰੱਖਿਆ ਤੇ ਦੂਸਰਾ ਜੋ ਦੌੜਨ ਲੱਗਾ
ਸੀ ਉਸ ਨੂੰ ਸਿੱਘਾਂ ਨੇ ਪਾਰ ਬੁਲਾਯਾ।
ਅਮਰ ਸਿੰਘ ਜੱਰਾਹ ਨੇ ਗੁਰੂ ਸਾਹਿਬ ਦੇ ਜ਼ਖਮ ਸੀਉਂ ਕਰਕੇ ਐਸੀ ਮੱਲ੍ਹਮ ਲ
ਗਾਈ ਕਿ ਦੁਸੈਹਰੇ ਨੂੰ ਇਸ਼ਨਾਨ ਕਰਵਾ ਦਿੱਤਾ ਜੱਦਯਪਿ ਜ਼ਖਮ ਤਾਂ ਰਾਜ਼ੀ ਹੋ ਗਏ
ਸੇ ਪਰ ਗੁਰੂ ਸਾਹਿਬ ਨੇ ਆਪਣਾ ਅੰਤਮ ਸਮਾ ਨਿਕਟ ਆਯਾ ਸਮਝ ਕੇ ਆਪਣੇ
ਮਹਿਲ ਸਾਹਿਬ ਦੇਵੀ ਜੀ ਨੂੰ ਮਨੀ ਸਿੰਘ ਆਦਿਕ ਪੰਜਾ ਸਿੰਘ, ਤੇ ਗੁਰੂ ਹਰਿਗੋਬਿੰਦ
ਸਾਹਿਬ ਜੀ ਦੇ ਉਹ ਸ਼ਸ੍ਤ੍ਰ ਜੇਹੜੇ ਧਰਮ ਸਿੰਘ, ਧਰਮ ਸਿੰਘ ਨੇ ਚੀਨੇ ਪਿੰਡ ਵਿਚ ਆ
ਕੇ ਗੁਰੂ ਜੀ ਨੂੰ ਅਰਪਣ ਕੀਤੇ ਸੇ, ਅਤੇ ਆਪਣੀ ਉਹ ਤਸਵੀਰ ਜੇਹੜੀ ਇੱਟਲੀ
ਦੇ ਕਾਰੀਗਰ ਪਾਸੋਂ ਬਹਾਦਰ ਸ਼ਾਹ ਨੇ ਉਤਰਾਈ ਸੀ, ਕਮਰਕਸੇ ਸਮੇਤ ਉਹ ਤਸਵੀ
ਰ ਦੇ ਕਰ ਦਿੱਲੀ ਨੂੰ ਤੋਰ ਦਿੱਤਾ ਮਾਤਾ ਸਾਹਿਬ ਨੇ ਦਿੱਲੀ ਪਹੁੰਚ ਕੇ ਮਾਤਾ ਸੁੰਦਰੀ
ਜੀ ਦੇ ਪਾਸ ਨਿਵਾਸ ਕੀਤਾ ਤੇ ਭਾਈ ਮਨੀ ਸਿੰਘ ਜੀ ਰੋਜ਼ ਕਥਾ ਸੁਣਾਉਂਦੇ ਰਹੇ।
ਸਾਰੀ ਕਥਾ ਏਨ੍ਹਾਂ ਦੀ ਪੰਜਵੇਂ ਹਿੱਸੇ ਵਿਚ ਲਿਖੀ ਜਾਵੇਗੀ।
ਏਧਰ ਜਦ ਗੁਰੂ ਸਾਹਿਬ ਦੇ ਜ਼ਖਮ ਰਾਜ਼ੀ ਹੋਣ ਦੀ ਖਬਰ ਬਾਦਸ਼ਾਹ ਨੂੰ ਗੋਲਕੁੰਡੇ ਪ
ਹੁੰਚੀ ਤਾਂ ਉਸ ਨੇ ਬਹੁਤ ਸਾਰੀ ਦੌਲਤ, ਦੋ ਭੱਥੇ ਤੀਰਾਂ ਦੇ, ਦੋ ਕਮਾਨਾਂ ਨੌ ਨੌ ਟਾਂਕਦੀ
ਆਂ ਤੇ ਅਨੇਕ ਤੋਹਫੇ ਹੋਰ ਭੀ ਆਪਣੇ ਮਾਤਬਰਾਂ ਦੇ ਹੱਥ ਦੇ ਕੇ ਗੁਰੂ ਜੀ ਪਾਸ ਭੇਜੇ। ਗੁ
ਰੂ ਜੀ ਨੇ ਦੀਪਮਾਲਾ ਦਾ ਦਰਬਾਰ ਕੀਤਾ, ਬਹੁਤ ਲੋਗ ਦਰਸ਼ਨ ਨੂੰ ਆਏ ਤੇ ਉਥੋਂ ਦੇ
ਤੱਲਕੇਦਾਰ ਫੀਰੋਜ਼ਖਾਂ ਨੇ ਗੁਰੂ ਜੀ ਦੇ ਪਲੰਘ ਉਪਰ ਧਨੁਖ ਪਏ ਹੋਏ ਦੇਖ ਕੇ ਆਖਿਆ
ਐਡੇ ਵੱਡੇ ਕੁਵੰਡ ਦਿਖਾਉਣ ਵਾਸਤੇ ਪਏ ਰਹਿੰਦੇ ਹਨ ਪਰ ਚੜ੍ਹਾਉਂਦਾ ਕੋਈ ਨਜ਼ਰ ਨ
ਹੀਂ ਆਯਾ। ਇਸ ਤਾਨੇ ਨੂੰ ਸੁਣ ਕੇ ਗੁਰੂ ਸਾਹਿਬ ਰਹਿ ਨਾ ਸੱਕੇ ਤੇ ਝਟਪਟ ਉਨ੍ਹਾਂ ਕਮਾ
ਨਾਂ ਨੂੰ ਚੜ੍ਹਾ ਕੇ ਤੀਰ ਚਲਾ ਕੇ ਦਿਖਾਇ ਦਿੱਤੇ। ਜ਼ਖਮ ਅਜੇ ਅੱਲ੍ਹੇ ਹੀ ਸੇ ਏਸ ਵਾਸਤੇ
ਜ਼ੋਰ ਲਗਣੇ ਕਰ ਖੁੱਲ੍ਹ ਗਏ। ਜੱਦਯਪਿ ਜਰਾਹ ਨੇ ਮੱਲ੍ਹਮ ਪੱਟੀ ਕਰਨੀ ਚਾਹੀ ਪ
ਰ ਗੁਰੂ ਸਾਹਿਬ ਨੇ ਇਲਾਜ ਕਰਨਾ ਛੱਡ ਕੇ ਪ੍ਰਲੋਕ ਜਾਣ ਦੀ ਤੱਯਾਰੀ ਕਰ ਲਈ।

Digitized by Panjab Digital Library | www.panjabdigilib.org

ਸਿੱਖਾਂਦੇ ਅਰਜ਼ ਕਰਨੇਪਰ ਇਕ ਨਾਲੀਏਰ, ਪੰਜ ਪੈਸੇ ਗੁਰੂ ਗ੍ਰੰਥ ਸਾਹਿਬ ਅੱਗੇ ਰੱਖਕੇ ਨਮਸਕਾਰ ਕਰਦਿੱਤੀ ਤੇ ਸਰਬ ਖਾਲਸੇ ਪ੍ਰਤਿ ਫੁਰਮਾਯਾ ਕੇ ਅਸੀਂ ਅਜਰ, ਅਮਰ, ਅਥੱਕ ਹਮੇਸ਼ ਸੱਚਾ ਉਪਦੇਸ਼ ਕਰਨੇਵਾਲਾ, ਸਮਦਰਸੀ, ਨਿਰਬਿਕਾਰ, ਅਚਾਹ ਐਸਾ ਗੁਰੂ ਥਾਪਿਆ ਹੈ ਜੋ ਕਦੇ ਕਿਸੇਦਾ ਪੱਖ ਪਾਤ ਨਾ ਕਰੇਗਾ। ਦਸੋਂ ਗੁਰੂ ਸਾਹਿਬਾਂ ਦੀ ਸ਼ਕਤੀ ਸਹਿਤ ਖਾਲਸੇਦੇ ਸਰਬ ਕਾਰਜ ਸਿੱਧ ਕਰਨੇ ਵਾਲਾ ਸਦਾ ਇਕ ਰਸ ਬਣਿਆ ਰਹੇਗਾ। ਇਸ ਤਰਾਂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਕੇ ਏਹ ਸਲੋਕ ਉਚਾਰਣ ਕੀਤਾ। ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ। ਏਹ ਹੁਕਮ ਆਪਣੇ ਸਤਿਗੁਰੂ ਦਾ ਸੁਣਕੇ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਡੰਡਵਤ ਪ੍ਰਣਾਮ ਪ੍ਰਕ੍ਰਮਾ ਕਰਕੇ ਆਪਣਾ ਗੁਰੂ ਨਿਸ਼ਚੇ ਮੰਨ ਲੀਤਾ। ਗੁਰੂ ਸਾਹਿਬ ਨੇ ਫੇਰ ਇਕ ਵੱਡੀ ਚਿੱਖਾ ਚੰਨਣ ਦੀ ਬਨਵਾਈ ਤੇ ਉਸਦੇ ਚੁਫੇਰੇ ਕਨਾਤ ਲਗਵਾਈ ਤੇ ਸਬਨਾਂ ਨੂੰ ਹੁਕਮ ਦਿੱਤਾ ਕਿ ਅਸਾਡੇ ਪਿੱਛੇ ਕਨਾਤ ਦੇ ਅੰਦਰ ਕੋਈ ਨਾ ਆਵੇ ਤੇ ਅਸਾਡਾ ਅੰਗੀਠਾ ਕੋਈ ਨਾ ਫੋਲੇ, ਸਮਾਧ ਨਾ ਬਣਾਵੇ, ਕ੍ਰਿਆ ਕਰਮ ਨਾ ਕਰੇ। ਸਿਰਫ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਦਸਮੇ ਦਿਨ ਦੁਸੇਹਰਾ ਕਰ ਦੇਣਾ ਤੇ ਅਕਾਲ ਪੁਰਖ ਦਾ ਭਰੋਸਾ ਰੱਖਣਾ। ਏਹ ਉਪਦੇਸ਼ ਦੇਕਰ ਇਸ਼ਨਾਨ ਕਰਕੇ ਕੜਾਹ ਪ੍ਰਸ਼ਾਦ ਵਰਤਾਯਾ ਤੇ ਸ਼ਸਤ੍ਰ ਬਸਤ੍ਰ ਸਜਾ, ਅਰਦਾਸਾ ਸੋਧ ਕਰ, ਲੰਬੀ ਮੁਸਫਰੀ ਜਾਣੇ ਵਾਲੇ ਦੀ ਤਰਾਂ ਤੱਯਾਰ ਹੋਕੇ, ਫਤੇ ਬੁਲਾਈ ਤੇ ਕਨਾਤ ਦੇ ਅੰਦਰ ਚਲੇ ਗਏ। ਹਿੰਦੂ, ਮੁਸਲਮਾਨ, ਸਿੱਖ, ਸਿੰਘ ਸਬ ਗੁਰੂ ਜੀ ਦਾ ਬਚਨ ਮੰਨਕੇ ਬਾਹਰ ਖੜੇ ਰਹੇ। ਨਾ ਮਾਲੂਮ ਫੇਰ ਕੀ ਕੁਦਰਤ ਵਰਤੀ ਜੋ ਥੋੜੀ ਦੇਰ ਦੇ ਬਾਦ ਚਿਖਾ ਜਲਦੀ ਹੋਈ ਨਜ਼ਰ ਆਈ, ਸਬ ਸਿੱਖ ਸ਼ੋਕਾਤੁਰ ਹੋ ਗਏ। ਚੌਥੇ ਦਿਨ ਉਨ੍ਹਾਂ ਦੇ ਹੁਕਮ ਨੂੰ ਨਾ ਮੰਨਕੇ ਸਿੱਖਾਂ ਨੇ ਅੰਗੀਠਾ ਫੋਲਿਆ ਤਾਂ ਵਿਚੋਂ ਇਕ ਕਰਦ ਨਿਕਲੀ, ਹੋਰ ਕੁਛ ਨਾ ਮਿਲਿਆ। ਫੇਰ ਸਮਾਪਤੀ ਬਣਾਇ ਦਿੱਤੀ ਜਿਸਦੇ ਮੰਨਣ ਪੂਜਣ ਵਾਸਤੇ ਅਨੇਕਾਂ ਸਿੰਘ ਪੰਜਾਬ ਆਦਿਕ ਦੇਸ਼ਾਂਤਰਾਂ ਤੋਂ ਜਾਂਦੇ ਹਨ। ਉਸੇ ਗੁਰਦ੍ਵਾਰੇ ਤੇ ਬਸਤੀ ਦਾ ਨਾਮ ਹੁਣ ਅਬਚਲ ਨਗਰ ਮਸ਼ਹੂਰ ਹੈ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅੰਤਮ ਪ੍ਰਸੰਗ ਲਿਖਣ ਤੋਂ ਕਲਮ ਰੋਂਦੀ ਹੈ ਤੇ ਹੱ
ਥਭੀ ਕੰਬਦਾ ਹੈ, ਨੇਤ੍ਰ ਝੜ ਲਾਉਂਦੇ ਹਨ, ਕੰਠ ਗਦ ਗਦ ਹੁੰਦਾ ਹੈ, ਸੱਚ ਪੁੱਛੋ ਤਾਂ ਲੇਖਕ
ਰਤਾਂ ਨੂੰ ਬੇਹੋਸ਼ੀ ਦਾ ਸਮਾ ਬੀਤ ਰਿਹਾ ਹੈ, ਕਿਉਂਕੇ ਜਿਸ ਸੱਚੇ ਪਾਤਸ਼ਾਹ, ਸੂਰਬੀਰ ਬੁ
ਲੰਦ ਹੌਸਲੇ ਵਾਲੇ ਨੇ ਬੈਦਕ ਮਤ, ਹਿੰਦੂ ਧਰਮ ਦੇ ਰੱਖਣ ਵਾਸਤੇ ਪਹਿਲੇ ਆਪਣੇ ਪਿਤ੦
ਨੂੰ ਪ੍ਰੇਰ ਕੇ ਸੀਸ ਦਿਵਾਯਾ ਫੇਰ ਉਹ ਸਾਮਾਨ ਜੋ ਹਨ ਬਾਦਸ਼ਾਹਾਂ ਨੂੰ ਭੀ ਦੁਰਲਭ ਸੇ
ਲੁਟਾ ਦਿੱਤੇ ਤੇ ਦੁਖ ਭੁੱਖ ਸਹਾਰੇ ਪੁਨਾ ਆਪਣੇ ਪਰਮ ਪਯਾਰੇ, ਜਾਨ ਦਾ ਟੁਕੜਾ, ਗੁ
ਲਾਬ ਦੇ ਫੁੱਲਾਂ ਜੇਹੇ ਸੁੰਦਰ ੨ ਛੋਟੀ ੨ ਉਮਰ ਦੇ ਸਾਹਿਬਜ਼ਾਦੇ ਚਮਕਦੀਆਂ ਤਲਵ
ਰਾਂ ਦੇ ਸਾਹਮਣੇ ਭੇਜ ਕੇ ਸ਼ਹੀਦ ਹੁੰਦੇ ਦੇਖੇ ਐਹੋ ਜੇਹਾ ਕੌਣ ਹੋਯਾ ਹੈ ਤੇ ਕੌਣ ਹੋਵੇਗਾ
ਜੋ ਕੇਵਲ ਪਰਉਪਕਾਰ ਵਾਸਤੇ ਆਪਣੇ ਲਾਯਕ ਪੁੱਤ੍ਰਾਂ ਨੂੰ ਧਰਮ ਦੀ ਬਲੀ ਕਰ ਦੇਵੇ
ਤੇ ਆਪਣੀ ਸਾਰੀ ਉਮਰ ਆਪਣੇ ਦੇਸ ਭਾਈਆਂ ਦੀ ਰੱਖਯਾ ਤੇ ਉੱਨਤੀ ਵਾਸਤੇ ਖਰਚ ਕ
ਰੇ ਜਾਨ ਹਥੇਲੀ ਉੱਤੇ ਰੱਖ ਕੇ ਲੱਖਾਂ ਦੁਸ਼ਮਣਾ ਦੇ ਸਾਹਮਣੇ ਬੇਧੜਕ ਚਲਿਆ ਜਾ
ਵੇ। ਏਹ ਸਬ ਚੀਜਾਂ ਸਿਵਾਇ ਗੁਰੂ ਮਹਾਰਾਜ ਦੇ ਹੋਰ ਕਿਸੇ ਵਿਚ ਅਜ ਤਕ ਨਜ਼
ਰ ਨਹੀਂ ਆਈਆਂ।

ਤਵਾਰੀਖਾਂ ਪੜ੍ਹਨ ਵਾਲੇ ਅੱਛੀ ਤਰਾਂ ਜਾਣਦੇ ਹਨ ਕਿ ਔਰੰਗਜ਼ੇਬ ਦੇ ਸਮੇ ਬੜੇ ੨
ਰਾਜੇ, ਮਹਾਰਾਜੇ ਰਾਜਪੂਤ ਭੀ ਪੂਰਾ ਸੁਆਸ ਨਹੀਂ ਲੈਂਦੇ ਸੇ ਤੇ ਅਧ ਮਰੇ ਹੋ ਰਹੇ ਸੇ, ਕੋਈ
ਅੱਖ ਉਠਾ ਕੇ ਨਹੀਂ ਦੇਖ ਸੱਕਦਾ ਸੀ ਤੇ ਕਿਤਨੇ ਹਜ਼ਾਰ ਹਮੇਸ਼ ਹੀ ਹਿੰਦੂ ਭਾਈ ਕਤਲ
ਯਾ ਮੁਸਲਮਾਨ ਕੀਤੇ ਜਾਂਦੇ ਸਨ ਤੇ ਕੈਸੇ ੨ ਜ਼ੁਲਮ ਹਿੰਦੂਆਂ ਪਰ ਹੋ ਰਹੇ ਸਨ। ਉਸ
ਵਕ੍ਤ ਸ੍ਰੀ ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਏਹ ਸ਼ਕ੍ਤੀ ਬਖਸ਼ੀ ਸੀ ਕਿ
ਜਿਨ੍ਹਾਂ ਨੇ ਤੁਰਕਾਣੀ ਜ਼ੁਲਮਾਂ ਦੀ ਪ੍ਰਚੰਡ ਅਗਨੀ ਤੋਂ ਜਲਦੇ ਹੋਏ ਹਿੰਦੂ ਕੌਮ ਦੇ ਬਣ ਨੂੰ
ਮੇਘ ਦੀ ਤਰਾਂ ਬਾਣ ਬਰਸਾਇ ਕਰ ਬਚਾਇ ਲਯਾ। ਲੱਖ ਮੁਸਲਮਾਨ ਨਾਲ ਸਿ
ਰਫ ੪੦ ਸਿੱਖ ਲੜਾਏ ਤੇ ਫੇਰ ਸੱਚ ਬੋਲਦੇ ਹੋਏ ਮਸ਼ਾਲ ਜਗਾ ਕਰਕੇ ਦਸ ਲੱਖ
ਦੁਸ਼ਮਣ ਦੇ ਵਿੱਚੋਂ ਸਾਫ ਨਿਕਲ ਗਏ। ਮੁਰਦੇ ਹਿੰਦੂਆਂ ਨੂੰ ਪੰਜ ੨ ਚੁਲੇ ਅੰਮ੍ਰਿਤ
ਦੇ ਪਿਲਾ ਕਰ, ਸ਼ੇਰ ਦਿਲ ਜੀਉਂਦੇ ਕਰ ਦਿਖਾਯਾ, ਬਕਰੀਆਂ ਤੋਂ ਸ਼ੇਰਾਂ ਦੇ ਸ਼ਿਕਾਰ
ਕਰਾਏ, ਗੁਪਤ ਨੂੰ ਪ੍ਰਤੱਖ ਕਰ ਦਿਖਾਯਾ, ਡੁਬੇ ਹੋਏ ਜਹਾਜ਼ ਨੂੰ ਕਿਨਾਰੇ ਲਾ ਦਿੱਤਾ, ਜੋ
ਕਿਸੇ ਨੇ ਕਦੇ ਨਹੀਂ ਕੀਤਾ ਸੋ ਕਰ ਦਿਖਾਯਾ। ਸਚ ਪੁੱਛੋ ਤਾਂ ਪਰਉਪਕਾਰ ਦੇ ਵਿਚ ਤੰ੦

Digitized by Panjab Digital Library | www.panjabdigilib.org

ਬਿੱਕ੍ਰਮਾਜੀਤ ਨਾਲੋਂ ਭੀ ਵਧ ਗਏ ਸੇ ਤੇ ਉਦਾਰਤਾ, ਬਹਾਦਰੀ, ਦਬਦਬੇ ਵਿਚ ਰਾਜਾ ਕਰਣ, ਅਰਜਨ ਤੇ ਸਿਕੰਦਰ ਨਾਲੋਂ ਭੀ ਜ਼ਿਆਦਾ ਸੇ। ਇਹ ਸਬ ਬਾਤਾਂ ਏਨ੍ਹਾਂ ਦੇ ਜੀਵਨ ਚਰਿਤ੍ਰ ਅਕਾਲ ਉਸਤਤਿ ਤੇ ਬਚਿੱਤ੍ਰ ਨਾਟਕ ਆਦਿਕ ਵਿਚੋਂ ਸਾਫ਼ ਹੀ ਪ੍ਰਤੀਤ ਹੁੰਦੀਆਂ ਹਨ। ਅਸਲ ਵਿਚ ਜੇਹੜੀ ਬਾਤ ਏਨ੍ਹਾਂ ਨੂੰ ਸੁੱਝੀ ਹੈ ਸੋ ਹੋਰ ਕਿਸੇ ਨੂੰ ਨਹੀਂ ਫੁਰੀ। ਹਿੰਦੂ ਤੇ ਮੁਹੱਮਦੀਆਂ ਵਿਚੋਂ ਜੇਹੜੇ ਜੇਹੜੇ ਚੰਗੇ ਤਰੀਕੇ ਸੇ ਸੋ ਸਬ ਆਪਣੇ ਪੰਥ ਵਿਚ ਕਾਯਮ ਕਰ ਦਿੱਤੇ, ਅਤੇ ਪੰਥ ਭੀ ਹੋਰ ਸਬਨਾਂ ਤੋਂ ਸ੍ਰੇਸ਼ਟ ਚਲਾ ਵਿਖਾਯਾ।

ਜੇਕਰ ਗੁਰੂ ਸਾਹਿਬ ਏਹ ਪੰਥ ਨਾ ਚਲਾਉਂਦੇ ਤਾਂ ਸਿੱਖਾਂ ਦਾ ਪੰਥ ਹਿੰਦੂਆਂ ਤੋਂ ਜ਼ਰਾ ਭੀ ਨਿਆਰਾ ਨਾ ਹੁੰਦਾ ਤੇ ਨੌਵਾਂ ਗੁਰੂਆਂ ਦਾ ਸਬ ਜਤਨ ਬ੍ਰਿਥਾ ਜਾਂਦਾ ਤੇ ਨਾਂ ਹੀ ਹਿੰਦੂ ਧਰਮ ਦੀ ਰੱਖਿਆ ਹੁੰਦੀ। ਜੇਕਰ ਏਸ ਗੁਰੂ ਸਾਹਿਬ ਦੇ ਸਾਰੇ ਉਪਕਾਰ ਤੇ ਚਰਿਤ੍ਰ ਲਿਖੀਏ ਤਾਂ ਏਸ ਕਿਤਾਬ ਜਿਤਨੀਆਂ ਪੰਜ ਸਤ ਕਿਤਾਬਾਂ ਹੋਰ ਬਣ ਸਕਦੀਆਂ ਹਨ। ਏਹ ਤਾਂ ਇਕ ਪਰਬਤ ਵਿਚੋਂ ਇਕ ਕਿਣਕਾ ਭਰ ਦਿਖਾਯਾ ਹੈ।

ਏਹ ਬ੍ਰਿਤਾਂਤ ਖਾਲਸੇ ਦੇ ਦਾਸ ਗਿਆਨ ਸਿੰਘ ਗਿਆਨੀ ਨੇ ਬਹੁਤ ਬਰਸ ਮਿਹਨਤ ਕਰਕੇ ਪਹਿਲੇ ਉਰਦੂ ਵਿਚ ਏਹ ਸਾਰੀ ਪੁਸਤਕ ਤਯਾਰ ਕੀਤੀ, ਜੋ ਬਾਬੂ ਰਾਜੇਂਦ੍ਰ ਸਿੰਘ ਨੇ ਸੁੱਧ ਕੀਤੀ ਹੈ। ਫੇਰ ਉਸੇ ਉੱਤੇ ਏਹ ਗੁਰਮੁਖੀ ਅੱਖਰ ਤੇ ਪੰਜਾਬੀ ਬੋਲੀ ਵਿਚ ਬਣਾ ਕੇ ਸੱਜਨਾਂ ਦੀ ਭੇਟਾ ਕੀਤੀ ਜਾਂਦੀ ਹੈ।

ਹੁਣ ਮੈਂ ਗੁਰੂ ਸਾਹਿਬ ਦੇ ਬ੍ਰਿਤਾਂਤ ਨੂੰ ਪੂਰਾ ਕਰਕੇ ਥੋੜੀ ਜੇਹੀ ਬੇਨਤੀ ਪੰਥ ਖਾਲਸੇ ਅੱਗੇ ਕਰਦਾ ਹਾਂ ਤੇ ਮੈਂ ਇਹ ਭੀ ਜਾਣਦਾ ਹਾਂ ਕਿ ਏਹ ਬੇਨਤੀ ਏਸ ਕਹਾਵਤ ਵਾਂਗੂ (ਸਚ ਮਿਰਚਾਂ ਝੂਠ ਗੁੜ) ਬਹੁਤ ਕੌੜੀ ਲੱਗੇਗੀ ਪਰੰਤੂ ਪੜ੍ਹੇ ਹੋਏ ਸਿੰਘਾਂ ਉੱਤੇ ਭਰੋਸਾ ਹੈ ਕਿ ਉਹ ਮੇਰੀ ਏਸ ਅਦਬ ਦੀ ਪ੍ਰਾਰਥਨਾ ਪਰ ਜ਼ਰੂਰ ਖਿਆਲ ਕਰਨਗੇ। ਮੈਂ ਆਖਦਾ ਹਾਂ ਕਿ ਕਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੈਸਾ ਵੈਦਕ ਧਰਮ ਦਾ ਰੱਖਕ ਤੇ ਬਹਾਦਰ ਕੋਈ ਹੋਰ ਹੋਯਾ ਹੈ। ਕਿਆ ਪੰਥ ਖਾਲਸੇ ਜੈਸਾ ਦੇਗ ਤੇਗ ਦਾ ਧਨੀ ਸਿੰਘ ਸਰੂਪ ਭਰਮ ਭੇਦ ਰਹਿਤ ਬਨਾਵਟ ਤੋਂ ਬਿਨਾ ਆਸਾਨ ਤੌਰ ਪਰ ਮੁਕਤਿ ਭੁਗਤਿ ਪਾਉਣ ਵਾਲਾ ਕੋਈ ਦੂਸਰਾ ਮਜ਼੍ਹਬ ਹੈ। ਕਿਆ ਅਜਕਲ ਉਨ੍ਹਾਂ ਕਾਇਦਿਆਂ ਉੱਤੇ ਪੰਥ ਖਾਲਸਾ ਚਲਦਾ ਹੈ ਜਿਨ੍ਹਾਂ ਪਰ ਅਦੁਤੀ ਦਿਮਾਗ ਵਾਲੇ ਗੁਰੂ ਨੇ ਪੰਥ ਨੂੰ ਚਲਾਉਣਾ ਚਾਹਿਆ ਸੀ। ਕਿਆ ਅਕਾਲ ਉਸਤਤਿ ਤੇ ਬਚਿਤ੍ਰ ਨਾਟਕ ਜੋ ਉਨ੍ਹਾਂ ਦੀ ਖਾਸ ਬਾਣੀ ਹੈ ਏ

Digitized by Panjab Digital Library | www.panjabdigilib.org

ਜ਼ਰਿਏ ਜੋ ਉਪਦੇਸ਼ ਚਮਕਦਾ ਹੈ ਉਸ ਪਰ ਖਾਲਸਾ ਜੀ ਚੱਲਦਾ ਹੈ। ਕਿਆ ਉਹ ਖੋਟੀਆਂ ਰਸਮਾਂ ਜਿਨ੍ਹਾਂ ਦੇ ਛੁਡਾਵਣ ਵਾਸਤੇ ਗੁਰੂ ਸਾਹਿਬ ਆਪ ਹੀ ਨਿਸ਼ਾਨਾ ਬਣੇ ਸੇ, ਸਿੱਖਾਂ ਨੇ ਛੱਡੀਆਂ ਹਨ। — ਅਫਸੋਸ ਹੈ ਕਿ ਇਨ੍ਹਾਂ ਸਬਨਾਂ ਦਾ ਜਵਾਬ ਸਾਨੂੰ ਨਹੀਂ ਨਹੀਂ ਹੀ ਆਖਣਾ ਪੈਂਦਾ ਹੈ।

ਇਸ ਵਿਚ ਕੋਈ ਸੰਸਾ ਨਹੀਂ ਕਿ ਐਸ ਸਮੇਂ ਦੇ ਰਾਹ, ਰਸਮ, ਕਾਇਦੇ, ਕਾਨੂੰਨ ਜੋ ਕੁਛ ਹਿੰਦੂਆਂ ਵਿਚ ਪਰਚਲਤ ਹੋ ਰਹੇ ਹਨ ਸੋ ਸਿਰਫ ਬ੍ਰਾਹਮਣਾਂ ਨੇ ਆਪਣੀ ਜੀਵਕਾ ਵਾਸਤੇ ਮਨਘੜਤ ਬਣਾ ਛੱਡੇ ਹਨ ਤੇ ਪੁਰਾਣੇ ਰਿਖੀਆਂ ਦਾ ਨਾਮ ਦੱਸ ਕੇ ਆਪਣੇ ਜਾਲ ਵਿਚ ਲੋਕਾਂ ਨੂੰ ਫਸਾ ਰੱਖਿਆ ਹੈ। ਇਸੇ ਕਰਕੇ ਹਿੰਦੂ ਮਜ਼ਹਬ ਦੀ ਉੱਨਤੀ ਤੇ ਜਸ ਨਹੀਂ ਹੁੰਦਾ ਸਗੋਂ ਨੁਕਸਾਨ ਹੈ। — ਇਨ੍ਹਾਂ ਖਰਾਬ ਰਸਮਾਂ ਦੇ ਤੋੜਨ ਲਈ ਤੇ ਹਿੰਦੂ ਧਰਮ ਦੀ ਬ੍ਰਿੱਧੀ ਵਾਸਤੇ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਭ ਗੁਰੂ ਕੋਸ਼ਿਸ਼ ਕਰਦੇ ਰਹੇ ਤੇ ਉਪਦੇਸ ਦੇ ਕਰ ਸਮਝਾਉਂਦੇ ਰਹੇ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦੇਖਿਆ ਕਿ ਜਦ ਤਕ ਇਨ੍ਹਾਂ ਨੂੰ ਵੱਖਰਿਆਂ ਨਾ ਕੀਤਾ ਜਾਵੇਗਾ ਤਦ ਤਕ ਖੋਟੀਆਂ ਰਸਮਾਂ ਢਾਹਣਾ ਮੁਸ਼ਕਲ ਹੈ। ਇਹੋ ਸੋਚ ਕਰ ਇਹ ਖਾਲਸਾ ਪੰਥ ਪ੍ਰਗਟ ਕੀਤਾ ਸੀ ਨਹੀਂ ਤਾਂ ਹਿੰਦੂਆਂ ਤੋਂ ਜੁਦਾ ਮਜ਼ਹਬ ਚਲਾਉਣ ਦੀ ਕੋਈ ਜ਼ਰੂਰਤ ਨਹੀਂ ਸੀ। ਅਲਬੱਤਾ ਹੁਣ ਤੇ ਅੱਗੇ ਨੂੰ ਹੋਣ ਵਾਲੇ ਸਮੇਂ ਦੇ ਬਰਤਾਉ ਪਰਧਾਨ ਕਰਕੇ ਤੇ ਪੁਰਾਣੇ ਬੈਦਕ ਧਰਮ ਨੂੰ ਕਾਇਮ ਕਰਨ ਵਾਸਤੇ ਜੈਸਾ ਚਾਹੀਦਾ ਸੀ ਵੈਸਾ ਹੀ ਪੰਥ ਗੁਰੂ ਜੀ ਨੇ ਰਚਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜਿਸ ਤਰਾਂ ਰਾਜਨੀਤੀ ਧਰਮ ਤੇ ਬਿਹਾਰ ਦੇ ਪੂਰੇ ਪੂਰੇ ਗਿਆਤਾ ਸੇ ਉਸੇ ਤਰਾਂ (ਰੂਹਾਨੀ ਤਾਕਤ) ਪਰਮਾਰਥ ਦੇ ਸਮਝਣੇ ਸਮਝਾਉਣੇ ਵਿਚ ਭੀ ਇੱਕੋ ਹੀ ਹੋਏ ਹਨ, ਕਿਸੇ ਨਾਲ ਵੈਰ ਵਿਰੋਧ ਨਹੀਂ ਸੀ। ਵੀਚਾਰ ਕੇ ਦੇਖਿਆ ਜਾਏ ਤਾਂ ਮੁਸਲਮਾਨਾਂ ਨਾਲ ਭੀ ਗੁਰੂ ਜੀ ਦੀ ਕੋਈ ਦੁਸ਼ਮਣੀ ਨਹੀਂ ਸੀ। ਜੇਕਰ ਦੁਸ਼ਮਣੀ ਰੱਖਦੇ ਤਾਂ ਮੁਸਲਮਾਨਾਂ ਨੂੰ ਆਪਣੇ ਪਾਸ ਨੌਕਰ ਨਾਂ ਰੱਖਦੇ। ਫੇਰ ਦੇਖੋ ਮੁਸਲਮਾਨਾਂ ਨੇ ਮਾਛੀਵਾੜੇ ਵਿਚ ਗੁਰੂ ਸਾਹਿਬ ਵਾਸਤੇ ਝੂਠੀ ਗਵਾਹੀ ਦਿੱਤੀ ਤੇ ਹੋਰ ਬਹੁਤ ਮਦਦ ਕੀਤੀ। — ਹਾਂ ਔਰੰਗਜ਼ੇਬ ਬਾਦਸ਼ਾਹ ਦੇ ਬੇਸ਼ੁਮਾਰ ਜ਼ੁਲਮਾਂ ਦੀ ਤਲਵਾਰ ਜੋ ਹਿੰਦੂਆਂ ਪਰ ਚੱਲ ਰਹੀ ਸੀ ਉਸ ਨੂੰ ਬੁਰਾ ਸਮਝਦੇ ਸੇ। ਸੋ ਭੀ ਆਪ ਗੁਰੂ ਸਾਹਿਬ ਨੇ

Digitized by Panjab Digital Library | www.panjabdigilib.org

ਬਾਦਸਾਹੀ ਮਾਮਲੇ ਵਿਚ ਕੋਈ ਬੁਰਿਆਈ ਦੀ ਛੇੜ ਛਾੜ ਨਹੀਂ ਕੀਤੀ। ਪਹਾੜੀ ਰਾਜਿ
ਆਂ ਦੇ ਝੂਠੇ ਸੱਚੇ ਬਚਨ ਸੁਣਕੇ ਮੁਸਲਮਾਨ, ਗੁਰੂ ਸਾਹਿਬ ਦੇ ਗਲ ਆਪੜੇ ਤਾਂ ਹਿ
ਦੂ ਧਰਮ ਦੀ ਰੱਖਿਆ ਵਾਸਤੇ ਉਨ੍ਹਾਂ ਨੂੰ ਗਲੋਂ ਲਾਹੁਣ ਲਈ ਸ਼ਮਸ਼ੇਰ ਫੜਨੀ ਪਈ, ਨਹੀਂ
ਤਾਂ ਹੋਰ ਕਿਸੇ ਮਾਲ ਮੁਲਕ ਦੇ ਲੈਣ ਵਾਸਤੇ ਗੁਰੂ ਜੀ ਨੇ ਤੇਗ ਨਹੀਂ ਉਠਾਈ।
ਜੱਦਿਪਿ ਇਕ ਵਾਰੀ ਸਿੱਖ ਕੌਮ ਨੇ ਸਿਰਫ ਆਪਣੀ ਬਦਨੀ ਤਾਕਤ ਤੇ ਇਤਫਾਕ, ਬ
ਹਾਦਰੀ ਦੇ ਜ਼ੋਰ ਨਾਲ, ਪਦਾਰਥ ਤੇ ਆਦਮੀਆਂ ਦੀ ਬੜੀ ਭਾਰੀ ਖਾਣ ਸਾਰੇ ਮੁਲਕਾਂ ਨਾ
ਲੋਂ ਅਤੀ ਉੱਤਮ ਮੁਲਕ ਪੰਜਾਬ ਦੀ ਬਾਦਸ਼ਾਹੀ ਹਾਸਲ ਕਰ ਲਈ ਸੀ। ਪਰੰਤੂ ਕੋ
ਈ ਸਿੱਖ ਦੂਰੰਦੇਸ਼, ਬਿਦ੍ਵਾਨ, ਮਹਾਨ ਹੌਸਲੇ ਵਾਲਾ, ਖ਼ਿਆਲ ਖ਼ਿਆਲ ਏਸ ਪੰਥ ਵਿ
ਚ ਨਾ ਹੋਯਾ ਜੋ ਦਸਮੇ ਪਾਤਸ਼ਾਹ ਦੇ ਅਸਲ ਮਤਲਬ ਨੂੰ ਪਹੁੰਚਕੇ ਉਨ੍ਹਾਂ ਦੇ ਸਬ
ਨਾ ਕਾਇਦਿਆਂ ਪਰ ਖਾਲਸੇ ਨੂੰ ਚਲਾ ਕਰ, ਏਸ ਪੰਥ ਦੀ ਜੜ ਨੂੰ ਅਧਿਕ ਮਜ਼ਬੂਤ
ਕਰਕੇ ਪੰਥ ਨੂੰ ਉੱਨਤੀ ਦਿੰਦਾ। ਪਰ ਏਹ ਤਾਂ ਸਗੋਂ ਚਾਰ ਬਰਨ ਦੇ ਏਕੋ ਭਾਈ ਬਣਨੇ ਤੇ
ਆਪਸ ਵਿਚ ਸਾਕ ਨਾਤਾ ਕਰਨੇ, ਅਤੇ ਜਾਤ ਪਾਤ ਦਾ ਅਭਿਮਾਨ ਦੂਰ ਕਰਨੇ, ਤੇ ਮਰਨੇ,
ਪਰਨੇ, ਵਿਚ ਹਿੰਦੂਆਂ ਵਾਲੀ ਕ੍ਰਿਯਾ ਕਰਮ ਆਦਿਕ ਰਸਮਾਂ ਨੂੰ ਤੋੜਨੇ ਦੀ ਜਗਾ ਫੇ
ਰ ਉਨ੍ਹਾਂ ਹੀ ਰਸਮਾਂ ਵਿਚ ਫਸ ਗਏ, ਜਿਸ ਕਰਕੇ ਹਿੰਦੁਸਤਾਨ ਦੀ ਫੁੱਟ ਦਾ ਮੇਵਾ ਸਬ
ਏਸੇ ਪੰਥ ਦੇ ਹਿੱਸੇ ਵਿਚ ਆ ਗਿਆ। ਏਹੋ ਵਜਹ ਅਰਥਾਤ ਕਾਰਣ ਹੈ ਕਿ ਉੱਨਤੀ ਕ
ਰਨ ਦੀ ਜਗਾ ਘਾਟਾ ਪਾ ਰਿਹਾ ਹੈ।
ਅਜੇ ਭੀ ਪੜ੍ਹੇ ਹੋਏ ਮਜ਼ਬੂਤ ਦੇ ਪੱਖ ਕਰਨ ਵਾਲੇ ਸਿੱਖਾਂ ਨੂੰ ਚਾਹੀਦਾ ਹੈ ਕਿ ਆਪਣੇ ਪ
ਰੋਪਕਾਰੀ ਸਤਗੁਰੂ ਦੇ ਅਸਲ ਕਾਇਦਿਆਂ ਦਾ ਆਪਣੇ ਪੰਥ ਵਿਚ ਰਿਵਾਜ ਦੇ ਕਰ
ਇਕੋ ਪੰਥ ਸੋਲਾਂ ਬੀਸ ਛੱਤੀ ਖਾਲਸਾ ਕਾਯਮ ਕਰਕੇ ਆਪਣੇ ਪਰਮ ਪਿਆਰੇ ਬਾਪ
ਦੀ ਮਿਹਨਤ ਤੇ ਮਨਸ਼ਾ ਨੂੰ ਸਫਲਾ ਕਰਨਾ।
ਹੁਣ ਮੈਂ ਏਸ ਤਵਾਰੀਖ ਖਾਲਸੇ ਦੇ ਪਹਿਲੇ ਹਿੱਸੇ ਨੂੰ ਪੂਰਾ ਕਰਕੇ ਅਕਾਲ ਪੁਰਖ
ਪਾਸੋਂ ਏਹ ਵਰ ਮੰਗਦਾ ਹਾਂ ਕਿ ਉਹ ਅਸਾਡੇ ਨਿਆਇ ਕਾਰੀ ਪ੍ਰਜਾ ਪਾਲਕ, ਧਰਮ
ਰੱਖਕ ਸਰਕਾਰ ਅੰਗ੍ਰੇਜ਼ੀ ਦੇ ਤਾਜ ਤਖਤ ਨੂੰ ਹਿੰਦੁਸਤਾਨ ਦੇ ਸਿਰ ਪਰ ਹਮੇਸ਼ ਕਾ
ਯਮ ਰੱਖੇ। ਜਿਨ੍ਹਾਂ ਦੀ ਕ੍ਰਿਪਾ ਨਾਲ ਸਾਨੂੰ ਬੜੇ੨ ਆਰਾਮ ਤੇ ਅਮਨ ਪ੍ਰਾਪਤਿ ਹੋ ਰਹੇ
ਹਨ। ਅਤੇ ਜੇਹੜੀਆਂ ਬਿਦਿਆ ਸਾਡੇ ਦੇਸ ਵਿਚੋਂ ਬ੍ਰਮਣਾਂ ਦੀ ਖੁਦਗਰਜੀ ਨਾਲ

Digitized by Panjab Digital Library | www.panjabdigilib.org

ਨਸ਼ਟ ਹੋਗਈਆਂ ਸਨ, ਹੁਣ ਓਹ ਭੀ ਸਾਡੇ ਦੇਸ ਭਾਈਆਂ ਨੂੰ ਪ੍ਰਾਪਤ ਹੁੰਦੀਆਂ ਜਾਂਦੀਆਂ ਹਨ ਅਤੇ ਓਹ ਪਦਾਰਥ ਤੇ ਸੁਖ ਜੇਹੜੇ ਮੁਸਲਮਾਨਾ ਨੈ ਹਿੰਦੂਆਂ ਨੂੰ ਭੋਗਣੋ ਰੋਕ ਰੱਖਿਆ ਸੀ ਓਹ ਸਬ ਪ੍ਰਾਪਤ ਹੋ ਰਹੇ ਹਨ ਅਤੇ ਮੁਸਲਮਾਨ ਨੂੰ ਹਿੰਦੂ ਦਾ ਡਰ ਨਹੀਂ ਤੇ ਹਿੰਦੂ ਨੂੰ ਮੁਸਲਮਾਨ ਦਾ ਭੌ ਨਹੀਂ ਨਾ ਤਾਂ ਕਾਜ਼ੀਆਂ ਦੇ ਫਤੂਵੇ ਦਾ ਸੰਸਾ ਹੈ ਨਾ ਪੰਡਿਤਾਂ ਦੇ ਪ੍ਰਾਸ਼੍ਚਿਤ ਦਾ ਆਪਣੇ ੨ ਘਰ ਬੈਠੇ ਨਿਧੜਕ ਜੋ ਜੀ ਚਾਹੇ ਸੋ ਰਾਗ ਗਾਓ, ਕੋਈ ਨਹੀਂ ਕਹਿ ਸਕਦਾ ਕੇ ਬੇਤਾਲੇ ਹੋ ਯਾ ਬੇਸੁਰੇ।

ਏਹ ਸਬ ਮਹਾਰਾਣੀ ਵਿਕਟੋਰੀਆ ਦੇ ਛੱਤ੍ਰ ਛਾਯਾ ਦੀ ਠੰਢੀ ਪੌਣ ਪਰਮਾਨੰਦ ਪ੍ਰਾਪਤ ਹੋ ਰਹੀ ਹੈ, ਵਾਹਿਗੁਰੂ ਓਸ ਜਗਤੇਸ੍ਵਰੀ ਮਹਾਰਾਣੀ ਦੀ ਉਮਰ, ਹਕੂਮਤ ਦੌਲਤ ਪ੍ਰਤਾਪ ਅਖੈ ਕਰੇ।

ਇਤਿ ਸ੍ਰੀ ਤਵਾਰੀਖ ਗੁਰੂ ਖਾਲਸਾ ਜੀ ਦਾ ਪਹਿਲਾ ਭਾਗ ਦਸਾਂ ਗੁਰੂਆਂ ਦੇ
ਜੀਵਨ ਚਰਿੱਤ੍ਰ ਕ੍ਰਿਤ ਕਵਿ ਭਾਈ ਗਯਾਨ ਸਿੰਘ ਗਯਾਨੀ ਸਮਾਪ੍ਤੰ ਸੁਭੰ।

ਦੋਹਿਰਾ।

੯ ੪ ੯ ੧
ਨਾਥ ਬੇਦ ਗ੍ਰਹਿ ਸਸਿ ਪੁਨੋ ਚੇਤ ਸੁਮੰਗਲ ਵਾਰ। ਗਯਾਨਸਿੰਘ ਪੂਰਨ ਕੀਓ
ਪ੍ਰਥਮ ਭਾਗ ਸੁਖਕਾਰ।

ਸੰਮਤ ੧੯੪੯ ਚੇਤ੍ਰ ੨੫ ਸੰਨ ੧੮੯੨ ਈ: ਸਾਲ ਸ੍ਰੀ ਗੁਰੂ ਨਾਨਕ ਜੀ ੪੨੩

ਹਸਬ ਜ਼ਾਬਤਾ ਰਜਿਸ੍ਟ੍ਰੀ ਕਰਾਈ ਗਈ ਹੈ
ਕੋਈ ਸਾਹਿਬ ਛਾਪਣੇ ਦਾ ਇਰਾਦਾ ਨਾ ਕਰੇ।

ਦਸਤਖਤ

ਦਾਸ ਬੁਧ ਸਿੰਘ ਕਾਪੀ ਨਵੀਸ ਨਿਵਾਸੀ ਅੰਮ੍ਰਿਤਸਰ ਬੁੰਗਾ ਬੁੜੀਏ ਵਾਲਾ।। 7002

Digitized by Panjab Digital Library | www.panjabdigilib.org

# ਪ੍ਰਗਟ

ਹੋਵੇ ਜੋ ਤਵਾਰੀਖ ਗੁਰੂ ਖਾਲਸਾ ਉਰਦੂ ਅਤੇ ਗੁਰਮੁਖੀ
ਦੋਹਾਂ ਜ਼ੁਬਾਨਾਂ ਵਿਚ ਬੜੇ ਪਰਿਸ੍ਰਮ ਨਾਲ ਮੈਂਨੇ ੧੫ ਪੰਦ੍ਰਾਂ ੨੦ ਬੀ
ਸ ਬਰਸ ਤਕ ਦੇਸ ਪਰਦੇਸ ਰਟਨ ਕਰਕੇ ਪੰਜਾਂ ਹਿੱਸਿਆਂ ਵਿਚ ਤੱ
ਯਾਰ ਕੀਤੀ ਹੈ ਜਿਨ੍ਹਾਂ ਹਿੱਸਿਆਂ ਦਾ ਵੇਰਵਾ ੭ ਸਫ਼ੇ ਪਰ ਲਿਖਿਆ ਹੈ।
ਬਗੈਰ ਇਸ ਛਾਪੇਖਾਨੇ ਗੁਰੂ ਗੋਬਿੰਦ ਸਿੰਘ ਪ੍ਰੈਸ ਦੇ ਹਕ ਤਸਨੀਫ ਮਹਫੂ
ਜ਼ ਹੈ। ਕੋਈ ਸਾਹਿਬ ਸਾਡੀ ਇਜਾਜ਼ਤ ਦੇ ਬਿਨਾ ਛਾਪਣੇ ਅਥਵਾ ਛਪਾਣੇ ਦਾ
ਇਰਾਦਾ ਨਾ ਕਰੇ।

ਦਸਤਖਤ ਭਾਈ ਗਿਆਨ ਸਿੰਘ ਗਿਆਨੀ
ਤਵਾਰੀਖ ਬਨਾਵਨ ਵਾਲੇ ਦੇ।

ਸੰਮਤ ੧੯੪੮ ਸਾਲ ਸ੍ਰੀ ਗੁਰੂ ਨਾਨਕ ੪੨੩ ਸੰਨ ੧੮੯੧ ਈ: ਸਤੰਬਰ



ਇਨ੍ਹਾਂ ਨੇ ਹੀ ਪੰਥ ਪ੍ਰਕਾਸ਼ ਰਚਿਆ ਹੈ।

ਤਸਵੀਰ ਕਵਿ ਗਿਆਨ ਸਿੰਘ ਗਿਆਨੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪ੍ਰਗਟ

ਹੋਵੇ ਜੋ ਤਵਾਰੀਖ ਗੁਰੂ ਖਾਲਸਾ ਉਰਦੂ ਅਤੇ ਗੁਰਮੁਖੀ
ਦੋਹਾਂ ਜੁਬਾਨਾ ਵਿਚ ਬੜੇ ਪਰਿਸ੍ਰਮ ਨਾਲ ਮੈਨੇ ੧੫ ਪੰਦ੍ਰਾਂ ੨੦ ਬੀ
ਸ ਬਰਸ ਤਕ ਦੇਸ ਪਰਦੇਸ ਰਟਨ ਕਰਕੇ ਪੰਜਾਂ ਹਿੱਸਿਆਂ ਵਿਚ ਤੱ
ਯਾਰ ਕੀਤੀ ਹੈ ਜਿਨ੍ਹਾਂ ਹਿੱਸਿਆਂ ਦਾ ਵੇਰਵਾ ੭ ਸਫੇ ਪਰ ਲਿਖਿਆ ਹੈ।
ਬਗੈਰ ਇਸ ਛਾਪੇਖਾਨੇ ਗੁਰੂ ਗੋਬਿੰਦ ਸਿੰਘ ਪ੍ਰੇਸ ਦੇ ਹਕ ਤਸਨੀਫ ਮਹਫੂ
ਜ ਹੈ। ਕੋਈ ਸਾਹਿਬ ਸਾਡੀ ਇਜਾਜਤ ਦੇ ਬਿਨਾ ਛਾਪਣੇ ਅਥਵਾ ਛਪਾਣੇ ਦਾ
ਇਰਾਦਾ ਨਾ ਕਰੇ।

ਦਸਤੁਖਤ ਭਾਈ ਗਯਾਨ ਸਿੰਘ ਗਯਾਨੀ
ਤਵਾਰੀਖ ਬਨਾਵਨ ਵਾਲੇ ਦੇ।

ਸੰਮਤ ੧੯੪੮ ਸਾਲ ਸ੍ਰੀ ਗੁਰੂ ਨਾਨਕ ੪੨੩ ਸੰਨ ੧੮੯੧ ਈ: ਸਤੰਬਰ

ਏਨ੍ਹਾਂ ਨੇ ਸ੍ਰੀ ਪੰਥ ਪ੍ਰਕਾਸ਼ ਰਚਿਆ ਹੈ। ਤਸਵੀਰ ਕਵਿ ਗਯਾਨ ਸਿੰਘ ਗਯਾਨੀ



Digitized by Panjab Digital Library | www.panjabdigilib.org

# ਤਵਾਰੀਖ ਗੁਰੂ ਖਾਲਸਾ

## ਭਾਗ ੨

# ਸ਼ਮਸ਼ੇਰ ਖਾਲਸਾ

ਏਸ ਹਿੱਸੇ ਵਿੱਚ ਬਾਬੇ ਬੰਦੇ ਦੀ ਬਹਾਦਰੀ ਤੇ ਖਾਲਸੇ ਦੇ ਇਕੱਤ੍ਰ ਹੋਕਰ ਮੁਸਲਮਾਨ ਬਾਦਸ਼ਾਹਾਂ ਨਾਲ ਜੰਗ ਕਰਨੇ ਲਿਖੇ ਗਏ ਹੈਂ

حسب فرمائش بابا گیان سنگھ صاحب گیانی در مطبع گورو گوبند سنگھ پریس سیالکوٹ باہتمام بابو راج اندر سنگھ طبع شد

ਏਸ ਪੁਸਤਕ ਨੂੰ ਬਾਬਾ ਗਿਆਨ ਸਿੰਘ ਗਿਆਨੀ ਕਰਤਾ ਪੰਥ ਪ੍ਰਕਾਸ਼ ਨੇ ਗੁਰੂਘਰ ਦੇ ਪਰਮ ਹਿਤਕਾਰੀ ਸਿੱਖਾਂ, ਸੇਵਕਾਂ ਦੇ ਲਾਭਾਰਥ ੧੫-੨੦ ਬਰਸ ਰਟਨ ਕਰਕੇ ਮਿਹਨਤ ਨਾਲ ਬਨਾਯਾ।

ਔਰ

ਪਾਖਾਣ ਯੰਤ੍ਰ ਗੁਰੂ ਗੋਬਿੰਦ ਸਿੰਘ ਪ੍ਰੇਸ ਬੇਰ ਬਾਬਾ ਨਾਨਕ ਸ਼ਹਰ ਸਿਆਲਕੋਟ ਮੇਂ, ਬਾਬੂ ਰਾਜੇਂਦ੍ਰ ਸਿੰਘ ਮੈਨੇਜਰ ਕੇ ਅਧਿਕਾਰ ਸੇ ਮੁੱਦ੍ਰਿਤ ਕਰਵਾਯਾ। ਸੰਮਤ ੧੯੪੯ ਬਿ: ਸੰ: ੧੮੯੨ ਈਸਵੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ।

# ਤਵਾਰੀਖ ਗੁਰੂ ਖਾਲਸਾ ਅਰਥਾਤ ਸ਼ਮਸ਼ੇਰ ਖਾਲਸਾ

## ਭਾਗ ੨

ਏਸ ਹਿੱਸੇ ਵਿੱਚ ਬਾਬੇ ਬੰਦੇ ਦੀਆਂ ਬਹਾਦਰੀਆਂ ਤੇ ਲੜਾਈਆਂ ਅਤੇ ਪੰਥ ਖਾਲਸੇ
ਨੇ ਇਕੱਠੇ ਹੋਕੇ, ਹਿੰਦੂ ਧਰਮ ਤੇ ਆਪਣੇ ਪੰਥ ਦੀ ਰੱਖਿਆ ਵਾਸਤੇ ਜੇਹੜੇ ੨ ਕੰਮ ਕੀਤੇ
ਹਨ ਓਹ ਲਿਖੇ ਜਾਂਦੇ ਹਨ ਤੇ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮੇ ਪਾਤਸ਼ਾਹ
ਪੁਨੀਤ ਦਸੋਂ ਗੁਰੂ ਸਾਹਿਬਾਂ ਦੇ ਤੇ ਪੰਥ ਖਾਲਸੇ ਦੇ ਪਰੋਪਕਾਰ ਦਾ ਧੰਨਿਆਵਾਦ ਕਰਕੇ
ਦੂਸਰੇ ਹਿੱਸੇ ਦਾ ਆਰੰਭ ਕਰਦਾ ਹਾਂ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇਕ ਪੁਰਾ
ਣੀ ਪੋਥੀ ਵਿਚ ਏਸ ਤਰਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਜੌਰੀ, ਪਰਗਣੇ
ਪੁਣਛ ਦਾ ਰਾਜਪੂਤ ਸੀ। ਸੰਮਤ ੧੭੨੭ ਬਿ: ਕਾਤਕ ਸੁਦੀ ੧੩ ਨੂੰ ਰਾਮਦੇਵ ਛੱਤ੍ਰੀ ਦੇ
ਘਰ ਪੈਦਾ ਹੋਯਾ, ਨਾਮ ਏਸ ਦਾ ਲਛਮਣ ਦੇਵ ਰੱਖਿਆ। ਏਹ ਛੋਟੀ ਉਮਰ ਵਿਚ ਹੀ ਬ
ਹੁਤ ਤੇਜ਼ ਸੁਭਾਵ, ਤੇ ਤਾਕਤਵਰ ਸੀ। ਸ਼ਸ੍ਤ੍ਰ ਵਿੱਦਿਆ ਤੇ ਸ਼ਿਕਾਰ ਖੇਲਣ ਦਾ ਬੜਾ ਸ਼ੌ
ਕ ਸੀ। ਇਕ ਦਿਨ ਏਸ ਨੇ ਸ਼ਿਕਾਰ ਵਿਚ ਇਕ ਹਰਨੀ ਮਾਰੀ, ਉਸ ਦੇ ਪੇਟ ਵਿਚੋਂ ਦੋ ਬੱ
ਚੇ ਨਿਕਲੇ ਜੋ ਥੋੜੀ ਦੇਰ ਪਿੱਛੋਂ ਤੜਫ ਕਰਕੇ ਮਰ ਗਏ। ਉਥੋਂ ਲਛਮਨ ਦੇਵ ਨੂੰ ਐਸੀ
ਗੈਰਤ ਆਈ ਕਿ ਵੈਰਾਗ ਹੋ ਗਯਾ। ਸਭ ਕੰਮ ਕਾਰ ਜੀਵ ਹਿੰਸਾ ਛੱਡਕੇ ਜਾਨਕੀ ਪ੍ਰ
ਸਾਦ ਵੈਰਾਗੀ ਫਕੀਰ ਜੋ ਰਜੌਰੀ ਰਹਿਆ ਕਰਦਾ ਸੀ ਉਸ ਦੀ ਸੰਗਤ ਤੇ ਭਜਨ ਭ
ਗਤੀ ਕਰਨ ਆ ਲੱਗਾ। ਉਸ ਸੰਤ ਦਾ ਗੁਰੂਦਵਾਰਾ ਰਾਮ ਥੰਮਨ ਨਾਮੀ ਕਸੂਰ ਦੇ
ਪਾਸ ਸੀ। ਇਕ ਵਾਰੀ ਸੰ: ੧੭੪੩ ਬਿ: ਨੂੰ ਲਛਮਨ ਦੇਵ ਜਾਨਕੀ ਪ੍ਰਸਾਦ ਦੇ ਨਾਲ

Digitized by Panjab Digital Library | www.panjabdigilib.org

੨ ਬਾਦ ਰਾਮਥੰਮਨ ਦਾ ਮੇਲਾ ਜੋ ਵੈਸਾਖੀ ਨੂੰ ਭਰਦਾ ਹੈ ਦੇਖਣ ਵਾਸਤੇ ਗਯਾ ਤਾਂ ਓਥੋਂ ਦੇ
ਮਹੰਤ ਹਰੀਦਾਸ ਦਾ ਚੇਲਾ ਇਕ ਰਾਮਦਾਸ ਬਡਾ ਬਰਕਤ ਵਾਲਾ ਮਸ਼ਹੂਰ ਦਰਸ਼
ਨੀ ਸੰਤ ਸੀ। ਲਛਮਨਦੇਵ ਭੀ ਉਸਦਾ ਚੇਲਾ ਬਣ ਗਿਆ। ਤਦ ਏਸਦਾ ਨਾਮ ਨਾਰੈ
ਣਦਾਸ ਰੱਖਿਆ ਗਿਆ। ਤੇ ਬੈਰਾਗੀ ਸਾਧੂ ਨਵੀਨ ਖਾਕੀ ਸੰਤ ਨੂੰ ਬਾਲਾ ਜੀ ਆਖਿਆ
ਕਰਦੇ ਹਨ, ਏਸ ਕਰਕੇ ਏਸਨੂੰ ਲਛਮਨ ਬਾਲਾ ਆਖਣ ਲਗ ਪਏ। ਫੇਰ ਏਹ ਵੈਰਾ
ਗੀ ਸਾਧਾਂ ਦੀ ਜਮਾਤ ਨਾਲ ਰਲਕੇ ਤੀਰਥ ਜਾਤ੍ਰਾ, ਦੇਸਾਂ ਦੇ ਸੈਲ, ਭਜਨ ਪਾਠ ਕਰ
ਦਾ ਫਿਰਿਆ। ਉਸ ਸਮੇ ਵੈਰਾਗੀਆਂ ਸੰਨਿਆਸੀਆਂ ਦੀਆਂ ਜਮਾਤਾਂ ਵਿਚ ਪਟੇਬਾਜ਼ੀ,
ਤੀਰੰਦਾਜ਼ੀ, ਹਰਪ੍ਰਕਾਰ ਦੀ ਸ਼ਸਤ੍ਰ ਬਿੱਦਿਆ ਸਿੱਖਣੇ ਸਿਖਾਉਣੇ ਦਾ ਬਹੁਤ ਅੱਭਿਆਸ
ਰਹਿੰਦਾ ਸੀ। ਬਲਕੇ ਛੋਟੀਆਂ ਤੋਪਾਂ, ਜੰਬੂਰੇ, ਬੰਦੂਕਾਂ, ਤੀਰਕਮਾਣਾ, ਹਾਥੀ, ਘੋੜੇ ਜ
ਮਾਤਾਂ ਦੇ ਨਾਲ ਰਿਹਾ ਕਰਦੇ ਸੇ। ਏਸੇ ਕਰਕੇ ਹਰਿਦ੍ਵਾਰ ਆਦਿਕ ਤੀਰਥਾਂ ਦੇ ਮੇਲੇ ਕੁੰਭ
ਪਰ ਬੈਰਾਗੀ, ਸੰਨਿਆਸੀ ਫਕੀਰਾਂ ਦੀ ਆਪਸ ਵਿਚ ਲੜਾਈ ਲੱਗੀ ਰਹਿੰਦੀ, ਹਜ਼ਾਰਾਂ ਸਾ
ਧੂ ਦੋਹਾਂ ਤਰਫਾਂ ਤੋਂ ਮਾਰੇ ਜਾਂਦੇ।

ਜਦ ਨਾਰਾਯਣਦਾਸ ਤੀਰਥ ਕਰਦਾ ਹੋਯਾ ਦੱਖਣ ਦੇਸ ਵਿਚ ਨਾਸ਼ਕ ਸ਼ਹਿਰ ਗੋਦਾ
ਵਰੀ ਗੰਗਾ ਕਿਨਾਰੇ ਪੰਚਬਟੀ ਪਹੁੰਚਿਆ ਤਾਂ ਏਹ ਸੁੰਦਰ ਜਗਾ ਦੇਖਕੇ ਤਪੱਸਿਆ ਕਰਨ
ਲਗ ਪਿਆ। ਏਥੇ ਹੀ ਲਛਮਣ ਜੀ ਨੇ ਸੂਪਨਖਾ ਦਾ ਨੱਕ ਕੱਟਿਆ ਸੀ ਤੇ ਹੁਣ ਭੀ ਜਪੀ
ਤਪੀ ਸੰਤ ਏਥੇ ਬਹੁਤ ਰਹਿੰਦੇ ਹਨ। ਏਸੇ ਥਾਂ ਇਕ ਔਘੜਨਾਥ ਜੋਗੀ ਲੂਣੀਏ ਸਿੱਧ
ਦਾ ਚੇਲਾ ਰਿਹਾ ਕਰਦਾ ਸੀ। ਏਸੇ ਲੂਣੀਏ ਦੇ ਬਣਾਏ ਹੋਏ ਜੰਤ੍ਰ, ਮੰਤ੍ਰ ਲੋਗਾਂ ਵਿਚ ਹੁ
ਣ ਤਕ ਪ੍ਰਸਿੱਧ ਹਨ। ਔਘੜਨਾਥ ਜੋਗੀ ਦੀ ਟਹਿਲ ਨਰੈਣਦਾਸ ਨੇ ਬਹੁਤ ਕੀਤੀ
ਉਸਨੇ ਖੁਸ਼ੀ ਹੋਕੇ ਆਪਣੇ ਅੰਤ ਦੇ ਸਮੇ ਸੰ: ੧੭੪੮ ਬਿ: ਨੂੰ ਆਪਣੀ ਪੋਥੀ ਜਿਸ ਵਿਚ
ਰੋਜਨ ਬਿੱਦਿਆ ਸਿੱਖਣੇ ਦੇ ਪ੍ਰਕਾਰ ਤੇ ਪ੍ਰਤਿਆਏ ਹੋਏ ਮੰਤ੍ਰ, ਜੰਤ੍ਰ, ਲਿਖੇ ਹੋਏ ਸੇ, ਸੋ ਏਸ
ਨੂੰ ਬਖਸ਼ ਦਿੱਤੀ ਤੇ ਉਨ੍ਹਾਂ ਦੇ ਕਮਾਉਣ ਦਾ ਭੇਤ, ਰਸਾਇਣ ਬਨਾਵਣ ਦੀ ਬੂਟੀ ਆਦਿ
ਕ ਗੁਣ ਸਭ ਏਸਨੂੰ ਦੱਸ ਦਿੱਤੇ। ਫੇਰ ਤਾਂ ਏਹ ਬਿੱਦਿਆ ਨੂੰ ਸਿੱਖਕੇ ਪ੍ਰਸਿੱਧ ਸਿੱਧ ਹੋ
ਗਿਆ। ਦੱਖਣ ਦੇਸ ਦਾ ਸੈਲ ਕਰਦਾ ਹੋਯਾ ਨਦੇੜ ਸ਼ਹਿਰ ਜੋ ਹੰਗੋਲੀ ਤੋਂ ੧੮ ਕੋਸ
ਹੈ ਗੋਦਾਵਰੀ ਗੰਗਾ ਕਿਨਾਰੇ ਇਕ ਬਗੀਚਾ ਬਣਾਕੇ ਰਹਣ ਲਗ ਪਿਆ ਤਦ ਬਹੁ
ਤੇ ਲੋਗ ਏਸਦੀ ਪੂਜਾ ਕਰਨ ਲਗ ਪਏ, ਏਸਦੀ ਕਰਣੀ ਦੀ ਚਰਚਾ ਦੂਰ ਦੂਰ ਤਕ

Digitized by Panjab Digital Library | www.panjabdigilib.org

ਫੈਲ ਗਈ। ਪੋਥੀਆਂ ਵਿਚ ਲਿਖਿਆ ਹੈ ਕਿ ਚਾਰ (ਮੁਵੱਕਲ) ਬੀਰ ਤੇ ਹੋਰ ਅਨੇਕ
ਭੂਤ ਪ੍ਰੇਤ ਏਸਦੇ ਤਾਬੇ ਰਹਿੰਦੇ ਸੇ ਜੋ ਬਿਨਾ ਬੈਲਾਂ ਤੋਂ ਹਰਟ ਚਲਾਕੇ ਜਲ ਸਿੰਜਿਆ ਕਰਦੇ
ਤੇ ਹੋਰ ਭੀ ਅਨੇਕ ਕੰਮ ਕਰਦੇ ਰਹਿੰਦੇ। ਫੇਰ ਏਸਨੇ ਫਕੀਰਾਂ ਦੀ ਪ੍ਰੀਖਿਆ ਵਾਸਤੇ ਇਕ
ਪਲੰਘ ਸੁੰਦਰ ਸਜਾਇ ਰੱਖਿਆ। ਜੋ ਕੋਈ ਸੰਤ ਆਵੇ ਉਸਨੂੰ ਉਸ ਪਲੰਘ ਉੱਪਰ
ਬੈਠਾਇ ਕਰ, ਬੀਰਾਂ ਤੋਂ ਉਲਟਾ ਕਰਵਾ ਕੇ, ਆਪ ਦੂਰ ਖੜਾ ਹੋਕੇ, ਹੱਸ ਹੱਸਕੇ ਸਾਧੂ
ਨੂੰ ਸ਼ਰਮਿੰਦਾ ਕਰ ਦਿੰਦਾ ਸੀ। ਫੇਰ ਜਿਸ ਤਰਾਂ ਗੁਰੂ ਸਾਹਿਬ ਨੇ ਨੰਦੇੜ ਜਾਕੇ ਏਸਨੂੰ
ਸਿੱਖ ਕੀਤਾ ਸੀ ਤੇ ਪੰਜਾਬ ਨੂੰ ਤੋਰਿਆ ਸੀ ਉਹ ਸਭ ਕਥਾ ਪਹਿਲੇ ਹਿੱਸੇ ਵਿਚ, ਗੁਰੂ
ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਤਮ ਪ੍ਰਸੰਗ ਵਿਚ ਆ ਗਈ ਹੈ ਏਸ ਵਾਸਤੇ ਏਥੇ
ਨਹੀਂ ਲਿਖੀ।

ਜਦ ਬਾਬਾ ਬੰਦਾ ਜੀ ਸਿੰਘਾਂ ਸਮੇਤ ਗੁਰੂ ਸਾਹਿਬ ਪਾਸੋਂ ਜਾਉਣ ਦੇ ਮਹੀਨੇ ਸੰਮਤ
੧੭੬੪ ਬਿ: ਨੂੰ ਬਿਦਾ ਹੋਕੇ, ਮੁਲਕ ਤਿਲੰਗ, ਗੌਂਡ, ਮਹਾਰਾਸ਼ਟ੍ਰ, ਬੁੰਦੇਲਖੰਡ
ਆਦਿਕ ਨੂੰ ਲੰਘ ਕੇ ਭਰਤਪੁਰ ਦੇ ਇਲਾਕੇ ਵਿਚ ਆਏ ਤਾਂ ਲਿਖਿਆ ਹੈ ਕੇ ਸਿੰਘਾਂ
ਨੇ ਏਸਦੀ ਕਲਾ ਅਜ਼ਮਾਉਣ ਵਾਸਤੇ ਇਕ ਦਿਨ ਭਾਰੇ ਜੰਗਲ ਵਿਚ ਆਖਿਆ ਕੇ
ਸਾਡੇ ਪਾਸ ਖਰਚ ਨਹੀਂ ਹੈ, ਏਸੇ ਥਾਂਉ ਸਾਨੂੰ ਦੇਹੋ। ਬੰਦੇ ਸਾਹਿਬ ਨੇ ਸਿੰਘਾਂ ਦਾ ਹਠ
ਦੇਖਕੇ ਉਥੇ ਹੀ ਇਕ ਕੱਚੇ ਤਾਲਾਬ ਪਰ ਡੇਰਾ ਕਰਾਇ ਦਿੱਤਾ। ਏਤਨੇ ਨੂੰ ਇਕ ਲੁ
ਬਾਣੇ ਸਿੱਖਾਂ ਦਾ ਟਾਂਡਾ ਪੰਜ ਸੌ ਬੈਲ ਦਾ ਉਸੇ ਥਾਂ ਆਣ ਉਤਰਿਆ। ਉਨ੍ਹਾਂ ਪਾਸ ਦ
ਸਵੰਧ ਦਾ ਪੰਜ ਸੌ ਰੁਪਯਾ ਜਮਾ ਸੀ। ਉਨ੍ਹਾਂ ਨੇ ਬੰਦੇ ਨੂੰ ਗੁਰੂ ਸਮਝਕੇ ਉਹ ਪੰਜ ਸੌ
ਰੁਪਯਾ ਬੰਦੇ ਦੀ ਨਜ਼ਰ ਕੀਤਾ। ਬੰਦੇ ਜੀ ਨੇ ਉਹ ਸਭ ਰੁਪਯਾ ਸਿੰਘਾਂ ਨੂੰ ਵਰਤਾ
ਇ ਦਿੱਤਾ। ਏਸੇ ਤਰਾਂ ਇਕ ਦਿਨ ਹਾਂਸੀ ਹਿਸਾਰ ਦੇ ਪਰਗਣੇ ਵਿਚ ਪਹੁੰਚ ਕਰ ਸਿੰ
ਘਾਂ ਨੇ ਆਖਿਆ ਅਸੀਂ ਬਹੁਤ ਮੁਦਤ ਪਿੱਛੋਂ ਆਪਣੇ ਘਰਾਂ ਨੂੰ ਚੱਲੇ ਹਾਂ ਹੁਣ ਕੁ
ਛ ਪਦਾਰਥ ਚਾਹੀਦਾ ਹੈ। ਤਦ ਬੰਦੇ ਜੀ ਨੇ ਭੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉ
ਸ ਬਚਨ ਨੂੰ ਪਰਖਣ ਵਾਸਤੇ ਜੋ ਗੁਰੂ ਜੀ ਨੇ ਬੰਦੇ ਜੀ ਨੂੰ ਤੋਰਨ ਦੇ ਸਮੇ ਕੀਤਾ ਸੀ ਕਿ
(ਖੀਸਾ ਅਸਾਡਾ ਤੇ ਹੱਥ ਤੁਹਾਡਾ ਸਾਫ ਨੀਤ ਨਾਲ ਵਰਤੋਗੇ ਤਾਂ ਤੋਟ ਨਾ ਆਵੇਗੀ।)
ਏਸ ਕਰਕੇ ਉਸੇ ਥਾਂਉਂ ਡੇਰਾ ਕਰਕੇ ਪੰਜਾਂ ਸਿੰਘਾਂ ਤੋਂ ਅਰਦਾਸ ਕਰਾਈ ਤੇ ਲੰਗਰ
ਚਲਾਉਣ ਵਾਸਤੇ ਆਪ ਹੀ ਚੁੱਲ੍ਹਾ ਪੁੱਟਣ ਲਗ ਪਿਆ। ਜ਼ਮੀਨ ਵਿਚੋਂ ਬਹੁਤ ਸਾਰੀਆਂ

Digitized by Panjab Digital Library | www.panjabdigilib.org

੪ ਮੁਹਿਰਾਂ ਨਿਕਲ ਆਈਆਂ। ਬੰਦੇ ਜੀ ਨੇ ਓਹ ਸਬ ਜੇਬ ਵਿਚ ਪਾ ਲਈਆਂ ਤੇ ਮੁੱਠੀ
ਭਰ ਭਰ ਸਬਨਾ ਸਿੰਘਾਂ ਨੂੰ ਦੇ ਦਿੱਤੀਆਂ। ਤਦ ਸਬਨਾ ਸਿੰਘਾਂ ਨੇ ਬੰਦੇ ਨੂੰ ਗੁਰੂ ਜੀ
ਦਾ ਰੂਪ ਜਾਣ ਲਯਾ। ਫੇਰ ਸਬ ਖਾਲਸਾ ਸੇਹਰ ਖੰਡੇ ਪਿੰਡ ਆਣ ਉਤਰਆ। ਇ
ਥੇ ਆਕੇ ਸਾਰੇ ਦੇਸ ਵਿਚ ਸਿੰਘਾ ਪਾਸ ਓਹ ਹੁਕਮਨਾਮੇ ਜੇਹੜੇ ਗੁਰੂ ਸਾਹਿਬ ਦੇ
ਹੱਥਾਂ ਦੇ ਸੇ ਭੇਜ ਦਿਤੇ। ਓਨ੍ਹਾਂ ਨੂੰ ਪੜ੍ਹਕੇ ਸਬ ਸਿੰਘਾਂ ਨੇ ਬੜੀ ਖੁਸ਼ੀ ਨਾਲ ਤੱਯਾਰੀ
ਕੀਤੀ। ਕਿਸੇ ਨੇ ਬੈਲ, ਗਊ, ਭੈਂਸ, ਬੇਚ ਦਿੱਤੇ, ਕਿਸੇ ਨੇ ਘਰ ਜ਼ਮੀਨ ਗਾਹਿਣੇ ਪਾ
ਕੇ ਘੋੜਾ ਖਰੀਦ ਕੀਤਾ, ਕਿਸੇ ਨੇ ਹੋਰ ਕਿਸੇ ਤਰਾਂ ਕਰਜ਼ਾ ਚੁੱਕਆ। ਕਿਸੇ ਕਿਸੇ ਧਨੀ
ਸਿੱਖ ਨੇ ਅਨੇਕਾਂ ਨੂੰ ਘੋੜੇ ਲੈ ਦਿਤੇ। ਏਸੇ ਤਰਾਂ ਤੱਯਾਰ ਹੋ, ਪੰਜ ੨, ਸੱਤ ੨ ਮਿਲਕੇ,
ਬੰਦੇ ਦੀ ਤਰਫ ਚਲ ਪਏ। ਸਬ ਤੋਂ ਪਹਿਲੇ ਮਾਲਵੇ ਦੇ ਸਿੰਘ ਪਹੁੰਚੇ ਕਿਓਂ ਕੇ ਓਹ
ਨੇੜੇ ਸਨ। — ਫਤੇ ਸਿੰਘ ਭਾਈ ਭਗਤੂ ਦਾ ਪੋਤਾ ੨੦ ਅਸਵਾਰ ਲੈਕੇ ਸਬ ਤੋਂ
ਪਹਿਲੇ ਬੰਦੇ ਸਾਹਿਬ ਪਾਸ ਹਾਜ਼ਰ ਆਣ ਹੋਯਾ। ਫੂਲਕੇ ਰਾਮਸਿੰਘ, ਤਲੋਕ ਸਿੰ
ਘ, ਆਲਾਸਿੰਘ ਆਦਿਕ ਬਾਦਸ਼ਾਹੀ ਹਾਕਮਾ ਦੇ ਡਰਦੇ ਮਾਰੇ ਆਪ ਤਾਂ ਨਾ ਗਏ
ਪਰ ਆਪਣੇ ਆਦਮੀ ਭੇਜ ਦਿਤੇ। — ਭਾਈ ਰੂਪੇਕੇ, ਬਹੋਲੇ ਕੇ, ਗਰੇਵਾਲ, ਧਾ
ਲੀਵਾਲ, ਚਾਹਿਲ, ਭੁੱਲਰ, ਮਾਹਿਲ ਬੈਰਾੜ ਆਦਿਕ ਤੇ ਸੂਰਾ, ਬੀਰਾ, ਜੀਵਣ
ਸਿੰਘ ਰੰਧਾਵੇ, ਨਗਾਹੀਆ ਸਿੰਘ, ਚੂਹੜ ਸਿੰਘ, ਸਾਗਰ ਸਿੰਘ ਆਦਿਕ ਦੁੱਲ
ਟ ਜੋ ਓਸ ਸਮੇ ਦੇ ਬੁੱਢੇ ੨ ਮਸ਼ਹੂਰ ਬਹਾਦਰ ਸੇ ਸਬ ਬੰਦੇ ਬਹਾਦਰ ਦੇ ਪਾਸ ਚ
ਲੇ ਆਏ। —— ਓਸੇ ਸਮਯ ਆਲੀ ਸਿੰਘ, ਮਾਲੀ ਸਿੰਘ, ਗੁਰਦਆਲ
ਸਿੰਘ, ਸੁੱਖਾ ਸਿੰਘ ਆਦਿਕ ਮਾਨਸ਼ਾਹੀਏ ਜ਼ਿਮੀਦਾਰਾਂ ਨੂੰ (ਜੋ ਸੂਬੇ ਵਜੀਦ ਖਾਨ ਪਾ
ਸ ਨੌਕਰ ਸੇ ਤੇ ਜਿਨ੍ਹਾਂ ਦੀ ਸੰਤਾਨ ਹੁਣ ਪਰਗਨੇ ਖੰਨੇ, ਸਲੌਂਦੀ ਪਿੰਡ ਵਿਚ ਹੈ) ਵ
ਜੀਦ ਖਾਂ ਨੇ ਆਖਆ ਹੁਣ ਤੁਹਾਡਾ ਗੁਰੂ ਇਕ ਹੋਰ ਬੰਦਾ ਸਾਹਿਬ ਦਸਮੇ ਗੁਰੂ ਦੇ ਪੁੱ
ਤ੍ਰਾਂ ਦਾ ਵੈਰ ਲੈਣ ਆਯਾ ਹੈ। ਦਸਮੇ ਗੁਰੂ ਨੂੰ ਤਾਂ ਅਸੀਂ ਦੇਸ ਤੋਂ ਹੀ ਕੱਢਆ ਸੀ ਪਰ ਏ
ਸਨੂੰ ਦੁਨੀਆਂ ਵਿਚੋਂ ਕੱਢਾਂਗੇ। ਤੁਸੀਂ ਭੀ ਜਾਣਾ ਚਾਹੋ ਤਾਂ ਜਾਓ ਤੇ ਓਸਨੂੰ ਰਹਨਾ ਲਆ
ਓ। ਏਹ ਬੋਲੀ ਸੁਣਕੇ ਸਿੰਘਾਂ ਨੇ ਆਖਆ ਸਾਨੂੰ ਸਾਡੀ ਤਨਖਾਹ ਮਿਲ ਜਾਵੇ। ਏਹ
ਗੱਲ ਸੁਣਕੇ ਸੂਬੇ ਨੇ ਓਨ੍ਹਾਂ ਨੂੰ ਕੈਦ ਕਰ ਦਿੱਤਾ। ਲਿਖਆ ਹੈ ਕਿ ਓਨ੍ਹਾਂ ਨੇ ਇਕ ਮਨ ਹੋ
ਕੇ ਬੰਦੇ ਦੀ ਮੰਨਤ ਕੀਤੀ ਤੇ ਆਖਆ, ਜੇਕਰ ਤੂੰ ਸੱਚਾ ਹੈਂ ਤਾਂ ਸਾਨੂੰ ਏਥੋਂ ਛੁਡਾ ਲੈ। ਸੋ ਓਸੇ

ਵਕਤ ਉਨ੍ਹਾਂ ਦੀਆਂ ਬੇੜੀਆਂ ਝੜ ਗਈਆਂ, ਦਰਵਾਜ਼ਾ ਖੁੱਲ੍ਹ ਗਿਆ, ਪਹਿਰੂ ਸੌਂ ਗਏ । ਸਿੰਘਾਂ ਨੇ ਬਾਬੇ ਬੀਰੇ ਨੂੰ ਜ਼ਾਹਰਪੀਰ ਸਮਝ ਕੇ ਆਪਣਾ ਗੁਰੂ ਥਾਪ ਲਯਾ ਤੇ ਨਾਕਰ ਸੇਵਕ ਬਣ ਗਏ । ਸਭ ਤੋਂ ਪਹਿਲਾਂ ਬੀਰੇ ਪਰ ਏਨ੍ਹਾਂ ਦਾ ਹੀ ਨਿਸਚਾ ਆਯਾ ਤੇ ਸਭ ਤੋਂ ਪਹਿਲਾਂ ਬੀਰਈ ਸਿੱਖ ਭੀ ਏਹੋ ਸਦਾਏ । ਹੁਣ ਤਕ ਏਨ੍ਹਾਂ ਦੀ ਸੰਤਾਨ ਬੀਰੇ ਨੂੰ ਮੰਨਦੀ ਹੈ (ਕਵੀਸ਼ਰ) ਭਾਵੇਂ ਕਿਸੇ ਤਰਾਂ ਪਹੁੰਚੇ ਬੀਰੇ ਪਾਸ ਪਹੁੰਚ ਗਏ । ਜਦ ਚਾਰ ਕ ਸੌ ਸਿੰਘ ਸੂਰਬੀਰ ਬੀਰੇ ਪਾਸ ਬਾਂਗਰ ਦੇਸ ਵਿਚ ਜਾ ਕੱਠਾ ਹੋਯਾ ਤਾਂ ਬੀਰੇ ਸਾਹਿਬ ਦਾ ਭੀ ਹੌਸਲਾ ਵਧ ਗਿਆ । ਉਸੇ ਸਮੇਂ ਉਸ ਦੇਸ ਦੇ ਸਭ ਧਾੜਵੀਆਂ ਨੂੰ ਖਬਰ ਕਰ ਦਿੱਤੀ ਕਿ ਜਿਸ ਨੇ ਸਮਾਣਾ ਲੁੱਟਣਾ ਹੋਵੇ ਸੋ ਫਗਣ ਵਦੀ ਪੰਚਮੀ ਨੂੰ ਉਥੇ ਪਹੁੰਚ ਜਾਵੇ । ਏਹ ਆਵਜ਼ਾ ਦੇ ਕੇ ਬੀਰਾ ਉਥੋਂ ਚੜ੍ਹ ਬੈਠਾ ਤੇ ਰਸਤੇ ਵਿਚ ਮੁਸਲਮਾਨਾਂ ਦੇ ਅਨੇਕ ਪਿੰਡ ਲੁੱਟਦਾ ਹੋਯਾ ਜਦ ਕੈਂਥਲ ਦੇ ਪਾਸ ਪਹੁੰਚਿਆ ਤਾਂ ਖਬਰ ਲੱਗੀ ਕਿ ਬਾਦਸ਼ਾਹੀ ਖਜ਼ਾਨਾ ਮਾਲ ਫੇ ਦੇਸ ਦਾ ਉਗਰਾਹੀ ਹੋ ਕਰ ਦਿੱਲੀ ਨੂੰ ਜਾਂਦਾ ਹੈ, ਅੱਜ ਬੋਹੂਨੇ ਪਿੰਡ ਠਾਹਿਰੇਗਾ, ਉਸੇ ਵਕਤ ਸਿੰਘਾਂ ਚੜ੍ਹਾਈ ਕਰ ਦਿੱਤੀ ਤੇ ਖਜ਼ਾਨੇ ਉੱਤੇ ਛਾਪਾ ਮਾਰਿਆ, ਰਖਵਾਲੇ ਮਾਰ ਕੁਟ ਕੇ ਨਸਾ ਦਿੱਤੇ । ਖਜ਼ਾਨਾ ਸਿੰਘਾਂ ਨੇ ਲੁਟ ਲਿਆ । ਏਸ ਪਹਿਲੀ ਫਤੇ ਤੋਂ ਸਿੰਘਾਂ ਦੇ ਦਿਲ ਵਧ ਗਏ, ਜੱਦ ਆਪਿ ਕੈਂਥਲ ਦੇ ਹਾਕਮ ਨੇ ਪਿੱਛਾ ਕੀਤਾ ਪਰ ਕੁਛ ਪੇਸ਼ ਨਾ ਗਈ, ਸਗੋਂ ਕਈ ਆਦਮੀ ਤੇ ਘੋੜੇ ਦੇ ਆਯਾ । ਏਧਰ ਜੱਦ ਆਪਿ ਸਮਾਣੇ ਵਾਲੇ ਲੋਗਾਂ ਨੂੰ ਖਬਰ ਹੋ ਗਈ ਸੀ ਪਰ ਉਹ ਜੁਲਾਹੇ ਦੇ ਗੋਲੀ ਲੱਗਣ ਵਾਂਗੂ ਝੂਠ ਹੀ ਸਮਝਦੇ ਰਹੇ । ਤਦ ਹੀ ਅੱਖ ਖੁੱਲੀ ਜਦ ੧੦ ਕੋਸ ਤੋਂ ਧਾਵਾ ਕਰ ਕੇ ਤਲਵਾਰਾਂ ਖਿੱਚ ਖਿਚ ਸਵਾ ਪਹਿਰ ਦੇ ਤੜਕੇ ਅਚਾਚੇਤ ਬਿਜਲੀ ਵਾਂਗੂ ਜਾ ਪਏ, ਬੇਖਬਰ ਸੁਤੇ ਹੀ ਦੱਬ ਲਏ । ਹੋਰ ਭੀ ਲੁਟੇਰੇ ਲੋਗ ਚਾਰੋਂ ਤਰਫੋਂ ਬੇਸ਼ੁਮਾਰ ਆ ਵੜੇ, ਲੁੱਟ ਮਾਰ ਮਚਾ ਦਿੱਤੀ । ਸਮਾਣੇ ਦੇ ਨਿਵਾਸੀਆਂ ਨੂੰ ਭਾਜੜ ਪੈ ਗਈ । ਔਰਤ ਨੂੰ ਮਰਦ, ਭਾਈ ਨੂੰ ਭਾਈ, ਬੇਟੇ ਨੂੰ ਮਾਈ ਮਿਲਣੀ ਨਾ ਪਾਈ । ਕੋਈ ਕਿਸੇ ਦੀ ਸੰਭਾਲ ਨਾ ਕਰ ਸਕਿਆ, ਆਪਣੀ ੨ ਜਾਨ ਦੀ ਬਣ ਗਈ, ਚਾਰ ਘੜੀ ਵਿਚ ਕਿਆਮਤ ਆ ਗਈ, ਹਾਇ ੨ ਤੌਬਾ ੨ ਦੀ ਪੁਕਾਰ ਮਚ ਗਈ । ਤਲਵਾਰਾਂ ਦੀਆਂ ਚੋਕਾਂ ਦੇ ਦੇ ਕਰ ਦੌਲਤ ਕਢਵਾ ਲਈ, ਤਿਨ ਦਿਨ ਸ਼ਹਿਰ ਲੁਟਿਆ, ਲੁਟੇਰੇ ਲੋਗ ਦੋ ਦੋ ਤਿਨ ਤਿਨ ਪੀੜ੍ਹੀਆਂ ਦੀਆਂ ਰੋਟੀਆਂ ਲੈ ਗਏ, ਸਿੰਘਾਂ ਨੇ ਭੀ ਖੂਬ ਹੱਥ ਰੰਗ ਲਏ । ਬੀਸ ੨ ਕੋਸ ਤੋਂ ਲੁਟੇਰੇ

Digitized by Panjab Digital Library | www.panjabdigilib.org

੬ ਖਲਕਤ ਆ ਧਸੀ, ਸ਼ਹਰ ਉਜਾੜ ਕਰ ਦਿੱਤਾ। ਜਲਾਲਦੀਨ ਜਲਾਦ ਜਿਸਨੇ ਗੁਰੂ ਤੇਗ ਬਹਾਦਰ ਉੱਤੇ ਤਲਵਾਰ ਚਲਾਈ ਸੀ ਤੇ ਜਿਨ੍ਹਾਂ ਸਰਦਾਰਾਂ ਤੇ ਵਕੀਲਾਂ ਨੇ ਨੇਮ ਧਰਮ ਕਰਕੇ, ਗੁਰੂ ਤੋਂ ਅਨੰਦਪੁਰ ਛੁਡਾ ਕੇ ਬੇਈਮਾਨੀ ਕੀਤੀ ਸੀ, ਉਨ੍ਹਾਂ ਲੋਗਾਂ ਦੇ ਕੁਟੰਬਾਂ ਦਾ ਤਾਂ ਖੁਰਾ ਖੋਜ ਨਾ ਛੱਡਿਆ ਤੇ ਸਗੋਂ ਉਨ੍ਹਾਂ ਦੇ ਹੀ ਪਾਪ ਨੇ ਸਮਾਣੇ ਦੇ ਸਾਰੇ ਸ਼ਹਿਰ ਦਾ ਨਾਸ ਕਰਾਇ ਦਿੱਤਾ। ਉਦੋਂ ਦੇ ਉਜੜੇ ਹੋਏ ਹੁਣ ਤਾਂਈ ਲੋਗਾਂ ਦੇ ਖੋਲੇ ਪਏ ਹੋਏ ਹਨ। ਫੇਰ ਸਮਾਣਾ ਉਸ ਵਰਗ ਪੰਰ ਨਾ ਆਯਾ। — ਫੇਰ ਬੰਦੇ ਸਾਹਿਬ ਨੇ ਲੁੱਟ ਬੰਦ ਕਰ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਪਰ ਕੜਾਹ ਪ੍ਰਸ਼ਾਦ ਕਰਾਯਾ ਤੇ ਖੁਸ਼ੀ ਦਾ ਜਲਸਾ ਕੀਤਾ। — ਏਸੇ ਸਮੇ ਚਾਰ ਮੁਖਬਰ ਬਜ਼ੀਦਖਾਂ ਸੂਬੇ ਸਰਹੰਦੀ ਦੇ ਬੰਦੇ ਪਾਸ ਫੜੇ ਆਏ ਜਿਨ੍ਹਾਂ ਵਿਚੋਂ ਦੋ ਮਰਵਾਇ ਦਿਤੇ ਅਤੇ ਦੋਹਾਂ ਦੇ ਨੱਕ ਕੱਟ ਕੇ ਸਰਹੰਦ ਨੂੰ ਤੋਰ ਦਿਤੇ। ਸਿੰਘਾਂ ਨੇ ਪੰਜ ਸੱਤ ਦਿਨ ਸਮਾਣੇ ਠਹਿਰ ਕੇ ਖੂਬ ਮਨ ਭਾਏ, ਰਾਗ ਉਡਾਏ।

ਫੇਰ ਤਾਂ ਬਾਬੇ ਬੰਦੇ ਪਾਸ ਬਹੁਤ ਲਸ਼ਕਰ ਹੋ ਗਿਆ, ਬਾਬਾ ਬੰਦਾ ਜਿਗਾ, ਕਲਗੀ, ਸ਼ਸ੍ਤ੍ਰ, ਬਸਤ੍ਰ ਸਜਾ ਕੇ ਜਿਸ ਤਰਫ਼ ਨੂੰ ਘੋੜਾ ਛੇੜੇ, ਸਬ ਵਹੀਰ ਪਿੱਛੇ ਲੱਗ ਤੁਰੇ। ਸਮਾਣੇ ਤੋਂ ਚੱਲ ਕੇ ਸਨੌਰ, ਘੁੜਾਮ, ਠਸਕਾ, ਸ਼ਾਹਾਬਾਦ ਆਦਿਕ ਅਨੇਕ ਪਿੰਡ ਤੁਰਕਾਂ ਦੇ ਲੁੱਟਦੇ ਹੋਏ ਜ਼ਿਲੇ ਕਰਨਾਲ ਵਿਚ ਕੁੰਜਪੁਰਾ (ਜੋ ਅਸਲ ਕਸਬਾ ਸੂਬੇ ਵਜ਼ੀਦਖਾਨ ਦਾ ਸੀ) ਜਾ ਮਾਰਿਆ। ਵਜ਼ੀਦਖਾਂ ਨੇ ਆਪਣੇ ਕਸਬੇ ਦੀ ਰੱਖਯਾ ਵਾਸਤੇ ਪੰਜ ਸੌ ਅਸਵਾਰ, ਦੋ ਤੋਪਾਂ ਦੇ ਕਰ ਭੇਜੇ, ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾ ਹੀ ਸਿੱਖਾਂ ਨੇ ਕੁੰਜਪੁਰਾ ਲੁਟ ਲੀਤਾ ਸੀ, ਤੇ ਹੋਰ ਅਨੇਕ ਗ੍ਰਾਮ ਭੀ ਦਮਲਾ ਆਦਿਕ (ਜਿੱਥੋਂ ਦੇ ਪੰਜ ਸੌ ਪਠਾਣਾਂ ਨੇ ਭੰਗਾਣੀ ਦੇ ਜੰਗ ਵਿਚ ਦਸਮੇ ਪਾਤਸ਼ਾਹ ਨਾਲ ਨਿਮਕ ਹਰਾਮੀ ਦਾ ਹੱਥ ਕੀਤਾ ਸੀ) ਲੁੱਟ ਛੱਡੇ। ਜਦ ਏਸੇ ਤਰਾਂ ਮੁਸਤਫਾਬਾਦ ਪਹੁੰਚੇ ਤਾਂ ਉਹੋ ਪੰਜ ਸੌ ਬਾਦਸ਼ਾਹੀ ਅਸਵਾਰ ਦੋ ਤੋਪਾਂ ਸਮੇਤ ਏਨ੍ਹਾਂ ਦੇ ਮੁਕਾਬਲੇ ਪਰ ਆ ਗਏ। ਬੰਦੇ ਨੇ ਹੱਲਾ ਕਰ ਦਿੱਤਾ, ਬਹੁਤ ਮਾਰੇ ਮਰੇ ਪਰ ਸਿੰਘਾਂ ਦੀ ਤੇਗ ਅੱਗੇ ਉਹ ਠਹਰ ਨਾ ਸੱਕੇ ਤੇ ਪਿਠ ਦਿਖਾਇ ਗਏ। ਖਾਲਸੇ ਨੇ ਦਾਰੂ ਸਿੱਕੇ ਸਮੇਤ ਦੋਵੇਂ ਤੋਪਾਂ, ਘੋੜੇ, ਤੰਬੂ ਆਦਿਕ ਸਬ ਸਾਮਾਨ ਉਨ੍ਹਾਂ ਦਾ ਸੰਭਾਲ ਲਿਆ ਤੇ ਟੋਹੇ ਪਿੰਡ ਪਾਸ ਡੇਰਾ ਜਾ ਕੀਤਾ। ਦਸ ਬਾਰਾਂ ਸਿੰਘ ਪਿੰਡ ਵਿਚ ਗਏ ਤਾਂ ਅੱਗੇ ਮੁਸਲਮਾਨ ਗਊਆਂ ਨੂੰ ਮਾਰਣ ਵਾਸਤੇ ਕੱਠੇ ਹੋ ਰਹੇ ਸੇ।

ਸਿੰਘ ਦੇਖ ਕਰ ਰਹਿ ਨਾ ਸੱਕੇ ਅਤੇ ਭਗੌਤੇ ਖਿੱਚ ਕੇ ਜਾ ਪਏ। ਮੁਸਲਮਾਨ ਬਹੁਤ ਸਨ ੭
ਏਸ ਕਰਕੇ ਦੋ ਸਿੰਘ ਤਾਂ ਮਾਰੇ ਗਏ ਤੇ ਹੋਰ ਇਕ ਕੋਠੇ ਵਿਚ ਘੇਰੇ ਗਏ। ਜਦ ਬਾਹਰ ਡੇ
ਰੇ ਵਿਚ ਖਬਰ ਹੋਈ ਤਾਂ ਹੱਲਾ ਹੋ ਗਿਆ, ਫੇਰ ਤਾਂ ਜੋ ਹੱਥ ਆਯਾ, ਬੋਦੀ ਜਨੇਊ ਵਾਲੇ
ਬਿਨਾ ਸਭ ਤੇਗ ਦੇ ਘਾਟ ਉਤਾਰਿਆ ਗਿਆ ਜੋ ਦੌੜ ਗਿਆ ਸੋ ਬਚਿਆ ਰਿਹਾ।
ਜਦ ਹਿੰਦੂਆਂ ਨੇ ਦੇਖਿਆ ਕਿ ਸਿੰਘ ਅਸਾਡੇ ਧਰਮ ਦੀ ਰੱਖਿਆ ਕਰ ਰਹੇ ਹਨ ਤਦ ਬਹੁਤ
ਹਿੰਦੂ ਖਾਲਸੇ ਦੇ ਸਾਥੀ ਹੋ ਗਏ। ਜਿੱਥੇ੨ ਤੁਰਕ ਗੋਬਧ ਕਰਦੇ ਸੇ ਉਥੇ੨ ਉਨ੍ਹਾਂ ਨੂੰ ਲੈ
ਜਾਕੇ ਪਾਪ ਦਾ ਫਲ ਪਾਪੀਆਂ ਨੂੰ ਭੁਗਤਾਉਣ ਲੱਗੇ। ਉਸੇ ਸਮੇ ਕਸਬੇ ਸਢੌਰੇ
ਦੇ ਬਹੁਤ ਬਣੀਏ, ਬ੍ਰਾਹਮਣਾ ਨੇ ਬੰਦੇ ਸਾਹਿਬ ਪਾਸ ਫਰਿਆਦ ਕੀਤੀ ਕੇ ਸਾਡੇ ਨਵਾ
ਬ ਉਸਮਾਨ ਖਾਨ ਆਦਿਕ ਐਸੇ ਅੰਨਿਆਈ ਤੇ ਜ਼ਿੱਦੀ ਬਾਦੀ ਹਨ ਜੋ ਮੁਸਲਮਾਨਾ
ਨਾਲੋਂ ਹਿੰਦੂਆਂ ਪਾਸੋ ਚੌਗੁਣਾ ਮਾਮਲਾ ਲੈਂਦੇ ਹਨ ਤੇ ਅਸਾਡੇ ਗਲੀਆਂ, ਕੂਚਿਆਂ
ਘਰਾਂ ਅੱਗੇ ਗਊਆਂ ਮਾਰਕੇ ਗੰਦ ਮੰਦ ਖਿਲਾਰ ਜਾਂਦੇ ਹਨ। ਹਿੰਦੂਆਂ ਦੀ ਬਹੂ ਬੇ
ਟੀ ਘਰ ਨਹੀਂ ਰਹਿਣੀ ਮਿਲਦੀ, ਮੱਲੋ ਮੱਲੀ ਮੁਸਲਮਾਨ ਫੜ ਲੈ ਜਾਂਦੇ ਹਨ, ਹਿੰਦੂਆਂ
ਨੂੰ ਆਪਣੇ ਧਰਮ ਦੀ ਰਸਮ ਕੋਈ ਨਹੀਂ ਕਰਣ ਦਿੰਦੇ ਤੇ ਮੁਰਦੇ ਨੂੰ ਭੀ ਸਾੜਨ ਨਹੀਂ
ਦਿੰਦੇ। ਪੀਰ ਬੁੱਧੂ ਸ਼ਾਹ ਨੂੰ ਸਿਰਫ ਏਸੇ ਗੱਲ ਬਦਲੇ ਕਤਲ ਕਰਾ ਦਿੱਤਾ ਜੋ ਉਸ ਨੇ ਭੰ
ਗਾਣੀ ਦੇ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕੀਤੀ ਸੀ। ਇਹੋ ਜੇਹੇ ਜ਼ੁਲਮਾਂ
ਦੇ ਬ੍ਰਿਤਾਂਤ ਸੁਣ ਕੇ ਉਸੇ ਸਮੇ ਲਸ਼ਕਰ ਖਾਲਸੇ ਦੇ ਸਮੇਤ ਬਾਬੇ ਬੰਦੇ ਨੇ ਸਢੌਰੇ ਦੀ
ਤਰਫ ਕੂਚ ਕਰ ਦਿੱਤਾ। ੨੧ ਚੇਤ ਸੰ: ੧੭੬੫ ਬਿ: ਨੂੰ ਸਢੌਰਾ ਜਾ ਘੇਰਿਆ, ਇਕ
ਪੰਜਾਵੇ ਉੱਤੇ ਦੋ ਦੋ ਤੋਪਾਂ ਚੜ੍ਹਾ ਕੇ ਗੋਲੇ ਬਰਸਾਏ। ਉਧਰ ਨਵਾਬ ਨੇ ਭੀ ਆਪਣੇ ਗਿ
ਰਦ ਨਵਾਹੀ ਦੇ ਬੇਸ਼ੁਮਾਰ ਮੁਸਲਮਾਨ ਕੱਠੇ ਕਰ ਰੱਖੇ ਸੇ, ਤਿੰਨ ਪਹਿਰ ਤੀਰ ਗੋਲੀ ਚੱ
ਲੇ, ਦੋਹਾਂ ਤਰਫਾਂ ਦੇ ਅਨੇਕ ਆਦਮੀ, ਘੋੜੇ ਮਾਰੇ ਗਏ ਪਰ ਸਢੌਰੇ ਦਾ ਕੋਟ ਕਿਸੇ ਤਰ
ਫੋਂ ਨਾ ਟੁਟਿਆ। ਆਖਰ ਭਾਈ ਭਗਤੂ ਦੇ ਫਤੇ ਸਿੰਘ ਨੇ ਜਿਸ ਨੂੰ ਬੰਦੇ ਨੇ ਆਪਣੇ ਲ
ਸ਼ਕਰ ਦਾ ਸਰਦਾਰ ਬਣਾ ਕੇ ਨਵਾਬ ਦਾ ਖਿਤਾਬ ਦੇ ਰੱਖਿਆ ਸੀ, ਬੰਦੇ ਪਾਸ ਜਾਕੇ ਜਿੱ
ਥੇ ਉਹ ਦੂਰ ਬੈਠਾ ਭਜਨ ਕਰਦਾ ਸੀ ਆਖਿਆ ਕਿ ਜਦ ਤਕ ਤੁਸੀਂ ਜੰਗ ਵਿਚ ਨਾ ਚੱਲੋ
ਗੇ ਤਦ ਤਕ ਫਤੇ ਹੋਣੀ ਮੁਸ਼ਕਿਲ ਹੈ। ਬਾਬੇ ਬੰਦੇ ਨੇ ਉਸ ਦੇ ਨਾਲ ਆਕੇ ਦੋ ਪੰਜਾਵੇ
ਉੱਤੇ ਖੜੇ ਹੋਕੇ ਇੱਕ ਤੀਰ ਉਨ੍ਹਾਂ ਤੀਰਾਂ ਵਿਚੋਂ ਜੋ ਗੁਰੂ ਜੀ ਨੇ ਬਖਸ਼ੇ ਸੇ, ਮੰਤ੍ਰ ਪੜ੍ਹ ਕਰ

Digitized by Panjab Digital Library | www.panjabdigilib.org

ਰਲਾਯਾ, ਜਿਸਦੇ ਰੱਲਦੇਣੀ ਮੀਂਹ ਤੇ ਅੰਧੇਰੀ ਆਗੀਆ ਤੇ ਬੰਦੇ ਨੇ ਹੱਲਾ ਕਰਾ ਦਿੱਤਾ, ਸਿ
ਘਕੇਟ ਉਪਰ ਚੜ੍ਹ ਗਏ। ਫੇਰ ਤਾਂ ਸਬ ਦਰਵਾਜ਼ੇ ਖੁੱਲਗਏ, ਲੁੱਟਮਾਰ ਤੇ ਕਤਲਾਮ
ਹੋਣੇ ਲੱਗੀ। ਮੁਸਲਮਾਨੀ ਫੌਜ ਭੱਜ ਨਿਕਲੀ ਜੋ ਹੱਥ ਆਯਾ ਬੇਰੀ ਵਾਲੇ ਤੇ ਬਿਲਾ
ਸਬ ਪਾਰ ਬੁਲਾਯਾ। ਨੱਵਾਬ ਸਬ ਬਾਲ ਬਾਈ ਲੁਕ ਗਏ, ਸਾਰੀ ਰਾਤ ਸ਼ਹਰ ਲੁਟੀਦਾ
ਰਿਹਾ। ਦੂਸਰੇ ਦਿਨ ਬਾਬੇ ਬੰਦੇ ਨੇ ਮੁਸਲਮਾਨਾਂ ਦੀਆਂ ਲੋਥਾਂ ਅੱਗ ਵਿਚ ਸਾੜ ਦਿੱਤੀਆਂ
ਤੇ ਉਨ੍ਹਾਂ ਦੇ ਬੜੇ ੨ ਮਸ਼ਹੂਰ ੨ ਪੀਰ ਬਹਾਵਲਹੱਕ, ਬ੍ਰਹੀਆਸਰ, ਕੁਤਬਦੀਨ, ਸ਼ਾਹਕੁ
ਮੇਤ ਆਦਿਕਾਂ ਦੀਆਂ ਕਬਰਾਂ ਪੁਟਾਇਕੇ ਉਨ੍ਹਾਂ ਦੀਆਂ ਹੱਡੀਆਂ ਕਢਵਾਇਕਰ ਫੁਕਾਈ
ਸੁੱਟੀਆਂ। ਏਸ ਗੱਲ ਕਰਨੇ ਤੇਂ ਮੁਸਲਮਾਨਾਂ ਵਿਚ ਘਰਬੱਲੀ ਪੈਗਈ ਤੇ ਸਬ ਕੰਬ ਉਠੇ
। ਫੇਰ ਬੰਦੇ ਬਹਾਦਰ ਨੇ ਉਥੇ ਦੇ ਹਾਕਮ ਨਵਾਬ ਉਸਮਾਨਖਾਂ ਨੂੰ ਪਕੜਕੇ, ਦਰਖਤ ਨਾਲ
ਪੁੱਠਾ ਲਟਕਾ ਕਰ, ਕਾਗਾਂ, ਚੀਲਾਂ ਨੂੰ ਖੁਵਾਇ ਦਿੱਤਾ ਤੇ ਉਸਦੇ ਮਾਲ ਅਸਬਾਬ ਸਮੇਤ
ਕਿਲੇ ਪਰ ਆਪਣਾ ਕਬਜ਼ਾ ਕਰ ਲੀਤਾ। ਦੂਸਰੇ ਦਿਨ ਸਢੌਰੇ ਦੇ ਸਬ ਸਰਦਾਰ ਬੰਦੇ ਜੀ
ਦੇ ਪਾਸ ਆਏ ਤੇ ਲਿਖਤ ਪਾ ਦਿੱਤੀ ਕਿ ਅਸੀਂ ਖਾਲਸੇ ਨਾਲ ਕਦੀ ਬੁਰਿਆਈ ਨਾਂ ਕਰਾਂਗੇ।
ਏਧਰ ਤਾਂ ਲਿਖਤ ਪਾਈ ਤੇ ਉਧਰ ਵਜੀਦਖਾਨ ਸੂਬੇ ਸਰਹੰਦੀ ਨੂੰ ਲਿਖ ਭੇਜਿਆ ਕਿ ਗੁਰੂ
ਬੰਦੇ ਨੂੰ ਅਸਾਂ ਆਪਣੇ ਘੇਰ ਵਿਚ ਫਸਾਯਾ ਹੋਯਾ ਹੈ, ਤੁਸੀਂ ਜਲਦੀ ਫੌਜ ਲੈਕੇ ਆਜਾਓ
ਅਸੀਂ ਏਸਨੂੰ ਪਕੜਾ ਦੇਵਾਂਗੇ। ਏਹ ਚਿੱਠੀ ਇਕ ਖਾਲੀ ਬਾਂਸ ਵਿਚ ਬੰਦ ਕਰਕੇ ਆਦ
ਮੀ ਦੇ ਹੱਥ ਸਰਹੰਦ ਨੂੰ ਤੋਰੀ। ਏਹ ਹਲਕਾਰਾ ਉਸ ਰਸਤੇ ਆ ਨਿਕਲਿਆ ਜਿੱਥੇ ਬਾਬੇ ਬੰਦੇ
ਦਾ ਚਰਵਾਹਾ ਊਂਟ ਚਾਰ ਰਿਹਾ ਸੀ, ਉਸੇ ਵਕਤ ਕੁਦਰਤ ਨਾਲ ਇਕ ਊਂਟ ਖੇਤ ਵਿਚ ਜਾ
ਵੜਿਆ, ਚਰਵਾਹੇ ਨੇ ਜਲਦੀ ਨਾਲ ਉਸ ਹਲਕਾਰੇ ਤੋਂ ਓਹ ਬਾਂਸ ਖੋਹ ਕੇ ਊਠ ਦੇ ਮਾਰਿਆ
ਤਾਂ ਓਹ ਬਾਂਸ ਟੁੱਟ ਗਿਆ ਤੇ ਓਹ ਕਾਗਜ਼ ਵਿਚੋਂ ਡਿਗ ਪਿਆ। ਚਰਵਾਹੇ ਨੇ ਹਲਕਾਰੇ
ਤੇ ਕਾਗਜ਼ ਨੂੰ ਬਾਬੇ ਬੰਦੇ ਪਾਸ ਲੈਆਂਦਾ, ਬੰਦੇ ਨੇ ਉਸਨੂੰ ਤਾਂ ਕੈਦ ਕਰਾ ਦਿੱਤਾ ਤੇ ਸਬਨਾਂ
ਮੁਸਲਮਾਨਾਂ ਨੂੰ ਸਭਾ ਵਿਚ ਬੁਲਾ ਕੇ ਪੁੱਛਿਆ ਕੇ ਜੋ ਕੋਈ ਅੱਡ ਬਣਕੇ, ਨੇਮ ਧਰਮ
ਕਰਕੇ, ਲਿਖਤ ਪਾਕੇ, ਦਗਾ ਕਰੇ, ਉਸ ਵਾਸਤੇ ਤੁਹਾਡੀ ਸ਼ਰਾ ਵਿਚ ਕੀ ਸਜ਼ਾ ਲਿਖੀ ਹੈ।
ਉਨ੍ਹਾਂ ਨੇ ਬੇਖਬਰੀ ਵਿਚ ਆਖ ਦਿਤਾ ਕੇ ਓਹ ਕਤਲ ਦੀ ਲਾਇਕ ਹੁੰਦਾ ਹੈ। ਤਦ ਓਹੋ ਖਤ
ਬਾਬੇ ਬੰਦੇ ਨੇ ਉਨ੍ਹਾਂ ਅੱਗੇ ਰੱਖਿਆ ਏਸ ਉਪਰ ਉਨ੍ਹਾਂ ਦੇ ਦਸਤਖਤ ਤੇ ਮੁਹਰਾਂ ਲੱਗੀਆਂ ਹੋਈ
ਆਂ ਸਨ। ਫੇਰ ਤਾਂ ਉਨ੍ਹਾਂ ਦੇ ਸਿਰ ਪਰ ਅਸਮਾਨ ਪੈ ਗਿਆ ਤੇ ਸ਼ੋਕ ਦੇ ਸਮੁੰਦ੍ਰ ਵਿਚ ਡੁੱਬ ਗਏ

Digitized by Panjab Digital Library | www.panjabdigilib.org

ਬਾਬੇ ਬੰਦੇ ਨੇ ਕਤਲਾਮ ਦਾ ਹੁਕਮ ਦੇ ਦਿੱਤਾ, ਸਿੰਘਾਂ ਨੇ ਉਸੇ ਵਕਤ ਸ਼ਹਿਰ ਦੇ ਦਰਵਾਜ਼ੇ
ਬੰਦ ਕਰਕੇ ਸਭ ਨੂੰ ਘੇਰ ਲਯਾ। ਤਦ ਉਨ੍ਹਾਂ ਨੇ ਮਾਫੀ ਮੰਗੀ ਤਾਂ ਬੰਦੇ ਨੇ ਆਖਿਆ ਇਕ
ਹਵੇਲੀ ਵਿਚ ਜਿਤਨੇ ਮੁਹੰਮਦੀ ਵੜ ਜਾਨਗੇ, ਉਨ੍ਹਾਂ ਨੂੰ ਛੱਡ ਕੇ ਹੋਰ ਸਭ ਕਤਲ ਕੀਤੇ
ਜਾਣਗੇ। ਇਸ ਹੁਕਮ ਨੂੰ ਸੁਣਕੇ ਬੜੇ ੨ ਨਾਮੀ ਮੁਸਲਮਾਨ ਇਕ ਬੜੀ ਸਾਰੀ ਹਵੇ
ਲੀ ਵਿਚ ਧਸ ਗਏ। ਅਗੋਂ ਗਰੀਬ, ਕਮਜ਼ੋਰ ਉਥੇ ਜਾਣਾ ਨਾ ਪਾਯਾ ਤੇ ਜ਼ੋਰ ਵਾਲੇ ਆਮੀ
ਰ ਹੀ ਧਸ ਗਏ। ਬੰਦੇ ਸਾਹਿਬ ਨੇ ਉਸੇ ਮਕਾਨ ਦੇ ਚੌਫੇਰੇ ਪਹਿਰੇ ਖੜੇ ਕਰਕੇ ਸਭ ਨੂੰ
ਕਤਲ ਕਰਾ ਸੁੱਟਿਆ। ਏਸੇ ਕਰਕੇ ਹੁਣ ਤਾਂਈ ਉਸ ਦਾ ਨਾਮ ਕਤਲਗੜ੍ਹੀ ਮਸ
ਹੂਰ ਹੈ। ——— ਏਸ ਸਮੇ ਔਰੰਗਜ਼ੇਬ ਦੇ ਮਰੇ ਤੋਂ ਸ਼ਾਹਜ਼ਾਦਿਆਂ
ਵਿਚ ਲੜਾਈ ਹੋਣੇ ਕਰ ਬਾਦਸ਼ਾਹੀ ਬੰਦੋਬਸਤ ਟੁੱਟ ਰਿਹਾ ਸੀ, ਸੂਬੇ ਆਪਣੇ ੨ ਇਲਾ
ਕੇ ਦੇ ਆਪ ਨੂੰ ਹੀ ਖੁਦ ਮੁਖਤਾਰ ਮੰਨਕੇ ਆਪਣੀ ੨ ਤਰਫ਼ ਤਣਾਵਾਂ ਖਿੱਚ ਰਹੇ ਸੇ, ਪ੍ਰ
ਜਾ ਦੀ ਰੱਖਿਆ ਵਿਚ ਕੋਈ ਤਨ ਨਹੀਂ ਦਿੰਦਾ ਸੀ। ਏਸੇ ਕਰਕੇ ਲੁੱਟ ਮਾਰ ਚੋਰੀ ਧਾੜ
ਮੁਲਕ ਵਿਚ ਆਮ ਹੋ ਰਿਹਾ ਸੀ ਤੇ ਬੰਦੇ ਬਹਾਦਰ ਨੂੰ ਭੀ ਰੋਕਣ ਵਾਲਾ ਕੋਈ ਨਾ ਖੜਾ
ਹੋਯਾ, ਮਨ ਭਾਏ ਦਾਮ ਚਲਾਏ। ਬਾਬੇ ਬੰਦੇ ਨੇ ਜਦ ਬੜੇ ੨ ਪੀਰਾਂ ਦੀਆਂ ਕਬਰਾਂ ਪੁ
ਟਵਾ ਕੇ ਹੱਡੀਆਂ ਸਾੜ ਦਿੱਤੀਆਂ ਤਾਂ ਸਾਰੇ ਦੇਸ ਵਿਚ ਧਾਂਕ ਪੈ ਗਈ। ਹਿੰਦੂ ਕਲਕੀ ਅ
ਵਤਾਰ ਤੇ ਮੁਸਲਮਾਨ ਮੌਂਹਦੀ ਆਖਣ ਲਗ ਪਏ, ਕੋਈ ਆਖਦਾ ਏਸ ਦੇ ਤਾਬੇ ਬੀ
ਰ ਹਨ, ਕੋਈ ਆਖਦਾ ਦੇਉ ਹਨ। ਜਿਤਨੇ ਮੂੰਹ ਉਤਨੀਆਂ ਗੱਲਾਂ ਪਏ ਆਖਣ। ਏ
ਸੇ ਕਰਕੇ ਕੋਈ ਹਾਕਮ ਸਾਹਮਣੇ ਨਹੀਂ ਹੁੰਦਾ ਸੀ। ਜਦ ਸਢੌਰੇ ਨੂੰ ਬਰਬਾਦ ਕਰਕੇ
ਸਰਹਿੰਦ ਦੀ ਤਰਫ਼ ਨੂੰ ਬੰਦੇ ਸਾਹਿਬ ਨੇ ਕੂਚ ਕੀਤਾ। ਤਦ ਕਸਬੇ ਛਤ ਬਨੂੜ ਦੇ ਖੱਤ੍ਰੀ
ਬ੍ਰਹਮਣਾਂ ਨੇ ਬੰਦੇ ਪਾਸ ਫਰਿਆਦੀ ਹੋਕੇ ਮੁਸਲਮਾਨਾਂ ਦੇ ਜ਼ੁਲਮ ਬਹੁਤ ਬੁਰੇ ਸੁਣਾਏ
ਤੇ ਆਖਿਆ ਮਹਾਰਾਜ ਸਾਡੀ ਬਹੂ ਬੇਟੀ ਨੂੰ ਜ਼ੋਰ ਨਾਲ ਮੁਸਲਮਾਨ ਵਿਗਾੜ ਦਿੰਦੇ
ਹਨ ਤੇ ਏਸੇ ਗੱਲੋਂ ਬਹੁਤ ਡਰਦੀਆਂ ਮਾਰੀਆਂ ਮਰ ਜਾਂਦੀਆਂ ਹਨ। ਫੇਰ ਜਦ ਕਿਸੇ
ਹਿੰਦੂ ਦੇ ਘਰ ਕੋਈ ਗਊ, ਬੈਲ, ਬੀਮਾਰ ਹੁੰਦਾ ਹੈ ਤਾਂ ਕਾਜ਼ੀ ਆ ਕਰਕੇ ਉਸ ਨੂੰ ਹਲਾ
ਲ ਕਰ ਦੇਂਹਨ ਤੇ ਉਸ ਦੀ ਮਿੱਟੀ ਘਰ ਵਾਲਿਆਂ ਦੇ ਸਿਰ ਉੱਤੇ ਉਠਾਇਕਰ, ਮਸੀਤ
ਵਿਚ ਲੈ ਜਾਕਰ, ਮੁਸਲਮਾਨਾਂ ਨੂੰ ਵੰਡ ਦਿੰਦੇ ਹਨ। ਜੇਕਰ ਮਰਨ ਲੱਗੇ ਪਸੂ ਦੀ
ਖਬਰ ਨਾ ਕਰੀਏ ਤਾਂ ਕਾਜ਼ੀ ਆਖ ਦੇਂਹਨ ਕਿ ਹਰਾਮ ਕਿਓਂ ਮਰਨ ਦਿੱਤਾ, ਏਸ ਤਰਾਂ

Digitized by Panjab Digital Library | www.panjabdigilib.org

੧੦ ਬਹੁਤ ਸਜ਼ਾਇ ਦਿਵਾਂਉਂਦੇ ਹਨ। ਤੇ ਆਖਦੇ ਹਨ ਕਿ ਹਿੰਦੂਆਂ ਨੂੰ ਖੁਦਾ ਨੇ ਮੁਸਲਮਾਨਾ
ਦੀ ਗੁਲਾਮੀ ਵਾਸਤੇ ਹੀ ਬਨਾਯਾ ਹੈ, ਜਿਤਨਾਂ ਏਨ੍ਹਾਂ ਹਿੰਦੂਆਂ ਨੂੰ ਦੁਖ ਦੇਈਏ ਓਤਨਾ ਹੀ
ਪੁੰਨ ਹੈ। ਏਸੇ ਤਰਾਂ ਆਪਣੇ ਦੀਨ ਵਿਚ ਲਿਆਉਣ ਵਾਸਤੇ ਅਨੇਕ ਪ੍ਰਕਾਰ ਦੇ ਦੁਖ ਦਿ
ਦੇ ਰਹਿੰਦੇ ਹਨ ਕਿਸੇ ਤਰਾਂ ਭੀ ਚੈਨ ਨਹੀਂ ਲੈਣ ਦਿੰਦੇ। ਹੁਣ ਜੇਕਰ ਤੁਸੀਂ ਸਾਡੀ ਸਹਾ
ਯਤਾ ਕਰੋ ਤਾਂ ਬਚ ਰਹੇ ਹਾਂ। ਇਸ ਪ੍ਰਕਾਰ ਦੇ ਜ਼ੁਲਮ ਓਨ੍ਹਾਂ ਤੋਂ ਸੁਣ ਕੇ ਬੰਦੇ ਸਾਹਿਬ ਨੇ ਕਸ
ਬੇ ਛਤ ਬਨੂੜ ਉੱਤੇ ਪੰਥ ਖਾਲਸੇ ਦਾ ਹੱਲਾ ਕਰਵਾ ਦਿੱਤਾ। ਤਲਵਾਰਾਂ ਸੂਤ ਸੂਤ ਕੇ
ਸਿੰਘ ਨਗਰਾਂ ਵਿਚ ਜਾ ਵੜੇ ਤੇ ਲੁੱਟ ਮਾਰ ਮਚਾਇ ਦਿੱਤੀ, ਜਿਸਨੇ ਅਗੋਂ ਹੱਥ ਉਠਾਯਾ
ਓਹੋ ਤੇਗ ਨੂੰ ਛਕਾਯਾ, ਜਿਸਨੇ ਬੇਦੀ ਦਿਖਾਈ ਓਸੇ ਨੇ ਜਾਨ ਬਚਾਈ, ਚਾਰ ਘੜੀ ਵਿ
ਚ ਕਿਆਮਤ ਹੋ ਗਈ, ਮੁਸਲਮਾਨੀ ਤੋਬਾ ਤੋਬਾ ਕਰਦੀ ਨੱਠ ਨਿਕਲੀ, ਕਿਸੇ ਨੇ ਕਿਸੇ
ਨੂੰ ਨਾ ਸੰਭਾਲਿਆ, ਅਨੇਕ ਮੁਸਲਮਾਨ ਬੜੇ ੨ ਨਾਮੀ ਹਿੰਦੂਆਂ ਨੂੰ ਬਾਪੂ ਕਹਿ ਕਰ
ਤੇ ਨਾਲ ਲੈ ਕਰ, ਬੰਦੇ ਬਹਾਦਰ ਦੇ ਚਰਨਾਂ ਵਿਚ ਆ ਗਿਰੇ, ਬਖਸ਼ਾਉਣ ਵਾਸਤੇ ਬੇਨਤੀ
ਕੀਤੀ। ਬੰਦੇ ਸਾਹਿਬ ਨੇ ਬਹੁਤ ਸਾਰੀ ਦੌਲਤ ਜੁਰਮਾਨਾ ਲੈ ਕਰ ਅਮਨ ਦਿੱਤਾ।

ਏਸੇ ਸਮੇ ਓਨ੍ਹਾਂ ਸਿੰਘਾਂ ਦੀ ਅਰਦਾਸ ਜੇਹੜੇ ਮਝੈਲ ਸਿੰਘ ਬੰਦੇ ਵੱਲ ਆਉਣ ਤੋਂ
ਸਤਲੁਜ, ਬਿਆਸਾ ਦੇ ਪੱਤਣ ਪਰ ਰੋਕੇ ਗਏ ਸੇ ਆਈ। ਏਹ ਸਿੰਘ ਪਹਾੜਾਂ ਵਿਚੋਂ
ਜਦ ਦਰਿਆਇ ਟੱਪ ਕੇ ਅਨੰਦਪੁਰ ਪਹੁੰਚੇ ਤਾਂ ਫੇਰ ਬਾਦਸ਼ਾਹੀ ਹੁਕਮ ਨਾਲ ਓਥੇ ਹੀ
ਰੋਪੜੀਏ ਪਠਾਣਾਂ ਨੇ ਰੋਕ ਲਏ। ਤੇ ਕਸੌਰਾ ਸਿੰਘ ਗੁਲਜ਼ਾਰ ਸਿੰਘ, ਸਿਆਮ ਸਿੰਘ
ਆਦਿਕ ਲੁਬਾਣੇ ਸਿੱਖ ਓਨ੍ਹਾਂ ਸਿੰਘਾਂ ਦੀ ਟਹਿਲ ਕਰਦੇ ਰਹੇ। ਜਦ ਏਧਰੋਂ ਬਾਬੇ ਬੰਦੇ
ਦੀ ਬਹਾਦਰੀਆਂ ਦੀ ਖਬਰ ਸੋਢੀ ਸਾਹਿਬਾਂ ਨੇ ਸੁਣੀ ਤਾਂ ਲੁਬਾਣੇ ਸਿੱਖਾਂ ਦੀ ਮਾਰਫ
ਤ ਓਨ੍ਹਾਂ ਸਿੰਘਾਂ ਨਾਲ ਮੇਲ ਕਰ ਲੀਤਾ ਤਦ ਰੋਪੜੀਏ ਭੀ ਢਿੱਲੇ ਪੈ ਗਏ।

ਜਦ ਓਹ ਸਿੰਘ ਚਮਕੌਰ ਸਾਹਿਬ ਦੇ ਪਾਸ ਪਹੁੰਚੇ ਤਾਂ ਸੂਬੇ ਬਜ਼ੀਦ ਖਾਂ ਨੇ ਓਨ੍ਹਾਂ ਦੇ ਰੋ
ਕਣ ਵਾਸਤੇ ਦਿਲਾਵਰ ਖਾਂ ਫੌਜਦਾਰ ਤੇ ਨੁਵਾਬ ਸ਼ੇਰ ਮੁਹੰਮਦ ਖਾਂ ਮਲੇਰੀ ਨੂੰ ਪੰਜ
ਤੋਪਾਂ ਅਤੇ ਪੰਜ ਹਜ਼ਾਰ ਅਸਵਾਰ ਦੇ ਕੇ ਭੇਜ ਦਿੱਤਾ। ਤੇ ਰੋਪੜੀਏ, ਕਿਨੀ ਵਾਲੇ, ਬ
ਸੀਆਂ ਵਾਲੇ, ਬਹਲੋਲਪੁਰੀਏ ਪਠਾਣਾਂ ਨੂੰ ਹੁਕਮ ਲਿਖ ਭੇਜਿਆ ਤਾਂ ਓਹ ਭੀ ਆ ਮਿ
ਲੇ, ਏਨ੍ਹਾਂ ਸਭਨਾਂ ਨੇ ਸਿੰਘਾਂ ਨੂੰ ਘੇਰ ਲਿਆ। ਓਸ ਦੋ ਹਜ਼ਾਰ ਸਿੰਘ ਨੇ ਏਸ ਬੇਸ਼ੁ
ਮਾਰ ਲਸ਼ਕਰ ਨਾਲ ਐਸੀ ਮੁਠ ਭੇੜ ਕੀਤੀ ਕਿ ਸੱਤ ਸੌ ਆਦਮੀ ੭੦੦ ਦੋਹਾਂ ਤਰਫੋਂ

ਦਾ ਮਾਰਆ ਗਿਆ। ਜਿਸਵਿਚ ਦਿਲਾਵਰਖਾਂ ਫੌਜਦਾਰ ਕੌਮ ਆਪਣਾ ਤੇ ਸ਼ੇਰਮੁਹੰ ੧੧
ਮਦਖਾਂ ਜਖਮੀ ਹੋਯਾ। ਬਾਦਸ਼ਾਹੀ ਫੌਜ ਸਬ ਤਿੱਤ੍ਰ ਬਿੱਤ੍ਰ ਹੋਗਈ, ਤਿੰਨ ਤੋਪਾਂ ਸਾਮੇ
ਤ ਜੰਗੀ ਸਾਮਾਨ ਦੇ ਸਿੱਖਾਂ ਦੇ ਹੱਥ ਆਈਆਂ। — ਏਹ ਖਬਰ ਸੁਣਕੇ ਸੂਬੇ ਨੇ
ਨੱਵਾਬ ਖਿਜਰਖਾਂ ਮਲੇਰੀ ਨੂੰ ਹੋਰ ਫੌਜ ਦੇ ਕੇ ਭੇਜਆ, ਉਸਨੇ ਸੋਘੇਲਾਂ ਪਿੰਡ ਪਾਸ ਸਿ
ਘਾਂ ਨੂੰ ਜਾ ਰੋਕਆ ਤੇ ਗੱਜਕੇ ਆਖਆ ਹੇ ਮਰਦੂਦ ਸਿੱਖੋ ਮੈਂ ਉਹ ਖ੍ਵਾਜਾ ਹਾਂ ਜਿਸਨੇ ਚ
ਮਕੌਰ ਦੇ ਜੰਗ ਵਿਚ ਤੁਹਾਡੇ ਗੁਰੂ ਦੇ ਦੋ ਪੁੱਤ੍ਰ ਤੇ ਚਾਲੀ ਸਿੰਘ ਮਾਰੇ ਸੇ ਤੇ ਤੁਹਾਡੇ ਗੁਰੂ ਨੂੰ
ਦੇਸ ਵਿਚੋਂ ਨਿਕਾਲ ਦਿੱਤਾ ਹੈ, ਤੁਸੀਂ ਭੀ ਮੈਥੋਂ ਡਰੋ ਤੇ ਹਥਿਆਰ ਸੁੱਟਕੇ ਚਲੇ ਜਾਓ ਨਹੀਂ
ਤਾਂ ਤੁਹਾਨੂੰ ਭੀ ਚਮਕੌਰ ਵਾਲੇ ਚਣੇ ਚਬਾਊਂਗਾ। — ਏਹ ਸੁਣਕੇ ਦੇਵਾ ਸਿੰਘ
ਜਲੰਧਰੀ ਬਹਾਦਰ ਸਿੰਘ ਖੇਮਕਰਨੀ, ਵਜ਼ੀਰ ਸਿੰਘ ਖੋਖਰੀ, ਹਿੰਮਤ ਸਿੰਘ ਫੈਰੋ
ਵਾਲੀਆ, ਕੇਹਰ ਸਿੰਘ ਨਾਹਰ ਸਿੰਘ ਢੁੱਲਟ ਪ੍ਰਗਨੇ ਵਟਾਲੇ ਦੇ ਇਤਆਦਿਕ ਮਸ਼ਹੂ
ਰ ਸਿੰਘ ਜੋ ਉਸ ਜੱਥੇ ਵਿੱਚ ਸੇ ਬੱਦਲ ਵਾਂਗੂ ਗੱਜਕੇ ਆਖਣ ਲੱਗੇ, ਹੇ ਪਠਾਨ ਬੇਈਮਾ
ਨ ਕਾਇਰ, ਚਮਕੌਰ ਵਿੱਚੋਂ ਤਾਂ ਤੂੰ ਨੱਠ ਗਿਆ ਸੀ ਤੇ ਕੰਧ ਓਲ੍ਹੇ ਹੋਕੇ ਬਚਿਆ ਸੀ, ਪਰ
ਹੁਣ ਨਾਂ ਬਚੇਂਗਾ, ਏਹੋ ਜੇਹੇ ਬਚਨ ਕਰਕੇ ਦੋਹਾਂ ਪਾਸਆਂ ਤੋਂ ਤੀਰ ਗੋਲੀ ਦਾ ਮੀਂਹ ਬਰ
ਸਣ ਲਗ ਪਿਆ, ਮਾਰ ਮਾਰ ਦੀ ਪੁਕਾਰ ਪੈ ਗਈ, ਖੱਟ ਖੱਟ ਤਲਵਾਰ ਚੱਲਣ ਲੱਗੀ,
ਅਲੀ ਅਲੀ ਤੇ ਅਕਾਲ ਅਕਾਲ ਦੀ ਆਵਾਜ ਆਵਣ ਲੱਗੀ। ਓੜਕ ਹੰਕਾਰ ਦਾ
ਸਿਰ ਨੀਂਵਾਂ ਹੁੰਦਾ ਹੈ, ਅਨੇਕ ਆਦਮੀਆਂ ਸਮੇਤ ਖ੍ਵਾਜਾ ਖੇਤ ਦੇ ਰੇਤੇ ਵਿਚ ਗਿਰ ਗਿਆ।
ਫੌਜ ਬੇਦਿਲ ਹੋਕੇ ਪਿੱਛੇ ਹਟ ਗਈ, ਦਿਨ ਛਿਪ ਗਿਆ। ਸਿੰਘ ਤਾਂ ਏਤਨੀ ਹੀ ਫਤੇ ਨੂੰ
ਗਨੀਮਤ ਸਮਝਕੇ ਰਾਤ ਰਾਤ ਬੀਸ ਕੋਸ ਪਹੁੰਚਕੇ ਬੰਦੇ ਦੇ ਲਸ਼ਕਰ ਨਾਲ ਜਾਮਿ
ਲੇ। ਤੇ ਮੁਸਲਮਾਨ ਖਾਲੀ ਮੈਦਾਨ ਦੇਖਕੇ ਫ਼ਤੇ ਦੇ ਨਗਾਰੇ ਬਜਾਉਂਦੇ ਹੋਏ ਸਰਹੰਦ
ਨੂੰ ਚਲੇ ਗਏ। ਏਧਰ ਗੁਰੂ ਬੰਦੇ ਨੇ ਮਝੈਲ ਸਿੰਘਾਂ ਦੀ ਹਿੰਮਤ ਬਹਾਦਰੀ ਉੱਤੇ ਖੁਸ਼ੀ
ਹੋਕੇ ਬਹੁਤ ਅਸ਼ਰਫੀਆਂ, ਹਥਿਆਰ ਇਨਾਮ ਬਖਸ਼ੇ।

ਦੂਸਰੇ ਦਿਨ ਬਾਬੇ ਬੰਦੇ ਨੇ ਸਰਹੰਦ ਉਪਰ ਚੜ੍ਹਾਈ ਕੀਤੀ ਤਾਂ ਵਜ਼ੀਰਖਾਂ ਨੇ ਲਿਖ ਭੇ
ਜਆ ਕੇ ਦਗੀ ਦੇ ਭੁਲੇਖੇ ਕੁਪਾਸ ਖਾਣ ਆਂਵਦਾ ਹੈਂ ਸੋ ਜਿਸਤਰਾਂ ਅਨਾਰ ਦੇ ਭੁਲੇਖੇ
ਨਾਲੀਯਰ ਨੂੰ ਚੁੰਜ ਮਾਰਕੇ ਤੋਤਾ ਰੋਯਾ ਸੀ ਉਸੇ ਤਰਾਂ ਤੂੰ ਰੋਵੇਂਗਾ। ਤੇਰੇ ਗੁਰੂ ਨੂੰ ਤਾਂ
ਦੇਸ ਨਿਕਾਲਾ ਦਿੱਤਾ ਹੈ ਤੈਨੂੰ ਮੈਂ ਦੁਨੀਆਂ ਤੋਂ ਨਿਕਾਲਾਂਗਾ। ਭਲੀ ਚਾਹੁੰਦਾ ਹੈਂ ਤਾਂ ਮੁੜ

Digitized by Panjab Digital Library | www.panjabdigilib.org

੧੨ ਜਾ। ਬੰਦੇ ਨੇ ਜਵਾਬ ਦਿੱਤਾ, ਜੋ ਕੁਛ ਗੁਰੂ ਜੀ ਦਾ ਭਾਣਾ ਹੋਵੇਗਾ ਸੋ ਹੋਵੇਗਾ, ਤੇਰਾ ਮੇਰਾ
ਕੀਤਾ ਕੁਛ ਨਹੀ ਹੋਵੇਗਾ ਤੈਨੂੰ ਤਾਂ ਤੇਰੇ ਪਾਪ ਨੇ ਮਾਰਣਾ ਹੈ।।
ਉਸ ਸਮੇ ਸਰਹੰਦ ਜੈਸਾ ਬਣਾ, ਤੇ ਧਨੀ ਦੂਸਰਾ ਸ਼ਹਿਰ ਏਸ ਦੇਸ ਵਿਚ ਕੋਈ ਨਹੀਂ ਸੀ
ਸਾਰੇ ਮੁਲਕ ਦੇ ਲੁਟੇਰੇ, ਧਾੜਵੀ, ਸੂਰਬੀਰ, ਸ਼ਹਿਰ ਲੁੱਟਣ ਵਾਸਤੇ ਬੰਦੇ ਦੇ ਨਾਲ ਆਮਿ
ਲੇ। ਉਧਰੋਂ ਵਜ਼ੀਦਖਾਨ ਸੂਬਾ ਭੀ ਆਪਣੀ ਫੌਜ, ਤੋਪਖਾਨੇ, ਜੰਬੂਰੇ ਨਾਲ ਲੈਕੇ ਬੜੇ ਜ਼ੋ
ਰ ਸ਼ੋਰ ਨਾਲ ਬੰਦੇ ਸਾਹਿਬ ਦੇ ਮੁਕਾਬਲੇ ਨੂੰ ਆ ਗਿਆ, ਛੀ ਸੱਤ ਕੋਸ ਸਰਹੰਦੋਂ ਵਿਚਾਲੀ
ਤੇ ਨਨਹੇੜੀ ਪਿੰਡ ਦੇ ਪਾਸ ਦੋਹਾਂ ਦਲਾਂ ਦਾ ਭੇੜ ਮਚ ਗਿਆ, ਦੋ ਪਹਿਰ ਕਹਿਰ ਦੇ ਸ਼ਰ
ਦਾ ਮੀਂਹ ਬਰਸਿਆ, ਦੀਨ ਮਜ਼ਹਬ ਦਾ ਜੰਗ ਸਮਝਕੇ ਏਧਰ ਹਿੰਦੂ ਤੇ ਉਧਰ ਮੁਸਲਮਾ
ਨ ਉਸ ਦੇਸ ਦੇ ਬਹੁਤ ਰਲ ਪਏ, ਬਹਾਦਰਾਂ ਨੇ ਕਿਸੇ ਤਰਾਂ ਘੱਟ ਨਾ ਗੁਜ਼ਾਰੀ, ਭਾਰੀ ਲੜਾ
ਈ ਹੋਈ, ਜੱਦ ਆਪ ਤੋਪਾਂ ਦੀ ਫੌਜ ਨੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ ਪਰ ਮੈਦਾਨ ਵਿਚ
ਪੈਰ ਅੱਗੇ ਨੂੰ ਹੀ ਰੱਖਿਆ, ਜਾਨ ਦਾ ਬਚਾਉ ਨਾ ਕੀਤਾ। ਸਿਵਾਇ ਅਲੀ ੨ ਤੇ ਵਾਹਿਗੁਰੂ
ਜੀ ਦੀ ਫਤੇ ਦੇ ਹੋਰ ਕੁਛ ਸੁਣਾਈ ਨਹੀਂ ਦਿੰਦਾ ਸੀ। — ਜਦੀ ਬਾਦਸ਼ਾਹੀ ਤੋਪਾਂ
ਨੇ ਸਿੱਖਾਂ ਨੂੰ ਛਿੱਥੇ ਕਰ ਸੁਟਿਆ ਤੇ ਬੇਸ਼ੁਮਾਰ ਮਾਰੇ ਭੀ ਗਏ ਤੋਭੀ ਸੱਤ ਸ੍ਰੀ ਅਕਾਲ ੨
ਬੋਲਦੇ ਹੋਏ ਤੋਪਾਂ ਦੇ ਸਾਹਮਣੇ ਜਾਣੋ ਨਾ ਹਟੇ। ਮੁਸਲਮਾਨ ਭੀ ਦੇਖਕੇ ਵਾਹ ਵਾਹ ਕਰ
ਰਹੇ ਸੇ। ਏਤਨੇ ਨੂੰ ਬਾਬੇ ਬੰਦੇ ਨੂੰ ਭੀ ਜੋ ਪਿੱਛੇ ਬੈਠਾ ਭਜਨ ਕਰਦਾ ਸੀ ਸਿੰਘਾਂ ਨੇ ਜੰਗ ਵਿ
ਚ ਲੈ ਆਂਦਾ, ਉਸਨੇ ਆਵਣਸਾਰ ਹੱਲਾ ਕਰ ਦਿੱਤਾ ਤੇ ਇਕ ੨ ਤੀਰ ਨਾਲ ਦਸ ੨ ਬੀ
ਸ ੨ ਆਦਮੀ ਛੇਕੇ। ਬੰਦੇ ਬਹਾਦਰ ਦੀ ਏਸ ਹਿੰਮਤ ਨੂੰ ਦੇਖਕੇ ਸਿੰਘਾਂ ਦੇ ਹੌਸਲੇ ਬਹੁ
ਤ ਵਧ ਗਏ, ਸਿੰਘ ਤਾਂ ਖੇਤੀ ਆਦਿਕ ਕੰਮ ਕਰਨ ਵਾਲੇ ਸੀ, ਏਸੇ ਕਰਕੇ ਧੁੱਪ, ਤ੍ਰਿਖਾ,
ਭੁੱਖ ਨੂੰ ਸਹਾਰ ਗਏ। ਪਰ ਉਸ ਜੇਠ ਮਹੀਨੇ ਦੀ ਦੋਪਹਿਰ ਦੀ ਧੁੱਪ ਤੇ ਭੁੱਖ ਪਿਆਸ ਨੂੰ ਮੁ
ਗਲ ਪਠਾਣ ਸਹਾਰ ਨਾ ਸੱਕੇ, ਮੁਰਝਾਇ ੨ ਕਦੂਆਂ ਵਾਂਗੂ ਡਿੱਗਣ ਲਗ ਪਏ, ਅਤੇ
ਬੇਸ਼ੁਮਾਰ ਹੀ ਤਰਵਾਰ ਨੇ ਛਕ ਲਏ। ਤਿੰਨ ਪਹਿਰ ਲੜਾਈ ਰਹੀ। ਓੜਕ ਜਦ ਬੰਦੇ
ਜੀ ਨੇ ਗੁਰੂ ਜੀ ਦੀ ਬਖਸ਼ਸ਼ ਦਾ ਤੀਰ ਛੱਡਿਆ ਤਾਂ ਅੰਧੇਰੀ ਆ ਗਈ ਜਿਸ ਦੇ ਬਿਆਕੁ
ਲ ਕਰੇ ਹੋਏ ਮੁਸਲਮਾਨ ਨੱਠ ਤੁਰੇ, ਸਿੰਘ ਤਲਵਾਰਾਂ ਸੂਤ ਸੂਤ ਕੇ ਉਨ੍ਹਾਂ ਦੇ ਪਿੱਛੇ ਹੋ
ਗਏ ਤੇ ਸਰਹੰਦ ਦੀਆਂ ਕੰਧਾਂ ਤਕ ਪੰਜ ਛੀ ਕੋਸ ਵਿਚ ਲੋਥ ਪਰ ਲੋਥ ਚੜ੍ਹਾਇ ਦਿੱਤੀ।
ਸਜੂਰੇ ਨਾਲੇ ਬਹਿਤੂਰੇ। ਓਸੇ ਭਾਜੜ ਵਿਚ ਸੂਬਾ ਘੋੜੇ ਉੱਤੋਂ ਡਿਗ ਪਿਆ। ਹੋਰ ਤਾਂ ਕੋਈ

Digitized by Panjab Digital Library | www.panjabdigilib.org

ਸੰਭਾਲ ਨਾ ਸਕਿਆ ਪਰ ਭਾਈ ਫਤੇ ਸਿੰਘ ਉਨੇ ਜਾ ਸੰਭਾਲਿਆ ਅਤੇ ਬੰਦੇ ਪਾਸ ਲੈ ਆਯਾ। ੧੩
ਬੰਦੇ ਨੇ ਉਸ ਨੂੰ ਤਾਂ ਕੈਦ ਕਰ ਲਿਆ ਤੇ ਲੁੱਟਣ ਦਾ ਹੁਕਮ ਦੇ ਦਿੱਤਾ। ਜੇਠ ਵਦੀ ੧੪ ਸੰ: ੧੭੬੫
ਬਿ: ਨੂੰ ਸਿੰਘ ਸ਼ਹਿਰ ਸਰਹੰਦ ਵਿਚ ਜਾ ਵੜੇ ਤੇ ਐਸੀ ਲੁੱਟ ਮਾਰ ਕੀਤੀ ਜੋ ਲਿਖਣ ਤੋਂ ਬਾ
ਹਰ ਹੈ। ਜੋ ਮੁਸਲਮਾਨ ਸਾਹਮਣੇ ਆਯਾ ਉਸੇ ਨੇ ਆਪਣਾ ਜੀਵ ਗਵਾਯਾ, ਗਲੀ
ਆਂ ਵਿਚ ਲੋਥਾਂ ਦੇ ਢੇਰ ਲਗ ਗਏ, ਲੋਗ ਸ਼ਹਿਰ ਛੋਡ ਛੋਡ ਕੇ ਦੌੜ ਗਏ, ਵਿਚਾਰੀ ਮੁ
ਗਲਾਣੀਆਂ, ਪਠਾਣੀਆਂ ਜਿਨ੍ਹਾਂ ਨੇ ਕਦੇ ਦੂਸਰੇ ਆਦਮੀ ਦੀ ਸ਼ਕਲ ਨਹੀਂ ਦੇਖੀ ਸੀ
ਉਹ ਘਰਾਂ ਤੋਂ ਨਿਕਲ ਦੌੜੀਆਂ ਨੰਗੇ ਪੈਰੀਂ ਜੰਗਲਾਂ ਵਿਚ ਭੁੱਖੀਆਂ, ਤਿਹਾਈਆਂ, ਤੇ
ਧਾਹ ਪੁਕਾਰ ਦੀਆਂ ਰੋਈਆਂ ਫਿਰਦੀਆਂ। ਪੁੱਤ੍ਰ ਨੂੰ ਮਾਈ, ਭੈਣ ਨੂੰ ਭਾਈ, ਸੱਸ ਨੂੰ ਜਮਾ
ਈ, ਭਾਈ ਨੂੰ ਭਾਈ, ਕਿਸੇ ਨੂੰ ਕਿਸੇ ਦੀ ਕਾਈ ਸੰਭਾਲ ਨਾ ਕਰਨੀ ਪਈ। ਜਿੱਧਰ ਜਿਸ ਦਾ
ਮੂੰਹ ਹੋਯਾ ਉਧਰੇ ਦੌੜ ਗਿਆ, ਸਭ ਨੂੰ ਆਪਣੀ ਜਾਨ ਬਚਾਵਣ ਦੀ ਪੈ ਗਈ।
ਸਿੰਘਾਂ ਨੇ ਤੇ ਦੇਸੀ ਲੋਗਾਂ ਨੇ ਤਿੰਨ ਦਿਨ ਏਸੇ ਤਰਾਂ ਲੁੱਟ ਮਾਰ ਰੱਖੀ, ਲੁਟੇਰੇ ਲੋਗ ਸੱਤਰ
ਪੀੜ੍ਹੀਆਂ ਦੀ ਦੌਲਤ ਲੈ ਗਏ। ਤਿੰਨ ਦਿਨ ਪਿੱਛੋਂ ਬਾਬੇ ਬੰਦੇ ਨੇ ਲੁੱਟ ਬੰਦ ਕਰ ਕੇ ਹੁਕ
ਮ ਦਿੱਤਾ ਕਿ ਸਭ ਲੋਕ ਆਪਣੇ ੨ ਘਰੀਂ ਆ ਜਾਵਨ ਤੇ ਕੋਈ ਕਿਸੇ ਨੂੰ ਨਾ ਸਤਾਵੇ।
ਫੇਰ ਜੋਹੜੇ ਮੁਸਲਮਾਨ ਸ਼ਹਿਰ ਵਿਚ ਦਾਖਲ ਹੋਣੇ ਦੇ ਵਕਤ ਸਿੰਘਾਂ ਨੇ ਫੜ੍ਹ ੨ ਕੋਠ
ਆਂ ਵਿਚ ਬੰਦ ਕਰ ਦਿੱਤੇ ਸੇ ਉਨ੍ਹਾਂ ਨੂੰ ਕੱਢਿਆ, ਉਨ੍ਹਾਂ ਵਿਚੋਂ ਅਨੇਕ ਛੱਡੇ, ਬਹੁਤੇ ਭੇਡ ਬਕ
ਰੀਆਂ ਵਾਂਗੂ ਕਤਲ ਕੀਤੇ। ਦੀਵਾਨ ਸੁਚਾਨੰਦ ਨੂੰ ਕੋੜਮੇ ਸਮੇਤ ਪਕੜ ਕੇ, ਪਹਿਲੇ ਤਾਂ
ਉਸ ਦੇ ਸਾਹਮਣੇ ਉਸ ਦੇ ਸਭ ਸੰਬੰਧੀ ਮਰਵਾਏ। ਜਿਸ ਤਰਾਂ ਉਸ ਨੇ ਗੁਰੂ ਜੀ ਦੇ ਦੋ ਸਾ
ਹਜ਼ਾਦੇ ਸਲਾਹ ਦੇ ਕੇ ਵਜੀਦਖਾਨ ਤੋਂ ਮਰਵਾਏ ਸੇ ਉਸੇ ਤਰਾਂ ਉਸ ਦਾ ਫਲ ਉਸ ਨੂੰ ਦਿੱਤਾ
ਤੇ ਫੇਰ ਸੁਚਾਨੰਦ ਨੂੰ ਨਕੇਲ ਪਾ ਕੇ ਘਰ ਘਰ ਫੇਰਿਆ ਤੇ ਦੁਰਦਸ਼ਾ ਕਰ ਕੇ ਮਾਰਿਆ। ਇਹ
ਸਭ ਲੀਲਾ ਵਜੀਦਖਾਂ ਨੂੰ ਦਿਖਾਇ ਕਰ ਫੇਰ ਉਸੇ ਦੇ ਹੱਥੋਂ ਉਸ ਦਾ ਬਾਲ ਬੱਚਾ ਮਰਵਾ
ਯਾ ਤੇ ਫੇਰ ਸੂਬੇ ਨੂੰ ਬੰਨ੍ਹ ਕੇ ਬਾਜ਼ਾਰਾਂ ਵਿਚ ਫੇਰ ੨ ਅੰਤ ਨੂੰ ਅੱਗ ਵਿਚ ਪਾ ਕੇ ਸਾੜ ਸਿ
ਟਿਆ। ਏਸੇ ਤਰਾਂ ਹੋਰ ਬਹੁਤ ਲੋਗ ਮਾਰੇ ਗਏ। ਜਿਨ੍ਹਾਂ ੨ ਨੇ ਗੁਰੂ ਜੀ ਨਾਲ ਦਗੇ ਯਾ
ਜੁਲਮ ਕੀਤੇ ਸੇ ਯਾ ਗੁਰੂ ਜੀ ਦੇ ਸ਼ਾਹਜ਼ਾਦਿਆਂ ਨੂੰ ਮਰਵਾਉਣ ਵਿਚ ਕਿਸੇ ਤਰਾਂ ਦੀ ਭੀ
ਮਦਦ ਤੇ ਸਲਾਹ ਦਿੱਤੀ ਸੀ, ਉਹ ਸਭ ਢੂੰਢ ੨ ਕਰ ਦੋਜ਼ਖ ਵਿਚ ਭੇਜੇ ਗਏ। ਅੱਠ ਦਿਨ
ਮਾਰ ਕੁੱਟ ਦਾ ਬਾਜ਼ਾਰ ਐਸਾ ਗਰਮ ਰਿਹਾ ਕਿ ਜਿਸ ਨੂੰ ਦੇਖ ਸੁਣ ਕੇ ਖਲਕਤ ਕੰਬ ਉੱਠੀ

Digitized by Panjab Digital Library | www.panjabdigilib.org

੧੪ ਮੁਸਲਮਾਨ ਤ੍ਰਾਹਿ ਤ੍ਰਾਹਿ ਕਰਕੇ ਬੰਦੇ ਦੀ ਸ਼ਰਨੀ ਆ ਪਏ, ਤਾਬੇਦਾਰੀ ਮਨਜ਼ੂਰ ਕਰਲ
ਈ। ਕਹਾਵਤ ਹੈ (ਕਦੇ ਖੁਰਗੀਨ ਕਾਠੀ ਉੱਤੇ, ਕਦੇ ਕਾਠੀ ਖੁਰਗੀਨ ਉੱਤੇ) ਪਹਿਲੇ ਮੁਸ
ਲਮਾਨਾਂ ਨੇ ਬੰਦੇ ਨਾਲੋਂ ਭੀ ਲੱਖ ਗੁਣੇ ਜ਼ੁਲਮ ਹਿੰਦੂਆਂ ਉੱਤੇ ਕੀਤੇ ਸੇ ਜੋ ਏਸੇ ਪੁਸਤਕ ਦੇ
ਆਰੰਭ ਵਿਚ ਦਿਖਾਏ ਹਨ। ਉਨ੍ਹਾਂ ਪਾਪਾਂ ਦਾ ਫਲ ਮੁਹੰਮਦੀਆਂ ਨੂੰ ਪਰਮੇਸ਼ੁਰ ਨੇ ਬੰਦੇ ਦੇ
ਹੱਥੋਂ ਦਿਵਾਯਾ। ਬਾਬੇ ਬੰਦੇ ਨੇ (੫੨੦੦੦੦੦) ਬਾਵਨ ਲੱਖ ਰੁਪਏ ਦੇ ਮੁਲਕ ਬਾਵਨੀ ਸਰਹੰਦ ਉੱਤੇ ਕ
ਬਜ਼ਾ ਕਰਕੇ ਬਾਜ ਸਿੰਘ ਨੂੰ ਉਥੋਂ ਦਾ ਨਾਜ਼ਮ, ਤੇ ਮਾਲੀ ਸਿੰਘ ਨੂੰ ਦੀਵਾਨ, ਭਾਈ ਫਤੇ
ਸਿੰਘ ਆਦਿਕ ਨੂੰ ਹੋਰ ਅਨੇਕ ਜਗਾ ਦਾ ਹਾਕਮ ਬਣਾਇ ਦਿੱਤਾ ਤੇ ਆਪ ਫਕੀਰ ਦਾ ਫ
ਕੀਰ ਬਣਿਆ ਰਿਹਾ, ਸਰਹੰਦ ਮਾਰੀ ਤੋਂ ਬਾਦ ਬੰਦੇ ਬਹਾਦਰ ਦਾ ਦਬਦਬਾ ਸਿਕੰਦਰ
ਜੈਸਾ ਮੰਨ ਕਰ, ਇਲਾਕੇ ਸਰਹੰਦ ਦੇ ਰਈਸ, ਚੌਧਰੀ, ਤਅੱਲਕੇਦਾਰ ਸਭ ਆਪੇ ਆਪ
ਆ ਮਿਲੇ। ਸਾਰੀ ਖਲਕਤ ਏਸ ਤੋਂ ਡਰਦੀ ਥਰਥਰ ਕੰਬਦੀ ਸੀ, ਤੇ ਖਾਲਸੇ ਦੀ ਚੜ੍ਹਦੀ
ਕਲਾ ਤੇ ਰਾਜ ਹੁੰਦਾ ਦੇਖ ਕੇ ਸੈਂਕੜੇ ਲੋਗ ਰੋਜ਼ ਸਿੰਘ ਬਣਨ ਲੱਗ ਪਏ।

ਏਸੇ ਸਮੇ ਇਕ ਬੁਲਾਕੀ ਸਿੰਘ ਮਸ਼ਹੂਰ ਰਾਗੀ ਸਿੰਘ ਨੇ ਬੰਦੇ ਪਾਸ, ਸਿੰਘਾਂ ਦੇ ਦੀਵਾਨ
ਵਿਚ ਆਕੇ ਫਰਿਆਦ ਕੀਤੀ ਕੇ ਕਸਬੇ ਪਾਇਲ ਵਿਚ ਠਹਿਰਕੇ ਜਦ ਮੈਂ ਰਹਰਾਸ ਪੜ੍ਹਨ
ਲੱਗਾ ਤੇ ਦਸਮ ਗੁਰੂ ਜੀ ਦੀ ਚੌਪਾਈ ਪੜ੍ਹੀ ਤਾਂ ਉਥੋਂ ਦੇ ਰਾਮਰਈਏ ਲੋਗਾਂ ਨੇ ਦਸਮੇ ਗੁ
ਰੂ ਜੀ ਦੀ ਬਾਣੀ ਪੜ੍ਹਨ ਬਦਲੇ ਗੁਰੂ ਨੂੰ ਭੀ ਗਾਲੀਆਂ ਦਿੱਤੀਆਂ ਤੇ ਮੈਨੂੰ ਭੀ ਮਾਰਿਆ
ਅਤੇ ਮੇਰਾ ਸਰੰਦਾ ਭੀ ਭੰਨ ਦਿੱਤਾ, ਉਨ੍ਹਾਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ। ਏਹ ਬ੍ਰਿਤਾਂਤ ਸੁ
ਣਕੇ ਸਿੰਘਾਂ ਨੇ ਬੰਦੇ ਨੂੰ ਨਾਲ ਲੈ ਕਰ ਪਾਇਲ ਪਰ ਚੜ੍ਹਾਈ ਕਰ ਦਿੱਤੀ। ਪਾਇਲ ਨੂੰ
ਲੁੱਟ ਮਾਰ ਕੇ ਰਾਮਰਈਆਂ ਨੂੰ ਬਹੁਤ ਸਜ਼ਾਇ ਦਿੱਤੀ ਤੇ ਬੁਲਾਕਾ ਸਿੰਘ ਨੂੰ ਉਥੋਂ ਦਾ ਠਾ
ਣੇਦਾਰ ਕਰਕੇ ਆਪ ਮਲੇਰਕੋਟਲੇ ਦੀ ਤਰਫ ਕੂਚ ਕਰ ਦਿੱਤਾ। ਘੁੜਾਣੀ ਘਨੌਟੀ
ਧਮੋਟ ਆਦਿਕ ਅਨੇਕ ਪਿੰਡਾਂ ਤੋਂ ਨਜ਼ਰਾਨੇ ਲੈਂਦੇ ਹੋਏ ਜਦ ਮਲੇਰਕੋਟਲੇ ਵਲ ਢੁਕੇ
ਤਾਂ ਨੱਵਾਬ ਸ਼ੇਰ ਮਹੰਮਦ ਖਾਂ ਕੋਟਲੇ ਵਾਲਾ ਜੋ ਅਨੰਦਪੁਰ ਦੀ ਅਫਰਾ ਦਫਰੀ ਵਿਚੋਂ
ਗੁਰੂ ਸਾਹਿਬ ਦੀ ਟਹਿਲਣ ਅਨੂਪ ਕੌਰ ਨੂੰ ਪਕੜ ਕੇ ਲੈ ਆਇਆ ਸੀ, ਉਸਨੂੰ ਮੁਸਲਮਾ
ਨੀ ਕਰਨਾ ਚਾਹਿਆ ਪਰ ਓਹ ਮੁਸਲਮਾਨੀ ਨਾ ਹੋਈ ਤੇ ਨਾਹੀਂ ਉਸ ਨਾਲ ਪਰਸ ਕੀਤਾ।
ਕਟਾਰੀ ਖਾਕੇ ਜਾਨ ਅਪਨੀ ਦੇ ਗਈ ਪਰ ਧਰਮ ਨਾ ਛੱਡਿਆ। ਨਵਾਬ ਨੇ ਉਸਨੂੰ ਦਬ
ਕਰ, ਕਬਰ ਬਣਾ ਰੱਖੀ ਸੀ। ਏਹ ਖਬਰ ਸੁਣਕੇ ਗੁਰੂ ਬੰਦੇ ਨੇ ਮਲੇਰਕੋਟਲੇ ਨੂੰ ਜਾ

Digitized by Panjab Digital Library | www.panjabdigilib.org

ਘੇਰਿਆ ਮੁਸਲਮਾਨ ਘਰ ਛੱਡ ਛੱਡ ਕੇ ਸਭ ਭੱਜ ਗਏ। ਏਥੋਂ ਦੇ ਇਕ ਸਾਹੂਕਾਰ ਦੇ ਘ ੧੫
ਰ ਕਿਸੇ ਸਮੇ ਬੰਦਾ ਰਹ ਗਿਆ ਸੀ ਤੇ ਉਸਨੇ ਟਹਿਲ ਬਹੁਤ ਕੀਤੀ ਸੀ, ਉਸਨੇ ਬੰਦੇ ਨੂੰ
ਪਹਿਚਾਨ ਲਿਆ, ਏਸ ਕਰਕੇ ਸਾਹੂਕਾਰਾਂ ਤੋਂ ਚਾਰ ਹਜ਼ਾਰ (੪੦੦੦) ਰੁਪਯਾ ਕੱਠਾ ਕਰ ਲਿਆ
ਤੇ ਇਕ ਘੋੜਾ ਨਜ਼ਰ ਵਾਸਤੇ ਲੈਕੇ ਬਾਵੇ ਆਤਮਾ ਰਾਮ[੧] ਸਮੇਤ ਸ਼ਹਰ ਦੀ ਪੰਚਾਇਤ ਨਾ
ਲ ਲੈਕੇ ਬੰਦੇ ਨੂੰ ਜਾ ਮਿਲਿਆ। ਬਾਬੇ ਬੰਦੇ ਨੇ ਨਜ਼ਰ ਲੈਕੇ ਉਸਦੇ ਲਿਹਾਜ਼ ਨੂੰ ਸ਼ਾਹਿਰ
ਦੀ ਲੁੱਟ ਮਾਰ ਮਾਫ਼ ਕਰ ਦਿੱਤੀ ਤੇ ਨਵਾਬ ਸ਼ੇਰ ਮਹੰਮਦ ਖਾਂ ਤੋਂ ਦਸ ਹਜ਼ਾਰ (੧੦੦੦੦) ਰੁਪਯਾ ਨਜ਼
ਰਾਨਾ ਦੰਡ ਲੈਕੇ, ਗੁਰੂ ਜੀ ਦੀ ਟਹਿਲ ਵਾਲੀਆਂ ਹੱਡੀਆਂ ਕਬਰਾਂ ਵਿਚੋਂ ਕਢਵਾਕੇ ਫੂਕ
ਛਡਿੱਤੀਆਂ। ਫੇਰ ਰਾਇਕੋਟ ਦੀ ਤਰਫ਼ ਕੂਚ ਕਰ ਦਿੱਤਾ। ਰਾਇਕੱਲ੍ਹੇ ਨੇ ਪੰਜ ਹਜ਼ਾਰ (੫੦੦੦)
ਨਕਦ, ਪੰਜ ਘੋੜੇ ਨਜ਼ਰ ਦੇਕਰ ਆਪਣਾ ਮੁਲਕ ਬਚਾਇ ਲੀਤਾ। ਏਸ ਸਮੇ ਬੰਦੇ ਬ
ਹਾਦਰ ਦੀ ਧਾਂਕ ਪੈ ਗਈ, ਜਿੱਧਰ ਮੂੰਹ ਕਰੇ ਉਧਰੋਂ ਅੱਗੇ ਹੀ ਨਜ਼ਰਾਂ ਲੈਕੇ ਲੋਗ ਆ ਮਿ
ਲਨ। ਏਸੇ ਸਮੇ ਬਾਬੇ ਬੰਦੇ ਨੇ ਕਿਲੇ ਮੁਖਲਸਗੜ੍ਹ ਦੀ ਮੁਰੰਮਤ ਕਰਾਕੇ ਉਸਦਾ ਨਾ
ਮ ਲੋਹਗੜ੍ਹ ਰੱਖਿਆ। ਬਹੁਤ ਸਾਮਾਨ ਜੰਗ ਦਾ ਉਥੇ ਜਮਾ ਕੀਤਾ। ਏਹ ਕਿਲਾ ਮੁਖਲ
ਸ ਖਾਂ ਸੂਬੇ ਸਰਹੰਦ ਨੇ ਸਢੌਰੇ ਤੋਂ ਬੀਸ ਕੋਸ ਪਹਾੜ ਵਿਚ ਬਹੁਤ ਪੁਖਤਾ ਸੰ: ੧੬੮੨
ਬਿ: ਵਿਚ ਬਣਾਯਾ ਸੀ।

ਜਦ ਏਸ ਦੇਸ ਵਿਚ ਬੰਦੇ ਦੇ ਮੁਕਾਬਲੇ ਦਾ ਕੋਈ ਨਾ ਰਿਹਾ ਤਾਂ ਬਾਬੇ ਬਿਨੋਦ ਸਿੰਘ ਤੇ ਰਾ
ਮ ਸਿੰਘ ਹਜ਼ੂਰੀ ਨੂੰ ਚਾਰ ਹਜ਼ਾਰ (੪੦੦੦) ਅਸਵਾਰ ਸਮੇਤ ਪਾਨੀਪਤ, ਤਿਰਾਵੜੀ ਵਿਚ ਉਤਾਰ
ਦਿੱਤਾ, ਤੇ ਭਾਈ ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂਕੇ ਰਾਮ ਸਿੰਘ, ਤਿਲੋਕ ਸਿੰ
ਘ ਫੂਲਕੇ, ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇਕੇ ਏਨ੍ਹਾਂ ਸਭਨਾਂ ਨੂੰ ਮੁਲਕ ਮਾਲਵਾ
ਸਪੁਰਦ ਕਰਕੇ, ਆਪ ਇਕੱਲਾ ਬੰਦਗੀ ਕਰਨ ਵਾਸਤੇ ਜੌਹੜਸਰ ਦੇ ਪਹਾੜਾਂ ਵਿਚ
ਚਲਾ ਗਿਆ। — ਜਦ ਏਹ ਖਬਰ ਦਿੱਲੀ ਪਹੁੰਚੀ ਤਾਂ ਉਥੋਂ ਹਾਜੀ ਮਹੰਮਦ ਯਾਰ
ਬੇਗ ਖਾਂ, ਸ਼ਾਹ ਅਨਾਯਤੁੱਲਾ, ਮੁਨੀਰ ਮੁਹੰਮਦ ਖਾਂ ਆਦਿਕ ਫੌਜਦਾਰਾਂ ਨੂੰ ਪੰਜ ਹਜ਼ਾ (੫੦੦੦)
ਰ ਅਸਵਾਰ ਦੇਕਰ ਸਿੱਖਾਂ ਦੇ ਪਿੱਛੇ ਦਿੱਲੀ ਤੋਂ ਰਵਾਨੇ ਕੀਤਾ। ਤਿਰਾਵੜੀ ਪਾਸ ਬਾਬੇ
ਬਿਨੋਦ ਸਿੰਘ ਨੇ ਮੁਕਾਬਲਾ ਤਾਂ ਕੀਤਾ ਪਰ ਉਹ ਨਕਾਰ ਖਾਕੇ, ਸਰਹੰਦ ਵਿਚ ਸਿੱਖਾਂ

[੧] ਆਤਮਾ ਰਾਮ ਵੈਰਾਗੀ ਸਾਧੂ ਬੜਾ ਮਸ਼ਹੂਰ ਕਰਾਮਾਤੀ ਹੋਯਾ ਹੈ ਹੁਣ ਭੀ ਉਸਦੇ ਨਾਮ ਦਾ ਮੇਲਾ ਨਿਮਾਣੀ
ਕਾਦਸ਼ੀ ਨੂੰ ਭਰਦਾ ਹੈ ਬੇਸ਼ੁਮਾਰ ਸੇਵਕ ਉਨ੍ਹਾਂ ਦੇ ਆ ਕਰਕੇ ਬਹੁਤ ਦੌਲਤ ਚੜ੍ਹਾਂਵਦੇ ਹਨ।

Digitized by Panjab Digital Library | www.panjabdigilib.org

੧੬ ਨਾਲ ਆ ਮਿਲਿਆ ਉਪਰ ਲਾਹੌਰ ਤੋਂ ਹੋਰ ਫੌਜ ਆ ਗਈ ਤੇ ਅਸੂ ਸੰ: ੧੭੬੫ ਬਿ: ਨੂੰ
ਪਰਗਣੇ ਸਰਹੰਦ ਭੁਗਵੰਤਰਾਇ ਕਾਨੂੰਗੋ ਦੇ ਕਿਲੇ ਵਿਚ ਸਿੰਘਾਂ ਨੇ ਲੜਾਈ ਤਾਂ ਸਤ੍ਰੂ
ਆਂ ਸੁਲਹ ਕੀਤੀ ਪਰ ਸ਼ਾਕਿਸੁਖਾਕੇ ਕਿਲੇ ਲੋਹਗੜ੍ਹ ਦੀ ਤਰਫ ਚੱਲ ਪਏ। ਦੂਜੀ ਲੜ
ਈ ਕਸਬੇ ਖਰੜ ਦੇ ਪਾਸ ਹੋਈ, ਫੌਜ ਭੀ ਖਾਲਸਾ ਜੀ ਹਰਨ ਹੋ ਗਿਆ। ਤਕੀ ਮਹੰਮਦ ਖਾਂ ਤੇ
ਮਹੰਮਦ ਜਾਨ ਖਾਂ ਕਸੂਰੀ ਪਠਾਣਾਂ ਨੇ ਬੂੜੈਲ ਪਿੰਡ ਪਾਸ ਫਿਰ ਸਿੰਘ ਜਾ ਘੇਰੇ, ਜੰਗ ਹੋ
ਣ ਲੱਗਾ ਤਾਂ ਕੁਦਰਤ ਨਾਲ ਪਹਾੜਾਂ ਵਿਚੋਂ ਬਾਬਾ ਬੀਰਾ ਭੀ ਆ ਪਹੁੰਚਾ, ਉਸਦੇ ਆਵਣੇ
ਕਰ ਇਕ ੨ ਸਿੰਘ ਦਸਾਂ ੨ ਜੇਹਾ ਹੋ ਗਿਆ, ਤੁਰਕਾਂ ਨੂੰ ਚਿੰਤਾ ਬਣ ਪਈ ਕਿਉਂਕੇ ਉਨ੍ਹਾਂ ਨੂੰ
ਏਹ ਨਿਸਚੇ ਹੋ ਗਿਆ ਸੀ ਕਿ ਬੀਰਾ ਅਜਮਤੀ ਹੈ, ਜਿਸਨੇ ਕਿਸੇ ਪੀਰ ਫਕੀਰ ਦੀ ਕਬਰ ਨਹੀਂ
ਛੱਡੀ ਉਹ ਸਾਨੂੰ ਕਦ ਛੱਡੇਗਾ। ਕੋਈ ਕਹਿੰਦਾ ਸੀ ਏਸਦੇ ਪਾਸ (ਮਹਾਬੀਰ) ਦੇਵਤਾ ਹਨ
ਜਿਸਨੂੰ ਚਾਹੁੰਦਾ ਹੈ ਮਰਵਾ ਦਿੰਦਾ ਹੈ। ਏਹੋ ਜੇਹੇ ਖਿਆਲ ਮੁਸਲਮਾਨਾਂ ਦੇ ਦਿਲ ਵਿਚ
ਬੈਠ ਰਹੇ ਸੇ। ਏਸੇ ਕਾਰਣ ਡਰ ਡਰਕੇ ਆਪੇ ਭੱਜ ਨਿਕਲਦੇ ਸੇ। ਬੂੜੈਲ ਦੇ ਜੰਗ ਵਿਚ
ਤਾਂ ਤੁਰਕ ਐਸੇ ਪਾਣੀ ਹੋਏ ਜੋ ਥੋੜੀ ਜੇਹੀ ਲੜਾਈ ਕਰਕੇ ਦੌੜ ਗਏ, ਦਸ ਕੋਸ ਤਕ ਸਿੰ
ਘਾਂ ਨੇ ਪਿੱਛਾ ਕੀਤਾ, ਬੇਸ਼ੁਮਾਰ ਤਰਵਾਰ ਦੇ ਘਾਟ ਉਤਾਰੇ ਗਏ, ਤਕੀ ਮਹੰਮਦ ਖਾਂ, ਮੁਨੀ
ਰਮੁਹੰਮਦ ਖਾਂ, ਅਨਾਇਤੁੱਲਾ ਆਦਿਕ ਬਹੁਤ ਸਰਦਾਰ ਮਾਰੇ ਗਏ। ਬਾਬੇ ਬੀਰੇ ਨੇ
ਫੇਰ ਸਰਹੰਦ ਦੇ ਇਲਾਕੇ ਪਰ ਸਿੰਘਾਂ ਦਾ ਦਖਲ ਕਰਾਇ ਦਿੱਤਾ। ਵੈਸਾਖ ਸੰ: ੧੭੬੬
ਬਿ: ਵਿਚ ਬੀਰੇ ਬਹਾਦਰ ਨੇ ਆਪਣੇ ਲਸ਼ਕਰ ਦੇ ਚਾਰ ਹਿੱਸੇ ਕੀਤੇ ਅਤੇ ਇਕ ਨੂੰ ਪਰ
ਗਣੇ ਪਾਨੀਪਤ ਵਿਚ ਉਤਾਰ ਦਿੱਤਾ। ਦੂਸਰਾ ਸਰਹੰਦ ਵਿਚ, ਤੀਸਰਾ ਕਿਲੇ ਲੋਹਗੜ੍ਹ
ਵਿਚ, ਚੌਥਾ ਬਡੇ ੨ ਮਸ਼ਹੂਰ ਬਹਾਦਰਾਂ ਦਾ ਝੁੰਡ ਆਪਣੇ ਪਾਸ ਰੱਖਿਆ। ਸਰਹੰਦ ਤੋਂ
ਕੂਚ ਕਰਕੇ ਪਹਿਲੇ ਕਸਬੇ ਮੋਰੰਡੇ ਬਾਗਾਂ ਵਾਲੇ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਗੁਰੂ ਗੋਬਿੰਦ
ਸਿੰਘ ਜੀ ਦੇ ਦੋ ਪੁੱਤ੍ਰ, ਬਡੀ ਮਾਈ ਸਮੇਤ ਖੇੜੀ ਪਿੰਡ ਤੇ ਪਕੜ ਕੇ, ਸਰਹੰਦ ਲੈਜਾਕਰ, ਕ
ਤਲ ਕਰਾਏ ਸੇ ਤੇ ਆਪ ਇਨਾਮ ਪਾਏ ਸੇ) ਚਕਨਾਚੂਰ ਕੀਤਾ।
ਆਪਣੀ ਤਵਾਰੀਖ ਦੇ ੧੦੮ ਸਫ਼ੇ ਪਰ ਖ਼ਫ਼ੀਖਾਂ ਲਿਖਦਾ ਹੈ ਕਿ ਜਦ ਬੀਰਾ ਮੁਸਲਮਾਨਾਂ
ਦੇ ਪਿੰਡਾਂ ਨੂੰ ਲੁੱਟਦਾ ਮਾਰਦਾ ਹੋਯਾ ਸਹਾਰਨਪੁਰ ਦੀ ਤਰਫ਼ ਝੁਕਿਆ ਤਾਂ ਏਥੋਂ ਦੇ ਸੂਬੇ ਅ
ਲੀ ਮੁਹੰਮਦ ਖਾਂ ਨੇ ਆਪਣੇ ਪਰਗਣੇ ਦੇ ਬਡੇ ੨ ਮੁਸਲਮਾਨਾਂ ਨੂੰ ਬੁਲਾ ਕਰਕੇ, ਬੀਰੇ ਬਹਾ
ਦਰ ਦੇ ਜ਼ੁਲਮ ਸੁਣਾਕਰ ਐਸਾ ਜੋਸ਼ ਦਿਵਾਯਾ ਜੋ ਲੱਖ ਦੇ ਲਗ ਭਗ ਮੁਸਲਮਾਨ ਕੱਠ

Digitized by Panjab Digital Library | www.panjabdigilib.org

ਹੋ ਗਿਆ ਤੇ ਹੋਰ ਬੇਸ਼ੁਮਾਰ ਮੁਸਲਮਾਨ ਉਸ ਦੇਸ ਦੇ, ਹੱਥਾਂ ਨੂੰ ਮੇਂਹਦੀ ਲਾ, ਲਾ, ਗਾ ੧੭
ਨੇ ਤੇ ਹਥਿਆਰ ਬੰਨ੍ਹ, ਬੰਨ੍ਹ ਸ਼ਹੀਦ ਹੋਣ ਲਈ ਸਹਾਰਨਪੁਰ ਵਿਚ ਕੱਠੇ ਹੋ ਗਏ। ਪਰ
ਜਦ ਏਧਰੋਂ ਬਾਬਾ ਬੀਰ ਦਾ ਹੜ ਦੇ ਜਲ ਦੀ ਤਰਾਂ ਲੁੱਟਦਾ ਮਾਰਦਾ ਸਹਾਰਨਪੁਰ ਪਹੁੰ
ਚਿਆ ਤਦ ਅਲੀ ਮੁਹੰਮਦ ਖਾਂ ਤਾਂ ਬਿਨਾ ਹੀ ਜੰਗ ਕੀਤੇ ਡਰ ਕਰ, ਬੀਬੀਆਂ ਸਮੇਤ
ਰਾਤ ਨੂੰ ਦਿੱਲੀ ਦੀ ਤਰਫ ਨਠ ਗਿਆ। ਬਾਕੀ ਮੁਸਲਮਾਨ ਜੋ ਗਾਨੇ ਬੰਨ੍ਹ ੨ ਆਏ
ਸੇ ਉਨ੍ਹਾਂ ਨੂੰ ਨਵਾਬ ਰਸਮਤ ਖਾਂ ਤੇ ਮੌਲਵੀ ਜਮਾਲਦੀਨ ਆਦਿਕ ਰਈਸਾਂ ਨੇ ਦਿਲ
ਸੇ ਦੇਦੇ ਦੀਨ ਮਜ਼ਹਬ ਦਾ ਜੰਗ ਸ਼ੁਰੂ ਕਰ ਦਿੱਤਾ, ਮੁਸਲਮਾਨ ਅਲੀ ੨ ਬੋਲ ਕੇ ਸ਼ਹ
ਰੋਂ ਨਿਕਲ ੨ ਤਿਨ ਦਿਨ ਬੜੀ ਅੰਧਾਧੁੰਧ ਦੀ ਲੜਾਈ ਕਰਦੇ ਰਹੇ, ਲੋਥਾਂ ਦੇ ਢੇਰ ਲੱਗ
ਗਏ, ਲਹੂ ਦੇ ਨਾਲੇ ਵੱਗ ਗਏ। ਓੜਕ ੧੪ ਸ਼ਿਵਾਲ ਸੰ: ੧੧੨੨ ਹਿਜਰੀ ਤੇ ਸੰ: ੧੭੬੬
ਬਿ: ਨੂੰ ਸਿੰਘ ਹੱਲਾ ਕਰ ਕੇ ਸ਼ਹਰ ਵਿਚ ਜਾ ਵੜੇ ਤੇ ਹੋਰ ਭੀ ਲੁਟੇਰੀ ਖਲਕਤ ਬਹੁਤ
ਜਾ ਵੜੀ, ਇਕ ਨੇ ਦੂਸਰੇ ਨੂੰ ਲੁਟਿਆ, ਸ਼ਹਰ ਵੈਰਾਨ ਕਰ ਸੁਟਿਆ, ਜਿਸ ਨੇ ਹੱਥ ਉਠਾ
ਯਾ ਉਹੋ ਪਾਰ ਬੁਲਾਯਾ ਹੋਰ ਭੀ ਸੈਂਕੜੇ ਮੁਸਲਮਾਨ ਮੁਖਬਰਾਂ ਦ੍ਵਾਰੇ ਫੜੇ ਹੋਏ, ਭੇਡਾਂ
ਬਕਰੀਆਂ ਵਾਂਗੂ ਕਤਲ ਕੀਤੇ ਗਏ। ਜਿਸ ਤਰਾਂ ਮੁਸਲਮਾਨ ਲੋਗ ਹਿੰਦੂਆਂ ਦਾ ਬੁਰਾ
ਹਾਲ ਕਰਦੇ ਰਹੇ ਸੇ ਓਹੋ ਸ੍ਵਾਦ ਮੁਸਲਮਾਨਾਂ ਨੂੰ ਚੱਖਣਾ ਪਿਆ। ਸੱਚ ਹੈ (ਆਹਿਕਰ
ਕਰੇ ਸੋ ਆਹਿਕਰ ਪਾਏ) ਫੇਰ ਬੀਰ ਸਾਹਿਬ ਨੇ ਜਲਾਲਾਬਾਦੀਏ ਜਲਾਲ ਖਾਂ ਨਵਾਬ
ਨੂੰ ਤੇ ਸ਼ਾਹ ਨਿਵਾਜ਼ ਖਾਂ ਨਜੀਬਾਬਾਦੀਏ ਆਦਿਕ ਰਈਸਾਂ ਨੂੰ ਲਿਖ ਭੇਜਿਆ ਕਿ ਤੁਸੀਂ ਭੀ
ਲੜਾਈ ਵਾਸਤੇ ਤਯਾਰ ਹੋ ਜਾਓ, ਦੋ ਮਹੀਨੇ ਨੂੰ ਤੁਹਾਡੀ ਵੱਲ ਆਵਾਂਗੇ। ਜੱਦਾਪ ਏਸ
ਇਸ਼ਤਿਹਾਰ ਨੂੰ ਸੁਣ ਕੇ ਲੋਗਾਂ ਨੇ ਤਕੜਾਈ ਕੀਤੀ, ਪਰ ਜਦ ਖਾਲਸਾ ਜੀ ਉਸ ਦੇਸ ਦੇ ਨੱ
ਵਾਬਾਂ ਨੂੰ ਲੁੱਟਦਾ ਮਾਰਦਾ ਹੋਯਾ, ਹਰਿਦ੍ਵਾਰ ਇਸ਼ਨਾਨ ਕਰ ਕੇ ਨਜੀਬਾਬਾਦ ਪਹੁੰਚਿਆ
ਤਾਂ ਉਥੋਂ ਦੇ ਨਵਾਬ ਦੂੰਦੇ ਖਾਂ ਨੇ ਨਜ਼ਰਾਂ ਦੇ ਕੇ ਆਪਣਾ ਸ਼ਹਰ ਲੁੱਟਣ ਥੀਂ ਬਚਾਇ ਲੀਤਾ।
ਖੁਫੀਆ ਲਿਖਦਾ ਹੈ ਕਿ ਹਰ ਰੋਜ਼ ਪਚਾਸ ੫੦, ਸੱਠ ੬੦ ਮੁਸਲਮਾਨਾਂ ਦੇ ਮਾਰੇ ਬਿਨਾ ਬੀਰ ਦਾ ਅੰਨ
ਜਲ ਨਹੀਂ ਕਰਦਾ ਸੀ, ਏਸੇ ਕਰਕੇ ਉਸ ਤੋਂ ਡਰਦੇ ਮੁਹੰਮਦੀ ਬਰ ਬਰ ਕੰਬਦੇ ਸਾਏ।
ਦੇਸ ਨੂੰ ਲੁੱਟ ਪੁੱਟ ਕੇ ਕੱਤਕ ਮਹੀਨੇ ਜਲਾਲਾਬਾਦ ਜਾ ਘੇਰਿਆ। ਜਲਾਲਾਬਾਦੀਏ ਨੇ
ਭੀ ਤੁਹੇਲੇ, ਪਠਾਣ ਬਹੁਤ ਕੱਠੇ ਕਰ ਰੱਖੇ ਸੇ ਉਹ ਦੋ ਮਹੀਨੇ ਜਾਨਾਂ ਤੋੜ ਤੋੜ ਕੇ ਲੜਦੇ
ਰਹੇ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ। ਕਈ ਵਾਰੀ ਏਹ ਜਿੱਤੇ, ਕਈ ਵਾਰੀ

Digitized by Panjab Digital Library | www.panjabdigilib.org

੧੮ ਓਹ ਇਕਵਾਰੀ ਸਿੱਖ ਹਾਰਕੇ ਦੌੜ ਆਏ ਤਾਂ ਦੋਬਣ ਪਾਸੋਂ ਬੰਦਾ ਬਹਾਦਰ ਫੇਰ ਮੋੜ
ਕੇ ਲੈ ਗਿਆ ਤੇ ਮੁਲਕ ਮਾਲਵੇ ਮਾਝੇ ਦੇ ਹੋਰ ਸਿੰਘ ਬਹੁਤ ਬੁਲਾ ਲਏ। ਫੇਰ ਤਾਂ
ਬੰਦੇ ਬਹਾਦਰ ਦੇ ਲਲਕਾਰੇ ਹੋਏ ਸਿੰਘ ਭੁੱਖੇ ਬਾਜਾਂ ਦੀ ਤਰਾਂ ਟੁੱਟਕੇ ਜਾ ਪਏ, ਬੜੀ ਭਾ
ਰੀ ਲੜਾਈ ਹੋਈ, ਆਖਰ ਪੌੜੀਆਂ ਲਾਕੇ ਕਿਲੇ ਉੱਪਰ ਚੜ੍ਹ ਗਏ, ਫੇਰ ਲਿਖਦਾ ਹੈ
ਕਿ ਸਿੰਘ ਜਾਨ ਪਿਆਰੀ ਨਹੀਂ ਕਰਦੇ ਸਨ, ਫਤੇ ਪਿਆਰੀ ਸਮਝਦੇ ਸਨ। ਬੇਸ਼ੁਮਾਰ ਸਿੱ
ਖਾਂ ਨੂੰ ਰੁਹੇਲਿਆਂ ਨੇ ਸੀੜ੍ਹੀਆਂ ਉੱਤੋਂ ਮਾਰ ਮਾਰ ਗਿਰਾਇਆ, ਪਰ, ਇਕ ਡਿੱਗਦਾ ਸੀ ਤਾਂ
ਦੋ ਹੋਰ ਦੌੜ ਕੇ ਉਸੇ ਥੰਡੇ ਉੱਪਰ ਖੜੇ ਹੋ ਜਾਂਦੇ ਸੇ। ਆਖਰ ਬਸੰਤ ਪੰਚਮੀ ਦੇ ਦਿਨ
ਸਿੰਘਾਂ ਨੇ ਕਿਲੇ ਵਿੱਚ ਧਸਕੇ ਐਸੀ ਸ਼ਮਸ਼ੇਰ ਚਲਾਈ ਜੋ ਰੁਹੇਲੇ ਤੋਬਾ ਕਰ ਉੱ
ਠੇ। ਬਹੁਤ ਤਾਂ ਮਾਰੇ ਗਏ, ਬਾਕੀ ਨਵਾਬ ਜਲਾਲਦੀਨ ਖਾਂ ਸਮੇਤ ਬੜੀ ਮੁਸ਼ਕਿਲ
ਨਾਲ ਦੌੜਕਰ ਦੂਸਰੇ ਕਿਲੇ ਵਿੱਚ (ਜੋ ਓਥੋਂ ਚਾਰ ਕੋਸ ਪਰ ਸੀ) ਜਾ ਵੜੇ। ਹਾਥੀ
ਘੋੜੇ, ਹਥਿਆਰ, ਖਜ਼ਾਨੇ, ਤੋਪਾਂ, ਜੰਬੂਰੇ ਸਭ ਸਿੰਘਾਂ ਦੇ ਹੱਥ ਆਏ। ਸਿੰਘ ਜਲਾਲ
ਬਾਦ ਦੀ ਲੁੱਟਦਾ ਸਾਮਾਨ ਲੈ ਕੇ ਕਿਲੇ ਲੋਹਗੜ੍ਹ ਵਿੱਚ ਚਲੇ ਆਏ। ਓਥੋਂ ਹੀ ਬਹੁਤ
ਸਿੰਘ ਬੰਦੇ ਦੀ ਆਗਿਆ ਲੈ ਕੇ, ਮਾਲ ਦੌਲਤ ਦੇ ਘੋੜੇ ਲੱਦੇ ਹੋਏ, ਝੁੰਡ ਝੁੰਡ ਮਿਲ
ਕੇ ਆਪਣੇ੨ ਘਰਾਂ ਨੂੰ ਚਲੇ ਗਏ ਤੇ ਬਾਬਾ ਬੰਦਾ ਭੀ ਇਕ ਹਜ਼ਾਰ ਸਿੰਘ ਨੂੰ ਕਿਲੇ ਵਿ
ਚ ਛੱਡਕੇ ਪਹਾੜੀਂ ਜਾ ਵੜਿਆ। ਇਸ ਸਾਲ ਵਿਚ ੧੦ ਹਜ਼ਾਰ ਨਵੀਨ ਸਿੰਘ ਸਜੇ
ਆਸੀ। —— ਜਦ ਇਸ ਗਦਰ ਦੀ ਖਬਰ ਬਹਾਦਰਸ਼ਾਹ ਬਾਦਸ਼ਾਹ ਨੂੰ ਦੱਖ
ਣ ਵਿਚ ਪਹੁੰਚੀ ਤਾਂ ਉਸਨੇ ਬੜੇ ਗੁੱਸੇ ਨਾਲ ਅਖਗਰਖਾਂ ਤੂਰਾਨੀ ਛੋਟੇ ਵਜ਼ੀਰ ਨੂੰ
ਲਿਖਿਆ ਕੇ ਤੁਸੀਂ ਬਾਰਾਂ ਹਜ਼ਾਰ ਅਸਵਾਰ ਤੇ ਫੌਜਦਾਰ ਨੂੰ ਨਾਲ ਲੈਕੇ ਜਾਓ ਤੇ ਸਿੰਘਾਂ
ਦਾ ਨਾਮ ਨਿਸ਼ਾਨ ਦੂਰ ਕਰੋ, ਅਤੇ ਬੰਦੇ ਬੈਰਾਗੀ ਨੂੰ ਪਕੜਕੇ ਮੇਰੇ ਪਾਸ ਭੇਜ ਦੇਓ।
ਇਸ ਹੁਕਮ ਨੂੰ ਸੁਣਦਾ ਹੀ ਅਖਗਰਖਾਂ ਬੜਾ ਭਾਰੀ ਲਸ਼ਕਰ ਲੈਕੇ ਚੜ੍ਹ ਆਇਆ ਤੇ
ਹੋਰ ਭੀ ਬੇਸ਼ੁਮਾਰ ਦੇਸੀ ਮੁਸਲਮਾਨ ਸਿੰਘਾਂ ਦੇ ਮਾਰਣ ਲਈ ਉਸਦੇ ਨਾਲ ਸ਼ਾਮਲ
ਹੋ ਗਏ। ਇਧਰ ਭਾਈ ਫਤੇ ਸਿੰਘ, ਆਲਾ ਸਿੰਘ, ਗੁਰਬਖਸ਼ ਸਿੰਘ ਆਦਿਕ ਮਲ
ਵਈ ਤੇ ਬੁੱਢਾ ਸਿੰਘ ਦੇਸੀ, ਭੋਮਾ ਸਿੰਘ, ਧਾਰਾ ਸਿੰਘ, ਸ਼ਾਮਾ ਸਿੰਘ ਆਦਿਕ ਮਝੈਲ
ਸਰਦਾਰ ਬਹੁਤ ਸਿੰਘਾਂ ਨੂੰ ਨਾਲ ਲੈਕੇ, ਬਾਬੇ ਬਿਨੋਦ ਸਿੰਘ, ਰਾਮ ਸਿੰਘ ਦੀ ਫੌਜ ਨਾਲ
ਥਨੇਸਰ ਪਾਸ ਜਾ ਮਿਲੇ। ਜੇਠ ਸੰ: ੧੭੬੭ ਬਿ: ਨੂੰ ਜਦੀਪ ਸਿੰਘਾਂ ਨੇ ਕਸਬੇ ਲਾਡਵੇ

Digitized by Panjab Digital Library | www.panjabdigilib.org

ਪਾਸ ਜੰਗ ਕੀਤਾ ਪਰ ਬੰਦੇ ਬਿਨਾ ਭਾਜ ਖਾਕੇ ਸਰਹੰਦ ਦੀ ਤਰਫ ਚਲੇ ਆਏ। ੧੯
ਦੂਸਰੀ ਲੜਾਈ ਸ਼ਾਹਾਬਾਦ ਪਾਸ ਹੋਈ, ਆਖਰ ਸਬਨਾ ਲੜਾਈਆਂ ਤੋਂ ਹਾਰਕੇ ਸਿ
ਖ ਭੁੱਜਕੇ ਪਹਾੜਾਂ ਵਿਚ ਜਾ ਵੜੇ। ਅਖੰਗਾਰਖਾਂ ਨੇ ਆਪਣੇ ਚਚੇਰੇ ਭਾਈ ਵਜ਼ੀਰ
ਖਾਂ ਤੂਰਾਨੀ ਨੂੰ ਸਰਹੰਦ ਸਪੁਰਦ ਕਰਕੇ ਸਿੰਘਾਂ ਦੇ ਫੜਨ ਲਈ ਗਸ਼ਤੀ ਫੌਜ ਦੇ
ਸ਼ ਵਿਚ ਫੈਲਾਇ ਦਿੱਤੀ, ਫੇਰ ਮੁਸਲਮਾਨਾ ਨੇ ਜਗਾ ਜਗਾ ਹਿੰਦੂਆਂ ਪਰ ਜ਼ੁਲਮ
ਕਰਨੇ ਸ਼ੁਰੂ ਕਰ ਦਿੱਤੇ। ਖੂਹੇਂ ਤਲਾਵਾਂ ਵਿਚ ਗਊਆਂ ਦੇ ਹੱਡ ਸਿਟਵਾ ਦਿੱਤੇ। ਜੇਹੜੇ
ਹਿੰਦੂਆਂ ਨੇ ਬੰਦੇ ਦੀ ਕਿਸੇ ਤਰਾਂ ਭੀ ਮਦਦ ਦਿੱਤੀ ਸੀ ਓਹ ਸਬ ਪਕੜ ਪਕੜ ਕੇ ਕਤ
ਲ ਕੀਤੇ ਗਏ। ਏਸ ਜ਼ੁਲਮ ਦੀ ਖਬਰ ਜਦ ਲੋਹਗੜ੍ਹ ਵਾਲੇ ਸਿੰਘਾਂ ਨੇ ਬਾਬੇ ਬੰ
ਦੇ ਨੂੰ ਦਿੱਤੀ ਤਾਂ ਭਾਦ੍ਰੋਂ ਸੰ: ੧੭੬੭ ਬਿ: ਨੂੰ ਛਪਾਛਪ ਬੰਦਾ ਬਹਾਦਰ ਪਹਾੜਾਂ ਵਿਚੋਂ
ਸਿੰਘਾਂ ਨੂੰ ਇਕੱਠੇ ਕਰਕੇ ਸਰਹੰਦ ਦੀ ਤਰਫ ਬੇਧੜਕ ਚਲਾ ਆਯਾ। ਬੰਦੇ ਦਾ ਨਾ
ਮ ਸੁਣਦਿਆਂ ਹੀ ਮੁਸਲਮਾਨ ਦਹਲ ਉੱਠੇ, ਪਰ ਹਿੰਦੂਆਂ ਨੂੰ ਖੁਸ਼ੀ ਦੀ ਆਬ ਚ
ੜ੍ਹ ਗਈ। ਸਾਰੇ ਦੇਸ ਵਿਚ ਬੰਦਾ ਆਯਾ ੨ ਏਹੋ ਧੂਮ ਮਚ ਗਈ, ਆਪ ਤੋਂ ਆਪ ਮੁ
ਸਲਮਾਨ ਨੱਠ ਤੁਰੇ। ਵਜ਼ੀਰ ਖਾਂ ਹਾਕਮ ਸਰਹੰਦ ਦੀ ਭੀ ਰੋਪੜ ਦੇ ਪਾਸ ਥੋੜੀ ਜੇਹੀ
ਲੜਾਈ ਕਰਕੇ ਦਿੱਲੀ ਦੀ ਤਰਫ ਦੌੜ ਗਿਆ। ਬੰਦੇ ਨੇ ਫੇਰ ਓਥੋਂ ਤਕ ਹੀ ਸਿੰਘਾਂ
ਦਾ ਕਬਜ਼ਾ ਮੁਲਕ ਉੱਤੇ ਕਰਾਇ ਦਿੱਤਾ ਜਿੱਥੋਂ ਤਕ ਪਹਿਲੇ ਸੀ।

ਓਸੇ ਸਮੇ ਬਹਾਦਰ ਸ਼ਾਹ ਬਾਦਸ਼ਾਹ ਦੱਖਣ ਤੋਂ ਮੁੜਕੇ ਅਜਮੇਰ ਆ ਪਹੁੰਚਿਆ ਸੀ
ਜੇਹੜੇ ਮੁਸਲਮਾਨ ਸਰਹੰਦ, ਸਹਾਰਨਪੁਰ ਆਦਿਕ ਪਰਗਣਿਆਂ ਦੇ ਸਿੰਘਾਂ ਤੋਂ ਡਰ
ਦੇ ਘਰ ਛੱਡ ੨ ਕੇ ਬਿਪਤਾ ਦੇ ਮਾਰੇ ਏਧਰ ਓਧਰ ਫਿਰ ਰਹੇ ਸੇ, ਓਨ੍ਹਾਂ ਨੇ ਅਜਮੇਰ ਪ
ਹੁੰਚ ਕੇ ਸੈਂਕੜੇ ਅਰਜ਼ੀਆਂ ਦੇ ਕੇ ਬਾਦਸ਼ਾਹ ਦੇ ਪਾਸ ਹਾਲ ਦੁਹਾਈ ਮਚਾਈ, ਸ਼ਾਹ ਨੇ
ਓਨ੍ਹਾਂ ਨੂੰ ਧੀਰਜ ਦੇਕੇ ਕੁਛ ਆਪਣੀ ਫੌਜ ਤੇ ਕੁਛ ਰਾਜਿਆਂ ਦੀ ਫੌਜ ਮਿਲਾ ਕਰਕੇ ਓ
ਸੇ ਥਾਂ ਓਰ ਰਵਾਨਾ ਕਰ ਦਿੱਤੀ ਤੇ ਬਾਕੀ ਦਿੱਲੀ ਪਹੁੰਚ ਕੇ ਮਹੰਮਦ ਅਮੀਨ ਖਾਂ ਆਦਿਕ
ਫੌਜਦਾਰਾਂ ਨੂੰ ਚਾਰ ਹਜ਼ਾਰ ਜੰਗੀ ਫੌਜ ਦੇ ਕੇ ਸਿੰਘਾਂ ਦੇ ਮਾਰਨ ਵਾਸਤੇ ਰਵਾਨੇ ਕੀਤਾ। ਜਿ
ਨ੍ਹਾਂ ਨੇ ਪੰਜ ਦਸੰਬਰ ਸੰ: ੧੭੦੯ ਈ: ਤੇ ਮੱਘਰ ਸੰਮਤ ੧੭੬੭ ਬਿ: ਨੂੰ ਸ਼ਾਹਾਬਾਦ
ਦੇ ਨਜ਼ਦੀਕ ਮੁਕਾਬਲਾ ਕੀਤਾ। ਓਸ ਸਮੇ ਚਾਲੀ ਹਜ਼ਾਰ ਤੋਂ ਅਧਿਕ ਅਸਵਾਰ ਪਯਾ
ਦਾ ਬੰਦੇ ਦੇ ਨਾਲ ਜੰਗ ਵਾਸਤੇ ਓਥੇ ਇਕੱਠਾ ਹੋ ਰਿਹਾ ਸੀ ਸੈਂਕੜੇ ਢੋਲ ਨਗਾਰੇ ਵੱਜ ਰ

Digitized by Panjab Digital Library | www.panjabdigilib.org

੨੦ ਹੋਸੇ, ਸਿੰਘ ਤਲਵਾਰਾਂ ਖੜ ਖੜ ਅਕਾਲ ੨ ਬੋਲਦੇ ਹੋਏ ਮਹੰਮਦੀਆਂ ਉੱਤੇ ਜਾ ਪਏ
। ਬਾਬਾ ਬੰਦਾ ਭੀ ਫਕੀਰੀ ਲਿਬਾਸ ਵਿਚ ਤੀਰਕਮਾਨ ਧਾਰੇ ਹੋਏ ਹਰਇਕ ਸਿੰਘ ਨੂੰ ਦ
ਲੇਰੀ ਦਿੰਦਾ ਹੋਯਾ ਜੰਗ ਵਿਚ ਫਿਰ ਰਿਹਾ ਸੀ, ਲਿਖਯਾ ਹੈ ਕਿ ਉਸ ਸਮੇਂ ਬੰਦੇ ਨੇ ਐਸੀ ਕ
ਲਾ ਵਰਤਾਈ ਕਿ ਹਰਇਕ ਸਿੱਖ ਬੰਦੇ ਨੂੰ ਆਪਣੇ ਪਾਸ ਹੀ ਖੜਾ ਦੇਖਦਾ ਸੀ। ਇਸ ਕ
ਰਕੇ ਸਿੰਘਾਂ ਨੇ ਭੀ ਬੜੀ ਬਹਾਦਰੀ ਤੇ ਹਿੰਮਤ ਨਾਲ ਜਾਨ ਹੀਲ ਕੇ ਐਸੀ ਤੇਗ ਚਲਾ
ਈ ਕਿ ਮਾਨੋ ਕੇਲਿਆਂ ਦੇ ਬਨ ਵਿਚ ਵਾਢੀ ਵਗ ਗਈ। ਮੁਹੰਮਦੀ ਤੋਬਾ ੨ ਕਰਕੇ ਕਰ
ਨਾਲ ਦੀ ਤਰਫ ਉੱਠ ਤੁਰੇ, ਮੈਦਾਨ ਖਾਲਸੇ ਦੇ ਹੱਥ ਆਯਾ।

ਪੰਜਵੇਂ ਦਿਨ ਜਦ ਰਾਜਪੂਤਾਨੇ ਵਾਲੀ ਫੌਜ ਤੇ ਕੁਛ ਲਾਹੌਰੋਂ ਸ਼ਾਹੀ ਲਸ਼ਕਰ ਆਨ
ਮਿਲਿਆ ਤਾਂ ਰੋਤੇ ਤੇ ਸੀਕਰੀ ਪਿੰਡ ਦੇ ਇਰਦ ਗਿਰਦ ਫੇਰ ਭਾਰੀ ਜੰਗ ਹੋਯਾ, ਇਸ
ਵਿਚ ਸਿੱਖਾਂ ਦੀ ਹਾਰ ਹੋਈ ਤੇ ਦੋਨੋਂ ਤਰਫਾਂ ਦੇ ਬਹੁਤ ਆਦਮੀ ਮਾਰੇ ਗਏ। ਤੀਸਰਾ ਜੰਗ
ਫੇਰ ਲਾਡ੍ਵੇ ਪਾਸ ਹੋਣ ਲੱਗਿਆ ਪਰ ਬਰਖਾ ਉਤਰ ਪਈ, ਪੰਦ੍ਰਾਂ ਦਿਨ ਝੜੀ ਲੱਗੀ
ਰਹੀ। ਪੋਹ ਦੇ ਮਹੀਨੇ ਪੌਣ ਪਾਣੀ ਦੀ ਸਰਦੀ ਤੇ ਭੁੱਖ ਦੇ ਮਾਰੇ ਸ਼ਾਹੀ ਫੌਜ ਦੇ ਬਹੁਤ ਆ
ਦਮੀ ਘੋੜੇ ਮਰ ਗਏ। ਇਸੇ ਕਾਰਣ ਸ਼ਾਹੀ ਫੌਜ ਲਾਚਾਰ ਹੋਕੇ ਕਿਧਰੇ ੨ ਖਿੰਡ ਗਈ
ਤੇ ਬੰਦਾ ਸਾਹਿਬ ਸਿੰਘਾਂ ਸਮੇਤ ਕੁਛ ਦਿਨ ਥਾਨੇਸਰ ਠਹਿਰ ਕੇ ਲੋਹਗੜ੍ਹ ਦੀ ਤਰਫ
ਚਲਾ ਗਿਆ। ਇਨ੍ਹਾਂ ਜੰਗਾਂ ਵਿਚ ਸੱਯਦ ਅਹਮਦ ਖਾਂ, ਫੌਜਦਾਰ ਹੁਸੈਨ ਖਾਂ, ਗੈਰਤ
ਖਾਂ, ਵਜ਼ੀਰ ਖਾਂ ਆਦਿਕ ਵਡੇ ੨ ਨਾਮੀ ਸਰਦਾਰ ਮਾਰੇ ਗਏ। ਫੇਰ ਬਹਾਦਰ ਸ਼ਾਹ ਨੇ
ਖਾਨਖਾਨਾ ਦੇ ਬੇਟੇ ਅਸਦ ਖਾਂ ਨਾਯਬ ਬਖਸ਼ੀ ਨੂੰ ਤੇ ਸ਼ਹਾਬੁੱਦੀਨ ਫੌਜਦਾਰ ਨੂੰ ਖਾਸ
ਆਪਣੇ ਸ਼ਾਹਜ਼ਾਦੇ ਰਫੀਉੱਲ ਮੁਅੱਜ਼ਮ ਦੇ ਨਾਲ ਬਹੁਤ ਸਾਰੀ ਫੌਜ ਦੇ ਕੇ ਸਿੱਖਾਂ ਦੀ
ਤਰਫ ਰਵਾਨੇ ਕੀਤਾ। ਇਨ੍ਹਾਂ ਨੇ ਸਹਾਰਨਪੁਰ ਬੂੜੀਏ ਦੇ ਪਾਸ ਜੰਗ ਕਰਕੇ ਸਿੰਘਾਂ
ਨੂੰ ਬੜੀ ਭਾਰੀ ਸ਼ਿਕਸ੍ਤ ਦਿੱਤੀ। ਏਥੋਂ ਨੱਠਕੇ ਕੁਛ ਸਿੰਘ ਤਾਂ ਸਰਮੌਰ ਦੇ ਪਹਾੜ ਵਿ
ਚ ਬ੍ਰਸਾਹਿਰ ਤਕ ਚਲੇ ਗਏ ਤੇ ਕੁਛ ਬੰਦੇ ਸਮੇਤ ਕਿਲੇ ਲੋਹਗੜ੍ਹ ਵਿਚ ਜਾ ਠਹਿ
ਰੇ। ਪਰੰਤੂ ਮੁਸਲਮਾਨਾਂ ਨੇ ਕਿਲੇ ਲੋਹਗੜ੍ਹ ਨੂੰ ਜਾ ਘੇਰਿਆ, ਕਈ ਦਿਨ ਤੋਪ, ਤੁੱਪ
ਕ ਤੀਰ ਦਾ ਮੀਂਹ ਬਰਸਦਾ ਰਿਹਾ, ਦਾਰੂ ਸਿੱਕਾ ਤੇ ਰਸਦ ਸਿੱਖਾਂ ਪਾਸ ਨਾ ਰਿਹਾ ਭੁੱ
ਜਣ ਹੀ ਲੱਗੇ ਸੇ ਜੋ ਏਤਨੇ ਨੂੰ ਬਹੁਤ ਸਿੰਘ ਰਸਦ ਆਦਿਕ ਲੈਕੇ ਆ ਗਏ ਤੇ ਹੋਰ
ਅਨੇਕ ਤਰਾਂ ਦੀ ਮਦਦ ਦੇਣ ਲਗ ਪਏ। ਇਸੇ ਸਮੇਂ ਦੀਵਾਨ ਹਰਦਿਆਲ ਜੋ ਸ਼ਾਹੀ

Digitized by Panjab Digital Library | www.panjabdigilib.org

ਲਸ਼ਕਰ ਵਿਚ ਬੜਾ ਧਰਮੀ ਮਸ਼ਹੂਰ ਸੀ ਤੇ ਆਗਰੇ ਦਾ ਰਹਣ ਵਾਲਾ ਸੀ ਉਹ ਬੰਦੇ ਨੂੰ ੨੧
ਹਿੰਦੂ ਧਰਮ ਦੀ ਰੱਖਿਆ ਵਾਸਤੇ ਲੜਦਾ ਦੇਖ ਕੇ ਸਿੱਖਾਂ ਨੂੰ ਬਹੁਤ ਮਦਦ ਤੇ ਸ਼ਾਹੀ ਫੌਜ ਦਾ ਭੇ
ਤ ਦਿੰਦਾ ਰਿਹਾ ਸੀ। ਜਦ ਤੁਰਕਾਂ ਨੇ ਏਸ ਦਾ ਗਲ ਜਾਣ ਲਿਆ ਤਾਂ ਏਹ ਇਕ ਦਿਨ ਆਪ
ਣੇ ਸਾਥੀਆਂ ਸਮੇਤ ਮੇਖਜ਼ੀਨ ਰਸਦ ਆਦਿਕ ਬਹੁਤ ਸਾਮਾਨ ਲੈ ਕੇ ਸਿੱਖਾਂ ਨਾਲ ਜਾ
ਮਿਲਿਆ, ਫੇਰ ਸ਼ਾਹੀ ਫੌਜ ਨਾਲ ਲੜਦਾ ਰਿਹਾ। ਫੇਰ ਇਕ ਦਿਨ ਬਾਬੇ ਬੰਦੇ ਨੇ ਸਿੱਖਾਂ
ਨੂੰ ਆਖਿਆ ਅਜ ਉਹ ਦਿਨ ਹੈ ਜਿਸ ਦਿਨ ਚਮਕੌਰ ਵਿੱਚ ਦਸਮੇ ਪਾਤਸ਼ਾਹ ਦੇ ਦੋਵੇਂ ਸ਼ਾ
ਹਜ਼ਾਦੇ ਸ਼ਹੀਦ ਹੋਏ ਸੇ ਜੋ ਕੋਈ ਅੱਜ ਸ਼ਹੀਦ ਹੋਵੇਗਾ ਸੋ ਨਿਸਪਾਪ ਸੱਚ ਖੰਡ ਵਿੱਚ
ਸ਼ਾਹਜ਼ਾਦਿਆਂ ਦੇ ਪਾਸ ਜਾਏਗਾ। ਏਹ ਬਚਨ ਸੁਣ ਕੇ ਸਵਾ ਪਹਿਰ ਦੇ ਤੜਕੇ ਬੰਦੇ ਸ
ਮੇਤ ਸ਼ਹੀਦ ਹੋਣ ਵਾਸਤੇ ਸਭ ਸਿੰਘ ਸ਼ਾਹੀ ਫੌਜ ਵਿਚ ਜਾ ਵੜੇ। ਉਸ ਸਮੇ ਦੀ ਤਲ
ਵਾਰ ਨੂੰ ਖੁਫ਼ੀਆ ਮਲਕਲ ਮੌਤ ਦੀ ਤਲਵਾਰ ਲਿਖਦਾ ਹੈ। ਐਸਾ ਸਮਾ ਆ ਰਿਹਾ
ਕਿ ਲੋਥਾਂ ਦੇ ਢੇਰ ਲਗ ਗਏ, ਲਹੂ ਦੇ ਪਰਨਾਲੇ ਚੱਲ ਪਏ, ਚੁਣਕ ਮੁਸਲਮਾਨਾਂ ਦੇ ਪੈਰ
ਹਿੱਲ ਗਏ ਤੇ ਮੋਰਚੇ ਛੱਡ ਕੇ ਅੱਠ ਕੋਹ ਪਰ ਜਾ ਉਤਰੇ। ਫੇਰ ਆਸਦਖਾਂ ਬਖਸ਼ੀ ਤੇ
ਸ਼ਾਹਜ਼ਾਦੇ ਨੇ ਦੇਸੀ ਮੁਸਲਮਾਨ ਬਹੁਤ ਬੁਲਾਏ ਤੇ ਸਭਨਾਂ ਤੋਂ ਕੁਰਾਨ ਉੱਪਰ ਹੱਥ ਰ
ਖਵਾ ੨ ਕੇ ਐਸਾ ਹੱਲਾ ਕਰਾਯਾ ਜੋ ਕਿਲੇ ਲੋਹਗੜ੍ਹ ਨੂੰ ਪੌੜੀਆਂ ਜਾ ਲਾਈਆਂ।
ਜੱਦਪਿ ਸਿੱਖਾਂ ਨੇ ਦੁਸ਼ਮਣਾਂ ਨੂੰ ਬਹੁਤ ਰੋਕਿਆ ਤੇ ਮਾਰ ੨ ਹੇਠਾਂ ਭੀ ਸਿੱਟਿਆ ਪਰ ਉਸ ਸ
ਮੇ ਸਿੱਖਾਂ ਪਾਸ ਰਸਦ, ਦਾਰੂ, ਸਿੱਕਾ, ਤੀਰ, ਗੋਲੀ ਕੁਛ ਨਹੀਂ ਰਿਹਾ ਸੀ। ਕਈ ਦਿਨ ਤਕ ਭੁੱਖੇ
ਲੜਦੇ ਰਹੇ, ਆਖਰ ਬੰਦੇ ਨੇ ਆਪਣੀ ਸ਼ਕਲ ਜੈਸੀ ਸ਼ਕਲ ਵਾਲੇ ਗੁਲਾਬ ਸਿੰਘ ਨੂੰ ਆ
ਪਣਾ ਲਿਬਾਸ ਪਹਨਾ ਕੇ, ਕੁਛ ਸਿੱਖਾਂ ਸਮੇਤ ਕਿਲੇ ਵਿਚ ਛੱਡ ਕੇ ਆਖਿਆ ਜਦ ਤੁਰ
ਕ ਕਿਲੇ ਵਿਚ ਆਉਣ ਤਾਂ ਤੁਸੀਂ ਮੋਰੀ ਦੇ ਰਸਤੇ ਭੱਜ ਆਉਣਾ। ਏਹ ਕਹ ਕੇ ਬਹੁਤ
ਸਿੱਖਾਂ ਨੂੰ ਨਾਲ ਲੈ ਪਹਾੜਾਂ ਵਿਚ ਜਾ ਵੜਿਆ। ਏਧਰ ਨਜ਼ਾਮਦੀਨ ਫੌਜਦਾਰ ਕਿ
ਲੇ ਵਿਚ ਵੜ ਕੇ ਗੁਲਾਬ ਸਿੰਘ ਆਦਿਕ ਅਨੇਕ ਸਿੱਖਾਂ ਨੂੰ ਫੜ ਕੇ ਆਸਦਖਾਂ ਪਾਸ
ਲੈ ਆਯਾ, ਉਸ ਨੇ ਬਾਦਸ਼ਾਹ ਪਾਸ ਪਹੁੰਚਾ ਕੇ ਨੇਕਨਾਮੀ ਦਾ ਖਿਲਤ ਖਿਤਾਬ ਪਾਯਾ ਇਨਾਮ ਪਾਣਾ
ਤੇ ਨਜ਼ਾਮਦੀਨ ਨੂੰ ਭੀ ਇਨਾਮ ਦਿਵਾਯਾ। ਬਹੁਤ ਦਿਨਾਂ ਪਿੱਛੋਂ ਜਦ ਬਾਦਸ਼ਾਹ ਨੇ ਜਾ
ਣ ਲੀਤਾ ਕਿ ਏਹ ਅਸਲ ਬੰਦਾ ਨਹੀਂ ਸੀ, ਤਾਂ ਖਾਨਖਾਨਾਂ ਨੂੰ ਬਹੁਤ ਮਲਾਮਤ ਕਰ
ਕੇ ਲਿਖਿਆ, ਕਿ ਤੁਸੀਂ ਮੈਨੂੰ ਧੋਖਾ ਦਿੱਤਾ, ਹੁਣ ਅਸਲ ਬੰਦੇ ਨੂੰ ਪਕੜ ਕੇ ਮਾਰੋ ਬਗੈਰ

Digitized by Panjab Digital Library | www.panjabdigilib.org

੨੨ ਮੈਨੂੰ ਮੂੰਹ ਨਾਂ ਵਿਖਾਉਣਾ। ਏਸੇ ਕਰਕੇ ਆਸਦਖਾਂ ਨੇ ਲੋਹਗੜ੍ਹ ਦੇ ਕਿਲੇ ਵਿਚ ਤਿ
ਨ ਮਹੀਨੇ ਰਹਕੇ, ਸਿੱਖਾਂ ਦੇ ਤੇ ਬੰਦੇ ਦੇ ਪਕੜਨ ਵਾਸਤੇ ਆਪਣੀ ਗਸ਼ਤੀ ਫੌਜ ਸਬ ਜਗ੍ਹਾ
ਭੇਜ ਦਿੱਤੀ। ਸਿੰਘ ਤਾਂ ਅਨੇਕ ਪਕੜੇ ਗਏ ਪਰ ਬੰਦਾ ਹੱਥ ਨਾ ਆਯਾ। ਉਸ ਦੇ ਪਕੜ
ਨ ਵਾਸਤੇ ਰਾਜਾ ਕੀਰਤਪ੍ਰਕਾਸ਼ ਨਾਹਣਵਾਲੇ ਤੇ ਗਜੇਸਿੰਘ ਹੰਡੂਰੀਏ ਆਦਿਕ ਨੂੰ
ਬਹੁਤ ਤੰਗ ਕੀਤਾ ਗਿਆ। ਖਾਨਖਾਨਾ ਨੇ ਕੈਦੀ ਸਿੰਘਾਂ ਦੇ ਸਿਰ ਮੂੰਹ ਮੁੰਡਵਾ ਦੇਣੇ ਚਾ
ਹੇ। ਤਦ ਬਹੁਤਿਆਂ ਸਿੰਘਾਂ ਨੇ ਜਾਨਾ ਦੇ ਦਿੱਤੀਆਂ ਪਰ ਸਿਰ ਨਾਂ ਮੁੰਡਾਏ। ਫੇਰ ਤਾਂ ਸਿੰ
ਘਾਂ ਨੇ ਭੀ ਉਸ ਦੀ ਫੌਜ ਨੂੰ ਛਾਪੇ ਮਾਰ ਮਾਰ ਐਸੀ ਜਰਜਰੀ ਕੀਤਾ ਜੋ ਹਾਰਕੇ ਚਲੀ
ਆਈ। ਆਖਰ ਅਸਦਖਾਂ ਭੀ ਸਿੱਖਾਂ ਥੋਂ ਤੰਗ ਆਕਰ, ਰੁਸਤਮਦਿਲਖਾਂ ਫੌਜਦਾ
ਰ ਨੂੰ ਕਿਲੇ ਲੋਹਗੜ੍ਹ ਵਿਚ ਛੱਡਕੇ, ਆਪ ਅਪਣੇ ਘਰ ਨੂੰ ਚਲਾ ਆਯਾ। ਏਹ ਖਬ
ਰ ਸੁਣਕੇ ਬੰਦੇ ਨੇ ਸਿੰਘਾਂ ਸਮੇਤ, ਪਹਾੜਾਂ ਵਿੱਚੋਂ ਨਿਕਲਕਰ ਸਰਹੰਦ ਆ ਛੁਡਾਈ
ਤੇ ਬੇਸ਼ੁਮਾਰ ਮੁਸਲਮਾਨ ਮਾਰੇ ਲੁੱਟੇ। ਏਹ ਹਾਲ ਸੁਣਕੇ ਅੱਸੂ ਸੰ: ੧੭੬੯ ਬਿ: ਨੂੰ ਬਾ
ਦਸ਼ਾਹ ਆਪ ਚੜ੍ਹ ਆਯਾ, ਜਿਸ ਦੀ ਆਮਦ ਸੁਣਕੇ ਬੰਦਾ ਤਾਂ ਫੇਰ ਪਹਾੜੀਂ ਜਾ ਵੜਿ
ਆ, ਤੇ ਬਾਦਸ਼ਾਹ ਮੁਹੱਮਦ ਅਮੀਨਖਾਂ ਅਮੀਰ ਬੀਸਹਜ਼ਾਰੀ, ਤੇ ਅਮੀਰ ਮਹਾਵਤ
ਖਾਂ ਮੇਵਾਤੀ ਨੂੰ ਬਹੁਤ ਸਾਰੀ ਫੌਜ ਦੇਕੇ ਬੰਦੇ ਦੀ ਗਿਰਫਤਾਰੀ ਵਾਸਤੇ ਸਰਹੰਦ ਵਿਚ ਛੋ
ੜ ਦਿੱਤਾ ਅਤੇ ਆਪ ਲਾਹੌਰ ਜਾ ਠਹਿਰਿਆ। ਸ਼ਾਹੀ ਫੌਜ ਨੇ ਤਿੱਨ ਮਹੀਨੇ ਸਿੱਖਾਂ ਦੇ ਪਿੱ
ਛੇ ਪਹਾੜਾਂ ਜੰਗਲਾਂ ਦਾ ਪੱਤਾ ਛਾਣਿਆ, ਅਨੇਕ ਵਾਰੀ ਲੜੇ ਪਰ ਬੰਦਾ ਬਹਾਦਰ
ਕਿਸੇ ਦੇ ਹੱਥ ਨਾ ਆਯਾ। ਓੜਕ ਬਾਦਸ਼ਾਹੀ ਫੌਜ ਸਰਹੰਦ ਵਿਚ ਜਾ ਬੈਠੀ।
ਏਸੇ ਸਮੇ ਜਦ ਗਾਜ਼ੀਦੀਨਖਾਂ ਹਾਕਮ ਗੁਜਰਾਤ ਦਾ ਮਰ ਗਿਆ ਤਦ ਸਿੱਖਾਂ ਨੂੰ ਨਾਲ
ਲੈਕੇ ਬੰਦੇ ਬਹਾਦਰ ਨੇ ਪਹਾੜੋਂ ਪਹਾੜ ਉਸ ਦੇਸ ਵਿਚ ਸਿਰ ਕੱਢਿਆ ਤੇ ਸਿੰਧ ਤਕ ਹੱਲ੍ਹਾ
ਮਚਾਇ ਦਿੱਤਾ। ਖੁਫੀਖਾਂ ਲਿਖਦਾ ਹੈ ਕਿ ਬਹਾਦਰਸ਼ਾਹ ਨੇ ਸਿੰਘਾਂ ਨਾਲ ਮੇਲ ਰੱਖਣ ਦੇ
ਸ਼ੁਭੇ ਵਿਚ ਸੈਂਕੜੇ ਲੋਗ ਹਿੰਦੂ ਬੇਗੁਨਾਹ ਮਰਵਾ ਸਿੱਟੇ ਤੇ ਸਿੱਖ ਤਾਂ ਕਿਸੇ ਪਿੰਡ ਵਿਚ ਇੱਕ
ਨਾ ਛੱਡਿਆ ਪਰ ਫਿਰ ਭੀ ਸਬ ਸਿੱਖ ਜੰਗਲਾਂ ਵਿਚ ਜਾ ਲੁਕੇ ਤੇ ਭੇਸ ਬਦਲ ੨ ਕੇ, ਰਾਵੀ
ਤਰਕੇ ਵਕ੍ਤ ਬੇਵਕ੍ਤ ਲਾਹੌਰ ਦੇ ਬਾਜ਼ਾਰ ਨੂੰ ਹੱਥ ਮਾਰ ਜਾਂਦੇ ਰਹੇ। ਏਨਾਂ ਦਾ ਕੁਛ ਬੰਦੋਬ
ਸ੍ਤ ਬਾਦਸ਼ਾਹ ਤੋਂ ਨਾ ਹੋਯਾ। ਆਖਰ ੧੮ ਮੁਹੱਰਮ ਸੰ: ੧੧੨੪ ਹਿਜ੍ਰੀ ਮੁਤਾਬਕ ਸੰਮਤ
੧੭੬੯ ਬਿ: ਨੂੰ ਬਹਾਦਰਸ਼ਾਹ ਬਾਦਸ਼ਾਹ ਨੇ ਤਾਂ ਦੁਨੀਆਂ ਤੋਂ ਕੂਚ ਕੀਤਾ, ਤੇ ਉਸ ਦੇ ਸ਼ਾਹ

ਬੰਦੇ ਦਾ ਸਰਹਿੰਦ ਲੁੱਟਣਾ

Digitized by Panjab Digital Library | www.panjabdigilib.org

ਜ਼ਾਦਿਆਂ ਵਿਚ ਤਖਤ ਬੈਠਣ ਬਦਲੇ ਦੁਸ਼ਮਣੀ ਦੰਗੇ ਛਿੜ ਪਏ। ਇਸ ਕਰਕੇ ਸਬ ੨੩
ਸ਼ਾਮਲ ਸ਼ਕਰ ਸਿੱਖਾਂ ਦਾ ਪਿੱਛਾ ਛੱਡ ਕੇ ਤਿੱਤਰ ਬਿੱਤ੍ਰ ਹੋ ਗਿਆ। ਸੂਬਿਆਂ ਨੂੰ ਆਪਣੀ ਆਪਣੀ ਬਣ ਗਈ। ਦੱਖਣ ਵਿਚ ਮਰਹਟਿਆਂ ਨੇ ਧੂਮ ਮਚਾਇ ਦਿੱਤੀ। ਤਦ ਬੰਦੇ ਬਹਾਦਰ ਨੇ ਖਾਲੀ ਮੈਦਾਨ ਦੇਖ ਕੇ ਸਰਹਿੰਦ ਦੀ ਬਾਉਨੀ ਜਾ ਮੱਲੀ ਤੇ ਜਗਾ ਜਗਾ ਸਿੰਘਾਂ ਨੂੰ ਮੁਲਕ ਸਪੁਰਦ ਕਰ ਦਿਤਾ ਤੇ ਕੜਾਹ ਪ੍ਰਸ਼ਾਦ ਕਰਾਏ, ਖੁਸ਼ੀਆਂ ਮਨਾਈਆਂ।

ਸੰਮਤ ੧੭੭੦ ਬਿ: ਵਿਚ ਬੰਦੇ ਬਹਾਦਰ ਨੇ ਪਰਬਤੀ ਰਾਜਿਆਂ ਨੂੰ ਲਿਖ ਭੇਜਿਆ ਕੇ ਯਾਂ ਤਾਂ ਸਾਡੀ ਤਾਬੇਦਾਰੀ ਮੰਨੋ ਨਹੀਂ ਤਾਂ ਖਾਲਸੇ ਦਾ ਹੱਲਾ ਝੱਲੋ। ਰਾਜਿਆਂ ਨੇ ਸਿੰਘਾਂ ਨਾਲ ਲੜਨ ਦੀ ਤਾਕਤ ਆਪਣੇ ਵਿਚ ਨਾ ਦੇਖ ਕੇ ਤਾਬੇਦਾਰੀ ਮਨਜ਼ੂਰ ਕਰ ਲਈ। ਰਾਜਾ ਕੀਰਤ ਪ੍ਰਕਾਸ਼ ਨਾਹਣ ਵਾਲਾ, ਰਾਜਾ ਗੰਜਾ ਸਿੰਘ ਨਾਲਾਗੜ੍ਹੀਆ, ਰਾਜਾ ਅਜਮੇਰ ਚੰਦ ਬਿਲਾਸਪੁਰੀਆ ਆਦਿਕ ਸਬ ਨਜ਼ਰਾਂ ਲੈ ਕੇ ਬੰਦੇ ਨੂੰ ਆ ਮਿਲੇ। ਓਥੋਂ ਹਟ ਕੇ ਬਾਬਾ ਬੰਦਾ ਰੋਪੜ, ਬੁੰਗੀ, ਕਿਰਤੀ, ਬਹਿਲੋਲ ਪੁਰ, ਮਾਛੀਵਾੜੇ, ਖਮਾਣੇ ਆਦਿਕ ਮਕਾਨਾਂ ਦੇ ਨਾਮੀ ੨ ਜਾਗੀਰਦਾਰ ਮੁਸਲਮਾਨਾਂ ਤੋਂ ਨਜ਼ਰਾਨੇ ਲੈ ਕਰ, ਮਾਛੀਵਾੜੇ ਦੇ ਪੱਤਣ ਦਰਿਯਾ ਸਤਲੁਜ ਲੰਘ ਕੇ, ਦੁਆਬੇ ਜਾ ਪਹੁੰਚਿਆ। ਏਥੇ ਅਮੀਨ ਖਾਂ ਤੇ ਜ਼ਾਹਰ ਮੱਲ ਚੌਧਰੀ ਫਗਵਾੜੇ ਵਾਲੇ ਨੇ ਥੋੜਾ ਜੇਹਾ ਮੁਕਾਬਲਾ ਕੀਤਾ ਪਰ ਸਿੰਘਾਂ ਦੀ ਨੰਗੀ ਤਲਵਾਰ ਅੱਗੇ ਕੌਣ ਖੜ੍ਹਾ ਹੋ ਸੱਕਦਾ ਸੀ। ਓੜਕ ਦੋ ਘੋੜੇ ਬਹੁਤ ਚੰਗੇ ਤੇ ਪੰਜ ਹਜ਼ਾਰ ਨਕਦ ਨਜ਼ਰ ਦੇ ਕੇ ਬੰਦੇ ਦੇ ਚਰਨੀ ਆ ਲੱਗੇ। ਏਥੋਂ ਤੁਰ ਕੇ ਜਲੰਧਰ ਪਹੁੰਚੇ ਤਾਂ ਨਵਾਬ ਸੈਫ ਅਲੀ ਖਾਂ ਤੇ ਫੈਜ਼ੁੱਲਾ ਖਾਂ ਨੇ ਪੰਜ ਘੋੜੇ ਤੇ ੭੦੦੦ ਸੱਤ ਹਜ਼ਾਰ ਨਕਦ ਦੇ ਕੇ ਖਹਿੜਾ ਛੁਡਾਯਾ। ਫੇਰ ਭੀ ਬਾਬੇ ਬੰਦੇ ਨੇ ਓਸ ਕਸੂਰ ਵਿਚ ਜੋ ਓਨ੍ਹਾਂ ਨੇ ਅਨੰਦਪੁਰ ਜਾ ਕੇ ਗੁਰੂ ਜੀ ਨਾਲ ਜੰਗ ਕੀਤਾ ਸੀ ਓਨ੍ਹਾਂ ਦਾ ਅੱਧਾ ਇਲਾਕਾ ਖੋਹ ਕੇ ਜਵਾਹਰ ਮੱਲ ਆਦਿਕ ਹਿੰਦੂ ਚੌਧਰੀਆਂ ਨੂੰ ਵੰਡ ਦਿੱਤਾ। ਏਸੇ ਤਰਾਂ ਦੁਆਬੇ ਮਾਝੇ ਵਿਚ ਦੌਰਾ ਕਰਕੇ ਜਗਾ ਜਗਾ ਸਿੰਘਾਂ ਨੂੰ ਹਾਕਮ ਕਰ ਦਿੱਤਾ ਅਤੇ ਆਪ ਬਿਰਕਤ ਦਾ ਬਿਰਕਤ ਬਣਿਆ ਰਿਹਾ।

ਬੈਸਾਖੀ ਦੇ ਮੇਲੇ ਪਰ ਬੰਦੇ ਸਾਹਿਬ ਨੇ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਤੇ ਕੜਾਹ ਪ੍ਰਸਾਦ ਕਰਾਇ ਕਰ ਹੋਰ ਬਹੁਤ ਭੇਟਾ ਚੜ੍ਹਾਈ ਅਤੇ ਜਿਗਾ ਕਲਗੀ, ਸ਼ਸਤ੍ਰ ਬਸਤ੍ਰ, ਸਜਾ ਕਰ, ਬਾਦਸ਼ਾਹਾਂ ਜੈਸਾ ਦਰਬਾਰ ਲਗਾਇ ਕਰ ਸੰਗਤਾਂ ਨੂੰ ਦਰਸ਼ਨ ਦੇਣ ਲੱਗਾ। ਏਸ ਪ੍ਰਤਾਪ ਨੂੰ ਦੇਖ ਕੇ ਸਾਰੀ ਖਲਕਤ ਏਹੋ ਆਖਦੀ ਸੀ ਜੋ

Digitized by Panjab Digital Library | www.panjabdigilib.org

੨੪ ਹੁਣ ਸਿੰਘਾਂ ਦਾ ਰਾਜ ਹੋਵੇਗਾ, ਜੋ ਕੋਈ ਸਿਖ ਬਣੇਗਾ ਉਹ ਆਪਣੀ ਵਾਹੀ ਆਪ ਖਾਏ
ਗਾ। ਇਸ ਕਰਕੇ ਨਿਤ ਪ੍ਰਤੀ ਕਈ ਕਈ ਹਜ਼ਾਰ ਸਿਖ ਬਣਨ ਲੱਗਾ। ਬਾਬੇ ਬੰਦੇ ਨੇ ਭੀ ਸਿ
ਖਾਂ ਦੀ ਫੌਜ ਭਰਤੀ ਕਰਨੀ ਸ਼ੁਰੂ ਕਰ ਦਿੱਤੀ। ਮੁਲਕ ਮਾਲਦੇ ਮਾਝੇ ਦੁਆਬੇ ਵਿੱਚੋਂ ਜਿਤ
ਨੇ ਕਿਲੇ ਸੇ ਸਬਨਾ ਵਿਚ ਸਿਖਾਂ ਦੇ ਥਾਣੇ ਬੈਠਾ ਦਿੱਤੇ। ਈਸ਼੍ਵਰ ਦੀ ਕ੍ਰਿਪਾ ਨਾਲ ਐਸਾ ਦਬ
ਦਬਾ ਮੁਸਲਮਾਨਾਂ ਦੇ ਦਿਲ ਉੱਤੇ ਬੈਠਾ ਕਿ ਕੋਈ ਸਿਰ ਨਾ ਚੁੱਕੇ।

ਅੰਮ੍ਰਿਤਸਰੋਂ ਚਲਕੇ ਬਾਬਾ ਬੰਦੇ ਨੇ ਸਠਿਆਲੇ, ਬਤਾਲੇ ਵਾਲੇ ਰੰਘੜਾਂ ਨੂੰ ਜੰਗ ਨਾਲ
ਸਿੱਧੇ ਕਰਕੇ ਵਟਾਲਾ, ਗੁਰਦਾਸਪੁਰ, ਪਠਾਨਕੋਟ, ਆਦਿਕ ਮਕਾਨਾਂ ਦੇ ਮਾਲਕਾਂ ਨੂੰ
ਆਪਣੀ ਈਨ ਮਨਾਈ ਤੇ ਰਾਜਾ ਨੂਰਪੁਰੀਏ, ਪਟੋਲੀਏ, ਦਟੋਲੀਏ, ਬਸੋਲੀਏ ਆ
ਦਿਕਾਂ ਨੂੰ ਜਾ ਧਮਕਾਇਆ। ਉਨ੍ਹਾਂ ਨੇ ਭੀ ਤਾਬੇਦਾਰੀ ਮੰਨ ਲਈ। ਫਿਰ ਤਾਂ ਬੰਦੇ ਬਹਾਦਰ
ਦੀ ਦੁਹਾਈ ਫਿਰ ਨਿਕਲੀ। ਕੋਈ ਇਸਨੂੰ ਅਵਤਾਰ ਕਹਿੰਦਾ, ਕੋਈ ਮੈਹਦੀ ਪੈਗੰਬਰ ਅ°
ਖਦਾ, ਕੋਈ ਜਾਦੂਗਰ, ਕੋਈ ਸਿੱਧ ਬਤਾਉਂਦਾ, ਕੋਈ ਆਖਦਾ ਸੀ ਇਸਦੇ ਪਾਸ ਚਾਰ ਬੀਰ
ਹਨ। ਕੋਈ ਕੁਛ ਆਖਦਾ ਕੋਈ ਕੁਛ ਜਿਤਨੇ ਮੂੰਹ ਉਤਨੀਆਂ ਗੱਲਾਂ ਪਏ ਕਰਨ।

ਐਹੋ ਜੇਹੀਆਂ ਗੱਲਾਂ ਸੁਣ ੨ ਕੇ ਸਭ ਮੁਸਲਮਾਨ ਬੰਦੇ ਪਾਸੋਂ ਥਰਥਰ ਕੰਬਦੇ ਸੇ
ਤੇ ਕੋਈ ਨੇੜੇ ਨਹੀਂ ਆਂਵਦਾ ਸੀ। ਜਿਸ ਫੌਜਦਾਰ ਨੂੰ ਸੂਬਾ ਬੰਦੇ ਦੇ ਮੁਕਾਬਲੇ ਵਾਸਤੇ ਹੁ
ਕਮ ਦਿੰਦਾ, ਉਹ ਕੁਛ ਨਾ ਕੁਛ ਬਹਾਨਾ ਕਰਕੇ, ਯਾ ਅਸਤੀਫਾ ਦੇਕੇ ਘਰ ਚਲਾ ਜਾਂਦਾ,°
ਸਿਖ ਲਾਹੌਰ ਦੀਆਂ ਕੰਧਾਂ ਤਕ ਲੁੱਟਮਾਰ ਕਰਨ ਲਗ ਗਏ।

ਬੰਦਾਬਹਾਦਰ

ਸੰ: ੧੭੭੧ ਬਿ: ਫਿਰ ਬੰਦੇ ਸਾਹਿਬ ਨੇ ਲਾਹੌਰ ਦੇ ਮੁਕਾਬਲੇ ਪਰ ਗੁਰਦਾਸਪੁਰ ਦੇ
ਪੁਰਾਣੇ ਕਿਲੇ ਨੂੰ ਮੁਰੰਮਤ ਕਰਾਇਕੇ ਬਹੁਤ ਪੁਖਤਾ ਕਰ ਲੀਤਾ ਤੇ ਸਬ ਤਰਾਂ ਦੇ ਸਾਮਾ°
ਨ ਉਥੇ ਜਮਾ ਕਰਨ ਲਗ ਪਿਆ। ਏਸੇ ਸਾਲ ਬਾਬੇ ਨੇ ਹਾਜੀਪੁਰ ਉਤਰਕੇ ਉਸ ਗਿ
ਰਦਨਿਵਾਹੀ ਦੇ ਮੁਸਲਮਾਨਾਂ ਨੂੰ ਸੁਧਾਰ ਕਰ ਜੇਜੋਂ ਪਿੰਡ ਡੇਰਾ ਜਾ ਕੀਤਾ ਤੇ ਕਾਂਗੜੇ
ਵਾਲੇ ਆਦਿਕ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ ਕੇ ਯਾਂ ਤਾਂ ਤੁਸੀਂ ਗੁਰੂ ਕੇ ਸਿਖ ਬਣੋ,
ਯਾ ਮਾਮਲਾ ਦੇਣਾ ਲੀਓ, ਯਾ ਲੜਾਈ ਨੂੰ ਤਕੜੇ ਹੋਵੋ। ਇਹ ਸੁਣਕਰ ਪਹਾੜੀ ਰਾ
ਜਿਆਂ ਨੇ ਸਲਾਹ ਕਰਕੇ ਜਵਾਬ ਲਿਖ ਭੇਜਿਆ ਕੇ ਹਾਂ ਅਸੀਂ ਜੇਹੋ ਜੇਹੀ ਤਾਬੇਦਾਰੀ ਤੇ
ਸਿੱਖੀ ਤੇਰੇ ਗੁਰੂ ਦੀ ਮੰਨੀ ਹੈ ਉਹੋ ਜੇਹੀ ਤੇਰੀ ਭੀ ਮੰਨਾਂਗੇ। ਜਿੱਥੇ ਉਸਨੂੰ ਪਹੁੰਚਾਇਆ ਹੈ
ਉਸ ਤੋਂ ਪਰੇ ਤੈਨੂੰ ਪਹੁੰਚਾਵਾਂਗੇ। ਤੇਰੇ ਜੈਸੇ ਜਾਦੂਗਰ, ਚੇਟਕੀ, ਪਟਬੀਜਨੇ ਫਕੀਰ

Digitized by Panjab Digital Library | www.panjabdigilib.org

ਬੀਦਾ ਆਯਾ, ਬੀਦਾ ਆਯਾ ਏਹੋ ਰੌਲਾ ਮਚ ਗਿਆ, ਜਿਧਰ ਜਿਸਦਾ ਮੂੰਹ ਹੋਯਾ ਉਧਰੋ ਨੱ 27
ਠ ਤੁਰਿਆ ਖਾਲਸੇ ਨੇ ਖੂਬ ਹੋਲੀ ਖੇਲੀ, ਜਵਾਰ ਜੇਹੀ ਵਾਢੀ ਕੀਤੀ, ਤਲਵਾਰਾਂ ਸੂਤ ਸੂ
ਤ ਕੇ ਭੁੱਖੇ ਬਾਘਆਨਾਂ ਦੀ ਤਰਾਂ ਐਸੇ ਪਿੱਛੇ ਪਏ ਜੋ ਸੱਤ ਅੱਠ ਕੋਸ ਵਿਚ ਲੋਥਾਂ ਉਪਰ ਲੋ
ਥ ਚੜ੍ਹ ਗਈ। ਸੈਂਕੜੇ ਦੁਸ਼ਮਣ ਜੋ ਪਕੜੇ ਹੋਏ ਬੰਦੇ ਪਾਸ ਆਏ, ਦੁਰਦਸ਼ਾ ਕਰਕੇ ਮਾਰੇ
ਗਏ। ਜਮਨਾ ਤੋਂ ਲਾਹੌਰ ਤਕ ਫੇਰ ਉਸੇ ਤਰਾਂ ਸਿੰਘਾਂ ਨੇ ਸਾਰੇ ਮੁਲਕ ਉੱਪਰ ਆਪਣਾ
ਕਬਜ਼ਾ ਕਰ ਲਿਆ ਮੁਸਲਮਾਨਾਂ ਦੇ ਮਨ ਵਿਚ ਬਾਬੇ ਬੰਦੇ ਦੀ ਤਰਫੋਂ ਐਸਾ ਭੈਣ ਵਾਲਾ
ਡਰ ਬੈਠਾ ਕਿ ਸੁਪਨੇ ਵਿਚ ਭੀ ਚੌਂਕ੨, ਬਰੜਾ੨ ਉੱਠਕੇ ਦੌੜਨ ਲਗ ਪਏ।

ਬਾਬੇ ਬੰਦੇ ਨੇ ਗੁਰਦਾਸਪੁਰ ਦੇ ਕਿਲੇ ਵਿਚ, ਜੇਹੜਾ ਆਪ ਬਣਾਯਾ ਸੀ, ਜਾ ਨਿਵਾਸ ਕੀ
ਤਾ ਫੇਰ ਹਾੜ੍ਹ ਮਹੀਨੇ ਸੰਮਤ ੧੭੭੩ ਬ੍ਰਿ: ਨੂੰ ਜ਼ਬਰਦਸਤ ਖਾਂ ਕਸ਼ਮੀਰ ਦੇ ਸੂਬੇਦਾਰ
ਦੀ ਸਲਾਹ ਤੇ ਮਦਦ ਦੇਣੇ ਕਰ, ਅਸਲਮ ਖਾਂ ਲਾਹੌਰ ਦੇ ਸੂਬੇ ਨੇ ਬਹੁਤ ਮੁਸਲਮਾਨੀ
ਕੱਠੀ ਕਰਕੇ ਗੁਰਦਾਸਪੁਰ ਵਿਚ ਬੰਦੇ ਨੂੰ ਜਾ ਘੇਰਿਆ ਜਦੀ ਬੇਦਸ਼ੀ ਸਿੱਖ ਅੰਦਰੋਂ ਭੀ
ਤੀਰ ਤੁਪਕ ਮਾਰਦੇ ਰਹੇ, ਪਰ ਬਾਹਰ ਦੇ ਸਿੰਘਾਂ ਨੇ ਅਨੇਕ ਤਰਫੋਂ ਸ਼ਾਹੀ ਫੌਜ ਉੱਤੇ ਛਾਪੇ
ਮਾਰ ਮਾਰ ਕੇ ਲਾਚਾਰ ਕਰ ਦਿੱਤਾ, ਤਿੰਨ ਮਹੀਨੇ ਦੇ ਬਾਦ ਸੂਬਾ ਹਾਰਕੇ ਲਾਹੌਰ ਨੂੰ ਚਲਾ
ਆਯਾ। — ਏਸੇ ਸਾਲ ਸਿੰਘਾਂ ਦੇ ਅਕਾਏ ਹੋਏ ਸ਼ਮਸ਼ਦੀਨ ਤੇ ਤਾਹਰ ਖਾਂ ਕਸੂਰੀ ਪਠਾ
ਣ ਜੋ ਬਾਦਸ਼ਾਹ ਦੀ ਤਰਫੋਂ ਚੂਹਣੀਆਂ, ਕਸੂਰ, ਪੱਟੀ ਆਦਿਕ ਪਰਗਣਿਆਂ ਦੇ ਮਾਫੀ
ਦਾਰ, ਦੇਸ ਦੇ ਰਖਵਾਲੇ ਮੁਕੱਰਰ ਕੀਤੇ ਹੋਏ ਸੇ, ਆਪਣੇ ਭਾਈ ਚਾਰੇ ਦੀ ਫੌਜ ਜਮਾ ਕਰਕੇ
ਜਾਲੰਧਰ ਪਾਸ ਖਾਲਸੇ ਨਾਲ ਜਾ ਲੜੇ, ਦੋ ਦਿਨ ਸਿੱਖਾਂ ਦੀ ਹਾਰ ਹੋਈ, ਤੀਸਰੇ ਦਿਨ ਬਾਬਾ
ਬੰਦਾ ਆ ਪਹੁੰਚਿਆ ਤਦ ਜਿਸ ਤਰਾਂ ਸ਼ੇਰ ਦੇ ਮੁਸ਼ਕ ਤੋਂ ਬਕਰੀਆਂ ਜਾਂਦੀਆਂ ਹਨ ਏ
ਸ ਤਰਾਂ ਪਠਾਨ ਭੱਜ ਨਿਕਲੇ।

ਜਦ ਕਸੂਰੀ ਪਠਾਣ ਸਿੱਖਾਂ ਨਾਲ ਦੁਆਬੇ ਵਿੱਚ ਲੜ ਰਹੇ ਸੇ ਤਾਂ ਉਧਰ ਵਜ਼ੀਰ ਖਾਂ ਜੋ ਮੂੰਦੇ ਹਾ
ਕਮ ਨੇ ਜੋ ਓਦੋਂ ਪਾਨੀਪਤ ਵਿੱਚ ਸੀ, ਆਪਣੇ ਭਾਈ ਸ਼ਮਸ਼ਦੀਨ ਖਾਂ ਸਮੇਤ ਫੌਜ ਲੈਕਰ
ਸਿੰਘਾਂ ਨੂੰ ਸਰਹਿੰਦ ਵਿਚ ਆ ਘੇਰਿਆ ਤੇ ਕਈ ਦਿਨ ਜੰਗ ਕਰਕੇ, ਓਥੋਂ ਕੱਢ ਦਿੱਤਾ, ਅਤੇ
ਸਤਲੁਜੋਂ ਪਾਰ ਹੋਕਰ ਬਹੁਤ ਸਿੰਘ ਫੜ ਫੜ ਮਾਰਨ ਲੱਗਾ। ਏਹ ਖਬਰ ਸੁਣਕੇ ਬਾਬੇ
ਬੰਦੇ ਨੇ ਰਾਹੋਂ ਦੇ ਪਾਸ ਵਜ਼ੀਰ ਖਾਂ ਨੂੰ ਜਾ ਮੂੰਹ ਦਿਖਾਯਾ, ਲੜਾਈ ਸ਼ੁਰੂ ਹੋ ਗਈ। ਲੜਦੇ
ਭਿੜਦੇ ਹੋਸ਼ਿਆਰਪੁਰ ਦੇ ਪਰਗਣੇ ਪਿੰਡ ਬਸੀਆਂ ਪਾਸ ਆਏ ਤਾਂ ਸ਼ਮਸ਼ੇਦੀਨ ਖਾਂ ਬਿਜਵਾੜੇ

ਗੁਰਦਾਸਪੁਰ ਪਰ ਚੜ੍ਹਾਈ

ਜਲੰਧਰ ਜੰਗ

Digitized by Panjab Digital Library | www.panjabdigilib.org

੨੮ ਵਲਾਂ ਭੀ ਬਹੁਤ ਮੁਸਲਮਾਨੀ ਕੱਠੀ ਕਰਕੇ ਵਜ਼ੀਰ ਖ਼ਾਂ ਦੀ ਮਦਦ ਨੂੰ ਆ ਪਹੁੰਚਾ, ਬਹੁਤ ਖ਼ੂਨ ਹੋਏ, ਧਰਤੀ ਲਹੂ ਲੋਹਾਣ ਹੋ ਗਈ, ਦੋਹਾਂ ਦਲਾਂ ਨੇ ਦੇਸ ਵੈਰਾਨ ਕਰ ਦਿੱਤਾ, ਇਕ ਦਿਨ ਜੰਗ ਦੇ ਵਕ਼ਤ ਦੋਪਹਿਰ ਢਲੀ ਇਕ ਨਾਹਰ ਸਿੰਘ ਸਿੱਖ ਵਜ਼ੀਰ ਖ਼ਾਂ ਦਾ ਸਿਰ ਕੱਟ ਕੇ ਬੰਦੇ ਪਾਸ ਲੈ ਆਯਾ, ਮੁਸਲਮਾਨ ਹੱਲਾ ਕਰਕੇ ਆ ਪਏ, ਦੋਹਾਂ ਤਰਫ਼ਾਂ ਦੇ ਬਹੁਤ ਆਦਮੀ ਮਾਰੇ ਗਏ, ਆਖ਼ਰ ਦੋਨੋਂ ਦਲ ਹਟਕੇ ਆਪਣੇ ੨ ਠਿਕਾਣੇ ਜਾ ਬੈਠੇ।

ਫੇਰ ਬਾਦਸ਼ਾਹ ਨੇ ਵਜ਼ੀਰਾਂ ਦੀ ਸਲਾਹ ਨਾਲ, ਸਿੱਖਾਂ ਦੀ ਸ਼ਮਸ਼ੇਰ ਅੱਗੇ ਆਪਣੀ ਫ਼ੌਜ ਦੀ ਪੇਸ਼ ਨਾਂ ਜਾਂਦੀ ਦੇਖਕਰ ਦੂਸਰੀ ਚਾਲ ਚੱਲੀ, ਅਰਥਾਤ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵੀ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮਹਿਲ ਦਿੱਲੀ ਵਿੱਚ ਸੇ, ਉਨ੍ਹਾਂ ਨੂੰ ਡਰਾ ਕੇ ਬੰਦੇ ਦੇ ਸਾਹਮਣੇ ਇਹ ਲਿਖਵਾ ਭੇਜਿਆ ਕੇ ਤੁਸੀਂ ਨਾਮੀ ਨਾਮੀ ਸਿੱਖਾਂ ਸਮੇਤ ਜਾਗੀਰਾਂ ਲੈ ਲਓ ਤੇ ਮੁਲਕ ਵੈਰਾਨ ਨਾ ਕਰੋ। ਮਾਤਾ ਦੇ ਇਸ ਹੁਕਮਨਾਮੇ ਦਾ ਜਵਾਬ ਬੰਦੇ ਨੇ ਏਹ ਦਿੱਤਾ ਕੇ ਤੁਸੀਂ ਸਾਨੂੰ ਉਨ੍ਹਾਂ ਤੁਰਕਾਂ ਦੇ ਤਾਬੇਦਾਰ ਕਰਦੇ ਹੋ ਜਿਨ੍ਹਾਂ ਨੇ ਤੁਹਾਡਾ ਸਰਬੰਸ ਨਾਸ਼ ਕਰ ਦਿੱਤਾ। ਤੁਸੀਂ ਇਨ੍ਹਾਂ ਦੇ ਫ਼ਰੇਬ ਨਹੀਂ ਜਾਣਦੀਆਂ, ਬੰਦ੍ਰਾਂ ਦੇ ਘੋਲ ਤੇ ਭੇਤ ਕਲੰਦਰ ਹੀ ਜਾਣਦੇ ਹਨ। ਸਾਨੂੰ ਜਾਗੀਰਾਂ ਨਹੀਂ ਦਿੰਦੇ, ਧੋਖਾ ਦਿੰਦੇ ਹਨ। ਏਹ ਰਾਜਨੀਤੀ ਦੇ ਇਸ ਢੰਗ ਨਾਲ ਸਾਨੂੰ ਕਮਜ਼ੋਰ ਕਰਕੇ ਮਾਰਨਾ ਚਾਹੁੰਦੇ ਹਨ। ਏਹ ਜਵਾਬ ਸੁਣਕੇ ਤੁਰਕਾਂ ਨੇ ਇਸ ਖ਼ਿਆਲ ਨਾਲ ਮਾਈਆਂ ਨੂੰ ਕੈਦ ਕਰ ਲੀਤਾ ਜੋ ਸਭ ਸਿੱਖ ਇਨ੍ਹਾਂ ਨੂੰ ਆਪਣੀ ਮਾਤਾ ਮੰਨਦੇ ਹਨ, ਇਨ੍ਹਾਂ ਨੂੰ ਅਸੀਂ ਦੁੱਖ ਦੇਵਾਂਗੇ ਤਾਂ ਸਿੱਖ ਇਨ੍ਹਾਂ ਦੇ ਛੁਡਾਉਣ ਵਾਸਤੇ ਸਾਡਾ ਹੁਕਮ ਆਪੇ ਮੰਨ ਲੈਣਗੇ। ਮਾਈਆਂ ਨੇ ਦੁਖੀ ਹੋਕੇ ਫੇਰ ਬੰਦੇ ਨੂੰ ਲਿਖਿਆ ਕੇ ਤੁਸੀਂ ਬਾਦਸ਼ਾਹ ਦਾ ਆਖਿਆ ਮੰਨਕੇ ਸਾਨੂੰ ਮੁਸੀਬਤ ਵਿਚੋਂ ਛੁਡਾਓ ਨਹੀਂ ਤਾਂ ਅਸੀਂ ਮਰਦੀਆਂ ਹਾਂ। ਇਸਦਾ ਜਵਾਬ ਬੰਦੇ ਨੇ ਇਸ ਤਰਾਂ ਦਿੱਤਾ ਜੋ ਤੁਸੀਂ ਆਪਣੇ ਵੱਡਿਆਂ ਦੀ ਤੇ ਛੋਟੇ ੨ ਸ਼ਾਹਜ਼ਾਦਿਆਂ ਦੀ ਤਰਫ਼ ਧਿਆਨ ਦੇਵੋ ਜੋ ਉਨ੍ਹਾਂ ਨੇ ਕੈਸੇ ੨ ਕਸ਼ਟ ਝੱਲਕੇ ਪ੍ਰਾਣ ਦਿੱਤੇ ਹਨ ਪਰ ਧਰਮ ਨਹੀਂ ਛੱਡਿਆ, ਤੇ ਨਾਂ ਮੁਸਲਮਾਨਾਂ ਦੀ ਤਾਬੇਦਾਰੀ ਮੰਨੀ। ਤੁਸੀਂ ਥੋੜੀ ਜੇਹੀ ਬਾਤ ਪਰ ਹੀ ਪੰਥ ਦਾ ਸਿਰ ਤੁਰਕਾਂ ਦੇ ਪੈਰਾਂ ਹੇਠ ਦਿੰਦੀਆਂ ਹੋ, ਅਸੀਂ ਇਨ੍ਹਾਂ ਦੀ ਤਾਬੇਦਾਰੀ ਮੰਨਾਂਗੇ ਨਹੀਂ। ਜਦ ਏਹ ਜਵਾਬ ਬੰਦੇ ਦਾ ਪਹੁੰਚਿਆ ਤਾਂ ਮਾਤਾ ਜੀ ਨੇ ਜਾਨ ਨਾਲ ਹੀ ਜਹਾਨ ਸਮਝਕੇ, ਤੁਰਕਾਂ ਦੇ ਸਿਖਾਏ ਹੋਏ ਉਹੋ ਗੱਲ ਕੀਤੀ। ਜਿਸ ਤਰਾਂ ਸੰ: ੧੭੭੦ ਬਿ: ਦੇ ਕਾਲ ਵਿਚ ਭੁੱਖੇ ਮਰਦੇ ਲੋਕਾਂ ਨੇ ਆਪਣੇ ਪੁੱਤ੍ਰ ਧੀਆਂ ਭੁੰਨ ਭੁੰਨ ਕੇ ਖਾ ਲਏ ਸੇ ਉਸੇ ਤਰਾਂ ਆਪਣੀ ਜਾਨ ਦੇ

ਨੂੰ ਕੀਰ ਕਰਨ ਵਾਲੇ ਸਾਡੇ ਪਰਬਤਾਂ ਵਿਚ ਬਹੁਤ ਸਿੰਘ ਸੂਰਜਹਨਾ ਜੇ ਬਲ ਹੈ ਤਾਂ ਚ ੨੫
ਲਾ ਆ, ਅਸੀਂ ਛੱਤ੍ਰੀ ਤਾਂ ਜੰਗ ਦੇ ਹੀ ਗਾਹਕ ਹਾਂ। ਏਹ ਜਵਾਬ ਸੁਣਕੇ ਬਾਬਾ ਬੰਦਾ ਤਾਂ ਅੱ
ਗ ਦਾ ਭਾਂਬੜ ਹੋ ਗਿਆ ਤੇ ਕੱਤਕ ਸੰ: ੧੭੭੧ ਬਿ: ਨੂੰ ਬਾਜਸਿੰਘ, ਰਣਜੋਧਸਿੰਘ, ਖੜ
ਕਸਿੰਘ, ਬੈਜਾਸਿੰਘ, ਬਾਘ ਨਾਸਿੰਘ, ਕੇਹਰਸਿੰਘ, ਬਹਾਦਰਸਿੰਘ ਆਦਿਕ ਨਾਮੀ੨ ਸਰ
ਦਾਰਾਂ ਨੂੰ ਤੇ ਚੁਣੇ ਹੋਏ ਸਿੰਘਾਂ ਦੀ ਫੌਜ ਲੈਕੇ ਪਹਾੜੀਆਂ ਪਰ ਬੱਜਰ ਦੀ ਤਰਾਂ ਜਾ ਪਿਆ, ਹਾ
ਲ ਚਾਲ ਪਾ ਦਿੱਤੀ, ਪਰਬਤੀ ਰਾਜੇ ਮਲੂਨ ਦੇ ਕਿਲੇ ਵਿਚ ਲੜਨ ਵਾਸਤੇ ਕੱਠੇ ਹੋਏ, ਤਿੰਨ ਪ
ਹਿਰ ਤੀਰ ਗੋਲੀ ਦੀ ਬਰਖਾ ਹੋਈ, ਆਖਰ ਬੰਦੇ ਬਹਾਦਰ ਨੇ ਸਿੰਘਾਂ ਦਾ ਹੱਲਾ ਕਰਵਾ ਦਿੱ
ਤਾ, ਖਾਲਸੇ ਨੇ ਕਿਲੇ ਨੂੰ ਤੋੜਕੇ, ਅੰਦਰ ਦਾਖਲ ਹੋਕਰ ਆਪਣੀ ਤਲਵਾਰ ਦਾ ਐਸਾ ਸ੍ਵਾ
ਦ ਚਖਾਯਾ ਜੋ ਪਹਾੜੀ ਰਾਜੇ ਬੰਦੇ ਦੇ ਪੈਰੀਂ ਆ ਪਏ, ਤਾਬੇਦਾਰੀ ਮੰਨਕੇ ਲਿਖਤ ਕਰ ਦਿੱਤੀ
(ਸੱਚ ਹੈ— ਸੋਟਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ਸੋਟਾ ਭੂਤ ਨੂੰ ਨਾਚ ਨਚਾਉਂਦਾ ਹੈ।)
ਫੇਰ ਤਾਂ ਬੰਦੇ ਦੀ ਐਸੀ ਧਾਂਕ ਪਈ ਕਿ ਜਿੱਧਰ ਜਾਏ, ਅੱਗੋਂ ਹੀ ਪਹਾੜੀ ਰਾਜੇ ਨਜ਼ਰਾਂ ਲੈਕੇ
ਆ ਮਿਲਣਾ। ਰਾਜਾ ਸੁੱਧਸੈਣ ਮੰਡੀ ਵਾਲਾ ਤਾਂ ਮਨ ਤਨ ਤੇ ਚੇਲਾ ਹੀ ਬਣ ਗਿਆ ਤੇ
ਬੰਦੇ ਨੂੰ ਆਪਣੇ ਘਰ ਰੱਖਕੇ ਵਿਆਹ ਕਰਾਇ ਦਿੱਤਾ। ਜਿਸ ਵਿੱਚੋਂ ਇਕ ਬੇਟੀ ਤੇ ਇਕ ਬੇਟਾ
ਪੈਦਾ ਹੋਏ। ਜਦ ਬਾਬਾ ਬੰਦਾ ਚੰਬਾ ਦੇਖਣ ਗਿਆ ਤਾਂ ਚੰਬੇ ਵਾਲੇ ਰਾਜੇ ਨੇ ਬੰਦੇ ਦੀ ਪ੍ਰੀਖਿਆ
ਵਾਸਤੇ ਆਪਣੇ ਵਜ਼ੀਰ ਨੂੰ ਦਰਿਯਾਓਂ ਪਾਰ ਬੰਦੇ ਨੂੰ ਲਿਆਉਣ ਵਾਸਤੇ ਭੇਜਿਆ, ਤੇ ਕਿਸ਼ਤੀਆਂ
ਸਭ ਖਿਚਵਾ ਲਈਆਂ। ਵਜ਼ੀਰ ਨੇ ਬੰਦੇ ਨੂੰ ਆਖਿਆ ਕਿ ਕਿਸ਼ਤੀ ਕੋਈ ਨਹੀਂ ਹੈ ਤੇ ਪਾਰ ਚੱਲ
ਣਾ ਜ਼ਰੂਰੀ ਹੈ, ਤਦ ਬਾਬਾ ਬੰਦਾ ਤੇ ਵਜ਼ੀਰ ਇਕ ਸਿਲਾ ਉੱਪਰ ਬੈਠ ਗਏ, ਪੋਥੀਆਂ ਵਿਚ ਲਿ
ਖਿਆ ਹੈ ਕਿ ਉਸੇ ਸਿਲਾ ਨੂੰ ਕਿਸ਼ਤੀ ਵਾਂਙੂ ਦਰਿਯਾ ਤਰਾ ਕਰਕੇ ਚੰਬੇ ਵਿੱਚ ਲੈ ਆਯਾ ਸੋ ਉਹ
ਸਿਲਾ ਨੌ ਗਜ਼ ਲੰਬੀ ੭ ਗਜ਼ ਚੌੜੀ ਕਾਲੇ ਰੰਗ ਦੀ ਹੁਣ ਤਾਂਈਂ ਉਸੇ ਥਾਂ ਪਈ ਹੈ। ਏਸ ਅ
ਜਮਤ ਨੂੰ ਦੇਖਕੇ ਚੰਬੇ ਦਾ ਰਾਜਾ ਭੀ ਬੰਦੇ ਦਾ ਚੇਲਾ ਬਣ ਗਿਆ ਤੇ ਇਕ ਰਜਪੂਤ ਦੀ ਬੇਟੀ
ਨਾਲ ਬੰਦੇ ਦੀ ਦੂਸਰੀ ਸ਼ਾਦੀ ਕਰਾ ਦਿੱਤੀ। ਏਸ ਵਿਚੋਂ ਸੰ: ੧੭੭੪ ਬਿ: ਨੂੰ ਇਕ ਬੇਟਾ ਜੋਰਾ
ਵਰਸਿੰਘ ਪੈਦਾ ਹੋਯਾ ਜੋ ਦਿੱਲੀ ਵਿਚ ਮਾਰਿਆ ਗਿਆ। ਸੰ: ੧੭੭੨ ਬਿ: ਨੂੰ ਜਦ ਬੰਦਾ ਸੈ
ਲ ਕਰਦਾ ਹੋਯਾ ਕੁੱਲੂ ਵਿਚ ਗਿਆ ਤਾਂ ਉਥੋਂ ਦੇ ਰਾਜੇ ਨੇ ਫਰੇਬ ਨਾਲ ਬਾਬੇ ਨੂੰ ਕੈਦ ਕਰ
ਲਿਆ ਤੇ ਉਧਰ ਅਸਲਮ ਖਾਂ ਸੂਬੇ ਲਾਹੌਰ ਨੂੰ ਲਿਖ ਭੇਜਿਆ। ਤੇ ਏਧਰ ਬੰਦੇ ਨੂੰ ਆਖਿਆ
ਜੇ ਤੂੰ ਮੇਰੀ ਕੈਦ ਵਿਚੋਂ ਨਿਕਲ ਜਾਂਵੇਂ ਤਾਂ ਮੈਂ ਤੇਰਾ ਚੇਲਾ ਬਣ ਜਾਵਾਂਗਾ। ਬੰਦੇ ਨੇ ਜਵਾਬ ਦਿ

Digitized by Panjab Digital Library | www.panjabdigilib.org

੨੬ ਤਾ, ਜੇ ਰੱਬ ਨਾਲ ਗੰਢ ਨਾ ਖੁੱਲੇ ਤਾਂ ਦੰਦ ਲਾਈਏ। ਇਤਨੇ ਨੂੰ ਬਾਬੇ ਬੰਦੇ ਦਾ ਕੈਦ ਹੋਣਾ ਸੁਣ
ਕੇ ਰਾਜਾ ਸੁੱਧ ਸੇਣ ਸਿੱਖਾਂ ਦੀ ਫੌਜ ਲੈਕੇ ਕੁੱਲੂ ਜਾ ਪਹੁੰਚਿਆ। ਸਿੱਖਾਂ ਨੇ ਉਸਦੇ ਦੇਸ ਦੀ
ਬੰਦੇ ਦਾ ਕੁੱਲੂ ਵਿਚ ਕੈਦ ਹੋਕੇ ਛੁੱਟਣਾ
ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ। ਲਾਚਾਰ ਹੋਕੇ ਕੁੱਲੂ ਵਾਲੇ ਰਾਜੇ ਨੇ ਬੰਦੇ ਨੂੰ ਛੱਡ ਦਿੱ
ਤਾ ਤੇ ਖਾਲਸੇ ਨੂੰ ਨਜ਼ਰਾਨਾ ਦੇਕੇ ਮਿੰਨਤਾਂ ਨਾਲ ਤੋਰਿਆ। ਇਕ ਪੋਥੀ ਵਿਚ ਇਹ ਭੀ ਲਿ
ਖਿਆ ਹੈ ਕਿ ਜਦ ਰਾਜਾ ਕੁੱਲੂ ਵਾਲਾ ਲੋਹੇ ਦੇ ਪਿੰਜਰੇ ਵਿੱਚ ਪਾਕੇ ਬੰਦੇ ਨੂੰ ਲਾਹੌਰ ਦੀ ਤਰਫ
ਤੋਰਨ ਲੱਗਿਆ ਤਾਂ ਬੰਦੇ ਨੂੰ ਸਣੇ ਪਿੰਜਰੇ ਹੀ ਬੀਰਾਂ ਨੇ ਉਡਾਕੇ ਮੰਡੀ ਵਿਚ ਲੈ ਆਂਦਾ।
ਉਧਰ ਬਹਾਦਰ ਸ਼ਾਹ ਦੇ ਮਰੇ ਬਾਦ ਇਕ ਬਰਸ ਤਾਂ ਉਸਦੇ ਸ਼ਾਹਜ਼ਾਦਿਆਂ ਵਿੱਚ ਝਗੜੇ
ਲੜਾਈਆਂ ਬਣੇ ਰਹੇ, ਫੇਰ ਜਹਾਂਦਾਰ ਸ਼ਾਹ ਤਖਤ ਉੱਤੇ ਬੈਠਾ ਪਰ ਅਮਨ ਨਾ ਹੋਯਾ, ੧੩
ਮਹੀਨੇ ਦੇ ਬਾਦ ਜਦ ਏਹ ਭੀ ਮਰ ਗਿਆ ਤਾਂ ਫੇਰ ਅੱਠ ਮਹੀਨੇ ਰੌਲਾ ਹੀ ਪਿਆ ਰਿਹਾ।
ਅੰਤ ਨੂੰ ਫੱਰੁਖਸਿਯਰ ਬਾਦਸ਼ਾਹ ਬਣਿਆ, ਉਸਨੇ ਸੰ: ੧੭੭੨ ਬਿ: ਨੂੰ ਸਿੱਖਾਂ ਨੂੰ ਸਜ਼ਾ
ਦੇਣ ਵਾਸਤੇ ਮਹੰਮਦ ਅਮੀਨ ਖਾਂ ਤੇ ਅਬਦੁਲ ਸਮੁੰਦ ਖਾਂ ਤੂਰਾਨੀ ਜੰਗਦਲੇਰ ਆਦਿਕ
ਨਾਮੀ ੨ ਫੌਜੀ ਸਰਦਾਰਾਂ ਨੂੰ ਬਹੁਤ ਸਾਰੀ ਫੌਜ ਦੇਕੇ ਪੰਜਾਬ ਦੀ ਤਰਫ ਭੇਜਿਆ। ਜਦ ਦਿੱਲੀ
ਤੋਂ ਫੌਜ ਆਈ ਤਾਂ ਸੂਬੇ ਲਾਹੌਰ ਨੇ ਭੀ ਮੋਮਨ ਖਾਂ ਤੇ ਸਫਦਰ ਖਾਂ ਨੂੰ ਫੌਜ ਦੇਕੇ ਸਿੱਖਾਂ ਦੀ ਬੇ
ਦਖਲੀ ਵਾਸਤੇ ਚੜ੍ਹਾਯਾ। ਪਹਿਲੇ ਦਿੱਲੀ ਵਾਲੀ ਫੌਜ ਦੀ ਕਸਬੇ ਤਰਾਵੜੀ ਪਾਸ ਬਾਵਾ
ਕਾਹਨਸਿੰਘ, ਰਾਮਸਿੰਘ, ਸ਼ਾਮਸਿੰਘ ਆਦਿਕ ਸਰਦਾਰਾਂ ਨਾਲ ਲੜਾਈ ਹੋਈ, ਦੋ ਦਿਨ
ਤਾਂ ਸਿੱਖਾਂ ਨੇ ਸ਼ਾਹੀ ਫੌਜ ਨੂੰ ਰੋਕਿਆ ਪਰ ਜਦ ਪਿੱਛੋਂ ਮਦਦ ਨਾ ਪਹੁੰਚੀ ਤਾਂ ਸਰਹਿੰਦ ਨੂੰ ਚ
ਲੇ ਆਏ, ਉਧਰੋਂ ਪੰਜਾਬ ਦੇ ਸਿੱਖਾਂ ਨੂੰ ਭੀ ਲਾਹੌਰੀ ਫੌਜ ਨੇ ਅੱਗੇ ਧਰ ਲਿਆ। ਦੋਹਾਂ ਤ
ਲੋਹਗੜ੍ਹ ਦਾ ਜੰਗ।
ਰਫਾਂ ਦੇ ਸਿੱਖ ਸਰਹਿੰਦ ਵਿਚ ਇਕੱਠੇ ਹੋਕੇ ਦੋ ਮਹੀਨੇ ਲੜੇ। ਮੁਸਲਮਾਨਾਂ ਨੇ ਏਹ ਉੜੰ
ਦਿੱਤਾ ਕਿ ਬਾਬਾ ਬੰਦਾ ਮਰ ਗਿਆ ਹੈ। ਏਸ ਖਬਰ ਨੂੰ ਸੁਣਕੇ ਮੁਸਲਮਾਨ ਭਾਵੇਂ ਦੇਬੱ
ਦਲਾਂ ਵਾਂਗੂ ਉਮਡ ਆਏ। ਤਦ ਸਿੱਖ ਸਰਹਿੰਦ ਛੱਡਕੇ ਲੋਹਗੜ੍ਹ ਦੇ ਕਿਲੇ ਵਿਚ ਜਾ
ਆਕੀ ਹੋ ਬੈਠੇ। ਤੁਰਕਾਨੀ ਘਟਾ ਉਥੇ ਭੀ ਚੜ੍ਹ ਆਈ। ਏਸ ਜੰਗ ਦਾ ਹਾਲ ਸੁਣਕੇ ਬਾਬਾ
ਬੰਦਾ ਭੀ ਲੋਹਗੜ੍ਹ ਵਿਚ ਆ ਗਿਆ, ਫੇਰ ਤਾਂ ਐਧਰੋਂ ਉਧਰੋਂ, ਲੁਕੇ ਛਿਪੇ ਸਭ ਸਿੱਖ
ਖੁੰਬਾਂ ਵਾਂਗੂ ਨਿਕਲ ਆਏ ਤੇ ਪਹਿਲਿਆਂ ਦਾ ਭੀ ਹੌਸਲਾ ਵਧ ਗਿਆ। ਤੁਰਕ ਤਾਂ ਬੰਦੇ
ਦਾ ਆਵਣਾ ਸੁਣਕੇ ਅਧਮਰੇ ਹੋ ਗਏ। ਸਿੱਖਾਂ ਨੇ ਕਿਲੇ ਤੋਂ ਬਾਹਰ ਨਿਕਲਕੇ ਹੱਲਾ ਕ
ਰ ਦਿੱਤਾ, ਬਸ ਖਾਲਸੇ ਦਾ ਹੱਲਾ ਹੀ ਝੱਲਣਾ ਮੁਸ਼ਕਲ ਹੈ, ਫੇਰ ਤਾਂ ਸ਼ਾਹੀ ਦਲ ਵਿਚ

Digitized by Panjab Digital Library | www.panjabdigilib.org

ਬਚਾਉ ਵਾਸਤੇ ਮਾਤਾ ਜੀ ਨੇ ਤੀਜੀ ਵਾਰੀ ਫੇਰ ਬੰਦੇ ਨੂੰ ਲਿਖ ਭੇਜਿਆ, ਯਾ ਤਾਂ ਸਾਡਾ ਬਚਨ ਮੰਨ ਨਹੀਂ ਤਾਂ ਸਿੱਖੀ ਲਿਖ ਦੇਹ। ਆਖਰ ਬੰਦੇ ਨੇ ਲਿਖ ਭੇਜਿਆ ਕਿ ਮੈਂ ਗੁਰੂ ਦਾ ਸਿੱਖ ਨਹੀਂ, ਮੈਂ ਬੈਰਾਗੀ ਫਕੀਰ ਹਾਂ, ਗੁਰੂ ਸਾਹਿਬ ਨਾਲ ਮੇਰੀ ਮੁਲਾਕਾਤ ਹੋਈ ਸੀ, ਉਨ੍ਹਾਂ ਦਾ ਬਚਨ ਮੰਨ ਕੇ ਮੈਂ ਉਨ੍ਹਾਂ ਦੇ ਪੁੱਤ੍ਰਾਂ ਦਾ ਵੈਰ ਮੁਸਲਮਾਨਾਂ ਤੋਂ ਲਿਆ, ਤੇ ਪੰਥ ਦੀ ਸਹਾਇਤਾ ਕਰ ਦਿਖਾਈ। ਨਹੀਂ ਤਾਂ ਮੇਰਾ ਕੋਈ ਦੋਸਤ ਦੁਸ਼ਮਣ ਨਹੀਂ। ਇਸ ਜਵਾਬ ਪਰ ਮਾਤਾ ਸੁੰਦਰੀ ਜੀ ਨੇ ਗੁੱਸੇ ਹੋਕਰ ਪੰਥ ਖਾਲਸੇ ਨੂੰ ਹੁਕਮਨਾਮਾ ਲਿੱਖਿਆ ਕੇ ਤੁਸੀਂ ਸਿੱਖ ਪੁੱਤ੍ਰ ਅਸਾਡੇ ਹੋ। ਇਸ ਬੰਦੇ ਅਕਲ ਦੇ ਅੰਧੇ ਨੇ ਸਾਡਾ ਹੁਕਮ ਨਹੀਂ ਮੰਨਿਆ, ਗੁਰੂ ਦੀ ਸਿੱਖੀ ਲਿਖ ਦਿੱਤੀ ਹੈ, ਹੁਣ ਤੁਸੀਂ ਏਸ ਦਾ ਸੰਗ ਛੱਡ ਦੇਵੋ। ਤੁਹਾਡਾ ਰਾਖਾ ਤੇ ਮਦਦਗਾਰ ਅਕਾਲ ਪੁਰਖ ਰਹੇਗਾ, ਤੁਸੀਂ ਹਮੇਸ਼ ਫਲਦੇ ਫੁਲਦੇ ਫੈਲਦੇ ਰਹੋਗੇ, ਏਸ ਦਾ ਤੇਜ ਪ੍ਰਤਾਪ ਘਟ ਜਾਏਗਾ, ਤੇ ਤੁਰਕਾਂ ਦੀ ਕੈਦ ਵਿਚ ਦੁਖ ਪਾਕੇ ਮਰੇਗਾ, ਕਿਉਂਕੇ ਏਸ ਨੇ ਗੁਰੂ ਜੀ ਦੇ ਹੁਕਮ ਭੰਗ ਕਰ ਦਿੱਤੇ ਹਨ। (੧) ਲੰਗੋਟੇ ਦਾ ਜਤੀ ਨਾ ਰਿਹਾ, (੨) ਪੰਥ ਆਪਣਾ ਰਲਾਯਾ, (੩) ਖੰਡੇ ਦਾ ਅੰਮ੍ਰਿਤ ਛੱਡਕੇ ਚਰਨਪਾਹੁਲ ਦੇਣ ਲਗ ਪਿਆ, (੪) ਫਤੇ ਵਾਹਿਗੁਰੂ ਜੀ ਦੀ ਜਗਾ ਬਾਬੇ ਬੰਦੇ ਦੀ ਦਰਸ਼ਨੀ ਫਤੇ ਬੁਲਾਵਦਾ ਹੈ। ਗੁਰੂ ਕੇ ਸਿੱਖਾਂ ਦੀਆਂ ਬੰਦਈ ਸਿੱਖ ਕਰ ਲਏ। ਜਿਗਾ ਕਲਗੀ ਪਹਿਨਕੇ ਗੱਦੀ ਉੱਤੇ ਬੈਠਕੇ ਚੌਰ ਕਰਾਉਂਦਾ ਹੈ, ਆਪ ਨੂੰ ਗਿਆਰਵਾਂ ਗੁਰੂ ਸਦਾਉਂਦਾ ਹੈ, ਗੁਰੂ ਕੇ ਸਿੱਖਾਂ ਉਤੇ ਸਖਤ ਹਕੂਮਤ ਕਰਦਾ ਹੈ, ਬੜਾ ਹੰਕਾਰੀ ਹੋ ਗਿਆ ਹੈ। ਏਹੋ ਸੋਚਕੇ ਗੁਰੂ ਜੀ ਦੇ ਸਿੰਘ ਤਾਂ ਪਹਿਲੇ ਹੀ ਬੰਦੇ ਤੋਂ ਜੁਦਾ ਹੋਣਾ ਚਾਹੁੰਦੇ ਸੇ। ਹੁਣ ਤਾਂ ਮਾਤਾ ਸਾਹਿਬ ਦੇ ਹੁਕਮ ਦਾ ਪੂਰਾ ਬਹਾਨਾ ਬਣ ਗਿਆ। ਏਸੇ ਸਮੇ ਸੰ: ੧੭੭੪ ਬਿ: ਨੂੰ ਵੈਸਾਖੀ ਦੇ ਮੇਲੇ ਪਰ ਜਦ ਬਾਬਾ ਬੰਦਾ ਪਹਿਲੇ ਵਾਂਗੂ ਹੰਕਾਰ ਨਾਲ, ਅੰਮ੍ਰਿਤਸਰ ਹਰਿਮੰਦ੍ਰ ਵਿਚ ਗੱਦੀ ਲਾਕੇ ਬੈਠਾ ਤੇ ਚੌਰ ਕਰਾਉਣ ਲੱਗਿਆ, ਅਤੇ ਬੰਦਈ ਸਿੱਖ ਅਰਦਾਸਾਂ ਕਰਨ ਲੱਗੇ, ਤਾਂ ਬਾਵਾ ਕਾਨ੍ਹ ਸਿੰਘ ਭੱਲਾ, ਬਾਵਾ ਬਿਨੋਦ ਸਿੰਘ ਤ੍ਰੇਹਣ, ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂ ਕੇ, ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇ ਕੇ, ਰਾਮ ਸਿੰਘ, ਤਿਲੋਕ ਸਿੰਘ, ਫੂਲ ਕੇ, ਦੀਵਾਨ ਦਰਬਾਰਾ ਸਿੰਘ, ਬਹਾਦਰ ਸਿੰਘ, ਬੁੱਢਾ ਸਿੰਘ ਪਰਦੇਸੀ, ਸਮਾ ਸਿੰਘ ਨਾਰੋਵਾਲੀਆ, ਭੋਜਾ ਸਿੰਘ, ਕੇਸਰਾ ਸਿੰਘ, ਬਘਾ ਸਿੰਘ ਕਲਾਲ, ਤੇਜਾ ਸਿੰਘ, ਜਮੂਣਾ ਸਿੰਘ ਰੰਘਾੜੇ, ਨਗਾਹੀਆ ਸਿੰਘ, ਦੂਨਾ ਸਿੰਘ ਦੁੱਲੂਵ, ਤਾਰਾ ਸਿੰਘ, ਭੋਮਾ ਸਿੰਘ, ਹਰਾ ਸਿੰਘ ਬੈਰਾੜ, ਇੱਤਿਆਦਿਕ ਨਾਮੀ ੨ ਬੈਰਾੜ ਸਿੰਘ ਸਰਦਾਰਾਂ ਨੇ ਸਲਾਹ ਕਰਕੇ ਬਾਬੇ ਬੰਦੇ ਨੂੰ ਦਰਬਾਰ ਵਿਚੋਂ ਉਠਾਇ ਦਿੱਤਾ, ਅਤੇ ੨੯

Digitized by Panjab Digital Library | www.panjabdigilib.org

੩੦ ਅਕਾਲ ਬੁੰਗੇ ਸਾਹਿਬ ਦੀਵਾਨ ਲਗਾਕਰ, ਪਹਿਲੇ ਤਾਂ ਬੰਦੇ ਸਾਹਿਬ ਦਾ ਚਾਲ ਚਲਨ ਬਿਪਰੀਤ ਹੋਣਾ ਬਤਾਯਾ, ਫੇਰ ਮਾਤਾ ਸਾਹਿਬਾਂ ਦਾ ਹੁਕਮਨਾਮਾ ਸੰਗਤਾਂ ਨੂੰ ਸੁਣਾ ਕਰਕੇ ਅਰਦਾਸ ਕਰਾ ਦਿੱਤੀ, ਜੇ ਕੋਈ ਗੁਰੂ ਕਾ ਸਿੱਖ ਹੈ ਓਹ ਬੰਦੇ ਨੂੰ ਨਾ ਮੰਨੇ ਅਤੇ ਅੱਜ ਤੋਂ ਗੁਰੂ ਦੇ ਦਲ ਵਿੱਚ ਆ ਜਾਵੇ ਜੋ ਬੰਦੇ ਦਾ ਸਿੱਖ ਹੈ ਸੋ ਦੂਸਰੀ ਤਰਫ ਚਲਾ ਜਾਵੇ। ਐਸੇ ਕਹ ਕਰ ਬਿਬੇਕ ਸਰ ਦੇ ਕਿਨਾਰੇ ਖਾਲਸੇ ਨੇ ਆਪਣਾ ਝੰਡਾ ਜਾ ਲਾਯਾ। ਦੋਹੀਂ ਪਾਸੀਂ ਖਾਲਸਾ ਅੱਧਾ ਅੱਧਾ ਹੋ ਗਿਆ। ਦੋਹਾਂ ਦੇ ਨਾਮ ਭੀ ਵੱਖਰੇ ਹੋ ਗਏ, ਇਕ ਤੱਤ ਖਾਲਸਾ, ਦੂਸਰਾ ਬੰਦਈ ਖਾਲਸਾ। ਫੇਰ ਤਾਂ ਆਪਸ ਵਿੱਚ ਖਿੱਚਾ ਖਿੱਚੀ ਹੋ ਗਈ ਤੇ ਬੋਲੀ ਠੋਲੀ ਹੋਣ ਲੱਗੀ, ਇਕ ਦੂਸਰੇ ਦੇ ਦੁਸ਼ਮਣ ਹੋ ਬੈਠੇ, ਸਿੰਘਾਂ ਦੀ ਏਹ ਦਸ਼ਾ ਦੇਖਕੇ ਮੁਸਲਮਾਨਾਂ ਦੇ ਤਾਂ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਘਿਉ ਦੇ ਦੀਵੇ ਬਾਲੇ, ਖੁਸ਼ੀਆਂ ਮਨਾਈਆਂ।

ਜੇਹੜੇ ਸਿੱਖ ਪਹਿਲੇ ਇਕ ਦੂਸਰੇ ਬਦਲੇ ਜਾਨ ਦਿੰਦੇ ਸੇ ਓਹ ਹੁਣ ਉਲਟੇ ਜਾਨ ਲੈਣ ਵਾਲੇ ਬਣ ਗਏ, ਤੁਰਕਾਂ ਦੇ ਮੰਤ੍ਰ ਨੇ ਅੱਠੀ ਖੰਡ ਕਰ ਦਿੱਤੇ। ਚਿਰਕ ਮੁਸਲਮਾਨਾਂ ਦੇ ਚੁੱਕੇ ਹੋਏ ਇਕ ਦਿਨ ਅੰਮ੍ਰਿਤਸਰ ਦੇ ਕਿਨਾਰੇ ਦਰਸ਼ਨੀ ਦਰਵਾਜ਼ੇ ਅੱਗੇ ਆਪਸ ਵਿੱਚ ਲੜਾਈ ਕਰ ਬੈਠੇ ਜਿਸ ਵਿੱਚ ਕਈ ਆਦਮੀ ਦੋਹਾਂ ਤਰਫਾਂ ਦੇ ਮਾਰੇ ਗਏ। ਬਾਬੇ ਬੰਦੇ ਨੇ ਸਮਾਂ ਪਛਾਣ ਕੇ ਗੁਰਦਾਸਪੁਰ ਦੀ ਤਰਫ ਕੂਚ ਕਰ ਦਿੱਤਾ। ਏਹ ਖਬਰ ਸੁਣਕੇ ਫੱਰੁਖਸ਼ੇਰ ਬਹੁਤ ਖੁਸ਼ੀ ਹੋਯਾ ਤੇ ਏਸ ਸਮੇਂ ਨੂੰ ਗਨੀਮਤ ਸਮਝ ਕੇ ਹੱਥ ਵਿੱਚੋਂ ਜਾਣ ਨਾ ਦਿੱਤਾ। ਆਪਣੇ ਮਾਤਬਰ ਤੱਤ ਖਾਲਸੇ ਪਾਸ ਭੇਜ ਦਿੱਤੇ, ਨਾਮੀ ੨ ਸਿੰਘਾਂ ਨੂੰ ਦੁਸਾਲੇ ਸ਼ਸਤ੍ਰ ਭੇਜੇ। ਇਕਵੰਜਾ ਹਜ਼ਾਰ ਖਰਚ ਤੇ ਜਾਗੀਰਾਂ ਦੇਣ ਦਾ ਹੁਕਮ ਸੂਬੇ ਲਾਹੌਰ ਦੇ ਨਾਮ ਹੋਯਾ। ਸਿੰਘਾਂ ਨੂੰ ਆਪਣੇ ਹੱਥ ਦੇ ਬਾਜ਼ ਬਜਾਉਣ ਵਾਸਤੇ ਸਿੰਘਾਂ ਦੀ ਤਾਰੀਫ ਲਿਖ ਕੇ ਆਖਿਆ, ਹੇ ਖਾਲਸਾ ਜੀ ਅਸੀਂ ਤਾਂ ਤੁਹਾਡੇ ਗੁਰੂ ਨਾਨਕ ਸਾਹਿਬ ਦੀ ਬਖਸ਼ੀ ਹੋਈ ਬਾਦਸ਼ਾਹੀ ਕਰਦੇ ਹਾਂ, ਜੋ ਸਾਡੇ ਬਾਬਰ ਸ਼ਾਹ ਨੂੰ ਉਨ੍ਹਾਂ ਨੇ ਬਖਸ਼ੀ ਸੀ, ਫੇਰ ਅਸੀਂ ਤੁਸੀਂ ਇਕ ਰੂਪ ਹਾਂ ਦੇਖੋ ਦਸਮੇ ਗੁਰੂ ਦੇ ਬਚਨ, ਯਥਾ। ਬਾਬੇ ਅਰ ਬਾਬਰ ਕੇ ਦੋਊ। ਆਪ ਕਰੇ ਪਰਮੇਸ੍ਵਰ ਸੋਊ। ਜੋ ਬਾਬੇ ਕੇ ਦਾਮ ਨ ਦੈ ਹੈਂ। ਤਿਨ ਤੇ ਗਹਿ ਬਾਬਰ ਕੇ ਲੈ ਹੈਂ। ਸੋ ਬੰਦਾ ਵੈਰਾਗੀ ਗੁਰਾਂ ਤੋਂ ਬੇਮੁਖ ਹੈ ਤੇ ਅਸੀਂ ਤੁਸੀਂ ਗੁਰੂ ਜੀ ਦੇ ਬਚਨ ਮੰਨਣ ਵਾਲੇ ਹਾਂ। ਚੰਗਾ ਹੋਯਾ ਜੋ ਤੁਸਾਂ ਬੰਦੇ ਦਾ ਸੰਗ ਛੱਡ ਦਿੱਤਾ, ਹੁਣ ਬੁੱਢੇ ੨ ਸਿੰਘ ਤਾਂ ਜਾਗੀਰਾਂ ਛਕੋ ਤੇ ਜੁਆਨ ਜੁਆਨ ਨੌਕਰੀ ਕਰ ਲਓ। ਤੀਸ ਰੁਪਏ ਮਾਹਵਾਰ ਅਸਵਾਰ, ਪੰਦ੍ਰਾਂ ਰੁਪਏ ਪਿਆਦਾ, ਪੰਜ ਰੁਪਏ ਰੋਜ਼ ਸਰਦਾਰਾਂ ਨੂੰ ਨੌਕਰੀ

ਪੰਥ ਦਾ ਦੁਫਾੜ

Digitized by Panjab Digital Library | www.panjabdigilib.org

ਅਲੇਗੀ, ਏਸਤਰਾਂ ਮਿੱਠੀਆਂ ੨ ਗੱਲਾਂ ਸੁਣਾਕੇ ਤੇ ਮਿੱਠੀ ਭੰਗ ਪਿਲਾ ਕੇ, ਭੋਲੇ ਭਾਲੇ ਸਿੰ
ਘਾਂਨੂੰ ਛਲੀਏ ਤੁਰਕਾਂ ਨੇ ਛਲ ਲੀਤਾ। — ਉਨ੍ਹਾਂ ਕਪੰਜਸੌ ਅਸਵਾਰ ਤਾਂ ਸੂਬੇ ਲਾਹੌਰ ਦੇ
ਤਾਬੇ ਕਰਕੇ ਲਾਹੌਰ ਨੂੰ ਭੇਜ ਦਿੱਤਾ ਏਨਾਂ ਵਿਚ ਬਾਬਾ ਕਾਨ੍ਹਸਿੰਘ, ਮੀਰੀਸਿੰਘ, ਭੁੱਲੇ ਸਾਹਿ
ਬਜ਼ਾਦੇ ਤੇ ਫਤੇਸਿੰਘ ਭਾਈ ਭਗਤੂਕਾ, ਸ਼ਾਮਸਿੰਘ ਨਾਰੰਗਵਾਲੀਆ ਸਰਦਾਰ ਬਨਾ
ਏ ਗਏ ਬਾਕੀ ਖਾਲਸਾ ਜੋ ਅੰਮ੍ਰਿਤਸਰ ਰਿਹਾ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਯਾ ਨਕਦ ਖ
ਰਚ ਮਹੀਨੇਦਾ, ਤੇ ਪਰਗਣਾ ਝਬਾਲ ਜੋ ਪਹਿਲੇ ਭੀ ਅਕਬਰ ਬਾਦਸ਼ਾਹਦੇ ਵਕ੍ਤ ਵਿੱਚ
ਗੁਰੂ ਸਾਹਿਬਾਂ ਦੇ ਨਾਮ ਮਾਫੀ ਸੀ, ਉਹ ਭੀ ਤੇ ਘੋੜਿਆਂ ਦੇ ਦਾਣੇ ਘਾਸ ਲੰਗਰ ਵਾਸ੍ਤੇ ਦੱਬ
ਰਾ ਦੇ ਕਰ ਅਹਿਦ ਪੈਮਾਨ ਵਿਚ ਏਹ ਸ਼ਰਤਾਂ ਲਿਖ ਦਿੱਤੀਆਂ। ਪੰਥ ਖਾਲਸਾ ਬਾਦ
ਸ਼ਾਹ ਦੇ ਕਿਸੇ ਮੁਲਕ ਪਰ ਹੱਥ ਨਾ ਪਾਵੇਗਾ ੧, ਬੰਦੇ ਦੀ ਮਦਦ ਨਾ ਕਰੇਗਾ ੨, ਜਦ ਕ
ਦੇ ਗਨੀਮ ਪੰਜਾਬ ਦੀ ਤਰਫ ਆਵੇ ਤਾਂ ਤੱਤਖਾਲਸਾ ਪੰਜਾਬ ਦੇ ਸੂਬੇ ਦੇ ਹੁਕਮ ਅਨੁਸਾ
ਰ ਉਸ ਗਨੀਮ ਦਾ ਮੁਕਾਬਲਾ ਕਰੇਗਾ। ੩, ਜੋ ਜਾਗੀਰ ਤੇ (ਰਸਤਾ) ਵਜ਼ੀਫਾ ਖਾ
ਲਸੇ ਦਾ ਮੁਕੱਰਰ ਹੋਯਾ ਹੈ ਇਸ ਵਿਚ ਕਮੀ ਬੇਸ਼ੀ ਨਾ ਹੋਵੇਗੀ, ੪, ਅੱਗੇ ਨੂੰ ਮੁਲਕ ਪੰ
ਜਾਬ ਵਿਚ ਕਿਸੇ ਹਿੰਦੂ ਨੂੰ ਮੱਲੋ ਮੱਲੀ ਮੁਸਲਮਾਨ ਨਾ ਕੀਤਾ ਜਾਵੇਗਾ, ੫।। ਕਿਸੇ ਨੂੰ
ਆਪਣੇ ਮਜ਼ਹਬ ਦੇ ਮੰਦਰ, ਮੂਰਤਾਂ, ਪੂਜਾ, ਕਰਮ, ਧਰਮ, ਕਰਣੇ ਤੋਂ ਰੋਕਿਆ ਨਾ ਜਾਵੇਗਾ।
।। ੬।। ਪੰਜਾਬ ਦੇ ਹਿੰਦੂਆਂ ਤੋਂ (ਜੇਜ਼ੀਆ) ਮਾਮੂਲਾ ਮੁਸਲਮਾਨਾਂ ਜਿਤਨਾ ਲੀਤਾ
ਜਾਵੇਗਾ। ੭।। ਜੇ ਕੋਈ ਸਿੰਘ ਖੇਤੀ ਕਰੇਗਾ ਉਸ ਤੋਂ ਅੱਧਾ ਮਾਮੂਲਾ ਲੀਤਾ ਜਾਵੇਗਾ।
੮।। ਪੰਜਾਬ ਦੇ ਮੁਲਕ ਵਿਚ ਗਊ ਬਧ ਨਾ ਹੋਵੇਗਾ। ੯।। ਕਿਸੇ ਦੀ ਬਹੂ ਬੇਟੀ ਨੂੰ ਕੋਈ ਮੁ
ਸਲਮਾਨ ਜਬਰਨ ਹੱਥ ਨਾ ਪਾਵੇਗਾ। ੧੦।। ਜਿਤਨੇ ਸਿੰਘ ਪੰਜਾਬ ਵਿਚ ਹੈਂ ਜਾਂ ਹੋਣ
ਗੇ ਉਹ ਸਭ ਛਿਮਾਹੀ ੨ ਸੂਬੇ ਲਾਹੌਰ ਨੂੰ ਗਿਣਤੀ ਦੇ ਆਯਾ ਕਰਨਗੇ। ੧੧।। ਏਤਆ
ਦਿਕ ਸ਼ਰਤਾਂ ਸਹਿਤ ਇਕ ਇਕਰਾਰਨਾਮਾਂ ਲਿਖਕੇ ਸੂਬੇ ਲਾਹੌਰ ਨੇ ਆਪਣੇ ਪਾਸ
ਰਖ ਲਿਆ ਤੇ ਏਸਦੀ ਨਕਲ ਭੀ ਸਿੰਘਾਂ ਨੇ ਆਪਣੇ ਪਾਸ ਨਾ ਰੱਖੀ, ਸਿੰਘ ਵਿਚਾਰੇ
ਸੂਧੇ ਸਾਦੇ ਕਾਗਜ਼ ਨੂੰ ਦੇਖਕੇ, ਐਵੇਂ ਹੀ ਖੁਸ਼ੀ ਹੋਕੇ ਤੁਰਕਾਂ ਦੇ ਬਣ ਬੈਠੇ।
ਏਧਰ ਬਾਬੇ ਬੰਦੇ ਨੇ ਤੱਤ ਖਾਲਸੇ ਦੇ ਮਿਲਣ ਵਾਸ੍ਤੇ ਵਕੀਲ ਭੇਜਕੇ, ਮੇਲ ਦੇ ਫਾਯ
ਦੇ ਤੇ ਬੇਮੇਲ ਦੇ ਨੁਕਸਾਨ ਅਤੇ ਹੋਰ ਤੁਰਕਾਂ ਦੇ ਫਰੇਬ ਬਹੁਤ ਸਮਝਾਏ ਬੁਝਾਏ, ਪਰ
ਭੰਗ ਪੀਣ ਵਾਲੇ ਲੱਠ ਮਾਰ ਨਿਹੰਗਾਂ ਸਿੰਘਾਂ ਨੇ ਤੱਤਖਾਲਸੇ ਦਾ ਤੇ ਬੰਦਈ ਸਿੰਘਾਂ ਦਾ

੩੨ ਮੇਲ ਨਾ ਹੋਣ ਦਿੱਤਾ ਜੱਦ ਆਪ ਬੰਦਾ ਬਹਾਦਰ ਤੱਤ ਖ਼ਾਲਸੇ ਦੇ ਜੁਦਾ ਹੋ ਜਾਣੇ ਕਰ ਬਹੁਤ ਕਮਜ਼ੋਰ ਹੋ ਗਿਆ ਸੀ, ਪਰੰਤੂ ਉਸਨੇ ਹਿੰਮਤ ਨਾ ਹਾਰੀ, ਬਾਰਾਂ ਚੌਦਾਂ ਹਜ਼ਾਰ ਅਸੰਰਧਾ ਦੇਦੀ ਭੀੜ ਭਾੜ ਨਾਲ ਲੈਕੇ ਸੰ: ੧੭੭੫ ਬਿ: ਵਿੱਚ ਕਲਾਨੌਰ ਦੇ ਹਾਕਮ ਫਤੇ ਦੀਨ ਨੂੰ ਜਾ ਘੇਰਿਆ, ਉਸਨੇ ਸੂਬੇ ਲਾਹੌਰ ਤੋਂ ਮਦਦ ਮੰਗੀ, ਸੂਬੇ ਨੇ ਸਿੰਘਾਂ ਨੂੰ ਆਖਿਆ, ਸਿੰਘ ਬੋਲੇ, ਬਾਹਰ ਤੋਂ ਆਏ ਗ਼ਨੀਮ ਦੇ ਮੁਕਾਬਲੇ ਪਰ ਜਾਣੇ ਦਾ ਸਾਡਾ ਇਕਰਾਰ ਹੈ ਪੰਜਾਬ ਦੇ ਵਿਰਲੇ ਹੀ ਝਗੜੇ ਮੇਟਣ ਦਾ ਸਾਡਾ ਜ਼ਿੰਮਾ ਨਹੀਂ। ਏਹ ਸੁਣਕੇ ਸੂਬਾ ਚੁੱਪ ਹੋ ਰਿਹਾ। ਫਿਰ ਤਾਂ ਫਤੇ ਦੀਨ ਨੇ ਬਾਬੇ ਬੰਦੇ ਨੂੰ ਕੁਛ ਨਕਦ, ਸ਼ਸਤ੍ਰ, ਘੋੜੇ ਨਜ਼ਰ ਦੇ ਕਰ ਆਪਣੀ ਜਾਨ ਛੁਡਾਈ। ਤਦ ਬੰਦੇ ਬਹਾਦਰ ਨੇ ਰਾਵੀ ਪਾਰ ਹੋਕੇ ਦਰਪ ਦੇਸ ਦੇ ਬੜੇ ਬੜੇ ਪਿੰਡ ਮੁਸਲਮਾਨਾ ਦੇ ਲੁੱਟੇ ਮਾਰੇ। ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲਕੋਟ ਆਦਿਕ ਹਾਕਮਾ ਤੋਂ ਮਨ ਭਾਏ ਨਜ਼ਰਾਨੇ ਪਾਏ ਤੇ ਵਜ਼ੀਰਾਬਾਦੀਏ ਸਿਵਚੰਦ ਕਪੂਰ ਖੱਤ੍ਰੀ ਦੀ ਬੇਟੀ, ਸਾਹਿਬ ਕੌਰ ਜੋ ਅਤੀ ਸੁੰਦਰ ਸੀ, ਪਸੰਦ ਕਰਕੇ ਬਿਆਹ ਲਈ, ਏਸ ਦੇ ਕੋਂ ਸੰ: ੧੭੭੭ ਬਿ: ਨੂੰ ਅਜੀਤ ਸਿੰਘ ਪੈਦਾ ਹੋਯਾ, ਜਿਸਦੀ ਸੰਤਾਨ ਹੁਣ ਦਯਾ ਸਿੰਘ ਆਦਿਕ ਵਜ਼ੀਰਾਬਾਦ ਵਿਚ ਸੋਢੀ ਖੱਤ੍ਰੀ ਮਸ਼ਹੂਰ ਹਨ।

ਬੰਦਾ ਦਰਪ, ਧੱਨੀ, ਪੋਠੋਹਾਰ, ਥਲ, ਸਿੰਧ, ਆਦਿਕ ਦੇਸਾਂ ਵਿੱਚ ਦਾਰਿਯਾ ਅਟਕ ਤਕ ਫੇਰ ਨਿਕਲਿਆ, ਮੁਸਲਮਾਨਾਂ ਨੂੰ ਕਿਆਮਤ ਦਿਖਾ ਛੱਡੀ, ਬੇਸ਼ੁਮਾਰ ਹਿੰਦੂ ਬੰਦਈ ਸਿੰਘ ਬਣ ਗਏ ਜੋ ਹੁਣ ਤਕ ਸਿਵਾਇ ਬੰਦੇ ਦੇ ਹੋਰ ਕਿਸੇ ਨੂੰ ਨਹੀ ਮੰਨਦੇ। ਜਿੱਥੇ ਜਿੱਥੇ ਬੰਦਾ ਗਿਆ ਸੀ ਉੱਥੇ ੨ ਉਸਦੇ ਸੇਵਕਾਂ ਨੇ ਉਸੇ ਦੇ ਨਾਮ ਪਰ ਮਕਾਨ, ਧਰਮਸਾਲਾ ਬਣਾ ਰੱਖੀਆਂ ਹਨ ਜੋ ਪੰਜਵੇਂ ਹਿੱਸੇ ਵਿਚ ਲਿਖਾਂਗੇ। ਏਸੇ ਤਰਾਂ ਪੰਦ੍ਰਾਂ ਚੌਦਾਂ ਮਹੀਨੇ ਉਸ ਦੇਸ ਦਾ ਦੌਰਾ ਕਰਕੇ, ਕਟਾਸ ਤੀਰਥ ਦਾ ਮੇਲਾ ਦੇਖਿਆ ਤੇ ਫੇਰ ਗੁਰਦਾਸਪੁਰ ਵਿੱਚ ਆ ਠਹਿਰਿਆ। ਏਸ ਦੀਰਘ ਦੌਰੇ ਵਿਚ ਬਹੁਤ ਦੌਲਤ ਬੰਦਈ ਸਿੰਘਾਂ ਦੇ ਹੱਥ ਆਈ। ਏਸੇ ਕਰਕੇ ਬੰਦੇ ਜੀ ਨੂੰ ਬਹੁਤ ਗਰੂਰ ਹੋ ਗਿਆ।

ਏਧਰ ਏਸ ਦੇ ਇੰਤਜ਼ਾਮ ਨਾ ਹੋਣੇ ਦੇ ਕਾਰਣ ਅਸਲਮਖਾਂ ਨੂੰ ਨਾਜਬ ਸੂਬਾ, ਤੇ ਅਬਦੁਲ ਸਮੁੰਦ ਖਾਂ ਨੂੰ ਏਸਦੀ ਜਗਾ ਪੂਰਾ ਸੂਬਾ ਲਾਹੌਰ ਦਾ ਮੁਕੱਰਰ ਕੀਤਾ ਗਿਆ। ਸੰਮਤ ੧੭੭੬ ਬਿ: ਨੂੰ ਰਾਜਾ ਮੰਡੀ ਵਾਲਾ ਸੁੱਧ ਸੈਨ ਜੋ ਬੰਦੇ ਦਾ ਸਿਦਕੀ ਸਿੱਖ ਬਣ ਰਿਹਾ ਸੀ ਗੁਰਦਾਸਪੁਰ ਬੰਦੇ ਪਾਸ ਆਯਾ ਤੇ ਕੁਛ ਦਿਨ ਰਹਿਕੇ ਬੰਦੇ ਨੂੰ ਭੀ

ਆਪਣੇ ਨਾਲ ਮੰਡੀ ਵਿਚ ਲੈ ਗਿਆ। ਬਾਬੇ ਬੰਦੇ ਪਾਸ ਇਕ ਪੋਥੀ ਲੂਣੇ ਸਿੱਧ ਦੀ ਬ ੩੩
ਖਸ਼ੀ ਹੋਈ ਸੀ ਜਿਸ ਵਿੱਚ ਰੋਗਨ ਬੰਦਨਾ ਪ੍ਰਸਿੱਧ ਸਨ। ਉਸ ਵਿਚ ਉਹ ਮੰਤ੍ਰ ਜੰਤ੍ਰ, ਤੰ
ਤ੍ਰ ਸਨ ਜਿਨ੍ਹਾਂ ਦੇ ਜ਼ੋਰ ਨਾਲ ਦੇਵ, ਪਰੀ, ਮੁਵੱਕਲ, ਭੂਤ, ਪ੍ਰੇਤ ਸਭ ਹਾਜ਼ਰ ਹੋ ਜਾਂਦੇ ਸੇ,
ਮਨਭਾਏ ਕੰਮ ਉਨ੍ਹਾਂ ਤੋਂ ਕਰਾਇ ਲੈਂਦਾ ਸੀ, ਸਭ ਤਰਾਂ ਦੇ ਜਾਦੂ, ਰਸਾਇਣ ਤੇ ਪਾਰਸ
ਕਰਕੇ ਦਿਖਾ ਦਿੰਦਾ ਸੀ। ਰਾਜਾ ਸੁੱਧ ਸੈਣ ਨੇ ਭੇਤ ਪਾ ਕੇ ਉਹ ਪੋਥੀ ਤੇ ਇਕ ਗੁਟਕਾ
ਜਿਸ ਦੇ ਨਾਲ ਬੰਦਾ ਉੱਡ ਸਕਦਾ ਸੀ, ਦੋਵੇਂ ਚੀਜ਼ਾਂ ਗੁੰਮ ਕਰ ਲਈਆਂ। ਫੇਰ ਉਸੇ ਪੋ
ਥੀ ਦੇ ਬਲ ਨਾਲ ਰਾਜਾ ਸੁੱਧ ਸੈਣ ਨੇ ਆਪਣੀ ਕਾਇਆ ਬੀਸੋ ਬਰਸ ਤਕ ਰੱਖੀ ਤੇ ਕਰਾ
ਮਾਤਾਂ ਭੀ ਬੇਸ਼ੁਮਾਰ ਲੋਗਾਂ ਨੂੰ ਦੇਖਾਉਂਦਾ ਰਿਹਾ ਜੋ ਹੁਣ ਤਕ ਸਾਰੇ ਪਹਾੜ ਵਿਚ ਮਸ਼ਹੂ
ਰ ਹਨ। ਆਖਰ ਮਰਨ ਲੱਗਿਆਂ ਉਹ ਦੋਵੇਂ ਚੀਜ਼ਾਂ ਦਰਿਯਾ ਵਿਚ ਸਿੱਟ ਗਿਆ। ਇਹ
ਹਾਲ ਮਾਲੂਮ ਮੰਡੀ ਦੀ ਤਵਾਰੀਖ ਵਿੱਚ ਸਰਲੈਪਲ ਗ੍ਰੀਫਨ ਸਾਹਿਬ ਨੇ ਲਿਖਿਆ ਹੈ।
ਭਾਵੇਂ ਬਾਬਾ ਬੰਦਾ ਤਾਂ ਆਪਣੀ ਜ਼ੋਰ ਤੇ ਸ਼ਕਤੀ ਜਿਸ ਦੇ ਬਲ ਨਾਲ ਉਹ ਹਮੇਸ਼ ਫਤੇ
ਪਾਉਂਦਾ ਤੇ ਲੋਗਾਂ ਨੂੰ ਦਬਾਉਂਦਾ ਰਹਿੰਦਾ ਸੀ ਗਵਾਇ ਕੇ ਗੁਰਦਾਸਪੁਰ ਵਿੱਚ ਚਲਾ ਆ
ਯਾ, ਪਰ ਫੇਰ ਭੀ ਅੱਸੂ ਮਹੀਨੇ ਸੰ: ੧੭੭੨ ਬਿ: ਨੂੰ ਬਾਬੇ ਬੰਦੇ ਨੇ ਆਪਣੀ ਹਿੰਮ
ਤ ਤੇ ਕਿਸਮਤ ਆਜ਼ਮਾਉਣ ਵਾਸਤੇ ਬਹੁਤ ਫੌਜ ਕੱਠੀ ਕਰ, ਮੁਸਲਮਾਨਾਂ ਤੋਂ ਲਾਹੌ
ਰ ਛੁਡਾਵਣ ਵਾਸਤੇ ਚੜ੍ਹਾਈ ਕੀਤੀ। ਇਸ ਨੂੰ ਖਿਆਲ ਸੀ ਕਿ ਮੇਰੇ ਨਾਲ ਸਿੱਖ ਨਾਲ
ੜਨਗੇ, ਏਹੋ ਸੋਚ ਕੇ ਸ਼ਾਲਾਮਾਰ ਬਾਗ ਪਾਸ ਜਾ ਉਤਰਿਆ। ਬਗਵਾਨਪੁਰੇ ਪਾਸ
ਦੋ ਦਿਨ ਭਾਰੀ ਲੜਾਈ ਹੋਈ, ਆਖਰ ਤੁਰਕਾਨੀ ਫੌਜ ਤਾਂ ਨੱਠ ਤੁਰੀ ਸੀ ਪਰ ਅਸਲ
ਮਖਾ ਸੂਬਾ ਸਿੱਖਾਂ ਨੂੰ ਲੈ ਕੇ ਆ ਪਹੁੰਚਿਆ, ਲੜਾਈ ਫੇਰ ਸ਼ੁਰੂ ਹੋਈ, ਬੰਦੇ ਨੇ ਸਿੱਖਾਂ
ਨਾਲ ਸਿੱਖ ਲੜਾਉਣੇ ਮੁਨਾਸਿਬ ਨਾ ਸਮਝ ਕੇ ਬਟਾਲੇ ਦੀ ਤਰਫ ਵਾਗ ਮੋੜ ਲ
ਈ। ਫੇਰ ਜਦ ਅੰਮ੍ਰਿਤਸਰ ਦੀਪਮਾਲਾ ਪਰ ਪੰਥ ਖਾਲਸਾ ਇਕੱਠਾ ਹੋਇਆ ਤਾਂ ਬਾਬੇ
ਬੰਦੇ ਨੇ ਅਰਦਾਸ ਦੇ ਕੇ ਆਪਣੇ ਵਕੀਲ ਤੱਤ ਖਾਲਸੇ ਪਾਸ ਭੇਜ ਕੇ ਆਖਿਆ ਮੁਸਲ
ਮਾਨਾਂ ਨੇ ਸਿਰਫ ਸਿੱਖ ਪੰਥ ਦੀ ਬਰਬਾਦੀ ਵਾਸਤੇ ਤੁਹਾਡੇ ਸਾਡੇ ਵਿਚ ਫਰਕ ਪਾ ਦਿੱਤਾ
ਹੈ ਇਹ ਸਾਨੂੰ ਪਾੜ ਕੇ ਮਾਰਿਆ ਚਾਹੁੰਦੇ ਹਨ। ਤੁਸੀਂ ਏਨਾਂ ਦੇ ਫਰੇਬ ਵਿੱਚ ਨਾ ਫਸੋ, ਜਹ
ਰ ਦੇ ਲੱਡੂ ਨਾ ਖਾਓ, ਗੁਰੂ ਗ੍ਰੰਥ ਸਾਹਿਬ ਦੇ ਇਹ ਬਚਨ ਮੰਨੋ ਜਥਾ (ਮਿਲਬੇ ਕੀ ਮ
ਹਿਮਾ ਬਰਨਨ ਸਾਕਉ ਨਾਨਕ ਪਰੈ ਪਰੀਲਾ।) ਤਾਂਤੇ ਆਪ ਸਾਡੇ ਨਾਲ ਇਤਫਾਕ ਕਰੋ

Digitized by Panjab Digital Library | www.panjabdigilib.org

੩੪ ਨਹੀਂ ਤਾਂ ਪਛੁਤਾਓਗੇ। ਅੱਗੋਂ ਤੱਤ ਖਾਲਸੇ ਦੇ ਅਗਵਾਨੀ ਸਿੰਘਾਂ ਅਰਥਾਤ ਨਿਹੰ
ਗਾਂ ਸਿੰਘਾਂ ਨੇ ਜਵਾਬ ਦਿੱਤਾ, ਕੇ ਜੇਕਰ ਤੁਸੀਂ ਮਿਲਣਾ ਚਾਹੁੰਦੇ ਹੋ ਤਾਂ ਸਾਰੇ ਬੰਦਈ ਸਿੰ
ਘਾਂ ਸਮੇਤ ਅੰਮ੍ਰਿਤਸਰ ਆ ਕੇ ਖੰਡੇ ਦੀ ਪਾਹੁਲ ਤੇ ਸੂਰ ਦਾ ਮਾਂਸ ਛਕੋ, ਨੀਲੇ ਦਸਤਾ
ਰੇ ਸਜਾਓ, ਤੱਤ ਖਾਲਸੇ ਦੀ ਰਹਤ, ਮਰਯਾਦਾ, ਬੋਲ ਚਾਲ ਧਾਰੋ, ਤਦ ਤੁਹਾਡਾ ਸਾਡਾ
ਮੇਲ ਹੋ ਸੱਕਦਾ ਹੈ, ਨਹੀਂ ਤਾਂ ਨਹੀਂ। ਇਹ ਜਵਾਬ ਸੁਣ ਕੇ ਬੰਦੇ ਨੇ ਚੁੱਪ ਧਾਰ ਲਈ।
੧੦੯ ਸਫ਼ੇ ਪਰ ਖ਼ੁਫ਼ੀਖਾਂ ਲਿਖਦਾ ਹੈ ਕਿ ਜਦ ਫੱਰੁਖਸਿਯਰ ਬਾਦਸ਼ਾਹ ਨੇ ਸਿੱਖਾਂ ਦੇ ਪੱਕੇ
ਪੱਕੇ ਦੋ ਪਕ੍ਰੇ ਬਣੇ ਹੋਏ ਦੇਖੇ ਤਾਂ ਸੂਬੇ ਲਾਹੌਰ ਤੇ ਕਾਸ਼ਮੀਰ ਦੇ ਨਾਮ ਹੁਕਮ ਜਾਰੀ ਕੀਤਾ ਕੇ
ਜਿਸ ਤਰਾਂ ਹੋ ਸਕੇ ਬੰਦੇ ਨੂੰ ਕੈਦ ਕਰਕੇ ਮੇਰੇ ਪਾਸ ਭੇਜੋ। ਜਲਾਲਦੀਨ ਤੂਰਾਨੀ ਜੰਗ
ਦਲੇਰ ਤੇ ਮੁਹੰਮਦ ਅਕਬਰਖਾਂ, ਮੀਰ ਮੁਹੰਮਦ, ਨਜ਼ਮੁੱਦੌਲਾ ਆਦਿਕ ਚੁਣੇ ਹੋਏ
ਫ਼ੌਜਦਾਰਾਂ ਨੂੰ ਬੀਸ ਹਜ਼ਾਰ ਫ਼ੌਜ ਦੇ ਕੇ ਦਿੱਲੀ ਤੋਂ ਰਵਾਨੇ ਕੀਤਾ। ਉਪਰੰਤ ਜ਼ਬਰਦਸਤ ਖਾਂ
ਸੂਬਾ ਕਸ਼ਮੀਰ, ਤੇ ਅਬਦੁਲਸਮੁੰਦਖਾਂ ਸੂਬਾ ਲਾਹੌਰੀ ਆਪਣੀ ਫ਼ੌਜ ਤੇ ਦੇਸੀ ਮੁ
ਸਲਮਾਨਾਂ ਨੂੰ ਇਕੱਠੇ ਕਰ ਕੇ ਚੜ੍ਹ ਆਏ। ਅਖਰ ਸੰ: ੧੭੭੮ ਬਿ: ਨੂੰ ਨੈਣੇ ਕੋਟ ਦੇ ਪਾ
ਸ ਬੀਸ ਬਾਈ ਹਜ਼ਾਰ ਬੰਦਈ ਸਿੱਖਾਂ ਨੇ ਬੜੇ ਜ਼ੋਰ ਸ਼ੋਰ ਨਾਲ ਮੁਕਾਬਲਾ ਕੀਤਾ, ਬੇ
ਸ਼ੁਮਾਰ ਆਦਮੀ ਘੋੜੇ ਦੋਹਾਂ ਤਰਫਾਂ ਦੇ ਮਾਰੇ ਗਏ, ਲਹੂ ਦੇ ਦਰੀਯਾ ਚੱਲ ਪਏ, ਸੱਤ,
ਅੱਠ ਕੋਸ ਵਿੱਚ ਲੋਥਾਂ ਪਰ ਲੋਥ ਚੜ੍ਹ ਗਈ। ਓੜਕ ਸੱਤ ਹਜ਼ਾਰ ਸਿੱਖ ਕਿਲੇ ਗੁਰ
ਦਾਸਪੁਰ ਵਿੱਚ ਬਾਬੇ ਬੰਦੇ ਪਾਸ ਜਾ ਰਹਿੰਦੇ। ਬਹੁਤ ਮਾਰੇ ਗਏ, ਬਹੁਤ ਨੱਠ ਗਏ, ਬੰ
ਦੇ ਨੂੰ ਭਾਈ ਨੇ ਐਸੀ ਪੁੱਠੀ ਭੁਵਾਲੀ ਦਿੱਤੀ ਜੋ ਕਿਲੇ ਵਿੱਚੋਂ ਬਾਹਰ ਨਾ ਨਿਕਲਿਆ, ਜੇ ਬ
ਹਰ ਹੋਕੇ ਲੜਦਾ ਤਾਂ ਹਾਰ ਨਾ ਦਿੰਦਾ। ਚਾਰ ਮਹੀਨੇ ਤਕ ਅੰਦਰੋਂ ਲੜਦਾ ਰਿਹਾ, ਮੁਸ
ਲਮਾਨ ਕਿਲੇ ਨੂੰ ਤੋੜ ਨਾ ਸੱਕੇ, ਓੜਕ ਘੇਰਾ ਘੱਤ ਕੇ ਬੈਠ ਰਹੇ। ਬੰਦੇ ਨੂੰ ਭਰੋਸਾ ਸੀ
ਕਿ ਮੈਂ ਤੱਤ ਖਾਲਸੇ ਦੀ ਮਦਦ ਬਹੁਤ ਕੀਤੀ ਹੈ ਸੋ ਮੇਰੀ ਮਦਦ ਪੰਥ ਕਰੇਗਾ, ਬਾਹ
ਰੋਂ ਤੇ ਛਾਪੇ ਮਾਰ ਮਾਰ ਤੁਰਕਾਂ ਦਾ ਘੇਰਾ ਉਠਾ ਦੇਵੇਗਾ। ਪਰ ਤੱਤ ਖਾਲਸੇ ਤੋਂ ਕੁ
ਛ ਨਾ ਬਣ ਆਈ, ਮੁਸਲਮਾਨਾਂ ਦੇ ਮਸਲੇ ਮੰਨ ਬੈਠੇ, ਏਸੇ ਵਾਸਤੇ ਉਡੀਕ ਕੇ ਤੱਤ
ਖਾਲਸੇ ਨੂੰ ਸਰਾਪ ਦਿੱਤਾ ਕਿ ਤੁਸੀਂ ਭੀ ਤੁਰਕਾਂ ਦੇ ਹੱਥੋਂ ਮੇਰੇ ਨਾਲੋਂ ਅਧਿਕ ਦੁਖ ਪਾ
ਓਗੇ। ਜਦ ਕਿਲੇ ਦੇ ਅੰਦਰ ਕੋਈ ਚੀਜ਼ ਖਾਣ ਦੀ ਨਾ ਰਹੀ ਤਾਂ ਅਨੇਕ ਸਿੱਖ ਭੁੱਖੇ ਮ
ਰਦੇ ਨਿਕਲ ਗਏ। ਫੇਰ ਅਬਦੁਲ ਸਮੁੰਦਖਾਂ ਨੇ ਇਕ ਝੰਡਾ ਗਡਾਇ ਕਰ ਹੁਕਮ

ਜੰਗ ਗੁਰਦਾਸਪੁਰ

ਦਿੱਤਾ ਜੋ ਕੋਈ ਸਿੱਖ ਹਥਿਆਰ ਸਿੱਟ ਕੇ ਇਸ ਝੰਡੇ ਹੇਠ ਆ ਜਾਇਗਾ ਉਸ ਨੂੰ ਰਸਤੁ ਪਾਣੀ ਦੇ ੩੫
ਕੇ ਘਰ ਪਹੁੰਚਾਇਆ ਜਾਵੇਗਾ। ਇਸ ਹੁਕਮ ਨੂੰ ਸੁਣ ਕੇ ਬਹੁਤ ਸਿੱਖ ਅਧਮਰੇ, ਮਜਨੂੰ ਦੀ
ਸੂਰਤ ਬਣੇ ਹੋਏ, ਭੁੱਖ ਦੇ ਮਾਰੇ ਨਿਗਾਰੇ ਫਿਰਦੇ ਉਸ ਝੰਡੇ ਹੇਠ ਆ ਗਏ। ਪਹਿਲੇ ਤਾਂ
ਉਨ੍ਹਾਂ ਨੂੰ ਹਿੰਦੂਆਂ ਤੋਂ ਪ੍ਰਸਾਦ ਛਕਾਉਂਦਾ ਰਿਹਾ ਫੇਰ ਆਪਣੀ ਜ਼ਬਾਨ ਆਪੇ ਕੱਟ ਕੇ ਸ
ਬ ਸਿੱਖ ਕਤਲ ਕਰਾ ਸੁੱਟੇ। ਇਹ ਹਾਲ ਸੁਣ ਕੇ ਬੰਦੇ ਨੂੰ ਭੀ ਉਸ ਦੀ ਬਹਾਦਰੀ ਨੇ ਬੈਠ
ਣ ਨਾ ਦਿੱਤਾ। ਚਾਰ ਕ ਹਜ਼ਾਰ ਸਿੱਖ ਜੋ ਕਿਲੇ ਅੰਦਰ ਭੁੱਖੇ ਪਿਆਸੇ ਸੇ ਸਭ ਨੂੰ ਨਾਲ ਲੈ
ਕੇ ਬਾਹਰ ਆ ਗਿਆ, ਸਿੰਘ ਭੀ ਮਰਣਾ ਮੰਡ ਕੇ ਕਮਰ ਤੇ ਪੇਟ ਕਸ ਕਸ ਤੇਗਾਂ ਸੂ
ਤ ੨ ਮੁਸਲਮਾਨਾਂ ਦੇ ਲਸ਼ਕਰ ਵਿੱਚ ਜੋ ਕਾਲੀ ਘਟਾਂ ਦੀ ਤਰਾਂ ਉਮਡ ਰਿਹਾ ਸੀ, ਬਿ
ਜਲੀ ਵਾਂਗੂ ਧਸ ਗਏ, ਆਪ ਤੋਂ ਆਪ ਚੌਗੁਣਿਆਂ ਨੂੰ ਮਾਰ ਕੇ ਭੁੱਖ ਦੇ ਮਾਰੇ ਕਮਜ਼ੋਰ
ਬੇਹੋਸ਼ ਹੋ ਹੋ ਕਰ ਗਿਰ ਪਏ, ਬਹੁਤ ਸ਼ਹੀਦ ਹੋਏ, ਕੁਛ ਫੜੇ ਗਏ। ਲਿਖਿਆ ਹੈ ਕੇ
ਜਦ ਬੰਦਾ ਬਹਾਦਰ ਤੁਰਕੀ ਫੌਜ ਦੇ ਘੇਰੇ ਵਿੱਚ ਆ ਗਿਆ ਤਾਂ ਫੜਨ ਵਾਸਤੇ ਉਸ ਦੇ
ਸਾਹਮਣੇ ਕੋਈ ਨਾ ਜਾਵੇ। ਓਹ ਕ ਕਦਮ ੨ ਚੁਫੇਰੇ ਤੋਂ ਵਧ ਕੇ ਜਦ ਨੇੜੇ ਢੁੱਕੇ ਤਾਂ ਇਕ
ਤਰਫ ਨੂੰ ਬੰਦਾ ਝੁਕਿਆ, ਜਿਸ ਨਾਲ ਅਨੇਕ ਦਹਿਸ਼ਤ ਖਾ ਕੇ ਗਿਰ ਗਏ, ਪਚਾਸ ਆ
ਦਮੀ ਕਤਲ ਹੋਏ ਤਾਂ ਪਕੜਿਆ ਗਿਆ, ਫੇਰ ਦਿੱਲੀ ਨੂੰ ਭੇਜਿਆ ਗਿਆ।
ਹੁਣ ਏਥੇ ਤਵਾਰੀਖਾਂ ਵਾਲੇ ਅੰਧੇਰ ਪਾਉਂਦੇ ਹਨ, ਕੋਈ ਮੁਸਲਮਾਨ ਜੰਬੂਰਾਂ ਨਾਲ ਮਾਸ
ਤੋੜ ਤੋੜ ਮਾਰਿਆ ਲਿਖਦਾ ਹੈ। ਕੋਈ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ੨ ਮਾਰਿਆ
ਆਖਦਾ ਹੈ, ਕੋਈ ਕਹਿੰਦਾ ਹੈ ਟੁਕੜੇ ੨ ਕਰ ਕੁੱਤੇ ਚੀਲਾਂ ਨੂੰ ਖੁਲਾਯਾ, ਕੋਈ ਦਸਦਾ ਹੈ
ਪਹਿਲੇ ਅੰਧਾ ਕਰ ਕੇ ਫੇਰ ਜਮਨਾ ਕਿਨਾਰੇ ਕਤਲ ਕਰਾ ਸੁਟਿਆ। ਇਸੇ ਤਰਾਂ ਅੰਗ੍ਰੇ
ਜ਼ੀ ਹਿਸਟਰੀਆਂ (ਤਵਾਰੀਖਾਂ) ਦੀ ਇਕ ਰਾਯ ਨਹੀਂ ਬਿਦਈ ਸਿੰਘ ਕੁਛ ਹੋਰ ਹੀ ਬਤਾ
ਉਂਦੇ ਹਨ। — ਹੁਣ ਅਸੀਂ ਇਨ੍ਹਾਂ ਸਭਨਾਂ ਦਾ ਤੱਥ ਅਰਥਾਤ ਸੱਚ ੨ ਜ਼ਾਹਰ ਕਰਦੇ ਹਾਂ,
ਜਦ ਫਗਣ ਸੰ: ੧੭੭੮ ਬਿ: ਨੂੰ ਪੰਜ ਸੌ ਸਿੰਘ ਤੇ ਇਕ ਬੇਟੇ ਸਮੇਤ ਬੰਦਾ ਬਹਾਦਰ ਕੈ
ਦ ਹੋ ਕੇ ਲਾਹੌਰ ਪਹੁੰਚਿਆ ਤਾਂ ਜਿਸ ਸੂਬੇ ਵਜ਼ੀਰ ਖਾਂ ਨੂੰ ਸਿਮਾਣੇ ਵਿੱਚ ਨਾਹਰ ਸਿੰਘ ਨੇ
ਮਾਰਿਆ ਸੀ ਉਸ ਦੀ ਮਾਂ ਬੁਢੀ ਆ ਇਕ ਦੁਕਾਨ ਦੀ ਛੱਤ ਉੱਤੇ ਪੱਥਰ ਲੈ ਕੇ ਖੜੀ ਹੋ ਰਹੀ
ਸੀ। ਜਦ ਨਾਹਰ ਸਿੰਘ ਉਸ ਰਸਤੇ ਆਂਵਦਾ ਲੋਗਾਂ ਨੇ ਬਤਾਯਾ ਤਾਂ ਉਸ ਬੁੱਢੀ ਨੇ ਐਸਾ
ਪੱਥਰ ਮਾਰਿਆ ਜੋ ਨਾਹਰ ਸਿੰਘ ਦੀ ਜਾਨ ਲੈ ਗਿਆ, ਇਸ ਨੂੰ ਦੇਖ ਕਰ ਹੋਰ ਲੋਗ ਭੀ

Digitized by Panjab Digital Library | www.panjabdigilib.org

੩੯ ਸਿੰਘਾਂ ਨੂੰ ਪੱਥਰ ਇੱਟਾਂ ਮਾਰਨ ਲੱਗੇ ਤਦ ਸੂਬੇ ਨੇ ਏਨ੍ਹਾਂ ਨੂੰ ਫੇਰ ਨਾ ਦਿੱਲੀ ਵੱਲ ਰਵਾਨਾ
ਕਰ ਦਿੱਤਾ। ਸਿੰਘ ਗੱਡਿਆਂ ਵਿੱਚ ਬੈਠੇ ਸ਼ਬਦ ਗਾਉਂਦੇ ਹੋਏ ਚਲੇ ਗਏ। ਜਦ ਦਿੱਲੀ ਪ
ਹੁੰਚੇ ਤਾਂ ਬਾਦਸ਼ਾਹ ਨੇ ਬੰਦੇ ਪਾਸੋਂ ਬੰਦੇ ਦਾ ਪੁੱਤ੍ਰ ਮਰਵਾ ਕੇ ਪੁੱਛਿਆ ਤੈਨੂੰ ਕੇਹੜੀ ਮੌਤ ਮਾਰੀ
ਏ। ਬੰਦਾ ਬੋਲਿਆ ਜਿਸ ਮੌਤ ਨਾਲ ਤੂੰ ਮਰਨਾ ਚਾਹੁੰਦਾ ਹੈਂ ਉਸੇ ਨਾਲ ਮਾਰ। ਸ਼ਾਹ ਨੇ ਗੁੱਸੇ
ਹੋ ਕੇ ਜੰਬੂਰਾਂ ਨਾਲ ਰੋਜ਼ ਥੋੜਾ ੨ ਮਾਸ ਤੋੜਨ ਦਾ ਹੁਕਮ ਦਿੱਤਾ। ਜਦ ਦੋ ਦਿਨ ਮਾਸ ਤੋੜਿਆ
ਤੇ ਬੰਦੇ ਨੇ ਜ਼ਰਾ ਪੀੜ ਨਾ ਮੰਨੀ ਤਾਂ ਵਜ਼ੀਰ ਨਜ਼ਮੁੱਦੌਲਾ ਜੋ ਵੇਖ ਰਿਹਾ ਸੀ, ਉਸ ਨੇ ਹੈਰਾਨ ਹੋ ਕੇ
ਪੁੱਛਿਆ, ਤੂੰ ਪੀੜ ਕਿਉਂ ਨਹੀਂ ਮੰਨਦਾ, ਕਿਸੇ ਦੇ ਕੋਠੇ ਦੀ ਕੰਧ ਕੋਈ ਹੋਰ ਢਾਹੁੰਦਾ ਹੈ ਤਾਂ ਕੋਠੇ
ਵਾਲਾ ਸਹਾਰ ਨਹੀਂ ਸੱਕਦਾ, ਤੂੰ ਖੁਸ਼ੀ ਖੁਸ਼ੀ ਪ੍ਰਸੰਨ ਬੈਠਾ ਹੈਂ ਏਹ ਕੀ ਕਾਰਣ ਹੈ। ਬੰਦੇ ਨੇ
ਆਖਿਆ ਏਹ ਬ੍ਰਹਮ ਗਿਆਨ ਤੇ ਸੱਚੀ ਸੂਰਬੀਰਤਾ ਧਾਰਣ ਦਾ ਫਲ ਹੈ, ਦੁਖ ਸੁਖ ਮੰਨਣਾ
ਮਨ ਦਾ ਧਰਮ ਹੈ, ਮੈਂ ਮਨ ਨੂੰ ਰੋਕ ਰੱਖਿਆ ਹੈ ਤੇ ਨਿਸ਼ਚੈ ਕਰ ਲਿਆ ਹੈ ਕਿ ਮੈਂ ਦੇਹ ਤੋਂ ਨਿਆਰ
ਾ ਹਾਂ, ਜੇਹੜਾ ਆਦਮੀ ਇਸ ਬਿਤ ਬੁਧੀ ਵਾਲਾ ਕੋਠਾ ਛੱਡ ਕੇ ਤੁਰ ਚੱਲਿਆ ਹੈ ਤੇ ਫੇਰ ਉਸ ਨੇ
ਉਸ ਕੋਠੇ ਵਿਚ ਨਹੀਂ ਆਉਣਾ ਉਹ ਕੋਠੇ ਦੇ ਢਹਣੇ ਤੋਂ ਦੁਖੀ ਨਹੀਂ ਹੁੰਦਾ। (ਸਵਾਲ) ਤੂੰ ਐ
ਸਾ ਫਕੀਰ ਬ੍ਰਹਮ ਗਿਆਨੀ ਹੋ ਕੇ ਮੁਸਲਮਾਨਾਂ ਨੂੰ ਅਤੀ ਦੁਖ ਕਿਉਂ ਦਿੱਤੇ, ਕਬਰਾਂ ਵਿੱਚੋਂ
ਹੱਡੀਆਂ ਕਢਾ ਕੇ ਫੂਕੀਆਂ, ਜੀਉਂਦੇ ਆਦਮੀ ਜਲਾਏ, ਬੱਚੇ ਮਰਵਾਏ, ਹਰ ਰੋਜ਼ ਪੰਜ ਸੱ
ਤ ਮੁਸਲਮਾਨ ਮਾਰ ਕੇ ਅਸਵਾਰ ਹੁੰਦਾ ਰਿਹਾ ਸੋ ਐਤਨਾ ਦ੍ਵੈਸ਼ ਕਿਉਂ ਕੀਤਾ। (ਜਵਾਬ)
ਏਹ ਸਬ ਕੁੱਛ ਰੱਬ ਦੇ ਹੁਕਮ ਨਾਲ ਹੋਯਾ ਹੈ, ਜਦ ਮੁਸਲਮਾਨਾਂ ਨੇ ਅਤੀ ਜ਼ੁਲਮ ਹਿੰਦੂ
ਆਂ ਉੱਤੇ ਕੀਤੇ ਤਾਂ ਉਨ੍ਹਾਂ ਪਾਪਾਂ ਦਾ ਫਲ ਮੁਸਲਮਾਨਾਂ ਨੂੰ ਛਕਾਉਣ ਵਾਸਤੇ ਰੱਬ ਨੇ ਮੈਨੂੰ ਜ
ਲਾਦ ਬਣਾਯਾ। (ਸ:) ਤੂੰ ਐਡਾ ਵੱਡਾ ਕਰਾਮਾਤੀ ਹੋ ਕੇ ਮੁਸਲਮਾਨਾਂ ਦੀ ਕੈਦ ਵਿੱਚ
ਕਿਉਂ ਆਯਾ। (ਜ:) ਏਹ ਮੇਰੀ ਭੁੱਲ ਦਾ ਫਲ ਹੈ, ਜੇਕਰ ਮੈਂ ਆਪਣੇ ਗੁਰੂ ਗੋਬਿੰਦ ਸਿੰ
ਘ ਸਾਹਿਬ ਦੇ ਹੁਕਮ ਵਿੱਚ ਰਹਿੰਦਾ ਤਾਂ ਕਿਸੇ ਦੀ ਕੀ ਮਜਾਲ ਸੀ ਜੋ ਮੈਨੂੰ ਫੜ ਸਕਦਾ
। (ਸ:) ਤੂੰ ਅਜ਼ਮਤੀ ਹੋ ਕੇ ਹੁਣ ਕਸ਼ਟ ਕਿਉਂ ਸਹਾਰਦਾ ਹੈਂ, ਕੈਦ ਵਿੱਚੋਂ ਨਿਕਲ ਜਾਂਦਾ। (ਜ:)
ਨਿਕਲ ਤਾਂ ਜਾਵਾਂ ਪਰ ਜੇਹੜੇ ਕੰਮ ਗੁਰੂ ਦੇ ਹੁਕਮ ਤੋਂ ਵਧ ਕੇ ਮੈਂ ਕੀਤੇ ਹਨ ਉਨ੍ਹਾਂ ਦਾ ਨਤੀ
ਜਾ ਫੇਰ ਦੇਹ ਧਾਰ ਕੇ ਭੋਗਣਾ ਪਵੇਗਾ, ਉਹ ਕਸ਼ਟ ਏਸੇ ਦੇਹ ਵਿਚ ਭੁਗਤਣਾ ਚੰਗਾ ਹੈ।
ਏਹ ਸਬ ਬਾਤਾਂ ਵਜ਼ੀਰ ਨੇ ਜਦ ਬਾਦਸ਼ਾਹ ਪਾਸ ਜਾ ਕੇ ਦੱਸੀਆਂ ਤਾਂ ਸ਼ਾਹ ਨੇ ਆਖਿਆ, ਐ
ਸਾ ਕਾਮਲ ਸ਼ਖਸ ਮਾਰਨਾ ਚੰਗਾ ਨਹੀਂ, ਜੇਕਰ ਦੀਨ ਮੰਨੇ ਤਾਂ ਛੱਡਿਆ ਜਾਵੇ। ਜਦ ਬੰਦੇ

Digitized by Panjab Digital Library | www.panjabdigilib.org

ਨੂੰ ਦੀਨ ਮੰਨਣ ਲਈ ਆਖਿਆ ਤਾਂ ਉਸਨੇ ਹਜ਼ਾਰ੨ ਗਾਲ ਤੇ ਲਾਨਤਾਂ ਦੀਨ ਮੁਹੰਮਦੀ ਨੂੰ ਦਿੱਤੀਆਂ, ਜਿਸਤੋਂ ਬਾਦਸ਼ਾਹ ਨੇ ਖਫਾ ਹੋਕੇ ਹਾਥੀ[੧] ਦੇ ਪੈਰ ਨਾਲ ਬੰਧਵਾ ਦਿੱਤਾ ਤੇ ਘਸੀਟ ਕਰ ਮਾਰਨ ਦਾ ਹੁਕਮ ਦੇ ਦਿੱਤਾ। ਓਸੇ ਘਸੀਟ ਵਿਚ ਬਾਬੇ ਬੰਦੇ ਨੇ ਆਪਣੇ ਪ੍ਰਾਣ ਦਸਵੇਂ ਦੁਆਰ ਚੜ੍ਹਾ ਲਏ। ਮੁਸਲਮਾਨਾਂ ਨੇ ਮੁਰਦਾ ਸਮਝਕੇ ਜਮਨਾ ਕਿਨਾਰੇ ਸੁਟਵਾ ਦਿੱਤਾ। ਬੰਦੇ ਦੇ ਚੇਲੇ ਜੋ ਮਾਈ ਰਾਮ ਦੇਈ ਬੰਦੇ ਦੀ ਔਰਤ ਦੇ ਭੇਜੇ ਹੋਏ ਮੁਸਲਮਾਨੀ ਲਿਬਾਸ ਧਾਰਕੇ ਓਥੇ ਫਿਰ ਰਹੇ ਸੇ ਰਾਤ ਪਈ ਬੰਦੇ ਨੂੰ ਚੁੱਕ ਕੇ ਪੰਜਾਬ ਵਿੱਚ ਠੱਕੂਰਭੂਰੋਂ ਪਿੰਡ ਪਰਗਨੇ ਸ਼ਕਰਪੁਰ ਬੰਦੇ ਦੀ ਇਸਤ੍ਰੀ ਪਾਸ ਲੈ ਆਏ, ਉਸਨੂੰ ਪ੍ਰਾਣ ਉਤਾਰ ਲੈਣੇ ਆਂਵਦੇ ਸੇ, ਮਾਲਸ਼ ਕਰਨੇ ਕਰ ਪ੍ਰਾਣ ਉਤਰ ਆਏ। ਮਿਹਰ ਸਿੰਘ ਮਾਸ਼ਕੀ ਗੁਰੂ ਗੋਬਿੰਦ ਸਿੰਘ ਜੀ ਦਾ ਜਿਲੇ ਝੰਗ ਤਹਸੀਲ ਸ਼ੋਰਕੋਟ, ਡੱਬ ਪਿੰਡ ਦੇ ਰਹਣ ਵਾਲਾ ਅਰੋੜਾ ਸਿੱਖ ਤੇ ਬੁਲਾਕੀ ਮਸੰਦ ਉਸਦੇ ਸਦਾ ਏਹ ਦੋਵੇਂ ਬਾਬੇ ਬੰਦੇ ਨੂੰ ਮਿਲੇ। ਇਨ੍ਹਾਂ ਨੇ ਚਾਹਿਆ, ਬੰਦੇ ਨੂੰ ਪ੍ਰਗਟ ਕਰਕੇ ਪੁਜਵਾਈਏ ਪਰ ਬਾਬੇ ਬੰਦੇ ਨੇ ਸਿੰਘ ਪੰਥ ਦਾ ਜਥੇਦਾਰ ਹੋਣੇ ਵਿੱਚ ਬਹੁਤ ਕਲੇਸ਼ ਦੇਖ ਕੇ ਮੇਹਰ ਸਿੰਘ ਤੇ ਬੁਲਾਕੀ ਮਸੰਦ ਨੂੰ ਨਾਲ ਲੈ ਲਿਆ ਤੇ ਆਪਣੀਆਂ ਦੋਹਾਂ ਇਸਤ੍ਰੀਆਂ ਸਮੇਤ ਜੰਮੂ ਦੇ ਇਲਾਕੇ ਪਹਾੜ ਵਿੱਚ ਚਲਾ ਗਿਆ ਤੇ ਪਰਗਨੇ ਰਿਆਸੀ ਭੂੱਬਰ ਪਿੰਡ ਪਾਸ ਚੰਦ੍ਰਭਾਗਾ ਦਰੀਯਾ ਕਿਨਾਰੇ ਇਕ ਪਹਾੜੀ ਗੁਫਾ ਵਿੱਚ ਸਾਰੀ ਉਮਰ ਗੁਜ਼ਾਰੀ।

ਬੰਦੇ ਸਾਹਿਬ ਦੇ ਦੋਵੇਂ ਬੇਟੇ ਤਾਂ ਪਹਿਲੇ ਹੀ ਮਾਰੇ ਗਏ ਸੇ ਫੇਰ ਸੰ: ੧੭੮੩ ਬਿ: ਨੂੰ ਵਜ਼ੀਰਾਬਾਦ ਵਾਲੀ ਸਾਹਿਬ ਕੌਰ ਵਿੱਚੋਂ ਇਕ ਬੇਟਾ ਅਜੀਤ ਸਿੰਘ ਹੋਇਆ। — ਮਿਹਰ ਸਿੰਘ ਤੇ ਬੁਲਾਕੀ ਮਸੰਦ ਬੰਦੇ ਦੀ ਸੰਗਤ ਨੂੰ ਨਾਲ ਲੈਕੇ ਹਰ ਸਾਲ ਬਾਬੇ ਬੰਦੇ ਪਾਸ ਜਾਂਦੇ ਰਹੇ ਤੇ ਸਭ ਸਿੱਖ ਦਸਵੰਧ ਦਿੰਦੇ ਰਹੇ ਅਤੇ ਹੁਣ ਭੀ ਦਿੰਦੇ ਹਨ। ਮਿਹਰ ਸਿੰਘ ਦਾ ਪੋਤਾ ਦਿਲਬਰ ਮਸੰਦ ਸੰਗਤਾਂ ਨੂੰ ਲੈ ਜਾਂਦਾ ਰਿਹਾ। ਹੁਣ ਉਸਦਾ ਪੋਤਾ ਭਾਈ ਗੁਰਮੁਖ ਸਿੰਘ ਲੈ-

੧ ਏਸੇ ਤਰਾਂ ਘਸੀਟ ਵਿੱਚ ਹੀ ਏਹ ਫਰੁਖਸਿਯਰ ਮਰਿਆ ਸੀ ਕਯੋਂਕੇ ਏਸਦੀ ਤੇ ਵਜ਼ੀਰ ਅਬਦੁੱਲਾ ਖਾਂ ਦੀ ਬਿਗੜ ਗਈ ਸੀ ਵਜ਼ੀਰ ਨੇ ਏਸਨੂੰ ਪਹਿਲੇ ਅੰਧਾ ਕਰਕੇ ਕੈਦ ਕਰ ਦਿੱਤਾ ਤੇ ਏਸਦਾ ਪੁਤ੍ਰ ਮੁਹੰਮਦਸ਼ਾਹ ਤਖਤ ਉੱਤੇ ਬੈਠਾ ਦਿੱਤਾ। ਫੇਰ ਇਕ ਦਿਨ ਏਹ ਨਫਰਾਂ ਨਾਲ ਸਲਾਹ ਕਰਕੇ ਰਾਤ ਨੂੰ ਕੈਦ ਵਿਚੋਂ ਲਖਨਊ ਨੂੰ ਨੱਠ ਤੁਰਿਆ ਪਰ ਵਜ਼ੀਰ ਨੇ ਜਾ ਫੜਿਆ ਤੇ ਏਸਦੀ ਖਲੜੀ ਛਮਕਾਂ ਮਾਰ ਮਾਰ ਉਡਾਈ ਫੇਰ ਬਹੁਤ ਬੁਰ ਸਖਤੀ ਏਸਦੇ ਪੁੱਤ੍ਰ ਨੇ ਕਿਲੇ ਦੇ ਅੰਦਰ ਫਿਰਨ ਦਾ ਹੁਕਮ ਦਿੱਤਾ, ਘੋੜੀ ਉਪਰ ਇਕ ਦਿਨ ਫਿਰ ਰਿਹਾ ਸੀ ਜੋ ਪੈਰ ਰਕਾਬ ਵਿਚ ਫਸ ਗਿਆ ਤੇ ਘੋੜੀ ਨੇ ਦੌੜ੨ ਕੇ ਘਸੀਟ ਕਰ ਮਾਰ ਛੱਡਿਆ।

੩੮ ਜਾਂਦਾ ਹੈ। ਬਾਬੇ ਬੰਦੇ ਦੀ ਰਾਜਾ ਰਤਨ ਦੇਉ ਜੰਮੂ ਵਾਲਾ ਬਹੁਤ ਸੇਵਾ ਕਰਦਾ ਰਿਹਾ। ਲਿਖਿਆ ਹੈ ਕਿ ਏਸ ਰਾਜਾ ਨੇ ਬੰਦੇ ਤੋਂ ਉਪਦੇਸ਼ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਐਸੀ ਉਪਾਸ਼ਨਾ ਕੀਤੀ ਜੋ ਪ੍ਰਤੱਖ ਦਰਸ਼ਨ ਹੁੰਦਾ ਰਿਹਾ। ਸੰ: ੧੭੯੩ ਬਿ: ਫਗਨ ਸੁਦੀ ਪੂਨਿਓ ਨੂੰ ਬਾਬੇ ਬੰਦੇ ਨੇ ਦੇਹ ਛੱਡੀ, ਏਸਦਾ ਦੇਹੁਰਾ ਏਥੇ ਬਹੁਤ ਫੱਬਾ ਤੇ ਸੁੰਦਰ ਬਣਿਆ ਹੋਯਾ ਹੈ, ਕਈ ਲੱਖ ਰੁਪਏ ਦਾ ਸੋਨਾ ਚੜ੍ਹਿਆ ਹੋਯਾ ਹੈ ਤੇ ਚਾਂਦੀ ਦੇ ਦਰਵਾਜ਼ੇ ਹਨ, ਜਿਸ ਥੱਪਲ ਤੇ ਬੋਹੜ ਬ੍ਰਿੱਛ ਹੇਠਾਂ ਬੈਠ ਕੇ ਬੰਦਾ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦਿੰਦਾ ਹੁੰਦਾ ਸੀ ਉਹ ਹੁਣ ਤਕ ਹਨ। ਹਰ ਸਾਲ ਮੇਲਾ ਹੋਲੇ ਨੂੰ ਭਰਦਾ ਹੈ, ਏਥੋਂ ਦਾ ਮਹੰਤ ਹੁਣ ਤੇਜਾ ਸਿੰਘ ਹੈ ਏਹ ਬੰਦੇ ਦੀ ਸੰਤਾਨ ਕਹਾਉਂਦੇ ਹਨ, ਸਾਰਾ ਹਾਲ ਪੰਜਵੇਂ ਹਿੱਸੇ ਵਿੱਚ ਹੈ।

ਸ਼ਿਜਰਾ ਬੰਦੇ ਦੀ ਸੰਤਾਨ ਦਾ।

ਬਾਬਾ ਬੰਦਾ
- ਅਜੀਤ ਸਿੰਘ
  - ਜੁਝਾਰ ਸਿੰਘ
    - ਫਤੇ ਸਿੰਘ
  - ਜੋਰਾਵਰ ਸਿੰਘ
    - ਅਰਜਨ ਸਿੰਘ
      - ਖੜਕ ਸਿੰਘ
        - ਦਯਾ ਸਿੰਘ
          - ਤੇਜਾ ਸਿੰਘ

ਜੋ ਹੜ੍ਹੇ ਪੰਜ ਸੌ ਸਿੱਖ ਬੰਦੇ ਦੇ ਨਾਲ ਫੜੇ ਹੋਏ ਦਿੱਲੀ ਨੂੰ ਗਏ ਸੇ ਉਨ੍ਹਾਂ ਦੀ ਅਜਬ ਕਹਾਣੀ ਅਨੇਕ ਤਵਾਰੀਖਾਂ[1] ਵਿੱਚ ਲਿਖੀ ਹੈ ਪਰ ਮੀਆਂ ਖਫੀਖਾਂ ਲਿਖਦਾ ਹੈ ਕਿ ਮੈਂ ਆਪਣੀ ਅੱਖੀਂ ਦੇਖਿਆ ਹੈ ਕਿ ਜਦ ਬੰਦੇ ਦੇ ਨਾਲ ਬਹੁਤ ਸਿੱਖ ਫੜੇ ਆਏ ਤੇ ਪਰਾਸ ਪਰਾਸੋਂ ਰੋਜ਼ ਚਾਨਣੀ ਚੌਕ ਵਿਚ ਕਤਲ ਹੋਣ ਦਾ ਹੁਕਮ ਹੋਯਾ ਤਾਂ ਹਰ ਇਕ ਸਿੱਖ ਬੜੀ ਖੁਸ਼ੀ ਨਾਲ ਬਾਬੇ ਨਾਨਕ ਦੇ ਸ਼ਬਦ ਗਾਂਉਂਦੇ ਹੋਏ ਦੌੜ ਦੌੜ ਕੇ ਇਕ ਤੋਂ ਅੱਗੇ ਇਕ ਗਰਦਨ ਝੁਕਾ ਕੇ ਸ਼ਹੀਦ ਹੁੰਦੇ ਸੇ, ਹਜ਼ਾਰਾਂ ਆਦਮੀ ਅਮੀਰ ਗਰੀਬ ਦੇਖਣ ਆਉਂਦੇ ਕੋਈ ਉਨ੍ਹਾਂ ਨੂੰ ਸੌਦਾਈ ਦੱਸਦਾ, ਕੋਈ ਹਕੀਕੀ ਇਸ਼ਕ ਵਿੱਚ ਡੁੱਬੇ ਹੋਏ ਬਤਾਉਂਦਾ ਸੀ ਪਰ ਉਨ੍ਹਾਂ ਦੇ ਸਿਦਕ ਈਮਾਨ ਦੇਖ ਕੇ ਹਿੰਦੂ ਮੁਸਲਮਾਨ ਕੁਰਬਾਨ ਹੁੰਦੇ ਸੇ, ਉਨ੍ਹਾਂ ਵਿੱਚੋਂ ਇਕ ਰੰਡੀ ਦਾ ਪੁੱਤ੍ਰ ਚੜ੍ਹਦੀ ਜੁਆਨੀ ਅਤੀ ਸੁੰਦਰ ਸੀ, ਉਸਦੀ ਮਾਂ ਨੇ ਅਨੇਕ ਅਰਜ਼ੀਆਂ ਦਿੱਤੀਆਂ ਪਰ ਸੁਣਾਈ ਨਾ ਹੋਈ ਆਖਰ ਇਕ ਦਿਨ ਉਹ ਬੁੱਢੀ ਦੌੜ ਕੇ ਬਾਦਸ਼ਾਹ ਦੀ ਅਸਵਾਰੀ ਅੱਗੇ ਗਿਰ ਪਈ, ਬਾਦਸ਼ਾਹ ਨੇ ਪੁੱਛਿਆ ਤਾਂ ਉਸਨੇ ਆਖਿਆ ਮੇਰਾ ਰੰਡੀ ਦਾ ਇਹ ਇੱਕੋ ਪੁਤ੍ਰ ਹੈ ਤੇ ਹੁਣੇ ਹੀ ਬਿਆਹਿਆ ਹੈ ਤੇ ਏਹ ਸਿੱਖ ਭੀ ਨਹੀਂ ਹੈ ਸ਼ੁਬ੍ਹੇ ਵਿੱਚ ਫੜਿਆ ਗਿਆ।

[1] ਦੇਖੋ ਤਵਾਰੀਖ ਮੁਨਤਖਿਬਾਤੇ ਖਫੀਖਾਂ ਸਫਾ ੪੫੬ ਕੋ।

ਹੈ ਅੱਜ ਉਸਦੇ ਕਤਲ ਦੀ ਵਾਰੀ ਹੈ, ਮੈਂ ਚਾਹੁੰਦੀ ਹਾਂ ਕਿ ਪੁੱਤ੍ਰ ਦੇ ਕਤਲ ਹੋਣ ਤੋਂ ਪਹਿਲਾਂ ਮੈਂ ਮਰ ਜਾਵਾਂ ਤੇ ਪੁੱਤ੍ਰ ਨੂੰ ਕਤਲ ਹੁੰਦਾ ਨਾ ਦੇਖਾਂ, ਬਾਦਸ਼ਾਹ ਨੇ ਉਸਦੇ ਛੱਡਣ ਦਾ ਹੁਕਮ ਦਿੱਤਾ। ਦਾਰੋਗੇ ਨੇ ਸ਼ਾਹੀ ਹੁਕਮ ਅਨੁਸਾਰ ਉਸ ਨੂੰ ਛੱਡ ਦਿੱਤਾ ਪਰ ਉਸ ਜਵਾਨ ਨੇ ਪੁਕਾਰ ਕੇ ਆਖਿਆ ਕਿ ਏਹ ਬੁੱਢੀ ਝੂਠੀ ਹੈ ਜੋ ਆਖਦੀ ਹੈ ਮੇਰਾ ਬੇਟਾ ਸਿੱਖ ਨਹੀਂ, ਮੈਂ ਸੱਚਾ ਸਿੱਖ ਹਾਂ, ਏਹ ਮੇਰੀ ਮਾਈ ਨਹੀਂ, ਸਗੋਂ ਦੁਸ਼ਮਣ ਹੈ ਜਿਸ ਨੇ ਮੈਨੂੰ ਬੈਕੁੰਠ ਦੇ ਜਹਾਜ਼ ਉੱਤੇ ਚੜਨ ਨ ਲੱਗੇ ਨੂੰ ਹਟਾ ਲਿਆ, ਰੱਬ ਦੇ ਵਾਸਤੇ ਮੈਨੂੰ ਛੇਤੀ ਕਤਲ ਕਰੋ, ਮੇਰੇ ਸਾਥੀ ਪਾਰ ਜਾ ਰਹੇ ਹਨ, ਮੈਂ ਮੰਦ ਭਾਗੀ ਉਰਾਰ ਰਹ ਗਿਆ, ਏਸ ਝੂਠੀ ਦੁਨੀਆਂ ਪਰ ਮੈਂ ਰਹਿਣਾ ਨਹੀਂ ਚਾਹੁੰਦਾ, ਉਸ ਸੱਚ ਖੰਡ ਵਿੱਚ ਜਾਣਾ ਚਾਹੁੰਦਾ ਹਾਂ ਜਿੱਥੇ ਮੇਰੇ ਸਾਥੀ ਹਮੇਸ਼ ਰਹਿਣ ਵਾਸਤੇ ਤੁਰੇ ਜਾਂਦੇ ਹਨ। ਏਹ ਤਕਰੀਰ ਉਸ ਜਵਾਨ ਦੀ ਸੁਣ ਕੇ ਤੇ ਉਸਦੀ ਸੂਰਤ ਨੂੰ ਦੇਖ ਕੇ ਖਲਕਤ ਜ਼ਾਰ ਜ਼ਾਰ ਹਿਜਕੀ ੨ ਰੋਂਦੀ ਹੋਈ ਵਾਹ ਵਾਹ ਕਹਿ ਰਹੀ ਸੀ। ਜਦ ਏਹ ਹਾਲ ਬਾਦਸ਼ਾਹ ਨੇ ਸੁਣਿਆ ਤਾਂ ਅੱਖੀਆਂ ਤੂਰ ਕਰ ਹੁਕਮ ਦਿੱਤਾ ਕਿ ਏਹੋ ਜੇਹੇ ਸਿਦਕੀ ਬਹਾਦਰ ਸਿੱਖ ਮਾਰੇ ਜਾਣੇ ਚੰਗੇ ਨਹੀਂ, ਜਿਤਨੇ ਬਾਕੀ ਹਨ ਸਭ ਨੂੰ ਛੱਡ ਦੇਓ, ਸੋ (ਨਾਨਕ ਤੇ ਮੁਖ ਉੱਜਲੇ ਕੇਤੀ ਛੁੱਟੀ ਨਾਲ) ਉਸ ਜਵਾਨ ਪਿੱਛੇ ਇੱਕ ਸੌ ਕਈ ਆਦਮੀ, ਸਿੱਖ ਛੱਡੇ ਗਏ।

ਮੇਰੇ ਲਿਖਣ ਤੋਂ ਬਿਨਾ ਹੀ ਏਸ ਤਵਾਰੀਖ ਦੇ ਪੜਨੇ ਸੁਣਨੇ ਵਾਲੇ ਆਪ ਹੀ ਸਮਝ ਸੱਕਦੇ ਹਨ ਕਿ ਏਹ ਬੰਦਾ ਬਹਾਦਰ ਕੈਸਾ ਕਾਇਮ ਮਿਜ਼ਾਜ, ਸ਼ੇਰ ਦਿਲ, ਆਪਣੇ ਸਮੇਂ ਦਾ ਸਿਕੰਦਰ ਤੇ ਰੁਸਤਮ ਜੈਸਾ ਜਵਾਂ ਮਰਦ, ਸੂਰਬੀਰ ਹੋ ਗੁਜ਼ਰਿਆ ਹੈ। ਮੁਸਲਮਾਨ ਹਾਕਮਾਂ ਨੇ ਪੰਜ ਸੌ ਬਰਸ ਜੇਹੜੇ ਜੇਹੜੇ ਜ਼ੋਰ, ਜ਼ੁਲਮ ਹਿੰਦੂਆਂ ਉੱਤੇ ਕੀਤੇ ਤੇ ਦੁੱਖ ਦਿੱਤੇ ਹਨ ਉਹ ਪਿਛਲੀਆਂ ਤਵਾਰੀਖਾਂ ਦੇਖਣ ਤੋਂ ਅੰਗਿਆਰਾਂ ਵਾਂਗੂ ਪਏ ਚਮਕਦੇ ਹਨ।

ਜੱਦੀਪ ਹਿੰਦੁਸਤਾਨ ਦੇ ਬੜੇ ੨ ਬਹਾਦਰ ਰਾਜਪੂਤਾਂ ਨੇ ਮੁਸਲਮਾਨਾਂ ਦੇ ਮੁਕਾਬਲੇ ਕੀਤੇ, ਆਪਣੇ ਲਹੂ ਨਾਲ ਧਰਤੀ ਰੰਗੀ ਪਰ ਆਖਰ ਸਭ ਨੂੰ ਮੁਸਲਮਾਨਾਂ ਦੀ ਤਾਬੇਦਾਰੀ ਉਠਾਉਣੀ ਪਈ। ਏਹ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤ੍ਰ ਖਾਲਸਾ ਤੇ ਬੀਰ ਬਹਾਦਰ ਦੀ ਹਿੰਮਤ ਦਾ ਹੀ ਕੰਮ ਹੈ ਜੋ ਪੰਜ ਛੀ ਸੌ ਬਰਸ ਦੀ ਜੰਮੀ ਹੋਈ ਬਾਦਸ਼ਾਹੀ ਨੂੰ ਉਖਾੜ ਦੇਣਾ ਤੇ ਦੁਸ਼ਮਣਾਂ ਦਾ ਬੁਰਾ ਹਾਲ ਕਰਨਾ, ਸਭ ਤੋਂ ਵਧ ਕੇ ਖਾਲਸਾ ਧੰਨਿਆਤਾ ਦੇ ਜੋਗ ਏਸ ਵਾਸਤੇ ਹੈ ਕਿ ਜਿਨ੍ਹਾਂ ਹਿੰਦੂਆਂ ਨੇ ਏਨ੍ਹਾਂ ਨਾਲ ਦੁਸ਼ਮਣੀ ਕੀਤੀ, ਉਨ੍ਹਾਂ ਨੂੰ ਖਾਲਸਾ ਉਲਟਾ ਭਲਾਈ ਹੀ ਦਿੰਦਾ ਰਿਹਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਏਸ ਵਾਕ ਪਰ (ਬੁਰੇ ਦਾ ਭਲਾ ਕਰ) ਚੱਲਦਾ

੪੮ ਰਿਹਾ, ਸੱਚ ਪੁੱਛੋ ਤਾਂ ਜੋ ਕੁਛ ਏਹ ਹੋਯਾ ਹੈ ਸਬ ਈਸ਼੍ਵਰ ਦੀ ਨੇਤ ਨਾਲ ਹੋਯਾ ਹੈ ਲੋਕ
ਬੰਦਾ ਬੈਰਾਗੀ ਇੱਕ ਫਕੀਰ ਆਦਮੀ ਸੀ, ਏਸ ਤੋਂ ਐਡੇ ਵੱਡੇ ਜੰਗ ਦੇ ਕੰਮ ਹੋਣੇ ਅਸੰਭ
ਵ ਸੇ ਜੋ ਹੋਏ, ਤਾਂ ਤੇ ਜੋ ਕੁਛ ਏਸ ਦੇ ਹੱਥੋਂ ਮੁਸਲਮਾਨਾਂ ਨੂੰ ਨੁਕਸਾਨ ਤੇ ਦੁੱਖ ਪਹੁੰਚਿਆ
ਹੈ ਸੋ ਉਨ੍ਹਾਂ ਦੇ ਪਾਪਰੂਪੀ ਕਮਾਈ ਦਾ ਫਲ ਮਿਲਿਆ ਹੈ, ਏਹ ਈਸ਼੍ਵਰ ਦੀ ਤਰਫੋਂ ਹੱਕੋ ਹੱਕ ਨਿ
ਬੇੜਾ ਹੋਯਾ ਹੈ, ਬੰਦੇ ਬਹਾਦਰ ਨੇ ਕੋਈ ਜ਼ੁਲਮ ਨਹੀਂ ਕੀਤਾ।

## ਸਿਖਾਂ ਦੀ ਤੇ ਬੰਦੇ ਦੀ ਬਹਾਦਰੀ ਬਾਬਤ ਤਵਾਰੀਖ ਮੁਹੱਯਤ ਆਜ਼ਮ ਦੀ ਗਵਾਹੀ

ਖਾਲਸੇ ਦੀ ਤੇ ਬੰਦੇ ਦੀ ਬਹਾਦਰੀ ਦਾ ਜ਼ਿਕਰ ਮੌਲਵੀ ਗੁਲਾਮ ਅਲੀ, ਫੱਰੁਖਸਿਯਰ[1]
ਦੇ ਮੁਨਸ਼ੀ ਨੇ ਇਸ ਤਰਾਂ ਲਿਖਿਆ ਹੈ ਕਿ ਸਿੱਖਾਂ ਦੇ ਪੰਥ ਤੇ ਬੰਦੇ ਬੈਰਾਗੀ ਵਿਚ ਈਸ਼੍ਵਰ
ਦੀ ਕੁਦਰਤ ਨੇ ਐਸੀ ਤਾਕਤ ਬਖਸ਼ੀ ਹੈ ਜੋ (ਲਾਸਾਨੀ) ਕਿਸੇ ਹੋਰ ਨੂੰ ਪ੍ਰਾਪਤ ਨਹੀਂ
ਹੋਈ, ਏਨ੍ਹਾਂ ਲੁਟੇਰਿਆਂ ਨੇ ਸੂਬੇ ਸਰਹੰਦ ਤੇ ਲਾਹੌਰ ਨੂੰ ਬਰਬਾਦ ਕਰ ਛੱਡਿਆ ਹੈ, ਅਨੇ
ਕ ਵਾਰੀ ਏਨ੍ਹਾਂ ਪਰ ਲਸ਼ਕਰ ਗਿਆ, ਪਰ ਏਹ ਕਾਬੂ ਨਾ ਆਏ, ਏਨ੍ਹਾਂ ਨੇ ਐਸੇ ਜ਼ੁਲਮ ਵ
ਤੂਰ ਕੀਤੇ ਹਨ ਤੇ ਸ਼ਾਹੀ ਅਫਸਰਾਂ ਨੂੰ ਹੱਥ ਦਿਖਾਏ ਹਨ ਜੋ ਮੈਂ ਲਿਖਾਂ ਤਾਂ ਪੜ੍ਹਨ ਵਾਲੇ ਲੋ
ਗ ਝੂਠ ਸਮਝਣਗੇ ਏਸ ਕਰਕੇ ਮੈਂ ਨਹੀਂ ਲਿਖਦਾ। ਓੜਕ ਬਾਦਸ਼ਾਹ ਨੇ ਏਨਾਂ ਵਿਚ
ਨਿਫਾਕ ਪਾਕੇ ਕੁਛ ਸਿੱਖਾਂ ਸਮੇਤ ਬੰਦੇ ਨੂੰ ਬੜੀ ਮੁਸ਼ਕਿਲ ਨਾਲ ਪਕੜ ਕਰ, ਦਿੱਲੀ ਮੰਗ
ਵਾਕੇ ਮਰਵਾਯਾ। ਏਨਾਂ ਸਿੱਖਾਂ ਵਿਚ ਐਸੀ ਮਿਲਤ ਮੁਹੱਬਤ ਤੇ ਹਿੰਮਤ ਹੈ ਜੋ ਦੂਸਰੇ ਕਿਸੇ
ਵਿੱਚ ਨਹੀਂ। ਏਹ ਸਿੱਖ ਸਬ ਹੱਥਿਆਰ ਰੱਖਦੇ ਹਨ ਤੇ ਨਿਹਾਯਤ ਲੜਾਕੇ ਤਾਕਤਵਰ

੧ ਫੱਰੁਖਸਿਯਰ ਔਰੰਗਜ਼ੇਬ ਦਾ ਪੋਤਾ ਸੀ, ਔਰੰਗਜ਼ੇਬ ਦੇ ਮਰਨੇ ਬਾਦ ਤਿੰਨਾਂ ਬੇਟਿਆਂ ਵਿਚ ਲੜਾਈ ਹੋ
ਈ ਓੜਕ ਬਹਾਦਰ ਸ਼ਾਹ ਬਾਦਸ਼ਾਹ ਬਣ ਗਿਆ ਪਰ ਏਹ ਭੀ ਜਦ ਦੱਖਣ ਦੇ ਝਗੜੇ ਫੈਸਲਾ ਕਰਕੇ
ਬੰਦੇ ਦੇ ਮਾਰਨ ਨੂੰ ਆਯਾ ਤਾਂ ਆਪ ਹੀ ਲਾਹੌਰ ਪਹੁੰਚ ਕੇ ਸੰਮਤ ੧੭੬੮ ਬਿ: ਨੂੰ ਕਾਲ ਵਸ ਹੋਯਾ। ਦੋ ਬਰ
ਸ ਬਰਾਬਰ ਜੰਗ ਕਰਨੇ ਦੇ ਬਾਦ ਏਸ ਦਾ ਬੇਟਾ ਜਹਾਂਦਾਰ ਸ਼ਾਹ ਅਮੀਰ ਜ਼ੁਲਫਕਾਰਖਾਂ ਦੀ ਮਦਦ ਨਾਲ
ਤਖਤ ਪਰ ਬੈਠਾ, ਪਰ ਏਸ ਨੇ ਇੱਕ ਕੰਜਰੀ ਦੇ ਅਧੀਨ ਹੋਕੇ ਉਸਦੇ ਸਬੰਧੀਆਂ ਨੂੰ ਬੜੇ ੨ ਉਹਦੇ ਦਿੱਤੇ ਜਿਸ
ਤੋਂ ਜ਼ੁਲਫਕਾਰਖਾਂ ਆਦਿਕ ਅਮੀਰਾਂ ਨੇ ਦੁਖੀ ਹੋਕੇ ਏਸ ਦੇ ਭਤੀਜੇ ਫੱਰੁਖਸਿਯਰ ਨੂੰ ਜੋ ਬੰਗਾਲੇ ਦਾ ਸੂਬਾ ਸੀ
ਜਾ ਚਮਕਾਯਾ। ਫੱਰੁਖਸਿਯਰ ਨੇ ਇਲਾਹਾਬਾਦ ਦੇ ਸੂਬੇ ਅਬਦੁੱਲਾ ਖਾਂ ਦੀ ਸਲਾਹ ਨਾਲ ਵਜ਼ੀਰ ਸਮੇਤ
ਜਹਾਂਦਾਰ ਸ਼ਾਹ ਨੂੰ ਕਤਲ ਕਰਾਕੇ ਅਬਦੁੱਲਾ ਖਾਂ ਨੂੰ ਆਪਣਾ ਵਜ਼ੀਰ ਬਣਾ ਲਿਆ। ਫਿਰ ਜਹਾਂਦਾਰ ਸ਼ਾਹ
ਦੇ ਸਬੰਧੀ ਕਤਲ ਕਰਾ ਸੁੱਟੇ। ਫੱਰੁਖਸਿਯਰ ਨੇ ਅਜੀਤ ਸਿੰਘ ਜੋਧਪੁਰੀ ਦੀ ਬੇਟੀ ਨਾਲ ਬੜੀ ਧੂਮ
ਧਾਮ ਦੀ ਸ਼ਾਦੀ ਕੀਤੀ ਤੇ ਅੰਤ ਨੂੰ ੧੭੭੬ ਬਿ: ਨੂੰ ਮਾਰਿਆ।

Digitized by Panjab Digital Library | www.panjabdigilib.org

ਕਰਾਮਾਤ ਕਰਨੇ ਵਾਲੇ ਨਿਰਭੈ, ਸੂਰ, ਬੀਰ, ਜਵਾਂਮਰਦ, ਸੁਖਨ ਦੇ ਸੱਚੇ ਤੇ ਗੀਬ ਰੱਖਅਕ
ਹਨਾ ਏਹਨਾਂ ਦਾ (ਪੇਸ਼ਵਾ) ਬਨਾਵਣਵਾਲਾ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੋਂ ਦਸਮੀ
ਪੁਸ਼ਤ ਆਪਣੇ ਸਮੇਂ ਦਾ ਰੁਸਤਮ ਤੇ ਸਿਕੰਦਰ ਹੋਯਾ ਹੈ। ਏਸ ਗੁਰੂ ਤਕ ਗੁਰੂ ਨਾਨਕ ਦੇ ਘ
ਰਾਣੇ ਦਾ ਚਾਲ ਚਲਨ ਬੈਰਾਗੀ ਵਾਲੇ ਫਕੀਰਾਂ ਜੈਸਾ ਰਿਹਾ ਹੈ ਤੇ ਮਜ਼ਹਬ ਭੀ ਏਨ੍ਹਾਂ ਦਾ ਸੂ
ਫੀਆਂ ਹੈ। — ਗੁਰੂ ਨਾਨਕ ਬਾਬਰ ਸ਼ਾਹ ਦੇ ਵਕ੍ਤ ਬੜਾ ਮਾਤਬਰ, ਪੁਰਤਾਸੀਰ ਕਲਾਮ
(ਜਿਸਨੂੰ ਉਪਦੇਸ਼ ਕਰਨ ਸੋ ਅਸਰ ਕਰ ਜਾਏ) ਨੇਕ ਪਾਕ ਹੋ ਗੁਜ਼ਰਿਆ ਹੈ। ਸੱਯਦ ਪੀਰ
ਹੁਸੈਨ ਜੋ ਉਸ ਸਮੇਂ ਦਾ ਚਰਾਗ ਦੀਨੀ ਮੰਨਿਆ ਜਾਂਦਾ ਸੀ, ਉਹ ਆਪ ਗੁਰੂ ਨਾਨਕ ਸਾਹਿ
ਬ ਦੀ ਬਹੁਤ ਤਾਰੀਫ ਕਰਦਾ ਹੁੰਦਾ ਜੋ ਕੁਛ ਇਲਮ, ਹੁਨਰ, ਬਾਤਨੀ ਚੰਗੇ ਗੁਣ, ਜਿਨ੍ਹਾਂ ਦੇ
ਕਮਾਉਣੇ ਕਰ ਪੈਗੰਬਰੀ ਦਰਜੇ ਮੁਹੰਮਦੀ ਮੰਨਦੇ ਹਨ ਉਹ ਸਭ ਪੀਰ ਹੁਸੈਨ ਨੇ ਸਿ
ਵਾਇ ਗੁਰੂ ਨਾਨਕ ਤੇ ਹੋਰ ਕਿਸੇ ਨੂੰ ਨਹੀਂ ਦਿੱਤੇ। — ਗੁਰੂ ਨਾਨਕ ਜੀ ਨਿਹਾਯਤ ਸੁੰਦਰ
ਅਣਬੋਲੇ, ਮੋਹਣੀ ਮੂਰਤਿ, ਹਸੂ ਹਸੂ ਕਰਨ ਵਾਲੇ ਸੇ। ਜੋ ਕੋਈ ਉਨ੍ਹਾਂ ਨੂੰ ਦੇਖਦਾ ਤੇ ਬਚ
ਨ ਸੁਣਦਾ, ਉਹ ਮੁਰੀਦ ਬਣ ਜਾਂਦਾ, ਸਿੱਖਾਂ ਦਾ ਫਿਰਕਾ ਹਿੰਦੂ ਮੁਸਲਮਾਨ ਦੋਹਾਂ ਤੋਂ ਨਿ
ਆਰਾ ਹੈ, ਦੋਹਾਂ ਦੀਨਾਂ ਵਿੱਚ ਜੋ ਚੰਗੇ ਤਰੀਕੇ ਹਨ ਸੋ ਸਭ ਏਨ੍ਹਾਂ ਨੇ ਚੁਣਕੇ ਰੱਖ ਲਏ ਹ
ਨ। ਗੁਰੂ ਨਾਨਕ ਨੇ ਦੋਹਾਂ ਦੀਨਾਂ ਨੂੰ ਇੱਕ ਕਰਨੇ ਦਾ ਤਰੀਕਾ ਨਿਕਾਲਿਆ ਹੈ ਜਿਸਨੂੰ ਦੋਵੇਂ
ਦੀਨ ਚੰਗਾ ਸਮਝਦੇ ਹਨ, ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾਂ ਦੀ ਦ੍ਵੈਤ ਦੂਰ ਹੋਕੇ ਇੱ
ਕ ਸਿੱਖ ਮਜ਼ਹਬ ਹੀ ਹੋ ਜਾਏਗਾ, ਕਿਉਂਕੇ ਨਿਮਾਜ਼, ਰੋਜ਼ਾ, ਸੁੰਨਤ, ਕਾਬਾ, ਬੁੱਤਪਰਸਤੀ, ਛੂ
ਆਛਾਤ, ਜਨੇਊ ਪਾਉਣਾ, ਕਿਸੇ ਜ਼ਾਤਿ ਦੀ ਵੱਡਿਆਈ ਛੁਟਾਈ, ਕਿਸੇ ਚੀਜ਼ ਦੇ ਖਾਣੇ ਪੀਣੇ
ਦੀ ਰੋਕ ਏਨ੍ਹਾਂ ਵਿੱਚ ਕੋਈ ਨਹੀਂ, ਏਸੇ ਵਾਸਤੇ ਇਹ ਫਿਰਕਾ ਸਭ ਨੂੰ ਪਸਿੰਦ ਹੈ।)

ਏਸੇ ਢੰਗ ਦੀ ਤਾਰੀਫ ਉਸ ਸਮੇਂ ਦੇ ਸਿੱਖਾਂ ਦੀ ਹਿੰਦੂਆਂ, ਮੁਸਲਮਾਨਾਂ ਅੰਗ੍ਰੇਜ਼ਾਂ ਨੇ ਅਨੇ
ਕ ਤਵਾਰੀਖਾਂ ਵਿੱਚ ਲਿਖੀ ਹੈ। ਹੁਣ ਅਸੀ ਸਿੱਖਾਂ ਭਾਈਆਂ ਅੱਗੇ ਬੇਨਤੀ ਕਰਦੇ ਹਾਂ ਕੇ
ਹੇ ਖਾਲਸਾ ਜੀ ਉਨ੍ਹਾਂ ਗੈਰ ਮਜ਼ਹਬ ਦੇ ਲੋਗਾਂ ਦੇ ਬਚਨਾਂ ਦਾ ਲਿਹਾਜ਼ ਸ਼ਰਮ ਪਾਲੋ, ਇਤ
ਫਾਕ ਰੱਖੋ, ਹੋਰ ਸਭ ਬਾਤਾਂ ਤੁਹਾਡੇ ਵਿੱਚ ਸਾਰੇ ਮਜ਼ਹਬਾਂ ਨਾਲੋਂ ਚੰਗੀਆਂ ਹਨ ਇੱਕ ਇਤ
ਫਾਕ ਤੁਸੀ ਛੱਡ ਰੱਖਿਆ ਹੈ, ਸੋ ਆਪਣੀਆਂ ਖੁਦਗਰਜ਼ੀਆਂ ਨੂੰ ਛੱਡਕੇ ਇੱਕ ਜਾਨ ਬ
ਣੇ ਰਹੋਗੇ ਤਾਂ ਫੇਰ ਦੋਹਾਂ ਜਹਾਨਾਂ ਦੀ ਫਤੇ ਦੇ ਮਾਲਕ ਤੁਸੀ ਹੀ ਨਜ਼ਰ ਆਂਵਦੇ ਰਹੋਗੇ
ਨਹੀਂ ਤਾਂ ਘਟਦੇ ਘਟਦੇ ਘਟ ਜਾਉਗੇ।

Digitized by Panjab Digital Library | www.panjabdigilib.org

# ੪੨ ਤੱਤ ਖਾਲਸੇ ਦਾ ਪ੍ਰਸੰਗ

ਹੁਣ ਅਸੀ ਇਸ ਤੱਤ ਖਾਲਸੇ ਦਾ ਬੇਅੰਤਵਾਰੀ ਧੰਨਅਬਾਦ ਕਰਦੇਹਾਂ ਤੇ ਇਨ੍ਹਾਂ ਸਿਘਾਂਦੀ
ਆਂ ਹਿੰਮਤਾਂ ਤੇ ਕਸੌਟੀਆਂ ਦਾ ਜ਼ਿਕਰ ਆਪਣੇ ਭਰਾਵਾਂ ਅੱਗੇ ਕਰਦੇਹਾਂ, ਜਿਨ੍ਹਾਂ ਦੀ ਤੇਗ
ਦੇ ਪ੍ਰਤਾਪ ਨਾਲ ਹੁਣ ਤਕ ਅਸੀਂ ਸਿਘਾਂ ਦੇ ਤੇ ਹਿੰਦੂਆਂ ਦੇ ਦਰਸ਼ਨ ਕਰਦੇਹਾਂ ਤੇ ਜਿਨ੍ਹਾਂ
ਨੇ ਚਾਲੀ, ਪਚਾਸ (੪੦, ੫੦) ਬਰਸ ਦਿੱਲੀ, ਕਾਬੁਲ ਦੀ ਜ਼ੁਲਮ ਰੂਪੀ ਜੇਠ ਹਾੜ ਦੀ ਤਪਸ਼ ਵਿਚੋਂ
ਇਸ ਸਿਖੀ ਮਜ਼ਹਬ ਦੇ ਬਾਗ ਨੂੰ ਆਪਣੇ ਲਹੂ ਨਾਲ ਸਿੰਜ ਕੇ ਸੁੱਕਣ ਨਾ ਦਿੱਤਾ ਤੇ
ਇਨ੍ਹਾਂ ਬੇਮੁਹਾਰਾ ਹਲਕਾਏ ਊਠ ਹਾਥੀਆਂ ਤੇ ਬਚਾ ਕਰਕੇ ਹਰਾ ਭਰਾ ਕਰ ਦਿਖਾਯਾ, ਹੁ
ਣ ਤਾਂ ਨਾ ਕਿਧਰੋਂ ਤੱਤੀ ਵਾਉ ਦਾ ਝੋਲਾ ਹੈ ਤੇ ਨਾ ਹੀ ਉਜਾੜਾ ਹੈ, ਸਗੋਂ ਸ਼ਾਂਤੀ ਦਯਾਲੂ ਸਰ
ਕਾਰ ਨੇ ਸਭ ਦੇ ਮਜ਼ਬ ਰੂਪੀ ਖੇਤ ਨੂੰ ਕਾਨੂੰਨ ਰੂਪੀ ਬਾੜ ਦੇਕਰ, ਆਜ਼ਾਦੀ ਦੀਆਂ ਨਾਹਿ
ਰਾਂ ਛੱਡ ਰੱਖੀਆਂ ਹਨ ਤਾ ਹੁਣ ਇਸ ਅਮਨ ਰੂਪੀ ਸਾਵਣ ਦੇ ਮਹੀਨੇ ਵਿੱਚ ਭੀ ਜੇ ਕਰ ਸਾਡੇ
ਸਿਘ ਭਾਈ ਆਪਣੇ ਪੰਥ ਦੇ ਬਾਗ ਨੂੰ ਮੁਹੱਬਤ ਤੇ ਉਪਦੇਸ਼ ਦਾ ਪਾਣੀ ਦੇਕੇ ਨਾਂ ਵਧਾਉ
ਣਗੇ ਤਾਂ ਸਾਵਣ ਵਿੱਚ ਬੇਕਾਰ ਬੈਠ ਰਹਿਣ ਵਾਲੇ ਜੱਟ ਦੀ ਤਰਾਂ ਇਸ ਵਕਤ ਨੂੰ ਪਛੋਤਾ
ਉਣਗੇ। ਤਾਂਤੇ ਅਸੀਂ ਆਪਣੇ ਭਰਾਵਾਂ ਨੂੰ ਪਿਛਲੇ ਸਿਘਾਂ ਦੀਆਂ ਕਥਾਂ ਸੁਣਾਉਨੇ ਹਾਂ ਭੁ
ਲਾ ਜੇ ਚਿੱੜੇ ਵਾਂਙੂ ਆਪਣੇ ਵੱਡਿਆਂ ਦੀ ਹਿੰਮਤ ਨੂੰ ਸੁਣਕੇ ਆਪਣੇ ਧਰਮ ਨੂੰ ਸੰਭਾਲ
ਲੈਣ।

ਅਥ ਕਥਾ ਪ੍ਰਸੰਗ।

।ਜਦ ਪੰਥ
ਖਾਲਸੇ ਵਿੱਚ ਫਰਕ ਪਾਕੇ ਤੁਰਕਾਂ ਨੇ ਬਾਬੇ ਬੰਦੇ ਦੀ ਕੈਦੀ ਕਰ ਕੱਢੀ ਤੇ ਬੰਦਈ ਸਿਘਾਂ
ਨੂੰ ਭੀ ਸਾਫ ਕਰ ਲਿਆ ਤਾਂ ਤੱਤ ਖਾਲਸੇ ਨਾਲ ਭੀ (ਜਿਨ੍ਹਾਂ ਦੇ ਜ਼ੋਰ ਨਾਲ ਬੰਦੇ ਜੈਸੇ ਪ
ਰਬਤ ਨੂੰ ਪਾਣੀ ਕੀਤਾ ਸੀ) ਰਿਕਸਾਂ ਤੇ ਵਨੀਆਂ ਸ਼ੁਰੂ ਕਰ ਦਿੱਤੀਆਂ ਜੇਹੜਾ ਪੰਜ ਸੌ
ਸਿਘ ਨੌਕਰ ਸੀ ਇਨ੍ਹਾਂ ਨੂੰ ਬਾਹਰੇ ਨੌਕਰੀਆਂ ਵਿੱਚ ਘੁਰਕਣ ਲਗ ਪਏ ਤੇ ਜੇਹੜਾ ਜੱ
ਥਾ ਅੰਮ੍ਰਿਤਸਰ ਵਿੱਚ ਸੀ ਇਨ੍ਹਾਂ ਦਾ ਵਜ਼ੀਫਾ ਅਬਦੁਲ ਸਮੁੰਦ ਖਾਂ ਸੂਬੇ ਨੇ ਬੰਦ ਕਰ
ਦਿੱਤਾ ਤੇ ਨੌਕਰ ਸਿਘਾਂ ਦੀ ਅੱਧੀ ਤਨਖਾਹ ਕਰਕੇ ਅਨੇਕ ਜਗਾ ਕਾਬੁਲ ਦੀਆਂ ਸਰ
ਹੱਦਾਂ ਉੱਤੇ ਜਾਣ ਦਾ ਹੁਕਮ ਦਿੱਤਾ ਤੇ ਅੰਮ੍ਰਿਤਸਰੀਏ ਜੱਥੇ ਨੂੰ ਆਖਿਆ ਜੋ ਲਾਹੌਰ ਰਹਿ
ਕੇ ਨੌਕਰੀ ਦੇਆ ਕਰੋ, ਪਰ ਸਿਘਾਂ ਨੇ ਨਾ ਮੰਨਿਆ। ਫੇਰ ਏਹੋ ਹੁਕਮ ਅਦੂਲੀ ਦਾ ਬ
ਹਾਨਾ ਧਰਕੇ ਜੇਹੜੇ 12 ਪਿੰਡ ਆਮਨ ਰੱਖਣ ਦੀ ਸ਼ਰਤ ਪਰ ਮਾਫੀ ਦੇ ਸਿਘਾਂ ਪਾਸ ਸਨ

Digitized by Panjab Digital Library | www.panjabdigilib.org

ਓਥੇ ਆਪਣੇ ਠਾਣੇਦਾਰ ਭੇਜ ਦਿੱਤੇ। ਸਿੱਖਾਂ ਨੂੰ ਆਖਿਆ ਤੁਸੀਂ ਖੇਤੀ ਕਰੋ ਅੱਧਾ ਮਾਮੂਲਾ ੪੩
ਤੁਹਾਨੂੰ ਮਾਫ ਕੀਤਾ ਜਾਊ। ਬਹੁਤੇ ਸਿੱਖ ਤਾਂ ਖੇਤੀ ਕਰਨ ਜਾ ਲੱਗੇ ਤੇ ਕੁਛ ਧਰਮਸਾਲਾ
ਗੁਰਦੁਆਰਿਆਂ ਦੇ ਆਸ੍ਰੇ ਹੋ ਬੈਠੇ। ਬਾਕੀ ਚਾਰ ਪੰਜ ਹਜਾਰ ਜਵਾਨ ਅਣਖ ਵਾਲੇ, ਬੀਕਾਨੇਰ,
ਜੈਸਲਮੇਰ, ਜੋਧਪੁਰ ਆਦਿਕ ਰਾਜਪੁਤਾਨੇ ਵਿੱਚ ਨੌਕਰ ਜਾ ਰਹੇ। ਹੋਰ ਜੇਹੜੇ ਸਿੱਖ
ਲਾਹੌਰ ਦੇ ਸੂਬੇ ਦੇ ਮਾਤਹਤ ਸੇ ਓਨ੍ਹਾਂ ਵਿੱਚੋਂ ਬਹੁਤ ਤਾਂ ਆਪਣੇ ੨ ਘਰੀਂ ਜਾ ਬੈਠੇ ਤੇ ਕੁਛ
ਜਿੱਥੇ ਜਿਥੇ ਭੇਜੇ ਓਥੇ ਚਲੇ ਗਏ।

ਹੁਣ ਜਦ ਸਿੱਖਾਂ ਦੇ ਵੱਡੇ ਜਥੇ ਤਿੱਤ੍ਰ ਬਿੱਤ੍ਰ ਹੋ ਗਏ ਤੇ ਸੂਬੇ ਨੇ ਜਾਣ ਲਿਆ ਕੇ ਸਿੱਖਾਂ ਵਿੱ
1781-57/1724
ਚ ਤਾਕਤ ਨਹੀਂ ਰਹੀ ਤਾਂ ਸੰ: ੧੭੮੧ ਬਿ: ਨੂੰ ਢੌਂਡੀ ਦੇ ਨੇ ਸਾਰੀ ਪੰਜਾਬ ਵਿਚ ਏਸ ਤਰਾਂ
ਦੀ ਢੌਂਡੀ ਫਿਰਾਇ ਦਿੱਤੀ ਕਿ ਬੰਦੇ ਦੇ ਵਕ੍ਤ ਜਿਸ ਕਿਸੇ ਦਾ ਕੁਛ ਨੁਕਸਾਨ ਸਿੱਖਾਂ ਦੇ ਹੱਥੋਂ ਹ
ਯਾ ਹੈ ਯਾ ਕਿਸੇ ਦੀ ਕੋਈ ਜਾਇਦਾਦ ਕਿਸੇ ਸਿੱਖ ਨੇ ਦਬਾ ਲਈ ਹੈ ਓਹ ਦਾਵਾ ਕਰੇਗਾ ਤਾਂ
ਮੋੜ ਕੇ ਦਿਵਾਈ ਜਾਊ। (ਸੇਖ ਸਾਦੀ ਨੇ ਲਿਖਿਆ ਹੈ ਕਿ ਜਿਸ ਮੁਲਕ ਦੀ ਜਦ ਖੋਟੀ ਕਿਸ
ਮਤ ਹੁੰਦੀ ਹੈ ਤਾਂ ਓਹ ਜਾਲਮ ਹਾਕਮ ਦੇ ਪੰਜੇ ਵਿੱਚ ਆਉਂਦਾ ਹੈ ਸੋਈ ਗਲ ਏਥੇ ਹੋਈ।)
ਬਸ ਏਹ ਢੌਂਡੀ ਸੁਣਕੇ ਸਬ ਮੁਸਲਮਾਨ ਸਿੱਖਾਂ ਪਰ ਉਲਟ ਪਏ। ਭਲਾ ਤੁਰਕਾਂ ਨੇ ਤ
ਬਾਦ ਬਿਬਾਦ ਕਰਕੇ ਬੇਸ਼ੁਮਾਰ ਦਾਵੇ ਕਰਨੇ ਹੀ ਸੇ ਪਰ (ਭੇਡਾਂ ਕੂੰਦੀਆਂ ਤਾਂ ਲੇਲੇ ਭੀ
ਟੱਪ ਪਏ) ਹਿੰਦੂਆਂ ਦੁਸ਼ਟਾਂ ਨੇ ਭੀ (ਜਿਨ੍ਹਾਂ ਦੇ ਧਰਮ ਰੱਖਣ ਵਾਸ੍ਤੇ ਸਿੱਖ ਆਪਣਾ ਲਹੂ
ਡੋਲ੍ਹ ਰਹੇ ਸੇ) ਬੇਅੰਤ ਰਿਣੀਆਂ ਪਾ ਦਿੱਤੀਆਂ। ਹਾਕਮ ਨਿਰਦਈ ਬੇਅਦਲੀ ਨੇ ਕਿਸੇ
ਸਿੱਖ ਨੂੰ ਬੁਲਾ ਕੇ ਨਾ ਪੁੱਛਿਆ, ਐਂਵੇਂ ਹੀ ਚੱਟ ਪੱਟ ਡਿਗਰੀਆਂ ਕਰਕੇ ਸਿੱਖਾਂ ਦੇ ਘਰ, ਜਮੀ
ਨ, ਬੈਲ, ਘੋੜੇ, ਗਊ, ਭੈਂਸ, ਅਸਬਾਬ ਕੌਡੀਆਂ ਦੇ ਭਾਉ ਲਿਲਾਮ ਕਰ ਲਏ, ਸਿੱਖਾਂ
ਦੀ ਕੋਈ ਆਵਾਜ਼ ਨਾ ਸੁਣੀ। ਸਗੋਂ ਜਿਨ੍ਹ ਦੀ ਜਾਇਦਾਦ ਵਿੱਚ ਡਿਗਰੀ ਦਾ ਰੁਪਯਾ ਪੂਰਾ
ਨਾ ਹੋਯਾ ਓਨ੍ਹਾਂ ਨੂੰ ਜੇਲਖਾਨੇ ਪਹੁੰਚਾਇ ਦਿੱਤਾ। ਐਸਾ ਕੋਈ ਸਿੱਖ ਪੰਜਾਬ ਵਿੱਚ ਨਾ ਰਿਹ
ਸੀ ਜਿਸ ਉੱਤੇ ਛੇ ਯਾ ਸੱਤ ਦਾਵੇ ਨਾ ਹੋਏ ਹੋਣ। ਜਿਸ ਸਿੱਖ ਉੱਤੇ ਕਿਸੇ ਨੇ ਖੂਨ ਦਾ ਦਾਵਾ ਕੀ
ਤਾ ਓਹ ਕਤਲ ਯਾ ਮੁਸਲਮਾਨ ਕੀਤਾ ਗਿਆ।

ਜਦ ਏਸ ਅੰਧੇਰ ਖਾਤੇ ਦੀ ਖਬਰ ਰਾਜਪੂਤਾਨੇ ਵਾਲੇ ਸਿੱਖਾਂ ਨੂੰ ਪਹੁੰਚੀ ਤਾਂ ਓਹ ਆਪਣੇ
ਸਬੰਧੀਆਂ ਦਾ ਦੁਖ ਸੁਣਕੇ ਸਹਿ ਨਾ ਸੱਕੇ, ਰਾਜਿਆਂ ਤੋਂ ਆਗਿਆ ਲੈ ਕੇ ਮਾਲਵੇ ਵਿੱਚ
ਪੰਜ, ਛੀ ਹਜ਼ਾਰ ਆ ਕੱਠਾ ਹੋਯਾ। ਰਾਜਾ ਆਲਾ ਸਿੰਘ ਆਦਿਕ ਮਲਵਈ ਸਿੱਖਾਂ ਨੇ

Digitized by Panjab Digital Library | www.panjabdigilib.org

੪੪ ਭੀ ਗੁਪਤ ੨ ਬਹੁਤ ਮਦਦ ਕੀਤੀ। ਇਨਾਂ ਦਾ ਆਉਣਾ ਸੁਣਕੇ ਮੁਸਲਮਾਨਾਂ ਨੂੰ ਪੱਸੂ ਪੈ
ਗਏ ਤੇ ਹਾਕਮਾਂ ਨੇ ਸਤਲੁਜ ਦੀਆਂ ਬੇੜੀਆਂ ਸਭ ਉਰਾਰ ਮੰਗਾ ਲਈਆਂ ਪਰ (ਸੁ
ਬਣਾ ਪੈਰਨ ਵਾਲੇ ਨਾਲੇ ਭੀ ਬੇੜਨ ਜਾਣਦੇ ਹੁੰਦੇ ਹਨ) ਸਿੰਘ ਗਾਹਣ ਲੀਘ ਪਏ,
ਦੋ ਦੋ ਸੌ ਤਿੰਨ ਤਿੰਨ ਸੌ ਦੇ ਜੱਥੇ ਬਣਾਕੇ ਭੁੱਖੇ ਬਘਿਆੜਾਂ ਵਾਂਗੂ ਰੁੱਖੇ ਹੋਕੇ ਚੇਤ ਸੰ: ੧੮੦੧
ਬਿ: ਨੂੰ ਪੰਜਾਬ ਵਿੱਚ ਧਸ ਗਏ। ਦਨਾਦਨ ਸਾਰੇ ਦੇਸ ਵਿੱਚ ਫਿਰ ਨਿਕਲੇ, ਫੇਰ ਤਾਂ ਹੋਰ
ਅਨੇਕ ਲੁਟੇਰੇ, ਧਾੜਵੀ ਲੋਗ ਤੇ ਸਿੰਘ ਝਾੜਾਂ ਵਿੱਚੋਂ ਨਿਕਲ ੨ ਕਰ ਖਾਲਸੇ ਦੇ ਨਾਲ
ਰਲ ਗਏ। ਜਿਨਾਂ ਜਿਨਾਂ ਨੇ ਝੂਠੀਆਂ ਤੁਹਮਤਾਂ ਲਗਾਕੇ ਸਿੰਘਾਂ ਦਾ ਨੁਕਸਾਨ ਕੀਤਾ
ਸੀ ਓਨਾਂ ਨੂੰ ਓਨ੍ਹਾਂ ਦੇ ਕਰਮ ਦਾ ਫਲ ਅੱਛੀ ਤਰਾਹ ਛਕਾਯਾ, ਜੋ ਕੋਈ ਬੱਚਿਆ ਸੋ ਨੱਠ
ਕੇ ਬਚਿਆ, ਜੋ ਸਾਹਮਣੇ ਆਯਾ ਸੋਈ ਤਲਵਾਰ ਦੇ ਪਾਰ ਲੰਘਾਯਾ, ਸੈਂਕੜੇ ਮਸਹੂ
ਰ ੨ ਜ਼ਾਲਮ ਤੁਰਕ ਜਮਾਂਦੇ ਗੀਬੰਨ ਬੀਨ ਬੇਸੀਤਰਾਂ ਨੂੰ ਛਕਾ ਦਿੱਤੇ, ਹਿੰਦੂ ਬੇਦੀ ਜਨੇ (Spared the Hindus)
ਊ ਦੇਈਆਂ ਵਿਖਾ ੨, ਕਾਲੀ ਗਊ ਬਣ ਬਣ ਛੁੱਟੇ, ਸਿੰਘਾਂ ਨੇ ਫੇਰ ਭੀ ਬ੍ਰਹਮ ਦਾ ਭਲਾ
ਕੀਤਾ, ਕਿਸੇ ਹਿੰਦੂ ਉੱਤੇ ਹੱਥ ਖਤਾ ਨਾ ਕੀਤਾ, ਜੋ ਚੀਜਾਂ ਤੇ ਜਾਇਦਾਦਾਂ ਸਿੰਘਾਂ ਦੀਆਂ ਜਿ
ਨਾਂ ੨ ਨੇ ਨੀਲਾਮ ਕਰਾ ਲਈਆਂ ਸਨ ਓਹ ਹੱਥ ਜੋੜ ਜੋੜ ਆਪੇ ਮੋੜ ਗਏ, ਸਗੋਂ ਓ
ਨਾਂ ਨਾਲ ਤਾਂ ਏਹ ਕਹਾਵਤ ਹੋਈ "ਘਰ ਤੋਂ ਬਛੜਾ ਲੈ ਗਈ ਬਿਜੈ ਰਾਮ ਦੀ ਮਾਈ"
ਮੁਸਲਮਾਨਾਂ ਦੇ ਪਿੰਡ ਕਸਬੇ ਖੂਬ ਲੁੱਟੇ। ਸਭ ਜੇਲਖਾਨੇ ਤੋੜਕੇ ਕੈਦੀਆਂ ਨੂੰ ਆਪਣੇ
ਸਾਥੀ ਬਣਾ ਲਿਆ। ਜੇਹੜੇ ਸਿੰਘ ਮੁਸਲਮਾਨ ਕੀਤੇ ਗਏ ਸੇ ਓਹ ਫੇਰ ਸਿੰਘ ਬਣਾ
ਲਏ। ਜਿਤਨੇ ਦੁੱਖ ਮੁਸਲਮਾਨਾਂ ਨੇ ਸਿੰਘਾਂ ਨੂੰ ਦਿੱਤੇ ਸਨ ਓਦੂੰ ਚੌਗੁਣੇ ਪਾ ਲਏ, ਫੇਰ ਤਾਂ
ਸਭ ਸੌਹਾਂ ਸੁਗੰਧਾਂ ਕਰ ਕਰ, ਦੇਸੀ ਭਾਈ ਬਣਕੇ ਸੁਲਾ ਕਰਨ ਲੱਗ ਪਏ। ਅਬਦੁਲਸ
ਮੰਦਖਾਂ ਡਰਦਾ ਮਾਰਦਾ ਲਾਹੌਰੋਂ ਬਾਹਰ ਨਾ ਨਿਕਲੇ। ਇਸ ਅਫਾਤ ਅੰਧੇਰੀ ਦੇ ਸਾਹਮਣੇ (Abdul Samad Khan)
ਕੋਈ ਫੌਜਦਾਰ ਨਾ ਆਵੇ। ਭਾਂਵੇਂ ਓਹ ਦੁਸ਼ਤਾਂ ਆਪਣੀ ਤਰਫੋਂ ਸਿੰਘਾਂ ਨੂੰ ਬਰਬਾਦ ਕਰ
ਚੁੱਕਾ ਸੀ, ਪਰ ਜਦ ਕਰਤਾ ਕੁਛ ਕੀਤਾ ਲੋੜੇ। ਅਨਿਕ ਸਬਬ ਛਿਨਕ ਮੈਂ ਜੋੜੇ।
ਏਸੇ ਸਮੇਂ ਵਜ਼ੀਰ ਆਜ਼ਮ ਹੱਸਨ ਖਾਂ ਤੇ ਅਬਦੁੱਲਾ ਖਾਂ ਫੱਰੁਖਸਿਯਰ ਬਾਦਸ਼ਾਹ ਨਾਲ
ਬੇਗਾਨੇ ਗਏ, ਦੋ ਧੜੇ ਹੋ ਕਰ ਦਿੱਲੀ ਦੇ ਦਰਬਾਰ ਵਿੱਚ ਤਲਵਾਰ ਚੱਲ ਪਈ। ਏਸੇ ਕਰ
ਨੇ ਡੇਢ ਬਰਸ ਤਕ ਰੌਲਾ ਪਿਆ ਰਿਹਾ, ਏਸੇ ਰੌਲੇ ਵਿੱਚ ਸਿੰਘਾਂ ਨੇ ਮਨ ਭਾਏ ਦਾਅ ਰਲਾ
ਏ, ਲਾਹੌਰੀ ਸੂਬੇ ਆਦਿਕ ਪੰਜਾਬੀ ਹਾਕਮਾਂ ਨੂੰ ਆਪਣੇ ੨ ਜੋੜ ਤੋੜ ਲਾਉਣ ਦੀ ਬਿਪਤਾ

Digitized by Panjab Digital Library | www.panjabdigilib.org

ਬਣੀ ਰਹੀ, ਸਿੰਘਾਂ ਉੱਤੇ ਚੜ੍ਹਾਈ ਨਾ ਕਰ ਸਕੇ, ਜੇ ਕੁਛ ਆਏ ਭੀ ਤਾਂ ਸਿੰਘਾਂ ਦੀ ਲਹੂ ੪੫
ਪੀਣੀ ਤਲਵਾਰ ਅੱਗੇ ਕੁਛ ਪੇਸ਼ ਨਾ ਗਈ। ਜਦ ਵਜ਼ੀਰਾਂ ਨੇ ਉਧਰ ਬੀਦੋ ਬਸ ਕਰ ਲਿਆ ਤੇ ਪੰਜਾਬ ਦਾ ਹਾਲ ਸੁਣਿਆ ਤਾਂ ਉਸ ਬੇਇੰਤਜ਼ਾਮੀ ਦਾ ਇਲਜ਼ਾਮ ਦੇ ਕੇ ਸੂਬੇ ਅਬਦੁਲ ਸਮੁੰਦ ਖਾਂ ਨੂੰ ਤਾਂ ਮੁਲਤਾਨ ਬਦਲ ਦਿੱਤਾ ਤੇ ਉਸ ਦੀ ਜਗਾ ਉਸੇ ਦਾ ਬੇਟਾ ਜ਼ਿਕਰੀਯਾ ਖਾਂ ਜੋ ਉਸ ਨਾਲੋਂ ਭੀ ਜ਼ਾਲਮ ਤੇ ਤੇਜ਼ ਮਜ਼ਾਜ ਬਹਾਦਰ ਸ਼ਖ਼ਸ ਵਜ਼ੀਰ ਅਬਦੁੱਲੇ ਖਾਂ ਪਾਸ ਦਿੱਲੀ ਰਹਿਆ ਕਰਦਾ ਸੀ, ਸੂਬਾ ਬਣਾ ਕੇ ਲਾਹੌਰ ਭੇਜ ਦਿੱਤਾ। ਏਧਰ ਖ਼ਾਲਸੇ ਨੇ ਸੰ: ੧੭੭੯ ਬਿ: ਨੂੰ ਅੰਮ੍ਰਿਤਸਰ ਦੀਪਮਾਲਾ ਦਾ ਮੇਲਾ ਲਾਉਣ ਵਾਸਤੇ ਚਿੱਠੀਆਂ ਭੇਜ ਕਰ ਸਭ ਸੰਗਤਾਂ ਬੁਲਾ ਲਈਆਂ। ਕਈ ਸਾਲ ਦੇ ਬਾਦ ਦੀਪਮਾਲਾ ਹੋਣੇ ਕਰ ਬਹੁਤ ਸੰਗਤਾਂ ਆਈਆਂ, ਬੰਦਈ ਸਿੰਘ ਭੀ ਪੰਜ ਸੱਤ ਹਜ਼ਾਰ ਕੱਠਾ ਹੋ ਗਿਆ। ਤਦ ਜ਼ਿਕਰੀਏ ਖਾਂ ਨੇ ਏਸ ਨੂੰ ਮਹਿਨੇ ਮਖੀਰ ਨੂੰ ਛੇੜਨ ਨਾਲੋਂ ਕੀਲਣਾ ਚੰਗਾ ਸਮਝ ਕੇ ਬਹੁਤ ਨਾਮੀ ਹਿੰਦੂ ਚੌਧਰੀ ਆਪਣੀ ਤਰਫੋਂ ਮੁਖ਼ਬਰ ਭੇਜ ਦਿੱਤੇ, ਓਹ ਸਹਜਧਾਰੀ ਸਿੱਖ ਬਣ ਕੇ ਤੱਤ ਖ਼ਾਲਸੇ ਤੇ ਬੰਦਈ ਸਿੱਖਾਂ ਵਿੱਚ ਜਿਸ ਤਰਾਂ ਵਿਰੋਧ ਵਧੇ ਸੋ ਚਾਲ ਚੱਲਦੇ ਰਹੇ।

1722

ਜਦ ਦਰਬਾਰ ਹਰਿਮੰਦ੍ਰ ਵਿੱਚ ਪੂਜਾ ਆਈ ਤੇ ਉਸ ਦੀ ਤਾਦਾਦ ਸਿਵਾਇ ਅਨੇਕ ਪ੍ਰਕਾਰ ਦੀ ਬੇਸ਼ੁਮਾਰ ਜਿਨਸ ਦੇ ਤੇਰਾਂ ਹਜ਼ਾਰ ਰੁਪਯਾ ਨਕਦ ਗਿਣਤੀ ਵਿੱਚ ਆਈ ਤਾਂ ਵੰਡਣ ਵਾਸਤੇ ਸਿੰਘ ਲੜ ਪਏ, ਆਪਸ ਵਿੱਚ ਤਲਵਾਰ ਚੱਲ ਪਈ, ਸੈਂਕੜੇ ਸਿੰਘ ਦੋਹਾਂ ਤਰਫਾਂ ਦੇ ਕਟ ਕੇ ਮਰ ਗਏ। ਦੂਸਰੇ ਦਿਨ ਭਾਈ ਮਨੀ ਸਿੰਘ ਜੀ ਤੇ ਮਸੰਦ ਮਿਲਖਾ ਮੁਨਸ਼ੀ ਸਤੀਰਾਮ ਆਦਿਕ ਮਾਤਾ ਸੁੰਦਰੀ ਜੀ ਦੇ ਮਾਤਬਰ ਦਿੱਲੀ ਤੋਂ ਆ ਪਹੁੰਚੇ, ਏਨ੍ਹਾਂ ਨੇ ਦੋਹਾਂ ਤਰਫਾਂ ਨੂੰ ਸਮਝਾ ਬੁਝਾ ਕਰਕੇ ਆਖਿਆ ਤੁਸੀਂ ਛੱਤ੍ਰੀ ਖ਼ਾਲਸਾ ਸ਼ਸਤ੍ਰਧਾਰੀ ਹੋ, ਏਹ ਪੂਜਾ ਦਾ ਮਾਲ ਕਯੋਂ ਲੈਂਦੇ ਹੋ, ਏਹ ਤਾਂ ਫਕੀਰਾਂ ਦਾ ਯਾ ਮਾਤਾ ਸਾਹਿਬਾਂ ਦਾ ਹੱਕ ਹੈ ਤੁਸੀਂ ਸਿੱਖੇ ਸਿਖਾਏ ਆਪਸ ਵਿੱਚ ਕੱਟ ਕੇ ਨਾ ਮਰੋ, ਗੁਰੂ ਤੇ ਛੋੜੋ ਇਨਸਾਫ਼ ਕਰਾ ਲਵੋ। ਏਸ ਬਾਤ ਪਰ ਦੋਵੇਂ ਧੜੇ ਰਾਜ਼ੀ ਹੋ ਗਏ। ਤਦ ਇੱਕ ਕਾਗਜ਼ ਉੱਤੇ ਵਾਹਿਗੁਰੂ ਜੀ ਦੀ ਫਤੇ ਅਤੇ ਦੂਜੇ ਪਰ ਦਰਸ਼ਨੀ ਫਤੇ ਲਿਖ ਕੇ ਸ਼ਰਤ ਕੀਤੀ ਕੇ ਚਿੱਠੀਆਂ ਤਾਲਾਉ ਵਿੱਚ ਸਿੱਟੀਆਂ ਜਾਣ, ਜਿਸ ਦੀ ਤਰ ਆਵੇ ਸੋ ਮਾਲ ਕਾ ਵੰਡੇ। ਚਿੱਠੀਆਂ ਬਾਲਕ ਦੇ ਹੱਥੋਂ ਹਰਿ ਕੀ ਪੌੜੀ ਅੰਮ੍ਰਿਤ ਵਿੱਚ ਗਿਰਵਾ

Masand Milkha Munshi Sita Ram

Digitized by Panjab Digital Library | www.panjabdigilib.org

੪੬ ਦਿੱਤੀਆਂ, ਅੰਮ੍ਰਿਤ ਵਿਚ ਪੈਕੇ ਫਤੇ ਵਾਹਗੁਰੂ ਜੀ ਦੀ ਤਰਵੀਰਹੀ, ਦਰਸ਼ਨੀ ਫਤੇ ਛੁਟ ਗਈ। ਏਸ ਫੈਸਲੇ ਨੂੰ ਮੰਨਕੇ ਬਹੁਤ ਸਾਰੇ ਬੰਦਈ ਸਿੰਘ ਤਾਂ ਉਸੇ ਦਿਨ ਖੰਡੇ ਦਾ ਅੰਮ੍ਰਿਤ ਛਕਕੇ ਤੱਤ ਖਾਲਸੇ ਵਿਚ ਆ ਗਏ, ਬਾਕੀ ਦੇ ਦਾਵਾ ਛਡ ਬੈਠੇ। ਪੂਜਾ ਦਾ ਰੁਪਯਾ ਭਾਈ ਮਨੀ ਸਿੰਘ ਜੀ ਨੇ ਮਾਤਾ ਸਾਹਿਬਾਂ ਪਾਸ ਭੇਜ ਦਿੱਤਾ, ਕੁਛ ਦਰ ਬਾਰ ਦੀ ਮੁਰੰਮਤ ਤੇ ਲੰਗਰ ਵਿਚ ਖਰਚ ਕੀਤਾ, ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਰਹਿਕੇ ਬਹੁਤ ਰੌਣਕ ਕਰ ਦਿੱਤੀ। ਅੰਮ੍ਰਿਤਸਰ ਸਿੱਖਾਂ ਦੀ ਆਪਸ ਵਿਚ ਲੜਾਈ ਕਰਾ ਦੇਣ ਦੇ ਕਾਰਣ ਜ਼ਿਕਰੀਏ ਖਾਂ ਨੂੰ ਖਾਨ ਬਹਾਦਰੀ ਦਾ ਖਿਤਾਬ ਦਿੱਤਾ, ਤਦ ਤੋਂ ਇਹ ਖਾਨ ਬਹਾਦਰ ਮਸ਼ਹੂਰ ਹੋ ਗਿਆ।

1726 ਖਾਨ ਬਹਾਦਰ ਨੇ ਦੀਵਾਨ ਲਖਪਤ ਨੂੰ ਆਪਣਾ ਮਦਾਰੁਲਮੁਹਾਮ (ਕਾਰਕੁਨ) ਬਣਾ ਕੇ ਉਸ ਦੀ ਸਲਾਹ ਨਾਲ ਮਾਘ ਸੰ: ੧੭੮੨ ਬਿ: ਨੂੰ ਜਗਾ ਜਗਾ ਸਿੱਖਾਂ ਨੂੰ ਫੜਨ ਤੇ ਮਾਰਨ ਵਾਸਤੇ ਗਸ਼ਤੀ ਫੌਜ ਭੇਜ ਦਿੱਤੀ। ਜਿੱਥੇ ਸਿੱਖਾਂ ਦਾ ਜੱਥਾ ਸੁਣਿਆ ਉਥੇ ਹੀ ਮੋਮਨ ਖਾਂ ਆਦਿਕ ਫੌਜਦਾਰਾਂ ਨੇ ਪਹੁੰਚਕੇ ਸਿੰਘਾਂ ਨੂੰ ਨਠਾਯਾ, ਅਨੇਕ ਜਗਾ ਲੜਾਈ ਹੋਈ ਪਰ ਸਿੰਘ ਜੰਗਲਾਂ ਵਿਚ ਵੜੇ ਰਹਿਣਾ ਬਰਕਤ ਬੇਵਕਤ ਦਾਉ ਲੱਗਣੇ ਪਰ ਮੁਸਲਮਾਨਾਂ ਪਰ ਲੁੱਟ ਮਾਰ ਕਰ ਜਾਣਾ। ਉਸ ਸਮੇਂ ਨੌਸ਼ਹਿਰੇ ਪਿੰਡ (ਤਹਸੀਲ ਤਰਨਤਾਰਨ) ਜੋ ਕਈ ਘਰ ਸਿੱਖਾਂ ਦੇ ਵਸਦੇ ਸੇ, ਉਨ੍ਹਾਂ ਵਿਚੋਂ ਚੌਧਰੀ ਸਾਹਿਬ ਰਾਇ ਸਿੱਖਾਂ ਦੀ ਖੇਤੀ ਵਿਚ ਘੋੜੀਆਂ ਛਡ ਰੱਖਦਾ, ਜੇਕਰ ਸਿੱਖ ਹਟਾਉਂਦੇ ਤਾਂ ਉਨ੍ਹਾਂ ਨੂੰ ਫੜਾ ਦੇਣ ਦੀ ਧਮਕੀ ਦਿੰਦਾ ਤੇ ਆਖਦਾ ਜੇ ਤੁਹਾਡੇ ਸਿਰ ਦੇ ਵਾਲ ਮੁੰਡਵਾ ਕੇ ਰੱਸੇ ਵਟਾਂਗਾ ਤਾਂ ਬੰਨ੍ਹਾਂਗਾ। ਇਸ ਗਲੋਂ ਸਿੰਘਾਂ ਨੇ ਤੰਗ ਹੋਕੇ ਬਘੇਲ ਸਿੰਘ ਤੇ ਅਮਰ ਸਿੰਘ ਕੁੱਸੇ ਪਿੰਡ ਵਾਲੇ ਬੁਲਾ ਲਏ, ਉਹ ਘੋੜੀਆਂ ਕੱਢਕੇ ਲੈ ਗਏ, ਤੇ ਮਾਲ ਵੇ ਦੇਸ ਰਾਜਾ ਆਲਾ ਸਿੰਘ ਪਾਸ ਵੇਚ ਆਏ ਅਤੇ ਰੁਪਯਾ ਦੀ ਰਸਦ ਖਰੀਦਕੇ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ। ਤੇ ਓਹ ਸਿੱਖ ਭੀ ਤਾਰਾ ਸਿੰਘ ਪਾਸ ਹੀ ਰਹਣ ਲਗ ਗਏ।

ਏਹ ਤਾਰਾ ਸਿੰਘ ਉਸ ਸਮੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਵਾਂਗੂ ਸਾਰੇ ਦੇਸ ਵਿੱਚ ਮਸ਼ਹੂਰ ਬਹਾਦਰ ਸੀ। ਪਰਗਨੇ ਪੱਟੀ ਤਹਸੀਲ ਕਸੂਰ ਡੱਲਵਾਂ ਪਿੰਡ ਵਿਖੇ ਏਸਨੇ ਆਪਣੇ ਖੇਤ ਵਿੱਚ ਬੁਰਜ ਤੇ ਕੋਠੇ ਪਵਾ ਰੱਖੇ ਸੇ। ਖੇਤੀ ਕਰਾਉਂਦਾ ਤੇ ਲੰਗਰ ਗਰੀਬ ਗੁਰਬੇ ਮੁਸਾਫਰ ਨੂੰ ਦਿੰਦਾ ਰਹਿੰਦਾ, ਸੋ ਪਰਾਸ ਸਿੰਘ ਮਾਰ ਧਾੜ ਕਰਨੇ

ਵਾਲਾ ਏਸਦੇ ਪਾਸ ਟਿਕਣਾ ਚਾਹੀਦਾ, ਬਲਕੇ ਬਾਦਸ਼ਾਹੀ ਨੌਕਰ ਭੀ ਜੋ ਕੋਈ ਭੱਜਕੇ ਏਸ ਦੀ ਸ਼ਰਨ ਆਜਾਂਦਾ ਉਹ ਫੇਰ ਨਾ ਦਿੰਦਾ। ਸੁੱਖੇ ਦੀ ਦੇਗ ਤੇ ਪ੍ਰਸ਼ਾਦ ਹਰ ਵਕਤ ਸਭ ਨੂੰ ਮਿਲਦਾ ਰਹਿੰਦਾ, ਅਨੇਕ ਸਿੰਘ ਜੰਗਲਾਂ ਵਿਚੋਂ ਸ਼ਿਕਾਰ ਮਾਰਕੇ ਮਹਾਂਪ੍ਰਸ਼ਾਦ ਦੀ ਦੇਗ ਜੂਦੀ ਤੱਯਾਰ ਰੱਖਦੇ। ਜਦ ਸਾਹਿਬ ਰਾਇ ਚੌਧਰੀ ਨੂੰ ਘੋੜੀਆਂ ਦੇ ਲੈ ਜਾਣ ਦਾ ਹਾਲ ਮਾਲੂਮ ਹੋਯਾ ਤਾਂ ਪੱਟੀ ਦੇ ਥਾਣੇਦਾਰ ਨੂੰ ਚੜ੍ਹਾਕੇ ਲੈ ਗਿਆ ਤੇ ਬੋਲਿਆ ਸਾਡੇ ਚੋਰ ਪਕੜਾ ਦੇਹ, ਸਿੰਘ ਜੀ ਨੇ ਜਵਾਬ ਦਿੱਤਾ ਸਾਡੇ ਪਾਸ ਕੋਈ ਕਿਸੇ ਦਾ ਚੋਰ ਨਹੀਂ ਸਭ ਸਿੰਘ ਗੁਰੂ ਕੇ ਲਾਲ ਹਨ। ਤਦ ਚੌਧਰੀ ਨੇ ਡੇਰੇ ਦੀ ਤਲਾਸ਼ੀ ਕਰਨੀ ਚਾਹੀ ਪਰ ਸਿੰਘ ਜੀ ਨੇ ਇਨਕਾਰ ਕੀਤਾ ਏਸ ਪਰ ਫਸਾਦ ਵਧ ਗਿਆ ਤਦ ਸਿੰਘ ਜੀ ਦੀ ਆਗਿਆ ਅਨੁਸਾਰ ਖਾਲਸੇ ਦਾ ਹੱਲਾ ਹੋ ਪਿਆ, ਤਲਵਾਰ ਚੱਲੀ, ਬਹੁਤ ਆਦਮੀਆ ਰੇ ਗਏ, ਥਾਣੇਦਾਰ ਜ਼ਖਮ ਖਾਕੇ ਨੱਠ ਗਿਆ, ਚੌਧਰੀ ਨੂੰ ਪਕੜਕੇ ਐਤਨੀਆਂ ਜੁੱਤੀਆਂ ਮਰਵਾਈਆਂ ਜੋ ਟਟਣ ਲਾਲ ਹੋ ਗਿਆ, ਫੇਰ ਛੱਡਕੇ ਆਖਿਆ ਜਾਹ ਕਿਸੇ ਆਪਣੇ ਹਿਮਾਯਤੀ ਨੂੰ ਚੜ੍ਹਾ ਲਿਆ। ਥਾਣੇਦਾਰ ਤੇ ਚੌਧਰੀ ਪੱਟੀ ਪਹੁੰਚਕੇ ਉਥੋਂ ਦੇ ਫੌਜਦਾਰ ਮਿਰਜ਼ੇ ਜਾਫਰ ਬੇਗ ਨੂੰ ਪੰਜ ਸੌ ਅਸਵਾਰ ਸਮੇਤ ਚੜ੍ਹਾ ਲਿਆਏ। ਫੱਗਣ ਸੰ: ੧੭੮੨ ਬਿ: ਨੂੰ ਤਾਰਾ ਸਿੰਘ ਨੇ ਸਵਾ ਸੌ ਸਿੰਘ ਲੈਕੇ ਐਸੀ ਕਟਾ ਵੱਢ ਕੀਤੀ ਜੋ ਤੁਰਕ ਠਹਿਰ ਨਾ ਸੱਕੇ, ਭੱਜ ਨਿਕਲੇ, ਆਪ ਤਾਂ ਮਿਰਜ਼ਾ ਜ਼ਖਮੀ ਹੋਯਾ ਤੇ ਭਤੀਜਾ ਉਸਦਾ ਹਸ਼ਮਤ ਬੇਗ ਬਹੁਤ ਸਾਥੀਆਂ ਸਮੇਤ ਤੇਗ ਦਾ ਭੱਖ ਹੋਯਾ, ਜਾਫਰ ਬੇਗ ਭੱਜਕੇ ਰਾਰਕੇ ਸਕੀਂਥੋਮਾਣੀ ਪਿੰਡ ਜਾ ਉਤਰਿਆ।

ਜਦ ਮਿਰਜ਼ੇ ਜਾਫਰ ਬੇਗ ਨੇ ਆਪਣਾ ਹਾਲ ਲਾਹੌਰ ਦੇ ਸੂਬੇ ਨੂੰ ਲਿਖਿਆ ਤਾਂ ਉਸਨੇ ਫੌਜਦਾਰ ਮੋਮਨ ਖਾਂ ਪੰਜ ਹਜ਼ਾਰੀ ਨੂੰ ਚਾਰ ਹਜ਼ਾਰ ਅਸਵਾਰ ਦੇਕੇ ਬੈਸਾਖ ਸੰ: ੧੭੮੩ ਬਿ: ਨੂੰ ਤਾਰਾ ਸਿੰਘ ਪਰ ਚੜ੍ਹਾ ਦਿਤਾ। ਏਸ ਦੇ ਪਹੁੰਚਣ ਤੋਂ ਪਹਿਲੇ ਰੂਪ ਸਿੰਘ ਤਖਾਣ ਲਾਹੌਰੀ ਸਿੱਖ ਨੇ ਰਾਤ ੨ ਦੌੜਕੇ ਤਾਰਾ ਸਿੰਘ ਨੂੰ ਜਾ ਆਖਿਆ, ਆਪ ਦੋ ਦਿਨ ਜੰਗਲਾਂ ਵਿਚ ਚਲੇ ਜਾਓ, ਕਿਉਂਕੇ ਹੜ ਦੇ ਪਾਣੀ, ਹੈਜ਼ੇ ਦੀ ਬੀਮਾਰੀ, ਵੈਰੀ ਅਗਨਿ, ਦੁਸ਼ਮਨ ਦੇ ਲਸ਼ਕਰ ਤੋਂ ਕਿਨਾਰੇ ਹੋਣਾ ਹੀ ਧਰਮ ਹੈ, ਪੌਣ ਦਾ ਬਚਾਉ ਕੀਤੇ ਦੀਵਾ ਜਗਦਾ ਹੈ, ਸਾਮ੍ਹਣੇ ਹੋਯਾਂ ਬੁਝ ਜਾਂਦਾ ਹੈ। ਤੇ ਆਪ ਜੈਸੇ ਪਰੋਪਕਾਰੀਆਂ ਦਾ ਜੀਉਣਾ ਹੀ ਚੰਗਾ ਹੈ। ਜਾਨ ਨਾਲ ਹੀ ਦੀਨ ਈਮਾਨ ਜਹਾਨ ਹੈ। ਤਾਰਾ ਸਿੰਘ ਜੀ ਨੇ ਜਵਾਬ ਦਿੱਤਾ (ਜੋ ਜੋ ਹੁਕਮ

Digitized by Panjab Digital Library | www.panjabdigilib.org

੫੮ ਤਿਵੇਂ ਤਿੰਨ ਕਾਲ) ਭਾਈ ਸਿੱਖਾ ਭਾਵੀ ਅਮੇਟ ਹੈ, ਪੀਰ ਫਕੀਰ, ਅਵਤਾਰ, ਪੈਗੰਬਰ, ਰਾ
ਜੇ ਮਹਾਰਾਜੇ ਸਭ ਹੋਣੀ ਦੇ ਪਾਣੀ ਭਰਦੇ ਹਨ। ਤੇ ਗੁਰੂ ਜੀ ਦਾ ਬਚਨ ਹੈ ਯਥਾ ਸ੍ਵੈਯਾ
ਜੋ ਕਹੂੰ ਕਾਲ ਤੇ ਭਾਜ ਕੇ ਬਾਚਤ ਤੌ ਕਹੁ ਕੁੰਟ ਕਿਤੈ ਭਜ ਜੱਯੈ। ਆਗੇ ਹੂੰ ਕਾਲ ਧਰੇ
ਅਸਿ ਗਾਜਤ ਛਾਜਤ ਹੈ ਜਿਹ ਤੇ ਨਸ ਅੱਯੈ। ਐਸੋ ਨ ਕਾਹਿ ਗਯੋ ਕੋਊ ਸੋ ਦਾਵ ਰੇ
ਜਾਂਹਿ ਉਪਾਵ ਸੋਂ ਘਾਵ ਬਚੱਯੈ। ਜਾਂ ਤੇ ਨ ਛੂਟੀਐ ਮੂੜ੍ਹ ਕਹੂੰ ਹਸਿ ਤਾ ਕੀ ਨ ਕਿਉਂ ਸਰ
ਨਾਗਤ ਜੱਯੈ।) ਫੇਰ ਅਸੀਂ ਸਿੰਘ ਸਦਾਉਂਦੇ ਹਾਂ, ਸ਼ੇਰ, ਸੇਰ, ਸਤੀ, ਸੂਰ ਏਹ ਪਿੱਛੇ ਹਟ
ਜੇ ਭਰਦੇ ਨਹੀਂ ਸੋ ਅਸੀਂ ਨੱਠਾਂਗੇ ਨਹੀਂ, ਸਿੰਘ ਜੀ ਦਾ ਸਿਦਕ ਦੇਖਕੇ ਲਾਹੌਰੀ ਸਿੱਖ ਭੀ ਸਾ
ਬੀ ਹੋ ਗਿਆ। ਫੇਰ ਤਾਰਾ ਸਿੰਘ ਜੀ ਨੇ ਸਭ ਸਿੰਘਾਂ ਨੂੰ ਸੁਣਾਕੇ ਆਖਿਆ ਏਥੇ ਸਿਰ ਦੇਣ
ਦੀ ਬਾਜ਼ੀ ਲੱਗੀ ਹੈ ਜਿਸ ਨੇ ਸਿਰ ਨਹੀਂ ਦੇਣਾ ਸੋ ਹੁਣੇ ਚਲਾ ਜਾਵੇ ਜੋ ਜੰਗ ਵਿਚੋਂ ਜਾਏਗਾ
ਸੋ ਸਿੱਖੀ ਨੂੰ ਕਲੰਕ ਤੇ ਸਾਨੂੰ ਲਾਜ ਲਾਏਗਾ। ਜਿਸ ਨੇ ਸਿਰ ਦੇਕੇ ਸ਼ਹੀਦੀ ਲੈਣੀ ਹੋਵੇ
ਸੋ ਰਹੇ। ਏਹ ਸੁਣਕੇ ਭੰਗ ਤੇ ਪ੍ਰਸ਼ਾਦ ਦੇ ਛਕਉਣੇ ਤਾਂ ਖਿਸਕੇ ਜੀ ਚਾਰ ਹੋ ਗਏ ਤੇ ਸਿਰ
ਫ ੨੨ ਸਿੱਖ ਰਹ ਗਏ, ਸੂਰਾ ਸਿੰਘ ਤਖਾਣ ਖਾਲੜੇ ਦਾ, ਲਖਮੀਰ ਸਿੰਘ ਸੇਰੋਂ ਕਾ, ਮਾਲੀ
ਸਿੰਘ, ਗੁਰਬਖਸ਼ ਸਿੰਘ ਸੰਧੂ ਭੜਾਣੇ ਦੇ, ਹਾਤਾ ਸਿੰਘ ਚੂੰਘ, ਬੁਲਾਕਾ ਸਿੰਘ ਸਾਂਘਾ,
ਭੀਮ ਸਿੰਘ, ਬਾਦਲ ਸਿੰਘ ਰੱਤੋਕੇ, ਜੋਧਾ ਸਿੰਘ ਨੌਰੰਗਾ, ਰੱਤਾ ਸਿੰਘ, ਫੱਤਾ ਸਿੰਘ ਬਾਠ
ਹੋਰ ਮਲਵਈ ਸਿੰਘ ਸੋ ਅਠ ਜੰਗ ਕਰਨ ਵਾਲੇ ਬਹਾਦਰ ਰਹਿ ਗਏ ਸੁਣ ਸੁਣਕੇ ਢਾਈ
ਤਿੰਨ ਸੌ ਦੇ ਲਗ ਭਗ ਆ ਗਏ। ਏਤਨੇ ਨੂੰ ਤੁਰਕਾਂ ਦੀ ਫੌਜ ਭੀ ਆ ਪਹੁੰਚੀ, ਸਿੰਘ ਸ਼ਸ੍ਤ੍ਰ
ਬਸਤ੍ਰ ਸਜਾਕੇ ਮੁੱਛਾਂ ਨੂੰ ਤਾਉ ਦੇਕਰ, ਗਰਜਦੇ ਹੋਏ ਤਲਾਉ ਕਿਨਾਰੇ, ਮੋਰਚਿਆਂ ਵਿਚ ਬੈ
ਠਕੇ ਬੰਦੂਕਾਂ ਮਾਰਨ ਲੱਗੇ, ਜਦ ਤਕ ਗੋਲੀ ਬਾਰੂਦ ਰਿਹਾ ਤਦ ਤਕ ਬੰਦੂਕਾਂ ਚਲਦੀਆਂ
ਰਹੀਆਂ ਫੇਰ ਤੀਰਾਂ ਤੋਂ ਕੰਮ ਲਿਆ ਗਿਆ, ਆਖਰ ਤਲਵਾਰਾਂ ਉਤੇ ਆ ਗਈ ਹੱਲਾ
ਕਰਕੇ ਦੁਸ਼ਮਣਾਂ ਦੀ ਫੌਜ ਵਿੱਚ ਜਾ ਧਸੇ। ਸਿੰਘਾਂ ਨੇ ਬੇਸ਼ੁਮਾਰ ਕਟ ਵੱਢ ਕੀਤੀ, ਲੋਥਾਂ
ਦੇ ਸਥਾਰ ਲਗ ਗਏ। ਮਿਰਜ਼ਾ ਤਕੀ ਬੇਗ ਜੰਗ ਦਲੇਰ ਨੇ ਤਾਰਾ ਸਿੰਘ ਨੂੰ ਲਲਕਾਰ
ਕੇ ਤੀਰਾਂ ਦੀ ਝੜੀ ਲਾਈ, ਸਿੰਘ ਜੀ ਨੇ ਦੇਖਿਆ ਕਿ ਏਸਦਾ ਮੂੰਹ ਤੋੜੇ ਸਿਵਾਇ ਤੋਰ ਕੋਈ
ਬਾਉ ਨੰਗਾ ਨਹੀਂ ਤਾਂ ਅਤੀ ਸ਼ੀਘ੍ਰ ਉਛਲਕੇ ਮਿਰਜ਼ੇ ਦੇ ਮੂੰਹ ਵਿਚ ਤਲਵਾਰ ਦਾ ਧੱ
ਕਾ ਚਲਾ ਦਿੱਤਾ। ਲਹੂ ਵਗਦੇ ਹੋਏ ਮਿਰਜ਼ਾ ਪਿੱਛੇ ਹਟਿਆ ਤਾਂ ਹਾਥੀ ਪਰ ਬੈਠੇ ਮੋ
ਮਨਖਾਂ ਨੇ ਕਹਿਆ ਮਿਰਜ਼ਾ ਜੀ ਪਾਨ ਚਬਾਉਂਦੇ ਹੋ, ਮਿਰਜ਼ਾ ਬੋਲਿਆ ਹਾਂ ਖਾਂ ਜੀ ਤਾਰਾ

ਸਿੰਘ ਬੀਰਤਾ ਦੇ ਰਹੇ ਸੇ, ਆਪ ਭੀ ਅੱਗੇ ਹੋਕੇ ਲੜਦੇ ਸਿਰਜਾ ਤਾਂ ਏਹ ਕਹਿੰਦਾ ਹੀ ਪਾਰ ਬੋਲ ਗਯਾ ਸੀ ਏਧਰੋਂ ਤਾਰਾ ਸਿੰਘ ਘੋੜਾ ਛੇੜ ਕੇ ਮੋਮਨ ਖਾਂ ਦੇ ਹਾਥੀ ਨੂੰ ਜਾ ਲਪਕਿਆ, ਮੋਮਨ ਖਾਂ ਜਾਨੋਂ ਤਾਂ ਬਚ ਰਿਹਾ ਪਰ ਇਕ ਬਾਂਹ ਕੱਟੀ ਗਈ, ਦੂਸਰੇ ਵਾਰ ਨਾਲ ਹਾਥੀ ਦੀ ਸੁੰਡ ਕੱਟ ਸੁੱਟੀ, ਮੋਮਨ ਖਾਂ ਤਾਂ ਡਿਗ ਪਿਆ ਤੇ ਹਾਥੀ ਚੀਕ ਮਾਰਕੇ ਪਿਛਾਹਾਂ ਨੂੰ ਉੱਠ ਨੱਠਾ ਪਰ ਤਾਰਾ ਸਿੰਘ ਜੀ ਨੇ ਅਨੇਕਾਂ ਨੂੰ ਮਾਰਕੇ ਪੁਰਜੇ ੨ ਹੋਕਰ ਸ਼ਹੀਦੀ ਪਾਈ। ਮੁਰੀਦ ਖਾਂ ਮੋਮਨ ਖਾਂ ਦੇ ਭਤੀਜੇ ਨੇ ਆਪਣਾ ਹਾਥੀ ਸਿੰਘਾਂ ਵਲ ਝੁਕਾਯਾ ਜਦ ਤੀਰਾਂ ਨਾਲ ਬਹੁਤ ਸਿੰਘ ਮਾਰੇ ਤਾਂ ਭੀਮ ਸਿੰਘ ਜੋ ਨਟ ਬਿੱਦਿਆ ਵਿਚ ਪੂਰਾ ਸੂਰਬੀਰ ਸੀ ਫੁਰਤੀ ਨਾਲ ਹਾਥੀ ਪਰ ਜਾ ਕੁੱਦਿਆ ਤੇ ਮੁਰੀਦ ਖਾਂ ਦਾ ਸਿਰ ਕੱਦੂ ਦੀ ਤਰਾਂ ਉਤਾਰ ਸਿੱਟਿਆ ਕੁੰਦਲ ਪੁਰੀਏ ਮਨਸਾਰਾਮ ਤੇ ਦਯਾਰਾਮ ਆਦਿਕ ਕਈ ਸਰਦਾਰ ਅੱਗੇ ਵਧਕੇ ਲੜਦੇ ਰਹੇ ਪਰ ਜਦ ਦਯਾਰਾਮ, ਮੁਰੀਦ ਖਾਂ, ਤਕੀ ਬੇਗ ਮਾਰੇ ਗਏ ਤੇ ਮੋਮਨ ਖਾਂ ਦਾ ਹਾਥੀ ਭੀ ਉਲਟਾ ਡਿੱਗਿਆ ਹੋਯਾ ਦੇਖਿਆ ਤਾਂ ਫੌਜ ਨੇ ਭਾਜ ਪਾ ਦਿੱਤੀ, ਭਲਾ ਫੇਰ ਕੌਣ ਖੜਾ ਹੋਵੇ, ਸਿੰਘਾਂ ਨੇ ਤੇਗਾਂ ਨਾਲ, ਭੁੱਖੇ ਸ਼ੇਰਾਂ ਵਾਂਙੂ ਲਪਕ ਲਪਕ ਅਨੇਕਾਂ ਦੇ ਮੋਢੇ ਲਾਹੇ।

ਸ਼ਾਹੀ ਫੌਜ ਨੇ ਤਾਂ ਕੰਬੋ ਮਾੜ੍ਹੀ ਉਤਰ ਕੇ ਜ਼ਖਮੀ ਸੰਭਾਲੇ ਤੇ ਏਧਰ ਸਿੰਘਾਂ ਨੇ ਮੁਰਦਿਆਂ ਦੇ ਘੋੜੇ ਹਥਿਆਰ ਸੰਭਾਲ ਕੇ ਤਾਰਾ ਸਿੰਘ ਜੈਸੇ ਬਹਾਦਰਾਂ ਦੀਆਂ ਦੇਹਾਂ ਨੂੰ ਅੱਗ ਵਿੱਚ ਸਾੜਿਆ ਤੇ ਜੰਗਲਾਂ ਦੇ ਰਾਹ ਪੈ ਗਏ। ਮੈਦਾਨ ਜੰਗ ਖਾਲੀ ਪਿਆ ਸੁਣ ਕੇ ਮੁਸਲਮਾਨ ਫੇਰ ਉਥੇ ਚਲੇ ਗਏ ਤੇ ਆਪਣੇ ਮੁਰਦਿਆਂ ਨੂੰ ਦਫਨ ਕਰ ਕੇ ਫਤੇ ਦੇ ਨਗਾਰੇ ਬਜਾਇ ਕਰ ਲਾਹੌਰ ਜਾ ਦਾਖਲ ਹੋਏ। ਤਾਰਾ ਸਿੰਘ ਜੀ ਦਾ ਜਿੱਥੇ ਸਸਕਾਰ ਕੀਤਾ ਸੀ ਓਹ ਹੁਣ ਸ਼ਹੀਦ ਗੰਜ ਮਸ਼ਹੂਰ ਹੈ, ਲੰਗਰ ਚੱਲਦਾ ਹੈ।

ਜੱਦਪਿ ਓਦੋਂ ਸਿੰਘਾਂ ਦੇ ਗਦਰ ਮੇਟਣ ਵਾਸਤੇ ਗਸ਼ਤੀ ਫੌਜ ਫਿਰ ਰਹੀ ਸੀ ਪਰ ਏਹ ਐਸੀ ਸਖਤ ਮਿੱਟੀ ਦੇ ਬਣੇ ਹੋਏ ਬਹਾਦਰ ਸੇ ਜੋ ਗਸ਼ਤੀ ਫੌਜ ਦੀ ਕੁਛ ਪਰਵਾਹ ਨਾ ਕੀਤੀ ਤੇ ਲੁੱਟ ਮਾਰ ਦੇ ਬਾਜ਼ਾਰ ਨੂੰ ਗਰਮ ਹੀ ਰੱਖਿਆ ਪੋਹ ਸੰ: ੧੭੯੩ ਬਿ: ਨੂੰ ਕੁਸਬੇ ਚਵਿੰਡੇ ਦੀ ਤਹਸੀਲਦਾ ਸ਼ਾਹੀ ਮਾਮਲਾ ਉਗਰਾਹੀ ਹੋਕੇ ਲਾਹੌਰ ਨੂੰ ਜਾਂਦਾ ਸੀ, ਸਿੰਘਾਂ ਨੇ ਦਿ ਨਦੀ ਵੀ ਜਾ ਮਾਰਿਆ, ਏਧਰ ਤਾਂ ਏਨ੍ਹਾਂ ਦੇ ਫੜਨ ਵਾਸਤੇ ਫੌਜ ਚੜ੍ਹੀ ਤੇ ਓਧਰ ਦਰਬਾਰ ਸਿੰਘ, ਫਤੇ ਸਿੰਘ, ਖੜਕ ਸਿੰਘ ਆਦਿਕਾਂ ਨੇ ਚੂਹਣੀਆਂ ਤੇ ਕਸੂਰ ਦਾ ਖ਼ਜ਼ਾਨਾ ਜੋ

Digitized by Panjab Digital Library | www.panjabdigilib.org

੫੦ ਲਾਹੌਰ ਨੂੰ ਜਾ ਰਿਹਾ ਸੀ, ਕਾਨੇ ਕਾਛੇ ਪਿੰਡ ਪਾਸ ਰਾਤ ਦੇ ਵਕਤ ਜਾ ਲੁਟਿਆ, ਅਨੇਕਾਂ ਨੂੰ ਜ਼ਖਮੀ ਕੀਤਾ, ਫੇਰ ਸਭ ਸਿੰਘ ਘੋੜੇ ਦੌੜਾ ਕਰ ਸਾਂਦਲ ਬਾਰ ਦੇ ਜੰਗਲਾਂ ਵਿਚ ਜਾ ਵੜੇ। ਏਸੇ ਸਮੇ ਮੁਰਤਜਾ ਖਾਂ ਕੰਧਾਰੀ ਮਸ਼ਹੂਰ ਸੌਦਾਗਰ ਘੋੜੇ ਲੈ ਕੇ ਦਿੱਲੀ ਨੂੰ ਚੱਲਿਆ ਸੀ ਉਸਨੂੰ ਜ਼ਿਲੇ ਅੰਮ੍ਰਿਤਸਰ ਜੰਡਿਆਲੇ ਪਿੰਡ ਪਾਸ ਘੇਰ ਲਿਆ, ਸੌਦਾਗਰ ਆਪ ਤਾਂ ਘੋੜਿਆਂ ਦੇ ਘਾਹ ਵਿਚ ਲੁਕ ਕੇ ਬਚਿਆ ਤੇ ਨੌਕਰ ਚਾਕਰ ਕੁਛ ਮਾਰੇ ਗਏ ਤੇ ਬਾਕੀ ਦੇ ਨੱਠ ਗਏ, ਸਿੰਘ ਘੋੜੇ ਤੇ ਅਸਬਾਬ ਲੈ ਕੇ ਬੂੜਲੇ ਦੇ ਬੀੜ ਵਿਚ ਜਾ ਵੜੇ। ਸੌਦਾਗਰ ਨੂੰ ਜੰਡਿਆਲੇ ਦੇ ਮਹੰਤ ਆਕਲਦਾਸ ਨੇ ਘਾਹ ਵਿਚੋਂ ਕੱਢ ਕੇ ਲਾਹੌਰ ਪਹੁੰਚਾਯਾ। ਏਸੇ ਸਾਲ ਜਾਫਰ ਖਾਂ ਬਾਰਾਂ ਹਜ਼ਾਰੀ ਮਹੰਮਦ ਸ਼ਾਹ ਬਾਦਸ਼ਾਹ ਦਾ ਸਾਲਾ ਆਪਣੇ ਕਬੀਲਿਆਂ ਸਮੇਤ ਕਾਬੁਲ ਵੱਲੋਂ ਦਿੱਲੀ ਨੂੰ ਜਾਂਦਾ ਸੀ। ਸੋ ਉਸ ਦਾ ਸ਼ਿਕਾਰ ਬਾਘ ਸਿੰਘ ਹੱਲੋਵਾਲੀਏ ਨੇ ਗੋਇੰਦਵਾਲ ਦੇ ਪੱਤਣ ਪਰ ਖੇਲਿਆ।

Murtaza Khan Khandhari Horses Captured

Zafar Khan

ਏਸ ਸਮੇ ਦੇ ਸਿੱਖ ਸਿਵਾਏ ਮੁਸਲਮਾਨਾਂ ਦੇ ਹੋਰ ਕਿਸੇ ਨੂੰ ਨਹੀਂ ਲੁੱਟਦੇ ਸੇ, ਜੇ ਕੋਈ ਹਿੰਦੂ ਭੁਲੇਖੇ ਨਾਲ ਲੁਟਿਆ ਭੀ ਜਾਂਦਾ ਤਾਂ ਉਸਨੂੰ ਉਸਦਾ ਮਾਲ ਮੋੜ ਕੇ ਦਿੱਤਾ ਜਾਂਦਾ। ਜੈਸੇ ਸ੍ਰੀ ਹਰਿਗੋਬਿੰਦਪੁਰ ਦੇ ਪਾਸ ਪ੍ਰਤਾਪ ਚੰਦ ਖੱਤ੍ਰੀ ਸਿਆਲਕੋਟੀਏ ਸੌਦਾਗਰ ਦੇ ਊਂਟਾਂ ਦੀ ਕਤਾਰ, ਜਿਨ੍ਹਾਂ ਪਰ ਪਸ਼ਮੀਨਾ ਲੱਦਿਆ ਹੋਯਾ ਸੀ ਸਿੰਘਾਂ ਨੇ ਲੁੱਟ ਲਈ ਪਰ ਜਦ ਮਾਲੂਮ ਹੋਯਾ ਤਾਂ ਸਭ ਮਾਲ ਉਸਦਾ ਮੋੜ ਦਿੱਤਾ ਏਸੇ ਕਰਕੇ ਉਹ ਹਮੇਸ਼ ਸਿੰਘਾਂ ਦੀ ਮਦਦ ਕਰਦਾ ਰਿਹਾ। ਉਨ੍ਹਾਂ ਦਿਨਾਂ ਵਿਚ ਸਿੰਘਾਂ ਦੇ ਦੋ ਦੋ ਸੌ ਤਿੰਨ ਤਿੰਨ ਸੌ ਅਸਵਾਰਾਂ ਦੇ ਅਨੇਕ ਝੁੰਡ ਪੰਜਾਬ ਵਿਚ ਫਿਰ ਰਹੇ ਸੇ। ਰਾਤ ਨੂੰ ਤਾਂ ਮੁਸਲਮਾਨਾਂ ਦੇ ਪਿੰਡਾਂ ਦੀ ਲੁੱਟ ਮਾਰ ਕਰਦੇ ਰਹਿੰਦੇ ਤੇ ਦਿਨੇ ਚੰਗਾ ਘਾਹ, ਜਲ, ਜੰਗਲ ਦੇਖ ਕੇ ਗੁਜ਼ਾਰਾ ਕਰਦੇ ਤੇ ਲੁੱਟ ਦੇ ਮਾਲ ਦਾ ਮਲੀਦਾ ਕੁੱਟ ਕੁੱਟ ਯਾ ਸ਼ਿਕਾਰ ਭੁੰਨ ਭੁੰਨ ਛਕ ਛਕ ਸੌਂ ਰਹਿੰਦੇ। ਘੋੜਿਆਂ ਨੂੰ ਭੀ ਸ਼ਿਕਾਰ ਤੇ ਮਲੀਦਾ, ਚੂਰੀ ਛਕਾਉਣ ਸਿਖਾ ਰੱਖਿਆ ਸੀ ਏਸੇ ਕਰਕੇ ਅੱਸੀ ੨ ਸੌ ਸੌ ਕੋਸ ਤਕ ਉਨ੍ਹਾਂ ਦੇ ਘੋੜੇ ਨਿਕਲ ਜਾਂਦੇ ਸੇ। ਜਦ ਗਸ਼ਤੀ ਫੌਜ ਕਿਧਰੋਂ ਆਂਵਦੀ ਤਾਂ ਸ਼ਰਦਾ ਸੂਟ ਕਾਠੀਆਂ ਪਾ ਕੇ ਅੱਡੀ ਲਗਾ ਜਾਂਦੇ। ਜੇ ਕਦੇ ਘੇਰੇ ਜਾਂਦੇ ਤਾਂ ਚੰਗੇ ਹੱਥ ਦਿਖਾ ਕਰ ਮੂੰਹ ਮੋੜ ਜਾਂਦੇ। ਜੰਗਲ ਮੈਦਾਨ ਵਿਚ ਤਾਂ ਸਿੰਘ ਦੁਸ਼ਮਣ ਦੇ ਅੜਿੱਕੇ ਨਹੀਂ ਆਉਂਦੇ ਸੇ, ਕਿਉਂਕੇ ਸਿੰਘ ਤਾਂ ਜੰਗਲਾਂ ਦੇ ਰਾਹਾਂ ਦੇ ਭੇਤੀ ਸੇ, ਤੇ ਬਾਦਸ਼ਾਹੀ ਫੌਜ ਨੂੰ ਜੰਗਲਾਂ ਵਿਚ ਵੜਨਾ ਮੌਤ ਸੀ।

Bands of guerilla fighters - in groups of 40 - 200

Digitized by Panjab Digital Library | www.panjabdigilib.org

ਛੇਵੇਂ ਸਾਲ ਵਿੱਚ ਚੁਹੰਦੇ ਵਾਲੇ ਬਹਾਦਰ ਸਿੰਘ ਜਥੇਦਾਰ ਦੇ ਬੇਟੇ ਦੇ ਬਿਆਹ ਉੱਤੇ ਬਹੁਤ ਸਿੰਘ ਕੱਠੇ ਹੋਏ ਤਾਂ ਮੋਰੀ ਤੇ ਮਾਨ੍ਹੀ ਪਿੰਡ ਦੇ ਰੁਗਾਲ ਜੱਟ ਥਾਣੇ ਤੇ ਫੌਜ ਚੜ੍ਹਾ ਲਿਆਏ, ਗਾਜ਼ੀ ਫੌਜ ਨੇ ਸਿੰਘਾਂ ਨੂੰ ਆ ਘੇਰਿਆ ਭਲਾ ਓਹ ਸ਼ੇਰ ਘੇਰੇ ਵਿੱਚ ਕਦ ਰਹਿ ਸਕਦੇ ਸੇ ਤਲਵਾਰਾਂ ਖਿੱਚ ਖਿੱਚ ਬੜੀ ਦਲੇਰੀ ਨਾਲ ਸਤਿ ਸ੍ਰੀ ਅਕਾਲ ਗਜਾਉਂਦੇ ਹੋਏ ਬਾਹਰ ਨਿਕਲ ਪਏ ਤੇ ਮੁਸਲਮਾਨਾਂ ਨੂੰ ਮਾਰਦੇ ਮਰਦੇ ਨਿਕਲ ਗਏ, ਦਸਕ ਸਿੰਘ ਤੀਹਕ ਨੂੰ ਮਾਰ ਕੇ ਸ਼ਹੀਦ ਹੋ ਗਏ, ਜਦ ਮੁਸਲੇ ਸਿੱਖਾਂ ਦੇ ਬਾਲ ਬੱਚੇ ਤੇ ਔਰਤਾਂ ਨੂੰ ਹੱਥ ਪਾਉਣ ਲੱਗੇ ਤਾਂ ਬਿਆਹ ਵਾਲੇ ਘਰ ਜੋ ਬਹੁਤ ਸਿੰਘਣੀਆਂ ਕੱਠੀਆਂ ਹੋ ਰਹੀਆਂ ਸਨ, ਉਨ੍ਹਾਂ ਨੇ ਸੋਟੇ ਫੜ ਲਏ, ਉਨ੍ਹਾਂ ਨੂੰ ਦੇਖ ਕੇ ਹੋਰ ਭੀ ਜੱਟੀਆਂ ਉਠ ਪਈਆਂ, ਸਲਾਬਾਂ, ਸੋਟੇ ਮਾਰ ਮਾਰ ਤੁਰਕਾਂ ਨੂੰ ਪਿੰਡੋਂ ਕੱਢ ਛੱਡਿਆ। ਇਸੇ ਤਰਾਂ ਅਨੇਕ ਪਿੰਡਾਂ ਵਿੱਚ ਹੁੰਦੀ ਰਹਿੰਦੀ ਸੀ।

ਬਹੁਤ ਮੁੱਦਤ ਤਕ ਇਸ ਤਰਾਂ ਦਾ ਰੌਲਾ ਪਿਆ ਰਿਹਾ, ਗਾਜ਼ੀ ਫੌਜ ਤੇ ਸਿੰਘਾਂ ਦਾ ਜ਼ਰਾ ਭੀ ਬੰਦੋਬਸਤ ਨਾ ਹੋਯਾ, ਸਗੋਂ ਬਹੁਤ ਗਦਰ ਵਧ ਗਿਆ, ਸਿੰਘਾਂ ਨੂੰ ਲੁੱਟ ਮਾਰ ਕਰਦੇ ਦੇਖ ਕੇ ਸਾਰੇ ਮੁਲਕ ਦੇ ਲੁਟੇਰੇ ਹਿੰਦੂ ਮੁਸਲਮਾਨ ਇੱਕ ਦੂਸਰੇ ਨੂੰ ਲੁੱਟਣ ਉਠ ਪਏ। ਸਾਰੇ ਪੰਜਾਬ ਤੇ ਮਾਲਵੇ ਵਿੱਚ ਦਿਨ ਰਾਤ ਬੰਦੂਕ ਚਲਦੀ ਰਹੀ। ਗਊ, ਭੈਂਸ, ਬੈਲ, ਘੋੜਾ, ਘਰ, ਖੇਤ, ਔਰਤ, ਮੁੰਡਾ, ਕੁੜੀ ਆਦਿਕ ਕੋਈ ਚੀਜ਼ ਕਿਸੇ ਦੀ ਰਹਿਣੀ ਨਾ ਪਾਵੇ, ਰਾਤ ਦਿਨੇ ਕਟਕ ਪਏ ਦੌੜਨ, ਛੋਟੇ ੨ ਪਿੰਡ ਉਜੜ ਗਏ, ਹਰਇਕ ਪਿੰਡ ਦੇ ਚੁਫੇਰੇ ਕੋਟ, ਖਾਈ ਦਰਵਾਜ਼ੇ, ਬੁਰਜ ਬਣ ਗਏ, ਬੁਰਜਾਂ ਉੱਪਰ ਟਮਕ ਰੱਖੇ ਰਹਿਣ, ਬੁਰਜਾਂ ਪਰ ਯਾਂ ਉੱਚੇ ੨ ਦਰਖਤਾਂ ਪਰ ਟਾਂਗੂ ਬੈਠੇ ਰਹਿਣ, ਜਦ ਕਿਧਰੋਂ ਕਟਕ ਆਵੇ, ਗਰਦ ਉਡਦੀ ਦੇਖ ਕੇ ਟਾਂਗੂ ਟਮਕ ਬਜਾ ਦੇਵਣ ਤਾਂ ਸਭ ਲੋਗ ਬੰਦੂਕਾਂ ਕਸ ਕਸ, ਨੇਜ਼ੇ, ਬਰਛੇ, ਤਲਵਾਰਾਂ ਫੜ ੨ ਮੋਰਚਿਆਂ ਵਿੱਚ ਕੋਟ ਉੱਤੇ ਚੜ੍ਹ ਬੈਠਣ। ਇਸੇ ਤਰਾਂ ਆਪਣੇ ਜਾਨ ਮਾਲ ਨੂੰ ਬਚਾ ਲੈਣ, ਕੋਈ ਕੋਈ ਪਿੰਡਾਂ ਵਾਲੇ ਬਹਾਦਰ ਲੋਗ ਢੋਲ ਬਜਵਾ ਕੇ, ਪਿੰਡੋਂ ਬਾਹਰ ਨਿਕਲ ਕੇ ਲੜਾਈ ਕਰਦੇ ਤੇ ਕਟਕ ਦੀ ਭੀ ਲੁੱਟ ਮਾਰ ਕਰ ਲੈਂਦੇ। ਇਸੇ ਤਰਾਂ ਦਿਨੇ ਕਟਕ, ਧਾੜਾ, ਡਾਕੇ, ਖੂੰਨ ਹੁੰਦੇ ਰਹਿੰਦੇ, ਕੋਈ ਹਾਕਮ ਕਿਸੇ ਤਰਾਂ ਦਾ ਬੰਦੋਬਸਤ ਨਹੀਂ ਕਰ ਸਕਦਾ ਸੀ। ਦਿਨ ਛਿਪਦੇ ਨਾਲ ਹੀ ਪਿੰਡਾਂ ਦੇ ਦਰਵਾਜ਼ੇ ਲੱਗ ਜਾਂਦੇ, ਚਾਰ ਘੜੀ ਦਿਨ ਚੜ੍ਹੇ ਖੁੱਲਦੇ, ਮਾਲ ਬਾਹਰ ਚਰਨ ਚੁਗਣ ਜਾਂਦੇ ਤਾਂ ਬਿਗਾਨੇ ਸਮਝੇ ਜਾਂਦੇ। ਘਰ ਆ ਜਾਂਦੇ ਤਾਂ ਆਪਣੇ ਸਮਝੇ ਜਾਂਦੇ। ਇਸੇ ਤਰਾਂ ਮੁੰਡੇ, ਕੁੜੀਆਂ, ਔਰਤਾਂ ਦਾ ਹਾਲ

੫੨ ਸੀ ਜੋ ਜਿਸਦੇ ਹੱਥ ਆਯਾ ਸੋਈ ਲੈ ਗਿਆ। ਬਾਹਰੋਂ ਗਊਆਂ ਭੈਂਸਾਂ ਨੂੰ ਕਟਕ ਲੈ ਜਾਂਦਾ, ਘਰ ਕਟਕੂ, ਬਛਕੂ ਅਰ ਨਾਕੇ ਮਰ ਜਾਂਦੇ। ਕਈ ਵਾਰੀ ਬਾਹਰ ਹਾਲੀਆਂ, ਪਾਲੀਆਂ ਨੂੰ ਨਰੜਕੇ ਸਿੱਟ ਜਾਂਦੇ ਤੇ ਕਪੜੇ ਉਤਾਰ, ਮਾਲ ਹੱਕ ਕੇ ਲੈ ਜਾਂਦੇ। ਜੋਰ ਵਾਲੇ ਦਾ ਤੇ ਉਤਫ਼ਕ ਵਾਲੇ ਦਾ ਨਿਰਬਾਹ ਹੁੰਦਾ ਸੀ ਦੂਸਰੇ ਦਾ ਬੁਰਾ ਹਾਲ। ਪਰ ਇਕ ਗੱਲ ਚੰਗੀ ਸੀ ਜੋ ਪਿੰਡ ਵਿਰਲੇ ਵੀ ਚੀਜ ਨੂੰ ਪਿੰਡ ਵਸਦਾ ਕੋਈ ਨਹੀਂ ਛੇੜਦਾ ਸੀ, ਸਗੋਂ ਇਕ ਦੂਸਰੇ ਦਾ ਰਾਖਾ ਹੁੰਦਾ ਸੀ। ਅਤੇ ਏਹ ਨਾਪਰਾਧੇ, ਭੱਟੀ, ਡੋਗਰ, ਬਲੋਚ, ਖਰਲ, ਜੱਟ, ਬੈਰਾਨ ਆਦਿਕ ਕੌਮਾਂ ਦੇ ਸਰਦਾਰ ਮਖਣਾ, ਪੀਰਾ, ਅੱਤੂ ਨਕਟਾ, ਜੋਧਾ, ਸੈਦਾ, ਰੱਲੂ, ਚੂਹੜ, ਭੁਰਾ ਆਦਿਕ ਸੇ। ਜ਼ਿਲੇ ਫ਼ੀਰੋਜ਼ਪੁਰ ਦੇ ਹਲਵਾਰਾ, ਆੱਕੂ, ਝੂਲ, ਵੈਰੂ, ਮੰਜ, ਬਾਹਿਕਾ, ਖਿੱਡੂਕੇ, ਹਰੀਕੇ ਆਦਿਕ ਪਿੰਡਾਂ ਤੋਂ ਕਟਕ ਨਿਕਲਦੇ ਸੇ ਤੇ ਬੀਂਘੜਾ, ਬੋਹਾ, ਹਮਾਊਂ, ਬੁਲਾਂਢਾ, ਰਾਣੀਆਂ, ਟੋਹਾਣਾ ਆਦਿਕ ਜ਼ਿਲੇ ਸਰਸੇ ਵਿਚੋਂ ਕਟਕ ਆਂਵਦੇ ਸੇ। ਏਸੇ ਤਰਾਂ ਮੁਲਕ ਮਾਝੇ ਦੁਆਬੇ ਦਰਪ ਜੰਗ ਆਦਿਕ ਅਨੇਕ ਪਿੰਡਾਂ ਵਿਚੋਂ ਮਸ਼ਹੂਰ ਧਾੜੇ ਦੇਨਦੇ ਸੇ। ਇਨ੍ਹਾਂ ਡਕੈਤਾਂ ਦੇ ਜੁੰਡਾਂ ਨੂੰ ਲੋਗ ਧਾੜਾ, ਪੇੜਾ, ਕਟਕ ਨਾਮ ਕਰਕੇ ਪੁਕਾਰਦੇ ਹੁੰਦੇ। ਜੇਦਪਿ ਹਾਕਮਾਂ ਨੇ ਅਨੇਕ ਉਪਾਇ ਕੀਤੇ ਪਰ ਸੰ: ੧੭੬੫ [1708] ਤੋਂ ਲੈਕਰ ਸੰ: ੧੯੨੨ ਬਿ: ਤਕ ਅਮਨ ਨਾ ਹੋਯਾ। ਜਿਉਂ ੨ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਿਤਾਏ ਹੋਏ ਦੱਖਣ ਵਿਚ ਮਰਹਟੇ, ਜਬਲਪੁਰ ਆਦਿਕ ਵਿੱਚ ਪੰਡਾਰੇ, ਬੰਗਾਲੇ ਕਾਂਸ਼ੀ ਅਵਧ ਵਿੱਚ ਠੱਗ, ਪੰਜਾਬ ਵਿੱਚ ਸਿੱਖ ਏਹ ਲੋਗ ਸ਼ਾਹੀ ਹਾਕਮਾਂ ਦੇ ਮੁਕਾਬਲੇ ਵਿੱਚ ਖੜੇ ਹੋਏ ਤਿਉਂ ੨ ਮੁਗ਼ਲਾਂ ਦੀ ਬਾਦਸ਼ਾਹੀ ਦਾ ਅੰਤ ਕਰਕੇ ਹਟੇ, ਫੇਰ ਨਾਦਰਸ਼ਾਹ, ਅਹਿਮਦਸ਼ਾਹ ਦੇ ਹੱਲੇ ਹੁੰਦੇ ਰਹੇ ਤਾਂ ਭੀ ਗਦਰ ਬਣਿਆ ਰਿਹਾ, ਆਖਰ ਹਿੰਦੁਸਤਾਨ ਤੇ ਦੱਖਣ ਵਿੱਚ ਤਾਂ ਸਰਕਾਰ ਅੰਗ੍ਰੇਜ਼ੀ ਦਾ ਰਾਜ ਹੋਯਾ ਤੇ ਪੰਜਾਬ ਮਾਲਵੇ ਬਾਂਗਰ ਵਿੱਚ ਸਿੱਖਾਂ ਦਾ ਰਾਜ ਹੋਯਾ ਤਾਂ ਗਦਰ ਬੰਦ ਹੋਯਾ। ਨਹੀਂ ਤਾਂ ਵਿਸ ਪੰਜਾਹ, ਸੱਠ ਬਰਸ ਦੇ ਰੌਲੇ ਵਿੱਚ ਹਜ਼ਾਰਾਂ ਪਿੰਡ ਉਜੜ ਗਏ, ਬੇਸ਼ੁਮਾਰ ਲੋਗ ਕਤਲ ਹੋਏ। ਜਿਉਂ ਜਿਉਂ ਮੁਸਲਮਾਨ ਬੰਦੋਬਸਤ ਕਰਨ ਵਾਸਤੇ ਸਿੱਖਾਂ ਉੱਤੇ ਜ਼ੁਲਮ ਕਰਦੇ ਰਹੇ ਤਿਉਂ ੨ ਰਾਜ ਰੌਲਾ ਬਧਦਾ ਗਿਆ।

ਜਦ ਸੂਬੇ ਲਾਹੌਰ ਜਾਲੰਧਰ, ਆਦਿਕ ਮਕਾਨਾਂ ਦੇ ਹਾਕਮ ਅਨੇਕ ਚੋਲੇ ਬਦਲਕੇ ਹਾਰ ਗਏ ਤੇ ਗਾਜ਼ੀ ਫੌਜ ਭੀ ਪੱਟਾ ਛਾਣਕੇ ਰਹ ਗਈ ਤਾਂ ਅੱਘਰ ਸੰ: ੧੭੮੪ [1727] ਬਿ: ਵਿੱਚ ਸੂਬੇ ਲਾਹੌਰ ਨੇ ਇਸਤਹਾਰੀ ਢੰਡੋਰੀ ਫਿਰਾਇ ਦਿੱਤੀ ਕਿ ਜੋ ਕੋਈ ਇਕ ਸਿੱਖ ਨੂੰ ਫੜਕੇ

ਓਸਨੂੰ ਪੰਜ ਰੁਪਏ, ਜੋ ਆਪ ਫੜਕੇ ਲੈ ਆਵੇ ਓਸਨੂੰ ਦਸ ਰੁਪਏ, ਜੋ ਕੋਈ ਸਿੱਖ ਦਾ ਸਿਰ
ਕੱਟਕੇ ਲਿਆਵੇ ਓਸਨੂੰ ਬੀਸ ਰੁਪਏ ਇਨਾਮ ਸਰਕਾਰੋਂ ਮਿਲੇਗਾ, ਏਸਤੋਂ ਅਧਿਕ ਜੋ
ਕੋਈ ਹੋਰ ਕੰਮ ਕਰੇਗਾ ਓਸਨੂੰ ਅਧਿਕ ਇਨਾਮ, ਜਾਗੀਰ, ਖਿਲਾਤ ਮਿਲੇਗੀ, ਏਸ
ਲਾਲਚ ਬਦਲੇ ਬਹੁਤੇ ਹਿੰਦੂ ਮੁਸਲਮਾਨ ਬੇਈਮਾਨ ਹੋਕਰ ਸਿੰਘਾਂ ਦੇ ਫੜਨ ਫੜਾ
ਉਣ ਤੇ ਮਾਰਨ ਪਰ ਲੱਕ ਬੰਨ ਖੜੋਤੇ ਤਾਂ ਫੇਰ ਤਾਂ ਕੋਈ ਸਿੱਖ ਕਿਸੇ ਪਿੰਡ ਵਿਚ ਨਾ ਰਿਹਾ
ਸਭ ਘਰ ਛੱਡ ਛੱਡ ਕੇ ਨੱਠ ਗਏ, ਬਾਲਕ ਤੇ ਬੁੱਢੇ ਤਾਂ ਮਾਲਵੇ ਵਿਚ ਜਾ ਵੜੇ, ਜੁਆ
ਨ ੨ ਸਿੰਘ ਜੱਥੇ ਬਨਾਕੇ ਫਿਰਨ ਲਗ ਪਏ। ਸੈਂਕੜੇ ਸਿੱਖ ਮੁਖਬਰਾਂ ਨੇ ਫੜਾ
ਦਿੱਤੇ। ਸੈਂਕੜੇ ਲੋਗਾਂ ਨੇ ਹਿੰਦੂ ਮੁਸਲਮਾਨਾਂ ਦੀਆਂ ਔਰਤਾਂ ਦੇ ਸਿਰ ਕੱਟ ਕੱਟ ਕੇ
ਕੇਸਾਂ ਤੋਂ ਫੜ ਫੜ ਸਿੱਖਾਂ ਦੇ ਪੁੱਤ੍ਰ ਕਹਕਰ, ਦਰੋਗਿਆਂ ਨੂੰ ਮਿਲ ਮਿਲ ਇਨਾਮ ਪਾਏ
ਜਦ ਏਹੋ ਜੇਹੇ ਹਰਾਮਖੋਰਾਂ ਦੀ ਖਬਰ ਸੂਬੇ ਨੂੰ ਹੋਈ ਤਾਂ ਓਨਾਂ ਦਰੋਗਾਂ ਤੋਂ ਬਹੁਤ
ਚੱਟੀ ਲਈ। ਜਿਨ੍ਹਾਂ ੨ ਲੋਗਾਂ ਨੇ ਸਿੰਘਾਂ ਨੂੰ ਫੜਾਕੇ ਇਨਾਮ ਲੀਤੇ ਸੇ ਓਨਾਂ ਦੇ ਲਹੂ ਸਿੰ
ਘਾਂ ਨੇ ਭੀ ਖੂਬ ਪੀਤੇ। ਜੱਦਪਿ ਏਸ ਤਰਾਂ ਬਹੁਤ ਸਿੰਘ ਮਾਰੇ ਗਏ ਤਦਪਿ ਆਪਣੀ
ਆਦਤ ਤੇ ਤਾਕਤ ਤੋਂ ਨਾ ਹਾਰੇ।

ਜਦ ਏਧਰ ਏਹ ਹਾਲ ਰਿਹਾ ਤੇ ਸੂਬੇ ਲਾਹੌਰ ਦੇ ਟਕੇ ਤਿੰਨ ਬਰਸ ਦਿੱਲੀ ਨਾਂ ਪਹੁੰਚੇ
ਤਾਂ ਮੁਹੰਮਦ ਸ਼ਾਹ ਬਾਦਸ਼ਾਹ ਨੇ ਹੈਬਤ ਖਾਂ ਤੇ ਅਬਦੁੱਲਾ ਖਾਂ ਰੁਹੇਲੇ ਸਰਦਾਰਾਂ ਨੂੰ
ਦੋ ਹਜ਼ਾਰ ਰੁਹੇਲਾ ਦੇਕੇ ਸੰ: ੧੭੮੬ ਬਿ: ਨੂੰ ਹੁਕਮ ਦਿੱਤਾ ਕਿ ਜਦ ਤਾਈਂ ਲਾਹੌਰ ਦਾ
ਸੂਬਾ ਟਕੇ ਨਾ ਪਹੁੰਚਾਵੇ ਤਦ ਤਕ ਪੰਜ ਹਜ਼ਾਰ ਰੁਪਯਾ ਰੋਜ਼ ਦਸਤੂਕ ਲੈਂਦੇ ਰਹੋ, ਓਨ੍ਹਾਂ
ਨੇ ਲਾਹੌਰ ਪਹੁੰਚਕੇ ਏਹੋ ਕੰਮ ਕੀਤਾ। ਸੂਬੇ ਨੇ ਤੰਗ ਹੋਕੇ ਚੋਧਰੀਆਂ ਨੂੰ ਫੜਿਆ,
ਜੇਹੜੇ ਚੌਧਰੀ ਸਿੱਖਾਂ ਦੇ ਫੜਾਉਣ ਵਿੱਚ ਸੇ ਹੁਣ ਓਹੋ ਕੁੜੱਕੀ ਵਿੱਚਰਨਗਏ, ਰੁਹੇ
ਲਿਆਂ ਨੇ ਮਾਰ ਮਾਰ ਬੁਰਾ ਹਾਲ ਕੀਤਾ ਸਿਰਾਂ ਉੱਤੇ ਇਕ ਵਾਲ ਭੀ ਨਾ ਛੱਡਿਆ, ਚੋਧ
ਰੀਆਂ ਨੇ ਪਰਜਾ ਉੱਪਰ ਕੋਰੜਾ ਬਰਸਾਯਾ। ਰੱਯਤ ਪਾਸ ਤਾਂ ਪਹਿਲਾਂ ਹੀ ਮਿੱਟੀ ਦੇ ਤ
ਵੇ ਸੇ, ਕਿਉਂਕੇ ਬਾਹਰ ਤੋਂ ਲੁਟੇਰੇ ਖੇਤੀ ਖੋਸ ਖਾਂਦੇ, ਘਰ ਵਿੱਚ ਭਾਂਡੇ ਨਾ ਗਹਿਣੇ ਪਾਉਂਦੇ, ਸ
ਹੂਕਾਰਾਂ ਨੇ ਸਭ ਕੁਛ ਜ਼ਮੀਨ ਵਿੱਚ ਦੱਬ ਕੇ ਦਿਵਾਲੇ ਕੱਢ ਛੱਡੇ, ਹਜ਼ਾਰਾਂ ਲੋਗ ਭੁੱਖੇ
ਤੇ ਮਾਰੀ ਦੇ ਮਰ ਗਏ। ਦਸ ੨ ਰੁਪਏ ਨੂੰ ਅਨੇਕਾਂ ਦੇ ਮੁੰਡੇ ਕੁੜੀਆਂ ਵਿਕ ਗਏ, ਬੁਰਾ
ਹਾਲ ਬਾਂਕੇ ਦਿਹਾੜੇ ਹੋਗਏ, ਸੂਬੇ ਨੂੰ ਟਕਾ ਵਸੂਲ ਨਾ ਹੋਵੇ, ਓਧਰੋਂ ਦਸਤੂਕ ਵਾਲੇ ਰੋਜ਼

Digitized by Panjab Digital Library | www.panjabdigilib.org

ਪੰਜਾਹ ਜ਼ਾਰ ਲੈਕੇ ਰੋਟੀ ਪੱਕਣ ਦੇਣਾ ਧਾਰਕੇ (ਉਸਨੇ ਮਨ ਵਿੱਚ ਕਪਟ ਰੱਖਕੇ ਕੁਛ ਜ਼ੇਵਰ ਬੇਚਿਆ ਤੇ ਕੁਛ ਕਰਜ਼ਾ ਲਿਆ, ਰੁਹੇਲੇ ਸਰਦਾਰਾਂ ਨੂੰ ਵੱਢੀ ਦੇਕੇ ਨਮਕੀਤ ਫੇਰ ਕਈ ਲੱਖ ਰੁਪਯਾ ੮੦ ਅੱਸੀ ਗੱਡੀਆਂ ਵਿੱਚ ਥੋੜਾ੨ ਲੱਦਕੇ ਤਲਬ ਤੋਰੀ ਤਾਂ ਰੱਜਕੇ ਰੋਟੀ ਖਾਧੀ। ਖਾਨ ਬਹਾਦਰ ਨੇ ਆਪਣੇ ਕਪਟ ਦੀ ਲੀਕ ਮੇਟਣ ਵਾਸਤੇ ਏਹ ਗੱਲ ਚੱਲੀ ਕੇ ਭਾਈ ਸੁਬੇਗ ਸਿੰਘ ਜੰਬਰਾਂ ਵਾਲੇ ਨੂੰ (ਜੋ ਅਰਬੀ ਫਾਰਸੀ ਪੜ੍ਹਿਆ ਹੋਯਾ ਸੀ ਤੇ ਲਾਹੌਰ ਠੇਕੇਦਾਰੀ ਸੌਦਾਗਰੀ ਕਰਦਾ ਹੁੰਦਾ ਸੀ) ਬੁਲਾਕੇ ਚੋਰੀਏ ਆਖਿਆ ਕੇ ਜੇਕਰ ਏਹ ਖਜ਼ਾਨਾ ਸਿੰਘ ਲੁੱਟ ਲੈਣ ਤਾਂ ਮੇਰੇ ਸਿਰੋਂ ਹੀ ਸਾਬਤ ਹੋਣ ਦੀ ਬਲਾ ਟਲਦੀ ਹੈ। ਸੁਬੇਗ ਸਿੰਘ ਨੇ ਖਾਲਸੇ ਨੂੰ ਖਬਰ ਕਰ ਦਿੱਤੀ ਸਿੰਘ ਤਾਂ ਪਹਿਲੇ ਹੀ ਸ਼ਾਹ ਲਾਈ ਬੈਠੇ ਸੇ, ਝਟਾਪਟ ਚਾਰ ਕੁ ਹਜ਼ਾਰ ਕੱਠਾ ਹੋਕੇ ਤਰਨਤਾਰਨ ਦੇ ਪਰਗਨੇ ਨੂਰਦੀਨ ਦੀ ਸਰਾਇ ਪਾਸ ਜਿੱਥੇ ਰੁਹੇਲੇ ਉਤਰੇ ਹੋਏ ਸੇ ਜਾ ਪਹੁੰਚੇ ਤੇ ਆਪਣੇ ਦੋ ਜਥੇ ਕਰ ਲਏ, ਇਕ ਜਥੇ ਨੇ ਅੱਗੇ ਹੋਕੇ ਲੜਾਈ ਪਾਈ ਤੇ ਦੂਸਰੇ ਜਥੇ ਨੇ ਪਿਛਲੇ ਰਾਖਿਆਂ ਨੂੰ ਮਾਰਕੇ ਸਬ ਖਜ਼ਾਨਾ ਲੁੱਟ ਲੀਤਾ, ਜੇਹੜਾ ਜਥਾ ਸਾਹਮਣੇ ਲੜਦਾ ਸੀ ਉਹ ਭੀ ਪੋਨੇ ਦੌੜ ਗਿਆ। ਰੁਹੇਲੇ ਦੇਖਦੇ ਹੀ ਰਹਿ ਗਏ। — ਸਬ ਸਿੰਘ ਝੁਬਾਲ ਪਾਸ ਗੁਰੂ ਕੇ ਬੀੜ ਵਿੱਚ ਜਾ ਕੱਠੇ ਹੋਏ, ਸਬ ਖਜ਼ਾਨਾ ਦੀਵਾਨ ਦਰਬਾਰਾ ਸਿੰਘ ਤੇ ਲਾਂਗਰੀ ਹਰੀ ਸਿੰਘ ਆਦਿਕ ਬਡੇ੨ ਸਿੰਘਾਂ ਅੱਗੇ ਰੱਖ ਦਿੱਤਾ ਉਨ੍ਹਾਂ ਨੇ ਦਸਵਾਂ ਹਿੱਸਾ ਗੁਰੂ ਕੇ ਨਮਿੱਤ ਕੱਢਕੇ ਬਾਕੀ ਸਬ ਨੂੰ ਇੱਕੋ ਜੇਹਾ ਵੰਡ ਦਿੱਤਾ, ਸਗੋਂ ਜੋ ਲੁਟੇਰੇ ਜੱਟ ਭੀ ਉਦੋਂ ਆ ਰਲੇ ਸੇ ਉਨ੍ਹਾਂ ਨੂੰ ਭੀ ਬਰਾਬਰ ਹਿੱਸਾ ਦੇਕੇ ਆਪਣੇ ਸਾਥੀ ਬਣਾ ਲਯਾ। ਦਸਵੰਧ ਦੇ ਹਿੱਸੇ ਦਾ ਰੁਪਯਾ ਅੰਮ੍ਰਿਤਸਰ ਭਾਈ ਮਨੀ ਸਿੰਘ ਨੂੰ ਲੰਗਰ ਵਾਸਤੇ ਦੇ ਕੇ ਆਪ ਰਮਤੇ ਹੋਏ। ਇਸ ਰੁਪਏ ਨਾਲ ਸਾਮਾਨ ਹਥਿਆਰ ਬਣਾਕੇ ਸਿੰਘ ਤੱਯਾਰ ਬਰ ਤੱਯਾਰ ਹੋ ਗਏ। ਜਦ ਖਜ਼ਾਨਾ ਲੁਟਿਆ ਗਿਆ ਤਾਂ ਰੁਹੇਲੇ ਤੇ ਗਸ਼ਤੀ ਫੌਜ ਸਿੰਘਾਂ ਦੇ ਪਿੱਛੇ ਫਿਰ੨ ਝਖਾਂ ਮਾਰ ਮਾਰ ਲਾਹੌਰ ਨੂੰ ਚਲੀ ਗਈ, ਤਦ ਖਾਨ ਬਹਾਦਰ ਨੇ ਬਾਦਸ਼ਾਹ ਪਾਸ ਲਿਖ ਭੇਜਿਆ ਮੈਂ ਤਾਂ ਅੱਸੀ ਗੱਡੇ ਲੱਦਕੇ ਦਿੱਲੀ ਦੇ ਖਜ਼ਾਨੇ ਨੂੰ ਤੋਰੇ ਸੇ ਤੇ ਚਾਰ ਹਜ਼ਾਰ ਫੌਜ ਭੀ ਨਾਲ ਸੀ ਪਰ ਸਿੰਘਾਂ ਨੇ ਮਾਰਕੇ ਫੌਜ ਨੂੰ ਭਜਾ ਦਿੱਤਾ ਤੇ ਖਜ਼ਾਨਾ ਲੁੱਟ ਲੀਤਾ। ਖੇਤੀ ਹੋਣ ਨਹੀਂ ਦਿੰਦੇ, ਰੱਯਤ ਭੁੱਖੀ ਮਰਦੀ ਕੰਗਾਲ ਹੋਕੇ ਉਜੜ ਗਈ, ਅੱਗੇ ਨੂੰ ਦਕਾਵ ਮੂਲ ਨਹੀਂ ਹੋਣਾ, ਆਪ ਫੌਜ ਭੇਜੋਗੇ ਤਾਂ ਗਦਰ ਹਟੇਗਾ। — ਏਹ ਅਰਜ਼ੀ ਸੁਣਕੇ

ਬਾਦਸ਼ਾਹ ਦੇ ਤਾਂ ਤਨ ਮਨ ਨੂੰ ਲੱਗ ਉੱਠੀ ਤੇ ਚੱਟਪੱਟ ਬੀਸ ਹਜ਼ਾਰ ਫ਼ੌਜ ਦੇ ਕੇ ਰੁਹੇਲੇ ਨਜੀਬ ਖਾਂ ਤੇ ਸਫ਼ਦਰ ਖਾਂ, ਜਫ਼ਰ ਜੰਗ, ਮੁਨੀਜਮ ਖਾਂ ਆਦਿਕ ਜ਼ਾਲਮ ਫ਼ੌਜਦਾਰਾਂ ਨੂੰ ਸਿੱਖਾਂ ਦਾ ਨਾਮ ਨਿਸ਼ਾਨ ਖੋਣ ਵਾਸਤੇ ਸੰ: ੧੭੮੭ ਬਿ: ਨੂੰ ਪੰਜਾਬ ਦੀ ਤਰਫ਼ ਰਵਾਨੇ ਕੀਤਾ ਤੇ ਪੰਜਾਬ ਦੇ ਹਾਕਮਾਂ ਨੂੰ ਪਰਵਾਨੇ ਲਿਖ ਭੇਜੇ ਜੋ ਤੁਸੀਂ ਭੀ ਸ਼ਾਹੀ ਫ਼ੌਜ ਦੇ ਨਾਲ ਹੋ ਕੇ ਸਿੱਖਾਂ ਦੇ ਪਿੰਡ ਤੇ ਕਿਲੇ ਬਰਬਾਦ ਤੇ ਹਰ ਤਰਾਂ ਦੀ ਮਦਦ ਦੇ ਕੇ ਇਸ ਲੁਟੇਰੀ ਕੌਮ ਦਾ ਨਾਸ ਕਰੋ। ਇਸ ਵਕਤ ਸੂਬੇ ਲਾਹੌਰ ਨੇ ਸੋਚਿਆ ਜੇਕਰ ਏਹ ਫ਼ੌਜ ਸਿੱਖਾਂ ਉੱਤੇ ਫ਼ਤੇ ਪਾ ਗਈ ਤਾਂ ਮੈਨੂੰ ਹਾਣਤ ਆਊਗਾ ਏਹ ਸੋਚ ਕੇ ਸਬੇ ਗਾਜ਼ੀਆ ਹੱਥ ਕਹਿ ਭੇਜਿਆ ਕੇ ਦਿੱਲੀ ਦੀ ਫ਼ੌਜ ਨੂੰ ਚੰਗੇ ਹੱਥ ਦਿਖਾਓ।

ਸਿੱਖਾਂ ਨੇ ਸਰਹੰਦ ਦੇ ਪਰਗਣੇ ਵਿਚ ਹੀ ਪਹੁੰਚ ਕੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਬਾਕੀ ਕੁਛ ਹਰੀਕੇ ਪੱਤਣ ਦਰਿਆ ਸਿਆਦੇ ਲੁੱਟੇ ਮਾਰੇ ਕਿਉਂਕੇ ਸ਼ਾਹੀ ਫ਼ੌਜ ਤਾਂ ਥੋੜੀਆਂ ਵਿਚ ਹੀ ਘਟੀ ਸੀ, ਸਿੱਖਾਂ ਨੂੰ ਗਹਿਣ ਮਾਲੂਮ ਸੋ। — ਹਾਕਮ ਜਾਲੰਧਰ ਤੇ ਸੂਬੇ ਲਾਹੌਰ ਦੀ ਫ਼ੌਜ ਭੀ ਲਸ਼ਕਰ ਦੇ ਨਾਲ ਹੋ ਗਈ। ਸਿੱਖਾਂ ਦੇ ਪਿੰਡ, ਕਿਲੇ, ਜੰਗਲ, ਦਰਿਆਵਾਂ ਦੇ ਕੂਲ ਦੱਸ ਛੱਡੇ ਤੇ ਮੁਲਤਾਨ ਦੀ ਤਰਫ਼ ਨੂੰ ਤੋਰ ਲਏ। ਵਿਚਾਰੇ ਮੁਗਲ, ਪਠਾਣ, ਹਿੰਦੁਸਤਾਨੀ ਕੁਛ ਕੁਛ ਤਾਂ ਜੰਗਲਾਂ ਨੂੰ ਦੇਖ ਕੇ ਡਰੇ ਤੇ ਕੀੜਿਆਂ ਨਾਲ ਕਪੜੇ ਪਾਟੇ ਤੇ ਕੁਛ ਸਿੱਖਾਂ ਨੇ ਲੁੱਟ ਮਾਰ ਕਰਕੇ ਤੰਗ ਕਰ ਛੱਡੇ, ਬਾਕੀ ਭੁੱਖੇ ਤਿਹਾਏ ਲਾਚਾਰ ਹੋ ਕੇ ਤੋਬਾ ੨ ਕਰਦੇ ਮੁੜ ਕੇ ਲਾਹੌਰ ਜਾ ਵੜੇ। — ਹੁਣ ਸੂਬੇ ਨੇ ਸੋਚਿਆ ਕਿ ਸ਼ਾਹੀ ਲਸ਼ਕਰ ਦੀ ਬਹਾਦਰੀ ਤਾਂ ਹੋ ਲਈ ਜੇਕਰ ਫੇਰ ਭੀ ਸਿੱਖ ਦੇਸ ਵਿਚ ਰਹੇ ਤਾਂ ਦੂਣੇ ਮੱਛਰ ਜਾਣਗੇ ਤੇ ਮੈਨੂੰ ਬਹੁਤ ਦਿੱਕ ਕਰਨਗੇ ਸੋ ਹੁਣ ਇਸ ਫ਼ੌਜ ਦੀ ਮਦਦ ਨਾਲ ਇਨ੍ਹਾਂ ਦਾ ਤੁਖਮ ਉਠਾ ਦੇਈਏ ਤਾਂ ਚੰਗਾ ਹੈ ਇਸੇ ਕਾਰਣ ਲਸ਼ਕਰ ਦੇ ਅਨੇਕ ਹਿੱਸੇ ਕਰਕੇ ਸਿੱਖਾਂ ਦੇ ਪਿੱਛੇ ਲਾ ਦਿੱਤੇ ਤੇ ਦੇਸੀ ਮੁਸਲਮਾਨਾਂ ਤੇ ਜੰਗਲਾਂ ਨੂੰ ਅੱਗਾਂ ਲੁਗਵਾ ਦਿੱਤੀਆਂ। — ਫੇਰ ਤਾਂ ਸਿੱਖਾਂ ਨੂੰ ਭੀ ਮੁਸ਼ਕਲ ਬਣੀ ਦੌੜ ਦੌੜ ਕੁਛ ਪਹਾੜਾਂ ਵਿਚ ਤੇ ਕਈ ਬੈਗਾੜਾਂ ਦੇ ਘਰੀਂ ਲੁਕ ਗਏ, ਬਹੁਤੇ ਰਾਜਪੂਤਾਨੇ ਦੀ ਤਰਫ਼ ਨਿਕਲ ਗਏ। ਜੇੜ੍ਹਾ ਕੋਈ ਖੇਤੀ ਵਪਾਰ ਕਰਨ ਵਾਲਾ ਸਿੱਖ ਸ਼ਾਹੀ ਫ਼ੌਜ ਨੂੰ ਲੱਭਿਆ ਸੋ ਕਤਲ ਯਾ ਮੁਸਲਮਾਨ ਕੀਤਾ ਗਿਆ। ਬਲਕੇ ਦਾੜ੍ਹੀ ਕੇਸ ਵਾਲਾ ਜੋ ਕੋਈ ਸਿੱਖ ਯਾ ਅਸਿੱਖ ਧੱਕੇ ਚੜ੍ਹ ਗਿਆ ਓਹੋ ਮਾਰ ਬੋਲਿਆ। ਇਸ ਭਾਂਤ ਆਪਣੀ ਤਰਫ਼ੋਂ ਸਿੱਖਾਂ ਨੂੰ ਮੁਕਾ ਕੇ ਸ਼ਾਹੀ ਫ਼ੌਜ ਦਿੱਲੀ ਨੂੰ ਮੁੜ ਗਈ।

ਜਦ ਬਾਦਸ਼ਾਹੀ ਫ਼ੌਜ ਦਾ ਪੰਜਾਬ ਵਿਚੋਂ ਤੁਰ ਜਾਣਾ ਸਿੱਖਾਂ ਨੇ ਸੁਣਿਆ ਤਾਂ ਫੇਰ ਸੰ: ੧੭੮੪

Digitized by Panjab Digital Library | www.panjabdigilib.org

੫੬ ਬਿ: ਨੂੰ ਝਾੜਾਂ, ਪਹਾੜਾਂ, ਬਿਰਾੜਾਂ ਵਿੱਚੋਂ ਖੁੰਬਾਂ ਵਾਂਗੂ ਸਿਰ ਕੱਢ ਆਏ, ਕਈ ਹਜ਼ਾਰ ਸਿ
ਖ ਕੱਠਾ ਹੋ ਗਿਆ। ਧੀਰੇ ਧੀਰੇ ਰਾਜਪੂਤਾਨੇ ਵਾਲੇ ਭੀ ਪਹੁੰਚ ਪਏ। ਫੇਰ ਉਹੋ ਕਯਾਮਤ
ਦੀ ਰਾਤ ਮੁਸਲਮਾਨਾਂ ਤੇ ਚੁਗਲਾਂ ਨੂੰ ਕਰ ਦਿਖਾਈ। ਨਾਲੇ ਜੇਹੜੇ ਸਿੱਖ ਤੇ ਹਿੰਦੂ ਮੱਲੋ
ਮੱਲੀ ਮਹੰਮਦੀ ਬਣਾਏ ਗਏ ਸੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ਯ
ਅਨੁਸਾਰ ਫੇਰ ਅੰਮ੍ਰਿਤ ਛਕਾ੨ ਕਰ ਆਪਣੇ ਨਾਲ ਮਿਲਾ ਲਿਆ। ਸਿੱਖਾਂ ਦੇ ਏਸ ਤ
ਰੀਕੇ ਨੂੰ ਦੇਖਕੇ ਹਿੰਦੂ ਮੁਸਲਮਾਨ ਸਭ ਏਹੋ ਆਖ ਉੱਠੇ ਕਿ ਸਿੱਖਾਂ ਜੈਸਾ ਪੱਕਾ ਤੇ ਸੱਚਾ
ਮਜ਼੍ਹਬ ਕੋਈ ਨਹੀਂ ਹੁਣ ਫੇਰ ਭਾਂਦੋਂ ਦੇ ਬੱਦਲਾਂ ਵਾਂਗੂ ਸਿੱਖਾਂ ਦੇ ਜਥੇ ਉਮੰਡ੨ ਕੇ ਗੁੱਸੇ
ਦੇ ਗੋਲੇ ਬਰਸਾਉਣ ਲੱਗੇ ਤੇ ਵੈਰੀਆਂ ਦੀ ਰਚਨਾ ਬਿਗਾੜਨ ਲੱਗੇ, ਫੇਰ ਆਪਣਾ
ਉਹੋ ਕਦੀਮੀ ਰੰਗ ਝਲਕਾ ਕੇ ਮੁਸਲਮਾਨਾਂ ਨੂੰ ਆਰਾਮ ਹਰਾਮ ਕਰ ਦਿੱਤਾ, ਕਈ ਵਾਰੀ
ਲਾਹੌਰ ਦਾ ਬਾਜ਼ਾਰ ਲੁੱਟ ਕੇ ਸੂਬੇ ਨੂੰ ਫਤੇ ਜਾ ਬੁਲਾਈ।[1]

ਜਦ ਏਸ ਭਾਂਤ ਸਿੱਖਾਂ ਨੇ ਮੁਸਲਮਾਨਾਂ ਦੇ ਖਾਨੇ ਖਰਾਬ ਕੀਤੇ ਅਤੇ ਥਾਨੇ ਤੋੜ ਸੁੱਟੇ ਤਾਂ
ਉਨ੍ਹਾਂ ਨੂੰ ਐਸੀ ਚਟਪਟੀ ਲਗੀ ਕਿ ਪਿੰਡ੨ ਹੋਕਾ ਫੇਰ ਦਿੱਤਾ ਕੇ ਜੇਕਰ ਏਹੋ ਹਾਲ ਰਿਹਾ
ਤਾਂ ਏਨ੍ਹਾਂ ਸਿੱਖਾਂ ਨੇ ਸਾਨੂੰ ਕੱਟ ਛੱਡਣਾ, ਸ਼ਾਹੀ ਫੌਜ ਤਾਂ ਹਾਰਕੇ ਚਲੀ ਗਈ, ਖਾਨ ਬਹਾ
ਦਰ ਦਾ ਮੂਤ ਤੰਬੇ ਵਿੱਚ ਨਿਕਲਦਾ ਹੈ, ਸਾਡੇ ਭਾਰੀ ਸ਼ਾਮਤ ਹੈ, ਜੇ ਬਚਣਾ ਹੈ ਤਾਂ ਹੁਣ
ਸਭ ਦੀਨੀ ਭਾਈ ਕੱਠੇ ਹੋਕੇ ਏਨ੍ਹਾਂ ਧਾੜਵੀਆਂ ਦਾ ਨਾਸ ਕਰੋ। ਏਹੋ ਮਤਾ ਮਤਾ ਕੇ
ਸੈਂਕੜੇ ਚੌਧਰੀ ਤੇ ਕਾਜ਼ੀ ਮੌਲਵੀ ਫਕੀਰ ਟੋਲੇ ਬੰਨ੍ਹ੨ ਲਾਹੌਰ ਨੂੰ ਚਲੇ ਆਏ, ਨਵਾ
ਬ ਖਾਨ ਬਹਾਦਰ ਨੂੰ ਆਖਣ ਲੱਗੇ ਤੂੰ ਤਾਂ ਹੁਣ ਬਹੂ ਬਣ ਬੈਠਾ ਹੈਂ, ਅਸੀਂ ਕਿਧਰ ਜਾ
ਈਏ, ਏਨ੍ਹਾਂ ਸਿੱਖਾਂ ਨੇ ਸਾਡਾ ਤਾਂ ਕੱਖ ਨਹੀਂ ਛੱਡਣਾ, ਤੂੰ ਮਦਦ ਕਰੇਂ ਤਾਂ ਅਸੀਂ ਕੱਠੇ ਹੋਕੇ
ਏਨ੍ਹਾਂ ਦੀ ਖਬਰ ਲਈਏ। ਇਸ ਗਲ ਨੂੰ ਸੁਣਕੇ ਨਵਾਬ ਨੇ ਖੁਸ਼ੀ ਮੰਨੀ ਤੇ ਲੱਕ ਬੰਨ੍ਹ
ਖੜੋਤਾ। ਹੈਦਰੀ ਝੰਡਾ ਈਦਗਾਹ ਵਿੱਚ ਗਡਵਾ ਕੇ ਸਾਰੀ ਪੰਜਾਬ ਵਿੱਚ ਢੰਢੋਰਾ ਫੇ
ਰ ਦਿੱਤਾ ਕੇ ਦੀਨ ਮਜ਼੍ਹਬ ਦਾ ਜੰਗ ਹੋਊ, ਜੋ ਦੀਨਦਾਰ ਨਬੀ ਦੇ ਕਲਮੇ ਦੀ ਆਣ ਮੰਨਦਾ
ਹੈ ਉਹ ਦੀਨ ਦੇ ਦੁਸ਼ਮਣਾਂ ਨੂੰ ਦਫੇ ਕਰਨ ਵਾਸਤੇ ਹੈਦਰੀ ਝੰਡੇ ਹੇਠ ਆ ਜਾਵੇ। ਏਹ ਸੁਣ
ਦੇਹੀ ਮਹੰਮਦੀਆਂ ਨੂੰ ਤਾਂ ਤਲੇ ਮੱਛੀ ਲੱਗ ਪਈ, ਹੋਰਦੀ ਕੀ ਆਖੀਏ ਜੁਲਾਹੇ ਭੀ
ਖੱਡੀਆਂ ਵਿੱਚੋਂ ਉੱਠਕੇ, ਮੁੰਗਲੀਆਂ ਤੇ ਕੀਲੀਆਂ ਲੈਕੇ ਤੁਰ ਪਏ। ਭੁੱਟੀ ਪਰਾਚੇ

੧ ਗੁਰੂ ਗੋਬਿੰਦ ਸਿੰਘ ਜੀ ਦੇ ਰੋਬਰੂ ਸੰ: ੧੭੬੦ ਬਿ: ਨੂੰ ਅਨੰਦਪੁਰ ਦੇ ਜੰਗ ਵਿੱਚੋਂ ਇਕ ਰਾਮ ਸਿੰਘ

Digitized by Panjab Digital Library | www.panjabdigilib.org

ਬੋਦਲੇ, ਡੋਗਰ, ਟੁਵਾਣੇ, ਚੱਠੇ, ਸਿਆਲ, ਬਲੋਚ, ਭੂੰਡੇ, ਜੱਟ, ਰਾਂਈ, ਕੰਬੋ, ਕਕੇਜ਼ਈ ੫੭
ਕਸ਼ਮੀਰੀ, ਪਠਾਣ, ਮੁਗਲ, ਸ਼ੇਖ, ਸੱਯਦ ਆਦਿਕ ਬੇਅੰਤ ਜ਼ਾਤਾਂ ਦੇ ਮੁਸਲਮਾਨ ਹੱਥੀ ਮਹਿੰਦੀ ਲਾ, ਗਾਨੇ, ਹਥਿਆਰ ਬੰਨ੍ਹ, ਦੀਨ ਮਜ਼ਬ ਦੇ ਜੰਗ ਵਿਚ ਸ਼ਹੀਦ ਹੋਣ ਲਈ ਢੋਲ ਬਜਵਾਉਂਦੇ, ਛੂਛਕਣੇ ਪਾਉਂਦੇ ਹੋਏ, ਸਾਉਣ ਦੇ ਨਾਲੇ ਨਦੀਆਂ ਵਾਂਗੂ ਉਛਲ ਉਛਲ ਸਿਖ ਪੰਥ ਬੜਵਾਨਲ ਦੇ ਉਤੇ ਪੈਣ ਲਈ ਲਾਹੌਰ ਸਮੁੰਦਰ ਵਿਨੀ ਆਣੇ ਦੇ ਗਠਨੇ ਸਿਰਾਂ ਉਤੇ ਚੁੱਕਕੇ ਚਲੇ ਆਏ। ਇੱਕ ਪੱਖ ਦੇ ਅੰਦਰ ਕਈ ਲੱਖ ਦੀਨਦਾਰ ਕੱਠਾ ਹੋ ਗਿਆ। ਬੜੇ ਬੜੇ ਦੌਲਤ ਤੇ ਜਾਗੀਰਾਂ ਵਾਲੇ ਮਿਰਜ਼ਾ ਹਾਜੀ ਬੇਗ, ਮੁਰਤਜ਼ਾ ਖਾਂ ਮੁਗਲ ਸੌਦਾਗਰ, ਮੀਆਂ ਮੁੱਲਾਂ ਚੁਗਲ, ਦੌਲਤ ਖਾਂ ਨਜੀਬਗੜ੍ਹੀਆ, ਇਮਾਨਤ ਖਾਂ ਸ਼ੇਖੂਪੁਰੇ ਦਾ, ਹੁਸੈਨ ਖਾਂ ਕਸੂਰੀ, ਜ਼ਾਫਰ ਖਾਂ, ਸਲੇਮ ਖਾਂ ਰਸੂਲਨਗਰ ਦੇ, ਤਕੀ ਬੇਗ, ਸ਼ਮਸੁੱਦੀਨ ਅਲੀਗੜ੍ਹੀਏ ਆਦਿਕ ਮੁਸਲਮਾਨ ਤੇ ਟੋਡਰਮਲ[1] ਦੀਵਾਨ ਦਾ ਪੋਤਾ ਪਹਾੜ ਚੰਦ ਚੂਹਣੀਆਂ ਵਾਲਾ, ਚੌਧਰੀ ਸਾਹਿਬ ਰਾਇ ਨੌਸ਼ਹਿਰੇ ਦਾ, ਆਕੁਲ ਦਾਸ ਜੰਡਿਆਲੇ ਦਾ, ਧਰਮ ਦਾਸ ਆਦਿਕ ਅਨੇਕ ਹਿੰਦੂ ਉਸ ਖੁਦਾਈ ਲਸ਼ਕਰ ਦੇ ਸਹਾਇਕ ਬਣ ਗਏ ਹਨ। ਸੰ: ੧੭੮੮ ਬਿ: ਨੂੰ ਨੱਵਾਬ ਖਾਨ ਬਹਾਦਰ ਨੇ ਏਸ ਦੀਨੀ ਸੈਨਾਂ ਨੂੰ ਬਹੁਤ ਸਾਰਾ ਜੰਗੀ ਸਾਮਾਨ ਤੇ ਫੌਜ ਦੀ ਮਦਦ ਦੇਕੇ ਮੀਰ ਅਨਾਇਤੁੱਲਾ ਖਾਂ ਬਖਸ਼ੀ ਨੂੰ ਸਭ ਦੇ ਉੱਤੇ ਹਾਕਮ ਕਰਕੇ ਮਾਰਣ ਵਾਸਤੇ ਤੋਰ ਦਿੱਤਾ। ਏਧਰ ਪੰਥ ਖਾਲਸਾ ਭੀ ਅਕਾਲ ਪੁਰਖ ਉੱਤੇ ਸਿਖਾਂ ਦੇ ਡੋਰੀ ਰੱਖਕੇ ਸ਼ਹੀਦੀ ਮਰਤਬਾ ਲੈਣ ਨੂੰ ਤੱਯਾਰ ਹੋਕਰ ਬੀਸ ਪੱਚੀਸ ਹਜ਼ਾਰ ਸਿਖ ਦੀਨੀਆਂ ਨਾਲ ਜੁਝਣ ਵਾਸਤੇ ਕਾਨ੍ਹੂ ਵਾਲ ਛੰਭ ਦੇ ਵਿੱਚ ਜਾ ਕੱਠਾ ਹੋਯਾ, ਕਿਓਂਕੇ ਸਿੱਖਾਂ ਦੇ ਕਿਲ੍ਹੇ ਕੋਟ

ਸਿੱਖ ਨੂੰ ਮੁਸਲਮਾਨਾਂ ਨੇ ਲੈ ਜਾਕਰ ਮੁਸਲਮਾਨ ਕਰ ਲਿਆ ਸੀ ਤੇ ਉਸਦੀ ਸੁੰਨਤ ਭੀ ਕਰਾ ਦਿੱਤੀ ਸੀ ਪਰ ਪੰਦ੍ਰਾਂ ਦਿਨ ਦੇ ਬਾਦ ਜਦ ਉਹ ਗੁਰੂ ਜੀ ਪਾਸ ਆਯਾ ਤਾਂ ਉਸਨੂੰ ਅੰਮ੍ਰਿਤ ਛਕਾਕੇ ਫੇਰ ਆਪ ਨੇ ਪੰਥ ਵਿੱਚ ਮਿਲਾ ਲੀਤਾ ਤੇ ਅਗੇ ਨੂੰ ਹੁਕਮ ਦਿੱਤਾ ਜੋ ਕੋਈ ਹਿੰਦੂ ਯਾ ਸਿੰਘ ਮੁਸਲਮਾਨ ਹੋ ਜਾਵੇ ਉਸਨੂੰ ਅੰਮ੍ਰਿਤ ਛਕਾਕਰ ਨਾਲ ਰਲਾ ਮਿਲਾ ਲੈਣਾ, ਏਸੇ ਕਰਕੇ ਸੋਢੀ ਬਡਭਾਗ ਸਿੰਘ ਆਦਿਕਾਂ ਨੇ ਮੁਸਲਮਾਨੀਆਂ ਨੂੰ ਅੰਮ੍ਰਿਤ ਛਕਾਕੇ ਸਿਖਾਂ ਦੇ ਹਵਾਲੇ ਕਰ ਦਿੱਤਾ ਸੀ।

1. ਟੋਡਰ ਮੱਲ ਦੀਵਾਨ ਚੂਹਣੀ ਪਿੰਡ ਦਾ ਸੀ ਏਸ ਦਾ ਬਾਪ ਬਹੁਤ ਗਰੀਬ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦਾ ਹੁੰਦਾ। ਜਦ ਟੋਡਰ ਮੱਲ ਪੇਟ ਵਿੱਚ ਆਯਾ ਤਾਂ ਏਸ ਦੀ ਮਾਂ ਚੰਗੇ ਕਪੜੇ ਗਹਿਣੇ, ਅਤਰ ਆਦਿਕ ਖੁਸ਼ਬੋਈਆਂ ਮੰਗਣ ਲੱਗੀ, ਪਰ ਏਸ ਦਾ ਬਾਪ ਗਰੀਬ ਸੀ ਕਿੱਥੋਂ ਲਿਆਕੇ ਦਿੰਦਾ। ਇਕ ਦਿਨ ਐਸਾ ਸੰਜੋਗ ਆ ਕੇ ਬਣਿਆ ਜੋ ਏਸ ਦੇ ਬਾਪ ਤੋਂ ਸਆਦਤ ਖਾਂ ਮੋਦੇ ਦੇ ਸੌਦਾਗਰ ਨੇ ਪਹਿਲੇ ਘੁੰਗਣੀਆਂ

Digitized by Panjab Digital Library | www.panjabdigilib.org

੫੮ ਜ਼ਖੀਰੇ ਜੰਗਲ ਜੀ ਸੋ ਹੈਦਰੀ ਝੰਡੇ ਵਾਲੀ ਖ਼ਲਕਤ ਇਕਠ ਗਿਰਦ ਕਾਨੂੰਵਾਣ[1] ਦੀ ਛੰਬ ਦੇ ਪੰਜ ੨ ਕੋਹ ਉਤੇ ਪਈ। ਕਦੇ ਕਦੇ ਵੇਲੇ ਕੁਵੇਲੇ ਸਿੰਘ ਬਾਹਰ ਨਿਕਲ ਕੇ ਮੁਸਲਮਾਨੀ ਫੌਜ ਉਤੇ ਛਾਪਾ ਮਾਰ ਜਾਂਦੇ, ਤੇ ਸ਼ਿਕਾਰ ਮਾਰ ਮਾਰ ਕੇ ਕੱਚਾ ਭੁੰਨਾ ਛਕ ਛਕ, ਸ਼ਬਦ ਬਾਣੀ ਪੜ੍ਹ ੨ ਜੈਕਾਰੇ ਗਜਾਉਂਦੇ ਰਹਿੰਦੇ। ਜਦ ਇੱਕ ਮਹੀਨਾ ਏਸੇ ਤਰਾਂ ਲੰਘਿਆ ਤੇ ਦੀਨੀਆਂ ਦਾ ਅਤੇ ਦੇਸ ਦਾ ਬਹੁਤ ਨੁਕਸਾਨ ਹੋਇਆ ਤਾਂ ਦੀਵਾਨ ਲਖਪਤ ਰਾਇ ਨੇ ਜਾ ਕਰ ਰੱਯਤ ਨੂੰ ਤੇ ਦੀਨੀ ਦਲ ਨੂੰ ਬੰਦੂਕਾਂ ਭਰਵਾ ਕੇ ਛੰਬ ਦੇ ਚੁਫੇਰੇ ਖੜੇ ਕਰ ਦਿੱਤਾ ਤੇ ਜੰਗਲ ਨੂੰ ਅੱਗ ਲਵਾਇ ਦਿੱਤੀ। — ਜਦ ਸਿੰਘਾਂ ਨੇ ਦੇਖਿਆ ਕਿ ਹੁਣ ਕਿਸੇ ਤਰਾਂ ਬਚ ਨਹੀਂ ਸੱਕਦੇ ਤਾਂ ਮਰਨਾ ਮੰਡ ਕੇ, ਬੰਦੂਕਾਂ ਕਸ ੨, ਤਲਵਾਰਾਂ ਸੂਤ ੨ ਬਾਹਰ ਨੂੰ ਕੁੱਦ ਪਏ ਤੇ ਲੜਦੇ ਮਰਦੇ ਸੱਤ ਅੱਠ ਕੋਹ ਨਿਕਲ ਗਏ। ਫੇਰ ਸਿੰਘਾਂ ਦੇ ਕਈ ਜਥੇ ਬਣ ਗਏ, ਜਦ ਕਿਸੇ ਇਕ ਜਥੇ ਪਿੱਛੇ ਮੁਸਲਮਾਨੀ ਸੈਨਾ ਜਾਵੇ ਤਾਂ ਦੂਸਰੇ ਜਥੇ ਰਾਤੋ ਰਾਤ ਉਸ ਪਰ ਜਾ ਪੈਣਾ। ਏਸੇ ਤਰਾਂ ਕਦੇ ਹੈਦਰੀ ਝੰਡਾ ਸਿੱਖਾਂ ਦੇ ਪਿੱਛੇ ੨ ਤੇ ਕਦੇ ਸਿੱਖ ਹੈਦਰੀ ਝੰਡੇ ਦੇ ਪਿੱਛੇ ੨ ਫਿਰਦੇ ਸੋ ਦੇਸ ਵਿੱਚ ਬੰਦੋਬਸਤ ਤੇ ਅਮਨ ਕਰਣ ਦੀ ਥਾਂਉਂ ਸਗੋਂ ਗਜ਼ਰੌਲਾ ਪੈ ਗਿਆ। ਜੱਦਪਿ ਮੁਸਲਮਾਨਾਂ ਨੇ ਸਿੱਖਾਂ ਦੇ ਪਿੰਡ ਤੇ ਘਰ ਸਭ ਬਰਬਾਦ ਕਰ ਦਿੱਤੇ ਪਰ ਏਹ ਜ਼ੋਰਾਵਰ ਬਹਾਦਰ ਪੰਥ, ਤੁਰਕਾਂ ਦੇ ਕਾਬੂ ਨਾ ਚੜ੍ਹਿਆ, ਅੰਤ ਨੂੰ ਇਕ ਜਥਾ ਸਿੱਖਾਂ ਦਾ ਰਾਵੀ ਦਰਿਆ ਦੇ ਕੰਢੇ ਭਰਥਗਾਨ੍ਹ ਪਿੰਡ ਵਿੱਚ ਹੈਦਰੀ ਝੰਡੇ ਦੇ ਅੜਿੱਕੇ ਆ ਗਿਆ, ਦੋ ਦਿਨ ਓਥੇ ਲੜਾਈ ਹੋਈ, ਸਿੱਖ ਕੁਛ ਮਾਰੇ ਗਏ, ਕੁਛ ਦੌੜ ਗਏ, ਮੁਸਲਮਾਨ ਆਪਣਾ ਸਿਰ ਫਕਣ ਕਰ, ਕੂੜ ਮੂੜ ਫਤੇ ਦੇ ਨਗਾਰੇ ਬਜਾ ਕੇ ਲਾਹੌਰ ਵੱਲੀ ਮੁੜ ਪਏ। ਕੋਈ ਆਖੇ ਸਭ ਸਿੰਘ ਮਾਰੇ ਗਏ, ਕੋਈ ਕਹੇ ਨਹੀਂ ਦ:ਸ

ਖਾਦੀਆਂ ਤੇ ਫੇਰ ਜਦ ਖੁਸ਼ ਹੋ ਕੇ ਕੁਛ ਦੇਣ ਲੱਗਾ ਤਾਂ ਏਸ ਦੇ ਬਾਪ ਨੇ ਆਪਣੀ ਔਰਤ ਦਾ ਸਾਰਾ ਹਾਲ ਸੁਣਾਯਾ। ਸੌਦਾਗਰ ਨੇ ਉਸ ਦੇ ਪੇਟ ਵਿੱਚ ਭਾਗਵਾਲਾ ਪੁਰਖ ਪੈਦਾ ਹੋਣਾ ਸਮਝ ਕੇ ਇਕ ਲਿਖਤ ਕਰਵਾ ਲਈ ਤੇ ਫੇਰ ਹਮੇਸ਼ ਪਰਵਰਸ਼ ਕਰਦਾ ਰਿਹਾ। ਤੇ ਓਦੋਂ ਭੀ ਜੋ ਕੁਛ ਉਸ ਨੇ ਮੰਗਿਆ ਸੋ ਸਭ ਕੁਛ ਦਿੱਤਾ। ਉਸ ਵਿਚੋਂ ਏਹ ਟੋਡਰਮੱਲ ਪੈਦਾ ਹੋਯਾ। ਤੇ ਜਦ ਏਹ ਅਕਬਰ ਸ਼ਾਹ ਦਾ ਦੀਵਾਨ ਬਣਿਆ ਤਾਂ ਸੁਆਦਤ ਖਾਂ ਸੌਦਾਗਰ ਨੇ ਓਹ ਲਿਖਤ ਦਿਖਾ ਕੇ ਬੜਾ ਉਹਦਾ ਤੇ ਇਨਾਮ ਪਾਯਾ।

1 ਕਾਨੂੰਵਾਣ ਪਿੰਡ ਗੁਰਦਾਸਪੁਰ ਦੇ ਜ਼ਿਲੇ ਵਿੱਚ ਰਾਵੀ ਨਦੀ ਦੇ ਕਿਨਾਰੇ ਸੰ: ੧੨੪੩ ਬਿ: ਨੂੰ ਕਾਨੇ ਜੱਟ ਨੇ ਬਸਾਯਾ ਸੀ ਏਥੇ ਇਕ ਝੀਲ ਐਸੀ ਹੈ ਸੈਂਕੜੇ ਚਸ਼ਮੇ ਪਾਣੀ ਦੇ ਵਿੱਚੋਂ ਨਿਕਲਦੇ ਹਨ, ਸਭ ਜੀ ਬਹੁਤ ਰਹਿੰਦੀ ਹੈ। ਪਿਛਲੇ ਰਾਜੇ ਸਭ ਏਥੇ ਆ ਕਰ ਸ਼ਿਕਾਰ ਖੇਲਦੇ ਰਹਿੰਦੇ ਸਨ ਮਹਾਰਾਜਾ ਰਣਜੀਤ ਸਿੰਘ ਤੇ ਖੜਕ ਸਿੰਘ ਭੀ ਜਾਂਦੇ ਰਹੇ ਹਨ ਹੁਣ ਅੰਗ੍ਰੇਜ਼ ਭੀ ਸ਼ਿਕਾਰ ਖੇਲਣ ਜਾਂਦੇ ਹਨ।

Digitized by Panjab Digital Library | www.panjabdigilib.org

ਬੀਸਕ ਨੱਠ ਭੀ ਗਏ, ਕੋਈ ਬੋਲੇ ਸੋ ਨ੍ਹੇ, ਨੱਠੇ ਸੇ ਓਹ ਭੀ ਅੱਗੇ ਜਾਕੇ ਦੀਨੀਆਂ ਦੇ ਹੱਥੋਂ
ਤਰਵਾਰ ਦੇ ਘਾਟ ਉਤਾਰੇ ਗਏ। ਇਸੇ ਤਰਾਂ ਜਿਤਨੇ ਮੂੰਹ ਓਤਨੀਆਂ ਬਾਤਾਂ ਪਏ ਕਰਨ, ਓ
ੜਕ ਭੀਲੋਵਾਲ ਪਿੰਡ ਦੇ ਕੋਲ, ਲਾਹੌਰ ਤੋਂ ੧੫ ਕੋਹ ਦੱਖਣ ਪਰ ਏਹ ਸਲਾਹ ਕਰਕੇ ਠਹਿ
ਰ ਗਏ, ਜੋ ਹੁਣ ਸਿੱਖਾਂ ਨੇ ਸ਼ਾਹੀ ਲਸ਼ਕਰ ਤੇ ਨਵਾਬ ਨੂੰ ਚਣੇ ਚਬਾ ਛੱਡੇ ਸੇ ਓਨ੍ਹਾਂ ਨੂੰ ਅ
ਸੀ ਮੁਕਾਕੇ ਆਏ ਹਾਂ ਹੁਣ ਸਾਨੂੰ ਰਾਹ ਰੋਗਦੇ ਬੜੇ ਭਾਰੇ ਜਲਸੇ ਕਰਕੇ ਕਿਸੇ ਚੰਗੇ ਸਾ
ਇਤ, ਨੇਕ ਤਾਰੀਖ਼, ਲਾਹੌਰ ਜਾਨਾ ਚਾਹੀਏ ਜਿਸ ਕਰਕੇ ਨੱਵਾਬ ਭੀ ਅੱਗੋਂ ਲੈਣ ਆਵੇ
ਓਧਰ ਮੁਸਲਮਾਨ ਤਾਂ ਸਿੱਖਾਂ ਦੀ ਤਰਫੋਂ ਬੇਖ਼ਟਕੇ ਹੋਕੇ ਜਲਸੇ ਦੇਖਣ ਵਿੱਚ ਗ਼ਲਤਾ
ਨ ਸੇ ਤੇ ਏਧਰ ਸਿੱਖਾਂ ਪਾਸ ਜਦ ਨਨਕਾਣੇ ਦੀ ਬਾਰ ਵਿੱਚ ਏਹ ਖ਼ਬਰ ਪਹੁੰਚੀ ਤਾਂ ਤਾਂਹ
ਕੋਹਾਂ ਤੋਂ ਧਾਵਾ ਕਰਕੇ ਰਾਤ ੨ ਰਾਵੀ ਦਰਿਯਾਇ ਗਾਹਣ ਲੰਘਕੇ ਅੰਮ੍ਰਿਤ ਵੇਲੇ ਅੱਸੂ
ਸੰ: ੧੭੮੮ ਬਿ: ਨੂੰ ਅਠ ਦਸ ਹਜ਼ਾਰ ਸਿੱਖ ਕੱਠਾ ਹੋਕੇ ਬਿਜਲੀ ਵਾਂਙੂ ਅਚਾਨਕ ਦੀਨੀ
ਲਸ਼ਕਰ ਉੱਤੇ ਆ ਪਿਆ, ਦੀਨੀ ਕੁਛ ਨਾ ਸੰਭਾਲ ਸੱਕੇ ਕਯੋਂਕੇ ਬਹੁਤੇ ਤਾਂ ਨਸ਼ੇ ਦੀ ਖ਼ੁ
ਮਾਰੀ ਵਿੱਚ ਸੁੱਤੇ ਪਏ ਸੇ ਤੇ ਕਈ ਤਾਸ਼ ਚੌਸਰ ਖੇਲ ਰਹੇ ਸੇ, ਕਈ ਨਿਮਾਜ਼ਾਂ ਪੜ੍ਹਦੇ, ਵਜ਼ੂ
ਕਰਦੇ ਸਨ। ਆਪਸ ਵਿੱਚ ਕੱਠੇ ਨਾ ਹੋਣੇ ਪਾਏ, ਜਿੱਧਰ ਕਿਸੇ ਨੂੰ ਸਹੂਲਤ ਦਿੱਸੀ ਓਧਰੇ
ਦੌੜ ਗਿਆ, ਸਿੱਖਾਂ ਨੇ ਭੁੱਖੇ ਬਘਿਆੜਾਂ ਵਾਂਙੂ ਮੁਸਲਮਾਨਾਂ ਨੂੰ ਥਾਂਓਂ ਥਾਂਈ ਭੇਡਾਂ ਵਾਂ
ਙੂ ਦੱਬ ਲਿਆ, ਲੋਥ ਪਰ ਲੋਥ ਚੜ੍ਹਨ, ਲਹੂ ਦੇ ਨਾਲੇ ਬਹਾਏ, ਧਰਤੀ ਨੂੰ ਸੁਹਾਗ ਦੀ
ਸੂਹੀ ਚਾਦਰ ਪਹਿਨਾ ਦਿੱਤੀ ਮੁਰਤਜ਼ਾ ਖਾਂ ਸੌਦਾਗਰ, ਮੀਰ ਮੁਹੰਮਦ, ਹਾਜ਼ੀ ਬੇਗ,
ਹੁਸੈਨ ਖਾਂ, ਤਕੀ ਬੇਗ, ਪਹਾੜ ਚੰਦ ਆਦਿਕ ਨਾਮੀ ੨ ਲੋਗ ਤਾਂ ਸਿੱਖਾਂ ਨੇ ਚੁਣ ਚੁਣ
ਕੇ ਤੇਗ ਦੀ ਭੇਟਾ ਕਰ ਛੱਡੇ ਹੱਥਿਆਰ ਘੋੜੇ ਜੰਗੀ ਸਾਮਾਨ ਲੈਕੇ ਸਿੱਖ ਤਾਂ ਸਾਂਦਲ
ਬਾਰ ਦੇ ਸੰਘਣੇ ਜੰਗਲ ਵਿੱਚ ਜਾ ਵੜ੍ਹੇ ਮੁਸਲਮਾਨਾਂ ਦੇ ਘਰ ਘਰ ਸਿਆਪੇ ਹੋਣ
ਲਗ ਗਏ ਤੇ ਓਥੋਂ ਦੀ ਹੀ ਏਹ ਕਹਾਵਤ ਹੈ (ਮਾਰਨ ਗਏ ਸੇ ਮਰ ਗਏ ਖੋਏ ਈਮਾਨ
ਤੇ ਮਾਲ। ਨੰਗੇ ਨੰਗ ਚੁਤਾਲ ਸੋ ਡੇਰਾ ਭੀਲੋ ਵਾਲ।।) ਸੂਬਾ ਖ਼ਾਨ ਬਹਾਦਰ ਤਾਂ
ਏਹ ਹਾਲ ਸੁਣਕੇ ਸੋਗ ਦੇ ਸਮੁੰਦ੍ਰ ਵਿੱਚ ਡੁੱਬ ਗਿਆ।
ਹੁਣ ਖ਼ਾਨ ਬਹਾਦਰ ਨੇ ਸਿੱਖਾਂ ਦਾ ਬੇਦੋਬਸ੍ਤ ਹੋਣਾ ਆਪਣੇ ਬਲ ਤੋਂ ਬਾਹਰ ਦੇਖਕੇ ਸੰ
ਮਤ ੧੭੮੯ ਬਿ: ਨੂੰ ਮਹੰਮਦ ਸ਼ਾਹ ਬਾਦਸ਼ਾਹ ਨੂੰ ਏਸ ਤਰਾਂ ਦੀ ਅਰਜ਼ੀ ਲਿਖ ਭੇਜੀ
ਕੇ ਅਸੀਂ ਤਾਂ ਸਿੱਖਾਂ ਦਾ ਨਾਮ ਨਿਸ਼ਾਨ ਖੋਣ ਵਾਸ੍ਤੇ ਕੋਈ ਕਸਰ ਨਹੀਂ ਛੱਡੀ ਸ਼ਾਹੀ ਫਾਹ

੬੦ ਲਾ ਚੁੱਕੇ ਪਰ ਏਹ ਐਸਾ ਕਰੜਾ ਬਹਾਦਰ ਮਜ਼ਬੂਤ ਹੈ ਜੋ ਕਦੇ ਹਾਰਦਾ ਨਹੀਂ ਉਲਟਾ-
ਸਾਨੂੰ ਹਰਾਇ ਛੱਡਦਾ ਹੈ ਫੇਰ (ਨੰਗ ਰਹਿਣੇ ਆਕੀ ਲੁੱਟ ਖੁਦਾਂ ਤੋਂ ਉੱਚੇ) ਏਨ੍ਹਾਂ ਦਾ ਕੋਈ
ਦੇਸ ਪਿੰਡ ਕਿਲਾ ਕੋਟ ਖਜ਼ਾਨਾ ਨਹੀਂ ਏਨ੍ਹਾਂ ਦੇ ਪੈਗੰਬਰ ਗੁਰੂ ਗੋਬਿੰਦ ਸਿੰਘ ਜੀ ਨੇ ਖੁ
ਦਾ ਦੇ ਹੁਕਮ ਨਾਲ ਐਸੀ ਤਾਕਤੀ ਕਲਾ ਏਨ੍ਹਾਂ ਵਿਚ ਪਾਈ ਹੈ, ਜੋ ਦੁਖ ਭੁੱਖ ਨੂੰ ਕੁਛ ਸਮ
ਝਦੇ ਹੀ ਨਹੀਂ, ਇੱਕ ਹਜ਼ਾਰ ਮਰੀਦਾ ਹੈ ਤਾਂ ਚਾਰ ਹਜ਼ਾਰ ਹੋਰ ਪੈਦਾ ਹੋ ਜਾਂਦਾ ਹੈ, ਲੋਗ ਆ
ਖਦੇ ਹਨ ਕਿ ਸਿੱਖਾਂ ਦਾ ਗੁਰੂ ਏਨ੍ਹਾਂ ਨੂੰ (ਆਬਿ ਹਯਾਤ) ਅੰਮ੍ਰਿਤ ਬਣਾਵਣ ਦੀ ਜੁਗਤਿ ਦ
ਸ ਗਯਾ ਹੈ ਜਿਸ ਕਰਕੇ ਭੀ ਏਹ ਨਹੀਂ ਮਰਦੇ, ਸੋ ਜੇਕਰ ਏਹੋ ਹਾਲ ਰਿਹਾ ਤਾਂ ਥੋੜ੍ਹੇ ਹੀ
ਚਿਰ ਨੂੰ ਸਾਨੂੰ ਮਾਰ ਕੇ ਦਿੱਲੀ ਨੂੰ ਆ ਘੇਰਨਗੇ ਫੇਰ ਆਪ ਨੂੰ ਭੀ ਏਸ ਤੂੰਮਣੇ ਮਖੀਰ ਤੋਂ
ਪਿੱਛਾ ਛੁਡਾਉਣਾ ਮੁਸ਼ਕਿਲ ਹੋ ਜਾਊ, ਤਾਂਤੇ ਪਹਿਲੇ ਵਾਂਗੂ ਕੁਛ ਜਾਗੀਰ ਦੇ ਕੇ ਇਨ੍ਹਾਂ
ਨੂੰ ਰਿਝਾਯਾ ਜਾਵੇ ਤਾਂ ਅਮਨ ਹੋ ਸਕਦਾ ਹੈ ਨਹੀਂ ਤਾਂ ਨਹੀਂ। ਏਨ੍ਹਾਂ ਨਾਲ ਸੁਲਾ ਸਫਾ
ਈ ਕਰਕੇ ਆਪਣੇ ਬੰਨ੍ਹਾਈਏ ਹੋਏ, ਜਿਉਂ ਕੇ ਨਾਦਰ ਦੀ ਚੜ੍ਹਾਈ ਲੱਗ ਰਹੀ ਹੈ ਏਸ ਵਾਸ੍ਤੇ
ਜਦ ਉਹ ਆਵੇਗਾ ਤਾਂ ਵੈਰੀ ਦੀ ਛਾਤੀ ਨਾਲ ਸੱਪ ਮਾਰਣ ਵਾਂਗੂ ਉਸ ਦੇ ਅੱਗੇ ਏਨ੍ਹਾਂ ਨੂੰ
ਝੋਕ ਦੇਵਾਂਗੇ ਏਸ ਅਤੀ ਬਹਾਦਰ ਕੌਮ ਨੂੰ ਹੱਥ ਹੇਠ ਰੱਖਣਾ ਹੀ ਚੰਗਾ ਹੈ। ਬਾਦਸ਼ਾਹ ਨੇ
ਏਹ ਅਰਜ਼ੀ ਖਾਨ ਬਹਾਦਰ ਦੀ ਸੁਣ ਕੇ ਹੁਕਮ ਦਿੱਤਾ ਕਿ ਤਿੰਨਾਂ ਪਾਸੇ ਸਿੰਘਾਂ ਦੀ ਨਕਲ
ਦੇਖੀ ਜਾਵੇ।

ਦੋਹਰਾ।

।ਹੁਕਮ ਪਾਇ ਪਤਿਸ਼ਾਹ ਕਾ
ਸਭ ਭਾਂਡਨ ਤਬ ਆਇ। ਮੁਹਲਤ ਲੈ ਕੈ ਜਾਂਹਿ ਕਰ ਸਾਮਾਨ ਸਬ ਭਾਇ।।੧।।

ਚੌਪਈ।

।ਮਿਲ ਬਹੁ ਭਾਂਡਨ ਰਚੀਆਂ ਨਕਲਾਂ। ਲਗੇ ਸ
ਜਨ ਤਬ ਸਿੰਘਨ ਸ਼ਕਲਾਂ। ਕੇਤਕ ਰਚੀਆਂ ਨੀਲ ਨਿਹੰਗਾਂ। ਕੇਤਕ ਸਜੀਆਂ ਸ੍ਵੇਤ
ਭੁਜੰਗਾਂ। ਛੂਟੇ ਵਾਲੇ ਜਾਬਿਧ ਝੂਲੈਂ। ਐਸੇ ਲੰਗੂਰ ਸੁਕੇਸਲ ਤੂਲੈਂ। ਕਾਮਰ ਕਛ
ਹਿਤੇ ਪਹਿਰੇ ਨਾਰੇ। ਲਟਕਤ ਐਸੇ ਸੁਕੇਸਰ ਸਾਰੇ। ਭੂਰੇ ਚਾਦਰ ਫਾਟੇ ਬਸਤਰਾ। ਟੂਟੇ
ਫੂਟੇ ਜ਼ਰ ਖਲ ਸ਼ਸਤ੍ਰਾ। ਸਿਰਪਰ ਚੱਕਰ ਖੰਡੇ ਤੋੜੇ। ਸਜੇ ਨ ਐਸੇ ਸਮੂ ਥੋੜੇ। ਇਕ
ਇਕ ਚੁੱਕੇ ਮਣ ਮਣ ਲੋਹਾ। ਪਹੁੰਚੇ ਸ਼ਾਹਿ ਨਜ਼ੀਕ ਸੋਹਾ। ਫਤੇ ਅਕਾਲ ਅਕਾਲ
ਗਜਾਈ। ਧੂਮ ਕੜਾਹਿ ਕੀ ਬੀਰ ਮਚਾਈ। ਨਾਮ ਸੁਨਾਵਨ ਲਾਗੇ ਅਪਨੇ। ਸੁਨੇ ਨ
ਕਬੀ ਜੋ ਥੋਉਨ ਸੁਪਨੇ। ਅਜੋ ਬਘੇਲ੍ਹਾ ਸਿੰਘ ਦੁਤੇੜ੍ਹਾ। ਤਕੜ੍ਹਾ ਸਿੰਘ ਲਕੜ੍ਹਾ ਸਿ
ਘ ਕੜ੍ਹਾ। ਬਾਘੜ੍ਹਾ ਸਿੰਘ ਖਾਘੜ੍ਹਾ ਸਿੰਘ ਫੋੜ੍ਹਾ। ਆਪੜ੍ਹ ਝਗੜ੍ਹ ਸਿੰਘ ਭਗੜ੍ਹ

Digitized by Panjab Digital Library | www.panjabdigilib.org

ਤੁਰੀਨ੍ਹਾ।ਧਰਤਿ ਧਕੇਲਾ ਸਿੰਘ ਪਹਾੜ੍ਹਾ।ਦਿੱਲੀ ਤੋੜਨ ਸਿੰਘ ਸਾਹਿਲਾਵਾਂ।ਗੜ੍ਹ ਪੁਟ ਸਿ ੬੧
ਘ ਪਹਾੜ ਉਪਾੜ੍ਹਾ।ਮੁਗਲ ਮਾਰ ਸਿੰਘ ਕਾਜ਼ੀ ਖਾੜ੍ਹਾ।ਖਾਨ ਮਾਰ ਸਿੰਘ ਸੱਯਦ ਗਾੜ੍ਹ
।ਬਾੜ੍ਹ ਝਾੜ੍ਹ ਸਿੰਘ ਫਾੜ੍ਹਲ ਤਾਰਾ।ਬੱਜਣ ਸਿੰਘ ਗੱਜਣ ਸਿੰਘ ਲੋਹਾ।ਡਾਵਾਂ ਸਿੰਘ
ਖੁਦਾਇ ਅਠੋਹਾ।ਸਿੰਘ ਕਲੇਸ ਉਪੱਦ੍ਰਵ ਜੰਗੀ।ਧਾੜ ਮਾਰ ਸਿੰਘ ਤੇਗ ਕੁਢੰਗੀ।
ਤੁਰਕ ਮਾਰ ਸਿੰਘ ਨਾਮ ਇੱਤਆਦੀ।ਸਬਨ ਸੁਨਾਇ ਕਰ ਤਾਦਾਦੀ।ਸੁਨਕੇ ਨਾਮ ਰਹੇ
ਸਬ ਤੱਜਬ।ਕਹਿ ਨ ਸਕੈਂ ਕਿਛੁ ਠੌਰੇ ਗੱਜਬ।ਪੇ ਸਰੂਪ ਧਿਖ ਬਾਤੈਂ ਸੁਨ ਸੁਨਾ।ਹਸਹ
ਸਪਰਤ ਲੋਗ ਸਬ ਪੁਨ ਪੁਨਾ।ਅਦਭੁਨ ਨੈਨ ਸਿੰਘ ਲੋਹਤ ਆਨਨਾ।ਨਰ ਸਰੂਪ ਸਨ
ਬਨੇ ਪੰਰਾਨਨਾ।ਠਰੇ ਸੁਚਾਲੇ ਬਹੁਲ ਖਬਾਹੇ।ਸੂਰਬੀਰ ਜੇ ਪਰਮ ਸਰਾਹੇ।ਜੇਤਕ
ਬੇ ਸਿੰਘਨ ਕੇ ਬੋਲੇ।ਸਬੀ ਸੁਨਾਇ ਕਰਤ ਠਠੋਲੇ।ਫੂਹੇ ਮੁਗਲਾਂ ਦੀਏ ਮਾਏ।ਤੇਰੇ ਸਿੰ
ਘ ਜਟਵਾਈ ਆਏ।ਸੁਣ ਤੂੰ ਹੇ ਤੁਰਕਾਂ ਦੀਏ ਭੈਣੋ।ਤੇਰੇ ਸਿੰਘਾਂ ਗੈਣੇ ਲੈਣੇ।ਸੁਣਨੀ
ਸੱਯਦਾਣੀ ਮੁਗਲਾਣੀ।ਤੈਥੋਂ ਚੱਕੀ ਸਿੰਘਾਂ ਪਿਹਾਣੀ।ਭਾਬੀ ਸੇਖਾਣੀ ਪਾਠਣੀ।ਤੁਮ
ਨੇ ਘੇੜ੍ਹਾਂ ਖੀਰ ਹਟਾਣੀ।ਤੁਮਸੋਂ ਸਿੰਘ ਅਨੰਦ ਪਢੈਹੈਂ।ਪਾਹਿਲੇ ਅੰਮ੍ਰਿਤ ਸੂਰ ਛਕੈਹੈਂ
।ਨੀ ਹਮ ਗੁਰ ਕੇ ਸਿੰਘ ਅਕਾਲੀ।ਜਿਨਕੀ ਸਬਤੋਂ ਰੀਤਿ ਨਿਰਾਲੀ।ਤੇਰੈਂ ਸਤਰ ਕੁਠ
ਫਕੇ ਜੀਂਦੇ।ਰਾਖੈਂ ਤੁਰਕਨ ਕੇ ਕਰ ਬੰਦੇ।ਹਮ ਅਬ ਦਿੱਲੀ ਤਖਤ ਸੰਭਾਲੈਂ।ਤੁਮਕੋ ਖੁੱਲੀ
ਮੌਜ ਦਿਖਾਲੈਂ।ਹਮਰਾ ਨਿਹਕਲੰਕ ਕਹੋ ਪੀਬਾ।ਆਨੈ ਸਰਾਨ ਕਿਸਕੀ ਸੀਬਾ।ਹਿੰਦੂ ਅੰਧੇ
ਤੁਰਕੂ ਕਾਣੇ।ਹਮ ਅਲਗਾਨ ਦੁਹੂੰ ਤੇ ਸਿਆਣੇ।ਅਬ ਹਮ ਸਾਤ ਵਲਾਯਤ ਲੈਹੈਂ।ਹਿ
ਦੂ ਤੁਰਕੈਂ ਸਿੰਘ ਸਜੈਹੈਂ।ਏਕੈ ਦੀਨ ਅਕਾਲ ਸਜੈਹੈਂ।ਦੂਜਾ ਕੋਊ ਰਹਨ ਨ ਦੈਹੈਂ।ਅਬ
ਨਹਿ ਕਰੈ ਖਾਲਸਾ ਢਿੱਲੀ।ਸੁੱਖੇ ਛਕੇ ਮਾਰ ਲਿਹੁ ਦਿੱਲੀ।ਪਕੜ ਸਲੋਤਰ ਵੀਰ ਸੁਨ
ਹਿਰੋ।ਰਗੜ੍ਹੋ ਸੁੱਖਾ ਸਿਖਰ ਦੁਪਹਿਰੋ।ਛਾਣ ਜੋ ਮਾਝੇ ਤਕ ਤਕ ਨੁਗਦਾ।ਕਹੈਂ ਜਾ
ਹ ਤੁਰਕਨ ਜੜ੍ਹ ਚੁਗਦਾ।ਢੱਕੋ ਪੜਦੇ ਰੱਖੇ ਬਾਜ਼ੀ।ਨਿਘਰੇ ਮੁੱਲਾਂ ਉਜੜੇ ਕਾਜੀ।ਅ
ਰੇ ਮੁਗਲ ਚੁਗਲ ਭੁਏ ਭਾਜੀ।ਗੁਰੂ ਖਾਲਸਾ ਸਦਹੀ ਰਾਜੀ। ਦੋਹਰਾ। ॥
ਰਾਜ ਕਰੈਗਾ ਖਾਲਸਾ ਆਕੀ ਰਹੇ ਨ ਕੋਇ।ਖ੍ਵਾਰ ਹੋਇ ਸਬ ਮਿਲੈਂਗੀ ਬਚੈ ਸਰਨ
ਜੋ ਹੋਇ।੨॥ ਚੌਪਈ। ।ਅਹੋ ਸੁੱਖਿਆ ਸੁਖ ਬਰਤਾਂਈ।ਅਧਿਕ
ਣਾ ਨਜ਼ਰ ਨ ਆਈ।ਲੈਣਾ ਸੂਝੇ ਦੇਣਾ ਨਾਹੀਂ।ਪਰਬਤ ਰਾਈ ਸਮੁਦਰ ਸਾਹੀਂ।ਦੇਗ
ਤਅਰ ਕਰ ਕਰੈਂ ਅਵਾਜੈਂ।ਜਿਨਕੇ ਸੁਨ ਸੁਨ ਤੁਰਕ ਸੁਲਾਜੈਂ।ਰਲੇ ਮਦਾਨੀ ਕਾਬੇ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੬੨ ਹੁਈਏ ।ਰਸੁ ਕਾਜੀਆਂ ਕੋ ਦੈ ਆਈਏ ।ਛਿੱਤ੍ਰ ਪੌਲਾ ਮੁੱਲਾਂ ਤਾਈ ।ਟਾਂਕ ਬੇਗਮਾ ਕੋ
ਸਬਾਈ ।ਜੂਤੇ ਸ਼ਾਰ ਤਲੇ ਫਰਕਾਵੈਂ ।ਕਹੈਂ ਪਠਾਨਨ ਮੂੰਡ ਭਿੜਾਵੈਂ ।ਪਾਦਮਾਰ ਵਡ
ਸ਼ਬ੍ਦ ਸੁਨਾਵਾ ।ਮਾਰ੍ਹੋ ਮੁਗਲ ਸੁ ਭੈਣ ਯਹਾਵਾ ।ਖਤਰਾ ਪਛਾ ਸੁ ਮੁਗਲ ਬਤਾ
ਯਾ ।ਜਮਜਮ ਆਬ ਪੇਸ਼ਾਬ ਦਿਖਾਯਾ ।ਗਨ੍ਹ ਚੌਤੇ ਕੂਤੇ ਕੈਂ ਤਜਧਾਰਾ ।ਕਹੈਂ ਪਰ
ਤ ਤੁਰਕਨ ਮੁਖ ਸਾਰਾ ।ਰੁੱਪੇ ਭੈਨਕ ਹੈਂ ਸਿਰ ਮੁਗਲਨਾ ।ਪੋਸ੍ਤ ਠੇਡੇ ਮਲਹੀ ਚੁਗਲ
ਨਾ ।ਭਾਖੈਂ ਤੁਰਕਨ ਕੇ ਕਰ ਬੀਨੇ ।ਲਿਹੁ ਪਤਸ਼ਾਹੀ ਹੈਨੇ ਹੱਨੇ ।ਅੱਗੇ ਜੇ ਖੈਂਚੇ ਪਿੱਛੇ ਧੱ
ਕੈਂ ।ਅੱਸ੍ਰ ਦਿਖਾਏ ਵਹੀ ਅਥੱਕੈਂ ।ਸਾਗ ਪਾਤ ਰਚ ਦੇਗ ਅਲੂਣੀ ।ਰੁੱਖੀ ਮਿਸੀ ਧਿ
ਤ ਵਿਹੂਣੀ ।ਅੰਮ੍ਰਿਤ ਸ੍ਵਾਦ ਬਨੇ ਕਹਿ ਭਾਈ ।ਇੰਦ੍ਰਾਦਿਕ ਜਾ ਸਮ ਨਹੀ ਪਾਈ ।ਦੇ
ਗ ਮਸ੍ਤ ਦਿਨ ਕਿਤਕ ਦਿਖਾਵੈਂ ।ਚਨੇ ਬਦਾਮ ਰਬਾਇ ਬਤਾਵੈਂ ।ਮੀਗੀ ਪੀਗੀ ਸਾਹਤ
ਹੈਨਾ ।ਮਿਲੀ ਸੁਣਾਈ ਦਰਗਾਹ ਕੈਨਾ ।ਖਨ੍ਹੇ ਸੈਣ ਅਰ ਚਲਤੇ ਖਾਣਾ ।ਸੁਕਰ ਇਬ
ਦਤ ਸਤਿਗੁਰ ਭਾਣਾ ।ਚੱਕੀ ਪੀਸ ਫਿਰਨ ਅਸਵਾਰੀ ।ਲਾਠੀ ਫਤੇ ਕੁਮੈਤ ਦਿਖਾਰੀ
।ਬੀਆਬਾਨ ਮੈਂ ਕੀਆ ਸੁ ਡੇਰਾ ।ਟਾਂਗੂ ਬੈਠਾ ਕਰ ਇਮ ਟੇਰਾ ।ਹਿੰਦੂ ਮੁਸਲਾ ਜੇ ਰਨ
ਆਈ ।ਤਾਂ ਕੋ ਤੈਂ ਸ਼ੁਟ ਖਬਰ ਵਤਾਂਈ ।ਗਾਫਲਤਾ ਨਹਿ ਭਾਵ ਬਤਾਯਾ ।ਕੂਹੀ ਸ਼ਾ
ਜਾ ਸਿਕਾਰ ਦਿਖਾਯਾ ।ਸਲੋਤਰ ਸੁਨਾਹਿਰੇ ਲੈ ਕੈ ।ਸਿਰ ਤੁਰਕਨ ਰਗੜੈਂ ਭੰਗ ਕੈ
ਕੈ ।ਆਲਸ ਕਰਨ ਲਗੇ ਬਹੁ ਅੱਸ੍ਰਨ ।ਬਾਤੈਂ ਕਰ ਕਰ ਤੁਰਕ ਸੁ ਹੱਸਨ ।ਬਾਤੈਂ
ਕਰਤ ਲੰਗਰ ਭੋਜੇ ਤਆਰੇ ।ਲਗੇ ਛਕਨ ਸਿੱਖ ਅਤਿ ਮੁਦਧਾਰੇ ।ਸਬਜ਼ ਪੁਲਾਉ
ਸਾਗ ਦਿਖਰਾਯਾ ।ਬਿਨਾ ਨਿਮਕ ਕਹਿ ਕੂਣਕਾ ਪਾਯਾ ।ਚਨੇ ਉਬਾਲੇ ਬੂੰਦੀ ਲੇਬੀ ।
ਟੀਂਡ ਲੱਡੂ ਜੈਤ ਫਲੀ ਜਲੇਬੀ ।ਪੀਸ੍ਰੂੰ ਪੀਲ ਬਿਦਾਣ ਮਿਠਾਈ ।ਪੌਤ ਗਲੋਟਨ ਪੂ
ਰੀ ਪਾਈ ।ਭਾਖੈਂ ਖੁਰਮੇ ਖਾਇ ਕੈਂਦੂਰੀ ।ਕੈਲ ਗਟੇ ਭਿਸਸੇਉ ਜਪੂਰੀ ।ਗੱਠੇ ਸਰਨ੍ਹਾ
ਲੀ ਕੀ ਖਾਵੈਂ ।ਅੰਮ੍ਰਿਤ ਸ੍ਵਾਦ ਮਿਠਾਈ ਗਾਵੈਂ ।ਕਬੀਨ ਬੈਠਤ ਸੋਵਤ ਪੈਹੈਂ ।ਨਿਸ ਦਿ
ਨ ਬਾਣੀ ਗੁਰੈਂ ਰਟੈਹੈਂ ।ਚਾਲ ਚਲਨ ਅਰ ਸੁਨ ਸੁਨ ਬਾਤੈਂ ।ਸਿੱਘਨ ਕੀ ਪਿਖਨ
ਕਲ ਬਖਾਤੈਂ ।ਸਾਹਿ ਸਮੇਤ ਕਰਾਹਿਰੀ ਸਬਗੀ ।ਹਸ ਹਸ ਪਰਤ ਕੋਪ ਦੈ ਕਬਗੀ ।
ਫਿਰ ਤੁਰਕਨ ਕੀ ਰਰੀਆਂ ਨਕਲਾਂ ।ਲਗੇ ਦਿਖਾਵਨ ਵਡ ਕਦ ਸ਼ਕਲਾਂ ।ਤੁਰਕਸ੍ਤਾ
ਨੀ ਹਿੰਦੁਸ੍ਤਾਨੀ ।ਮੁਗਲ ਪਠਾਣ ਸੁ ਬਨੇ ਦੁਰਾਨੀ ।ਸੱਯਦ ਸ਼ੇਖ ਬਨੇ ਬਹੁ ਭਾਏ ।ਮੇ
ਵੇ ਮਾਸ ਜਿਨੈ ਸਦ ਖਾਏ ।ਦੇਸ ਵੇਸ ਕੇ ਰਚੇ ਸਿਪਾਹੀ ।ਘੋੜਾ ਤਿਨ ਪੇ ਤਿਸ ਦਿਸ ਕਾ

ਹੀ। ਪਸ਼ਮੀਨੇ ਲੌ ਉਮਦੇ ਬਸਤਰ। ਬਾਫਰਨੇ ਬਹੁ ਉੱਜਲ ਸਸਤ੍ਰਾ। ਜੇਬ ਸੰਜੋਏ
ਜਿਪਰ ਚਿਰਨੇ। ਆਹਨਿ ਟੋਪ ਸਿਰ ਦਸਤਾਨੇ। ਐਸ੍ਰ ਸਿਪਾਹੀ ਆਹਨਿ ਸਿਪਹਸਾਮ
ਢੇ ਮਨੋ ਹਿਤ ਸੰਤ੍ਰੂਨ ਦੀਪਦ। ਐਸੀ ਅਨੀ ਘਨੀ ਚੜ੍ਹਧਾਈ। ਟਾਂਗੂ ਸਿੰਘਨ ਕਹੋਨੇ
ਸੁਨਾਈ। ਉੱਠੀ ਗਰਦ ਕਹਿੰ ਤੁਰਕ ਸੁ ਆਏ। ਸੁਨ ਸਿੰਘਨ ਕੇ ਮਨ ਹਰਖਾਏ। ਚੂੜ੍ਹਪ
ਕੇ ਸਭ ਭਏ ਅਤਿ ਗਾਢੇ। ਇਸ ਮਿਸ ਵਿਸ ਨਭ ਜਨ ਮਨ ਬਾਢੇ। ਰਚੋ ਬੀਰ ਰਸ ਜਸ
ਦ ਅਪਾਰੀ। ਭਿਆਨਕ ਰੂਪ ਭਏ ਸਬ ਭਾਰੀ। ਫੂਲ ਗਏ ਤਨ ਭੂਲ ਡਰਾਰੋ। ਬਨੇ ਦੇਉ
ਜਨ ਇੱਛਿਆਚਾਰੇ। ਚਿਤੈਂ ਉਤੈਂ ਰਖੁ ਲਾਲ ਕਰਾਲੈਂ। ਜਨ ਗਜਗਾਹ ਵਿਸ ਸੇਰ ਬਿਸਾਂ
ਲੈਂ। ਗਾਜੀ ਗਜੇ ਸ੍ਰੀ ਬ੍ਰਪਰ ਪਾਰੈਂ। ਦੁਬਲੇ ਸੇ ਸਬਲੇ ਭਏ ਤਾਰੈਂ। ਚੜ੍ਹੋ ਜੋਰ ਰੰਗਾਹੁ
ਨ ਜੰਗ ਤਦਾਏ। ਸਿੰਘਨ ਸ੍ਰਟਪਟ ਪਾਖਰ ਪਾਏ। ਫਟੇ ਤਾਹਿ ਟੂਟੀ ਕਾਠੀ। ਕਿਨਹੂੰ
ਆਰ ਰੈਬੀ ਕਢ ਸਾਂਠੀ। ਠੋਰ ਲਗਾਮਨ ਦੀਨੀ ਖੱਬੀ। ਜਗਾਰ ਕਾਬਨ ਗੱਸੀ ਫੱਬੀ।
ਸਾਖਤ ਪੂੰਜੀ ਤੰਗ ਫਰਾਕੀ। ਟੂਟੇ ਫੂਟੇ ਸਾਜ ਇਰਾਕੀ। ਫਟੀ ਚਾਦਰ ਭੂਰੇ ਗਲਤੀ।
ਸੋਊ ਲਪੇਟੇ ਸਿੰਘਨ ਜਲਤੀ। ਲੀਰਨ ਸੀਰਨ ਵੱਟੀ ਰੱਸੀ। ਕਮਰ ਸਮਰ ਹਿਤ
ਭੂਖੇ ਕੱਸੀ। ਤਬ ਤਰਫਾਰੇਂ ਲਾਗੇ ਖੈਂਚਨ। ਜਰ ਕੀ ਭਗੀ ਨ ਸਾਕੇਂ ਐਂਚਨ। ਦੂਹਿ ਰੰਗੁ
ਮਿਲ ਬਲ ਕਰ ਨਿਕਸਾਈ। ਪਾਹਨ ਰੇਤੇ ਸੰਗ ਘਸਾਈ। ਬਹੁ ਅਜਾਨ ਸਿਦਕੀ ਜ
ਹ ਕੀਨਾ। ਗੋਗੀ ਠਾਰ ਬਰੂਦ ਭਰੀਨਾ। ਜਾਨਕਾਰ ਲਖ ਤਿਨੈਂ ਅਲਾਏ। ਕੌਨ ਸਕੇ ਅਬ
ਜਾਹਿ ਚਲਾਏ। ਤਬ ਤਿਨ ਭਾਖੇ ਗੁਰੂ ਚਲਾਊ। ਉਲਟ ਸੁਹਿਰ ਸਮ ਸੁਲਟ ਕਰਾ
ਊ। ਦੁਹੂੰ ਦਲਨ ਕਾ ਪਰਿਓ ਮੁਕਾਬਲਾ। ਤੁਰਕਨ ਪਰ ਸਿੰਘ ਕੀਨੇ ਕਾਬਲਾ। ਸਾਣਰ
ਨੀ ਤੁਰਕਨ ਤਰਵਾਰੈਂ। ਮਾਰਤ ਸਿੰਘੈ ਨ ਕਾਟੈਂ ਬਾਰੈਂ। ਜੋਨੇ ਜੋਜੇ ਘਾਵ ਚੀਰ ਸਮਲਾ
ਗੈ। ਤੈਸੇ ਤੈਸੇ ਰੋਸ ਕੇਹਰੈ ਜਾਗੈ। ਜਰ ਕੀ ਭਗੀ ਕਿਨੈ ਯੁਤ ਮਾਨੈ। ਮਾਰੀ ਉਛਰ ਉ
ਛਰ ਸਿੰਘ ਜੁਆਨੈ। ਸਹਿਤ ਸੰਜੋਏ ਤੁਰਕਨ ਕਟਕੈ। ਜੀਨ ਕਾਟ ਘੋਰਨ ਮਧ ਸਟਕੈ।
ਮੁਰਦੇ ਸੇਜ ਸਿੰਘਨ ਕੇ ਘੋਨੇ। ਦੈਨ ਤ ਨਾਹਿ ਜੰਗ ਮੇ ਬੋਨੇ। ਕੂਦ ਕੂਦ ਤੁਰਕਨ ਪਰ
ਚਰਗੀਂ। ਪਾਂਉ ਜਾਇ ਫੀਲਨ ਸਿਰ ਧਰਗੀਂ। ਗੱਜ ਕੱਟਾ ਕਹਿ ਲੈ ਸਿੰਘ ਛਾਲੀ। ਕ
ਰੈਂ ਤੇਗ ਹਤ ਹੌਦੇ ਖਾਲੀ। ਤੁਰਕਨ ਬਾਰ ਜਾਇ ਜਬ ਛੋਟੋ। ਆਰ ਗਿਰਾਵਤ ਸਿੰਘ ਜ
ਟੇਟੋ। ਲਗੈਂ ਘਾਵ ਸਿੰਘਨ ਤਨ ਜੇਤੇ। ਗੇਂਦੇ ਰਗਮ ਸਮਾਨ ਸੁ ਤੇਤੇ। ਬੂੰਦੈ ਨਿਕਸ
ਲਹੂ ਕਿਛ ਜਮ ਹੈ। ਗਿਰੈਂ ਸਿੰਘ ਨਹਿ ਮਾਨੈ ਗਮ ਹੈ। ਤੇਗਾਂ ਤੁਰਕਨ ਤਨ ਯੌਂ ਧਸ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਦੀਏ ਵਕੀਲ ਨੇ ਬਹੁਤ ਕੁਛ ਸਮਝਾ ਬੁਝਾ ਕੇ ਅਰਜ ਕੀਤੀ ਕਿ ਏਹ ਤਾਂ ਮੁਸਲਮਾਨਾ
ਨੇ ਆਪਣੀ ਬੇਟੀ (ਬਾਦਸ਼ਾਹੀ) ਖਾਲਸੇ ਨੂੰ ਦੇਣ ਵਾਸਤੇ ਟਿੱਕਾ (ਸਗਨ) ਭੇਜਿਆ ਹੈ, ਤੁਸੀ
ਘਰ ਆਈ ਵਧਾਈ ਮੋੜੋ ਨਹੀਂ ਏਹ ਲੈ ਕੇ ਭੀ ਬਾਦਸ਼ਾਹੀ ਲੈਣ ਦੇ ਦਾਵੇਦਾਰ ਬਣੇ ਰਹੋ।
ਦੇ ਇਕ ਪਨੀ ਤਾਂ ਸਭਨੇ ਐਸੀ ਬੇਪਰਵਾਹੀ ਦਿਖਾਈ ਜੋ ਨੱਵਾਬੀ ਦਾ ਖਿਲਤ ਚੌਗਾਨ ਦੀ
ਖੇਲ ਕਰ ਦਿੱਤਾ। ਕਿਸੇ ਸਿੰਘ ਨੇ ਉਸਨੂੰ ਨਾ ਕਬੂਲਿਆ। ਆਖਰ ਸਭੇਗ ਸਿੰਘ ਨੇ ਆ
ਖਿਆ ਜੇਕਰ ਮੁਖੀਆ ਸਿੰਘ ਕੋਈ ਨਹੀ ਲੈਂਦਾ ਤਾਂ ਕਿਸੇ ਟਹਿਲ ਕਰਨ ਵਾਲੇ ਨੂੰ ਦੇ ਛੱ
ਡੋ ਮੋੜਨਾ ਚੰਗਾ ਨਹੀਂ। — ਏਹ ਬਾਤ ਵਕੀਲ ਦੀ ਮੰਨ ਕੇ ਸਿੰਘਾਂ ਨੇ ਕਪੂਰ ਸਿੰਘ ਵਿ
ਰਕ ਜਿਮੀਦਾਰ ਫੈਜੁੱਲਾ ਪੁਰੀਏ ਨੂੰ ਜੋ ਉਸ ਵਕਤ ਦੀਵਾਨ ਵਿੱਚ ਪੱਖਾ ਕਰ ਰਿਹਾ ਸੀ, ਨੱਵਾ
ਬੀ ਦਾ ਖਿਲਤ ਪਹਿਨਾ ਕਰ ਖਾਲਸੇ ਦਾ ਨੱਵਾਬ ਮਸ਼ਹੂਰ ਕੀਤਾ।

ਹੁਣ ਕਪੂਰ ਸਿੰਘ ਨੂੰ ਆਪਣਾ ਨੱਵਾਬ ਥਾਪ ਕੇ ਪੰਥ ਖਾਲਸਾ ਅੰਮ੍ਰਿਤਸਰ ਰਹਿਣ ਲੱ
ਗਾ ਦਪਾਲਪੁਰ, ਕੰਗਨਵਾਲ, ਝਬਾਲ, ਏਹ ਪਰਗਣੇ ਜੋ ਜਾਗੀਰ ਵਿੱਚ ਮਿਲੇ ਸੇ,
ਏਨਾਂ ਦੀ ਆਮਦਨੀ ਗੁਰੂ ਦੇ ਖਜਾਨੇ ਵਿੱਚ ਜਮਾ ਰੱਖਦੇ ਦੀਵਾਨ ਦਰਬਾਰਾ ਸਿੰਘ ਤੇ ਨ
ਵਾਬ ਕਪੂਰ ਸਿੰਘ ਲੰਗਰ ਆਦਿਕ ਸਭ ਬਿਹਾਰ ਖਾਲਸੇ ਦਾ ਚਲਾਉਂਦੇ ਰਹੇ। ਲੁੱਟ
ਮਾਰ ਕਰਨੀ ਸਭ ਛੱਡ ਦਿੱਤੀ। — ਉਸ ਸਮੇ ਸਿੰਘਾਂ ਦਾ ਆਪਸ ਵਿੱਚ ਬਹੁਤ ਪਯਾ
ਰ ਤੇ ਏਕਾਪਤ ਸੀ, ਇੱਕ ਦੂਸਰੇ ਨੂੰ ਆਪਣੇ ਪ੍ਰਾਣ ਜੈਸਾ ਪਯਾਰਾ ਤੇ ਸਕਾ ਭਾਈ ਸਮਝਦੇ
ਸੀ, ਨੀਚੀ ਊਚੀ, ਜਾਤ ਪਾਤ ਦਾ ਭੇਦ ਕੋਈ ਨਹੀ ਸੀ। ਸਭ ਆਪਨੂੰ ਇੱਕ ਰੂਪ ਸੋਢੀ ਬੰਸ ਛੱ
ਤ੍ਰੀ ਖਾਲਸਾ ਮੰਨਦੇ ਸੇ, ਜੋ ਕੋਈ ਕੁਛ ਕਮਾ ਕੇ ਕਿਧਰੋਂ ਲਿਆਂਦਾ ਸੋ ਸਭ ਗੁਰੂ ਕੇ ਖਜਾਨੇ
ਵਿੱਚ ਜਮਾ ਕਰ ਕੇ ਸਭਨਾ ਭਾਈਆਂ ਦੇ ਨਾਲ ਰਲ ਕੇ ਗੁਜਾਰਾ ਕਰਦਾ, ਵੰਡ ਘੱਟ ਲੈ
ਣਦਾ ਕਦੇ ਕਿਸੇ ਨੂੰ ਖਯਾਲ ਹੀ ਨਾ ਫੁਰਦਾ। ਜੋ ਕੁਛ ਨੱਵਾਬ ਆਦਿਕ ਮੁਖੀਏ ਸਿੰਘ
ਬਰਤਾਉਂਦੇ ਉਸੇ ਪਰ ਸਭ ਆਨੰਦ ਰਹਿੰਦੇ। ਤੇ ਰਾਤ ਦਿਨੇ ਗੁਰੂ ਦੀ ਬਾਣੀ ਪੜ੍ਹਦੇ ਹੋਏ
ਸ਼ਸਤ੍ਰ ਬਿੱਦਯਾ ਸਿੱਖਦੇ ਸਿਖਾਉਂਦੇ। ਘੋੜਿਆਂ ਦੀ, ਸ਼ਸਤ੍ਰਾਂ ਦੀ, ਲੰਗਰ ਦੀ ਟਹਿਲ ਕਰਦੇ ਰ
ਹਿੰਦੇ। ਜੇਕਰ ਕਦੇ ਕਿਸੇ ਤੋਂ ਬੁਰਿਆਈ ਹੋ ਜਾਂਦੀ ਤਾਂ ਖਾਲਸੇ ਦੇ ਦੀਵਾਨ ਦੀ ਆਗਯਾ ਲੈ
ਕੇ ਭਾਈ ਮਨੀ ਸਿੰਘ ਜੀ ਜਥਾਜੋਗ ਉਸਨੂੰ ਤਨਖਾਹ ਲਾ ਦਿੰਦੇ ਤੇ ਓਹ ਭੀ ਬਿਨਾ ਹੀਲ
ਹੁੱਜਤ ਮੰਨ ਲੈਂਦੇ। — ਏਸ ਸਮੇ ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖਜਾਨ
ਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਖਜਾਨਚੀ, ਬੁੱਢਾ ਸਿੰਘ ਦੇਸੀ, ਹਰਦਿੱਤ ਸਿੰਘ

ਗਰਜਾਸਿੰਘ, ਸੱਜਨਸਿੰਘ, ਈਸਰਸਿੰਘ, ਗਆਨਸਿੰਘ, ਸਾਧੂਸਿੰਘ, ਦੇਵਾਸਿੰਘ
ਆਦਿਕ ਬਹੁਤਸਿੰਘ (ਹਜੂਰੀ) ਜੋ ਗੁਰੂਕੇ ਹਜੂਰ ਰਹੇਸੇ, ਪੰਥਵਿੱਚ ਸਾਮਲਸੇ ਤੇ
ਨੱਵਾਬ ਕਪੂਰਸਿੰਘ, ਹਰੀਸਿੰਘ ਮੁਖਈ ਦੀਪਾਸਿੰਘ, ਗੁਰਬਖਸ਼ਸਿੰਘ ਸ਼ਹੀਦ, ਥੰ
ਰਾਜਾਸਿੰਘ, ਜੱਸਾਸਿੰਘ, ਕਰਮਾਸਿੰਘ, ਭੋਮਾਸਿੰਘ, ਅਤਰਸਿੰਘ, ਸੀਹਾਂਸਿੰਘ, ਬਦਨ
ਸਿੰਘ, ਕੇਹਰਸਿੰਘ, ਬੰਜਾਸਿੰਘ, ਧਨਘੋਰਸਿੰਘ, ਅਮਰਸਿੰਘ ਆਦਿਕ ਬਹੁਤ ਨਾਮੀ
ਨਾਮੀ ਸਿੰਘ ਪੰਥ ਵਿੱਚ ਮੰਨੇ ਪਰਮੰਨੇ ਹੋਏ ਸੇ।
ਸਾਉਣ ਸੰ: ੧੭੯੧ ਬ੍ਰਿ: ਨੂੰ ਦਰਬਾਰਾਸਿੰਘ ਦੀਵਾਨ ਦੇ ਪ੍ਰਲੋਕ ਹੋ ਜਾਣੇ ਪਿੱਛੋਂ ਲੰਗਰ
ਤੇ ਦਾਣਾ ਬਰਤਾਉਣ ਦੇ ਵਕਤ ਆਪਸ ਵਿੱਚ ਸਿੰਘਾਂ ਦਾ ਬੋਲਾ ਠੋਲਾ ਹੋਣ ਲਗਾ ਤਾਂ
ਮੁਖੀਏ ੨ ਸਿੰਘਾਂ ਨੇ ਸਾਰੇ ਪੰਥ ਦਾ ਇਕ ਜਗਾ ਨਿਬਾਹ ਨਾ ਹੁੰਦਾ ਵੇਖਕਰ ਨਾਮੀ ਦਸ੍ਹਾਂ
ਨ੨ ਸਿੰਘਾਂ ਨੂੰ ਇੱਕ ੨ ਨਗਾਰਾ ਇੱਕ ੨ ਨਿਸ਼ਾਨ ਦੇਕਰ ਰਾਮਸਰ, ਸੰਤੋਖਸਰ, ਬਬੇ
ਕਸਰ, ਕੌਲਸਰ, ਲਛਮਨਸਰ ਉੱਤੇ ਉਤਾਰਕੇ ਹੁਕਮ ਦਿੱਤਾ ਕਿ ਜਿਸ ਜਥੇਦਾਰ ਨਾ
ਲ ਜਿਸ ਸਿੰਘ ਦਾ ਮਨ ਮਿਲਦਾ ਹੋਵੇ ਓਹੋ ਓਸਦੇ ਜਥੇ ਵਿੱਚ ਜਾ ਉਤਰੇ।
(੧) ਜਥਾ ਸਹੀਦਾਂ ਦਾ, ਜਿਸ ਵਿੱਚ ਦੀਪਾਸਿੰਘ, ਨੱਥਾਸਿੰਘ, ਗੁਰਬਖਸ਼ਸਿੰਘ, ਪ੍ਰੇਮ
ਸਿੰਘ ਆਦਿਕ ਸਰਦਾਰ ਸੇ। (੨) ਅੰਮ੍ਰਿਤਸਰੀਆਂ ਦਾ, ਜਿਸ ਵਿੱਚ ਪ੍ਰੇਮਸਿੰਘ,
ਸੁਰਮਾਸਿੰਘ ਖੱਤ੍ਰੀ ਅੰਮ੍ਰਿਤਸਰੀਏ (ਜਿਨ੍ਹਾਂ ਦੀ ਸੰਤਾਨ ਹੁਣ ਖਰੜ ਜ਼ਿਲੇ ਅੰਬਾਲੇ ਵਿੱ
ਚ ਤੇ ਦੁਆਬੇ ਵਿੱਚ ਬਸੀ ਆਦਿਕ ਪਿੰਡੀ ਜਾਗੀਰਦਾਰ ਹੈ) ਜਥੇਦਾਰ ਸੇ। (੩) ਡੱਲੇਵਾ
ਲੀਆਂ ਦਾ, ਜਿਸ ਵਿੱਚ ਦਸੌਂਧਾਸਿੰਘ ਗਿੱਲ, ਫਤੇਸਿੰਘ ਭਗਤੂਕਾ, ਕਰਮਾਸਿੰਘ, ਗੁਰ
ਦਯਾਲਸਿੰਘ ਖੱਤ੍ਰੀ ਡਲੇਵਾਲੇ ਸੇ। (੪) ਬਾਬੇ ਕਾਨ੍ਹਸਿੰਘ ਦਾ, ਜਿਸ ਵਿੱਚ ਬਾਵਾ ਕਾ
ਨ੍ਹਸਿੰਘ, ਮੀਰੀਸਿੰਘ ਭੁੱਲੇ ਤੇ ਹਰੀਸਿੰਘ ਢਿੱਲੋਂ, ਬਾਘਾਸਿੰਘ ਹੱਲੋਵਾਲੀਆ ਕਲਾ
ਲ ਏਹ ਮੁਖੀਏ ਹੋਏ। (੫) ਰਮਦਾਸੀਆਂ ਦਾ, ਜਿਸ ਵਿੱਚ ਬੀਰਸਿੰਘ, ਜਊਣਸਿੰਘ
ਮਦਨਸਿੰਘ, ਅਮਰਸਿੰਘ ਆਦਿਕ ਮਜ਼ਬੀ ਰਾਮਦਾਸੀਏ ਸਿੱਖ ਸਰਦਾਰ ਸੇ।
ਬਾਕੀ ਜੋ ਨੱਵਾਬ ਕਪੂਰਸਿੰਘ, ਜੱਸਾਸਿੰਘ, ਥਰਾਜਾਸਿੰਘ ਆਦਿਕ ਅਨੇਕ ਸਿੰਘ ਬਡੇ
ਬਡੇ ਡੇਰੇ ਦੇ ਮਾਲਕ ਰਹੇ। ਓਨ੍ਹਾਂ ਦੇ ਜਥੇ ਦਾ ਨਾਮ ਬੁੱਢਾ ਦਲ ਤੇ ਪੰਜਾਂ ਜੱਥਿਆਂ ਦਾ ਨਾਮ
ਤਰੁਣ ਦਲ ਮਸ਼ਹੂਰ ਹੋ ਗਿਆ। ਦਿਨ ਬਦਿਨ ਖਾਲਸਾ ਵਧਣ ਲੱਗਾ।
ਜਦ ਜਾਗੀਰ ਤੇ ਨਜ਼ਰ ਭੇਟਾ ਨਾਲ ਲੰਗਰ ਦਾ ਖਰਚ ਅੱਛੀ ਤਰਾਂ ਨਾ ਚਲ ਸੱਕਿਆ ਤਾਂ

Digitized by Panjab Digital Library | www.panjabdigilib.org

ਬਹੁਤ ਸਿੱਖ ਆਪਣੇ ੨ ਘਰਾਂ ਨੂੰ ਚਲੇ ਗਏ ਤੇ ਪੰਜੇ ਜਥੇ ਦੌਰਾ ਕਰਦੇ ਹੋਏ ਹਾਂਸੀ ਹਿਸਾਰ
ਦੀ ਤਰਫ਼ ਨੂੰ ਨਿਕਲ ਗਏ, ਪਰ ਰਸਤ ਆਦਿਕ ਸਾਮਾਨ ਲੈਣ ਤੋਂ ਜ਼ਿਆਦਾ ਲੁੱਟ ਮਾਰ ਨਾ
ਕਰਨਾ। ਜਦ ਬਹੁਤ ਸਿੱਖ ਖਿੰਡ ਗਏ ਤਾਂ ਖਾਨ ਬਹਾਦਰ ਨੇ ਸਿੱਖਾਂ ਨੂੰ ਇਹ ਚਲੇ ਗਿਰਲੇ
ਸਮਝ ਕਰ ਪਿਛਲੇ ਵੈਰ ਲੈਣ ਦੀ ਮਨਸ਼ਾ ਧਾਰ ਕੇ ਜਾਗੀਰ ਜ਼ਬਤ ਕਰ ਲਈ ਤੇ ਨ
ਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ, ਜਿਸ ਸਿੱਖ ਨੂੰ ਇੱਛਿਆ ਹੋਵੇ ਸੋ ਨੌਕਰੀ ਕਰ ਲਵੇ,
ਸਿੰਘ ਜੀ ਨੇ ਜਵਾਬ ਭੇਜਿਆ ਤੁਹਾਡੀ ਤਾਬੇਦਾਰੀ ਸਿੱਖਾਂ ਨੂੰ ਮਨਜ਼ੂਰ ਨਹੀਂ, ਮੁਹਿੰਮ ਵਿੱ
ਚ ਮਦਦ ਕੀਤੀ ਜਾਊ। ਹੁਣ ਜੇ ਤੁਸੀਂ ਆਪਣੇ ਕੌਲ ਕਰਾਰ ਤੋਂ ਝੂਠੇ ਹੋ ਕਰ ਮਾਨੇ ਬਹਾਨੇ
ਬਣਾ ਕੇ ਸਿੱਖਾਂ ਦੀ ਜਾਗੀਰ ਜ਼ਬਤ ਕਰਦੇ ਹੋ ਏਸ ਤੋਂ ਫੇਰ ਫ਼ਸਾਦ ਉਠੇਗਾ। ਏਸ ਪਰ
ਸੂਬੇ ਨੇ ਫੇਰ ਆਖ ਭੇਜਿਆ ਜੇ ਕਰ ਨੌਕਰੀ ਨਹੀਂ ਕਰਦੇ ਤਾਂ ਖੇਤੀ ਕਰੇ ਸਿੱਖਾਂ ਤੋਂ ਅਸੀਂ
ਹਾਲਾ ਨਹੀਂ ਲਵਾਂਗੇ। ਖਾਨ ਬਹਾਦਰ ਤਾਂ ਸਿੱਖਾਂ ਨੂੰ ਮਕਰ ਫ਼ਰੇਬ ਨਾਲ ਕਮਜ਼ੋਰ ਕਰ
ਨਾ ਚਾਹੁੰਦਾ ਸੀ ਪਰ ਸਿੱਖ ਭੀ ਉਸ ਦੇ ਝਾਂਸੇ ਪੇਚ ਵਿੱਚ ਨਾ ਆਏ। ਓੜਕ ਜਦ ਸੰ: ੧੭
੮੨ ਬਿ: ਨੂੰ ਸੂਬੇ ਨੇ ਬੇਦੀਨ ਹੋ ਕੇ ਜਾਗੀਰ ਬੰਦ ਕਰ ਲਈ ਤਾਂ ਸਿੱਖਾਂ ਨੇ ਭੀ ਜੈਸੇ ਨੂੰ ਤੈਸਾ
ਹੋ ਕੇ ਮਿਲਣਾ ਸਬ ਲਿਆ, ਓਹੋ ਆਪਣਾ ਗਤਕਾ ਫਰੀ ਉਠਾ ਕੇ ਕੌਡੀ ਕਬੱਡੀ ਖੇਲ
ਣਾ ਸ਼ੁਰੂ ਕਰ ਦਿੱਤਾ। ਤੁਰਕਾਂ ਦੀ ਬੇਈਮਾਨੀ ਉੱਤੇ ਖਿਜ ਕੇ ਪਹਿਲੇ ਨਾਲੋਂ ਭੀ ਚੌਗੁਣੀ
ਲੁੱਟ ਮਾਰ ਮਚਾ ਦਿੱਤੀ। — ਖਾਨ ਬਹਾਦਰ ਨੇ ਲਖਪਤ ਰਾਇ ਤੇ ਮੁਖਲਸ ਖਾਂ
ਆਪਣੇ ਭਤੀਜੇ ਨੂੰ ਦਸ ਹਜ਼ਾਰ (ਗਸ਼ਤੀ) ਫ਼ਿਰਨੀ ਫ਼ੌਜ ਦੇ ਕੇ, ਸੰ: ੧੭੮੩ ਬਿ: ਨੂੰ ਸਿੱ
ਖਾਂ ਦੇ ਪਿੱਛੇ ਲਾ ਕਰ, ਸ਼ਹਿਰ ਢੰਡੋਰਾ ਫੇਰ ਦਿੱਤਾ ਕਿ ਜੋ ਕੋਈ ਕਿਸੇ ਸਿੱਖ ਨੂੰ ਫੜਾਵੇਗਾ
ਯਾ ਕੱਟ ਕੇ ਸਿਰ ਪਹੁੰਚਾਵੇਗਾ ਓਹ ਇਨਾਮ, ਇੱਜ਼ਤ ਪਾਵੇਗਾ।

ਏਸ ਸਮੇ ਲੋਭੀ ਲੋਗ ਤਾਂ ਥੋੜ੍ਹੇ ਹੀ ਸਿੱਖਾਂ ਦੇ ਪਿੱਛੇ ਪਏ, ਕਿਉਂਕਿ ਪਹਿਲੇ ਜਦ ਸੰ: ੧੭੮੭
ਬਿ: ਨੂੰ ਜਿਨ੍ਹਾਂ ੨ ਨੇ ਸਿੱਖ ਮਾਰੇ ਤੇ ਮਰਵਾਏ ਸੇ ਅਤੇ ਇਨਾਮ ਪਾਏ ਸੇ ਸੋ ਮੌਕਾ ਪਾ ਕੇ ਸਿ
ਖਾਂ ਨੇ ਭੀ ਉਨ੍ਹਾਂ ਦੀ ਜੜ੍ਹ ਖੂਬ ਘਰ੍ਹ ੨ ਵੱਢੀ ਸੀ, ਉਸ ਗੱਲੋਂ ਡਰਦੇ ਚੁਗਲ ਤਾਂ ਦਬੇ ਰਹੇ
ਪਰ ਗਸ਼ਤੀ ਫ਼ੌਜ ਨੇ ਚਾਰ ਕ ਮਹੀਨੇ ਸਿੱਖਾਂ ਦੇ ਪਿੱਛੇ ਫਿਰ ੨ ਕੇ ਸਿੱਖ ਤਾਂ ਬਥੇਰੇ ਮਾਰੇ ਘ
ਰ ਦੇਸ ਭੀ ਵੈਰਾਨ ਕਰ ਛੱਡਿਆ ਤੇ ਆਪ ਭੀ ਗੋਲਿਆਂ ਵਾਂਗੂ ਖੇਤ ਫਿਰਦੀ ਰਹੀ। ਤਦ
ਮੱਘਰ ਸੰ: ੧੭੮੩ ਬਿ: ਨੂੰ ਕਸਬੇ ਚੂਹਣੀਆਂ ਪਾਸ ਬੜਾ ਭਾਰੀ ਜੰਗ ਹੋਇਆ, ਦੋ ਹਾਂਤ
ਰਫ਼ਾਂ ਦਾ ਕਈ ਹਜ਼ਾਰ ਬੰਦਾ ਜਾਨੋਂ ਜਾਂਦਾ ਰਿਹਾ ਪਰ ਮਾਰ ਕੁੱਟ ਕਰ ਕੇ ਜਿੱਥੇ ਝੱਲਾਂ ਨੂੰ

੬੮ ਤਾਂ ਵਿੱਚ ਸਿੰਘ ਧਸ ਜਾਂਦੇ ਸੇ ਓਥੇ ਸ਼ਾਹੀ ਫੌਜ ਨਹੀਂ ਜਾ ਸੱਕਦੀ ਸੀ ਤੇ ਮੈਦਾਨ ਵਿੱਚ ਖੜੇ ਹੋਕੇ ਸਿੰਘ ਲੜਦੇ ਹੀ ਨਹੀਂ ਸੇ। ਚਾਰ ਕ ਮਹੀਨੇ ਦੀ ਕਟਾ ਵੱਢੀ ਨਾਲ ਮੁਖਲਸ ਖਾਂ ਆਦਿਕ ਬਹੁਤ ਸਰਦਾਰ ਤੇ ਸਿਪਾਹੀ ਮਾਰੇ ਗਏ, ਫੌਜ ਜਰਜਰੀ ਹੋਕੇ ਲਾਹੌਰ ਨੂੰ ਮੁੜ ਪਈ ਜਦ ਏਹ ਖਬਰ ਤਰੁਣੇ ਦਲ ਨੂੰ ਪਰਗਨੇ ਸਰਹੰਦ ਵਿੱਚ ਪਹੁੰਚੀ ਤਾਂ ਛੇਤੀ ਨਾਲ ਪੰਜਾਬ ਵਿੱਚ ਆ ਗਯਾ। ਤਰੁਣੇ ਦਲ ਦੇ ਸਿੰਘਾਂ ਨੇ ਸਤਲੁਜ ਲਿਪਦੇ ਹੀ ਮੰਜ ਰਾਜਪੂਤਾਂ ਦਾ ਦੇਸ ਮੰਜਕੀ[੧] ਜਿਸ ਵਿੱਚ ਜੰਡਿਆਲਾ, ਭੁੰਡਾਲਾ, ਤਲਵਣ, ਸਰੀਂਹ, ਸਾਕਰ, ਭੜਕਾ, ਨਕੋਦਰ, ਬਿਲਗਾ, ਨੂਰਮਹਿਲ, ਤਲਵੰਡੀ, ਦੁਸਾਂਝ, ਮੌਸਾਰੀ, ਦੱਖਣੀ ਆਦਿਕ ਬੜੇ ੨ ਧਨੀ ਪਿੰਡ ਸੇ ਲੁੱਟ ਪੁੱਟਕੇ ਹੱਥ ਰੰਗੇ ਤੇ ਮੰਝ ਰਾਜਪੂਤਾਂ ਨੂੰ ਭੀ ਚੰਗੇ ਦਾਖੂ ਦਾਣੇ ਚਬਾਏ।

ਫੇਰ ਫੱਕ ਤੇ ਦੌਨਾ, ਕੰਢੀ, ਸ਼ਾਮਚੁਰਾਸੀ ਆਦਿਕ ਦੁਆਬੇ ਦੇ ਪਰਗਨੇ ਖੂਬ ਲੁੱਟੇ, ਏਤਨੇ ਨੂੰ ਬੁੱਢਾ ਦਲ ਭੀ ਚੂਹਣੀਆਂ[੨] ਪਾਸ ਲੜਾਈ ਕਰਕੇ, ਸਤਲੁਜ ਪਾਰ ਮਾਲਵੇ ਦੇਸ ਵਿੱਚ, ਠੀਕਰੀਵਾਲੇ ਪਿੰਡ ਠਹਿਰ ਰਿਹਾ ਸੀ। — ਏਸੇ ਸਮੇਂ ਰਾਜਾ ਆਲਾ ਸਿੰਘ ਪਟਿਆਲੇ ਵਾਲੇ ਨੇ ਆਪਣੀ ਰਜਧਾਨੀ ਬਰਨਾਲੇ ਵਿੱਚ, ਪਹਿਲੇ ਪਹਿਲ ਪੰਡਿਤ ਨਿੱਕ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਵਾਯਾ ਤੇ ਬੁੱਢੇ ਦਲ ਨੂੰ ਲੈਜਾਕਰ ਨੱਵਾਬ ਕਪੂਰ ਸਿੰਘ ਦੇ ਹੱਥੋਂ ਖੰਡੇ ਦਾ ਅੰਮ੍ਰਿਤ ਆਪ ਛਕਿਆ ਤੇ ਆਪਣੇ ਤਿੰਨਾ ਪੁੱਤ੍ਰਾਂ ਨੂੰ ਭੀ

੧ ਮੰਜਕੀ ਇਕ ਦੇਸ ਦਾ ਨਾਉਂ ਹੈ ਜਿਸ ਵਿੱਚ ੩੮੪ ਪਿੰਡਾਂ ਦੀ ਚੌਧਰਾਯਤ ਮੰਜ ਗੋਤ ਦੇ ਰਾਜਪੂਤਾਂ ਦੀ ਸੀ ਜੱਦਪਿ ਓਨਾਂ ਨੂੰ ਸਿੰਘਾਂ ਨੇ ਭੈੜੇ ਤੌਰ ਛੱਡਿਆ ਸੀ ਪਰ (ਰੱਬੀ ਜੜ੍ਹੀ ਟੁੱਟ ਨਾ ਸਕੇ) ਜਦ ਅਦੀਨਾ ਬੇਗ ਖਾਂ ਦਾ ਰਾਜ ਸਾਰੇ ਦੁਆਬੇ ਦੇਸ ਵਿੱਚ ਹੋਗਿਆ ਤਾਂ ਓਹ ਅਦੀਨਾ ਬੇਗ ਨੂੰ ਇਕ ਮੁਗਲ ਹਾਕਮ ਦਾ ਪਾਲਕ, ਰਾਂਝੀ ਦਾ ਪੁੱਤ੍ਰ, ਕਮੀਣੀ ਜਾਤਿ ਸਮਝਕੇ ਸਲਾਮ ਨਹੀਂ ਕਰਦੇ ਸੇ। ਏਸ ਗੱਲੋਂ ਓਸ ਨੇ ਖਿਝਕੇ ਬੜੇ ਪਿੰਡ ਦੇ ਪੋਤੇ ਗੋਤ ਵਾਲੇ ਜੱਟਾਂ ਨੂੰ ਮੰਜਕੀ ਦੀ ਚੌਧਰਾਯਤ ਦੇ ਦਿੱਤੀ ਜਿਨ੍ਹਾਂ ਵਿੱਚੋਂ ਰਾਇਸ ਰਜਾ ਤੇ ਭਾਗਮੱਲ ਬੜੇ ਮਸ਼ਹੂਰ ਚੌਧਰੀ ਹੋਏ ਹਨ। ਭਾਗਮੱਲ ਦਾ ਪੋਤ੍ਰਾ ਸਰਦਾਰ ਗੁਲਾਬ ਸਿੰਘ ਮੰਜਕੀ ਦਾ ਹਾਕਮ ਬਣ ਗਿਆ ਸੀ, ਹੁਣ ਓਸਦੀ ਔਲਾਦ ਵਿੱਚੋਂ ਹਰਨਾਮ ਸਿੰਘ ਮਤਾਬ ਸਿੰਘ ਆਦਿਕ ਮਸ਼ਹੂਰ ਚੌਧਰੀ ਜ਼ੈਲਦਾਰ ਹਨ।

੨ ਚੂਹਣੀ ਸੰ: ੧੪੩੩ ਬਿ: ਨੂੰ ਏਥੇ ਦਰਿਯਾ ਸਤਲੁਜ ਬਹਿੰਦਾ ਸੀ ਏਸ ਦੇ ਕਿਨਾਰੇ ਇਕ ਸੈਤਾਨੀ ਓਸਦੀ ਸੇਦਾ ਇਕ ਚੂਹਣੀ ਨਾਮ ਰੰਡੀ ਖਰਾਣੀ ਕਰਦੀ ਹੁੰਦੀ ਫੇਰ ਓਹ ਓਥੇ ਹੀ ਆ ਬਸੀ ਸਾਧੂ ਦੇ ਪ੍ਰਤਾਪ ਕਰਕੇ ਕੋਈ ਮਾਮਲਾ ਨਹੀਂ ਲੈਂਦਾ ਸੀ ਏਸੇ ਕਰਕੇ ਬਹੁਤ ਲੋਕ ਆ ਬਸੇ ਫੇਰ ਏਥੇ ਦੇਵਨਮਲ ਬਨਾਪੁਤਾਂ ਹੋਯਾ ਜਿਸ ਕਰਕੇ ਏਹ ਪਿੰਡ ਵੱਡਾ ਤੇ ਮਾਲਦਾਰ ਹੋ ਗਿਆ, ਫੇਰ ਸਿੱਖਾਂ ਦੀਆਂ ਲੜਾਈਆਂ ਵਿੱਚ ਗਰੀਬ ਹੋ ਗਿਆ ਏਥੇ ਤਿੰਨ ਲੜਾਈਆਂ ਭਰੀਆਂ ਸੰ: ੧੭੭੧ ਬਿ:, ਤੇ ੧੭੮੩ ਬਿ: ਤੇ ਬਿ: ੧੮੨੭ ਬਿ: ਵਿੱਚ ਹੋਈਆਂ।

Digitized by Panjab Digital Library | www.panjabdigilib.org

ਛਕਵਾਯਾ, ਸਭ ਸਿੰਘਾਂ ਨੂੰ ਭੰਬੇ ਖੇਸ ਤੇ ਲਾਚੇ, ਲੁੰਗੀਆਂ ਪਹਿਨਾਉਣੀਆਂ ਦਿੱਤੇ। ੬੯
ਓਸ ਥਾਂਓਂ ਚਲਕੇ ਬੁੱਢਾ ਦਲ ਮਲੇਰਕੋਟਲੇ, ਪਾਇਲ, ਸਰਹਿੰਦ ਆਦਿਕ ਸ਼ਹਿਰਾਂ ਨੂੰ ਸੋ-
ਧਦਾ ਹੋਯਾ ਅੰਮ੍ਰਿਤਸਰ ਦੀ ਤਰਫ ਚਲਾ ਆਯਾ। ਫੇਰ ਮਾਝੇ ਦੁਆਬੇ ਵਿੱਚ ਲੁੱਟ ਮਾਰ
ਦੀ ਧੂਮ ਮਚਾ ਦਿੱਤੀ। ਤੇ ਇੱਕੀ ਦਲ ਵਾਂਗੂ ਸਿੰਘ ਸ੍ਰਾਣ ੨ ਵਿਚ ਫਿਰ ਨਿਕਲੇ। ਨੱਵਾਬ
ਕਪੂਰ ਸਿੰਘ ਜੀ ਬੁੱਢੇ ਦਲ ਨੂੰ ਲੈਕੇ ਅੰਮ੍ਰਿਤਸਰ ਦੀਪਮਾਲਾ ਕਰਨ ਲਈ ਬਾਸਰਕੇ ਪਿੰ-
ਡ ਪਾਸ ਉਤਰੇ ਹੋਏ ਸਨ। ਖਾਨ ਬਹਾਦਰ ਨੇ ਲਖਪਤ ਰਾਇ ਨੂੰ ਸੱਤ ਹਜ਼ਾਰ ਫੌਜ ਦੇਕੇ ਭੇ-
ਜਾ, ਬੜੀ ਭਾਰੀ ਲੜਾਈ ਹੋਈ, ਜਿਸ ਵਿੱਚ ਬਹੁਤ ਆਦਮੀ ਦੋਹਾਂ ਤਰਫਾਂ ਦੇ ਮਾਰੇ ਗਏ।
ਓੜਕ ਸਿੱਖ ਹਾਰਕੇ ਰੂਹਣੀਆਂ ਦੀ ਤਰਫ ਦੌੜ ਗਏ। ਖੇਮਕਰਨ[1] ਤਕ ਸ਼ਾਹੀ ਫੌਜ ਪਿੱਛੇ
ਗਈ। — ਜਦ ਏਹ ਖਬਰ ਤਰੁਣੇ ਦਲ ਨੂੰ ਪਹੁੰਚੀ ਤਾਂ ਝਟਾਪਟ ਬੁੱਢੇ ਦਲ ਦੀ ਸਹਾ-
ਯਤਾ ਨੂੰ ਚੜ੍ਹ ਆਯਾ। ਅਜੇ ਸ਼ਾਹੀ ਫੌਜ ਲਾਹੌਰ ਨਹੀਂ ਗਈ ਸੀ ਕੇ ਭਟਭੇੜ ਹੋ ਪਿਆ,
ਤੀਰ ਤੁਫੰਗ ਦਾ ਬੜਾ ਭਾਰੀ ਘਮਸਾਣ ਮੱਚਿਆ। ਜਦ ਸਿੰਘ ਸ਼ਮਸ਼ੇਰਾਂ ਖਿੱਚ ਕੇ ਸ਼ੇਰਾਂ
ਵਾਂਗੂ ਕੁੱਦ ਪਏ ਤਾਂ ਦੁਨੀ ਚੰਦ, ਲਖਪਤ ਦਾ ਭਤੀਜਾ ਤੇ ਜਮਾਲ ਖਾਂ, ਤੱਤਾਰ ਖਾਂ ਆਦਿਕ
ਅਫਸਰ ਤੇ ਸਿਪਾਹੀ ਬਹੁਤ ਮਾਰੇ ਗਏ, ਤਾਂ ਸ਼ਾਹੀ ਫੌਜ ਹਾਰਕੇ ਲਾਹੌਰ ਨੂੰ ਚਲੀ ਗਈ।
ਫੇਰ ਤਾਂ ਸਿੰਘਾਂ ਨੇ ਮਨ ਭਾਏ ਚੰਮਦੇ ਚਲਾਏ, ਬੇਅੰਤ ਪਿੰਡ ਵੱਡੇ ੨ ਤੁਰਕਾਂ ਦੇ ਲੁੱਟ ਖੋਸੇ
ਟਕੇ ਰਨਾ ਕਰ ਛੱਡੇ। ਪਰਗਨੇ ਗੁਰਦਾਸਪੁਰ, ਕਲਾਨੌਰ, ਪਸਰੂਰ, ਸਿਆਲਕੋਟ, ਸੋ-
ਦਰਾ, ਵਜ਼ੀਰਾਬਾਦ, ਕੁੰਜਾਹ, ਅਲੀਗੜ੍ਹ, ਸ਼ਰਕਪੁਰ ਆਦਿਕ ਮਕਾਨਾਂ ਦੇ ਹਾਕਮਾਂ ਨੂੰ
ਉਹ ਚਣੇ ਚਬਾਏ ਜੋ ਦੰਦ ਭੰਨ ਛੱਡੇ। ਮੁਸਲਮਾਨਾਂ ਨੇ ਸਿੰਘਾਂ ਦਾ ਬੰਦੋਬਸਤ ਕਰਨ ਲਈ
ਸਾਰੇ ਉਦਮ ਕੀਤੇ ਪਰ ਏਹ ਉਨ੍ਹਾਂ ਦੇ ਕਾਬੂ ਨਾ ਚੜ੍ਹੇ।

ਸੂਬੇ ਨੇ ਦਿਨ ਦਿਨ ਸਿੰਘਾਂ ਦੀ ਤੇਜ਼ੀ ਹੁੰਦੀ ਦੇਖ ਕੇ ਕਾਜ਼ੀ, ਮੌਲਵੀ, ਨਜੂਮੀ ਪੁੱਛੇ ਤਾਂ ਉਨ੍ਹਾਂ ਨੇ ਉ-
ਖੜੇ ਕੁਹਾੜੇ ਏਹ ਗੱਲ ਕੱਢ ਮਾਰੀ ਕਿ ਸਿੰਘਾਂ ਦੇ ਗੁਰੂ ਨੇ (ਆਬ ਹਯਾਤ) ਅੰਮ੍ਰਿਤ ਦਾ ਇ-
ਕ ਤਾਲਾਬ ਅੰਮ੍ਰਿਤਸਰ ਬਣਾਯਾ ਹੈ, ਏਸੇ ਵਾਸਤੇ ਸਿੰਘ ਨਹੀਂ ਮਰਦੇ ਏਥੋਂ ਅੰਮ੍ਰਿਤ ਪੀਂ-
ਦੇ ਹਨ। ਏਸ ਪਾਣੀ ਮਾਰੀ ਗੱਲ ਉੱਤੇ ਭੀ ਯਕੀਨ ਕਰਕੇ ਸੂਬੇ ਨੇ ਕਾਜ਼ੀ ਅਬਦੁਲ ਰਹ-
ਮਾਨ ਤੇ ਮਹੰਮਦ ਬਖਸ਼ ਨੂੰ ਦੋ ਹਜ਼ਾਰ ਫੌਜ ਦੇਕੇ ਅੰਮ੍ਰਿਤਸਰ ਦੀ ਰਖਵਾਲੀ ਨੂੰ ਭੇਜ ਦਿੱਤਾ

---

੧ ਖੇਮਕਰਨ ਅਕਬਰ ਸ਼ਾਹ ਦੇ ਦਫਤਰੀ, ਦਲਪਤ ਰਾਇ ਦੇ ਬੇਟੇ ਖੇਮ ਕਰਨ ਨੇ ਟੋਡਰ ਮੱਲ ਦੀ ਸਹਾ-
ਯਤਾ ਨਾਲ ਸੰ: ੧੬੧੩ ਬਿ: ਵਿੱਚ ਕਸੂਰ ਤੋਂ ਉੱਠਕੇ ਆਬਾਦ ਕੀਤਾ ਸੀ ਹੁਣ ਭੀ ਉਸਦੀ ਸੰਤਾਨ ਦੇ ਪੱਤੀ ਦੀ ਮਾਲਕੀ ਹੈ।

Digitized by Panjab Digital Library | www.panjabdigilib.org

੧੦ ਉਨ੍ਹਾਂ ਨੇ ਅੰਮ੍ਰਿਤਸਰ ਦੇ ਚੁਫੇਰੇ ਪਹਿਰੇ ਬੈਠਾ ਦਿੱਤੇ। ਕੋਈ ਸਿੱਖ ਨਾਉਣੇ ਤੇ ਜਲ ਪੀਵਣੇ ਨਾ
ਪਾਵੇ। ਕਾਜ਼ੀ ਨੇ ਸਿੰਘਾਂ ਨੂੰ ਕਹਿ ਭੇਜਿਆ ਜੇ ਹੁਣ ਤੁਸੀਂ ਅੰਮ੍ਰਿਤ ਪੀ ਜਾਓ ਤਾਂ ਅਸੀਂ ਤੁਹਾ
ਨੂੰ ਸਿੰਘ ਜਾਣੀਏ, ਨਹੀਂ ਤਾਂ ਗਿੱਦੜ ਸਦਾਓ। ਏਹ ਗਲ ਸੁਣਕੇ ਸੁੱਖਾ ਸਿੰਘ ਤਖਾਣ ਤੇ
ਬੁਗਾ ਸਿੰਘ ਜੱਟ ਮਨੀ ਸਿੰਘ ਦਾ ਭਤੀਜਾ, ਏਹ ਦੋਵੇਂ ਭੇਸ ਬਦਲਕੇ ਅੰਮ੍ਰਿਤ ਵੇਲੇ ਆ
ਏ, ਘੋੜਿਆਂ ਨੂੰ ਸੁਧਾ ਪਿਲਾਕੇ ਆਪ ਇਸ਼ਨਾਨ ਪਾਨ ਕਰ, ਅਸਵਾਰ ਹੋ, ਸੱਤ ਸ੍ਰੀ ਅਕਾ
ਲ, ਗੁਰਬਰ ਅਕਾਲ ਉਚਾਰਦੇ ਹੋਏ ਚੱਲ ਪਏ। ਏਹ ਅਵਾਜ਼ ਸੁਣਕੇ ਤੁਰਕ ਹੁੱਮ ਹੁਮ
ਕੇ ਉਠ ਪਏ, ਪਰ ਸਿੰਘ ਅਨੇਕਾਂ ਨੂੰ ਜ਼ਖਮੀ ਕਰਕੇ ਨਿਕਲ ਆਏ। ਇਸ ਸਮੇਂ ਏਹੋ
ਜੇਹੀਆਂ ਅਨੇਕ ਬਹਾਦਰੀਆਂ ਸਿੰਘ ਦਿਖਾਉਂਦੇ ਰਹਿੰਦੇ ਸੇ।

ਏਸ ਸਮੇ ਭਾਈ ਮਨੀ ਸਿੰਘ ਜੀ ਦੇ ਸਿਵਾਇ ਹੋਰ ਕੋਈ ਸਿੰਘ ਅੰਮ੍ਰਿਤਸਰ ਰਹਿਣਾ
ਨਹੀਂ ਪਾਉਂਦਾ ਸੀ। ਭਾਈ ਸਾਹਿਬ ਨੂੰ ਕੋਈ ਆਦਮੀ ਸਿੰਘ ਨਹੀਂ ਜਾਣਦਾ ਸੀ ਕਿਉਂਕੇ ਉਹ
ਫਕੀਰੀ ਭੇਸ ਸਾਧੂਆਂ ਜੈਸਾ ਰੱਖਿਆ ਕਰਦੇ ਤੇ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰ
ਥ ਜੋ ਹਿੰਦੂ ਮੁਸਲਮਾਨ ਦੋਹਾਂ ਦੀਨਾਂ ਨੂੰ ਪਿਆਰੇ ਤੇ ਸੱਚੇ ਲਗਦੇ ਸੇ ਸੁਣਾਉਂਦੇ ਰਹਿੰਦੇ।
ਨਾਲੇ ਪੰਦ੍ਰਾਂ ਬੀਸ ਹਿੰਦੂ ਮੁਸਲਮਾਨ ਫਕੀਰ ਆਪਣੇ ਪਾਸ ਟਿਕਾਈ ਰੱਖਦੇ ਤੇ ਸਤਸੰ
ਗ ਦਾ ਪਰਚਾ ਬਣਾਈ ਰੱਖਦੇ। —— ਜਦ ਕੋਈ ਮੁਸਲਮਾਨ ਦਰਬਾਰ ਅੰਮ੍ਰਿਤਸਰ
ਦੀ ਖਰਾਬੀ ਕਰਨ ਵਾਸਤੇ ਆਉਂਦਾ ਤਾਂ ਭਾਈ ਸਾਹਿਬ ਉਸਨੂੰ ਹਲੀਮੀ ਤੇ ਮਿੱਠੀ ਬਾਣੀ ਦੀ
ਰਸਾਈ ਨਾਲ ਫਕੀਰਾਂ ਵਾਲੀਆਂ ਬਾਤਾਂ ਬਿਨਾ ਪੱਖ ਬਾਦ ਦੇ ਸੁਣਾਕੇ ਐਸਾ ਮੋਮ ਕਰ
ਲੈਂਦੇ ਜਿਸ ਤੋਂ ਉਹ ਕੁਛ ਸੇਵਾ ਹੀ ਕਰ ਜਾਂਦਾ ਤੇ ਏਨ੍ਹਾਂ ਦਾ ਫਕੀਰੀ ਭੇਸ, ਨੇਕ ਚਾਲ ਚਲ
ਨ, ਚਿਹਰਾ ਮੁਹਰਾ, ਸੂਧਾ ਸੁਭਾਵ, ਲੰਗਰ ਚਲਦਾ ਦੇਖਕੇ ਤਾਂ ਹਰ ਇਕ ਹੀ ਮੋਮ ਹੋ ਜਾਂਦ
ਸੀ, ਇਸੇ ਤਰਾਂ ਕਈ ਉਪਾਵ ਕਰਕੇ ਦਰਬਾਰ ਦੀ ਰਾਖੀ ਭਾਈ ਸਾਹਿਬ ਕਰਦੇ ਰਹਿੰਦੇ।

ਦੀਪਮਾਲਾ ਦਾ ਮੇਲਾ ਜੋ ਕਈ ਸਾਲ ਤੋਂ ਮੁਸਲਮਾਨਾਂ ਨੇ ਬੰਦ ਕਰ ਛੱਡਿਆ ਸੀ ਸੋ ਭਾਈ
ਮਨੀ ਸਿੰਘ ਜੀ ਨੇ ਕਾਜ਼ੀ ਅਬਦੁਲ ਰਜ਼ਾਕ ਸੂਬੇ ਦੇ ਹਾਕਮ ਨਾਲ ਬਹੁਤ ਰਸਾਈ ਕਰ
ਕੇ ਅਤੇ ਪੰਜ ਹਜ਼ਾਰ ਰੁਪਯਾ ਠੇਕਾ ਦੇਣਾ ਕਰਕੇ ਦੀਪਮਾਲਾ ਦਾ ਮੇਲਾ ਸੰ: ੧੭੮੫ ਬਿ:
ਨੂੰ ਲਾਉਣਾ ਮੁਕੱਰਰ ਕੀਤਾ ਤੇ ਸਾਰੇ ਦੇਸਾਂ ਵਿਚ ਚਿੱਠੀਆਂ ਫੇਰ ਦਿੱਤੀਆਂ। ਗੁਰੂ ਕੇ ਸੇਵ
ਕ ਤਾਂ ਪਹਿਲੇ ਹੀ ਅੰਮ੍ਰਿਤਸਰ ਦੇ ਦਰਸਨ ਤੇ ਇਸ਼ਨਾਨ ਨੂੰ ਤਰਸ ਰਹੇ ਸਨ, ਬੇਸ਼ੁਮਾਰ
ਸੰਗਤਾਂ ਚਲੀਆਂ ਆਈਆਂ। ਜਦ ਬਹੁਤ ਖਲਕਤ ਆਉਂਦੀ ਦੇਖੀ ਤਾਂ ਸੂਬੇ ਦੇ ਹਾਕ

Digitized by Panjab Digital Library | www.panjabdigilib.org

ਮਨੇ ਮੇਲੇ ਦੇ ਬੰਦੋਬਸਤੁ ਕਰਨ ਦੇ ਬਹਾਨੇ ਲਾਹੌਰ ਤੋਂ ਹੋਰ ਫੌਜ ਮੰਗ ਭੇਜੀ, ਏਧਰ ਖਾਨ
ਬਹਾਦਰ ਕਪਟੀ ਨੇ ਸੋਚਿਆ ਕਿ ਹੁਣ ਏਥੇ ਬੜੇ ੨ ਨਾਮੀ ੨ ਸਿੱਖ ਸਰਦਾਰ ਆਉਣਗੇ ਸੋ
ਸਭ ਏਥੋਂ ਹੀ ਪਕੜ ਕੇ ਦਿੱਲੀ ਨੂੰ ਭੇਜੇ ਜਾਣ ਤਾਂ ਚੰਗਾ ਹੈ। ਏਹ ਮਤਾ ਕਰਕੇ ਬਹੁਤ ਸਾਰੀ
ਫੌਜ ਤੇ ਜ਼ੁਲਮ ਜ਼ਾਲਮ ਮਸ਼ਹੂਰ ਫੌਜਦਾਰਾਂ ਨੂੰ ਸਿੱਖਾਂ ਦੇ ਫੜਨ ਲਈ ਰਾਖੀ ਕਰ
ਨ ਦੇ ਬਹਾਨੇ ਭੇਜ ਦਿੱਤਾ। ਭਲਾ ਸਿੱਖ ਛੱਤੀਆਂ ਪੱਤਣਾਂ ਦੇ ਤਾਰੂ ਉਸਦੇ ਦਾਉ ਹੇਠ ਕਦ
ਆਉਂਦੇ ਸਨ ਤੇ ਕਹਾਵਤ ਹੈ ਕਿ ਸੌ ਜੱਟ ਇਕ ਕਲਾਲ, ਸੌ ਕਲਾਲ ਇਕ ਬਾਣੀਆ, ਸੌ
ਬਾਣੀਆਂ ਇੱਕ ਸੁਨਾਰ, ਸੌ ਸੁਨਾਰ ਇੱਕ ਚੋਰ, ਸੌ ਚੋਰ ਇੱਕ ਧਾੜਵੀ, ਸੋ ਸਿੱਖਾਂ ਜੈਸਾ
ਧਾੜਵੀ ਕਿਸ ਨੇ ਹੋਣਾ ਹੈ। ਸੂਬਾ ਅੱਖੀਆਂ ਟੱਡ ਕੇ ਦੇਖਦਾ ਹੀ ਰਹਿ ਗਿਆ, ਕੋਈ ਭੀ ਸਿੱਖ
ਉਸਦੇ ਪੇਚ ਵਿੱਚ ਨਾ ਆਯਾ, ਸਿਰਫ ਸੌ ਪਚਾਸ ਫਕੀਰ ਉਦਾਸੀ ਨਿਰਮਲੇ ਹੀ ਬੈਠੇ ਰਹ
ਗਏ, ਬਾਕੀ ਸਭ ਸੰਗਤਾਂ ਫੌਜ ਦੀ ਅਵਾਈ ਸੁਣਕੇ ਪੱਤਣ ਤੋਂ ਮੁੜ ਗਈਆਂ। ਸੂਬੇ ਨੇ ਏਹ
ਤਾਂਨਾ ਸਮਝਿਆ ਕੇ ਮੇਲਾ ਤਾਂ ਮੇਰੇ ਹੀ ਪਾਪ ਨੇ ਨਹੀਂ ਲੱਗਣ ਦਿੱਤਾ ਮੈਂ ਟਕੇ ਕਿਉਂ ਮੰਗਾਂ ਸ
ਗੋਂ ਇਨਸਾਫ ਦੀਆਂ ਅੱਖਾਂ ਮੀਟ ਕੇ ਭਾਈ ਮਨੀ ਸਿੰਘ ਜੀ ਤੋਂ ਪੰਜ ਹਜ਼ਾਰ ਰੁਪਯਾ ਠੇਕੇ ਦਾ
ਮੰਗਣ ਲੱਗਾ। ਭਾਈ ਸਾਹਿਬ ਨੇ ਏਹ ਸੋਚਿਆ ਸੀ ਕਿ ਮੇਲਾ ਲੱਗੂ, ਪੂਜਾ ਬਹੁਤ ਆਊ
ਪੰਜ ਹਜ਼ਾਰ ਹਾਕਮਾਂ ਨੂੰ ਦੇ ਕੇ ਬਾਕੀ ਗੁਰੂ ਦੇ ਲੰਗਰ ਤੇ ਮੰਦਰ ਉੱਤੇ ਲਾ ਦੇਵਾਂਗੇ ਸੋ ਮੇਲਾ
ਨਾ ਹੋਣੇ ਕਰ ਪੂਜਾ ਕੁਛ ਭੀ ਨਾ ਆਈ, ਠੇਕੇ ਦਾ ਰੁਪਯਾ ਕਿਸ ਤਰਾਂ ਪੂਰਾ ਹੁੰਦਾ ਓੜਕ ਨੂੰ
ਭਾਈ ਸਾਹਿਬ ਨੂੰ ਸੂਬੇ ਲਾਹੌਰ ਦੇ ਸਾਹਮਣੇ ਭੇਜਿਆ ਗਿਆ। ਇਨ੍ਹਾਂ ਨੇ ਆਪਣੇ ਮਜ਼ਹਬੀ
ਕਾਇਦੇ ਮੂਜਬ ਸਲਾਮ ਆਦਾਬ ਦੀ ਜਗਾ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ
ਜੀ ਕੀ ਫਤਹ ਏਹ ਅਵਾਜ਼ ਕੀਤੀ। ਏਹ ਸੁਣਕੇ ਸੂਬੇ ਨੂੰ ਅੱਗ ਭੜਕ ਉੱਠੀ ਮਾਨੋ ਬਾਰੂ
ਦ ਉੱਪਰ ਚਿੰਗਾੜੀ ਪੈ ਗਈ। ਗੁੱਸੇ ਹੋਕੇ ਬੋਲਿਆ ਪੰਜ ਹਜ਼ਾਰ ਰੁਪਯਾ ਦਾਖਲ ਕਰ ਯਾ
ਮੁਸਲਮਾਨ ਬਣ ਨਹੀਂ ਤਾਂ ਕਤਲ ਹੋਣਾ ਪਊ। ਮਨੀ ਸਿੰਘ ਜੀ ਨੇ ਆਖਿਆ ਜਦ ਤੁਸੀਂ ਲ
ਹੋਰੋਂ ਫੌਜ ਭੇਜ ਕੇ ਮੇਲਾ ਲੱਗਣੋਂ ਆਪੇ ਹਟਾ ਦਿੱਤਾ, ਹੁਣ ਠੇਕੇ ਦਾ ਰੁਪਯਾ ਕੇਹੜੇ ਮੂੰਹ ਨਾ
ਲ ਮੰਗਦੇ ਹੋ, ਏਹੋ ਜੇਹੇ ਹੋਰ ਭੀ ਕਈ ਸੱਚੇ ੨ ਉਜ਼ਰ ਕੀਤੇ ਪਰ ਉਸ ਕਪਟੀ ਨੇ ਕੋਈ ਨਾ
ਮੰਨਿਆ, ਘੜੀ ੨ ਏਹੋ ਆਖੇ ਠੇਕੇ ਦਾ ਰੁਪਯਾ ਭਰਦੇ ਯਾ ਦੀਨ ਮੰਨ ਨਹੀਂ ਤਾਂ ਕਤਲ ਹੋ।
ਓੜਕ ਜਦ ਭਾਈ ਮਨੀ ਸਿੰਘ ਜੀ ਨੇ ਮੁਸਲਮਾਨ ਹੋਣਾ ਨਾ ਮੰਨਿਆਂ ਤਾਂ ਸੂਬੇ ਨੇ ਮੁਫਤੀ
(ਕਾਜ਼ੀ) ਨੂੰ ਆਖਿਆ ਏਹੋ ਜੇਹੇ ਸਿੱਖ ਨੂੰ ਕੇਹੜੀ ਸਜ਼ਾ ਦੇਣੀ ਚਾਹੀਏ, ਸ਼ਰਾ ਵਿੱਚ ਕੀ ਲਿ

Digitized by Panjab Digital Library | www.panjabdigilib.org

੭੨ ਖ਼ਸਾਹੇ ਕਾਜ਼ੀ[1] ਤਾਂ (ਇਕ ਬਾਂਦ੍ਰ ਦੂਜੇ ਬਿੱਛੂ ਲੜਿਆ) ਅੱਗੇ ਹੀ ਸੜਿਆ ਬਲਿਆ ਬੈ
ਠਾ ਸੀ, ਉਸਨੇ ਹੋਰ ਸ਼ਰਾ ਕੀ ਦੱਸਣੀ ਸੀ, ਜ਼ੁਬਾਨੋਂ ਹੀ ਉਸਦੀ ਲੋਹ ਕਲਮ ਸੀ, ਆਖਣ ਲੱ
ਗਾ ਏਸਨੇ ਠੇਕੇ ਦਾ ਰੁਪਯਾ ਤਾਂ ਮਾਰਨਾ ਹੀ ਤੇ ਹਾਕਮ ਨੂੰ ਸਲਾਮ ਨਹੀਂ ਕੀਤਾ ਸਗੋਂ ਕੁਫ਼ਰ
ਦਾ ਕਲਮਾ ਬੋਲਿਆ ਹੈ ਤੇ ਦੂਸਰੇ ਏਹ ਸਿੱਖਾਂ ਦਾ ਕਾਜ਼ੀ ਹੈ ਸਿੰਘਾਂ ਨੂੰ ਬਾਦਸ਼ਾਹ ਦੇ ਨਾਲ ਮੁ
ਕਾਬਲਾ ਕਰਨ ਦਾ ਉਪਦੇਸ਼ ਕਰਦਾ ਹੈ ਏਸ ਕਰਕੇ ਏਸ ਦਾ ਬੰਦ ਬੰਦ ਕਟਾ ਕੇ ਮਾਰਨਾ
ਸ਼ਰਾ ਦਾ ਹੁਕਮ ਹੈ। ਬਾਦਸ਼ਾਹ ਨੇ ਉਹੋ ਹੁਕਮ ਦਿੱਤਾ। ਏਹ ਹੁਕਮ ਸੁਣਦੇ ਹੀ ਭਾਈ ਮਨੀ
ਸਿੰਘ ਜੀ ਨੂੰ ਜਲਾਦ ਪਕੜ ਕੇ ਨਿਖਾਸ ਚੌਕ[2] ਵਿਚ ਲੈ ਗਏ। ਉਹ ਤਾਂ ਅਜੇ ਦੂਜੇ ਤੀਜੇ
ਹੁਕਮ ਆਵਣ ਦੀ ਉਡੀਕ ਵਿਚ ਸੇ ਤੇ ਲਾਹੌਰ ਦੀ ਸਿੱਖ ਸੰਗਤ ਝਟਾਝਟ ਪੰਜ ਹਜ਼ਾਰ ਰੁਪਯਾ
ਇਕੱਠਾ ਕਰਕੇ ਨਵਾਬ ਪਾਸ ਲੈ ਆਏ। ਭਾਈ ਜੀ ਨੇ ਆਖਿਆ ਮੇਰੇ ਵਾਸਤੇ ਤੁਸੀਂ ਰੁਪਯਾ
ਨਾ ਦੇਓ, ਏਨ੍ਹਾਂ ਦੀ ਨੀਤ ਫਿਰ ਗਈ ਹੈ, ਜੇ ਤੁਸੀਂ ਹੁਣ ਕ੍ਰੋੜ ਭੀ ਲਿਆ ਦੇਓਗੇ ਤਾਂ ਫੇਰ ਕੋਈ ਨਾ ਕੋ
ਈ ਬਹਾਨਾ ਬਣਾ ਕੇ ਏਹ ਮੈਨੂੰ ਮਾਰ ਦੇਣਗੇ। ਏਨ੍ਹਾਂ ਦੇ ਪਾਪ ਦਾ ਬੇੜਾ ਭਰ ਕੇ ਡੁੱਬਣਾ ਹੈ
ਜਿਸ ਮੇਰੀ ਦੇਹ ਨੂੰ ਇਹ ਕੱਟਣਾ ਚਾਹੁੰਦੇ ਹਨ, ਮੈਂ ਉਸਨੂੰ ਅੱਗੇ ਹੀ ਬਿਬੇਕ ਨਾਲ ਕੱਟ ਛੱ
ਡਿਆ ਹੈ ਮੇਰੇ ਪਿਆਰੇ ਭਾਈਓ ਤੁਸੀਂ ਠੀਕ ਠੀਕ ਜਾਣ ਲਵੋ ਕਿ ਵਰਮੀ ਦੇ ਮਾਰਨ ਨਾ
ਲ ਸੱਪ ਨਹੀਂ ਮਰਦਾ, ਮੰਦਰ ਢਾਹੁਣ ਤੇ ਮੰਦਰ ਵਾਲਾ ਨਹੀਂ ਢਹਿੰਦਾ, ਜੋ ਨਾਸ ਹੋਣ ਵਾ
ਲੀ ਚੀਜ਼ ਹੈ ਉਹੋ ਨਾਸ ਹੋਵੇਗੀ ਤੇ ਜੋ ਅਬਿਨਾਸ਼ੀ ਹੈ ਉਹਦਾ ਕਦੇ ਨਾਸ਼ ਨਹੀਂ ਹੁੰਦਾ, ਮੈਂ
ਨੂੰ ਕੋਈ ਮਾਰ ਨਹੀਂ ਸਕਦਾ ਮੈਂ ਸਤ ਚਿਤ ਆਨੰਦ ਰੂਪ, ਅਜਰ, ਅਮਰ ਅਖੇਦ ਹਾਂ, ਦੇਹ
ਨਾਲ ਮੇਰਾ ਕੋਈ ਸੰਬੰਧ ਨਹੀਂ, ਏਹ ਕੱਟਣਗੇ ਮੈਂ ਸਾਖੀ ਹੋਕੇ ਦੇਖਾਂਗਾ। ਫੇਰ (ਸੁਖ
ਦੁਖ ਦੋਨੋ ਸਮ ਕਰ ਜਾਨੈ ਅਉਰ ਮਾਨ ਅਪਮਾਨਾ। ਜਨ ਨਾਨਕ ਇਹੁ ਖੇਲ ਕਠਿਨ
ਹੈ ਕਿਨਹੂੰ ਗੁਰਮੁਖ ਜਾਨਾ।) ਪੁਨਾ (ਸਿਰ ਦੀਜੈ ਕਾਣ ਨ ਕੀਜੈ। ਇਤ ਮਾਰਗ
ਪੈਰ ਧਰੀਜੈ।) ਏਹ ਬਚਨ ਭੀ ਗੁਰੂ ਜੀ ਦੇ ਕਿਸੇ ਨੇ ਕਮਾਉਣੇ ਹਨ, ਜੇ ਅਸੀਂ ਤੁਸੀਂ ਹੀ
ਨਾ ਕਮਾਵਾਂਗੇ ਤਾਂ ਹੋਰ ਕੌਣ ਮੰਨੇਗਾ। — ਭਾਈ ਮਨੀ ਸਿੰਘ ਜੀ ਦੇ ਏਸ ਹੌਸਲੇ
ਤੇ ਬ੍ਰਹਮਗਿਆਨ ਨੂੰ ਦੇਖ ਕੇ ਸਭ ਲੋਕ ਆਸ਼ਚਰਜ ਹੋ ਰਹੇ ਸੇ। ਸਿੱਖਾਂ ਨੇ ਰੁਪਯਾ ਦੇ ਕਰ

1 ਮੁਫ਼ਤੀ ਸ਼ਰਾ ਦਾ ਫ਼ਤਵਾ ਦੇਣ ਵਾਲੇ ਕਾਜ਼ੀ ਦਾ ਨਾਮ ਹੈ ਜੋ ਸਿੱਖਾਂ ਵਿੱਚ ਤਨਖਾਹ ਤੇ ਹਿੰਦੂਆਂ ਵਿਚ ਪ੍ਰਾਸਚਿਤ ਲਾਉਂਦਾ ਹੈ। 2 ਨਿਖਾਸ ਚੌਕ ਕਿਲੇ ਲਾਹੌਰ ਦਾ ਦਰਵਾਜ਼ਾ ਜੋ ਹੁਣ ਸ਼ਹਰ ਵੱਲ ਸੀ ਉਸਦੇ ਅਗਲੇ ਚੌਕ ਦਾ ਨਾਮ ਹੈ ਹੁਣ ਉਥੇ ਪੁਰਾਣੀ ਮਸੀਤ ਤੇ ਮਨੀ ਸਿੰਘ ਜੀ ਦਾ ਸ਼ਹੀਦ ਗੰਜ ਹੈ।

ਛੁਡਾ ਲੈਣ ਨੂੰ ਬਹੁਤ ਜ਼ੋਰ ਲਾਯਾ ਪਰ ਭਾਈ ਸਾਹਿਬ ਨੇ ਏਹ ਸੁਣਾਯਾ, ਜਦ ਇਸ ੭੩
ਚੋਲੇ ਨੇ ਦਸ ਦਿਨ ਅੱਗੇ ਦਸ ਦਿਨ ਪਿੱਛੇ ਜਾਣਾ ਹੀ ਹੈ ਰਹਿਣਾ ਨਹੀਂ ਤਾਂ ਹੁਣੇ ਹੀ ਧਰਮ
ਦੇ ਅੱਛੇ ਕੰਮ ਕਿਉਂ ਨਾ ਲਾਈਏ। ਜਦ ਗੁਰੂ ਤੇਗ ਬਹਾਦਰ ਸਾਹਿਬ ਨੇ ਭੀ ਬੜੇ ਦੁਖ ਸ਼
ਸਹਾਰ ਕੇ ਧਰਮ ਵਾਸਤੇ ਆਪਣਾ ਸਿਰ ਦਿੱਤਾ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿ
ਬ ਨੇ ਭੀ ਆਪਣਾ ਸਰਬੰਸ ਪਰਮ ਪਿਆਰੇ ਪੁੱਤ੍ਰਾਂ ਸਮੇਤ ਧਰਮ ਉੱਤੇ ਕੁਰਬਾਨ ਕਰ
ਛੱਡਿਆ ਤਾਂ ਅਸਾਡੇ ਜੈਸੇ ਤੁੱਛ ਜਨ ਕਿਸ ਗਿਣਤੀ ਵਿੱਚ ਹਨ, ਜੋ ਤੁਸੀਂ ਬਚਾਉਂਦੇ ਹੋ,
ਸੋ ਹੋ ਤੁਸੀਂ ਆਸੀਸ ਤੇ ਹੌਸਲਾ ਦੇ ਕੇ ਮੇਰਾ ਮਨ ਕਾਯਮ ਰਹੇ, ਦੇਹ ਪੀੜਾ ਮੈਨੂੰ ਨਾ ਬਿਆ
ਪੇ ਅਤੇ ਤੁਸੀਂ ਭੀ ਇਸ ਦੇਹ ਤੋਂ ਨਿਆਰੇ ਸਤ ਚਿੱਤ ਆਨੰਦ ਰੂਪ ਆਪ ਨੂੰ ਸਮਝ ਕੇ ਦੇਹ
ਦੀ ਮਮਤਾ ਛੱਡ ਦਿਓ। ਇਹ ਦੇਹ ਅਧਿਆਸ ਹੀ ਸਰਬ ਦੁੱਖ ਤੇ ਜਨਮ ਮਰਣ ਦਾ ਕਾਰ
ਣ ਹੈ। ਭਾਈ ਜੀ ਦੇ ਇਸ ਸੱਚੇ ਉਪਦੇਸ਼ ਨੂੰ ਸੁਣਕੇ ਤੇ ਡਾਢੇ ਨਿਡਰ ਸੁਭਾਵ ਨੂੰ ਦੇਖ ਕੇ ਹਿੰ
ਦੂ ਮੁਸਲਮਾਨ ਸਭ ਵਾਹ ੨ ਕਹਿ ਰਹੇ ਸੇ। ਇਤਨੇ ਜਲਾਦਾਂ ਨੂੰ ਤੀਜਾ ਹੁਕਮ ਆ ਪਹੁੰ
ਚਿਆ ਤਾਂ ਭਾਈ ਮਨੀ ਸਿੰਘ ਜੀ ਬੜੀ ਖੁਸ਼ੀ ਨਾਲ ਲੋਗਾਂ ਨੂੰ ਫਤੇ ਬੁਲਾ ਕੇ ਆਪ ਹੀ ਜ
ਲਾਦਾਂ ਦੇ ਅੱਡੇ ਉੱਤੇ ਹੋ ਬੈਠੇ। ਜਦ ਜਲਾਦਾਂ ਨੇ ਚਾਰ ਕਟ ਟੁਕੜੇ ਕਰਨੇ ਚਾਹੇ ਤਾਂ ਭਾਈ
ਸਾਹਿਬ ਨੇ ਆਖਿਆ ਤੁਹਾਨੂੰ ਹੁਕਮ ਹੈ ਕਿ ਬੰਦ ਬੰਦ ਕਟੋ। ਸੋ ਅੰਗੁਲੀਆਂ ਦੇ ਸਭ ਜੋ
ੜ ਪਹਿਲੇ ਕਟੋ, ਫੇਰ ਪਹੁੰਚਾ ਕੂਹਣੀ, ਮੋਢਾ ਵੱਢੋ, ਇਸੇ ਤਰਾਂ ਦੂਜੀ ਬਾਂਹ ਤੇ ਦੋਵੇਂ ਲੱਤਾਂ
ਕੱਟੋ। ਭਾਈ ਸਾਹਿਬ ਆਪਣੇ ਅੰਗਾਂ ਨੂੰ ਬੜੀ ਧੀਰਜ ਨਾਲ ਜਾਣੋ ਕਿਸੇ ਲਕੜੀ ਦੇ
ਮੋਛੇ ਪਵਾਉਂਦੇ ਹਨ, ਇਸ ਤਰਾਂ ਬੇਧੜਕ ਬੈਠ ਕੇ ਧੀਰੇ ੨ ਕਟਾਉਂਦੇ ਰਹੇ ਤੇ ਦੇਹ ਨੂੰ ਪੰਚ
ਭੂਤਾਂ ਦੀ ਬਿਗਾਨੀ ਸਮਝ ਕੇ, ਆਪ ਸਾਖੀ ਹੋਕੇ ਦੇਖਦੇ ਰਹੇ ਤੇ ਸੁਖਮਨੀ ਵਿੱਚੋਂ ਬ੍ਰਹਮਗਿ
ਆਨੀ ਦੀ ਅਸ਼ਟਪਦੀ ਦਾ ਪਾਠ ਕਰਦੇ ਰਹੇ। ਜਲਾਦਾਂ ਨੇ ਭੀ ਭਾਈ ਜੀ ਦਾ ਬਚਨ ਮੰਨ ਕੇ
ਪੁਰਜਾ ੨ ਕਟਿਆ ਤਾਂ ਸਹੀ, ਪਰ ਸਿਦਕ ਧੀਰਜ ਨੂੰ ਦੇਖ ਕੇ ਚਕ੍ਰਿਤ ਹੋ ਰਹੇ। ਹੋਰ ਲੋਗ
ਜੋ ਇਕੱਠੇ ਹੋ ਰਹੇ ਸੇ ਦੇਖ ਦੇਖ ਕੇ ਹੱਕੇ ਬੱਕੇ ਹੋ ਗਏ, ਕੋਈ ਵਾਹ ੨ ਕੋਈ ਧੰਨ ੨ ਕੋਈ
ਹਾਇ ੨ ਤੋਬਾ ੨ ਦੀ ਆਵਾਜ਼ ਕਰ ਰਿਹਾ ਸੀ ਅਨੇਕ ਕੋਮਲ ਚਿੱਤ ਗਸ਼ੀ ਖਾ ਕੇ ਗਿਰ
ਗਏ, ਕਈਆਂ ਨੇ ਅੱਖੀਆਂ ਮੀਟ ਲਈਆਂ, ਕਈ ਝੁਣਝੁਣੀਆਂ ਖਾ ਕੇ ਨੱਠ ਗਏ, ਐ
ਸਾ ਕੋਈ ਹਿੰਦੂ ਮੁਸਲਮਾਨ ਨਹੀਂ ਸੀ ਜੋ ਭੁੱਬਾਂ ਮਾਰ ਮਾਰ ਕੇ ਨਹੀਂ ਰੋਇਆ। ਭਾਵੇਂ ਜ
ਲਾਦਾਂ ਨੇ ਇਤਨੀ ਬੇਰਹਮੀ ਕੀਤੀ ਪਰ ਭਾਈ ਸਾਹਿਬ ਦਾ ਸੱਚਾ ਸਿਦਕ ਐਸਾ ਬਣਿਆ

Digitized by Panjab Digital Library | www.panjabdigilib.org

੧੪ ਤੇਹਾ ਕਿ ਮੱਥੇ ਪਰ ਤੀਵੜੀ ਤਕ ਨਾ ਆਈ ਤੇ ਮੂੰਹੋਂ ਸੀ ਨਾ ਉਚਾਰਿਆ, ਮੂੰਹ ਦੀ ਲਾਲੀ ਤੇ ਖੁਸ਼ੀ ਦੀ ਅਵਾਜ਼ ਬਰਾਬਰ ਕਾਯਮ ਰਹੀ। ਓੜਕ ਜਦ ਜਲਾਦ ਨੇ ਸਿੰਘ ਜੀ ਦੇ ਸਿਰ ਨੂੰ ਤੇਗ ਉਠਾਈ ਤਾਂ ਬੋਲ ਵਾਹਿਗੁਰੂ ਜੀ ਕੀ ਫਤਹ ਏਹ ਆਵਾਜ਼ ਆਈ, ਜਾਣੋ ਸਿਰ ਅਗੇ ਹੀ ਲੱਥਾ ਪਿਆ ਸੀ।

ਏਸ ਕਥਾ ਨੂੰ ਲਿਖਦੀ ਹੋਈ ਮੇਰੀ ਕਲਮ ਤੇ ਛਾਤੀ ਇਸ ਵਾਸਤੇ ਬਹੁਤ ਫਟਦੀ ਹੈ ਕਿ ਏਹ ਮੇਰੇ ਬਾਪ ਦਾ ਦਾਦਾ ਸੀ ਤੇ ਹੋਰ ਭੀ ਐਸਾ ਸਿੰਘ ਯਾ ਕੋਈ ਹੋਰ ਪੱਥਰ ਦਿਲ ਨਹੀ ਹੋਵੇਗਾ ਜੋ ਏਸ ਸਿੰਘਾਂ ਦੇ ਬ੍ਰਿਤਾਂਤ ਨੂੰ ਪੜ੍ਹ ਸੁਣਕੇ ਕੰਬ ਨਾਂ ਉੱਠੇਗਾ ਤੇ ਨੇਤ੍ਰਾਂ ਵਿਚੋਂ ਜਲ ਨਾ ਵਹਾਏਗਾ। —— ਜਦ ਭਾਈ ਮਨੀ ਸਿੰਘ ਜੀ ਅਲੋਕਕ ਬ੍ਰਹਮ ਗਿਆਨੀ ਮੱਘਰ ਸੁਦੀ ਪੰਜ ਸੰ: ੧੭੯੧ ਬਿ: ਨੂੰ ਸੱਚੇ ਸ਼ਹੀਦ, ਸੱਚਖੰਡ ਵਿਚ ਜਾ ਬਸੇ ਤਾਂ ਉਨ੍ਹਾਂ ਦੇ ਭਤੀਜੇ ਬਗਾਜਾ ਸਿੰਘ ਨੇ ਲਾਹੌਰ ਦੀ ਸੰਗਤ ਸਮੇਤ (ਦਿੱਲੀ ਦਰਵਾਜ਼ੇ ਤੋਂ ਬਾਹਰ ਜਿੱਥੇ ਹੁਣ ਉਨ੍ਹਾਂ ਦੀ ਸਮਾਧ ਹੈ ਦਾਹ ਕਰਕੇ) ਦੁਸ਼ਮਣਾਂ ਤੇ ਵੈਰ ਲੈਣ ਦੀ ਧਾਪ ਲਈ। ਜਦ ਸਿੰਘਾਂ ਨੇ ਭਾਈ ਮਨੀ ਸਿੰਘ ਜੀ ਦਾ ਹਾਲ ਸੁਣਿਆਂ ਤਾਂ ਅੱਖੀਆਂ ਵਿਚੋਂ ਲਹੂ ਰੋਆਯਾ ਕਿਉਂਕੇ ਸਾਰਾ ਪੰਥ ਖਾਲਸਾ ਉਸ ਨੂੰ ਗੁਰੂ ਸਾਹਿਬ ਜੀ ਦੀ ਜਗਾ ਮੰਨਦਾ ਸੀ ਤੇ ਓਹ ਭੀ ਸਿੰਘਾਂ ਨੂੰ ਕਥਾ ਵਾਰਤਾ ਧਰਮ ਦਾ ਉਪਦੇਸ਼ ਸੁਣਾਕਰ ਪ੍ਰਸੰਨ ਰੱਖਦਾ ਸੀ ਤੇ ਹੁਣ ਤਕ ਭੀ ਉਸ ਦੀਆਂ ਰਚੀਆਂ ਹੋਈਆਂ ਸਾਖੀਆਂ ਪੜ੍ਹ, ਪੜ੍ਹਕੇ ਸਿੱਖ ਖੁਸ਼ੀ ਹੁੰਦੇ ਹਨ। ਭਲਾ ਐਡੇ ਵੱਡੇ ਜ਼ੁਲਮ ਨੂੰ ਸੁਣਕੇ ਸਿੰਘ ਕਦ ਚੁਪ ਕੀਤੇ ਬੈਠਦੇ ਸੇ, ਉਸੇ ਵਕਤ ਹੱਲਾ ਕਰਕੇ ਪਹਿਲੇ ਤਾਂ ਅਬਦੁਲ ਰਜ਼ਾਕ ਕਾਜ਼ੀ ਦਾ ਕਜ਼ੀਆ ਮੁਕਾਯਾ, ਏਸੇ ਨੇ ਭਾਈ ਮਨੀ ਸਿੰਘ ਜੀ ਨੂੰ ਪਕੜ ਕੇ ਲਾਹੌਰ ਪਹੁੰਚਾਯਾ ਸੀ ਸੋ ਇਸ ਦਾ ਕਾਲ ਮਨੀ ਸਿੰਘ ਦੇ ਭਤੀਜੇ ਅਘੜਾ ਸਿੰਘ ਦੇ ਹੱਥੋਂ ਹੋਯਾ। ਫੇਰ ਪੰਥ ਨੇ ਅਲੀਗੜ੍ਹ ਪਹੁੰਚਕੇ ਉਸਦੇ ਕੁਟੰਬ ਦਾ ਕਲੀਆ ਕਰ, ਅਲੀਗੜ੍ਹ ਤੋਂ ਅਕਾਲਗੜ੍ਹ ਬਣਾਯਾ। ਫੇਰ ਉਸ ਮੁਫਤੀ ਨੂੰ ਜਿਸ ਨੇ ਫਤੂਵਾ ਦਿੱਤਾ ਸੀ ਮੁਜੰਗ ਵਿੱਚ ਘੇਰਕੇ ਬਗਾਜਾ ਸਿੰਘ ਨੇ ਜਗੀ ਜਗੀ ਕਰਕੇ ਆਪਣੇ ਤਾਏ ਦਾ ਵੈਰ ਲੀਤਾ, ਬਾਕੀ ਦੇ ਸਿੰਘਾਂ ਨੇ ਉਸਦਾ ਕੁਟੰਬ ਕਤਲ ਕਰਕੇ ਘਰਬਾਰ ਲੁੱਟ ਲਿਯਾ। ਇਸ ਵਕਤ ਜੋ ਮੁਸਲਮਾਨ ਸਿੰਘਾਂ ਦੇ ਅੜਿੱਕੇ ਆਯਾ ਸੋ ਤੇਗ ਦੀ ਭੇਟਾ ਚੜ੍ਹਯਾ। —— ਜਦ ਇਸ ਪ੍ਰਕਾਰ ਬਹੁਤ ਰੌਲਾ ਪੈ ਗਿਆ ਤਾਂ ਸੂਬੇ ਨੇ ਸਾਰੇ ਦੇਸ ਦੇ ਚੌਧਰੀ ਪੈਂਚ, ਤੱਲਕੇਦਾਰ ਬੁਲਾ ਕੇ ਉਨ੍ਹਾਂ ਤੋਂ ਇਹ ਲਿਖਤ ਕਰਾ ਲਈ ਕੇ ਜਿਸਦੇ ਪਿੰਡ

Digitized by Panjab Digital Library | www.panjabdigilib.org

ਦੀ ਜੂਹ ਵਿੱਚ ਸਿੱਖ ਸ਼ਹੀਦ ਹੋ ਜਾਵੇਗਾ ਉਸਨੂੰ ਬਰਾਦਰੀ ਪਾਸੋਂ ਸੌ ਰੁਪਯਾ ਚੱਟੀ ਦਾ ਮਿਲੀ
ਤਾ ਜਾਵੇਗਾ ਤੇ ਨੰਬਰਦਾਰੀ ਤੋਂ ਭੀ ਖਾਰਜ ਹੋ ਜਾਊ। ਜੋ ਕੋਈ ਸਿੱਖਾਂ ਨੂੰ ਫੜਾਵੇਗਾ ਉ
ਸਨੂੰ ਇੱਜ਼ਤ ਤੇ ਇਨਾਮ ਮਿਲੇਗਾ। ਏਹ ਸੁਣਕੇ ਸਾਰਾ ਦੇਸ਼ ਸਰੀ ਸਿੱਖਾਂ ਦਾ ਵੈਰੀ ਬਣ
ਗਿਆ। ਸਿੱਖ ਭੀ ਸਮਾ ਬੀਚਾਰਕੇ ਮਾਲਵੇ ਦੇਸ ਵਲ ਸਰਕ ਗਏ।
ਰਾਜੇ ਆਲਾਸਿੰਘ ਦੇ ਬੇਟੇ ਲਾਲਸਿੰਘ ਨੇ ਆਪਣੇ ਬਾਪ ਤੋਂ ਕੁਛ ਜਾਗੀਰ ਮੰਗੀ ਤਾਂ ਆ
ਲਾਸਿੰਘ ਨੇ ਆਖਯਾ ਮੈਨੂੰ ਕਿਸੇ ਨੇ ਦਿੱਤੀ ਨਹੀਂ, ਮੈਂ ਕਿਸੇ ਨੂੰ ਦੇਣੀ ਨਹੀਂ, ਜਿਸ ਤਰਾਂ ਮੈਂ
ਹਿੰਮਤ ਕੀਤੀ ਹੈ ਤੂੰ ਭੀ ਉੱਦਮ ਕਰਲੈ। ਫੇਰ ਲਾਲਸਿੰਘ ਮਝੈਲਾਂ ਨੂੰ ਨਾਲ ਲੈਕੇ ਰ
ਖੀ ਦੇ ਮੁਲਕ ਵਿੱਚ ਜਾ ਵੜਿਆ, ਦਾਦਰੀ ਦਾ ਹਾਕਮ ਇਸਮਾਈਲਖਾਂ ਜੋ ਨੱਵਾਬ
ਝੱਜਰ ਦੇ ਮਾਤਹਤ ਸੀ ਦੇਸੀ ਲੋਗਾਂ ਨੂੰ ਕੱਠੇ ਕਰ ਸਿੱਖਾਂ ਨਾਲ ਟੱਕਰ ਤਾਂ ਪਿਆ ਪਰ
ਪਿੱਛਾ ਛੁਡਾਵਣਾ ਔਖਾ ਹੋਯਾ, ਹਾਰਕੇ ੪ ਚਾਰ ਘੋੜੇ ਪੰਜ ਹਜ਼ਾਰ ਨਕਦ ਨੱਵਾਬ
ਕਪੂਰਸਿੰਘ ਨੂੰ ਨਜ਼ਰ ਦੇਕੇ ਪੈਂਡਾ ਛੁਡਾਯਾ ਤਾਂ ਭੀ ਦੇਸ ਲੁਟਾ ਗਿਆ।
ਮਾਛੂ ਦੂਜਾਣੇ ਦਾ ਨੱਵਾਬ ਅਬਦੁਲਸਮੁੰਦਖਾਂ, ਪਟੌਦੀ ਦਾ ਨੱਵਾਬ ਫੈਜ਼ਤਲਬਖਾਂ
ਬਹਾਦਰਗੜ੍ਹੀਆ ਸ਼ਮਸ਼ੇਰਖਾਂ, ਝਾਂਰਸ ਦੇ ਰਜਪੂਤ ਆਦਿਕ ਬਹੁਤ ਲੋਗ ਲੜੇ,
ਪਰ ਅੰਤ ਨੂੰ ਹਾਰੇ। ਜਦ ਪੰਜ ਚਾਰ ਜੰਗ ਸਿੱਖਾਂ ਨੇ ਫਤੇ ਪਾ ਲਈ ਤਾਂ ਫੇਰ ਕਿਸੇ ਨੇ ਹੱਥ
ਨਾ ਉਠਾਯਾ। ਗੋਹਾਨਾ, ਰੁਹਤਕ, ਜਸੌਰਾ, ਕਾਂਦਲਾ ਆਦਿਕ ਕਸਬੇ ਫੀਰੋਜ਼ਸ਼ਾਹੀ
ਨਹਿਰ ਦੇ ਕਿਨਾਰੇ (ਜੋ ਸੰ:੧੮੨੫ ਈ: ਵਿੱਚ ਸਾਫ਼ ਕਰਾਕੇ ਸਰਕਾਰ ਨੇ ਦੇਸ ਵਿੱਚ ਛੋੜੀ
ਹੈ) ਬੜੇ ਬੜੇ ਧਨੀਏ ਸੋ ਸਿੱਖਾਂ ਨੇ ਭਲੀ ਭਾਂਤ ਲੁੱਟੇ। ਜਾਰਜਗੜ੍ਹ ਵਾਲੇ ਜਾਰਜ ਟਾ
ਮਸ ਨੇ ਸਾਹਿਬ ਫਰਾਂਸੀਸ ਫਰੰਗੀ ਨੇ (ਜੋ ਸੇਂਧੀਆਂ ਦੀ ਤਰਫੋਂ ਏਸ ਮੁਲਕ ਦਾ ਹਾ
ਕਮ ਸੀ) ਲੜਾਈ ਕੀਤੀ, ਸਿੱਖ ਜੰਮਕੇ ਨਾ ਲੜੇ, ਦਾਉ ਘਾਉ ਕਰਕੇ ਅੱਗੇ ਨਿਕ
ਲ ਗਏ। ਮਰੋਲੀ ਅਲੀਪੁਰ, ਬਲੱਮਗੜ੍ਹ, ਕੋਟਲਾ, ਫੀਰੋਜ਼ਸ਼ਾਹਵਾਲਾ, ਫਰੀਦਾ
ਬਾਦ, ਗਾਜ਼ੀਪੁਰ, ਸੋਹਣਾ, ਨੋਹ, ਦਾਦਰਾ, ਗੁੜਗਾਵਾਂ, ਬਾਦਸ਼ਾਹਪੁਰ, ਪਾਲੀ ਪੋ
ਨਾਨਾ, ਪਲੋਲ, ਪਟਗਾਢ ਆਦਿਕ ਬਹੁਤ ਪਿੰਡ ਤੇ ਕਸਬੇ ਸੋਧੇ, ਜਿਸਨੇ ਕੁਛ ਅੱਗੋਂ
ਆ ਧਰਿਆ ਸੋਈ ਬਚਿਆ ਤੇ ਜੇਹੜਾ ਅੜਿਆ ਉਸੇ ਨੂੰ ਭੰਨ ਤੋੜਕੇ ਸਾਫ਼ ਕਰ ਛੱ
ਡਿਆ, ਮਥੁਰਾ, ਖੁਰਜਾ, ਫਰੁਖਾਬਾਦ ਤਕ ਸਿੱਖਾਂ ਦੇ ਜੱਥੇ ਫਿਰ ਨਿਕਲੇ। ਜਦ ਕਿਸੇ
ਨਾਲ ਮੁਕਾਬਲਾ ਪੈਂਦਾ ਤਾਂ ਪਚਾਸ ੨ ਕੋਸ ਤੋਂ ਰਾਤੋ ਰਾਤ ਆਕੇ, ਕੱਠੇ ਹੋਕਰ ਫਤੇ ਕਰ

Digitized by Panjab Digital Library | www.panjabdigilib.org

੭੬ ਦੇ ਰਹੇ। ਓੜਕ ਏਸ ਸਾਲ ਵਿੱਚ ਬਹੁਤ ਮਾਲ ਲੈ ਮੁੜੇ ਤੇ ਆਉਂਦੇ ਹੋਏ ਮੂਣਕ ਦਾ ਪਰ
ਗਣਾ ਭੀ ਕੈਰ ਲਾਲ ਸਿੰਘ ਨੂੰ ਫਤੇ ਕਰ ਆਏ ਜੋ ਹੁਣ ਤਕ ਮਹਾਰਾਜ ਪਟਿਆਲੇ ਦੇ ਕਬਜੇ
ਵਿੱਚ ਹੈ। — ਜੇਹੀ ਮੁਸਲਮਾਨਾਂ ਦੇ ਰਾਜ ਵਿੱਚ ਸਰਕਾਰ ਅੰਗ੍ਰੇਜ਼ੀ ਵਰਗਾ ਕ
ਦੇ ਭੀ ਅਮਨ ਨਹੀਂ ਹੋਯਾ ਸੀ, ਪਰ ਔਰੰਗਜ਼ੇਬ ਦੇ ਮਰੇ ਤੋਂ ਪਿੱਛੇ ਤਾਂ ਦਿਨ ੨ ਹੁੱਲੜ ਹੀ
ਮਚ ਗਿਆ। ਅਹਿਮਦਸ਼ਾਹ ਦੇ ਸਮੇ ਕਿਧਰੇ ਮਰਹਟੇ ਦੇਸ ਨੂੰ ਦੱਬੀ ਜਾਂਦੇ ਸੇ, ਕਿਧਰੇ
ਤੌਰ ਲੋਗ ਮੁਸਲਮਾਨਾਂ ਦੀ ਕੱਚ ਬੱਚ ਕੱਟ ਰਹੇ ਸੇ, ਕਿਤੇ ਭੀਲ, ਕਿਤੇ ਪੰਡਾਰੇ, ਕਿਤੇ ਫਰਾ
ਸੀਸ, ਕਿਤੇ ਸਿੱਖ ਸੇ, ਪਰ ਸਭ ਤੋਂ ਵਧੀਕੀ ਵਿੱਚ ਅੰਗ੍ਰੇਜ਼ ਸੇ। ਕੋਈ ਕਿਸੇ ਨੂੰ ਨਹੀਂ ਪੁੱਛ
ਦਾ ਸੀ ਕਿ ਤੁਹਾਡੇ ਮੂੰਹ ਵਿੱਚ ਕਿਤਨੇ ਦੰਦ ਹਨ। ਏਸ ਕਹਾਵਤ ਵਾਂਗੂ (ਅੰਧੀ ਨੂੰ ਬੋਲਾ
ਘੜੀਸੇ, ਸੋਨਾ ਹੋਰ ਸੁਣੇ ਨਾਉਂ ਮਨੂੰ ਦੀਸੇ।) ਅੰਧਾ ਧੁੰਦ ਮਚ ਰਹੀ ਸੀ।
1796 / 57 / 1739
ਜਦ ਸੰ: ੧੭੯੬ ਬਿ: ਵਿੱਚ ਸਭ ਸਿੰਘ ਪੰਜਾਬ ਛੱਡ ਕੇ ਮਾਲਵੇ ਤੇ ਹਾਂਸੀ ਹਸਾਰ ਵੱ
ਲ ਦੌੜ ਧੂਸ ਕਰ ਗਏ ਤਾਂ ਇਕ ਬੋਤਾ ਸਿੰਘ ਸੰਧੂ ਜੱਟ ਭੜਾਣੇ ਦਾ ਤੇ ਇੱਕ ਮਜ਼ਬੀ ਗ
ਰਜਾ ਸਿੰਘ, ਅੰਮ੍ਰਿਤਸਰ ਇਸ਼ਨਾਨ ਰਾਤ ਬਿਰਾਤੇ ਕਰ ਕੇ, ਤਰਨ ਤਾਰਨ ਦੇ ਇਰਦ ਗਿਰ
ਦ ਛੱਛਰੀਆਂ ਵਿੱਚ ਲੁਕ ਰਹਿੰਦੇ ਤੇ ਗਾਜਰ, ਮੂਲੀ, ਸਾਗ, ਪਾਤ ਖਾ ਕੇ ਦਿਨ ਗੁਜ਼ਾਰਦੇ
ਸੇ। ਇਕ ਦਿਨ ਦੋ ਜਟਾਂ ਨੇ ਏਨ੍ਹਾਂ ਨੂੰ ਦੇਖਿਆ ਤਾਂ ਇੱਕ ਨੇ ਆਖਿਆ ਇਹ ਸਿੱਖ ਲੁਕੇ ਹੋਏ ਹ
ਨ, ਦੂਜੇ ਨੇ ਬੋਲੀ ਮਾਰੀ ਇਹ ਸਿੱਖ ਨਹੀਂ ਗਿੱਦੜ ਹਨ, ਜੇ ਸਿੱਖ ਹੋਣ ਤਾਂ ਲੁਕਦੇ ਕਿਉਂ
ਫਿਰਨ। ਇਹ ਬੋਲੀ ਸਿੰਘਾਂ ਨੂੰ ਖਾ ਗਈ। ਉਸੇ ਦਿਨ ਨੂਰਦੀਨ ਦੀ ਸਰਾਇ ਦੇ ਨੇੜੇ, ਦਿ
ਲੀ ਲਾਹੌਰ ਦੀ ਸੜਕ ਉੱਤੇ ਹੋ ਬੈਠੇ, ਇੱਕ ਆਨਾ ਗੱਡਾ, ਪੈਸਾ ਖੋਤਾ, ਜਗਾਤ ਲਏ ਬਿ
ਨਾ ਕਿਸੇ ਨੂੰ ਲੰਘਣ ਨਾ ਦੇਣਾ, ਜੇ ਕੋਈ ਨਾਂਹ ਨੁਕਰ ਕਰੇ ਤਾਂ ਡਾਂਗ ਘੋਟਣੇ ਡੰਡਿਆਂ ਨਾਲ
ਸਿੱਧਾ ਕਰ ਲੈਣਾ। ਏਸੇ ਤਰਾਂ ਅਨੇਕ ਤੱਲਕੇਦਾਰ, ਅਹਿਲਕਾਰ ਸ਼ਾਹੀ ਭੀ ਲੰਘ
ਗਏ, ਕਿਸੇ ਨੇ ਏਹ ਨਾ ਪੁੱਛਿਆ ਕਿ ਕੌਣ ਜਗਾਤ ਲੈਂਦੇ ਹੋ। — ਓੜਕ ਬੋਤਾ ਸਿੰਘ ਨੇ
ਖਾਨ ਬਹਾਦਰ ਸੂਬੇ ਨੂੰ ਚਿੱਠੀ ਲਿਖੀ (ਕਿ ਮੈਂ ਹਾਂ ਸਿੰਘ ਬੋਤਾ, ਹੱਥ ਵਿੱਚ ਸੋਟਾ, ਲਵਾਂ ਜ
ਗਾਤ ਖਲੋਤਾ, ਆਨਾ ਗੱਡਾ, ਪੈਸਾ ਖੋਤਾ, ਤੂੰ ਹੈਂ ਨਾਲਾਇਕ ਖੋਤਾ, ਹੁਣ ਤੈਥੋਂ ਰਾਜ ਨਹੀਂ ਹੋ
ਤਾ, ਤੂੰ ਜਾਵੇਂਗਾ ਦਰਗਾਹ ਰੋਤਾ, ਤੂੰ ਆਖੀਂ ਭਾਈ ਖਾਨੇ ਨੂੰ ਤੇਰਾ ਦੇਵਰ ਹੋਗਾ ਸਿੰਘ ਬੋ
ਤਾ, ਲਗਵਾ ਲੈ ਆ ਕੇ ਤੂੰ ਜੋਤਾ।) ਏਸ ਚਿੱਠੀ ਨੂੰ ਪੜ੍ਹਦੇ ਸਾਰ, ਸੂਬੇ ਨੂੰ ਤਾਂ ਅੱਗ ਲੱਗ
ਉਠੀ। ਜਲਾਲਦੀਨ ਫੌਜਦਾਰ ਨੂੰ ਸੌ 100 ਅਸਵਾਰ ਦੇ ਕੇ ਹੁਕਮ ਦਿੱਤਾ ਕਿ ਬੋਤਾ ਸਿੰਘ ਨੂੰ

Digitized by Panjab Digital Library | www.panjabdigilib.org

ਛਡਕੇ ਲਆਂਹ, ਮਾਰਣਨਗੀ, ਜਦ ਸਿੰਘਾਂ ਨੇ ਫੌਜ ਆਉਂਦੀ ਦੇਖੀ ਤਾਂ ਖੁਸ਼ੀ ਦੀ ਲਾਲੀ ਚੜ੍ਹ ਗਈ ਤੇ ਮਨ ਵਿੱਚ ਧਾਰ ਲਿਆ ਕਿ ਹੁਣ ਸ਼ਹੀਦ ਹੋਕੇ ਸੱਚਖੰਡ ਨੂੰ ਜਾਵਾਂਗੇ। ਤਲਵਾਰਾਂ ਰੇਤੇ ਉੱਤੇ ਘਸਾ ਕੇ ਇੱਕ ੨ ਹੱਥ ਵਿੱਚ ਸੋਟਾ ਦੂਜੇ ਵਿੱਚ ਤਲਵਾਰਾਂ ਲੈ ਲਈਆਂ ਏਤਨੇ ਨੂੰ ਫੌਜ ਨੇ ਆ ਘੇਰੇ। ਜਲਾਲਦੀਨ ਨੇ ਆਖਿਆ ਮੇਰੇ ਨਾਲ ਲਾਹੌਰ ਚੱਲੋ, ਤੁਹਾਨੂੰ ਬਚਾ ਲਵਾਂਗਾ, ਸਿੰਘ ਬੋਲਿਆ ਮੈਂ ਬਚਨ ਲਈ ਪੈਦਾ ਨਹੀਂ ਹੋਇਆ। ਤੁਹਾਡੇ ਵਿੱਚ ਜੋ ਬੜੇ ਤਲਵਾਰ ਦੇ ਲੜਾਕੇ ਹਨ ਉਨ੍ਹਾਂ ਵਿੱਚੋਂ ਚਾਰ ਮੇਰੇ ਸਾਹਮਣੇ ਕਰ, ਫੌਜਦਾਰ ਨੇ ਚਾਰ ਬਹਾਦਰ ਸਾਹਮਣੇ ਕੀਤੇ ਪਰ ਉਹ ਤਾਂ ਸਿੰਘਾਂ ਦਾ ਇੱਕ ਵਾਰ ਭੀ ਸੰਭਾਲ ਸੱਕੇ ਫੇਰ ਨਹੀਂ ਜ਼ਿਮੀਨ ਪਰ ਸੌਂ ਗਏ। ਤਾਂ ਪੰਜ ਛੇ ਸਿਪਾਹੀ ਹੋਰ ਆਏ, ਸਿੰਘਾਂ ਨੇ ਉਹ ਭੀ ਮਾਰ ਮੁਕਾਏ। ਜਦ ਇਸ ਤਰਾਂ ਬਹੁਤ ਸਾਰੇ ਮਰ ਗਏ ਤਾਂ ਤੁਰਕਾਂ ਦੀ ਫੌਜ ਇੱਕੇ ਵਾਰੀ ਆ ਪਈ, ਸਿੰਘਾਂ ਨੇ ਆਪਸ ਵਿੱਚ ਪਿੱਠਾਂ ਜੋੜ ਕੇ ਘੋਰ ਜੰਗ ਕੀਤਾ, ਓੜਕ ਸੈਂਕੜਿਆਂ ਨੂੰ ਮਾਰ ਕੇ ਪੁਰਜੇ ਪੁਰਜੇ ਹੋਕਰ ਸੱਚਖੰਡ ਨੂੰ ਗਏ। ਇਨ੍ਹਾਂ ਦੀ ਹਿੰਮਤ ਤੇ ਸਿੱਖੀ ਦੀ ਗੱਲ ਖਿੰਡ ੨ ਚਲ ਪਈ, ਸੂਬੇ ਨੇ ਭੀ ਸੁਣਕੇ ਅੰਗੁਲੀ ਮੂੰਹ ਵਿੱਚ ਪਾ ਲਈ।

ਏਸੇ ਸਮੇਂ ਤਾਹਰ ਅਲੀ ਸੂਬੇਦਾਰ ਸਿਆਲਕੋਟ ਦਾ ਸਰਹਿੰਦ ਆਪਣੇ ਘਰ ਬਿਆਹ ਵਾਸਤੇ ਚੱਲਿਆ ਸੀ ਤੇ ਹੈਬਤ ਖਾਂ ਰੁਹੇਲਾ ਸਰਦਾਰ ਡੇਢ ਸੌ ਅਸਵਾਰ ਨਾਲ ਰਖਾ ਸੀ ਨੂਰੰਗਾਬਾਦ ਪਿੰਡ ਪਾਸ ਮਿਲ ਪਈ ਸਿੰਘਾਂ ਦਾ ਟੋਲਾ (ਜਿਨ੍ਹਾਂ ਵਿੱਚ ਰਾਮ ਸਿੰਘ, ਦਯਾ ਸਿੰਘ ਸਰਦਾਰ ਸੇ) ਅੰਮ੍ਰਿਤਸਰ ਨੂੰ ਜਾਂਦਾ ਹੋਯਾ ਉਨ੍ਹਾਂ ਨੂੰ ਟੱਕਰ ਪਿਆ, ਰੁਹੇਲੇ ਘੇਰ ਕੇ ਫੜਨ ਲੱਗੇ ਤਾਂ ਸਿੰਘਾਂ ਨੇ ਧੂਹ ਲਈਆਂ, ਜਿਸ ਆਦਮੀ, ਘੋੜੇ ਨੂੰ ਜ਼ਰਾ ਭੀ ਛੁਹ ਗਈ ਸੋ ਤਾਂ ਮੁੜ ਉੱਠਣ ਜੋਗਾ ਨਾ ਰਿਹਾ। ਜਦ ਏਸ ਤਰਾਂ ਤੀਸਕ ਨਿਬੇੜੇ ਤੇ ਹੈਬਤ ਖਾਂ ਮਾਰਿਆ ਗਿਆ ਤਾਂ ਬਾਕੀ ਦੇ ਤਾਬ੍ਹਕੇ ਤੋੜ ਨੱਠ ਗਏ ਫੇਰ ਤਾਂ (ਰੱਬ ਜਮਾਈਆਂ ਗਾਜਰਾਂ ਵਿੱਚੋਂ ਰੰਬਾ ਰੱਖ) ਸਿੰਘਾਂ ਨੇ ਮੁਗਲਾਣੀਆਂ, ਸੱਯਦਾਣੀਆਂ, ਫੜ ਲਈਆਂ, ਮਨ ਭਾਉਂਦੀ ਕੀਤੀ, ਛੱਲੇ ਮੁੰਦ੍ਰੀ ਤਕ ਕਿਸੇ ਦੇ ਪਾਸ ਨਾ ਛੱਡਿਆ, ਡੰਡੀ ਚੌੜ ਕਰ ਦਿੱਤੀ। ਜੱਦਪਿ ਛੀ ਸੱਤ ਸਿੰਘ ਭੀ ਮਾਰੇ ਗਏ ਪਰ ਬਾਕੀ ਦੇ ਦੌਲਤ ਦੇ ਗਠੜੇ ਬੰਨ੍ਹਕੇ ਕੰਮ ਕੱਢ ਗਏ ਤੇ ਹਰੀ ਦੇ ਪੱਤਣੋਂ ਪਾਰ ਹੋਕੇ ਖੁਸ਼ੀਆਂ ਮਨਾਈਆਂ।

ਏਸੇ ਬਰਸ ਵਿੱਚ ਜਾਲੰਧਰ ਦੇ ਹਾਕਮ ਕੁਤਬਦੀਨ ਨੇ ਚੁਗਲਾਂ ਦੇ ਆਖੇ ਲੱਗਕੇ ਕੇ ਸੋਢੀ ਬਡਭਾਗ ਸਿੰਘ ਸਿੰਘਾਂ ਨੂੰ ਛਪਾ ਕੇ ਰੱਖਦਾ ਹੈ, ਫੌਜ ਸਮੇਤ ਜਾ ਕੇ ਕਰਤਾਰ

੭੮ ਪੁਰ ਘੇਰ ਲਯਾ ਸੋਢੀ ਸਾਹਿਬ ਤਾਂ ਭੱਜ ਕੇ ਪਹਾੜਾਂ ਵਿੱਚ (ਜਿੱਥੇ ਹੁਣ ਉਨ੍ਹਾਂ ਦਾ ਵੱਡਾ ਪੂਜਨੀਕ ਮਕਾਨ ਹੈ) ਜਾ ਵੜੇ। ਕੁਤਬਦੀਨ ਬਾਰੀ ਤੁਰਕ ਨੇ ਥੰਮ ਸਾਹਿਬ ਗੁਰਦੁਆਰਾ ਜਲਾ ਦਿੱਤਾ, ਅਨੇਕ ਹਿੰਦੁਣੀਆਂ ਫੜ ਕੇ ਤੁਰਕਾਂ ਨੂੰ ਕਰਾ ਦਿੱਤੀਆਂ, ਗੁਰਦੁਆਰੇ ਵਿੱਚ ਗਊ ਬਧ ਕੀਤਾ। ਸਰਦਾਰ ਬਾਘਸਿੰਘ ਹਾਲੂਵਾਲੀਆ ਸੂਹਾਂ ਨਦੀ ਦੇ ਕਾਂਢਿਆਂ ਜੰਗਲਾਂ ਵਿੱਚ ਦਿਨ ਕੱਟ ਰਿਹਾ ਸੀ, ਏਹ ਗੱਲ ਸੁਣ ਕੇ ਰਹਿ ਨਾ ਸੱਕਿਆ। ਆਖਰ ਦੋ ਇਕ ਸੌ ਅਸਵਾਰ ਐਧਰੋਂ ਓਧਰੋਂ ਕੱਠਾ ਕਰ ਕੇ ਜਾਲੰਧਰ ਨੂੰ ਚੜ੍ਹ ਧਾਇਆ। ਅੱਗੇ ਕੁਤਬਦੀਨ ਸਿੰਘਾਂ ਦੇ ਫੜਨ ਵਾਸਤੇ ਦੌਰੇ ਫਿਰਦਾ ਹੋਯਾ ਬਿਆਸਾ ਨਦੀ ਦੇ ਕਿਨਾਰੇ ਕਨੇ ਢਿੱਲੋਂ ਪਾਸ ਸ਼ਿਕਾਰ ਖੇਲਦਾ ਸੀ, ਬਾਘਸਿੰਘ ਨੂੰ ਆਉਂਦਾ ਦੇਖ ਕੇ ਨੱਠ ਚੱਲਿਆ, ਭਲਾ ਬਟੇਰੇ ਨੂੰ ਬਾਜ ਕਦੋਂ ਜਾਣ ਦਿੰਦਾ ਹੈ, ਸਰਦਾਰ ਬਾਘਸਿੰਘ ਨੇ ਘੋੜਾ ਛੇੜ ਕੇ ਝਟ ਕਰ ਉਸ ਦੇ ਘੋੜੇ ਦੀ ਖੁੱਚ ਲਾਹ ਸਿੱਟੀ, ਡਿਗ ਪਏ ਨੂੰ ਹੀ ਪਕੜ ਕੇ ਮੁਸ਼ਕਾਂ ਚੜ੍ਹਾ ਦਿੱਤੀਆਂ ਤੇ ਜੀਉਂਦੇ ਨੂੰ ਹੀ ਅੱਗ ਵਿੱਚ ਪਾ ਕੇ ਸਾੜ ਦਿੱਤਾ। ਥੰਮ ਸਾਹਿਬ ਦਾ ਬਦਲਾ ਹੱਥੋ ਹੱਥੀ ਨਿਕਲ ਗਿਆ (ਅਹਿਕਰ ਕਰੇ ਸੋ ਅਹਿਕਰ ਪਾਏ)

ਬਾਘਸਿੰਘ ਨੇ ਕੁਤਬਦੀਨ ਨੂੰ ਮਾਰਨਾ

ਕੁਤਬਦੀਨ ਨੂੰ ਮਾਰ ਕੇ ਬਾਘਸਿੰਘ ਨੇ ਸੁਣਿਆ ਕੇ ਚਾਲ੍ਹੀ ਪਚਾਸ ਘੋੜੇ ਚੰਗੇ ਸੌਦਾਗਰਾਂ ਦੇ ਦਿੱਲੀ ਨੂੰ ਜਾਣ ਵਾਲੇ ਵਜ਼ੀਰ ਦੇ ਪੱਤਣ ਅੱਜ ਆਉਣਗੇ। ਸਿੰਘ ਦਰਿਯਾ ਬਿਆਸਾ ਪਾਰ ਹੋ ਕੇ ਝੱਲ ਵਿੱਚ ਦੜ ਵੱਟ ਕੇ ਬੈਠ ਰਹੇ, ਜਦ ਉਹ ਬੇੜੀਆਂ ਉੱਤੇ ਚੜ੍ਹਨ ਲੱਗੇ ਤਾਂ ਸਿੰਘ ਤਲਵਾਰਾਂ ਧੂਹ ਕੇ ਪੈਂਦੜ ਜਾ ਪਏ, ਅਫੜਾ ਦਫੜੀ ਪਾ ਦਿੱਤੀ ਤੇ ਸਭ ਘੋੜੇ ਖੋਹ ਖਾਹ ਕੇ ਲੈ ਆਏ। ਤੇ ਰਾਤ ਰਾਤ ਝਾੜਾਂ ਪਹਾੜਾਂ ਵਿੱਚ ਜਾ ਵੜੇ। ਜਦ ਤੋਂ ਸੂਬੇ ਨੇ ਚੌਧਰੀਆਂ ਤੇ ਤੱਲਕੇਦਾਰਾਂ ਤੋਂ ਲਿਖਤ ਕਰਾ ਲਈ ਸੀ ਤਦ ਤੋਂ ਚੌਧਰੀ ਤੱਲਕੇਦਾਰ ਬਹੁਤ ਉੱਦਮ ਤਕੜਾਈ ਰੱਖਦੇ ਸੇ ਜੋ ਕੋਈ ਸਿੰਘ ਸਾਡੇ ਇਲਾਕੇ ਵਿੱਚ ਪ੍ਰਗਟ ਨਾ ਹੋ ਜਾਵੇ। — ਮੱਸਾ ਰੰਗੜ ਮੰਡਿਆਲੇ ਵਾਲਾ ਜਿਸ ਦੀ ਤੱਲਕੇਦਾਰੀ ਵਿੱਚ ਰ ਅੰਮ੍ਰਿਤਸਰ ਸੀ (ਅੰਮ੍ਰਿਤਸਰੋਂ ਚਾਰ ਕੋਹ ਮੰਡਿਆਲਾ ਹੈ।) ਸੋ ਉਹ ਹਮੇਸ਼ ਅੰਮ੍ਰਿਤਸਰ ਰਾਖਿਆ ਕਰਦਾ। ਸਿੰਘ ਤਾਂ ਉਸ ਸਮੇ ਕੋਈ ਪੰਜਾਬ ਵਿੱਚ ਪ੍ਰਗਟ ਨਹੀਂ ਸੀ, ਕੁਛ ਮਾਲਵੇ ਦੇਸ਼, ਕੋਈ ਪਹਾੜਾਂ ਵਿੱਚ, ਅਨੇਕ ਰਾਜਪੂਤਾਂ ਦੇ ਨੌਕਰ ਬੀਕਾਨੇਰ, ਜੈਸਲਮੇਰ ਆਦਿਕ ਅਨੇਕ ਥਾਂਈ ਜਾ ਰਹੇ ਸੇ। ਇਕ ਸਿੰਘ ਬੁਲਾਕਾਸਿੰਘ ਰੰਗ ਪਾਹਸੇ ਤਾਂ ਬੋਤਾਸਿੰਘ ਵਾਂਗੂ ਲੁਕਿਆ ਰਿਹਾ, ਫੇਰ ਜਦ ਬਹੁਤ ਲੋਗ ਫੜਨ ਵਾਲੇ

ਬਣੇ ਤਾਂ ਉਹ ਭੀ ਬੀਕਾਨੇਰ ਚਲਾ ਗਿਆ। ਅੱਗੇ ਉਥੇ ਬੁੱਢਾ ਸਿੰਘ ਦਾ ਤੇ ਸ਼ਾਮ ਸਿੰ ੭੯
ਘ ਨਾਰਲੀ ਵਾਲੇ ਦਾ ਜੱਥਾ ਰਾਜੇ ਪਾਸ ਨੌਕਰ ਸੀ। ਬੁਲਾਕਾ ਸਿੰਘ ਨੂੰ ਉਨ੍ਹਾਂ ਨੇ ਗੁਰਦ੍ਵਾ
ਰੇ ਦਾ ਤੇ ਪੰਜਾਬ ਦਾ ਹਾਲ ਪੁੱਛਿਆ ਤਾਂ ਉਹ ਰੋ ਪਿਆ, ਜਦ ਉਸ ਨੂੰ ਰੋਣ ਦਾ ਕਾਰਣ ਪੁੱਛਿਆ
ਤਾਂ ਉਸ ਨੇ ਆਖਿਆ, ਖਾਲਸਾ ਜੀ ਅਸੀਂ ਤੁਸੀਂ ਜੀਉਂਦੇ ਹੀ ਮਰ ਗਏ, ਸਿੱਖ ਕੋਈ ਨਹੀਂ
ਰਿਹਾ, ਜੇਹੜੇ ਹਠੀ, ਤਪੀ ਸਿੰਘ ਸਿਰੋਂ ਪਰੇ ਡੇਰਾ ਰੱਖਦੇ ਸੇ ਉਹ ਚਲੇ ਗਏ, ਹੁਣ ਤਾਂ ਕ
ਰਣੀ ਦੇ ਗਿੱਦੜ, ਨਾਮ ਦੇ ਸ਼ੇਰ ਹਨ। ਗੁਰਦ੍ਵਾਰੇ ਅੰਮ੍ਰਿਤਸਰ ਹਰਿਮੰਦ੍ਰ ਵਿੱਚ ਮੱਸਾ ਰੰ
ਘੜ ਪਲੰਘ ਉੱਤੇ ਬੈਠ ਕੇ, ਜੁੱਤੀਆਂ ਹੁੱਕਿਆਂ ਸਮੇਤ ਮਜਲਸ ਲਗਾ ਕਰ ਕੰਜਰੀ ਦਾ
ਨਾਚ ਵੇਖਦਾ ਹੈ, ਜੇਹੜੇ ਕੰਮ ਨਹੀਂ ਕਰਨੇ ਸੋ ਕਰਦਾ ਹੈ। ਮਤਾਬ ਸਿੰਘ ਭੰਗੂ ਬੋਲਿਆ
ਤੈਂ ਉਸ ਦਾ ਸਿਰ ਨਾ ਲਾਹਿਆ, ਐਡੀ ਵੱਡੀ ਬੇਅਦਬੀ ਦਰਬਾਰ ਦੀ ਹੁੰਦੀ ਵੇਖ ਕੇ ਤੂੰ
ਜੀਂਵਦਾ ਕਿਕੂੰ ਚਲਾ ਆਯਾ, ਉਸ ਨੇ ਆਖਿਆ ਜਿਸ ਤਰਾਂ ਤੁਸੀਂ ਚਲੇ ਆਏ ਹੋ ਉਸੇ ਤ
ਰਾਂ ਮੈਂ ਭੀ ਤੇ ਹੋਰ ਸਿੰਘ ਭੀ ਨੱਠ ਗਏ। ਏਹ ਸੁਣ ਕੇ ਸਰਦਾਰ ਬੁੱਢਾ ਸਿੰਘ ਨੇ ਤਲਵਾਰ
ਸਭਾ ਵਿੱਚ ਰੱਖ ਦਿੱਤੀ ਤੇ ਆਖਿਆ ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਿਆਵੇ। ਏਹ ਸੁਣ
ਕੇ ਸੁੱਖਾ ਸਿੰਘ ਤਖਾਣ ਕੰਬੋ ਮਾੜੀ ਵਾਲਾ ਤੇ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ ਦੋਵੇਂ ਉ
ਠ ਖੜੇ ਤੇ ਤਲਵਾਰ ਉਠਾ, ਫਤੇ ਬੁਲਾ, ਅਰਦਾਸਾ ਸੁਧਾਇ, ਆਗਿਆ ਲੈ ਕੇ ਚਲ ਪੈ
ਠੇ, ਕਈ ਦਿਨੀ ਪੰਜਾਬ ਵਿੱਚ ਪਹੁੰਚ ਕੇ ਮੁਸਲਮਾਨੀ ਪਹਿਰਾਵਾ ਜਟਾਂ ਵਰਗਾ ਕਰ
ਕੇ ਗੋਲ ਗੋਲ ਠੀਕਰੀਆਂ ਨਾਲ ਦੋ ਥੈਲੀਆਂ ਭਰ ਲਈਆਂ। ੧੨ ਜੇਠ ਸੰ: ੧੭੯੭ 1797 − 57 = 1740
ਬਿ: ਨੂੰ ਦੋ ਪਹਿਰ ਦੇ ਵਕਤ ਅੰਮ੍ਰਿਤਸਰ ਪਹੁੰਚੇ। ਘੋੜਿਆਂ ਨੂੰ ਅੰਮ੍ਰਿਤ ਛਕਾ, ਆਪ ਇ
ਸ਼ਨਾਨ ਪਾਨ ਕਰ ਕੇ ਘੋੜੇ ਬੇਰੀ ਦੇ ਪੋੜ ਨਾਲ ਬੰਨੇ (ਏਹ ਬੇਰੀ ਲਾਚੀ ਬੇਰ ਕਹਾਉਂ
ਦੀ ਹੈ) ਤੇ ਆਪ ਪੱਟਾ ਪੈਣ ਦਾ ਬਹਾਨਾ ਕਰ ਕੇ, ਮੂੰਹ ਸਿਰ ਬੰਨ੍ਹ ਕੇ ਇੱਕ ਇੱਕ ਥੈਲੀ
ਚੁੱਕ ਲਈ, ਗੁਰੂ ਦਾ ਧਿਆਨ ਧਰ ਪੁਲ ਦੇ ਉੱਤੋਂ ਦੀ ਮੰਦਰ ਵਿੱਚ ਜਾ ਕੇ ਵੇਖਿਆ ਤਾਂ ਮਜ
ਲਸ ਮੁਸਲਮਾਨਾਂ ਦੀ ਜਮੀ ਹੋਈ, ਹੁੱਕੇ ਤੇ ਸ਼ਰਾਬਾਂ ਪੀ ਰਹੀ ਹੈ। ਮੱਸਾ ਪਲੰਘ ਉੱ
ਤੇ ਬੈਠਾ ਹੈ, ਨਾਚ ਮੁਜਰੇ ਵਿੱਚ ਤਬਲੇ ਡੁੱਬਕ ਡੁੱਬੇ ਬੋਲ ਦੇ ਸੇ, ਤਾਰ ਕੌਣ ੨ ਪੁੱਛਦੀ
ਸੀ ਕੰਜਰੀ ਸਾਰੰਗ ਰਾਗਣੀ ਤਾਰ ਲੈਂਦੀ ਹੋਈ, ਹੱਥਾਂ ਨਾਲ ਏਹ ਡੁੱਬੇ ੨ ਕਹ ਰਹੀ ਸੀ
ਏਹ ਹਾਲ ਦੇਖ ਕੇ ਸਿੰਘਾਂ ਦੇ ਤਨ ਮਨ ਨੂੰ ਤਾਂ ਲੱਗੀ ਪਰ ਘੁੱਟ ਵੱਟ ਗਏ, ਥੈਲੀਆਂ ਮੱ
ਸੇ ਦੇ ਮੰਜੇ ਉੱਤੇ ਰੱਖੀਆਂ, ਉਸ ਨੇ ਜਾਣਿਆ ਮੇਰੇ ਕਿਸੇ ਪਿੰਡ ਦੇ ਜੱਟ ਮਾਮੂਲਾ ਤਾਰਣ

Digitized by Panjab Digital Library | www.panjabdigilib.org

੮੦ ਆਬੈਠਨ, ਜਦ ਥੈਲੀਆਂ ਵਿਚੀ ਸ਼ਾਂਤਪਾਈ ਤਾਂ ਅੱਖਝਮਕਣ ਨਾ ਦਿੱਤੀ ਮਤਾਬਸਿੰਘਨੇ ਤੇਗਮਾਰਕੇ ਬਘਨੇ ਵਰਗਾ ਸਿਰ ਤੁੱਕ ਲਿਆ, ਤੇ ਸੁੱਖਾਸਿੰਘ ਨੇ ਹੋਰ ਤਿੰਨ ਰਾਗਾਂ ਦੇ ਸਿਰ ਸ਼ਾਫ਼ ਸਿੱਟੇ ਦੋਹਾਂ ਨੇ ਘਮਸਾਣ ਘੱਤ ਦਿੱਤਾ, ਵਿੱਚੇ ਕੰਜਰੀ ਮਾਰੀ ਗਈ ਤਰਦਾ ੨ ਗਹਿਣਾ ਸੁੱਖਾਸਿੰਘ ਨੇ ਝਪਟ ਲਿਆ ਕੋਈ ਸਾਹਮਣੇ ਨਾ ਆਯਾ, ਭਾਜੜ ਪੈਗਈ, ਸਿੰਘ ਭੀ ਭੇਡਾਂ ਵਾਂਗੂ ਉਨ੍ਹਾਂ ਨੂੰ ਅੱਗੇ ਲਾਕੇ ਛਪਾਛਪ ਬਾਹਰ ਆ, ਘੋੜਿਆਂ ਉੱਤੇ ਅਸਵਾਰ ਹੋ ਅੱਡੀ ਲਾ ਗਏ ਮੱਸੇ ਦੇ ਅਸਵਾਰ ਭੀ ਪਿੱਛੇ ਚੜ੍ਹੇ ਪਰ ਸਿੰਘਾਂ ਨੇ ਡਾਹ ਨਾ ਦਿੱਤੀ, ਹਾਰਕੇ ਮੁੜ ਆਏ, ਸਿੰਘਾਂ ਨੇ ਮੱਸੇ ਦਾ ਸਿਰ ਪੰਥ ਅੱਗੇ ਜਾ ਰੱਖਿਆ, ਪੰਥ ਨੇ ਦੋਹਾਂ ਦਾ ਬਹੁਤ ਸਿਤਕਾਰ ਕੀਤਾ ਤੇ ਸਿਰ ਨੂੰ ਸਾੜ ਸਿਟਿਆ।

ਏਸੇ ਭਾਂਤ ਹੋਰ ਭੀ ਬੜੇ ੨ ਬਹਾਦਰੀ ਦੇ ਕੰਮ ਉਦੋਂ ਸਿੰਘ ਕਰਦੇ ਰਹਿੰਦੇ ਸੇ। ਜਦ ਮੱਸੇ ਤੇ ਕੁਤਬਦੀਨ ਜੈਸੇ ਕਈ ਨਾਮੀ ੨ ਆਦਮੀ ਸਿੰਘਾਂ ਨੇ ਵੱਢ ਸੁੱਟੇ ਤਾਂ ਖਾਨਬਹਾਦਰ ਨੇ ਖਿਜਕੇ ਚੌਧਰੀਆਂ ਤੇ ਤੱਲਕੇਦਾਰਾਂ ਨੂੰ ਬੁਲਾਕੇ ਪਹਿਲੇ ਤਾਂ ਜੁੱਤੀਆਂ ਮਰਵਾ ੨ ਬੇਹੋਸ਼ ਕੀਤਾ ਫਿਰ ਪੁੱਛਿਆ ਤੁਸੀਂ ਜੋ ਲਿਖ ਦਿੱਤਾ ਸੀ ਕੇ ਹੁਣ ਕੋਈ ਸਿੰਘ ਪੰਜਾਬ ਵਿੱਚ ਨਹੀਂ ਰਹਿਣ ਦਿੱਤਾ, ਸੋ ਦੱਸੋ ਹੁਣ ਏਹ ਤੁਹਾਡੇ ਸੱਜਰੇ ਜਵਾਈ ਕਿੱਥੋਂ ਆ ਗਏ। ਖੂਨੀਆਂ ਨੂੰ ਹਾਜ਼ਰ ਕਰੋ ਨਹੀਂ ਤਾਂ ਤੁਹਾਡੀ ਚਮੜੀ ਲਾਹੀ ਜਾਵੇਗੀ। ਤਦ ਆਪਣੇ ਬਚਾਉ ਵਾਸਤੇ ਚੁਗਲ, ਬੇਈਮਾਨ, ਗਸ੍ਰੀ ਫੌਜ ਦੇ ਆਗੂ ਹੋਕੇ ਸਿੰਘਾਂ ਦੇ ਬਾਲ ਬੱਚੇ ਨੂੰ ਫੜਾਉਣ ਲਗ ਪਏ। ਹਰਿਭਗਤ ਜੰਡਿਆਲੇ ਵਾਲੇ ਨੇ ਨੂਰਦੀਨ ਫੌਜਦਾਰ ਨੂੰ ਨਾਲ ਲੈਕੇ ਮੀਰਾਂਪੁਰ ਮਤਾਬਸਿੰਘ ਦਾ ਘਰ ਜਾ ਘੇਰਿਆ। ਓਥੋਂ ਦਾ ਨੱਥਾ ਚੌਧਰੀ ਜਿਸ ਨੂੰ ਮਤਾਬਸਿੰਘ ਆਪਣੇ ਨਿੱਕੇ ਜੇਹੇ ਬੇਟੇ ਰਾਇਸਿੰਘ ਦੀ ਬਾਂਹ ਫੜਾ ਗਿਆ ਸੀ ਤੇ ਉਹ ਧਰਮ ਪਾਲਣ ਲਈ ਉਸ ਮੁੰਡੇ ਨੂੰ ਕੰਧੇ ਚੁੱਕਕੇ, ਸੱਤ ਅੱਠ ਸਬੰਧੀਆਂ ਸਮੇਤ ਲੈ ਭੱਜਿਆ ਸੀ ਸੌ ਚਾਰ ਕੋਸ ਪਰ ਜਾ ਘੇਰਿਆ। ਨੱਥਾ ਤੀਰੰਦਾਜ਼ ਸੀ ਜਿਸ ਨੂੰ ਉਸਨੇ ਕਾਨੀ ਬਾਹੀ ਪਾਣੀ ਨਾ ਮੰਗਿਆ, ਸਾਥੀਆਂ ਨੇ ਸੱਠ ਕ ਮੁਸਲਮਾਨ ਮੈਦਾਨ ਵਿੱਚ ਰੱਖੇ, ਫੇਰ ਆਪ ਭੀ ਸਾਥੀਆਂ ਸਮੇਤ ਸ਼ਹੀਦ ਹੋ ਗਏ। —— ਆਪਣੇ ਜਾਣੇ ਤਾਂ ਮੁਸਲਮਾਨ ਰਾਇਸਿੰਘ ਨੂੰ ਭੀ ਮਾਰ ਗਏ ਸੇ ਪਰ (ਜਿਸਨੂੰ ਰੱਬ ਰੱਖੇ ਉਹਨੂੰ ਕੌਣ ਮਾਰੇ) ਉਹ ਬਚ ਰਿਹਾ ਤੇ ਓਸਦੀ ਸੰਤਾਨ ਹੁਣ ਤਕ ਰੜ੍ਹੀ ਭੜ੍ਹੀ ਵਾਲੇ ਸਿੱਖ ਹਨ।

ਚੌਧਰੀ ਰਾਮਾ, ਰੰਧਾਵਾ ਘਣੀਏ ਵਾਲਾ, ਕਰਮਾ ਛੀਨੇ ਪਿੰਡ ਦਾ, ਮਾਨਾ ਨੁਸ਼ਹਿਰੇ ਦਾ

Rama Randhawa of Ghania

Dharam Das of Jodh Nagar

ਧਰਮਦਾਸ ਜੋਧ ਨਗਰੀਆ, ਸਾਹਿਬਰਾਇ ਸੰਧੂ, ਦਿਲਬਾਗਰਾਇ ਸਰਾਉ, ਹੈਬਤ ੮੧
ਮਲ ਧਨੇ ਸੌਂਦਾਲਾ, ਮਜੀਠੇ ਵਾਲੇ ਗਿੱਲ ਜੱਟ, ਵਟਾਲੇ ਦੇ ਖੱਤ੍ਰੀ ਹੋਰ ਬਹੁਤ ਲੋਗ ਸਬ
ਬੇਈਮਾਨ ਲੋਗ ਸਿੰਘਾਂ ਦੇ ਵੈਰੀ ਹੋ ਰਹੇ ਸੇ। ਸੈਂਕੜੇ ਬਾਲਕ ਸਿੰਘਾਂ ਦੇ ਫੜ ੨ ਕਤ
ਲ ਕਰਾ ਦਿੱਤੇ, ਸਿੰਘ ਤਾਂ ਖੇਤੀ ਕਰਨ ਵਾਲੇ ਭੀ ਢੂੰਡ ੨ ਕੇ ਮਰਵਾ ਦਿਤੇ।
ਜੇਹੜੀਆਂ ਸਿੰਘਣੀਆਂ ਰਾਤ ਬਿਰਾਤੇ ਆਪਣੇ ਪੁੱਤ੍ਰਾਂ ਨੂੰ ਲੈਕੇ ਮਾਲਵੇ ਦੀ ਤਰਫ ਭੱ
ਜ ਗਈਆਂ ਜਾ ਝਾੜੀਂ, ਪਹਾੜੀਂ ਲੁਕ ਬੈਠੀਆਂ। ਸਿਵਾਇ ਉਨਾਂ ਦੇ ਗਰਭ ਦੇ ਹੋਰ
ਕੋਈ ਛੋਕਰਾ ਮਾਝੇ ਵਿੱਚ ਕਿਸੇ ਸਿੰਘ ਦਾ ਨਾ ਛੱਡਿਆ, ਕਠੋਰ ਦਿਲ ਬੇਰਹਿਮ ਮੁਸ
ਲਮਾਨਾਂ ਨੇ ਚਿਲ ਚਿਲਾਂਦੇ ਹੋਏ ਬਾਲਕ ਉਨ੍ਹਾਂ ਦੀਆਂ ਮਾਈਆਂ ਤੋਂ ਖੋਹ ਖੋਹ ਕੇ ਕ
ਤਲ ਕਰ ਸੁੱਟੇ, ਅਨੇਕ ਸਿੰਘਣੀਆਂ ਨੇ ਆਪਣੇ ਪੁੱਤਾਂ ਦੀ ਜਾਨ ਬਚਾਉਣ ਲਈ
ਭੜੋਲਿਆਂ, ਕੋਠੀਆਂ, ਖੇਤਾਂ ਵਿੱਚ ਕਈ ੨ ਦਿਨ ਲਕੋ ਰੱਖੇ। ਕਿਸੇ ਨੇ ਕਿਸੇ ਹਿੰਦੂ ਦੇ
ਘਰ, ਕਿਸੇ ਨੇ ਸਾਂਝ ਵਾਲੇ ਮੁਸਲਮਾਨ ਦੇ ਘਰ ਲਕੋਏ, ਪਰ ਦੁਸ਼ਟ ਬੁੱਧੀ ਹਿੰਦੂ ਚੁਗ
ਲਾਂ ਨੇ ਉਥੋਂ ਭੀ ਦੱਸ ਦੱਸ ਕੇ ਕਢਾ ਕੇ ਮਰਵਾ ਦਿੱਤੇ। ਏਸ ਹੱਲੇ ਵਿੱਚ ਅਨੇਕ ਹਿੰਦੂ
ਜਿਨ੍ਹਾਂ ਨੇ ਕਦੀ ਥੋੜੀ ਜੇਹੀ ਭੀ ਕਿਸੇ ਸਿੰਘ ਦੀ ਜਾ ਸਿੰਘਣੀ ਦੀ ਸਹਾਇਤਾ ਕੀਤੀ
ਓਹ ਸਭ ਚੁਗਲਾਂ ਨੇ ਚੁਣ ਚੁਣ ਕੇ ਮਰਵਾ ਦਿੱਤੇ। ਬਹੁਤੇ ਤਾਂ ਮਰਣ ਤੋਂ ਡਰਦੇ
ਮੁਸਲਮਾਨ ਬਣ ਗਏ। ਉਸ ਸਮੇ ਦੁਸ਼ਟ ਹਿੰਦੂਆਂ ਤੇ ਤੁਰਕਾਂ ਨੇ ਕੋਈ ਕਾਫਲਾ
ਸਿੰਘਾਂ ਦਾ ਪੰਜਾਬ ਵਿੱਚ ਨਹੀਂ ਰਹਿਣ ਦਿੱਤਾ ਸੀ।

ਦਿੱਲੀ ਵਾਲੇ ਮੁਗਲਾਂ ਦੀ ਤਰਫੋਂ ਖਾਨਬਹਾਦਰ ਜੇਹੇ ਹਾਕਮਾਂ ਨੇ ਜ਼ੁਲਮ ਦਾ ਦ
ਰਿਆ ਚਲਾ ਦਿੱਤਾ, ਖਲਕਤ ਨੂੰ ਅਤੀ ਦੁੱਖ ਕਲੇਸ਼ ਬਿਆਪਿਆ, ਅਨੇਕ ਸਿੱਖਣੀ
ਆਂ ਬੱਚਿਆਂ ਨੂੰ ਕਤਲ ਹੁੰਦੇ ਦੇਖ ਕੇ ਨਾ ਸਹਾਰ ਸੱਕੀਆਂ, ਫਾਹੇ ਲੈ ਕੇ, ਖੂਹਾਂ ਵਿੱਚ ਡਿੱ
ਗ ਕੇ ਮਰ ਗਈਆਂ। — ਜਦ ਏਹੋ ਜੇਹੇ ਘੋਰ ਮਹਾਂ ਪਾਪਾਂ ਤੇ ਜ਼ੁਲਮਾਂ ਨਾਲ ਮੁਗ
ਲਾਂ ਦਾ ਬੇੜਾ ਭਰ ਗਯਾ, ਤਾਂ ਸਿੱਖਣੀਆਂ ਦੀ ਹਾਹ ਤੇ ਬੱਚਿਆਂ ਦੇ ਕੁਰਲਾਟ ਦੀ ਅਵਾ
ਜ਼ ਪਰਮੇਸ਼੍ਵਰ ਦੀ ਦਰਗਾਹ ਵਿੱਚ ਪਹੁੰਚ ਪਈ ਤਾਂ ਖਾਲਕ ਨੇ ਈਰਾਨ ਦੇ ਬਾਦਸ਼ਾਹ
ਨਾਦਰ ਸ਼ਾਹ ਨੂੰ ਪ੍ਰੇਰ ਕੇ ਹਿੰਦੁਸਤਾਨ ਪਰ ਚੜ੍ਹਨਾ ਭੇਜਿਆ, ਸੰ: ੧੭੯੭ ਬਿ: ਨੂੰ ਕਾਬੁਲ
ਦੇ ਮੁਲਕ ਨੂੰ ਜਿੱਤਦਾ ਹੋਯਾ ਸਿੱਧਾ ਲਾਹੌਰ ਨੂੰ ਆਯਾ ਤੇ ਸ਼ਾਹਦਰੇ ਆਣ ਉਤਰਿਆ
(ਤੱਕੇ ਪਰ ਨੂੰ ਪਾਏ ਘਰ ਨੂੰ) ਖਾਨਬਹਾਦਰ ਨੂੰ ਇਹ ਸੁਣ ਕੇ ਪੱਟਣਾ ਪੈ ਗਿਆ।

Digitized by Panjab Digital Library | www.panjabdigilib.org

੮੨ ਸਿੱਖਾਂ ਨੂੰ ਮਾਰਦਾ ੨ ਆਪਣੀ ਸਰਜ਼ਮੀਨੇ ਰਵਾਨਾ ਹੋਗਿਆ, ੨੧ ਲੱਖ ਰੁਪਯਾ ਨਕਦ, ੧੧ ਕਿਸ਼ਤੀ
ਆਂ ਜਵਾਹਰਾਤ ਦੀਆਂ ੫੦ ਪੰਜਾਬੀ ਹਾਥੀ ਨਜ਼ਰ ਦੇਕੇ ਪਿੱਛਾ ਛੁਡਾਯਾ। ਨਾਦਰ ਸਿੱ
ਧਾ ਲਾਹੌਰ ਨੂੰ ਤੁਰ ਗਿਆ। ਮੁਹੰਮਦਸ਼ਾਹ[1] ਦਿੱਲੀ ਵਾਲਾ ਬਾਦਸ਼ਾਹ ਭੀ ਸੁਣਕੇ ਬਹੁਤ
ਘਬਰਾਯਾ। —— ਜਦ ਸੰਮਤ ੧੭੯੬ ਬਿ: ਵਿਚ ਨਾਦਰਸ਼ਾਹ ਦਿੱਲੀ ਨੂੰ ਗ
ਯਾ ਤਾਂ ਇਸ ਹਾਲ ਚਾਲ ਨੂੰ ਗਨੀਮਤ ਸਮਝਕੇ ਸਿੰਘ ਫੇਰ ਪੰਜਾਬ ਵਿਚ ਆ ਗੱਜੇ, ਕੋਂ

੧ ਮੁਹੰਮਦਸ਼ਾਹ ਬਡਾ ਭਾਰੀ ਬਿਭਚਾਰੀ ਤਮਾਸ਼ਬੀਨ, ਪੰਜੇ ਐਬ ਸ਼ਰਈ, ਵਾਜਦ ਅਲੀ ਬਾਦਸ਼ਾਹ ਲ
ਖਨਊ ਵਾਲੇ ਦਾ ਜੋੜੀਦਾਰ ਸੀ। ਇਨ੍ਹਾਂ ਦੋਹਾਂ ਬਾਦਸ਼ਾਹਾਂ ਪਾਸ ਡੂਮ, ਕੰਜਰੀਆਂ, ਛੋਕਰੇ ਮੁਸਾਹਿਬ ਸੇ।
ਵਾਜਦ ਅਲੀ ਦਾ ਚਾਲ ਚਲਨ ਤਾਂ ਜੋਗੀ ਜੋਗਨ ਦੇ ਮੇਲੇ ਅਤੇ ਮੁਹੰਮਦਸ਼ਾਹ ਦਾ ਮਹਾਂ ਦੇਵ ਦੇ ਮੇਲੇ
ਤੋਂ (ਜਿਨ੍ਹਾਂ ਮੇਲਿਆਂ ਵਿੱਚ ਹੁਣ ਤਕ ਅਨੇਕ ਜਗਾ ਅਲਫ਼ ਨੰਗੇ ਮਰਦ ਔਰਤਾਂ ਦੀਆਂ ਤਸਵੀਰਾਂ ਹਨ)
ਸਾਬਤ ਹੁੰਦਾ ਹੈ। ਜਦ ਮੁਹੰਮਦਸ਼ਾਹ ਨੇ ਮੁੰਡਿਆਂ ਦੇ ਆਖੇ ਲੱਗਕੇ ਵਜ਼ੀਰ ਹੁਸੈਨ ਅਲੀ ਖਾਂ ਤੇ ਅਬਦੁੱਲਾ
ਖਾਂ, ਦੋਵੇਂ ਭਾਈ ਸੱਯਦ ਜਿਨ੍ਹਾਂ ਨੇ ਫੱਰੁਖਸੇਯਰ ਨੂੰ ਮਾਰਕੇ ਇਸ ਨੂੰ ਤਖ਼ਤ ਬੈਠਾਯਾ ਸੀ ਮਰਵਾ ਦਿੱਤੇ ਤੇ ਆਸ
ਫ਼ਜਾਹ ਹੈਦਰਾਬਾਦ ਦੱਖਣ ਦੇ ਸੂਬੇ ਨੂੰ ਵਜ਼ੀਰ ਬਣਾਯਾ, ਪਰ ਉਹ ਮੁੰਡਿਆਂ ਦੀ ਮੁਸਾਹਿਬੀ ਵਿੱਚੋਂ ਵਜ਼ਾਰਤ ਛੱ
ਡਕੇ ਚਲਾ ਗਯਾ। ਜਦ ਨਾਦਰਸ਼ਾਹ ਬੇਧੜਕ ਦਿੱਲੀ ਵਿੱਚ ਪਹੁੰਚ ਗਿਆ ਤਾਂ ਮੁਹੰਮਦਸ਼ਾਹ ਨੇ ਆਪਣੀ ਟੁੱ
ਟੀ, ਫੁੱਟੀ, ਡੇਢ ਲੱਖ ਫੌਜ, ਡੇਢ ਸੌ ਤੋਪਾਂ, ਪੰਜ ਸੌ ਹਾਥੀ ਲੈਕੇ ਕਰਨਾਲ ਪਾਸ ਨਾਦਰ ਦਾ ਮੁਕਾਬਲਾ ਕੀਤਾ।
ਨਾਦਰਸ਼ਾਹ ਇਕ ਗਰੀਬ ਅਜਾਲੀ ਦਾ ਪੁੱਤ੍ਰ ਸੀ ਜੋ ਕੰਪੀਸਨ ਸਾਗਰ ਦੇ ਕਿਨਾਰੇ ਵਸਦਾ ਸੀ, ਇਸ ਦੀ ਕਿਸ
ਮਤ ਨੇ ਇਸ ਨੂੰ ਐਸਾ ਪੁਰਖਾਰਥ ਦਿੱਤਾ ਕਿ ਇਹ ਧਾੜਵੀਆਂ ਦਾ ਸਰਦਾਰ ਬਣ ਗਿਆ। ਜਦ ਸਿ: ੧੧੧੩ ਹਿ
ਜਰੀ ਮੁਤਾਬਕ ਸੰ: ੧੭੫੭ ਬਿ: ਨੂੰ ਪਠਾਣਾਂ ਨੇ ਈਰਾਨ ਉੱਤੇ ਧਾਵਾ ਕੀਤਾ, ਤਦੋਂ ਇਸ ਨੇ ਈਰਾਨ ਦੇ ਬਾਦਸ਼ਾਹ
ਦੀ ਤਰਫ਼ੋਂ ਹੋਕੇ ਲੜਾਈ ਕਰਕਰ ਪਠਾਣਾਂ ਨੂੰ ਦੇਸ ਵਿੱਚੋਂ ਕੱਢ ਛੱਡਿਆ। ਇਸੇ ਬਦਲੇ ਬਾਦਸ਼ਾਹ ਨੇ ਖ਼ੁਸ਼ੀ ਹੋ
ਕੇ ਇਸ ਨੂੰ ਫ਼ੌਜਦਾ ਬਖ਼ਸ਼ੀ ਬਣਾ ਲਿਆ। ਫੇਰ ਤਾਂ ਬਾਦਸ਼ਾਹ ਦੇ ਮਰੇ ਤੋਂ ਇਹ ਬਾਦਸ਼ਾਹੀ ਨੂੰ ਜੱਫਾ ਪਾ ਬੈਠਾ
ਤੇ ਪਠਾਣਾਂ ਤੋਂ ਬਦਲਾ ਲੈਣ ਲਈ ਹਿਰਾਤ ਕੰਧਾਰ ਨੂੰ ਭੀ ਜਾ ਚੱਕ ਮਾਰਿਆ, ਉਤੋਂ ਮੁਹੰਮਦਸ਼ਾਹ ਦਾ ਚਾਲ
ਚਲਨ ਸੁਣਕੇ, ਸੁਇਨੇ ਦੀ ਖਾਨ ਹਿੰਦੁਸਤਾਨ ਲੈਣ ਵਾਸਤੇ ਇਸ ਮਕਰ ਨਾਲ ਚੜ੍ਹ ਆਯਾ ਕੇ ਸਾਡੇ ਵੈਰੀ ਪ
ਠਾਣ ਮੁਗਲਾਂ ਦੀ ਬਾਦਸ਼ਾਹੀ ਵਿਚ ਲੁਕੇ ਹੋਏ ਹਨ। ਕਾਬੁਲ ਨੂੰ ਫਤੇ ਕਰਦਾ ਪੰਜਾਬ ਨੂੰ ਚੀਰ ਭੰਨ, ਪਸ਼ੌਰ
ਦੇ ਸੂਬੇ ਨਾਸਰ ਖਾਨ ਤੇ ਭੁਤਾਸ ਦੇ ਹਾਕਮ ਕਲੰਦਰ ਖਾਂ ਨੇ ਸਾਹਮਣਾ ਤਾਂ ਕੀਤਾ ਪਰ ਕੁਛ ਨਾ ਬਣਿਆ
ਹਾਰਕੇ ਨਜ਼ਰਾਂ ਲੈ ਮਿਲੇ।। —— ਦਿੱਲੀ ਵਾਲੇ ਮੁਹੰਮਦਸ਼ਾਹ ਨੇ ਆਸਫ਼ਜਾਹ ਤੇ ਸਆਦਤ ਖਾਂ ਨੂੰ ਮੋ
ਹਰੇ ਭੇਜ ਦਿੱਤੇ (ਸਆਦਤ ਖਾਂ ਦੀ ਪੀੜ੍ਹੀ ਦੀ ਔਲਾਦ ਲਖਨਊ ਵਾਲੇ ਨਵਾਬ ਸੇ) ਟਾਕਰਾ ਤਾਂ ਦੋਹਾਂ ਦਲਾਂ ਦਾ
ਹੋਯਾ ਪਰ ਕਿੱਥੇ ਮੰਦ੍ਹਾਂ ਦੇ ਕਟੂਏ ਇਤ੍ਰ ਆਰਾਮੀ ਅੱਯਾਸ਼ੀ ਵਿਚ ਗਰਕ ਜਾਣ ਵਾਲੇ ਦਿਲ ਵਾਲੀ ਬਾਂਕੇ,
ਕੂਚੇ ਬਾਜ਼ਾਰਾਂ ਦੇ ਸੈਲਾਨੀ, ਨਖਰਿਆਂ, ਚੁਖਿਆਂ ਦੇ ਧਨੀ, ਮਸਖਰੇ, ਡਰਾਕੁਲ ਤੇ ਕਿੱਥੇ ਕਜ਼ਲਬਾਸ਼
ਸੂਰਬੀਰ ਜੰਗ ਦੇ ਧਨੀ, ਪਚਾਸ ੨ ਕੋਸ ਧਾਵਾ ਮਾਰਕੇ ਦਮ ਲੈਣ ਵਾਲੇ, ਸਿਕਲ ਚੜ੍ਹੇ, ਲੜਾਕੇ ਸਿਪਾ
ਹੀ, ਅਲਬੱਤੇ ਮਸਕਰੀਆਂ ਤੇ ਮਜ਼ਾਖਾਂ ਅਤੇ ਲਤੀਫ਼ਿਆਂ ਦੀ ਲੜਾਈ ਹੁੰਦੀ ਤਾਂ ਜ਼ਰੂਰ ਦਿਲ ਵਾਲੀ
ਜਿੱਤਦੇ, ਪਰ ਇੱਥੇ ਤਾਂ ਸਿਰਾਂ ਧੜਾਂ ਦੀ ਬਾਜ਼ੀ ਸੀ ਪੰਜ ਹੱਲੇ ਭੀ ਈਰਾਨੀਆਂ ਦੁਰਾਨੀਆਂ ਦੇ ਸਹਾਰ ਨਾ
ਸੱਕੇ। ਐਸੇ ਨੱਠੇ ਦਿੱਲੀ ਵਿਚ ਦਮ ਜਾ ਲਿਆ, ਮੁਹੰਮਦਸ਼ਾਹ ਵਿਚਾਰਾ ਪੁਕਾਰਦਾ ਤੇ ਖਿੜ੍ਹ ਦੇਖਦਾ

Digitized by Panjab Digital Library | www.panjabdigilib.org

ਕੇ ਸਿੱਖ ਤਾਂ ਏਹੋ ਜੇਹੇ ਰੌਲੇ ਵਿੱਚ ਬਹੁਤ ਖੁਸ਼ੀ ਰਹਿੰਦੇ ਸੇ ਜਿਸ ਤਰਾਂ ਜਦ ਮਕੜੀ ਆ ੮੩
ਫਸੀ ਹੈ ਤਾਂ ਹੋਰ ਸਭ ਲੋਗ ਔਖੇ ਹੁੰਦੇ ਹਨ, ਪਰ ਸ਼ਿਕਾਰੀਆਂ ਨੂੰ ਖੁਸ਼ੀ ਹੋ ਜਾਂਦੀ ਹੈ।
ਜਿਨ੍ਹਾਂ ਜਿਨ੍ਹਾਂ ਚੁਗਲਾਂ ਤੇ ਜ਼ਾਲਮਾਂ ਨੇ ਸਿੱਖਾਂ ਦੇ ਸਬੰਧੀ ਸਿਤਾਏ ਸਨ, ਪਹਿਲੇ ਤਾਂ ਜਿੱਥੋਂ
ਤੀਕਰ ਵਾਹ ਲੱਗੀ ਟੋਲ੨ ਕੇ ਉਨ੍ਹਾਂ ਦੀ ਮਿੱਟੀ ਪਲੀਤ ਕੀਤੀ, ਨੱਕ ਨਾਲ ਲੀਕਾਂ ਕਢਾ ਛੱ
ਡੀਆਂ, ਮੁਸਲਮਾਨਾਂ ਦੇ ਪਿੰਡ ਲੁੱਟ ਪੁੱਟ ਕੇ ਥੋਥੇ ਕਰ ਸੁੱਟੇ। ਨਾਦਰਸ਼ਾਹ ਦੇ ਆਵਣੇ ਨੇ

ਹੀ ਰਹਿ ਗਿਆ, ਹੋਰ ਕਿਤੇ ਬਚਾਉ ਨਾ ਦੇਖਿਆ ਤਾਂ ਹਾਰ ਕੇ ਕੁਛ ਅਮੀਰਾਂ ਸਮੇਤ ਨਾਦਰਸ਼ਾਹ ਦੇ ਪੈਰ ਜਾ
ਫੜੇ, ਨਾਦਰ ਨੇ ਬਹੁਤ ਸਤਿਕਾਰ ਕੀਤਾ, ਆਸਫ਼ਜਾਹ ਨੇ ਦੋ ਕਰੋੜ ਦੇਣਾ ਕਰ ਨਾਦਰ ਨੂੰ ਓਥੋਂ ਹੀ ਮੋੜ
ਨਾ ਕਰ ਲਿਆ ਪਰ ਸੱਯਦਾਂ ਦੇ ਧੜੇ ਨੇ ਉਹ ਗੱਲ ਕੀਤੀ ਜਿਸ ਤਰਾਂ ਲੱਜ ਦਵਾਣਾ ਪਿੰਡ ਜੋ ਆਕੀ ਸੀ ਸੰਮਤ
੧੮੦੬ ਬਿ: ਵਿਚ ਮਹਾਰਾਜਾ ਜੀਂਦ ਨੇ ਫਤੇ ਕਰਕੇ ਉਜਾੜ ਦਿਤਾ, ਚੌਧਰੀ ਫੜੇ ਆਏ ਤਾਂ ਰਾਜਾ ਨੇ ਪੁੱ
ਛਿਆ ਹੁਣ ਰਾਜ਼ੀ ਹੋ, ਉਹ ਬਾਂਗਰੂ ਜੱਟ ਬੋਲੇ ਲੇ ਭਈ ਗਾਮ ਤਾ ਉਜੜ ਗਯਾ ਤਾਂ ਕੇ ਹੋਯਾ ਹਮਾਰੇ ਛੋਹਰੇ
ਛੋਹਰੀਆਂ ਨੇ ਹਾਥੀ ਤੋਪਾਂ ਦੀ ਲੜਾਈ ਤਾਂ ਦੇਖ ਲਈ। ਸੋ ਦਿੱਲੀ ਚਾਹੇ ਬਰਬਾਦ ਹੋ ਗਈ, ਦਿੱਲ ਵਾਲੀਆਂ
ਨੇ ਤਾਂ ਨਾਦਰਸ਼ਾਹੀ ਦੇਖ ਲਈ। — ਦੂਸਰੇ ਦਿਨ ਬਕਰਈਦ ਸੀ, ਮੁਹੰਮਦਸ਼ਾਹ ਦੇ ਹੁਕਮ ਨਾਲ ਜੁੱ
ਮੇ ਮਸਜਿਦ ਵਿੱਚ ਸਵੇਰ ਦੀ ਨਿਮਾਜ਼ ਦੇ ਵਕਤ (ਖੁਤਬਾ) ਧੰਨਬਾਦ ਨਾਦਰ ਦੇ ਨਾਮ ਦਾ ਪੜ੍ਹਿਆ ਗਿਆ
ਜਿਸ ਨੂੰ ਸੁਣਕੇ ਅਨੇਕਾਂ ਨੇ ਖੁਤਬੇ ਦਾ ਖਾਤਮਾ ਕਰ ਕੱਛਿਆ ਤੇ ਏਹ ਉਡਾ ਦਿਤਾ ਕਿ ਨਾਦਰ ਮਹਿਲਾਂ
ਵਿੱਚ ਖਤਮ (ਕਤਲ) ਕੀਤਾ ਗਿਆ। ਏਹ ਗਲ ਕੂੜਾ ਲੈ ਕੇ ਕੂਚੇ੨ ਫਿਰ ਨਿਕਲੀ। ਦਿਲ ਵਾਲੀ
ਬਦਮਾਸ਼ਾਂ ਨੇ ਹੱਲਾ ਕਰਕੇ ੭੦੦ ਸੱਤ ਸੌ ਸਿਪਾਹੀ ਨਾਦਰ ਦਾ ਕਤਲ ਕਰ ਦਿੱਤਾ। ਏਸ ਖਬਰ ਨੂੰ ਸੁਣਕੇ
ਨਾਦਰਸ਼ਾਹ, ਰੋਸ਼ਨਦੌਲਾ ਦੀ ਮਸੀਤ ਵਿੱਚ ਜੋ ਸੁਨਹਿਰੀ ਹੈ ਓਥੇ ਗੁੱਸੇ ਨਾਲ ਸਿਰਫ਼ ਚਾਰ ਉਂਗਲ ਤ
ਲਵਾਰ ਖਿੱਚ ਕੇ ਬੈਠਾ ਫੌਜਦਾਰਾਂ ਨੇ ਆਮ ਕਤਲ ਦਾ ਇਸ਼ਾਰਾ ਸਮਝ ਕੇ ਧੂਹ ਲਈਆਂ, ਫੇਰ ਤਾਂ ਚੱਲ
੧੩੩੦੦੦
ਸੋ ਚੱਲ, ਪੱਕੀ ਕੱਚੀ ਵੱਢਕੇ ਚਾਰ ਪਹਿਰ ਵਿੱਚ ਇਕ ਲੱਖ ਤੇਤੀ ਹਜ਼ਾਰ ਮਾਰਕੇ ਸਥਾਰ ਕਰ ਦਿਤਾ।
ਦੇਖੋ ਕੁਦਰਤ ਈਸ਼੍ਵਰ ਦੀ ਐਸੀ ਹੋਈ ਕਿ ਬਕਰਈਦ ਤੋਂ ਅਗਲੇ ਦਿਨ ਹੀ ਬੇਸ਼ੁਮਾਰ ਦਿਲ ਵਾਲੀ ਲੋਗ ਕੁਰ
ਬਾਨ ਹੋ ਗਏ। ਕਜ਼ਲਬਾਸ਼ਾਂ ਨੇ ਬਹੁਤ ਜਗਾ ਸ਼ਹਿਰ ਵਿੱਚ ਅੱਗ ਲਾ ਦਿੱਤੀ ਧੂੰਆਂ ਧਾਰ ਹੋ ਗਿਆ, ਜਾ
ਣੋ ਰੱਬ ਦਾ ਕਹਿਰ, ਕਯਾਮਤ ਦਾ ਸਮਾ ਦਿੱਲੀ ਉੱਤੇ ਆ ਗਿਆ। ਕੂਚਿਆਂ ਦੇ ਵਿੱਚ ਲੋਥਾਂ ਦੇ ਢੇਰ ਤੇ ਲ
ਹੂ ਦੇ ਹੜ੍ਹ ਵਗ ਪਏ ਐਸੀ ਭਾਜੜ ਤੇ ਆਫ਼ਤ ਨਾ ਦਫ਼ਣੀ ਪਈ, ਮਾਂ ਨੇ ਪੁੱਤ, ਪਤੀ ਨੇ ਇਸਤ੍ਰੀ ਨੂੰ ਨਾਂ ਸਿੰਞਾ
ਣਿਆ। ਓੜਕ ਮੁਹੰਮਦਸ਼ਾਹ ਅਮੀਰਾਂ ਨੂੰ ਨਾਲ ਲੈਕੇ ਹੱਥ ਜੋੜ ਸਾਹਮਣੇ ਨਾਦਰ ਦੇ ਆ ਖੜਾ ਹੋਯਾ
ਜਦ ਹੁਕਮ ਦਿੱਤਾ ਤਾਂ ਬੋਲਿਆ ਬਾਦਸ਼ਾਹ ਮੇਰੀ ਗਰਦਨ ਕੱਟ ਕੇ ਖਲਕਤ ਨੂੰ ਅਮਨ ਬਖਸ਼ੋ, ਨਾ
ਦਰ ਨੇ ਆਪਣੀ ਤਲਵਾਰ ਮਿਆਨ ਵਿੱਚ ਕਰ ਲਈ ਤਾਂ ਅਮਨ ਦੀ ਡੌਂਡੀ ਫਿਰ ਗਈ। ਵਾਹ ਰੇ ਨਾਦਰ
ਤੇਰਾ ਹੁਕਮ ਜਿਸ ਨੇ ਗਰਦਨ ਪਰ ਤਲਵਾਰ ਉਭਾਰੀ ਸੀ ਉਹ ਓਥੇ ਹੀ ਰੁਕ ਗਈ।
ਫੇਰ ਨਾਦਰ ਦੇ ਲੋਕਾਂ ਨੇ ਬੜੇ੨ ਦੁੱਖ ਦੇ ਕੇ ਦੌਲਤ ਕਢਾ ਲਈ ੫੮ ਦਿਨ ਲੁੱਟ ਮਚਾਈ ਰੱਖੀ। ਸਿ:
੧੧੫੧ ਹਿਜਰੀ ਤੇ ਫੱਗਣ ਸੰ: ੧੭੯੬ ਬਿ: ਨੂੰ ਨਾਦਰ ਪੰਜਾਬ ਵਿੱਚ ਆ ਜਾਂਦੇ ੯੦ ਵਿੱਚ ਆਪਨੇ ਵਤਨ
ਨੂੰ ਤੁਰ ਗਿਆ, ਦਿੱਲੀ ਵਿੱਚੋਂ ਬੱਤੀ ੩੨ ਕਰੋੜ ਰੁਪਯਾ ਲੈ ਗਿਆ। ਜਿਸ ਵਿੱਚ ਸਿਰਫ਼ ਸੱਤ ਕਰੋੜ
ਦਸ ਲੱਖ ਦਾ ਇਕ ਤਖਤ ਤਾਊਸੀ ਹੀ ਸੀ, ਇਕ ਜੋੜੀ ਲਾਲਾਂ ਦੀ ਜਿਨ੍ਹਾਂ ਦੇ ਚਹਿਣੇ ਨਾਲ ਬਾਦਸ਼ਾਹ

Digitized by Panjab Digital Library | www.panjabdigilib.org

੮੪ ਸਭ ਹਾਕਮਾਂ ਦੀ ਜਿੰਦ ਕੁੜੱਕੀ ਵਿੱਚ ਲੈ ਰੱਖੀ ਸੀ। ਆਪਣੇ ੨ ਬਚਾਉ ਦੇ ਫਿਕਰ ਵਿੱਚ ਸਭ ਦੇ ਸਾਹ ਸੁੱਕ ਰਹੇ ਸੇ। ਸਿੰਘਾਂ ਦੇ ਪਿੱਛੇ ਤਾਂ ਕੀ ਲੱਗਣਾ ਸੀ, ਸਗੋਂ ਨੱਵਾਬ ਕਪੂਰ ਸਿੰਘ ਪਾਸ ਵਕੀਲ ਭੇਜ ਕੇ ਅੱਗੇ ਨੂੰ ਮਦਦ ਤੇ ਪਿਛਲੇ ਗੁਨਾਹਾਂ ਦੀ ਮਾਫੀ ਮੰਗ ਰਹੇ ਸੇ ਤੇ ਆਖਦੇ ਸੇ ਅਸੀਂ ਤੁਸੀਂ ਭਾਵੇਂ ਕਿਤਨੇ ਵਾਰੀ ਲੜੀਏ ਫੇਰ ਭੀ ਦੇਸ ਭਾਈ ਹਾਂ। ਸੋ ਅਸੀਂ ਮਿਲ ਜੁਲ ਕੇ ਜਿਸ ਤਰਾਂ ਹੋ ਸਕੇ ਏਨਾਂ ਦੁਰਾਨੀਆਂ ਤੋਂ ਬਚੀਏ। ਫੇਰ ਜਦ ਨਾਦਰ ਸ਼ਾਹ ਨੇ ਪਾਣੀਪਤ, ਕਰਨਾਲ ਦੇ ਵਿੱਚਕਾਰ ਜੰਗ ਵਿੱਚ ਮੁਗਲਾਂ ਨੂੰ ਫਤੇ ਕਰ, ੫ ਦਿਨ ਦਿੱਲੀ ਨੂੰ ਲੁੱਟ, ਕਤਲ ਕਰਕੇ, ਮਥਰਾ ਤੀਕਰ ਦੇਸ ਨੂੰ ਭਲੀ ਤਰਾਂ ਗਾਹਿਆ ਤੇ ਪੰਜਾਹ ਹਜਾਰ ਮਰਦ ਔਰਤ ਕੈਦ ਕਰਕੇ ਅਤੇ ਦੌਲਤ ਬੇਸ਼ੁਮਾਰ ਲੈਕੇ ਮੋੜਾ ਪਾਇਆ ਤਦ ਅਨੇਕ ਗੱਡੇ, ਊਂਠ, ਹਾਥੀ, ਕੰਚਰਾਂ, ਗਧੇ, ਧਨ ਦੇ ਲੱਦੇ ਹੋਏ ਦਿੱਲੀ ਤੋਂ ਕਾਬੁਲ ਨੂੰ ਚੱਲੇ ਤਾਂ ਸਿੰਘਾਂ ਦੇ ਅਨੇਕ ਜਥੇ ਸੜਕ ਦੇ ਦੋਹੀਂ ਪਾਸੀਂ ਬੀਸ ੨ ਕੋਹ ਜੰਗਲਾਂ ਵਿੱਚ ਆ ਬੈਠੇ। ਕੁਰੁਖੇਤ੍ਰ ਤੋਂ ਲੈਕੇ ਅਟਕ ਤੀਕਰ ਸਿੰਘਾਂ ਨੂੰ ਭੇਤ ਦੇਣ ਵਾਲੇ ਭੇਤ ਦਿੰਦੇ ਰਹੇ ਤੇ ਸਿੰਘ ਵੇਲੇ ਕੁਵੇਲੇ ਛਾਪੇ ਮਾਰ ੨ ਲੁੱਟਣ ਲਗ ਪਏ। ਜੇਹੜੀ ਮਾਯਾ ਲੁੱਟਣ ਓਹ ਜੰਗਲ ਵਿੱਚ ਦੱਬ ਛੱਡਣ, ਦਿੱਲੀ ਬੈਠਾ ਨਾਦਰ ਤਾਂ ਓਥੋਂ ਦਾ ਧਨ ਸਮੇਟ ਰਿਹਾ ਸੀ ਤੇ ਸਿੰਘ ਉਸ ਦਾ ਭੱਤਾ ਭੰਨ ਰਹੇ ਸੇ। ਜੇਹੜਾ ਸੌ, ਸੌ, ਦੋ, ਦੋ ਸੌ ਦਾ ਟੋਲਾ ਗੱਡਿਆਂ, ਊਂਠਾਂ ਨਾਲ ਰਖਵਾਲਾ ਹੁੰਦਾ ਸੀ ਜੇ ਓਹ ਸਿੰਘਾਂ ਦੇ ਪਿਛੇ ਪੈਂਦਾ ਤਾਂ ਸਿੰਘ ਨੱਠ ਜਾਂਦੇ ਤੇ ਦੂਸਰੇ ਸਿੰਘ ਪਿੱਛੋਂ ਦੀ ਓਨ੍ਹਾਂ ਨੂੰ ਲੁੱਟ ਲੈਂਦੇ। ਸਿੰਘਾਂ ਦਾ ਏਹ ਹਾਲ ਦੇਖਕੇ ਹੋਰ ਅਨੇਕ ਧਾੜਵੀ ਭੀ ਲੁੱਟ ਲੈਂਦੇ ਸੇ, ਪਰ ਨਾਮ ਏਹੋ ਹੁੰਦਾ ਸੀ ਕਿ ਸਿੰਘ ਲੁੱਟ ਕੇ ਲੈ ਗਏ।

---

੮੪ ਦਾ ਬਾਕੀ

ਰਾਤ ਨੂੰ ਕਰਨ ਪੜ੍ਹਦਾ ਹੁੰਦਾ ਸੀ। ਦੂਸਰੇ ਇਕ ਸ਼ਾਹਿਨਕੂਰ ਮੱਛੀ ਜਿਸ ਦੇ ਗੁਣ ਤਵਾਰੀਖਾਂ ਵਿੱਚ ਬਹੁਤ ਲਿਖੇ ਹਨ। ਤੀਸਰੇ ਇਕ ਮੌਨ ਚੰਦਨ ਦੀ ਮਾਲਾ ਜਿਸ ਵਿੱਚ ਐਸੇ ੨ ਰਤਨ, ਮਣਕੇ ਸੇ ਕੇ ਰੋਗਾਂ ਨੂੰ ਛੁਹਾਈਏ ਤਾਂ ਸਭ ਰੋਗ ਜਾਂਦੇ ਰਹਨ। ਚੌਥੇ ਇਕ ਗੁਲਾਬੀ ਹੀਰਾ ਜੋ ਤਾਨੇਸ਼ਾਹ ਪਾਸੋਂ ਔਰੰਗਜ਼ੇਬ ਨੇ ਖੋਹਿਆ ਸੀ, ਏਸ ਦੀ ਚਮਕ ਨਾਲ ਸਾਰੇ ਮਕਾਨ ਗੁਲਾਬੀ ਹੀ ਨਜ਼ਰ ਆਂਵਦਾ। ਏਸ ਦਾ ਤੋਲ ੩੨ ਮਾਸੇ ੩ ਰੱਤੀ ਸੀ। ਪੰਜਵੇਂ ਦੋ ਮੋਤੀ ਆਂਡੇ ਦੇ ਆਕਾਰ ਜਿਨ੍ਹਾਂ ਦੇ ਬਰਾਬਰ ਹੋਰ ਕਿਤੇ ਮੋਤੀ ਨਹੀਂ। ਛੇਵਾਂ ਕੋਹਨੂਰ ਹੀਰਾ ਪਾਂਡਵਾਂ ਦੇ ਸਮੇਂ ਦਾ ਜੇਹੜਾ ਫੇਰ ਸ਼ਾਹ ਸ਼ਜਾਉਲ ਕਾਬੁਲ ਦੇ ਬਾਦਸ਼ਾਹ ਪਾਸੋਂ ਮਹਾਰਾਜਾ ਰਣਜੀਤ ਸਿੰਘ ਪਾਸ ਆਯਾ ਤੇ ਹੁਣ ਓਹੋ ਹੀਰਾ ਸ੍ਰੀ ਮਹਾਰਾਣੀ ਵਿਕਟੋਰੀਆ ਦੇ ਪਾਸ ਹੈ। ਸੱਤਵੇਂ ਜੈਨਾਂ, ਭੈਰਾਂ ਦੇ ਦੇਵੰਦ ਮਾਈ ਘੋੜੇ। ਏਹੋ ਜੇਹੇ ਚੰਗੇ ੨ ਬਹੁਤ ਤੋਹਫੇ ਤੇ ਬੇਗਮਾਂ ਦੇ ਜੇਵਰ ਨਾਦਰ ਨੇ ਲਏ ਤੇ ਅਨੇਕ ਪਿੰਡਾਂ ਨੂੰ ਲੁੱਟ, ਮਾਰ, ਫੂਕ, ਫਾਕ, ਕੇ ਉਜਾੜ ਕਰ ਗਿਆ। ਸਭ ਤੋਂ ਪਹਿਲੇ ਜ਼ਾਲਮਾਂ ਵਿੱਚ ਏਸੇ ਦਾ ਨਾਮ ਗਿਣਿਆ ਗਿਆ।

Digitized by Panjab Digital Library | www.panjabdigilib.org

ਜਦ ਨਾਦਰ ਨੇ ਖਜ਼ਾਨਾ ਲੁੱਟਣ ਦੀ ਸਾਰ ਪਾਈ ਤਾਂ ਫੌਜ ਕਈ ਵਾਰੀ ਚੜ੍ਹਾਈ ਪਰ ਸਿੰਘਾਂ ਨੇ ੮੫
ਭਾਜ ਨਾ ਦਿੱਤੀ। — ਆਖਰ ਬੜੇ ਗੁੱਸੇ ਵਿੱਚ ਆਕੇ ਲਾਹੌਰ ਦੇ ਸੂਬੇ ਨੂੰ ਪੁੱਛਿਆ ਕਿ ਜਿਨ੍ਹਾਂ
ਕਜ਼ਾਕਾਂ ਨੇ ਮੇਰਾ ਡਰ ਨਹੀਂ ਮੰਨਿਆ, ਤੇ ਦੌਲਤ ਲੁੱਟ ਖੜੀ ਹੈ ਉਨ੍ਹਾਂ ਦਾ ਦੇਸ ਮੈਨੂੰ ਦੱਸ, ਮੈਂ
ਉਨ੍ਹਾਂ ਦਾ ਨਿਸਾਨ ਉਠਾ ਦੇਵਾਂ, ਮੇਰਾ ਨਾਉਂ ਨਾਦਰ ਜ਼ਾਲਮ ਹੈ ਮੈਂ ਬੜੇ ਬੜੇ ਰਾਖਸ਼ ਸਿੱਧੇ
ਕਰ ਛੱਡੇ ਹਨ। ਐਰੀ ਬਬਰ ਸ਼ੇਰ ਦੀ ਦਾੜ੍ਹ ਵਿੱਚੋਂ ਮਾਸ ਲੈਣ ਵਾਲੇ ਓਹ ਕੌਣ ਹਨ, ਖਾ
ਨ ਬਹਾਦਰ ਬੋਲਿਆ ਜਹਾਂਪਨਾਹ ਏਹ ਇਕ ਅਜਬ ਢੰਗ ਦਾ ਸਿੰਘ ਨਾਮ ਖਾਲਸਾ
ਪੰਥ ਹੈ। ਏਨ੍ਹਾਂ ਸਿੰਘਾਂ ਦਾ ਪਿੰਡ, ਦੇਸ, ਘਰ, ਘਾਟ, ਕਿਲਾ, ਕੋਟ ਕੋਈ ਨਹੀਂ। ਬਰਸਾਤ ਦੀ
ਆਂਖੁੰਬਾਂ ਵਾਂਗੂ ਆਪੇ ਆਪ ਕਿਧਰੋਂ ਨਿਕਲਕੇ ਪਲੇ ਪਲਾਏ ਏਸ ਮੁਲਕ ਵਿੱਚ ਆ ਰਲ
ਦੇਂਦੇ ਹਨ। ਏਹ ਤਾਂ ਖੁਦਾਈ ਰਜ਼ਾ ਸਮਝੋ, ਗੁਲਾਬ ਦੀ ਤਰਾਂ ਜਿਓਂ ਜਿਓਂ ਕਟੀਦੇ ਹਨ ਤਿਓਂ ਤ
ਵਧਦੇ ਹਨ। ਅਸੀਂ ਏਨ੍ਹਾਂ ਨੂੰ ਮਾਰਦੇ ਮਾਰਦੇ ਹਾਰ ਗਏ ਹਾਂ, ਏਹ ਮੁੱਕਦੇ ਨਹੀਂ, ਜੰਗ ਵਿੱਚ
ਸ਼ਹੀਦ ਹੋਣ ਵਾਸਤੇ ਭੁਦਕਣਾਂ ਵਾਂਗੂ ਆਕੇ ਬੇਸੁਮਾਰ ਜਾਨਾਂ ਦਿੰਦੇ ਹਨ, ਪਰ ਫੇਰ ਭੀ ਏ
ਹ ਦੂਣੇ ਚੌਣੇ ਦੇਖੀਦੇ ਹਨ, ਸਾਡੇ ਲਾਖਾਂ ਬੰਦੇ ਮਰਕੇ ਪਿੰਡ ਖਾਲੀ ਹੋ ਗਏ, ਫੇਰ ਏਨ੍ਹਾਂ ਦੇ ਘੋ
ੜੇ ਤੇ ਏਹ ਖਬਰ ਨਹੀਂ ਲੋਹੇ ਦੇ ਬਣੇ ਹਨ ਜੋ ਬਿਨਾ ਕੁਛ ਖਾਧੇ ਪੀਤੇ ਸੌ ਸੌ ਕੋਹ ਤਕ ਰੋਜ਼
ਧਾਵੇ ਮਾਰਦੇ ਹਨ ਤੇ ਸਾਗ ਪੱਤ, ਪਿਆਜ਼, ਮੂਲੀ, ਗਾਜਰ, ਬਤਾਊਂ, ਕਣਕ, ਚਣੇ, ਕੱਚਾ ਅਨਾਜ,
ਬਿਨਾ ਨਿਮਕ ਮਿਰਚ ਤੋਂ ਖਾਕੇ ਖੁਦਾ ਦਾ ਸ਼ੁਕਰ ਬਜਾ ਲਿਆਉਂਦੇ ਹਨ ਤੇ ਘੋੜੇ ਦੀ ਪਿੱਠ
ਨੂੰਹੀ ਪਲੰਘ ਉੱਤੇ ਹੀ ਤੁਰਦੇ ਫਿਰਦੇ ਸੌਂ ਲੈਂਦੇ ਹਨ, ਸਿਰ ਉੱਤੇ ਪਗੜੀ, ਤੇੜ ਜਾਂਘੀਏ (ਕੱਛਾਂ)
ਭੂਰੇ, ਯਾ ਚਾਦਰ ਦੀ ਗਲਤੀ ਤੋਂ ਬਿਨਾ ਕਪੜਾ ਤਾਂ ਹੋਰ ਨਹੀਂ ਪਾਹਿਨਦੇ ਪਰ, ਹਥਿਆਰ ਜਿ
ਤਨੇ ਮਿਲ ਜਾਣ ਉਤਨੇ ਹੀ ਥੋੜ੍ਹੇ ਹਨ। ਤੇ ਦੰਗਾ ਕਰਨਾ ਤਾਂ ਏਨ੍ਹਾਂ ਦੀ ਜ਼ਾਤ ਗੋਤ ਹੈ, ਲੜਨ,
ਭਿੜਨ ਦੇ ਆਸ਼ਕ ਹਨ, ਪੰਜ ਸੈ ਨਾਲ ਪੰਜ ਮੱਥਾ ਡਾਹ ਖੜੋਂਦੇ ਹਨ, ਜ਼ਖਮ ਏਨ੍ਹਾਂ ਦੇ ਗੈਂਡੇ
ਵਾਂਗੂ ਆਪੇ ਮਿਲ ਜਾਂਦੇ ਹਨ, ਗਰਮੀ ਸਰਦੀ ਦੀ ਬੀਮਾਰੀ ਕਦੇ ਕੋਈ ਏਨ੍ਹਾਂ ਨੂੰ ਨਹੀਂ ਆ
ਪਦੀ, ਜਿਸ ਤਰਾਂ ਅਸੀਂ ਹਿੰਦੂਆਂ ਨੂੰ ਮਾਰਨਾ ਸਵਾਬ ਸਮਝਦੇ ਹਾਂ, ਏਸੇ ਤਰਾਂ ਏਹ ਮੁਸ
ਲਮਾਨਾਂ ਨੂੰ ਮਾਰਨਾ ਧਰਮ ਸਮਝਦੇ ਹਨ, ਸਿਵਾਏ ਲੁੱਟ ਮਾਰ ਦੇ ਹੋਰ ਕੋਈ ਕੰਮ ਨਹੀਂ ਕ
ਰਦੇ, ਹਿੰਦੂ ਮੁਸਲਮਾਨ ਦੋਹਾਂ ਤੋਂ ਏਨ੍ਹਾਂ ਦਾ ਜੁਦਾ ਹੀ ਮਜ਼ਹਬ ਹੈ, ਇਕ ਰੱਬ ਤੋਂ ਸਿਵਾਏ ਹੋਰ
ਕਿਸੇ ਨੂੰ ਨਹੀਂ ਮੰਨਦੇ, ਸਲਾਮ ਤੇ ਰਾਮ ਰਾਮ ਦੀ ਜਗਾ ਵਾਹਿਗੁਰੂ ਜੀ ਦੀ ਫਤੇ ਬੁਲਾਉਂਦੇ
ਹਨ। ਰਾਤ ਦਿਨੇ ਆਪਣੇ ਗੁਰੂ ਦੀ ਬਾਣੀ (ਕਲਾਮ) ਪੜ੍ਹਦੇ ਹਨ, ਸਾਰੀ ਕੌਮੀ ਤੇ ਰਹਤ

Digitized by Panjab Digital Library | www.panjabdigilib.org

੬ ਹਲਾ ਹਾਲ, ਲਾਭ ਸਭ ਗੁਰੂ ਕੇ ਭਾਣੇ ਵਿੱਚ ਮੰਨਕੇ ਖੁਸ਼ੀ ਰਹਿੰਦੇ ਹਨ ਜੋ ਕੁਛ ਮਾਲ ਧਾ
ਹਰੋ ਲੁੱਟ ਖੱਟ ਕੇ ਲਿਆਂਵਦੇ ਹਨ ਸਭ ਗੁਰੂ ਕਾ ਸਮਝ ਕੇ ਆਪਸ ਵਿੱਚ ਬਰਾਬਰ ਵੰਡ
ਲੈਂਦੇ ਹਨ, ਦੁਜਾਇਗੀ ਕਦੇ ਨਹੀਂ ਕਰਦੇ, ਬੋਲੀ ਭੀ ਇਨ੍ਹਾਂ ਦੀ ਸਭ ਤੋਂ ਨਿਆਰੀ ਹੈ।
ਇਤਿਆਦਿਕ ਗੱਲਾਂ ਸੁਣਕੇ ਨਾਦਰਸ਼ਾਹ ਨੇ ਹੈਰਾਨ ਹੋਕੇ ਆਖਿਆ ਜੇਕਰ ਏਹੋ ਕੌਮ ਠੀਕ
ਐਸੀ ਹੀ ਹੈ ਜੈਸੀ ਤੂੰ ਆਖਦਾ ਹੈਂ ਤਾਂ ਅਸੀਂ ਤੁਸੀਂ ਏਨ੍ਹਾਂ ਦਾ ਕੀ ਖੋਹ ਸੱਕਦੇ ਹਾਂ, ਤੁਸੀਂ ਸੱਚ
ਜਾਣੋ ਕਦੇ ਨਾ ਕਦੇ ਏਹੋ ਪੰਥ ਮੁਲਕ ਦਾ ਮਾਲਕ ਬਣ ਜਾਵੇਗਾ, ਏਨ੍ਹਾਂ ਨਾਲ ਤੁਸੀਂ ਵੈਰ
ਘਣਾ ਕਰੋ ਏਹ ਤੁਹਾਡੇ ਸਾਡੇ ਮਾਰਣ ਦੇ ਨਹੀਂ। —— ਜੇਂਦਿਆਪਿ ਨਾਦਰਸ਼ਾਹ ਤਾਂ
ਸੱਚਾ ਉਪਦੇਸ਼ ਦੇਕੇ ਹਾੜ ਸੰ: ੧੭੯੬ ਬਿ: ਨੂੰ ਆਪਣੇ ਦੇਸ ਵੱਲ ਤੁਰ ਗਿਆ ਪਰ ਖਾਨਬ
ਹਾਦਰ ਨੂੰ ਈਰਖਾ ਦੀ ਅੱਗ ਨੇ ਜੇਠ ਮਹੀਨੇ ਦੇ ਪਰਬਤ ਵਾਂਗੂ ਤਪਾ ਰੱਖਿਆ ਸੀ, ਓਹ ਨਾਦਰ
ਬਾਦਰ ਦੀ ਸਿੱਖ ਮਤ ਬਰਖਾ ਨੂੰ ਪਾਕੇ ਫੇਰ ਭੀ ਠੰਢਾ ਨ ਹੋਯਾ ਸਗੋਂ ਭੜਾਸ ਛੱਡੀ।
ਸਿੰਘਾਂ ਨੂੰ ਆਖ ਭੇਜਿਆ ਨਾਦਰ ਦੀ ਦੌਲਤ ਜੋ ਤੁਸੀਂ ਲੁੱਟੀ ਹੈ ਸੋ ਅੱਧੀ ਮੈਨੂੰ ਦੇਓ ਨਹੀਂ ਤਾਂ
ਮੈਂ ਤੁਹਾਡੀ ਜੜ੍ਹੀਂ ਤੇਲ ਦੇਵਾਂਗਾ, ਸਿੰਘਾਂ ਨੇ ਜਵਾਬ ਦਿੱਤਾ, ਸ਼ੇਰਾਂ, ਬਘਿਆੜਾਂ ਦੀਆਂ ਦਾ
ਣਾ ਵਿਚੋਂ ਕਦੇ ਕਿਸੇ ਨੂੰ ਮਾਸ ਲੱਭਿਆ ਹੈ। ਏਹ ਜੁਵਾਬ ਸੁਣਕੇ ਸੂਬੇ ਨੂੰ ਤਾਂ ਸਣ ਕੋਪ ਦੀ
ਅੱਗ ਲੱਗ ਉੱਠੀ। ਚੁਗਲ ਚੌਧਰੀਆਂ ਨੂੰ ਤੱਦੀ ਕਰਕੇ ਫੌਜ ਚੜ੍ਹਾ ਦਿੱਤੀ, ਫੇਰ ਦੇਸ ਵਿੱਚ
ਖਰੂਦ ਮਚ ਗਿਆ, ਪ੍ਰਜਾ ਵਿੱਚ ਤਾਂ ਪਹਿਲੇ ਹੀ ਸਾਹ ਸਤ ਨਹੀਂ ਸੀ, ਏਸ ਰਾਜਨੇ ਚੌੜ ਨਾਸ਼
ਮਨੇ ਰਹਿੰਦੀ ਖੁਹਦੀ ਹੋਰ ਗੋਤਿਆਂ ਭਾਰ ਮਾਰੀ, ਕਿਉਂ ਕੇ ਜਿਥੇ ੨ ਓਹ ਸਿੰਘਾਂ ਨੂੰ ਦੁਖ ਦਿੰਦਾ ਸੀ
ਤਿਥੇ ਤਿਥੇ ਭੂਮਣੇ ਮਖੀਰ ਵਾਂਗੂ ਸਿੰਘ ਓਸਦੀ ਪ੍ਰਜਾ ਨੂੰ ਸੋਧਦੇ ਸੇ, ਏਹੋ ਹਾਲ ਪੰਜ ਚਾਰ
ਬਰਸ ਬਣਿਆ ਰਿਹਾ। ਜੇਹੜੇ ਸਿੰਘ ਖੇਤੀ ਬਿਉਪਾਰ ਛੱਡਕੇ ਕਦੇ ਲੁੱਟ ਮਾਰ ਵਿੱਚ ਨ
ਹੀਂ ਗਏ ਸੇ, ਓਸ ਅੰਧਾ ਧੁੰਦ ਵਿੱਚ ਓਹੋ ਜੇਹੇ ਸੋਤੇ ਗੁਣੀ ਧਰਮੀ ਸਿੰਘਾਂ ਨੂੰ ਭੀ ਚੁਗਲਾਂ ਨੇ
ਫੜਾਇ ੨ ਇਨਾਮ ਪਾਏ। — ਓਸੇ ਸਮੇਂ ਲੋਭ ਲਾਹੌਰ ਦੇ ਗਹਿਰੇ ਹੋਏ ਜੰਡਿਆਲੇ
ਵਾਲੇ ਆਕੁਲਦਾਸ ਮਹੰਤ ਨੇ ਜੇਹੜਾ ਆਪ ਨੂੰ ਹਰਿਭਗਤ ਸਦਾਉਂਦਾ ਸੀ, ਐਸਾ ਚੰਡਾਲ
ਵਾਲਾ ਕੰਮ ਕੀਤਾ ਜੋ ਭਾਰੇ ਹੱਤਿਆਰੇ ਭੀ ਨਹੀਂ ਕਰਦੇ। — ਭਾਈ ਤਾਰੂ ਸਿੰਘ ਜੀ ਮੀਦਾ
ਰ ਅੰਮ੍ਰਿਤਸਰ ਦੇ ਪਰਗਣੇ ਪੂਲੇ ਪਿੰਡ ਦਾ (ਕਬੀਰ ਤੇ ਧੰਨੇ ਭਗਤ ਵਾਂਗੂ) ਮਸ਼ਹੂਰ
ਭਗਤ ਸੀ, ਜ਼ਮੀਨ ਭੀ ਏਸਦੇ ਪਾਸ ਬਹੁਤ ਸੀ, ਖੇਤੀ ਕਰਾਉਂਦਾ, ਲੰਗਰ ਚਲਾਉਂਦਾ ਏ
ਸਦੀ ਮਾਈ ਤੇ ਭੈਣ ਰਾਤ ਦਿਨੇ ਪ੍ਰਸਾਦੇ ਪਕਾ ੨ ਛਕਾਉਂਦੀਆਂ ਰਹਿੰਦੀਆਂ, ਕਿਸੇ ਹਿੰਦੂ

Digitized by Panjab Digital Library | www.panjabdigilib.org

ਜਾ ਮੁਸਲਮਾਨ ਨੂੰ ਜਵਾਬ ਨਹੀਂ ਸੀ, ਕੋਈ ਆਵੇ ਛਕ ਜਾਵੇ, ਤਾਰੂ ਸਿੰਘ ਜੀ ਨੇ ਬਿਆਹ
ਭੀ ਨਹੀਂ ਕਰਾਯਾ ਸੀ, ਭਜਨ ਭਗਤੀ ਵਿੱਚ ਭਿੰਨਾ ਰਹਿੰਦਾ, ਦਿਲਦਾਰ ਵਿਹੀ, ਹੱਥਕਾਰ ਵਿ
ਨੀ ਇਤਨੀ ਗੱਲ ਤੋਂ ਬਿਨਾ ਹੋਰ ਕੁਛ ਜਾਣਦਾ ਹੀ ਨਹੀਂ ਸੀ ਜੇਹੜੇ ਸਿੰਘ ਵੈਰੀਆਂ ਤੋਂ ਡ
ਰਦੇ ਜੰਗਲਾਂ ਵਿੱਚ ਭੁੱਖੇ ਤਿਹਾਏ ਪਏ ਰਹਿੰਦੇ ਸੇ ਉਨ੍ਹਾਂ ਨੂੰ ਭੀ ਰਾਤ ਬਿਰਾਤੇ ਏਸੇ ਵੇਲੇ ਲੰਗ
ਰ ਰੋਟੀ ਪਹੁੰਚਦੀ ਮੁਸਲਮਾਨ ਤਾਂ ਉਸ ਨੂੰ ਅੱਲਾ ਵਾਲੀ ਸਖੀ ਮਰਦ ਮੁਲਾਕੂਲ ਸ
ਮਝ ਕੇ ਉਸ ਦਾ ਬੁਰਾ ਨਹੀਂ ਚਿਤਵਦੇ ਸੇ, ਪਰ ਆਕੁਲ ਦਾਸ ਨੇ ਖੈਰਖਾਹੀ ਜਿਤਾਉਣ, ਤੇ (Aqal Das of Jandi…)
ਇਨਾਮ ਪਾਉਣ ਲਈ (ਵੈਰੀ ਬਾਤ ਕਰੇ ਅਣਹੋਂਦੀ) ਝੂਠੀਆਂ ਸੱਚੀਆਂ ਤੁਹਮਤਾਂ ਸੂਬੇ
ਪਾਸ ਲਾ ਕੇ ਭਾਈ ਤਾਰੂ ਸਿੰਘ ਨੂੰ ਫੜਾ ਦਿੱਤਾ ਜਦ ਸਿਪਾਹੀ ਲੈ ਕੇ ਭੜਾਣੇ ਪਿੰਡ ਪਹੁੰਚੇ
ਤੇ ਲੋਕਾਂ ਨੂੰ ਖਬਰ ਹੋਈ ਤਾਂ ਉਹ ਲੋਗ ਸਿਪਾਹੀਆਂ ਨੂੰ ਮਾਰ ਕੇ ਤਾਰੂ ਸਿੰਘ ਦੇ ਛੁਡਾਉਣ
ਲਈ ਆ ਕੱਠੇ ਹੋਏ ਤਾਰੂ ਸਿੰਘ ਨੇ ਉਨ੍ਹਾਂ ਨੂੰ ਬਰਜਿਆ ਤੇ ਆਖਿਆ ਭਾਈ ਸਿੱਖੋ ਤੁਹਾਡਾ ਪ੍ਰੇਮ
ਪੁਰਖਾਰਥ ਸਰਾਹੇ, ਤੁਸੀਂ ਛੁੜਾ ਸਕਦੇ ਹੋ ਪਰ ਇੱਕ ਤਾਂ ਤੁਹਾਨੂੰ ਕਲੇਸ਼ ਹੋਵੇਗਾ, ਦੂਸਰੇ
ਮੈਨੂੰ ਫੇਰ ਭੀ ਫੜ ਕੇ ਲੈ ਜਾਣਗੇ ਤੇ ਮੈਂ ਤਾਂ ਸੂਬੇ ਦਾ ਕੋਈ ਗੁਨਾਹ ਨਹੀਂ ਕੀਤਾ, ਮੈਨੂੰ ਬੇਗੁ
ਨਾਹੇ ਨੂੰ ਉਹ ਦੁਖ ਕਿਸੇ ਦੇਵੇਗਾ ਬਲਕਿ ਉਲਟ ਜੇ ਜਾਨ ਲੈਣੀ ਚਾਹੂ ਤਾਂ ਸਭ ਤੋਂ ਚੰਗੀ ਗੱਲ
ਹੈ ਕਿਉਂਕੇ ਜਿਸ ਧਰਮ ਦੀ ਰੱਖਿਆ ਬਦਲੇ ਗੁਰੂ ਤੇਗ ਬਹਾਦਰ ਸਾਹਿਬ ਨੇ ਸਿਰ ਦਿੱਤਾ
ਫੇਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਬਾਦਸ਼ਾਹੀ ਬਣੀ ਹੋਈ ਧਰਮ ਰੱਖਿਆ
ਬਦਲੇ ਗੁਵਾਈ ਤੇ ਅਨੰਦਪੁਰ ਲੁਟਾ ਕੇ ਖੰਡਾ ਫੜਿਆ, ਜੰਗ ਕੀਤੇ, ਆਪਣੇ ਪੁੱਤ੍ਰ ਅੱਖੀ
ਆਂ ਦੇ ਸਾਹਮਣੇ ਸ਼ਹੀਦ ਕਰਾਏ, ਬੇਸ਼ੁਮਾਰ ਸਿੰਘ ਮਰਵਾਏ ਪਰ ਧਰਮ ਨਾਂ ਛੱਡਿਆ।
ਦੇਖੋ ਜਿਸ ਧਰਮ ਉੱਤੇ ਭਾਈ ਮਨੀ ਸਿੰਘ ਜੈਸੇ ਅਨੇਕ ਹਠੀਲੇ, ਸੂਰਬੀਰ, ਸਿੰਘਾਂ ਨੇਂ
ਜਰੀ ੨ ਕਟਾ ਕੇ ਸ਼ਰੀਰ ਕੁਰਬਾਨ ਕਰ ਦਿੱਤੇ ਧੰਨ ਭਾਗ ਹੈਂ ਜੇ ਮੇਰੀ ਦੇਹ ਉਨ੍ਹਾਂ ਵਾਂਙੂ
ਧਰਮ ਅਰਥ ਲੱਗੇ ਏਦੂੰ ਪਰੇ ਹੋਰ ਕੇਹੜਾ ਚੰਗਾ ਕੰਮ ਹੈ, ਏਹ ਦੇਹ ਤਾਂ ਇਕ ਦਿਨ ਜਾ
ਣੀ ਹੀ ਹੈ ਫੇਰ ਹੁਣੇ ਕਿਉਂ ਨਾਂ ਦੇ ਦੇਈਏ ਫੇਰ ਸਾਡਾ ਨਾਮ ਸਿੰਘ ਹੈ, ਸਿੰਘ ਨੂੰ ਪਿਛਾਂਹ ਮੁ
ੜਨਾ ਭਾਰੀ ਕਲੰਕ ਤੇ ਬਦਨਾਮੀ ਹੈ ਜਦ ਸਾਨੂੰ ਗੁਰੂ ਸਾਹਿਬ (ਅਗਾਹਾਂ ਕੂੰ ਤ੍ਰਾਂਘ ਪਿੱ
ਛਾ ਫੇਰ ਨ ਮੋਹਡੜਾ।) ਦਾ ਏਹ ਹੁਕਮ ਹੈ ਤਾਂ ਏਸ ਦੁੱਖਾਂ ਦੀ ਪੰਡ ਨੂੰ ਅੱਗੋਂ ਹੋ ਕੇ ਕਿਉਂ ਨਾ
ਸਿੱਟ ਦੇਈਏ ਭਾਈ ਸਿੱਖੋ ਸਿੱਖੀ ਖੰਡਿਓਂ ਤਿੱਖੀ ਵਾਲਹੁ ਨਿੱਕੀ ਗੁਰੂ ਜੀ ਨੇ ਦੱਸੀ ਹੈ, ਜੇ
ਅਸੀਂ ਏਸ ਰਸਤੇ ਨਾਂ ਚੱਲਾਂਗੇ ਤਾਂ (ਇਤ ਕੇ ਨਾ ਉਤ ਕੇ ਧੋਬੀ ਖਾਂਦੇ ਕੁਤਕੇ) (ਜਮ ਡੰਡਾ

Digitized by Panjab Digital Library | www.panjabdigilib.org

੬੮ ਗਲ ਸੀ ਗਾਲ ਪਨ੍ਹਿਆ) ਏਹ ਹਾਲ ਹੋਊ। ਏਹੋ ਜੇਹੇ ਬਚਨ ਸੁਣਕੇ ਤੇ ਸਿਦਕ ਭਰੇ
ਸਾਕਾ ਜਮ ਦੇਖਕਰ ਸਭ ਲੋਗ ਭਾਈ ਤਾਰੂ ਸਿੰਘ ਦੀ ਮਹਿਮਾ ਕਰਦੇ ਹੋਏ ਗੁਰੂ ਕੇ
ਸਿਦਕੀ ਸਿੱਖ ਬਣ ਗਏ। ਫੇਰ ਜਦ ਭਾਈ ਤਾਰੂ ਸਿੰਘ ਜੀ ਨੇ ਲਾਹੌਰ ਸੂਬੇ ਦੇ ਰੋਬਰੋ ਕ
ਚਹਿਰੀ ਵਿੱਚ ਪਹੁੰਚਕੇ ਵਾਹਿਗੁਰੂ ਜੀ ਦੀ ਫਤੇ ਗੱਜ ਕਰ ਬੁਲਾਈ ਤਾਂ ਖਾਨ ਬਹਾਦਰ
ਨੇ ਏਸ ਗਲੋਂ ਜਲ ਬਲ ਕੇ, ਮੁਫਤੀ ਤੋਂ ਫਤਵਾ ਲੈ ਕਰ ਹੁਕਮ ਸੁਣਾਯਾ ਕਿ ਦੀਨ ਮੁਹੰ
ਮਦੀ ਮਨਜ਼ੂਰ ਕਰ ਨਹੀਂ ਤਾਂ ਕਤਲ ਕੀਤਾ ਜਾਵੇਂਗਾ। — ਭਾਈ ਸਾਹਿਬ ਜੀ ਨੇ ਜ
ਵਾਬ ਦਿੱਤਾ, ਮੈਂ ਕੋਈ ਚੋਰੀ, ਯਾਰੀ, ਠੱਗੀ ਆਦਿਕ ਕੋਈ ਗੁਨਾਹ ਨਹੀਂ ਕੀਤਾ, ਤੇਰਾ ਅ
ਮੁਲਾ ਭੀ ਦੇ ਛੱਡਿਆ ਹੈ, ਫੇਰ ਤੂੰ ਮੈਨੂੰ ਕਿਉਂ ਬੇਗੁਨਾਹ ਮਰਵਾਉਨਾ ਹੈਂ। ਜਿਸ ਰੱਬ ਨੇ ਤੈ
ਨੂੰ ਤਖਤ ਉਪਰ ਬੈਠਾਯਾ ਹੈ ਕੀ ਉਹ ਤੈਥੋਂ ਨਿਆਉ ਕੁਨਿਆਉ ਦਾ ਜਵਾਬ ਨਹੀਂ ਲਵੇ
ਗਾ। ਤੂੰ ਨਿਸ਼ਚੇ ਜਾਣ, ਉਥੇ ਕਰਮਾਂ ਦੀ ਵਰਤੀ ਵਾਰੀ ਜਾਣੀ ਹੈ। ਜੈਸੇ ਗੁਰੂ ਸਾਹਿਬ
ਦਾ ਬਚਨ ਹੈ (ਲੇਖਾ ਲੀਜੈ ਤਿਲ ਜਿਉ ਪੀੜੀਐ।) ਜੋ ਹਾਕਮ ਹੋਕੇ ਜ਼ੁਲਮ ਕਰਦੇ ਹ
ਨ ਉਨ੍ਹਾਂ ਵਾਸਤੇ ਨਰਕ ਹੈ ਤੇ ਜੇਹੜੇ ਨਿਆਉਂ ਤੇ ਰਹਮ ਕਰਦੇ ਹਨ ਉਨ੍ਹਾਂ ਨੂੰ ਸ੍ਵਰਗ ਪ੍ਰਾਪ
ਤ ਹੁੰਦਾ ਹੈ ਸੋ ਤੈਨੂੰ ਜੇਹੜਾ ਚੰਗਾ ਲੱਗਦਾ ਹੈ ਸੋਈ ਕਰ।
ਸੂਬੇ ਨੇ ਆਖਿਆ ਤੂੰ ਮੇਰੇ ਬਹਿਸ਼ਤ ਦੋਜ਼ਖ ਨੂੰ ਕੀ ਆਖਦਾ ਹੈਂ ਆਪਣੀ ਗੱਲ ਕਰ, ਤੂੰ
ਆਪੇ ਆਪਣੀ ਜਾਨ ਦਾ ਜਲਾਦ ਹੋਕਰ, ਏਹ ਸੁੰਦਰ ਰੂਪ, ਜੁਆਨੀ ਖੇਹ ਵਿੱਚ ਕਿਉਂ
ਮਿਲਾਂਵਦਾ ਹੈਂ। ਸਾਡਾ ਦੀਨ ਮੰਨ ਲੈ, ਅਸੀਂ ਤੈਨੂੰ ਜਾਗੀਰ ਤੇ ਇਕ ਜਵਾਨ ਇਸਤ੍ਰੀ ਭੀ
ਦੇਂਦੇ ਹਾਂ। ਤਾਰੂ ਸਿੰਘ ਨੇ ਆਖਿਆ ਜੇ ਮੁਸਲਮਾਨ ਹੋਏ ਤੇ ਮਰਣਾ ਨਹੀਂ ਤਾਂ ਮੁਹੰਮਦੀ
ਹੋ ਜਾਈਏ, ਜਦ ਦੁਖ ਸੁਖ ਤੇ ਮੌਤ ਤੋਂ ਫੇਰ ਭੀ ਛੁਟਕਾਰਾ ਨਹੀਂ ਹੋਣਾ ਤਾਂ ਕਿਉਂ ਬੇਈ
ਮਾਨ ਹੋਈਏ, ਫੇਰ ਉਸ ਮਜ਼੍ਹਬ ਖਾਤਰ ਜਿਸ ਵਿੱਚ ਬਿਨਾ ਗੁਨਾਹ ਕੀਤੇ ਦੇ ਹੀ ਗੁਨਾਹੀ
ਬਣ ਜਾਈਦਾ ਹੈ। ਜੈਸੇ ਰਾਜਾ ਦੀ ਰਚਨਾ ਤੇ ਆਗਿਆ ਭੰਗ ਕਰਨ ਵਾਲੇ ਸਜ਼ਾ ਪਾਉਂ
ਦੇ ਹਨ, ਤੈਸੇ ਰੱਬ ਦੇ ਰਚੇ ਹੋਏ ਲਿੰਗ, ਕੇਸ਼ ਆਦਿਕ ਕੱਟਣ ਕਟਾਉਣ ਵਾਲੇ ਹੁਕਮ ਅ
ਦੂਲੀ ਦੇ ਜੁਰਮ ਬਦਲੇ ਰੱਬ ਦੀ ਦਰਗਾਹ ਵਿੱਚ ਸਜ਼ਾ ਪਾਉਣਗੇ। ਜਥਾ (ਸਾਬਤ
ਸੂਰਤ ਮਰਦ ਕੀ ਭੰਨੇ ਬੇਈਮਾਨਾ ਦੋਜ਼ਖ ਵਿੱਚ ਸੜਨਗੇ ਜਬ ਲੌ ਏਹ ਜਹਾਨਾ।
ਏਸੇ ਵਾਸਤੇ ਜੈਸਾ ਰੱਬ ਨੇ ਪੈਦਾ ਕੀਤਾ ਹੈ, ਸਾਡੇ ਗੁਰੂ ਨੇ ਆਪਣੇ ਸਿੱਖਾਂ ਨੂੰ ਉਸੇ ਹੀ ਸਾ
ਬਤ ਰੱਖਣ ਦਾ ਹੁਕਮ ਦਿੱਤਾ ਹੈ ਤੇ ਰੱਖਿਆ ਹੈ। ਸੋ ਐਸੇ ਬੇਐਬ ਸੱਚੇ ਅਕਾਲ ਪੁਰਖ

Digitized by Panjab Digital Library | www.panjabdigilib.org

੨੯

ਦੇ ਸਿੱਖੀ ਮਜ਼੍ਹਬ ਨੂੰ ਛੱਡਕੇ ਆਦਮੀ ਕ੍ਰਿਤ ਝੂਠੇ ਮਜ਼੍ਹਬ ਨੂੰ ਧਾਰਨਾ ਤਾਂ ਜਾਣ ਬੁਝਕੇ
ਅਪਣੇ ਪੈਰ ਉੱਤੇ ਆਪੇ ਕੁਹਾੜਾ ਮਾਰਨਾ ਹੈ ਸੋ ਅਸੀਂ ਹੀਰਾ ਸੁੱਟਕੇ ਕੱਚ ਕਿਉਂ ਲਿ
ਈਏ। ਏਹ ਜਵਾਬ ਸੁਣਕੇ ਨੱਵਾਬ ਤਾਂ ਇਕੇ ਵਾਰੀ ਭੜਕ ਉੱਠਿਆ ਤੇ ਕੜਕਕੇ ਆਖ
ਣ ਲੱਗਾ ਜੇਹੜੀ ਸਿੱਖੀ ਬਾਲਾਂ ਦੀ ਤੈਂ ਮੰਨ ਰੱਖੀ ਹੈ ਸੋ ਉਹ ਬਾਲ ਤਾਂ ਮੈਂ ਹੁਣੇ ਦੂਰ ਕਰ
ਦਿੰਦਾ ਹਾਂ ਭਾਈ ਜੀ ਨੇ ਆਖਿਆ ਮੇਰੇ ਕੇਸ ਮੇਰੇ ਸਿਰ ਨਾਲ ਜਾਣਗੇ।
ਨਾਜ਼ਮ ਬਹਾਦਰ ਨੇ ਸਿੱਖ ਨੂੰ ਮੁਸ਼ਕਾਂ ਦਿਵਾਕੇ ਉਥੋਂ ਦੇ ਮੋਚੀ ਨੂੰ ਸਿੱਖ ਦੇ ਕੇਸ ਛਿੱਲਣ
ਦਾ ਹੁਕਮ ਦਿੱਤਾ ਮੋਚੀ ਨੇ ਰੰਬੀ ਤੇਜ਼ ਕਰਕੇ ਛੇਤੀ ਨਾਲ ਸਿੱਖ ਦੇ ਸਿਰ ਨੂੰ ਚਲਾਈ ਤਾਂ
ਰੰਬੀ ਸਿਰ ਵਿੱਚ ਧਸ ਗਈ, ਜਿਸ ਤੋਂ ਕੇਸਾਂ ਸਮੇਤ ਸਿਰ ਨਾਲੋਂ ਖੋਪਰੀ ਅਲੱਗ ਹੋ ਗਈ। ਸਿੱਖ ਨੇ
ਉਸ ਖੁਸ਼ੀ ਵਿੱਚ ਐਡਾ ਹਠ ਕੀਤਾ ਕਿ ਹਾਇ ਤੋਬਾ ਕਰਨੀ ਤਾਂ ਕਿਤੇ ਰਹੀ ਨੱਕ ਵੱਟਕੇ ਸੀ
ਨਾ ਕੀਤੀ, ਸਗੋਂ ਅਕਾਲ ੨ ਉਚਾਰਦੇ ਰਹੇ, ਲਹੂ ਨਾਲ ਨ੍ਹਾਤੇ ਗਏ। ਉਸ ਬਿਕਰਾਲ ਰੂਪ
ਨੂੰ ਦੇਖਕੇ ਸਭ ਲੋਗ ਹੱਕੇ ਬੱਕੇ ਰਹਿ ਗਏ, ਸੂਬੇ ਨੂੰ ਐਸਾ ਦਹਿਲ ਉੱਠਿਆ ਕਿ ਦੌੜਕੇ ਮਹਿ
ਲਾਂ ਵਿੱਚ ਜਾ ਵੜਿਆ, ਫੇਰ ਮੁਰਦਾ ਹੀ ਹੋਕੇ ਬਾਹਰ ਨਿਕਲਿਆ।
ਭਾਈ ਤਾਰੂ ਸਿੰਘ ਜੀ ਦੇ ਸਾਕੇ ਨੂੰ ਦੇਖ ਸੁਣਕੇ ਸਾਰੇ ਸ਼ਹਿਰ ਦੇ ਲੋਗ ਕਹਿਰ ਹੋਯਾ ੨ ਕਹਿ
ਕਹਿ ਹਾਇ ੨ ਕਰ ਉੱਠੇ ਤੇ ਸਭ ਦੇ ਨੇਤ੍ਰਾਂ ਵਿੱਚੋਂ ਪਾਣੀ ਵਗ ਤੁਰਿਆ। ਸਭ ਲੋਗ ਸੂਬੇ ਨੂੰ
ਗਾਲੀਆਂ ਤੇ ਬਦ ਅਸੀਸਾਂ ਦੇਣ ਲੱਗ ਪਏ। — ਲਾਹੌਰੀ ਸਿੱਖ ਭਾਈ ਤਾਰੂ ਸਿੰਘ
ਨੂੰ ਤਾਂ ਚੁੱਕਕੇ ਧਰਮਸਾਲਾ ਵਿੱਚ ਲੈ ਗਏ ਤੇ ਟਹਿਲ ਸੇਵਾ ਕਰਨ ਲੱਗੇ।
ਏਧਰ ਸੂਬੇ ਦਾ ਦਾਰੂ ਤੇ ਪਿਸ਼ਾਬ ਬੰਦ ਹੋ ਗਿਆ, ਅਨੇਕ ਉਪਾਇ ਕੀਤੇ ਪਰ ਕੁਛ ਆਰਾ
ਮ ਨਾ ਹੋਯਾ, ਓੜਕ ਭਾਈ ਸੁਬੇਗ ਸਿੰਘ ਜ਼ਿਲੇ ਲਾਹੌਰ ਜੰਬਰ ਪਿੰਡ ਦੇ ਵਸਨੀਕ ਨੂੰ
(ਜੋ ਇੱਕ ਵੱਡੇ ਆਦਮੀ ਰਾਜ ਭਾਗ ਦਾ ਬੇਟਾ ਸੀ ਜੋ ਕਦੀਮੀ ਗੁਰੂ ਦਾ ਸਿੱਖ ਸੀ, ਤੇ ਇਲਮ
ਅਕਲ ਦੇ ਜ਼ੋਰ ਸੂਬੇ ਲਾਹੌਰ ਪਾਸ ਇੱਜ਼ਤ ਪਾ ਰਿਹਾ ਸੀ ਤੇ ਪੰਦ੍ਰਾਂ ਬੀਸ ਪਿੰਡਾਂ ਦਾ ਠੇਕਾ ਭੀ
ਇਸ ਦੇ ਪਾਸ ਸੀ, ਜਦ ਕੋਈ ਸਿੱਖਾਂ ਦਾ ਤੇ ਸੂਬੇ ਦਾ ਕੰਮ ਹੁੰਦਾ ਤਾਂ ਏਹੋ ਨਿਬੇੜਦਾ ਤੇ ਜਦ ਮੁ
ਹੰਮਦ ਸ਼ਾਹ ਬਾਦਸ਼ਾਹ ਨੇ ਇੱਕ ਲੱਖ ਦੀ ਜਾਗੀਰ ਤੇ ਨੱਵਾਬੀ ਦਾ ਖਿਤਾਬ ਦਿੱਤਾ ਸੀ ਤਾਂ ਭੀ
ਏਹੋ ਪੰਥ ਖਾਲਸੇ ਪਾਸ ਲੈਕੇ ਗਯਾ ਸੀ) ਭਾਈ ਤਾਰੂ ਸਿੰਘ ਜੀ ਪਾਸ ਆਜਜ਼ੀ ਕਰਕੇ
ਸੂਬੇ ਨੇ ਭੇਜਿਆ ਕਿ ਕਿਵੇਂ ਮੇਰਾ ਪਿਸ਼ਾਬ ਛੁੱਟੇ। ਭਾਈ ਤਾਰੂ ਸਿੰਘ ਜੀ ਨੇ ਆਖਿਆ ਮੈਥੋਂ
ਤਾਂ ਤੀਰ ਛੁੱਟ ਗਿਆ, ਹੁਣ ਏਸ ਨੂੰ ਖਾਲਸਾ ਜੀ ਬਖਸ਼ੇ ਤਾਂ ਬਖਸ਼ੇ।

ਸੁਬੇਗ ਸਿੰਘ ਦਾ ਭਾਈ ਤਾਰੂ ਸਿੰਘ ਪਾਸ ਜਾਣਾ

੯੦ ਫੇਰ ਖਾਨਬਹਾਦਰ ਨੇ ਪੰਜ ਹਜਾਰ ਰੁਪਯਾ ਖਾਲਸੇ ਦੀ ਦੇਗ ਵਾਸਤੇ ਏਸੇ ਨੂੰ ਦੇਕੇ ਪੰਥ ਪਾਸ ਭੇਜਿਆ ਤੇ ਆਜਜ਼ ਹੋਕੇ ਏਹ ਬੇਨਤੀ ਕਰ ਘੱਲੀ। ਤਥਾ— ਸੰਤ ਕਾ ਨਿੰਦਕ ਰਾਜ ਤੇ ਹੀਨਾ। ਸੰਤ ਕਾ ਨਿੰਦਕ ਦੁਖੀਆ ਅਰ ਦੀਨਾ। ਸੰਤ ਕੇ ਹਤੇ ਕਉ ਰਖੈ ਨ ਕੋਇ। ਨਾਨਕ ਸੰਤ ਭਾਵੈ ਤਾਂ ਉਸ ਕੀ ਗਤਿ ਹੋਇ। — ਏਹ ਸਾਰੀ ਅਸਟਪਦੀ ਲਿਖਾਕੇ ਆਖਿਆ ਮੇਰੇ ਜੇਸਾ ਨਿੰਦਕ, ਪਾਪੀ ਤੇ ਸਿੰਘਾਂ ਜੇਸਾ ਸੰਤ ਕੋਈ ਨਹੀਂ, ਗੁਰੂ ਦੇ ਵਾਸਤੇ ਖਾਲਸਾ ਮੇਰੀ ਪੀੜਾ ਹਟਾਵੇ ਜਾਨ ਚਾਹੇ ਜਾਂਦੀ ਰਹੇ, ਅੱਗੇ ਨੂੰ ਮੈਂ ਕਦੇ ਕਿਸੇ ਸਿੰਘ ਨੂੰ ਨਾ ਦੁਖਾਵਾਂਗਾ। ਸੁਬੇਗ ਸਿੰਘ ਨੇ ਕਲੇਹਾ ਦੀ ਬੀਕ ਵਿਚ ਪੰਥ ਪਾਸ ਜਾਕੇ ਸੂਬੇ ਦਾ ਸਬ ਹਾਲ ਤੇ ਬੇਨਤੀ ਪੱਤ੍ਰ ਸੁਣਾਯਾ ਤੇ ਆਖਿਆ ਕੇ ਸ਼ਰਨ ਆਏ ਦੀ ਲਾਜ ਪਾਲਣੀ ਖਾਲਸੇ ਦਾ ਧਰਮ ਹੈ। — ਸੁਬੇਗ ਸਿੰਘ ਦੇ ਕਹੇ ਖਾਲਸੇ ਨੇ ਏਹ ਅਰਦਾਸ ਕਰਾ ਦਿੱਤੀ ਕੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਸੂਬੇ ਦੇ ਸਿਰ ਸੱਤ ਵਾਰੀ ਲੱਗੇ ਤਾਂ ਪੇਸ਼ਾਬ ਛੁਟੇਗਾ।[1] (ਕੋ ਭੂਨਾਵੈ ਜੋ ਭਾਵੈ ਗਿਲੇ ਹੀ ਹੋਣ) ਸੂਬੇ ਨੇ ਤਿਸੇ ਤਰਾਂ ਕੀਤੀ ਤਾਂ ਪੀੜਾ ਹਟ ਗਈ, ਖੁਸ਼ੀ ਹੋਕੇ ਸੂਬਾ ਬੋਲਿਆ, ਇਕ ਵਾਰੀ ਮੇਰੇ ਬਾਪ ਨੂੰ ਕਸ਼ਮੀਰ ਵਿਚ ਅੱਧ ਸੀਸੀ ਦਾ ਦੁੱਖ ਹੋਯਾ ਸੀ ਤਦੋਂ ਭੀ ਇਹ ਦੂਰੀ ਜੁੱਤੀ ਸਿਰ ਉੱਤੇ ਬੰਨ੍ਹੀ ਤਾਂ ਰਾਜ਼ੀ ਹੋਯਾ ਸੀ। ਸੂਬੇ ਨੇ ਰਾਜ਼ੀ ਹੋਣ ਦੀ ਖੁਸ਼ੀ ਵਿਚ ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਬਣਾਯਾ।

ਓਧਰ ਭਾਈ ਤਾਰੂ ਸਿੰਘ ਜੀ ਨੇ ਚੌਬੀ ਸਾ ਦਿਨ ਅੰਨ ਜਲ ਕੁਛ ਨਾ ਕੀਤਾ ਤੇ ਅਕਾਲ ੨ ਜਪਦਾ ਰਿਹਾ। ਓੜਕ ੨੩ ਅੱਸੂ ਸੰ: ੧੮੦੩ ਬਿ: ਨੂੰ ਜਦ ਇਕ ਸਿੰਖ ਨੇ ਭਾਈ ਜੀ ਨੂੰ ਖਬਰ ਦਿੱਤੀ ਕੇ ਖਾਨਬਹਾਦਰ ਮਰਕੇ ਨਰਕ ਨੂੰ ਗਿਆ ਤਾਂ ਭਾਈ ਸਾਹਿਬ ਜੀ ਜਪਜੀ ਸਾਹਿਬ ਦਾ ਭੋਗ ਪਾਕੇ ਪ੍ਰਲੋਕ ਨੂੰ ਪਧਾਰੇ। ਏਨ੍ਹਾਂ ਦੀ ਸਮਾਧ ਲਾਹੌਰ ਲੰਡੇ ਬਾਜ਼ਾਰ ਦੇ ਪਾਸ

[1] ਜੋ ਅਣਬਣ ਕੰਮ ਕਰਾਈਦਾ ਹੈ ਇਕ ਵਾਰੀ ਅਕਬਰ ਸ਼ਾਹ ਨੇ ਬੀਰਬਲ ਨੂੰ ਆਖਿਆ ਕਿ ਦੁਨੀਆਂ ਵਿਚ ਸਭ ਤੋਂ ਪਿਆਰੀ ਕੀ ਚੀਜ਼ ਹੈ ਬੀਰਬਲ ਨੇ ਆਖਿਆ ਮੈਂ ਤਾਂ ਇਕ ਮਹੀਨੇ ਨੂੰ ਦੱਸਾਂਗਾ ਪਰ ਤੁਸੀਂ ਸਭਨਾਂ ਅਮੀਰਾਂ ਪਾਸੋਂ ਪੁੱਛੋ, ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਜੇਕਰ ਇਕ ਮਹੀਨੇ ਤਕ ਏਸ ਦਾ ਜਵਾਬ ਨਾ ਦੇਓਗੇ ਤਾਂ ਸਭਨਾਂ ਨੂੰ ਕਤਲ ਕੀਤਾ ਜਾਊ। ਫੇਰ ਤਾਂ ਕਾਜ਼ੀਆਂ, ਪੰਡਤਾਂ ਵਜ਼ੀਰਾਂ ਨੂੰ ਐਸਾ ਫਿਕਰ ਪਿਆ, ਦਰ ਦਰ ਪਏ ਪੁੱਛਣ। ਬੀਰਬਲ ਸਾਧੂ ਬਣਕੇ ਇਕ ਮਸੀਤ ਅੱਗੇ ਬੈਠ ਰਿਹਾ ਸੀ ਏਸ ਨੇ ਆਖਿਆ ਮੈਂ ਦਸ ਦਿਆਂ ਪਰ ਮੇਰੇ ਲਈ ਬਾਦਸ਼ਾਹ ਦੀ ਪਾਲਕੀ, ਚੌਰ, ਮੁੱਢਾ ਆਵੇ ਤੇ ਬਾਦਸ਼ਾਹ ਉਠਕੇ ਪੇਸ਼ਵਾਈ ਕਰੇ, ਤੁਸੀਂ ਮੈਨੂੰ ਚੁਕ ਕੇ ਲੈ ਚੱਲੋ ਤਾਂ ਦੱਸਾਂਗਾ। ਬਾਦਸ਼ਾਹ ਨੇ ਮੰਨ ਲਿਆ ਤਾਂ ਬੀਰਬਲ ਨੇ ਵਜ਼ੀਰਾਂ ਨੂੰ ਪਾਲਕੀ ਚੁਕਾਈ ਤੇ ਕੁਰਾਨ ਓਨਾਂ ਦੇ ਹਿੱਤ ਨਾਂ ਪਿੱਛੇ ਬੰਧਾਏ, ਸੁਟਕਾ ਮੁਲਾਜ਼ਾ, ਤੇ ਕਹਾਰਾਂ ਵਾਂਙੂ ਰਾਮ ਸੀਤਾ ਰਾਮ ੨ ਕਰਾਉਂਦਾ ਹੋਯਾ ਬਾਦਸ਼ਾਹ ਪਾਸ ਗਯਾ। ਜਦ ਬਾਦਸ਼ਾਹ ਉਠਕੇ ਅਦਬ ਲਗਾ ਤਾਂ ਸੂਰਤ ਬੀਰਬਲ ਨੇ ਉਤਰਕੇ ਆਖਿਆ ਸਭ ਤੋਂ ਪਿਆਰੀ ਗੌਂ ਹੈ।

ਸ਼ਹੀਦਗੰਜ ਕਰਕੇ ਮਸ਼ਹੂਰ ਹੈ।

ਏਸੇ ਸਮੇਂ ਤਿੰਨ ਚਾਰ ਬਰਸਾਂ ਵਿੱਚ ਬੁਲਾਕਾ ਸਿੰਘ ਹਠੀਲਾ ਪਰਗਨੇ ਤਰਨਤਾਰਨ ਰੰਗ
ਪਿੰਡ ਦੇ ਰਹਿਣ ਵਾਲਾ ਤੇ ਭੂਪ ਸਿੰਘ ਤਖਾਣ ਸਿੱਖ ਖੁੱਡੀਆਂ ਦਾ, ਹੀਰਾ ਸਿੰਘ ਜ਼ਿਮੀਦਾਰ
ਰੋਪੜ ਨੰਗਲ ਦਾ ਤੇ ਬਾਘਨ ਸਿੰਘ ਰਜਪੂਤ ਬੋਸਰਕਾ, ਸੂਰਾ ਸਿੰਘ ਕਲਾਲ, ਸਦਨ
ਸਿੰਘ ਮਜ਼ਬੀ ਪਹਾੜ ਸਿੰਘ ਸੈਦਪੁਰੀਆ, ਤੇਗਾ ਸਿੰਘ ਮਤਾਬ ਦੇ ਕੋਟ ਵਾਲਾ। ਕਰਤ
ਸਿੰਘ, ਵਜ਼ੀਰ ਸਿੰਘ ਮਜੀਠੇ ਦੇ, ਬਹਾਦਰ ਸਿੰਘ, ਤਕੜਾ ਸਿੰਘ ਰੰਧਾਵੇ ਇੱਤਿਆਦਿਕ
ਬਹੁਤ ਸਿੰਘ ਫੜੇ ਹੋਏ ਸੂਬੇ ਦੇ ਪਾਸ ਪਹੁੰਚੇ ਤੇ ਬੇਗੁਨਾਹੇ ਕਤਲ ਕੀਤੇ ਗਏ ਸੇ। ਧ
ਨ ਧੰਨ ਜਨਮ ਹੈ ਉਨ੍ਹਾਂ ਸਿੰਘਾਂ ਦਾ ਜੋ ਹਸਕੇ ਖੁਸ਼ੀ ਹੋਕੇ ਸ਼ਬਦ ਗਾਂਉਂਦੇ ਹੋਏ ਧਰਮ ਉੱਤੇ
ਜਾਨਾਂ ਕੁਰਬਾਨ ਕਰਦੇ ਰਹੇ। —— ਏਸ ਸਮੇਂ ੧੦ ਪ੍ਰਕਾਰ ਦੀ ਮੌਤ ਨਾਲ ਸਿੰਘ
ਮਾਰੇ ਜਾਂਦੇ ਸੇ ਤਥਾ ਚਰਖੀ ੧ (ਜਿਸ ਉਪਰ ਬੰਨ੍ਹਕੇ ਭਵਾਂਉਂਦੇ ਤੇ ਆਦਮੀ ਦੀ ਹੱਡੀ
ਹੱਡੀ ਤੋੜ ਮਰੋੜ ਸੁੱਟਦੇ।) ਸੂਲੀ ੨ (ਇੱਕ ਪਟੜੇ ਉੱਤੇ ਲਿਟਾ ਪਾਕੇ ਸਾਰੇ ਅੰਗਾਂ
ਵਿੱਚ ਕਿੱਲ ਠੋਕ ਦਿੰਦੇ, ਜੈਸੇ ਹਜ਼ਰਤ ਈਸਾ ਨੂੰ ਸ਼ਾਮ ਦੇਸ ਯਰੂਸਲਮ ਸ਼ਹਿਰ ਦੇ
ਬਾਦਸ਼ਾਹ ਨੇ ਮਾਰਿਆ ਸੀ।) ਸੰਗਸਾਰ ੩ (ਦਰਖਤ ਨਾਲ ਲਟਕਾਕੇ ਇੱਟਾਂ ਵੱਟੀ
ਆਂ ਨਾਲ ਮਾਰਨਾ।) ਤਸਮੇਕਸ਼ੀ ੪ (ਚੰਮ ਦੇ ਬੱਧਰ ਬਗਲਾਂ ਹੇਠ ਪਾਕੇ ਮਧਾਣੀ
ਵਾਂਙੂ ਰਿੜਕ ਰਿੜਕ ਛਾਤੀ ਚੂਰ ਕਰਕੇ ਮਾਰਨਾ।) ਜੰਬੂਰਾਂ ਨਾਲ ਬੋਟਾ ਬੋਟਾ ਮਾਸ ਤੋੜ
ਕੇ ਮਾਰਨਾ।੫। - ਮੁੰਗਲੀਆਂ ਨਾਲ ਕੁੱਟ ਕੁੱਟ ਕੇ ਮਾਰਨਾ੬, ਧਰਤੀ ਵਿੱਚ ਲੱਕ
ਤਾਂਈ ਗੱਡਕੇ ਥੋਥੇ ਤੀਰਾਂ ਦਾ ਨਿਸ਼ਾਨਾ ਕਰਕੇ ਮਾਰਨਾ੭। ਕੁੱਤਿਆਂ ਤੋਂ ਤੁੜਵਾਦੇ
ਣਾ ੮। ਗਲ ਵਿੱਚ ਫਾਹਾ ਦੇਣਾ ੯। ਤੱਤਾ ਤੇਲ ਪਾਕੇ ਮਾਰਨਾ ੧੦।

ਸੱਚ ਪੁੱਛੋ ਤਾਂ ਮੁਸਲਮਾਨਾਂ ਜੈਸੀ ਬੇਰਹਿਮੀ, ਜ਼ਾਲਮੀ, ਬੇਇਨਸਾਫੀ, ਜ਼ਿੱਦ ਬਾਦ
ਹੋਰ ਕਿਸੇ ਮਜ਼ਹਬ ਵਿੱਚ ਨਹੀ ਤੇ ਨਾਂ ਹੀ ਹੋਣੀ ਹੈ।

ਸਬੇਗ ਸਿੰਘ ਜੀ ਨੇ ਕੋਟਵਾਲ ਬਣਦਿਆਂ ਹੀ ਏਹ ਸਖਤ ਤਕਲੀਫ ਨਾਲ ਮਾਰੇ
ਜਾਣ ਦਾ ਕਾਯਦਾ ਤੋੜ ਦਿੱਤਾ, ਸਿਰਫ ਕਤਲ ਤੇ ਫਾਂਸੀ ਅਤੇ ਤੋਪ ਅੱਗੇ ਉਡਾ ਦੇਣਾ
ਏਹ ਤਿੰਨ ਮੌਤਾਂ ਜਾਰੀ ਰੱਖੀਆਂ। ਦੂਸਰੇ ਜੋ ਸਿੰਘਾਂ ਦੇ ਬੇਅੰਤ ਸਿਰ ਕੋਟ ਉੱਤੇ ਕਿ
ਗਰਿਆਂ ਵਾਂਙੂ ਚਿਣਵਾ ਰੱਖੇ ਸੇ ਤੇ ਕੁਛ ਖੂਹਾਂ ਵਿੱਚ ਸੇ ਸਬ ਕਢਵਾਕੇ ਫੂਕਵਾ ਦਿੱ
ਤੇ। ਤੀਸਰੇ ਜੋ ਸ਼ਹਰ ਵਿੱਚ ਉਜਾਗਰ ਗਊ ਬਧ ਕੀਤਾ ਜਾਂਦਾ ਸੀ ਉਹ ਪੜਦੇ ਵਿੱਚ

Digitized by Panjab Digital Library | www.panjabdigilib.org

ਕਰਾ ਦਿੱਤਾ। ਚੌਥੇ ਸਿਖ ਬੱਜਣ ਦੀ ਤੇ ਪੋਥੀ ਪੁਰਾਣ ਪੜ੍ਹਨ ਦੀ ਬੰਦਸ਼ ਹਟਾਇ ਦਿੱਤੀ।—
ਪੰਜਵੇਂ ਜੋ ਹਿੰਦੂ ਦੀ ਬਹੂ ਬੇਟੀ ਨੂੰ ਮੁਸਲਮਾਨ ਜ਼ੋਰ ਨਾਲ ਲੈ ਜਾ ਕਰ ਕਈ ਕਈ ਦਿਨ ਆਪ
ਣੇ ਘਰ ਰੱਖਦੇ ਸਨ ਸੋ ਹਟਾਇ ਦਿੱਤਾ। ਏਹੋ ਜੇਹੀਆਂ ਹੋਰ ਅਨੇਕ ਖ਼ਰਾਬ ਰਸਮਾਂ ਬੰਦ
ਕਰਕੇ ਸਭ ਨੂੰ ਰਾਜ਼ੀ ਰੱਖਿਆ, ਚੰਗੇ ੨ ਕੰਮ ਕਰਕੇ ਜਸ ਪਾਯਾ।
ਜਦ ਸੂਬਾ ਖਾਨ ਬਹਾਦਰ ਮਰ ਗਿਆ ਤੇ ਉਸ ਦਾ ਬੇਟਾ ਯਹੀਆ ਖਾਂ ਸੰ: ੧੮੦੩ ਬਿ: ਨੂੰ
ਲਾਹੌਰ ਦਾ ਸੂਬਾ ਬਣਿਆ ਤਾਂ ਭੀ ਇਕ ਬਰਸ ਕੋਤਵਾਲੀ ਸੁਬੇਗ ਸਿੰਘ ਦੇ ਪਾਸ ਰਹੀ।
ਫੇਰ ਕਾਜ਼ੀਆਂ ਮੁਫ਼ਤੀਆਂ ਨੇ ਅਨੇਕ ਝੂਠੀਆਂ ਸੱਚੀਆਂ ਤੁਹਮਤਾਂ ਲਗਾਕੇ ਸੁਬੇਗ ਸਿੰ
ਘ ਨੂੰ ਜੇਲ ਖ਼ਾਨੇ ਭੇਜ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਉਸ ਦਾ ਬੇਟਾ ਸ਼ਾਹਬਾਜ਼ ਸਿੰਘ ਬੀਸ
ਕ ਬਰਸ ਦਾ ਬਹੁਤ ਚੰਗਾ ਫ਼ਾਰਸੀ ਪੜ੍ਹ ਚੁਕਾ ਸੀ। ਇਕ ਦਿਨ ਉਸ ਦੀ ਕਿਸੇ ਮੌਲਵੀ ਨਾ
ਲ ਮਜ਼੍ਹਬ ਧਰਮ ਦੇ ਬਾਬਤ ਚਰਚਾ ਹੋਈ ਤਾਂ ਸ਼ਾਹਬਾਜ਼ ਸਿੰਘ ਨੇ ਉਸ ਨੂੰ ਜਿੱਤ ਲਯਾ। ਮੌ
ਲਵੀ ਨੇ ਖਿਜ ਕਰ ਯਹੀਆ ਖਾਂ ਪਾਸ ਚੁਗਲੀ ਕੀਤੀ, ਨੱਵਾਬ ਨੇ ਸ਼ਾਹਬਾਜ਼ ਸਿੰਘ ਨੂੰ ਕਚਹਿ
ਰੀ ਵਿਚ ਬੁਲਾਯਾ, ਸਿੰਘ ਦੇ ਪੁੱਤ੍ਰ ਨੇ ਜਾ ਕੇ ਫ਼ਤੇ ਬੁਲਾਈ ਤਾਂ ਮੁਸਲਮਾਨ ਸੜ ਬਲ ਗਏ
। ਨੱਵਾਬ ਨੇ ਇੱਕ ਤਾਂ ਮੌਲਵੀ ਦੇ ਸਾਹਮਣੇ ਮਜ਼੍ਹਬ ਇਸਲਾਮ ਦੀ ਹੱਜੋ (ਹਤਕ) ਕਰ
ਨ ਦਾ ਗੁਨਾਹ ਤੇ ਦੂਜੇ ਕਚਹਿਰੀ ਵਿੱਚ ਫ਼ਤੇ ਬੁਲਾਉਣ ਕਰ ਹਾਕਮ ਦੀ ਨਿਰਾਦਰੀ ਦਾ
ਗੁਨਾਹ, ਏਹ ਦੋ ਗੁਨਾਹ ਆਪੇ ਆਪ ਸਿੰਘ ਦੇ ਜ਼ੁੰਮੇ ਥਾਪਕੇ, ਮੁਫ਼ਤੀ ਤੋਂ ਏਹ ਫ਼ਤਵਾ ਦੇ
ਵਾਇ ਦਿੱਤਾ ਕਿ ਸ਼ਾਹਬਾਜ਼ ਸਿੰਘ ਮੁਸਲਮਾਨ ਹੋਣਾ ਮੰਨੇ ਯਾ ਕਤਲ ਹੋਵੇ। ਏਹ ਖ਼ਬ
ਰ ਸੁਣਕੇ ਸਾਰੇ ਸ਼ਹਿਰ ਵਿੱਚ ਹਾਹਾਕਾਰ ਮਚ ਗਿਆ। ਸਭ ਬਡੇ ੨ ਲੋਕਾਂ ਨੇ ਨੱਵਾਬ
ਪਾਸ ਜਾਕੇ ਸ਼ਾਹਬਾਜ਼ ਸਿੰਘ ਦੇ ਬਚਾਉ ਵਾਸਤੇ ਅਨੇਕ ਉਪਾਇ ਕੀਤੇ, ਪਰ ਉਸ ਪਾਪੀ
ਨੇ ਇੱਕ ਨਾ ਮੰਨੀ। ਫੇਰ ਸਭ ਨੇ ਮਿਲਕੇ ਸਿੰਘ ਦੇ ਪੁੱਤ੍ਰ ਨੂੰ ਆਖਿਆ ਤੂੰ ਮੁਸਲਮਾਨ ਹੋਜਾ
ਹ, ਪੰਥ ਖਾਲਸਾ ਤੈਨੂੰ ਮਿਲਾ ਲਵੇਗਾ। ਉਸ ਨੇ ਏਹ ਨਾ ਮੰਨੀ, ਇੱਕੋ ਸਾਫ਼ ਆ
ਖਾਕੇ ਜਦ ਸਾਡੇ ਗੁਰੂਆਂ ਨੇ ਧਰਮ ਰੱਖਿਆ ਵਾਸਤੇ ਸਿਰ ਦਿੱਤੇ, ਅਤੇ ਭਾਈ ਮਨੀ ਸਿੰ
ਘ, ਤਾਰੂ ਸਿੰਘ ਆਦਿਕ ਬੇਅੰਤ ਸਿੰਘ ਧਰਮ ਰੱਖ ਕਰ ਦੇਹ ਛੱਡ ਗਏ ਹਨ, ਤਾਂ ਮੈਂ
ਕਿਆ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ। ਉਸ ਬਾਲਕ ਦੇ ਸਿਦਕ ਨੂੰ ਦੇਖਕੇ ਧੰਨ ਜਨਮ
ਧੰਨ ਜਨਮ ਏਹੋ ਆਵਾਜ਼ ਸਭ ਦੇ ਮੂੰਹੋਂ ਨਿਕਲ ਰਹੀ ਸੀ।
ਜਦ ਸੁਬੇਗ ਸਿੰਘ ਨੇ ਪੁੱਤ੍ਰ ਦੀ ਕਹਾਣੀ ਜੇਲ ਖ਼ਾਨੇ ਵਿੱਚ ਸੁਣੀ ਤਾਂ ਤੁਰਤ ਗੁਰੂ ਅੱਗੇ

ਅਰਦਾਸ ਕਰਕੇ ਸਿਦਕ ਦਾਨ ਮੰਗਿਆ, ਖ਼ਿਜ਼ੈਖ਼ਾਂ ਨੇ ਸੁਬੇਗ ਸਿੰਘ ਨੂੰ ਬੁਲਾਕੇ ਆਖਿਆ ਤੂੰ ਆਪਣੇ ਪੁੱਤ੍ਰ ਨੂੰ ਸਮਝਾ, ਕਿ ਓਹ ਜਾਨ ਖੋਂਦਾ ਹੈ ਮੁਸਲਮਾਨ ਹੋਜਾਵੇ, ਤੁਹਾਨੂੰ ਦੋਹਾਂ ਨੂੰ ਵੱਡਾ ਉਹਦਾ ਦਿੱਤਾ ਜਾਵੇਗਾ ਅਤੇ ਹੋਰ ਬਹੁਤ ਪਿੰਡਾਂ ਦਾ ਠੇਕਾ ਦਿੱਤਾ ਜਾਵੇਗਾ, ਬੈਠੇ ਅਨੰਦ ਕਰਦੇ ਰਹਣਾ। ਸੁਬੇਗ ਸਿੰਘ ਨੇ ਧੰਨ ਗੁਰੂ ਕਹ ਕਰ ਪੁੱਤ੍ਰ ਨੂੰ ਦ੍ਰਿੜ੍ਹ ਨਿਸਚਾ ਕਰਾਉਣ ਦਾ ਸਮਾ ਪਛਾਣਕੇ ਐਸੀ ਪੱਕੀ ਪਕਿਆਈ ਕੀ ਦੇਖ ਬੇਟਾ, ਨੌਮੇ ਗੁਰੂ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਏਸੇ ਹਿੰਦੂ ਧਰਮ ਦੀ ਰੱਖਿਆ ਵਾਸਤੇ ਕੇਹੜੀ ਤਕਲੀਫ ਨਹੀਂ ਸਹਾਰੀ ਤੇ ਦੇਖੋ ਅਨੇਕਾਂ ਸਿੰਘ ਅਕਾਲ ੨ ਜਪਦੇ ਹੋਏ ਸਿਦਕ ਤੇ ਅਨੰਦ ਨਾਲ ਧਰਮ ਉੱਤੇ ਕੁਰਬਾਨ ਹੋਗਏ ਹਨ। ਜੇ ਸਾਡੇ ਸਿਰ ਭੀ ਉਸੇ ਤਰਾਂ ਧਰਮ ਵਾਸਤੇ ਲੱਗਣ ਤਾਂ ਬੜਾ ਲਾਭ ਹੋਊ ਤੇ ਅਸੀਂ ਭੀ ਉਨ੍ਹਾਂ ਸਤਪੁਰਸ਼ਾਂ ਦੇ ਟੋਲੇ ਦੇ ਦਾਖਲ ਹੋਏ ਗਿਣੇ ਜਾਵਾਂਗੇ ਤੇ ਅਮਰ ਪਦ ਪਾਵਾਂਗੇ। ਏਹ ਦੇਹ ਤਾਂ ਕਾਲ ਦਾ ਗ੍ਰਾਸ ਹੈ। ਜਥਾ (ਅੱਜ ਕੇ ਕੱਲ ਕਿ ਚਹੁੰ ਦਿਨੀ ਓੜਕ ਦਿਨੀ ਦਸੀਂ। ਏਸ ਸੁਹਾਵੇ ਦੇਸ ਤੇ ਹੋਣਾ ਨਹੀਂ ਅਸੀਂ।) ਫੇਰ ਜਦ ਅਸੀਂ ਮੁਸਾਫਰ ਹਾਂ ਤਾਂ ਪਹਿਲੀ ਅੱਗੇ ਤੁਰ ਗਏ ਤਾਂ ਕੀ ਜੇ ਪਿੱਛੇ ਤੁਰ ਗਏ ਤਾਂ ਕੀ। ਤੇ ਜੇਕਰ ਮੁਸਲਮਾਨ ਹੋਏ ਭੀ ਮੌਤ ਤੋਂ ਛੁਟਕਾਰਾ ਨਹੀਂ ਤਾਂ ਫੇਰ ਥੋੜੇ ਦਿਨਾਂ ਵਾਸਤੇ ਕਿਉਂ ਧਰਮ ਈਮਾਨ ਖੋਈਏ।

ਨਵਾਬ ਪਿਛਲੇ ਸਿੰਘਾਂ ਦੇ ਸਿਦਕ ਤਾਂ ਦੇਖ ਹੀ ਚੁਕਾ ਸੀ ਪਰ ਉਸਨੂੰ ਏਹ ਭਰੋਸਾ ਸੀ ਕਿ ਏਹ ਬਾਪ ਬੇਟਾ ਦੋਵੇਂ ਇਲਮ ਵਾਲੇ ਹਨ, ਲਾਭ ਹਾਣ ਸੋਚ ਕੇ ਮੇਰੀ ਗੱਲ ਮੰਨ ਲੈਣਗੇ ਏਸੇ ਕਰਕੇ ਉਸਨੇ ਏਹ ਗੱਲ ਆਖੀ ਕਿ ਬਿਦ੍ਵਾਨ (ਆਲਮ ਫਾਜ਼ਲ) ਪੁਰਖ ਏਹ ਜਾਣਦੇ ਹਨ ਕਿ ਰੱਬ ਦਾ ਕੋਈ ਮਜ਼੍ਹਬ ਨਹੀਂ, ਏਹ ਜੋ ਅਨੇਕ ਮਜ਼੍ਹਬ ਧਰਮ ਦੇਖੀਦੇ ਹਨ, ਏਹ ਸਭ ਆਦਮੀਆਂ ਦੇ ਥਾਪੇ ਹੋਏ ਹਨ, ਏਸੇ ਵਾਸਤੇ ਸਿਵਾਇ ਇੱਕ ਰੱਬ ਦੇ ਹੋਰ ਸਭ ਝੂਠੇ ਹਨ। ਸੋ ਏਸ ਝੂਠੇ ਧਰਮ ਬਦਲੇ ਦਾਨਾ ਬਿੱਦ੍ਵਾਨ ਲੋਗ ਕਿਉਂ ਅਮੋਲਕ ਜਾਨ ਮ ਖੋਂਦੇ ਹਨ। ਸੱਚ ਪੁੱਛੋ ਤਾਂ ਮਜ਼੍ਹਬ ਦੀ ਸ਼ਰਾ ਦਾ ਬਿਧਾਨ ਤਰਵਾਰ ਦੀ ਧਾਰ ਔਰੋ ਜਾ (ਜਾਹਲਾਂ) ਮਹਾਂ ਮੂਰਖਾਂ ਅਨਪੜ੍ਹਾਂ ਦੇ ਆਸਰੇ ਰਹਿੰਦਾ ਹੈ, ਉਹ ਲੋਗ ਹਠ ਕਰਕੇ ਆਪਣੀ ਸ਼ਰਾ ਰੱਖਣ ਵਾਸਤੇ ਬੜੇ ੨ ਕਸ਼ਟ ਸਹਾਰਦੇ ਹਨ ਪਰ ਸ਼ਰਾ ਨਹੀਂ ਛੱਡਦੇ। ਬੁੱਧੀਵਾਲੇ ਬਿਦ੍ਵਾਨ ਤਾਂ ਗੁਣ ਦੇ ਗਾਹਕ ਰਹਿੰਦੇ ਹਨ। ਤਾਂਤੇ ਤੁਹਾਨੂੰ ਭੀ ਆਪਣਾ ਸੁਖ ਤੇ ਲਾਭ ਦੇਖਣਾ ਚਾਹੀਦਾ ਹੈ। ਹਠ ਦੇ ਬੱਧੇ ਹੋਏ ਦੁੱਖ ਪਾਉਣਾ, ਜਾਨ ਦੇਣੀ ਏਹ ਚੰਗਾ ਨਹੀਂ।

ਏਹ ਗਿਆਨ ਸੁਣਕੇ ਸੁਬੇਗ ਸਿੰਘ ਨੇ ਆਖਿਆ ਆਪ ਸਭ ਸੱਚ ਬੋਲਦੇ ਹੋ, ਅਸੀਂ ਭੀ ਏਹੋ

Digitized by Panjab Digital Library | www.panjabdigilib.org

੯੪ ਬਾਤ ਸਹੀ ਸਮਝਦੇ ਹਾਂ, ਪਰ ਆਪ ਤਾਂ ਪਹਾੜ ਦੇ ਰਸਮੇਰੀ ਓਂਗਦੇਖਕੇ ਬੁਝਾਉਨਾਂ ਹਾਂ ਹੁੰਦੇ ਹੋ ਤੇ ਆਪਣੇ ਘਰਦਾ ਭਾਂਬੜ ਨਹੀਂ ਵੇਖਦੇ ਜੋ ਕੁਛ ਸਾਨੂੰ ਉਪਦੇਸ਼ ਕੀਤਾ ਜੇ ਜੇਕਰ ਆਪ ਬੇਨਾ ਜੇਹਾ ਹੀ ਏਸ ਪਰ ਅਮਲ ਕਰੋ ਤਾਂ ਸਾਰੀ ਦੁਨੀਆਂ ਤੁਹਾਡਾ ਦੀਨ ਆਪੇ ਹੀ ਮੰਨ ਲਵੇ। — ਨੱਵਾਬ ਬੋਲਆ ਸਾਡੀ ਸ਼ਰਾ ਕੁਰਾਨ ਜੋ ਖੁਦਾ ਦੀ ਬਾਣੀ ਹੈ, ਉਸ ਦੇ ਅਨੁਸਾਰ ਸੱਚੀ ਤੇ ਪਵਿੱਤ੍ਰ ਹੈ। ਏਸੇ ਕਰਕੇ ਅਸੀਂ ਆਪਣੇ ਦੀਨ ਵਿਚ ਲਿਆਉਂਦੇ ਹਾਂ। ਸਿੰਘ ਜੀ ਨੇ ਜਵਾਬ ਦਿੱਤਾ ਸਾਡੇ ਗੁਰੂ ਜੈਸਾ ਹੋਰ ਕੋਈ ਦੂਜਾ ਪਵਿੱਤ੍ਰ ਤੇ ਸੱਚਾ ਮਜ਼ਬ ਨਹੀਂ, ਤੁਹਾਡੇ ਮਜ਼ਬ ਵਿਚ ਭਾਰੇ ਦੋਸ਼ ਹਨ, ਲਿੰਗ ਕਟਵਾਕੇ ਖਾਹਮਖਾਹ ਹੁਕਮ ਅਦੂਲੀ ਦੇ ਗੁਨਾਹੀ ਹੋਕੇ ਦੋਜ਼ਖ ਪੈਣਾ ਹੁੰਦਾ ਹੈ। ਏਸ ਬਾਤ ਪਰ ਖਿਜਕੇ ਨਵਾਬ ਨੇ ਦੋਹਾਂ ਨੂੰ ਅਰਥਾਤ ਬਾਪ ਬੇਟੇ ਨੂੰ ਚਰਖੀ ਚੜ੍ਹਵਾ ਦਿੱਤਾ।

ਚਰਖੀ ਪਰ ਬੀਰ ੨ ਮਰੋੜਾ ਖਾ ਖਾ ਕਰ ਕੜ ਕੜ ਕਰਨ ਲੱਗੇ, ਹੱਡੀ ੨ ਪੋਰੀ ੨ ਟੁੱਟਣ ਲੱਗੀ, ਨਾੜੀਆਂ ਤੜਫਨ ਲੱਗੀਆਂ, ਅੱਖੀਆਂ ਬਾਹਰ ਆ ਗਈਆਂ ਭਾਂਵੇ ਏਹ ਗੱਲ ਸੀ ਪਰ ਆਪਣੇ ਸਿਦਕ ਤੇ ਹਠ ਦੇ ਅਮਲ ਵਿਚ ਮਸਤ ਹੋਕੇ, ਜ਼ੋਰ ੨ ਨਾਲ ਅਕਾਲ ੨ ਬੋਲ ਰਹੇ ਸੇ ਤੇ ਐਤਨੀ ਤਕਲੀਫ ਵਿਚ ਭੀ ਮੂੰਹੋਂ ਹਾਇ ਨਹੀਂ ਨਿਕਲੀ। ਇਕ ਘੜੀ ਪਿਛੋਂ ਉਤਾਰਕੇ ਫੇਰ ਆਖਆ ਦੀਨ ਮੰਨੋ, ਸਿੰਘ ਜੀ ਬੋਲੇ (ਸਿੰਘ ਸਪਰਸ ਸਪੁਰਸ਼ ਬਾਚ ਕੇਲੇ ਫਲ ਇਕ ਵਾਰ। ਤ੍ਰਿਯਾ ਤੇਲ ਸੁਬੀਰ ਹਠ ਚੜਤ ਨ ਦੂਜੀ ਵਾਰ।) ਅਸੀਂ ਧਰਮ ਨਹੀਂ ਛੱਡਾਂਗੇ। ਏਹ ਸੁਣਕੇ ਨੱਵਾਬ ਨੇ ਆਖਆ ਹੱਸੀ ਸੜੀ, ਵੱਟ ਨਹੀਂ ਸੜਿਆ। ਫੇਰ ਹੁਕਮ ਦਿੱਤਾ ਕਿ ਚਾਬਕਾਂ ਨਾਲ ਏਨਾਂ ਨੂੰ ਮਨਾਓ। ਦੋਹਾਂ ਨੂੰ ਪੁੱਠੇ ਲਟਕਾਕੇ ਜਲਾਦ ਕੋਰੜੇ ਮਾਰਨ ਲੱਗੇ, ਜਦ ਬੇਹੋਸ਼ ਹੋ ਗਏ ਤਾਂ ਉਤਾਰਕੇ ਪਾਣੀ ਛਿੜਕਕਰ ਹੋਸ਼ ਵਿਚ ਕੀਤਾ, ਫੇਰ ਨੱਵਾਬ ਨੇ ਸ਼ਾਹਬਾਜ਼ ਸਿੰਘ ਨੂੰ ਪਾਸ ਬੈਠਾਈ, ਧੀਰਜ ਦਿਲਾਸਾ ਦੇਕੇ ਆਖਆ ਤੇਰਾ ਬਾਪ ਤਾਂ ਬੁੱਢਾ ਹੁਣ ਮਰਨ ਕਿਨਾਰੇ ਹੈ, ਦੁਨੀਆਂ ਦੇ ਵਿਸ਼ੇ ਭੋਗ ਚੁੱਕਾ ਹੈ, ਤੂੰ ਚੜ੍ਹਦੀ ਜਵਾਨੀ ਕਿਉਂ ਉਸਦੇ ਆਖੇ ਜਾਨ ਦਿੰਦਾ ਹੈਂ ਸਾਡਾ ਸਾਥੀ ਬਣਕੇ ਆ ਮਿਲ ਤੇਰਾ ਵਿਆਹ ਕਰਾਕੇ ਬਹੁਤ ਵੱਡਾ ਉਹਦਾ ਦੇਵਾਂਗੇ, ਏਹੋ ਜੇਹੀਆਂ ਬਹੁਤ ਭੁਲਾਵਣੀਆਂ ਦਿੱਤੀਆਂ ਪਰ ਏਸ ਨੇ ਇਕੋ ਨਾਂਹ ਰੱਖੀ। ਫੇਰ ਸੂਬੇ ਨੇ ਪੁੱਠਾ ਲਟਕਵਾਕੇ ਕੋਰੜਿਆਂ ਨਾਲ ਖਲੜੀ ਉਤਾਰੀ ਜਦ ਬਹੁਤ ਤਕਲੀਫ ਹੋਈ ਤਾਂ ਤੁਰਕ ਹੋਣ ਲਈ ਮੰਨ ਲਿਆ। ਫਿਰ ਜੇ ਖਾਂ ਨੇ ਸੁਬੇਗ ਸਿੰਘ ਨੂੰ ਆਖਆ ਦੇਖ ਤੇਰੇ ਪੁੱਤ੍ਰ ਨੇ ਸਾਡਾ ਦੀਨ ਮੰਨ ਲੀਤਾ ਹੈ ਤੂੰ ਭੀ ਮੰਨ ਜਾ ਦੇਵੇਂ

ਬਾਪ ਬੇਟਾ ਇੱਕਠੇ ਰਹਿਕੇ ਅਨੰਦ ਨਾਲ ਉਮਰ ਭੋਗੋ। ਇੱਕ ਪਰਗਣਾ ਮਜਾਰੇ ੬੫
ਉੱਤੇ ਲੈਕੇ ਮੌਜ ਕਰੋ, ਰੋਜ਼ ਰੋਜ਼ ਦੇ ਕਲੇਸ਼ ਤੋਂ ਛੁੱਟੋ। ਛੁੱਪਣਾਂ ਵਿਚੋਂ ਨਿਕਲਕੇ ਦਾਹ
ਜਾਦੇ ਮੌਛ ਬਣੇ ਰਹੋ। ਸੁਬੇਗਸਿੰਘ ਨੇ ਸ਼ਾਹਵਾਜ਼ਸਿੰਘ ਦੀ ਤਰਫ ਵੇਖਕੇ ਆ
ਖਿਆ, ਕਿਓਂ ਬੇਟਾ ਤੁਰਕ ਹੋਕੇ ਮਰਨਾ ਨਹੀਂ, ਯਾ ਬੀਮਾਰੀ, ਸੋਗ, ਦੁਖ, ਸੰਤਾਪ ਨਾ ਬਿਆ
ਪੇਗਾ, ਜਦ ਤੂੰ ਜਾਣਦਾ ਹੈਂ ਦੁਖ ਸੁਖ ਸਭਨੀ ਪਾਸੀਂ ਇੱਕੋ ਜੇਹਾ ਹੈ ਤਾਂ ਫੇਰ ਕਿਓਂ ਅਕਾਲ
ਪੁਰਖ ਦਾ ਸੱਚਾ ਪੰਥ ਖਾਲਸਾ ਧਰਮ ਖਰਾ ਲਾਲ ਸੁੱਟਕੇ ਕੱਚ ਖਰੀਦਦਾ ਹੈਂ। ਸਿਰ
ਕ ਫਕ, ਮਰਨਾ ਇੱਕੋ ਵਾਰੀ ਹੈ। ਦੇਖ ਦਸਮੇ ਪਾਤਸ਼ਾਹ ਦੇ ਛੋਟੇ ਛੋਟੇ ਸਾਹਿਬਜ਼ਾਦਿ
ਆਂ ਨੇ ਕਿਸ ਤਰਾਂ ਸੂਬੇ ਵਜ਼ੀਦ ਖਾਂ ਨੂੰ ਸਰਹੰਦ ਵਿੱਚ ਜਵਾਬ ਦੇਕੇ ਸ਼ਹੀਦੀ ਪਾਈ।
ਇਤਿਆਦਿਕ ਬਾਪ ਦੇ ਬਚਨ ਸੁਣਕੇ ਸ਼ਾਹਵਾਜ਼ਸਿੰਘ ਫੇਰ ਆਪਣੇ ਧਰਮ ਵਿੱਚ ਕਾ
ਯਮ ਹੋ ਬੈਠਾ। ਫੇਰ ਖਿਜ਼ੇਖਾਂ ਨੇ ਕ੍ਰੋਧ ਕਰਕੇ ਬਾਪ ਬੇਟੇ ਦੋਹਾਂ ਨੂੰ ਕਤਲ ਕਰਾਇ ਦਿੱ
ਤਾ। ਸਿੰਘ ਭੀ ਬੜੀ ਖੁਸ਼ੀ ਨਾਲ ਅਕਾਲ ੨ ਬੋਲਦੇ ਹੋਏ ਸ਼ਹੀਦ ਹੋਗਏ, ਪੰਥ ਖਾਲ
ਸੇ ਨੇ ਸੁਣਕੇ ਉਨ੍ਹਾਂ ਦੇ ਨਾਮ ਪਰ ਧੰਨਯਵਾਦ ਕਰਕੇ ਜੈਕਾਰੇ ਉਚਾਰੇ।

ਬਾਪ ਬੇਟੇ ਦਾ ਕਤਲ

ਏਸੇ ਸਮੇ ਹਕੀਕਤਰਾਇ ਨੇ ਭੀ ਆਪਣਾ ਆਪ ਧਰਮ ਉੱਤੇ ਵਾਰ ਦਿੱਤਾ, ਹਕੀਕਤਰਾ
ਯ ਬਾਘਮੱਲ ਪੁਰੀ ਖੱਤਰੀ ਦੇ ਘਰ ਮਾਈ ਗੌਰਾਂ ਦੇ ਪੇਟੋਂ ਕੱਤਕ ਵਦੀ ੧੨ ਸੰ: ੧੭੮੧
ਬਿ: ਨੂੰ ਸਿਆਲਕੋਟ ਵਿਚ ਪੈਦਾ ਹੋਕੇ ਫਾਰਸੀ ਅਰਬੀ ਬਹੁਤ ਚੰਗਾ ਪੜ੍ਹਿਆ। ਬਾ
ਘਮੱਲ ਦਫਤਰ ਵਿੱਚ ਨੌਕਰੀ ਕਰਦਾ ਸੀ। — ਕਸਬੇ ਵਟਾਲੇ ਕਿਸ਼ਨਸਿੰਘ ਖੱ
ਤ੍ਰੀ ਦੇ ਘਰ ਏਸਦੀ ਸ਼ਾਦੀ ਹੋਕੇ ਇਕ ਬੇਟਾ ਪੈਦਾ ਹੋਯਾ। ਉਨ੍ਹਾਂ ਦਿਨਾਂ ਵਿੱਚ ਭਾਈ ਮਨੀ
ਸਿੰਘ, ਤਾਰੂਸਿੰਘ ਆਦਿਕ ਹਠੀਲੇ ਸਿੰਘਾਂ ਦੇ ਧਰਮ ਉੱਪਰ ਕੁਰਬਾਨ ਹੋਣੇ ਦੀ ਚਰ
ਚਾ ਸਾਰੇ ਪੰਜਾਬ ਵਿੱਚ ਫੈਲ ਰਹੀ ਸੀ, ਜਿਸਨੂੰ ਸੁਣਕੇ ਹੋਰ ਭੀ ਅਨੇਕ ਸਿੰਘਾਂ ਤੇ ਹਿ
ਦੂਆਂ ਦੇ ਦਿਲ ਧਰਮ ਉੱਤੇ ਕਾਯਮ ਹੋਗਏ ਸੋ ਹਕੀਕਤਰਾਇ ਨੇ ਭੀ ਏਹੋ ਕਰੜੀ
ਸੋਧ ਧਰਮ ਦੀ ਪਣ ਰੱਖੀ ਸੀ। — ਇੱਕ ਦਿਨ ਪਾਠਸ਼ਾਲਾ ਦੇ ਛੋਕਰੇ ਪੜ੍ਹਕੇ ਜਦ
ਬਾਹਰ ਨਿਕਲੇ ਤਾਂ ਮਜ਼ਹਬੀ ਚਰਚਾ ਵਿੱਚ ਮੁਸਲਮਾਨਾਂ ਦੇ ਮੁੰਡਿਆਂ ਨੇ ਹਿੰਦੂਆਂ ਦੇ
ਦੇਵੀ ਦੇਵਤਿਆਂ ਨੂੰ ਗਾਲੀਆਂ ਤੇ ਹਿੰਦੂ ਧਰਮ ਦੀ ਨਿੰਦਾ ਅਣਹੋਈ ਕੀਤੀ, ਅੱਗੋਂ ਹਕੀਕ
ਤਰਾਇ ਨੇ ਐਸੇ ੨ ਲਾਯਕ ਜਵਾਬ ਦਿੱਤੇ ਜਿਸ ਤੇ ਅਬਦੁਲਹੱਕ ਮਸ਼ਹੂਰ ਮੌਲਵੀ Abdul Haq
ਆਪਣੇ ਮੁੰਡਿਆਂ ਦੀ ਮਦਦ ਕਰਨ ਲਗਾ ਪਿਆ। ਹੋਰ ਭੀ ਹਿੰਦੂ ਮੁਸਲਮਾਨ ਬਹੁਤ

Digitized by Panjab Digital Library | www.panjabdigilib.org

ਇਕੱਠੇ ਹੋ ਗਏ — ਉਸ ਸਮੇ ਮੁਸਲਮਾਨਾਂ ਦੀ ਬਾਦਸ਼ਾਹੀ ਦੇ ਜ਼ੁਲਮਾਂ ਤੋਂ ਡਰਦਾ ਕੋਈ ਹਿੰਦੂ ਕਦੇ ਕਿਸੇ ਮੁਸਲਮਾਨ ਦੇ ਸਾਹਮਣੇ ਨਹੀਂ ਬੋਲ ਸੱਕਦਾ ਸੀ।

ਹਕੀਕਤਰਾਯ ਇਲਮ ਫਾਰਸੀ, ਅਰਬੀ ਵਿੱਚ ਤਾਂ ਪਾਹਿਲਾਂ ਹੀ ਤੇਜ਼ ਸੀ ਪਰ ਧਰਮ ਉੱਤੇ ਜਾਨ ਤਕ ਅਰਪਣ ਕਰ ਦੇਣ ਦਾ ਹੌਸਲਾ ਸਿੱਖ ਦੀ ਬੇਟੀ ਦੇ ਸਬੰਧ ਕਰਕੇ ਹੋ ਗਿਆ ਸੀ। ਇਸੇ ਕਰਕੇ ਚਰਚਾ ਵਿੱਚ ਉਸ ਨੇ ਮੁਸਲਮਾਨਾਂ ਦੇ ਪੈਗੰਬਰਾਂ ਦੀ ਬੁਰਾਈ ਤੇ ਮਜ਼ਹਬ ਇਸਲਾਮ ਦੀ ਜਾਲਸਾਜ਼ੀ ਐਸੀ ੨ ਜ਼ਾਹਰ ਕਰ ਦਿਖਾਈ, ਜਿਸ ਤੋਂ ਮੌਲਵੀ ਸਮੇਤ ਸਬ ਛੋਕਰਿਆਂ ਨੇ ਵਿਰੁੱਧ ਹੋਕੇ, ਕਾਜ਼ੀ ਦੇ ਪਾਸ ਪੋਰਾ ਜਾ ਮਾਰੀ। ਕਾਜ਼ੀ ਤਾਂ ਹਮੇਸ਼ ਹਿੰਦੂਆਂ ਦੇ ਮਜ਼ਹਬ ਉੱਤੇ ਜਲੇ, ਬਲੇ ਛੁਰੀ ਚਲਾਉਂਦੇ ਰਹਿੰਦੇ ਸਨ, ਉਨ੍ਹਾਂ ਨੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਦੇ ਰੂਬਰੂ, ਹਕੀਕਤਰਾਇ ਨੂੰ ਬੁਲਾਕੇ ਪੁੱਛਿਆ, ਉਸ ਨੇ ਸੱਚ ਸੱਚ ਕਹਿ ਦਿੱਤਾ ਕੇ ਪਾਹਿਲੇ ਪਾਠਸ਼ਾਲਾ ਦੇ ਲੜਕਿਆਂ ਨੇ ਮੌਲਵੀ ਸਮੇਤ ਅਸਾਡੇ ਅਵਤਾਰਾਂ ਤੇ ਗੁਰੂਆਂ ਨੂੰ ਗਾਲੀ ਦੇਕਰ ਹਿੰਦੂ ਧਰਮ ਦੀ ਨਿੰਦਾ ਕੀਤੀ, ਪਿੱਛੋਂ ਮੈਂ ਭੀ ਮਜ਼ਹਬ ਇਸਲਾਮ ਦੇ ਨੁਕਸ ਨਿਕਾਲੇ। ਇਸੇ ਤਰਾਂ ਸਬ ਗਵਾਹਾਂ ਨੇ ਆਖਿਆ। ਹਾਕਮ ਨੇ ਤਾਂ ਬਾਲਕਾਂ ਦੀ ਬਹਸ ਦਾ ਤੁੱਛ ਮਾਮੁਲਾ ਸਮਝਕੇ ਕੁਛ ਥੋੜੀ ਜੇਹੀ ਚੱਟੀ ਲਕਰ ਹਕੀਕਤਰਾਯ ਨੂੰ ਛੱਡ ਦੇਣਾ ਚਾਹਿਆ, ਪਰ ਕਾਜ਼ੀਆਂ ਨੇ ਜ਼ਿੱਦ ਕਰਕੇ ਮੁਫਤੀ ਤੋਂ ਫਤਵਾ ਦਿਵਾਯਾ ਕੇ ਯਾ ਹਕੀਕਤਰਾਯ ਮੁਸਲਮਾਨ ਹੋਵੇ ਯਾ ਕਤਲ ਕੀਤਾ ਜਾਵੇ। ਹਾਕਮ ਦੀ ਤੇ ਕਾਜ਼ੀਆਂ ਦੀ ਇੱਕ ਰਾਯ ਨਾ ਹੋਣੇ ਕਰ ਤਿੰਨ ਮਹੀਨੇ ਝਗੜਾ ਹੁੰਦਾ ਰਿਹਾ ਉੜਕ ਕਾਜ਼ੀਆਂ ਨੇ ਲਾਹੌਰ ਦੇ ਸੂਬੇ ਪਾਸ ਚਾਲਾਨ ਕਰ ਦਿੱਤਾ।

ਹਕੀਕਤਰਾਯ ਦੇ ਨਾਲ ਮਾਂ, ਬਾਪ, ਭਾਈ, ਭੈਣ, ਸਾਕ, ਨਾਤੇ, ਅਤੇ ਸ਼ਹਰ ਸਿਆਲਕੋਟ ਦੇ ਦਯਾਲੂ ਧਰਮਾਤਮਾ ਅਨੇਕ ਲੋਗ ਚੱਲ ਪਏ। ਹਕੀਕਤਰਾਯ ਦੀ ਇਸਤ੍ਰੀ ਵਿਚਾਰੀ ਸਾਰੀ ਉਮਰ ਦੇ ਰੰਡੇਪੇ ਦੀ ਅੱਗ ਦੇ ਭਾਂਬੜ ਨੂੰ ਸਾਹਮਣੇ ਦੇਖ ੨ ਘਰ ਵਿੱਚ ਤੜਫਦੀ ਸੀ, ਕਿਸੇ ਵਕ੍ਤ ਛੁੱਟ ਆਵਣ ਦੀ ਉਮੈਦ ਵਿੱਚ ਠੰਢਾ ਸਾਹ ਭਰਕੇ ਕੁਛ ਧੀਰਜ ਕਰਦੀ, ਪਰ ਹੋਣਹਾਰ ਕਦੋਂ ਚੈਨ ਲੈਣ ਦਿੰਦੀ ਸੀ। — ਹਕੀਕਤਰਾਯ ਜਿਸ ਰਸਤੇ ਲੰਘਿਆ, ਪਿੰਡਾਂ ਵਿੱਚ ਹਾਹਾਕਾਰ ਮਚਦਾ ਗਿਆ। ਉਸ ਵਕਤ ਐਸਾ ਕੌਣ ਸੀ ਜੇਹੜਾ ਉਸ ਦੀ ਲਾਯਕੀ ਤੇ ਉਮਰ, ਸ਼ਹੂਰ ਦੀ ਤਰਫ ਦੇਖ ਸੁਣਕੇ ਹਟਕੋਰੇ ਲੈ ਲੈ ਨ ਰੋਂਦੇ ਯਾ ਮੁਸਲਮਾਨਾਂ ਦੇ ਜ਼ੁਲਮ ਉੱਤੇ ਲਾਣਤ ੨ ਤੇ ਧਰਮੀਆਂ ਦੇ ਸਿਦਕ ਉੱਤੇ ਵਾਹ ੨

Digitized by Panjab Digital Library | www.panjabdigilib.org

ਗਾਹਕੇ ਸਭ ਲੋਕ ਅੱਖੀਆਂ ਤੋਂ ਹੰਝੂ ਸਿੱਟ ਰਹੇ ਸੇ।
ਜਦ ਲਾਹੌਰ ਪਹੁੰਚੇ ਤਾਂ ਲਾਹੌਰ ਦੀ ਖਲਕਤ ਹਕੀਕਤ ਰਾਏ ਦੇ ਗਿਰਦੇ ਹੋ ਗਈ, ਨਾਜ਼ਕ ਦੇਹ ਗਾਉਭ-
ਰਦੀ ਦਾੜ੍ਹੀ ਸੋਹਣੀ ਸੂਰਤ, ਮੋਹਣੀ ਮੂਰਤ ਦੇ ਚੰਦ ਜੈਸੇ ਮੁਖੜੇ ਨੂੰ ਦੇਖਕੇ ਖਲਕਤ ਹੰਝੂ
ਆਂ ਦੇ ਪ੍ਰਵਾਹ ਚਲਾ ਰਹੀ ਸੀ। ਚੌਧਰੀ ਦਰਗਾਹੀ ਜੋ ਸ਼ਾਹਦਰੇ ਵਾਲਾ ਬੜਾ ਮਸ਼ਹੂਰ
ਆਦਮੀ ਸੀ ਉਸਨੇ ਭੀ ਕਾਜ਼ੀਆਂ ਨੂੰ ਬਹੁਤ ਕੁਛ ਸਮਝਾਯਾ ਬੁਝਾਯਾ ਪਰ ਉਨ੍ਹਾਂ ਦੁਸ਼ਟਾਂ
ਨੇ ਇੱਕ ਨਾ ਮੰਨੀ। (ਉਹ ਕ ਨਾਜ਼ਮ ਬੇਰਹਮ ਜ਼ਾਲਮ ਸੀ ਜੋ ਕਾਜ਼ੀਆਂ ਦਾ ਪਖ ਕਾਜ਼ੀ ਤੇ
ਜ਼ਿੱਦ ਬਾਦ ਦੀ ਅੱਗ ਦਾ ਪੁਤਲਾ ਸੀ) ਸਿਆਲਕੋਟ ਵਾਲੇ ਕਾਜ਼ੀਆਂ ਦਾ ਫਤਵਾ ਕਾਯਮ
ਰੱਖਕੇ ਹਕੀਕਤ ਰਾਇ ਨੂੰ ਸੁਣਾਇ ਦਿੱਤਾ ਕੇ ਮੁਸਲਮਾਨ ਹੋ ਜਾਓ ਨਹੀਂ ਤਾਂ ਕਤਲ ਕੀ
ਤੇ ਜਾਓਗੇ। ਸ਼ਰਾ ਦਾ ਹੁਕਮ ਅਟੱਲ ਹੈ। — ਹਕੀਕਤ ਰਾਇ ਦੀ ਤਰਫ ਜੋ ਖਲਕਤ
ਚਕੋਰਾਂ ਵਾਂਗੂ ਦੇਖ ਰਹੀ ਹੋਈ ਕਹਿ ਰਹੀ ਸੀ ਕੇ ਦੇਖੀਏ ਹੁਣ ਏਹ ਤੇਲ ਦਾ ਮੋਤੀ ਬਣਦਾ ਹੈ
ਕੇ ਸੁੱਚਾ। ਪਰ ਸੁੱਚਾ ਹੀ ਬਣਿਆ। ਹਾਕਮ ਦਾ ਹੁਕਮ ਸੁਣਕੇ ਭੇਡੂ ਦੀ ਤਰਾਂ ਭੈਂ ਭੈਂ ਨਾਂ
ਕੀਤਾ ਸਗੋਂ ਸ਼ੇਰ ਵਾਂਗੂ ਗੱਜਕੇ, ਬੜੇ ਹੌਸਲੇ ਤੇ ਖੁਸ਼ੀ ਨਾਲ, ਦੀਨ ਧਰਮ ਖੋਣੇ ਪਰ,
ਥੁੱਕ ਕਰ, ਕਤਲ ਹੋਣਾ ਮਨਜ਼ੂਰ ਕਰ ਲੀਤਾ। ਪਰ ਉਸਦੇ ਮਾਂ ਬਾਪ ਭੈਣਾਂ ਆਦਿਕ ਸ
ਕੇ ਸਬੰਧੀਆਂ ਦੀ ਅੱਖੀਆਂ ਅੱਗੇ ਅੰਧਕਾਰ ਛਾ ਗਿਆ ਤੇ ਧਾਹਾਂ ਮਾਰ ਮਾਰ ਪਛਾੜਾਂ ਖਾ
ਖਾ ਕੇ ਡਿੱਗ ਪਏ। ਸਿਦਕ ਧਰਮ ਵਾਲੇ ਲੋਗ ਤਾਂ ਹਕੀਕਤ ਰਾਇ ਨੂੰ ਵਾਹ ਵਾਹ ਤੇ ਧੰਨ
ਜਨਮ ਕਹ ਰਹੇ ਸੇ, ਬਾਕੀ ਹੋਰ ਜਿਤਨੇ ਮੂੰਹ ਉਤਨੀ ਭਾਸ਼ਾ, ਮਾਈ ਗੌਰਾਂ ਨੂੰ ਹੋਸ਼ ਆ
ਈ ਤਾਂ ਦੌੜਕੇ ਆਪਣੇ ਪ੍ਰਾਣਪਿਆਰੇ ਪੁੱਤ੍ਰ ਪਾਸ ਗਈ ਤੇ ਗਲੋਂ ਫੜ੍ਹੀ ਫਿਰ ਲੈ, ਨੈਣਾਂ ਦੇ ਜ
ਲ ਨਾਲ ਨੁਲ੍ਹਾ ਕਰ ਕਹਿਣੇ ਲੱਗੀ, ਪੁੱਤ੍ਰ ਮੁਸਲਮਾਨ ਹੋ ਜਾਹ ਮੈਂ ਤੇਰੀ ਸੂਰਤ ਨੂੰ ਦੇਖ
ਦੀ ਤਾਂ ਰਹਾਂਗੀ, ਜਾ ਫੇਰ ਤੈਨੂੰ ਸਿੰਘ ਆਪਣੇ ਪੰਥ ਵਿਚ ਰਲਾਇ ਲੈਣਗੇ। ਤੇਰੇ ਮਰੇ
ਤੇਂ ਮੈਂ ਨਿੱਤ ਧੂੰਈਆਂ ਵਾਂਗੂ ਪਈ ਧੁਖਾਂਗੀ, ਤੇਰੀ ਵਹੁਟੀ ਨੂੰ ਦੇਖਕੇ ਅਧਮਰੀ ਹੋਈ ਹੋਈ ਤ
ਲਫ ਕੇ ਦਿਨ ਕੱਟਾਂਗੀ। ਏਸੇ ਤਰਾਂ ਬਾਪ ਤੇ ਸਾਹੁਰੇ ਨੇ ਭੀ ਸਮਝਾਯਾ, ਭੈਣਾਂ ਨੇ ਸਾਹਮਣੇ
ਪਿੱਟ ਪਿੱਟਕੇ ਸਿਰ ਦੇ ਬਾਲ ਉਖੇੜੇ, ਪਰ ਹਕੀਕਤ ਰਾਇ ਨੇ ਕਿਸੇ ਦੀ ਨਾ ਸੁਣੀ, ਹਠ ਕਰ
ਕੇ ਸਭ ਨੂੰ ਏਹੋ ਜਵਾਬ ਦਿੱਤਾ, ਦੇਖੋ ਜਿਸ ਮੇਰੇ ਸਰੀਰ ਬਦਲੇ ਤੁਸੀਂ ਐਡਾ ਵੱਡਾ ਦੁੱਖ
ਪਾ ਰਹੇ ਹੋ, ਏਸਨੇ ਤਾਂ ਇੱਕ ਦਿਨ ਜਾਣਾ ਹੀ ਹੈ ਜੇ ਪਿੱਛੇ ਮਰ ਗਯਾ ਹੁੰਦਾ ਤਾਂ ਭੀ ਸਬਰ
ਕਰਦੇ ਯਾ ਅੱਗੇ ਨੂੰ ਹੈਜ਼ੇ ਆਦਿਕ ਕਿਸੇ ਬੀਮਾਰੀ ਨਾਲ ਮਰ ਜਾਵਾਂਗਾ, ਫੇਰ ਭੀ ਮੇਰੇ

Digitized by Panjab Digital Library | www.panjabdigilib.org

੯੮ ਉਥੋਂ ਗਾਂਦਾ ਦੁੱਖ ਸਹਾਰੋਗੇ, ਸੋ ਹੁਣੇਂ ਕਿਉਂ ਨਹੀਂ ਸਹਾਰਦੇ, ਸਗੋਂ ਤੁਸੀਂ ਆਪ ਨੂੰ ਵਡਭਾਗੀ ਮੰਨੋ ਜਿਨ੍ਹਾਂ ਦਾ ਸੰਬੰਧੀ ਧਰਮ ਉੱਤੇ ਆਪਣੀ ਜਾਨ ਕੁਰਬਾਨ ਕਰਦਾ ਹੈ।

ਜੱਦਪਿ ਸਭੇ ਸੰਬੰਧੀਆਂ ਦੇ ਦਰਦ ਦੇ ਭਰੇ ਹੋਏ ਹਾਹਨਾਰੇ, ਹੰਝੂਆਂ ਦੇ ਪ੍ਰਵਾਹ ਤੇ ਦੀਨਤਾਈ ਦੇ ਬਚਨ ਭੀ ਧੀਰਜ ਨੂੰ ਬਹਾਈ ਜਾਂਦੇ ਸੇ, ਪਰ ਹਕੀਕਤ ਰਾਇ ਦੇ ਸਿਦਕ ਅੱਗੇ ਕਿਸੇ ਦੀ ਕੁਛ ਪੇਸ਼ ਨਾ ਗਈ। ਹਕੀਕਤ ਰਾਇ ਜਿਸ ਨੂੰ ਬੇਹੱਦ ਖੁਸ਼ੀ ਦਾ ਨੂਰ ਚੜ੍ਹ ਰਿਹਾ ਸੀ, ਧੀਰਜ, ਧਰਮ ਦ੍ਰਿੜ੍ਹ ਕਰ ਹਸਦੇ ੨ ਜਲਾਦਾਂ ਦੇ ਨਾਲ, ਨਖਾਸ ਚੌਕ ਵਿੱਚ ਜਾ ਕੇ ਸੰ: ੧੮੦੩ ਬਿ: ਨੂੰ ਬਸੰਤ ਪੰਚਮੀ ਦੇ ਦਿਨ ਸ਼ਹੀਦੀ ਪਾਈ। — ਜੱਦਪਿ ਜ਼ਾਹਰਦਾਰੀ ਹਕੀਕਤ ਰਾਇ ਮਰ ਗਿਆ ਪਰ ਹਮੇਸ਼ਾ ਦੇ ਵਾਸਤੇ ਅਮਰ ਹੋ ਗਿਆ, ਜੋ ਕੁ ਪਰਮਪਦ ਜੱਗ, ਜੋਗ, ਜਪ, ਤਪ, ਦਾਨ ਪੁੰਨ ਆਦਿਕ ਹੋਰ ਕਿਸੇ ਸਾਧਨ ਤੋਂ ਨਹੀਂ ਮਿਲਦਾ ਉਹ ਮਿਲ ਗਿਆ। ਇਸ ਦੀ ਸਮਾਧ ਲਾਹੌਰ ਸ਼ਹਾਬਿਲਾਦਲ ਬਾਗ ਦੇ ਪਾਸ ਹੈ। ਹਰ ਸਾਲ ਬਸੰਤ ਪੰਚਮੀ ਦਾ ਮੇਲਾ ਬੜੀ ਧੂਮ ਧਾਮ ਨਾਲ ਹੁੰਦਾ ਹੈ।

ਮਤਾਬ ਸਿੰਘ ਭੰਗੂ ਜ਼ਿਮੀਦਾਰ ਮੀਰਾਂਕੋਟੀਆ ਜਿਸ ਨੇ ਮੱਸੇ ਰੰਘੜ ਨੂੰ ਮਾਰਿਆ ਸੀ, ਮੁਗਲਾਂ ਦਾ ਫੜਾਇਆ ਹੋਇਆ ਜਦ ਨਾਜ਼ਮ ਦੇ ਰੋਬਰੋ ਆਇਆ ਤਾਂ ਸਿੰਘ ਨੇ ਗੱਜ ਕੇ ਫਤੇ ਬੁਲਾਈ, ਹਾਕਮ ਨੇ ਬਹੁਤ ਬੁਰਾ ਮੰਨਿਆ, ਬਿਨਾ ਪੁੱਛੇ ਗਿੱਛੇ ਸੂਲੀ ਪਰ ਚੜ੍ਹਾ ਦਿੱਤਾ। ਉਸੇ ਸਮੇਂ ਰਾਮੇ ਰੰਧਾਵੇ ਚੌਧਰੀ ਨੇ ਇਕ ਗਰਜਾ ਸਿੰਘ ਨਾਮੀ ਸਿੰਘ ਨੂੰ ਸੂਬੇ ਪਾਸ ਪਹੁੰਚਾਇਆ, ਸੂਬੇ ਨੇ ਬਾਹਰੋ ਬਾਹਰ ਸੂਲੀ ਚੜ੍ਹਵਾ ਦਿੱਤਾ, ਏਹ ਦੋਵੇਂ ਸਿੰਘ ਬਹੁਤ ਖੁਸ਼ੀ ਨਾਲ (ਜੇ ਤੈਨੂੰ ਪ੍ਰੇਮ ਖੇਲਣ ਦਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ) ਏਹ ਸ਼ਬਦ ਗਾਉਂਦੇ ਹੋਏ, ਅਕਾਲ ੨ ਧੁਨੀ ਕਰ ਕੇ ਅਕਾਲ ਰੂਪ ਬਣ ਗਏ।

ਜਦ ਇਸ ਤਰਾਂ ਸਿੰਘਾਂ ਸਮੇਤ ਹਿੰਦੂਆਂ ਉੱਤੇ ਬੜੇ ੨ ਜ਼ੁਲਮ ਹੋਏ ਤਾਂ ਪੁਜਾਰੀ ਪੁਕਾਰ ਸੁਣ ਕੇ ਪਰਮੇਸ਼ੁਰ ਨੇ ਮੁਗਲਾਂ ਦਾ ਸੱਤਿਆਨਾਸ ਕਰਨ ਲਈ ਅਹਿਮਦ ਸ਼ਾਹ ਦੁਰਾਨੀ ਬਾਦਸ਼ਾਹ ਨੂੰ ਹਿੰਦੁਸਤਾਨ ਪਰ ਚੜ੍ਹਾਈ ਦੀ ਉਮੰਗ ਦੇ ਦਿੱਤੀ। ਕਿਉਂਕੇ ਜਦ ਨਾਦਰ ਸ਼ਾਹ ਦਿੱਲੀ ਤਕ ਆਇਆ ਸੀ ਤਦ ਏਹ ਅਹਿਮਦ ਸ਼ਾਹ ਉਸ ਦੇ ਸਾਥ ਆਕਰ ਹਿੰਦੁਸਤਾਨ ਦਾ ਭੇਤ ਪਾ ਗਿਆ ਸੀ। ਇਸ ਕਰ ਕੇ ਸੰ: ੧੮੦੪ ਬਿ: ਨੂੰ ਲਿਸ੍ਰਿਗ ਪੇਸ਼ਾ ਮਾਰੀ ਚੜ੍ਹ ਆਯਾ ਲਾਹੌਰ ਦਾ ਸੂਬਾ ਡਰਦਾ ਹੋਇਆ ਜੇਹਲਮ ਦੇ ਕਿਨਾਰੇ ਨਜ਼ਰ ਦੇ ਕੇ ਜਾ ਮਿਲਿਆ ਤੇ ਤਾਬੇਦਾਰੀ ਲਿਖ ਦਿੱਤੀ। — ਏਧਰੋਂ ਬਹੁਤ ਸਾਰੀ ਫੌਜ ਰਾਜਾ ਅਜੀਤ ਸਿੰਘ

Digitized by Panjab Digital Library | www.panjabdigilib.org

੯੯

ਜੈਪੁਰੀਏ ਤੇ ਨੱਵਾਬ ਕਮਰੁੱਦੀਨ ਵਜ਼ੀਰ ਨੂੰ ਦੇਕੇ ਸਰਹਿੰਦ ਭੇਜ ਦਿੱਤਾ। — ਅਹਿ
ਮਦਸ਼ਾਹ ਨੇ ਲਾਹੌਰ ਪਹੁੰਚਕੇ ਜਦ ਕਿਲਾ ਦੇਖਿਆ ਤੇ ਉਥੇ ਇਕ ਕੋਠਾ ਕੁਰਕਬਾਣਾਂ ਦਾ
ਦੇਖਕੇ ਉਸਦੀ ਕਰਾਮਾਤ ਸੁਣੀ ਤਾਂ ਗੱਡੇ ਲਦਵਾਕੇ ਨਾਲ ਲੈ ਲਏ।
ਜਦ ਸਰਹਿੰਦ ਪਹੁੰਚਕੇ ਜੰਗ ਕਰਨ ਲੱਗਾ ਤਾਂ ਪਠਾਣਾਂ ਨੇ ਜੋ ਬਾਣ ਚਿੱਟਿਆਂ ਵਿਚ ਜਿਪੁ
ਨ ਜਾਗੀ ਸੇ, ਸੁਣੀ ਸੁਣਾਈ ਤਰਕੀਬ ਉੱਤੇ, ਉਨ੍ਹਾਂ ਬਾਣਾਂ ਨੂੰ ਮੈਦਾਨ ਵਿਚ ਰੱਖਕੇ ਦੁਸ
ਮਣਾਂ ਦੇ ਮਾਰਨ ਲਈ ਅੱਗ ਲਾ ਦਿੱਤੀ ਪਰ ਉਨ੍ਹਾਂ ਦੇ ਮੂੰਹ ਪਠਾਣਾਂ ਵੱਲੀ ਰਹ ਗਏ।
(ਅਣਜਾਣ ਵਿੱਚ ਆਪੂ ਜਾਣਾ ਦਾ ਖੋ) ਓਹ ਤਾਂ ਉਲਟੇ ਏਨ੍ਹਾਂ ਨੂੰ ਹੀ ਪੈ ਗਏ ਕੇ ਚਿੰਮੜੇ,
ਬਾਣਾਂ ਦੀ ਸ਼ਾਹਿ ਸ਼ਾਹਿ ਆਵਾਜ਼ ਨੂੰ ਸੁਣਕੇ ਦੁਰਾਨੀ ਸਮਝਦੇ ਕੇ ਏਹ ਪੁੱਛਦੇ ਹਨ ਸ਼ਾ
ਹ ਕਿੱਥੇ ਹੈ, ਨਾਲੇ ਤਾਂ ਪਠਾਣ ਬਾਣਾਂ ਅੱਗੇ ਨੱਠੇ ਜਾਣ ਤੇ ਨਾਲੇ ਜਿਧਰ ਬਾਦਸ਼ਾਹ
ਸੀ ਉਧਰ ਨੂੰ ਹੱਥ ਕਰ ਕਰ ਪੁਕਾਰਦੇ ਜਾਣ ਸ਼ਾਹ ਓਧਰ ਹੈ ੨, ਓੜਕ ਉਨ੍ਹਾਂ ਬਾਣਾਂ
ਨੇ ਦੁਰਾਨੀਆਂ ਦੀ ਫੌਜ ਨੂੰ ਅੱਧੋ ਅੱਧ ਨਿਬੇੜ ਛੱਡਿਆ, ਦੁਰਾਨੀ ਸਤਲੁਜੋਂ ਪਾਰ ਹੋਗ
ਏ ਅਹਿਮਦ ਸ਼ਾਹ੧ ਪੰਜਾਬ ਨੂੰ ਲੁੱਟਦਾ ਮਾਰਦਾ ਕਾਬੁਲ ਜਾ ਦਾਖਲ ਹੋਯਾ।

੧ ਅਹਿਮਦਸ਼ਾਹ ਅਬਦਾਲੀ ਪਠਾਣ ਸੀ ਏਸਦਾ ਵਡਾ ਇੱਕ ਅਬਦਾਲ ਨਾਮੀ ਹੋਯਾ ਹੈ ਜਿਸਨੂੰ
ਅਣੀਮਾ੧, ਮਹਿਮਾ, ਗਿਰਮਤਾ੨, ਲਘਿਮਾ੪, ਪ੍ਰਾਪਤ੫ਕਾਮ, ਬਸੀਕਰਣ, ਈਸ਼ਤਾ ਏਹ ਸੱਤ ਸਿੱਧੀਆਂ ਪ੍ਰਾ
ਪਤ ਹੋਣ ਉਸਦਾ ਨਾਮ (ਅਬਦਾਲ) ਪੂਰਣ ਸਿੱਧ ਹੁੰਦਾ ਹੈ। ਉਸਦੀ ਸੰਤਾਨ ਅਬਦਾਲੀ ਪਠਾਣਾਂ ਨੂੰ
ਦੂਸਰੀ ਜਾਤਿ ਦੇ ਪਠਾਣ ਗੁਰੂ ਪੀਰਾਂ ਵਾਂਙੂ ਮੰਨਦੇ ਹਨ। ਅਹਿਮਦਖਾਂ ਦਾ ਬਾਪ ਜਦ ਮਰਿਆ ਤਦ ਬਹੁ
ਤ ਮਸਕੀਨੀ ਵਿਚ ਸੀ ਤੇ ਅਹਮਦਸ਼ਾਹ ਸੱਤ ਬਰਸਦਾ ਰਹਗਿਆ ਸੀ ਏਸਦੀ ਮਾਂ ਨਾਦਰਸ਼ਾਹ ਦੇ
ਲਸ਼ਕਰ ਦੇ ਘੋੜਿਆਂ ਦਾ ਦਾਣਾ ਦਲਕੇ ਗੁਜ਼ਾਰਾ ਕਰਦੀ ਤੇ ਏਹ ਇਕ ਸਾਬਰਸ਼ਾਹ ਫਕੀਰ ਦੀ ਟਹਲ
ਕਰਦਾ ਰਹਿੰਦਾ ਫਕੀਰ ਖੁਸ਼ੀ ਵਿਚ ਕਦੇ੨ ਏਸਨੂੰ ਆਖਦਾ ਆਓ ਮੇਰੇ ਅਹਿਮਦਸ਼ਾਹ ਇਕ ਦਿ
ਨ ਜੰਗਲ ਵਿਚ ਕਿਸੇ ਟੋਭੇ ਦੇ ਕਿਨਾਰੇ ਥੜਾ ਬਣਾਕੇ ਘਾਸ ਵਿਛਾ ਉਸ ਉੱਤੇ ਅਹਮਦਖਾਂ ਨੂੰ ਬੈਠਾ
ਕਰ ਹੱਥ ਵਿਚ ਕਿਤੇ ਘਾਸ ਦੇ ਥੱਬੇ ਲੈਕੇ ਤੇ ਛਛਰੇ ਦੇ ਪੱਤੇ ਲੈਕੇ ਆਪ ਏਸਦੇ ਸਿਰ ਉੱਤੇ ਚੌਰ ਛੱ
ਤ੍ਰ ਵਾਂਙੂ ਕਰ ਰਿਹਾ ਸੀ ਏਸ ਵਕਤ ਨਾਦਰਸ਼ਾਹ ਸ਼ਿਕਾਰ ਖੇਲਦਾ ਉਥੇ ਆ ਪਹੁੰਚਿਆ, ਫਕੀਰ ਨੂੰ ਪੁੱ
ਛਿਆ ਤਾਂ ਸਾਂਈਂ ਲੋਕ ਨੇ ਉੱਤਰ ਦਿੱਤਾ, ਅਸਾਂ ਏਸ ਨੂੰ ਬਾਦਸ਼ਾਹ ਬਣਾਯਾ ਹੈ, ਆਪਣੇ ਬਾਦਸ਼ਾਹ ਪਣੇ
ਦਾ ਛੱਤ੍ਰ ਝੁਲਾਂਦੇ ਹਾਂ ਨਾਦਰ ਨੇ ਅਚਰਜ ਹੋਕੇ ਅਰਜ਼ ਕੀਤੀ ਆਪ ਕੁਛ ਮੈਨੂੰ ਭੀ ਦਾਨ ਬਖ
ਸ਼ੋ। ਫਕੀਰ ਬੋਲਿਆ ਮੇਰੇ ਅਹਿਮਦਸ਼ਾਹ ਨੂੰ ਸਰਦਾਰੀ ਦੇਦੇ ਨਾਦਰ ਨੇ ਫਕੀਰ ਦੇ ਕਹੇ ਸੈ
ਅਸਵਾਰਾਂ ਦਾ ਸਰਦਾਰ ਅਹਮਦਖਾਂ ਨੂੰ ਬਣਾ ਦਿੱਤਾ ਫਿਰ ਤਾਂ ਐਸੇ੨ ਕੰਮ ਅਹਿਮਦਖਾਂ ਨੇ ਕੀਤੇ
ਜੋ ਨਾਦਰ ਦੀ ਫੌਜ ਦਾ ਕਰਨੈਲ ਬਣ ਗਿਆ, ਨਾਦਰ ਭੀ ਏਸ ਨਾਲ ਹਿਤ ਰਖਣ ਲੱਗਾ ਜਦ ਨਾ
ਦਰਸ਼ਾਹ ਹਿੰਦ ਵਿਚ ਧੂਲੇ ਕਰਕੇ ਮੁੜ ਹਿਰਾਤ ਪਹੁੰਚਿਆ ਤਾਂ ਨਾਦਰ ਦੇ ਸਾਲੇ ਸਮਰਖਾਂ ਜਰਨੈਲ ਨੇ
ਅਬਦਾਲੀ ਪਠਾਣਾਂ ਦਾ ਜ਼ੋਰ ਵਧਦਾ ਦੇਖਕੇ ਬੇਗੁਨਾਹ ਉਨ੍ਹਾਂ ਦੇ ਨੱਕ ਕੱਟ ਦਿੱਤੇ ਅਹਮਦਖਾਂ ਦੇ

੧੦੦ ਜਦ ਅਹਿਮਦਸ਼ਾਹ ਦੁਰਾਨੀ ਦੇ ਆਵਣੇ ਜਾਵਣੇ ਦੇ ਵੇਲੇ ਪੰਜਾਬ ਵਿੱਚ ਭਾਰੀ ਅਫਰਾ
ਤਫਰੀ ਹੋ ਗਈ ਤਾਂ ਸਿੰਘਾਂ ਦੇ ਐਸਾ ਕੀਅ ਸੂਤ ਆਯਾ ਜਿਕੂੰ ਪਾਣੀ ਦਾ ਹੜ ਆਏ ਤੋਂ ਬਗ
ਲੇ ਤੇ ਲੁੱਧਰਾਂ ਦਾ ਦਾਉ ਲੱਗਦਾ ਹੈ ਸਿੰਘਾਂ ਨੇ ਘਣੀਆਂ, ਨੁਸ਼ਹਿਰਾ, ਜੰਡਿਆਲਾ, ਮੰਜੀਠ
ਕਲਾਨੌਰ, ਜੋਧਨਗਰ, ਫਗਵਾੜਾ, ਤਲਵਣ, ਬਿਜਵਾੜਾ, ਜਲੰਧਰ, ਸਠਿਆਲਾ, ਬਟਾ
ਲਾ, ਮੰਡਿਆਲਾ, ਸੇਖੂਪੁਰ, ਰਸੂਲਨਗਰ ਆਦਿਕ ਦੁਸ਼ਮਣਾ ਚੁਗਲਾਂ ਦੇ ਪਿੰਡ ਚੁਣ ਚੁਣ
ਕਰ ਲੁੱਟੇ ਮਾਰੇ ਚੌਧਰੀ ਸਾਹਿਬਰਾਇ ਨੌਸ਼ਹਿਰੇ ਵਾਲਾ, ਰਾਮਾ ਰੰਧਾਵਾ ਘਣੀਏ ਵਾਲਾ,
ਧਰਮਦਾਸ ਜੋਧਨਗਰੀਆ, ਆਕਲਦਾਸ ਜੰਡਿਆਲੀਏ ਦਾ, ਕਰਮਾ ਛੀਨਾ, ਸਨਮੁਖਰਾ
ਇ ਵਟਾਲੀ, ਰਾਯ ਬਖਤਾ ਮੰਜੀਠੇ ਦਾ, ਰਾਯ ਹਸਨਾ ਮੰਡਿਆਲੇ ਦਾ, ਭੈਣਾਮੱਲ ਭੀਲੋਵਾ
ਲੀਆ, ਸੱਠਿਆਲੇ ਬਟਾਲੇ ਵਾਲੇ ਰੰਘੜ, ਧਨੋਏ ਦੇ ਜੱਟ, ਹੈਬਤਪੁਰ ਪੱਟੀ ਦੇ ਖੱਤ੍ਰੀ, ਸੇਖੂਪੁ
ਰੇ ਦੇ ਗੱਖੜ ਆਦਿਕ ਬਡੇ੨ ਨਾਮੀ ਤਅੱਲਕੇਦਾਰ ਚੌਧਰੀ ਜੋ ਨੇ ਚੁਗਲੀਆਂ ਕਰ ਕਰ
ਹਮੇਸ਼ ਸਿੰਘਾਂ ਨੂੰ ਫੜਾਉਂਦੇ ਮਰਵਾਉਂਦੇ ਤੇ ਇਨਾਮ ਇੱਜ਼ਤ ਪਾਉਂਦੇ ਤੇ ਸੂਬੇ ਨੂੰ ਆਪਣੀ
ਖੈਰਖ੍ਵਾਹੀ ਜਿਤਾਉਂਦੇ ਰਹਿੰਦੇ ਸਨ ਜਿਨ੍ਹਾਂ ਕਿ ਬੇਤਾਂਈ ਵਾਹ ਲੱਗੀ ਦੁਰਾਨੀਆਂ ਦੇ ਰੌਲੇ ਵਿੱਚ
ਸਿੰਘਾਂ ਨੇ ਸਬਨਾ ਵੈਰੀਆਂ ਚੁਗਲਾਂ ਨੂੰ ਚੁਗ੨ ਕੇ ਬਾਸੀ ਅੰਨ ਵਾਂਗੂ ਛਕਆ ਤੇ ਉਨ੍ਹਾਂ
ਦੇ ਪਿੰਡਾਂ ਨੂੰ ਸਾੜਕੇ ਚਣੇ ਚਬਾ ਛੱਡੇ। — ਉਸ ਵੇਲੇ ਸਿੰਘਾਂ ਦੇ ਦੋਹਾਂ ਦਲਾਂ ਵਿੱਚ ਸ਼ੁਮਾਰ

ਚੁੱਕੇ ਹੋਏ ਉਨਾਂ ਨੇ ਰਾਤ ਨੂੰ ਜਰਨੈਲ ਦਾ ਤੰਬੂ ਜਾ ਘੇਰਿਆ ਉਹ ਨਠਕੇ ਨਾਦਰ ਦੇ ਤੰਬੂ ਵਿੱਚ ਜਾ ਵੜਿਆ, ਨਾ
ਦਰ ਸਮੇਤ ਉਨ੍ਹੇ ਮਾਰਕੇ ਅਹਿਮਦਸ਼ਾਹ ਨੂੰ ਬਾਦਸ਼ਾਹ ਬਣਾਯਾ, ਏਸਨੇ ਅਹਿਮਦਸ਼ਾਹ ਆਪਣਾ
ਖਿਤਾਬ ਉੱਘਾ ਕਰ ਕੰਧਾਰ ਨੂੰ ਜੱਫਾ ਜਾ ਮਾਰਿਆ, ਫੇਰ ਬਲਖ, ਸਿੰਧ, ਕਾਬੁਲ, ਕਸ਼ਮੀਰ ਪਰ ਭੀ ਸੰਤੋਖ
ਨਾ ਕੀਤਾ ਤੇ ਹਿੰਦ ਪਰ ਚੜ੍ਹਾਈ ਕਰ ਦਿੱਤੀ। ਏਸਨੇ ੧੧ ਹਮਲੇ ਹਿੰਦੁਸਤਾਨ ਪਰ ਕੀਤੇ ਅਤੇ ਕਈ ਕਰੋੜ
ਅਸ਼ਰਫੀਆਂ ਤੇ ਹਜ਼ਾਰ ਲੱਖ ਦੇ ਲਗ ਭਗ ਕੁੜੀਆਂ ਮੁੰਡੇ ਜਵਾਨ੨ ਫੜਕੇ ਆਪਣੇ ਦੇਸ ਨੂੰ ਲੈ ਗਿ
ਆ, ਤੇ ਏਸਨੇ ਪੰਜਾਬ ਦਾ ਮੁਲਕ ਭੀ ਆਪਣੇ ਪੇਟੇ ਪਾ ਲਿਆ ਸੀ, ਪਰ ਸਿੰਘਾਂ ਨੇ ਏਸਦਾ ਰਾਜ ਪੰਜਾਬ
ਵਿੱਚ ਨਾ ਹੋਣ ਦਿੱਤਾ। ਫੇਰ ਏਸਦਾ ਪੋਤਾ ਜ਼ਮਾਨਸ਼ਾਹ ਭੀ ਤਿੰਨ ਚਾਰ ਵਾਰੀ ਆਯਾ ਪਰ ਸਿੰਘਾਂ ਨੇ ਪੁੱਠੇ ਪੈ
ਰੀ ਮੋੜ ਦਿੱਤਾ। ਓੜਕ ਅਹਿਮਦਸ਼ਾਹ ਦੇ ਪੋਤੇ ਸ਼ਾਹ ਸ਼ੁਜਾਉਲਮੁਲਕ ਨੂੰ ਉਸਦੇ ਵਜ਼ੀਰ ਫਤੇਖਾਂ ਨੇ
ਕਾਬਲ ਤੋਂ ਧੱਕੇ ਮਾਰਕੇ ਕੱਢ ਦਿੱਤਾ ਤੇ ਆਪ ਬਾਦਸ਼ਾਹੀ ਸੰਭਾਲ ਲਈ ਜਿਸਦੀ ਸੰਤਾਨ ਕਾਬੁਲ ਵਿੱਚ
ਅਮੀਰ ਅਬਦੁਲਰਹਮਾਨ ਹੁਣ ਬਾਦਸ਼ਾਹੀ ਕਰ ਰਿਹਾ ਹੈ।
ਸ਼ਾਹਸ਼ੁਜਾ ਦੀ ਸੰਤਾਨ ਸਰਕਾਰ ਅੰਗ੍ਰੇਜ਼ੀ ਦੇ ਆਸਰੇ ਲੁਦਿਹਾਣੇ ਦਿਨ ਪੂਰੇ ਕਰਦੀ ਹੈ। ਏਨ੍ਹਾਂ
ਦਾ ਪੂਰਾ ਹਾਲ ਮਹਾਰਾਜੇ ਰਣਜੀਤ ਸਿੰਘ ਦੇ ਹਾਲ ਵਿੱਚ ਲਿਖਾਂਗੇ।

Digitized by Panjab Digital Library | www.panjabdigilib.org

ਸਿੰਘ ਨੌਠੇਕੇਵਾਲਾ ਪਰਗਨੇ ਸਿਆਲਕੋਟ, ਕਰੋੜਾਸਿੰਘ, ਕਰਮਾਸਿੰਘ ਪੰਜਗਰਾੜੀ ੧੦੧
ਏ ਪਰਗਨੇ ਗੁਰਦਾਸਪੁਰਦੇ, ਦਯਾਲਸਿੰਘ, ਗੁਰਦਯਾਲਸਿੰਘ ਡੱਲੇਵਾਲੀਏ ਪਰ
ਗਨੇ ਕਲਾਨੌਰਦੇ, ਚੜਤਾਸਿੰਘ, ਚੰਦਾਸਿੰਘ ਸ਼ੁਕਰਚੱਕੀਏ, ਗੁਰਬਖਸ਼ਸਿੰਘ ਧਾਲ°
ਸਿੰਘ ਕਲਸੀਏ, ਖ਼ਿਆਲਾਸਿੰਘ ਆਦਿਕ ਕੰਗ, ਜੱਸਾਸਿੰਘ ਭਾਗਸਿੰਘ ਆਲੂਵਾ
ਲੀਏ, ਹਰੀਸਿੰਘ, ਛੱਜਾਸਿੰਘ ਪੰਜਵੜੀਏ, ਦੀਪਾਸਿੰਘ ਸੁੱਧਾਸਿੰਘ ਸ਼ਹੀਦ, ਨੱਵਾਬ
ਕਪੂਰਸਿੰਘ ਸੁੱਖਾਸਿੰਘ ਤਖਾਣ, ਜੱਸਾਸਿੰਘ ਰਾਮਗੜ੍ਹੀਆ, ਭੋਮਾਸਿੰਘ ਜੈਸਿੰਘ
ਹਕੀਕਤਸਿੰਘ ਘਨਈਏ, ਹੀਰਾਸਿੰਘ ਸੱਦਾਸਿੰਘ ਨਕਈ, ਕਰਮਾਸਿੰਘ, ਧਰਮ
ਸਿੰਘ ਖੱਤ੍ਰੀ ਅੰਮ੍ਰਿਤਸਰੀਏ, ਜਮੁਨਾਸਿੰਘ ਬਦਨਸਿੰਘ, ਵੀਰਸਿੰਘ ਮਜ੍ਹਬੀ ਆ
ਦਿਕ ਬਹੁਤ ਸਿੱਖ ਸਰਦਾਰ ਸੇ।

ਅਹਿਮਦਸ਼ਾਹ ਅਬਦਾਲੀ ਦੇ ਰੌਲੇ ਤੋਂ ਪਿੱਛੋਂ ਦੀਵਾਨ ਲਖਪਤਰਾਇ ਦੇ ਭਾਈ ਜਸਪਤ
ਰਾਇ ਨੇ ਜੋ ਏਮਨਾਬਾਦ ਆਪਣੀ ਜਾਗੀਰ ਵਿੱਚ ਰਹਿੰਦਾ ਹੁੰਦਾ ਸੀ, ਬਹੁਤ ਸਿੰਘ ਧੋਖੇ
ਨਾਲ ਫੜ ਫੜ ਮਰਵਾਏ ਸੇ। ਸੰ: ੧੮੦੪ ਬਿਕ੍ਰਮੀ ਨੂੰ ਏਮਨਾਬਾਦ ਗੁਰਦੁਆਰੇ ਰੋੜੀ
ਸਾਹਿਬ ਵਿਚ ਬੈਸਾਖੀ ਦੇ ਮੇਲੇ ਪਰ, ਦੋ ਤਿੰਨ ਜਥੇ ਸਿੰਘਾਂ ਦੇ ਉਧਰ ਫਿਰਦੇ ਹੋਏ ਚਲੇ
ਗਏ, ਜਸਪਤਰਾਇ ਨੇ ਆਖ ਭੇਜਿਆ, ਤੁਸੀਂ ਏਥੇ ਠਹਿਰੋਗੇ ਤਾਂ ਮੈਥੋਂ ਬੁਰਾ ਕੋਈ ਨਹੀਂ
"ਸਿੰਘਾਂ ਨੇ ਖਫੂਰ ਹੋਣ ਤੋਂ ਡਰਕੇ ਆਖਿਆ ਅੱਜ ਦੀ ਰਾਤ ਅਸੀਂ ਆਪਣੇ ਗੁਰਦੁਆਰੇ
ਭਗਤੀ ਭਜਨ ਕਰਾਂਗੇ, ਤੜਕੇ ਬੈਸਾਖੀ ਦਾ ਇਸ਼ਨਾਨ ਕਰਕੇ ਚਲੇ ਜਾਵਾਂਗੇ। ਉ
ਸਨੇ ਇੱਕ ਘੜੀ ਭੀ ਸਿੰਘਾਂ ਦਾ ਟਿਕਣਾ ਨਾ ਚਾਹਿਆ, ਫੌਰ ਉਠਾਉਣ ਲਈ ਸਿਪਾਹੀ
ਭੇਜੇ, ਪਰ ਸਿੰਘ ਨਾ ਉਠੇ ਉਹ ਇਕ ਸੌ (੧੦੦) ਅੱਸਵਾਰ ਪਿਆਦਾ ਨਾਲ ਲੈਕੇ ਹਾਥੀ ਉਤੇ ਚਾੜ੍ਹ
ਆਰਨਾਯਾ ਆਪ ਆਣਕੇ ਗਾਲ੍ਹੀਆਂ ਦੇਣ ਲੱਗ ਪਿਆ, ਪਹਿਲੇ ਤਾਂ ਸਿੰਘ ਚੁੱਪ
ਕਰ ਰਹੇ ਪਰ ਜਦ ਉਸ ਨੇ ਆਖਿਆ ਤੁਹਾਡੇ ਮੂੰਹ ਸਿਰ ਹੁੱਕੇ ਦੇ ਪਾਣੀ ਨਾਲ ਮੁਨਾ ਕੇ, ਲ°
ਹੌਰ ਪਹੁੰਚਾਕਰ ਤੁਹਾਡੇ ਪਤਿੰਦਰ ਸੂਬੇ ਪਾਸੋਂ ਤਸਮੇਂ ਕਢਾਵਾਂਗਾ, ਤਦ ਸਰਦਾਰ ਚੜ੍ਹ
ਤਸਿੰਘ ਨੇ ਆਖਿਆ ਕਿਰਾੜਾ ਕਿਉਂ ਤੇਰੀ ਸ਼ਾਮਤ ਆਈ ਹੈ, ਤੈਂ ਆਖਰ ਕਿਉਂ ਚੁੱਕੀ ਹੈ, ਜੇ
ਹੜੇ ਸਿੰਘ ਹਿੰਦੂ ਧਰਮ ਦੀ ਰੱਖਿਆ ਵਾਸਤੇ ਜਾਨਾ ਦੇ ਰਹੇ ਹਨ ਤੂੰ ਉਨ੍ਹਾਂ ਨੂੰ ਬੁਰਾ ਭਲਾ ਬੋ
ਲਦਾ ਹੈਂ, ਕੀ ਤੈਂ ਭੀ ਦਾਖੂਦਾਨੇ ਲੈਣੇ ਹਨ, ਏਹ ਸੁਣਕੇ ਖੱਤ੍ਰੀ ਨੇ ਹੁਕਮ ਦਿੱਤਾ, ਜੱਟ ਨੂੰ ਫੜ
ਲਓ, ਏਹ ਹੁਕਮ ਸੁਣਕੇ ਫੌਜ ਸਿੰਘਾਂ ਉਪਰ ਧਾਵੀ ਕਰਕੇ ਪਈ ਤਾਂ ਪੰਜਕ ਸਿਪਾਹੀ

Digitized by Panjab Digital Library | www.panjabdigilib.org

੧੦੨ ਤਾਂ ਰਤਨ ਸਿੰਘ ਜੀ ਨੇ ਮਾਰੇ ਬਾਕੀ ਹੋਰ ਨਾਸੀਆਂ ਨੇ ਵੰਡ ਲਏ, ਅਘੜ ਸਿੰਘ ਨੇ ਗਾ
ਨੇ ਖੱਤ੍ਰੀ ਨੂੰ ਦੁਗਾੜਾ ਮਾਰ ਕੇ ਦੜ ਕਰਦਾ ਜ਼ਿਮੀਨ ਪਰ ਮਾਰਿਆ। ਰਤਨ ਸਿੰਘ ਨੇ ਆ
ਖਿਆ ਖਾਲਸਾ ਜੀ ਧੋਲ੍ਹੇ ਕੇਂਞੀ ਰੁਤੇ ਬੀਜੀਦੇ ਹਨ, ਜੋ ਹੋਣਾ ਸੀ ਸੋ ਤਾਂ ਹੋ ਗਿਆ, ਹੁਣ ਕੋ
ਰ ਵਿਰ ਚਾ ਕੀਮ ਨਾ ਰੱਖੋ। ਫੇਰ ਤਾਂ ਜਦ ਸਿੰਘਾਂ ਦਾ ਸੱਤ ਸ੍ਰੀ ਅਕਾਲ ਬੋਲਿਆ ਤਾਂ ਖੱਤ੍ਰੀ ਦੇ
ਸਾਥੀ ਸਬ ਪੜਾ ਤੇ ਨਠ ਗਏ ਤੇ ਸਿੰਘ ਹੱਲਾ ਕਰ ਕੇ ਸ਼ਹਿਰ ਵਿੱਚ ਜਾ ਵੜੇ, ਪਹਿਲਾਂ ਤਾਂ ਜ
ਸਪਤ ਰਾਇ ਦਾ ਹੀ ਘਰ ਲੁੱਟਿਆ, ਔਰਤਾਂ ਨੇ ਛੱਲੇ ਛਾਪਾਂ ਤਕ ਦੇ ਕੇ ਜਾਨ ਬਚਾਈ। ਫੇ
ਰ ਤਾਂ ਮੇਲੇ ਦੀ ਖਲਕਤ ਭੀ ਸ਼ਹਰ ਨੂੰ ਲੁੱਟਣ ਉੱਠ ਪਈ। ਸਿੰਘ ਤਾਂ ਤਰਦਾ ੨ ਮਾਲ
ਲੈ ਕੇ ਚੂਹੜ ਕਾਣੇ ਦੀ ਬਾਰ ਵਿੱਚ ਜਾ ਵੜੇ, ਬਾਕੀ ਹੋਰ ਲੋਗਾਂ ਨੇ ਸ਼ਹਰ ਲੁੱਟਿਆ।
ਜਦ ਏਹ ਸੰਦੇਸਾ ਦੀਵਾਨ ਲਖਪਤ ਰਾਇ ਨੂੰ ਲਾਹੌਰ ਪਹੁੰਚਿਆ ਤਾਂ ਸਭੋ ਕਪੜੀਂ ਮਰ
ਗਿਆ। ਚਾਰਕ ਖਤ੍ਰੀ ਅੱਛੀ ਵਾਂਗੂੰ ਤੜਫ ਕੇ ਯਹੀਆ ਖਾਂ ਸੂਬੇ ਪਾਸ ਜਾ ਰੋਯਾ, ਕ੍ਰੋਧ ਵਿੱਚ
ਸੜਦੇ ਨੂੰ ਸੋਝੀ ਨਾ ਰਹੀ, ਬਿਨਾ ਸੋਚੇ ਸਮਝੇ ਸੂਬੇ ਦੇ ਅੱਗੇ ਪਗੜੀ ਰੱਖ ਕਰ ਬੋਲਿਆ
ਜੇ ਹੁਣ ਤੁਸੀਂ ਬਨਾਓਗੇ ਤਾਂ ਬੰਨ੍ਹਾਂਗਾ ਤੇ ਮੈਂ ਸਿੰਘਾਂ ਦਾ ਖੁਰਖੋਜ ਮਿਟਾ ਕੇ ਬੰਨ੍ਹਾਂਗਾ।
(ਅੰਨ੍ਹਾ ਤੈਨੂੰ ਕੀ ਚਾਹੀਦਾ ਹੈ ਦੋ ਨੈਣ) ਨਾਜ਼ਮ ਨੇ ਆਖਿਆ ਮੈਂ ਤਾਂ ਅੱਗੋਂ ਹੀ ਏਸੇ ਕੰਮ
ਦੀਆਂ ਸੁੱਖਣਾਂ ਸੁਖਦਾ ਹਾਂ, ਜੋ ਕੁਛ ਚਾਹੀਏ ਸੋ ਲੈ।
ਪਹਿਲੇ ਤਾਂ ਲਖਪਤ ਨੇ ਲਾਹੌਰ ਦੇ ਬਸਨੀਕਾਂ ਸਿੰਘਾਂ ਉੱਤੇ ਹੱਥ ਉਠਾਯਾ, ਫੜ ਫੜ ਕੇ ਕਤ
ਲ ਕਰਾਉਣ ਲਗ ਪਿਆ। ਸਿੰਘ ਸ਼ਹਿਰ ਛੱਡ ਛੱਡ ਕੇ ਨੱਠ ਗਏ। ਦੂਸਰੇ ਦਿਨ ਦੀਵਾਨ
ਕੌੜਾ ਮਲ ਰਾਇ ਸੂਰਤ ਸਿੰਘ, ਲੱਛੀ ਰਾਮ, ਚੌਧਰੀ ਜਵਾਹਿਰ ਮੱਲ, ਪੰਡਿਤ ਸੁਰਤ ਰਾ
ਮ ਆਦਿਕ ਬਡੇ ੨ ਆਦਮੀ ਸ਼ਹਰ ਦੀ ਮੇਲਾ ਕਰ ਕੇ ਲਖਪਤ ਰਾਇ ਪਾਸ ਆਏ ਤੇ ਆ
ਖਿਆ ਕੇ ਜੋ ਹੜੀ ਭਾਵੀ ਬੀਤਣੀ ਸੀ ਸੋ ਬੀਤ ਗਈ, ਹੁਣ ਤਾਂ ਹੱਥ ਨਹੀਂ ਆਉਂਦੀ, ਹੁਣ ਤੂੰ
ਸਿੰਘਾਂ ਉੱਤੇ ਲੋਹੇ ਦੀ ਲਾਉਣਾ ਖੈਰ, ਸਿੰਘ ਭੀ ਆਪਣੇ ਹੀ ਭਾਈ ਹਨ ਤੇ ਹਿੰਦੂ ਧਰਮ
ਦੇ ਰਾਖੇ ਹਨ, ਜੇ ਕਦੇ ਏਹ ਹਿੰਮਤ ਨਾ ਕਰਦੇ ਤਾਂ ਅੱਜ ਨੂੰ ਤੁਸੀਂ ਅਸੀਂ ਸਬ ਸ਼ਰਹ ਦੀ
ਨ ਕਰਮ ਦੀਨ ਬਣੇ ਹੋਏ ਬੈਠੇ ਮਸੀਤਾਂ ਦੇ ਕੁੱਤੇ ਹਟਾਉਂਦੇ। ਐਥੇ ਤਕ ਭੀ ਸਮਝਾਯਾ
ਕੇ ਅੱਜ ਸੋਮਾਵਤੀ ਅਮਾਵਸ ਹੈ, ਏਹ ਜੋ ਹੜ੍ਹੇ ਫੜੇ ਹੋਏ ਸਿੰਘ ਤੈਂ ਜਲਾਦਾਂ ਨੂੰ ਸੌਂਪੇ ਹ
ਨ ਅੱਜ ਕਤਲ ਨਾ ਕਰਾ। ਬਥੇਰਾ ਸਮਝਾਯਾ, ਪਰ ਉਸ ਪਾਪੀ ਜ਼ਾਲਮ ਨੇ ਇੱਕ ਨਾ
ਮੰਨੀ। ਮਿਹਨਤ ਮਜੂਰੀ ਕਰਨ ਵਾਲੇ ਬੇਗੁਨਾਹ ਮਰਵਾ ਸੁੱਟੇ ਐਸੀ ਮੂਰਖ ਮਤਿ

Somavati Amavasya

Digitized by Panjab Digital Library | www.panjabdigilib.org

ਕੀਤੀ, ਸਾਰੇ ਦੇਸ ਵਿੱਚੋਂ ਗੁਰੂਜੀ ਦੀ ਬਾਣੀ ਦੇ ਗ੍ਰੰਥ ਪੋਥੀਆਂ ਲੱਭ੨ ਕੇ, ਅੱਗ ਤੇ ਪਾਣੀ ਦੀ ੧੦੩
ਭੇਟਾ ਕਰਾਈਆਂ, ਸੈਂਕੜੇ ਧਰਮਸਾਲਾ ਢਹਾ ਦਿੱਤੀਆਂ। ਤਾਲਾਬ ਅੰਮ੍ਰਿਤਸਰ ਜੀ
ਮਿੱਟੀ ਨਾਲ ਪੂਰ ਕੇ ਖੇਤੀ ਬੀਜਵਾ ਦਿੱਤੀ ਤੇ ਢੰਢੋਰਾ ਫੇਰ ਦਿੱਤਾ ਜੋ ਕੋਈ ਗੁਰੂ ਕਾ ਸਿੱਖ
ਸਦਾਵੇਗਾ ਸੋ ਸਜ਼ਾ ਪਾਵੇਗਾ। ਜੇਹੜਾ ਜਲ ਖੇਤੀਆਂ ਨੂੰ ਪਾਲਦਾ ਹੈ ਓਹੋ ਮਾਰਦਾ
ਹੈ, ਖੱਤ੍ਰੀਆਂ ਨੇ ਇਹ ਪੰਥ ਪੈਦਾ ਕੀਤਾ ਹੈ, ਮੈਂ ਖੱਤ੍ਰੀ ਦੂਰ ਕਰਦਾ ਹਾਂ। ਫੇਰ ਹਿੰਦੀ ਲਿਖ
ਣ ਵਿਚ ਗੁੜ ਦਾ ਗੁਰ ਹੋ ਜਾਂਦਾ ਹੈ ਤਾਂ ਤੇ ਗੁੜ ਨੂੰ ਗੁੜ ਕੋਈ ਨਾ ਲਿਖੇ, ਸਭ ਗੁੜ ਦੇ ਥਾਂ
ਉ ਰੋੜੀ ਲਿਖਣਾ ਬੋਲਣਾ ਕਰਨਾ ਓਦੋਂ ਦੇ ਹੀ ਹੁਣ ਤਕ ਲਾਹੌਰੀ ਲੋਗ ਗੁੜ ਨੂੰ ਰੋੜੀ
ਲਿਖਦੇ ਬੋਲਦੇ ਹਨ। ਖੱਤ੍ਰੀ ਨੇ ਐਡਾ ਖਰੂਦ ਮਚਾਯਾ ਦੇਸ ਵਿੱਚ ਰੌਲੀ ਪੈ ਗਈ।
ਨਸ਼ਟ ਬੁੱਧੀ ਨੇ ਏਹ ਨਾ ਸੋਚਣਾ, ਸੂਰਜ ਦਾ ਪ੍ਰਕਾਸ਼ ਰੋਕਣ ਦੀ ਇੱਛਣਾ ਵਾਲਾ ਸਿਪਾਤੀ
ਆਪਣੇ ਹੀ ਖੰਭ (ਪਰ) ਸਾੜ ਬੈਠਾ ਸੀ, ਦੀਵੇ ਨੂੰ ਬੁਝਾਉਣ ਵਾਲੇ ਪਤੰਗੇ ਆਪੇ ਸ
ੜ ਮਰਦੇ ਹਨ। —— ਸਿੰਘਾਂ ਨਾਲ ਏਤਨੇ ਜ਼ੁਲਮ ਕਰਕੇ ਭੀ ਲਖਪਤਰਾਇ ਨੂੰ
ਜਦ ਸਬਰ ਨਾ ਆਯਾ ਤਾਂ ਸਾਰੀ ਪੰਜਾਬ ਦੇ ਮੁਸਲਮਾਨ, ਤੇ ਸੂਬੇ ਦੀ ਫੌਜ, ਤੋਪਖਾ
ਨਾ ਲੈਕਰ, ਸਿੰਘਾਂ ਦੇ ਮਾਰਨ ਲਈ ਬੇਅੰਤ ਨਗਾਰੇ, ਢੋਲ ਬਜਵਾ ਕੇ ਚੜ੍ਹ ਬੈਠਾ।

ਛੋਟਾ ਘੱਲੂ ਘਾਰਾ।

ਅੱਠਾਂ ਦਸਾਂ ਕੋਹਾਂ ਵਿੱਚ (ਮਕੜੀ) ਟਿੱਡੀ ਦਲ ਵਾਂਗੂ ਬੇਓੜਕ ਦਲ ਚੱਲ ਪਿਆ।
ਉਸ ਸਮੇ ਸਭ ਸਿੰਘ ਪੰਦ੍ਰਾਂ ਹਜ਼ਾਰ (੧੫੦੦੦) ਕੱਠੇ ਹੋਕੇ ਕਾਹਨੂੰਵਾਨ ਦੇ ਛੰਭ ਵਿੱਚ ਜਮਾ ਸੇ।
ਲਖਪਤਰਾਇ ਨੇ ਕਈ ਲਖ ਆਦਮੀ ਲੈਕੇ ਸਿੰਘਾਂ ਨੂੰ ਚੁਫੇਰੀ ਜਾ ਘੇਰਿਆ, ਦਿਨੇ ਤਾਂ
ਸਿੰਘ ਚਾਰੇ ਤਰਫ਼ ਜੰਗਲ ਦੇ ਕਿਨਾਰੇ੨ (ਜੋ ਬੀਸ ਕ ਕੋਸ ਵਿੱਚ ਸੀ) ਤੀਰ ਬੰਦੂਕ
ਚਲਾਉਂਦੇ ਹੋਏ, ਮੱਛੀਆਂ ਮਿਰਗਾਂ ਦਾ ਸ਼ਿਕਾਰ ਕਰਕੇ ਭੁੰਨ੨ ਛਕ ਲੈਂਦੇ ਤੇ ਫਿਰ
ਦੇ ਰਹਿੰਦੇ, ਰਾਤ ਨੂੰ ਅਨੇਕ ਥਾਂਈ ਵੈਰੀਆਂ ਉੱਤੇ ਜਾ ਹੱਥ ਮਾਰਦੇ।

ਸਿੰਘ ਤਾਂ ਉਸ ਡਾਢੇ ਗਾੜ੍ਹੇ ਕੰਡਿਆਂ ਵਾਲੇ ਬਣ ਦੇ ਭੇਤੀ ਸੇ ਮਿਰਗਾਂ ਵਾਂਗੂ ਫਿਰੀ ਜਾਂਦੇ, ਤੇ
ਮੁਸਲਮਾਨ ਨਹੀਂ ਵੜ ਸਕਦੇ ਸੇ, ਤਿੰਨ ਮਹੀਨੇ ਏਹੋ ਹਾਲ ਰਿਹਾ, ਜਦ ਸਿੰਘਾਂ ਪਾਸ
ਜੰਗੀ ਸਾਮਾਨ ਨਾ ਰਿਹਾ ਤਾਂ ਗੁਰਮਤਾ ਕਰਕੇ ਇੱਕ ਪਾਸੇ ਨੂੰ ਨਿਕਲ ਪਏ, ਬੜੀ ਭਾਰੀ
ਲੜਾਈ ਹੋਈ, ਦੋਹਾਂ ਪਾਸਿਆਂ ਦੇ ਬੇਓੜਕੇ ਮਰੇ, ਸਿਆਣੇ੨ ਸਿੰਘਾਂ ਨੇ ਆਖਿਆ ਲੜਾਈ
ਦੇ ਢਾਈ ਫੱਟ ਹੁੰਦੇ ਹਨ, ਨੱਠ ਜਾਣਾ ਯਾ ਮਿਲ ਪੈਣਾ ਏਹ ਦੋਵੇਂ ਸਾਰੇ ਤੇ ਕੱਟ ਕੇ ਮਰ
ਜਾਣਾ ਅੱਧਾ। ਕ੍ਰਿਸ਼ਨ ਜੀ ਭੀ ਕਾਲਜਵਨ ਨਾਲ ਨੱਠ੨ ਕੇ ਲੜਦਾ ਰਿਹਾ, ਤੇ ਗੁਰੂ ਜੀ

Digitized by Panjab Digital Library | www.panjabdigilib.org

੧੦੪ ਭੀ ਦਾਉਦੀ ਲੜਾਈ ਕਰਦੇ ਰਹੇ। ਏਹੋ ਮਥਕੇ ਸਿੰਘ ਪਹਾੜਾਂ ਦੀ ਤਰਫ ਨੂੰ ਚਲ ਪਏ।
ਅੱਗੇ ੨ ਸਿੰਘ ਤੇ ਪਿੱਛੇ ੨ ਸਾਹੀ ਲਸਕਰ, ਖਾਲਸੇ ਦੀ ਮਰਜੀ ਪਹਾੜਾਂ ਉੱਤੇ ਚੜਨਾ
ਚਾਹੁੰਦੀ ਸੀ, ਲੜਦੇ ਭਿੜਦੇ ਜਦ ਪਠਾਨਕੋਟ ਦੇ ਨੇੜੇ ਗਏ ਤਾਂ ਸੂਬੇ ਲਾਹੌਰ ਦੇ ਹੁਕਮ ਨਾ
ਲ ਪਹਾੜੀ ਰਾਜੇ ਸਭ ਆਪਣੀ ੨ ਫੌਜ ਲੈਕੇ ਨਾਕੇ ਘਾਟ ਰੋਕ ਖੜੇ ਸੇ। ਕੱਚੇ ਪਹਾੜੀ
ਮਾਣੂਆਂ ਨੇ ਏਹ ਗੱਲ ਨਾ ਸੋਚੀ ਭਈ ਸਿੰਘ ਤਾਂ ਹਿੰਦੂ ਧਰਮ ਦੀ ਰੱਖਿਆ ਵਾਸਤੇ ਲੜਦੇ ਹ
ਨ ਸੱਚ ਹੈ (ਹਿੰਦੂਆਂ ਨੂੰ ਤੁਰਕੂ ਕਾਣਾ) ਦੋ ਤਰਫ ਪਹਾੜੀ ਰਾਜੇ ਤੇ ਪਹਾੜ ਜਿਨਾਂ ਉ
ਪਰ ਚੜਨਾ ਮੁਸਕਿਲ ਸੀ, ਇਕ ਪਾਸੇ ਬਿਆਸਾ ਦਰੀਯਾ ਚੜ੍ਹ ਰਿਹਾ ਸੀ। ਪਿਛੇ ਧੋ
ਚੜ੍ਹਕੀ ਫੌਜ ਤੁਰਕਾਂ ਦੀ ਲੈਕੇ ਲਖਪਤ ਰਾਯ ਤੀਰ ਗੋਲੀ ਦਾ ਮੀਂਹ ਬਰਸਾ ਰਿਹਾ ਸੀ।
ਬਾਕੀ ਪਿਆਸ ਤੇ ਭੁੱਖ, ਜੇਠ ਦੀ ਧੁੱਪ ਬਿਆਕੁਲ ਕਰ ਰਹੀ ਸੀ, ਅਨੇਕਾਂ ਸਿੰਘਾਂ ਨੇ ਦਰੀ
ਯਾ ਬਿਆਸਾ ਵਿਚ ਘੋੜੇ ਸਿੱਟੇ ਪਰ ਸਰਦਾਰ ਗੁਰਦਿਆਲ ਸਿੰਘ ਡੱਲੇਵਾਲੀਏ ਜੈਸੇ
ਕਈ ਬਹਾਦਰ ਸਿੰਘ ਜਦ ਰੋੜ੍ਹੇ ਤੇ ਖਾ ਗਏ ਤਾਂ ਸਰਦਾਰ ਜੱਸਾ ਸਿੰਘ ਤੇ ਨੱਵਾਬ ਕਪੂਰ ਸਿੰਘ
ਆਦਿਕ ਸਰਦਾਰਾਂ ਨੇ ਆਖਿਆ ਡੁੱਬਕੇ ਮਰਣ ਨਾਲੋਂ ਸਾਹਮਣੇ ਮੱਥੇ ਲੜਕਰ ਮਰਣਾ
ਚੰਗਾ ਹੈ। ਏਹ ਸੁਣਕੇ ਸਭ ਖੜੇ ਹੋ ਗਏ, ਉਸ ਸਮੇਂ ਸਿੰਘਾਂ ਉੱਪਰ ਭਾਰੀ ਬਿਪਤਾ ਸੀ।
ਉੜਕ ਸਰਦਾਰਾਂ ਦਾ ਲਲਕਾਰਾ ਸੁਣਕੇ ਸਭ ਸਿੰਘ ਭੁੱਖੇ ਤਿਹਾਏ, ਚਪੇੜ ਵਾਂਗੂ ਦੰਦ
ਪੀਹ ੨ ਕਸੀਸ ਵੱਟ ਵੱਟ ਕੇ, ਅਕਾਲ ੨ ਗਜਾਉਂਦੇ ਹੋਏ, ਤਲਵਾਰਾਂ ਸੂਤ ੨ ਸ਼ੇਰਾਂ ਵਾਂਗੂ ਝ
ਪਟ ਪਏ। ਫਿਰ ਕੌਣ ਖੜਾ ਹੋਂਦਾ। ਜਸਪਤ ਰਾਇ ਦਾ ਬੇਟਾ ਹਰਭਜ ਰਾਇ ਤੇ ਬਿਜੈ ਖਾਂ
ਦਾ ਬੇਟਾ ਨਾਹਰ ਖਾਂ, ਸੈਫ ਅਲੀ ਖਾਂ ਫੌਜਦਾਰ, ਕਰਮ ਬਖਸ਼ ਨੱਵਾਬ ਰਸੂਲਨਗ
ਰੀਆ, ਮਿਰਜਾ ਹਿੰਮਤ ਬੇਗ ਆਦਿਕ ਸਰਦਾਰ ਆਪਣੀ ੨ ਫੌਜ ਲੈਕੇ ਬਥੇਰਾ ਲੜੇ
ਪਰ ਸਿੰਘ ਉਨ੍ਹਾਂ ਦੇ ਰੋਕੇ ਨਾ ਰੁਕੇ, ਤਿੰਨ ਚਾਰ ਕੋਹ ਵਿਚ ਜੋ ਫੌਜ ਪਈ ਸੀ, ਉਸਨੂੰ ਚੀਰਕੇ
ਨਿਕਲ ਗਏ, ਜਿਮੀਦਾਰ ਦੇ ਜਵਾਰ ਕੱਟਣ ਵਾਂਗੂ ਵੈਰੀਆਂ ਦਾ ਸਥਾਰ ਪਾ ਦਿੱਤਾ।
ਫੌਜਦਾਰ ਹਰਭਜ, ਨਾਹਰ ਖਾਂ ਕਰਮ ਬਖਸ਼, ਅਖਗਰ ਖਾਂ ਆਦਿਕ ਬਹੁਤ ਮਾਰੇ
ਗਏ। ਤਿੰਨ ਪਹਿਰ ਘੋਰ ਆਏ ਹੋਏ ਸਿੰਘਾਂ ਉੱਤੇ ਅਤੀ ਕਹਿਰ ਦਾ ਜੰਗ ਬਰਸਿਆ।
ਸੂਰਬੀਰ ਸ਼ਹੀਦ ਹੋਕੇ ਜਨਮ ਮਰਣ ਦੀ ਰਸੀਦ ਲੈ ਗਏ, ਏਸੇ ਕਰਕੇ ਏਸ ਲੜਾਈ
ਦਾ ਨਾਮ ਛੋਟਾ ਘੱਲੂਘਾਰਾ ਹੈ। —— ਏਸ ਹੱਲੇ ਵਿੱਚ ਸੁੱਖਾ ਸਿੰਘ ਤਖਾਣ ਦੀ
ਲੱਤ ਸਖਤ ਜਖਮੀ ਗੋਲੀ ਲੱਗਕੇ ਹੋ ਗਈ ਸੀ ਪਰ ਉਸਨੇ ਬੀਰ ਰਸ ਦੀ ਮਸਤੀ ਵਿੱਚ

Those killed: Harbhaj Raj son of Lakhpat, Nahar Khan, Karam Bakhsh, Agar Khan

Digitized by Panjab Digital Library | www.panjabdigilib.org

ਪੀਣ ਨਾ ਜਣਾਈ, ਪੱਗ ਪਾੜਕੇ ਕਾਠੀ ਦੇ ਹੇਠ ਨਾਲ ਟੰਗ ਬੰਨ੍ਹ ਰੱਖੀ ਤੇ ਘੋੜਾ ਭਜਾਇ ੧੦੫
ਕੇ ਐਧਰ ਉਧਰ ਲੜਦਾ ਲੜਾਉਂਦਾ ਰਿਹਾ। ਓੜਕ ਦਿਨ ਛਿਪ ਗਿਆ, ਸਿੰਘ ਲੜਦੇ
ਭਿੜਦੇ ਇੱਕ ਪਾਸੇ ਨੂੰ ਨਿਕਲੇ ਤਾਂ ਬਹੁਤ ਅੰਧੇਰਾ ਹੋ ਗਿਆ ਇਸ ਕਰਕੇ ਵੈਰੀ ਪਿੱਛੇ
ਨਾ ਲੱਗੇ, ਸਿੰਘ ਉੱਚੀ ੨ ਬਾਣੀ ਗੁਰੂ ਕੀ ਪੜ੍ਹਦੇ ਤੇ ਗੱਲਾਂ ਕਰਦੇ ਸੱਤਾਂ ਕੋਹਾਂ ਪਰ ਜਾ ਠ
ਹਿਰੇ। ਮੁਸਲਮਾਨੀ ਲਸ਼ਕਰ ਦੇ ਪਹਿਰੂ ਸਿੰਘਾਂ ਦਿਲੀਂਓ ਬੇਖਟਕੇ ਹੋਕੇ ਸੌਂ ਗਏ। ਓ
ਧਰ ਸਰਦਾਰ ਜੱਸਾ ਸਿੰਘ, ਸੁੱਖਾ ਸਿੰਘ, ਕਪੂਰ ਸਿੰਘ ਨੇ ਆਖਿਆ ਖਾਲਸਾ ਜੀ ਵੈਰੀਆਂ
ਨੂੰ ਹੱਥ ਦਿਖਾਉਣ ਦਾ ਹੁਣ ਵੇਲਾ ਹੈ ਕਿਉਂਕਿ ਕੁਛ ਤਾਂ ਉਨ੍ਹਾਂ ਨੂੰ ਊਂਘ ਨੇ ਦੱਬ ਲਿਆ ਹੋਇਆ ਹੈ, ਕੁ
ਛ ਤੁਸੀਂ ਦੱਬ ਲਓਗੇ। ਇਹ ਗੱਲ ਸਾਰੇ ਖਾਲਸੇ ਨੇ ਮੰਨ ਲਈ ਤੇ ਢਲੀ ਰਾਤ ਦੇ ਸਾਵਧਾਨ
ਕਰਕੇ ਦੁਸ਼ਮਣਾਂ ਉੱਤੇ ਜਾ ਪਏ। ਝਟਾ ਪੱਟ ਬੇਸੁਰਤਾਂ ਨੂੰ ਕੱਟ ਕੱਟ ਸ਼ਸਤ੍ਰ ਬਸਤ੍ਰ ਤੇ ਘੋੜੇ
ਲੈ ਲਏ। ਤੁਰਕਾਂ ਦੇ ਮਸਾਲਾਂ ਜਗਾਉਂਦਿਆਂ ਨੂੰ ਜਿੱਥੋਂ ਤਾਈਂ ਹੱਥ ਮਾਰਨਾ ਸੀ ਮਾਰਕੇ
ਨੱਠ ਤੁਰੇ। ਸ੍ਰੀ ਹਰਿਗੋਬਿੰਦਪੁਰੇ ਦੇ ਪਾਸੇ ਦੀ ਬਿਆਸਾ ਟੱਪਿਆ ਜਾ ਲੀਪਾ। ਜੋ ਦਰਿਆਈ ਮ
ਲਾਹਾਂ ਨੇ ਬੇੜੀਆਂ ਖਿੱਚ ਲਈਆਂ, ਤੇ ਪਿੱਛੇ ਸੈਨਾ ਲੈਕੇ ਲਖਪਤ ਰਾਇ ਭੀ ਆ ਪਹੁੰਚ
ਆ ਸੀ, ਪਰ ਗੁਰੂ ਦੇ ਭਰੋਸੇ ਸਿੰਘ ਗਾਹਣ ਪੈਕੇ ਟੱਪਿਆ ਤਾਂ ਆਸਾਨ ਆਸਾਨ ਲੰਘ ਗ
ਏ, ਪਰ ਅੱਗੇ ਤਿੰਨ ਮੀਲ ਬਰੇਤੀ ਜੋ ਨਦੀ ਦੇ ਪਾਣੀ ਨਾਲ, ਭਠੀ ਵਾਂਗੂ ਤਪੀ ਹੋਈ ਅਤੀ
ਮੁਸੀਬਤ ਨਾਲ ਲੰਘੇ। ਪੈਦਲ ਸਿੰਘ ਕਪੜੇ ਪਾੜ ੨ ਪੈਰਾਂ ਹੇਠ ਬੰਨ੍ਹਦੇ ਗਏ, ਕਿਉਂਕਿ ਚਾਰ
ਮਹੀਨੇ ਦੇ ਜੰਗਾਂ ਵਿੱਚ ਜੋੜੇ ਕਪੜੇ ਟੁੱਟ ਫਟ ਗਏ ਸੇ। — ਬਹੁਤ ਦਿਨਾਂ ਦੇ ਭੁੱਖੇ ਸਿੰਘਾਂ
ਨੇ ਦੁਆਬੇ ਦੇ ਪਿੰਡਾਂ ਵਿੱਚੋਂ ਰਸਤ, ਘਾਸ, ਦਾਣਾ ਲੈਕਰ, ਮੀਰਕੋਟ ਦੀ ਝਿੜੀ ਵਿੱਚ ਉਤਰਕੇ ਕ
ਣਾ ਢਾਲਿਆ ਤੇ ਪ੍ਰਸਾਦੇ ਸਜਾਏ, ਅਜੇ ਸਬਨੇ ਛਕੇ ਨਹੀਂ ਸੇ ਕਿ ਬਿਜੈਖਾਂ ਦਾ ਭਾਈ ਈਸੇ
ਖਾਂ ਦੁਆਬੇ ਦਾ ਹਾਕਮ (ਜੋ ਈਸਾਪੁਰ ਪਿੰਡ ਵਸਾ ਕਰਕੇ ਓਥੇ ਹੀ ਰਹਿੰਦਾ ਸੀ) ਪਠਾਣਾਂ ਨੂੰ
ਤੇ ਅਲਾਉਲਪੁਰ ਆਦਿਕ ਦੇ ਮੁਸਲਮਾਨਾਂ ਨੂੰ ਲੈਕੇ ਆ ਵੱਜਾ। ਭਾਵੇਂ ਸਨ ਤਾਂ ਸਿੰਘ
ਚਣੇ ਚਬਾਉਂਦੇ, ਪਰ ਇਤਨੇ ਨੂੰ ਸੁਣਿਆ ਕਿ ਲਖਪਤ ਰਾਇ ਭੀ ਬਿਆਸਾ ਟੱਪ ਆਇਆ।
ਫੇਰ ਤਾਂ ਸਬਰ ਸੰਤੋਖ ਦਾ ਪਿਆਲਾ ਪੀ ਕੇ ਸਿੰਘਾਂ ਨੇ ਵਾਗਾਂ ਫੜ ਲਈਆਂ। ਦੇਸੀ ਤੁਰ
ਕਾਂ ਨਾਲ ਲੜਦੇ ਭਿੜਦੇ ਅਲੀਵਾਲ ਦੇ ਪੱਤਣੋ ਸਤਲੁਜ ਲੰਘ ਕੇ, ਮਾਲਵੇ ਨੂੰ ਸਿੱਧ
ਹੋ ਲਏ। — ਦੁਆਬੀਏ ਮੁਸਲਮਾਨ ਤੇ ਲਖਪਤ ਰਾਇ ਤਾਂ ਫਤੇ ਦੇ ਡੰਕੇ ਵੱਟਦੇ
ਹੋਏ ਮੁੜ ਆਪੋ ਆਪਣੇ ਠਿਕਾਣੇ ਗਏ ਤੇ ਬਿਜੈਖਾਂ ਸੂਬੇ ਨੂੰ ਜਾ ਆਖਿਆ, ਅਸੀਂ

Digitized by Panjab Digital Library | www.panjabdigilib.org

ਸਿੰਘਾਂ ਦਾ ਕੱਖ ਨਹੀਂ ਛੱਡਿਆ। ਇਧਰ ਸਿੰਘ ਘੱਲ ਮੋਗੇ, ਘੋਲੀਏ, ਰਦਾਰੇ, ਚੜਿੱਕ, ਖੋਸੇ,
੧੦੬ ਜੀਰੇ, ਡਰੋਲੀ, ਕੋਟਕਪੂਰੇ, ਇੰਦਗੜ੍ਹ, ਢੁੱਡੀ, ਜੈਤੋ, ਢਿੱਲਵਾਂ, ਰੋੜੇ, ਲੰਡੇ, ਬੱਧਣੀ ਦੇ
ਮਤਪੁਰੇ, ਨੰਗਲੀਆਂ, ਢਿੱਲੂਕੇ, ਸੁਣੀਪੁਰ ਆਦਿਕ ਅਨੇਕ ਪਿੰਡਾਂ ਵਿੱਚ ਜਿਥੇ ਕਿਸੇ ਦੀ
ਸਾਕ ਸਨਾਖਤੀ ਯਾ ਨਹੀਂ ਸੀ ਉਤਰ ਪਏ। ਮਲਵਈ ਸਿੱਖਾਂ ਨੇ ਆਪਣੇ ਸਿੰਘ ਭਾ
ਈ ਸਰਨ ਆਏ ਜਾਣਕੇ ਸਕੇ ਸਬੰਧੀਆਂ ਨਾਲੋਂ ਅਧਿਕ ਟਹਿਲ ਸੇਵਾ ਤੇ ਰਖਿਆ
ਦੀ ਮਨਸੂਮਪੱਟੀ ਕੀਤੀ, ਕਿਉਂਕਿ ਉਸ ਸਮੇ ਮਾਲਵੇ ਦੇ ਲੋਗ ਬਹੁਤ ਮੁਹੱਬਤੀ ਸੂਧੇ
ਸਾਦੇ ਸੁਭਾਵ, ਅਤੀ ਉਦਾਰ ਸੇ ਤੇ ਲਾਭ ਹਾਣ ਆਪਣੇ ਪਰਾਏ ਦਾ ਖਿਆਲ ਘੱਟ ਰੱਖ
ਦੇ ਹੁੰਦੇ ਤਾਂ ਸੱਚੇ ਸਿੱਖ ਸਿੱਖ ਭਾਈ ਉੱਤੇ ਜਾਨ ਦਿੰਦੇ ਸੇ, ਤੇ ਹੁਣ ਲੈਂਦੇ ਹਨ, ਭਾਵੇਂ ਐਸ
ਸਮੇ ਜਿਤਨੀ ਮਤਸਰ ਤੇ ਬੇਇਤਫਾਕੀ ਸਿੰਘਾਂ ਦੇ ਪੰਥ ਵਿੱਚ ਹੈ ਉਤਨੀ ਹੋਰ ਕਿਸੇ ਮ
ਜ਼ਹਬ ਵਿੱਚ ਨਹੀਂ, ਤਾਂ ਭੀ ਹੋਰ ਦੇਸਾਂ ਦੇ ਸਿੱਖਾਂ ਨਾਲੋਂ ਪੋਠੋਹਾਰ ਤੇ ਮਾਲਵੇ ਦੇ ਸਿੱਖ ਵੱ
ਲ ਹਨ, ਜੇ ਹੋਰ ਕੋਈ ਸਿੱਖ ਕਿਸੇ ਮਲਵਈ ਦੇ ਘਰ ਜਾ ਰਹੇ, ਸਕੇ ਸਾਕ ਵਾਂਗੂ ਟਹਿਲ
ਕਰਦੇ ਹਨ। ———— ਲਾਹੌਰੀ ਸੂਬੇ ਖਾਨ ਬਹਾਦਰ ਦੇ ਚਾਰ ਬੇਟੇ ਸੇ, ਯਹੀਏਖਾਂ,
ਈਜੇਖਾਂ, ਸ਼ਾਹਨਿਵਾਜ਼ਖਾਂ, ਅਜੀਏਖਾਂ। ਯਹੀਏਖਾਂ ਲਾਹੌਰ ਦਾ ਸੂਬਾ ਤੇ ਇਜੇਖਾਂ ਦੁ
ਆਬੇ ਜਲੰਧਰ ਦਾ ਹਾਕਮ, ਸ਼ਾਹਨਿਵਾਜ਼ ਮੁਲਤਾਨ ਵਿੱਚ, ਅਜੀਏਖਾਂ ਦਿੱਲੀ ਦੇ ਦਰਬ
ਰ ਵਿੱਚ ਆਪਣੇ ਚਾਚੇ ਵਜ਼ੀਰ ਕਮਰਦੀਨ ਪਾਸ ਰਹਿਆ ਕਰਦਾ, ਸੰ: ੧੮੦੬ ਬਿ: ਨੂੰ
ਸ਼ਾਹਨਿਵਾਜ਼ ਉੱਤੇ ਯਹੀਏਖਾਂ ਨੇ ਕੁਛ ਤਦੀ ਕੀਤੀ, ਉਹ ਆਪਣੀ ਫੌਜ ਲੈਕੇ ਲਾਹੌਰ ਸ਼
ਲਾਮਾਰ ਬਾਗ ਪਾਸ ਆ ਉਤਰਿਆ। ਦੀਵਾਨ ਸੂਰਤਸਿੰਘ ਦੀ ਮਾਰਫਤ ਆਪਣੇ
ਬਾਪ ਜ਼ਿਕਰੀਏਖਾਂ ਦੀ ਜਾਇਦਾਦ ਬੈਠ ਉਣੀ ਚਾਹੀ। ਈਰਦਾ ਤੇ ਹੰਕਾਰ ਆ ਗਿਆ,
ਦੋਹਾਂ ਭਾਈਆਂ ਨੇ ਇਕੱਠੀ ਨਿਆਜ਼ ਪਨੀ ਪਰ ਮੁਲਾਕਾਤ ਦੇ ਸਮੇ ਲਖਪਤਰਾਇ
ਨੇ ਐਸਾ ਚੂਰਾ ਛੱਡਿਆ, ਦੋਹਾਂ ਭਾਈਆਂ ਦੀ ਲੜਾਈ ਹੋ ਪਈ, ਸ਼ਾਹਨਿਵਾਜ਼ ਯਹੀਏਖਾਂ ਤੇ
ਲਖਪਤਰਾਇ ਨੂੰ ਕੈਦ ਕਰਕੇ ਆਪੇ ਆਪ ਲਾਹੌਰ ਦਾ ਸੂਬਾ ਬਣ ਬੈਠਾ ਤੇ ਕੌੜਾ ਮੱਲ
ਨੂੰ ਦੀਵਾਨ ਬਣਾ ਲੀਤਾ। ਇੱਕ ਮਹੀਨੇ ਪਿੱਛੋਂ ਕਸੂਰ ਵਾਲੇ ਪਠਾਣਾਂ ਦੀ ਮਦਦ ਨਾਲ
ਯਹੀਏਖਾਂ ਕੈਦ ਵਿੱਚੋਂ ਭੱਜਕੇ ਦਿੱਲੀ ਚਲਾ ਗਿਆ। ਸ਼ਾਹਨਿਵਾਜ਼ ਨੂੰ ਖਿਆਲ ਹੋਯਾ ਕਿ
ਤੇ ਯਹੀਏਖਾਂ ਦੀ ਫਰਿਆਦ ਸੁਣਕੇ ਮੇਰੇ ਉੱਤੇ ਦਿੱਲੀ ਵਾਲੇ ਚੜਾਈ ਨਾ ਕਰ ਦੇਣ, ਤਾਂ ਤੇ ਪ
ਹਿਲੇ ਹੀ ਸ਼ਾਹਦੁਰਾਨੀ ਨਾਲ ਗੰਢ ਸੰਢ ਕਰ ਲਈਏ। ਇਹ ਸੋਚਕੇ ਉਸਨੇ ਛਪਾਛਪ

Dewan Surat Sin[gh] help of Shah Na[waz]

Lakhpat Rai imprison

ਕਾਬੁਲ ਦੇ ਬਾਦਸ਼ਾਹ ਅਹਿਮਦਸ਼ਾਹ ਨੂੰ ਲਿਖ ਭੇਜਿਆ ਕਿ ਆਪ ਆਜਾਓ, ਮੁਲਕ ਪੰਜਾਬ ੧੦੭
ਮੈਂ ਤੁਹਾਡੇ ਸਪੁਰਦ ਕਰ ਦੇਵਾਂਗਾ। — ਅਹਿਮਦਸ਼ਾਹ ਏਹ ਸੰਦੇਸਾ ਸੁਣਦੇ ਹੀ ਤੁਰ ਆਯਾ। ਦਿੱਲੀ ਦੇ ਬਾਦਸ਼ਾਹ ਨੇ ਏਹ ਖਬਰ ਸੁਣਕੇ ਆਪਣੇ ਵਜ਼ੀਰ ਕਮਰੁੱਦੀਨ ਪਾਸੋਂ, ਜੋ ਸ਼ਾਹਨਿਵਾਜ਼ ਦਾ ਮਾਮਾ ਸੀ, ਏਹ ਲਿਖਵਾ ਭੇਜਿਆ ਤੂੰ ਅਹਿਮਦਸ਼ਾਹ ਦੇ ਹੱਲੇ ਨੂੰ ਜੈਸੇ ਬਣੇ ਤੈਸੇ ਰੋਕ, ਅਸੀਂ ਤੈਨੂੰ ਮਦਦ ਦੇਵਾਂਗੇ ਤੇ ਸਾਡੀ ਤਰਫੋਂ ਲਾਹੌਰ ਦਾ ਸੂਬਾ ਤੂੰਹੀ ਬਣ ਜਾਵੀਂ। ਹੁਣ ਸ਼ਾਹਨਿਵਾਜ਼ ਨੂੰ ਦੋਹੀਂ ਪਾਸੀਂ ਖਰਾਬੀ ਆਈ। ਏਸੇ ਕਰਕੇ ਰਾਜਨੀਤਿ ਦਾ ਬਚਨ ਹੈ "ਜੋ ਵਿਚਾਰ ਕੇ ਕਰਤ ਹੈਂ ਸੁਖ ਪਾਵਤ ਹੈਂ ਸੋਇ। ਬਿਨ ਬਿਚਾਰ ਕੇਹਰ ਮਰ੍ਯੋ ਸਸਾ ਬਚ੍ਯੋ ਸੁਤ ਲੋਇ।" — ਆਖਰ ਸ਼ਾਹਨਿਵਾਜ਼ ਨੇ ਅਹਿਮਦਸ਼ਾਹ ਤੋਂ ਬੂਰਾ ਪੇਕੇ ਦੁਖ ਪਾਯਾ। ਸ਼ਾਹ ਦੁਰਾਨੀ ਨੇ ਪਸ਼ੌਰ ਤੋਂ ਆਪਣੇ ਗੁਰੂ ਸਾਬਰਸ਼ਾਹ ਦਾ ਪੁੱਤ੍ਰ ਆਬਦਸ਼ਾਹ ਵਕੀਲ ਕਰਕੇ ਸ਼ਾਹਨਿਵਾਜ਼ ਪਾਸ ਭੇਜਿਆ ਤੇ ਸਮਝਾਯਾ ਕਿ ਬਹੁਤ ਧੀਰਜ ਪਯਾਰ ਨਾਲ ਤੂੰ ਸ਼ਾਹਨਿਵਾਜ਼ ਨੂੰ ਆਖੀਂ ਅਸੀਂ ਤੈਨੂੰ ਦਿੱਲੀ ਵਾਲੇ ਤੋਂ ਵਡਾ ਮਰਾਤਬਾ ਦੇਵਾਂਗੇ, ਤੂੰ ਆਪਣੇ ਸੁਖਨ ਪਰ ਕਾਯਮ ਰਹੁ। ਸਾਬਰਸ਼ਾਹ ਦੇ ਬੇਟੇ ਨੇ ਲਾਹੌਰ ਪਹੁੰਚਕੇ ਸ਼ਾਹਨਿਵਾਜ਼ ਨੂੰ ਬਹੁਤ ਸਮਝਾਯਾ, ਬਾਤਾਂ ਕਰਦਿਆਂ ਦ ਵਕੀਲ ਨੇ ਕੋਈ ਐਸੀ ਕਰੜੀ ਗੱਲ ਡਰਾਵੇ ਦੀ ਕੀਤੀ, ਜਿਸ ਤੋਂ ਸ਼ਾਹਨਿਵਾਜ਼ ਨੇ ਗੁੱਸੇ ਹੋਕੇ ਵਕੀਲ ਨੂੰ ਕਤਲ ਕਰਾ ਦਿੱਤਾ। ਏਹ ਹਾਲ ਸੁਣ, ਸ਼ਾਹ ਦੁਰਾਨੀ ਨੇ ਅੱਗਰੀ ਨਾਲ ਹੋਕੇ ਵਾਗ ਫੜ ਲਈ।

ਅਹਿਮਦਸ਼ਾਹ ਦਾ ਦੂਸਰਾ ਹੱਲਾ ਬਿ: ੧੮੦੬

ਏਧਰ ਸ਼ਾਹਨਿਵਾਜ਼ ਨੇ ਭੀ ਜੰਗ ਦੀ ਤੱਯਾਰੀ ਕਰ ਲਈ, ਓਧਰ ਅਹਿਮਦਸ਼ਾਹ ਭੀ ਰਾਵੀ ਦੇ ਪਆਯਾ। ਸ਼ਾਹਨਿਵਾਜ਼ ਨੇ ਆਪਣੇ ਫੌਜਦਾਰ ਮਿਰਜ਼ੇ ਅਸਮਤਬੇਗ ਨੂੰ ਨਾਲ ਲੈਕੇ, ਕਿਲੇ ਤੋਂ ਬਾਹਰ ਹੋ, ਲੜਾਈ ਪਾਈ। ਫੇਰ ਤਾਂ ਪੱਕੀਆਂ ਗੰਢਾਂ ਪੈ ਗਈਆਂ। ਅਹਿਮਦਸ਼ਾਹ ਨਾਲ ਓਦੋਂ ਸਿਰਫ ਦਸ (੧੦੦੦੦) ਹਜ਼ਾਰ ਪਠਾਣ ਸੀ, ਤੇ ਏਧਰ ਪਚਾਸ ਹਜ਼ਾਰ ਮੁਗਲੀ ਫੌਜ ਸੀ, ਹਾਰ ਜਿੱਤ ਰੱਬ ਦੇ ਹੱਥ ਹੈ, ਥੋੜੀ ਜੇਹੀ ਲੜਾਈ ਕਰਕੇ ਸ਼ਾਹਨਿਵਾਜ਼ ਦੀ ਫੌਜ ਦੇ ਪੈਰ ਹੱਲ ਗਏ, ਦੁਰਾਨੀ ਹੱਲਾ ਕਰਕੇ ਸ਼ਹਿਰ ਵਿਚ ਵੜ ਗਏ। ਕਾਜ਼ੀਆਂ ਤੇ ਮੁਗਲਾਂ ਦੇ ਮਹੱਲੇ ਵਿੱਚ ਤਾਂ ਕਿਸੇ ਦੇ ਘਰ ਕੁਛ ਨਾ ਛੱਡਿਆ, ਇਸ ਹੱਲੇ ਗੁੱਲੇ ਵਿਚ ਹੋਰ ਭੀ ਅਨੇਕ ਲੁਟੇਰੇ ਲੁੱਟਣ ਕੁੱਟਣ ਪਏ, ਗਿਰਜਿਆਂ ਨੇ ਲੁੱਟ ਮਾਰਕੇ ਸ਼ਹਿਰ ਦਾ ਸੱਤਿਆਨਾਸ ਕਰ ਘੱਤਿਆ। ਸ਼ਾਹਨਿਵਾਜ਼ ਦਿੱਲੀ ਦੀ ਤਰਫ ਦੌੜ ਗਿਆ। ਅਹਿਮਦਸ਼ਾਹ ਨੇ ਸ਼ਹਿਰ ਨੂੰ ਅਮਨ ਦੇ ਕਰ, ਲਖਪਤ ਰਾਇ ਨੂੰ ਕੈਦ ਵਿਚੋਂ ਛੱਡਕੇ ਦੀਵਾਨ ਬਣਾਯਾ, ਤੇ ਮੋਮਨ ਖਾਂ ਨੂੰ ਨਾਯਬ ਕਾਯਮ

Digitized by Panjab Digital Library | www.panjabdigilib.org

੧੦੮ ਕੀਤਾ, ਸਤਾਰਾਂ ਦਿਨ ਡੇਰਾ ਲਾਈ ਰੱਖਿਆ, ਜਦੋਂ ਹੋਰ ਫੌਜ ਕਾਬਲੋਂ ਆਈ ਤਾਂ ਦਿੱਲੀ ਵੱਲ
ਚਲ ਪਿਆ। ਉਧਰੋਂ ਸ਼ਾਹਜ਼ਾਦਾ ਅਹਿਮਦ ਤੇ ਵਜ਼ੀਰ ਕਮਰੁੱਦੀਨ ਫੌਜ ਲੈਕੇ ਲਾਹੌਰ
ਦੀ ਸੂਬੇਦਾਰੀ ਪਰ, ਵਜ਼ੀਰ ਦੇ ਬੇਟੇ (ਮੀਰ ਮੁਅੱਯਨੁਲ ਮੁਲਕ) ਮੀਰ ਮੰਨੂ ਨੂੰ ਕਾਇਮ ਕਰ
ਨ ਵਾਸਤੇ ਪਹਿਲੇ ਹੀ ਦਿੱਲੀ ਤੋਂ ਤੁਰ ਆਏ ਸੇ, ਜਦ ਦੁਰਾਨੀ ਸ਼ਾਹ ਦਾ ਲਾਹੌਰ ਆਉਣਾ ਸੁਣਿ
ਆ ਤਾਂ ਸਰਹਿੰਦ ਹੀ ਠਹਿਰ ਗਏ। ਏਤਨੇ ਨੂੰ ਸ਼ਾਹ ਦੁਰਾਨੀ ਭੀ ਸਰਹਿੰਦ ਆ ਗਿਆ।
ਦੋਹਾਂ ਦਲਾਂ ਦੀ ਲੜਾਈ ਹੋਣ ਲੱਗੀ, ਹਾਥੀ ਉੱਤੇ ਬੈਠੇ ਵਜ਼ੀਰ ਕਮਰੁੱਦੀਨ ਨੂੰ ਕਿਸੇ ਸੂਰ
ਬੀਰ ਦਾ ਤੀਰ ਚੱਲ ਗਿਆ। ਪਰ ਮੀਰ ਮੰਨੂ ਜੋ ਉਸ ਦਾ ਪੁੱਤ੍ਰ ਬੜਾ ਬਹਾਦਰ ਪਾਸ ਸੀ ਇਸ ਨੇ
ਵਜ਼ੀਰ ਦੇ ਮਾਰੇ ਜਾਣ ਦੀ ਖਬਰ ਬਾਹਰ ਨਾ ਕੱਢੀ, ਸਗੋਂ ਉਸ ਨੂੰ ਉਸੇ ਤਰਾਂ ਬੈਠਾ ਰੱਖਕੇ ਹਾ
ਥੀ ਨੂੰ ਅੱਗੇ ਵਧਾਇ ਕਰ ਐਸੀ ਜ਼ੋਰ ਸ਼ੋਰ ਨਾਲ ਲੜਾਈ ਕੀਤੀ ਜੋ ਦੁਰਾਨੀ ਨਠਾ ਦਿੱਤੇ।
ਮੀਰ ਮੰਨੂ ਲਾਹੌਰ ਤਾਂਈ ਉਨ੍ਹਾਂ ਦਾ ਪਿੱਛਾ ਦੱਬੀ ਗਯਾ, ਬਹੁਤ ਦੁਰਾਨੀ ਮਾਰੇ, ਛੇਕੜ ਨੂੰ ਅਹਿ
ਮਦ ਸ਼ਾਹ ਤਾਂ ਜਿੱਥੋਂ ਨਿਕਲ ਆਸੀ ਉਥੇ ਹੀ ਜਾ ਵੜਿਆ ਤੇ ਮੀਰ ਮੰਨੂ ਨੇ ਲਾਹੌਰ ਦੀ ਸੂਬੇਦਾ
ਰੀ ਜਾ ਲੇਕੀ ਦੀਵਾਨ ਕੌੜਾ ਮੱਲ ਨੂੰ ਦੀਵਾਨੀ ਦਾ ਖਿਤਾਬ, ਖਿਲਤ ਦੇਕੇ ਸਬ ਕੰਮ ਸੌਂਪ ਦਿੱ
2000000 2200000
ਤਾ, ਅਤੇ ਲਖਪਤ ਰਾਇ ਨੂੰ ਕੈਦ ਕਰਕੇ ਤੀਹ ਲੱਖ ਰੁਪਯਾ ਚੱਟੀ ਲਾਈ, ਜਿਸ ਵਿੱਚੋਂ ਬਾਈ
ਲੱਖ ਤਾਂ ਉਸ ਦੀ ਜਾਇਦਾਦ ਜ਼ਬਤ ਕਰਕੇ ਵੱਟ ਲਿਆ ਤੇ ਬਾਕੀ ਵਿੱਚ ਕੌੜਾ ਮੱਲ ਨੇ ਉਸ
ਨੂੰ ਇੱਕ ਬੁਰਜ ਵਿਚ ਕੈਦ ਰੱਖਕੇ ਸਿੰਘਾਂ ਦੇ ਹਵਾਲੇ ਕਰ ਰੱਖਿਆ, ਸਿੰਘਾਂ ਨੇ ਛੇ ਮਹੀਨੇ ਭਾਰੀ
ਦੁੱਖ ਰੌਰਵ ਨਰਕ ਉਸ ਦੇ ਕਰਮ ਦਾ ਫਲ ਪ੍ਰਤੱਖ ਭੁਗਾਕੇ ਛੇਕੜ ਨੂੰ ਹਮੇਸ਼ ਕਸ਼ਟ ਦੇਵਾਉ
ਣ ਲਈ ਜਮਦੂਤਾਂ ਨੂੰ ਫੜਾ ਦਿੱਤਾ। — ਏਸੇ ਕਰਕੇ ਪਰਮੇਸ਼੍ਵਰ ਨਿਆਇਕਾਰੀ ਸਬ
ਨੇ ਮੰਨਿਆ ਹੈ ਜੀਵ ਨੂੰ ਕਰਮ ਕਰਨੇ ਵਿੱਚ ਤਾਂ ਸੁਤੰਤ੍ਰਤਾ ਹੈ ਤੇ ਆਪਣੇ ਕਰਮਾਂ ਦਾ ਫਲ
ਭੋਗਣੇ ਵਿੱਚ ਪਰਤੰਤ੍ਰਤਾ ਹੈ। — ਲੱਖੂ ਨੇ ਜੈਸੇ ਜ਼ੁਲਮ ਸਿੰਘਾਂ ਨਾਲ ਕੀਤੇ ਸੇ, ਈਸ਼੍ਵਰ ਨੇ
ਤੈਸੇ ਦੁੱਖ ਉਸ ਨੂੰ ਭੁਗਾਏ। ਏਹ ਲਖਪਤ ਤੇ ਜਸਪਤ ਦੋਵੇਂ ਖੱਤ੍ਰੀ ਭਾਈ ਤਾਂਡੇ ਜ਼ਾਲਮ ਹੋ
ਏ ਹਨ ਤਾਂ ਹੀ ਅੱਜ ਤਕ ਸਬ ਸਿੱਖ ਉਨ੍ਹਾਂ ਨੂੰ ਲੱਸੂ ਭੱਸੂ ਆਖਦੇ ਰਹਿੰਦੇ ਹਨ।
ਜਦ ਸਿੰਘਾਂ ਦਾ ਦਲ ਬਸੋਲੀ ਤੇ ਪਠਾਨਕੋਟ ਦੇ ਇਰਦ ਗਿਰਦ ਲਖਪਤ ਦੀਵਾਨ ਨਾਲ
(ਘੱਲੂਘਾਰਾ) ਭਾਰਾ ਜੰਗ ਕਰਕੇ ਮਾਲਵਾ ਦੇਸ ਵਿੱਚ ਜਾ ਰਹਿਆ ਸੀ ਤਾਂ ਚਾਰ ਕੁ ਮਹੀਨੇ
ਵਿੱਚ ਸਬ ਦੇ ਜ਼ਖਮ ਰਾਜ਼ੀ ਹੋ ਗਏ ਤੇ ਨਾਲੇ ਜੋ ਕੋਈ ਸਿੰਘ ਉਸ ਵੇਲੇ ਦੇ ਸਾਕੇ ਪਹਾੜਾਂ
ਵਿੱਚ ਵੜ ਗਏ ਸਨ ਉਨ੍ਹਾਂ ਵਿੱਚੋਂ ਅਨੇਕ ਤਾਂ ਪਹਾੜੀ ਰਾਜਿਆਂ ਨੇ ਸੂਬੇ ਦੇ ਹੁਕਮ ਅਨੁਸਾਰ

Digitized by Panjab Digital Library | www.panjabdigilib.org

ਫੜ ਫੜ ਕੇ ਮਰਵਾ ਸੁੱਟੇ, ਬਾਕੀ ਭੇਸ ਬਦਲ ਕਰਕੇ ਮਾਲਵੇ ਪੰਥ ਵਿੱਚ ਆ ਮਿਲੇ। ਇਸ ੧੦੬
ਘੱਲੂਘਾਰੇ ਵਿੱਚ ਸੱਤ ਕੁ ਹਜ਼ਾਰ ਸਿੰਘ ਸ਼ਹੀਦ ਹੋਇਆ, ਸੋਈ ਉਤਨੇ ਕੁ ਨਵੇਂ ਸਿੰਘ ਸਜ ਗਏ। — ਜਦ ਕਾਬੁਲੀ ਆਏ ਤੇ ਲਾਹੌਰ ਤੇ ਸਰਹੰਦ ਦੋਹਾਂ ਬਾਦਸ਼ਾਹੀ ਦਲਾਂ ਦਾ ਭੇੜ ਹੋਇਆ ਤਾਂ ਮੁਲਕ ਮਾਲਵੇ ਤੇ ਪੰਜਾਬ ਵਿੱਚ ਫੇਰ ਫ਼ਤੂਰ ਮਚ ਗਿਆ, ਕੁਛ ਸਿੰਘਾਂ ਨੇ ਤੇ ਕੁਛ ਹੋਰ ਲੁਟੇਰੇ ਲੋਕਾਂ ਨੇ ਲੁੱਟ ਮਾਰ ਦੀ ਧੂਮ ਧਾਮ ਕਰ ਦਿੱਤੀ। ਛੀ ਮਹੀਨੇ ਜਦ ਤਕ ਮੀਰ ਮੰਨੂ ਦਾ ਸਿੱਕਾ ਨਾ ਬੈਠਾ ਤਦ ਤਾਂਈ ਸਿੰਘਾਂ ਨੇ ਚੰਗੇ ਹੱਥ ਰੰਗੇ।

ਉਸੇ ਸਮੇ ਸਿੰਘਾਂ ਨੇ ਗੁਰਮਤਾ ਕਰਕੇ, ਸ੍ਰੀ ਅੰਮ੍ਰਿਤਸਰ ਵਿੱਚ ਰਾਮਸਰ ਤੀਰਥ ਦੇ ਕਿਨਾਰੇ ਸੰ: ੧੮੦੭ ਬਿ: ਵਿੱਚ ਇੱਕ ਕੱਚਾ ਕਿਲਾ ਰਾਮਗੜ੍ਹ ਨਾਮੀ ਉਸਾਰਿਆ, ਜਿਸ ਦੇ ਨਿਸ਼ਾਨ ਹੁਣ ਤਕ ਬੁਰਜ ਖੜੇ ਹਨ। ਇਸ ਦੇ ਚੁਫੇਰੇ ਜੋ ਨੀ ਖੇਤੀ ਕੀਤੀ ਉਸ ਦਾ ਨਾਮ ਰਾਮ ਰੌਣੀ ਰੱਖਿਆ, ਜੋ ਹੁਣ ਤਕ ਮਸ਼ਹੂਰ ਹੈ। ਇਸ ਕਿਲੇ ਵਿੱਚ ਏਧਰੋਂ ਓਧਰੋਂ ਜੰਗੀ ਸਾਮਾਨ, ਘਾਸ, ਅੰਨ ਦਾ ਜ਼ਖ਼ੀਰਾ ਸਿੰਘਾਂ ਨੇ ਬਹੁਤ ਕੱਠਾ ਕਰ ਲਿਆ। ਮੀਰ ਮੰਨੂ ਨੇ ਸਿੰਘਾਂ ਦੇ ਬੰਦੋਬਸਤ ਵਾਸਤੇ ਗਸ਼ਤੀ ਫ਼ੌਜ ਚੜ੍ਹਾ ਦਿੱਤੀ ਤੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ, ਤੁਸੀਂ ਆਪਣੇ ਦੇਸ਼ ਵਿੱਚ ਕਿਸੇ ਸਿੰਘ ਨੂੰ ਵੜਨ ਨਹੀਂ ਦੇਣਾ, ਜੇਕਰ ਮਿਲੇ ਤਾਂ ਬੰਨ੍ਹ ਕੇ ਫੜ ਕੇ ਮੇਰੇ ਪਾਸ ਲਾਹੌਰ ਭੇਜ ਦੇਵੋ, ਜਲੰਧਰ ਵਿੱਚ ਅਦੀਨਾ ਬੇਗ ਖਾਂ ਨੂੰ ਦੁਬਾਰਾ ਹਾਕਮ ਕੀਤਾ ਹੋਰ ਸਿਆਲਕੋਟ, ਜਿਹਲਮ, ਰੁਤਾਸ ਆਦਿਕ ਸਭਨੀ ਥਾਂਈ ਆਪਣੇ ਆਦਮੀ ਹਾਕਮ ਕਰਕੇ ਸਿੱਖਾਂ ਦੇ ਮਾਰਨ, ਫੜਨ ਦਾ ਹੁਕਮ ਦਿੱਤਾ। ਜੇਹੜੇ ਸਿੱਖ ਫੜੇ ਹੋਏ ਲਾਹੌਰ ਜਾਂਦੇ ਉਹ ਸਭ ਨਿਖਾਸ ਚੌਕ ਵਿੱਚ ਕਤਲ ਕੀਤੇ ਜਾਂਦੇ। ਪਰ ਸਿੰਘ ਭੀ ਐਸੇ ਜ਼ੋਰਾਵਰ ਤੇ ਸੂਰਬੀਰ ਸੇ ਜੋ ਉਨ੍ਹਾਂ ਦੇ ਕਾਬੂ ਬਹੁਤ ਘੱਟ ਚੜ੍ਹਦੇ। —— ਛੇਕੜ ਅੰਮ੍ਰਿਤਸਰ ਵੈਸਾਖੀ ਨੂੰ ਪੰਜ ਸੱਤ ਹਜ਼ਾਰ ਸਿੰਘ ਕੱਠਾ ਹੋਇਆ ਸੁਣ ਕੇ ਮੀਰ ਮੰਨੂ ਨੇ ਕੌੜਾ ਮੱਲ ਤੇ ਅਦੀਨਾ ਬੇਗ ਖਾਂ, ਸਦੀਕ ਬੇਗ ਆਦਿਕ ਅਫ਼ਸਰਾਂ ਨੂੰ ਬਹੁਤ ਫ਼ੌਜ ਦੇ ਕੇ ਅੰਮ੍ਰਿਤਸਰ ਭੇਜ ਦਿੱਤਾ। ਸਿੰਘ ਭੀ ਮੋਰਚੇ ਬੰਨ੍ਹ ਕੇ ਰਾਮਗੜ੍ਹ ਦੇ ਪਾਸ, ਸਾਹਮਣੇ ਹੋ ਖੜੋਤੇ। ਜਦ ਏਹ ਖ਼ਬਰ ਦੇਸ਼ ਵਿੱਚ ਹੋਈ ਤਾਂ ਆਪਣੇ ੨ ਘਰਾਂ ਤੋਂ ਘੋੜੇ, ਕੱਚਰ, ਊਠ ਆਦਿ, ਦਾਣੇ ਦੇ ਲੱਦ ਕੇ ਬਹੁਤ ਸਿੰਘ ਲੈ ਆਏ। ਦੋ ਮਹੀਨੇ ਮੋਰਚੇ ਲਗੇ ਰਹੇ, ਸ਼ਾਹੀ ਸੈਨਾ ਤੋਂ ਕਿਲਾ ਨ ਟੁੱਟਿਆ, ਪਰ ਘਾਸ ਦਾਣਾ ਮੁੱਕੇ ਤੋਂ ਸਿੰਘਾਂ ਨੇ ਬਾਹਰ ਹੋ ਕੇ ਸ਼ਹੀਦ ਹੋਣ ਦੀ ਮਤ ਲਈ। ਮੀਰ ਮੰਨੂ ਦੀ ਤਰਫ਼ੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਭੀ ਲੜਨ ਆਯਾ ਹੋਯਾ ਸੀ।

ਰਾਮਰੌਣੀ ਦਾ ਕਿਲ੍ਹਾ ਬਣਨਾ

Digitized by Panjab Digital Library | www.panjabdigilib.org

੧੧੦ ਇਕਵਾਰੀ ਏਸ ਜੱਸਾਸਿੰਘ ਦੀ ਬਾਬਤ ਝੂਠੀ ਸੱਚੀ ਉਡ ਗਈ ਸੀ ਕਿ ਏਸ ਦੇ ਘਰ ਬੇਟੀ
ਜੰਮੀ ਸੀ ਤਾਂ ਏਸ ਦੀ ਸਿੰਘਾਂ ਨੇ ਮਾਰ ਮੁਕਾਈ। ਏਸ ਗੱਲੋਂ ਤਨਖਾਹੀਆ ਕਰਕੇ ਪੰਥ
ਖਾਲਸੇ ਨੇ ਏਸ ਦੀ ਵਰਤਣ ਛੱਡ ਦਿੱਤੀ। ਏਹ ਗੁੱਸੇ ਹੋਕੇ ਆਪਣੇ ਭਾਈਆਂ ਤੇ ੧੦੦ ਸੌ ਅਸ
ਵਾਰ ਸਮੇਤ ਅਦੀਨਾਬੇਗਖਾਂ ਪਾਸ ਨੌਕਰ ਜਾ ਰਿਹਾ ਸੀ। ਹੁਕਮ ਅਨੁਸਾਰ ਸਿੰਘਾਂ ਨਾਲ
ਲੜਦਾ ਤਾਂ ਸੀ ਪਰ ਮੌਕੇ ਤਕੇ ਰਹਿੰਦਾ ਸੀ ਜੋ ਕਿਵੇਂ ਸਿੰਘਾਂ ਨਾਲ ਰਲ ਜਾਵਾਂ ਕਿਉਂਕੇ ਮੇਰਾ
ਧਰਮ ਨਹੀਂ ਜੋ ਗੁਰਭਾਈਆਂ ਉੱਪਰ ਤੀਰ ਗੋਲੀ ਮਾਰਾਂ। ਏਹੋ ਸੋਚ ਕਰਕੇ ਉਹ ਇਕ ਤੀਰ
ਵਿਚ ਚਿਠੀ ਲਿਖ ਮਾਰੀ ਕਿ ਮੈਨੂੰ ਮੇਲ ਲਉ, ਪੰਥ ਖਾਲਸੇ ਨੇ ਉਸੇ ਤਰਾਂ ਜਵਾਬ ਦਿਤਾ
ਕਿ ਅਸੀਂ ਬੜੀ ਖੁਸ਼ੀ ਨਾਲ ਤੁਹਾਨੂੰ ਮੇਲ ਦੇਹਾਂਗੇ, ਤੁਸੀਂ ਆ ਜਾਉ। ਏਹ ਚਿੱਠੀ ਪੜ੍ਹਕੇ ਸਰ
ਦਾਰ ਜੱਸਾਸਿੰਘ ਆਪਣੇ ਸਾਥੀਆਂ ਸਮੇਤ, ਰਾਤ ਦੇ ਵਕਤ, ਮੁਸਲਮਾਨਾਂ ਦਾ ਮੇਗ
ਜ਼ੀਨ ਲੁੱਟਕੇ ਕਿਲੇ ਵਿੱਚ ਚਲਾ ਆਇਆ। ਕਈ ਦਿਨ ਅੰਦਰੋਂ ਫੇਰ ਸਿੰਘ ਲੜਦੇ ਰਹੇ
ਤੇ ਰਾਤ ਨੂੰ ਸ਼ਾਹੀ ਸੈਨਾ ਪਰ ਛਾਪੇ ਮਾਰ ਮਾਰ ਲੁੱਟਦੇ ਰਹੇ।

ਅਹਿਮਦਸ਼ਾਹ ਦਾ ਤੀਸਰਾ ਹੱਲਾ ਬਿ: ੧੮੦੮ ਬਿ:

ਅਜੇ ਕਿਸੇ ਦੀ ਜਿੱਤ ਹਾਰ ਨਹੀਂ ਹੋਈ ਸੀ ਕਿ ਅਹਿਮਦਸ਼ਾਹ ਦੁਰਾਨੀ ਦੇ ਆਉਣ ਦੀ ਅਵਾ
ਈ ਉੱਡੀ, ਜਿਸਨੂੰ ਸੁਣਦੇ ਸਾਰ ਮੀਰਮੰਨੂੰ ਦੇ ਛੱਕੇ ਛੁੱਟ ਗਏ, ਕਿਉਂਕੇ ਏਸ ਦੀ ਫੌਜ ਨੂੰ ਸਿੰਘਾਂ
ਨੇ ਜਰਜਰੀ ਕਰਕੇ ਥਕਾ ਛੱਡਿਆ ਸੀ, ਦੁਰਾਨੀਆਂ ਨਾਲ ਟੱਕਰ ਖਾਣ ਜੋਗੀ ਨਾ ਦੇਖਕੇ,
ਦੀਵਾਨ ਕੌੜਾ ਮੱਲ ਦੇ ਰਾਹੀਂ ਸਿੰਘਾਂ ਨਾਲ ਗੱਲ ਬਾਤ ਕਰ ਲਈ ਤੇ ਅਹਿਮਦਸ਼ਾਹ ਪਾਸ
ਅਰਜ਼ੀ ਭੇਜ ਦਿੱਤੀ ਕਿ ਮੈਂ ਆਪਦਾ ਤਾਬੇਦਾਰ ਹਾਂ, ਜੋ ਮਰਜ਼ੀ ਚਾਹੋ ਈਨ ਮਨਾ ਲੌ। ਫੇਰ
ਚਨਾਬ ਨਦੀ ਦੇ ਕਿਨਾਰੇ ਆਪ ਭੀ ਕਾਬੁਲੀ ਬਾਦਸ਼ਾਹ ਨੂੰ ਜਾ ਮਿਲਿਆ, ਪੰਦ੍ਰਾਂ ਲੱਖ ਰੁਪ
ਯਾ ਨਕਦ ਨਜ਼ਰ ਕੀਤਾ ਅਤੇ ਜੇਹੜਾ ਮਾਮੂਲਾ ਪਰਗਣੇ ਸਿਆਲਕੋਟ ਤੇ ਗੁਜਰਾਤ ਦਾ
ਨਾਦਰਸ਼ਾਹ ਨੂੰ ਸੂਬਾ ਖਾਨ ਬਹਾਦਰ ਤੇ ਯਹੀਆ ਖਾਂ ਭੇਜਦੇ ਰਹੇ ਸੇ, ਉਹੋ ਏਸ ਨੇ ਅੱਗੇ ਨੂੰ ਦੇਣਾ
ਕਰਕੇ ਲਿਖਤ ਕਰ ਦਿੱਤੀ ਤਾਂ ਅਹਿਮਦਸ਼ਾਹ ਪਿਛੇ ਨੂੰ ਮੁੜਿਆ।

ਜਦ ਮੀਰਮੰਨੂੰ ਦੀ ਏਹ ਕਥਾ ਦਿਲੀ ਦੇ ਬਾਦਸ਼ਾਹ ਨੇ ਸੁਣੀ (ਜੋ ਉਦੋਂ ਹੀ ਸਫਦਰਜੰਗ ਲ
ਖਨਊ ਦੇ ਸੂਬੇ ਦੀ ਮਦਦ ਨਾਲ ਤਖਤ ਉੱਪਰ ਬੈਠਾ ਸੀ) ਤਾਂ ਗੁੱਸੇ ਦਾ ਪਰਵਾਨਾ ਲਿਖਾ ਤੇ
ਮੀਰਮੰਨੂੰ ਤੋਂ ਮੁਲਤਾਨ ਛੁਡਾ ਕੇ, ਸ਼ਾਹਨਿਵਾਜ਼ ਨੂੰ ਮੁਲਤਾਨ ਦਾ ਸੂਬਾ ਬਣਾ ਕਰ ਦਿਪਾ
ਲਪੁਰ ਦੇ ਰਸਤੇ ਮੁਲਤਾਨ ਪਹੁੰਚਾ ਦਿੱਤਾ। ਮੀਰਮੰਨੂੰ ਨੇ ਏਸ ਗੱਲੋਂ ਗੁੱਸਾ ਖਾਕੇ ਦੀਵਾਨ
ਕੌੜਾ ਮਲ ਨੂੰ ਹੁਕਮ ਦਿੱਤਾ ਕਿ ਮੁਲਤਾਨੋਂ ਸ਼ਾਹਨਿਵਾਜ਼ ਨੂੰ ਕੱਢਕੇ, ਪਹਿਲੇ ਵਾਂਗੂ ਉਥੋਂ

Digitized by Panjab Digital Library | www.panjabdigilib.org

ਦੀ ਹਕੂਮਤ ਤੂੰ ਕਰ। — ਕੌੜਾਮੱਲ ਨੇ ਸਿੰਘਾਂ ਦੀ ਬਹਾਦਰੀ ਤੇ ਨਿਸ਼ਕਪਟ ਭੋਲੇ ਭਾਲੇ ੧੧੧
ਸੁਭਾਵ ਦੀ ਬਹੁਤ ਸਾਰੀ ਵਡਿਆਈ ਮੀਰਮੰਨੂੰ ਪਾਸ ਕਰਕੇ ਉਸ ਨੂੰ ਪਿਰ੍ਹਾ ਲਿਆ ਤੇ ਸਿੰ
ਘਾਂ ਨੂੰ ਆਖਿਆ ਤੁਸੀਂ ॥) ਅਠਆਨੇ ਪਿਆਦਾ, ੧) ਰੁਪਯਾ ਅਸਵਾਰ, ੫) ਪੰਜ ਰੁ
ਪਏ ਸਰਦਾਰ ਤੇ ਨਾਲੇ ਸੁਖੇਰੀ ਅੰਠੀ ਦੇਗ ਮੈਥੋਂ ਰੋਜ਼ ਲੇਵੋ, ਤੇ ਮੇਰੇ ਨਾਲ ਮੁਲਤਾਨ
ਚੱਲਕੇ ਆਪਣੇ ਵੈਰੀ ਖਾਨਬਹਾਦਰ ਦੇ ਪੁੱਤ੍ਰ ਨੂੰ ਮਾਰੋ। — ਏਹ ਗਲ ਸੁਣਦੇ ਸਾ
੧੨, ੧੩.
ਰ ਬਾਰਾਂ ਤੇਰਾਂ ਹਜ਼ਾਰ ਸਿੰਘ ਬੜੀ ਖੁਸ਼ੀ ਨਾਲ ਉਸਦੇ ਨਾਲ ਚੜ੍ਹ ਬੈਠਾ। ਫੇਰ ਤਾਂ ਮੀ
ਰਮੰਨੂੰ ਨੇ ਭੀ ਖੁਸ਼ੀ ਹੋਕੇ ਬਹੁਤ ਮਦਦ ਕੀਤੀ, ਫੱਗਣ ਸੰ: ੧੮੦੮ ਬਿ: ਨੂੰ ਸ਼ਾਹਨਿਵਾ
ਜ਼ ਨੂੰ ਮੁਲਤਾਨ ਵਿਚ ਜਾ ਘੇਰਿਆ, ਗੋਲੇ, ਗੋਲੀ, ਕੁਮਕੁਮੇ, ਤੀਰ, ਪਿਚਕਾਰੀਆਂ, ਗੁ
ਲਾਲੜੀਆਂ ਮੁੱਠਾਂ, ਗੁਬਾਰੇ ਮਾਰ ੨ ਦੀ ਅਵਾਜ਼, ਧਮਾਰ ਰਾਗ ਗਾਉਂਦੇ ਹੋਏ ਸਿੰਘਾਂ
ਨੇ ਬਹੁਤ ਮਾਰੋ ਬੁਕਾਰੇ ਕਰ ਕਰ ਹੋਲਾ ਖੇਡਿਆ, ਛੀ ਮਹੀਨੇ ਜੰਗ ਲੱਗਾ ਰਿਹਾ। ਕੌ
ੜਾਮੱਲ ਨੇ ਵੱਡਿਆਂ ਸਿੰਘਾਂ ਨੂੰ ਅੱਗੇ ਕਰ ਦਿੱਤਾ, ਸਿੰਘਾਂ ਨੇ ਦਾਣਾ, ਘਾਸ, ਕਿਲੇ ਵਿਚ
ਜਾਣਾ ਰੋਕ ਕੇ, ਸ਼ਹਿਰ ਵਿੱਚੋਂ ਗਾਹਿਰਾ ਗੱਫਾ ਲਾਉਣਾ ਸ਼ੁਰੂ ਕਰ ਦਿੱਤਾ। — ਉਧਰ ਜ
ਦ ਭੁੱਖ ਨੇ ਦੁੱਖ ਦਿੱਤਾ ਤਾਂ ਨਿਵਾਜ਼ਸ਼ਾਹ ਬਾਹਰ ਨਿਕਲਕੇ ਲੜਨ ਲੱਗਾ, ਭੁਲਾ ਮੈਦਾਨ
ਵਿੱਚ ਆਏ ਸ਼ਿਕਾਰ ਨੂੰ ਸਿੰਘ ਕਦੋਂ ਛੱਡਦੇ ਸੇ, ਹੱਲਾ ਕਰ ਦਿੱਤਾ, ਤਲਵਾਰਾਂ ਸੂਤ ਕਰ
ਜ਼ਿਮੀਂਦਾਰ ਵਾਂਗੂ ਵਾਢੀ ਪਾ ਦਿੱਤੀ। ਬੇਸ਼ੁਮਾਰ ਆਦਮੀ ਮਾਰ ਮੁਕਾਏ, ਭੀਮਾ ਸਿੰਘ ਬਹਾ
ਦਰ ਨੇ ਐਸੀ ਫੁਰਤੀ ਕੀਤੀ ਕਿ ਨਿਵਾਜ਼ਸ਼ਾਹ ਦਾ ਸਿਰ ਹਾਥੀ ਉੱਤੋਂ ਕੱਟਕੇ, ਨੇਜ਼ੇ ਪਰ ਟੰਗ
ਲਿਆਯਾ ਤੇ ਕੌੜਾਮੱਲ ਅੱਗੇ ਜਾ ਰੱਖਿਆ। ਕੌੜਾਮੱਲ ਫਤੇ ਦੇ ਨਗਾਰੇ ਵਜਾਕੇ, ਰੱਖ
ੜੀ ਵਾਲੇ ਦਿਨ, ਕਿਲੇ ਵਿੱਚ ਜਾ ਵੜਿਆ। — ਭੀਮਾ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤ੍ਰ
ਬਸਤ੍ਰ, ਸਿਰੋਪਾਉ, ਚੰਗਾ ਘੋੜਾ ਇਨਾਮ ਦੇਕੇ ਬੜੀ ਇੱਜ਼ਤ ਵਧਾਈ। ਹੋਰ ਸਭ ਸਿੰਘਾਂ ਨੂੰ ਰੇ
ਸ਼ਮੀ ਖੇਸ ਲੁੰਗੀਆਂ, ਸਾਰੇ ਸਰਦਾਰਾਂ ਸਮੇਤ, ਜਥਾ ਜੋਗ ਇਨਾਮ, ਤੇ ਪਿਛਲੀ ਤਲ
ਬ ਦੇਕੇ ਖੁਸ਼ੀ ਲਈ, ਅੰਠੀ ਦੇਗ ਸੁੱਖੇਰੀ ਅਤੇ ਕੜਾਹ ਪ੍ਰਸ਼ਾਦ ਛਕਾਏ।

ਏਸ ਫਤੇ ਦੀ ਖੁਸ਼ੀ ਵਿੱਚ ਮੀਰਮੰਨੂੰ ਨੇ ਕੌੜਾਮਲ ਨੂੰ ਮੁਲਤਾਨ ਦੀ ਸੂਬੇਦਾਰੀ ਤੇ ਮਹਾਰਾ
ਜਗੀ ਦਾ ਖਿਤਾਬ, ਖਿਲਤ ਬਖਸ਼ਿਆ। ਜੰਦਾਮਾ ਦੀਵਾਨ ਕੌੜਾਮਲ ਤਾਂ ਪਹਿਲੇ ਹੀ
ਗੁਰੂ ਕਾ ਸਿਦਕੀ ਸਿੱਖ ਸੀ, ਪਰ ਹੁਣ ਤਾਂ ਪ੍ਰਤੱਖ ਜਾਣ ਗਿਆ ਕੇ ਏਹ ਫਤੇ ਗੁਰੂ ਖਾਲਸੇ
੧੧੦੦੦
ਦੀ ਕ੍ਰਿਪਾ ਨਾਲ ਮੈਨੂੰ ਮਿਲੀ ਹੈ। ਗਿਆਰਾਂ ਹਜ਼ਾਰ ਰੁਪਯਾ ਨਕਦ ਗੁਰੂ ਰਾਮਦਾਸ ਜੀ ਦੀ

Digitized by Panjab Digital Library | www.panjabdigilib.org

੧੧੨ ਨਜ਼ਰ ਦੇਕਰ, ਤਲਾਬ ਅੰਮ੍ਰਿਤਸਰ ਜੋ ਲਖਪਤ ਰਾਇ ਨੇ ਖ਼ਿਜ਼ੇਖ਼ਾਂ ਸੂਬੇ ਦੇ ਸਮੇਂ ਮਿੱਟੀ ਨਾਲ ਭਰਵਾ ਛੱਡਿਆ ਸੀ, ਮਿੱਟੀ ਕਢਵਾ ਕੇ ਖੂਹਾਂ ਦੇ ਪਾਣੀ ਨਾਲ ਭਰਵਾ ਦਿੱਤਾ। ਇਸ ਕੰਮ ਵਿੱਚ ਸਿੰਘਾਂ ਤੇ ਸੰਗਤਾਂ ਨੇ ਭੀ ਬੇਓੜਕ ਟਹਿਲ ਕੀਤੀ ਤੇ ਸੰ: ੧੮੦੬ ਬਿ: ਨੂੰ ਦੀਪ ਮਾਲਾ ਦਾ ਮੇਲਾ ਫੇਰ ਕਈ ਬਰਸ ਪਿੱਛੋਂ ਕੀਤਾ। —— ਮਹਾਰਾਜੇ ਕੌੜਾ ਮੱਲ ਨੇ ਮੀਰ ਮੰਨੂੰ ਪਾਸ ਸਿੰਘਾਂ ਦੀ ਬਹੁਤ ਸਿਫ਼ਾਰਸ਼ ਤੇ ਬਹਾਦਰੀ ਜਿਤਲਾ ਕੇ, ਸਿੰਘਾਂ ਨੂੰ ਨਿਚੱਲੇ ਰੱਖਣ ਵਾਸਤੇ, ਪਰਗਣਾ ਚੂਹਣੀ ਤੇ ਝੂਬਾਲ ਜੋ ਕਈ ਵਾਰੀ ਪੰਥ ਦੇ ਹੱਥ ਆ ਕੇ ਜ਼ਬਤ ਹੋ ਚੁੱਕਾ ਸੀ, ਵਾਗੁਜ਼ਾਰ ਕਰਾ ਦਿੱਤਾ।

ਮੁਲਤਾਨ ਫ਼ਤੇ ਕਰਕੇ ਮੀਰ ਮੰਨੂੰ ਨੇ ਸਰਹਿੰਦ ਭੀ ਆਪਣੇ ਕਬਜ਼ੇ ਕਰਕੇ ਉਥੇ ਆਪਣੇ ਮਿੱਤ੍ਰ ਸਦੀਕ ਬੇਗ ਨੂੰ ਸੂਬਾ ਕਾਇਮ ਕਰ ਦਿੱਤਾ। ਇਕ ਤਾਂ ਸਿੰਘਾਂ ਨਾਲ ਅੱਛੀ ਬਣ ਗਈ ਸੀ ਤੇ ਦੂਸਰੇ ਮੁਲਤਾਨ, ਸਰਹਿੰਦ, ਲਾਹੌਰ ਏਹ ਤਿੰਨ ਸੂਬੇਦਾਰੀਆਂ ਹੱਥ ਆਉਣੇ ਕਰ ਮੀਰ ਮੰਨੂੰ ਦੀਆਂ ਅੱਖਾਂ ਅੱਗੇ ਸਰ੍ਹੋਂ ਫੁੱਲ ਗਈ, ਦੋਹਾਂ ਬਾਦਸ਼ਾਹਾਂ ਨੂੰ ਠੁੱਠ ਦਿਖਾ, ਮਾਂਹ ਦੇ ਆਟੇ ਵਾਂਗੂ ਆਕੜ ਬੈਠਾ। — ਸ਼ਾਹ ਦੁਰਾਨੀ ਨੇ ਆਪਣਾ ਮਾਮਲਾ ਲੈਣ ਵਾਸਤੇ ਦੋ ਤਿੰਨ ਵਾਰੀ ਲਿਖਿਆ, ਜਦ ਕੋਈ ਜਵਾਬ ਏਧਰੋਂ ਨਾ ਗਿਆ ਤਾਂ ਸ਼ਾਹ ਨੇ ਆਪਣੇ ਮਾਤਬਰ ਜੀਉਣ ਮੱਲ ਨੂੰ ਭੇਜਿਆ, ਪਰ ਨੱਵਾਬ ਮੀਰ ਮੰਨੂੰ ਨੇ ਫੇਰ ਭੀ ਟਾਲਾ ਵਾਲਾ ਕਰ ਛੱਡਿਆ। — ਸ਼ਾਹ ਅਬਦਾਲੀ ਨੇ ਸੋਚਿਆ ਕੇ ਮੀਰ ਮੰਨੂੰ ਨੇ ਤਾਂ (ਨੇਕੀ ਖ਼ੁਦਾ ਵਿਸਰਿਆ) ਏਹ ਗੱਲ ਕੀਤੀ, ਚਲੋ ਹੁਣ ਆਪੇ ਹਿੰਮਤ ਕਰੀਏ।

ਅਹਿਮਦ ਸ਼ਾਹ ਅਬਦਾਲੀ ਸੰ: ੧੮੧੦ ਬਿ: ਦੇ ਲਗਦੇ ਹੀ ਚੌਥੀ ਵਾਰੀ ਫੇਰ ਹਿੰਦੁਸਤਾਨ ਵੱਲ ਚੜ੍ਹ ਆਇਆ। ਨੱਵਾਬ ਮੀਰ ਮੰਨੂੰ ਨੇ ਏਹ ਸੁਣ ਕੇ ਸੱਤ੍ਰ ਹਜ਼ਾਰ (੧੦੦੦੦) ਅਸਵਾਰ ਆਪਣਾ ਕੱਠਾ ਕਰ ਲਿਆ, ਤੇ ਮਹਾਰਾਜੇ ਕੌੜਾ ਮੱਲ, ਸਦੀਕ ਬੇਗ, ਅਦੀਨਾ ਬੇਗ, ਕਰਮ ਬਖ਼ਸ਼ ਆਦਿਕ ਆਪਣੇ ਤਾਬੇਦਾਰਾਂ ਨੂੰ ਭੀ ਬੁਲਾ ਲਿਆ, ਸਭ ਆਪਣੀ ਨੇ ਫ਼ੌਜ ਲੈ ਕੇ ਲਾਹੌਰ ਆ ਕੱਠੇ ਹੋਏ ਤੇ ਕੌੜਾ ਮੱਲ ਦੇ ਕਹਿਣੇ ਕਰ ਸਿੰਘਾਂ ਨੂੰ ਭੀ ਬੁਲਾ ਲੀਤਾ। ਸ਼ਾਹਦਰੇ ਦੇ ਬਾਗ ਦੇ ਪਾਸ ਬਹੁਤ ਪੱਕੇ ਮੋਰਚੇ ਬੰਨ੍ਹੇ, ਸਭ ਸਾਮਾਨ ਜੰਗੀ ਮੁਕੰਮਲ ਜਮਾ ਕਰ ਲਿਆ। ਏਤਨੇ ਨੂੰ ਸ਼ਾਹ ਅਬਦਾਲੀ ਭੀ ਹਾਵੀ ਹੋ ਆਇਆ। ਪਹਿਲੇ ਮੈਦਾਨ ਦੀ ਲੜਾਈ ਕਰਕੇ ਦੂਜੇ ਦਿਨ ਮੀਰ ਮੰਨੂੰ ਮੋਰਚਿਆਂ ਵਿੱਚ ਆ ਬੈਠਾ। ਏਹ ਬਾਹਰ ਨਾ ਨਿਕਲੇ ਤੇ ਪਠਾਣ ਭੀ ਇਨ੍ਹਾਂ ਉਤੇ ਨਾ ਪੈ ਸਕੇ। ਚਾਰ ਮਹੀਨੇ ਦੋਹਾਂ ਪਾਸਿਆਂ ਦੇ ਲਸ਼ਕਰਾਂ

ਨੇ ਦੂਰ ਦੂਰ ਤਕ ਦੇਸ ਉਜਾੜ ਕਰ ਦਿੱਤਾ, ਦੋ ਸੇਰ ਆਟਾ ਲਾਹੌਰੀ ਤੋਲ ਦਾ ਵਿਕ ਗਯਾ ੧੧੩
ਘਾਸ, ਭੋਹ, ਤੂੜੀ ਤਾਂ ਦੋ ਸੇਰ ਭੀ ਰੁਪਏ ਦਾ ਨਾ ਮਿਲਯਾ, ਛੱਪਰ ਤੋੜ ੨ ਕੇ ਘੋੜਿਆਂ ਨੂੰ
ਚਰਾਇ ਦਿੱਤੇ, ਖਲਕਤ ਨੇ ਭਾਰੀ ਭੌਜਲ ਦੇਖਯਾ, ਓੜਕ ਮੀਰ ਮੰਨੂੰ ਬਾਹਰ ਨਿਕਲ
ਕੇ ਲੜਨ ਲੱਗਾ, ਤਿੰਨ ਦਿਨ ਲੜਾਈ ਕੀਤੀ ਦੀਵਾਨ ਕੌੜਾ ਮਲ ਜਿਧਰ ਹੱਲਾ ਕਰੇ
ਦੁਰਾਨੀਆਂ ਨੂੰ ਧੱਕ ਕੇ ਲੈ ਜਾਵੇ, ਸਬ ਨੂੰ ਏਹੋ ਖਯਾਲ ਸੀ ਕਿ ਦੁਰਾਨੀਆਂ ਦੀ ਹਾਰ ਹੋਵੇਗੀ
ਤੇ ਦੁਰਾਨੀ ਭੀ ਦਾਹਿਲ ਖਾਣੇ ਤੇ ਸੇ ਪਰ ਹਾਰ ਜਿੱਤ ਰੱਬ ਦੇ ਹੱਥ ਹੈ, ਦੀਵਾਨ ਕੌੜਾ ਮਲ ਨੇ
ਹੱਲਾ ਕਰਨ ਵਾਸਤੇ ਆਪਣੇ ਹਾਥੀ ਨੂੰ ਐਨ ਗਾਹੇ ਜੰਗ ਵਿਚ ਜਦ ਤੇਜ਼ ਕੀਤਾ ਤਦ ਅਚਾ ਕੌੜਾ ਮੱਲ ਦਾ ਮਰਨਾ
ਨਕ ਇੱਕ ਕਬਰ ਵਿੱਚ ਹਾਥੀ ਦਾ ਪੈਰ ਧਸ ਗਿਆ ਤੇ ਹਾਥੀ ਸਮੇਤ ਡਿੱਗ ਪਿਆ।
ਏਸ ਵਕਤ ਸ਼ਾਹ ਅਬਦਾਲੀ ਦਾ ਸਰਦਾਰ ਜਹਾਨ ਖਾਂ ਜੋ ਨਜ਼ੀਕ ਸੀ, ਦੋ ਹਜ਼ਾਰ ਅਸਵਾਰ
ਲੈਕੇ ਬਿਜਲੀ ਵਾਂਗੂ ਆ ਪਿਆ ਤੇ ਦੀਵਾਨ ਕੌੜਾ ਮੱਲ ਦਾ ਸਿਰ ਉਤਾਰ ਕੇ ਨੇਜ਼ੇ ਉਪਰ ਉ
ਟੰਗ ਕੇ ਲੈ ਗਿਆ, ਫੇਰ ਤਾਂ ਪਠਾਣਾਂ ਦੀ ਚੜ੍ਹ ਮੱਚੀ ਤੇ ਮੁਗਲੀ ਫੌਜ ਦਾ ਦਿਲ (ਐ
ਡੇ ਵੱਡੇ ਬਹਾਦਰ ਤੇ ਲਾਇਕ ਰਾਜੇ ਦੇ ਮਰ ਜਾਣੇ ਕਰ) ਟੁੱਟ ਗਿਆ, ਭਾਜ ਪੈ ਗਈ, ਨੱ
ਵਾਬ ਮੀਰ ਮੰਨੂੰ ਤਾਂ ਉਸ ਬਹਾਦਰ ਦਾ ਮਰਨਾ ਸੁਣ ਕੇ (ਜਿਥੇ ਫੌਜ ਨੂੰ ਲੜਾ ਰਿਹਾ
ਸੀ ਉਥੇ ਹੀ) ਬੇਹੋਸ਼ ਹੋ ਕੇ ਡਿਗ ਪਿਆ ਹੋਸ਼ ਆਈ ਤਾਂ ਹਾਥੀ ਦੌੜਾ ਕੇ ਕਿਲੇ ਵਿਚ ਜਾ
ਵੜਿਆ, ਫੇਰ ਤਾਂ ਸਬ ਸਰਦਾਰ ਲੜਾਈ ਛੱਡ ਕੇ ਤਿੱਤ੍ਰ ਬਿੱਤ੍ਰ ਹੋ ਗਏ, ਸਿਰਫ ਸਿੰਘਾਂ ਨੇ
ਥੋੜੀ ਦੇਰ ਆਪਣਾ ਮੋਰਚਾ ਕਾਇਮ ਰੱਖਿਆ ਪਰ ਏਨ੍ਹਾਂ ਦਾ ਭੀ ਜਦ ਸਰਦਾਰ ਸੁੱਖਾ ਸਿੰ
ਘ ਤਰਖਾਣ ਕੰਬੋਮਾੜੀ ਵਾਲਾ ਜੋ ਸਬ ਤੋਂ ਵਧ ਕੇ ਸੂਰ ਬੀਰ ਦਲੇਰ ਸੀ ਸ਼ਹੀਦ ਹੋ
ਗਿਆ, ਤਦ ਏਹ ਭੀ ਗੋਲ ਬੰਨ੍ਹ ਕੇ ਤੁਰ ਪਏ ਤੇ ਜਿਥੇ ਦੋ ਮੀਲ ਵਿਚ ਲੋਥ ਉੱਤੇ ਲੋ
ਥ ਚੜ੍ਹੀ ਪਈ ਸੀ ਉਨ੍ਹਾਂ ਵਿਚੋਂ ਚੰਗੇ ੨ ਹਥਿਆਰ ਘੋੜੇ ਆਦਿਕ ਪਦਾਰਥ ਲੈਕੇ
ਕੰਜਰੀ ਦੇ ਪੁਲ ਉੱਤੇ ਆਣ ਲੱਥੇ। — ਓਧਰ ਜਦ ਮੀਰ ਮੰਨੂੰ ਨੇ ਸ਼ਹਿਰ ਬਰਬਾ
ਦ ਹੁੰਦਾ ਦੇਖ ਕੇ ਤਾਬੇਦਾਰੀ ਮੰਨ ਲਈ ਤਾਂ ਸ਼ਾਹ ਦੁਰਾਨੀ ਨੇ ਅਮਨ ਬਖਸ਼ਿਆ, ਤੇ ਆਪ
ਭੀ ਰਣ ਭੂਮੀ ਛੱਡ ਕੇ ਸ਼ਾਲਾਮਾਰ ਬਾਗ (ਲਾਹੌਰ) ਪਾਸ ਡੇਰਾ ਜਾ ਕੀਤਾ।
ਦੂਸਰੇ ਦਿਨ ਜਦ ਮੀਰ ਮੰਨੂ ਨਜ਼ਰ ਲੈਕੇ ਬਾਦਸ਼ਾਹ ਪਾਸ ਆਯਾ ਤਾਂ ਉਸ ਨੇ ਬੜੇ
ਆਦਰ ਨਾਲ ਪਾਸ ਬੈਠਾ ਕਰ ਪੁੱਛਿਆ ਹੁਣ ਦੱਸ ਤੇਰੇ ਨਾਲ ਕੇਹਾ ਸਲੂਕ ਕਰੀਏ।
ਮੀਰ ਮੰਨੂ ਬੋਲਿਆ ਜੇ ਤਾਂ ਆਪ ਕਰੀਮ (ਕ੍ਰਿਪਾਲੂ) ਬਾਦਸ਼ਾਹ ਹੋ ਤਾਂ ਪਿਛਲਾ ਕ

Digitized by Panjab Digital Library | www.panjabdigilib.org

੧੧੪ ਸੂਰਮਾ ਫੜਕਰ, ਜੰਗੇ ਨੂੰ ਆਪਣੀ ਈਨ ਮਨਾ ਲੈ। ਜੇ ਤੂੰ ਜ਼ਾਲਮ (ਨਿਰਦਈ) ਹੈਂ ਤਾਂ ਜਿ
ਸ ਮੌਤ ਨਾਲ ਤੇਰਾ ਜੀ ਚਾਹੇ ਉਸੇ ਤਰਾਂ ਮੈਨੂੰ ਮਾਰ। ਤੇ ਜੇ ਤੂੰ ਦੌਲਤ ਦਾ ਭੁੱਖਾ ਬਪਾਰੀ
ਹੈਂ ਤਾਂ ਦੌਲਤ ਲੈਕੇ ਘਰ ਨੂੰ ਜਾਹ। ਏਹ ਤਿੰਨੇ ਉੱਤ੍ਰ ਸੁਣਕੇ ਬਾਦਸ਼ਾਹ ਬੋਲਿਆ ਜਿਵੇਂ
ਹੁਣ ਤੂੰ ਮੇਰੇ ਵਸ ਪਿਆ ਹੈਂ ਤਿਵੇਂ (ਰੱਬ ਨਾ ਕਰੇ) ਜੇ ਮੈਂ ਭੀ ਤੇਰੇ ਕਾਬੂ ਚਣਦਾ ਤਾਂ ਤੂੰ ਮੇ
ਰੇ ਨਾਲ ਕੀ ਸਲੂਕ ਕਰਦਾ, ਨਵਾਬ ਮੀਰ ਮੰਨੂੰ ਨੇ ਨਿਧੜਕ ਸੱਚ ਬੋਲ ਦਿੱਤਾ ਕੇ ਤੇ
ਰਾ ਸਿਰ ਕਟਕੇ ਆਪਣੇ ਬਾਦਸ਼ਾਹ ਦਿੱਲੀ ਵਾਲੇ ਦੇ ਪੈਰਾਂ ਉੱਤੇ ਜਾ ਰੱਖਦਾ।
ਏਹ ਨਿਰਭੈਤਾ ਤੇ ਬਹਾਦਰੀ ਦੇ ਸੱਚੇ ਬਚਨ ਸੁਣਕਰ ਅਹਿਮਦਸ਼ਾਹ ਨੇ ਬਹੁਤ ਖੁ
ਸ਼ੀ ਹੋਕਰ ਪਿਛਲਾ ਗੁਨਾਹ ਮਾਫ਼ ਕਰਕੇ ਸਾਰੀ ਪੰਜਾਬ ਦੀ ਸੂਬੇਦਾਰੀ ਦਾ ਖ਼ਿਲਤ
ਦੇਕਰ ਸਨਦ ਲਿਖ ਦਿੱਤੀ। — ਬਾਦਸ਼ਾਹ ਨੇ ਨੱਵਾਬ ਮੰਨੂੰ ਪਾਸੋਂ ਪੰਜਾਹ (੫੦) ਲੱਖ ਰੁਪਯਾ
ਨਕਦ ਤੇ ੧੧ ਘੋੜੇ ਦੋ ਹਾਥੀ ਸੋਨੇ ਚਾਂਦੀ ਦੇ ਕਾਠੀਆਂ ਹੌਦੇ, ਜ਼ੇਵਰਾਂ ਸਮੇਤ ਨਜ਼ਰ ਲੈ
ਕੇ ਕਾਬੁਲ ਦਾ ਰਸਤਾ ਫੜਿਆ। — ਲਾਹੌਰੋਂ ਤੁਰਨ ਤੋਂ ਪਹਿਲੇ ਹੀ ਬਾਦਸ਼ਾਹ ਨੇ ਅਬ
ਦੁੱਲੇ ਖਾਂ ਛੋਟੇ ਬਖਸ਼ੀ ਨੂੰ ਫੌਜ ਦੇਕਰ ਕਸ਼ਮੀਰ ਨੂੰ ਤੋਰਕੇ ਆਖਿਆ, ਓਥੋਂ ਦਿਲੀ ਵਾਲੀ
ਬਾਦਸ਼ਾਹ ਦੇ ਸੂਬੇ ਨੂੰ ਕੱਢਕੇ ਆਪਣੇ ਕਬਜ਼ੇ ਕਸ਼ਮੀਰ ਕਰ ਲੈਣਾ। ਜਦ ਓਹ ਓਥੇ
ਗਿਆ ਤਾਂ ਦਿਲੀ ਵਾਲੀ ਸੂਬੇਦਾਰ ਮੀਰ ਅਹਿਮਦ ਨੇ ਹੁੱਜਤ ਹੀਲੇ ਤੋਂ ਬਿਨਾ ਹੀ ਕਸ਼
ਮੀਰ ਦੀ ਸੂਬੇਦਾਰੀ ਉਸ ਦੇ ਹੱਥ ਦੇ ਦਿੱਤੀ ਏਸ ਖੁਸ਼ੀ ਦੀ ਖਬਰ ਸੁਣਕੇ ਬਾਦਸ਼ਾਹ ਨੇ
ਜੀਵਨ ਮੱਲ ਖੱਤ੍ਰੀ ਨੂੰ ਕਸ਼ਮੀਰ ਦਾ ਸੂਬਾ ਕਰ ਦਿੱਤਾ ਤੇ ਅਬਦੁੱਲੇ ਖਾਂ ਨੂੰ ਬੁਲਾ ਲਿਆ।
ਸੰ: ੧੮੧੦ ਬਿ: ਨੂੰ ਮੁਲਕ ਪੰਜਾਬ ਤੇ ਕਸ਼ਮੀਰ ਉੱਤੇ ਕਾਬਲ ਦੇ ਬਾਦਸ਼ਾਹ ਦਾ ਦਖ
ਲ ਹੋ ਗਿਆ।

ਕਸ਼ਮੀਰ ਤੇ ਪੰਜਾਬ ਦਾ
ਕਾਬਲ ਦੇ ਬਾਦਸ਼ਾਹ ਹੇਠ ਜਾਣਾ

ਉਸ ਸਮੇ ਭਾਵੇਂ ਸਿੰਘਾਂ ਨੇ ਕੌੜਾ ਮੱਲ ਦਾ ਲਿਹਾਜ਼ ਮੰਨਕੇ ਲੁੱਟ ਮਾਰ ਬਹੁਤ ਘੱਟ ਕੀ
ਤੀ ਪਰ ਤਾਂ ਭੀ ਬਾਦਸ਼ਾਹ ਦੀ ਆਵਾਜਾਈ ਤੇ ਦੋਹਾਂ ਲਸ਼ਕਰਾਂ ਦੇ ਚਾਰ ਪੰਜ ਮਹੀਨੇ
ਲੜਾਈ ਘੋਲ, ਖਰਚ, ਖੇਚਲ ਰਹਿਣ ਕਰ ਪੰਜਾਬ ਦਾ ਰੂਪ ਉਠਾ ਦਿੱਤਾ। ਕੌੜਾ ਮੱਲ
ਜੋ ਸਿੰਘਾਂ ਦਾ ਪੱਖੀ ਸੀ ਉਸਦੇ ਮਰੇ ਪਿੱਛੋਂ ਮੁਸਲਮਾਨਾਂ ਨੇ ਸਿੰਘਾਂ ਉੱਤੇ ਝੂਠੇ ਸੱਚੇ ਤੂਫ਼ਾ
ਨ ਤੋਲਕੇ ਮੀਰ ਮੰਨੂੰ ਨੂੰ ਸਿੰਘਾਂ ਨਾਲ ਵਿਗਾੜ ਦਿੱਤਾ। ਉਸਨੇ ਪਹਿਲੇ ਤਾਂ ਸਿੰਘਾਂ ਦੀ
ਜਾਗੀਰ ਜ਼ਬਤ ਕਰ ਲਈ, ਫੇਰ ਮੁਲਕ ਦੇ ਬੰਦੋਬਸਤ ਵਾਸਤੇ ਜੋ ਹਟੀ ਫੌਜ ਦੁਰਾਨੀ
ਆਂਦੀ ਅਹਿਮਦਸ਼ਾਹ ਮੀਰ ਮੰਨੂੰ ਪਾਸ ਛੱਡ ਗਿਆ ਸੀ ਉਹ ਫੌਜ ਤੇ ਕੁਛ ਆਪਣੀ

Digitized by Panjab Digital Library | www.panjabdigilib.org

ਮਿਲਾ ਕੇ ਸਿੰਘਾਂ ਪਰ ਚੜ੍ਹਾਈ ਦਿੱਤੀ ਫੇਰ ਤਾਂ ਸਿੰਘ ਭੀ ਲਿਹਾਜ਼ ਛੱਡ ਕੇ ਆਪਣੇ ਅਸ ੧੧੫
ਲੇ ਉੱਤੇ ਆ ਗਏ। ਅਨੇਕ ਜਗਾ ਟਾਕਰੇ ਹੋਏ ਪਰ ਸਿੰਘ ਦਾਉ ਦੀ ਲੜਾਈ ਲੜਦੇ
ਰਹੇ। ਇਕ ਦਿਨ ਦੁਰਾਨੀਆਂ ਨੇ ਸਿੰਘਾਂ ਨੂੰ ਆਖਿਆ ਅਸੀਂ ਤੁਹਾਨੂੰ ਬੜੇ ਸੂਰਬੀਰ
ਸੁਣ ਰੱਖਿਆ ਹੈ, ਜੇਕਰ ਤੁਸੀਂ ਸੱਚੇ ਸਿੰਘ ਹੋ ਤਾਂ ਸਾਡੇ ਨਾਲ ਤਲਵਾਰਾਂ ਦਾ ਜੰਗ ਕਰੋ,
ਸੱਧਰ ਲਾਹ ਲਈਏ, ਜੇ ਉਸ ਤਰਾਂ ਨਹੀਂ ਲੜਨਾ ਤਾਂ ਦੋ ਸਿੰਘ ਇੱਕ ਦੁਰਾਨੀ ਨਾਲ
ਲੜ ਲਉ, ਜੇ ਏਹ ਭੀ ਨਹੀਂ ਮੰਨਦੇ ਤਾਂ ਸਿੰਘ ਨਾਮ ਸਦਾਉਣਾ ਛੱਡ ਕੇ ਖੇਤੀ ਕਰੋ, ਜੱਟ ਸਦਾਓ,
ਤਦੋਂ ਸਿੰਘਾਂ ਦਾ ਦਲ ਸੁਰਸਿੰਗ[1], ਭੇਰੋਵਾਲ[2], ਅਲਗੂਨ[3] ਏਨ੍ਹਾਂ ਪਿੰਡਾਂ ਦੇ ਗਿਰਦੇ ਸੀ। ਦੁਰਾ
ਨੀਆਂ ਦੀ ਤਰਕ ਤੇਜ਼ ਤਾਰ ਵਾਂਗੂ ਫਿਰ ਗਈ ਕਹਿ ਭੇਜਿਆ ਇਕ ਇਕ ਦੁਰਾਨੀ ਤੇ ਇਕ ੨
ਸਿੰਘ ਫੇਰ ਦੋ ਦੋ ਦੁਰਾਨੀ ਇਕ ੨ ਸਿੰਘ, ਪਿੱਛੋਂ ਪੰਜ ੨ ਦੁਰਾਨੀ ਤੇ ਇਕ ੨ ਸਿੰਘ ਲੜੇ
ਗਾ, ਕਿਉਂਕੇ ਸਾਡੇ ਗੁਰੂ ਜੀ ਦਾ ਹੁਕਮ ਹੈ ਜੋ ਸਵਾ ਲੱਖ ਤੁਰਕ ਨਾਲ ਇੱਕ ਸਿੰਘ ਨੂੰ ਲੜ
ਊਣਾ ਹੈ, ਪਰ ਉਹ ਵੇਲਾ ਅਜੇ ਆਯਾ ਨਹੀਂ। ਇਹ ਸੰਦੇਸਾ ਸੁਣ ਕੇ ਪਠਾਣ ਚੌਕੰਨੇ ਹੋ
ਗਏ। ਖੇਮਕਰਨ, ਬਲੋਟੋਹੇ ਪਿੰਡੋਂ ਤੁਰ ਕੇ ਬੁੱਢੇ ਦੇ ਕੋਟ ਪਾਸ ਸਿੰਘਾਂ ਨੂੰ ਦਰਸ਼ਨ ਜਾ Buddhe ke Kot
ਦਿੱਤਾ, ਬੰਦੂਕ ਤੀਰ ਮਾਰਨ ਦੀ ਤੇ ਪੱਖਬਾਦ ਕਰਨ ਦੀ ਕਸਮ (ਸੁਗੰਦ) ਦੇ ਕੇ ਪਾਸੀਂ
ਕਰ ਕੇ ਇੱਕ ਗਿਲਜਾ ਚੁਣਵਾਂ ਬਹਾਦਰ ਮੁਨਾਰੇ ਜੇਡਾ ਫੌਲਾਦ ਨਾਲ ਮੜ੍ਹਿਆ ਹੋਯਾ
ਮੈਦਾਨ ਵਿੱਚ ਨਿਕਲ ਕੇ ਫੁਲੱਥੇ ਦੇ ਪੈਂਤੜੇ ਕੱਢਣ ਲਗ ਪਿਆ। ਇਧਰੋਂ ਸਰਦਾਰ ਚੜ੍ਹ
ਤ ਸਿੰਘ ਉੱਠਿਆ ਤਾਂ ਸਰਦਾਰ ਸੁੱਖਾ ਸਿੰਘ ਨੇ ਉਸ ਨੂੰ ਰੋਕ ਦਿੱਤਾ ਤੇ ਸੁੱਖਾ ਸਿੰਘ ਦੇ Lakha Singh brother of Sukha S.
ਭਾਈ ਲੱਖਾ ਸਿੰਘ ਤਰਖਾਣ ਵੱਲੀ ਤੱਕਿਆ ਤਾਂ ਉਹ ਸ਼ੇਰ ਦੀ ਤਰਾਂ ਗੱਜ ਕੇ ਦੁਰਾਨੀ ਨਾ
ਲ ਜਾ ਜੁੱਟਿਆ ਦੋਵੇਂ ਫੁਲੱਥੇ ਦੇ ਖਿਲਾੜੀ ਸੰਜੋਏ ਪਾਏ ਹੋਏ ਹੋਏ ਬਿਦਾਣਾਂ ਵਾਂਗੂ ਢਾ
ਲਾਂ ਉੱਤੇ ਤਲਵਾਰਾਂ ਝੋਰਦੇ ਰਹੇ, ਛੇਕੜ ਤੇਗੇ ਟੁੱਟੇ ਤਾਂ ਜੱਫੋ ਜੱਫੀ ਹੋ ਪਏ, ਕਟਾਰਾਂ ਤੇ ਮੁੱ
ਕੀਆਂ ਦੀ ਮਾਰ, ਧਕਾਧਕੀ ਦੀ ਧਮਾਰ ਚਾਰ ਘੜੀ ਹੋਈ, ਓੜਕ ਦੁਰਾਨੀ ਦਮੋ ਉਖੜ
ਕੇ ਦੜ ਜਾ ਪਯਾ, ਲੱਖਾ ਸਿੰਘ ਨੇ ਛੇਤੀ ਨਾਲ ਸੰਜੋਏ ਚੁੱਕ ਕੇ ਕਟਾਰੀ ਢਿੱਡ ਵਿੱਚ ਫੇਰ ਘੱ
ਤੀ, ਆਂਦਰਾਂ ਦਾ ਢੇਰ ਕਰ, ਕਿਲਕਾਰੀ ਤੇ ਛਾਲ ਮਾਰ ਕੇ ਪੰਥ ਵਿੱਚ ਆ ਗਿਆ। ਪਰੰਤੂ

1 ਰਾਜੇ ਸੁਰ ਸਿੰਘ ਨੇ ਸੰ: ੧੫੩੪ ਬਿ: ਨੂੰ ਬਸਾਯਾ ਸੀ। 2 ਭੇਰੋਵਾਲ ਸੰ: ੧੪੬੭ ਬਿ: ਨੂੰ ਸਿੱਧੂ ਜੱਟਾਂ
ਨੇ ਬਸਾਯਾ ਹੈ। 3 ਅਲਗੂਨ ਰਾਜੇ ਅਲਗਨ ਨੇ ਸੰ: ੧੭੦੭ ਬਿ: ਨੂੰ ਬਸਾਯਾ ਤੇ ਸੰ: ੧੮੨੬ ਬਿ: ਨੂੰ
ਦੇਸਾ ਸਿੰਘ ਨੇ ਕਿਲਾ ਬਣਾ ਕੇ ਆਪਣੇ ਨਾਮ ਪਰ ਨਾਮ ਏਸ ਦਾ ਰੱਖਿਆ। 4 ਬੋਘੇ ਸਿੱਧੂ ਨੇ ੧੫੯੬ ਬਿ:
ਨੂੰ ਬਸਾ ਕੇ ਇਕ ਵਲਟੋਹਾ ਕੜਾਹ ਦਾ ਵੰਡਿਆ ਏਸੇ ਕਰ ਕੇ ਏਸ ਦਾ ਨਾਮ ਵਲਟੋਹਾ ਪੈ ਗਿਆ।

੧੧੬ ਏਸਵਕਤ ਦੁਰਾਨੀ ਤੱਤੇ ਨਹੋਏ ਤੇ ਦੋਹੋਰ ਆਖਾੜੇ ਵਿੱਚ ਆਗੱਜੇ, ਫੇਰ ਤਾਂ ਰਨਤਾਸਿੰਘ ਨਾ ਰੁਕਿਆ, ਭੁੱਖੇ ਸ਼ੇਰ ਦਾ ਰੂਪ ਹੋ ਕੇ ਜਾ ਭਿੜਿਆ, ਉਨ੍ਹਾਂ ਨੇ ਭੀ ਵਾਰ ਕੀਤੇ ਪਰ ਕਾਰਨਾ ਆਏ, ਏਸਨੇ ਦੋਹਾਂ ਦੇ ਰਾਹ ਬਣਾਏ। — ਕੇਸਰਸਿੰਘ ਨਿਮਾਣੀਏ ਵਾਲਾ ਜੋ ਉਦੋਂ ਦੇ ਖਰਾਸੀ ਉਸਨੇ ਲਿਖਿਆ ਹੈ ਕੇ ਤਦ ਰਨਤਾਸਿੰਘ ਦਾ ਸਰੀਰ ਲਾਲ ਲੋਹੇ ਵਰਗਾ ਦਮਕਦਾ ਸੀ। ਫੇਰ ਚਾਰ ਪੰਜ ਦੁਰਾਨੀ ਸਿੰਘ ਨੂੰ ਆਪਏ ਪਰ ਸੁਆਮਾਸਿੰਘ, ਜੱਸਾਸਿੰਘ ਦੀਪਾਸਿੰਘ, ਹਰੀਸਿੰਘ ਜਣੇ ਅੱਗੇ ਹੀ ਖੜ੍ਹੇ ਸੇ, ਅੱਖ ਨਾ ਫਰਕਣ ਦਿੱਤੀ, ਤੁਰਤ ਉੱਤਰ ਲਏ। ਫੇਰ ਤਾਂ ਦੋਹਾਂ ਪਾਸਿਆਂ ਤੋਂ ਹੱਲਾ ਹੋ ਪਿਆ, ਦੋਪਹਿਰੀ ਵਿੱਚ ਤੇਗਾਂ ਤੇ ਛੁਰੀਆਂ ਨੇ ਆਹੂ ਲਾਹ ਸਿੱਟੇ, ਲੋਥਾਂ ਦਾ ਢੇਰ, ਲਹੂ ਦਾ ਹੜ੍ਹ ਨਜ਼ਰ ਆਯਾ। ਏਤਨੇ ਨੂੰ ਕਪੂਰਸਿੰਘ ਨਵਾਬ ਦੋ ਹਜ਼ਾਰ ਅਸਵਾਰ ਨਾਲ ਲੈਕੇ ਹੈਬਤਪੁਰ ਪੱਟੀ[1] ਦੀ ਤਰਫੋਂ ਆ ਪਹੁੰਚਿਆ, ਦੁਰਾਨੀ ਨੱਠ ਗਏ, ਸਿੰਘ ਭੀ ਸਤਦਰਿਆਵਾਂ ਦੇ ਪੱਤਣੋਂ ਪਾਰ ਹੋ ਗਏ। ਏਸੇ ਤਰਾਂ ਸਿੰਘਾਂ ਦੇ ਪਰ ਮਜੁੱਧ ਪੰਜ ਸੱਤ ਵਾਰੀ ਹੋਏ ਪਰ ਏਥੇ ਪੋਥੀ ਵਧਣ ਦੇ ਡਰੋਂ ਤੇ ਨਹੀਂ ਲਿਖੇ। — ਜਦ ਗਸ਼ਤੀ ਫੌਜ ਦੇ ਕਾਬੂ ਸਿੰਘ ਨਾ ਆਏ, ਸਗੋਂ ਫੌਜ ਦਾ ਨੁਕਸਾਨ ਹੋਯਾ, ਤਦ ਮੋਮਨਖਾਂ ਫੌਜਦਾਰ ਨੂੰ ਨਾਲ ਲੈਕੇ ਮੀਰਮੰਨੂੰ ਆਪ ਚੜ੍ਹ ਬੈਠਾ, ਫੇਰ ਤਾਂ ਉਸ ਜਮ ਨੇ ਬੁੱਢੇ, ਬਾਲਕ ਭੀ ਨਾ ਛੱਡੇ, ਸੈਂਕੜੇ ਸਿੰਘ ਕਤਲ ਕਰ ਘੱਤੇ। ਜਿੱਥੇ ਕੋਈ ਸਿੰਘ ਦਾ ਇਸਤ੍ਰੀ, ਬਾਲਕ ਸੁਣਿਆ ਉਹੋ ਫੜ ਮੰਗਾਯਾ। ਆਈਆਂ ਨੂੰ ਦਿਖਾ ੨ ਉਨ੍ਹਾਂ ਦੇ ਬੱਚੇ ਤੜਫਾ ੨ ਕਤਲ ਕਰਾ ਸਿੱਟੇ। ਜਮੀਤਾਸਿੰਘ ਥੇਪਾੜਾ ਲਿਖਦਾ ਹੈ ਕੇ ਮੈਨੂੰ ਤੇ ਮੇਰੇ ਭਾਈ ਨੂੰ ਮੇਰੀ ਮਾਂ ਦੋ ਤੋੜੇ ਨਲੀਆਂ ਵਿੱਚ ਮੁੰਦਕੇ ਆਪ ਤਿਨ ਦਿਨ ਕਮਾਦ ਵਿੱਚ ਲੁਕੀ ਰਹੀ। ਫੌਜ ਨੇ ਸਾਡੇ ਘਰ ਦੀ ਰਿੰਨ੍ਹੀ ਰਿੰਨ੍ਹੀ ਤਾਂ ਸਬ ਚੁਗ ਲਈ ਪਰ ਸਾਡੀ ਤਰਫੋਂ ਉਨ੍ਹਾਂ ਨੂੰ ਗੁਰੂ ਨੇ ਅੰਨ੍ਹੇ ਕਰ ਰੱਖਿਆ। ਚੌਥੇ ਦਿਨ ਮਾਂ ਨੇ ਆ ਕੇ ਬਾਹਰ ਕੱਢੇ ਤੇ ਕਿਸੇ ਦੇ ਘਰੋਂ ਲਿਆਕੇ ਟੁਕਰ ਖਵਾਯਾ। ਓਦੋਂ ਹੀ ਮੀਰਾਕੋਟ ਇਕ ਸਿੰਘਣੀ ਆਪਣੇ ਨਿੱਕੇ ੨ ਤਿਨ ਚਾਰ ਬਾਲਕ ਲੈਕੇ ਰਾਤ ਨੂੰ ਦੂਦੂਰਾਮ ਮਹਿਤੇ ਦੇ ਕਮਾਦ ਵਿੱਚ ਜਾ ਲੁਕੀ। ਚੁਗਲਾਂ ਨੇ ਦੂਦੂਰਾਮ ਦੇ ਰੋਲੇ ਸਾਧੂਰਾਮ ਨੂੰ ਕੋਰੜਿਆਂ ਨਾਲ ਕੁਟਵਾਯਾ। ਪਰ ਉਸ ਸਿਦਕੀ ਨੇ ਨਾ ਦੱਸਿਆ। ਤੀਜੇ ਦਿਨ ਉਸੇ ਪਿੰਡ ਦਾ ਸੱਯਦ ਕਮਾਦ ਵਿੱਚੋਂ ਰੋਂਦੇ ਹੋਏ

---

੧ ਪੱਟੀ ਹੈਬਤਖਾਂ ਜਾਗੀਰਦਾਰ ਜੋ ਇਬਰਾਹੀਮਖਾਂ ਲੋਦੀ ਬਾਦਸ਼ਾਹ ਦਾ ਅਜ਼ੀਜ਼ ਮਾਤਬਰ ਸੀ ਉਸ ਦੀ ਮਾਰਫਤ ਬਾਦਸ਼ਾਹ ਨੇ ਆਪਣੀ ਦੋਸਤੂ ਪੱਟੀ ਨੂੰ ਏਹ ਪਿੰਡ ਸੰ: ੧੫੦੩ ਬਿ: ਵਿੱਚ ਬਸਾਇਆ ਸੀ ਏਸੇ ਕਰਕੇ ਹੈਬਤਪੁਰ ਪੱਟੀ ਏਸਦਾ ਨਾਮ ਪੈ ਗਿਆ ਏਥੇ ਸਰਦਾਰ ਖੁਸ਼ਹਾਲਸਿੰਘ ਸਿੰਘਪੁਰੀਏ ਨੇ ਕਿਲਾ ਬਣਾਯਾ ਸੀ ਤੇ ਰਾਜ ਕੀਤਾ ਸੀ, ਫੇਰ ਰਣਜੀਤਸਿੰਘ ਜੀ ਮਹਾਰਾਜੇ ਨੇ ਸਬ ਕੁਛ ਖੋਹ ਲਿਆ।

Digitized by Panjab Digital Library | www.panjabdigilib.org

ਬਾਲਕ ਦੀ ਆਵਾਜ਼ ਸੁਣ ਆਯਾ, ਮੋਮਨ ਖਾਂ ਨੂੰ ਲੈਜਾਕੇ ਫੜਾ ਦਿੱਤੇ, ਉਸ ਨਿਰਦਈ ਨੇ ਰੇਂ, ਮੇਂ, ਕਰਦੇ ਬਾਲਕਾਂ ਨੂੰ ਮਾਰਕੇ ਉਨ੍ਹਾਂ ਦੀਆਂ ਮਾਂਨੂੰ ਜਿੱਥੇ ਹੋਰ ਚਾਰ ਪੰਜ ਸੌ ਸਿੱਖਣੀ ਕੈਦ ਸੀ ਉਥੇ ਕੈਦ ਕਰ ਦਿੱਤਾ। ਕੈਦਣੀਆਂ ਸਿੱਖਣੀਆਂ ਨੂੰ ਮੁਸਲਮਾਨ ਕਰਨ ਦਾ ਸ਼ੁਮੀਰ ਮੰਨੂੰ ਨੇ ਬਹੁਤ ਜ਼ੋਰ ਲਾਏ, ਭੈ ਦਿਖਾਏ ਪਰ ਉਨ੍ਹਾਂ ਨੇ ਐਸਾ ਸਿਦਕ, ਹਠ, ਧਰਮ ਰੱਖਿਆ ਜੋ ਇੱਕ ਭੀ ਮੁਸਲਮਾਨ ਨਾ ਹੋਈ। ਸਭ ਮਰਣ ਮਾਰਣ ਨੂੰ ਤਿਆਰ ਹੋ ਗਈਆਂ। ਐਸੇ ਜੋ ਹੇ ਬ੍ਰਿਤਾਂਤ ਅਨੇਕ ਜਗਾ ਹੋਏ, ਜੇ ਸਾਰੇ ਲਿਖੀਏ ਤਾਂ ਏਡੀ ਵੱਡੀ ਇੱਕ ਪੁਸਤਕ ਹੋਰ ਬਣ ਜਾਵੇ।

ਏਸ ਜ਼ੁਲਮ ਦੀ ਖ਼ਬਰ ਜਦ ਮਾਲਵੇ ਦੇਸ ਤੇ ਜੰਗਲਾਂ ਪਹਾੜਾਂ ਵਿੱਚ ਸਿੰਘਾਂ ਨੂੰ ਗਈ ਤਾਂ ਤੁਰਤ ਫੁਰਤ ਸ਼ਹੀਦ ਹੋਣਾ ਥਾਪਕੇ ਮਾਝੇ ਨੂੰ ਚਲੇ ਆਏ। ਏਧਰ ਮੁੱਲਾਂਪੁਰ ਪਿੰਡ ਵਿੱਚ ਜਦ ਸਿੱਖਣੀਆਂ ਨੇ ਬਹੁਤ ਦੁਖੀ ਹੋਕੇ ਗੁਰੂ ਅੱਗੇ ਅਰਦਾਸ ਕੀਤੀ ਤਾਂ ਕੁਦਰਤ ਨਾਲ ਮੀਰ ਮੰਨੂੰ ਸ਼ਿਕਾਰ ਵਿੱਚ ਘੋੜੇ ਉੱਤੋਂ ਡਿੱਗ ਪਿਆ, ਪੈਰ ਰਕਾਬ ਵਿੱਚ ਫਸਕਰ ਘਸੀਟੀਦਾ ਮਰ ਗਿਆ, ਉਸਦੀ ਲੋਥ ਤਾਂ ਲਾਹੌਰ ਨੂੰ ਗਈ, ਪਿੱਛੋਂ ਜੋ ਨੀ ਫੌਜ ਮੁੱਲਾਂਪੁਰ ਕੱਚੇ ਕਿਲੇ ਵਿੱਚ ਸੀ ਉਸ ਉੱਤੇ ਪੰਜ ਛੀ ਹਜ਼ਾਰ ਸਿੰਘ ਕੰਡਿਆਲੇ ਰੱਬ ਦੇ ਆ ਪਏ। ਬਸ ਫੇਰ ਤਾਂ ਉਹੋ ਬਚੇ ਜੋ ਦੌੜ ਗਏ ਬਾਕੀ ਸਭ ਤੇਗ ਦੀ ਭੇਟਾ ਕੀਤੇ ਗਏ। ਕਿਓਂਕੇ ਸਿੰਘਾਂ ਨੂੰ ਆਪਣੇ ਨਾਲ ਜ਼ੁਲਮ ਹੋਣ ਦਾ ਉਤਨਾ ਦੁੱਖ ਨਹੀਂ ਸੀ ਜਿਤਨਾ ਦੁਧ ਪੀਣ ਵਾਲੇ ਬੱਚਿਆਂ ਤੇ ਇਸਤ੍ਰੀਆਂ ਦਾ ਸੀ ਏਸ ਕਰਕੇ ਸਿੰਘਾਂ ਨੇ ਦੁਸ਼ਮਣਾਂ ਨੂੰ ਵੱਢ ਕੇ ਸੱਜਰਾ ਬੈਰ ਲੀਤਾ ਤੇ ਘੋੜੇ ਆਦਿਕ ਸਭ ਸਾਮਾਨ ਉਨ੍ਹਾਂ ਦਾ ਲੈਕੇ ਸਿੱਖਣੀਆਂ ਨੂੰ ਘਰੀਂ ਪਹੁੰਚਾ ਦਿੱਤਾ। ਉਨ੍ਹਾਂ ਦੀ ਬਹਾਦਰ ਸਿੰਘਾਂ ਤੇ ਸਾਦਕ ਸਿੱਖਣੀਆਂ ਦੀ ਅੰਸ ਮਹਾਰਾਜੇ ਰਣਜੀਤ ਸਿੰਘ ਦੇ ਸਮੇਂ ਬੜੇ ੨ ਸੂਰ, ਬੀਰ ਜੋਧੇ ਹੋਏ, ਜਿਨ੍ਹਾਂ ਨੇ ਕਾਬਲੀਆਂ ਨੂੰ ਜਿੱਤਕੇ ਅਧੀਨ ਕਰ ਲਿਆ ਸੀ। — ਏਧਰ ਮੀਰ ਮੰਨੂੰ ਦੀ ਲੋਥ ਲਾਹੌਰ ਵਿੱਚ ਉਸਦੀ ਸਿਪਾਹ ਨੇ ਪੰਜ ਦਿਨ ਦੱਬਣ ਨਾ ਦਿੱਤੀ ਕਿਓਂਕੇ ਉਨ੍ਹਾਂ ਨੂੰ ਕਈ ਮਹੀਨੇ ਦੀ ਤਲਬ ਨਹੀਂ ਮਿਲੀ ਸੀ, ਸੋ ਨਵਾਬ ਦੀ ਬੇਗਮ ਨੇ ਸਭ ਸਾਮਾਨ ਘਰ ਦਾ ਵੇਚ ਵੱਟਕੇ ਤਿੰਨ ਲੱਖ ਰੁਪਯਾ ਤਨਖਾਹ ਦੇਕਰ ਆਪਣੇ ਖਸਮ ਦੀ ਮਿੱਟੀ ਸਮੇਟੀ। — ਮੀਰ ਮੰਨੂੰ ਦੇ ਗੁਜ਼ਰੇ ਬਾਦ ਉਸਦਾ ਪੁਤ੍ਰ ਚਾਰ ਬਰਸ ਦਾ ਭਾਵੇਂ ਮਾਤਾ ਦੀ ਬੀਮਾਰੀ ਨਾਲ ਮਰ ਗਿਆ, ਪਰ ਮੀਰ ਮੰਨੂੰ ਦੀ ਬੇਗਮ ਮੁਰਾਦ ਨਾਮੀ ਨੇ ਕੰਮ ਨਾ ਬਿਗੜਨ ਦਿੱਤਾ, ਔਰ ਆਪਣੀ ਦਾਨਾਈ ਤੇ ਲਾਇਕੀ ਦੇ ਜ਼ੋਰ

ਮੀਰਮੰਨੂੰ ਦਾ ਮਰਨਾ॥

੧੧੮ ਕਾਂਬੁਲ ਅਤੇ ਦਿੱਲੀ ਤੋਂ ਆਪਣੇ ਨਾਮ ਦੀ ਸੂਬੇਦਾਰੀ ਦੀ ਸਨਦ ਮੰਗਾ ਲਈ ਤੇ ਬੇਗੀਤ ਰਹ ਨਿਡਰ ਹੋਕੇ ਹੁਕਮ ਕਰਦੀ ਰਹੀ। ਜਦ ਉਸਦੇ ਦਰਬਾਰੀ ਉਸ ਨਾਲ ਕੁਛ ਵੈਰ ਰੱਖਣ ਲੱਗੇ ਤਾਂ ਉਸਨੇ ਆਪਣੀ ਸਹਾਇਤਾ ਵਾਸਤੇ ਕੋਈ ਲਾਇਕ ਆਦਮੀ ਕਾਬਲੋਂ ਮੰਗ ਭੇਜਿਆ। ਬਾਦਸ਼ਾਹ ਨੇ ਉਸਦੀ ਦਰਖ਼ਾਸਤ ਪਰ ਆਪਣੇ ਅਮੀਰਾਂ ਵਿੱਚੋਂ ਜਹਾਂਦਾਰਖਾਂ ਨੂੰ ਫੌਜ ਸਮੇਤ ਬੇਗਮ ਪਾਸ ਭੇਜ ਦਿੱਤਾ, ਉਹ ਬੇਗਮ ਦਾ ਨਾਇਬ ਹੋਕੇ ਕੰਮ ਕਰਦਾ ਰਿਹਾ। ਭਿਖਾਰੀਖਾਂ ਜਿਸਦੀ ਸੁਨਹਿਰੀ ਮਸਜਦ ਡੱਬੀ ਬਾਜ਼ਾਰ ਲਾਹੌਰ ਵਿਚ ਹੈ, ਬੜ ਲਾਇਕ ਅਮੀਰ ਸੀ। ਬੇਗਮ ਤਾਂ ਉਸ ਉੱਤੇ ਆਸ਼ਕ ਹੋ ਗਈ ਪਰ ਉਸਨੇ ਨਾ ਮੰਨੀ, ਏਸ ਗੁੱਸੇ ਨਾਲ ਬੇਗਮ ਨੇ ਉਸਨੂੰ ਕਿਸੇ ਬਹਾਨੇ ਆਪਣੇ ਮਹਿਲ ਵਿੱਚ ਬੁਲਾਕੇ ਕਤਲ ਕਰਾ ਦਿੱਤਾ। ਏਸ ਗੱਲੋਂ ਲਾਹੌਰੀ ਅਮੀਰ ਬੇਗਮ ਦਾ ਕੰਮ ਛੱਡ ਬੈਠੇ। ਜਹਾਂਦਾਰਖਾਂ ਨਵੇਂ ਹਾਕਮ ਨੂੰ ਪੰਜਾਬ ਦੀ ਨਾੜੀ ਦਾ ਪਤਾ ਨਹੀਂ ਸੀ, ਸਿੰਘਾਂ ਨੇ ਲਾਹੌਰ ਦੇ ਬਾਜ਼ਾਰ ਤਕ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ, ਸੈਂਕੜੇ ਪਿੰਡ ਮੁਸਲਮਾਨਾਂ ਦੇ ਸੁਕਮਾਂਜ ਕਰ ਛੱਡੇ।

ਮੀਰ ਮੋਮਨਖਾਂ ਫੌਜਦਾਰ ਜੋ ਹਰ ਮਾਝੇ ਵਿੱਚ ਸਿੱਖਾਂ ਦੇ ਪੁਤ੍ਰਾਂ ਨੂੰ ਕਤਲ ਕਰਦਾ ਤੇ ਸਿੰਘਣੀਆਂ ਨੂੰ ਫੜਦਾ ਹੋਯਾ ਸਿੰਘਾਂ ਤੋਂ ਭੁਜਕੇ ਬਚਿਆ, ਉਸਦੀ ਜਾਨ ਲੈਣ ਵਾਸਤੇ ਕਈ ਵਾਰੀ ਭੇਖ ਬਦਲ ਕਰਕੇ ਸਿੰਘ ਲਾਹੌਰ ਵਿੱਚ ਗਏ ਪਰ ਉਹ ਹੱਥ ਨਾ ਲੱਗਾ। ਓੜਕ ਭਾਈ ਮਨੀ ਸਿੰਘ ਦੇ ਭਤੀਜੇ ਆਘੜ ਸਿੰਘ ਨੇ ਮੁਸਲਮਾਨੀ ਭੇਖ ਧਾਰਕੇ ਉਸਦੇ ਤਬੇਲੇ ਵਿੱਚ ਘੁੜਚਾਲ ਦੀ ਨੌਕਰੀ ਜਾ ਕੀਤੀ। ਇਕ ਦਿਨ ਜਹਾਂਦਾਰਖਾਂ ਨਦੇ ਨਾਲ ਜਦ ਮੀਰ ਮੋਮਨਖਾਂ ਨੇ ਦਰਿਯਾ ਦਾ ਸੈਲ ਕਰਨ ਲਈ ਕਿਸ਼ਤੀ ਵਿੱਚ ਬੈਠਣ ਲੱਗੇ ਏਸ ਨੂੰ ਘੋੜਾ ਫੜਾਯਾ ਤਾਂ ਏਸਨੇ ਦਾਉ ਤਕਾਕੇ ਛੇਤੀ ਨਾਲ ਉਸਦੀ ਤਲਵਾਰ ਖਿੱਚਕੇ ਅੱਖ ਨਾ ਫਰਕਣ ਦਿੱਤੀ ਸਿਰ ਉਤਾਰ, ਘੋੜੇ ਦਾ ਅਸਵਾਰ ਹੋ ਚਾਬੁਕ ਲਗਾਈ। ਭਾਵੇਂ ਪਿੱਛੇ ਅਸਵਾਰ ਲੱਗੇ ਪਰ ਡਾਹ ਨਾ ਦਿੱਤੀ ਬਾਹਰਵਾਰ ਕਪੂਰ ਸਿੰਘ ਨਵਾਬ ਦੇ ਅੱਗੇ ਸਿਰ ਜਾ ਰੱਖਿਆ। ਫੇਰ ਲਾਹੌਰ ਦੇ ਕਦੀਮੀ ਅਹਿਲਕਾਰ ਜੋ ਬੇਗਮ ਨਾਲ ਨਾਰਾਜ਼ ਸੇ ਉਨ੍ਹਾਂ ਨੇ ਜਹਾਂਦਾਰਖਾਂ ਤੇ ਬੇਗਮ ਦੀ ਸੁਸਤੀ ਅਤੇ ਸਿੰਘਾਂ ਦੀ ਲੁੱਟਮਾਰ, ਦੇਸ ਦੀ ਬਰਬਾਦੀ ਦਾ ਹਾਲ ਲਿਖਕੇ ਦਿੱਲੀ ਦੇ ਵਜ਼ੀਰ ਗਾਜ਼ੀਉੱਦੀਨ ਪਾਸ ਭੇਜਕੇ ਉਸਨੂੰ ਬੁਲਾ ਲਿਆ, ਜਦ ਉਹ ਫੌਜ ਲੈਕੇ ਚੜ੍ਹ ਆਯਾ ਤਾਂ ਮੁਰਾਦ ਬੇਗਮ ਨੇ ਜੋ ਡਾਢੀ ਚਾਲਾਕ ਤੇ ਦੂਰਦੇਸ਼ ਸੀ, ਐਸੇ ਹੀ ਯਾ ਚਾਲਾਕੀ ਦੀ ਚਾਲ ਚਲੀ ਜੋ ਵਜ਼ੀਰ ਨੂੰ ਨਕਾਹ ਦਾ ਸਨੇਹਾ ਭੇਜ ਦਿੱਤਾ ਉਹ ਸੁਣਦੇ

ਸ਼ਾਹ ਨਜਾਤ ਨਜਾਤ (ਅਲਹਮਦ) ਪੀ ਅਬਾਦ ਪੜ੍ਹਕੇ ਕਰਬਾਨ ਹੋ ਗਿਆ ਭੁ ੧੧੯
ਲਾ ਪੰਜਾਬ ਦੀ ਐਸੀ ਸੋਹਣੀ ਤੀਮੀ ਮਲੇ ਤਾਂ ਹੋਰ ਕੀ ਰੱਬ ਤੋਂ ਮੌਤ ਮੰਗਣੀ ਸੀ, ਉਸੇ ਸ
ਮੇ ਵਜ਼ੀਰ ਨੇ ਆਪਣੇ ਮਾਤਬਰ ਭੇਜ ਦਿੱਤੇ, ਬੇਗਮ ਲਟਰ ਪਟਰ ਨਾਲ ਮਾਛੀਵਾੜੇ
ਵਜ਼ੀਰ ਨੂੰ ਜਾ ਮਿਲੀ, ਸੰ: ੧੮੧੧ ਬਿ: ਨੂੰ ਦੋ ਮਹੀਨੇ ਦਾ ਨਕਾਹ ਪੜ੍ਹਕੇ, ਦੋ ਮਹੀਨੇ ਉ
ਸੇ ਥਾਂ ਮੌਜਾਂ ਮਾਣੀਆਂ ਫੇਰ ਕਈ ਲੱਖ ਰੁਪਏ ਦਾ ਜ਼ੇਵਰ ਤੇ ਜਵਾਹਿਰਾਤ ਅਤੇ ਆ
ਪਣੇ ਨਾਮ ਪਰ ਸਨਦ ਸੂਬੇਦਾਰੀ ਲਾਹੌਰ ਦੀ ਵਜ਼ੀਰ ਭੋਂਦੂ ਤੋਂ ਲੈਕੇ, ਆਪ ਚੱਟ ਲਾਹੌਰ
ਆ ਵੜੀ। ਲਾਹੌਰੀ ਅਮੀਰ ਤੁਰਕੇ ਹੀ ਲਿਖਦੇ ਰਹਿ ਗਏ। ਸਗੋਂ ਬੇਗਮ ਨੇ ਆਖ ਮਾਰੇ
ਤੁਸੀਂ ਵਜ਼ੀਰ ਨੂੰ ਬੁਲਾ ਜਾਂਦੇ ਸੋ ਮੇਰਾ ਖਰਚ ਜੋ ਹੋ ਜਾਂਦੈ ਸੋ ਦੇਓ, ਉਨ੍ਹਕ ਸਤਾਰਾਂ ਲੱ
ਖ ਰੁਪਯਾ ਉਨ੍ਹਾਂ ਦਾ ਸਿਰ ਕੁੱਟਕੇ ਲੈ ਹੀ ਲਿਆ। (ਚੋਰਾਂ ਨੂੰ ਮੋਰ ਪਏ) ਜਹਾਂਦਾਰ ਖਾਂ ਤਾਂ
ਬੇਗਮ ਦਾ ਨਕਾਹ ਸੁਣਕੇ ਪਹਿਲੇ ਹੀ ਕਾਬੁਲ ਨੂੰ ਚਲਾ ਗਿਆ ਸੀ, ਸੱਯਦ ਜਮੀਲ ਜੋ
ਆਪਣਾ ਮਾਤਬਰ ਵਜ਼ੀਰ ਨੇ ਬੇਗਮ ਦਾ ਨਾਇਬ ਕਰਕੇ ਭੇਜਿਆ ਸੀ, ਉਸਨੇ ਪੁਰਾਣੇ
ਕਾਰਦਾਰਾਂ ਦੇ ਹੱਥ ਉੱਤੇ ਚੜ੍ਹਕੇ ਬੇਗਮ ਨਾਲ ਬਿਗਾੜ ਲਈ, ਬੇਗਮ ਨੇ ਵਜ਼ੀਰ ਗਾ
ਜ਼ੀਦੀਨ ਨੂੰ ਬਹੁਤ ਖਤ ਭੇਜੇ, ਪਰ ਜਦ ਉਸਨੇ ਭੀ ਸਗੋਂ ਸੱਯਦ ਜਮੀਲ ਦੀ ਰਈ ਕੀ
ਤੀ, ਤੇ ਬੇਗਮ ਨੇ ਆਪਣੇ ਤੇ ਬਰਖਿਲਾਫ਼ ਉਨ੍ਹਾਂ ਦੀ ਇੱਕ ਮੁੱਠ ਦੇਖੀ, ਤਾਂ ਤੁਰਤ ਕਾਬੁਲ ਜਾ
ਫਿਰੀ, ਜਹਾਂਦਾਰ ਖਾਂ ਦੀ ਮਾਰਫਤ ਬਾਦਸ਼ਾਹ ਪਾਸ ਹਾਜ਼ਰ ਹੋਕੇ ਉਸਨੂੰ ਆਪਣੀ ਮਦਦ
ਪਰ ਚੜ੍ਹਾ ਲਿਆਈ। —— ਅਹਿਮਦਸ਼ਾਹ ਅਬਦਾਲੀ ਅਜੇ ਜੇਹਲਮ ਭੀ ਨਹੀ
ਟੱਪਿਆ ਸੀ ਕਿ ਸੱਯਦ ਜਮੀਲ ਨੇ ਦਿੱਲੀ ਜਾ ਦਮ ਲਿਆ। ਜੇਹੜਾ ਖਜ਼ਾਨਾ, ਅਸਬਾਬ
ਘੋੜੇ, ਹਥਿਆਰ, ਤਰਦਾਰ ਮਾਲ ਲਾਹੌਰੋਂ ਲੈ ਤੁਰਿਆ ਸੀ ਸੋ ਤਾਂ ਸਿੰਘਾਂ ਨੇ ਥਾਂ ਥਾਂ ਉੱਤੇ ੨
ਛਾਪੇ ਮਾਰ ਮਾਰ ਛੀਨ ਲਿਆ ਪਰ ਉਹ ਆਪ ਹੌਲਾ ਫੁੱਲ ਹੋਕੇ ਦਿੱਲੀ ਜਾ ਵੜਿਆ।
ਉਸੇ ਸਮੇ ਅਦੀਨਾ ਬੇਗ ਖਾਂ ਦੁਆਬੇ ਦਾ ਹਾਕਮ ਭੀ ਜੋ ਉਸੇ ਦਾ ਪੱਖੀ ਸੀ ਡਰਦਾ ਮਾਰਿਆ ਆ
ਪਣਾ ਇਲਾਕਾ ਸੁੰਞਾਂ ਛੱਡਕੇ ਕਾਂਗੜੇ ਵੱਲ ਦੌੜ ਗਿਆ। (ਬਿੱਲੀ ਦੇ ਭਾਗੀਂ ਛਿੱਕਾ ਟੁੱਟਾ)
ਸਿੰਘਾਂ ਨੇ ਦੁਆਬੇ ਨੂੰ ਸੁੰਞਾ ਤੱਕਕੇ ਮਨ ਭਾਈ ਸ਼ੱਕਰ ਖਾਈ।

ਇਧਰ ਅੱਸੂ ਸੰ: ੧੮੧੨ ਬਿ: ਨੂੰ ਅਹਿਮਦਸ਼ਾਹ ਨੇ ਬਿਨਾ ਪਲੀਤਾ ਕਾਲਾ ਕਰੇ ਲਾਹੌਰ
ਲੈਕਰ ਆਪਣੇ ਸਰਦਾਰ ਮੁਲਾਜ਼ਮ ਖਾਂ ਨੂੰ ਬੇਗਮ ਦੀ ਸਹਾਇਤਾ ਲਈ ਲਾਹੌਰ
ਦਿੱਤਾ, ਤੇ ਨਾਸਰ ਅਲੀ ਖਾਂ ਨੂੰ ਜਲੰਧਰ ਦਾ ਹਾਕਮ ਕਰਕੇ ਬੇਖਟਕੇ ਦਿੱਲੀ ਜਾ ਦਬਾਈ

ਅਹਿਮਦਸ਼ਾਹ ਦੀ ਪੰਜਾਬ ਤੇ ਚੜ੍ਹਾਈ ਸੰ: ੧੮੧੨ ਬਿ:

Digitized by Panjab Digital Library | www.panjabdigilib.org

੧੨੦ ਦਿੱਲੀ ਵਿੱਚ ਤਾਂ ਓਦੋਂ ਮਹੰਮਦ ਸ਼ਾਹ ਦਾ ਪੁੱਤ੍ਰ ਅਹਿਮਦ ਸ਼ਾਹ ਨਾਮ ਮਾਤ੍ਰ ਦਾ ਬਾਦਸ਼ਾਹ
ਸੀ, ਦੁਰਾਨੀ ਸ਼ਾਹ ਦੇ ਅੱਗੇ ਪਾਣੀ ਹੋ ਗਯਾ। ਆਪਣੀ ਭੈਣ ਦਾ ਅਹਿਮਦ ਸ਼ਾਹ ਨਾਲ ਤੇ
ਆਪਣੀ ਧੀ ਦਾ ਅਹਿਮਦ ਸ਼ਾਹ ਦੇ ਬੇਟੇ ਤਮੂਰ ਸ਼ਾਹ ਨਾਲ ਇੱਕੇ ਦਿਨ ਨਕਾਹ ਪੜ੍ਹਾ
ਦਿੱਤਾ। — ਦੁਰਾਨੀ ਸ਼ਾਹ ਦੌਲਤ ਬੇਸ਼ੁਮਾਰ ਦੌਲਤ ਦਿੱਲੀ ਤੋਂ ਲੈਕੇ ਹਰਿਆਣੇ
ਦੇਸ਼ ਦੇ ਵਿੱਚ ਦੀ ਲੁੱਟ ਮਾਰ ਕਰਦਾ ਥਨੇਸਰ ਆ ਉਤਰਿਆ। ਬ੍ਰਾਹਮਣਾਂ ਨੇ ਪਚਾਸ ਹਜ਼ਾ
ਰ ਰੁਪਯਾ ਇਕੱਠਾ ਕਰ ਨਜ਼ਰ ਦੇਕੇ ਖਿਆਲ ਛੁਡਾਉਣਾ ਚਾਹਿਆ ਪਰ (ਡੈਣ ਵਾਲਾ ਸ਼
ਸਕੇਂ ਹਟਦਾ ਸੀ) ਉਸਨੇ ਆਪਣੀ ਫੌਜ ਨੂੰ ਧਨੀ ਕਰਨ ਵਾਸਤੇ ਕਿਸੇ ਦੀ ਨਾ ਸੁਣੀ।
ਪਹੋਯਾ, ਥਨੇਸਰ ਆਦਿਕ ਬਡੇ ੨ ਪਿੰਡ ਬ੍ਰਾਹਮਣਾਂ ਦੇ ਲੁਟਵਾ ਦਿੱਤੇ। ਸੈਂਕੜੇ ਇਸਤ੍ਰੀ
ਮਰਦ ਘਾਤ ਹੋਏ ਤੇ ਫੜੇ ਗਏ, ਦੁਰਾਨੀ ਦੀ ਫੌਜ ਹੱਥ ਰੰਗ ਨਿਕਲੀ, ਬ੍ਰਾਹਮਣਾਂ ਦੇ ਘਰਾਂ ਵਿੱ
ਚ ਕੁਛ ਨਾ ਛੱਡਿਆ ਮਾਰ ਕੁੱਟਕੇ ਸਭ ਧਨ ਕਢਾ ਲਿਆ।

1 ਥਨੇਸਰ ਪਹੋਯਾ ਬਹੁਤ ਪੁਰਾਣੇ ਹਨ। ਕੁਰੂ ਰਾਜਾ ਨੇ ਏਥੇ ਜੱਗ ਜਗ ਕੀਤੇ ਤਾਂਹੀ ਕੁਰੁਖੇਤ੍ਰ ਨਾਮ ਪੈ
ਗਿਆ ਰਾਜਾ ਨੇ ਬ੍ਰਾਹਮਣਾਂ ਨੂੰ ਬਹੁਤ ਦੌਲਤ ਏਥੇ ਵੰਡੀ। ਫੇਰ ਕੌਰਵਾਂ ਪਾਂਡਵਾਂ ਦੇ ਮਹਾਂ ਘੋਰ ਜੁੱਧ
ਸਮੇ ਏਥੇ ਹੀ ਬ੍ਰਾਹਮਣਾਂ ਨੂੰ ਕਰੋੜਾਂ ਰੁਪਏ ਦਾ ਮਾਲ ਹੱਥ ਲੱਗਾ। ਫੇਰ ਜਿਤਨੇ ਹਿੰਦੂ ਰਾਜੇ ਹੁੰਦੇ ਰਹੇ
ਸੋ ਸਭ ਏਥੇ ਆਕੇ ਸੂਰਜ ਗ੍ਰਹਣ ਪਰ ਬੇਅੰਤ ਮਾਯਾ ਦਿੰਦੇ ਰਹੇ। ਏਸੇ ਕਰਕੇ ਏਹ ਸ਼ਹਿਰ ਬਹੁ
ਤ ਵਧ ਗਿਆ ਤੇ ਧਨੀ ਹੋ ਗਿਆ। ਸੰ:੧੦੬੮ ਬਿ: ਨੂੰ ਮਹਿਮੂਦ ਗਜ਼ਨਵੀ ਨੇ ਲੁੱਟਿਆ ਏਸ ਸ
ਮੇ ਅਨੰਗਪਾਲ ਲਾਹੌਰ ਦੇ ਰਾਜਾ ਨੇ ਏਸ ਸ਼ਹਿਰ ਨੂੰ ਬਚਾਉਣ ਵਾਸਤੇ ਇਕ ਕਰੋੜ ਰੁਪਯਾ ਦੇਣੇ ਦਾ
ਇਕਰਾਰ ਕੀਤਾ ਪਰ ਉਸ ਦੁਸ਼ਟ ਨੇ ਕੁਛ ਨਾ ਮੰਨਿਆ, ਸ਼ਹਿਰ ਨੂੰ ਜਲਾਕੇ ਖਾਕ ਸਿਆਹ ਕਰ ਦਿੱਤਾ ਤੇ ਸਭ
ਮੰਦਰ ਢਾਹ ਦਿੱਤੇ। ਬੇਸ਼ੁਮਾਰ ਸੋਨਾ ਚਾਂਦੀ, ਮੂੰਗਾ, ਮੋਤੀ ਕਰੋੜਾਂ ਰੁਪਏ ਦਾ ਮਾਲ ਦੋ ਲੱਖ ਮਰ
ਦ ਔਰਤ ਫੜਕੇ ਲੈ ਗਿਆ। ਉਸ ਲੁੱਟ ਵਿੱਚ ਇਕ ਲਾਲ ਵਜ਼ਨ ਚਾਰ ਸੌ ਪਚਾਸ ਮਿਸਕਾਲ ਦਾ
ਏਥੋਂ ਮਹਿਮੂਦ ਦੇ ਹੱਥ ਆਯਾ, ਸੋਈ ਤੋੜਕੇ ਗਜ਼ਨੀ ਵਿੱਚ ਆਪਣੀ ਮਸੀਤ ਦੇ ਦਰਵਾਜ਼ੇ ਪਰ ਜੜ੍ਹਿਆ
ਏਥੋਂ ਹੀ ਮਥੁਰਾ ਪੁਰੀ ਦੇ ਮੰਦਰ ਕੇ ਸੋਨੇ ਦੇ ਸੰਦਲੀ ਤਖਤੇ ਲੈ ਜਾਕੇ ਲਗਾਏ ਸੇ, ਜੋ ਹੁਣ ਸੰ:੧੮੯੮
ਬਿ: ਨੂੰ ਅੰਗ੍ਰੇਜ਼ਾਂ ਨੇ ਉਥੋਂ ਲਿਆਕੇ ਆਗਰੇ ਵਿੱਚ ਰੱਖੇ, ਸ਼ਾਹ ਨੇ ਏਤਨੀ ਦੌਲਤ ਹਿੰਦ ਵਿੱਚੋਂ ਲੁੱਟੀ
ਜੋ ਸਾਰੇ ਸਿਪਾਹੀ ਲਾਖਪਤੀ ਹੋ ਗਏ। ਤੇ ਆਦਮੀ ਔਰਤਾਂ ਚਾਰ ਚਾਰ ਆਨੇ ਨੂੰ ਵੇਚੀਆਂ। ਸੰ:੧੫੩੮
ਬਿ: ਨੂੰ ਸਿਕੰਦਰ ਲੋਦੀ ਨੇ ਏਸੇ ਸ਼ਹਿਰ ਨੂੰ ਲੁਟਿਆ, ਪਰ ਮੁਗਲਾਂ ਦੀ ਬਾਦਸ਼ਾਹੀ ਵਿਚ ਧਨੀ ਹੋ ਗਿਆ
ਸ੍ਰੀਮਨ ਕੁਰਵ ਮਰਹਟੇ ਨੇ ਸੰ:੧੭੮੩ ਬਿ: ਨੂੰ ਸੂਰਜ ਗ੍ਰਹਣ ਪਰ ਕ੍ਰੋੜ ਰੁਪਏ ਦਾ ਦਾਨ ਕੀਤਾ ਤੇ ਹੋਰ ਹਿੰ ਤੇ
ਸਿੱਖ ਭੀ ਹਮੇਸ਼ ਏਸ ਸ਼ਹਿਰ ਨੂੰ ਭਰਦੇ ਰਹੇ। ਫੇਰ ਸੰ:੧੮੧੨ ਬਿ: ਨੂੰ ਅਹਿਮਦ ਸ਼ਾਹ ਦੁਰਾਨੀ ਨੇ ਫੇਰ
ਏਸ ਨੂੰ ਲੁਟਿਆ। ੧੮੨੦ ਬਿ: ਨੂੰ ਸਰਦਾਰ ਭੰਗਾ ਸਿੰਘ ਨੇ ਥਨੇਸਰ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ
ਯਾ ਤੇ ਸਰਕਾਰੀ ਤਹਸੀਲ ਮੁਕੱਰਰ ਹੋ ਗਈ ਤਾਂ ਫੇਰ ਰੌਣਕ ਹੋ ਗਈ ਪਰ ਟੇਢਾ ਜਦ ਤਹਸੀਲ ਉਠ
ਗਈ ਤੇ ਰੇਲ ਭੀ ਕਿਨਾਰੇ ਰਹੀ ਤਾਂ ਬੇਰੌਣਕੀ ਹੋ ਗਈ ਪਰ ਹੁਣ ਸੰ:੧੯੪੮ ਬਿ: ਵਿੱਚ ਕਾਲਕਾ ਲਾਈ
ਨ ਦਾ ਅਸਟੇਸ਼ਨ ਬਣ ਗਿਆ ਹੈ ਜਿਸ ਕਰਕੇ ਰੌਣਕ ਹੋਣ ਦੀ ਉਮੈਦ ਹੈ।

ਰਤੀ ਤੋਂ ਵੱਡਾ ਸੀ ਕਹੈ।

ਫੇਰ ਅੱਠ ਦਿਨ ਤਕ ਸਰਹੰਦ ਠਹਿਰਕੇ ਉਥੋਂ ਦੀ ਸੂਬੇਦਾਰੀ ਭੀ ਆਪਣੇ ਕਬਜੇ ਕਰ ਲਈ। ਉਸ ਦੇਸ ਦੇ ਸਰਦਾਰ ਚੌਧਰੀ ਨਜ਼ਰਾਂ ਦੇ ਮਿਲੇ। ਸਭ ਨੂੰ ਹੁਕਮ ਦਿੱਤਾ ਕੇ ਅੱਜ ਤੋਂ ਬਾਹੁਨੀ ਸਰਹੰਦ ਤੇ ਪੰਜਾਬ ਮੁਲਕ ਬਾਦਸ਼ਾਹ ਕਾਬੁਲ ਦਾ ਸਮਝੋ, ਅੱਗੇ ਨੂੰ ਨਜ਼ਰਾਨੇ ਭਰਕੇ ਜੋ ਕੋਈ ਸਾਡੀ ਸਨਦ ਲਵੇਗਾ, ਉਸ ਦੀ ਚੌਧਰਾਇਤ ਸਰਦਾਰੀ ਪੱਕੀ ਸਮਝੀ ਜਾਊ। ਉਸੇ ਸਮੇ ਅਨੇਕਾਂ ਨੇ ਨਜ਼ਰਾਨੇ ਭਰਕੇ ਸਨਦਾ ਲਿਖਵਾ ਲਈਆਂ। ਬਾਕੀ ਦੇ ਲੋਗ ਇਸ ਦੇ ਬੇਟੇ ਤਹਿਮੂਰ ਸ਼ਾਹ ਪਾਸੋਂ ਲਾਹੌਰ ਜਾਕਰ ਪਰਵਾਨੇ ਪਟੇ ਲੈਂਦੇ ਰਹੇ। ਉਹੋ ਪਟੇ ਹੁਣ ਤਾਂਈ ਬਹੁਤ ਲੋਗਾਂ ਪਾਸ ਹਨ ਸੋ ਚੌਥੇ ਹਿੱਸੇ ਵਿੱਚ ਦਿਖਾਵਾਂਗੇ। ੧੨੧

ਬਾਦਸ਼ਾਹ ਨੇ ਸਰਹੰਦ ਵਿੱਚ ਆਪਣੀ ਵੱਲੋਂ ਅਬਦੁੱਲੇ ਖਾਂ ਨੂੰ ਸੂਬਾ ਤੇ ਸਰੀਫ ਬੇਗ ਖਾਂ ਨੂੰ ਨਾਇਬ ਕਰਕੇ, ਆਪ ਇਕ ਮਹੀਨਾ ਭਰ ਲਾਹੌਰ ਠਹਿਰਕੇ, ਸਿੰਘਾਂ ਦਾ ਇੰਤਜ਼ਾਮ ਕਰਦਾ ਰਿਹਾ, ਪਰ ਸਿੰਘ ਉਸ ਦੇ ਕਾਬੂ ਨਾ ਆਏ, ਸਗੋਂ ਰਾਤ ਬਰਾਤੇ ਉਸ ਨੂੰ ਲੁੱਟ ਮਾਰ ਜਾਂਦੇ ਰਹੇ, ਹਾਰਕੇ ਬਾਦਸ਼ਾਹ ਆਪਣੇ ਪੁੱਤ੍ਰ ਤਹਿਮੂਰ ਸ਼ਾਹ ਨੂੰ ਲਾਹੌਰ ਦਾ ਸੂਬਾ ਤੇ ਜਹਾਂਦਾਰ ਖਾਂ ਨੂੰ ਨਾਇਬ ਕਰਕੇ ਕਾਬੁਲ ਦੇ ਰਾਹ ਪਿਆ।

ਉਧਰ ਨਾਸਰ ਅਲੀ ਖਾਂ ਨੇ ਕਰਤਾਰਪੁਰ ਨੂੰ ਸਿੰਘਾਂ ਦਾ ਸ੍ਰੇਸ਼ਨ ਸਮਝਕੇ ਜਾ ਘੇਰਿਆ। ਸੋਢੀ ਬਡਭਾਗ ਸਿੰਘ ਉਸ ਦੀ ਝਾਲ ਨਾ ਝੱਲਕੇ ਪਹਾੜੀਂ ਜਾ ਵੜਿਆ, ਜੇਹੜੇ ਕੰਮ ਨਹੀਂ ਕਰਨੇ ਸੇ ਨਾਸਰ ਅਲੀ ਖਾਂ ਨੇ ਉਹ ਕਰਤਾਰਪੁਰ ਵਿੱਚ ਕੀਤੇ, ਜੇਹੜਾ ਸਿੱਖ ਹੱਥ ਆਯਾ ਕਤਲ ਕਰਾਯਾ ਗਿਆ। ਸਰਦਾਰ ਕਰਮ ਸਿੰਘ ਪੈਜਗੜ੍ਹੀਆ, ਤੇ ਡੱਲੇਵਾਲੀਏ ਜੋ ਅਹਿਮਦ ਸ਼ਾਹ ਤੋਂ ਡਰਦੇ ਸੁਆਂ ਨਦੀ ਦੇ ਬੇਟ ਵਿੱਚ, ਗੜ੍ਹਸ਼ੰਕਰ, ਅਨੰਦਪੁਰ ਦੀ, ਅੰਬ ਅੰਬੋਟੇ ਦੀ ਤਰਫ਼ ਚਲੇ ਗਏ ਸੇ, ਜਦ ਉਹ ਸ਼ਾਹ ਦੇ ਗਏ ਪਿੱਛੋਂ ਫੇਰ ਆਗਏ ਤਾਂ ਸ਼ੱਮਸ ਖਾਂ ਬਜਵਾੜੀਆ[1], ਜ਼ਫਰ ਖਾਂ ਹੁਸ਼ਿਆਰਪੁਰੀਆ[2], ਸੈਦ ਖਾਂ ਪਠਾਣ ਟਾਂਡਹਿਵਾਲਾ ਤੇ ਹੋਰ ਅਨੇਕ ਥਾਵਾਂ ਦੇ ਮੁਸਲਮਾਨਾਂ ਨੇ ਇਕੱਠੇ ਹੋਕੇ ਹਰਿਆਣੇ ਪਾਸ ਸਿੰਘਾਂ ਨੂੰ ਆ ਘੇਰਿਆ। ਬੜੀ ਭਾਰੀ ਲੜਾਈ ਹੋਈ। ਤਾਰਾ ਸਿੰਘ ਗੈਬਾ, ਕਰੋੜਾ ਸਿੰਘ

੧ ਬਜਵਾੜੇ ਵਿੱਚ ਮੁਗਲਾਂ ਦੇ ਸਮੇ ਦੁਆਬੇ ਦਾ ਹਾਕਮ ਰੈਹਾ ਕਰਦਾ ਫੇਰ ੧੨ ਪਿੰਡ ਸ਼ੱਮਸ ਖਾਂ ਪਾਸ ਰਹੇ, ਸਿੰਘਾਂ ਨੇ ਲੁੱਟ ਪੁੱਟਕੇ ਕੰਗਾਲ ਕਰ ਘੱਤਿਆ ਫੇਰ ਸਿਸਰਚੋਟ ਕੌਟੀਚੀਏ ਨੂੰ ਸੌਂਪ ਦਿੱਤਾ ਹੁਣ ਸ੍ਰਕਰਦੇ ਗਜਟਿਰ ਹੈ। — ੨ ਹੁਸ਼ਿਆਰਪੁਰ ਸੰ: ੧੬੩੨ ਬਿ: ਨੂੰ ਹੁਸ਼ਿਆਰ ਖਾਂ ਖੋਜੇ ਨੇ ਬਸਾਯਾ ਹੈ। ਏਹ ਅਕਬਰ ਸ਼ਾਹ ਦੇ ਮਹਿਲਾਂ ਦਾ ਦਰੋਗਾ ਸੀ ਫੇਰ ਸੰ: ੧੮੭੭ ਬਿ: ਨੂੰ ਗੁਲਾਮ ਮੁਹੱਜੁੱਦੀਨ ਨੇ ਮਹਾਰਾਜੇ ਰਣਜੀਤ ਸਿੰਘ ਦੀ ਤਰਫ਼ੋਂ ਕਾਰਦਾਰ ਹੋਕੇ ਇਹ ਸ਼ਹਰ ਆਪਣੀ ਰਾਜਧਾਨੀ ਬਣਾਯਾ, ਜਿਸ ਕਰਕੇ

੧੨੨ ਕਰਮਸਿੰਘ, ਸੁਜਾਨਸਿੰਘ ਆਦਿਕ ਤਲਵਾਰਾਂ ਸੂਤ ਕੇ ਜਾ ਪਏ, ਇਕ ਇਕ ਸਿੰਘ ਦਸ ੨
ਨੂੰ ਲਿਟਾ ਕੇ ਲਾਹੌਰੀ ਤਰਫ ਨਿਕਲ ਗਿਆ। ਜਾਫਰਖਾਂ, ਸੈਦਖਾਂ ਆਦਿਕ ਬੜੇ ੨ ਨਾਮੀ ਸ-
ਰਦਾਰ ਮਾਰੇ ਗਏ। —— ਨਾਸਰਦੀਨ ਖਾਂ ਦੇ ਹੁਕਮ ਨਾਲ ਫਗਵਾੜੇ[1] ਵਾਲਾ ਚੌਧਰੀ
ਧਰਮਚੰਦ ਤੇ ਫੁਰਾਲੇ ਵਾਲੇ ਚੌਧਰੀ ਰਾਮਦੇਕੇ ਤੇ ਬ੍ਰਹਮਪੁਰੀਏ, ਖੁੱਕੇ ਵਾਲੇ ਜੱਟਾਂ ਤੇ
ਹਦੀਆਬਾਦ ਵਾਲੇ ਪਠਾਣਾਂ ਨੇ ਮਿਲਕੇ ਸਿੰਘਾਂ ਨੂੰ ਆਣ ਰੋਕਿਆ, ਏਤਨੇ ਨਾਸਰਦੀ-
ਨ ਭੀ ਫੌਜ ਲੈ ਕੇ ਆ ਪੁੱਜਿਆ, ਢੱਕ ਵਿੱਚ ਭਾਰੀ ਜੰਗ ਹੋਇਆ, ਓਥੇ ਰੁਕੇ ਹੋਏ ਅਨੇਕ
ਸਿੰਘ ਤਾਂ ਬਹੁਤਿਆਂ ਨੂੰ ਮਾਰ ੨ ਕੇ ਸ਼ਹੀਦ ਹੋ ਗਏ, ਬਾਕੀ ਪਹਾੜੀਂ ਜਾ ਚੜ੍ਹੇ।
ਬਹੇੜੀ ਪਿੰਡ ਜ਼ਿਲੇ ਹੁਸ਼ਿਆਰਪੁਰ ਜਿੱਥੇ ਸੋਢੀ ਬਡਭਾਗ ਸਿੰਘ ਨਾਸਰਦੀਨ ਦਾਕੋਂ
ਫਸਾ ਹੋਇਆ ਬੈਠਾ ਸੀ ਕੁਦਰਤ ਨਾਲ ਅਦੀਨਾਬੇਗ ਖਾਂ ਭੀ ਓਥੇ ਜਾ ਫਿਰਿਆ, ਰਾਮਚੰਦ੍ਰ

ਸਿੱਖਾਂ ਦੀ ਮਦਦ ਨਾਲ ਅਦੀਨਾ ਬੇਗ ਨੂੰ ਜਾਲੰਧਰ ਦਾ ਮਿਲਣਾ

ਸੁਗ੍ਰੀਵ ਵਾਂਗੂ ਦੋਹਾਂ ਦੁਖੀਆਂ ਨੇ ਆਪਣੇ ੨ ਦੁੱਖ ਤੇ ਨਾਸਰਖਾਂ ਦੇ ਜ਼ੁਲਮ ਫੋਲੇ ਤਾਂ ਦਿ-
ਲ ਉਛਲ ਆਇਆ। ਦੀਨਾਬੇਗ ਖਾਂ ਦੀ ਸਲਾਹ ਮੰਨਕੇ ਸੋਢੀ ਸਾਹਿਬ ਨੇ ਆਪਣੇ ਆ-
ਦਮੀ ਭੇਜ ੨ ਸਿੰਘਾਂ ਨੂੰ ਇਕੱਠੇ ਕਰ ਲਿਆ, ਸਿੰਘ ਤਾਂ ਅੱਗੇ ਹੀ ਨਾਸਰਅਲੀ ਖਾਂ ਉੱਤੇ
ਕੜਮਾਲੇ ਚੱਬਦੇ ਸੇ (ਬੇਰੀ ਉੱਤੇ ਚਾਹੜਵਾਲ ਸੋਈ ਕਰਦੇ ਹਾਲ ਹਾਲ) ਏਸ ਗੱਲ ਵਾਂਗੂ
ਭਾਂਵੇ ਬੈਰੀਆਂ ਨਾਲੋਂ ਸਿੰਘ ਕਿਤੇ ਥੋੜ੍ਹੇ ਸੇ ਪਰ (ਹੱਥ ਖਾਲੀ ਬਾਦਸ਼ਾਹ ਭੁੱਖ ਖਾਲੀ ਮੂੰਹ
ਸ਼ਾਹ) ਉੱਤੇ ਚੜ੍ਹ ਬੈਠੇ। —— ਰਾਹ ਵਿੱਚ ਸਰਦਾਰ ਜੱਸਾਸਿੰਘ ਨੇ ਹੱਸਕੇ ਅਦੀਨਾਬੇਗ

---

ਸ:੮੩ ਦੀ ਬਾਬਤ

ਏਸਨੂੰ ਬਹੁਤ ਰੌਣਕ ਹੋਈ ਤੇ ਮਾਲਦਾਰ ਹੋ ਗਿਆ।

੩ ਟਾਂਡੇ ਵਿੱਚ ਮੁਗਲਾਂ ਦੇ ਸਮੇ ਇੱਕ ਲੱਖ ਦੇ ਜਾਗੀਰਦਾਰ ਪਠਾਣ ਵਸਦੇ ਸਨ, ਸ਼ੇਰਖਾਂ ਦੇ ਪੁੱਤ੍ਰ
ਜੁਨਸਖਾਂ ਨੂੰ ਫਤੇ ਕਰਕੇ ਸਰਦਾਰ ਜੋਧਸਿੰਘ ਰਾਮਗੜ੍ਹੀਏ ਨੇ ਸੰ:੧੮੪੨ ਬਿ: ਨੂੰ ਆਪਣੇ ਕਬਜ਼ੇ ਕੀਤਾ।

੧ ਫਗਵਾੜੇ ਦੇ ਬਸਰਾ ਗੋਤੇ ਨਾਹਰਮੱਲ ਜੱਟ ਨੂੰ ਚੌਧਰਾਇਤ ਤੇ ਮੀਆਂ ਖਿਤਾਬ ਅਕਬਰ ਦੇ ਸਮੇ
ਸ਼ਾਹ ਮੰਡੀ ਨੇ ਦਿਵਾਇਆ ਸੀ। ਏਸਦੇ ਬੇਟੇ ਧਰਮਚੰਦ ਤੇ ਪੋਤ੍ਰੇ ਰੂਹਲਮੱਲ ਨੇ ਮੁਗਲਾਂ, ਪਠਾਣਾਂ ਤੇ
ਸਿੱਖਾਂ ਦੇ ਰਾਜ ਰੌਲੇ ਵਿੱਚ ਪਹਾੜਾਂ ਦੀ ਕੰਢੀ ਤਕ ਮੁਲਕ ਦਬਾ ਕੇ ਬੇਸ਼ੁਮਾਰ ਦੌਲਤ ਤੇ ਨਾਮਵਰੀ ਪੈ-
ਦਾ ਕੀਤੀ, ਜਿਸ ਕਰਕੇ ਪਟਿਆਲੇ ਵਾਲੇ ਰਾਜਾ ਅਮਰਸਿੰਘ ਦੀ ਭੈਣ ਰਾਜੇਇੰਦ੍ਰ ਕੌਰ ਦਾ ਸਾਕ ਏਨ੍ਹਾਂ ਦੇ ਹੋ
ਗਿਆ ਤੇ ਫੇਰ ਸੈਂਕੜੇ ਧਨੀ ਲੋਗ ਲੁੱਟ ਮਾਰ ਤੋਂ ਡਰਦੇ ਏਥੇ ਆ ਬਸੇ ਕਿਉਂਕੇ ਏਨ੍ਹਾਂ ਵਲ ਕੋਈ ਤੇੜੀ
ਨਿਗਾਹ ਕਰਕੇ ਦੇਖ ਨਹੀਂ ਸੱਕਦਾ ਸੀ। ਜਦ ਹੰਕਾਰੇ ਹੋਏ ਧਰਮਚੰਦ ਨੇ ਢੱਕ ਵਿੱਚ ਬਹੁਤ ਸਿੰਘਾਂ ਨੂੰ
ਘੇਰਕੇ ਮਾਰਿਆ ਤੇ ਮਰਵਾਇਆ ਤਦ ਤੋਂ ਸਿੰਘ ਏਨ੍ਹਾਂ ਦੇ ਪਿੱਛੇ ਪੈ ਗਏ ਤੇ ਪੈਂਦਾਕ ਬਰਸਾਂ ਵਿੱਚ ਲੁੱਟਿਆ
ਕਰਕੇ ਏਨ੍ਹਾਂ ਦੀ ਮਿੱਟੀ ਖ਼ਰਾਬ ਕਰ ਛੱਡੀ। ਅਖੀਰ ਖੁਹੰਦੇ ਰਾਜਾ ਰਣਧੀਰ ਸਿੰਘ ਕਪੂਰਥਲੇ ਵਾਲੇ ਨੇ ਸੰ: ੧੮੨੩
ਬਿ: ਵਿੱਚ ਆਪਣੇ ਮੁਸਾਹਿਬ ਰਾਮਦਿੱਤ ਖੱਤ੍ਰੀ ਦੇ ਕਹੇ ਲੱਗਕੇ ਤਬਾਹ ਕਰ ਦਿੱਤਾ।

Digitized by Panjab Digital Library | www.panjabdigilib.org

ਨੂੰ ਆਖਿਆ ਜਦ ਮੁਠ ਭੇੜ ਹੋਈ ਤਦ ਤੁਸੀਂ ਮੁਸਲਮਾਨ ਤਾਂ ਇੱਕੋ ਜੇਹੇ ਮਾਲੂਮ ਹੋ ੫੨੩
ਵੋਗੇ ਐਸਾ ਨਾ ਹੋਵੇ ਕਿਤੇ ਬਿਨਾ ਪਛਾਣੇ ਸਿੰਘ ਤੁਹਾਡਾ ਹੀ ਕਤਲ ਕਰ ਕੱਢਣ।
(ਜਥਾਕਾਲੀਆਂ ਤਥਾ ਪੀਲੀਆਂ) ਤਾਂਤੇ ਨਿਸ਼ਾਨੀ ਚਾਹੀਏ, ਦੀਨਾ ਬੇਗ ਬੋਲਿਆ ਗੱ
ਲਤਾਂ ਸੱਚੀ ਹੈ ਪਰ ਹੁਣ ਪੇਰ ਉਤੇ ਕੀ ਬਣ ਸਕਦਾ ਹੈ। ਸਰਦਾਰ ਬਹਾਦਰ ਨੇ ਹਰੀ
ਹਰੀ ਕਣਕ ਦੇ ਪੱਠੇ ਅਦੀਨਾ ਬੇਗ ਦੇ ਸਿਰ ਉੱਤੇ ਟੰਗ ਦਿੱਤੇ ਅਤੇ ਉਸਦੀ ਫੌਜ ਨੂੰ ਭੀ
ਟੰਗਾ ਦਿੱਤੇ ਅਦੀਨਾ ਬੇਗ ਬੋਲਿਆ ਗੁਰੂ ਖਾਲਸੇ ਦੇ ਘਰੋਂ ਫਤੇਦਾ ਨਿਸ਼ਾਨ ਸਬਜ਼ੀ
ਸਾਨੂੰ ਮਿਲੀ ਹੈ ਹੁਣ ਜਿੱਤਣ ਵਿੱਚ ਕੋਈ ਸਿਸਾ ਨਹੀਂ।

ਉਧਰ ਨਾਸਰਦੀਨ ਨੇ ਭੀ ਖਬਰ ਪਾਕਰ ਸਾਰੀ ਫੌਜ, ਤੋਪਖਾਨਾ ਲੈਕੇ ਸ਼ਹਿਰੋਂ ਦੋ ਕੋਸ
ਅੱਗੇ ਮੋਰਚੇ ਆ ਲਾਏ। ਸੱਯਦ ਖੈਰੋਸ਼ਾਹ, ਮਿਰਜ਼ਾ ਇਸ਼ਕ ਅਲੀ ਬੇਗ ਤੇ ਬੁਲੰਦ
ਖਾਂ ਆਦਿਕ ਸਰਦਾਰਾਂ ਨੂੰ ਮੋਰਚੇ ਵੰਡ ਦਿੱਤੇ, ਦੋਹਾਂ ਪਾਸਿਆਂ ਤੋਂ ਲੜਾਈ ਹੋਣ ਲਗੀ
ਜਦ ਜੱਸਾ ਸਿੰਘ ਆਦਿਕ ਸਰਦਾਰਾਂ ਨੇ ਦੇਖਿਆ, ਤੋਪਾਂ ਅੱਗੇ, ਤੀਰਾਂ ਤੇ ਬੰਦੂਕਾਂ ਦੀ ਪੇਸ਼
ਨਹੀਂ ਜਾਂਦੀ ਤਾਂ ਖਾਲਸੇ ਦਾ ਹੱਲਾ ਕਰਾ ਦਿੱਤਾ, ਸਿੰਘ ਤਲਵਾਰਾਂ ਖਿੱਚ ਖਿੱਚ ਅਕਾਲ
ਅਕਾਲ ਗਜਾਉਂਦੇ ਹੋਏ, ਦੁਸ਼ਮਣਾਂ ਦੇ ਮੋਰਚੇ ਉੱਤੇ ਟੁੱਟਕੇ ਜਾ ਪਏ, ਘਸਾ ਘਸ ਬਰਛੇ
ਤੇ ਖਪਾਖਪ ਤੇਗੇ ਧਸਾ ਦਿੱਤੇ ਕੇਲੇ ਦੇ ਬਣ ਵਾਂਗੂ ਸਥਾਰ ਕਰ ਘੱਤਿਆ। ਜਿਸ ਤਰਾਂ ਏ
ਹ ਗੱਲਾਂ ਮਸ਼ਹੂਰ ਹਨ ਕੇ ਕਟਾਰੀ ਰਾਜਪੂਤਾਂ ਦੀ, ਭਾਲੇ ਮਰਹੱਟਿਆਂ ਦੇ, ਬੰਦੂਕ ਪੂਰਬੀ
ਆਂ ਦੀ, ਤੋਪ ਅੰਗੇਜ਼ਾਂ ਦੀ, ਜ਼ੁਲਮ ਮੁਸਲਮਾਨਾਂ ਦੇ, ਕਲਮ ਬੰਗਾਲੀਆਂ ਦੀ, ਬੋਇੱਤ
ਫਕੀ ਪੰਜਾਬੀਆਂ ਦੀ, ਏਸੇ ਤਰਾਂ ਸਿੰਘਾਂ ਦੀ ਤੇਗ ਭੀ ਮਸ਼ਹੂਰ ਹੈ। ਫੇਰ ਤਾਂ ਵੈਰੀਆਂ
ਨੂੰ ਭਾਜ ਪੈ ਗਈ, ਸਿੰਘਾਂ ਨੇ ਘੋੜੇ ਭਜਾ ੨ ਅਨੇਕਾਂ ਦੇ ਸੋਢੇ ਲਾਹੇ, ਪਰ ਮੁੜਕੇ ਕਿਸੇ ਨੇ
ਪਿੱਛੇ ਨਾ ਤੱਕਿਆ। ਨਾਸਰ ਅਲੀ ਖਾਂ ਦੇ ਘੋੜੇ ਦੀ ਖੁੱਚ ਖਾਲਾ ਸਿੰਘ ਰੰਗ ਨੇ ਵੱਢੀ ਤਾਂ
ਉਹ ਉਸੇ ਥਾਂ ਡਿੱਗ ਪਿਆ। ਬਰਜ ਸਿੰਘ ਨੇ ਉਸਨੂੰ (ਬੇੜੀਆਂ) ਪਾਇਆਂ ਤੇ ਫੜਕੇ ਸ
ਰਦਾਰ ਜੱਸਾ ਸਿੰਘ ਪਾਸ ਲੈ ਆਂਦਾ, ਸਰਦਾਰ ਸਾਹਿਬ ਨੇ ਸੋਢੀ ਸਾਹਿਬ ਦੇ ਸਪੁਰਦ ਕਰ
ਦਿੱਤਾ ਜੈਸੇ ਉਸ ਨੇ ਬੀੜ ਸਾਹਿਬ ਫੂਕਿਆ ਸੀ ਤੈਸੇ ਸੋਢੀ ਜੀ ਨੇ ਨਾਸਰ ਅਲੀ ਖਾਂ ਨੂੰ
ਜੀਂਦੇ ਹੀ ਅੱਗ ਵਿੱਚ ਸੜਵਾ ਦਿੱਤਾ। ਫੇਰ ਸਿੰਘਾਂ ਨੇ ਸ਼ਹਿਰ ਵਿੱਚ ਵੜਕੇ ਐਸੀ ਲੁ
ਟ ਮਾਰ ਮਚਾਈ ਜੋ ਲੋਗ ਜਾਨਾ ਲੈਕੇ ਦੌੜ ਗਏ। ਜਿਸ ਤਰਾਂ ਨਾਸਰ ਅਲੀ ਨੇ ਗੁਰਦ੍ਵਾ
ਰੇ ਵਿੱਚ ਗਊਆਂ ਮਾਰੀਆਂ ਸਨ ਉਸੇ ਤਰਾਂ ਸਿੰਘਾਂ ਨੇ ਸੂਰ ਮਾਰ ੨ ਮਸੀਤਾਂ ਵਿੱਚ ਸਿੱਟੇ।

Digitized by Panjab Digital Library | www.panjabdigilib.org

੧੨੪ ਨਾਸਭਮਾਨੀ ਨੇ ਹਿੰਦੂਣੀਆਂ ਨੂੰ ਫੜ ਫੜ ਧੱਕੇ ਨਾਲ ਮੁਸਲਮਾਨੀਆਂ ਕੀਤਾ ਸੀ, ਸੋ ਢੀਸਾਹਿਬ ਨੇ ਸਿੰਘਾਂ ਨੂੰ ਹੁਕਮ ਦਿੱਤਾ, ਜਿਸ ਨੂੰ ਜੇਹੜੀ ਇਸਤ੍ਰੀ ਮੁਸਲਮਾਨੀ ਪਾਸਿਦ ਹੋਵੇ ਸੋ ਲੈ ਲਓ, ਜਨੇਕਾ ਸਿੰਘਾਂ ਨੇ ਮੁਗਲਾਣੀਆਂ, ਪਠਾਣੀਆਂ ਲੈ ਆਂਦੀਆਂ ਸੋਢੀ ਸਾਹਿਬ ਨੇ ਉਨ੍ਹਾਂ ਨੂੰ ਅੰਮ੍ਰਿਤ ਤੇ ਸੂਰ ਛਕਾਕੇ ਸਿੰਘਾਂ ਨਾਲ ਅਨੰਦ ਪੜ੍ਹਾ ਦਿੱਤੇ। ਅਨੂਪ ਸਿੰਘ ਬ੍ਰਮਣ ਚਨਾਲ ਬਲੀਆ ਇਲਾਕੇ ਪੱਟਿਆਲੇ ਦਾ, ਤਖਤ ਸਿੰਘ ਪੈ ਜਗੜੀਆ, ਲਾਲ ਸਿੰਘ ਪਰੋਸਾ, ਖੈਰਾ ਸਿੰਘ ਰੱਤੋਕਾ, ਨੰਦਾ ਸਿੰਘ ਬੈਰਾੜ, ਦੇਵਾ ਸਿੰਘ ਸੇਣਾ, ਕੇਹਰ ਸਿੰਘ ਰੰਧਾਵਾ, ਹਾਤਾ ਸਿੰਘ ਚੂੰਗ ਇੱਤਿਆਦਿਕ ਸਿੰਘਾਂ ਨਾਲ ਔਰਤਾਂ ਨੇ ਖੁਸ਼ੀ ਹੋਕੇ ਅਨੰਦ ਪੜ੍ਹਾ ਲਏ, ਉਨ੍ਹਾਂ ਦੀ ਸੰਤਾਨ ਹੁਣ ਤਕ ਬਹੁਤ ਪਿੰਡਾਂ ਵਿਚ ਹੈ ਏਹੋ ਰੀਤਿ ਬਹੁਤ ਚਿਰ ਖਾਲਸੇ ਪੰਥ ਵਿੱਚ ਰਹੀ ਤੇ ਹੁਣ ਭੀ ਅਨੇਕ ਜੱਟਾਂ ਸਿੰਘਾਂ ਦੇ ਘਰਾਂ ਵਿੱਚ ਮੁਸਲਮਾਨੀਆਂ ਤੋਂ ਸਿੰਘਣੀਆਂ ਬਣਕੇ ਬਸ ਰਹੀਆਂ ਹਨ, ਉਨ੍ਹਾਂ ਦੇ ਪੁੱਤ੍ਰ, ਧੀਆਂ ਜੱਟਾਂ ਦੇ ਘਰੀਂ ਬਿਆਹੇ ਹੋਏ ਅਸਾਂ ਆਪ ਦੇਖੇ ਹਨ। ਜੈਸੇ ਸਰਦਾਰ ਹਰਸਾ ਸਿੰਘ ਸੁਲਤਾਨਾ ਪਿੰਡ ਵਾਲੇ ਦੇ ਬੇਟੇ ਗੁਪਾਲ ਸਿੰਘ ਦੀ ਤੇ ਪੋਤ੍ਰਿਆਂ ਦੀ ਸਾਦੀ ਚੰਗੇ ਖਾਨਦਾਨ ਜੱਟਾਂ ਦੇ ਘਰ ਹੋਈ ਤੇ ਗੁਪਾਲ ਸਿੰਘ ਦੀ ਮਾਈ ਮੁਸਲਮਾਨੀ ਸਿੱਖਣੀ ਅਜੇ ਜੀਉਂਦੀ ਹੈ। ਹੋਰ ਮਾਲਵੇ ਦੇਸ ਭਾਲੇ ਪਿੰਡ ਹਰੀ ਸਿੰਘ ਜੱਟ ਦੇ ਘਰ ਪਠਾਣੀ ਸਿੱਖਣੀ ਦੀ ਔਲਾਦ ਹੈ। ਹੋਰ ਮਾਲਵੇ ਦੇਸ ਸਿੱਧੀ ਪਿੰਡ ਉੱਤਮ ਸਿੰਘ ਦੇ ਘਰ ਬਲੋਚਣੀ ਸਿੰਘਣੀ ਦੀ ਸੰਤਾਨ ਹੈ। ਹੋਰ ਬਰੇ ਪਿੰਡ ਪਰਗਣੇ ਮੁਕਤਸਰ ਕੌਰ ਸਿੰਘ ਜੱਟ ਦੇ ਘਰ ਰੰਘੜੀ ਸਿੱਖਣੀ ਦੇ ਪੰਜੇ ਪੁੱਤ੍ਰ, ਦੋ ਪੋਤ੍ਰੇ ਜੱਟਾਂ ਦੇ ਬਿਆਹੇ ਹੋਏ ਰੰਘੜੀ ਸਮੇਤ ਮੌਜੂਦ ਹਨ। ਇੱਤਿਆਦਿਕ ਹੋਰ ਬਹੁਤ ਜਗਾ ਹਨ।

ਏਸ ਦੇ ਬਗੈਰ ਮਨੂ ਜੀ ਨੇ ਭੀ ਲਿਖਿਆ ਹੈ ਕਿ ਇਸਤ੍ਰੀ ਦੀ ਜਾਤਿ ਗੋਤ ਵਰਨ ਕੋਈ ਨਹੀਂ
ਲਾਮਤੋ ਜਿਸ ਦੇ ਘਰ ਵੱਸੀ ਉਹੋ ਉਸ ਦੀ ਜਾਤਿ ਹੋ ਗਈ, ਦੇਖੋ ਪ੍ਰਤੱਖ ਝੀਉਰ ਦੀ ਬੇਟੀ ਜੋਜਨ ਗੰਧਾਰੀ ਰਾਜਾ ਸਾਂਤਨ ਦੇ ਘਰ ਆਈ ਤਾਂ ਛੱਤ੍ਰਾਣੀ ਸਦਾਈ, ਉਸ ਦੇ ਪੋਤ੍ਰੇ ਕੌਰਵ ਤੇ ਪਾਂਡਵ ਹੋਏ। ਪੁਨਾ ਧੋਬੀ ਦੀ ਬੇਟੀ ਰਜੀਆ ਨਾਮ ਬਿਜੈ ਸਿੰਘ ਰਾਜੇ ਦੀ ਰਾਣੀ ਹੋਈ ਉਸ ਦੀ ਸੰਤਾਨ ਬੇਅੰਤ ਛੱਤ੍ਰੀ ਰਾਜਪੂਤ ਹਨ। ਪੁਨਾ ਭੰਡਲੀ ਚੂਹੜੀ ਠੱਕ ਨਾਮੀ ਬ੍ਰਮਣ ਦੇ ਘਰ ਆਈ, ਜਿਸ ਦੀ ਔਲਾਦ ਡੋਕੌਤ ਬ੍ਰਮਣ ਬੇਅੰਤ ਹਨ। ਪੁਨਾ—ਨਾਗਾਂ ਦੀ, ਭੀਲਾਂ ਦੀ ਬੇਟੀ ਅਰਜਨ ਨੇ ਬਿਆਹੀ ਜਿਸ ਦੇ ਬੇਟੇ ਬੱਬਰਬਾਹਨ ਦੀ ਸੰਤਾਨ ਖੱਤ੍ਰੀ

Digitized by Panjab Digital Library | www.panjabdigilib.org

ਬੇਅੰਤ ਹਨ ਐਸੀਆਂ ੨ ਹੋਰ ਬਹੁਤ ਕਥਾ ਪੁਰਾਣਾਂ ਵਿਚ ਲਿਖੀਆਂ ਹਨ। ੧੨੪
ਤਾਂ ਤੇ ਸਿੱਧ ਹੋ ਗਯਾ ਕਿ ਬੀਰਜ ਦੀ ਮੁੱਖਤਾ ਹੈ, ਖੇਤ੍ਰ ਦੀ ਮੁਖਤਾ ਲੋਕ ਬੇਦ ਪ੍ਰਮਾਣ
ਨਹੀਂ। —— ਚੇਤ ਸੰ: ੧੮੧੩ ਬਿ: ਵਿਚ ਜਾਲੰਧਰ ਉੱਤੇ ਕਬਜ਼ਾ ਕਰਾਵੇਣ ਦੇ ਬਦ
ਲੇ ਪੰਜ ਹਜ਼ਾਰ (੫੦੦੦) ਰੁਪਯਾ ਕੜਾਹਪ੍ਰਸ਼ਾਦ ਵਾਸਤੇ ਤੇ ਵੀਹ ਹਜ਼ਾਰ (੨੦੦੦੦) ਖ਼ਾਲਸੇ ਨੂੰ ਪ੍ਰਸ਼ਾਦੀ ਦਾ
ਦੇ ਕਰ ਦੀਨਾ ਬੇਗ ਨੇ ਬਿਦਾ ਕੀਤਾ, ਤੇ ਰਜੋ ਸਰਹੰਦ ਦੀ ਦੌਲਤ ਲੁੱਟੀ ਸੀ ਉਹ ਵੀ ਖਰੀ ਖ਼ਾਲ
ਸੇ ਜੀ ਦੇ ਪਾਸ ਰਹੀ ਹੋਰ ਦਾਨੂੰ ਸਿੱਕਾ ਅਦੀਨਾ ਬੇਗ ਤੋਂ ਸਿੰਘਾਂ ਨੇ ਮੰਗ ਕੇ ਲੈ ਲੀਤਾ।
ਫੇਰ ਸੋਢੀ ਬਡਭਾਗ ਸਿੰਘ ਨੂੰ ਕਰਤਾਰਪੁਰ ਥਾਪ ਕੇ ਗੁਰਦੁਆਰੇ ਦੇ ਨਾਮ ਦੀਨਾ ਬੇਗ ਤੋਂ
ਜਾਗੀਰ ਦਿਵਾਈ ਜੋ ਹੁਣ ਤਕ ਹੈ। ਲਗਦੇ ਹੱਥ ਖ਼ਾਲਸਾ ਦੁਆਬੇ ਦੇਸ ਵਿਚ ਗਿਆ, ਜਿਨ੍ਹਾਂ
ਜਿਨ੍ਹਾਂ ਚੌਧਰੀਆਂ ਤੇ ਤੱਅੱਲਕੇਦਾਰਾਂ ਨੇ ਸਿੰਘ ਫੜਾ ੨ ਮਰਵਾਏ ਸਨ ਉਨ੍ਹਾਂ ਨੂੰ ਦਿਹੁ
ਦੀਵੀਂ ਐਸੇ ਭੰਬੂਤਾਰੇ ਦਿਖਾਏ ਜੋ ਫੇਰ ਕਦੇ ਕਿਸੇ ਸਿੰਘ ਉੱਤੇ ਹੱਥ ਚੁੱਕਣ ਜੋਗੇ ਨਾ ਛੱ
ਡੇ। ਸਿੰਘਾਂ ਪਾਸ ਜਿਓਂ ਜਿਓਂ ਲੁੱਟ ਦਾ ਮਾਲ ਆਂਵਦਾ ਸੀ ਤਿਓਂ ਤਿਓਂ ਆਪਣੀ ਫੌਜੀ ਤਾਕ
ਤ ਵਧਾਉਂਦੇ ਜਾਂਦੇ ਸੇ। ਏਸ ਸਮੇ ਪੰਜਾਹ ਸੱਠ ਸਿੰਘ ਤਾਂ ਸੌ ਸੌ ਘੋੜੇ ਦੇ ਮਾਲਕ ਬਣ
ਗਏ ਸੇ। —— ਜੱਦਪਿ ਸ਼ਾਹਜ਼ਾਦੇ ਤੈਮੂਰ ਸ਼ਾਹ ਪਾਸ ਦੁਰਾਨੀਆਂ ਤੇ ਦੇਸੀ
ਲੋਗਾਂ ਨੇ ਅਦੀਨਾ ਬੇਗ ਖਾਂ ਦੀ ਤੇ ਸਿੰਘਾਂ ਦੀ ਬੁਰਾਈ ਬਹੁਤ ਸੁਣਾਈ, ਪਰ ਉਸ ਨੇ ਸਿ
ਖਾਂ ਤੇ ਅਦੀਨਾ ਬੇਗ ਅਲੋਹੇਏ ਜਾਣ ਕੇ ਹਾਰਮਗੀ ਨੇ ਕਿਸੇ ਉੱਤੇ ਕੋਈ ਤੱਦੀ ਨਾ ਕੀਤੀ
ਉਸ ਦੀ ਨਰਮਾਈ ਤੇ ਨੇਕਨੀਤੀ ਦੇਖ ਕੇ ਸਿੰਘਾਂ ਨੇ ਭੀ ਉਸ ਨੂੰ ਨਾ ਸਤਾਯਾ।
ਏਥੇ ਏਹ ਭੀ ਜਾਣ ਲੈਣਾ ਚਾਹੀਏ, ਅਹਿਮਦ ਸ਼ਾਹ ਬਾਦਸ਼ਾਹ ਜੋ ਮੁਹੰਮਦ ਸ਼ਾਹ ਦਾ
ਬੇਟਾ ਉਦੋਂ ਦਿੱਲੀ ਦੇ ਤਖ਼ਤ ਉੱਤੇ ਸੀ, ਉਸ ਦੇ ਵਜ਼ੀਰ ਗਾਜ਼ੀਉੱਦੀਨ ਮਸ਼ਹੂਰ ਗਾਜ਼ਦ
ਬਨਰਾ ਨੇ ਬਾਦਸ਼ਾਹ ਨਾਲ ਵਿਗੜ ਕੇ, ਪਹਿਲੇ ਤਾਂ ਬਾਦਸ਼ਾਹ ਦੇ ਅਨੇਕ ਸਹਾਇਕਾਂ
ਦੀ ਕੁੰਦੀ ਕਰੀ ਤੇ ਫੇਰ ਬਾਦਸ਼ਾਹ ਨੂੰ ਉਸਦੀ ਮਾਂ ਸਮੇਤ ਫੜ ਕੇ ਗਰਮ ਸੂਏ ਫਿਰਾ ਕ
ਰ ਅੰਧਾ ਕਰ ਘੱਤਿਆ, ਤੇ ਜਹਾਂਦਾਰ ਸ਼ਾਹ ਅੱਠਵੇਂ ਬਾਦਸ਼ਾਹ ਦੇ ਬੇਟੇ ਨੂੰ ਤਖ਼ਤ ਉੱਪਰ
ਬੈਠਾ ਕੇ, ਉਸਦੀ ਪਦਵੀ ਸ਼ਾਨੀਆਲਮਗੀਰ ਥਾਪ ਦਿੱਤੀ, ਪਰ ਥੋੜੇ ਹੀ ਮਹੀਨਿਆਂ ਵਿ
ਚ ਗਾਜ਼ੀਦੀਨ ਤੋਂ ਏਹ ਭੀ ਤੰਗ ਆ ਕਰ ਉੱਠਿਆ। ਏਸ ਨੇ ਆਪਣੀ ਸਹਾਇਤਾ ਵਾਸਤੇ ਚੁੱਪ
ਚਾਪ ਕਾਬਲ ਦੇ ਬਾਦਸ਼ਾਹ ਨੂੰ ਇੱਕ ਕਰੋੜ ਰੁਪਯਾ ਤੇ ਦੋ (ਡੋਲੇ) ਸਾਕ ਦੇਣੇ ਕਰ ਕੇ
ਬੁਲਾ ਲਿਆ। ਉਸੇ ਸਮੇ ਸੱਜਣ ਜਮੀਲ ਆਦਿਕ ਲਾਹੌਰੀ ਅਮੀਰਾਂ ਦੀ ਸਤਾਈ

ਦਿੱਲੀ ਦਾ ਹਾਲ

੧੨੬ ਹੋਈ ਮੁਰਾਦ ਬੇਗਮ ਲਾਹੌਰ ਦੀ ਸੂਬੇਦਾਰ, ਆਪ ਦੁਰਾਨੀ ਬਾਦਸ਼ਾਹ ਨੂੰ ਚੜ੍ਹਾ ਲਿਆਈ
ਸੀ। ਜਦ ਏਨ੍ਹਾਂ ਦੋਹਾਂ ਕੰਮਾਂ ਵਾਸਤੇ ਪੰਜਵੀਂ ਵਾਰੀ ਅਹਿਮਦਸ਼ਾਹ ਦੁਰਾਨੀ ਨੇ ਹਿੰਦ ਵਿੱਚ ਆ॰
ਕਰ ਪੰਜਾਬ ਦਾ ਬੰਦੋਬਸਤ ਕੀਤਾ ਤੇ ਦਿੱਲੀ ਪਹੁੰਚਕਰ ਬਾਦਸ਼ਾਹ ਨੂੰ ਗਾਜ਼ੀਦੀਨ ਜ਼ਾਲ
ਮ ਵਜ਼ੀਰ ਦੇ ਪੰਜੇ ਵਿੱਚੋਂ ਛੁਡਾਕੇ ਨਜੀਬਖਾਂ ਰੁਹੇਲੇ ਨੂੰ ਨਜਮੁੱਦੌਲਾ ਦਾ ਖਿਤਾਬ ਦੇਕਰ
ਵਜ਼ੀਰ ਬਣਾ ਦਿੱਤਾ ਤੇ ਗਾਜ਼ੀਦੀਨ ਆਦਿਕ ਅਮੀਰਾਂ ਤੋਂ ਬੜੀ ਸਖਤੀ ਨਾਲ ਇੱਕ ਕ
ਰੋੜ ਰੁਪਯਾ ਜੁਰਮਾਨਾ ਤੇ ਬਾਦਸ਼ਾਹ ਦੀ ਸਕੀ ਭੈਣ ਦਾ ਡੋਲਾ ਆਪ ਨੂੰ, ਅੱਤੇ ਉਸਦੀ ਧੀ
ਦਾ ਡੋਲਾ ਆਪਣੇ ਬੇਟੇ ਤੈਮੂਰਸ਼ਾਹ ਵਾਸਤੇ ਲੈਕੇ ਕਾਬੁਲ ਨੂੰ ਚਲਾ ਆਯਾ। ਤਦੋਂ ਗਾਜ਼ੀ
ਦੀਨ ਨੇ ਵਜ਼ੀਰੀ ਖੁੱਸ ਜਾਣ ਦੇ ਕਾਰਣ ਆਪਣਾ ਅਤੀ ਨਿਰਾਦਰ ਹੋਯਾ ਮੰਨਕੇ, ਆਪ
ਣੀ ਸਹਾਯਤਾ ਤੇ ਦੁਸ਼ਮਣਾਂ ਤੋਂ ਬਦਲਾ ਲੈਣ ਵਾਸਤੇ ਮਰਹੱਟਿਆਂ ਨੂੰ ਬੁਲਾ ਲਿਆ। ਉ
ਦੋਂ ਬਾਜੀਰਾਉ ਤੀਸਰਾ ਪੇਸ਼ਵਾ ਪੂਨੇ ਦੀ ਗੱਦੀ ਪਰ ਸੀ, ਉਸਨੇ ਆਪਣੇ ਬੇਟੇ ਰਘੁਨਾਥਰਾ
ਉ ਨੂੰ ਗਾਜ਼ੀਦੀਨ ਦੀ ਮਦਦ ਵਾਸਤੇ ਤੋਰਕੇ ਆਪਣੇ ਤਾਬੇਦਾਰਾਂ ਸਰਦਾਰਾਂ ਨੂੰ ਇਸ ਦੇ
ਨਾਲ ਹੋਣ ਵਾਸਤੇ ਲਿਖ ਭੇਜਿਆ ਜੋ ਇੱਕ ਸੰਭਾਜੀ ਕੋਲ੍ਹਾਪੁਰ ਦਾ ਸੂਬੇਦਾਰ ੧, ਰਘੋਜੀ
ਭੋਂਸਲਾ ਨਾਗਪੁਰ ਦਾ ੨, ਖਾਂਡੇਰਾਇ ਸੰਧੀਆ ਗਵਾਲੀਯਰ ਦਾ ੩, ਮਲ੍ਹਾਰਰਾਉ ਹੁਲਕ
ਰ ਤੇ ਇੰਦੌਰ ਵਾਲਾ ੪ ਏਹ ਪੇਸ਼ਵਾ ਦੇ ਸੂਬੇ ਬੜੇ ੨ ਮੁਲਕ ਤੇ ਲਸ਼ਕਰ ਦੇ ਮਾਲਕ ਸ
ਨ। ਏਨ੍ਹਾਂ ਨੂੰ ਆਪਣੀ ੨ ਫੌਜ, ਆਪਣੇ ੨ ਲਾਯਕ ਸਰਦਾਰਾਂ ਦੇ ਨਾਲ ਦੇਕਰ ਰਘੁਨਾ
ਥਰਾਉ ਦੇ ਲਸ਼ਕਰ ਨਾਲ ਮਿਲਾਇ ਦਿੱਤਾ। ਏਨ੍ਹਾਂ ਨੇ ਦਿੱਲੀ ਨੂੰ ਜਾ ਘੇਰਿਆ।
ਤਦ ਅੰਦਰੋਂ ਨੱਵਾਬ ਸੁਜਾਉੱਦੌਲਾ, ਨੱਵਾਬ ਦੂੰਦੇਖਾਂ, ਨੱਵਾਬ ਅਹਿਮਦਖਾਂ ਫਰੱਖਾਬਾ॰
ਦੀਏ, ਹਾਫਜ਼ ਰਹਿਮਤਖਾਂ, ਵਜ਼ੀਰ ਨਜੀਬਖਾਂ ਦੋ ਮਹੀਨੇ ਲੜਦੇ ਰਹੇ। ਹਾਰਕੇ ਨ
ਜੀਬਖਾਂ ਭੱਜ ਗਿਆ, ਮਰਹੱਟਿਆਂ ਨੇ ਦਿੱਲੀ ਫਤੇ ਕਰਕੇ ਗਾਜ਼ੀਦੀਨ ਨੂੰ ਫੇਰ ਵਜ਼ੀਰ
ਬਣਾਇ ਦਿੱਤਾ। — ਮੁਲਕ ਚੰਬਲ ਨਦੀ ਤਕ ਉਧਰ ਤੇ ਹਾਂਸੀ ਹਸਾਰ, ਝੱਜਰ, ਰਹੋ
ਆਨ ਦੇਸ਼, ਹਰਿਦੁਆਰ, ਸਹਾਰਨਪੁਰ ਤਕ ਏਧਰ, ਏਹ ਤਾਂ ਪਹਿਲੇ ਹੀ ਮਰਹਟੇ ਦਬਾ ਚੁੱ
ਕੇ ਸੇ, ਹੁਣ ਰਹਿੰਦਾ ਖੂੰਹਦਾ ਭੀ ਆਪਣੇ ਹੱਥ ਵਿੱਚ ਲੈਕੇ ਹੱਥ ਠੁਕਾਵਾਂ ਅਮੂਲਾ ਦੇਣਾ
ਤੇ ਨਾਮਮਾਤ੍ਰ ਦਿੱਲੀ ਦੀ ਵਜ਼ੀਰੀ ਤੇ ਬਾਦਸ਼ਾਹੀ ਬਣਾ ਰੱਖੀ। — ਅਹਿਮਦਸ਼ਾ
ਹ ਅਬਦਾਲੀ ਨਜੀਬਖਾਂ ਨੂੰ ਵਜ਼ੀਰ ਬਣਾਕੇ ਜਾਂਦਾ ਹੋਯਾ ਆਪਣੇ ਬੇਟੇ ਤੈਮੂਰਸ਼ਾਹ
ਨੂੰ ਪੰਜਾਬ ਦਾ ਸੂਬਾ ਬਣਾ ਕਰਕੇ ਲਾਹੌਰ ਵਿੱਚ ਛੋੜ ਗਿਆ ਸੀ। ਇਸਨੇ ਸਤਲੁਜ ਤਕ ਆ

Digitized by Panjab Digital Library | www.panjabdigilib.org

ਜਾਦੇ ਫਿਰਕਾਰਦੇ ਸਰੇਕਰੀਮੀ ਹਾਕਮ ਅਦੀਨਾਬੇਗਖਾਂ ਨੂੰ ਜਦ ਬਹੁਤ ਸਤਾਯਾ ਤਾਂ ੧੨੭
ਉਸਨੇ ਮਰਹਟਿਆਂ ਨੂੰ ਬੁਲਾ ਭੇਜਿਆ, ਕਯੋਂਕਿ ਉਸ ਸਮੇ ਹਿੰਦੁਸਤਾਨ ਉੱਤੇ ਏਨ੍ਹਾਂ ਦਾ ਹੀ ਹੁ
ਕਮ ਚੱਲਦਾ ਸੀ, ਤਾਂ ਹੀ ਸਬ ਨੱਵਾਬ ਰਾਜੇ ਏਨ੍ਹਾਂ ਦੀ ਖੁਸ਼ਾਮਦ ਕਰਦੇ ਸਨ ਤੇ ਜਦ ਕਿ
ਸੇ ਨੂੰ ਬਿਪਤਾ ਪੈਂਦੀ ਸੀ ਤਾਂ ਏਨ੍ਹਾਂ ਤੋਂ ਹੀ ਮਦਦ ਲੈਕੇ ਛੁਟਦਾ ਸੀ। ਏਸੇ ਕਰਕੇ ਅਦੀਨਾ
ਬੇਗ ਨੇ ਦੁਰਾਨੀਆਂ ਦੇ ਸਤਾਏ ਹੋਏ ਮਰਹਟਿਆਂ ਨੂੰ ਲਿਖ ਭੇਜਿਆ ਕਿ ਜਦ ਤੁਸੀਂ ਸਤ
ਲੁਜ ਉਤਰੋਗੇ, ਲਾਹੌਰ ਜਾਂਦਿਆਂ ਤਕ ਫੀ ਪੜਾਉ ਇੱਕ ਲੱਖ ਰੁਪਯਾ ਖਰਚ ਤੇ ਲਾਹੌ
ਰ ਪਰ ਕਬਜ਼ਾ ਕਰਾਉਣ ਦੀ ਮਦਦ ਮੈਂ ਦੇਵਾਂਗਾ, ਪਰ ਏਹ ਸ਼ਰਤ ਰਹੀ ਕੇ ਮੇਰੇ ਇ
ਲਾਕੇ ਪਰ ਮੇਰੀ ਹਕੂਮਤ ਸੁਤੰਤ੍ਰ ਬਣੀ ਰਹੇ।

ਮਰਹਟੇ ਤਾਂ ਚਾਹੁੰਦੇ ਹੀ ਸੇ, ਕਿ ਪੰਜਾਬ ਸਾਡੇ ਹੱਥ ਆਵੇ, ਉਸੇ ਵਕਤ ਰਘੂਨਾਥਰਾ
ਉ ਨੇ ਪੰਜਾਬ ਦੀ ਤਰਫ਼ ਕੂਚ ਕਰ ਦਿੱਤਾ। ਭਾਦੋਂ ਸੰ: ੧੮੧੩ ਬਿ: ਨੂੰ ਜਦ ਸਰਹੰਦ ਪਹੁੰ
ਚੇ ਤਾਂ ਉਥੋਂ ਦੇ ਸੂਬੇਦਾਰ ਅਬਦੁੱਲੇਖਾਂ ਦੁਰਾਨੀ ਨੇ ਬੜੀ ਹਿੰਮਤ ਨਾਲ ਟਾਕਰਾ ਲੀ
ਤਾ, ਪੰਜ ਦਿਨ ਸਰਹੰਦ ਨਾ ਟੁੱਟੀ, ਅੰਦਰੋਂ ਤੋਪਾਂ ਨੇ ਮਰਹਟਿਆਂ ਨੂੰ ਨੇੜੇ ਨਾ ਆਵਣ ਦਿੱਤਾ
। ਅਦੀਨਾ ਬੇਗ ਖਾਂ ਭੀ ਸਰਦਾਰ ਜੱਸਾ ਸਿੰਘ ਆਦਿਕ ਪੰਜ ਸੱਤ ਜਥੇਦਾਰਾਂ ਨੂੰ ਨਾਲ
ਲੈਕੇ ਉਸੇ ਥਾਂ ਮਰਹਟਿਆਂ ਨੂੰ ਜਾ ਮਿਲਿਆ। ਬਾਕੀ ਦੇ ਸਿੰਘ ਭੀ ਸਰਹੰਦ ਲੁੱਟਣ ਦੀ
ਮਨਸ਼ਾ ਧਾਰਕੇ (ਜੋ ਦਸ ੨ ਪੰਦ੍ਰਾਂ ੨ ਕੋਸ ਇਰਦ ਗਿਰਦ ਫਿਰ ਰਹੇ ਸੇ) ਸਰਦਾਰ ਜੱਸਾ
ਸਿੰਘ ਆਹਲੂਵਾਲੀਏ ਦਾ ਸਰਹੰਦ ਪਹੁੰਚਣਾ ਸੁਣਕੇ ਛਪਾਛਪ ਉਸਦੇ ਨਾਲ ਆ
ਮਿਲੇ। ਸਿੰਘਾਂ ਨੇ ਲੁੱਟ ਮਾਰ ਦਾ ਹੁਕਮ ਲੈਕੇ ਸਰਹੰਦ ਪਰ ਹੱਲਾ ਕਰ ਦਿੱਤਾ, ਪਹਿਲੇ
ਤਾਂ ਭੂਝਿਆਂ ਦੇ ਗਲਤੇ, ਛੋਟੇ ਕਛਹਿਰੇ, ਸੂਧੇ ਦਾੜ੍ਹੇ, ਪਗੜੇ ਢਿੱਲੜ, ਜੱਟ ਜੇਹੇ ਦੇਖ
ਦੇਖ ਮਰਹੱਟੇ ਠੱਠੇ ਕਰਦੇ ਸੇ, ਪਰ ਜਦ ਸੱਤ ਸ੍ਰੀ ਅਕਾਲ ਗਜਾਕੇ ਹੱਲਾ ਕੀਤਾ, ਫੇਰ
ਤਾਂ ਲਾਲ ਮੂੰਹ ਤੇ ਨੇਤ੍ਰ ਚੜੇ, ਮੁਛਹਿਰੇ ਖੜੇ ਹੋਕਰ, ਬੀਰਰਸ ਤੇ ਰੌਦ੍ਰ ਰਸ ਦਾ ਰੂਪ ਬਾ
ਵਣ ਦੀ ਤਰਾਂ ਕੁਛ ਹੋਰ ਦੇ ਹੋਰ ਹੀ ਭਿਆਨਕ ਬਣਕੇ, ਚਿੱਤ੍ਰਿਆਂ ਵਾਂਗੂ ਛਾਲਾਂ ਮਾਰਦੇ ਹੋ
ਏ, ਸਾਰਦੀ ਬਰਖਾ ਪੈਂਦੀ ਦੇ ਸਾਹਮਣੇ ਚਲੇ ਗਏ, ਚਟਾਕ ਨਟਾਂ ਵਾਂਗੂ ਕੁੱਦਕੇ ਕੋਟ
ਉੱਤੇ ਚੜ੍ਹ ਗਏ, ਵੈਰੀ ਕੱਟਕੇ ਹੇਠਾਂ ਮਾਰੇ ਤੇ ਤੋਪਾਂ ਦੇ ਕਿਲ ਠੋਕ ਠੋਕ ਦਰਵਾਜ਼ਾ ਖੋਲ੍ਹ
ਦਿੱਤਾ, ਫੇਰ ਤਾਂ ਮਰਹਟੇ ਭੀ ਹੱਲਾ ਕਰਕੇ ਅੰਦਰ ਵੜ ਗਏ। ਟਿਕ ਅਬਦੁੱਲਾਖਾਂ
ਨੇ ਤਾਂ ਕਾਬਲ ਦਾ ਰਸਤਾ ਲੱਭਿਆ ਤੇ ਸਦੀਕ ਬੇਗ ਨੇ ਅਦੀਨਾ ਬੇਗ ਦੀ ਮਾਰਫ਼ਤ ਰਘੁ

Digitized by Panjab Digital Library | www.panjabdigilib.org

੧੨੮ ਨਾਥ ਰਾਉ ਦੇ ਚਰਨ ਆ ਫੜੇ, ਸ਼ਹਿਰ ਤੇ ਕਿਲਾ, ਮਾਲ ਮਤਾ ਸਬ ਕੁਛ ਉਸ ਦੇ ਹਵਾਲੇ ਕਰ ਦਿੱਤਾ। ਮਰਹਟੇ ਤਾਂ ਬੰਦੋਬਸਤ ਵਿੱਚ ਲੱਗੇ ਰਹੇ ਤੇ ਸਿੱਖ ਲਾਟਾਂ ਦੀ ਤਰਾਂ ਘਰ ਘਰ ਫਿਰ ਨਿਕਲੇ, ਤੇ ਸਿੱਖਾਂ ਦੀ ਧਾਂਕ ਤਾਂ ਅੱਗੇ ਹੀ ਪੈ ਰਹੀ ਸੀ, ਡਰਦੇ ਮਾਰੇ ਕਿਸੇ ਨੇ ਅੱਗੋਂ ਹੁੱਤ ਨਾ ਕੀਤੀ, ਤੁਰਦਾਨ ਗੱਠਾ, ਨਕਦੀ, ਜੇਵਰ, ਘੋੜੇ, ਕੱਚਰ, ਸਸਤ੍ਰ, ਬਸਤ੍ਰ ਲੈ ਕੇ ਰਾਹ ਪਏ। ਮਰਹਟੇ, ਸਿੱਖਾਂ ਦੀ ਏਸ ਚਾਲਾਕੀ ਪਰ ਖਿਜ ਗਏ ਤੇ ਖੋਹਣ ਆ ਪਏ, ਭਲਾ ਸ਼ੇਰ ਦੀ ਦਾੜ੍ਹ ਵਿਚੋਂ ਭੀ ਕਿਸੇ ਨੇ ਮਾਸ ਲੀਤਾ ਹੈ। ਸਾਰੇ ਜਗਤ ਦੇ ਲੁਟੇਰੇ ਆਪ ਕੋਈ ਲੁਟਾ ਬੈਠਦੇ ਸੇ, ਕਸਬੇ ਖੰਨੇ ਪਾਸ ਟਾਕਰਾ ਹੋਇਆ ਤਾਂ ਸਿੱਖ ਅੱਗੋਂ ਤਲਵਾਰਾਂ ਸੂਤ ਖੜੇ ਤੇ, ਮਰਹਟੇ ਸਰਦਾਰਾਂ ਨੇ ਸਿੱਖਾਂ ਨਾਲ ਵਿਗਾੜਨਾ ਚੰਗਾ ਨਾ ਸਮਝ ਕੇ ਵਾਧਾ ਨਾ ਕੀਤਾ, ਸਿੱਖ ਅੰਮ੍ਰਿਤਸਰ ਜਾ ਠਹਿਰੇ।

ਰਘੁਨਾਥ ਰਾਉ ਨੇ ਸਰਹਿੰਦ ਫਤੇ ਕਰ ਕੇ ਆਪਣੇ ਸਰਦਾਰਾਂ ਵਿਚੋਂ ਨਾਰੈਣ ਰਾਉ ਨੂੰ ਸਰਹਿੰਦ ਦਾ ਸੂਬਾ ਤੇ ਅਦੀਨਾ ਬੇਗ ਦੇ ਕਹੇ ਸਦੀਕ ਬੇਗ ਖਾਂ ਨੂੰ ਨਾਇਬ ਥਾਪ ਕਰ, ਸਤਲੁਜੋਂ ਪਾਰ ਲਸ਼ਕਰ ਉਤਾਰ ਦਿੱਤਾ। ਮਰਹੱਟਿਆਂ ਤੋਂ ਡਰਦੇ ਮਾਰੇ ਤੈਮੂਰ ਸ਼ਾਹ ਆਦਿਕ ਦੁਰਾਨੀ ਤਾਂ ਆਪੇ ਆਪ ਕਾਬੁਲ ਨੂੰ ਚਲੇ ਗਏ ਤੇ ਰਘੁਨਾਥ ਰਾਉ ਅਟਕ ਤਕ ਸਾਰੀ ਪੰਜਾਬ ਉੱਤੇ ਬਿਨਾ ਲੜਾਈ ਕਬਜ਼ਾ ਕਰ ਬੈਠਾ ਤੇ ਆਪਣੇ ਸਰਦਾਰਾਂ ਵਿਚੋਂ ਸਾਹਿਬ ਰਾਉ ਨੂੰ ਦਸ ਹਜ਼ਾਰ ਫੌਜ ਨਾਲ ਕਿਲੇ ਅਟਕ ਵਿੱਚ, ਤੇ ਤੁਨਕੂ ਰਾਉ, ਮਾਧੋ ਰਾਉ ਨੂੰ ਲਾਹੌਰ ਵਿੱਚ, ਅਤੇ ਸਿਆਮਜੀ, ਰਾਮਜੀ ਦੋ ਸਰਦਾਰਾਂ ਨੂੰ ਮੁਲਤਾਨ ਸੌਂਪ ਕੇ ਆਪ ਫੇਰ ਦੱਖਣ ਨੂੰ ਮੁੜ ਗਿਆ।

ਪੰਜਾਬ ਲੈਣ ਤੋਂ ਸਤ ਬਰਸ ਪਹਿਲੇ ਨਾਗਪੁਰ ਵਾਲੇ ਸੂਬੇ ਨੇ ਅੱਧਾ ਬੰਗਾਲਾ, ਸਾਰਾ ਉੜੀਸਾ ਦੇਸ ਜਿੱਤ ਕੇ ਜਗਨਨਾਥ ਦਾ ਮੰਦਰ ਤੇ ਕਾਂਸ਼ੀ ਤਕ ਦੇਸ ਫਤੇ ਕਰ ਕੇ ਕਾਸ਼ੀ ਵਿਚ ਵਿਸ਼੍ਵਨਾਥ ਦਾ ਮੰਦਰ ਬਣਵਾਇਆ, ਜਦ ਪੰਜਾਬ ਭੀ ਇਨ੍ਹਾਂ ਦੇ ਕਬਜ਼ੇ ਆ ਗਿਆ ਫੇਰ ਤਾਂ ਮਾਨੋ ਸਾਰੇ ਮੁਲਕ ਪਰ ਇਨ੍ਹਾਂ ਦਾ ਹੀ ਡੰਕਾ ਵੱਜ ਗਿਆ।

ਇਕ ਦਿਨ ਲਾਹੌਰੀ ਮੁਸਲਮਾਨਾਂ ਨੇ ਗਊਆਂ ਮਾਰ ਕੇ ਤਿਹਾਰ ਮਨਾਇਆ, ਮਾਧੋ ਰਾਉ ਨੇ ਸਾਹਿਬ ਰਾਉ ਅਟਕ ਵਾਲੇ ਦੇ ਹੁਕਮ ਨਾਲ ਚੋਰਾਂ ਪੰਦ੍ਰਾਂ ਸੂਰ ਮਰਵਾ ਸਿੱਟੇ, ਜਿਸ ਕਰ ਕੇ ਪੰਜਾਬ ਦੇ ਸਭ ਮੁਸਲਮਾਨ ਮਰਹੱਟਿਆਂ ਨੂੰ ਵੈਰੀਆਂ ਅੱਖਾਂ ਨਾਲ ਤੱਕਣ ਲੱਗ ਪਏ। — ਸਿੱਖਾਂ ਨਾਲ ਭੀ ਮਰਹੱਟਿਆਂ ਦਾ ਮੇਲ ਮਿਲਾਪ ਤਾਂ ਰਹਿੰਦਾ ਹੀ ਸੀ

Digitized by Panjab Digital Library | www.panjabdigilib.org

ਪਰ ਮਰਹਟੇ ਹਿੰਦੂਧਰਮ ਦੇ ਅਤੀ ਪਯਾਰੇ, ਤੇ ਮੁਸਲਮਾਨਾਂ ਦੇ ਵੈਰੀ ਸਨ, ਇਸ ਤੋਂ ਸਿ ੧੨੯
ਘਾਂ ਦੇ ਸਿਰ ਨਹੀਂ ਆਉਂਦੇ ਸੇ, ਅਤੇ ਸਿੱਘਾਂ ਨੇ ਭੀ ਉਨ੍ਹਾਂ ਨੂੰ ਕੋਈ ਦਿਨ ਦੇ ਪਰਾਹੁਣੇ ਸ
ਮਝਕੇ ਸਿਤਾਉਣਾ ਛੱਡ ਦਿੱਤਾ। — ਮਰਹਟਿਆਂ ਨੇ ਸਿੰਘਾਂ ਨੂੰ ਆਪਣੇ ਸਾਥੀ ਕ
ਰਲੈਣ ਦੇ ਜਤਨ ਕੀਤੇ ਪਰ ਸਿੰਘ ਤਾਂ ਆਪੇ ਆਪ ਹੋਣੇ ੨ ਬਾਦਸ਼ਾਹ ਹੋਣ ਦਾ ਹੌਸਲਾ
ਰੱਖਦੇ ਸੇ, ਉਨ੍ਹਾਂ ਦੇ ਤਾਬੇ ਕਯੋਂ ਹੁੰਦੇ ਸੇ।

ਅਦੀਨਾ ਬੇਗਖਾਂ ਹਰਸਾਲ ਸਿੰਘਾਂ ਨੂੰ ਰਾਖੂ ਸਿੱਕਾ ਤੇ ਕੁਛ ਨਕਦੀ ਸਰਦਾਰ ਜੱਸਾ
ਸਿੰਘ ਆਹਲੂਵਾਲੀਏ ਦੀ ਮਾਰਫਤ ਦਿੰਦਾ ਰਹਿੰਦਾ ਸੀ, ਇਕ ਸਾਲ ਮਰਹਟਿਆਂ ਦੇ
ਗੁਮਾਨ ਵਿੱਚ ਆਕੇ ਨ ਦਿੱਤਾ, ਸਿੰਘਾਂ ਨੇ ਅਨੰਦਪੁਰ ਦੇ ਹੋਲੇ ਨੂੰ ਜਾਣ ਦਾ ਬਹਾਨਾ
ਕਰਕੇ ਉਸਦੇ ਇਲਾਕੇ ਦੁਆਬੇ ਵਿੱਚ ਦੀ ਵਹੀਰ ਪਾ ਦਿੱਤਾ ਜਦ ਬੇਗ ਨੇ ਆਪਣੇ
ਮੁਲਕ ਦਾ ਰੱਬ ਦਿਖਾਯਾ ਤਾਂ ਦਸਹਜ਼ਾਰ ਰੁਪਯਾ ਨਕਦ ਨਜ਼ਰ ਦੇਕਰ, ਪੈਰੀਂ ਹੱਥ
ਲਾਕੇ ਆਪਣੇ ਇਲਾਕੇ ਵਿੱਚੋਂ ਪੰਥ ਨੂੰ ਬਾਹਰ ਕੱਢਿਆ ਜੋ ਅੱਧੇਕ ਸਿੰਘ ਤਾਂ ਦੁਆਬੇ
ਵਿੱਚ ਦੀ ਸਿੱਧੇ ਅਨੰਦਪੁਰ ਜਾ ਉਤਰੇ, ਅਤੇ ਬਾਕੀ ਜਥੇ ਮਾਛੀਵਾੜੇ ਦੇ ਪੱਤਣ ਲੰਘ
ਕੇ ਮਾਛੀਵਾੜੀਏ ਨਜੀਬਖਾਂ, ਤੇ ਬਹਿਲੋਲਪੁਰੀਏ ਬਹਾਦਰਖਾਂ, ਸੱਮੇਖਾਂ ਆ
ਦਿਕ ਕਿੜੀ ਤੇ ਕੋਟਲੇ ਵਾਲੇ ਪਠਾਣਾਂ ਤੋਂ ਧੂਮਧਾਮ ਕੇ ਨਜ਼ਰਾਂ ਤੇ ਰਸਦਾਂ ਲੈਂਦੇ ਹੋਏ ਸਰ
ਹੰਦ ਤਰਫ ਤੁਰ ਪਏ। — ਤਦ ਸਰੀਕਬੇਗਖਾਂ ਸਰਹਿੰਦ ਦੇ ਸੂਬੇ ਨੇ ਫੌਜ ਭੇਜ ਦਿੱਤੀ
ਕਈ ਮੁਕਾਬਲੇ ਹੋਏ, ਓੜਕ ਸਰੀਕਬੇਗ ਖੁਦ ਨਾਲ ਤੋਪਾਂ ਤੇ ਦੇਸ ਦੇ ਜਾਗੀਰਦਾਰਾਂ ਨੂੰ
ਲੈਕੇ ਆਪ ਚੜ੍ਹ ਆਯਾ, ਸਿਆਲਬਾ ਪਿੰਡ ਪਾਸ ਭਾਰੀ ਜੰਗ ਹੋਯਾ, ਅੱਗੇ ੨ ਸਿੰਘ ਪਿ
ਛੇ ੨ ਤੁਰਕ ਹੋ ਗਏ, ਸਿੰਘਾਂ ਦਾ ਬਹੁਤ ਨੁਕਸਾਨ ਹੋਯਾ, ਪਹਾੜਾਂ ਦੀ ਕੰਢੀ ਸਿਆਲ
ਬੇ ਪਿੰਡ ਪਾਸ ਢੁੱਕੇ ਤਾਂ ਅਨੰਦਪੁਰੀਏ ਸਿੰਘ ਏਹ ਖਬਰ ਸੁਣਕੇ ਰੱਬ ਵਾਂਗੂ ਆ ਬਾ
ਹੁੜੇ, ਦੋਹਾਂ ਪਾਸਿਆਂ ਤੋਂ ਖੂਬ ਕਹਿਰ ਦੀ ਤੇਗ ਚੱਲੀ ਪਰ ਸਿੰਘਾਂ ਨੇ ਲੱਲੀ ਛੱਲੀ ਸਬ
ਅੱਗੇ ਧਰ ਲਈ। ਸਰੀਕਬੇਗ ਨੇ ਸਰਹਿੰਦ ਉਤੇ ਸਾਹ ਨਾ ਲਿਆ। ਜਦ ਸਿੰਘ ਉਸ
ਦੇ ਦੇਸ ਦੀ ਕੱਛ ਕਰਣ ਲੱਗ ਪਏ ਤਾਂ ਹਾਰਕੇ ਦਸ ਹਜ਼ਾਰ ਨਕਦ ਦੇਕੇ ਖਿਆਲ ਛੁ
ਡਾਯਾ ਰੋਪੜੀਏ ਪਠਾਣਾਂ, ਤੇ ਨਾਲਾਗੜੀਏ ਰਾਜੇ ਤੋਂ ਗੱਫਾ ਲੈਕੇ ਸਿੰਘਾਂ ਨੇ ਸੰਮਤ
੧੮੧੩ ਬਿ: ਨੂੰ ਅਨੰਦਪੁਰ ਦੇ ਹੋਲੇ ਮੇਲੇ ਵਿੱਚ ਗੁਲਾਲ ਤੇ ਕੁਣਕੇ ਜਾ ਉਡਾਏ।
ਉਧਰ ਗਾਜ਼ੀਉੱਦੀਨ ਵਜ਼ੀਰ ਨੇ ਨਜੀਬਖਾਂ ਨੂੰ ਨਜੀਬਗੜ੍ਹ ਵਿੱਚ ਜਾ ਘੇਰਿਆ, ਭਾਰੀ

ਸਿੱਖਾਂ ਨੇ ਅਦੀਨਾਬੇਗ ਤੇ
ਸਰਹਿੰਦ ਤੇ ਨਜ਼ਰਾਂ ਲਈਆਂ

ਅਹਿਮਦਸ਼ਾਹ ਦਾ ਚੌਥਾ ਹੱਲਾ ਸੰਮਤ ੧੮੧੪ ਬਿ:

੧੬੦ ਤੰਗ ਕੀਤਾ ਹਾਰਕੇ ਨਜੀਬਖਾਂ ਨੇ ਤਿੰਨ ਕਰੋੜ ਰੁਪਯਾ ਤਮਰੇਜੀ (ਸਿੱਕਾ ਜੋ ਉਸ ਸਮੇਂ ਚਲਦਾ ਸੀ) ਦੇਣਾ ਕਰਕੇ ਅਹਿਮਦਸ਼ਾਹ ਅਬਦਾਲੀ ਨੂੰ ਆਪਣੀ ਕੁਮਕ ਪਰ ਬੁਲਾ ਲਿਆ। ——— ਅਹਿਮਦਸ਼ਾਹ ਤਾਂ ਮਰਹਟਿਆਂ ਨੂੰ ਪੰਜਾਬੋਂ ਕੱਢਣ ਵਾਸਤੇ ਪਹਿਲੇ ਹੀ ਤਯਾਰ ਹੋ ਰਿਹਾ ਸੀ, ਪਰ ਨਜੀਬਖਾਂ ਦੀ ਅਰਜ਼ੀ (ਜਿਸ ਪਰ ਸ਼ਾਹੀ ਆਲਮਗੀਰ ਦੇ ਭੀ ਦਸਤਖਤ ਸੇ) ਜਿਸ ਵਕ੍ਤ ਪਹੁੰਚੀ ਉਸੇ ਵੇਲੇ ਤਿੰਨ ਕਰੋੜ ਦੇ ਲਾਲਚ ਦੀ ਖੁਸ਼ੀ ਚੜ੍ਹਗਈ ਫੇਰ ਤਾਂ ਡੇਢ ਲੱਖ ਅਸਵਾਰ ਪਯਾਦੇ ਨਾਲ ਵਾਗ ਫੜ ਲਈ ਅਜੇ ਜਲਾਲਾਬਾਦ ਹੀ ਪਹੁੰਚਿਆ ਸੀ ਜੋ ਮਰਹਟਿਆਂ ਨੂੰ ਅੱਗੇ ਹੀ ਅਫਰਾ ਦਫਰੀ ਪੈਗਈ ਪੰਜਾਬ ਦੇ ਮੁਸਲਮਾਨ ਤਾਂ ਪਹਿਲੇ ਹੀ ਮਰਹਟਿਆਂ ਦੇ ਲਹੂ ਦੇ ਤਿਹਾਏ ਸਨ, ਹਿੰਦੂ ਕੁਛ ਮਦਦ ਦੇਣ ਜੋਗੇ ਨਾ ਦੇਖੇ, ਸਿੰਘਾਂ ਨਾਲ ਖੁਣਸ ਭਾ ਖੁਣਸ ਭੀ ਹੋਰਹੀ ਸੀ, ਇਸੇ ਕਰਕੇ ਡਰਦੇ ਮਾਰੇ ਮਰਹਟੇ ਹਣਬਣਾ ਉੱਠੇ। — ਅਟਕ ਦੇ ਕਿਲੇਦਾਰ ਸਾਹਿਬਰਾਉ ਨੇ ਤਾਂ ਉਥੇ ਪਾਣੀ ਭੀ ਨਾ ਪੀਤਾ, ਬਿਨਾ ਪਲੀਤਾ ਦਾਗੇ ਦੁਰਾਨੀਆਂ ਦੇ ਅੱਗੇ ਲੱਗ ਤੁਰਿਆ, ਤੁਤਾਸ ਪਾਸ ਆਕੇ ਰੁਕੇ ਹੋਏ ਨੇ ਥੋੜੀ ਜੇਹੀ ਲੜਾਈ ਕੀਤੀ ਪਰ ਕੁਛ ਨਾ ਸਰਿਆ, ਸਗੋਂ ਦੁਰਾਨੀਆਂ ਨੂੰ ਆਪਣਾ ਪੋਲ ਜ਼ਾਹਰ ਕਰ ਦਿਖਾਯਾ, ਜਿਸ ਤੇ ਓਹ ਮੱਛਰਕੇ ਸਿਰ ਚੜ੍ਹਗਏ, ਪਰ ਅਹਿਮਦਸ਼ਾਹ ਨੇ ਜੋ ਏਹੋ ਜੇਹੇ ਕੰਮਾਂ ਦਾ ਗੁਰੀ ਭੇਤੀ ਸੀ (ਮਾਰੀ ਨਾਲੋਂ ਨਠਾਈ ਚੰਗੀ ਸਮਝਕੇ) ਮਰਹਟਿਆਂ ਨੂੰ ਦੂਰੋਂ ਡੂਮਣਾ ਰਾਹ ਰੱਖਯਾ, ਹੱਥ ਨਾ ਪਾਯਾ, ਏਸ ਵੇਲੇ ਮਰਹਟੇ ਤਾਂ ਪੰਜਾਬ ਖਾਲੀ ਕਰਕੇ, ਜਿਥੋਂ ਆਏ ਸੇ ਉਥੇ ਹੀ ਜਾ ਵੜੇ ਤੇ ਦੁਰਾਨੀ ਸ਼ਾਹ ਨੇ ਚੜ੍ਹਦੇ ਵੈਸਾਖ ਸੰ: ੧੮੧੪ ਬਿ: ਨੂੰ ਲਾਹੌਰ ਪਹੁੰਚਕੇ, ਆਪਣੇ ਸਰਦਾਰ ਕਰਮਦਾਦਖਾਂ ਨੂੰ ਲਾਹੌਰ ਦਾ ਹਾਕਮ ਥਾਪਕਰ, ਅਬਦੁਲਖਾਂ ਨੂੰ ਜੋ ਸਰਹਿੰਦੋਂ ਭੱਜਿਆ ਸੀ, ਸੱਤ ਹਜ਼ਾਰ ਅਸਵਾਰ ਦੇਕੇ ਸਿੱਖਾਂ ਨੂੰ ਸਿੱਖਯਾ ਦੇਣ ਲਈ ਛੱਡਿਆ, ਆਪ ਜਮਨਾ ਪਾਰ ਹੋਕੇ ਸਹਾਰਨਪੁਰ ਆ ਉੱਤਰਿਆ। ਉਧਰ ਗਾਜ਼ੀਦੀਨ ਵਜ਼ੀਰ ਨੇ ਸ਼ਾਹੀ ਆਲਮਗੀਰ ਨੂੰ ਭੀ ਦੁਸ਼ਮਣਾਂ ਦਾ ਸਾਥੀ ਸਮਝਕੇ ਛੁਰੀਆਂ ਨਾਲ ਮਰਵਾਕੇ, ਜਮਨਾ ਦੀ ਰੇਤੀ ਵਿੱਚ ਸਿਟਵਾ ਦਿੱਤਾ ਅਰ ਮਾਸ਼ਾ ਨੇ ਉਸਦੇ ਕਪੜੇ ਉਤਾਰਕੇ ਅਲਫ ਨੰਗਾ ਕਰ ਛੱਡਿਆ, ਗਾਜ਼ੀਦੀਨ ਭੱਜਕੇ ਮਲ੍ਹਾਰਰਾਉ ਇੰਦੌਰ ਵਾਲੇ ਦੀ ਅਮਲਦਾਰੀ ਵਿੱਚ ਚਲਾ ਗਿਆ।

ਨਵਾਬ ਸ਼ੁਜਾਉਲਦੌਲਾ ਨੇ ਆਲਮਗੀਰ ਸ਼ਾਹੀ ਦੇ ਬੇਟੇ ਨੂੰ ਬੰਗਾਲੇ ਵਿਚੋਂ ਬੁਲਾ

Digitized by Panjab Digital Library | www.panjabdigilib.org

ਕੇ ਤਖਤ ਉੱਤੇ ਬੈਠਾ ਦਿੱਤਾ ਤੇ ਸ਼ਾਹ ਆਲਮ ਏਸਦਾ ਖਤਾਬ ਰੱਖਿਆ। ੧੩੧
ਅਹਿਮਦਸ਼ਾਹ ਦੁਰਾਨੀ ਭੀ ਦਿੱਲੀ ਵਿਚ ਜਾ ਵੜਿਆ। ਗਾਜ਼ੀਦੀਨ ਦੀ ਸਭ ਜਾਇ
ਦਾਦ ਨੀਲਾਮ ਕਰਕੇ ਬਾਰਾਂ ਲੱਖ ਰੁਪਯਾ ਵੱਟ ਲਿਆ ਤੇ ਉਸਦੇ ਪੱਖ ਵਾਲੇ ਆਦ
ਮੀ ਨਜੀਬਖਾਂ ਰੁਹੇਲੇ ਨੇ ਚੁਣ ਚੁਣ ਕੇ ਕਤਲ ਕਰਵਾ ਦਿੱਤੇ। ਬਾਦਸ਼ਾਹ ਨੇ ਤਿੰਨ
ਕਰੋੜ ਰੁਪਯਾ ਤਾਂ ਹੌਲੀ ਦੇਕੇ ਨਜੀਬਖਾਂ ਤੋਂ ਫੇਟ ਕ ਲਿਆ ਤੇ ਬਾਕੀ ਹੋਰ ਅਮੀਰਾਂ
ਨੂੰ ਦੁਖ ਦੇਕੇ ਇੱਕ ਕਰੋੜ ਰੁਪਯਾ ਕਢਵਾ ਲਿਆ ਤੇ ਨਜੀਬਖਾਂ ਨੂੰ ਵਜ਼ੀਰ ਬਣਾ ਕੇ
ਆਪ ਕੋਇਲ ਦੀ ਤਰਫ ਨੂੰ ਮੂੰਹ ਚੁਕ ਲਿਆ। ਬੱਲਮਗੜ੍ਹੀਏ ਰਾਜਾ ਨੂੰ ਲੁੱਟ ਪੁੱਟ ਕ
ਰ ਅਲੀਗੜ੍ਹ ਜਾ ਵੜਿਆ, ਉਥੋਂ ਮਰਹਟੇ ਤਾਂ ਥੋੜੀ ਜੇਹੀ ਲੜਾਈ ਕਰਕੇ ਭੀਂਘ
ਦੱਖਣੀ ਦੌੜ ਗਏ ਤੇ ਸ਼ਹਿਰ ਨੂੰ ਦੁਰਾਨੀਆਂ ਨੇ ਚੰਗੀ ਤਰਾਂ ਨਿਸ਼ੰਗ ਹੋਕੇ ਐਸਾ ਕਾਹਿਰ
ਦਾ ਮਾਂਜਾ ਮਾਰਿਆ, ਕਿਸੇ ਹਿੰਦੂ ਦੇ ਘਰ ਕੁਛ ਨਾ ਛੱਡਿਆ। ਏਥੋਂ ਚਲਕੇ ਫੇਰ ਮਥੁ
ਰਾ ਜਾ ਲੁੱਟੀ। ਜਿਨ੍ਹਾਂ ਮੰਦਰਾਂ ਵਿਚ ਦਸ ਦਸ ਲੱਖ ਰੁਪਏ ਦਾ ਸੋਨਾ, ਚਾਂਦੀ, ਹੀਰਾ, ਮੋਤੀ,
ਜੜਾਊ ਛਤਾਂ ਤੇ ਮੂਰਤਾਂ ਬਰਤਨ ਆਦਿਕ ਸਾਮਾਨ ਸੇ ਉਹ ਮੰਦਰ ਗਿਰਵਾ ਦ ਮੂਰ
ਤਾਂ ਤੁੜਵਾ, ਸੱਤਿਆਨਾਸ ਕਰ ਛੱਡਿਆ। ਏਸੇ ਤਰਾਂ ਤਿੰਨ ਮਹੀਨੇ ਦੇਸ ਲੁੱਟ ਪੁੱਟ ਕੇ
ਵੈਰਾਨ ਕਰ ਛੱਡਿਆ, ਕਰੋੜਾਂ ਰੁਪਏ ਦਾ ਮਾਲ ਲੈਕਰ ਮੁੜ ਸਰਹਿੰਦ ਜਾ ਉਤਰਿਆ।
ਮਲੇਰਕੋਟਲੇ ਵਾਲੇ ਪਠਾਣਾਂ ਨੇ ਤੇ ਰਾਇਕੋਟੀਏ ਰਜਪੂਤਾਂ ਨੇ ਬਾਦਸ਼ਾਹ ਦੇ ਚਰਨਾ
ਵਿਚ ਹਾਜ਼ਰ ਹੋਕੇ ਰਾਜਾ ਆਲਾਸਿੰਘ ਦੀ (ਜੋ ਉਨ੍ਹਾਂ ਦੇ ਪਿੰਡਾਂ ਨੂੰ ਧੀਂਗੋ ਧੀਂਗੀ ਦਬਾ
ਰਿਹਾ ਸੀ) ਬੁਰਾਈ ਚੁਗਲੀ ਕਰਕੇ ਬਾਦਸ਼ਾਹ ਨੂੰ ਭੂਹੇ ਕਰਾ ਦਿੱਤਾ। ਉਸ ਲਾਈ ਲੱ
ਗਨੇ ਤੁਰਤ ਫੌਜ ਭੇਜ ਦਿੱਤੀ, ਜਿਸਨੇ ਕਸਬੇ ਬਰਨਾਲੇ ਸਮੇਤ ਉਸਦੇ ਇਲਾਕੇ ਵਿ
ਚ ਭਾਰੀ ਖਰੂਦ ਮਚਾਯਾ। ਓਦੋਂ ਰਾਜਾ ਆਲਾਸਿੰਘ ਸਨਾਮ ਸ਼ਹਿਰ ਫੌਜੀ ਦੌਰੇ ਪ
ਰ ਗਿਆ ਹੋਯਾ ਸੀ, ਏਹ ਗੱਲ ਸੁਣਕੇ ਆਪੇ ਆਪ ਬਾਦਸ਼ਾਹ ਦੇ ਪਾਸ ਜਾ ਹਾਜ਼ਰ ਹੋ
ਯਾ, ਉਸਨੇ ਏਸਦਾ ਕੋਈ ਉਜ਼ਰ ਨਾ ਸੁਣਿਆ, ਸਗੋਂ ਕੈਦ ਕਰ ਲਿਆ।

ਮਰਹਟੇ ਦੌੜੇ

ਰਾਜਾ ਆਲਾਸਿੰਘ ਦੀ ਰਾਣੀ ਫੱਤੋ ਤੇ ਬੀਬੀ ਪ੍ਰਧਾਨ ਨੇ ਜੋ ਨਿਹਾਯਤ ਦੂਰੰਦੇਸ਼ੀ ਤੇ ਦਾ
ਨਾਈ ਦਾ ਕੋਟ ਮਨ, ਬਹੁਤ ਸ਼ੀਘ੍ਰ ਸਰਹਿੰਦ ਜਾਕੇ ਬਾਦਸ਼ਾਹ ਦੇ ਵਜ਼ੀਰ ਵਲੀਸ਼ਾਹ ਦੀ
ਮਾਰਫਤ ਤਿੰਨ ਲੱਖ ਰੁਪਯਾ ਸਾਲਾਨਾ (ਖਿਰਾਜ) ਮਾਮੂਲਾ ਬਾਦਸ਼ਾਹ ਨੂੰ ਦੇਣਾ
ਕਰਕੇ ਰਾਜਾ ਸਾਹਿਬ ਨੂੰ ਛੁਡਾ ਲਿਆ। ਵਜ਼ੀਰ ਨੇ ਕੁਛ ਲਾਲਚ ਲੈਕੇ ਖਿਲਤ ਤੇ

ਆਲਾਸਿੰਘ ਫੜਿਆ ਗਿਆ ਖਲਾਸੀ

Digitized by Panjab Digital Library | www.panjabdigilib.org

੧੩੨ ਖਿਤਾਬ ਰਾਜਗੀ ਦਾ ਰਾਜਾ ਆਲਾਸਿੰਘ ਨੂੰ ਦਿਵਾਇ ਦਿੱਤਾ ਸੱਚ ਹੈ ਨੇਕੀ ਨੇਕਾਂ
ਬਦੀ ਬਖੀਲਾਂ। ਸਗੋਂ ਚੁਗਲਾਂ ਦੇ ਮੂੰਹ ਸ਼ਰਮਿੰਦਗੀ ਦੀ ਸ਼ੱਕਰ ਪਈ ਤੇ ਕਲੰਕੀ ਹੋ
ਏ, ਅੱਗੇ ਮੂੰਹ ਚਿੱਤ ਲੱਗਣੇ ਗਏ। —— ਅਹਿਮਦਸ਼ਾਹ ਸਰਹੰਦ ਵਿਚ ਆ
ਪਣੀ ਤਰਫੋਂ ਜੈਨਖਾਂ ਨੂੰ ਸੂਬਾ ਕਰਕੇ ਜਦ ਲਾਹੌਰ ਨੂੰ ਚੱਲਿਆ ਤਾਂ ਇਕ ਤਾਂ ਸਾਉ
ਣ ਵਿਚ ਬਹੁਤ ਬਰਖਾ ਹੋਣੇ ਕਰ ਨਦੀਆਂ ਨਾਲੇ ਚੜ੍ਹ ਗਏ, ਗੱਡੇ ਊਠ ਚੱਲ ਨਾ ਸ
ਭਠਿੰਡ ਕਣ, ਫੌਜ ਬਹੁਤ ਦੁਖੀ ਹੋਈ। ਦੂਸਰੇ ਸਿੰਘ ਮੀਂਹ ਵਾਲਾ ਵਾਂਗੂ ਗਿਰਦੇ ਆਣ ਹੋਏ
ਜੋ ਹਜ਼ੂਰੀ ਦੌਲਤ ਦੁਰਾਨੀ ਸ਼ਾਹ ਮਥੁਰਾ, ਕੋਇਲ ਵੱਲੋਂ ਲੁੱਟ ਕੇ ਲਿਆਯਾ ਸੀ ਓਹੋ ਪ
ਨ ਸਿੰਘ ਲੁੱਟਣ ਉੱਠ ਪਏ, ਜਿੱਕੂੰ ਚਿੜੀਆਂ ਨੂੰ ਬਾਜ਼ ਤੇ ਬਾਜ਼ਾਂ ਨੂੰ ਸ਼ਾਹਬਾਜ਼ ਆ
ਪੈਂਦੇ ਹਨ ਤੈਸੇ ਵੇਲੇ ਕੁਵੇਲੇ ਸਿੰਘਾਂ ਨੇ ਛਾਪੇ ਮਾਰ ੨ ਦੁਰਾਨੀਆਂ ਨੂੰ ਲਾਚਾਰ ਕਰ
ਘੱਤਿਆ ਤੇ ਨਾਲੇ ਲੁੱਟ ਪਾਈ ਰੱਖੀ। ਬਾਦਸ਼ਾਹ ਨੇ ਲਾਹੌਰ ਪਹੁੰਚ ਕੇ ਬਖਸ਼ੀ ਬੁਲੀ
ਦਖਾਂ ਨੂੰ ਫੌਜ ਦੇ ਕਰ ਸਿੰਘਾਂ ਉੱਤੇ ਚੜ੍ਹਾ ਦਿੱਤਾ। ਭਾਂਵੇਂ ਕਈ ਵਾਰੀ ਜੰਗਲਾਂ ਵਿੱਚੋਂ
ਨਿਕਲ ੨ ਕੇ ਸਿੰਘ ਦੁਰਾਨੀਆਂ ਨਾਲ ਟੱਕਰੇ, ਪਰ ਅੰਥੇ ਤਾਹ ਕੇ ਨਾ ਲੜੇ, ਅੱਗੋਂ ਪਿੱ
ਛੋਂ ਵੇਲੇ ਕੁਵੇਲੇ ਛਾਪਾ ਮਾਰ ਕੇ ਥੋੜੀ ਬਹੁਤੀ ਲੁੱਟ ਮਾਰ ਕਰਕੇ ਫੇਰ ਜੰਗਲਾਂ ਵਿੱ
ਚ ਲੁਕ ਛੁਪ ਜਾਂਦੇ ਰਹੇ। ਸਿੰਘ ਤਾਂ ਓਨ੍ਹਾਂ ਜੰਗਲਾਂ ਦੇ ਸੂਹੇਂ ਮ੍ਰਿਗ ਬਣ ਰਹੇ ਸੇ ਤੇ
ਦੁਰਾਨੀਆਂ ਨੂੰ ਓਹ ਜੰਗਲ ਮੌਤ ਸੀ। ਇਸੇ ਕਰਕੇ ਦੁਸ਼ਮਨਾਂ ਦੇ ਸਾਰੇ ਉੱਦਮ ਬ੍ਰਿਥੇ
ਜਾਂਦੇ। ਹਾਰ ਕੇ ਬੁਲੀਦਖਾਂ ਚੁਗਲਾਂ ਦੇ ਰੱਖੀਂ ਪੰਚੀਸ, ਤੀਸ ਸਿੰਘ ਤੇ ਸੌ ਪਚਾਸ
ਸਿੰਘਣੀ (ਭੁਜੰਗੀ) ਲਭ ਕੇ ਲੈ ਕੇ ਬਾਦਸ਼ਾਹ ਪਾਸ ਆ ਗਿਆ। ਓਨ੍ਹਾਂ ਵਿਚ
ਹਨੂੰਸਿੰਘ, ਕੇਹਰਸਿੰਘ, ਬਘਨ੍ਹਾਸਿੰਘ, ਹਰੀਸਿੰਘ, ਰਘਨਾਸਿੰਘ ਆਦਿਕ ਜੋ
ਸਿੰਘ ਸੇ ਓਨ੍ਹਾਂ ਕੈਦੀਆਂ ਨੇ ਜਦ ਅਹਿਮਦਸ਼ਾਹ ਦੇ ਸਾਹਮਣੇ ਜਾ ਕੇ ਫਤੇ ਬੁਲਾਈ ਤਾਂ
ਅਹਿਮਦਸ਼ਾਹ ਨੇ ਪੁੱਛਿਆ (ਪ੍ਰਸ਼ਨ) ਤੁਸੀਂ ਕੌਣ ਹੋ। (ਉੱਤਰ) ਅਸੀਂ ਸਿੰਘ ਹਾਂ (ਪ੍ਰ:)
ਝੂਠੇ ਕਿ ਸੱਚੇ। (ਉ:) ਸੱਚੇ। ਸ਼ਾਹ ਨੇ ਆਖਿਆ ਜੋ ਸੱਚੇ ਹੋ ਤਾਂ ਹਾਥੀ ਨਾਲ ਲੜੋ, ਸਿੰ
ਘਾਂ ਨੇ ਤਲਵਾਰ ਮੰਗੀ ਤਾਂ ਬਾਦਸ਼ਾਹ ਨੇ ਤਮਾਸ਼ਾ ਦੇਖਣ ਲਈ ਹਨੂੰਸਿੰਘ ਨੂੰ ਕੈਦ
ਵਿੱਚੋਂ ਛੁਡਾ ਕੇ, ਜੇਹੜੀ ਤਲਵਾਰ ਉਸ ਨੇ ਪਸੰਦ ਕੀਤੀ ਓਹੋ ਫੜਾ ਦਿੱਤੀ, ਅਤੇ ਕਿ
ਲੇ ਲਾਹੌਰ ਦੇ ਅੱਗੇ ਮੈਦਾਨ ਵਿਚ ਖੂਨੀ ਹਾਥੀ ਨੂੰ ਸ਼ਰਾਬ ਪਿਲਾ ਕੇ ਸਿੰਘ ਉੱਤੇ ਛੁ
ਡਵਾ ਦਿੱਤਾ, ਸਾਰਾ ਸ਼ਹਿਰ ਤੇ ਫੌਜ ਖੜ੍ਹੇ ਦੇਖ ਰਹੇ ਸਨ।

। ਹਾਥੀ ਨੇ ਸਿੰਘ ਉੱਪਰ ਹੱਲਾ ਕੀਤਾ, ਸਿੰਘ ਨੇ ਖੁੰਢਾਈ ਮਾਰੀ ਤੇ ਪਿੱਛੇ ਹੋ ਹੋ ਕੇ ਲੈਂਦਾ ੧੨੨
ਕਰ ਕੱਢਿਆ। ਫੇਰ ਹਾਥੀ ਉਲਟ ਕੇ ਪਿਆ ਤਾਂ ਸਿੰਘ ਨੇ ਸੁੰਡ ਉੱਤੇ ਸਿੱਟੀ, ਲਹੂ ਦੇ ਧੱਬੇ
ਛੁੱਟ ਪਏ। ਲੋਕਾਂ ਨੂੰ ਤਮਾਸ਼ਾ ਦੇਖਾਉਣ ਲਈ ਕਈ ਵਾਰੀ ਹਾਥੀ ਦੇ ਅੱਗੇ ਪਿੱਛੇ ਫਿਰਿਆ
ਓੜਕ ਤਕਾ ਕੇ ਐਸੀ ਚਲਾਈ ਜੋ ਹਾਥੀ ਦੀ ਖੁੱਚ ਲਾਹ ਧਰੀ, ਹਾਥੀ ਤਾਂ ਪਹਾੜ ਦੀ ਤਰਾਂ
ਘੜੰਮ ਕਰਦਾ ਡਿੱਗ ਪਿਆ ਤੇ ਸਿੰਘ ਨੇ ਬਾਦਸ਼ਾਹ ਨੂੰ ਫਤੇ ਜਾ ਬੁਲਾਈ। ਬਾਦਸ਼ਾਹ
ਨੇ ਖੁਸ਼ੀ ਹੋਕਰ ਸਭ ਨੂੰ ਛੁਡਾ ਕਰ ਆਖਿਆ, ਹਾਥੀ ਤਾਂ ਹੈਵਾਨ ਸੀ, ਕਿਸੇ ਇਨਸਾਨ ਨਾ
ਲੜਦੇ, ਏਹ ਸੁਣਦਿਆਂ ਹੀ ਬਾਘੜ ਸਿੰਘ ਉਛਲ ਕੇ ਸਾਹਮਣੇ ਆ ਖੜਾ ਹੋਯਾ, ਫੇਰ
ਤਾਂ ਦੁਰਾਨੀਆਂ ਨੂੰ ਭੀ ਲੜਨਾ ਪਿਆ, ਪੰਜਾਂ ਸਿੰਘਾਂ ਨਾਲ ਇੱਕੇ ਵਾਰੀ ਪੰਜ ਦੁਰਾਨੀ
ਗਿਣਤੀ ਦੇ ਲੜਾਏ, ਚਾਰ ਦੁਰਾਨੀ, ਇਕ ਸਿੰਘ ਸ਼ਹੀਦ ਹੋਏ। ਫੇਰ ਤਿੰਨ ਦੁਰਾਨੀ ਹੋਰ
ਨਿਕਲੇ ਜੋ ਹਾਵਣਾ ਸਿੰਘ ਇਕੱਲੇ ਨੇ ਹੀ ਛਾਂਗ ਸਿੱਟੇ ਪਰ ਆਪ ਭੀ ਥੋੜੀ ਦੇਰ ਬਾਦ
ਜ਼ਖਮਾਂ ਦੇ ਅਕੜਾਉਣ ਨਾਲ ਦੇਹ ਛੱਡ ਗਿਆ। ਸਿੰਘਾਂ ਦੀ ਬਹਾਦਰੀ ਤੇ ਤਾਕਤ
ਸ਼ਸਤ੍ਰ ਵਿੱਦਿਆ ਦੇਖ ਕੇ ਬਾਦਸ਼ਾਹ ਨੇ ਅਸਚਰਜ ਹੋਕਰ ਆਖਿਆ ਏਹੋ ਜੇਹੇ ਸੂਰਬੀਰਾਂ
ਨੂੰ ਫੜ ਕੇ ਮਰਵਾ ਦੇਣਾ ਭਾਰੀ ਬੇ ਇਨਸਾਫੀ ਹੈ, ਏਹ ਤਾਂ ਦੀਨ ਵਿਚ ਲੈ ਆਵਣੇ ਜੋਗ ਹ
ਨ, ਪਰ ਕਾਜ਼ੀ ਨੇ ਅਰਜ਼ ਕੀਤੀ ਏਨ੍ਹਾਂ ਕਾਫਰਾਂ ਦਾ ਕੋਈ ਦੀਨ ਈਮਾਨ ਨਹੀ, ਸੈਂਕ
ੜੇ ਮੁਸਲਮਾਨ ਕੀਤੇ ਹੋਏ ਫੇਰ ਸਿੰਘ ਜਾ ਬਣੇ ਹਨ, ਹੁਣ ਹਾਰ ਕੇ ਅਸੀਂ ਏਨ੍ਹਾਂ ਨੂੰ ਮੁਸ
ਲਮਾਨ ਕਰਨੇ ਹਟ ਗਏ ਹਾਂ। ਬਾਦਸ਼ਾਹ ਸਿਰ ਫੇਰ ਕੇ ਬੋਲਿਆ, ਜੇ ਕਰ ਸਿੰਘਾਂ ਦਾ ਅਸੂ
ਬ ਠੀਕ ਐਸਾ ਹੈ ਤਾਂ ਮੁਸਲਮਾਨ ਪੰਜਾਬ ਉੱਤੇ ਹੁਕਮ ਕਰ ਚੁਕੇ।

ਦੂਜੇ ਦਿਨ ਬਾਦਸ਼ਾਹ ਤਾਂ ਕਾਬੁਲ ਨੂੰ ਚਲਾ ਗਿਆ ਪਿੱਛੋਂ ਦੁਰਾਨੀ ਹਾਕਮਾਂ ਨੇ ਸਿੰਘਾਂ
ਦੀ ਭਾਲ ਵਿੱਚ ਠਿਕਾਣੇ ੨ ਫੌਜ ਉਤਾਰ ਦਿੱਤੀ, ਸਿੰਘਾਂ ਨੇ ਆਪਣੇ ਦੇਸੀ ਭਾਈਆਂ ਨੂੰ
ਕਲੇਸ਼ ਹੁੰਦਾ ਦੇਖ ਕੇ ਪਰਦੇਸ ਨੂੰ ਦੌਰਾ ਕੀਤਾ। — ਉਸੇ ਸਮੇ ਰਾਜਾ ਬੀਕਾਨੇਰੀ ਨੇ
ਜੈਸਲਮੇਰ ਵਾਲੇ ਤੋਂ ਭਾਜ ਖਾ ਕੇ, ਇੱਕ ਲੱਖ ਰੁਪਯਾ ਨਕਦ ਤੇ ਰਸਦ ਦੇਣੀ ਕਰ ਕੇ ਆ
ਪਣੀ ਮਦਦ ਵਿੱਚ ਖਾਲਸੇ ਨੂੰ ਬੁਲਾ ਲਿਆ। ਤਦ ਬੀਸ ਬਾਈ ਹਜ਼ਾਰ ਸਿੰਘ ਹੜ੍ਹ ਦੇ
ਪਾਣੀ ਵਾਂਗੂ ਦੇਸ ਨੂੰ ਲੁੱਟਦਾ ਖਾਂਦਾ ਚੱਲ ਪਿਆ। — ਬੀਘਣਾ, ਬਹਿਕਾ, ਭੱਟੀਆਂ, ਸਰ
ਸਾ, ਰਾਣੀਆਂ ਨੂੰ ਚੰਗੀ ਤਰਾਂ ਲੁੱਟਿਆ। ਜੰਦਪਿ ਰਾਣੀਆਂ ਵਾਲੇ ਮਹੀਮਦ ਹਸਨ ਖਾਂ,
ਫਤੇ ਖਾਂ, ਸਆਦਤ ਖਾਂ, ਆਦਿਕ ਰਾਜਪੂਤਾਂ ਨੇ (ਜੋ ਸ਼ਮਸਦੀਨ ਗੋਰੀ ਦੇ ਸਮੇ ਮੁਸਲਮਾਂ

ਪੰਥਦਾ ਬੀਕਾਨੇਰੀਏ ਦੀ ਮਦਦ ਪਰ ਜਾਣਾ

੧੩੪ ਨੋਹੇ ਸਨ।) ਸਿੰਘਾਂ ਨਾਲ ਟੱਕਰ ਲਾਈ, ਪਰ ਹਾਰਕੇ ਨਜ਼ਰਾਨਾ ਦੇਕਰ ਖਹਿੜਾ ਛੁ
ਡਾਇਆ। ਜਦ ਬੀਕਾਨੇਰ ਦੀ ਫੌਜ ਨਾਲ ਰਲਕੇ, ਸਿੰਘਾਂ ਨੇ ਜੈਸਲਮੇਰ ਦੇ ਦੇਸ ਵਿੱਚ
ਹਾਲ ਚਾਲ ਪਾਈ ਤਾਂ ਲੜਾਈ ਕਰਨੀ ਤਾਂ ਕਿਤੇ ਰਹੀ, ਸਭ ਦੇ ਸਾਹ ਸੁੱਕ ਗਏ। ਜੇਹ
ੜਾ ਇਲਾਕਾ ਬੀਕਾਨੇਰੀਆਂ ਦਾ ਜੈਸਲਮੇਰੀ ਨੇ ਦਬਾ ਲਿਆ ਸੀ, ਉਹ ਪੈਦਾਵਾਰੀ ਤੇ ਖਰ
ਚ ਸਮੇਤ ਮਿੰਨਤਾਂ ਕਰ ਕਰ ਮੋੜ ਦਿੱਤਾ ਪਰ ਬੀਕਾਨੇਰੀਏ ਨੇ (ਆਪਣਾ ਕੰਮ ਕੀਤਾ, ਕਿ
ਧਰੇ ਜਾਣ ਜੀਤਾ) ਨਾ ਕੁਛ ਕੀਤਾ ਨਾ ਦੀਤਾ, ਸਿੰਘਾਂ ਨੂੰ ਆਖ ਭੇਜਿਆ ਜੇ ਲੜਾਈ ਹੁੰਦੀ
ਤਾਂ ਮੈਂ ਕੁਛ ਦਿੰਦਾ ਹੁਣ ਤਾਂ ਸਗੋਂ ਤੁਸੀਂ ਇੱਕ ਲੱਖ ਦੇ ਥਾਉਂ ਦੇਸ ਨੂੰ ਲੁੱਟਕੇ ਕਈ ਲੱਖ ਕੱ
ਢ ਲਿਆਏ ਹੋ। ਏਹ ਸੁਣਕੇ ਸਿੰਘਾਂ ਨੂੰ ਐਸੀ ਚਿਪ ਚੜ੍ਹੀ ਜੋ ਉਸ ਬੇਸੁਖਨੇ ਦੇ ਦੇਸ ਉੱਤੇ
ਧਾਵਾ ਕਰ ਦਿੱਤਾ। ਫੇਰ ਤਾਂ ਬੀਕਾਨੇਰੀਆ ਚਾਰਾ ਆਖਕੇ ਨਵਾਬ ਕਪੂਰ ਸਿੰਘ ਦੇ ਪੈਰੀਂ
ਆ ਪਿਆ, ਅੱਧਾ ਲੱਖ ਨਕਦ ਤੇ ਦਾਰੂ ਸਿੱਕਾ ਮਨ ਭਾਇਆ ਲੈਕੇ ਖਾਲਸੇ ਨੇ ਅੱਗੇ ਨੂੰ ਬ
ਗ ਉਠਾਈ।

ਭੁਵਾਨੀ ਸਹਰ ਦੀ ਲੁੱਟ

ਜੈਸਲਮੇਰ ਦੇ ਰਾਜ ਵਿਚ ਦੀ ਹੱਥ ਮਾਰਦੇ ਹੋਏ ਭੁਵਾਨੀ ਸਹਰ ਨੂੰ ਜਾ ਢੁਕੇ (ਏਹ ਸ਼ਹ
ਰ ਬੜੀ ਪੈਂਠ ਦਾ ਦੇਸਾਂ ਵਿੱਚ ਉੱਘਾ ਤੇ ਬੀਕਾਨੇਰ, ਜੈਸਲਮੇਰ, ਜੈਪੁਰ ਦਾ ਦਰਵਾਜ਼ਾ
ਦੌਲਤ ਦਾ ਘਰ ਸੀ, ਬੇਅੰਤ ਸੇਠ ਲਖਪਤੀ ਏਥੇ ਵਸਦੇ ਸਨ।) ਏਥੋਂ ਦੀ ਪੰਚਾਇਤ ਨੇ
ਦਸ ਹਜ਼ਾਰ ਨਜ਼ਰਾਨਾ ਦੇਣਾ ਕੀਤਾ, ਸਰਦਾਰਾਂ ਨੇ ਤਾਂ ਮੰਨ ਲਿਆ ਪਰ ਆਮ ਖਾਲਸੇ ਨੇ
ਨਾ ਮੰਨਿਆ, ਹੱਲਾ ਕਰਕੇ ਸ਼ਹਿਰ ਵਿੱਚ ਠਿੱਲ ਗਏ। ਹੋਰ ਕੋਈ ਮੀਣੇ ਆਦਿਕ ਭੀ ਜੋ ਆ
ਏ ਸੇ ਪੀਨੀਆਂ ਦੀਆਂ ਰੋਟੀਆਂ ਲੈ ਗਏ, ਜਿਸ ਦੌਲਤ ਨੂੰ ਕਦੇ ਪੌਣ ਨਹੀਂ ਲੱਗੀ ਸੀ, ਉਹ
ਘੋੜੇ ਤੇ ਊਠਾਂ ਦੇ ਹੁਲਾਰੇ ਲੈਂਦੀ ਤੁਰੀ। — ਜੱਦਪਿ ਰਾਜਪੂਤ ਰਾਜਿਆਂ ਨੇ ਸਿੰਘਾਂ ਪਰ ਫੌਜਾਂ
ਚੜ੍ਹਾਈਆਂ ਪਰ ਏਸ ਅਤੀ ਬਹਾਦਰ ਕੌਮ ਦੇ ਨੇੜੇ ਕੌਣ ਢੁੱਕ ਸੱਕੇ, ਸਿੰਘ ਤਾਂ ਮਹਾਂਜੀ
ਸੇਂਧੀਏ ਗਵਾਲੀਅਰ ਦੇ ਮੁਲਕ ਵਿੱਚ ਜਾ ਫਿਰੇ ਤੇ ਰਾਜਪੂਤ ਆਪਣੇ ਟਿਕਾਣੀਂ ਮੁੜ
ਗਏ। ਸੇਂਧੀਆ ਤਾਂ ਸਿੰਘਾਂ ਦੇ ਸੁਭਾਉ ਨੂੰ ਜਾਣਦਾ ਸੀ ਏਸੇ ਕਰਕੇ ਚੁੱਪ ਕਰ ਰਿਹਾ, ਪਰੰਤੂ
ਜਾਰਜ ਤਾਮਸ ਸਾਹਿਬ ਫਰਾਸੀਸ ਫਰੰਗੀ ਨੇ (ਜਿਸ ਨੂੰ ਸੇਂਧੀਏ ਨੇ ਏਸੇ ਸਾਲ ਹਾਂਸੀ
ਹਿਸਾਰ ਦੇ ਜ਼ਿਲੇ ਦਾ ਹਾਕਮ ਕੀਤਾ ਸੀ।) ਬੇਦਬੀ ਟੱਕਰ ਲਾਕੇ ਆਪਣਾ ਸਿਰ ਤੁੜਾਇਆ
।ਹਿਸਾਰ ਸ਼ਹਿਰ ਫੀਰੋਜ਼ਸ਼ਾਹੀ ਨਹਿਰ ਦੇ ਕਿਨਾਰੇ, ਉਸ ਸਮੇ ਬੜੇ ਰੰਗ ਵਿੱਚ ਸੀ। ਜਾਰਜ
ਸਾਹਿਬ ਦੇ ਨਾਲ ਉਸ ਗਿਰਦ ਨਿਵਾਹੀ ਦੇ ਸਭ ਮੁਸਲਮਾਨ ਕੱਠੇ ਹੋ ਗਏ "ਜਾਂਦੀਏ ਬਲਾ

ਦੁਪਹਿਰਾ ਕੱਟ ਜਾਂਦਾ ਇਹ ਗੱਲ ਉਨ੍ਹਾਂ ਨੇ ਕੀਤੀ" ਇੱਕ ਜੱਥਾ ਸਿੰਘਾਂ ਦਾ ਬਰਵਾਲ ਪਿੰਡ ੧੮੫
ਵਿਚੀ ਗਿਆ ਤਾਂ ਉਥੇ ਗਊ ਬਧ ਹੁੰਦਾ ਦੇਖਕੇ ਸਿੰਘ ਸਹਿ ਨਾ ਸਕੇ, ਕਸਾਈਆਂ ਨੂੰ ਮਾ
ਰਕੇ ਗਾਈਆਂ ਤਾਂ ਬਚਾਈਆਂ ਪਰ ਪੰਜ ਕੁ ਸੌ ਸਿਪਾਹੀ ਫਰਾਸੀਸ ਤੇ ਮੁਸਲਮਾਨ
ਜੋ ਉਥੇ ਉਤਰੇ ਹੋਏ ਸੇ, ਆਪ ਏਹ ਹੋਰ ਸਿੰਘ ਤਾਂ ਅੰਗੂਠਾ ਛੁਹਾ ਗਏ ਪਰ ਤੀਸ ਕੁ ਸਿੰ
ਘ ਉਨ੍ਹਾਂ ਨੇ ਫੜਕੇ ਪਰਮਹੰਸ ਕਰ ਘੱਤੇ, ਜੇਹੜੇ ਨੱਠ ਗਏ ਸੇ ਉਨ੍ਹਾਂ ਦੇ ਮਾਰਨ ਵਾਸਤੇ
ਨਾਹਿਰ ਹਸਾਰ ਦੇ ਮੂਲ ਅੱਗੇ ਖਾਈ ਪੁਟਵਾ ਕੇ ਬਾਰੂਦ ਦਬਵਾ ਦਿੱਤਾ, ਭਾਵੇਂ ਉਸ ਖਾ
ਈ ਵਿੱਚ ਨਹਿਰ ਦਾ ਪਾਣੀ (ਜੋ ਨਾਲ ਹੀ ਲਗਦਾ ਸੀ) ਪੈ ਗਿਆ, ਪਰ ਏਸ ਦਗੇ ਤੋਂ ਸਿੰਘਾਂ
ਨੂੰ ਐਸਾ ਗੁੱਸਾ ਚੜ੍ਹਿਆ, ਜੋ ਹਸਾਰ ਵਿੱਚ ਹੱਲਾ ਕਰਕੇ ਜਾ ਵੜੇ, ਜੇਹੜੇ ਬੇਸ਼ੁਮਾਰ ਲੋ
ਗ ਲੜਨਾਉਣ ਲਈ ਜਾਰਜ ਨੇ ਕੱਠੇ ਕਰ ਰੱਖੇ ਸੇ ਉਨ੍ਹਾਂ ਨੇ ਇੱਕ ਹੱਲਾ ਭੀ ਖਾਲਸੇ ਦਾ
ਨਾ ਝੱਲਿਆ, ਪੁਰਾਣੇ ਪੱਤਾਂ ਵਾਂਗੂ ਉਡ ਗਏ ਤੇ ਬਡੇ ੨ ਮੌਲਵੀ, ਕਾਜ਼ੀ, ਫਰਾਸੀਸ, ਫਨ
ਫਣ ਸਰਦਾਰ ਜੱਸਾ ਸਿੰਘ ਨੇ ਇੱਕ ਕੋਠੇ ਵਿੱਚ ਬੰਦ ਕਰ ਦਿੱਤੇ, ਕੁੰਜੀ ਆਪ ਰੱਖੀ ਸਿੰ
ਘਾਂ ਨੇ ਖ਼ੂਬ ਹੱਥ ਖੋਲ੍ਹ ਕੇ ਹਸਾਰ ਲੁੱਟਿਆ, ਜਿਸ ਨੇ ਹੱਥ ਉਠਾਯਾ ਸੋਈ ਤੇਗ ਨੂੰ ਰਖ
ਯਾ, ਏਥੇ ਹੀ ਬਰਵਾਲੇ ਵਾਲੇ ਕੈਦੀ ਸਿੰਘ ਜਾਰਜ ਸਾਹਿਬ ਨੇ ਮੰਗਵਾ ਕੇ ਸਰਦਾਰ ਸਾਹਿ
ਬ ਦੇ ਹਵਾਲੇ ਕੀਤੇ ਫੇਰ ਤਾਂ ਸਿੰਘ ਐਸੇ ਚਿਹਰ ਚੜ੍ਹੇ ਜੋ ਰਸਤੇ ਦੇ ਪਿੰਡਾਂ ਦੀ ਲੁੱਟ ਮਾਰ ਕ
ਰਦੇ ਹੋਏ, ਹਾਂਸੀ ਨੂੰ ਜਾ ਸੋਧਿਆ, ਸਤਾਰਾਂ ਦਿਨ ਸਿੰਘਾਂ ਨੇ ਉਥੇ ਡੇਰਾ ਰੱਖਕੇ ਬੀਸ ਕੋ
ਸ ਚੁਫੇਰੇ ਦੇ ਦੇਸ ਦੀ ਚੰਗੀ ਚੋਣ ਕੀਤੀ ਜਾਰਜ ਸਾਹਿਬ ਨੂੰ ਸਾਹਿਬੀ ਦਾ ਰੰਗਾ ਟਿ
ਕਾ ਦਿੱਤਾ ਉਸ ਦੀ ਫੌਜ ਐਸੀ ਡਰ ਗਈ ਹੋਈ ਜੋ ਸਿੰਘਾਂ ਦਾ ਨਾਉਂ ਸੁਣਕੇ ਚੌਂਕ ੨ ਉੱਠੇ
ਉਨਕ ਜਾਰਜਗੜ੍ਹ ਵਿਚ ਜਾ ਠਹਿਰੀ।

੧ ਹਾਂਸੀ ਬਡਾ ਪੁਰਾਣਾ ਸ਼ਹਿਰ ਤੇ ਦੌਲਤਮੰਦ ਸੀ, ਸਿੰਘਾਂ ਨੇ ਦੋ ਤਿੰਨ ਵਾਰੀ ਦੀ ਲੁੱਟ ਵਿਚ ਬਰਬਾਦ ਕ
ਰ ਦਿੱਤਾ, ਏਥੇਂ ਕਿਲ੍ਹਾ ਹਾਂਡਣ, ਸ਼ਾਹਜਹਾਨੇ ਤੇ ਹਸਾਰੀ ਜੁਮੇ ਮਸਜਦ, ਲਾਟ ਫੀਰੋਜ਼ਸ਼ਾਹੀ ਗੂਜਰੀ
ਮਹਿਲ, ਮਕਬਰਾ ਮੁਹੰਮਦ ਇਸਮਾਈਲ ਆਦਿਕ ਬਡੇ ੨ ਨਾਮੀ ਮਕਾਨ ਤੋੜ ਫਾੜ ਸਿੰਘਾਂ ਨੇ ਸ
ਬ ਨਿਕੰਮੇ ਕਰ ਘੱਤੇ, ਹਾਂਸੀ ਦੇ ਹਕੀਮ ਪੀਰਜ਼ਾਦੇ ਸਾਦਕ ਮਹੰਮਦ ਖਾਂ ਨੂੰ ਫੜਕੇ ਇਕ ਲੱਖ ਰੁਪ
ਯਾ ਲੈਕੇ ਉਦੋਂ ਤਾਂ ਛੁੱਟਿਆ ਪਰ ਸੰ: ੧੮੩੩ ਬਿ: ਵਿੱਚ ਮਹਾਰਾਜੇ ਅਮਰਸਿੰਘ ਪਟਿਆਲੇ ਵਾਲੇ
ਨੇ ਉਸ ਨੂੰ ਉਥੋਂ ਕੱਢਕੇ ਹਾਂਸੀ ਆਪਣੇ ਕਬਜ਼ੇ ਕੀਤੀ, ਫੇਰ ਤਾਮਸਨ ਜਾਰਜ ਨੇ ਛੁਡਾ ਲਈ, ਮਗ
ਰ ਦੋ ਤੋਪਾਂ ਉਦੋਂ ਦੀਆਂ ਹੁਣ ਤਕ ਪਟਿਆਲੇ ਵਿੱਚ ਰਹੀਆਂ ਸਿੰਘਾਂ ਦੀ ਲੁੱਟ ਮਾਰ ਦਾ ਉਜਾੜਿਆ ਹੋਯਾ ੧੯
ਬਰਸ ਏਹ ਇਲਾਕਾ ਵੈਰਾਨ ਰਿਹਾ ਫੇਰ ਸੰ: ੧੮੫੨ ਬਿ: ਨੂੰ ਜਾਰਜ ਤਾਮਸਨ ਨੇ ਆਬਾਦ ਕੀਤਾ।
ਭਿਵਾਨੀ, ਬਰਵਾਲਾ, ਫਤਿਆਬਾਦ ਆਦਿਕ ਤਸੀਲਾਂ ਉਸ ਇਲਾਕੇ ਵਿੱਚ ਹਨ। ਏਸ ਹਾਂਸੀ ਹਸਾਰ

Digitized by Panjab Digital Library | www.panjabdigilib.org

੧੩੬ ਜਦ ਮਹਾਂਜੀ ਸੇਧੀਏ ਨੇ ਪਰਗਣੇ ਹਾਂਸੀ ਦਾ ਬੁਰਾ ਹਾਲ ਸੁਣਕੇ ਜਾਰਜ ਦੀ ਮਦਦ ਵਾਸ੍ਤੇ ਫੌਜ ਭੇਜੀ ਤਾਂ ਸਿੰਘ ਓਥੋਂ ਕੂਚ ਕਰਕੇ ਜੈਪੁਰ ਦੇ ਇਲਾਕੇ ਵਿੱਚ ਜਾ ਵੜੇ। ਰਾਜਾ ਜੈ ਸਿੰਘ ਜੈਪੁਰੀਏ ਨੇ ਪੰਜੀ ਹਜ਼ਾਰ ਰੁਪਯਾ ਨਕਦ, ਪੰਜ ਘੋੜੇ ਨਜ਼ਰ, ਤੇ ਗੁਰੂ ਹਰਿ ਕ੍ਰਿਸ਼ਨ ਦੀ ਬਖਸ਼ੀ ਹੋਈ ਪੋਥੀ ਹਾਥੀ ਉੱਪਰ ਬੜੇ ਅਦਬ ਨਾਲ ਭੇਜ ਕੇ ਆਖਿਆ ਅਸੀ ਤਾਂ ਗੁਰੂ ਕਾ ਬਖਸ਼ਿਆ ਹੋਯਾ ਰਾਜ ਕਰਦੇ ਹਾਂ। — ਏਹ ਗੱਲ ਸੁਣਕੇ ਸਰਦਾਰ ਜੱਸਾ ਸਿੰਘ ਨੇ ਗਯਾਰਾਂ ਸੌ ਰੁਪਯਾ ਪੋਥੀ ਦੀ ਨਜ਼ਰ ਕੀਤਾ ਤੇ ਓਸਦੇ ਇਲਾਕੇ ਨੂੰ ਛੱਡ ਕੇ ਨੱਵਾਬ ਗਾਜ਼ੀ ਖਾਂ, ਝੱਜਰ ਵਾਲੇ ਦੇ ਇਲਾਕੇ ਵੱਲ ਮੁੜ ਆਏ, ਸਿੰਘ ਤਾਂ ਚਲੇ ਹੀ ਜਾਂਦੇ ਸੇ ਪਰ ਓਸਨੇ "ਆਉ ਬੈਲ ਮੁਝੇ ਮਾਰ" ਏਹ ਗੱਲ ਕੀਤੀ। ਰਾਹ ਜਾਂਦਾ ਰੂਮਣਾ ਮਖੀਰ ਛੇੜ ਲਿਆ, ਆਪਣੇ ਫੌਜਦਾਰ ਨਜ਼ਾਬਤ ਖਾਂ ਤੇ ਬਹਾਦਰ ਖਾਂ ਨੂੰ ਫੌਜ ਦੇਕੇ ਸਿੰਘਾਂ ਨੂੰ ਮਾਰਣ ਵਾਸ੍ਤੇ ਭੇਜ ਦਿੱਤਾ। ਭਲਾ ਜੇ ਪੱਥਰ ਹਿੰਦਵਾਣਿਆਂ ਵਰਗੇ ਕੂਲੇ ਹੋਣ ਤਾਂ ਸ਼ਿੰਦਗੀ ਕਦੇ ਛੱਡਣਾ। ਜੰਗ ਰੂਪੀ ਜਲ ਦੇ ਮੱਛ ਸਿੰਘ ਕਿਸੇ ਨੂੰ ਕਦੋਂ ਛਡਣ ਵਾਲੇ ਸਨ, ਦੋ ਇੱਕ ਹੱਲੇ ਭੀ ਸਿੰਘਾਂ ਦੇ ਨਾ ਝੱਲੇ, ਨੱਵਾਬੀ ਛੈਲ ਬਾਂਕੇ ਤਾਂ ਮੁੜਕੇ ਨਾ ਝਾਕੇ, ਸਿੰਘ ਭੁਜੰਗੀ ਤਾਂ ਬਿਨਾ ਛੇੜੇ ਫੂੰ ਫੂੰ ਕਰਦੇ ਸੇ ਛੇੜੇ ਹੋਏ ਕਦ ਆਮਨਾਲ ਬੈਠਣ ਦਿੰਦੇ ਸੇ, ਲੁਟ ਹੀ ਖੋਲ੍ਹ ਦਿੱਤੀ। ਤੇ ਪਾਲੀ, ਘੱਘੇਲ, ਬਾਦਸ਼ਾਹਪੁਰ, ਪਟੌਦੀ, ਖਾਨਪੁਰ, ਕੌਨੋਦਾ, ਨਾਰਨੌਲ, ਕਾਂਟੀ ਬਾਬਲ, ਆਦਿਕ ਅਨੇਕ ਕਸਬਿਆਂ ਨੂੰ ਚੱਟ ਕਰਦੇ ਹੋਏ, ਜਦ ਦੁਜਾਣੇ ਦੇ ਇਲਾਕੇ ਵੱਲ ਝੁਕੇ ਤਾਂ ਨੱਵਾਬ ਅਬਦੁਲ ਸਮੱਦ ਖਾਂ ਦੁਜਾਣੇ ਵਾਲਾ, ਨੱਵਾਬ ਫੈਜ਼ਤਲਬ ਖਾਂ ਤੇ ਨਜ਼ਾਬਤ ਖਾਂ ਪਟੌਦੀ ਵਾਲੇ, ਨੱਵਾਬ ਇਸਮਾਈਲ ਖਾਂ ਬਹਾਦਰਗੜ੍ਹੀਯਾ ਤੇ ਮਰੋਲੀ ਅਲੀਪੁਰ, ਕੋਟਲਾ ਫੀਰੋਜ਼ਸ਼ਾਹੀ ਅਤੇ

ਜੈਪੁਰ ਤੋਂ ਨਜ਼ਰ ਲਈ

ਝੱਜਰ ਵਾਲੇ ਨਾਲ ਮੁਕਾਬਲਾ

੯ ਹਰੀ ਨਜ਼ਾਮਤ ਪਰ ਖਾਂਡੇ ਰਾਉ ਨੇ ਸੰ: ੧੮੧੨ ਬਿ: ਨੂੰ ਪਹਿਲੇ ਜਾਰਜ ਸਾਹਿਬ ਫਰਾਸੀਸ ਨੂੰ ਕਾਯਮ ਕੀਤਾ ਏਸਨੇ ਆਪਣੇ ਨਾਮ ਪਰ ਜਾਰਜਗੜ੍ਹ ਕਿਲਾ ਸੰ: ੧੮੨੭ ਵਿੱਚ ਬਸਾਯਾ ਤੇ ਖਾਂਡੇ ਰਾਉ ਦੇ ਮਰਨੇ ਬਾਦ ਏਹੋ ਖੁਦ ਮੁਖਤਾਰ ਬਣ ਗਿਆ ਪਰ ਜਦ ਏਹ ਸਿੰਘਾਂ ਦੇ ਹੱਲੇ ਨਾ ਝੱਲ ਸੱਕਿਆ ਤਾਂ ਮਹਾਰਾਜਾ ਨੇ ਏਹ ਨਜ਼ਾਮਤ ਮਿਰਜ਼ਾ ਅੱਲਿਆਸ ਨੂੰ ਸੌਂਪੀ ਪਰ ਜਦ ਓਹ ਭੀ ਜੰਗ ਵਿੱਚ ਮਾਰਿਆ ਗਿਆ ਤਾਂ ਨੱਵਾਬ ਭੀ ਬੁਖਾਂ ਨਾਜ਼ਮ ਹੋਯਾ ਪਰ ਸਿੰਘਾਂ ਤੋਂ ਡਰਦਾ ਓਹ ਭੀ ਸਰ ਛੋਡ ਗਿਆ ਤਾਂ ਅਬਦੁਲ ਸਮੱਦ ਖਾਂ ਦੁਜਾਣੇ ਵਾਲੇ ਨੂੰ ਸੌਂਪਣਾ ਹੋਈ ਪਰ ਸਿੰਘ ਓਸ ਨੂੰ ਭੀ ਦਿਨ ਧਾੜੇ ਭੀ ਬੂਤਾਰੇ ਦਿਖਾਉਂਦੇ ਰਹੇ ਛੇਕੜ ਸੰ: ੧੮੭੧ ਬਿ: ਨੂੰ ਜਨਰਲ ਲਾਰਡ ਲੀਕ ਸਾਹਿਬ ਨੇ ਬੜੇ ਤਰਦਦ ਨਾਲ ਏਸ ਇਲਾਕੇ ਦਾ ਬੰਦੋਬਸ੍ਤ ਕਰਕੇ ਅਮਨ ਥਾਪਿਆ ਤਦ ਤੋਂ ਫੇਰ ਏਹ ਇਲਾਕਾ ਹੋਸ਼ ਫਿਰਿਆ ਜਾਪੇ।

ਫਰੀਦਾਬਾਦ ਇੰਤਿਆਦਿਕ ਮਕਾਨਾਂ ਦੇ ਜਗੀਰਦਾਰਾਂ ਨੇ ਇਕੱਠੇ ਹੋਕੇ ਸਿੰਘਾਂ ਨਾਲ ਮੱਥੇ ਆ ੧੩੭
ਡਾਹੇ। ਸ਼ੁਜਾਹਦੌਲੇ ਨੱਵਾਬ ਨੇ ਭੀ ਕੁਮਕ ਪਰ ਫੌਜ ਭੇਜ ਦਿੱਤੀ ਪਰ ਸਿੰਘ ਰੋਜ ਦੇ ਖਿਲ
ਗੀ ਜੇਦਾਉਂਦੀ ਲੜਾਈ ਲੜਦੇ ਹੋਏ ਹਰਿਆਣੇ ਦੇਸ ਵਿੱਚ ਫੇਰ ਨਿਕਲੇ। ਰੁਹਤਕ, ਗੋ
ਹਾਨਾ, ਜਰੌਂਦਾ, ਅਜੀਮਾਬਾਦ ਆਦਿਕ ਜੋ ਸੌਦਾਗਰੀ ਦਾ ਘਰ, ਦੌਲਤ ਵਾਲੇ ਮਸ਼ਹੂ
ਰ ਕਸਬੇ ਜੋ ਸ਼ਾਹਨਹਰ ਤੇ ਜਮਨਾ ਦੇ ਵਿਚਕਾਰ ਸੇ, ਸਭ ਨੂੰ ਚੰਗੀ ਤਰਾਂ ਲੁੱਟਿਆ।
ਨਾਲੇ ਨੱਵਾਬਾਂ ਦੇ ਦੰਦ ਭੰਨੇ, ਅਤੇ ਫਰੁਖਨਗਰ ਵੱਲੀ ਨਿਕਲ ਗਏ।

ਦਲੇਲ ਖਾਂ ਬਲੋਚ ਦੀ ਨਸਲ ਵਿੱਚੋਂ ਕਾਮਨਗਾਰ ਖਾਂ ਨੱਵਾਬ ਉਥੇ ਸੀ, ਮੂਸੇ ਖਾਂ[1] ਆਦਿਕ
ਉਸਦੇ ਭਾਈ ਭਤੀਜੇ ਸਿੰਘਾਂ ਨਾਲ ਬਥੇਰਾ ਲੜੇ, ਪਰ ਸਿੰਘ ਆਪਣੀ ਅਰਦਾਸ ਲਏ
ਬਿਨਾ ਉਨ੍ਹਾਂ ਦੇ ਦੇਸ ਵਿੱਚੋਂ ਨਾ ਨਿਕਲੇ। — ਜਦ ਸਰਧਨੇ[2] ਦੇ ਇਲਾਕੇ ਵਿੱਚ ਵੜੇ ਤਾਂ
ਸਿਮਰੂ ਸਾਹਿਬ ਫਰਾਸੀਸ ਦੀ ਮੇਮ ਜਿਸਨੂੰ ਸਿਮਰੂ ਦੀ ਬੇਗਮ ਆਖਦੇ ਸਨ, ਡਾਢੀ
ਦਾਨਾ ਤੇ ਦੂਰ ਅੰਦੇਸ਼ ਸੀ ਉਸਨੇ ਦੀਨਤਾ ਨਾਲ ਨਜ਼ਰਾਨਾ ਦੇਕੇ ਜਦ ਏਹ ਗੱਲ ਆਖੀ ਕੇ ਮੇ
ਰੀ ਰੱਈਤੀ ਸੀ ਦੀ ਰਿਜ਼ਕ ਮਾਰ ਨਾ ਕਰੋ, ਤਦ ਜਿਸ ਸਿੰਘ ਨੇ ਜੋ ਚੀਜ਼ ਉਸਦੇ ਰਾਜ ਵਿੱਚੋਂ
ਲਈ ਸੀ ਸੋ ਤੁਰਤ ਮੋੜ ਦਿੱਤੀ। ਫੇਰ ਪਰਗਣੇ ਲੁਹਾਰੂ[3] ਦੀ ਲੁੱਟ ਮਾਰ ਕਰਦੇ ਹੋਏ ਨਜੀਬ
ਖਾਂ ਵਜ਼ੀਰ ਦੇ ਇਲਾਕੇ ਵਿਚ ਜਾ ਗੱਜੇ। ਏਥੇ ਤਾਂ ਸਿੰਘਾਂ ਨੂੰ ਭੀ ਦਗੀ ਦੇ ਭੁਲੇਖੇ ਕੁਪਾਰ
ਖਾਣੀ ਪਈ (ਗਿਣੀ ਗਿੱਣੀ ਲੂੰਬੜੀ ਸਵਾਈ ਸੈੱਡੇ ਖਾਏ।) ਏਸ ਵੇਲੇ ਤਾਂਈ ਸਿੰਘਾਂ ਨੂੰ
ਭੀ ਕੋਈ ਬਾਬੂਨਗੀ ਆਲਿਆਸੀ ਮਾਈਆਂ ਜੀ ਮਿਲਦੀਆਂ ਰਹੀਆਂ ਸਨ।

ਨਜੀਬ ਖਾਂ ਨੇ ਉਸੇ ਘੜੀ ਆਪਣੇ ਬੇਟੇ ਗੁਲਾਮਕਾਦਰ ਖਾਂ ਨੂੰ ਬਹੁਤ ਸਾਰੀ ਫੌਜ ਰੁਹੇਲਿ
ਆਂ ਦੀ ਦੇਕੇ ਦਿੱਲੀ ਤੋਂ ਚੜ੍ਹਾ ਦਿੱਤਾ, ਨਾਲੇ ਆਪਣੇ ਦੋਸਤ ਕਰਮਦਾਦ ਖਾਂ ਸੂਬੇ ਲਾਹੌਰ ਤੋਂ

1 ਮੂਸੇ ਖਾਂ ਦੇ ਪੋਤ੍ਰੇ ਨੱਵਾਬ ਈਸੇ ਖਾਂ ਤੇ ਨੱਵਾਬ ਅਹਿਮਦ ਅਲੀ ਖਾਂ ਨੇ ਸੰ: ੧੯੧੪ ਬਿ: ਵਿਚ ਸਰਕਾ
ਰ ਅੰਗ੍ਰੇਜ਼ੀ ਦੇ ਦੁਸ਼ਮਣ ਪੂਰਬੀਆਂ ਨੂੰ ਮਦਦ ਦੇਣ ਦੇ ਕਾਰਣ ਫਾਂਸੀ ਪਾਈ ਤੇ ਆਪ ਭੀ ਜ਼ਬਤ ਕਰਾਈ

2 ਸਰਧਨੇ ਵਾਲਾ ਸਿਮਰੂ ਸਾਹਿਬ ਫਰਾਸੀਸੀ ਪਹਿਲੇ ਭਰਤਪੁਰ ਨੌਕਰ ਸੀ। ਜਦ ਨਜਫਗੜ੍ਹ ਵਾ
ਲੇ ਨਜਫ ਖਾਂ ਨੂੰ ਫਤੇ ਕਰਕੇ ਉਸਦੇ ਇਲਾਕੇ ਪਰ ਕਬਜ਼ਾ ਪਾਯਾ ਤਾਂ ਉਸ ਪਰਗਣੇ ਵਿੱਚੋਂ ਸਰਧਨਾ
ਡੀਗ, ਸ਼ਾਹਨਸਾ ਆਦਿਕ ਦਸ ਹਜਾਰ ਦੇ ਪਿੰਡ ਸਿਮਰੂ ਨੂੰ ਜਾਗੀਰ ਮਿਲੀ, ਫੇਰ ਇਸਨੇ ਇਕ ਕਸਬੀ
ਰੰਨ ਜੇਬੁਨਿਸਾਂ ਨਾਲ ਸ਼ਾਦੀ ਕੀਤੀ ਸਿਮਰੂ ਦੇ ਮਰੇ ਬਾਦ ਜੇਬੁਨਿਸਾਂ ਨੇ ਆਪਣੀ ਦਾਨਾਈ ਨਾਲ ਦਿੱਲੀ
ਦੇ ਦਰਬਾਰ ਵਿਚ ਐਸੀ ਰਸਾਈ ਕੀਤੀ ਜਿਸ ਕਰਕੇ ਸਿਮਰੂ ਦੀ ਬੇਗਮ ਦਾ ਖਿਤਾਬ ਤੇ ਬੁਢਿਆਨਾ ਬ
ਰਨਾ, ਭਾਗੂ, ਬੜੌਤ ਕ, ਕੁਤਆਨਾ ਆਦਿਕ ਪਰਗਣੇ ਤਿੰਨ ਲੱਖ ਦੇ ਹਾਸਲ ਕਰ ਲਏ ਬਹੁਤ ਚੰਗਾ
ਰਾਜ ਕਰਦੀ ਰਹੀ, ਦੋ ਪਲਟਨਾਂ ਕੁਵਾਇਦ ਦੀਆਂ ਸਿਖੀਆਂ ਹੋਈਆਂ ਰੱਖੀਆਂ, ਉਸਦੇ ਮਰੇ ਦੇ ਬਾਦ

Digitized by Panjab Digital Library | www.panjabdigilib.org

੧੩੮ ਦੁਰਾਨੀਆਂ ਦੀ ਫੌਜ ਸਦਵਾ ਲਈ। ਬਾਕੀ ਨੱਵਾਬ ਸ਼ੁਜਾਹ, ਸਰਧਨਾ, ਫਰੁਖਨਗਰ
ਬਲਮਗੜ੍ਹ ਨੀਏ, ਦਾਦਰੀ ਆਦਿਕ ਮਕਾਨਾਂ ਦੇ ਜਾਗੀਰਦਾਰਾਂ ਨੂੰ ਲਿਖ ਭੇਜਿਆ, ਸਿੰਘਾਂ ਨੂੰ
ਖਬਰ ਨਾ ਹੋਣ ਦਿੱਤੀ ਚੁਫੇਰਿਓਂ ਦੁਸ਼ਮਣ ਚੜ੍ਹ ਆਏ ਤਾਂ ਸਿੰਘ ਭੀ ਖਬਰ ਪਾ ਕੇ ਚੱਲ ਪ
ਏ, ਊਠ, ਛਕੜੇ, ਘੋੜੇ ਸਿੰਘਾਂ ਪਾਸ ਦੌਲਤ ਦੇ ਭਰੇ ਹੋਏ ਬਹੁਤ ਸੇ ਉਹ ਛੱਡੇ ਨਾ ਗਏ, ਓ
ੜਕ ਮੇਰਠ ਦੇ ਪਰਗਣੇ ਵਿੱਚ ਗਿੱਦੜਾਂ ਦੇ ਭੱਤੇ ਹਾਰ ਆ ਪਹੁੰਚੇ, ਘਟਾਂ ਵਾਂਗੂ ਦੁਸ਼ਮਣਾਂ
ਦੀ ਫੌਜ ਚਾਰੋਂ ਤਰਫੋਂ ਆ ਘੇਰੀ ਫਗਣ ਸੰ: ੧੮੧੫ ਬਿ: ਨੂੰ ਲੜਾਈ ਹੋਣ ਲੱਗੀ, ਅੱ
ਧੇ ਸਿੰਘ ਤਾਂ ਮਾਲ ਦੇ ਰਖਵਾਲੇ ਰਹੇ, ਤੇ ਅੱਧੇ ਸਾਹਮਣੇ ਹੋ, ਲੜਾਈ ਨੂੰ ਜੁੱਟੇ। ਜਦ ਰਾਤ
ਹੋ ਗਈ ਤਾਂ ਜ਼ਖਮੀ ਸਿੰਘਾਂ ਨੂੰ ਗੱਡੀਆਂ ਉੱਪਰ ਲੱਦ ਲਿਆ ਤੇ ਬਾਕੀ ਦੇ ਸਿੰਘ ਤੋੜੇ ਲਾ
ਕਰ, ਬੰਦੂਕਾਂ ਕਸ ਕਸ ਬਹੀਰ ਦੇ ਚੁਫੇਰੇ ਹੋ ਤੁਰੇ, ਪਰ ਗੱਡੀਆਂ ਨਾਲ ਬਹੁਤ ਥੋੜਾ ਤੁਰਿ
ਆ ਗਿਆ। ਤੁਰਕਾਂ ਨੇ ਫੇਰ ਚੁਫੇਰਿਓਂ ਆ ਘੇਰੇ, ਫੇਰ ਤਾਂ ਭਾਰੇ ਕੁਪੇਚ ਵਿਚ ਫਸ ਗਏ।
ਜੇ ਲੜਨ ਤਾਂ ਦੁਸ਼ਮਣ ਦੌਲਤ ਨੂੰ ਲੈ ਜਾਣ, ਤੇ ਜੇ ਦੌਲਤ ਬਚਾਉਣ ਤਾਂ ਓਹ ਮਰਨ (ਦੁ
ਬਿਧਾ ਮੇਂ ਦੋਊ ਗਏ ਮਾਯਾ ਮਿਲੀ ਨ ਰਾਮ) ਸੱਚ ਹੈ ਅਧਿਕ ਲੋਭ ਤੇ ਜਾਨ ਦਾ ਖਊ, ਏਸ
ਦੁਬਿਧਾ ਦੇ ਜੰਗ ਵਿੱਚ ਬਹੁਤ ਸਿੰਘ ਮਾਰੇ ਗਏ, ਤਦ ਏਸ ਤਰਾਂ ਦੀ ਬੋਲੀ ਬੋਲਣ ਲੱਗੇ
"ਹੁਣ ਰਾਖਾ ਹੈ ਕਰਤਾਰ ਸਿੰਘ ਜੀ ਏਹ ਮਾਯਾ ਜਾਊ ਮਾਰ ਸਿੰਘ ਜੀਓ" ਜਦ ਏਹ ਦਿਨ
ਭੀ ਲੜਦਿਆਂ ਭਿੜਦਿਆਂ ਬੀਤਿਆ, ਤੇ ਰਾਤ ਪਈ ਤੁਰਨਾ ਚਾਹਿਆ ਪਰ ਦੁਸ਼ਮਣਾਂ ਨੇ ਤੁ
ਰਨ ਨਾ ਦਿੱਤਾ। — ਓੜਕ ਸਰਦਾਰ ਮੱਤਾ ਸਿੰਘ, ਅਘੜ ਸਿੰਘ, ਕਰਮ ਸਿੰਘ, ਕਰੋੜਾ
ਸਿੰਘ, ਸੁਜਾਨ ਸਿੰਘ, ਤਾਹਰ ਸਿੰਘ, ਗੁਰਬਖਸ਼ ਸਿੰਘ, ਭੂਮਾ ਸਿੰਘ ਆਦਿਕ ਸਰਦਾ
ਰਾਂ ਨੇ ੧੦ ਦਸ ਕੁ ਹਜ਼ਾਰ ਸਿੰਘ ਸਮੇਤ ਖੜੇ ਹੋ ਕਰ ਮੁਸਲਮਾਨਾਂ ਨੂੰ ਰੋਕਿਆ ਤੇ ਮਾਲ ਦੇ
ਵੱਲ ਚਲਾਯਾ, ਦੁਸ਼ਮਣਾਂ ਦੀ ਅੱਖ ਵਿੱਚ ਦੌਲਤ ਰੋੜ ਵਾਂਗੂ ਰੜਕਦੀ ਸੀ ਏਸੇ ਕਰਕੇ
ਲੜਾਈ ਛੱਡ ਕੇ ਭੀ ਖੋਹਣ ਆ ਪਏ। ਪਰ ਏਤਨੇ ਚਿਰ ਨੂੰ ਰਾਜਾ ਆਲਾ ਸਿੰਘ ਮਲਵ
ਈ ਸਿੰਘਾਂ ਨੂੰ ਲੈ ਕੇ ਜਾ ਪਹੁੰਚਿਆ। ਚਾਰ ਕੁ ਹਜ਼ਾਰ ਸਿੰਘ ਸ਼ਹੀਦ ਹੋ ਗਏ ਤੇ ਅਨੇਕ ਗੱਡੇ

ਗਆਂ ਖੁਰਦ ਬੁਰਦ ਹੋ ਗਈਆਂ। ੩ ਲੁਹਾਰੂ ਵਾਲਾ ਨੱਵਾਬ ਅਹਿਮਦਬਖਸ਼ ਬਾਦਸ਼ਾਹੀ
ਫੌਜ ਦਾ ਅਫਸਰ ਸੀ ਚੰਗੇ ਚੰਗੇ ਕੰਮ ਕਰਨ ਤੇ ਬਾਦਸ਼ਾਹ ਔਰੰਗਜ਼ੇਬ ਨੇ ਲੁਹਾਰੂ ਦਾ ਪਰਗਣਾ
ਤੇ ਗੁੜਗਾਵਾਂ ਆਦਿਕ ਇਕ ਲੱਖ ਰੁਪਏ ਦੀ ਜਗੀਰ ਏਸ ਨੂੰ ਦਿੱਤੀ। ਉਸ ਦਾ ਬੇਟਾ ਨੱਵਾਬ ਸ਼
ਮਸ਼ਦੀਨ ਫੀਰੋਜ਼ਪੁਰ ਵਿਚ ਸਿੰਘਾਂ ਨਾਲ ਦੋ ਵਾਰੀ ਲੜਿਆ ਸੰ: ੧੮੧੪ ਬਿ: ਨੂੰ ਏਥੋਂ ਦਾ ਨੱਵਾਬ ਅੰ
ਗ੍ਰੇਜ਼ਾਂ ਦੇ ਬਰਖਿਲਾਫ ਹੋ ਗਿਆ ਏਸ ਕਰਕੇ ਇਲਾਕਾ ਜ਼ਬਤ ਹੋ ਕੇ ਪਿਨਸ਼ਨ ਰਹ ਗਈ।

Digitized by Panjab Digital Library | www.panjabdigilib.org

ਊਟ, ਘੋੜੇ ਮਾਯਾ ਦੇ ਲੱਦੇ ਹੋਏ ਤੁਰਕ ਲੈ ਗਏ, ਬਾਕੀ ਜਾਨ ਮਾਲ ਸਭ ਬਚ ਗਿਆ। ੧੩੮
ਓਧਰ ਬੁਲੰਦਖਾਂ ਤੇ ਅਬਦੁੱਲਾਖਾਂ ਦੁਰਾਨੀ ਸਰਦਾਰ ਜੰਗ ਵਿਚ ਮਰੇ ਹੋਏ ਸਿੰਘਾਂ ਦੇ ਸਿ
ਰ ਕਟਵਾਕੇ ਲਾਹੌਰ ਦੇ ਸੂਬੇ ਨੂੰ ਦੇਖਾਉਣ ਲਈ ਗੱਡਿਆਂ ਵਿੱਚ ਲਦਵਾ ਤੁਰੇ। ਜਦ ਏਹ
ਖਬਰ ਮਾਲਵੇ ਵਿੱਚ ਸਰਦਾਰ ਤੇਗਾਸਿੰਘ, ਭਾਗਸਿੰਘ ਮਿੱਤਸਿੰਘ ਦੇ ਭਤੀਜੇ ਤੇ
ਸਰਦਾਰ ਕਰਮਸਿੰਘ, ਤਾਹਰਸਿੰਘ ਆਦਿਕਾਂ ਦੇ ਸਬੰਧੀਆਂ ਨੂੰ ਹੋਈ ਤਾਂ ਰਹਿ ਨਾ ਸੱਕੇ
ਤੇ ਅੰਬਾਲੇ ਤੋਂ ਪੰਜ ਕੋਹ ਘੱਗਰ ਨਦੀ ਦੇ ਕਿਨਾਰੇ ਮੁਗਲ ਦੀ ਸਰਾਇ ਪਾਸ ਪਹੁੰਚਕੇ ਹੱ
ਲਾ ਕਰਕੇ ਜਾ ਪਏ, ਗੱਡਿਆਂ ਦੇ ਰਖਵਾਲੇ ਭੱਜ ਗਏ। ਸਿੰਘਾਂ ਨੇ ਗੱਡਿਆਂ ਨੂੰ ਕੱਠੇ ਕਰ ਸਿ
ਰਾਂ ਸਮੇਤ ਅੱਗ ਲਾ ਦਿੱਤੀ। ਏਸੇ ਥਾਂ ਹੁਣ ਸ਼ਹੀਦਗੰਜ ਪੂਜਨੀਕ ਮਕਾਨ ਬਣਿਆ ਹੋ
ਯਾ ਹੈ। — ਜਦ ਏਸ ਥਾਂਓ ਲੁੱਟਦੇ ਕੁੱਟਦੇ ਇਲਾਕੇ ਸਰਿੰਦ ਥਾਣੀ ਪਹਾੜ ਦੀ ਕੰਢੀ
ਵੱਲੀ ਚੱਲੇ ਤਾਂ ਸਰਹਿੰਦ ਦੇ ਸੂਬੇ ਨੇ ਪਿੱਛਾ ਕੀਤਾ। ਜਦ ਸਢੌਰੇ ਤੋਂ ਅੱਗੇ ਲੰਘੇ ਤਾਂ ਜੇਹੜੇ
ਹੋਰ ਜਥੇ ਸਿੰਘਾਂ ਦੇ ਮਾਲਵੇ, ਤਿਹਾੜੇ, ਪੁਆਧ ਵਿੱਚ ਫਿਰ ਰਹੇ ਸੇ ਓਹ ਸੱਬੇ ਬੀਸ ੨ ਕੋਸ
ਤੋਂ ਧਾਵਾ ਕਰਕੇ, ਬੇਖਬਰ ਪੋਹ ਸੰ: ੧੮੧੫ ਬਿ: ਨੂੰ ਸਰਹਿੰਦ ਵਿੱਚ ਜਾ ਵੜੇ, ਲੁੱਟਮਾਰ
ਦਾ ਬਾਜ਼ਾਰ ਗਰਮ ਕੀਤਾ, ਚਾਰ ਪਹਿਰ ਵਿੱਚ ਸੈਂਕੜੇ ਸੱਤ੍ਰੂ ਲਿਟਾ ਦਿੱਤੇ ਅਤੇ ਬੇਸ਼ੁਮਾਰ
ਦੌਲਤ ਲੈਕੇ ਬੇਰਾੜਾਂ ਦੇ ਦੇਸ ਵਿੱਚ ਜਾ ਵੜੇ, ਦੋ ਮਹੀਨੇ ਚੰਗਾ ਤੇਗੀ ਫੁਲਕਾਉ ਤਾਯਾ।
ਜੱਦਾਂਪ ਜੈਨਖਾਂ ਭੀ ਫੌਜ ਲੈਕੇ ਆਯਾ ਪਰ ਕੁਛ ਨਾ ਬਣਾ ਸਕਿਆ।
ਓਧਰ ਪੰਜਾਬ ਵਿੱਚ ਭੀ ਏਹੋ ਹਾਲ ਗੁਜ਼ਰਦਾ ਸੀ, ਕਈ ਵਾਰੀ ਸਿੰਘਾਂ ਨੇ ਲਾਹੌਰ ਵਿੱਚ ਡਾ
ਕਾ ਮਾਰਿਆ, ਸੂਬੇ ਨੇ ਸ਼ਹਰ ਦੇ ਕੋਟ ਉੱਤੇ ਤੋਪਾਂ ਚਾੜ੍ਹ ਛੱਡੀਆਂ, ਅਟਕ ਤੋਂ ਲੈਕੇ ਜਮਨਾ ਤ
ਕ ਸਿਵਾਇ ਇਲਾਕੇ ਅਦੀਨਾਬੇਗ ਦੇ ਹੋਰ ਕਿਤੇ ਅਮਨ ਨਹੀਂ ਸੀ।
ਜਦ ਫੱਗਣ ਸੰ: ੧੮੧੫ ਬਿ: ਨੂੰ ਅਦੀਨਾਬੇਗਖਾਂ ਨੇ ਏਸ ਦੁਨੀਆ ਤੋਂ ਕੂਚ ਕੀਤਾ ਤੇ ਓਸ
ਦੇ ਦੀਵਾਨ ਬਿਸ਼ੰਭਰ ਮੱਲ ਨੇ ਪੰਜ ਸੱਤ ਸਿੰਘ ਫੜਕੇ ਲਾਹੌਰ ਕਰਮਦਾਦਖਾਂ ਪਾਸ
ਭੇਜ ਦਿੱਤੇ, ਤਾਂ ਸਿੰਘਾਂ ਨੂੰ ਭਾਰੀ ਚਿਪ ਚੜ੍ਹੀ। ਓਸਦੇ ਪਰਗਣੇ ਵਿੱਚ ਲੁੱਟਮਾਰ ਮਚਾ
ਦਿੱਤੀ। ਬਿਸ਼ੰਭਰ ਮੱਲ ਨੇ ਸਿੰਘਾਂ ਨੂੰ ਧਮਕੀ ਦੇ ਭੇਜੀ, ਤੁਸੀਂ ਆਪਣੀ ਸਿੱਖੀ ਰੱਖੀ ਚਾਹੁੰ
ਦੇ ਹੋ ਤਾਂ ਮੇਰਾ ਇਲਾਕਾ ਛਡ ਜਾਓ, ਨਹੀਂ ਤਾਂ ਲਖਪਤਰਾਇ ਵਾਂਗੂ ਓਹ ਕਰਾਂਗਾ ਜੇਹੜੀ
ਖਾਧੀ ਨਾ ਨਿੱਖੁੱਟੇ, ਤੁਹਾਡੇ ਬਾਲ ਕਟਵਾਕੇ ਰੱਸੇ ਵੱਟਾਂਗਾ। — ਏਹ ਗੱਲ ਓਸ ਦੀ ਸਿੰ
ਘਾਂ ਨੂੰ ਸਾਬਣ ਤਾਰ ਵਾਂਗੂ ਖਾ ਗਈ, ਸਗੋਂ ਅਗੇ ਨਾਲੋਂ ਦਸ ਗੁਣੀ ਲੁੱਟ ਮਾਰ ਮਚਾ

ਸਿੰਘਾਂ ਦੇ ਸੀਸਾਂ ਦਾ ਸਿਸਕਾ ਰਹੋਣਾ

Digitized by Panjab Digital Library | www.panjabdigilib.org

੧੮੦ ਦਿੱਤੀ ਛੇਕੜ ਉਹ ਮੱਲਵਾਂ ਦੇ ਪਾਸ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਕਰੋੜਾ
ਸਿੰਘ ਦੇ ਹੱਥੋਂ ਬਿਸ੍ਰਿੰਭਰ ਮੱਲ ਮਾਰਿਆ ਗਿਆ ਬਾਕੀ ਫੌਜ ਤਿੱਤ੍ਰ ਬਿਤ੍ਰ ਹੋਗਈ। ਇਸ
ਦੇ ਬਲੀਦਾਨ ਹੁੰਦੇ ਹੀ ਸਿੰਘਾਂ ਨੇ ਮਾਝੇ ਦੁਆਬੇ ਉੱਤੇ ਕਬਜ਼ਾ ਕਰ ਲਿਆ, ਏਹੋ ਪਹਿਲਾ ਦਿ
ਨ ਮਸ਼ੈਲ ਸਿੰਘਾਂ ਦੇ ਮੁਲਕ ਮੱਲਣ ਦਾ ਹੋਯਾ। ਬਿਆਸਾ ਦੇ ਉਰਾਰ ਪਾਰ ਪਰਗਣੇ ਸ੍ਰੀ ਹ
ਰਿਗੋਬਿੰਦਪੁਰ, ਬਟਾਲਾ ਮੁਕੇਰੀਆਂ ਏਹ ਪਰਗਣੇ ਰਾਮਗੜ੍ਹੀਆਂ ਨੇ ਤੇ ਅਜਨਾਲਾ
ਸੋਹੀਆਂ, ਨਾਗ ਗੁਰਦਾਸਪੁਰ, ਡੇਹਰਾ ਬਾਬਾ ਨਾਨਕ, ਕਲਾਨੌਰ, ਪਠਾਨਕੋਟ, ਸੁਜਾਨ
ਪੁਰ ਏਹ ਘਨਈਆਂ ਨੇ, ਅਤੇ ਅੰਮ੍ਰਿਤਸਰ ਤਰਨਤਾਰਨ, ਗੁਜਰਾਤ, ਵਜ਼ੀਰਾਬਾਦ
ਸਿਆਲਕੋਟ, ਚਨੀਓਟ, ਭੰਗੀਆਂ ਨੇ ਨੂਰਮਹਿਲ, ਤਲਵੰਡੀ ਫਗਵਾੜਾ ਨਾਹੇ ਫਿੱਲੌ,
ਹਰਿਆਣਾ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ। ਚੂਹਣੀਆਂ, ਬਹਿੜਵਾਲ, ਖੇਮ
ਕਰਨ, ਖੁੱਡੀਆਂ ਆਦਿਕ ਨਕਈ ਸਰਦਾਰਾਂ ਨੇ। ਜਲੰਧਰ, ਹੈਬਤਪੁਰ ਪੱਟੀ ਆਦਿ
ਕ ਸਿੰਘਪੁਰੀਆਂ ਨੇ। ਨਕੋਦਰ ਤਲਵਨ, ਬੁਢਾਲਾ, ਰਾਹੋਂ, ਫਲੌਰ ਆਦਿ ਡੱਲੇ
ਵਾਲੀਆਂ ਨੇ। ਨਵਾਂ ਸ਼ਹਿਰ, ਤੁੱਨਕਾ, ਬਸੀਆਂ, ਪੰਡੋਰੀਆਂ, ਹੁਸ਼ਿਆਰਪੁਰ, ਭੂੰਗਾ,
ਕਾਠਗੜ੍ਹ, ਕਰੋੜੀਆਂ ਨੇ। ਗੁਜਰਾਂਵਾਲਾ, ਕੁੰਜਾਹ ਆਦਿਕ ਸੁੱਕ੍ਰਚੱਕੀਆਂ ਨੇ। ਇਤਿ
ਆਦਿਕ ਪਰਗਣੇ ਸੰ: ੧੮੧੬ ਬਿ: ਦੇ ਚਨ੍ਹ ਦੇਸਾਰ ਏਹ ਵਗਦਾ ਖਾਲਸੇ ਨੂੰ ਮਿਲ
ਗਿਆ।

ਮੁਲਕ ਮੱਲਿਆ

ਜਿਸ ਵਕ਼ਤ ਸ਼ਾਹ ਅਬਦਾਲੀ ਨੂੰ ਕਾਬਲ ਵਿੱਚ ਇਹ ਖਬਰ ਪਹੁੰਚੀ ਕਿ ਸਿੰਘਾਂ ਨੇ ਮੁਲ
ਕ ਦੱਬ ਲਿਆ ਹੈ ਤੇ ਮਰਹਟਾ ਬਾਜੀਰਾਉ ਜੀ ਪੇਸ਼ਵਾ ਦੇ ਛੋਟੇ ਭਾਈ ਰਘੂਨਾਥ ਰਾਇ ਨੇ
ਦਿੱਲੀ ਦੇ ਤਖਤ ਪਰ ਆਪਣੇ ਬੇਟੇ ਬਿਸ਼ਵਾਸ ਰਾਇ ਨੂੰ ਬੈਠਾਉਣ ਲਈ ਇਕ ਬੜਾ
ਭਾਰੀ ਲਸ਼ਕਰ ਤੱਯਾਰ ਕੀਤਾ ਹੈ। ਤਾਂ ਸੁਣਕੇ ਅੱਗ ਦਾ ਭਬੂਕਾ ਹੋਗਿਆ, ਤੇ ਡੇਢ
ਲੱਖ ਅਸਵਾਰ ਲੈਕੇ ਮਾਰ ਮਾਰ ਕਰਦਾ ਸੰ: ੧੮੧੬ ਬਿ: ਨੂੰ ਹਿੰਦ ਪਰ ਚੜ੍ਹ ਆਯਾ।
ਸਿੰਘ ਤਾਂ ਵਿਚਾਰੇ ਉਸ ਦੇ ਮੁਸ਼ਕ ਨਾਲ ਹੀ ਆਪਣੀ ਟੇਕ, ਬਿਨ ਟੇਕ ਛੱਡਕੇ
ਜੰਗਲਾਂ ਵਿੱਚ ਜਾ ਬੈਠੇ, ਪਰ ਮਰਹਟੇ ਤੱਯਾਰੀਆਂ ਵਿੱਚ ਹੀ ਰਹੇ। — ਅਹਿਮਦ
ਸ਼ਾਹ ਤਿੰਨ ਦਿਨ ਲਾਹੌਰ ਠਹਿਰਕੇ ਸਿੱਧਾ ਦਿੱਲੀ ਨੂੰ ਜਾ ਵੜਿਆ, ਫੇਰ ਤਾਂ ਪੇਸ਼ਵਾ
ਨੂੰ ਹੀਣਤ ਆਉਂਦੀ ਸੀ ਏਸ ਕਰਕੇ ਚੜ੍ਹਾਈ ਕਰਨੀ ਪਈ ਪਰ ਉਹ ਆਪ ਤਾਂ ਹੈਦ
ਰਾਬਾਦੀ ਨਜ਼ਾਮ ਦੇ ਦੇਸ ਦਬਾਉਣ ਵਿੱਚ ਤਤਪਰ ਸੀ ਏਸ ਕਰਕੇ ਆਪਣੇ ਪੁੱਤ੍ਰ

ਅਹਿਮਦ ਸ਼ਾਹ ਅਬਦਾਲੀ ਦਾ ੭ ਸੱਤਵਾਂ ਹੱਲਾ ਸੰ: ੧੮੧੬ ਬਿ:

Digitized by Panjab Digital Library | www.panjabdigilib.org

ਬਿਸਵਾਸਰਾਇ ਤੇ ਚਚੇਰੇ ਭਾਈ ਸਦਾਸਿਵਰਾਇ ਭਾਊਜੀਨੂੰ ਬੜਾਭਾਰੀ ਧੂਮ ਧਾਮ ੧੮੧੭
ਦਾ ਲਸਕਰ ਦੇਕੇ, ਅਫਗਾਨਾ ਦੇ ਮੁਕਾਬਲੇ ਨੂੰ ਭੇਜਿਆ। — ਰਘੋਜੀ ਭੋਸਲਾ ਨਾ
ਗਪੁਰਵਾਲਾ, ਮਹਾਜੀ ਸੇਧੀਆ ਗਵਾਲੀਯਰਵਾਲਾ, ਮਲ੍ਹਾਰਰਾਉ ਹੁਲਕਰ ਇੰਦੌਰੀ
ਆ, ਪੇਸਵਾ ਦੇ ਹੁਕਮ ਅਨੁਸਾਰ ਆਪਣੀ ੨ ਫੌਜ ਲੈਕੇ ਆ ਮਿਲੇ। ਰਸਤੇ ਵਿਚੋਂ ਹੋਰ
ਬਹੁਤ ਸਾਰੀ ਰਾਜਪੂਤਾਂ ਦੀ ਫੌਜ ਮਿਲਗਈ ਤੇ ਚੂੜਾਮਣੀ ਦਾ ਬੇਟਾ ਸੂਰਜਮੱਲ
ਭਰਤਪੁਰੀਆ ਜੱਟ ਭੀ ਤੀਸ ਹਜ਼ਾਰ ਜੱਟ ਨਾਲ ਲੈਕੇ ਆ ਗਯਾ। — ਤਿਨ ਲੱਖ
ਅਸਵਾਰ ਪਯਾਦਾ ਜੰਗੀ ਤੇ ਦੋ ਸੌ ਤੋਪ, ਅਤੇ ਹੋਰ ਬੇਸੁਮਾਰ ਖਲਕਤ ਤੇ ਨੌਕਰ
ਮਾਨੋ ਇੱਕ ਜਹਾਨ ਚੜ੍ਹ ਆਯਾ।।

ਮਰਹਟਿਆਂ ਦਾ ਕਾਰਨਾਮਾ

ਏਧਰ ਅਹਿਮਦਸਾਹ ਨੇ ਥੋੜੀ ਜੇਹੀ ਫੌਜ ਦਿੱਲੀ ਛੱਡਕੇ ਅਨੂਪਸਹਿਰ ਗੰਗਾ ਕਿਨਾ
ਰੇ ਜਾ ਡੇਰਾ ਲਾਯਾ। ਦਿੱਲੀ ਵਾਲੇ ਲੋਗ ਮਰਹਟਿਆਂ ਦੀ ਝਾਲ ਨਾ ਝੱਲਕੇ ਦਿੱਲੀ ਖਾ
ਲੀ ਕਰਗਏ, ਭਾਊਜੀ ਨੇ ਦਿੱਲੀ ਵਿਚ ਵੜਕੇ ਬਹੁਤ ਲੁੱਟਮਾਰ ਕੀਤੀ ਦੀਵਾਨਖਾਨੇ
ਵਿਚੋਂ ਚਾਂਦੀ ਦੀ ਛੱਤ ਉਖਾੜ ਲਈ, ਮਸੀਤਾਂ ਮਕਬਰੇ, ਮਹਿਲਾਂ ਵਿਚ ਜਿੱਥੇ ੨ ਸੋਨਾ
ਚਾਂਦੀ, ਹੀਰਾ, ਮੋਤੀ ਸੀ ਸਬ ਲਾਹ ਲਿਆ ਤੇ ਪਾਣੀਪਤ ਪਾਸ ਮੋਰਚੇ ਕਾਯਮ ਕੀਤੇ।
ਦਿੱਲੀ ਦੇ ਅਮੀਰ ਨਜਮੁੱਦੌਲਾ, ਸਜਾਉੱਦੌਲਾ, ਦੂੰਦੇਖਾਂ, ਰਹਿਮਤਖਾਂ, ਸਜਾਵਤਖਾਂ
ਆਦਿਕ ਸਬ ਅਹਿਮਦਸਾਹ ਨੂੰ ਲੈਕੇ ਪਾਣੀਪਤ ਆਗਏ, ਸਾਹ ਨੇ ਇੱਕੇ ਵਾਰੀ ਜੋ
ਰ ਨਾ ਦਿੱਤਾ ਨਿੱਕੀਆਂ ੨ ਲੜਾਈਆਂ ਕਰਦਾ ਰਿਹਾ ਤਿੰਨ ਮਹੀਨੇ ਬਰਾਬਰ ਜੰਗ
ਹੁੰਦਾ ਰਿਹਾ। ਤਿਨ ਲੱਖ ਆਦਮੀ ਤੇ ਡੇਢ ਲੱਖ ਹਾਥੀ ਘੋੜੇ ਤੋਂ ਘਟ ਭਾਊ ਦੇ ਮੋ
ਰਚੇ ਵਿੱਚ ਨਹੀਂ ਸੇ ਤੇ ਦੋ ਲੱਖ ਤੋਂ ਘਟ ਅਬਦਾਲੀ ਦੇ ਮੋਰਚੇ ਵਿਚ ਨਹੀਂ ਸੇ। ਛੇੜ
ਛਾੜ ਤਾਂ ਦੋਹਾਂ ਪਾਸਿਆਂ ਤੋਂ ਬਣੀ ਰਹੀ ਪਰ ਧਾਵਾ ਕਰਨ ਦਾ ਜਿਗਰਾ ਕਿਸੇ ਤੋਂ ਨਾ ਹੋਯਾ
ਹਿੰਦੂਸਤਾਨੀ ਅਮੀਰਾਂ ਨੇ ਅਹਿਮਦਸਾਹ ਨੂੰ ਕਈਵਾਰੀ ਸੁਲਾਹ ਕਰਨ ਦੀ ਸਲਾਹ ਦਿੱ
ਤੀ ਪਰ ਓਹ ਏਹੋ ਜਵਾਬ ਦਿੰਦਾ ਰਿਹਾ ਕੇ ਏਹ ਮਾਮਲਾ ਲੜਾਈ ਦਾ ਹੈ, ਤੁਸੀਂ ਏਸ ਚਾ
ਲ ਦੇ ਭੇਤੀ ਨਹੀਂ, ਸੱਚ ਹੈ ਗਾਵਣ, ਬਜਾਵਣ, ਐਸ, ਅਸ਼ਰਤ ਦੇ ਮਾਮਲੇ ਵਿਚ ਦੇਸ
ਕ ਹਿੰਦੂਸਤਾਨੀ, ਅਮੀਰ, ਰਾਜੇ, ਮਹਾਰਾਜੇ ਕੁਛ ਕਰਦੇ ਪਰ (ਜੱਟ ਕੀ ਜਾਣੇ ਲੌਂਗਾਂ ਦਾ
ਭਾ) ਜੰਗ ਦੀ ਬਾਤ ਘਾਤ ਨੂੰ ਕੀ ਜਾਣਨਾ। — ਦੁਰਾਨੀ ਸਾਹ ਨੇ ਇੱਕ ਲਾਲ ਰੰਗ ਦਾ
ਤੰਬੂ ਆਪਣੇ ਮੋਰਚੇ ਅੱਗੇ ਲਾ ਰੱਖਿਆ ਸੀ, ਓਹ ਜਾ ਵਿੱਚ ਸਵੇਰੇ ਨਿਮਾਜ਼ ਪੜ੍ਹਨੇ, ਤੇ

Digitized by Panjab Digital Library | www.panjabdigilib.org

੧੪੨ ਸੰਝ ਨੂੰ ਖਾਣਾ ਖਾਣੇ ਆਂਉਂਦਾ, ਬਾਕੀ ਸਾਰਾ ਦਿਨ ਫੌਜਾਂ ਵਿੱਚ ਫਿਰਦਾ ਰਹਿੰਦਾ, ਘੋੜੇ
ਦੀ ਪਿੱਠ ਪਲੀਘ ਤੇ ਝੋਲਾ ਬਦਰਚੀਖਾਨਾ ਬਣਾ ਰੱਖਿਆ ਸੀ ਏਸਦਾ ਹੁਕਮ ਬਿਧਾ
ਤਾ ਦੇ ਲੇਖ ਦੀ ਤਰਾਂ ਅਮੋੜ ਸੀ। — ਰਸਦ ਦੀ ਤੰਗੀ ਦੋਹੀਂ ਪਾਸੀਂ ਆ ਗੱਜੀ।
ਭਾਊ ਜੀ ਤੇ ਬਿਸ੍ਵਾਸ ਰਾਇ ਜੀ ਨੂੰ (ਜੋ ਮਰਹਟਿਆਂ ਦੇ ਵੱਡੇ ਸਰਦਾਰ ਸੇ) ਜਦ ਫੌਜੀ
ਅਫਸਰਾਂ ਨੇ ਕਈ ਵਾਰੀ ਆਕਰ ਆਖਿਆ ਕੇ ਭੁੱਖੇ ਮਰਨ ਨਾਲੋਂ ਲੜਕਰ ਮਰਨਾ
ਚੰਗਾ ਹੈ ਤਾਂ ਭਾਊ ਨੇ ਪਰਸੋ ਨੂੰ ਲੜਨ ਦਾ ਵਾਇਦਾ ਕਰਕੇ ਲਖਨਊ ਦੇ ਨਵਾਬ ਸ
ਜਾਉਦੌਲਾ ਨੂੰ (ਜੋ ਸੁਲਾ ਕਰਾਉਣ ਵਿੱਚ ਸੀ) ਆਖ ਭੇਜਿਆ, ਹੁਣ ਪਿਆਲਾ ਪੁਰ ਹੈ,
ਇਕ ਬੂੰਦ ਦੀ ਸਮਾਈ ਨਹੀਂ, ਜੋ ਕਰਨਾ ਹੈ ਸੋ ਕਰ, ਉਸਨੇ ਸ਼ਾਹ ਨੂੰ ਪੁੱਛਿਆ, ਸ਼ਾਹ ਨੇ
ਜਵਾਬ ਦਿੱਤਾ, ਮੈਂ ਹਿੰਦੁਸਤਾਨੀ ਰਈਸਾਂ ਦੀ ਕੁਮਕ ਪਰ ਆਇਆ ਹਾਂ, ਮੇਰਾ ਕੰਮ ਤਾਂ ਲੜਨ
ਨਾ ਹੈ, ਸੁਲਾ ਕਰਨੀ ਤੁਹਾਡਾ ਇਖਤਿਆਰ ਹੈ, ਸੁਜਾਉਦੌਲਾ ਨੇ ਸ਼ਾਹ ਦੀ ਮਰਜ਼ੀ ਸੁ
ਲਾ ਪਰ ਨਾ ਦੇਖਕੇ ਆਖ ਭੇਜਿਆ, ਸੁਲਾ ਨਹੀਂ ਹੁੰਦੀ। ਫੇਰ ਤਾਂ ਭਾਊ ਭੇਦੂ ਨੂੰ ਫਿਕ
ਰ ਨੇ ਆ ਘੇਰਿਆ। ਕੁਦਰਤ ਨਾਲ ਦੋ ਹਜ਼ਾਰ ਊਠ ਲੱਦਿਆ ਹੋਇਆ, ਮਰਹਟਿਆਂ ਦੀ
ਰਸਦ ਦਾ ਆਉਂਦਾ ਸੀ, ਦੁਰਾਨੀ ਦੇ ਬਖਸ਼ੀ ਬੁਲੰਦਖਾਂ ਨੇ ਖਬਰ ਪਾਕੇ ਪੰਦ੍ਰਾਂ ਕੋਹ ਪ
ਰਜਾ ਫਾਹਿਆ। ਇਸ ਗੱਲੋਂ ਮਰਹਟਿਆਂ ਦਾ ਸਾਰਾ ਕਟਕ ਮਰਨ ਮਾਰਨ ਮੱਤ ਕਰ,
ਅੰਮ੍ਰਿਤ ਵੇਲੇ ਅਬਦਾਲੀ ਦੇ ਦਲ ਉੱਤੇ ਹੁਮ ਹੁਮਾ ਕੇ ਚੜ੍ਹ ਬੈਠਾ। ਜਦ ਅਹਿਮ
ਦ ਸ਼ਾਹ ਨੇ ਦੇਖਿਆ ਕੇ ਤੋਪਖਾਨਾ ਅੱਗੇ ਕੀਤਾ ਹੋਇਆ, ਝੰਡੇ ਉਠਾਉਂਦੇ, ਦੁਹਿਰੀ ਚੋਬਾਂ
ਉਦੇ, ਹਰ ਹਰਿ ਗਾਉਂਦੇ ਹੋਏ ਸਭ ਮਰਹਟੇ ਜਮੇ ਕਦਮ, ਸਮੁੰਦ੍ਰ ਦੀ ਤਰਾਂ ਉਮਡੇ

**ਦੁਰਾਨੀ ਅਤੇ ਮਰਹਟਿਆਂ ਦਾ ਜੰਗ**

ਆਉਂਦੇ ਹਨ, ਪਰੰਤੂ ਤੋਪਾਂ ਦੇ ਗੋਲੇ ਪਠਾਣਾਂ ਦੇ ਉੱਤੋਂ ਦੀ ਜਾਂਦੇ ਹੋਏ ਦੇਖਕੇ ਖੁਸ਼ੀ ਹੋ
ਗਿਆ। ਇਸ ਦਾ ਕਾਰਨ ਇਹ ਸੀ ਕੇ ਤੋਪਾਂ ਦੇ ਜਮਾਦਾਰ ਮੁਸਲਮਾਨਾਂ ਨਿਮਕ ਹਰਾਮਾਂ
ਨੇ ਨਜੀਬਖਾਂ ਤੋਂ ਵੱਢੀ ਖਾ ਰੱਖੀ ਸੀ। ਇਸ ਗੱਲੋਂ ਬਾਦਸ਼ਾਹ ਨੂੰ ਫਤੇ ਦੀ ਉਮੈਦ ਹੋ ਗ
ਈ। — ਇਬਰਾਹੀਮ ਖਾਂ ਗਾਰਦੀ ਭਾਊ ਦਾ ਜਰਨੈਲ, ਦਸ ਹਜ਼ਾਰ ਪਿਆਦਾ
ਫੌਜ ਲੈਕੇ ਨਜੀਬਖਾਂ ਦੀ ਰੁਹੇਲੀ ਫੌਜ ਉੱਤੇ ਜਾ ਪਿਆ, ਛਪਾ ਛਪ ਦਸ ਬਾਰਾਂ ਹਜ਼ਾ
ਰ ਰੁਹੇਲਾ ਨਿੱਸਲ ਸੁਲਾ ਦਿੱਤਾ। ਨਜੀਬਖਾਂ ਤਾਂ ਭੱਜ ਗਿਆ ਪਰ ਦੁਰਾਨੀ ਦਾ ਵਜ਼ੀ
ਰ ਸ਼ਾਹਵਲੀਖਾਂ ਬੀਸ ਹਜ਼ਾਰ ਦੁਰਾਨੀ ਲੈਕੇ ਅੱਗੋਂ ਆ ਅੜਿਆ, ਭਾਊ ਜੀ ਤੇ ਬਿ
ਸ੍ਵਾਸ ਰਾਉ ਭੀ ਉਧਰੇ ਝੁਕੇ, ਵਜ਼ੀਰ ਦੇ (ਅਮੀਰ) ਨਜ਼ਦੀਕੀ ਸਰਦਾਰ ਅਤਾਈਖਾਂ

Digitized by Panjab Digital Library | www.panjabdigilib.org

ਜੇਹੇ ਨਾਮੀ ਬਹਾਦਰ ਬਹੁਤ ਮਾਰੇ ਗਏ, ਵਜ਼ੀਰ ਭੀ ਮਾਰਿਆ ਜਾਂਦਾ ਪਰ ਅਹਿਮਦਸ਼ਾ ੧੪੩
ਹ ਭਾਰੀ ਸਿਪਾਹ ਲੈਕੇ ਆ ਗਿਆ ਤਾਂ ਲੜਾਈ ਠਹਿਰ ਗਈ। ਮਰਹਟਿਆਂ ਦਾ ਜੋਰ
ਦੇਖਕਰ ਸ਼ਾਹ ਨੇ ਆਪਣੀ ਸੈਨਾ ਨੂੰ ਅੱਗੇ ਵਧਣ ਦਾ ਹੁਕਮ ਦੇਕੇ ਆਖਿਆ ਜਿਸਨੂੰ
ਪਿੱਛੇ ਹਟਦਾ ਦੇਖੋ ਉਸਦਾ ਸਿਰ ਤੁਰਤ ਕੱਟ ਲੌ। ਫੇਰ ਤਾਂ ਇੱਕ ਤਰਫ ਹਰ ਹਰ ਹਰਿ ਮਹਾ
ਦੇਵ ਤੇ ਦੂਜੀ ਵੱਲ ਅੱਲਾਹੂ ਅਕਬਰ ਦੀ ਬੱਦਲ ਵਾਂਗੂ ਗਰਜ ਹੋ ਰਹੀ ਸੀ ਲਹੂ
ਦਾ ਚਿੱਕੜ ਤੇ ਲੋਥਾਂ ਦਾ ਸਥਾਰ ਐਡਾ ਹੋਯਾ ਜੋ ਖਾਲੀ ਥਾਂਉਂ ਪੈਰ ਧਰਨ ਨੂੰ ਕਿਤੇ ਨ
ਰਿਹਾ। ਜਦ ਦੁਰਾਨੀ ਸ਼ਾਹ ਨੇ ਆਪਣੀ ਫੌਜ ਦੇ ਮੂੰਹ ਫਿੱਟੇ ਹੋਏ ਦੇਖੇ ਤਾਂ ਏਹ ਪੇਚ ਖੇ
ਡਿਆ, ਪੰਦ੍ਰਾਂ ਹਜ਼ਾਰ ਅਸਵਾਰ ਜੋ ਖੱਬੇ ਪਾਸੇ ਦੂਰ ਖੜਾ ਸੀ ਉਸਨੂੰ ਮੋੜਕਰ
ਸੱਜੇ ਪਾਸੇ ਕਰਕੇ ਮਰਹਟਿਆਂ ਪਰ ਜਾ ਪਾਯਾ। ਝਾਂਕੀ ਕਿਤੇ ਦਿੱਤੀ ਤੇ ਮਾਰ ਕਿਤੇ
ਜਾ ਕੀਤੀ, ਏਹ ਸ਼ਤਰੰਜ ਦੀ ਗੋਟੀ ਦੀ ਚਾਲ ਕਾਰ ਕਰ ਗਈ। ਭਾਊ ਜੀ ਤੇ ਬਿਸ੍ਵਾਸਰਾਉ
ਤਾਂ ਅੱਗੇ ਹੀ ਲੜਦੇ ਰਹੇ ਤੇ ਫੌਜ ਸਾਰੀ ਪਿੱਛੇ ਹੀ ਸ਼ੂਨਯ ਹੋ ਗਈ, ਮੁਰਦੇ ਪਰ ਮੁਰ
ਦਾ ਚੜ੍ਹ ਗਿਆ। ਅਫਗਾਨੀ ਰੋਜ਼ ਦੇ ਲੜਾਕੇ ਤੇ ਮਰਹਟਿਆਂ ਨਾਲੋਂ ਰਿਸ਼੍ਟ ਪੁਸ਼੍ਟ ਸੇ
ਏਸ ਲਈ ਜਿੱਤ ਵਿੱਚ ਰਹੇ। ਦਿਨ ਦੇ ਤਿੰਨ ਬਜੇ ਆਪਣੀ ਫੌਜ ਦੀ ਦੁਰਦਸ਼ਾ ਦੇਖਕੇ
ਬਿਸ੍ਵਾਸਰਾਉ ਆਪਣੇ ਸਾਥੀਆਂ ਸਮੇਤ ਖੇਤ ਵਿੱਚ ਕੁੱਦ ਪਿਆ ਤੇ ਆਪ ਤੋਂ ਦਸਗੁ ਬਿਸ੍ਵਾਸ ਰਾਉ ਦਾ ਮਰਣਾ
ਣੇ ਖੇਤ ਦੇ ਰੇਤ ਵਿੱਚ ਰੁਲਾਕੇ ਸ੍ਵਰਗ ਨੂੰ ਚੱਲਦਾ ਹੋਯਾ। ਬਿਸ੍ਵਾਸਰਾਉ ਨੂੰ ਮਰੇ ਦੇਖ
ਕੇ ਭਾਊ ਜੀ ਨੇ ਭੀ ਹਾਥੀ ਪੇਲ ਦਿੱਤਾ ਅੱਤੇ ਸਭ ਤੋਂ ਅੱਗੇ ਵਧਕੇ, ਘੋੜੇ ਪਰ ਸਵਾਰ ਹੋ
ਕਰ ਹੱਲਾ ਕਰਾਯਾ ਤੇ ਇੱਕ ਵਾਰੀ ਤਾਂ ਸਮੁੰਦ੍ਰ ਵਿੱਚ ਗੰਗਾ ਦੀ ਧਾਰ ਵਾਂਗੂ ਵੈਰੀ ਦੇ ਦਲ
ਨੂੰ ਚੀਰਦਾ ਚਲਾ ਗਿਆ, ਪਰ ਫੇਰ ਪਤਾ ਨਾ ਲੱਗਾ ਜੋ ਕੀ ਹੋਯਾ। ਏਸਨੇ ਪੰਜੀ[੨੫] ਲੱ
ਖ ਰੁਪਏ ਦਾ ਹੀਰਾ, ਮੋਤੀ ਪਹਨਿਆ ਹੋਯਾ ਸੀ। ਬਾਦਸ਼ਾਹ ਨੇ ਬਹੁਤ ਟੋਲ ਭਾਲ ਕਰਾਈ ਭਾਊ ਜੀ ਦਾ ਮਰਨ
ਪਰ ਏਸਦੀ ਦੇਹ ਨਾ ਲੱਭੀ। —— ਬਸ ਏਨ੍ਹਾਂ ਦਾ ਮਰਣਾ ਹੀ ਸੀ ਕੇ ਮਰਹਟਿਆਂ ਨੂੰ
ਭਾਜ ਪੈ ਗਈ। ਦਸ ਕੋਸ ਤਕ ਦੁਰਾਨੀ ਪਿੱਛਾ ਦਬਾਈ ਗਏ, ਫੇਰ ਤਾਂ ਰਾਹ ਵਿੱਚ ਖਲ
ਕਤ ਭੀ ਮਾਰਨ ਉੱਠ ਪਈ। ਜੇਹੜੇ ਫੜੇ ਗਏ ਓਹ ਦੂਜੇ ਦਿਨ ਬੁਰੀ ਬੇਤਰਸੀ ਨਾਲ ਮਾ
ਰੇ ਗਏ। ਏਸ ਘੋਰ ਜੁੱਧ ਵਿੱਚ ਦੋ ਲੱਖ ਦੇ ਲੱਗ ਭੱਗ ਆਦਮੀ ਤੇ ਅੱਸੀ ਹਜ਼ਾਰ ਊਂਟ
ਘੋੜਾ, ਬੈਲ, ਹਾਥੀ ਬਿਸ੍ਵਾਸਰਾਉ ਤੇ ਭਾਊ ਜੀ ਦੇ ਨਾਲ ਹੀ ਖੇਤ ਵਿੱਚ ਰਹੇ।
ਮਹਾਂਜੀ ਸੇਂਧੀਆ ਜਿਸਨੇ ਗੁਾਲੀਅਰ ਦੀ ਰਿਆਸਤ ਬਣਾਈ ਹੈ ਜ਼ਖਮੀ ਹੋ ਕੇ ਉਮਰ

Digitized by Panjab Digital Library | www.panjabdigilib.org

੧੪੪ ਭੁਰ੍ਹਲੀ ਗਣਾ ਰਿਹਾ। — ਮਲ੍ਹਾਰ ਰਾਉ ਹੁਲਕਰ ਦਾ ਜੰਗ ਦੇ ਆਰੰਭ ਵਿੱਚ ਹੀ ਦੌੜ ਗਿ
ਆਸੀ ਤਾਂ ਹੀ ਨਿਮਕ ਹਰਾਮੀ ਸਦਾਯਾ। — ਗਯੋਜੀ ਭੌਸਲੇ ਨੇ ਜ਼ਖਮੀਆਂ ਦਾ ਇ
ਲਾਜ ਨਾਗਪੁਰ ਜਾ ਕੀਤਾ। — ਏਸ ਹਾਰ ਦੀ ਖਬਰ ਸੁਣਕੇ ਬਾਲਾ ਰਾਇ ਜੀ ਪੇਸ਼
ਬਾਲਾ ਰਾਇਜੀ ਦਾ ਮਰਨਾ
ਵਾ ਤਾਂ ਹਾਉਕੇ ਦੇ ਝੂਟੇ ਨਾਲ ਹੀ ਸ੍ਵਰਗ ਜਾ ਪਹੁੰਚਿਆ। ਏਸ ਹਾਰ ਤੋਂ ਮਰਹਟਿਆਂ ਦੀ
ਐਸੀ ਕਮਰ ਟੁੱਟੀ ਜੋ ਫੇਰ ਗੰਢੀ ਨਾ ਗਈ।।

ਸ਼ਾਹ ਅਬਦਾਲੀ ਭੀ ਆਪਣੀ ਫੌਜ ਬਹੁਤ ਮਰੀ ਤੇ ਬਾਕੀ ਥੱਕੀ ਮਾਂਦੀ ਦੇਖਕੇ ਤੁਰਤ
ਕਾਬਲ ਨੂੰ ਮੁੜ ਗਿਆ। — ਰਣਭੂਮੀ ਵਿਚੋਂ ਪਰਾਸ ਲੱਖ ਰੁਪਯਾ ਨਕਦ ਤੇ ਸੈਂ
ਕੜੇ ਘੋੜੇ ਊਠ ਹਾਥੀ ਹਥਿਆਰ ਤੇ ਬੀਸ ਲੱਖ ਰੁਪਏ ਦੇ ਵਿਸ੍ਵਾਸ ਰਾਉ ਦੀ ਪੂਜਾ ਤੇ
ਸ਼ਿੰਗਾਰ ਦੇ ਬਰਤਨ ਅਤੇ ਹੋਰ ਬਸਤ੍ਰ ਸ਼ਸਤ੍ਰ ਜ਼ੇਵਰ, ਪਲੰਘ ਦੀ ਤੱਯਾਰੀ ਆਦਿਕ ਬੇ
ਗਿਣਤ ਸਾਮਾਨ ਲੈ ਗਿਆ। ਜਿਸ ਵਿਚੋਂ ਇਕ ਛਪੀ ਦੀ ਕੀਮਤ ਜਵਾਹਰੀਆਂ ਨੇ
ਪਛੱਤ੍ਰ ਹਜ਼ਾਰ [੭੫੦੦੦] ਪਾਈ। ਤੇ ਇੱਕ ਹੁੱਕਾ ਇਕ ਲੱਖ ਚਾਲੀ ਹਜ਼ਾਰ ਦਾ ਹੋਯਾ, ਏਹੋ ਜੇਹਾ
ਸਾਮਾਨ ਤੇ ਬਾਈ ਹਜ਼ਾਰ ਆਦਮੀ ਤੀਵੀਂ ਟਹਿਲੂਏ, ਟਹਿਲਣਾਂ ਬਣਾਉਣ ਵਾਸ੍ਤੇ
ਹਿੰਦ ਵਿਚੋਂ ਲੈ ਗਿਆ। — ਮੁਸਲਮਾਨ ਤਵਾਰੀਖਾਂ ਵਾਲੇ ਏਤਨੀ ਮਾਯਾ ਦੱਸ ਕਰ
ਭੀ ਆਖਦੇ ਹਨ ਕੇ ਏਸ ਸਮੇਂ ਅਹਿਮਦ ਸ਼ਾਹ ਨੇ ਸਿਵਾਇ ਫਤੇ ਜੰਗ ਦੇ ਹੋਰ ਕੋਈ
ਫਾਯਦਾ ਨਹੀਂ ਉਠਾਯਾ। ਐ ਪਾਠਕੋ ਐਤਨਾ ਧਨ ਲੈਕੇ ਭੀ ਜੇ ਅਹਿਮਦ ਸ਼ਾਹ ਖਾ
ਲੀ ਗਿਆ ਤਾਂ ਹੋਰ ਸਰਹੰਦ ਦੇ ਖੋਲ੍ਹੇ ਲੈ ਜਾਣੇ ਬਾਕੀ ਰਹ ਗਏ।

ਪਾਣੀਪਤ ਦੇ ਜੰਗ ਵਿੱਚ ਕਰਮਦਾਦ ਖਾਂ ਸੂਬੇਦਾਰ ਲਾਹੌਰ ਭੀ ਆਦਿਕ ਸਭ ਹਾਕਮ
ਅਹਿਮਦ ਸ਼ਾਹ ਦੇ ਪਾਸ ਸੇ। ਓਥੋਂ ਬਾਦਸ਼ਾਹ ਨੇ ਸਰਬੁਲੰਦ ਖਾਂ ਹਾਕਮ ਨੂੰ ਲਾਹੌਰ ਤੇ
ਜੰਮਾ, ਪਰ ਓਹ ਭੀ ਸੁਰਤ ਸਿੰਘ ਨੂੰ ਸਪੁਰਦ ਕਰਕੇ ਜੰਗ ਨਾਲ ਰਲ ਗਿਆ। ਸੂਰਤ
ਸਿੰਘ ਨੇ ਜੋ ਬਹੁਤ ਤਰਾਕੁਲ ਖੋਰੀ ਸੀ ਸਿੰਘਾਂ ਦੀ ਅਧਿਕ ਗਰਦੀ ਪਈ ਦੇਖਕੇ ਸੂਬੇ
ਦਾਰੀ ਛੱਡ ਦਿੱਤੀ। ਬਾਦਸ਼ਾਹ ਨੇ ਮੀਰ ਮੁਹੰਮਦ ਖਾਂ ਨੂੰ ਪੰਜ ਸੌ ਅਸਵਾਰ ਦੇਕੇ ਲਾਹੌਰ
ਭੇਜ ਦਿੱਤਾ ਏਸ ਨੇ ਜਾਂਦੇ ਹੀ ਆਪਣਾ ਦਬਦਬਾ ਬੈਠਾਉਣ ਲਈ ਪਿੰਡਾਂ ਵਿਚੋਂ ਪੰਦ੍ਰਾਂ ਬੀ
ਸ ਸਿੰਘ ਬੇਗੁਨਾਹ ਫੜਕੇ ਕਤਲ ਕਰਾ ਦਿੱਤੇ। — ਏਸ ਗੱਲੋਂ ਸਿੰਘਾਂ ਨੂੰ ਐਸੀ
ਚਿਪਰ ਚੜ੍ਹੀ, ਲਾਹੌਰ ਉੱਪਰ ਹੱਲਾ ਕਰ ਦਿੱਤਾ ਕੋਟ ਤੋਂ ਬਾਹਰ ਦੀਆਂ ਬਸਤੀਆਂ ਨੂੰ ਲੁੱ
ਟ ਮਾਰ ਬਰਬਾਦ ਕਰਕੇ ਸੈਂਕੜੇ ਮੁਸਲਮਾਨ ਕਤਲ ਕਰਕੇ ਫੇ ਲੱਖਾਂ ਰੁਪਏ ਦਾ

Digitized by Panjab Digital Library | www.panjabdigilib.org

ਮਾਲ ਅਸਬਾਬ ਸਿੰਘਾਂ ਦੇ ਹੱਥ ਆਯਾ। — ਮੀਰ ਮੁਹੰਮਦ ਖਾਂ ਨੇ ਸ਼ਹਰ ਦੇ ੧੪੪
ਦਰਵਾਜ਼ੇ ਬੰਦ ਕਰਾਕੇ ਕੋਟ ਉੱਤੇ ਤੋਪਾਂ ਚੜ੍ਹਾਂ ਰੱਖੀਆਂ, ਸਿੰਘਾਂ ਨੇ ਬਾਹਰ ਲੁੱਟ
ਮਚਾ ਰੱਖੀ, ਅੰਦਰ ਸ਼ਹਿਰ ਦੇ ਕਾਈ ਚੀਜ਼ ਨਾ ਜਾਣ ਦੇਣ, ਸ਼ਹਰੀ ਲੋਗ ਤੰਗ ਹੋ
ਉਠੇ, ਮੀਰ ਮੁਹੰਮਦ ਨੇ ਸ਼ਹਿਰ ਦੇ ਚੌਧਰੀਆਂ ਦੀ ਮਾਰਫਤ ਸਿੰਘਾਂ ਨੂੰ ਪੰਜ ਹਜ਼ਾਰ
ਰੁਪਯਾ ਅੱਠੇ ਸੁੱਖੇ ਵਾਸ੍ਤੇ ਨਜ਼ਰ ਦੇਕਰ ਆਪਣੇ ਬੂਹੇ ਅੱਗੋਂ ਤੋਬਾ ਕਰਕੇ
ਉਠਾਯਾ। — ਜਦ ਅਹਿਮਦ ਸ਼ਾਹ ਦੁਰਾਨੀ ਮਰਹਟਿਆਂ ਉੱਤੇ ਫਤੇ ਪਾਕੇ
ਮੁੜ ਲਾਹੌਰ ਆਯਾ ਤਾਂ ਉਸ ਨੇ ਸਿੰਘਾਂ ਨੂੰ ਰੁਪਯਾ ਦੇਣ ਦੇ ਕਸੂਰ ਵਿਚ ਮੀਰ ਮੁ
ਹੰਮਦ ਖਾਂ ਨੂੰ ਕੈਦ ਕਰ ਦਿੱਤਾ, ਪਰ ਸ਼ਹਿਰ ਦੇ ਚੌਧਰੀਆਂ ਨੇ ਸਾਰਾ ਹਾਲ ਸੁਣਾਕੇ
ਉਸ ਨੂੰ ਤਾਂ ਛੁਡਾ ਦਿੱਤਾ, ਪਰ ਜੇਹੜੇ ਲੋਗ ਸਿੰਘਾਂ ਨੇ ਬਰਬਾਦ ਕਰਕੇ ਉਜਾੜ ਛੱ
ਡੇ ਸੇ ਉਨ੍ਹਾਂ ਦੀ ਬਾਦਸ਼ਾਹ ਨੇ ਕੋਈ ਨਾ ਸੁਣੀ। ਉਸੇ ਸਮੇ ਬੀਸ ਬਾਈ ਹਜ਼ਾਰ ਹਿੰਦੂ
ਔਰਤ ਮਰਦ ਨੂੰ ਦੁਰਾਨੀ ਬੰਨ੍ਹੀ ਲਈ ਜਾਂਦੇ ਸਨ, ਜਦ ਬਾਦਸ਼ਾਹ ਲਾਹੌਰ ਪਹੁੰ
ਚ ਗਿਆ ਤਾਂ ਸਰਦਾਰ ਜੱਸਾ ਸਿੰਘ ਆਲੂਵਾਲੀਏ ਨੇ ਸਭ ਸਿੱਖਾਂ ਸਰਦਾਰਾਂ ਨੂੰ
ਨਾਲ ਲੈਕੇ, ਗੋਇੰਦਵਾਲ ਬਿਆਸਾ ਟੱਪਦੇ ਹੋਏ, ਅਚਾਚੇਤ ਦੁਰਾਨੀ ਜਾ ਦਬਾਏ।
ਉਨ੍ਹਾਂ ਨੂੰ ਹੋਸ਼ ਨਾ ਲੈਣ ਦਿੱਤੀ ਕੈਦੀਆਂ ਦੇ ਬੰਧਨ ਕੱਟਕੇ ਘਰੋ ਘਰ ਭੇਜ ਦਿੱਤਾ।
ਏਹ ਅਤੀ ਪਰੋਪਕਾਰੀ, ਨੇਕਨਾਮੀ ਸਰਦਾਰ ਜੱਸਾ ਸਿੰਘ ਨੂੰ ਹੀ ਆਈ ਏਸੇ ਕਰ ਮਰਦ ਔਰਤ
ਕੇ ਏਸਦਾ ਨਾਮ ਬੰਦੀ ਛੋੜ ਮਸ਼ਹੂਰ ਹੋ ਗਿਆ। — ਬਾਦਸ਼ਾਹ ਖ੍ਵਾਜੇ ਹਮੀਦ ਨੂੰ ਲਾ ਕੈਦੀ
ਹੌਰ, ਤੇ ਜੈਨ ਖਾਂ ਨੂੰ ਸਰਹੰਦ, ਸਰਬੁਲੰਦ ਖਾਂ ਨੂੰ ਮੁਲਤਾਨ ਦਾ ਸੂਬੇਦਾਰ ਬਣਾਕੇ, ਆ ਛੁਡਾਏ
ਪ ਕਾਬਲ ਵਿਚ ਜਾ ਵੜਿਆ। —— ਭਾਵੇਂ ਸਿੰਘਾਂ ਨੇ ਜੇਹਲਮ ਤਕ ਬਾਦਸ਼ਾ
ਹ ਦੇ ਲਸ਼ਕਰ ਉੱਤੇ ਭੀ ਵੇਲੇ ਕੁਵੇਲੇ ਛਾਪੇ ਮਾਰ ਕੇ ਬਹੁਤ ਨੁਕਸਾਨ ਕੀਤਾ, ਪਰ ਬਾ
ਦਸ਼ਾਹ ਕੰਨ ਲਪੇਟਕੇ ਚਲਾ ਗਿਆ ਕ੍ਯੋਂਕਿ ਇੱਕ ਤਾਂ ਬੁਖਾਰੇ ਦੇ ਬਾਦਸ਼ਾਹ ਨੇ ਬ
ਲਖ ਆ ਮਾਰਿਆ ਸੀ, ਦੂਜੇ ਉਸ ਦੀ ਫੌਜ ਜ਼ਖਮੀ ਤੇ ਬੀਮਾਰ ਸੀ, ਏਸ ਕਰਕੇ ਲਹੂ
ਦੇ ਘੁੱਟ ਭਰਦਾ ਚਲਾ ਗਯਾ, ਏਸਦਾ ਗੱਚ ਕਾਬਲ ਜਾਕੇ ਏਸ ਤਰਾਂ ਕੱਢਿਆ ਕੇ ਨੂਰ
ਦੀਨ ਤੇ ਜ਼ਾਲਮ ਖਾਂ ਦੋ ਸਰਦਾਰ, ਸੱਤ ਹਜ਼ਾਰ ਅਸਵਾਰ ਦੇਕੇ, ਪੰਜਾਬ ਨੂੰ ਭੇਜਕਰ
ਖ੍ਵਾਜੇ ਹਮੀਦ ਹਾਕਮ ਨੂੰ ਲਿਖ ਭੇਜਿਆ ਕੇ ਸਿੰਘਾਂ ਦਾ ਨਾਮ ਨਿਸ਼ਾਨ ਖੋ ਦੇਓ।
ਜਦ ਬਾਦਸ਼ਾਹ ਦੇ ਹੁਕਮ ਦੀ ਖਬਰ ਖਾਲਸੇ ਨੂੰ ਪਹੁੰਚੀ ਤਾਂ ਗੁਰਮਤਾ ਕਰਕੇ ਸਭ

Digitized by Panjab Digital Library | www.panjabdigilib.org

੧੪੬ ਸਰਦਾਰ ਵੱਖੋ ਵੱਖ ਆਪਣੇ ੨ ਜੱਥੇ ਲੈਕੇ ਗੁਜਰਾਤ ਕੱਠੇ ਹੋਣ ਵਾਸਤੇ ਟੀਰਾ ਬੀਨ ਤੁਰੇ, ਪਰ ਏਸ ਕੰਮ ਵਿੱਚ ਸਬਨਾ ਦਾ ਮੁਖੀਆ ਸਰਦਾਰ ਚੜ੍ਹਤ ਸਿੰਘ ਹੋਯਾ। ਭੰਗੀ ਤੇ ਘਨੱਈਏ ਸਰਦਾਰਾਂ ਨੇ ਬਟਾਲੇ ਵੱਲੋਂ ਜਾਕੇ ਕਲਾਨੌਰ ਦੇ ਹਾਕਮ ਸੱਯਦ ਹਸਨ ਅਲੀਖਾਂ ਨੂੰ (ਜਿਸਨੇ ਬਹੁਤ ਸਾਰੇ ਹਿੰਦੂ, ਮੁਸਲਮਾਨ ਕਰ ਘੱਤੇ ਸੇ ਤੇ ਸਿੰਘਾਂ ਨਾਲ ਝਗੜਾ ਰੱਖਦਾ ਸੀ) ਤਲਵਾਰ ਦੀ ਧਾਰ ਥਾਣੀ ਸੰਸਾਰ ਥੀਂ ਪਾਰ ਉਤਾਰ ਕੇ, ਸੱਯਦਾਣੀਆਂ ਨਾਲ ਮਜ਼ਬੀ ਸਿੰਘਾਂ ਦੇ ਅਨੰਦ ਪੜ੍ਹਾ ਦਿੱਤੇ, ਤੇ ਇੱਕ ਪਰੀ ਵਰਗੀ ਨੂੰ ਹਕੀਕਤ ਸਿੰਘ ਦੇ ਚਚੇਰੇ ਭਾਈ ਦਲ ਸਿੰਘ ਨੇ ਖਾਲਸੇ ਦੀ ਆਗਿਆ ਨਾਲ ਸਿੰਘਣੀ ਸਜਾ ਲਿਆ, ਕਲਾਨੌਰ ਵਿੱਚ ਹਕੀਕਤ ਸਿੰਘ ਦਾ ਠਾਣਾ ਬੈਠਾ ਕੇ ਸਿਆਲਕੋਟ ਦੇ ਹਾਕਮ ਨੂੰ ਪੱਕਾ ਲਾਲ ਟਕਾ ਦਿੰਦੇ ਹੋਏ, ਗੁਜਰਾਤ ਦੇ ਨੇੜੇ ਜਾ ਫਿਰੇ। ਓਧਰੋਂ ਸਰਦਾਰ ਚੜ੍ਹਤ ਸਿੰਘ ਭੀ ਮਜ਼੍ਹਬ ਦੇ ਵੈਰੀਆਂ ਨੂੰ ਦੱਖੂ ਦਾਣੇ ਦਿੰਦਾ ਹੋਯਾ ਨੇੜੇ ਢੁੱਕ ਪਯਾ। ਜਦ ਦੁਰਾਨੀਆਂ ਦੀ ਸੈਨਾ ਚਨਾਬ ਉਤਰੀ, ਤਾਂ ਸਿੰਘਾਂ ਨੇ ਫਤੇ ਜਾ ਗਜਾਈ। ਜੱਦਪਿ ਖ੍ਵਾਜੇ ਹਮੀਦ ਨੇ ਨੂਰਦੀਨ ਨੂੰ ਸਿੰਘਾਂ ਦੀ ਫੁਰਤੀ ਦਾ ਸਨੇਹਾ ਭੇਜਿਆ ਸੀ ਪਰ ਉਸ ਨੇ ਆਪਣੀ ਫੌਜ ਦੇ ਘਮੰਡ ਵਿੱਚ ਸਿੰਘਾਂ ਨੂੰ ਕੁਛ ਨਾ ਬਣਿਆ, ਅੱਖਾਂ ਮੀਟੀ ਰੱਲਾ ਆਯਾ, ਸਿਰ ਸੱਟ ਪਈ ਤਾਂ ਖੁੱਲੀਆਂ, ਗੁਜਰਾਤ ਪਾਸੋਂ ਜ਼ੋਰ ਲੜਾਈ ਹੋਣ ਲੱਗੀ, ਕਈ ਜਗਾ ਚੀਲਾਂ, ਕਾਗਾਂ, ਗਿਦੜਾਂ, ਕੁੱਤਿਆਂ ਨੂੰ ਅਤੁੱਟ ਭੰਡਾਰਾ ਮਿਲਿਆ। ਏਸ ਜੰਗ ਵਿੱਚ ਜਾਲਮ ਖਾਂ ਜੈਸੇ ਤਿੰਨ ਹਜ਼ਾਰ ਤਾਂ ਜਮਲੋਕ ਜਾ ਪੁੱਜੇ, ਬਾਕੀ ਨੂਰਦੀਨ ਸਿਆਲਕੋਟ ਦੇ ਕਿਲੇ ਵਿੱਚ ਜਾ ਘੁਸਿਆ, ਓਥੇ ਭੀ ਖਾਲਸੇ ਨੇ ਖੈਰ ਨਾ ਗੁਜ਼ਾਰੀ, ਚੌਬੀ ਦਿਨ ਘੇਰੀ ਰੱਖਿਆ, ਛੇਕੜ ਨੂੰ ਖਾਣੇ ਦਾਣੇ ਤੋਂ ਤੰਗ ਹੋਕੇ ਰਾਤ ਨੂੰ ਦੌੜਕੇ ਜੰਮੂ ਵਾਲੇ ਰਾਜਾ ਰਣਜੀਤ ਦੇਉ ਦੀ ਸਰਣਿ ਜਾ ਪਯਾ। ਜੱਦਪਿ ਏਸ ਜੰਗ ਵਿੱਚ ਬਹੁਤ ਸਿੱਖ ਸਰਦਾਰ ਸੇ, ਪਰ ਏਹ ਫਤੇ ਸਰਦਾਰ ਚੜ੍ਹਤ ਸਿੰਘ ਦੇ ਨਾਮ ਪਰ ਹੀ ਰਹੀ।

ਨੂਰਦੀਨ ਦੀ ਹਾਰ ਖਾਲਸੇ ਪਾਸੋਂ

ਸਰਦਾਰ ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿੱਚ ਇੱਕ ਕੱਚਾ ਕਿਲਾ ਆਰੰਭ ਰੱਖਿਆ ਸੀ, ਸੋ ਖਾਲਸੇ ਨੇ ਸੰ: ੧੮੧੭ ਬਿ: ਨੂੰ ਆਪੇ ਰਾਜ ਮਜ਼ੂਰ ਹੋਕੇ ਤੱਯਾਰ ਕਰ ਦਿੱਤਾ। ਖ੍ਵਾਜੇ ਹਮੀਦ ਖਾਂ ਲਾਹੌਰ ਦੇ ਸੂਬੇ ਨੇ ਜਦ ਨੂਰਦੀਨ ਦੀ ਹਾਰ ਤੇ ਸਰਦਾਰ ਚੜ੍ਹਤ ਸਿੰਘ ਦੀ ਜਿੱਤ ਸੁਣੀ ਤਾਂ ਫੌਜ ਲੈਕੇ ਗੁਜਰਾਂਵਾਲੇ ਉੱਤੇ ਚੜ੍ਹ ਗਿਆ, ਤੇਰਾਂ ਦਿਨ ਸਰਦਾਰ ਅੰਦਰੋਂ ਲੜਦਾ ਰਿਹਾ, ਇਤਨੇ ਨੂੰ ਸਬ ਮਿਸਲਾਂ ਵਾਲੇ ਸਰਦਾਰ ਜਾ ਪਹੁੰਚੇ।

Digitized by Panjab Digital Library | www.panjabdigilib.org

ਫੇਰ ਤਾਂ ਹਮੀਰਖਾਂ ਛੜੀ ਜਾਨ ਲੈਕੇ ਮਸਾਂ ੨ ਲਾਹੌਰ ਪਹੁੰਚਿਆ, ਬਾਕੀ ਚਾਰ ਤੋ ੧੪੭
ਪਾਂ ਅਨੇਕ ਘੋੜੇ, ਊਂਟ, ਤੰਬੂ ਆਦਿਕ ਅਸਬਾਬ ਚੜ੍ਹਤ ਸਿੰਘ ਨੂੰ ਹੀ ਦੇ ਆਯਾ
। ਜਦ ਅਹਿਮਦਸ਼ਾਹ ਨੇ ਨੂਰਦੀਨ ਤੇ ਖ੍ਵਾਜੇ ਹਮੀਰ ਦੀ ਦੁਰਦਸ਼ਾ ਹੋਣ ਦਾ ਹਾਲ
ਸੁਣਿਆ ਤਾਂ ਇਕ ਦਸਤਾ ਫੌਜ ਦੇ ਕੇ, ਬਖਸ਼ੀ ਜਹਾਨਖਾਂ ਨੂੰ (ਜੋ ਸਾਰੀ ਬਾਦਸ਼ਾਹੀ
ਵਿੱਚ ਸੂਰਬੀਰ ਤੇ ਜ਼ਾਲਮ ਸੀ) ਸਿੰਘਾਂ ਉੱਤੇ ਚੜ੍ਹਾ ਭੇਜਿਆ।

ਤਦੋਂ ਨੂਰਦੀਨ ਬੀ ਜੰਮੂ ਦੇ ਪਹਾੜਾਂ ਵਿਚੋਂ ਸਿਰ ਕੱਢ ਆਯਾ, ਤੇ ਹੋਰ ਦੁਰਾਨੀ ਹਾਕਮ
ਬੀ ਜੋ ਅਧਮਰੇ ਜੇਹੇ ਸੇ ਸਬ ਟਾਹਿਕ ਪਏ। — ਦੁਰਾਨੀਆਂ ਦਾ ਬਹੁਤ ਸ਼ੋਰ ਸ਼ਰਾ
ਬਾ ਦੇਖ ਕੇ ਸਿੰਘ ਕੁਛ ਤਾਂ ਮਾਲਵੇ ਵੱਲ ਚਲੇ ਗਏ, ਬਾਕੀ ਸਾਂਦਲਬਾਰ[੧] ਦੇ ਜੰਗ
ਲਾਂ ਵਿੱਚ ਜਾ ਵੜੇ। ਏਧਰ ਜਹਾਨਖਾਂ ਪੰਜਾਬੀ ਕਾਜੀ ਅੰਮ੍ਰਿਤਸਰ ਡੇਰਾ ਲਾ ਕਰ
ਹਰਮੰਦਰ ਦੀ ਬੇਅਦਬੀ ਕਰਨ, ਤੇ ਤਾਲਾਬ ਅੰਮ੍ਰਿਤਸਰ ਵਿੱਚ ਮਿੱਟੀ ਭਰਨ ਲੱਗ
ਪਿਆ। ਏਹ ਹਾਲ ਜਦ ਮਾਲਵੇ ਦੇਸ਼ ਖਾਲਸੇ ਨੇ ਸੁਣਿਆ ਤਾਂ ਸ਼ਹੀਦ ਦੀਪ ਸਿੰਘ ਦ
ਮਦਮੇ ਸਾਹਿਬ ਤੋਂ ਪੰਜ ਸੌ ਅਸਵਾਰ ਸਮੇਤ, ਤੁਰਤ ਅੰਮ੍ਰਿਤਸਰ ਵਲ ਚੜ੍ਹ ਬੈਠ
। ਹੋਰ ਸ਼ਹੀਦ ਨੱਥਾ ਸਿੰਘ, ਹੀਰਾ ਸਿੰਘ, ਪ੍ਰੇਮਾ ਸਿੰਘ, ਸੁੱਧਾ ਸਿੰਘ, ਬਸੰਤ ਸਿੰਘ ਆਦਿ
ਕ ਬੀ ਉਸ ਦੇ ਨਾਲ ਹੋ ਗਏ। ਨੇੜੀਆਂ ਵਾਲੇ ਪਿੰਡ, ਰਾਮਰੌਤਰੇ, ਗੁਰੂਚੌਤਰੇ, ਲੱਖੀ
ਜੰਗਲ, ਬਿੰਝੂਕੇ ਬੈਰਾਗਾਂ ਦੇ ਪਿੰਡਾਂ ਵਿੱਚ ਜਿਥੇ ੨ ਸਿੰਘ ਉਤਰੇ ਹੋਏ ਸਨ, ਸਬ ਦੀਪ
ਸਿੰਘ ਦੇ ਨਾਲ ਹੁੰਦੇ ਗਏ। — ਮਾਘ ਸੰ: ੧੮੧੭ ਬਿ: ਨੂੰ ਸ਼ਹੀਦ ਦੀਪ ਸਿੰਘ ਨੇ ਸ ਧਰਮ ਰਾਜਕਾ
ਬਨੂੰ ਏਹ ਸੁਣਾ ਦਿੱਤਾ ਕਿ ਜਿਸ ਨੇ ਗੁਰੂ ਦੇ ਨਮਿਤ ਸਿਰ ਦੇਣਾ ਹੋਵੇ ਸੋ ਸਾਡੇ ਨਾਲ ਚੱ
ਲੇ। ਤਾਂ ਪੰਜ ਹਜ਼ਾਰ ਸਿੰਘ ਉਸ ਦਾ ਸਾਥੀ ਹੋਯਾ, ਏਹ ਖਬਰ ਸੁਣਕੇ ਸ਼ਹੀਦ ਗੁਰਬ
ਖ਼ਸ਼ ਸਿੰਘ ਜੀ ਪੰਜ ਸੌ ਅਸਵਾਰ ਲੈਕੇ ਆਨੰਦਪੁਰੋਂ ਆ ਪਹੁੰਚਿਆ। — ਜਹਾਨਖਾਂ
ਦਸ ਹਜ਼ਾਰ ਦੁਰਾਨੀ ਨੂੰ ਨਾਲ ਲੈਕੇ, ਗੋਲ੍ਹਵਾੜ ਪਿੰਡ ਪਾਸ ਪੰਜ ਕੋਹ ਅੱਗੇ ਆ
ਲੜਿਆ। ਜੰਦਪਦੀਨ ਮਜ਼੍ਹਬ ਦੀ ਲੜਾਈ ਦੇ ਕਾਰਣ ਦੋਹਾਂ ਤਰਫਾਂ ਦੇ ਸੂਰਬੀਰ

੧ ਸਾਂਦਲਬਾਰ ਇਕ ਵੱਡਾ ਭਾਰੀ ਜੰਗਲ ਰਾਵੀ ਤੇ ਚਨਾਬ ਦੇ ਵਿਚਕਾਰ ਹੈ, ਬੇਅੰਤ ਸ਼ੇਰ ਬਘਿਆੜ
ਆਦਿਕ ਜਾਨਵਰ ਏਸ ਵਿਚ ਰਹਿੰਦੇ ਸੇ। ਦੁੱਲਾ ਭੱਟੀ ਰਾਜਪੂਤ ਬੜਾ ਮਸ਼ਹੂਰ ਧਾੜਵੀ ਏਸੇ ਥਾਂ
ਅਕਬਰ ਸ਼ਾਹ ਦੇ ਵਕਤ ਹੋਯਾ ਹੈ ਜਿਸ ਦੇ ਗੀਤ ਗਾਂਦੀ ਦੇ ਹਨ। ਬਾਰ ਜੰਗਲ ਦਾ ਨਾਮ ਹੈ। ਪੁਰਾਣੇ
ਵਾਂਦੇ ਸਮੇਂ ਏਥੇ ਸਾਂਡਲ ਰਿਖੀ ਰਹਿਆ ਕਰਦਾ ਸੀ ਜਿਸ ਦੇ ਨਾਮ ਪਰ ਏਸ ਦਾ ਨਾਮ ਸਾਂਡਲ ਤੋਂ ਸਾਂਦਲ
ਪੈ ਗਿਆ।

ਵਧ ੨ ਕੇ ਲੜੇ, ਪਰ ਸਿੰਘਾਂ ਨੇ ਤਾਂ ਪਿੱਛੇ ਮੁੜਨ ਦੀ ਸੌਂਹ ਖਾ ਲਈ ਸੀ ਤਾਂ ਹੀ ਦੁਰਾਨੀ
ਆਂ ਨੂੰ ਦਬਾਉਂਦੇ ਚਲੇ ਆਏ, ਪੰਜਾਂ ਕੋਹਾਂ ਵਿੱਚ ਲੋਹੂ ਦਾ ਛਿੜਕਾਉ ਤੇ ਲੋਥਾਂ ਦੇ ਢੇਰ
ਲਾ ਦਿਤੇ। ਤਾਲਾਬ ਰਾਮਸਰ ਦੇ ਪਾਸ ਆ ਕੇ ਸਰਦਾਰ ਦੀਪ ਸਿੰਘ ਜੀ ਤਾਂ ਸੱਚ ਮੁੱਚ
ਸ਼ਹੀਦ ਹੋ ਗਏ, ਤੇ ਹੀਰਾ ਸਿੰਘ, ਨਾਹਰ ਸਿੰਘ, ਸੰਤ ਸਿੰਘ, ਨਿਹਾਲ ਸਿੰਘ ਏਹ ਗੁਰੂ
ਕੇ ਬਾਗ ਵਿੱਚ ਪਹੁੰਚ ਕੇ ਜੂਝ ਪਏ। — ਗੁਰਬਖਸ਼ ਸਿੰਘ, ਬਸੰਤ ਸਿੰਘ ਆਦਿਕਾਂ ਨੇ
ਅਕਾਲ ਬੁੰਗੇ ਦੇ ਪਾਸ ਸ਼ਹੀਦੀ ਪਾਈ। ਜਿੱਥੇ ੨ ਏਹ ਸ਼ਹੀਦ ਹੋਏ ਹਨ ਉਥੇ ੨ ਉਨ੍ਹਾਂ ਦੀ
ਯਾਦਗਾਰ ਵਿੱਚ ਪੂਜਨੀਕ ਮਕਾਨ ਬਣੇ ਹੋਏ ਹਨ। — ਜੱਦਪਿ ਏਹ ਬੜੇ ੨ ਨਾਮੀ ਸ
ਰਦਾਰ ਸ਼ਹੀਦ ਹੋ ਗਏ ਸੇ ਪਰ ਸਿੰਘਾਂ ਦੇ ਹੌਸਲੇ ਤੇ ਸਿਦਕ ਨੇ ਦੁਰਾਨੀਆਂ ਨੂੰ ਅੰਮ੍ਰਿਤ
ਸਰੋਂ ਕੱਢ ਛੱਡਿਆ, ਸਿੰਘਾਂ ਨੇ ਦੁਰਾਨੀਆਂ ਨੂੰ ਕੱਢ ਕੇ, ਜੰਗ ਵਿੱਚ ਜੂਝੇ ਹੋਏ ਸਿੰਘਾਂ ਦਾ
ਦਾਹ ਕੀਤਾ। — ਪੰਦ੍ਰਾਂ ਦਿਨਾਂ ਪਿੱਛੋਂ ਲਾਹੌਰੀ ਸੂਬੇ ਦੀ ਸਹਾਇਤਾ ਨਾਲ ਜਹਾਨ ਖਾਂ
ਦੁਰਾਨੀ ਨੇ ਫੇਰ ਅੰਮ੍ਰਿਤਸਰ ਉੱਤੇ ਹਮਲਾ ਕੀਤਾ, ਪਰ ਉਸ ਸਮੇ ਸਿੰਘ ਬਹੁਤ ਸਨ, ਏ
ਸ ਕਰ ਕੇ ਦੁਰਾਨੀਆਂ ਦੀ ਐਸੀ ਪਿੱਠ ਲੱਗੀ ਜੋ ਲਾਹੌਰ ਤਾਈਂ ਸਿੰਘਾਂ ਦੇ ਅੱਗੇ ਨੱਠੇ
ਗਏ, ਏਨ੍ਹਾਂ ਦੋਹਾਂ ਲੜਾਈਆਂ ਨੇ ਦੁਰਾਨੀਆਂ ਦੇ ਨਸ਼ੀਦੇ ਢਿੱਲੇ ਕਰ ਦਿੱਤੇ।

ਅੰਮ੍ਰਿਤ ਸਰ ਜੀ ਦਾ ਤਾਲਬ ਬਨਨਾ

ਸਿੰਘਾਂ ਨੇ ਅੰਮ੍ਰਿਤਸਰ ਡੇਰਾ ਰੱਖ ਕੇ ਇੱਕ ਤਾਂ ਤਾਲਾਬ ਅੰਮ੍ਰਿਤਸਰ ਵਿੱਚੋਂ ਉਹ ਮਿੱਟੀ
ਜੋ ਮੁਸਲਮਾਨਾਂ ਨੇ ਭਰ ਦਿੱਤੀ ਸੀ ਕੱਢੀ, ਤੇ ਦੂਸਰਾ ਕਿਲੇ ਰਾਮਗੜ੍ਹ ਨੂੰ ਮੁਰੰਮਤ ਕੀ
ਤਾ, ਤੀਜੇ ਹਰਿਮੰਦਰ ਸਾਹਿਬ ਤੇ ਅਕਾਲ ਬੁੰਗੇ ਹਮੇਸ਼ ਦੀਵਾਨ ਲਗਾ ੨ ਕਰ ਗੁਰਦੁਆ
ਰੇ ਦੀ ਰੌਣਕ ਵਧਾਈ, ਸਿੱਖੀ ਧਰਮ ਨੂੰ ਦ੍ਰਿੜ੍ਹ ਕੀਤਾ, ਹਿੰਦਵਾਇਣ ਰੱਖ ਵਿਖਾਈ।
ਏਥੇ ਏਹ ਗੱਲ ਭੀ ਜ਼ਰੂਰ ਸਮਝਣੇ ਯੋਗ ਹੈ ਕਿ ਸਿੰਘਾਂ ਦਾ ਮੁਸਲਮਾਨਾਂ ਨਾਲ ਲੜਨਾ
ਭਿੜਨਾ ਕਿਸੇ ਜ਼ਰ, ਜੋਰੂ, ਜ਼ਮੀਨ ਬਦਲੇ ਨਹੀਂ ਹੋਯਾ, ਕੇਵਲ ਧਰਮ ਰੱਖਿਆ ਵਾਸਤੇ ਪਵਾ
ੜੇ ਪੈਂਦੇ ਰਹੇ। ਪੰਥ ਪ੍ਰਕਾਸ਼ ਪੋਥੀ ਵਿੱਚੋਂ ਐਨ ਸਹੀ ਹੁੰਦਾ ਹੈ ਕਿ ਸਿੰਘ ਵੈਦਕ ਧਰਮ ਦੇ
ਸੱਚੇ ਰਖਵਾਲੇ ਹੋਏ ਹਨ। ਦੀਨ ਮਜ਼੍ਹਬ ਦੇ ਜੁੱਧ ਵਿੱਚ ਭੱਦਕਣਾਂ ਵਾਂਗੂ ਸੌ ਸੌ ਕੋਹ ਤੋਂ ਉ
ਡ ਕੇ ਆਂਵਦੇ ਤੇ ਖ਼ੁਸ਼ ਹੋ ਕੇ ਜਾਨਾ ਦਿੰਦੇ ਰਹੇ। ਤੇ ਏਹ ਭੀ ਯਥਾਰਥ ਹੈ, ਜੇ ਕਰ ਸਿੰਘ ਏ
ਤਨੇ ਚਾਈਏ ਨਾ ਰਾਉਂਦੇ ਤਾਂ ਪੱਕ ਜਾਵੇ ਜੈਸੇ ਪਾਰਸ ਵਿੱਚ ਕੋਈ ਪਾਰਸੀ, ਅਫਗਾਨਿਸਤਾ
ਨ ਵਿੱਚ ਕੋਈ ਆਰਜ, ਚੀਨ ਵਿੱਚ ਕੋਈ ਬਰਣਾਸ਼੍ਰਮ ਨਹੀਂ ਰਿਹਾ, ਤੈਸੇ ਭਾਰਤ ਵਰਸ਼
ਵਿੱਚ ਹਿੰਦੂ ਵਾਯਣ ਭੀ ਨਾ ਰਹਿੰਦਾ।

Digitized by Panjab Digital Library | www.panjabdigilib.org

ਅੱਜਕੱਲ ਆਰਯਸਮਾਜ, ਧਰਮਸਮਾਜ, ਬ੍ਰਹਮਸਮਾਜ, ਅਨੇਕ ਸਭਾ, ਸਿੰਘਸ ੧੪੯
ਭਾ, ਸ਼ਰੀਫਸਭਾ ਆਦਿਕ ਨਾਮ ਧਰ ਧਰ, ਧਰਮ ਰੱਖਿਆ ਦਾ ਨਾਉਂ ਲੈ ਲੈ ਭਾਵੇਂ ਲੋਗ
ਪਏ ਉਪਦੇਸ਼ ਕਰਦੇ ਹਨ, ਪਰ ਏਹ ਤਾਂ ਠੰਢੇ ਧੁੱਪ ਨੂੰ ਫੂਕਾਂ ਮਾਰਨੀਆਂ ਹਨ, ਕ੍ਯੋਂਕਿ
ਏਸ ਅਮਨ ਅਮਾਨ ਦੇ ਸਮੇ ਵਿੱਚ ਧਰਮ ਦੇ ਰਾਖੇ ਬਣ ਬੈਠਣਾ ਕੋਈ ਬੜੀ ਬਾ
ਤ ਨਹੀਂ। ਸਾਡੀ ਧਰਮਕ੍ਰਿਪਾਲੂ ਨਿਆਇਕਾਰੀ ਸਰਕਾਰ ਅੰਗ੍ਰੇਜ਼ੀ ਦੀ ਅਮਲਦਾਰੀ
ਵਿੱਚ ਜੋ ਕਿਸੇ ਦਾ ਜੀ ਚਾਹੇ ਸੋਈ ਗੀਤ ਗਾਵੇ, ਕੋਈ ਨਹੀਂ ਆਖਦਾ ਜੋ ਬੇਤਾਲੇ ਹੋ ਯਾ
ਬੇਸੁਰੇ। — ਪਰੰਤੂ ਧਰਮ ਦੇ ਰੱਖਣ ਦਾ ਸੁਆਦ ਤਾਂ ਉਦੋਂ ਹੀ ਸੀ ਜਦ ਹਿੰਦੂ ਧਰਮ ਦਾ ਨਾ
ਮ ਲੈਣ ਤੋਂ ਕਤਲ ਦਾ ਹੁਕਮ ਹੁੰਦਾ ਸੀ, ਤੇ ਇੱਕ ਦੇ ਨਾਲ ਦੂਸਰੇ ਨੂੰ ਗੱਲ ਨਹੀਂ ਕਰਨੀ
ਮਿਲਦੀ ਸੀ। — ਔਰੰਗਜ਼ੇਬ ਨੇ ਸਿੱਖ ਬਣਨ ਤਕ ਹਿੰਦੂਆਂ ਦੇ ਧਰਮ ਕਰਮ ਬੰਦ
ਕਰਕੇ ਤਮਾਮ ਹਿੰਦੂਆਂ ਵਾਸਤੇ ਕਰੜੀ (ਪੱਕ) ਹੁਕਮ ਦੇ ਰੱਖਿਆ ਸੀ ਕੇ ਮੁਸਲਮਾਨ ਬ
ਣੋ ਜਾ ਕਤਲ ਹੋਣਾ ਮੰਨੋ। ਉਸ ਸਮੇ ਸਿੱਖਾਂ ਦਾ ਤੇ ਗੁਰੂਆਂ ਦਾ ਹੀ ਕੰਮ ਸੀ, ਧਰਮ ਰੱਖਿਆ
ਕਰ ਦਿਖਾਈ। —— ਜੇਹੜੇ ਪਰਗਨਿਆਂ ਦੇ ਪਰਗਨੇ ਮੁਸਲਮਾਨ ਹੋਏ ਦੇ
ਖੀਦੇ ਹਨ, ਏਹ ਸਭ ਉਸੇ ਜ਼ੁਲਮ ਦੀ ਪੈਣ ਦਾ ਝੋਲਾ ਵੱਗਿਆ ਹੋਯਾ ਹੈ। — ਜਦ ਮੁਸਲ
ਮਾਨਾਂ ਦੇ ਜ਼ੋਰ ਅੱਗੇ ਦੁਨੀਆ ਥਰ ਥਰ ਪਈ ਕੰਬਦੀ ਸੀ, ਉਹੋ ਜੇਹੇ ਸਖਤ ਵਕਤ ਵਿੱਚ
ਅਕਾਲਪੁਰਖ ਨੇ ਖਾਲਸੇ ਨੂੰ ਹੀ ਹੌਸਲਾ ਤੇ ਇਤਫਾਕ ਬਖਸ਼ਿਆ, ਜਿਸ ਦੇ ਜ਼ੋਰ ਨਾਲ
ਸਿੰਘਾਂ ਨੇ ਢੋਲ ਬਜਾਕੇ, ਦਿੱਲੀ ਤੇ ਕਾਬਲ ਦੇ ਬਾਦਸ਼ਾਹੀਆਂ ਨੂੰ ਐਸੇ ਨਕ ਚਣੇ ਚਬਾ
ਏ, ਕੌਡੀਓਂ ਖੋਟੇ ਕਰਕੇ ਜਮਨਾ ਤੇ ਅਟਕ ਦੇ ਅੰਦਰ ਆਪਣਾ ਡੰਕਾ ਬਜਾ ਕੱਢਿਆ।
ਵਾਹ ਸ਼ੇਰ ਮੰਦੇ ਦੰਦ ਭੰਨਕੇ ਮੂੰਹ ਵਿੱਚ ਆਈ ਹੋਈ ਹਿੰਦੂ ਵਾਇਣ ਗਊ ਛੁਡਾਕੇ ਨਿਰਭੈ
ਕਰ ਦਿਖਾਈ, ਬਲਕੇ ਅਨੇਕ ਵਾਰੀ ਬੀਸ ੨ ਤੀਸ ੨ ਹਜ਼ਾਰ ਦੁਰਾਨੀਆਂ ਦੀ ਕੈਦ
(ਜਮਦੀ ਫਾਹੀ) ਵਿੱਚੋਂ ਛੁਡਾਕੇ ਪ੍ਰਾਨਦਾਨ ਦਿੱਤੇ। ਜਿਤਨੇ ਬਡੇ ੨ ਰਾਜੇ ਮਹਾਰਾਜੇ ਰਾ
ਮ, ਕ੍ਰਿਸ਼ਨ ਆਦਿਕ ਅਵਤਾਰ, ਬਿਆਸ, ਸ਼ੰਕਰ ਆਦੀ ਅਚਾਰਯ, ਰਿਖੀ, ਮੁਨੀ, ਸੰ
ਨਿਆਸੀ, ਵੈਰਾਗੀ ਜੋਗੀ ਆਦਿ ਪੰਥ ਹੋਏ ਹਨ, ਸਭ ਆਪਣੀ ੨ ਪ੍ਰਭੁਤਾ ਕਰਾਉਣ
ਵਿੱਚ, ਯਾ ਆਪਣੇ ਸਬੰਧੀਆਂ ਦੀ ਰੱਖਿਆ ਵਿੱਚ ਤਤਪਰ ਰਹੇ। ਜੈਸਾ ਉਪਕਾਰ ਪੰਥ
ਖਾਲਸੇ ਤੋਂ ਹਿੰਦੂਵਾਯਣ ਪਰ ਹੋਯਾ ਹੈ ਐਸਾ ਹੋਰ ਕਿਸੇ ਤੋਂ ਕਦੇ ਨਹੀਂ ਹੋਯਾ।
ਜੇ ਕਦੇ ਉਦੋਂ ਸਿੰਘ ਏਹੋ ਜੇਹੇ ਭਾਣੇ ਕਸ਼ਟ ਸਹਾਰਕੇ ਏਸ ਪਰੋਪਕਾਰ ਵਾਸਤੇ ਸ਼ਮਸ਼ੇਰ

੧੫੦ ਨਾ ਫੜਦੇ ਤੇ ਪਤੰਗਿਆਂ ਵਾਂਗੂ ਆਪਣੇ ਸਰੀਰ ਧਰਮ ਜੰਗ ਦੇ ਅਰਪਣ ਨਾ ਕਰਦੇ ਤਾਂ ਏਹ ਗੱਲ ਪੱਕ ਜਾਣਲੋ, ਜਮਨਾ ਤੇ ਅਟਕ ਦੇ ਅੰਦਰ ਤਾਂ ਈਰਾਨ ਵਾਂਗੂ ਅੱਜ ਇੱਕ ਭੀ ਹਿੰਦੂ ਨਾ ਦਿਸਦਾ। ਜੈਸੇ ਸਾਂਈ ਬੁੱਲਾ ਸ਼ਾਹ ਦਾ ਕੌਲ ਹੈ "ਨਹੀਂ ਜਾਣਦਾ ਪਿਛਲੀ ਅਗਲੀ ਸੱਚ ਕਹਤ ਹੂੰ ਅਬ ਕੀ, ਜੇ ਗੁਬਿੰਦ ਸਿੰਘ ਸਿੰਘ ਨ ਕਰਦਾ ਤਾਂ ਸੁੰਨਤ ਹੋਤੀ ਸਭ ਕੀ।" — ਹੁਣ ਜਦ ੧੮੧੮ ਬਿ: ਵਿੱਚ ਸਿੰਘ ਚੰਗਾ ਜ਼ੋਰ ਫੜ ਗਏ, ਤਦ ਜਿੱਥੇ ਕਿਤੇ ਪਿਛਲੇ ਰਿਵਾਜ ਮੂਜਬ ਕੋਈ ਮੁਸਲਮਾਨ ਸਰਦਾਰ ਹਿੰਦੂਆਂ ਉੱਤੇ ਜ਼ੁਲਮ ਜਬਰੀ ਕਰਦਾ ਤਾਂ ਹਿੰਦੂ ਲੋਗ ਸਿੰਘਾਂ ਨੂੰ ਚੜ੍ਹਾ ਕੇ ਲੈ ਜਾਂਦੇ, ਸਿੰਘ ਉਨ੍ਹਾਂ ਨੂੰ ਸੁਧਾਰ ਕੇ ਚਲੇ ਆਉਂਦੇ, ਏਸ ਕਰਕੇ ਥੋੜੀ ੨ ਜਾਗੀਰ ਜਾਤ ਅੱਲ ਕੇ ਦਾਈ ਵਾਲੇ ਮੁਸਲਮਾਨ ਤਾਂ ਜ਼ੁਲਮ ਕਰਨੋ ਹਟ ਗਏ ਸੇ, ਪਰ ਮਾਝੇ ਦੇਸ ਵਿੱਚ ਸਭ ਤੋਂ ਵੱਡੇ ਜ਼ੋਰਾਵਰ ੪ ਲੱਖ ਰੁਪਏ ਦੇ ਮੁਲਕ ਵਾਲੇ ਕਸੂਰੀਏ ਪਠਾਣ ਜੋ ਸੇ, ਓਹ ਪਿਛਲੇ ਸੁਭਾਉ ਮੂਜਬ ਓਸੇ ਤਰਾਂ ਉਨ੍ਹਦ ਬਾਜ਼ਾਰ ਗਊ ਬਧ ਤੇ ਹਿੰਦੂਆਂ ਦੀ ਬਹੂ ਬੇਟੀ ਉੱਤੇ ਜਬਰਨ ਹੱਥ ਪਾਉਣਾ ਕਰੀ ਜਾਂਦੇ ਸੇ। ਸਿੰਘਾਂ ਨੇ ਭੀ ਓਨ੍ਹਾਂ ਨੂੰ ਜ਼ੋਰ ਵਿੱਚ ਸਮਝਕੇ ਅਜੇ ਤਕ ਕੁਛ ਨਹੀਂ ਆਖਿਆ ਸੀ। ਪਹਿਲੇ ਤਾਂ ਵਿਚਾਰੇ ਹਿੰਦੂਆਂ ਦੀ ਕੋਈ ਸੁਣਨ ਵਾਲਾ ਨਹੀਂ ਸੀ, ਏਸੇ ਕਰਕੇ ਮੁਸਲਮਾਨਾਂ ਦੇ ਸਾਰੇ ਜ਼ੋਰ ਜ਼ੁਲਮ ਸਹਾਰੀ ਜਾਂਦੇ ਸਨ, ਪਰ ਜਿਸ ਤਰਾਂ ਕੀਲ ਲੈਂਦੇ ਜ਼ੋਰ ਕੰਢਾ ਤਾਂ ਘਰੂੰਦਾ ਹੈ ਤਿੱਵੇਂ ਸਿੰਘਾਂ ਦੇ ਜ਼ੋਰ ਨਾਲ ਹਿੰਦੂ ਭੀ ਚੀਂ ਪੀਂ ਕਰਨ ਲੱਗ ਪਏ। — ਏਸੇ ਸਾਲ ਵਿੱਚ ਹੁਸੈਨ ਖਾਂ, ਜਮਾਲ ਖਾਂ ਆਦਿਕ ਕਸੂਰ ਦੇ ਸਰਦਾਰ ਪਠਾਣਾਂ ਨੇ ਕਈਕ ਬ੍ਰਮਣਾਂ, ਖੱਤ੍ਰੀਆਂ ਦੀਆਂ ਬਹੂ ਬੇਟੀਆਂ ਸੋਹਣੀਆਂ ੨ ਵੇਖਕੇ (ਉਠਦੇ ਜੋਬਨ ਤਾਂ ਭੂਲੀ ਪੂਲੀ ਉਤੇ ਭੀ ਰੰਗ ਆ ਜਾਂਦਾ ਹੈ) ਧੀਂਗੋ ਧਿੰਗੀ ਫੜਕੇ ਆਪਣੇ ਘਰ ਰੱਖ ਲਈਆਂ ਸਨ, ਜਦ ਓਨ੍ਹਾਂ ਨੇ ਹੋਰ ਕਿਵੇਂ ਨਾ ਛੱਡੀਆਂ ਤਾਂ ਖੱਤ੍ਰੀਆਂ ਨੇ ਬ੍ਰਮਣਾਂ ਨੂੰ ਸਿਖਾਕੇ ਸਿੰਘਾਂ ਪਾਸ ਅੰਮ੍ਰਿਤਸਰ ਫਰਿਆਦੀ ਭੇਜ ਦਿੱਤਾ। — ਏਧਰ ਸਿੰਘਾਂ ਦਾ ਏਹ ਬਿਹਾਰ ਸੀ ਕੇ ਸਨੱਧ ਬੱਧ ਅਕਾਲ ਬੁੰਗੇ ਅੱਗੇ ਬੈਠਕੇ ਨਿੱਤ ਕਥਾ ਕੀਰਤਨ, ਢਾਡੀਆਂ ਤੋਂ ਸੂਰਮਿਆਂ ਦੇ ਸਾਕੇ ਸੁਣਿਆ ਕਰਦੇ, ਤੇ ਨਸ਼ੇ ਦੇ ਚੜ੍ਹਾਉ ਵਿੱਚ ਮੁੱਛਾਂ ਨੂੰ ਤਾਉ ਦੇਕੇ, ਬੀਰ ਰਸ ਦੀ ਮਸਤੀ ਵਿੱਚ ਹਾਥੀਆਂ ਵਾਂਗੂ ਝੂਲਿਆ ਕਰਦੇ, ਓਸ ਹਾਲ ਵਿੱਚ ਸਿਵਾਇ ਤੁਰਕਾਂ ਨੂੰ ਮਾਰਣ ਦੇ ਹੋਰ ਕੁਛ ਨਾ ਸੁਝਦਾ। — ਏਸੇ ਸਮੇ ਕਸੂਰ ਦੇ ਬ੍ਰਮਣਾਂ ਨੇ ਆਕਰ ਗੁਰੂ ਜੀ

Digitized by Panjab Digital Library | www.panjabdigilib.org

ਦੀ ਦੁਹਾਈ ਦੇਕੇ ਫਰਿਆਦ ੨ ਪੁਕਾਰੀ। ਸਰਦਾਰ ਹਰੀਸਿੰਘ ਭੰਗੀ ਬਹਾਦਰ ਦੇ ੧੫੧
ਪੁੱਛੇ ਤੋਂ ਉਨ੍ਹਾਂ ਵਿੱਚੋਂ ਇਕ ਬ੍ਰਹਮਣ ਨੇ ਅਰਜ਼ ਕੀਤੀ ਖਾਲਸਾ ਜੀ ਆਪ ਨੂੰ ਉਸ ਗੁ
ਰੂ ਗੋਬਿੰਦ ਸਿੰਘ ਜੀ ਮਹਾਰਾਜ ਚੌਦਾਂ ਲੋਕ ਦੇ ਨਾਥ ਨੇ ਛੱਤ੍ਰੀ ਪਦ ਬਖਸ਼ਿਆ ਹੈ ਜਿਸ
ਨੂੰ ਅਕਾਲਪੁਰਖ ਨੇ ਆਪਣਾ ਪੁੱਤ੍ਰ ਥਾਪਕੇ, ਸਾਧ ਗਊ ਦੀ ਰੱਖਿਆ ਵਾਸਤੇ, ਅਤੇ ਦੁਸ਼ਟਾਂ
ਦਾ ਨਾਸ਼ ਕਰਨ ਲਈ ਭੇਜਿਆ ਸੀ ਸੋ ਉਹ ਤਾਂ ਦਸ ੨ ਲੱਖ ਨਾਲ ਚਾਲ੍ਹੀ ੨ ਸਿੰਘਾਂ
ਨੂੰ ਲੜਾ ੨, ਸੱਚਖੰਡ ਵਿੱਚ ਜਾ ਬਿਰਾਜੇ, ਤੇ ਪਿੱਛੇ ਸਾਧਾਂ, ਬ੍ਰਹਮਣਾਂ ਦੀ ਬਾਂਹ ਤੁਹਾਨੂੰ
ਹੱਥ ਫੜਾ ਗਏ ਹਨ, ਹੁਣ ਉਸ ਭੁਜਾ ਫੜੀ ਦੀ ਤੇ ਸਰਨਾਗਤ ਦੀ ਲਾਜ ਪਾਲਣੀ ਪੰ
ਥ ਖਾਲਸੇ ਦਾ ਧਰਮ ਹੈ। ਤੁਹਾਡੇ ਜੈਸੇ ਧਰਮਾਤਮਾ, ਪਰੋਪਕਾਰੀ, ਸਮਰਥ ਪੁਰਸ਼ਾਂ
ਦੇ ਹੁੰਦਿਆਂ ਇਹੋ ਜੇਹੇ ਡਾਢੇ ਅਧਰਮ ਤੇ ਅਨਰਥ ਹੋਣ, ਜੈਸੇ ਅੱਜ ਕੱਲ ਕਸੂਰ ਦੇ ਪ
ਠਾਣ ਕਰ ਰਹੇ ਹਨ, ਤਾਂ ਸੂਰਜ ਦੇ ਸਾਹਮਣੇ ਅੰਧੇਰਾ ਰਹਿਣ ਵਾਂਗੂ ਬੜੇ ਅਸਚਰਜ
ਦੀ ਬਾਤ ਹੈ, ਉਹ ਦੁਸ਼ਟ ਕਿਸੇ ਹਿੰਦੂ ਦੀ ਬਹੂ ਬੇਟੀ ਨਹੀਂ ਛੱਡਦੇ, ਤੇ ਗਊ ਬਧ ਗਲੀਆਂ
ਬਾਜ਼ਾਰਾਂ ਵਿੱਚ, ਹਿੰਦੂਆਂ ਨੂੰ ਤੜਫਾਉਣ ਵਾਸਤੇ ਪਏ ਕਰਦੇ ਹਨ। ਜਿਸ ਕਿਸੇ ਹਿੰਦੂ
ਦੇ ਘਰ ਗਊ ਬੈਲ ਬੀਮਾਰ ਹੁੰਦਾ ਹੈ ਤਾਂ ਉਥੇ ਕਾਜ਼ੀ ਤੇ ਕਸਾਈ ਦੌੜੇ ਆਕੇ, ਹਲਾਲ
ਕਰਕੇ, ਵੱਢ ਟੁੱਕ ਕੇ ਲੈ ਜਾਂਦੇ ਹਨ। — ਜੇਕਦੇ ਕੋਈ ਨਾ ਦੱਸੇ ਤਾਂ ਉਸ ਹਿੰਦੂ ਨੂੰ
ਭਾਰੀ ਸਜ਼ਾ ਦਿੰਦੇ ਹਨ ਕਿ ਏਹ ਪਸ਼ੂ ਹਰਾਮ ਮਰਕੇ ਦੋਜ਼ਖ ਨੂੰ ਕਿਉਂ ਜਾਣ ਦਿੱਤਾ। ਇਹੋ
ਜੇਹੇ ਅਨੇਕ ਕਲੇਸ਼ ਤਾਂ ਅਸੀਂ ਔਖੇ ਸੌਖੇ ਝੱਲ ਖੜੇ ਤੇ ਸਾਂ, ਪਰ ਹੁਣ ਸਾਡੀਆਂ
ਇਸਤ੍ਰੀਆਂ ਧੱਕੇ ਨਾਲ ਛੀਨ ਰੱਖੀਆਂ ਹਨ। ਕੋਈ ਮੁਸਲਮਾਨ ਹਾਕਮ ਸਾਡੀ ਫ
ਰਿਆਦ ਨਹੀਂ ਸੁਣਦਾ, ਹੁਣ ਹਾਰਕੇ ਤੁਹਾਡੇ ਗੁਰੂ ਖਾਲਸੇ ਦੀ ਸ਼ਰਣ ਆਏ ਹਾਂ, ਜੇ ਏਥੋਂ
ਭੀ ਸਾਡਾ ਆਸ਼ਾ ਪੂਰਾ ਨਾ ਹੋਯਾ ਤਾਂ ਅਸੀਂ ਗੁਰੂ ਕੇ ਦੁਆਰੇ ਅੱਗੇ ਏਥੇ ਹੀ ਮਰ ਰਹਾਂਗੇ
। ਏਹ ਹਾਲ ਸੁਣਕੇ ਸਿੰਘਾਂ ਦੇ ਰੋਮ ਖੜੇ ਹੋ ਗਏ। ਕਸੂਰੀਆਂ ਦੇ ਕਸੂਰ ਉੱਤੇ ਕੋਪ
ਧਾਰਕੇ ਸਰਦਾਰ ਹਰੀਸਿੰਘ ਭੰਗੀ ਤਾਂ ਉਸੇ ਘੜੀ ਤਿੰਨ ਹਜ਼ਾਰ ਅਸਵਾਰ ਨਾਲ
ਚੜ੍ਹ ਬੈਠਾ ਤੇ ਗੁਰੂ ਕੀ ਵਡਾਲੀ ਜਾ ਉਤਰਿਆ, ਅੱਗਲੇ ਦਿਨ ਹੋਰ ਸਭ ਸਰਦਾਰ
ਆਪਣੀ ੨ ਫੌਜ ਲੈਕੇ ਆ ਮਿਲੇ। ਫੇਰ ਦੌਰੇ ਚੜ੍ਹੇ ਹੋਏ ਜਥੇ ਭੀ ਬੁਲਾ ਲਏ।
ਜੇਠ ਸੰਮਤ ੧੮੧੮ ਬਿ: ਨੂੰ ਐਨ ਦੋ ਪਹਿਰ ਦੇ ਸਮੇ ਧਾਵਾ ਕਰਕੇ, ਅਚਾਚੇਤ ਦਸ
ਬਾਰਾਂ ਹਜ਼ਾਰ ਸਿੰਘ ਕਸੂਰ ਵਿੱਚ ਜਾ ਵੜਿਆ। ਕਿਸੇ ਅਮੀਰ ਪਠਾਣ ਨੂੰ ਖਬਰ

Digitized by Panjab Digital Library | www.panjabdigilib.org

੧੮੨ ਨਚੋਈਆਂ ਕੋਈ ਸਤਰੰਜ, ਗੰਜਫਾ, ਚੌਪੜ ਖੇਲ ਰਹੇ ਸਨ, ਕਿਤੇ ਢੋਲਕ ਤੰਬੂਰੇ ਦੇ ਤਾ
ਨ ਮਿਰਾਸੀ ਤੋੜ ਰਹੇ ਸਨ, ਕਈ ਕੰਚਨੀਆਂ ਦੇ ਮੁਜਰੇ ਵਿੱਚ ਮਸਤ ਸੇ, ਕਈ ਸ਼ਰਾਬ ਪੀ
ਕੇ ਬਦਮਸਤ ਸੇ, ਕਈ ਨੀਂਦ ਨਾਲ ਘੁਰਾੜੇ ਰਹੇ ਸੇ, ਕਈ ਜ਼ਨਾਨਖਾਨੇ ਵਿੱਚ ਕਲੋਲ ਕਰਰ
ਹੇ ਸਨ, ਕੋਈ ਪੋਸਤ ਭੰਗ ਦੇ ਸਿਰ ਦੇ ਹੋ ਰਹੇ ਸਨ, ਏਸੇ ਤਰਾਂ ਕੋਈ ਕਿਤੇ ਕੋਈ ਕਿਤੇ ਆ
ਨੰਦ ਲੈ ਰਹੇ ਸਨ, ਸਿੰਘਾਂ ਨੇ ਅਚਾਨਕ ਖੁੱਲੇ ਦਰਵਾਜ਼ੀਂ ਕਸੂਰ[1] ਵਿੱਚ ਵੜਕੇ ਜਿੱਥੇ
ਕਿੱਥੇ ਕਤਲਾਮ ਸ਼ੁਰੂ ਕਰ ਦਿੱਤੀ ਪਠਾਣ ਘਬਰਾਕੇ ਭੱਜ ਨਿਕਲੇ, ਉਨ੍ਹਾਂ ਵਿੱਚੋਂ ਭੀ ਤੰਤੇ
ਰੌਲੇ ਵਿੱਚ ਮਾਰੇ ਧੁੱਪ ਦੇ ਕਈ ਤੜਫ ਤੜਫ ਮਰਦੇ ਗਏ।

ਸਿੰਘਾਂ ਨੇ ਝਟਾਪਟ ੧੨ ਗੜ੍ਹੀਆਂ ਵਿੱਚੋਂ, ਸੱਤ ਗੜ੍ਹੀਆਂ ਤਾਂ ਫਤੇ ਕਰ ਲਈਆਂ ਅਤੇ
ਸ਼ਹਰ ਦੀ ਗਲੀ ਗਲੀ ਫਿਰ ਨਿਕਲੇ। ਓਦੋਂ ਹੋਰ ਸਭ ਸ਼ਹਿਰ ਦੁਰਾਨੀਆਂ ਤੇ ਸਿੰਘਾਂ ਨੇ
ਕਸੂਰ ਲੁੱਟਣ ਲੁੱਟ ਪੁੱਟ ਕੇ ਥੋਥੇ ਕਰ ਘੱਤੇ ਸਨ, ਏਹੋ ਇੱਕ ਪਠਾਣਾਂ ਦੇ ਜ਼ੋਰ ਕਰਕੇ ਬਚਿਆ ਹੋਯਾ ਸੀ
ਏਸੇ ਕਰਕੇ ਬੜੇ ੨ ਧਨੀ ਲੋਗ ਲਾਹੌਰ ਆਦਿਕ ਸ਼ਹਿਰਾਂ ਦੇ ਰਹਣ ਵਾਲੇ, ਲੁੱਟੇ ਜਾ
ਣ ਤੇ ਡਰਦੇ ਏਸੇ ਥਾਂ ਆ ਬਸੇ ਸਨ, ਤਾਂਹੀ ਸਿੰਘਾਂ ਦੇ ਹੱਥ ਏਥੋਂ ਬਹੁਤ ਦੌਲਤ ਆਈ
ਪੀੜ੍ਹੀਆਂ ਸੀ। ਏਥੋਂ ਗਿਰਦ ਨਿਵਾਹੀ ਦੇ ਹੋਰ ਭੀ ਲੁਟੇਰੇ ਲੋਗ ਪੁਸ੍ਤਾਂ ਦੀਆਂ ਰੋਟੀਆਂ ਲੈ ਗਏ।
ਪਰ ਸਭ ਤੋਂ ਅਧਿਕ ਮਾਯਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਹੱਥ ਆਈ।

੧ ਕਸੂਰ ਰਾਮਚੰਦ੍ਰ ਦੇ ਪੁੱਤ੍ਰ ਕੁਸੂ ਨੇ ਬਸਾਯਾ ਸੀ, ਬਹਲੋਲ ਸ਼ਾਹ ਲੋਧੀ ਨੇ ਕਸੂਰ ਦਿਪਾਲਪੁਰ ਚੂਹ
ਣੀਆਂ, ਚਾਰ ਲੱਖ ਦੇ ਏਹ ਪਰਗਣੇ ਪਠਾਣਾਂ ਨੂੰ ਜਾਗੀਰ ਦੇਕੇ ਏਥੇ ਬਸਾਯਾ ਤਦੋਂ ਤੋਂ ਏਹ ਮਸਤ
ਪਠਾਣਾਂ ਦੀ ਹੋ ਗਈ ਮੁਗਲਾਂ ਦੀ ਬਾਦਸ਼ਾਹੀ ਵਿੱਚ ਬੜੇ ੨ ਕੰਮ ਏਨ੍ਹਾਂ ਪਠਾਣਾਂ ਦੇ ਰਹੇ। ਸ਼ਾਹਜਹਾਂ ਨੇ
ਮਹੰਮਦ ਖਾਂ ਦੇ ਬੇਟੇ ਕੁਤਬਦੀਨ ਨੂੰ ਨਵਾਬੀ ਦਾ ਪਦ ਬਖਸ਼ਿਆ, ਏਸਨੇ ਸੈਂਕੜੇ ਪਿੰਡ ਵੱਡੇ ਵੱਡੀ
ਮੁਸਲਮਾਨ ਕਰ ਕੱਢੇ, ਬੇਸ਼ੁਮਾਰ ਹਿੰਦੂ ਕਤਲ ਕੀਤੇ, ਕਰੋੜਾਂ ਰੁਪਏ ਲਏ। ਇਨ੍ਹ ਜ਼ੁਲਮਾਂ ਦਾ ਬਦ
ਲਾ ਪਰਮੇਸ਼ੁਰ ਨੇ ਏਸਨੂੰ ਸਿੰਘਾਂ ਪਾਸੋਂ ਦਿਵਾਯਾ। ਕਈ ਵਾਰੀ ਏਸ ਸ਼ਹਿਰ ਦੀ ਲੁੱਟ ਕਤਲ ਹੋਈ
ਓਦੋਂ ਦਾ ਹੀ ਹੁਣ ਤਕ ਥੇਹ ਹੋਯਾ ਪਯਾ ਹੈ। ਜੋ ਹੁਣ ਨਵਾਂ ਸ਼ਹਰ ਕਸੂਰ ਹੈ ਏਹ ਉਸ ਸ਼ਹਿਰ ਦੇ ਪਾਸ ਇੱ
ਕ ਨਿੱਕੀ ਜੇਹੀ ਬਸ੍ਤੀ ਸੀ। ਏਹ ਪਠਾਣ ਆਪਣੇ ੧੨ ਕਿਲੇ ਬਣਾਕੇ ਹਕੂਮਤ ਕਰਦੇ ਰਹੇ। ਏਸ ਸ਼
ਹਿਰ ਦੇ ੧੨ ਕਿਲੇ ਏਹ ਸਨ, ਕਿਲਾ ਪੁਰਾਣਾ ੧ ਕੋਟ ਗੁਲਾਮ ਮੁਹੱਯੁਦੀਨ ਦਾ ੨, ਮੁਰਾਦ ਖਾਂ ਦਾ
੩ ਕਤਲਗੜ੍ਹੀ ੪ ਏਸ ਗੜ੍ਹੀ ਵਿੱਚ ਹੁਸੈਨ ਖਾਂ ਨਵਾਬ ਨੂੰ ਤਿੰਨ ਹਜ਼ਾਰ ਪਠਾਣ ਸਮੇਤ ਸਿੰਘਾਂ
ਨੇ ਕਤਲ ਕਰਕੇ ਹਿੰਦੂਆਂ ਦੀਆਂ ਔਰਤਾਂ ਉਨ੍ਹਾਂ ਦੇ ਵਾਰਸਾਂ ਨੂੰ ਦੇਵਾਈਆਂ ਸਨ। ਤਾਂਹੀ ਏਸਦਾ ਨਾ
ਮ ਕਤਲਗੜ੍ਹੀ ਹੋਯਾ। ਪੰਜਵਾਂ ਕੋਟ ਅਜ਼ੀਮ ਖਾਂ ੫, ਬਦਰਦੀਨ ਖਾਂ ਦਾ ੬, ਉਸਮਾਨ ਖਾਂ ਦਾ ੭, ਨੂਰ
ਦੀਨ ਖਾਂ ੮, ਫਤੇ ਖਾਂ ਦਾ ੯, ਹਲੀਮ ਖਾਂ ਅਜ਼ੀਮ ਖਾਂ ੧੦, ਪੀਰਾਂ ਵਾਲਾ ੧੧, ਹਸਨ ਖਾਂ ਦਾ ੧੨
ਏਹ ਬਾਰਾਂ ਕੋਟ ਆਸ ਪਾਸ ਦੇ ਮਸ਼ਹੂਰ ਹਨ।

Digitized by Panjab Digital Library | www.panjabdigilib.org

ਇਸਦਾ ਕਾਰਣ ਇਹ ਹੋਯਾ ਕਿ ਨੂਰਜਹਾਂ ਜੋ ਜਹਾਂਗੀਰ ਦੇ ਸਮੇ ਕੁੱਲ ਬਾਦਸ਼ਾਹੀ ਦੀ ਮਾਲ ੧੫੩
ਕਣੀ ਜਦ ਉਹ ਮਰਗਈ ਤਾਂ ਉਸਦਾ ਕਰੋੜਾਂ ਰੁਪਏ ਦਾ ਹੀਰਾ, ਮੋਤੀ, ਜ਼ੇਵਰ, ਸੋਨਾ, ਚਾਂ
ਦੀ ਦਿੱਲੀਰਾਮ ਦੀਵਾਨ ਦੇ ਪਾਸ ਰਿਹਾ, ਕਿਉਂਕਿ ਏਹ ਉਸਦਾ ਮਾਤਬਰ ਸੀ। ਇਸੇਦਾ ਪੜ
ਪੋਤ੍ਰਾ ਹਿਰਦਾਰਾਮ, ਲਾਹੌਰ ਵਿਚ ਰੋਜ਼ ਲੁੱਟਮਾਰ ਰਹਿੰਦੀ ਦੇਖਕਰ, ਮਾਲ ਅਸਬਾ
ਬ ਲੈਕੇ ਕਸੂਰ ਵਿੱਚ ਆ ਵਸਿਆ ਸੀ (ਮੂਸਾ ਭੱਜਾ ਮੌਤ ਥੀਂ ਅੱਗੇ ਮੌਤ ਖੜੀ) ਸੋ ਹਿ
ਰਦਾਰਾਮ ਨਾਲ ਉਹੋ ਹੋਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦਾ ਹੱਥ ਉਸੇ ਦੇ ਘਰ
ਉਤੇ ਜਾ ਪਿਆ। ਜੱਸਾ ਸਿੰਘ ਦੇ ਭਾਈ ਮਾਲੀ ਸਿੰਘ ਨੇ ਹਿਰਦੇਰਾਮ ਨੂੰ ਬਹੁਤ ਦੁਖ ਦੇਕੇ
ਉਸਦਾ ਸਭ ਖਜ਼ਾਨਾ ਕਢਾ ਲਿਆ, ਜਿਸ ਹੀਰੇ ਲਾਲ ਮਣੀਆਂ ਦੇ ਢੇਰ ਵਿਚੋਂ ਇੱਕ
ਚੰਦ੍ਰਮੈਣੀ ਹਾਰ ਅੰਧੇਰੇ ਵਿੱਚ ਪ੍ਰਕਾਸ਼ਨੇ ਵਾਲਾ ਪਚਾਸ (੫੦) ਲੱਖ ਰੁਪਏ ਦੀ ਕੀਮਤ ਦਾ ਸੀ
ਪਹਿਲੇ ਖਜ਼ਾਨੇ ਤੇ ਰਾਮਗੜ੍ਹੀਏ ਸਰਦਾਰਾਂ ਦੀ ਲੁੱਟ ਦੇ ਮਾਲ ਵਿਚ ਅੱਧੋ ਅੱਧ ਦੀ
ਭਾਈਵਾਲੀ ਸੀ, ਏਥੇ ਬੇਸ਼ੁਮਾਰ ਦੌਲਤ ਮਿਲਨੇ ਕਰ ਰਾਮਗੜ੍ਹੀਏ ਆਪਣੇ ਇਕ
ਰਾਰ ਤੋਂ ਫਿਰ ਗਏ, ਤਾਂਹੀ ਏਨ੍ਹਾਂ ਦੋਹਾਂ ਮਿਸਲਾਂ ਦੀ ਫੇਰ ਆਪਸ ਲੜਾਈ ਲੱਗੀ ਰਹੀ
ਜਿਸ ਕਾਰਣ ਦੋਵੇਂ ਧਿਰਾਂ ਬਰਬਾਦ ਹੋਈਆਂ।

ਸਿੰਘਾਂ ਨੇ ਹੁਸੈਨਖਾਨ ਨੂੰ ਸਣੇ ਸਹਾਇਕਾਂ ਦੇ ਕਤਲ ਕਰਕੇ ਸਭ ਔਰਤਾਂ (ਜੋ ਹਿੰਦਣੀਆਂ
ਉਸਨੇ ਧੱਕੇ ਨਾਲ ਹਿੰਦੂਆਂ ਤੋਂ ਛੀਨ ਰੱਖੀਆਂ ਸਨ) ਉਨ੍ਹਾਂ ਦੇ ਵਾਰਸਾਂ ਨੂੰ ਫੇਰ ਦਿੱਤੀਆਂ
ਤੇ ਆਪ ਸ਼ਹਿਰ ਨੂੰ ਲੁੱਟ ਪੁੱਟ, ਦੌਲਤ ਲੈਕੇ ਅੰਮ੍ਰਿਤਸਰ ਆ ਵੜੇ। ਫਤੇ ਦੀ ਖੁਸ਼ੀ ਵਿੱ
ਚ ਦਰਬਾਰ ਸਾਹਿਬ, ਖਾਲਸੇ ਨੇ ਬਹੁਤ ਭੇਟਾ ਚੜ੍ਹਾਈ, ਕੜਾਹ ਪ੍ਰਸ਼ਾਦ, ਮਿੱਠੇ ਸੁੱਖੇ ਸੁ
ਦੇਰਹੇ। — ਕਸੂਰ ਵਿਚੋਂ ਗਹਿਰੇ ਗੱਫੇ ਹੱਥ ਲੱਗਣੇ ਕਰ ਸਿੰਘਾਂ ਦੀ ਤਾਕਤ ਬਹੁ
ਤ ਵਧ ਗਈ ਜੋ ਹਰ ਪਰਗਣੇ ਸੰ: ੧੮੧੬ ਬਿ: ਨੂੰ, ਅਦੀਨਾਬੇਗ ਦੇ ਮਰੇ ਤੋਂ ਸਿੰਘਾਂ
ਨੇ ਰੋਕੇ ਸੇ, ਤੇ ਉਹ ਦੁਰਾਨੀ ਅਹਿਮਦਸ਼ਾਹ ਆਏ ਤੇ ਫੇਰ ਅਦੀਨਾਬੇਗ ਦੇ ਬੇਟੇ ਜ਼ਾਫ
ਰ ਬੇਗ ਦੇ ਕਬਜ਼ੇ ਵਿੱਚ ਚਲੇ ਗਏ ਸਨ, ਉਹੋ ਮੁੜ ਖਾਲਸੇ ਨੇ ਲੈਣੇ ਚਾਹੇ। ਤਦ ਜ਼ਾਫ
ਰ ਬੇਗ ਆਪਣੇ ਦੀਵਾਨ ਬਿਸ਼ੰਭਰ ਮੱਲ ਦੇ ਬੇਟੇ ਸ਼ਿਵਦਯਾਲ ਨੂੰ ਲੈਕੇ, ਵਟਾਲੇ
ਪਾਸ ਸਾਉਣ ਸੰ: ੧੮੧੮ ਬਿ: ਨੂੰ ਆ ਲੜਿਆ, ਪਰ ਸਿੰਘਾਂ ਨੇ ਸ਼ਿਵਦਯਾਲ ਨੂੰ ਮਾ
ਰਕੇ ਆਪੋ ਆਪਣੇ ਪਰਗਣੇ ਉੱਪਰ, ਜਿਸ ਤਰਾਂ ਪਹਿਲੇ ਮੱਲਾਂ ਮੱਲੀਆਂ ਸਨ, ਉਸੇ ਤ
ਰਾਂ ਦਬਾਏ ਮੀਹਣ, ਨੀਹਲ, ਮਾਣਕੀ ਆਦਿਕ ਦੇਸਾਂ ਵਿੱਚ ਦਖਲ ਕਰ ਲਿਆ।

ਜ਼ਾਫਰ ਬੇਗ ਨੂੰ ਮਾਰਕੇ ਮੁਲਕ ਮੱਲਣਾ

Digitized by Panjab Digital Library | www.panjabdigilib.org

੧੫੪ ਦੁਆਬੇ ਦੇਸ ਨੂੰ ਹੱਥ ਹੇਠ ਕਰਕੇ ਸਰਦਾਰ ਜੱਸਾ ਸਿੰਘ ਰਾਮਗੜੀਆ ਲਾਹੌਰ ਦੇ ਗਿਰਦੇ ਜਾ ਹੋਯਾ, ਤੇ ਥੋੜੇ ੨ ਜੰਗ ਜੁੱਧ ਨਾਲ ਸ਼ਹਰੋਂ ਬਾਹਰ ਦੀਆਂ ਬਸਤੀਆਂ ਉੱਤੇ ਕਬਜ਼ਾ ਕਰਕੇ, ਲਾਹੌਰ ਦੇ ਲੋਗਾਂ ਨਾਲ ਮਿਲਕੇ ਤੀਜੇ ਨਵਰਾਤ੍ਰੇ ਅਸੂ ਸੰ: ੧੮੧੮ ਬਿ: ਨੂੰ ਲਾਹੌਰ ਵਿੱਚ ਜਾ ਵੜਿਆ। ਤਦ ਖ੍ਵਾਜਾ ਮੀਰ ਦੇ ਕਿਲੇ ਦੇ ਅੰਦਰ ਅਤੇ ਸਰਦਾਰ ਸ਼ਹਿਰ ਉੱਤੇ ਮਾਲਕ ਬਣੇ ਰਹੇ।

ਜਸਾਸਿੰਘ ਦਾ ਲਾਹੌਰ ਪਰ ਕਬਜਾ ਕਰਨਾ

ਏਹ ਖਬਰ ਸੁਣਕੇ ਮੁਸਲਮਾਨ ਹਾਕਮ ਤਾਂ ਮੁਰਝਾ ਗਏ, ਤੇ ਸਤਲੁਜੋਂ ਪਾਰ ਜੋ ਸਿੱਖ ਸੇ ਉਨ੍ਹਾਂ ਨੇ ਖੁਸ਼ੀ ਹੋਕੇ ਸਰਹਿੰਦ ਨੂੰ ਜਾ ਘੇਰਿਆ। ਉਥੋਂ ਦੇ ਸੂਬੇ ਜੈਨਖਾਂ ਨੇ ਨਵਾਬ ਭੀਖਨਖਾਂ ਮਲੇਰਕੋਟੀਏ ਤੇ ਰਾਇਕੋਟੀਏ, ਮੋਰਿੰਡੇ ਵਾਲੇ ਆਦਿਕ ਆਪਣੇ ਤਾਬੇਦਾਰ ਕਈ ਰਈਸ ਬੁਲਾ ਲਏ, ਉਨ੍ਹਾਂ ਦੀ ਮਦਦ ਨਾਲ ਸ਼ਹਰ ਤਾਂ ਬਚਾ ਲਯਾ ਪਰ ਬਾਹਰ ਦੀਆਂ ਅਨੇਕ ਬਸਤੀਆਂ ਉੱਪਰ ਸਿੱਖਾਂ ਨੇ ਆਪਣਾ ਦਖਲ ਕਰ ਲਿਆ। ਬਲਕੇ ਸੂਬੇ ਨੂੰ ਮਦਦ ਦੇਣ ਬਦਲੇ ਮਲੇਰ ਤੇ ਰਾਇਕੋਟੀਏ ਦੇ ਇਲਾਕੇ ਵਿੱਚ ਭੀ ਚੰਗੀ ਲੁੱਟ ਕੁੱਟ ਕਰ ਕੱਢੀ। —— ਏਸੇ ਸਮੇ ਸਿੱਖਾਂ ਨੇ ਜੰਡਿਆਲੇ ਨੂੰ (ਜੋ ਅੰਮ੍ਰਿਤਸਰੋਂ ੭ ਸੱਤ ਕੋਹ ਹੈ) ਮੋਰਚੇ ਜਾ ਲਾਏ। ਜੱਦ ਆਪਿ ਏਹ ਜੰਡਿਆਲੇ ਵਾਲੇ ਨਿਰਾਲੀਏ ਥੀ ਗੁਰੂ ਜੀ ਦੇ ਪੰਥ ਦੀ ਸਾਖ ਹੈ, ਪਰ ਏਸ ਗੱਦੀ ਦੇ ਮਹੰਤ ਬਿਧੀਚੰਦ ਨੇ ਡੂਮਣੀ ਜਾਤ ਦੀ ਬੇਸ੍ਵਾ ਘਰ ਪਾ ਲਈ ਸੀ ਜੰਡਿਆਲੇ ਵਾਲੇ ਗੁਰੂ ਉਸੇ ਦੀ ਸੰਤਾਨ ਹੈਂ। ਜਦ ਬਿਧੀਚੰਦ ਨਾਲ ਸਿੱਖਾਂ ਨੇ ਬਰਤਣਾ ਛੱਡ ਦਿੱਤਾ ਤਾਂ ਉਸਨੇ ਆਪਣਾ ਕਲੰਕ ਢੱਕਣ ਵਾਸਤੇ ਜਨਮਸਾਖੀ ਵਿੱਚ ਲਿਖ ਦਿੱਤਾ ਕੇ ਗੁਰੂ ਨਾਨਕ ਜੀ ਨੇ ਮੰਜੋਤ ਨਾਮ ਰੰਘੜੀ, ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਾਜ਼ੀ ਦੀ ਬੇਟੀ ਕੌਲਾਂ ਆਪਣੇ ਘਰ ਬਸਾ ਲਈ ਸੀ ਤਾਂ ਤੇ ਗੁਰੂ ਕੇ ਘਰ ਮੇਂ ਮੁਸਲਮਾਨੀ ਇਸ੍ਤ੍ਰੀ ਰੱਖਣੀ ਦੋਸ਼ ਨਹੀਂ। ਨਾਲੇ ਧਰਮ ਸ਼ਾਸਤ੍ਰ ਵਿੱਚ ਔਰਤ ਦੀ ਜ਼ਾਤ ਕੋਈ ਨਹੀਂ ਲਿਖੀ। —ਏਹੋ ਜੇਹੀਆਂ ਝੂਠ ਸੱਚ ਗੱਪਾਂ ਸੁਣਕੇ ਹੋਰ ਲੋਗ ਤਾਂ ਉਸ ਦੀ ਠੱਗੀ ਵਿੱਚ ਆਕੇ, ਉਸ ਨਾਲ ਬਰਤਣ ਲਗ ਪਏ, ਤੇ ਗੁਰੂ ਕੇ ਸਿੱਖਾਂ ਨੇ ਸਗੋਂ ਅਧਿਕ ਬੁਰਾ ਮੰਨਿਆ, ਕ੍ਯੋਂਜੋ ਉਸਨੇ ਗੁਰੂਆਂ ਦੇ ਨਾਮ ਪਰ ਝੂਠ ਬੋਲਿਆ। ਏਸ ਗੱਲੋਂ ਐਡਾ ਵਿਰੋਧ ਵਧਿਆ ਕੇ ਸੈਂਕੜੇ ਸਿੱਖ ਉਸਨੇ ਖਾਨ ਬਹਾਦਰ ਆਦਿਕ ਮੁਸਲਮਾਨ ਹਾਕਮਾਂ ਨੂੰ ਫੜਾ ੨ ਮਰਵਾਏ ਤੇ ਇਨਾਮ ਪਾਏ। ਫੇਰ ਤਾਂ ਦੋ ਲੱਖ ਰੁਪਏ ਆਮਦਨੀ ਦਾ ਪਰਗਣਾ ਜੰਡਿਆਲਾ, ਦੇਵੀਦਾਸਪੁਰ ਕੋਟਲੀ ਆਦਿ ਕਲੇਕੇ

ਪੰਜ ਸੌ ਅਸਵਾਰ ਨੌਕਰ ਰੱਖ ਲਿਆ। ਫੇਰ ਤਾਂ ਸਿੱਖਾਂ ਦੇ ਵਿਰੋਧੀ ਬਣਕੇ ਅਹਿਮਦ ੧੫੫
ਸ਼ਾਹ ਦੁਰਾਨੀ ਦੇ ਅੰਗ ਬਣੇ ਰਹੇ। ਇਸੇ ਕਾਰਣ ਸਿੰਘਾਂ ਨੇ ਜੰਡਿਆਲੇ ਨੂੰ ਜਾ ਘੇਰਿਆ
ਦੋ ਮਹੀਨੇ ਲੜਾਈ ਲੱਗੀ ਰਹੀ, ਮਹੰਤ ਸ਼ਰਣਦਾਸ ਨੇ ਕਸੂਰ, ਲਾਹੌਰ, ਸਰਹਿੰਦ, ਦੀ
ਦੁਰਦਸ਼ਾ ਤੇ ਸਿੰਘਾਂ ਦਾ ਜ਼ੋਰ ਸ਼ਰਾਬਾ ਲਿਖਕੇ, ਸਾਂਢਣੀ ਸਵਾਰ ਦੇ ਹੱਥ ਕਾਬਲ ਨੂੰ ਭੇ
ਜ ਦਿੱਤਾ ਕੇ ਅਸੀਂ ਤੇਰੇ ਬਣੇ ਹਾਂ ਤਾਂਹੀ ਮਾਰੀਦੇ ਹਾਂ, ਹੁਣ ਤੈਨੂੰ ਹੀ ਲਾਜ ਹੈ।

ਅਹਿਮਦ ਸ਼ਾਹ ਤਾਂ ਪਹਿਲੇ ਹੀ ਪੰਜਾਬੀ ਹਾਕਮਾਂ ਦੇ ਲਿਖੇ ਤੋਂ ਸਿੰਘਾਂ ਦੇ ਗਦਰ ਦਾ ਹਾਲ
ਸੁਣਕੇ, ਲੋਹਾ ਲਾਖਾ ਹੋ ਰਿਹਾ ਸੀ, ਜੰਡਿਆਲੀਆਂ ਦੀ ਅਰਜੀ ਨੇ ਐਸਾ ਭੜਕਾਯਾ
ਕੇ ਇੱਕ ਲੱਖ ਅਸਵਾਰ ਲੈਕੇ ਅੱਗ ਦਾ ਵਾਉ ਵਰੋਲਾ ਬਣਕੇ ਚੜ੍ਹ ਆਯਾ।

ਅਹਿਮਦ ਸ਼ਾਹ ਦਾ ਅੱਠਵਾਂ ਹਮਲਾ ਬਿ:੧੮੧੯

ਸਿੰਘ ਤਾਂ ਉਸਦੀ ਅਵਾਈ ਸੁਣਕੇ ਹਵਾਈ ਹੋ ਗਏ, ਸਤਲੁਜੋਂ ਪਾਰ ਉਨ੍ਹਾਂ ਜੱਥਿਆਂ ਨਾ
ਲ ਜਾ ਰਲੇ ਜੋ ਕੇ ਰਾਇਕੋਟ, ਜਗਰਾਵਾਂ, ਪਾਇਲ, ਮਲੇਰਕੋਟਲੇ ਤੇ ਸਰਹਿੰਦ ਦੇ ਇ
ਲਾਕੇ ਵਿੱਚ ਲੁੱਟ ਪੁੱਟ ਦਾ ਮਾਰਾ ਬੁਕਾਰਾ ਕਰਦੇ ਹੋਏ ਸੂਬੇਦਾਰ ਜੈਨ ਖਾਨ ਨਾਲ ਲੜ
ਰਹੇ ਸਨ, ਬਾਦਸ਼ਾਹ ਦਾ ਆਵਣਾ ਸੁਣਕੇ ਨਵਾਬ ਭੀਖਨ ਖਾਂ ਮਲੇਰੀ ਨੇ ਹੈਬਤ ਪੁਰ
ਪਟੀ ਦੇ ਮੁਕਾਮ, ਬਾਦਸ਼ਾਹ ਪਾਸ ਪਹੁੰਚਕੇ, ਸਿੰਘਾਂ ਉੱਤੇ ਐਸੇ ਝੂਠੇ ਸੱਚੇ ਤੂਫਾਨ ਤੋ
ਲੇ ਜਿਨ੍ਹਾਂ ਤੋਂ ਬਾਦਸ਼ਾਹ ਨੂੰ ਜੁਲਮ ਦੀ ਅੱਗ ਦਾ ਚੋਲਾ ਪਹਿਰਨਾ ਪਿਆ। ਇਲਦਸਤ
ਕਜ਼ਲਬਾਸ਼ਾਂ ਦਾ ਭੀਖਨਖਾਂ ਦੇ ਨਾਲ ਤੋਰਕੇ ਹੁਕਮ ਦਿੱਤਾ, ਤੁਸੀਂ ਸਿੰਘਾਂ ਨੂੰ ਮੇਰੇ ਆ
ਉਣੇ ਤਕ ਘੇਰੀ ਰੱਖੋ, ਉਨ੍ਹਾਂ ਨੇ ਏਹੋ ਕੰਮ ਕੀਤਾ, ਰਾਇਪੁਰ, ਗੁਜਰਵਾਲ ਦੇ ਗਿਰਦੇ ਛੇ
ੜਛਾੜ ਕਰਕੇ, ਦੋ ਦਿਨ ਸਿੰਘਾਂ ਨੂੰ ਉਸੇ ਥਾਂਉ ਰੋਕ ਰੱਖਿਆ। ਤੀਜੇ ਦਿਨ ਸੂਰਜ ਚੜ੍ਹ
ਨੇ ਤੋਂ ਪਹਿਲੋਂ ਦੁਰਾਨੀ ਸ਼ਾਹ ਜਾ ਢੁੱਕਿਆ। ਦੁਰਾਨੀਆਂ ਦੀ ਲਾਲ ਬਰਦੀ ਦੂਰੋਂ ਦੇਖਕੇ
ਸਿੰਘਾਂ ਨੇ ਜਾਣਿਆ ਕੇ ਵੈਸਾਖ ਮਹੀਨੇ ਦੇ ਕੇਸੂ ਤੇ ਕਰੀਰ ਫੁਲੇ ਹੋਏ ਦਿਸਦੇ ਹਨ। Karni
ਫੇਰ ਤਾਂ ਉਹੋ ਕਰੀਰ ਕੇਹਰ ਬਣ ਗਏ, ਦੁਰਾਨੀ ਦੂ ਸਾਮਣੇ ਭੁੱਤੇ ਹਾਰ ਆ ਪਹੁੰਚੇ, ਸਿੰਘਾਂ
ਨੇ ਤਾਂ ਅਜੇ ਸੁੱਖੇ ਅਫੀਮਾਂ ਛਕਕੇ ਸ਼ਸਤ੍ਰ ਬਸਤ੍ਰ ਬੀ ਨਹੀ ਸਾਜੇ ਸੇ ਤਾਂਹੀ ਖਬਰ ਹੋਈ
ਉਧੋਂ ਤੀਰਾਂ ਤੁਫੰਗਾਂ ਦੇ ਰਾਬੇ ਛੁੱਟਣੇ ਲਗ ਪਏ। ਫੇਰ ਤਾਂ ਛੇਤੀ ੨ ਤੱਯਾਰ ਹੋਕੇ ਸਰ
ਦਾਰ ਆਪੋ ਆਪਣੇ ਜੱਥੇ ਲੈਕੇ ਛਛਰਾਂ ਮਾਂਦੀ ਤੋਂ ਅੱਗੇ ਜਾ ਖੜੇ ਹੋਏ, ਆਪ ਤਾ ਜੰਗ
ਕਰਨ ਲੱਗੇ, ਅਤੇ ਭਾਰ ਬਰਦਾਰੀ ਸਮੇਤ ਵਹੀਰ ਨੂੰ ਮਾਲਵੇ ਦੀ ਤਰਫ ਤੋਰਿਆ, ਦੂਰੋ
ਦੂਰੋ ਦੋਹੀ ਪਾਸੀਂ ਰਾਮ ਜੰਗੋ ਦਗ ਰਹੇ ਸੇ, ਕੋਈ ਕਿਸੇ ਉੱਤੇ ਹੱਲਾ ਨਾ ਕਰ ਸਕੇ, ਸਿੰਘ

Digitized by Panjab Digital Library | www.panjabdigilib.org

੧੫੬ ਕਦਮ ਕਦਮ ਆਪਣੇ ਵਹੀਰ ਦੀ ਰੱਖਿਆ ਵਾਸਤੇ ਉਧਰੇ ਵਧ ਰਹੇ ਸੇ। ਏਤਨੇ ਨੂੰ ਇੱਕ ਤਰਫੋਂ ਸਰਹੰਦ ਦਾ ਸੂਬਾ ਜੈਨਖਾਂ, ਦੂਜੇ ਪਾਸਿਓਂ ਮਲੇਰਕੋਟਲੇ ਵਾਲੇ ਨਵਾਬ, ਤੇ ਰਾਇਕੋਟੀਏ ਦੀਵਾਨ ਲੱਛਮੀ ਸਹਾਇ ਆਪਣੀ੨ ਫੌਜ, ਤੇ ਬੇਸ਼ੁਮਾਰ ਦੇਸੀ ਮੁਸਲਮਾਨਾਂ ਨੂੰ ਲੈਕੇ ਆ ਢੁਕੇ, ਚੁਫੇਰਿਓਂ ਤੀਰ ਗੋਲੀ ਦੀ ਬਰਖਾ ਸਿੰਘਾਂ ਉੱਪਰ ਹੋਣ ਲੱਗੀ। ਸਿੰਘਾਂ ਨੇ ਕੁੜੱਕੀ ਵਿੱਚ ਜਾਨ ਆਈ ਸਮਝਕੇ ਸ਼ਹੀਦ ਹੋਣਾ ਥਾਪ ਲਿਆ, ਜੱਦਪਿ ਤਦੋਂ ਸਿੰਘ ਤੀਸ ਕੁ ਹਜ਼ਾਰ ਤੇ ਮੁਸਲਮਾਨ ਦੋ ਲੱਖ ਦੇ ਲਗਭਗ ਸੀ, ਪਰ ਤਲਵਾਰਾਂ ਖਿੱਚਕਰ ਤੇ ਅਕਾਲ੨ ਗਜਾਕਰ, ਜਿੱਧਰ ਪੈਣ ਉਧਰੇ ਛੀਰ ਕਰ ਕੱਢਣ।

ਸਰਦਾਰ ਜੱਸਾ ਸਿੰਘ, ਦੋਵੇਂ ਬਘੇਲ ਸਿੰਘ, ਕਰੋੜਾ ਸਿੰਘ, ਨੱਵਾਬ ਕਪੂਰ ਸਿੰਘ ਖੁਸ਼ਹਾਲ ਸਿੰਘ, ਸ਼ਹੀਦ ਨੱਥਾ ਸਿੰਘ, ਪ੍ਰੇਮ ਸਿੰਘ, ਕਰਮਾ ਸਿੰਘ, ਸੁੱਧਾ ਸਿੰਘ ਸਰਦਾਰ ਨਕਈ ਘਨੱਈਏ, ਸੁਕ੍ਰਚੱਕੀਏ, ਡੱਲੇਵਾਲੀਏ, ਨਿਸ਼ਾਨਾਂਵਾਲੀਏ ਆਪਣੇ ਆਪਣੇ ਜੱਥਿਆਂ ਨੂੰ ਹਲਾਸ਼ੇਰੀ ਸ਼ਾਬਾਸ਼ ਦਿੰਦੇ ਹੋਏ, ਇਧਰ ਉਧਰ ਘੋੜੇ ਦੌੜਾ ਕਰ ਬੜੇ ਹੌਸਲੇ ਨਾਲ ਲੜਾਉਂਦੇ ਰਹੇ। ਇਸੇ ਤਰਾਂ ਜਦ ਕੁਤਬਾ ਬਾਮਣੀ ਪਿੰਡ ਨੀਯ ਚੱਲੇ ਤਾਂ ਅਹਿਮਦ ਸ਼ਾਹ ਨੂੰ ਛਲ ਕਰਨ ਦਾ ਢੌਣ ਵਲਾਂਸੂਸ ਆ ਪਿਆ। ਧੋਖਾ ਦੇਕੇ ਸਿੰਘਾਂ ਦੇ ਵਹੀਰ ਉੱਤੇ ਜਾ ਪਿਆ, ਬੇਸ਼ੁਮਾਰ ਸਿੰਘ ਕਤਲ ਕਰ ਕੱਢੇ, ਸਰਦਾਰਾਂ ਨੂੰ ਖਬਰ ਹੋਈ ਤਾਂ ਤਲਵਾਰਾਂ ਖਿੱਚ ਕੇ, ਘੋੜੇ ਦੌੜਾ ਕਰ ਦੁਰਾਨੀਆਂ ਵਿੱਚ ਜਾ ਵੜੇ, ਭਾਰੀ ਕਟਾ ਵੱਢ ਕੀਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸਰਦਾਰ ਚੜਤ ਸਿੰਘ ਨੇ ਚਾਰ ਹਜ਼ਾਰ ਸੂਰਬੀਰ ਨੂੰ ਲੈਕੇ ਤਿੰਨ ਵਾਰੀ ਖਾਸ ਅਹਿਮਦ ਸ਼ਾਹ ਨਾਲ ਜੂਝਣ ਲਈ ਦੁਰਾਨੀਆਂ ਦੀ ਸੈਨਾ ਗਾਹੀ, ਦੋ ਵਾਰੀ ਤਾਂ ਸ਼ਾਹ ਤਕ ਨਾ ਪਹੁੰਚੇ, ਤੀਜੀ ਵਾਰੀ ਸ਼ਾਹ ਦੇ ਨਜ਼ਦੀਕ ਜਾਕੇ ਸਰਦਾਰ ਜੱਸਾ ਸਿੰਘ ਗੱਜਕੇ ਬੋਲਿਆ ਕਿ ਅਹਿਮਦ ਸ਼ਾਹ ਜੇ ਤੂੰ ਮਰਦ ਹੈਂ ਤਾਂ ਜਿਸ ਤਰਾਂ ਲੜਨਾ ਚਾਹੇਂ ਲੜ, ਮੇਰਾ ਤੇਰਾ ਦੋਹਾਂ ਦਾ ਜੰਗ ਹੋਵੇ ਤੇ ਖਲਕਤ ਦੇਖੇ, ਸਿੰਘਨੇ ਬਥੇਰਾ ਵੰਗਾਰਿਆ ਪਰ ਅਬਦਾਲੀ ਨੂੰ ਹੌਸਲਾ ਨਾ ਹੋਇਆ, ਟਲ ਗਿਆ।

ਏਹ ਬਹਾਦਰੀ ਤੇ ਹੌਸਲਾ ਦੇਖ ਕੇ ਬਾਦਸ਼ਾਹ ਨੇ ਸਿੰਘਾਂ ਦੀ ਬਹੁਤ ਤਾਰੀਫ ਕੀਤੀ, ਉਨਕਾ ਸਿੰਘ ਆਪਣੇ ਵਹੀਰ ਨੂੰ ਵਿਚਕਾਰ ਲੈਕੇ ਕਿਲਾ ਬੰਨ੍ਹ ਤੁਰੇ, ਨਾਲੇ ਲੜਦੇ ਗਏ। ਜਿਧਰ ਵੈਰੀ ਜ਼ੋਰ ਪਾਉਂਦੇ ਉਧਰ ਸਰਦਾਰ ਘੋੜੇ ਦੌੜਾ ਕਰ ਜਾ ਅੜਦੇ, ਤੇ ਬੜੇ ਧਰਮ ਤੇ ਹੌਸਲੇ ਦੀਆਂ ਬਾਤਾਂ ਸਿੰਘਾਂ ਨੂੰ ਸੁਣਾਇ੨ ਲੜਾਉਂਦੇ ਹੋਏ ਜਦ ਹਠੂਰ ਪਿੰਡ ਦੇ

Digitized by Panjab Digital Library | www.panjabdigilib.org

ਨੇੜੇ ਢੁੱਕੇ, ਦੋਪਹਿਰ ਢਲੀ ਨੂੰ ਜਦ ਪਾਣੀ ਦੀ ਡਾਢੀ ਲੋੜ ਪਈ ਤਾਂ ਮਲਵਈ ਸਿੱਖ ਆਪੂੰ ੧੫੧
ਗੇ, ਉਹ ਸੁੰਦਰ ਜਲ ਦੀ ਭਰੀ ਹੋਈ ਢਾਬ ਉੱਤੇ ਲੈ ਗਏ, ਪਠਾਣਾਂ ਨੇ ਸਿੱਖਾਂ ਤੋਂ ਪਾਣੀ ਲੈਣ
ਵਾਸਤੇ ਬਹੁਤ ਹੱਲੇ ਕੀਤੇ, ਪਰ ਸਿੱਖ ਜਲ ਛਕ ਛਕ ਕੇ ਐਸੇ ਤਕੜੇ ਹੋਏ ਜੋ ਉਨ੍ਹਾਂ ਨੂੰ ਜਲ
ਤਕ ਨਾ ਆਵਣ ਦਿੱਤਾ। — ਇੱਕ ਤਾਂ ਜੰਗ ਦੇ ਫਿਕਰ ਵਿਚ ਦੌੜਾ ਦੌੜ, ਦੂਜੇ ਗਰਦ
ਤੇ ਤੀਜੇ ਬੈਸਾਖ ਦੀ ਧੁੱਪ ਗਰਮੀ ਦੇ ਮਾਰੇ ਪਠਾਣ ਤੇ ਉਨ੍ਹਾਂ ਦੇ ਘੋੜੇ ਪਾਣੀ ਤੋਂ ਬਿਨਾ ਜਦ
ਮੌਤ ਦਾ ਗ੍ਰਾਸ ਹੋਣ ਲੱਗੇ, ਤਾਂ ਬਾਦਸ਼ਾਹ ਨੇ ਫੌਜ ਪਿੱਛੇ ਹਟਾ ਲਈ, ਏਧਰ ਸਿੱਖਾਂ ਨੇ ਭੀ
ਹਰਿਹਾਰ ਕਰਕੇ ਜਾਨ ਬਚਾਈ ਤੇ ਭਦੌੜ, ਢੁਬਾਲੀ, ਦਰਾਜ, ਤੱਪਾ, ਫੂਲ, ਮਹਰਾਜ ਆਦਿ
ਕਪਿੰਡਾਂ ਦੀ ਤਰਫ ਨੂੰ ਨਿਕਲ ਗਏ, ਮਲਵਈ ਸਿੱਖਾਂ ਨੇ ਬਹੁਤ ਖਾਤਰ ਟਹਿਲ ਕੀਤੀ ਏ
ਪਰ ਅੱਠ ਦਸ ਕੋਹ ਵਿਚ ਜੋ ਲੋਥਾਂ ਦੇ ਸਥਾਰ ਪਏ ਸੀ, ਬਾਦਸ਼ਾਹ ਨੇ ਉਨ੍ਹਾਂ ਵਿਚੋਂ ਸਭਨਾ
ਸਿੱਖਾਂ ਦੇ ਸਿਰ ਕਟਵਾ ਕੇ ਲਾਹੌਰ ਲੈ ਜਾਨ ਲਈ ਗੱਡੇ ਭਰ ਲਏ ਤੇ ਲਾਹੌਰ ਦਿੱਲੀ ਦਰ
ਵਾਜੇ ਤੋਂ ਬਾਹਰ ਉਨ੍ਹਾਂ ਸਿਰਾਂ ਦਾ ਇਕ ਮੁਨਾਰਾ ਚਿਣ ਦਿੱਤਾ, ਏਸ ਜੰਗ ਵਿਚ ਤੇਰਾਂ [੧੨,੦੦੦] ਹਜ਼ਾਰ
ਸਿੱਖ ਤੇ ਬਾਕੀ ਹੋਰ ਹਿੰਦੂ ਮੁਸਲਮਾਨ ਸਭ ਤੀਸ ਹਜ਼ਾਰ ਆਦਮੀ ਸ਼ਹੀਦ ਹੋਯਾ ਤਾਂ ਹੀ
ਏਸ ਜੰਗ ਦਾ ਨਾਮ ਵੱਡਾ ਘੱਲੂਘਾਰਾ ਹੈ। — ਏਥੋਂ ਮੁੜ ਕੇ ਬਾਦਸ਼ਾਹ ਅੰਮ੍ਰਿਤਸ
ਰ ਪਹੁੰਚਿਆ ਤੇ ਸੰ:੧੮੧੯ ਬਿ: ਜੇਠ ਵਿਚ ਦਰਬਾਰ ਸਾਹਿਬ ਨੂੰ ਬਾਰੂਦ ਧਰ ਕੇ ਉਡਾ
ਵਾ ਦਿੱਤਾ ਤੇ ਜੀ ਨਾਲ ਇੱਟਾਂ ਉੱਡ ਕੇ ਚਾਰ ੨ ਕੋਹ ਤਕ ਗਈਆਂ, ਬਾਦਸ਼ਾਹ ਦਾ ਲਸ਼
ਕਰ ਜੋ ਚਾਰੋਂ ਤਰਫ ਕੋਹਾਂ ਵਿਚ ਉਤਰਿਆ ਹੋਯਾ ਸੀ ਉਸ ਵਿਚੋਂ ਸੈਂਕੜੇ ਲੋਗ ਇੱਟਾਂ ਨਾਲ
ਜ਼ਖਮੀ ਹੋਏ, ਤੇ ਇੱਕ ਇੱਟ ਖਾਸ ਅਹਿਮਦਸ਼ਾਹ ਦੇ ਨੱਕ ਉੱਤੇ ਜਾ ਵੱਜੀ, ਜਿਸਦੀ ਸੱਟ
ਨਾਲ ਸ਼ਾਹ ਨੂੰ ਨਾਸੂਰ ਦੀ ਬੀਮਾਰੀ ਹੋ ਗਈ ਤੇ ਐਸੀ ਚਿੰਮੜੀ ਜੋ ਜਾਨ ਹੀ ਲੈ ਗਈ।
ਏਸ ਗੱਲੋਂ ਬਾਦਸ਼ਾਹ ਗੱਚ ਖਾ ਕੇ ਤਾਲਾਬ ਅੰਮ੍ਰਿਤਸਰ ਨੂੰ ਮਿੱਟੀ ਨਾਲ ਭਰਵਾ ਕਰ ਖੇ
ਤੀ ਬੀਜਣ ਦਾ ਹੁਕਮ ਦੇ ਗਿਆ, ਸੋ ਜਹਾਨ ਖਾਂ ਨੇ ਓਥੇ ਉਤਰ ਕੇ ਗਿਰਦ ਨਿਵਾਹੀ ਦੇ
ਪਿੰਡਾਂ ਤੋਂ ਦੋ ਮਹੀਨੇ ਵਿਚ ਸਭ ਕੰਮ ਕਰਵਾ ਛੱਡਿਆ।

ਵੱਡਾ ਘੱਲੂਘਾਰਾ

ਦਰਬਾਰ ਸਾਹਿਬ ਨੂੰ ਬਾਰੂਦ ਧਰ ਕੇ ਉਡਾਵਣਾ

ਬਾਦਸ਼ਾਹ ਨੇ ਲਾਹੌਰ ਜਾਣ ਸਾਰ ਮਾਲੂਮ ਕੀਤਾ ਕੇ ਕਸ਼ਮੀਰ ਦਾ ਹਾਕਮ ਜੀਵਣ
ਮੱਲ ਆਕੀ ਹੈ ਸੋ ਤੁਰਤ ਨੂਰਦੀਨ ਅਮੀਰ ਨੂੰ ਫੌਜ ਦੇ ਕੇ ਚਲਾ ਦਿੱਤਾ ਉਸ ਨੇ
ਰਾਜਾ ਰਣਜੀਤ ਦੇਉ ਨੂੰ ਜੋ ਜੀਉਣ ਮੱਲ ਦਾ ਸਾਥੀ ਸੀ, ਸ਼ਾਹ ਕਾਬੁਲ ਦੀ ਤਾਬੇਦਾ
ਰੀ ਮਨਾ ਕੇ, ਕਸ਼ਮੀਰ ਵਿਚ ਜੀਉਣ ਮੱਲ ਨੂੰ ਜਾ ਘੇਰਿਆ ਪਹਿਲੀ ਲੜਾਈ ਵਿਚ

Digitized by Panjab Digital Library | www.panjabdigilib.org

੧੫੮ ਗੀ ਉਸਦੀ ਮੁਸਲਮਾਨੀ ਫੌਜ ਨੇ ਨੂਰਦੀਨ ਨਾਲ ਮਿਲਕੇ ਜੀਊਣ ਮੱਲ ਨੂੰ ਫੜਾ ਦਿੱਤਾ, ਉਹ ਕੈਦ ਹੋਕੇ ਬਾਦਸ਼ਾਹ ਪਾਸ ਆਯਾ ਤਾਂ ਕਤਲ ਕੀਤਾ ਗਿਆ। ਸ਼ਾਹ ਨੇ ਸਰ ਬੁਲੰਦ ਖਾਂ ਨੂੰ ਸੂਬਾ ਕਸ਼ਮੀਰ ਬਣਾਕਰ, ਨੂਰਦੀਨ ਨੂੰ ਬੁਲਾ ਲਿਆ।

ਏਧਰ ਲਾਹੌਰ ਵਿੱਚ ਦਸ ਹਜ਼ਾਰ ਫੌਜ ਸਮੇਤ ਕਾਬੁਲੀ ਮੱਲ ਦੀਵਾਨ ਤੇ ਖ੍ਵਾਜੇ ਜਾਦ ਨੂੰ ਛੱਡਕੇ, ਆਪ ਕਾਬੁਲ ਨੂੰ ਚਲਾ ਗਿਆ। —— ਜਦ ਸਿੱਖਾਂ ਦਾ (ਘੱਲੂਘਾਰਾ) ਏਹ ਹਾਲ ਕਰਕੇ ਬਾਦਸ਼ਾਹ ਲਾਹੌਰ ਨੂੰ ਮੁੜਿਆ ਸੀ ਤਾਂ ਦੇਸੀ ਮੁਸਲਮਾਨ ਐਸੇ ਭੂਤੇ ਹੋਏ ਜੋ ਹਿੰਦੂਆਂ ਨੂੰ ਮੱਲੋ ਮੱਲੀ ਮੁਸਲਮਾਨ ਕਰਨ ਲੱਗ ਪਏ। ਸ਼ੇਖ ਫਤੇ ਮਹੰਮਦ ਖਾਂ ਤੇ ਮਹੰਮਦ ਸ਼ਾਹ ਕੋਟਕਛੂਏ ਦੇ ਨੱਵਾਬਾਂ ਨੇ ਨਾਮੀ ੨ ਤਿੰਨ ਸੈ ਹਿੰਦੂ ਆਪਣੀ ਰਿਆਸਤ ਵਿੱਚੋਂ ਫੜ ਮੰਗਾਏ ਦੋ ਸੌ ਨੂੰ ਤਾਂ ਧੀਗੋ ਧੀਗੀ ਗੋ ਮਾਸ ਖੁਵਾ ਕੇ ਮੁਸਲਮਾਨ ਬਣਾ ਲਿਆ ਤੇ ਇੱਕ ਸੌ ਜਿਸਨੇ ਧਰਮ ਨਾ ਛੱਡਿਆ ਸੋ ਕਤਲ ਕਰ ਕੱਢਿਆ। — ਉਧਰ ਜਦ ਖਾਲਸੇ ਨੇ ਜ਼ਖਮਾਂ ਤੋਂ ਰਾਜ਼ੀ ਹੋਕੇ ਇਸ਼ਨਾਨ ਕੀਤੇ, ਅਤੇ ਆਪੋ ਆਪਣੇ ਸਰਦਾਰਾਂ ਜਥੇਦਾਰਾਂ ਪਾਸ ਕੱਠੇ ਹੋਕੇ, ਅੰਮ੍ਰਿਤਸਰ ਦੀ ਬੇਅਦਬੀ ਦਾ ਹਾਲ ਤੇ ਹਿੰਦੂਆਂ ਪਰ ਜ਼ੁਲਮ ਦਾ ਵਰਤਾਉ ਸੁਣਿਆ, ਤਾਂ ਧਰਮ ਬਦਲੇ ਸ਼ਹੀਦ ਹੋਣ ਥਾਪ ਕੇ ਸ਼ਮਸ਼ੇਰਾਂ ਖਿੱਚ ਕੇ, ਪਹਿਲੇ ਤਾਂ ਭੀਖਨ ਖਾਂ ਮਲੇਰਕੋਟਲੇ ਵਾਲੇ ਦੀ ਛੇਰ ਕੱਢੀ ਤੇ ਉਸ ਥੋਂ ਨਜ਼ਰਾਨਾ ਲੈਕੇ ਨੱਕ ਨਾਲ ਲੀਕਾਂ ਕਢਾਈਆਂ। ਫੇਰ ਦੀਵਾਨ ਲੱਛਮੀ ਸਹਾਇ ਨੂੰ ਤੇ ਰਾਇ ਅਲਿਯਾਸ ਦੇ ਮੁਸਾਹਿਬ ਮੌਲਵੀ ਰਹਿਮਤੁੱਲਾ ਆਦਿਕ ਨੂੰ (ਜਿਨ੍ਹਾਂ ਨੇ ਸਿੱਖਾਂ ਤੇ ਹਿੰਦੂਆਂ ਪਰ ਵਧੀਕੀਆਂ ਕੀਤੀਆਂ ਸਨ) ਜਗਰਾਵਾਂ ਵਿੱਚ ਜਾ ਘੇਰਿਆ ਜੋਂਦੀਪ ਸ਼ਹਰ ਨੂੰ ਭੀ ਲੁੱਟਿਆ ਮਾਰਿਆ, ਪਰ ਉਨ੍ਹਾਂ ਦੀ ਤਾਂ ਬੁਰੀ ਦਸ਼ਾ ਕਰਕੇ ਜਾਨ ਕੱਢੀ। ਏਸੇ ਤਰਾਂ ਜਿਨ੍ਹਾਂ ਜਿਨ੍ਹਾਂ ਮੁਸਲਮਾਨਾਂ ਨੇ ਬੁਰਾਈਆਂ ਕੀਤੀਆਂ ਸਨ ਉਨ੍ਹਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫਲ ਦਿੰਦੇ ਹੋਏ, ਕੋਟਕਛੂਏ ਪਰਗਣੇ ਅੰਬਾਲੇ ਵਿੱਚ ਜਾ ਪਹੁੰਚੇ। ਨਵਾਬ ਫਤੇ ਮੁਹੰਮਦ ਖਾਂ ਤੇ ਮੁਹੰਮਦ ਸ਼ਾਹ ਦੀ ਤਾਂ ਬੋਟੀ ੨ ਚੀਲਾਂ ਕਾਂਵਾਂ ਨੂੰ ਵੰਡ ਛੱਡੀ, ਉਨ੍ਹਾਂ ਦੇ ਸਾਥੀਆਂ ਨੂੰ ਭੀ ਤੇਗ ਦੀ ਭੇਟਾ ਕੀਤਾ। —(ਇਨ੍ਹਾਂ ਦੇ ਵਡੇ ਨੱਵਾਬ ਸਾਦਕ ਸ਼ਾਹ ਨੂੰ ਬੰਦੇ ਬਹਾਦਰ ਨੇ ਉਸਦੇ ਜ਼ੁਲਮ ਦਾ ਫਲ ਸੰ:੧੭੭੨ ਬਿ: ਵਿੱਚ ਏਸ ਤਰਾਂ ਚਖਾਯਾ ਸੀ ਕੇ ਉਸਨੂੰ ਸਾਥੀਆਂ ਸਮੇਤ ਰੂੰ ਵਿੱਚ ਲਪੇਟਕੇ, ਤੇਲ ਨਾਲ ਤਰ ਕੀਤਾ, ਤੇ ਅੱਗ ਲਗਾਕਰ ਮੈਦਾਨ ਵਿੱਚ ਛੱਡ ਦਿੱਤਾ ਸੀ ਉਹ ਸਾਰੇ ਗੀ

ਸਿੰਘਾਂ ਨੇ ਮੁਸਲਮਾਨ ਨੱਵਾਬਾਂ ਨੂੰ ਲੁੱਟ ਮਾਰ ਕਰ ਬਦਲੇ ਲੈਣੇ

Digitized by Panjab Digital Library | www.panjabdigilib.org

ਬੁਬੇਰਾ ਟੱਪੇ, ਨੇੜੇ ਪਰ ਓਨ੍ਹਕ ਚੰਡੀ ਦਾ ਗੁਮਾਸਤੇ ਹੋਏ) ਫੇਰ ਬੇਹਟ, ਬੁਢਆਲ, ਨਾਨੌਤੀ ੧੫੯
ਦੀਣ, ਮੁਲਾਣੇ, ਸੱਢੌਰੇ, ਬੁੜੀਏ ਆਦਿਕਾਂ ਦੇ ਮੁਸਲਮਾਨਾਂ ਦੀ ਦੁਰਦਸ਼ਾ ਕਰਕੇ, ਲੁੱ
ਟ ਕੁੱਟ ਕਰਦੇ ਹੋਏ ਸਹਾਰਨਪੁਰ ਜਾ ਵੜੇ। ਉਥੋਂ ਦੇ ਨੱਵਾਬ ਰਹੀਮਉੱਲਾ ਖਾਂ ਆਦਿ
ਕਾਂ ਨੂੰ ਸਾਰਦੇ ਚਣੇ ਚਬਾਕੇ, ਸ਼ਹਿਰ ਨੂੰ ਖੁੱਲੇ ਹੱਥ ਮਾਰੇ, ਤੇ ਗੰਗਾ ਜੀ ਨੂੰ ਸੇਧ ਧਰ ਲਈ
ਰਸਤੇ ਦੇ ਨਗਰਾਂ ਨੂੰ ਲੁੱਟਦੇ ਮਾਰਦੇ ਜਦ ਅੰਬਲੀ ਗਏ ਤਾਂ ਏਥੋਂ ਦੇ ਗੁਸਾਂਈ ਫਕੀਰਾਂ ਨੇ
(ਜਿਨ੍ਹਾਂ ਨੇ ਬਾਦਸ਼ਾਹੀ ਠਾਠ ਬਣਾ ਕੇ ਗੰਗਾ ਦੇ ਜਾਤ੍ਰੀਆਂ ਵਾਸਤੇ ਫਲਾ ਲਾ ਰੱਖਿਆ ਸੀ
ਤੇ ਸਵਾ ਰੁਪਯਾ ੧।) ਮੁੰਡਕਾ ਲਏ ਬਿਨਾ ਕਿਸੇ ਨੂੰ ਅੱਗੇ ਨਹੀਂ ਜਾਣ ਦਿੰਦੇ ਸੇ) ਸਿੰਘਾਂ
ਪਾਸੋਂ ਭੀ ਮੁੰਡਕਾ ਮੰਗਿਆ, ਪਰ ਸਿੰਘਾਂ ਨੇ ਐਸਾ ਮੁੰਡਕਾ ਦਿੱਤਾ ਕੇ ਸਭ ਧਨ ਅਸਬਾਬ
ਏਨ੍ਹਾਂ ਦਾ ਲੁੱਟ ਲਿਆ ਤੇ ਮਾਰ ਕੁੱਟ ਕੇ ਗੰਗਾ ਪਰ ਜਾ ਪਹੁੰਚੇ।

ਸਿੰਘਾਂ ਦਾ ਗੰਗਾ ਪਹੁੰਚਣਾ।

ਸੰ: ੧੮੨੦ ਬਿ: ਨੂੰ ਵੈਸਾਖੀ ਦਾ ਇਸ਼ਨਾਨ ਗੰਗਾ ਪਰ ਕਰਕੇ, ਜਲਾਲਪੁਰ ਦੇ ਮੁਸਲ
ਮਾਨਾਂ ਪਰ (ਜਿਨ੍ਹਾਂ ਨੇ ਆਪਣੇ ਇਲਾਕੇ ਦੇ ਬ੍ਰਾਹਮਣਾਂ ਖੱਤ੍ਰੀਆਂ ਦੀਆਂ ਇਸਤ੍ਰੀਆਂ ਖੋਹ
ਰੱਖੀਆਂ ਸਨ) ਹੱਲਾ ਕਰ ਦਿੱਤਾ, ਮੁਸਲਮਾਨਾਂ ਨੂੰ ਮਾਰ ਕੁੱਟ ਕੇ, ਪੰਡਿਤਾਂ ਦੀਆਂ ਔਰ
ਤਾਂ ਪੰਡਿਤਾਂ ਨੂੰ ਦਿਵਾਈਆਂ ਫੇਰ ਮੈਣਾਬਾਦ ਦੇਸ ਦੇ ਵਿੱਚ ਦੀ ਲੁੱਟਦੇ ਮਾਰਦੇ ਮੋਰੰਡੇ
(ਬਾਗਾਂ ਵਾਲੇ) ਆ ਪਹੁੰਚੇ। ਏਥੋਂ ਦੇ ਜਾਨੀ ਖਾਂ, ਮਾਨੀ ਖਾਂ, ਗੁਲਸ਼ੇਰ ਖਾਂ ਪਠਾਣਾਂ ਨੂੰ (ਜਿ
ਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦੇ ਸਰਹਿੰਦ ਵਿੱਚ ਭੇਜ ਕੇ ਕ
ਤਲ ਕਰਾਏ ਸੇ) ਉਨ੍ਹਾਂ ਦੇ ਭੈੜੇ ਕਰਮ ਦਾ ਫਲ ਭੁਗਾਯਾ, ਮੋਰੰਡਾ ਲੁੱਟ ਮਾਰ ਕੇ ਬਰ
ਬਾਦ ਕਰ ਦਿੱਤਾ। —— ਏਸ ਦੌਰੇ ਦੀ ਦੌਲਤ ਨਾਲ ਸਿੰਘਾਂ ਨੇ ਆਪਣੀ ਫੌਜੀ ਤਾਕ
ਤ ਬਹੁਤ ਵਧਾ ਲਈ, ਜਿਤਨੇ ਸਿੰਘ ਘੱਲੂਘਾਰੇ ਵਿੱਚ ਸ਼ਹੀਦ ਹੋਏ, ਉਸ ਤੋਂ ਦੂਣੇ ਹੋਰ
ਬਣਾ ਲਏ। ਏਸੇ ਸਮੇ ਜਦ ਖਾਲਸੇ ਦਾ ਦਲ ਹਰਿਦ੍ਵਾਰ ਵੱਲੋਂ ਮੁੜ ਕੇ ਆਯਾ
ਤਾਂ ਰਾਜਾ ਆਲਾ ਸਿੰਘ ਨੇ ਪੱਟਿਆਲੇ ਦੀ ਚੱਠ ਦਾ ਬੜਾ ਭਾਰੀ ਜੱਗ ਕੀਤਾ, ਗੁਰੂ ਗ੍ਰੰ
ਥ ਸਾਹਿਬ ਜੀ ਦਾ ਪਾਠ ਕਰਾਯਾ, ਸਰਬ ਖਾਲਸੇ ਨੂੰ ਬੜੀ ਆਗਤ ਭਾਗਤ ਨਾਲ ਪ
ਟਿਆਲੇ ਲੈ ਜਾ ਕਰ ਸੁੱਖੇ ਦੀ ਅੱਠੀ ਦੇਗ ਕਰਾਈ ਤੇ ਕੜਾਹ ਪ੍ਰਸ਼ਾਦ ਦੇ ਖੁੱਲੇ ਗੱਫੇ ਛ
ਕਾਏ, ਅਤੇ ਆਪਣੇ ਪੋਤੇ ਅਮਰ ਸਿੰਘ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾ
ਸੋਂ ਅੰਮ੍ਰਿਤ ਛਕਾਯਾ, ਜਿਸ ਦੇ ਬਦਲੇ ਈਸੜੂ ਦਾ ਪਰਗਣਾ ਰਾਜਿਆਈ ਵਿੱਚ ਦਿੱਤਾ
।। —— ਖਾਲਸੇ ਨੇ ਗੁਰਮਤਾ ਕਰਕੇ ਸਰਹਿੰਦ ਉੱਪਰ ਧਾਵਾ ਕਰਨ ਲਈ ਸਬ

ਜਲਾਲਪੁਰ ਤੇ ਮੋਰੰਡਾ ਲੁੱਟਣਾ।

੧੬੦ ਮਝੈਲ ਤੇ ਮਲਵਈ ਸਿੰਘ ਬੁਲਾ ਭੇਜੇ, ਸਰਹਿੰਦ ਪਰ ਧਾਵਾ ਸੁਣਦੇ ਹੀ ਸਿੰਘਾਂ ਨੂੰ ਤਾਂ
ਰੋਹ ਚੜ੍ਹ ਗਿਆ, ਸਰਹਿੰਦ ਦੇ ਸੂਬੇ ਨੂੰ ਖਬਰ ਭੀ ਨਾ ਹੋਣ ਦਿੱਤੀ ਤੇ ਆਸ ਪਾਸ ਚੋਏ ਨ
ਦੀ ਦੇ ਕਿਨਾਰੇ ਜੰਗਲ ਵਿੱਚ ਪਚੌਂਜਾ ਹਜ਼ਾਰ ਅਸਵਾਰ ਪਿਆਦਾ ਇਕੱਠਾ ਹੋ ਗਿਆ
। ਚਾਰਕ ਹਜ਼ਾਰ ਸਿੰਘ ਜੋ ਮੋਰੰਡੇ ਵੱਲੀ ਪਹਿਲੇ ਹੀ ਫਿਰ ਰਿਹਾ ਸੀ ਜਦ ਓਹ ਮੋਰੰਡੇ ਦੀ
ਲੁੱਟ ਮਾਰ ਕਰਕੇ ਸਰਹਿੰਦ ਦੀਆਂ ਕੰਧਾਂ ਤਕ ਆ ਫਿਰੇ, ਤੇ ਜੈਨਖਾਂ ਸੂਬਾ ਫੌਜ ਲੈਕੇ ਓਨ੍ਹਾਂ
ਦੇ ਪਿੱਛੇ ਲੱਗ ਪਿਆ ਤਾਂ ਖਾਲਸੇ ਨੇ ਚੰਗਾ ਮੌਕਾ ਦੇਖ ਕੇ, ਅਰਦਾਸੇ ਸੋਧ, ਪੰਦ੍ਰਾਂ ਕੋਹਾਂ
ਤੋਂ ਹੱਲਾ ਕਰ ਦਿੱਤਾ। ੧੩ ਜੇਠ ਸੰਘਾਂਦ ਚੋਥ ਵਾਲੇ ਦਿਨ ਸੰ: ੧੮੨੦ ਬਿ: ਨੂੰ ਖੁੱਲ੍ਹੇ ਦ
ਰਵਾਜ਼ੀ ਅੱਚਾਰੇਤ ਠੇਠ ਦੇ ਪਹਿਰ ਦੇ ਸਮੇ ਸਰਹਿੰਦ ਵਿੱਚ ਜਾ ਵੜੇ। ਬਿਨਾ ਪੁੱਛ ਕ
ਤਲਾਮ ਸ਼ੁਰੂ ਕਰ ਦਿੱਤੀ, ਖਲਕਤ ਘਰ ਛੱਡ ਛੱਡ ਭੱਜ ਤੁਰੀ। ਫੇਰ ਤਾਂ ਭੈਣ ਨੂੰ ਭਾ
ਈ ਪੁੱਤ੍ਰ ਨੂੰ ਮਾਈ, ਸੱਸ ਨੂੰ ਜਮਾਈ, ਪਤੀ ਨੂੰ ਇਸਤ੍ਰੀ ਨਾ ਮਿਲਣੀ ਪਾਈ। ਜਿਧਰ ਜਿਸ
ਦਾ ਮੂੰਹ ਹੋਇਆ ਓਧਰੇ ਦੌੜ ਗਿਆ।

ਸਰਹਿੰਦ ਲੁੱਟਣੀ

ਏਹ ਖਬਰ ਸੁਣਕੇ ਸੂਬੇਦਾਰ ਜੈਨਖਾਂ ਫੌਜ ਸਮੇਤ ਜਦ ਸਰਹਿੰਦ ਦੀ ਤਰਫ਼ ਮੁੜ੍ਹ ਕੇ ਆ
ਯਾ ਤਾਂ ਸਿੰਘਾਂ ਨੇ ਚਾਰ ਕੋਹ ਅੱਗੇ ਵਧ ਕੇ ਬੂਲਾੜੇ ਪਿੰਡ ਪਾਸ ਜਾ ਰੋਕਿਆ, ਬੜਾ ਭਾਰੀ
ਜੰਗ ਹੋਯਾ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ, ਓੜਕ ਸਰਦਾਰ ਜੱਸਾ ਸਿੰ
ਘ ਆਲੂਵਾਲੀਏ ਦੇ ਧੂਗਾੜ੍ਹੇ ਨੇ ਜੈਨਖਾਂ ਨੂੰ ਜੈ ਕੀਤਾ, ਜਦ ਘੋੜ੍ਹੇ ਉੱਤੋਂ ਡਿੱਗਿਆ ਤਾਂ
ਸਰਦਾਰ ਬਹਾਦਰ ਦੇ ਸੁਖਈ ਬਰਾਜ ਸਿੰਘ ਨੇ ਜੈਨਖਾਂ ਦਾ ਸਿਰ ਕੱਟ ਕੇ, ਨੱਵਾਬ ਕ
ਪੂਰ ਸਿੰਘ ਅੱਗੇ ਜਾ ਰੱਖਿਆ। ਸਰਹਿੰਦ ਤੋਂ ਤਿੰਨ ਕੋਹ ਪਰ ਜੈਨੇ ਪੀਰ ਦੀ ਖਾਨਕਾਹ (ਸ
ਮਾਧ) ਹੈ ਓਥੇ ਜਦ ਜੈਨਖਾਂ ਮਾਰਿਆ ਗਿਆ, ਤਾਂ ਓਸ ਦੀ ਫੌਜ ਸਬ ਤਿੱਤ੍ਰ ਬਿੱਤ੍ਰ ਹੋ ਗਈ
। ਤਦ ਸਿੰਘਾਂ ਨੇ ਨਿਸੰਗ ਹੋਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਪੂਰਾ ਕੀ
ਤਾ, ਕਈ ਦਿਨ ਤਕ ਓਥੇ ਡੇਰਾ ਰੱਖ ਕੇ ਚੰਗੀ ਤਰਾਂ ਸ਼ਹਿਰ ਲੁੱਟਿਆ ਤੇ ਬੜ੍ਹੇ ਦ ਮੰਦਰ
ਬਾਰੂਦ ਨਾਲ ਜੜ੍ਹਾਂ ਤੋਂ ਉਖੇੜ ਸੁੱਟੇ। ਗਿਰਦਾ ਨਿਵਾਂਹੀ ਦੀ ਬੇਸ਼ੁਮਾਰ ਖਲਕਤ ਤੇ ਧਾ
ਣਵੀ ਲੋਗ ਪੀੜ੍ਹੀਆਂ ਦੇ ਪ੍ਰਸਾਦੇ ਲੈ ਗਏ। ਓਥੋਂ ਦੇ ਸਾਹੂਕਾਰ, ਤੇ ਹਰ ਤਰਾਂ ਦੇ ਹੁਨਰ
ਵਾਲੇ ਲੋਗ ਉਜੜ ਕੇ ਲੁਦੇਹਾਣੇ, ਅੰਮ੍ਰਿਤਸਰ, ਲਾਹੌਰ, ਦਿੱਲੀ, ਪਟਿਆਲੇ ਆਦਿਕ
ਨਗਰਾਂ ਵਿੱਚ ਬਹੁਤ ਜਾ ਬਸੇ ਜੋ ਹੁਣ ਤਕ ਸਰਹਿੰਦੀ ਨਾਮ ਕਰਕੇ ਮਸ਼ਹੂਰ ਹਨ। ਜ
ਦ ਸ਼ਹਿਰ ਵਿੱਚ ਕੁਛ ਨਾ ਰਿਹਾ ਤਾਂ ਪੰਚੀ ਸਹਜਾਰ ਰੁਪਯਾ ਨਕਦ ਰਾਜਾ ਆਲਾ ਸਿੰਘ



Digitized by Panjab Digital Library | www.panjabdigilib.org

ਤੋਂ ਖਾਲਸੇ ਨੇ ਲੈਕੇ ਕਿਲੇ ਸਮੇਤ ਸ਼ਹਰ ਰਾਜੇ ਦੇ ਹਵਾਲੇ ਕਰ ਦਿੱਤਾ, ਜਿੱਥੋਂ ਬੇਸ਼ੁਮਾਰ ੧੮੧
ਹੱਥਿਆਰ ਤੋਪਾਂ ਆਦਿਕ ਜੋ ਹੁਣ ਤਾਂਈ ਪਟਿਆਲੇ ਵਿੱਚ ਹਨ, ਰਾਜਾ ਦੇ ਹੱਥ ਆਏ। ਹੋ
ਰ ਮੁਲਕ ਦਰਿਆ ਸਤਲੁਜ ਤੇ ਜਮਨਾ ਦੇ ਅੰਦਰ ੨ ਸਭ ਖਾਲਸੇ ਨੇ ਮੱਲ ਲਿਆ।
ਜੇਹੜਾ ਪਰਗਣਾ ਜਿਸ ਸਰਦਾਰ ਨੇ ਤੇ ਜੇਹੜਾ ਪਿੰਡ ਜਿਸ ਅਸਵਾਰ ਨੇ ਰੋਕ ਲਿਆ, ਉਸ
ਨੂੰ ਫੇਰ ਦੂਸਰੇ ਸਿੰਘ ਨੇ ਟੋਕ ਨਹੀ ਕੀਤੀ ਉਹੋ ਉਸਦਾ ਮਾਲਕ ਬਣਿਆ ਰਿਹਾ।
ਪਰਗਨਾ ਸਰਹੰਦ, ਥਾਨ੍ਹਾ, ਰਾਜਪੁਰਾ, ਬੰਨੂੜ, ਚਨਾਲਥਲ, ਆਦਿਕ ਰਾਜਾ ਆਲਾ
ਸਿੰਘ ਨੇ, ਅਮਲੋਹ, ਭਾਦਸੋਂ ਆਦਿਕ ਚੌਧਰੀ ਹਮੀਰ ਸਿੰਘ ਨੇ, ਘੜੂਰ ਆਦਿਕ ਚੌਧ
ਰੀ ਖਿਆਲਾ ਸਿੰਘ ਨੇ, ਮਲੌਦ ਆਦਿਕ ਸਰਦਾਰ ਮਾਨ ਸਿੰਘ ਨੇ, ਪੇਹੋਵਾ, ਮਰਾੜ ਬਹੂਨਾ,
ਕੈਥਲ, ਕਰਨਾਲ, ਕੁਲਾਰ, ਆਦਿਕ ਭਾਈ ਦੇਸੂ ਸਿੰਘ ਨੇ। ਇਸੇ ਤਰਾਂ ਮਸੈਲ ਛੌਲ ਕਰ
ਨਾਲ ਤਕ ਸਭ ਦੇਸ ਆਪਣੇ ਕਾਬੂ ਕਰ ਬੈਠੇ। ਇਨਾਂ ਦਾ ਪੂਰਾ ਹਾਲ ਤੀਜੇ, ਚੌਥੇ ਹਿੱਸੇ ਵਿੱਚ
ਹੈ। ਏਹ ਬਵੰਜਾ ਲੱਖ ਰੁਪਏ ਦਾ ਮੁਲਕ ਥਾਉਣੀ ਸਰਹੰਦ ਖਾਲਸੇ ਦੇ ਹੱਥ ਆਉਣੇ ਕਰ
ਤੇਜ ਪ੍ਰਤਾਪ ਬਹੁਤ ਵਧ ਗਿਆ। — ਇਸ ਸਰਹੰਦ ਪਰ ਹਮੇਸ਼ ਸਿੰਘ ਦੰਦਪੀਹ
ਕਰਦੇ ਸੇ, ਕਯੋਂਕਿ ਔਰੰਗਜ਼ੇਬ ਦੇ ਸਮੇ ਸੰ: ੧੭੬੧ ਬਿ: ਵਿੱਚ ਗੁਰੂ ਗੋਬਿੰਦ ਸਿੰਘ ਸਾ
ਹਿਬ ਦੇ ਸਾਹਜ਼ਾਦੇ ਛੋਟੇ ੨ ਬੇਗੁਨਾਹ, ਸੂਬੇ ਬਜੀਦ ਖਾਂ ਨੇ ਕਤਲ ਕਰਾ ਛੱਡੇ ਸੇ, ਇਸ
ਕਰਕੇ ਗੁਰੂ ਮਹਾਰਾਜ ਦਾ ਹੁਕਮ ਸੀ ਕਿ ਮੇਰੇ ਸਿੰਘ ਇਸ ਦੀਆਂ ਜੜ੍ਹਾਂ ਪੁੱਟਕੇ ਸਤਲੁਜ
ਵਿੱਚ ਸਿੱਟਣਗੇ, ਤਾਂਹੀ ਸਿੰਘ ਇਸ ਨੂੰ ਉਜਾੜਕੇ ਬੈਠੇ ਹੋਏ, ਪੰਜ ਪੰਜ ਇੱਟਾਂ ਹਰ ਇਕ ਸਿੰ
ਘ ਨੇ ਸਤਲੁਜ ਵਿੱਚ ਪਾਈਆਂ, ਤੇ ਪਾਉਂਦੇ ਰਹੇ, ਬਾਕੀ ਸੰ: ੧੯੨੮ ਤੇ ੨੯ ਬਿ: ਵਿੱਚ ਮਹਾ
ਰਾਜੇ ਮਹਿੰਦ੍ਰ ਸਿੰਘ ਪਟਿਆਲੇ ਵਾਲੇ ਨੇ ਰੇਲਵਾਈਆਂ ਤੋਂ ਉਹੋ ਥੇਹ ਪੁਟਵਾਕੇ ਦੂਰ ਦੂ
ਰ ਤਕ ਰੇਲ ਦੀ ਸੜਕ ਵਿੱਚ ਪਵਾਏ। ਇਧਰ ਸਿੰਘਾਂ ਨੇ ਸਰਹੰਦ ਦੇ ਮੁਲਕ ਪਰ ਆਪ
ਣੀ ਮਾਲਕੀ ਕਰ ਲਈ ਤੇ ਉਧਰ ਮਾਝਾ, ਦੁਆਬਾ, ਰਚਨਾ ਆਦਿਕ ਦੇਸ ਸੁੱਕ੍ਰਚੱਕੀਆਂ
ਘਨੱਯਾਂ, ਨਕੱਯਾਂ, ਰਾਮਗੜੀਆਂ, ਭੰਗੀ ਸਰਦਾਰਾਂ ਨੇ ਰੋਕ ਲਏ। ਇਸ ਸਮੇ ਸੂਬੇ
ਲਾਹੌਰ ਦੇ ਹਾਕਮ ਦਾ ਹੁਕਮ ਸਿਰਫ ਸ਼ਹਿਰ ਦੇ ਅੰਦਰ ਅੰਦਰ ਹੀ ਰਿਹਾ।

ਜਾਲੰਧਰ ਦੇ ਹਾਕਮ ਸਾਹਦਲੀ ਖਾਂ ਨੇ ਸਰਦਾਰ ਤਾਰਾ ਸਿੰਘ ਗੈਬੇ ਨਾਲ ਕੁਛ ਪੰਜਾ
ਛਿੱਕਾ ਕੀਤਾ, ਪਰ ਜਦ ਜਾਣਿਆ ਕਿ ਸਿੰਘ ਮੈਨੂੰ ਨਹੀਂ ਛੱਡਣਗੇ ਤਾਂ ਦੜ ਵੱਟ ਗਿਆ।
ਤੇ ਏਹੋ ਸੋਚਕੇ ਕਾਬਲੀ ਮੱਲ ਨੇ ਭੀ ਸਿੰਘਾਂ ਨਾਲ ਨਾ ਬਿਗਾੜੀ।

Digitized by Panjab Digital Library | www.panjabdigilib.org

੧੬੨ ਜਦ ਮੁਸਲਮਾਨਾਂ ਨੇ ਲਾਹੌਰ ਵਿੱਚ ਤੀਸ ਗਊਆਂ ਦਾ ਖੂਨ ਕੀਤਾ, ਤਦ ਸਿੰਘਾਂ ਨੇ ਕਾਬ
ਲੀ ਮੱਲ ਨੂੰ ਕਹਿ ਭੇਜਿਆ ਤਾਂ ਉਸ ਨੇ ਕਸਾਈਆਂ ਦੇ ਹੱਥ ਨੱਕ ਕਟਵਾ ਕੇ ਸਜ਼ਾ ਦਿੱਤੀ।
ਐਸੇ ਸਮੇ ਸਿੰਘਾਂ ਦਾ ਜਸ ਸੁਣ ਕੇ, ਜਲਾਲਾਬਾਦ ਲੁਹਾਰੀ ਦੇ ਨਵਾਬਾਂ ਤੋਂ ਦੁਖੀ ਹੋ ਕੇ, ਬ੍ਰ
ਹਮਣ ਆਦਿਕ ਅਨੇਕ ਲੋਗ (ਜਿਨ੍ਹਾਂ ਦੀਆਂ ਔਰਤਾਂ, ਬੇਟੀਆਂ ਨਵਾਬਾਂ ਨੇ ਛੀਨ ਲ
ਈਆਂ ਸਨ) ਸਿੰਘਾਂ ਪਾਸ ਫਰਿਆਦੀ ਆਏ ਤੇ ਕਸੂਰ ਵਾਲੇ ਬ੍ਰਹਮਣਾਂ ਵਾਂਗੂ ਇਨ੍ਹਾਂ ਨੇ
ਭੀ ਬਹੁਤ ਸਾਰੀਆਂ ਬਾਤਾਂ, ਤੇ ਖਾਲਸੇ ਦੀ ਉਸਤਤਿ, ਅਤੇ ਆਪਣੇ ਦੁੱਖ ਸੁਣਾ ਕੇ ਖਾਲ
ਸੇ ਨੂੰ ਆਪਣੀ ਸਹਾਇਤਾ ਪਰ ਖੜਾ ਕਰ ਲਿਆ। ਖਾਲਸੇ ਨੇ ਭੀ ਸ੍ਰੀ ਅੰਮ੍ਰਿਤਸਰ ਤ
ਲਾਬ ਤੇ ਹਰਿਮੰਦਰ ਸਾਹਿਬ ਦੇ ਨਵਾਂ ਬਣਾਉਣ ਦਾ ਗੁਰਮਤਾ ਸਾਜ ਕਰ ਪੂਰਬ ਵੱਲ
ਤੱਯਾਰੀ ਕਰ ਦਿੱਤੀ ਅਤੇ ਅਰਦਾਸ ਕੀਤੀ ਕਿ ਲੁੱਟ ਦੇ ਮਾਲ ਵਿੱਚੋਂ ਦਸਵੰਧ ਗੁਰੂ ਮੰ
ਦਰ ਦੇ ਨਮਿਤ ਸਬ ਨੇ ਦੇਣਾ। — ਉਧਰ ਸ਼ਾਹ ਵਲੀ ਖਾਂ ਹਾਕਮ ਜਾਲੰਧਰ, ਤੇ ਜੈਨ ਖਾਂ
ਸਰਹਿੰਦ ਵਾਲੇ ਦਾ ਮਾਰੇ ਜਾਣਾ ਸੁਣ ਕੇ ਅਤੇ ਸਿੰਘਾਂ ਦੀ ਦੇਸ ਵਿਚ ਗਰਦੀ, ਲਾਹੌਰੀ ਮੁਸ
ਲਮਾਨਾਂ ਦੀ ਅਰਜ਼ੀ ਤੇ ਕਸਾਈਆਂ ਦੇ ਨੱਕ ਹੱਥ ਕੱਟੇ ਜਾਣ ਦੀ ਖਬਰ ਪਾ ਕੇ, ਅਹਿਮਦ
ਸ਼ਾਹ ਨੌਮੀ ਵਾਰੀ ਪਚਾਸ ਹਜ਼ਾਰ ਅਸਵਾਰ ਲੈ ਕੇ ਪੰਜਾਬ ਪਰ ਸੰ: ੧੮੨੧ ਬਿ: ਨੂੰ ਚੜ੍ਹ

ਅਹਿਮਦ ਸ਼ਾਹ ਦਾ ੯ ਵਾਂ ਹੱਲਾ ਸੰ: ੧੮੨੧

ਆਯਾ। ਸਿੰਘ ਤਾਂ ਅੱਗੇ ਹੀ ਤੱਯਾਰ ਸੇ, ਬਾਦਸ਼ਾਹ ਦਾ ਆਉਣਾ ਸੁਣ ਕੇ ਪੂਰਬ ਵੱਲੀ
ਚੜ੍ਹ ਤੁਰੇ। — ਬਾਦਸ਼ਾਹ ਨੇ ਲਾਹੌਰ ਪਹੁੰਚ ਕੇ, ਕਸਾਈਆਂ ਦੇ ਨੱਕ ਹੱਥ ਕੱਟਣ ਬਦ
ਲੇ ਕਾਬਲੀ ਮੱਲ ਦੀ ਸੂਬੇਦਾਰੀ ਤੋੜ ਕੇ ਨਾਯਬ ਸੂਬਾ ਬਣਾਯਾ ਤੇ ਇਸ ਦੀ ਜਗਾ ਦਾਫ਼ਰ
ਖਾਂ ਨੂੰ ਪੂਰਾ ਸੂਬਾ ਬਣਾ ਕਰ, ਜਹਾਨ ਖਾਂ ਨੂੰ ਦਸ ਹਜ਼ਾਰ ਕਜ਼ਲਬਾਸ਼ ਪਠਾਣਾਂ ਦੀ ਫੌ
ਜ ਦੇ ਕੇ, ਸਿੰਘਾਂ ਦੇ ਸੋਧਣ ਵਾਸਤੇ, ਪੰਜਾਬ ਵਿੱਚ ਛੱਡ ਕੇ ਆਪ ਉਥੋਂ ਹੀ ਕਾਬਲ ਨੂੰ ਮੁੜ
ਗਿਆ। — ਉਧਰ ਸਿੰਘਾਂ ਨੇ ਕੁੰਜਪੁਰਾ[1], ਦਿਵਾੜੀ ਦੀ ਲੁੱਟਮਾਰ ਕਰ ਜਮਨਾ ਪਾਰ ਹੋ
ਕੇ ਮੀਰਪੁਰ, ਦੇਬਨ, ਮੁਜ਼ੱਫਰਨਗਰ ਆਦਿਕ ਕਸਬਿਆਂ ਦੀ ਸੋਧਨਾ ਕਰ ਕੇ, ਲੰਢੌਰੇ
ਦੇ ਰਾਇ ਮੱਲ ਗੁੱਜਰ ਰਾਜੇ ਨੂੰ ਜਾ ਘੇਰਿਆ। ਉਪਰੰਤ ਇਸ ਤੋਂ ਬੀਸ ਹਜ਼ਾਰ ਰੁਪਯਾ ਲੈ ਕੇ
ਅੰਬਲੀ ਦੇ ਗੁਸਾਂਈਆਂ ਤੋਂ ਪਚਾਸ ਹਜ਼ਾਰ ਰੁਪਯਾ ਜਾ ਲਿਆ। ਫੇਰ ਹਰਿਦ੍ਵਾਰ ਦੇ ਮਠ
ਧਾਰੀ ਗੁਸਾਂਈਆਂ ਨੂੰ ਜਾ ਸੋਧਿਆ, ਉਸ ਸਮੇ ਇਹੋ ਲੋਗ ਦੇਸ ਵਿੱਚ ਮਾਲਧਾਰੀ ਸੇ ਤੇ ਲੱ
ਖਾਂ ਪਤੀ ਸੇ, ਸਬ ਰਾਜੇ ਸਰਦਾਰ ਇਨ੍ਹਾਂ ਦੇ ਕਰਜ਼ਾਈ ਰਹਿੰਦੇ ਸੇ। ਫੇਰ ਗੰਗਾ ਪਾਰ ਹੋ ਕੇ

੧ ਕੁੰਜਪੁਰੇ ਵਿਚ ਨੱਵਾਬ ਨਜਾਬਤ ਅਲੀ ਖਾਂ ਦੀ ਔਲਾਦ ਬੀਸ ਹਜ਼ਾਰ ਦੀ ਜਾਗੀਰਦਾਰ ਹੈ।

Digitized by Panjab Digital Library | www.panjabdigilib.org

ਨਜੀਬਾਬਾਦ, ਨਗੀਨਾ, ਅਨੂਪਸ਼ਹਿਰ, ਗੜ੍ਹਮੁਕਤੇਸ਼ਰ ਆਦਿਕ ਬੜੇ ੨ ਧਨੀ ਪਿੰਡ ੧੯੩
ਕਸਬੇ ਉਗਰਾਹੇ। ਫੇਰ ਜਲਾਲਾਬਾਦ ਲੁਹਾਰੀ ਦੇ ਨਵਾਬਾਂ ਨੂੰ ਜਾ ਘੇਰਿਆ।
ਨਵਾਬ ਹਸਨਖਾਂ, ਮੌਜਦ ਸੈਦ ਮੁਹੰਮਦਖਾਂ, ਜਲਾਲਦੀਨ ਤੇ ਸ਼ਰਫਦੀਨ ਆਦਿਕਾਂ
ਨੇ ਸਿੰਘਾਂ ਦੇ ਰੋਕਣ ਵਾਸਤੇ ਹੈਦਰੀ ਝੰਡਾ ਖੜਾ ਕਰਕੇ, ਬੇਸ਼ੁਮਾਰ ਮੁਸਲਮਾਨ ਕੱਠੇ ਕਰ
ਲਏ, ਸੈਂਕੜੇ ਢੋਲ ਨਗਾਰੇ ਬਜਾਉਂਦੇ, ਹੂਲ ਹਲ ਮਚਾਉਂਦੇ, ਤਿੰਨ ਕੋਹ ਅੱਗੇ ਆਲੜੇ।
ਭੁਲਾ ਕਿਥੇ ਮਾਂਗਵੀਂ ਧਾੜ, ਬਣ ਬਣ ਦੀ ਲਕੜੀ, ਬਾਂਕੇ ਟੇਢੇ ਮੁਸਲਮਾਨ, ਜਿਨ੍ਹਾਂ ਨੇ
ਕਦੇ ਜੰਗ ਤੇ ਸਿੰਘ ਵੇਖੇ ਭੀ ਨਹੀਂ ਸੇ, ਕਿਥੇ ਜੰਗ ਜਦਲ ਸਮੁੰਦ੍ਰ ਦੇ ਮੱਛ, ਇੱਕੋ ਸਾਂਚੇ ਦੇ
ਢਲੇ ਹੋਏ, ਸੂਰਬੀਰ ਸਿੰਘ ਜੋ ਹਮੇਸ਼ਾਂ ਲੜਾਈਆਂ ਹੀ ਕਰਦੇ ਸੇ। ਮੁਸਲਮਾਨ ਤਾਂ ਦੇ
ਖਦੇ ਹੀ ਲਾਹੌਲ ਪੜ੍ਹਨ ਲੱਗ ਪਏ, ਪਹਿਲੇ ਹੱਲੇ ਹੀ ਅੱਲਾ ਅੱਲਾ ਪੁਕਾਰ ਉੱਠੇ। ਸਿੰ
ਘਾਂ ਦੀ ਤੇਗ ਨੇ ਐਸਾ ਹੌਲ ਪਾਯਾ, ਸਭ ਦੇ ਤੰਬੂਆਂ ਵਿੱਚ ਝੌਲ ਪਏ, ਨਿਕਲਨਾ ਮੁਸ
ਲਮਾਨ ਸਭ ਦੌੜ ਗਏ, ਨਵਾਬ ਕਿਲੇ ਵਿੱਚ ਆਕੀ ਹੋ ਬੈਠੇ। ਸਿੰਘਾਂ ਨੇ ਕਸਬੇ ਜਲਾਲਾ-
ਬਾਦ ਸਮੇਤ ਉਨ੍ਹਾਂ ਦੇ ਪਰਗਣੇ ਦੀ ਜਦ ਚੰਗੀ ਤਹਸੀਲ ਕਰ ਲਈ ਤਾਂ ਕਿਲੇ ਨੂੰ ਗੱਬ
ਜਾ ਪਾਯਾ, ਤੇ ਚਾਰ ਘੜੀ ਵਿੱਚ ਪਾਰ ਬੁਲਾਯਾ, ਇਕ ਇਕ ਫਿਰ ਵੜੇ ਆਈ, ਕੰਧ ਤੋੜ
ਕੇ ਅੰਦਰ ਵੜ ਗਏ। ਮੌਜਦ ਹਸਨਖਾਂ ਜਲਾਲਦੀਨ ਆਦਿਕ ਤੇਗ ਨੂੰ ਛਕਾ ਛੱਡੇ
।ਉਨ੍ਹਾਂ ਬ੍ਰਾਹਮਣਾਂ ਦੀ ਇੱਛਿਆ ਅਨੁਸਾਰ ਉਨ੍ਹਾਂ ਦੀਆਂ ਔਰਤਾਂ ਜੋ ਨਵਾਬਾਂ ਨੇ ਛੀਨ ਰੱਖੀ
ਆਂ ਸਨ, ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ ਤੇ ਉਨ੍ਹਾਂ ਦੇ ਹੱਥੋਂ ਰਸੋਈ ਬਣਵਾ ਕੇ ਬ੍ਰਾਹਮਣਾ
ਨੂੰ ਛਕਾ ਕਰ, ਭਾਈਚਾਰੇ ਵਿੱਚ ਰਲਾ ਦਿੱਤਾ। ਓਥੋਂ ਚਲ ਕੇ, ਦਾਰਾਗੰਜ, ਸੰਭਲ, ਮੁਰਾਦ
ਬਾਦ, ਚੰਦੌਸੀ, ਕਾਸਗੰਜ, ਕੌਡੀਆਗੰਜ, ਬਰੇਲੀ, ਅਲੀਗੜ੍ਹ, ਖੁਰਜਾ ਆਦਿਕ ਉ
ਸ ਦੇਸ ਦੇ ਸ਼ਹਿਰ ਕਸਬੇ ਲੁੱਟ ਮਾਰ, ਬਹੁਤ ਦੌਲਤ ਲੈਕੇ, ਚੌਥੇ ਮਹੀਨੇ ਪੰਜਾਬ ਨੂੰ ਮੁ
ੜ ਆਏ। ਦਸਵਾਂ ਹਿੱਸਾ ਸਭਨੇ ਦਰਬਾਰ ਸਾਹਿਬ ਦੇ ਨਮਿਤ ਅਰਦਾਸ ਕਰਾ ਦਿੱਤਾ
ਏਹ ਤਿੰਨ ਲੱਖ ਰੁਪਏ ਤੋਂ ਉੱਪਰ ਹੋ ਗਿਆ। ਏਹ ਸਭ ਰੁਪਯਾ ਮੋਹਣ ਮੱਲ, ਭਾਗਮੱ
ਲ, ਲਿਬ ਤੇ ਸਆਮ ਭਾਬੜਾ, ਕਲਿਆਣਾ ਧਾਸੀ ਏਨ੍ਹਾਂ ਸ਼ਾਹੂਕਾਰਾਂ ਪਾਸ ਜਮਾ ਕਰਕੇ,
ਭਾਈ ਦੇਸਰਾਜ ਨੂੰ (ਜੋ ਸੁਰਸਿੰਘ ਪਿੰਡ ਦਾ ਖੱਤ੍ਰੀ ਸੀ ਤੇ ਮਸ਼ਹੂਰ ਸਤਪੁਰਸ਼ ਸੀ) ਤਾਲ-
ਬ ਅੰਮ੍ਰਿਤਸਰ ਤੇ ਹਰਿਮੰਦਰ ਬਣਾਉਣ ਵਾਸਤੇ ਸੌਂਪ ਦਿੱਤਾ। ਏਹ ਆਦਿ ਰਕਮ ਲੈਕੇ ਮਸ-
ਲਾ ਜਮਾ ਕਰਨ ਲਗ ਪਿਆ।

ਜਲਾਲਾ ਬਾਦ ਤੇ ਕਬਜ਼ੇ ਸਿੰਘਾਂ ਦੇ

੧੬੪ ਏਧਰ ਜਿਸਦਾਂ ਦਾਵਰਖਾਂ ਨੂੰ ਲਾਹੌਰਦਾ ਸੂਬਾ ਤੇ ਜਹਾਨਖਾਂ ਨੂੰ ਦਸਹਜਾਰ ਅਸਵਾਰ ਕ
ਜ਼ਲਬਾਸ ਦੇ ਕੇ ਸਿੰਘਾਂ ਦੇ ਮਾਰਨ ਲਈ ਅਹਿਮਦਸ਼ਾਹ ਛੱਡ ਗਿਆ ਸੀ, ਉਨ੍ਹਾਂ ਨੇ ਸਿੰ
ਘਾਂ ਦੇ ਪੂਰਬ ਵੱਲੀ ਗਏ ਪਿੱਛੋਂ ਏਨਾਂ ਦੇ ਪਰਗਣੇ ਦਬਾਕੇ, ਸਿੰਘਾਂ ਦੇ ਸਬੰਧੀਆਂ
ਨੂੰ ਬਹੁਤ ਕਲੇਸ਼ ਦਿੱਤੇ। ਜਦ ਚਾਰ ਪੰਜ ਮਹੀਨੇ ਪਿੱਛੋਂ ਸਿੰਘ ਪੰਜਾਬ ਵਿੱਚ ਆਏ
ਤਾਂ ਦੀਵਾਨ ਕਾਬਲੀਮੱਲ ਨੇ ਸਿੰਘਾਂ ਨਾਲ ਮਿਲ ਕੇ ਦਾਵਰਖਾਂ ਨੂੰ ਕੈਦ ਕਰ ਲਿਆ।
ਸਿੰਘਾਂ ਨੂੰ ਜਹਾਨਖਾਂ ਦੇ ਮਗਰ ਪਾ ਦਿੱਤਾ। ਖਾਲਸੇ ਨੇ ਸੰ:੧੮੨੨ ਬਿ: ਨੂੰ ਸਿਆਲਕੋਟ
ਵਿੱਚ ਜਹਾਨਖਾਂ ਨੂੰ ਜਾ ਘੇਰਿਆ। ਪੰਦ੍ਰਾਂ ਦਿਨ ਤਕ ਜਹਾਨਖਾਂ ਅੰਦਰ ਰਿਹਾ, ਫਿਰ ਕਰੁਤਾ
ਸ ਵੱਲ ਭੱਜ ਗਿਆ। ਰੁਤਾਸ ਦੇ ਕਿਲੇ ਤਕ ਜਾਂਦਿਆਂ ੨ ਕਈ ਵਾਰੀ ਲੜੇ। ਦੋਹਾਂ ਤਰਫਾਂ
ਦੇ ਆਦਮੀ ਭੀ ਮਰੇ। ਪਰ ਜਹਾਨਖਾਂ ਨੂੰ ਸਿੰਘਾਂ ਨੇ ਦੇਸ ਵਿੱਚੋਂ ਕੱਢ ਛੱਡਿਆ। ਤੇ ਕਾਲੇ
ਦੀ ਸਰਾਇ ਤਕ ਸਰਦਾਰ ਗੁੱਜਰਸਿੰਘ ਭੰਗੀ ਨੇ ਦੇਸ ਪਰ ਕਬਜ਼ਾ ਕਰਕੇ, ਗੁਜਰਾ
ਤ ਨੂੰ ਰਾਜਧਾਨੀ ਬਣਾਯਾ। ਕਿਲੇ ਰੁਤਾਸ, ਧੰਨੀ, ਪੋਠੋਹਾਰ ਦੇਸ ਉੱਪਰ ਸਰਦਾਰ ਚ
ੜ੍ਹਤਸਿੰਘ ਨੇ ਮਾਲਕ ਹੋ ਕੇ, ਗੁਜਰਾਂਵਾਲਾ ਆਪਣੀ ਰਜਧਾਨੀ ਬਣਾਯਾ। ਚਨੀ
ਓਟ ਦਾ ਪਰਗਨਾ ਸਰਦਾਰ ਹਰੀਸਿੰਘ ਭੰਗੀ ਨੇ ਕਬਜ਼ੇ ਕੀਤਾ।

ਅਹਿਮਦ ਸ਼ਾਹ ਦਾ ੧੦ ਹੱਲਾ ਬਿ:੧੮੨੨

ਜਦ ਜਹਾਨਖਾਂ ਨੇ ਕਾਬੁਲ ਜਾਕੇ ਬਾਦਸ਼ਾਹ ਨੂੰ ਆਪਣਾ ਭੈੜਾ ਹਾਲ ਸੁਣਾਯਾ ਤਾਂ ਬਾਦ
ਸ਼ਾਹ ਨੂੰ ਸੁਣਕੇ ਕੰਪਣੀ ਲੱਗ ਉਠੀ, ਤੜਫਦੇ ਨੇ ਰਾਤ ਕੱਟੀ, ਸਵੇਰੇ ਹੀ ੮੦ ਅੱਸੀ ਹਜ਼ਾਰ
ਅਸਵਾਰ ਲੈ ਕੇ ਕੂਚ ਕੀਤਾ। ਲਾਹੌਰ ਪਹੁੰਚ ਕਰ ਕਾਬਲੀਮਲ ਨੂੰ ਕੈਦ ਕਰ, ਦਾਵਰ
ਖਾਂ ਨੂੰ ਫੇਰ ਸੂਬਾ ਬਣਾਯਾ, ਜਦ ਸਾਰੇ ਸ਼ਹਿਰ ਤੇ ਦੇਸ ਦੇ ਚੌਧਰੀਆਂ ਨੇ ਕਾਬਲੀਮਲ
ਦੀ ਬਹੁਤ ਸਿਫਾਰਸ਼ ਕੀਤੀ ਤਾਂ ਫੇਰ ਉਸੇ ਨੂੰ ਲਾਹੌਰ ਦਾ ਸੂਬਾ ਬਣਾ ਦਿੱਤਾ। ਸਿੰਘਾਂ ਦੇ
ਫੜਨ ਵਾਸਤੇ ਪਿੰਡ ੨ ਕਸਬੇ ੨ ਆਪਣੀ ਫੌਜ ਫੇਰ ਦਿੱਤੀ, ਪਰ ਸਿੰਘਾਂ ਦਾ ਪਤਾ ਕਿਤੇ ਨ
ਪਾਯਾ, ਕਿਉਂਕੇ ਸਿੰਘ ਤਾਂ ਉਸਦੀ ਅਵਾਈ ਸੁਣਦੇ ਸਾਰ ਝਾੜੀ, ਪਹਾੜੀ, ਝੀਲ ਕਾਨੂਆ
ਣ, ਸਾਂਦਲ, ਨਨਕਾਣੇ, ਚੂਨੀਕਾਣੇ, ਸਾਹੀਵਾਲ ਆਦਿਕ ਜੰਗਲਾਂ ਵਿੱਚ (ਜਿੱਥੇ ਦੁ
ਰਾਨੀਆਂ ਨੂੰ ਜਾਣਾ ਮੌਤ ਸੀ) ਮੰਗਲ ਮਨਾ ਰਹੇ ਸੇ। — ਏਸੇ ਸਮੇ ਸ਼ਾਹਜ਼ਾਦਾ
ਤਮੂਰਸ਼ਾਹ ਬਾਦਸ਼ਾਹ ਤੋਂ ਬਿਗੜ ਕੇ, ਇੱਕ ਦਸਤਾ ਫੌਜ ਦਾ ਆਪਣੇ ਨਾਲ ਲੈ ਕਰ
ਪਿੱਛੇ ਲਾਹੌਰੋਂ ਮੁੜ ਗਿਆ। ਬਾਦਸ਼ਾਹ ਨੇ ਏਸੇ ਗੁੱਸੇ ਵਿੱਚ ਮੁਲਤਾਨ ਪਹੁੰਚ ਕਰ, ਸ਼ਾ
ਹਜ਼ਾਦੇ ਦੇ ਆਦਮੀ ਅਲੀਮੁਹੰਮਦਖਾਂ ਮੁਲਤਾਨ ਦੇ ਸੂਬੇ ਨੂੰ ਕੈਦ ਕਰਕੇ ਪੇਟ ਚਾਕ

Digitized by Panjab Digital Library | www.panjabdigilib.org

ਕਰ ਦਿੱਤਾ, ਤੇ ਉਸ ਦੀ ਥਾਂ ਸੁਜਾਖਾਂ ਅਮੀਰ ਨੂੰ ਸੂਬਾ ਕਰ ਕੇ, ਲਹੌਰ ਆਕਰ, ਜੰਮੂੰ ਕ ੧੮੫
ਸ਼ਮੀਰ ਦੇ ਰਸਤੇ ਕਾਬੁਲ ਨੂੰ ਚਲਾ ਗਿਆ।

ਕਾਬੁਲੀਮੱਲ ਲਾਹੌਰ ਦਾ ਸੂਬਾ ਭੀ ਕਸ਼ਮੀਰ ਤਕ ਬਾਦਸ਼ਾਹ ਦੇ ਨਾਲ ਗਿਆ ਸੀ ਉਸ ਦੇ ਜਾਂਦੇ ਨੂੰ ਸਿੰਘਾਂ ਨੇ ਫੇਰ ਝਟਾਪਟ ਜੰਗਲਾਂ ਵਿਚੋਂ ਬੱਦਲਾਂ ਵਾਂਗੂ ਨਿਕਲ ਨਿਕਲ, ਆਪੋ ਆਪਣੇ ਇਲਾਕੇ ਮੱਲ ਲਏ ਤੇ ਲਗਦੇ ਹੱਥ ਸਰਦਾਰ ਗੁੱਜਰਸਿੰਘ, ਲੈਣਾ ਸਿੰਘ, ਸੋਭਾ ਸਿੰਘ ਏਹ ਤਿੰਨੇ ਲਾਹੌਰ ਵਿੱਚ ਜਾ ਵੜੇ, ਸ਼ਹਰ ਨੂੰ ਤਿੰਨੀ ਥਾਂਈ ਵੰਡ ਕੇ ਆਪਣੇ ੨ ਹਿੱਸੇ ਦੇ ਮਾਲਕ ਬਣ ਬੈਠੇ ਅਤੇ ਕਾਬਲੀਮੱਲ ਦਾ ਭੀ ਸਬ ਮਾਲ ਅਸਬਾਬ ਲੁੱਟ ਕੇ ਉਸ ਦੇ ਕਬੀਲੇ ਕੈਦ ਕਰ ਲਏ। ਏਹ ਖਬਰ ਸੁਣ ਕੇ ਕਾਬਲੀਮੱਲ ਤਾਂ ਡਰਦਾ ਜੰਮੂੰ ਹੀ ਠਹਿਰ ਗਿਆ ਤੇ ਪੰਜੀ ਹੱਜ਼ਾਰ[੨੫੦੦੦] ਰੁਪਯਾ ਦੇ ਕਰ, ਆਪਣੇ ਕਬੀਲੇ ਛੁਡਾ ਕਰ ਜੰਮੂੰ ਮੰਗਾ ਲਏ ਅਤੇ ਏਸ ਗਲ ਦੀ ਅਰਜੀ ਲਿਖ ਕੇ ਬਾਦਸ਼ਾਹ ਪਾਸ ਭੇਜੀ॥ ———— ਉਧਰ ਸੰਮਤ ੧੮੧੩ ਬਿ: ਨੂੰ ਜਦ ਰਾਜਾ ਭਰਤਪੁਰੀਆ ਸੂਰਜਮਲ, ਆਗਰੇ ਦੇ ਕਿਲੇ ਨੂੰ ਜਿੱਤ ਕੇ, ੧੫ ਪੰਦ੍ਰਾਂ ਕਰੋੜ ਰੁਪਯਾ ਅਕਬਰ ਦਾ ਦੱਬਿਆ ਹੋਯਾ ਕੱਢ ਕਰ, ਲੈ ਚੱਲਿਆ ਸੀ, ਤੇ ਨਜੀਬ ਖਾਨੇ ਰੁਹੇਲਿਆਂ ਦੀ ਫੌਜ ਬਹੁਤ ਸਾਰੀ ਲੈ ਜਾਕਰ, ਰਾਜੇ ਸੂਰਜਮੱਲ ਨੂੰ ਕਤਲ ਕਰ ਘੱਤਿਆ ਸੀ, ਸੋ ਹੁਣ ਰਾਜੇ ਜਵਾਹਰਮੱਲ ਨੇ ਆਪਣੇ ਬਾਪ ਦਾ ਵੈਰ ਲੈਣ ਵਾਸਤੇ, ਨਜੀਬਖਾਂ ਵਜੀਰ ਨੂੰ ਸੰ: ੧੮੨੨ ਬਿ: ਵਿੱਚ, ਦਿੱਲੀ ਆਣ ਘੇਰਿਆ। ਮਹੀਨਾ ਦਿਨ ਜੰਗ ਲੱਗਾ ਰਿਹਾ, ਜਦ ਰਾਜੇ ਨੇ ਫਤੇ ਹੁੰਦੀ ਨਾ ਦੇਖੀ ਤਾਂ ਸਿੰਘਾਂ ਦੇ ਦਲ ਨੂੰ, ਜਿਨ੍ਹਾਂ ਦੇ ਬਲ ਦੀ ਤੇ ਬਹਾਦਰੀ ਦੀ ਚਰਚਾ ਸਾਰੇ ਦੇਸ ਵਿੱਚ ਫੈਲ ਰਹੀ ਸੀ, ਤਿੰਨ ਲੱਖ ਰੁਪਯਾ ਨਕਦ ਤੇ ਦਾਰੂ ਸਿੱਕਾ ਦੇਣਾ ਕਰ ਕੇ ਆਪਣੀ ਕੁੰਮਕ ਉੱਤੇ ਬੁਲਾ ਲਿਆ। ਸਿੰਘ ਤਾਂ ਏਹੋ ਜੇਹੇ ਵੇਲੇ ਨੂੰ ਕੜਾਹ ਪ੍ਰਸਾਦ ਵਾਂਗੂ ਉਡੀਕਦੇ ਸੇ ਤੁਰਤ ਤਯਾਰੀ ਕਰ ਲਈ।

ਸਰਦਾਰ ਜੱਸਾ ਸਿੰਘ ਆਲੂਵਾਲੀਆ, ਬਘੇਲ ਸਿੰਘ, ਗੁਰਬਖਸ਼ ਸਿੰਘ ਕਰਮਾ ਸਿੰਘ, ਖੁਸ਼ਹਾਲ ਸਿੰਘ, ਤਾਰਾ ਸਿੰਘ, ਸੰਗਤ ਸਿੰਘ, ਸੁੱਧਾ ਸਿੰਘ ਆਦਿਕ ਆਪਣੀ ੨ ਮਿਸਲ ਦੇ ਸਿੱਖਾਂ ਸਰਦਾਰਾਂ ਨੂੰ ਨਾਲ ਲੈ ਕੇ ਚੜ੍ਹ ਪਏ ਸਾਰਾ ਤੀਸੈਂਹਜ਼ਾਰ[੩੦੦੦੦] ਸਿੰਘ ਜੁੜ ਗਿਆ। ਰਸਤੇ ਦੇ ਹਰਿਆਣੇ ਵਰਗੇ ਦੇਸਾਂ ਤੋਂ ਰੋਹਤਕ, ਸ਼ਾਮਲੀ[1]

[1] ਸ਼ਾਮਲੀ ਬਹੁਤ ਦੌਲਤ ਵਾਲਾ ਸ਼ਹਰ ਗਿਣੀਦਾ ਏਥੇ ਹੀ ਰੂੰਝੂਰ ਵਾਲੇ ਨੱਵਾਬ ਦੀ ਫੌਜ ਨੇ ਸਿੰਘਾਂ ਤੋਂ ਹਾਰ ਖਾਧੀ ਸੀ।

੧੬੬ ਫਤੇਪੁਰ, ਪਾਨੀਪਤਿ ਆਦਿਕ ਸ਼ਹਿਰਾਂ ਨੂੰ ਲੁੱਟ ਪੁੱਟ ਕੇ ਦਿੱਲੀ ਜਾ ਵੜੇ। ਰਾਜਾ ਜੁਆਹਿਰ ਮੱਲ ਨੇ ਬੜੀ ਖ਼ੁਸ਼ੀ ਮਨਾਈ, ਦਾਰੂ ਸਿੱਕੇ ਦੇ ਗੱਡੇ ਲੱਦ ਕੇ ਘੱਲ ਦਿੱਤੇ। ਲੜਾਈ ਦੇ ਵਕਤ ਸਿੰਘਾਂ ਦੀ ਬਹਾਦਰੀ ਦੇਖ ਕੇ ਮਨੇ ਆਪਣਾ ਮੋਰਚਾ ਅੱਗੇ ਵਧਾ ਲਿਆ, ਤੇ ਦਿੱਲੀ ਦਾ ਚੁਫੇਰਾ ਬੀਸ ੨ ਕੋਸ ਤਾਈਂ ਤਾਂ ਅੱਗੇ ਹੀ ਸੁਕਮਾਂਜ ਕਰ ਛੱਡਿਆ ਸੀ।

ਸਿੰਘਾਂ ਨੇ ਰਾਜੇ ਜੁਆਹਰ ਮੱਲ ਦੀ ਮਦਦ ਪਰ ਦਿੱਲੀ ਜਾ

ਨਜੀਬ ਖਾਂ ਨੇ ਅਹਿਮਦ ਸ਼ਾਹ ਨੂੰ ਫੌਜ ਦਾ ਖਰਚ ਦੇਣਾ ਕਰ ਕੇ ਬੁਲਾ ਭੇਜਿਆ ਸੀ, ਪਰ ਉਹ ਵਕਤ ਪਰ ਨਾ ਆਇਆ, ਇਸ ਕਰਕੇ ਨਜੀਬ ਖਾਂ ਨੇ ਹਾਰ ਹੁੰਦੀ ਦੇਖ ਕਰ, ਰਾਜਾ ਜੁਆਹਰ ਮੱਲ ਨੂੰ ਕ੍ਰਿਤਮ ਮਲ੍ਹਾਰ ਰਾਉ ਦ੍ਵਾਰਾ ਆਪਣੀ ਬੇਟੀ ਦਾ ਡੋਲਾ (ਜੋਹਣਾ ਉਹ ਆਪਣੇ ਬਾਪ ਦੇ ਖੂਨ ਬਦਲੇ ਚਾਹੁੰਦਾ ਸੀ) ਦੇ ਕਰ ਸੁਲਾ ਕਰ ਲਈ, ਇਸ ਦੇ ਦਾਜ ਵਿੱਚ ਦੋ ਕਰੋੜ ਰੁਪਏ ਦਾ ਮਾਲ ਰਾਜਾ ਨੂੰ ਦਿੱਤਾ। — ਰਾਜਾ ਨੇ ਆਪਣੇ ਇਕਰਾਰ ਮੂਜਬ ਸਿੰਘਾਂ ਨੂੰ ਤਿੰਨ ਲੱਖ ਰੁਪਯਾ ਦੇ ਕੇ ਬਿਦਾ ਕੀਤਾ, ਪਰ ਸਿੰਘ ਆਪਣਾ ਸੁਭਾਵ ਕਰੇ ਬਿਨਾ ਕਦ ਮੁੜਦੇ ਸੇ, ਪੂਰਬ ਨੂੰ ਸਿੱਧੇ ਹੋ ਗਏ। — ਉਸ ਸਮੇ ਜਦ ਦਿੱਲੀ ਦੇ ਵਜ਼ੀਰਾਂ ਅਮੀਰਾਂ ਵਿੱਚ ਖਾਲਸੇ ਨੂੰ ਰੋਕਣ ਦੀ ਤਾਕਤ ਨਹੀਂ ਸੀ ਤਦ ਭਲਾ ਹੋਰ ਕੌਣ ਰੋਕੇ। ਜੋ ਸਿੱਖ ਤਾਂ ਦਾਜਾ ਬਲਮਗੜ੍ਹੀਏ ਤੇ ਫਰੁੱਖਾਬਾਦੀਏ ਆਦਿਕ ਨਵਾਬਾਂ ਤੋਂ ਮਨ ਭਾਏ ਨਜ਼ਰਾਨੇ ਲੈ ਬਜ਼ ਉਡਾ ਰਹੇ ਸੇ। ਉਧਰ ਜਦ ਪਹਿਲੇ ਕਾਬਲੀ ਮੱਲ ਦੀ ਅਰਜ਼ੀ ਕਾਬਲ ਵਿੱਚ ਪਹੁੰਚੀ ਤੇ ਫੇਰ ਨਜੀਬ ਖਾਂ ਦਾ ਬੁਲਾਵਾ ਜਾ ਫਿਰਿਆ, ਤਦ ਬਾਦਸ਼ਾਹ ਨੇ ਇਕ ਪੀਂਬ ਦੇ ਕਾਜ ਸੇ ਚਕੇ ਇੱਕ ਲੱਖ ਅਸਵਾਰ ਨਾਲ ਵਾਗ ਫੜ ਲਈ। — ਸਿੰਘ ਤਾਂ ਦੌੜੇ ਚੜ੍ਹੇ ਗਏ ਹੋਏ ਸੇ ਜੋ ਕੋਈ ਬਾਕੀ ਪੰਜਾਬ ਵਿੱਚ ਵਿੰਗਾ ਫਿਰਦਾ ਸੀ, ਉਹ ਭੀ ਜੰਗਲਾਂ ਵਿੱਚ ਜਾ ਰਿਹਾ। ਭਾਦ੍ਰੋਂ ਸੰ: ੧੮੨੩ ਬਿ: ਨੂੰ ਸ਼ਾਹ ਨੇ ਲਾਹੌਰ ਪਹੁੰਚ ਕੇ ਬਥੇਰੇ ਹੋਠ ਚੱਬੇ ਤੇ ਜਤਨ ਕੀਤੇ ਪਰ ਕੋਈ ਸਿੰਘ ਹੱਥ ਨਾ ਆਇਆ, ਉਲਟ ਲਾਹੌਰ ਦੇ ਰਹਿਣ ਵਾਲੇ ਅਬਦੁੱਲੇ ਖਾਂ ਨੂੰ ਲਾਹੌਰ ਦਾ ਹਾਕਮ ਕਾਇਮ ਕਰ ਕੇ, ਦਿੱਲੀ ਨੂੰ ਤੁਰ ਗਿਆ। ਸ਼ਾਹ ਦੀ ਫੌਜ ਨੂੰ ਹੈਜ਼ੇ ਦੀ ਬੀਮਾਰੀ ਨੇ ਆ ਘੇਰਿਆ ਸੈਂਕੜੇ ਆਦਮੀ ਰੋਜ਼ ਮਰਨ ਲੱਗੇ। ਸ਼ਾਹ ਨੇ ਅੰਬਾਲੇ ਤੋਂ ਚਾਰ ਕੋਹ, ਉੱਬਲਾ ਨਦੀ ਦੇ ਕਿਨਾਰੇ ਸਤਾਰਾਂ ਦਿਨ ਡੇਰਾ ਰੱਖਿਆ। ਨਜੀਬ ਖਾਂ ਨੇ ਜਿਸ ਕੰਮ ਵਾਸਤੇ ਸ਼ਾਹ ਨੂੰ ਬੁਲਾਇਆ ਸੀ ਸੋ ਤਾਂ ਹੋ ਚੁਕਾ ਸੀ, ਇਸ ਕਰ ਕੇ ਨਜੀਬ ਖਾਂ ਨੇ ਉਸੇ ਥਾਂ ਜਾ ਕੇ, ਇੱਕ ਕਰੋੜ ਰੁਪਯਾ ਦੇ ਕਰ ਪੰਜਾਬ ਦੀ ਤਰਫ਼ ਮੋੜ ਦਿੱਤਾ। ਜਦ ਮੁੜ ਕੇ ਸਰਹਿੰਦ ਉਤਰਿਆ ਤੇ ਸ਼ਹਿਰ ਦਾ ਬੁਰਾ ਹਾਲ ਦੇਖਿਆ ਤਾਂ ਸਿੰਘਾਂ ਉੱਤੇ ਬਥੇਰੇ ਦੰਦ ਪੀਹੇ, ਕ੍ਰੋਧ ਕੀਤਾ ਪਰ ਵੱਸ ਕੀ ਚੱਲਦਾ ਸੀ ਆਪੇ

ਅਹਿਮਦ ਸ਼ਾਹ ਦਾ ੧੧ ਹੱਲਾ ਸੰ: ੧੮੨੩

ਚੁਪਕਰ ਰਿਹਾ। — ਬਾਦਸ਼ਾਹ ਨੇ ਮਲੇਰਕੋਟਲੇ ਦੇ ਪਠਾਣਾਂ ਨੂੰ ਤੇ ਰਾਇਕੋਟ ਵਾਲੇ ੧੬੭
ਰਾਇ ਅੱਲਾਸ ਨੂੰ ਨਜ਼ਰਾਨੇ ਪਰ ਸਰਹੰਦ ਦਾ ਇਲਾਕਾ ਲਿਖ ਦੇਣਾ ਚਾਹਿਆ, ਪਰ ਉਨ੍ਹਾਂ
ਨੇ ਸਿੰਘਾਂ ਤੋਂ ਡਰਕੇ ਨਾ ਲਿਆ। ਰਾਜਾ ਆਲਾ ਸਿੰਘ ਦੇ ਪੋਤ੍ਰੇ ਰਾਜਾ ਅਮਰ ਸਿੰਘ ਨੇ ਤਿ
ਨ ਲੱਖ ਰੁਪਯਾ ਸਾਲਾਨਾ ਪਿਛਲੀ ਲਿਖਤ ਅਨੁਸਾਰ ਤੇ ਦੋ ਲੱਖ ਨਜ਼ਰਾਨਾ ਹੋਰ ਦੇਕ
ਰ, ਬਾਦਸ਼ਾਹ ਪਾਸੋਂ ਇਲਾਕੇ ਸਰਹੰਦ ਦੀ ਸਨਦ ਅਤੇ ਮਹਾਰਾਜਗੀ ਦਾ ਖ਼ਿਲਤ ਖ਼ਿਤਾ
ਬ, ਸਿੱਕਾ ਚਲਾਉਣ ਦੀ ਆਗਯਾ ਲੈ ਲਈ। ਤੇ ਪੰਦ੍ਰਾਂ ਬੀਸ ਹਜ਼ਾਰ ਹਿੰਦੂ ਮਰਦ ਔਰ
ਤਾਂ ਨੂੰ ਜੋ ਦੁਰਾਨੀ ਆਪਣੀ ਟਹਿਲ ਵਾਸਤੇ ਫੜਕੇ ਲੈ ਚੱਲੇ ਸਨ, ਉਹ ਭੀ ਰਾਜਾ ਸਾਹਿਬ
ਨੇ ਸਫਾਰਸ਼ ਕਰ ਕੇ ਛੁਡਾ ਦਿੱਤੇ। ਅਤੇ ਆਪਣੇ ਪੱਲਿਓਂ ਖਰਚ ਦੇਕਰ ਉਨ੍ਹਾਂ ਨੂੰ ਘਰੋ
ਘਰੀ ਤੋਰਿਆ। — ਏਸ ਗੱਲੋਂ ਰਾਜਾ ਦਾ ਬਹੁਤ ਜਸ ਹੋਯਾ, ਬਾਦਸ਼ਾਹ ਨੇ ਰਾਜੇ ਨੂੰ ਆ
ਖਿਆ ਤੁਸੀਂ ਸਿੰਘਾਂ ਨੂੰ ਸਮਝਾਕਰ ਜਾਗੀਰਾਂ ਦਿਵਾ ਦੇਓ। ਰਾਜਾ ਸਾਹਿਬ ਨੇ ਆਪਣੇ ਮੋ
ਤਬਰ ਚੈਨ ਸਿੰਘ ਨੂੰ ਏਸ ਕੰਮ ਵਾਸਤੇ ਖ਼ਾਲਸੇ ਪਾਸ (ਜੋ ਪੂਰਬ ਵੱਲੀਂ ਉਂ ਮੁਣ ਸ਼ਾਹਾਬਾ
ਦ, ਲਾਡੂਏ ਪਾਸ ਆ ਰਿਹਾ ਸੀ) ਭੇਜਿਆ। ਸਿੰਘਾਂ ਨੇ ਜਵਾਬ ਦਿੱਤਾ, ਅਸੀਂ ਤੁਰਕ ਦੀ ਦਿੱ
ਤੀ ਹੋਈ ਜਾਗੀਰ ਤਾਂ ਕੀ ਚੀਜ਼ ਹੈ ਬਾਦਸ਼ਾਹੀ ਭੀ ਨਹੀਂ ਲੈਣੀ। ਅਸਾਂ ਗੁਰਾਂ ਦੇ ਹੁਕਮ ਨਾ
ਲ ਤੇਗ ਦੇ ਜ਼ੋਰ ਬਾਦਸ਼ਾਹੀ ਲੈਣੀ ਹੈ। ਰਾਜਾ ਤਨਖਾਹੀਆ ਹੈ ਜਿਸ ਨੇ ਤੁਰਕ ਅੱਗੇ ਸਿ
ਰ ਝੁਕਾਯਾ ਹੈ॥

ਜਦ ਬਾਦਸ਼ਾਹ ਨੇ ਸਰਹੰਦੋਂ ਕੂਚ ਕੀਤਾ ਤਾਂ ਖ਼ਾਲਸੇ ਨੇ ਆਖਿਆ, ਪਹਿਲੇ ਕੇਹੜੀ ਰੁਤੀ ਬੀ
ਜੀ ਦੇ ਹਨ, ਅਰਦਾਸੇ ਸੋਧ ਕੇ ਗਿਰਦੇ ਆ ਹੋਏ। ਦੁਰਾਨੀਆਂ ਨੂੰ ਲੈਣੇ ਦੇ ਦੇਣੇ ਆ ਗਏ।
ਅੱਗੇ ਹੀ ਉਹ ਬੀਮਾਰ ਤੇ ਥੱਕੇ ਹੋਏ ਸੇ, ਸਿੰਘਾਂ ਨੇ ਮਾਰ ਕੇ ਹੈਰਾਨ ਕਰ ਸਿੱਟੇ। ਚਾਰੋਂ ਤਰਫ
ਤੋਂ ਹਾਲ ਦੂਲ ਮਚ ਗਈ। ਪੰਜਾਹ ਹਜ਼ਾਰ ਸਿੰਘ ਤੇ ਹੋਰ ਲੁਟੇਰੇ ਬੇਸ਼ੁਮਾਰ ਉੱਠ ਪਏ। ਅਹ
ਮਦ ਸ਼ਾਹ ਦੀਆਂ ਸੱਭੇ ਚੌਕੜੀਆਂ ਭੁਲਾ ਦਿੱਤੀਆਂ। ਨੂਰਮਹਿਲ, ਸੁਲਤਾਨਪੁਰ,
ਪਾਸ ਭੀ ਲੜਾਈ ਹੋਈ, ਗੋਇੰਦਵਾਲ ਦੇ ਪੱਤਣ ਉੱਤੇ ਅੱਠ ਦਿਨ ਦੁਰਦਸ਼ਾ ਹੋਈ। ਚਕ
ਲਾਹੌਰ ਫੌਜ ਆ ਗਈ, ਤੇ ਕੁਛ ਮਹੰਤ ਸ਼ਰਣਦਾਸ ਜੰਡਿਆਲੇ ਵਾਲੇ ਤੋਂ ਆਈ। ਬਾਦ
ਸ਼ਾਹ ਨੇ ਜੰਡਿਆਲੇ ਪਾਸ ਲੜਾਈ ਤਾਂ ਬਹੁਤ ਕੀਤੀ, ਪਰ ਅੰਬਰ ਪਾਟੇ ਨੂੰ ਥਿਗਲੀ ਕੌਣ
ਲਾਵੇ, ਸਾਰਾ ਮੁਲਕ ਦੇਸ ਦੁਰਾਨੀਆਂ ਨੂੰ ਉੱਠ ਪਿਆ। ਪੰਜਾਬੀ ਮੁਸਲਮਾਨ, ਕਸੂਰੀ, ਸ
ਠਿਆਲੀਏ, ਮੰਡਿਆਲੀਏ ਆਦਿਕ ਏਸ ਗੱਲੋਂ ਡਰਦੇ ਸਹਾਇਕ ਨਾ ਹੋਏ ਕੇ ਬਾਦਸ਼ਾਹ

ਪਟਿਆਲੇ ਦੇ ਰਾਜੇ ਨੂੰ ਮਹਾਰਾਜਾ ਦਾ ਖ਼ਿਤਾਬ ਮਿਲਨਾ

Digitized by Panjab Digital Library | www.panjabdigilib.org

੧੬੮ ਦੇ ਗਏ ਪਿੱਛੋਂ ਸਿਖ ਸਾਡਾ ਕਾਟਾ ਕਰ ਕੱਢਣਗੇ। ਰਹੀਮਖਾਂ ਬਖਸ਼ੀ ਜਦ ਦੋ ਹਜ਼ਾਰ
ਦੁਰਾਨੀ ਸਮੇਤ ਖੇਤ ਵਿੱਚ ਸੌਂ ਗਿਆ ਤਾਂ ਬਾਦਸ਼ਾਹ ਨੇ ਵਟਾਲੇ ਪਾਸ ਜਾ ਡੇਰਾ ਲਾਯਾ।
ਏਥੇ ਭੀ ਇੱਕ ਲੜਾਈ ਹੋਈ। ਏਥੇ ਸ਼ਾਹ ਦਾ ਚਾਚਾ ਸਰਬੁਲੰਦ ਖਾਂ ਅਠਾਰਾਂ ਹਜ਼ਾਰ
ਅਸਵਾਰ ਲੈ ਕੇ ਆ ਪਹੁੰਚਿਆ। ਬਾਦਸ਼ਾਹ ਨੇ ਸਿੰਘਾਂ ਉਤੇ ਫਤੇ ਪਾਉਣੀ ਤੇ ਮੁ
ਲਕ ਦਾ ਬੰਦੋਬਸਤ ਔਖਾ ਹੋਣਾ ਸਮਝ ਕੇ ਇੱਕ ਪ੍ਰਕਾਰ ਨਾਲ ਕੂਚ ਤਾਂ ਕੀਤਾ, ਪਰ ਸਿੰ
ਘਾਂ ਨੂੰ ਤਾਂ ਘੱਲੂਘਾਰੇ ਦਾ ਬੜਾ ਗੱਚ ਸੀ, ਸੁੱਕਾ ਕਦ ਜਾਣ ਦੇਂਦੇ ਸੇ, ਸਾਰਾ ਮਾਝਾ ਦੇਸ
ਹੱਥ ਧੋ ਕੇ ਦੁਰਾਨੀਆਂ ਦੇ ਪਿੱਛੇ ਲਗ ਗਿਆ, ਤੁੱਲੇ ਪਿੰਡ ਪਾਸੋਂ ਰਾਵੀ ਦਰਿਆ ਲੰਘ
ਦੇ ਦੁਰਾਨੀ ਜਾ ਘੇਰੇ, ਬੜਾ ਘੋਰ ਜੁੱਧ ਹੋਯਾ, ਫੌਜ ਦੇ ਬਚਾਉ ਵਾਸਤੇ ਬਾਦਸ਼ਾਹ ਤਿੱ
ਨਵਾਰੀ ਪਾਰ ਉਰਾਰ ਹੋਯਾ, ਪਰ ਕੁਛ ਪੇਸ਼ ਨਾ ਗਈ। ਸਿੰਘਾਂ ਨੇ ਜਹਾਨ ਖਾਂ, ਨੂਰਦੀਨ
ਸਮਾਲ੍ਯਖਾਂ ਆਦਿਕ ਬੜੇ ੨ ਸਰਦਾਰਾਂ ਸਮੇਤ ਅੱਠ ਦਸ ਹਜ਼ਾਰ ਦੁਰਾਨੀ ਨੂੰ ਦਰੀ
ਯਾ ਦੀ ਭੇਟਾ, ਤੇ ਸ਼ਾਹ ਦੇ ਚਾਚੇ ਸਰਬੁਲੰਦ ਖਾਂ ਜੇਹੇ ਅਨੇਕਾਂ ਨੂੰ ਜ਼ਖਮੀ ਕਰ ਕੇ ਘੱ
ਲੂਘਾਰੇ ਦਾ ਗੁੱਸਾ ਕੱਢਿਆ। ਭਰੋਸਾ ਸੀ ਕੇ ਬਾਦਸ਼ਾਹ ਨੂੰ ਭੀ ਫੜ ਕੇ, ਸਿੰਘ ਸੁਖ
ਨਿਧਾਨ ਛਕਾਉਣਗੇ, ਪਰ ਸ਼ਾਹਜ਼ਾਦਾ ਤਹਿਮੂਰ ਸ਼ਾਹ ਤੇ ਅਬਦੁੱਲਾ ਖਾਂ, ਕਸ਼ਮੀਰ
ਵੱਲੋਂ ਬਾਰਾਂ ਹਜ਼ਾਰ ਪਠਾਣ ਈਸਫਜ਼ਈ ਕੌਮ ਦਾ ਲੈ ਕੇ ਆ ਫਿਰੇ।

ਏਸ ਕੁੰਮਕ ਨੇ ਦੁਰਾਨੀਆਂ ਦੇ ਦਿਲ ਦੂਣੇ ਕਰ ਦਿੱਤੇ, ਬਾਦਸ਼ਾਹ ਨੇ ਦੂਜੇ ਦਿਨ ਐਸੇ
ਢੰਗ ਨਾਲ ਸਿੰਘਾਂ ਉੱਤੇ ਹੱਲਾ ਕੀਤਾ ਕੇ ਦੋਹਾਂ ਨੂੰ ਰਾਹ ਨਾ ਲੱਭਾ, ਸੈਂਕੜੇ ਸ਼ਹੀਦ
ਕਰ ਕੱਢੇ, ਕਲਾਨੌਰ ਤਾਂਈ ਸਿੰਘ ਦੌੜੇ ਗਏ, ਜਿਤਨਾ ਅਸਬਾਬ ਸਿੰਘਾਂ ਨੇ ਲੁੱਟਿਆ
ਸੀ ਓਹ ਫੇਰ ਦੁਰਾਨੀਆਂ ਨੇ ਸੰਭਾਲ ਲਿਆ। ਦੀਨਾਨਗਰ, ਪਠਾਣਕੋਟ ਦੇ ਗਿਰਦੇ
ਸਿੰਘਾਂ ਨੇ ਡੇਰੇ ਜਾ ਲਾਏ। ਦੁਰਾਨੀ ਸ਼ਾਹ ਨੇ ਪੰਜ ਦਿਨ ਵਿਚ ਚਰਖੀ ਤੇ ਦਰਪ ਦੇਸ, ਸਿ
ਆਲਕੋਟ ਦੇ ਗਿਰਦੋਂ ਬੀਸਕ ਹਜ਼ਾਰ ਹਿੰਦੂ ਫੜ ਲਿਆ, ਤੇ ਆਪਣੀ ਫੌਜ ਨੂੰ ਲੁੱ
ਟ ਦਾ ਹੁਕਮ ਦੇ ਕੇ ਧਨੀ ਕਰ ਦਿੱਤਾ। —— ਏਧਰੋਂ ਫੇਰ ਸਭ ਸਿੰਘ ਕੱਠ ਕਰ ਕੇ
ਐਸੇ ਸਮੇਂ ਆ ਪਹੁੰਚੇ ਜਦ ਬਾਦਸ਼ਾਹੀ ਫੌਜ ਦਰੀਯਾ ਜੇਹਲਮ ਤੋਂ ਪਾਰ ਹੋ ਰਹੀ ਸੀ।
ਬਿਨਾ ਖਬਰ ਬਿਜਲੀ ਵਾਂਗੂ ਇਕ ਦਮ ਦੁਰਾਨੀਆਂ ਉਪਰ ਜਾ ਪਏ, ਸੂਰਮਿਆਂ ਨੇ
ਸੱਧਰ ਲਾਹ ਲਈ, ਐਸੀ ਕਟਾ ਵੱਢ ਹੋਈ ਕੇ ਬਾਦਸ਼ਾਹ ਨੇ ਪਾਰ ਦਾ ਲਸ਼ਕਰ ਫੇਰ
ਉਰਾਰ ਲਿਆ ਕੇ ਜਾਨ ਮਾਲ ਬਚਾਯਾ, ਤਾਂ ਭੀ ਤੋਪਖਾਨਾ ਤੇ ਹੋਰ ਬਹੁਤ ਸਾਮਾਨ ਛੋਤੀ

Digitized by Panjab Digital Library | www.panjabdigilib.org

ਕਰਨੇ ਕਰ ਦਰੀਆ ਵਿੱਚ ਗਰਕ ਹੋ ਗਿਆ। ਸਿੰਘਾਂ ਨੇ ਜ਼ੋਰ ਦੇਕੇ ਆਪਣੇ ਦੇਸ ਭਾਈ ੧੬੮
ਛੁਡਾ ਕੇ ਘਰਾਂ ਨੂੰ ਤੋਰ ਦਿੱਤੇ। ਦੁਰਾਨੀ ਤਾਂ ਬੇੜਿਆਂ ਉੱਤੇ ਲੰਘਦੇ ਹੀ ਰਹੇ ਤੇ ਸਿੰਘ ਲਾਮ
ਛਾਮ ਗਾਹਣ ਲੰਘ ਕੇ, ਪਹਿਲੇ ਹੀ ਪਾਰ ਹੋਕੇ ਛਾਪੇ ਮਾਰਨ ਲਗ ਪਏ। — ਬਾਦਸ਼ਾਹ
ਨੇ ਅਨੇਕ ਉਪਾਇ, ਛਲ ਬਲ ਕੀਤੇ ਪਰ ਖ਼ਾਲਸੇ ਅੱਗੇ ਕੋਈ ਪੇਸ਼ ਨਾ ਗਈ ਹਾਰ
ਕੇ ਆਪਣੇ ਚਾਚੇ ਸਰਬੁਲੰਦ ਖਾਂ ਨੂੰ ਦਸ ਹਜ਼ਾਰ ਫ਼ੌਜ ਸਮੇਤ ਕਿਲੇ ਰੁਹਤਾਸ ਵਿੱਚ ਠ
ਹਿਰਾ ਕੇ ਆਪ ਕਾਬੁਲ ਨੂੰ ਚਲਾ ਗਿਆ। ਏਸ ਵਾਰੀ ਸ਼ਾਹ ਐਸਾ ਛਿੱਥਾ ਹੋ ਕੇ ਗਿਆ,
ਫੇਰ ਕਦੀ ਪੰਜਾਬ ਵੱਲ ਮੂੰਹ ਨਾ ਕੀਤਾ।

ਸਰਦਾਰ ਗੁੱਜਰ ਸਿੰਘ, ਲੈਣਾ ਸਿੰਘ, ਸੋਭਾ ਸਿੰਘ ਨੇ ੧੭ ਮਾਘ ਸੰ: ੧੮੨੩ ਬਿ: ਨੂੰ ਫੇਰ
ਲਾਹੌਰ ਉੱਤੇ ਕਬਜ਼ਾ ਕਰ ਲਿਆ, ਕਿਉਂਕੇ ਏਹ ਤ੍ਰਿਨੇ ਸਰਦਾਰ ਭੰਗੀ ਮਿਸਲ ਵਿੱਚੋਂ ਸੇ, ਓ
ਦੋਂ ਏਹ ਮਿਸਲ ਸਭ ਤੋਂ ਜ਼ੋਰਾਵਰ ਸੀ। ਇਨ੍ਹਾਂ ਸਰਦਾਰਾਂ ਨੇ ਅਬਦੁੱਲਾ ਖਾਂ ਨੂੰ ਤਾਂ ਆਪ
ਣਾ ਦੇਸੀ ਸਮਝ ਕੇ ਕੁਛ ਨਾ ਆਖਿਆ, ਪਰ ਕਾਦਰ ਖਾਂ ਨੂੰ ਕਿਲੇ ਅੰਦਰ ਕੈਦ ਰੱਖਿਆ।
ਉਸ ਦਿਨ ਤੋਂ ਆਪਣੇ ੨ ਇਲਾਕੇ ਵਿੱਚ ਸਭ ਸਿੱਖ ਸਰਦਾਰ ਖ਼ੁਦਮੁਖਤਾਰ ਹਾਕਮ ਬ
ਣ ਬੈਠੇ। — ਚੜ੍ਹਤ ਸਿੰਘ ਤੇ ਗੁੱਜਰ ਸਿੰਘ ਜੋ ਦੋਵੇਂ ਬੜੇ ਸਰਦਾਰ ਰੁਹਤਾਸ ਦੇ ਗਿ
ਰਦੇ ਬਹੁਤ ਦੇਸ ਦਬਾ ਬੈਠੇ ਸੇ, ਉਨ੍ਹਾਂ ਨੇ ਹੋਰ ਆਪਣੇ ਮੇਲੀ ਸਰਦਾਰਾਂ ਨੂੰ ਕੱਠੇ ਕਰ ਕੇ,
ਸਰਬੁਲੰਦ ਖਾਂ ਨੂੰ ਰੁਹਤਾਸੋਂ ਵਿਚੋਂ ਕੱਢਣ ਵਾਸਤੇ ਏਹ ਉੱਦਮ ਕੀਤਾ ਕੇ ਪਹਿਲੇ ਬਾਵੇ ਖ਼ੁ
ਦਾ ਸਿੰਘ ਸੋਢੀ ਨੂੰ ਜੋ ਏਸ ਦੇਸ ਦੇ ਹਿੰਦੂ ਮੁਸਲਮਾਨਾਂ ਦਾ ਗੁਰੂ ਪੀਰ ਮੰਨਿਆ ਪਰਮੰਨਿਆ
ਹੋਯਾ ਬੜਾ ਪ੍ਰਤਾਪੀ ਸੀ ਆਪਣੇ ਨਾਲ ਮਿਲਾਕੇ, ਉਸ ਦ੍ਵਾਰਾ ਚੌਧਰੀ ਅਲੀ ਮੁਹੰਮਦ ਖਾਂ
ਗੁੱਜਰ ਚੌਧਰੀ ਫਤੇ ਚੰਦ ਰੱਢਾ ਖੱਤ੍ਰੀ ਸੁਲਤਾਨ ਖਾਂ ਗੱਖੜ ਆਦਿਕ ਬੜੇ ੨ ਪ੍ਰਗਨੇ ਵ
ਲੇ ਲੋਗਾਂ ਨੂੰ ਇੱਜ਼ਤ ਇਨਾਮ ਦੇਣਾ ਕਰ ਕਰ ਆਪਣੇ ਬਣਾ ਲਿਆ। ਉਨ੍ਹਾਂ ਨੇ ਸਿੰਘਾਂ
ਦੀ ਫ਼ੌਜ ਅਨੇਕ ਤਰੀਕਿਆਂ ਨਾਲ ਚੋਰੀ ੨ ਰੁਹਤਾਸ ਦੇ ਨੇੜੇ ਜਾ ਖੜੀ ਕੀਤੀ ਤੇ ਆਖਿਆ
ਜਦ ਕਿਲੇ ਵਿਚ ਬੰਦੂਕ ਚੱਲੇ ਤਦ ਤੁਸਾਂ ਹੱਲਾ ਕਰ ਦੇਣਾ। — ਥੋੜੀ ਜੇਹੀ ਫ਼ੌਜ ਲੈ
ਜਾਕੇ ਕਾਲ੍ਹੇ ਪਿੰਡ ਵੰਨੀਓਂ ਦੁਰਾਨੀਆਂ ਨੂੰ ਝਾਕੀ ਦਿਖਾਈ ਤਾਂ ਉਸ ਪਿੱਛੇ ਪੰਜ ਛੀ ਹਜ਼ਾਰ
ਦੁਰਾਨੀ ਪੈਦਲ ਲਗ ਪਿਆ, ਕਿਉਂਕੇ ਟਿੱਬੀਆਂ ਦੇ ਰਸਤੇ ਘੋੜੇ ਨਹੀਂ ਜਾ ਸਕਦੇ ਸੇ, ਜਦ ਉਹ
ਛੀ ਸੱਤ ਕੋਹ ਲੰਘੇ ਤਾਂ ਇੱਲੇ ਬਾਲ ਗੁਦਾਈ ਦੀ ਤਰਫੋਂ ਦੂਸਰੇ ਜੱਥੇ ਦੀ ਝਾਂਕੀ ਦਿਖਾ ਕੇ
ਦੋ ਹਜ਼ਾਰ ਦੁਰਾਨੀ ਉਨ੍ਹਾਂ ਪਿੱਛੇ ਲਗਾ ਦਿੱਤਾ। ਪਿੱਛੋਂ ਸੁਲਤਾਨ ਖਾਂ ਤੇ ਫਤੇ ਚੰਦ ਨੇ ਚੋਏ

ਸਰਬੁਲੰਦ ਖਾਂ ਨੂੰ ਕੈਦ ਕਰਕੇ ਛੋਡਣਾ

੧੭੦ ਫੀਲੀਦਾ ਦਰਵਾਜ਼ਾ ਖੋਲ੍ਹਕੇ ਦੋਹਾਂ ਸਰਦਾਰਾਂ ਨੂੰ ਪੰਜਕ ਹਜ਼ਾਰ ਸਿੰਘਾਂ ਨਾਲ ਕਿਲੇ ਵਿਚ
ਵਾੜਕੇ ਬੰਦੂਕ ਚਲਵਾ ਦਿੱਤੀ। ਸਭ ਸਿੰਘ ਹੱਲਾ ਕਰਕੇ ਆ ਵੜੇ, ਕਤਲਾਮ ਹੋਣ
ਲੱਗੀ, ਸਭ ਮੁਸਲੀ ਫੌਜ ਨੱਠ ਗਈ। ਸਰਬੁਲੰਦ ਖਾਂ ਨੂੰ ਸਰਦਾਰ ਚੜ੍ਹਤ ਸਿੰਘ ਨੇ
ਫੜਕੇ, ਕਿਲੇ ਉੱਤੇ ਆਪਣਾ ਕਬਜ਼ਾ ਕਰ ਲਿਆ। ਦੁਰਾਨੀਆਂ ਦੇ ਘੋੜੇ ਸਰਾਇ ਵਿੱਚੋਂ
ਬੰਨ੍ਹੇ ਬਨ੍ਹਾਏ ਸਿੰਘਾਂ ਨੇ ਲੈ ਲਏ, ਉਨ੍ਹਾਂ ਘੋੜਿਆਂ ਦੇ ਮਾਲਕ ਏਹ ਖਬਰ ਸੁਣਦੇ ਹੀ ਪਹਾ
ੜਾਂ ਵਿੱਚ ਦੀ ਕਾਬਲ ਨੂੰ ਚਲੇ ਗਏ। ਫੇਰ ਸਰਦਾਰ ਬਹਾਦਰ ਨੇ ਸਰਬੁਲੰਦ ਖਾਂ ਨੂੰ ਬੀ
ਖਿਲਤ ਖਰਚ ਦੇਕੇ ਕਾਬੁਲ ਪਹੁੰਚਾ ਦਿੱਤਾ। ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਗੁੱਜ
ਰ ਸਿੰਘ ਨੇ ਅਟਕ ਦੇ ਕਿਨਾਰੇ ਤਕ, ਸਾਰੇ ਦੇਸ ਉੱਤੇ ਕਬਜ਼ਾ ਕਰਕੇ ਅੱਧੋ ਅੱਧੀ ਵੰਡ ਪਾ
ਲਈ। ਗੁੱਜਰ ਸਿੰਘ ਨੇ ਤਾਂ ਕੱਛੀ ਤੇ ਪੋਠੋਹਾਰ ਦੇਸ ਦਬਾਕੇ, ਕਾਲ੍ਹੇ ਦੀ ਸਰਾਇ ਵਿਚ ਆਪ
ਣੀ ਫੌਜ, ਤੇ ਸਰਦਾਰ ਮਿਲਖਾ ਸਿੰਘ ਨੂੰ ਠਾਣੇਦਾਰ ਮੁੱਕਰਰ ਕਰਕੇ, ਗੁਜਰਾਤ ਨੂੰ ਆਪ
ਣੀ ਰਾਜਧਾਨੀ ਬਣਾ ਲਿਆ। ਅਤੇ ਸਰਦਾਰ ਚੜ੍ਹਤ ਸਿੰਘ ਨੇ ਧੱਨੀ, ਘੇਬ, ਜੰਡਾਲੀ
ਖਾਟੜ, ਅਮਾਣਕ ਆਦਿਕ ਪਰਗਣੇ ਦਬਾਕੇ, ਆਪਣੇ ਸਾਲੇ ਖੁਸ਼ਹਾਲ ਸਿੰਘ ਨੂੰ (ਜਿ
ਸਦਾ ਬਣਵਾਯਾ ਹੋਯਾ ਕਿਲਾ ਖੁਸ਼ਾਲਗੜ੍ਹ, ਰੇਲ ਦੇ ਅਸ਼ਟੇਸ਼ਨ ਪਾਸ ਹੁਣ ਤਕ ਹੈ) ਫੌਜ
ਸਮੇਤ ਗੁਜਰਾਂਵਾਲੇ ਦੀ ਰਾਖੀ ਥਾਪੀ। — ਉਧਰ ਸਰਦਾਰ ਝੰਡਾ ਸਿੰਘ ਭੰਗੀ ਨੇ ਪਰ
ਗਣੇ ਚਨੀਓਟ ਆਦਿਕ ਤਾਂ ਪਹਿਲੇ ਹੀ ਦਬਾ ਰੱਖੇ ਸੇ ਫੇਰ ਮੁਲਤਾਨ ਭੀ ਜਾ ਘੇਰਿਆ। ਨ
ਵਾਬ ਸ਼ੁਜਾ ਖਾਂ ਉਥੋਂ ਦਾ ਸੂਬਾ ਦੌੜ ਗਿਆ, ਸਰਦਾਰ ਨੇ ਮੁਲਤਾਨ ਉੱਤੇ ਕਬਜ਼ਾ ਕਰਕੇ, ਡੇ
ਰਾ ਗਾਜ਼ੀ ਖਾਂ ਦੀ ਤਰਫ ਨੂੰ ਬਾਗ ਉਠਾਈ। ਏਸੇ ਤਰਾਂ ਹੋਰ ਸਭ ਸਿੱਖ ਸਰਦਾਰ ਆਪਣੇ
ਆਪਣੇ ਬਾਂਛਤ ਪਰਗਣੇ ਦਬਾਕੇ ਹਾਕਮ ਬਣ ਬੈਠੇ।

ਜਦ ਸਿੰਘਾਂ ਨੇ ਕਾਬਲ ਵਾਲੇ ਬਾਦਸ਼ਾਹ ਦੇ ਹਾਕਮਾਂ ਨੂੰ ਦੇਸ ਤੋਂ ਕੱਢਕੇ, ਤਲਵਾਰ ਦੇ ਜ਼ੋਰ ਨਾ
ਲ ਅਟਕ ਦਰਿਯਾ ਤੇ ਜਮਨਾ ਦੇ ਅੰਦਰ ਸਾਰੇ ਮੁਲਕ ਉੱਪਰ ਆਪਣਾ ਕਬਜ਼ਾ ਕਰ
1789/57/1838 ਲਿਆ ਤਾਂ ਅਹਿਮਦ ਸ਼ਾਹ ਦੁਰਾਨੀ ਨੇ (ਜੋ ਯਾਰਾਂ ਵਾਰੀ ਪੰਜਾਬ ਉੱਤੇ ਚੜ੍ਹਕੇ ਆਯਾ
ਸੀ ਤੇ ਹੁਣ ਹਾਰ ਹੋ ਚੁੱਕਾ ਸੀ) ਅਮੀਰਾਂ ਤੇ ਫੌਜਦਾਰਾਂ ਦੀ ਕਚਹਿਰੀ ਵਿੱਚ ਤੇਗ ਰੱਖਕਰ
ਹੁਕਮ ਦਿੱਤਾ ਕਿ ਕੋਈ ਬਹਾਦਰ ਹੈ ਜੋ ਸਿੰਘਾਂ ਪਰ ਬੀੜਾ ਉਠਾਵੇ। ਅਮੀਰ ਵਜ਼ੀਰ ਤਾਂ ਸਿੰ
ਘਾਂ ਦੇ ਹੱਥ ਦੇਖ ਚੁਕੇ ਸੇ, ਏਸ ਵਾਸਤੇ ਜਦ ਕਿਸੇ ਨੇ ਬੀੜਾ ਨਾ ਉਠਾਯਾ ਤਾਂ ਬਾਦਸ਼ਾਹ ਦਾ ਬਡਾ
1826/57/19 ਬੇਟਾ ਸ਼ਾਹਜ਼ਾਦਾ ਤੈਮੂਰ ਸ਼ਾਹ ਬੀੜਾ ਚੁੱਕਕੇ, ਇੱਕ ਲੱਖ ਅਸਵਾਰ ਨਾਲ ਸੰ:੧੮੨੬ ਬਿ:

Digitized by Panjab Digital Library | www.panjabdigilib.org

Temur Shah sent Haji Ali Khan

1779 Second invasion

ਨੂੰ ਪੰਜਾਬ ਉੱਤੇ ਚੜ੍ਹ ਆਇਆ। ਪਿਸ਼ਾਵਰ ਪਹੁੰਚ ਕੇ ਹਾਜੀ ਅਲੀ ਖਾਂ ਵਕੀਲ ਨੂੰ ਸਿੰਘਾਂ ੧੨੧
ਪਾਸ ਭੇਜਿਆ। ਉਸ ਨੇ ਗੁੱਜਰ ਸਿੰਘ ਆਦਿਕ ਸਰਦਾਰਾਂ ਪਾਸ ਲਾਹੌਰ ਪਹੁੰਚ ਕੇ ਬਾ
ਦਸ਼ਾਹੀ ਤਰਫੋਂ ਸੁਣਾਇਆ ਕਿ ਜੇਕਰ ਤੁਸੀਂ ਪੰਜਾਬ ਦੇ ਮੁਲਕ ਉਪਰ ਕਾਇਮ ਰਹਿਣਾ
ਚਾਹੁੰਦੇ ਹੋ ਤਾਂ ਅਸਾਡੇ ਤਾਬੇਦਾਰ ਹੋ ਕੇ ਰਹੋ। ਸਿੱਖਾਂ ਨੇ ਜਵਾਬ ਦਿੱਤਾ, ਸਾਨੂੰ ਵਾਹਿਗੁਰੂ ਨੇ
ਮੁਲਕ ਬਖਸ਼ਿਆ ਹੈ, ਤੁਰਕ ਦੀ ਤਾਬੇਦਾਰੀ ਨਹੀਂ ਕਰਾਂਗੇ। ਵਕੀਲ ਬੋਲਿਆ ਜੇ ਬਾਦਸ਼ਾ
ਹੀ ਤਾਬੇਦਾਰੀ ਨਾ ਮੰਨੋਗੇ ਤਾਂ ਤੁਹਾਡਾ ਮਜ਼ਹਬ ਤੇ ਜੀਉਣਾ ਭੀ ਨਾ ਹੋਵੇਗਾ। ਇਹ ਸੁਣ
ਦੇ ਹੀ ਭੰਗੇਰੇ ਸਿੰਘ ਨੇ ਵਕੀਲ ਦਾ ਸਿਰ ਉਡਾ ਦਿੱਤਾ। ਉਸ ਨੂੰ ਸਰਦਾਰਾਂ ਨੇ ਝਿੜਕਿਆ
ਕਿ ਤੈਂ ਅਨੀਤ ਕੀਤੀ, ਵਕੀਲ ਨਹੀਂ ਮਾਰਨਾ ਸੀ। ਉਧਰ ਜਦ ਵਕੀਲ ਦਾ ਮਾਰੇ ਜਾਣਾ
ਤਹਿਮੂਰ ਸ਼ਾਹ ਨੇ ਸੁਣਿਆ ਤਾਂ ਅੱਗ ਦਾ ਭਾਂਬੜ ਹੋ ਕੇ ਚੜ੍ਹ ਬੈਠਾ ਤੇ ਜੰਗੀ ਖਾਨ ਦੁੱਰਾ
ਨੀ ਨੂੰ ਪਚਾਸ ਹਜ਼ਾਰ ਅਸਵਾਰ ਨਾਲ ਅੱਗੇ ਭੇਜ ਦਿੱਤਾ। ਫੇਰ ਤਾਂ ਪਾਣੀ ਦੇ ਹੜ੍ਹ ਅੱ
ਗੇ ਜੈਸੇ ਮ੍ਰਿਗ ਉੱਚੇ ਥਾਂਉ ਨੂੰ ਦੌੜਦੇ ਹਨ ਤੈਸੇ ਸਭ ਸਿੰਘ ਅੰਮ੍ਰਿਤਸਰ ਦੀ ਤਰਫ ਨੂੰ
ਦੌੜ ਆਏ। ਜੱਦਪਿ ਸਰਦਾਰ ਗੁੱਜਰ ਸਿੰਘ, ਚੜ੍ਹਤ ਸਿੰਘ ਨੇ ਤੀਸ ਕ ਹਜ਼ਾਰ ਸਿੰਘ
ਕੱਠਾ ਕਰ ਕੇ ਰੁਹਤਾਸ ਦੇ ਪਾਸ ਮੁਠਭੇੜ ਕੀਤੀ ਪਰ ਹਾਰ ਖਾਧੀ, ਉਣਕ ਸਿੰਘ ਹਰਨ ਹੋ ਕੇ
ਜੰਗਲਾਂ ਵੱਲ ਦੌੜ ਗਏ। ਬਾਰਸ਼ ਅਧਿਕ ਹੋਣੇ ਕਰ ਜੰਗੀ ਖਾਨ ਤਾਂ ਲਾਹੌਰ ਵਿੱਚ ਠ
ਹਿਰ ਗਯਾ ਤੇ ਤਹਿਮੂਰ ਸ਼ਾਹ ਆਪਣੇ ਮਾਮੇ ਬੁਲੰਦ ਖਾਂ ਨੂੰ ਛੀ ਹਜ਼ਾਰ ਅਸਵਾਰ ਨਾਲ
ਰੁਹਤਾਸ ਛੱਡ ਕੇ ਆਪ ਮੁਲਤਾਨ ਨੂੰ ਚਲਾ ਗਿਆ। ਮੁਲਤਾਨ ਦੇ ਹਾਕਮ ਭੰਗੀ ਸਰਦਾਰ
ਜਾਉਣ ਸਿੰਘ ਤੇ ਗੁਰਬਖਸ਼ ਸਿੰਘ ਨੂੰ ਤਾਂ ਉਸ ਦਾ ਦਰਸ਼ਨ ਅੰਧੇਰੇ ਨੂੰ ਸੂਰਜ ਵਾਂਗੂ ਹੋ
ਯਾ, ਬਿਨਾ ਪਲੀਤਾ ਦਾਗੇ ਦੌੜ ਗਏ। ਤਹਿਮੂਰ ਸ਼ਾਹ ਨੇ ਮੁਜ਼ੱਫਰ ਖਾਂ ਨੂੰ ਮੁਲਤਾਨ ਦਾ ਸੂ
ਬਾ ਕਾਇਮ ਕਰ ਕੇ ਲਾਹੌਰ ਦੀ ਤਰਫ ਬਾਗ ਉਠਾਈ ਤਾਂ ਸੁਣਿਆ ਕਿ ਸ਼ੇਖੂਪੁਰ ਦੇ ਪਰ
ਗਣੇ ਵਿੱਚ ਸਿੰਘ ਲੜਾਈ ਵਾਸਤੇ ਬਹੁਤ ਕੱਠੇ ਹੋ ਰਹੇ ਹਨ। ਸੋ ਏਨਾ ਹੱਲਾ ਕਰ ਕੇ ਜਾਪਿ
ਆ, ਥੋੜੀ ਜੇਹੀ ਲੜਾਈ ਕਰ ਕੇ ਸਿੰਘ ਉਥੋਂ ਭੀ ਭੱਜ ਗਏ। ਸਰਦਾਰ ਚੜ੍ਹਤ ਸਿੰਘ
ਗੁੱਜਰ ਸਿੰਘ ਆਦਿਕ ਦਾਤਾਰਪੁਰ ਦੇ ਗਿਰਦੇ ਜਾ ਰਹੇ। ਤਹਿਮੂਰ ਸ਼ਾਹ ਨੇ ਫਤੇ ਖਾਂ ਜ਼ਾਫ
ਰਜੰਗ ਨੂੰ ੧੫ ਪੰਦ੍ਰਾਂ ਹਜ਼ਾਰ ਅਸਵਾਰ ਦੇ ਕੇ ਸਿੱਖਾਂ ਨੂੰ ਸਤਲੁਜੋਂ ਪਾਰ ਕਰਨ ਵਾਸਤੇ ਭੇ
ਜਿਆ। ਅਨੇਕ ਜਗਾ ਸਿੰਘ ਲੜੇ, ਜਿੱਤ ਕਿਸੇ ਦੀ ਨਾ ਹੋਈ, ਅੱਠ ਮਹੀਨੇ ਏਹੋ ਹਾਲ
ਰਿਹਾ, ਸਿੰਘਾਂ ਦੇ ਬਹੁਤ ਨੁਕਸਾਨ ਹੁੰਦੇ ਰਹੇ, ਕਿਉਂਕਿ ਉਸ ਸਮੇ ਬਹੁਤ ਸਿੰਘ ਆਪਣੇ

ਤਹਿਮੂਰ ਸ਼ਾਹ ਦਾ ੧ ਹੱਲਾ ਸੰ.੧੮੩੬

8 months the Sikhs attacked in vain

੧੭੨ ਆਪਣੇ ਇਲਾਕੇ ਦੀ ਰਖਵਾਲੀ ਵਿੱਚ ਫਸੇ ਹੋਏ ਸੇ ਕੇਵਲ ਸੁੱਕ੍ਰਚੱਕੀਏ, ਭੰਗੀ, ਘਨੱਯੇ, ਰਾਮਗੜ੍ਹੀਏ ਏਹੋ ਸਰਦਾਰ ਲੜਨੇ ਭਿੜਨੇ ਰਹੇ। ਜਦ ਸੰ: ੧੮੨੬ ਬਿ: ਨੂੰ ਅਨੰਦਪੁਰ ਹੋਲੇ ਪਰ ਬਹੁਤ ਪੰਥ ਕੱਠਾ ਹੋਯਾ ਤਾਂ ਗੁਰਮਤਾ ਕਰਕੇ ਸਭ ਸਿਖ ਦੁਰਾਨੀਆਂ ਉਪਰ, ਕਸਬੇ ਨਕੋਦਰ ਪਾਸ ਤਲਵਾਰਾਂ ਖਿੱਚਕੇ ਆ ਪਏ, ਲਾਹੌਰ ਤਕ ਪਿਛਾੜ ਬਾਈ ਗਏ। —— ਤਹਿਮੂਰਸ਼ਾਹ ਨੇ ਅੱਠਾਂ ਮਹੀਨਿਆਂ ਵਿਚ ੨੦ ਕਿਲੇ ਕਾਇਮ ਕੀਤੇ ਸੇ ਜਿਨ੍ਹਾਂ ਦਾ ਵੇਰਵਾ ਇਉਂ ਹੈ। ਸੁਲਤਾਨਪੁਰ ਗੱਖੜਾਂ ਦਾ ੧ ਏਸ ਦੇਸ ਦੇ ਜ਼ਿਮੀਦਾਰ ਮਾਲਕ ਸੇ, ਏਥੇ ਹੀ ਮੰਗਲਾ ਦੇਵੀ ਦੇ ਭੌਣ ਪਾਸੋਂ, ਪਹਾੜਾਂ ਵਿਚੋਂ ਜਿਹਲਮ ਦਰਿਯਾ ਨਿਕਲਦਾ ਹੈ। ਦੂਸਰਾ ਰੁਹਤਾਸ ੨, ਪੱਧਰੀ ਜਢੂਏ ਰਜਪੂਤਾਂ ਦੀ ੩, ਠਿੱਲ ਗਹੋੜ੍ਹੇ ਦੀ ਗੜ੍ਹੀ ਜੋ ਦੋ ਕਿਲਿਆਂ ਦੇ ਵਿਚਕਾਰ ਹੈ ੪, ਬਾਗ਼ ਪਿੰਡ ੫, ਗੜ੍ਹ ਮਖਿਆਲਾ ਯਾ ਤਖਤ ਸਲੋਈ ਜੋ ਬਣਾਕੇ ਅੰਬਲੇ ਰਾਜੇ ਦੇ ਸਪੁਰਦ ਕੀਤਾ ਸੀ ਤੇ ਹੁਣ ਜਢੂਏ ਰਾਜਪੂਤਾਂ ਦੇ ਟਿਕੇ ਦੀ ਰਿਆਸਤ ਹੈ ੬, ਕੁਸਕ[1] ੭, ਖਣੋਪੇ ਦੇ ਦਰੇ ਉਤੇ ਗੜ੍ਹੀ ਦਵਾਲੀ ਤੇ ਰੂਮਣ ਕਿਲੇ ਸੈਦਪੁਰ ਦੇ ਪਾਸ ੮, ਕਹੂਣ ਸੈਦਨਸ਼ਾਹ ਦੇ ਚੋਏ ਉੱਤੇ ੯ ਏਹ ਕਿਲਾ ਭੀ ਸੁਲਤਾਨ ਕਹੂਣ[2] ਵਾਲੇ ਦੇ ਹਵਾਲੇ ਹੋਯਾ। —ਪਲਖੀ ਦੀ ਘਾਟੀ ਉੱਤੇ ਕਹੂਣ ਦੇ ਪਰਗਣੇ ਵਿੱਚ ੧੦, ਅਕਬਾਲ ਨਰਸਿੰਘ ਦੁਆਰ ਦੇ ਸਿਰੇ ਉਤੇ, ਜਿਥੇ ਨਰਸਿੰਘ ਜੀ ਨੇ ਹੱਥ ਪੈਰ ਧੋਤੇ ਸੇ ੧੧, ਜਬੀ ਦੇ ਪਹਾੜ ਉੱਤੇ ਮੁਲਕ ਅਵਾਣਕਾਰਾਂ ਵਿਚ ੧੨, ਲਾਵੇਦਾ ੧੩, ਲੀਮਣ ਦਾ ਦਰੇ

1 ਕੁਸਕ ਉਪਰ ਕੌਸਤਆਨੀ ਦੇਵੀ ਦੀ ਮੂਰਤਿ ਤੇ ਮੰਦਰ ਟੇਕਰੀ ਉੱਤੇ ਹੁਣ ਬੀ ਹੈ ਏਹ ਬਿਸ੍ਵਾਮਿਤ੍ਰ ਦੀ ਪ੍ਰਗਟ ਕੀਤੀ ਹੋਈ ਹੈ ਅਤੇ ਪੁਸਤਕਾਂ ਵਿੱਚ ਲਿਖਿਆ ਹੈ ਕੇ ਪਾਂਡਵ ਭੀ ਏਸੇ ਦੇਵੀ ਤੋਂ ਬਰ ਲੈਕੇ ਦਸੂਹੇ ਵਿਚ ਜਾ ਕੇ ਬੈਰਾਟ ਰਾਜੇ ਦੇ ਘਰ ਇਕ ਬਰਸ ਗੁਪਤ ਰਹੇ ਸੇ ਏਹ ਕਿਲਾ ਰਚਕੇ ਪਾਂਡਵਾਂ ਨੇ ਜੱਗ ਕੀਤਾ ਸੀ ਤਹਿਮੂਰਸ਼ਾਹ ਨੇ ਵਟਾਲੀ ਵਾਲੇ ਸੁਲਤਾਨ ਰਾਜੇ ਨੂੰ ਸਪੁਰਦ ਕੀਤਾ।

2 ਕਹੂਣ ਵਿਚ ਸੰ: ੧੮੭੯ ਬਿ: ਨੂੰ ਤਿੰਨ ਹਜ਼ਾਰ ਸਿੰਘ ਨੂੰ ਸੁਲਤਾਨ ਕਹੂਣੀਏ ਆਦਿਕ ਤੁਰਕਾਂ ਨੇ ਪਹਾੜ ਦੇ ਮੁਲਕ ਵਲ ਲੈ ਧਾਉਣ ਲੱਗਿਆਂ ਇਕ ਐਸੀ ਖੱਡ ਵਿਚ ਵਾੜਿਆ ਜਿਥੇ ਇੱਕ ਬੀ ਸਿੰਘ ਨਾ ਬਚ ਸਕਦਾ ਤੇ ਉਨ੍ਹਾਂ ਪਹਾੜਾਂ ਉਪਰ ਜੋ ਪੰਜ ੨ ਕੋਹ ਉੱਚੇ ਸੇ, ਬੇਸੁਮਾਰ ਤੁਰਕ ਸਿੰਘਾਂ ਦੇ ਮਾਰਨ ਨੂੰ ਚੜ੍ਹ ਆਏ ਪਰ ਸਿੰਘਾਂ ਨੂੰ ਇਕ ਕੰਦ੍ਰਾ ਮਿਲ ਗਈ ਜਿਸ ਵਿਚ ਲੁਕ ਕੇ ਬੈਠ ਰਹੇ, ਪੰਜਵੇਂ ਦਿਨ ਮਹਾਰਾਜਾ ਰਣਜੀਤ ਸਿੰਘ ਨੂੰ ਸੂਹ ਹੋਯਾ ਤਾਂ ਉਸੇ ਸਮੇ ਫੌਜ ਲੈਕੇ ਚੜ੍ਹ ਪਿਆ, ਤੇ ਪਲਖੀ ਦੀ ਘਾਟੀ ਪਰ ਜਿਥੇ ਆਦਮੀ ਮੁਸ਼ਕਲ ਨਾਲ ਚੜ੍ਹਦਾ ਸੀ ਮਹਾਰਾਜੇ ਨੇ ਛੋਟੀ ਤੋਪਾਂ ੨੨ ਤੇ ਗੱਡੀਆਂ ਲੈ ਧਾਈਆਂ, ਏਸ ਸ਼ਕਤੀ ਨੂੰ ਦੇਖਕੇ ਕਹੂਣੀਏ ਆਦਿਕ ਪਹਾੜ ਦੇਸ ਦੇ ਸਭ ਰਾਜੇ ਤੇ ਖਾਨ, ਮਹਾਰਾਜਾ ਸਾਹਿਬ ਦੇ ਪੈਰੀਂ ਆ ਡਿੱਗੇ ਮਹਾਰਾਜੇ ਨੇ ਉਨ੍ਹਾਂ ਸਿੰਘਾਂ ਨੂੰ ਅਮਨ ਅਮਾਨ ਨਾਲ ਲੈ ਆਂਦਾ ਤੇ ਨਾਲੇ ਹੋਰ ਬਹੁਤ ਕੁਛ ਰੁਪਯਾ ਭੀ ਉਨ੍ਹਾਂ ਪਾਸੋਂ ਲੀਤਾ।

Digitized by Panjab Digital Library | www.panjabdigilib.org

ਦੇ ਦੋਵੇਂ ਪਾਸੀ ੧੪, ਮਸਾਣ ਦੇ ਮੈਦਾਨ ਵਿਚ ਜੋ ਕਾਲੇ ਬਾਗਾਂ ਨੂੰ ਰਸਤਾ ਜਾਂਦਾ ਹੈ ੧੫, ਭਾਨੇ
ਮਾਣੀ ਦੇ ਦਰੋਪਰ ਜਿੱਥੇ ਅਰਜਨ ਨਾਗੇ ਦੇ ਝੂਠੇ ਹੀਰਿਆਂ ਦਾ ਪਹਾੜ ਹੈ, ਰਾਤ ਨੂੰ ਚਮਕਦੇ
ਹਨ ਤੇ ਦਿਨੇ ਸੂਰਜ ਦੀ ਕਿਰਣ ਨਾਲ ਕਿਰਣ ਮਿਲ ਜਾਂਦੀ ਹੈ ਆਖਦੇ ਹਨ ਏਥੇ ਅਰਜ
ਨ ਨਾਗਾ ਤੇ ਗੋਰਖ ਜਿਦੇ ਸੇ, ਨਾਂਗੇ ਨੇ ਹੀਰਿਆਂ ਦਾ ਪਹਾੜ ਤੇ ਗੋਰਖ ਨੇ ਮਿਸਰੀ ਦਾ ਪਰਬ
ਤ, ਦੁੱਧ ਦਾ ਅਟਕ ਦਰਿਆ ਕਰ ਦਿਖਾਯਾ ਸੀ ੧੬, ਕੱਛੀ ੧੭, ਦਾਊਦਖੇਲ ੧੮, ਰੋਖੜੀ
੧੯, ਮੁਲਤਾਨ ੨੦, ਤਹਿਮੂਰ ਸ਼ਾਹ ਨੇ ਏਹ ਬੀਸ ਕਿਲੇ ਤੇ ਹੋਰ ਕਈ ਥਾਣੀਆਂ ਮੰਗਲਾ ਦੇ
ਵੀ ਦੇ ਪਹਾੜ ਤੋਂ ਲੈਕੇ ਮੁਲਤਾਨ ਤਕ ਪੰਜ ੨ ਦਸ ੨ ਕੋਹ ਉਤੇ ਏਸ ਤਰੀਕੇ ਨਾਲ ਕਾਯਮ
ਕਰਕੇ ਆਪਣੇ ਮੁਲਕ ਦੀ ਤੇ ਪੰਜਾਬ ਦੇ ਮੁਲਕ ਦੀ ਹੱਦਬੰਨ੍ਹ ਲਈ ਉਸ ਵਕਤ ਤਾਂ ਸਿ
ਘਾਂ ਨੇ ਬੀ ਏਸੇ ਹੱਦ ਬੰਦੀ ਉੱਤੇ ਰਾਜ਼ੀਨਾਮਾ ਲਿਖ ਦਿੱਤਾ, ਪਰ ਸਿਘ ਕਲਾਮ ਹੇਠ ਕਦੋਂ ਆਂ
ਉਂਦੇ ਸਨ, ਜਦ ਤਹਿਮੂਰ ਸ਼ਾਹ ਨੇ ਲਾਹੌਰੋਂ ਕਾਬਲ ਵਲ ਨੀ ਕੂਚ ਕੀਤਾ ਤਦ ਜੇਹੜਾ ਪੰਥ ਅੱ
ਮ੍ਰਿਤਸਰ ਸੀ ਉਨ੍ਹਾਂ ਵਿਚੋਂ ਜੇਹੜੇ ਸਿਘ ਸੁਖ ਨਿਧਾਨ ਛਕਕੇ ਰੋਜ਼ ਦਿੱਲੀ, ਆਗਰਾ, ਕਾਸ਼ੀ
ਕਲਕੱਤਾ, ਕਾਬੁਲ, ਕੰਧਾਰ, ਗਜ਼ਨੀ, ਬਲਖ ਬੁਖਾਰਾ, ਰੂਮ, ਸ਼ਾਮ ਮਾਰਣ ਦੀਆਂ ਸਲਾ
ਹਾਂ ਕਰਦੇ ਰਹਿੰਦੇ ਸਨ, ਉਹ ਬਿਨਾ ਪੁੱਛੇ ਤਹਿਮੂਰ ਦੇ ਪਿੱਛੇ ਲੱਗ ਤੁਰੇ, ਫੇਰ ਤਾਂ ਵਹੀਰ ਪੈ
ਗਿਆ, ਕੌਣ ਅਟਕੇ, ਛੇਕੜ ਸਰਦਾਰਾਂ ਨੂੰ ਭੀ ਬਹੁਤਿਆਂ ਦੇ ਸਾਥੀ ਹੋਣਾ ਪਿਆ, ਝਨਾ
ਉ ਟੱਪਦੇ ਹੀ ਤਹਿਮੂਰ ਨੂੰ ਜਾ ਘੇਰਿਆ, ਨਾਂ ਤਾਂ ਉਸ ਨੂੰ ਤੁਰਨ ਹੀ ਦੇਣ ਤੇ ਨਾਂ ਹੀ ਖੜੇ ਹੋਕੇ ਲ
ੜਨ, ਰੁਫੇਮੋਂ ਹੱਲੇ ਉੱਤੇ ਹੱਲਾ ਕਰ ਕਰ ਦੁਰਾਨੀਆਂ ਨੂੰ ਭੰਦਲਾ ਦਿੱਤਾ ਸੈਂਕੜੇ ਮਾਰੇ ਗ
ਏ, ਬਹੁਤੇ ਰਾਤ ਬਿਰਾਤੇ ਦੌੜ ਗਏ ਸੈਂਕੜੇ ਤੰਬੂ, ਘੋੜੇ, ਦੋ ਤੋਪਾਂ, ਭਾਰੀ ੨ ਅਸਬਾਬ ਖਾ
ਲਸੇ ਨੂੰ ਦੇਕੇ ਤਹਿਮੂਰ ਸ਼ਾਹ ਮਸਾਂ ੨ ਜੇਹਲਮ ਤੋਂ ਪਾਰ ਹੋਯਾ ਏਥੇ ਉਸ ਦੀ ਕੁਮਕ ਪਰ
ਦਸ ਹਜ਼ਾਰ ਅਸਵਾਰ ਨਾਲ ਜੰਗੀ ਖਾਂ ਜੋ ਜੰਮੂ ਆਦਿਕ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਤਹਿਮੂਰ ਸ਼ਾਹ ਦਾ ਵਾਪਸ ਜਾਣਾ।
ਉਗਰਾਹੁਣ ਗਿਆ ਸੀ ਤੇ ਅੱਠ ਹਜ਼ਾਰ ਨਾਲ ਰੁਹਤਾਸ ਵਾਲਾ ਬੁਲੰਦ ਖਾਂ, ਤਹਿਮੂਰ
ਸ਼ਾਹ ਦਾ ਮਾਮਾ ਆ ਪਹੁੰਚਿਆ, ਏਸ ਕਰਕੇ ਤਹਿਮੂਰ ਦਾ ਬਚਾਉ ਹੋ ਗਿਆ ਉੜਕ ਤਹਿ
ਮੂਰ ਸ਼ਾਹ ਤਾਂ ਪਸ਼ਾਵਰ ਜਾ ਠਹਿਰਿਆ ਤੇ ਸਿੰਘ ਪਿਛਲੀ ਰੀਤੀ ਅਨੁਸਾਰ ਮੁੜ ਆਪ
ਣੇ ਆਪਣੇ ਪਰਗਣੇ ਉੱਤੇ ਕਾਯਮ ਹੋ ਗਏ।

ਤਹਿਮੂਰ ਸ਼ਾਹ ਦੇ ਗਏ ਪਿੱਛੋਂ ਸਰਦਾਰ ਝੰਡਾ ਸਿੰਘ ਭੰਗੀ ਨੇ ਫੇਰ ਮੁਲਤਾਨ ਜਾ ਮਾਰੀ ਮੁ
ਜ਼ੱਫਰ ਖਾਂ ਸੂਬੇ ਨੂੰ ਉਥੋਂ ਕੱਢਕੇ ਡੇਰਾ ਕੀਤਾ। — ਕੋਟਕਮਾਲੀਆ, ਅਹਿਮਦਾ

Digitized by Panjab Digital Library | www.panjabdigilib.org

੧੭੪ ਬਾਦ, ਝੰਗ[1] ਆਦਿਕ ਮਕਾਨਾਂ ਦੇ ਰਈਸਾਂ ਤੋਂ ਨਜ਼ਰਾਨੇ ਲਏ, ਤਾਬੇਦਾਰੀ ਮਨਾਈ।
ਓਦੋਂ ਹੀ ਸਰਦਾਰ ਚੜ੍ਹਤ ਸਿੰਘ ਤੇ ਗੁੱਜਰ ਸਿੰਘ ਨੇ ਧੰਨੀ ਦੇਸ ਦੇ ਚੌਧਰੀ ਜਵਾਹਿਰਖਾਂ
ਗੁਰਗਾਂਵਾਲੇ ਤੁਰਟ ਰਜਪੂਤ, ਚੌਧਰੀ ਰਾਮੇ ਚੱਢੇ ਖੱਤ੍ਰੀ, ਕਾਲ੍ਹੇ ਗੁਜਰਾਂ ਦੇ, ਚੌਧਰੀ ਅਲੀ
ਮੁਹੰਮਦਖਾਂ ਗੁੱਜਰ, ਸੁਲਤਾਨ ਆਮਰ, ਗੱਖੜ ਆਦਿਕਾਂ ਨੂੰ ਨਾਲ ਮਿਲਾ ਕੇ, ਤੈਮੂਰ
ਸ਼ਾਹ ਦੇ ਮਾਮੇ ਸਰਬੁਲੰਦਖਾਂ ਨਾਲ ਅਹਿਦ ਪੈਮਾਨ ਬੰਨ੍ਹਣ ਲਈ ਏਧਰ ਮੁਲਾਕਾਤ
ਦਾ ਦਿਨ ਠਹਿਰਾਯਾ ਤੇ ਓਧਰ ਚੌਧਰੀਆਂ ਨੇ ਸਿੰਘਾਂ ਦੀ ਫੌਜ ਲੈਕੇ ਟਿੱਬੀਆਂ ਵਿੱਚ ਛਪਾ
ਛੱਡੀ। ਪੰਜ ਸੌ ਸਿੰਘ ਨਾਲ, ਸਰਦਾਰ ਕਿਲੇ ਰੁਹਤਾਸ ਵਿੱਚ ਗਏ, ਬਾਕੀ ਦੇ ਸਿੰਘ
ਖੱਤੋ ਖੱਤ ਚੋਰੀ ੨ ਚੋਏ ਵਾਲੇ ਦਰਵਾਜ਼ੇ ਨੂੰ ਆਏ। ਅੰਦਰ ਦੇ ਸਿੰਘਾਂ ਨੇ ਚੋਏ ਦੇ ਦਰਸ਼ਨ
ਦਾ ਬਹਾਨਾ ਧਰਕੇ ਓਧਰ ਆਵਾ ਜਾਈ ਰੱਖੀ ਤਾਂ ਦਰਵਾਜ਼ਾ ਖੁੱਲਾ ਰਿਹਾ। ਕਚਹਿਰੀ
ਵਿੱਚ ਬੈਠੇ ਮੁਲਾਕਾਤ ਹੋਈ, ਗੱਲਾਂ ਹੋਣ ਲੱਗੀਆਂ ਜਦ ਦੋ ਚਾਰ ਵਾਰੀ ਹੁੱਕੇ ਦੇ ਧੂੰਏਂ ਦਾ
ਛੱਲਾ ਬੁਲੰਦਖਾਂ ਨੇ ਛੱਡਿਆ ਤਾਂ ਸੁਜਾਨ ਸਿੰਘ ਸੁੱਕ੍ਰਚੱਕੀਏ ਨੇ ਉਸ ਉੱਤੇ ਬੰਦੂਕ ਸਰ ਕ
ਰ ਦਿੱਤੀ। ਏਹੋ ਲੜਾਈ ਦਾ ਨਿਸ਼ਾਨ ਸਮਝ ਕੇ ਬਾਹਰਲੇ ਸਿੰਘ ਅੰਦਰ ਆ ਵੜੇ, ਕਟਾ
ਵੱਢੋ ਹੋ ਪਈ। ਦੋ ਇੱਕ ਸੌ ਦੁਰਾਨੀ, ਪਚਾਸ ਕ ਸਿੰਘ ਮਾਰੇ ਗਏ। ਬਾਕੀ ਦੁਰਾਨੀ ਭੱਜ ਨਿ
ਕਲੇ, ਅਟਕ ਤਕ ਉਨਾਂ ਦੀ ਖਬਰ ਲਈ। ਸੰ: ੧੮੨੮ ਬਿ: ਨੂੰ ਫੇਰ ਸਬ ਦੇਸ ਸਿੰਘਾਂ ਨੇ ਸੰ
ਭਾਲਕੇ ਜਗਾ ਜਗਾ ਆਪਣੇ ਥਾਣੇ ਬੈਠਾ ਦਿੱਤੇ।

ਸੁਲਤਾਨ ਮੁਕਰਬਖਾਂ ਗੱਖੜ, ਦਾਨਗਲੀ ਮਾਸ੍ਰੂ ਦਾ ਟਿੱਕਾ, ਤੇ ਸੁਲਤਾਨ ਸ਼ੀਹੋਂਖਾਂ (ਜਿ
ਸਦਾ ਪੋਤਾ ਸੁਲਤਾਨ ਮਹਿਦੀ ਸੰ: ੧੮੭੧ ਬਿ: ਵਿੱਚ ਬਾਬੇ ਸਾਹਿਬ ਸਿੰਘ ਬੇਦੀ ਨਾਲ
ਲੜਿਆ ਸੀ) ਗਨ੍ਹਾਂ ਖਿਆਲੇ ਵਾਲਾ ਨਾਲ ਆਪਣੇ ਭਾਈਚਾਰੇ ਨੂੰ ਲੈਕੇ ਕੁਛ ਦਿਨ ਤਾਂ
ਸਿੰਘਾਂ ਨਾਲ ਅੜੇ ਰਹੇ, ਓੜਕ ਸਿੰਘਾਂ ਨੇ ਸਬ ਦੀ ਆਕੜ ਭੰਨ ਛੱਡੀ। ਖੂਬ ਸਿੰਘ
ਸੋਢੀ ਮਸ਼ਹੂਰ ਵੱਡਾ ਪੀਰ ਜਿਸ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸੰ: ੧੮੧੫ ਬਿ: ਵਿੱਚ ਨਾ
ੜੇ ਦਾ ਪਰਗਣਾ ਬਾਈ ਸੈ ਦੀ (੨੨੦੦) ਜਾਗੀਰ ਅਟਕ ਦੇ ਕੰਢੇ ਦੇ ਰੱਖੀ ਸੀ, ਉਸੇ ਦੀ ਮਦਦ ਨਾਲ ਦੋ

੧ ਝੰਗ ਪਿੰਡ ਰਾਏ ਸਰਜੇ ਸਿਆਲ ਨੇ ਸੰ: ੯੮੩ ਬਿ: ਨੂੰ ਬਸਾਯਾ ਸੀ। ਏਥੇ ਝੰਗ ਅਰਥਾਤ ਬਿਰਛਾਂ ਦੇ ਝੁੰਡ ਸੇ,
ਏਸ ਕਰਕੇ ਝੰਗ ਸਿਆਲ ਨਾਮ ਪੈ ਗਿਆ। ਏਹ ਚਨਾਬ ਦਰਿਯਾ ਦੇ ਕਿਨਾਰੇ ਪਰ ਹੈ। ਏਥੇ ਸਿਆਲ, ਖਰਲ, ਚੱਢ
ੜ, ਟਵਾਣੇ, ਘੇਬ, ਖੇੜੇ, ਪਰਾਚੇ, ਭੱਟੀ ਏਨਾਂ ਗੋਤਾਂ ਦੇ ਜਟ ਬਹੁਤ ਬਸਦੇ ਹਨ, ਏਹ ਸਬ ਲੋਗ ਪਹਿਲੇ ਹਿੰਦੂ ਸੇ, ਔ
ਰੰਗਜ਼ੇਬ ਨੇ ਸਬ ਮੁਸਲਮਾਨ ਕਰ ਦਿੱਤੇ। ਹੀਰ ਤੇ ਰਾਂਝਾ ਏਥੇ ਹੀ ਹੋਏ ਹਨ, ਹੀਰ ਦਾ ਮਕਬਰਾ ਝੰਗ ਤੇ ਬੁਧਾਂ
ਨੇੜੇ ਵਿੱਚ ਕਾਰਖੇ, ਮਕਬਰੇ ਪਰ ਦੁੱਧ, ਚੂਰਮੇ ਬਹੁਤ ਚੜ੍ਹਦੇ ਹਨ, ਮੁਜਾਵਰ ਖਾਲਦੇ ਰਹਿੰਦੇ ਹਨ।

Baba Sahib Singh Bedi

Digitized by Panjab Digital Library | www.panjabdigilib.org

ਵਰੀ ਰੁਹਤਾਸ ਫਤੇ ਹੋਈ ਏਸ ਕਰਕੇ ਉਸਨੂੰ ਸਾਂਗਰੀ, ਢਕਾਲਾ, ਜੁਝਾਲਾ, ਆਦਿਕ ਪਿੰਡ ਦਸ ਹਜ਼ਾਰ ਦੀ ਜਾਗੀਰ ਦੋਹਾਂ ਸਰਦਾਰਾਂ ਨੇ ਦਿੱਤੀ।

ਜਦ ਸਿੰਘਾਂ ਨੇ ਪੰਜਾਬ ਤੇ ਮੁਲਤਾਨ ਉੱਤੇ ਕਬਜ਼ਾ ਕਰਕੇ ਦੁਰਾਨੀ ਸ਼ਾਹ ਦੇ ਹਾਕਮ ਕੱਢ ਦਿੱਤੇ ਤੇ ਨਵਾਬ ਬਹਾਵਲਪੁਰੀਆ ਬੀ ਟਕੇ ਦੇਣੇ ਜਵਾਬ ਦੇ ਬੈਠਾ ਤਾਂ ਚੇਤ ਸੰ: ੧੮੨੭ ਬਿ: ਨੂੰ ਤੈਮੂਰ ਸ਼ਾਹ ਨੇ ਦਰੇ ਬੁਲਾਨ ਦੇ ਰਸਤੇ, ਸਿੰਧ ਦੇ ਅਮੀਰਾਂ ਨੂੰ ਜਿੱਤ ਕੇ ਬਹਾਵਲਪੁਰੀਏ ਨਵਾਬ ਨੂੰ ਤਾਬੇਦਾਰੀ ਆ ਮਨਾਈ। ਸਿੰਘਾਂ ਤੋਂ ਮੁਲਤਾਨ ਛੁਡਾ ਕੇ ਮੁਜ਼ੱਫਰਖਾਂ ਨੂੰ ਫੇਰ ਉਥੋਂ ਦਾ ਸੂਬਾ ਕਰ ਦਿੱਤਾ। ਮਰਜ਼ੀ ਤਾਂ ਲਾਹੌਰ ਪਹੁੰਚਣ ਦੀ ਸੀ ਪਰ ਬੀਮਾਰੀ ਨੇ ਅੱਗੇ ਨਾ ਵਧਣ ਦਿੱਤਾ ਤੇ ਸੰ: ੧੮੨੮ ਬਿ: ਨੂੰ ਕਾਬੁਲ ਜਾ ਕੇ ਗੁਜ਼ਰ ਗਿਆ।

ਤਖ਼ਤ ਬੈਠਣ ਬਦਲੇ ਉਸਦੇ ਗਿਆਰਾਂ ਸ਼ਾਹਜ਼ਾਦਿਆਂ ਵਿੱਚ ਐਸਾ ਝਗੜਾ ਹੋਯਾ ਜੋ ਲੋਥ ਦੀ ਐਸੀ ਖ਼ਰਾਬੀ ਹੋਈ ਕਿ ਅੱਠ ਦਿਨ ਰੁਲਦੀ ਰਹੀ ਓੜਕ ਜ਼ਮਾਨ ਸ਼ਾਹ ਨੇ ਆਪਣੇ ਸਬਨਾ ਭਾਈਆਂ ਨੂੰ ਧੋਖੇ ਨਾਲ ਸੁਲਾਹ ਕਰਨ ਵਾਸਤੇ ਇੱਕ ਮੰਦਰ ਅੰਦਰ ਬੁਲਾ ਕੇ ਰਾਹਦੀ ਰਾਟੇ ਲਾਯਾ, ਆਪ ਪੇਸ਼ਾਬ ਦੇ ਬਹਾਨੇ ਬਾਹਰ ਹੋਯਾ ਤਾਂ ਉਸਦੇ ਆਦਮੀਆਂ ਨੇ ਝੱਟ ਬੂਹਾ ਬੰਦ ਕਰਕੇ ਸਬਨੂੰ ਕੈਦ ਕਰ ਲੀਤਾ, ਜ਼ਮਾਨ ਸ਼ਾਹ ਤਖ਼ਤ ਉੱਤੇ ਹੋ ਬੈਠਾ। ਫੇਰ ਕਾਬਲ ਵਿੱਚ ਪੈਰ ਜਮਾ ਕੇ ਕੰਧਾਰ ਦੇ ਮਾਲਕ ਸ਼ਾਹਜ਼ਾਦੇ ਹਿਮਾਊਂ ਨੂੰ ਫਤੇ ਜਾ ਕੀਤਾ, ਹਿਮਾਊਂ ਦੇ ਨੇਤ੍ਰਾਂ ਵਿਚ ਤਪੀ ਹੋਈ ਸੁਲਾਈ ਫਿਰਾ ਕੇ ਬੰਦੀਖਾਨੇ ਭੇਜ ਦਿੱਤਾ, ਦੋ ਬਰਸ ਵਿੱਚ ਏਸ ਦੇਸ ਦਾ ਬੰਦੋਬਸਤ ਕਰਕੇ ਚੇਤ ਸੰ: ੧੮੩੧ ਬਿ: ਨੂੰ ਪੰਜਾਬ ਉੱਤੇ ਚੜ੍ਹ ਆਯਾ ਪਰ ਆਪ ਤਾਂ ਪਸ਼ਾਵਰ ਹੀ ਰਿਹਾ ਤੇ ਅੱਸੀ ਹਜ਼ਾਰ ਅਸਵਾਰ ਮੀਰ ਅਹਿਮਦ (ਸ਼ਾਹਚੀ) ਤੋਪਖਾਨੇ ਦੇ ਦਰੋਗੇ ਨੂੰ ਦੇਕੇ ਭੇਜਿਆ, ਉਸਨੇ ਅਟਕੋਂ ਉਤਰਦੇ ਹੀ ਕਤਲਾਮ ਤੇ ਪਿੰਡਾਂ ਨੂੰ ਫੂਕਣਾ ਸ਼ੁਰੂ ਕਰ ਦਿੱਤਾ, ਜਿਸਤੋਂ ਡਰਕੇ ਖਲਕਤ ਨੂੰ ਦੂਰ ੨ ਤਕ ਭਾਜੜ ਪੈ ਗਈ, ਕੋਈ ਸਿੰਘ ਉਸਦੇ ਸਾਹਮਣੇ ਨਾ ਹੋਯਾ, ਸਬ ਮਾਝੇ ਵੱਲੀ ਦੌੜ ਪਏ, ਹਿੰਦੂਆਂ ਦੇ ਕੁੜੀਆਂ ਮੁੰਡੇ ਸੁੰਦਰ ੨ ਬਹੁਤ ਫੜੇ, ਇੱਕ ਹਰਨਪੁਰ ਦੀ ਬ੍ਰਾਹਮਣੀ (ਜਿਸਦੀ ਸਮਾਧ ਹਰਨਪੁਰ ਵਿੱਚ ਹੁਣ ਤਾਂਈ ਪੂਜੀਦੀ ਹੈ।) ਆਪ ਸਾਂਭੀ। ਐਸੀ ਹਾਲ ਚਾਲ ਪਾਈ ਸਾਰੇ ਦੇਸ ਵਿਚ ਗਦਰ ਮਚ ਗਿਆ, ਬੇਸ਼ੁਮਾਰ ਬ੍ਰਾਹਮਣ ਖੱਤ੍ਰੀ ਅੰਮ੍ਰਿਤਸਰ ਸਿੰਘਾਂ ਪਾਸ ਜਾ ਪੁਕਾਰੇ। ਹਰਨਪੁਰੀਏ ਬ੍ਰਾਹਮਣਾਂ ਦਾ ਬਿਰਲਾਪ ਤੇ ਸ਼ਾਹਚੀ ਦੇ ਜ਼ੁਲਮ ਸੁਣਕੇ ਸਿੰਘ ਰਹਿ ਨਾ ਸੱਕੇ, ਗੁਜਰਾਤ ਪਾਸ ਜਾ ਟੱਕਰੇ। ਪਰ ਇਕ ਹਜ਼ਾਰ ਸਿੰਘ ਸੀ ਤੇ ਲੱਖ ਦੇ ਲਗਭਗ

Digitized by Panjab Digital Library | www.panjabdigilib.org

੧੭੬ ਮੁਸਲਮਾਨ ਸੇ, ਭਾਰੀ ਭੁਟਭੇੜ ਹੋਯਾ, ਭਾਂਵੇ ਸਬ ਸਿੰਘ ਜਾਨਾਂ ਤੋੜ ਕੇ ਲੜਦੇ ਸੇ, ਪਰੰ
ਤੂ ਬੇਦੀ ਰਾਮ ਸਿੰਘ ਸਾਹਿਬ ਕੋਟਲੀ ਵਾਲਾ ਤੇ ਨੱਥਾ ਸਿੰਘ ਦਯਾਲ ਸਿੰਘ ਸ਼ਹੀਦ,
ਸ਼ਾਮਾ ਸਿੰਘ ਨਿਹੰਗ ਮੁਲਤਾਨੀ ਪੰਠੀਆ (ਜਿਸਦਾ ਮੁਲਕ ਪਰਗਨਾ ਚਪਰਾੜ
ਆਦਿਕ ਲੱਖ ਰੁਪਏ ਦਾ ਸੀ) ਏਹ ਸਬ ਤੋਂ ਵਧਕੇ ਲੜੇ।

ਏਹ ਜੰਗ ਭੀ ਦੂਜਾ ਭਾਰਥ ਹੋਯਾ, ਆਖਦੇ ਹਨ ਰਾਮ ਸਿੰਘ। ਬੇਦੀ ਜੇਹੇ ਬਹਾਦਰਾਂ ਦੇਕ
ਬੰਧ ਲੜੇ ਸੋ। ਏਸ ਜੰਗ ਵਿੱਚ ੩੦ ਹਜ਼ਾਰ ਮਾਰਿਆ ਗਿਆ, ਗੁਜਰਾਤੋਂ ਜਿਹਲਮ ਦੇ
ਕੰਢੇ ਤਕ ਖੇਤ ਪਿਆ, ਲੋਥ ਪਰ ਲੋਥ ਚੜ੍ਹਗਈ, ਛੇਕੜ ਸਰਦਾਰ ਜੱਸਾ ਸਿੰਘ ਆ
ਲੂ ਨੇ ਹੱਲਾ ਕਰਕੇ ਸ਼ਾਹਰੀ ਦੀ ਜਾਨ ਲੈ ਲਈ ਤਾਂ ਹਾਰ ਸਿ:੧੮੩੨ ਨੂੰ ਗਿਲਜ਼ਿਆਂ ਨੂੰ

ਸ਼ਾਹਰੀ ਦਾ ਮਰਨ

ਭਾਜ ਪੈਗਈ। ਫਿਰ ਤਾਂ ਖਾਲਸਾ ਤਲਵਾਰਾਂ ਸੂਤਕੇ ਬੈਰੀਆਂ ਦੇ ਮਗਰ ਚੜ੍ਹ ਬੈਠਾ।
ਗਿਲਜ਼ਿਆਂ ਦੇ ਫੜੇ ਹੋਏ ਸਬ ਹਿੰਦੂ ਛੁੜਾ ਲਏ। ਗਿਲਜ਼ਿਆਂ ਨੂੰ ਅਟਕੋਂ ਪਾਰ ਕਰਕੇ ਸਿੰ
ਘ ਫੇਰ ਆਪਣੇ ੨ ਇਲਾਕੇ ਮੱਲ ਬੈਠੇ। —— ਜਦ ਜਮਾਨ ਸ਼ਾਹ ਨੇ ਹਿਰਾਤ ਵੱਲੋਂ
ਵੇਹਲ ਪਾਈ ਤਾਂ ਸਿ:੧੮੩੩ ਬਿ: ਵਿੱਚ ਫੇਰ ਪੰਜਾਬ ਵੱਲ ਮੂੰਹ ਚੁੱਕਿਆ। ਏਸ ਵਾਰੀ ਜੰਦ
ਖ ਲਾਹੌਰ ਤਾਂਈ ਪਹੁੰਚ ਕੇ, ਸ਼ੇਖੂਪੁਰ ਦੇ ਪਾਸ ਮੱਘਰ ਦੇ ਮਹੀਨੇ ਸਿੰਘਾਂ ਨੂੰ ਇਕ ਬਹੁਤ ਭਾ
ਰੀ ਸ਼ਿਕਸਤ ਦਿੱਤੀ, ਤੇ ਚਾਰ ਮਹੀਨੇ ਤਕ ਪੰਜਾਬ ਵਿੱਚ ਰਿਹਾ, ਪਰੰਤੂ ਜਦ ਖਾਲਸੇ ਨੇ ਵੇਲੇ
ਕੁਵੇਲੇ ਛਾਪੇ ਮਾਰ ਮਾਰ ਨਕ ਚਣੇ ਚਬਾਏ ਤਾਂ ਲਾਹੌਰੋਂ ਨਿਕਲ ਤੁਰਿਆ। ਫਿਰ ਤਾਂ ਮੈ
ਦਾਨ ਵਿੱਚ ਨਿਕਲੇ ਸ਼ਿਕਾਰ ਨੂੰ ਖਾਲਸਾ ਕਦ ਛੱਡਦਾ ਸੀ, ਸੈਂਕੜੇ ਘੋੜੇ ਤੇ ਆਦਮੀ
ਫਾਹ ਲਏ, ਤੋਬਾ ਤੋਬਾ ਕਰਕੇ ਜਮਾਨ ਸ਼ਾਹ ਅਟਕੋਂ ਪਾਰ ਹੋਯਾ।

ਏਸੇ ਤਰਾਂ ਸਿ:੧੮੪੫ ਬਿ: ਤਕ ਕਈ ਵਾਰੀ ਹੱਲੇ ਕਰ ਕਰ ਪੰਜਾਬ ਉੱਤੇ ਆਯਾ, ਪਰ ਖਾ
ਲਸੇ ਨੇ ਉਸਦੇ ਪੈਰ ਨਾ ਲੱਗਣ ਦਿੱਤੇ। ਛੇਕੜ ਜਦ ਸਿ:੧੮੫੪ ਬਿ: ਨੂੰ ਮਹਾਰਾਜੇ ਰ
ਣਜੀਤ ਸਿੰਘ ਦੇ ਸਮੇ ਸਰਾਧਾਂ ਵਿਚ ਲਾਹੌਰ ਆਕੇ ਰੋਜ਼ੇ ਰੱਖੇ ਤਾਂ ਇਕ ਦਿਨ ਏਸ ਸੁ[1]
ਪਨੇ ਦਾ ਰੰਗ ਦੇਖਕੇ ਤੁਰ ਗਿਆ ਮੁੜ ਨਾ ਆਯਾ।

੧ ਸੁਪਨੇ ਵਿਚ ਪੈਗੰਬਰ ਦੇ ਰੋਬਰੂ ਗਿਆ ਉਥੇ ਗੁਰੂ ਨਾਨਕ ਜੀ ਨੇ ਏਸਦਾ ਤਾਜ ਉਤਾਰਕੇ ਇਕ ਅੱਖੋਂ
ਕਾਣੇ ਛੋਕਰੇ ਨੂੰ ਦੇ ਦਿੱਤਾ ਏਸਨੇ ਪੈਗੰਬਰ ਅੱਗੇ ਫਰਿਆਦ ਕੀਤੀ ਪੈਗੰਬਰ ਨੇ ਜਵਾਬ ਦਿੱਤਾ ਗੁਰੂ ਨਾਨ
ਕ ਅੱਗੇ ਮੇਰਾ ਜ਼ੋਰ ਨਹੀਂ ਚੱਲਦਾ, ਸ਼ਾਹ ਜਮਾਂ ਰੋ ਪਿਆ, ਵਜ਼ੀਰ ਨੇ ਸਾਵਧਾਨ ਕਰਕੇ ਪੁੱਛਿਆ ਤਾਂ ਏਹ ਸੁ
ਪਨਾ ਸੁਣਾ ਕੇ ਕੂਚ ਕਰ ਦਿੱਤਾ ਏਹੋ ਸੁਪਨੇ ਦੀ ਬਾਤ ਸਿ:੧੮੮੬ ਬਿ: ਨੂੰ ਜਮਾਨ ਸ਼ਾਹ ਨੇ ਬਾਵੇ ਫਕੀਰ ਚੰਦ
ਬੇਦੀ ਨੂੰ ਸੁਣਾਈ ਸੀ, ਜਦ ਓਹ ਲੁਦੇਹਾਣੇ ਅੰਗ੍ਰੇਜ਼ਾਂ ਪਾਸ ਸੀ।

Baba Faris Chand Bedi
845 57 68

Digitized by Panjab Digital Library | www.panjabdigilib.org

ਓਸੇ ਸਾਲ ਜਾਂਦਾ ਹੋਯਾ ਜ਼ਮਾਨਸ਼ਾਹ ਗੁਜਰਾਂਵਾਲੇ ਉਤਰਕੇ ਮਹਾਰਾਜਾ ਰਣਜੀਤਸਿ ੧੭੭
ਘ ਨੂੰ ਲਾਹੌਰ ਉੱਪਰ ਕਬਜ਼ਾ ਕਰ ਲੈਣ ਲਈ ਲਿਖਕੇ ਦੇ ਗਿਆ।

ਦੂਸਰੇ ਹਿੱਸੇ ਅਰਥਾਤ ਸ਼ਮਸ਼ੇਰ ਖਾਲਸੇ ਦੀ ਸਮਾਪਤੀ ਲਿੱਖਯਤੇ।

ਹੁਣ ਬਾਰਾਂ ਮਿਸਲਾਂ ਦੇ ਸਰਦਾਰ ਜਮਨਾ ਤੇ ਅਟਕ ਦੇ ਵਿਚਕਾਰ ਭਲੀ ਪ੍ਰਕਾਰ ਆਪ
ਣੀ ਰਿਆਸਤ੍ਰ ਵਿੱਚ ਖੁਦਮੁਖਤਾਰ ਬਣਕੇ ਰਾਜ ਕਰਨ ਲੱਗ ਪਏ। —ਓਦੋਂ ਜੇਹੜਾ
ਕੋਈ ਸਿੰਘ ਇੱਕ ਪਿੰਡ ਦਾ ਭੀ ਮਾਲਕ ਹੋ ਗਿਆ, ਓਸਨੇ ਭੀ ਪਚਾਸ ਬਰਸ ਸੁਤੰਤ੍ਰ ਬਾਦ
ਸ਼ਾਹੀ ਕੀਤੀ। ਇਸ ਸੂਰ ਬੀਰ ਬਹਾਦਰ ਪੰਥ ਨੂੰ ਇੱਕ ਵਾਰੀ ਤਾਂ ਦੀਨੀ ਦੁਨੀਯਾਵੀ ਦੌ
ਲਤ ਦੀ ਐਸੀ ਰੰਗਣ ਚੜ੍ਹੀ ਸੀ ਜੋ ਕਦੇ ਕਿਸੇ ਦੂਸਰੀ ਕੌਮ ਨੂੰ ਨਹੀਂ ਚੜ੍ਹੀ। ਇਸੇ ਕ
ਰਕੇ ਏਹ ਪੰਥ ਜੋ ਥੋੜ੍ਹੇ ਜੇਹੇ ਦੇਸ ਦਾ ਮਾਲਕ ਸੀ ਬੜੇ ਬੜੇ ਬਾਦਸ਼ਾਹਾਂ ਵਾਂਗੂੰ ਦੁਨਿਯਾਂ
ਤਾਂ ਵਿੱਚ ਮਸ਼ਹੂਰ ਹੋ ਗਿਆ।

ਹੁਣ ਮੈਂ ਏਦੂੰ ਅੱਗੇ ਤੀਜੇ ਹਿੱਸੇ ਰਾਜ ਖਾਲਸਾ ਨਾਮੀ ਵਿੱਚ ਬਾਰਾਂ ਮਿਸਲਾਂ, ਤੇ ਫੂਲਬੰ
ਸੀ ਰਾਜਿਆਂ ਦੇ ਰਾਜ ਭਾਗ ਦੀ ਉੱਨਤੀ ਦਾ ਬ੍ਰਿਤਾਂਤ ਕਥਨ ਲਈ, ਏਸ ਹਿੱਸੇ ਨੂੰ ਸਮਾਪਤ
ਕਰਦਾ ਹੋਯਾ ਆਪਣੇ ਕ੍ਰਿਪਾਲੂ, ਸਾਰਗ੍ਰਾਹੀ ਭਾਈਆਂ ਅੱਗੇ ਬੇਨਤੀ ਕਰਦਾ ਹਾਂ ਕੇ ਇੱ
ਕ ਵਾਰੀ ਏਸ ਸਾਰੀ ਪੋਥੀ ਨੂੰ ਪੜ੍ਹ ਸੁਣਕੇ, ਮੇਰੇ ਪਰਿਸ਼੍ਰਮ ਨੂੰ ਸਫਲਾ ਕਰੋਂ ਅਤੇ ਜੇ ਕੋਈ
ਭੁੱਲ ਹੋਵੇ ਤਾਂ ਚਿੱਠੀ ਦ੍ਵਾਰਾ ਭੇਜਕੇ ਕ੍ਰਿਤਾਰਥ ਕਰੋਂ। ਅਤੇ ਆਸ਼ਾ ਹੈ ਕੇ ਓਹ ਭੁੱਲ ਦੂਸਰੀ
ਵਾਰੀ ਛਾਪਣ ਦੇ ਵੇਲੇ ਦਰੁਸਤ ਕੀਤੀ ਜਾਊ।

ਇਤਿ ਸ੍ਰੀ ਗੁਰੂ ਤਵਾਰੀਖ ਖਾਲਸੇ ਦਾ ਦੂਸਰਾ ਭਾਗ ਸ਼ਮਸ਼ੇਰ ਖਾਲਸਾ
ਗਿਆਨ ਸਿੰਘ ਗਿਆਨੀ ਵਿਰਚਿਤੇ ਸਮਾਪਤੰ। ਸੰਮਤ ੧੯੪੯ ਬਿਕ੍ਰਮੀ
ਮਹੀਨਾ ਜੌਲਾਈ ਸੰ: ੧੮੯੨ ਈਸ੍ਵੀ ਬ੍ਰਹਸਪਤਵਾਰ।

ਦੋ: ਸ੍ਰੀ ਗੁਰੁ ਖਾਲਸ ਦੇਵ ਕਾ ਪਰ ਉਰ ਮੇਂ ਦ੍ਰਿੜ੍ਹ ਧਿਆਨਾ। ਕਹਯੋ ਸਮਾਪਤਿ ਦੂਸਰਾ ਹਿੱਸ
ਇਹੁ ਗਿਆਨਾ।੧। ਹਸਬ ਜ਼ਾਬਤਾ ਰਜਿਸ੍ਰੀ ਕਰਾਈ ਗਈ ਹੈ ਬਗੈਰ ਇਜਾਜ਼ਤ
ਕੋਈ ਸਾਹਿਬ ਛਾਪਣੇ ਦਾ ਇਰਾਦਾ ਨਾ ਕਰੇ।

ਦਸਤਖਤ

ਦਾਸ ਬੁਧ ਸਿੰਘ ਕਾਪੀਨਵੀਸ ਨਿਵਾਸੀ ਅੰਮ੍ਰਿਤਸਰ ਬੁੰਗਾ ਬੂੜੀਏ ਵਾਲਾ - 7-੭-੯੨।

Digitized by Panjab Digital Library | www.panjabdigilib.org

# ਵਿਗਿਆਪਨ

ਪ੍ਰਗਟ ਹੋਵੇ ਕਿ ਇਸ ਪੁਸਤਕ ਨੂੰ ਭਾਈ ਗਯਾਨ ਸਿੰਘ ਜੀ ਗਯਾਨੀ ਨੇ ੧੫-੨੦ ਵਰ੍ਹੇ ਮਿਹ ਨਤ ਕਰਕੇ ਪਹਿਲੇ ਉਰਦੂ ਫੇਰ ਗੁਰਮੁਖੀ ਵਿਚ ਬਨਾਯਾ। ਇਸ ਦੇ ਪੰਜ ਹਿੱਸੇ ਹਨ। (੧) ਪਹਿਲੇ ਹਿੱਸੇ ਵਿੱਚ ਦਸਾਂ ਗੁਰੂਆਂ ਦੇ ਜੀਵਨ ਚਰਿੱਤ੍ਰ। (੨) ਦੂਸਰੇ ਵਿੱਚ ਬਾਬਾ ਬੰਦੇ ਦੀ ਬਹਾਦਰੀ ਤੇ ਪੰਥ ਖਾਲਸੇ ਦੇ ਇੱਕੱਤ੍ਰ ਹੋਕਰ ਜੰਗ। (੩) ਤੀਸਰੇ ਵਿੱਚ ਬਾਰਾਂ ਮਿਸਲਾਂ ਦਾ ਹਾਲ ਤੇ ਮਹਾਰਾਜਾ ਰਣਜੀਤ ਸਿੰਘ ਦਾ ਬ੍ਰਿਤਾਂਤ। (੪) ਚੌਥੇ ਵਿੱਚ ਰਾਜੇ ਪਹਾੜੀ ਤੇ ਫੂਲਕੇ ਅਤੇ ਨਵਾਬ ਮਲੇਰਕੋਟਲੇ ਆਦਿਕਾਂ ਦਾ ਹਾਲ। (੫) ਪੰਜਵੇਂ ਵਿੱਚ ਸਾਹਿਬਜ਼ਾਦਿਆਂ ਤੇ ਗੁਰਦ੍ਵਾਰਿਆਂ ਦਾ ਬਰਨਨ ਹੈ।

ਇਨ੍ਹਾਂ ਵਿਚੋਂ ਪਹਿਲਾ ਤੇ ਦੂਸਰਾ ਹਿੱਸਾ ਛਪ ਗਯਾ ਹੈ ਕੀਮਤ ਪਹਿਲੇ ਹਿੱਸੇ ਦੀ ਕਾਗਜ਼ ਤਮਈ ਪਰ ੨।।=) ਤੇ ਦੂਸਰੇ ਹਿੱਸੇ ਦੀ ੧।) ਹੈ ਅਤੇ ਰਾਮਪੁਰੀ ਪਹਿਲੇ ਹਿੱਸੇ ਦੀ ੨।=) ਹੈ ਤੇ ਦੂਸਰੇ ਦੀ ੧=) ਹੈ ਡਾਕ ਮਾਸੂਲ ਸਬ ਦਾ ਵੱਖਰਾ ਲੱਗੇਗਾ।

ਜੋ ਸੱਜਨ ਸਾਰੀ ਕਿਤਾਬ ਖਰੀਦਨ ਵਾਸਤੇ ੭=) ਪੇਸ਼ਗੀ ਭੇਜ ਦੇਣਗੇ ਉਨ੍ਹਾਂ ਨੂੰ ਸੰਪੂਰਨ ਪੁਸਤਕ ਘਰ ਬੈਠੇ ਬਿਠਾਏ ਪਹੁੰਚ ਜਾਏਗਾ ਤੇ ਜੋ ਹਨ ਪਿੱਛੋਂ ਖਰੀਦਨਗੇ ਉਨ੍ਹਾਂ ਨੂੰ ੧।) ਬਿਨਾ ਮਾਸੂਲ ਦੇ ਖਰਚਣੇ ਪੈਣਗੇ। ਤਾਂ ਤੇ ਜਲਦੀ ਹੀ ੭=) ਰਵਾਨਾ ਕਰੋ ਜੋ ਤੁਹਾਡਾ ਨਾਮ ਭੀ ਖਰੀਦਾਰਾਂ ਵਿੱਚ ਲਿਖਿਆ ਜਾਵੇ, ਐਸਾ ਨਾ ਹੋਵੇ ਜੋ ਤੁਸੀਂ ਫੇਰ ਪਛੋਤਾਉਂਦੇ ਰਹੋ।

ਤਵਾਰੀਖ ਉਰਦੂ ਅੱਖਰਾਂ ਵਿੱਚ ਭੀ ਦੋ ਹਿੱਸੇ ਛਪ ਕਰ ਤੱਯਾਰ ਹੈ, ਤੀਸਰਾ ਹਿੱਸਾ ਛਪ ਰਿਹਾ ਹੈ ਕੀਮਤ ਪਹਿਲੇ ਹਿੱਸੇ ਉਰਦੂ ਦੀ ੨) ਹੈ ਤੇ ਦੂਸਰੇ ਦੀ ੧) ਹੈ ਸਾਰੀ ਦੀ ਕੀਮਤ ਪੇਸ਼ਗੀ ਸਮੇਤ ਡਾਕ ਮਾਸੂਲ ਦੇ ੭=) ਹੈ।

ਇਸ ਕਾਰਖਾਨੇ ਵਿਚੋਂ ਇਕ ਅਖਬਾਰ ਹਫਤੇਵਾਰ ਲਾਇਲ ਖਾਲਸਾ ਗਜ਼ਟ ਨਾਮ ਦਾ ਭੀ ਨਿਕਲਦਾ ਹੈ। ਕੀਮਤ ੨।।) ਆਮ ਖਰੀਦਾਰਾਂ ਦੀ ਹੈ।

ਹਿਕਾਯਤਾਂ ਦਸਵੇਂ ਪਾਤਸ਼ਾਹ ਦੀਆਂ ਛਪ ਕਰ ਉਰਦੂ ਵਿਚ ਤੱਯਾਰ ਹਨ ਏ ਬਹੁਤ ਸ਼ੁੱਧ ਹੋਕੇ ਛਪੀਆਂ ਹਨ। ਕੀਮਤ ।) ਹੈ।

ਲੇਖਕ ਮਾਲਕ ਮਤਬਾ ਗੁਰੂ ਗੋਬਿੰਦ ਸਿੰਘ ਬੇਰ ਬਾਬਾ ਨਾਨਕ ਸ਼ਹਰ ਸਿਆਲਕੋਟ

Digitized by Panjab Digital Library | www.panjabdigilib.org

تمام حقوق محفوظ ہیں

# ਤਵਾਰੀਖ ਗੁਰੂ ਖਾਲਸਾ
## ਭਾਗ ੩
## ਰਾਜ ਖਾਲਸਾ

ਈਸ ਹਿੱਸੇ ਵਿੱਚ ਬਾਰਾਂ ਮਿਸਲਾਂ ਦਾ ਬ੍ਰਿਤਾਂਤ ਤੇ ਮਹਾਂਰਾਜਾ ਰਣ
ਜੀਤ ਸਿੰਘ ਸਾਹਿਬ ਦਾ ਹਾਲ ਅਤੇ ਫੂਲਬੰਸੀ ਰਾਜਿਆਂ ਦਾ ਬ
ਰਨਨ ਹੈ॥

حسب فرمائش بابا گیان سنگھ صاحب گیانی در مطبع گورو گوبند سنگھ پریس سیالکوٹ باہتمام بابو راج اندر سنگھ طبع شد

ਈਸ ਪੁਸਤਕ ਨੂੰ ਬਾਬਾ ਗਯਾਨ ਸਿੰਘ ਗਯਾਨੀ ਕਰਤਾ ਪੰਥ ਪ੍ਰਕਾ
ਸ਼ ਨੇ, ਗੁਰੂ ਘਰ ਦੇ ਪ੍ਰੇਮ ਹਿਤਕਾਰੀ, ਸਿੰਘਾਂ, ਸੇਵਕਾਂ ਦੇ ਲਾਭ ਅ
ਰਥ, ੧੫-੨੦ ਵਰ੍ਹੇ ਰਟਨ ਕਰਕੇ ਮਿਹਨਤ ਨਾਲ ਬਨਾਯਾ॥

ਔਰ

ਪਾਖਾਣ ਯੰਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੇਸ ਬੇਰ ਬਾਬਾ ਨਾਨਕ
ਸਯਾਲਕੋਟ ਮੇਂ, ਬਾਬੂ ਰਾਜੇਂਦ੍ਰ ਸਿੰਘ ਮੈਨੇਜਰ ਕੇ ਅਧਿਕਾਰ ਸੇ
ਮੁਦ੍ਰਿਤ ਕਰਾਯਾ॥ ਸੰਮਤ ੧੯੫੦ ਬਿ: ਸਨ ੧੮੯੪ ਈਸਵੀ

ਵਰ ੧ ਜਿਲਦ ੧੦੦ ਮੇਖ ੫

Digitized by Panjab Digital Library | www.panjabdigilib.org

# ਤਵਾਰੀਖ ਗੁਰੂ ਖਾਲਸਾ

# ਭਾਗ ੩

# ਰਾਜ ਖਾਲਸਾ

ਦੋਹਰਾ।

ਪਰਮੇਸੁਰ ਗੁਰੂ ਖਾਲਸਾ ਸੱਜਨ ਗੁਨੀ ਜਨ ਔਰ ॥ ਨਮੋ ਰਮਾ ... ਹਾਰ ਕੀ ਗਏ ਗੁਨ ਰ... ਹਕ ਆਲਿਤੇਰਾ।

## ਭੂਮਿਕਾ।

॥ ਹੁਣ ਅਸੀ ਤਵਾਰੀਖ ਗੁਰੂ ਖਾਲਸੇ ਦਾ ਤੀਜਾ ਹਿੱਸਾ ਰਾਜ ਖਾਲਸਾ ਨਾਮੀ ਆਰੰਭ ਕਰਦੇ ਹਾਂ। ਅਤੇ ਪਰਮ ਕ੍ਰਿਪਾਲੂ ਪਰੋਪਕਾਰੀ ਭਾਈਆਂ ਦੀ ਭੇਟਾ ਕਰਨ ਲਈ, ਅੰਮ੍ਰਿਤਸਰ, ਲਾਹੌਰ ਦੀ ਪ੍ਰਚਲਿਤ ਪੰਜਾਬੀ ਬੋਲੀ ਵਿੱਚ ਲਿਖਦੇ ਹਾਂ। ਜਿਸ ਪ੍ਰਕਾਰ ਤੀਹਾਂ ਕੁ ਬਰਸਾਂ ਤੋਂ ਉਰੇ ਉਰੇ ਸਾਡੇ ਦੇਸ਼ ਵਿੱਚ ਅਸਲ ਪੰਜਾਬੀ ਭਾਸ਼ਾ ਨਾਗਰੀ, ਉਰਦੂ, ਅੰਗ੍ਰੇਜ਼ੀ ਆਦਿਕ ਮਿਲ ਜੁਲ ਗਈ ਹੈ, ਤਿਸੀ ਪ੍ਰਕਾਰ ਹੋਰ ਵੀਹਾਂ ਕੁ ਬਰਸਾਂ ਵਿੱਚ ਬਾਕੀ ਦੀ ਪੰਜਾਬੀ ਭੀ ਜਾਂਦੀ ਰਹੂ, ਸੋ ਅਸੀ ਏਸ ਦਾ ਨਮੂਨਾ ਕਾਇਮ ਰੱਖਣ ਲਈ ਏਥੇ ਲਿਖਦੇ ਹਾਂ। ਜਿਸ ਪੰਥ ਖਾਲਸੇ ਨੇ ਕੇਵਲ ਧਰਮ ਕੌਮ ਦੀ ਉੱਨਤੀ ਵਾਸਤੇ ਲੱਕ ਬੰਨ ਕੇ ਐਸੇ ਸਮੇ ਤੇਗ ਉਠਾਈ ਜਦ ਦੇ ਬਾਦਸ਼ਾਹ, ਦਿੱਲੀ ਤੇ ਕਾਬੁਲ ਦੇ ਹਾਕਮ ਗਿਲਜ਼ੇ, ਪੰਜਾਬ ਦੇਸ ਨੂੰ ਜ਼ੁਲਮ ਨਾਲ ਤੁਰਕ ਕਰਨ ਲਈ, ਹੱਥ ਧੋ ਕੇ ਅਜੇਹੇ ਪਿੱਛੇ ਪਏ ਸੇ ਕੇ ਜੋ ਤੁਰਕ ਨਹੀਂ ਹੁੰਦਾ ਸੀ ਉਸ ਨੂੰ ਉਨ੍ਹਾਂ ਬੁਰੀਆਂ ਮੌਤਾਂ ਨਾਲ ਮਾਰਿਆ ਜਾਂਦਾ ਸੀ ਜੋ ਦੂਜੇ ਹਿੱਸੇ ਵਿੱਚ ਸਫ਼ੇ ਨੰਬਰ ੪੫੩ ਪਰ ਲਿਖ ਚੁਕੇ ਹਾਂ। ਉਨ੍ਹਾਂ ਮੌਤਾਂ ਤੋਂ ਡਰਦਾ ਅੱਗੋਂ ਕੋਈ ਹੁੱਜਤ ਨਹੀਂ ਕਰਦਾ ਸੀ ਤੇ ਨਾ ਕੋਈ ਹੋਰ ਏਸ ਦੇਸ ਦਾ ਸਹਾਇਕ ਸੀ, ਸਰਬ

Digitized by Panjab Digital Library | www.panjabdigilib.org

2 ਦੇਵੀ ਦੇਵਤਾ ਰਾਜਾ ਪਰਜਾ ਛੁੱਟ ਰਹੇ ਰਹੇ ਸਨ। ਉਸ ਪ੍ਰਲਯ ਦੀ ਅੱਗ ਨੂੰ ਜਿਸ ਸਿੰਘ ਪੰਥ ਮੇਘ ਨੇ ਤੇਗ ਬਿਜਲੀ ਚਮਕਾ ਕੇ ਤੀਰ ਗੋਲੀ ਦੀ ਬਰਖਾ ਦੇ ਹੱਲੇ ਕਰ ਕਰ ਬੁਝਾ ਕੇ ਠੰਢ ਪਾਈ ਤੇ ਹਿੰਦੂਵਾਯਣ ਰੱਖ ਵਿਖਾਈ, ਅਸੀਂ ਉਨ੍ਹਾਂ ਬੇਸ਼ੁਮਾਰ ਸੂਰਬੀਰ ਧਰਮਾਤਮਾ ਪਰੋਪਕਾਰੀ ਸਿੰਘਾਂ ਦਾ ਬਾਰੰਬਾਰ ਧੰਨਯਬਾਦ ਕਰਕੇ ਇਸ ਤੀਸਰੇ ਹਿੱਸੇ ਵਿਚ ਪੰਥ ਖਾਲਸੇ ਦਾ ੧੨ ਜਗਾਹ ਪਰ ਵੰਡੇ ਜਾਣਾ ਅਰਥਾਤ ਬਾਰਾਂ ਮਿਸਲਾਂ ਬਣਨੀਆਂ ਤੇ ੧੨ ਹੀ ਜਥੇਦਾਰਾਂ ਦਾ ਪੁਰਖਾਰਥ ਬਰਨਨ ਕਰਦੇ ਹਾਂ।

# ਮਿਸਲ ਭੰਗੀਆਂ।੧।।

ਭੰਗੀ ਸਰਦਾਰਾਂ ਦੀ ਮਿਸਲ ਸਭ ਤੋਂ ਵੱਡੀ ਜ਼ੋਰਾਵਰ ਪੰਦ੍ਰਾਂ ਹਜ਼ਾਰ ਅਸਵਾਰ ਪਯਾਦਾ ਤੇ ਡੇਢ ਕਰੋੜ ਰੁਪਏ ਸਾਲਾਨਾ ਆਮਦਨੀ ਦੀ ਸੀ। ਰਾਵਲਪਿੰਡੀ, ਪੋਠੋਹਾਰ, ਕੰਢੀ ਜੇਹਲਮ, ਗੁਜਰਾਤ, ਸਿਆਲਕੋਟ, ਚਨੀਓਟ, ਝੰਗ, ਮੁਲਤਾਨ, ਅੰਮ੍ਰਿਤਸਰ, ਲਾਹੌਰ, ਜਗਾਧਰੀ, ਬੂੜੀਆ, ਸਹਾਰਨਪੁਰ, ਆਦਿਕ ਪਰਗਣੇ ਇਸ ਮਿਸਲ ਦੇ ਕਬਜ਼ੇ ਵਿਚ ਸੇ। ਮੁਖ ਮਾਲਕ ਇਸ ਮਿਸਲ ਦਾ ਚੌਧਰੀ ਭੂਮਾ ਸਿੰਘ ਦਾ ਪੁੱਤ੍ਰ ਸਰਦਾਰ ਹਰੀ ਸਿੰਘ ਢਿੱਲੋਂ ਜੱਟ ਮਾਲਵੇ ਹੁੰਗ ਪਿੰਡ ਪਰਗਣੇ ਬੱਧਣੀ ਦਾ ਸੀ। ਫੇਰ ਇਸ ਨੇ ਪਰਗਨੇ ਤਰਨ ਤਾਰਨ, ਪੰਜਵੜ ਵਿਚ ਡੇਰਾ ਆ ਗੱਡਿਆ। ਸੰ: ੧੭੮੨ ਬਿ: ਨੂੰ ਦੀਪ ਸਿੰਘ ਸ਼ਹੀਦ ਤੋਂ ਪਾਹੁਲ ਲੈ ਕੇ ਸਿੰਘਾਂ ਦੇ ਦਲ ਵਿਚ ਰਹਣ ਲੱਗਾ। ਏਹ ਭੰਗ ਬਹੁਤ ਪੀਂਦਾ ਤੇ ਪਿਲਾਂਉਂਦਾ ਸੀ ਏਸੇ ਕਰਕੇ ਅਕਸਰ ਕਈ ਸਿੱਖ ਇਸ ਨੂੰ ਭੰਗੀ ਆਖਿਆ ਕਰਦੇ ਸੇ, ਪਰੰਤੂ ਜਦ ਇਕ ਦਿਨ ਇਸ ਨੇ ਖਾਲਸੇ ਨੂੰ ਕੜਾਹ ਪ੍ਰਸਾਦ ਛਕਾਯਾ ਤਾਂ ਸ਼ਹੀਦ ਦੀਪ ਸਿੰਘ ਨੇ ਇਸ ਦੀ ਪਿੱਠ ਠੋਕ ਕੇ ਬਚਨ ਕੀਤਾ (ਹਰੀ ਸਿੰਘ ਭੰਗੀ ਬਾਦਸ਼ਾਹ, ਜੰਗ ਬਹਾਦਰ ਬੇਪਰਵਾਹ) ਉਸ ਦਿਨ ਤੋਂ ਤਾਂ ਸਭਨਾ ਸਿੰਘਾਂ ਵਿਚ ਏਹ ਭੰਗੀ ਮਸ਼ਹੂਰ ਹੋ ਗਿਆ। ਤੇ ਇਸ ਦੇ ਸਾਥੀ ਭੀ ਭੰਗੀ ਹੀ ਸੱਦੀਦੇ ਰਹੇ। ਏਹ ਸਰਦਾਰ ਜੈਸਾ ਵੱਡੇ ਕੱਦ ਵਾਲਾ ਸੀ ਉਤਨਾ ਹੀ ਸੂਰਬੀਰ ਤੇ ਉਦਾਰ ਭੀ ਸੀ। ਵੈਰੀਆਂ ਦੇ ਮਾਰਣ ਲੁੱਟਣ ਵਿਚ ਏਸੇ ਦਾ ਜਥਾ ਅਗੇ ਰਹਿੰਦਾ ਸੀ। ਏਸੇ ਕਰਕੇ ਸਾਰੇ ਜਥੇਦਾਰਾਂ ਨਾਲੋਂ ਇਸ ਮਿਸਲ ਦੇ ਸਰਦਾਰ ਦੇਸ ਰੋਕਣ ਵਿਚ ਵਧ ਗਏ, ਤੇ ਸ੍ਰੀ ਅੰਮ੍ਰਿਤਸਰ ਪੂਜਯ ਅਸਥਾਨ ਇਨ੍ਹਾਂ ਨੇ ਰਾਜਧਾਨੀ ਠਾਨੀ। — ਸਰਦਾਰ ਛੱਜਾ ਸਿੰਘ ਪੰਜਵੜੀਆ, ਹੀਰਾ ਸਿੰਘ, ਨੱਥਾ ਸਿੰਘ, ਜਗਤ

Digitized by Panjab Digital Library | www.panjabdigilib.org

ਸਿੰਘ ਬੱਧਣੀ ਤੇ ਰਾਊਕੇ ਮਲਵਈ, ਗੁਲਾਬਸਿੰਘ ਬੇਰੀਆਂਵਾਲਾ, ਗੁਰਬਖਸਸਿੰ ੩
ਘ ਰੋੜਾਂਵਾਲੇਦਾ, ਅਗਰਸਿੰਘ ਖੰਗੂੜਾ, ਸਾਉਲਸਿੰਘ ਰੰਧਾਵਾ, ਠਾਕੁਰਸਿੰਘ ਗੋਸਾ,
ਗੁੱਜਰਸਿੰਘ ਗੁਜਰਾਤੀਆ, ਲੈਣਾਸਿੰਘ ਬਣੀਏਕਾ, ਰਾਇਸਿੰਘ, ਨਾਨੂਸਿੰਘ ਬੂੜੀਏ
ਵਾਲੇ, ਬਘਸਿੰਘ ਜਲਾਲਵਾਲਾ, ਤਾਰਾਸਿੰਘ ਰੈਨਪੁਰੀਆ, ਕਰਮਸਿੰਘ ਖੋਸਾ, ਰਾਜਸਿੰਘ
ਸਰਾਇਵਾਲਾ, ਕਰਮਸਿੰਘ ਛੀਨਾ, ਈਸਰਸਿੰਘ ਸੈਣੀਆਂਵਾਲਾ, ਸੁੱਧਾਸਿੰਘ ਦੂਰੀਆ,
ਸੋਭਾਸਿੰਘ ਨਾਜ਼ਬੇਗੀਆ ਇੱਤਿਆਦਿਕ ਬਡੇ ਬਡੇ ਸਰਦਾਰ ਏਸ ਮਿਸਲ ਵਿੱਚ ਸੇ।
ਏਨਾਂ ਸਬਨਾਂ ਦਾ ਹਾਲ ਵੱਖੋ ਵੱਖ ਕਰਕੇ ਚੌਥੇ ਹਿੱਸੇ ਵਿੱਚ ਹੈ। — ਪਹਿਲੇ ਤਾਂ ਏਹ ਸਰਦਾ-
ਰ ਧਰਮ ਦੇ ਰਖਵਾਰ, ਮੁਸਲਮਾਨਾਂ ਦੀ ਲੁੱਟਮਾਰ ਤੇ ਦੁਰਾਨੀਆਂ ਦੇ ਪਰਿਹਾਰ ਵਿੱਚ ਤਨੋ
ਮਨੋ ਲੱਗੇ ਰਹੇ। ਸਰਦਾਰ ਹਰੀਸਿੰਘ ਆਪਣੇ ਸਮੇ ਦਾ ਧਰਮ ਕਰਮ ਦਾ ਪੂਰਾ, ਰਾਜਨੀ
ਤਿ ਦਾ ਸੂਰਾ, ਗੁਣਾਂ ਦਾ ਗੁਥਲਾ, ਬਡਾ ਦੂਰਦੇਸ਼ ਪੁਰਸ਼ ਸੀ। ਸੰਮਤ ੧੮੦੩ ਬਿ: ਵਿਚ ਏ
ਸਨੇ ਅੰਮ੍ਰਿਤਸਰ ਵਿਚ ਇਕ ਕਟੜਾ ਆਪਣੇ ਨਾਮ ਪਰ ਬਸਾਯਾ ਜੋ ਹੁਣ ਤਕ ਹੈ। ਏਸ
ਸਰਦਾਰ ਨੂੰ ਚੰਗੇ੨ ਘੋੜੇ ਤੇ ਜਵਾਨ ਆਦਮੀ ਰੱਖਣ ਦਾ ਬਹੁਤ ਸ਼ੌਕ ਸੀ।

ਸਰਦਾਰ ਹਰੀਸਿੰਘ ਦਾ ਹਾਲ।

ਸੰ: ੧੮੧੨ ਬਿ: ਵਿਚ ਏਸਨੇ ਚਨੀਓਟ[1], ਜਦਾਰ, ਝੰਗ, ਹੈਬਤਪੁਰ, ਦਾਊਦ, ਪੈਲੀਆ, ਮਿ
ਸਰਾ, ਸਰਹਾਲੀ ਬੈਰੋਵਾਲ ਪਰਗਣੇ ਮੱਲਕੇ, ਅਗਲੇ ਸਾਲ ਮੁਲਤਾਨ ਵਿੱਚੋਂ ਦੁਰਾਨੀ
ਅਬਦੁਲਸਮਦਖਾਂ ਨੂੰ ਜਾ ਕੱਢਿਆ। ਸੰ: ੧੮੧੬ ਬਿ: ਵਿੱਚ ਡੇਰੇ ਇਸਮਾਈਲਖਾਂ ਤਾਂ
ਈ ਦੇਸ ਮੱਲ ਲੀਤਾ, ਪਰਗਣਾ ਮੀਰੋਵਾਲ, ਕਰਿਆਲਾ ਬੀਦਬਾਲ ਲਏ ਤੇ ਓਸ ਦੇਸ ਵਿੱਚ
ਆਪਣੀ ਦੁਹਾਈ ਫੇਰ ਦਿੱਤੀ। ਸੰ: ੧੮੧੮ ਬਿ: ਨੂੰ ਕਸਬਾ ਕਸੂਰ ਏਸੇ ਦੀ ਮਦਦ ਨਾਲ ਫਤੇ
ਹੋਯਾ। ਸੰ: ੧੮੨੦ ਬਿ: ਵਿੱਚ ਸੂਬੇ ਜੈਨਖਾਂ ਨੂੰ ਮਾਰਕੇ ਸਰਹੰਦ ਦੇ ਲੁੱਟਣ ਉਜਾੜਨ ਵਿੱਚ ਭੀ
ਏਹੋ ਮੁਹਰੇ ਸੀ। ਸੰ: ੧੮੨੩ ਬਿ: ਵਿਚ ਜਦ ਅਹਿਮਦਸ਼ਾਹ, ਸ਼ਰੀਫਖਾਂ ਨੂੰ ਮੁਲਤਾਨ ਦਾ
ਸੂਬਾ ਕਰ ਗਿਆ ਸੀ ਤਾਂ ਏਸੇ ਹਰੀਸਿੰਘ ਨੇ ਫੇਰ ਮੁਲਤਾਨ ਪਰ ਕਬਜ਼ਾ ਕੀਤਾ ਸੀ। ਰਾਜਾ
ਆਲਾਸਿੰਘ ਪਟਿਆਲੇਵਾਲੇ ਨਾਲ ਏਸ ਦੀ ਬਹੁਤ ਦੋਸਤੀ ਸੀ ਏਸੇ ਕਰਕੇ ਕਈ ਵਾਰੀ ਓ
ਸਦੀ ਸਹਾਯਤਾ ਨੂੰ ਜਾਂਦਾ ਰਿਹਾ, ਓੜਕ ਸੰ: ੧੮੨੭ ਬਿ: ਨੂੰ ਜਦ ਰਾਜਾ ਅਮਰਸਿੰਘ ਦੀ

੧ ਚਨੀਓਟ ਰਾਜਾ ਜੈਪਾਲ ਦੀ ਬੇਟੀ ਚੰਨਣਾ ਨੇ ਸੰ: ੭੮੮ ਬਿ: ਨੂੰ ਬਸਾਕੇ ਏਸ ਦਾ ਨਾਮ ਚੰਨਣਓਟ ਰਖਿਆ
ਜੋ ਹੁਣ ਚਨੀਓਟ ਹੋ ਗਿਆ। ਕਰਮਸਿੰਘ ਦੂਲੋ ਦੇ ਬੇਟੇ ਜੱਸਾਸਿੰਘ ਭੰਗੀ ਦੇ ਕਬਜ਼ੇ ੪੦ ਬਰਸ ਰਿਹਾ। ਸੰ:
੧੮੬੬ ਬਿ: ਨੂੰ ਸਰਕਾਰ ਨੇ ਜੰਗ ਕਰਕੇ ਛੀਨ ਲਿਆ।

ਹਰੀ ਸਿੰਘ ਦਾ ਮਰਨਾ ਝੰਡਾ ਸਿੰਘ ਦਾ ਮੁਲਤਾਨ ਤੇ ਕਬਜ਼ਾ

ਮਰਦ ਪਰ ਤਾਂਸੀ ਗਯਾ ਤਾਂ ਭੱਟੀ ਰਾਜਪੂਤਾਂ ਦੇ ਮੁਕਾਬਲੇ ਵਿਚ ਗੋਲੀ ਨਾਲ ਸ਼ਹੀਦ ਹੋ ਗਯਾ। ਹਰੀ ਸਿੰਘ ਦੇ ਪੰਜ ਪੁੱਤ੍ਰ ਸੇ। ਝੰਡਾ ਸਿੰਘ ੧, ਗੰਡਾ ਸਿੰਘ ੨, ਚੜ੍ਹਤ ਸਿੰਘ ੩, ਦੀਵਾਨ ਸਿੰਘ ੪, ਦੇਸੂ ਸਿੰਘ ੫। ਪਰ ਇਨ੍ਹਾਂ ਵਿਚੋਂ ਝੰਡਾ ਸਿੰਘ ਮਿਸਲ ਦਾ ਸਰਦਾਰ ਬਣਿਆ ਇਸ ਨੇ ਆਪਣੀ ਮਿਸਲ ਤੇ ਇੱਜ਼ਤ ਨੂੰ ਬਹੁਤ ਵਧਾਯਾ। ਇਸੇ ਸਾਲ ਝੰਡਾ ਸਿੰਘ ਨੇ ਆਪਣੀ ਮਿਸਲ ਦੇ ਸਰਦਾਰਾਂ ਨੂੰ ਨਾਲ ਲੈਕੇ ਮੁਲਤਾਨ ਜਾ ਘੇਰਿਆ। ਜੱਦਪਿ ਮੁਜ਼ੱਫਰ ਖਾਂ ਨੇ ੫੦ ਹਜ਼ਾਰ ਰੁਪਯਾ ਦੇਕੇ ਸੁਲਾ ਕੀਤੀ ਪਰ ਸਿੰਘਾਂ ਨੇ ਪ੍ਰਹਲਾਦ ਪੁਰੀ ਦੇਖਣ ਦੇ ਬਹਾਨੇ ਕਿਲੇ ਅੰਦਰ ਜਾਕੇ ਕਬਜ਼ਾ ਕਰ ਲਿਆ। — ਝੰਡਾ ਸਿੰਘ ਨੇ ਮੁਜ਼ੱਫਰ ਖਾਂ ਨੂੰ ਇਕ ਪਰਗਣਾ ਦੇਕੇ ਕਿਲਾ ਆਪ ਸਾਂਭਿਆ ਤੇ ਇਲਾਕੇ ਮੁਲਤਾਨ ਦਾ ਬੰਦੋਬਸ੍ਤ ਆਪਣੇ ਭਾਈ ਸਰਦਾਰ ਜਮੀਤਾ ਸਿੰਘ ਤੇ ਦੀਵਾਨ ਸਿੰਘ ਦੇ ਹੱਥ ਦੇ ਕਰਕੇ ਆਪ ਅੱਗੇ ਨੂੰ ਪੈਰ ਪਾਯਾ। ਉਧਰ ਦੇ ਜ਼ਿਮੀਦਾਰਾਂ ਤੇ ਜਾਗੀਰਦਾਰਾਂ ਤੋਂ ਲੱਖਾਂ ਰੁਪਏ ਲੈਕੇ ਨੱਵਾਬ ਆਹਿਮਦ ਖਾਂ ਆਹਿਮਦਾਬਾਦੀਏ ਨੂੰ ਜਾ ਘੇਰਿਆ, ਬੀਸ ਹਜ਼ਾਰ ਉਸ ਤੋਂ ਠੋਕ ਲਿਆ ਤੇ ਇੱਕ ਲੱਖ ਨਵਾਬ ਫਤੇ ਮੁਹੰਮਦ ਖਾਂ ਬਹਾਵਲਪੁਰੀਏ ਤੋਂ ਉਗਰਾਯਾ। ਓਥੋਂ ਡੇਰੇ ਗਾਜ਼ੀ ਖਾਂ ਨੂੰ ਚੜ੍ਹ ਪਏ, ਡੇਰੇਜ° ਰਦੇ ਨੱਵਾਬ ਜਾ ਘੂਰੇ ਉਨ੍ਹਾਂ ਨੂੰ ਅਨੁਸਾਰੀ ਕਰਕੇ ਅੰਮ੍ਰਿਤਸਰ ਫਤੇ ਆ ਗਜਾਈ। ਦੀਪ ਮਾਲਾ ਦੇ ਮੇਲੇ ਦੀ ਰੌਣਕ ਵਧਾਈ। ਸੰ: ੧੮੨੬ ਬਿ: ਵਿਚ ਬਾਗ, ਕਿਲਾ, ਕਟੜਾ ਬਣਉਣ ਦੀ ਨੀਉਂ ਰੱਖੀ ਜੋ ਹੁਣ ਤਕ ਝੰਡਾ ਸਿੰਘ ਦੇ ਸੱਦੀਦੇ ਹਨ।

ਤਮੂਰ ਸ਼ਾਹ ਦਾ ਆਵਣਾ

ਇਹ ਖਬਰ ਸੁਣਕੇ ਤਹਿਮੂਰ ਸ਼ਾਹ ਨੇ ਕੰਧਾਰ ਤੋਂ ਆਪਣਾ ਵਕੀਲ ਝੰਡਾ ਸਿੰਘ ਪਾਸ ਭੇਜਿਆ। ਪਰ ਜਦ ਵਕੀਲ ਦੇ ਆਖੇ ਝੰਡਾ ਸਿੰਘ ਨਾ ਲੱਗਾ ਤਾਂ ਤਹਿਮੂਰ ਸ਼ਾਹ ਨੇ ਆਪ ਆਕੇ ਸਿੰਘਾਂ ਤੋਂ ਮੁਲਤਾਨ ਛੁਡਾ ਲਿਆ ਤੇ ਮੁਜ਼ੱਫਰ ਖਾਂ ਨੂੰ ਸੌਂਪ ਦਿਤਾ ਪਰ ਉਸ ਦੇ ਗਏ ਪਿੱਛੋਂ ਸੰਮਤ ੧੮੩੦ ਬਿ: ਨੂੰ ਸਰਦਾਰ ਝੰਡਾ ਸਿੰਘ ਨੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਲੈ ਜਾਕੇ, ਸੱਤ ਦਿਨ ਘੋਰ ਜੰਗ ਕਰਕੇ ਫੇਰ ਮੁਲਤਾਨ ਛੁਡਾ ਲਿਆ ਤੇ ਆਪਣੇ ਭਾਈ ਗੰਡਾ ਸਿੰਘ ਨੂੰ ਉਥੋਂ ਦਾ ਸੂਬਾ ਬਣਾਯਾ।

ਇਸੇ ਸਾਲ ਸਰਦਾਰ ਝੰਡਾ ਸਿੰਘ ਬਾਰਾਂ ਚੌਦਾਂ ਹਜ਼ਾਰ ਚੁਣਵੇਂ ਅਸਵਾਰ ਬਹਾਦਰ ਲੈਕੇ ਜੰਮੂ ਦੇ ਗਿਰਦੇ ਜਾ ਹੋਯਾ। ਜੰਮੂ ਦੇ ਰਾਜਾ ਰਣਜੀਤ ਦੇਉ ਨੇ ਮੁਠਭੇੜ ਤਾਂ ਬਥੇਰੀ ਕੀਤੀ ਪਰ ਫਤੇ ਝੰਡਾ ਸਿੰਘ ਦੇ ਹੱਥ ਹੀ ਰਹੀ, ਰਾਜੇ ਤੋਂ ਇੱਕ ਲੱਖ ਰੁਪਯਾ ਸਾਲਾਨਾ ਲੈਣਾ ਕਰਕੇ ਮੁੜ ਆਯਾ। ਸੰ: ੧੮੩੧ ਬਿ: ਨੂੰ ਜੱਸਾ ਸਿੰਘ ਆਦਿਕ ਦੋਸ੍ਤਾਂ ਨੂੰ ਲੈਕੇ ਅਟਕ ਤੋਂ ਪਾਰ

ਡੇਰੇ ਇਸਮਾਈਲਖਾਂ ਆਦਿਕ ਅਮਾਸ੍ਤਾਂ ਦੇ ਮਾਲਕ ਨੱਵਾਬਾਂ ਨੂੰ ਜਾ ਦਬਾਯਾ ਤੇ ਆਪਣੇ ੫
ਬਾਪ ਹਰੀ ਸਿੰਘ ਦੇ ਸਮੇਂ ਦਾ ਬਿਧਾਨ ਪਿਛਲਾ ਚਾਰ ਬਰਸ ਦਾ ਲੈਕੇ ਅੱਗੇ ਨੂੰ ਤਾਬੇਦਾਰੀ ਲਿ
ਖਾਲਈ। ਮੁੜਦੇ ਹੋਏ ਏਨੇ ਕਿਲਾ ਭਰਥਪੁਰ (ਜੋ ਰਾਵੀ ਦੇ ਕਿਨਾਰੇ ਹੈ) ਜਿੱਤਕੇ ਸਰਦਾਰ ਗੁ
ਰਬਖਸ਼ ਸਿੰਘ ਰੋੜਾਂ ਵਾਲੇ ਨੂੰ ਦਿੱਤਾ। — ਖ੍ਵਾਜੇ ਹਮੀਦ ਖਾਂ ਦੀ ਸਰਾਇ ਵਾਲੇ ਨਵਾਬ ਜ
ਹਾਨਖਾਂ ਨੂੰ ਫਤੇ ਕਰਕੇ ਤੋਪਖਾਨੇ ਸਮੇਤ ਸਬ ਸਾਮਾਨ ਉਸਦਾ ਖੋਹ ਲਿਆ ਉਨ੍ਹਾਂ ਤੋਪਾਂ
ਵਿਚ ਇਕ ਜਮਜਮਾ ਨਾਮੀ ਤੋਪ ਭੀ ਸੀ ਜੋ ਹੁਣ ਭੰਗੀਆਂ ਵਾਲੀ ਤੋਪ ਮਸ਼ਹੂਰ ਹੈ ਤੇ ਲਾਹੌਰ
ਆਜਾਇਬ ਘਰ ਦੇ ਅੱਗੇ ਖੜੀ ਹੈ। — ਏਸ ਸਮੇ ਜੈਸੀ ਖਟਾਪਟੀ ਸੁੱਕ੍ਰਚੱਕੀਆਂ ਤੇ ਭੰ
ਗੀਆਂ ਵਿਚ ਸੀ ਐਸੀ ਹੋਰ ਸਿੰਘਾਂ ਵਿੱਚ ਨਹੀਂ ਸੀ। ਕਯੋਂਕੇ ਭੰਗੀਆਂ ਸਰਦਾਰਾਂ ਦੇ ਲ
ਸ਼ਕਰ ਦੀ ਆਵਾਜਾਈ ਸੁੱਕ੍ਰਚੱਕੀਆਂ ਦੇ ਦੇਸ ਵਿੱਚ ਦੀ ਸੀ।

ਏਸੇ ਸਾਲ ਜਦ ਰਾਜਾ ਰਣਜੀਤ ਦੇਉ ਜੰਮੂ ਵਾਲੇ ਨੇ ਭੰਗੀ ਸਰਦਾਰਾਂ ਦੀ ਸਾਹਿ ਨਾਲ ਆ
ਪਣੇ ਛੋਟੇ ਬੇਟੇ ਦਲੇਲ ਸਿੰਘ ਨੂੰ ਗੱਦੀ ਦੇਣੀ ਚਾਹੀ ਤਾਂ ਉਸਦੇ ਬਡੇ ਪੁੱਤ੍ਰ ਬ੍ਰਿਜਰਾਜ ਦੇਉ ਨੇ
ਸਰਦਾਰ ਚੜ੍ਹਤ ਸਿੰਘ ਸੁੱਕ੍ਰਚੱਕੀਏ ਤੇ ਘੱਨੱਯੇ ਸਰਦਾਰਾਂ ਨੂੰ ਆਪਣੀ ਸਹਾਯਤਾ ਲ
ਈ ਬੁਲਾਯਾ। ਉਧਰੋਂ ਭੰਗੀ ਸਰਦਾਰ ਭੀ ਆ ਗਏ। ਉਧੋਚੱਕ ਪਿੰਡ ਪਾਸ ਪਹਾੜੀਆਂ ਨੇ,
ਖਾਲਸੇ ਨੂੰ ਆਪਸ ਵਿੱਚ ਟਕਰਾ ਦਿੱਤਾ ਬਾਈ ਤੇਈ ਦਿਨ ਜੰਗ ਹੁੰਦਾ ਰਿਹਾ, ਅੰਤ ਨੂੰ ਸਰ
ਦਾਰ ਚੜ੍ਹਤ ਸਿੰਘ ਬੰਦੂਕ ਦੇ ਫਟਨੇ ਕਰ ਮਾਰਿਆ ਗਿਆ। ਜੈ ਸਿੰਘ ਘਨੱਯੇ ਨੇ ਉਸਦੇ ਬੇਟੇ (ਚੜ੍ਹਤ ਸਿੰਘ ਮਰਨਾ)
ਮਹਾਂ ਸਿੰਘ ਨੂੰ ਤੁਰਤ ਗੱਦੀ ਪਰ ਬੈਠਾਕੇ ਆਪਣਾ ਪੱਖੀ ਬਣਾਈ ਰੱਖਣਾ ਤੇ ਝੰਡਾ ਸਿੰਘ
ਨੂੰ ਮਹਾਂ ਸਿੰਘ ਦਾ ਵੈਰੀ ਜਾਣਕੇ ਮਜ਼੍ਹਬੀ ਸਿੱਖ ਤੋਂ (ਜਿਨ੍ਹਾਂ ਨੂੰ ਬੇਗੀ ਆਖਦੇ ਹਨ) ਲਾਲਚ
ਦੇਕੇ ਮਰਵਾ ਦਿੱਤਾ। ਏਨਾਂ ਦੋਹਾਂ ਲਾਇਕ ਸਰਦਾਰਾਂ ਦੇ ਮਾਰੇ ਜਾਣੇ ਤੋਂ ਸਯਾਣੇ ੨ ਸਰਦਾਰਾਂ ਨੇ
ਆਪਸ ਵਿੱਚ ਸੁਲਾ ਕਰਾਕੇ ਉਹ ਲੜਾਈ ਤਾਂ ਬੰਦ ਕਰਾਈ ਪਰ ਦਿਲੋਂ ਵੈਰ ਨਾ ਗਿਆ।
ਏਸੇ ਸਾਲ ਗੰਡਾ ਸਿੰਘ ਨੇ ਆਪਣੇ ਭਾਈ ਦੇ ਥਾਂ ਸਰਦਾਰ ਹੋਕੇ ਜੱਸਾ ਸਿੰਘ ਨੂੰ ਨਾਲ ਲੈਕਰ
ਘਨੱਯਾਂ ਦੇ ਦੇਸ ਉੱਤੇ ਚੜ੍ਹਾਈ ਕਰ ਦਿੱਤੀ। ਲੜਾਈਆਂ ਕਰ ਕਰ ਕਈ ਪਰਗਣੇ ਉਨ੍ਹਾਂ ਦੇ
ਦਬਾ ਲਏ। ਉਸ ਵਕਤ ਇਕੱਲੇ ਗੰਡਾ ਸਿੰਘ ਦੇ ਕਬਜ਼ੇ ਵਿਚ ੭੫ ਪਚੱਤਰ ਲੱਖ ਰੁਪਏ ਤੋਂ
ਅਧਿਕ ਤੇ ਸਾਰੀ ਭੰਗੀਆਂ ਦੀ ਮਿਸਲ ਪਾਸ ਇੱਕ ਕਰੋੜ ਤੋਂ ਅਧਿਕ ਸਾਲਾਨਾ ਆਮਦ
ਨੀ ਦਾ ਮੁਲਕ ਸੀ। ਸੰ: ੧੮੨੪ ਨੂੰ ਸਰਦਾਰ ਮਨਸਾ ਸਿੰਘ ਸਯਾਲਕੋਟ ਵਾਲੇ ਦੇ ਬੇਉਲਾ
ਦ ਮਰੇ ਪਿੱਛੋਂ ਉਸਦੀ ਸਰਦਾਰਨੀ ਨੇ ਸਿੰਘਾਂ ਦੀ ਰੀਤਿ ਅਨੁਸਾਰ ਤਾਰਾ ਸਿੰਘ ਘਨੱਯੇ

੬ ਨਾਲ ਅਨੰਦ ਪੜ੍ਹਾ ਕੇ ਆਪਣਾ ਮਾਲ ਮੁਲਕ ਸਭ ਉਸਦੇ ਹੱਥ ਦੇ ਦਿੱਤਾ। ਮਨਸਾ ਸਿ
ਘ ਭੰਗੀਆਂ ਦੀ ਮਿਸਲ ਵਿਰੋਂ ਮੀਏ ਸੰਕਰ ਕੇ ਸਰਦਾਰ ਗੰਡਾ ਸਿੰਘ ਨੇ ਫੌਜ ਖਾ ਕੇ ਤਾਰਾ
ਸਿੰਘ ਦੀ ਰਾਜਧਾਨੀ ਪਠਾਨਕੋਟ[1] ਜਾ ਘੇਰੀ। ਹਕੀਕਤ ਸਿੰਘ ਕਨ੍ਹੈਯਾ ਆਦਿਕ ਘਨੱ
ਯੇ ਸਰਦਾਰ ਤਾਰਾ ਸਿੰਘ ਦੀ ਮਦਦ ਆ ਪਹੁੰਚੇ ਦੋਹਾਂ ਦਿਨ ਲੜਾਈ ਹੋਈ ਉਨਕ ਹਕੀਕਤ
ਸਿੰਘ ਦੇ ਤੀਰ ਦਾ ਨਿਸ਼ਾਨਾ ਗੰਡਾ ਸਿੰਘ ਭੰਗੀ ਹੋ ਗਿਆ। ਉਥੇ ਹੀ ਭੰਗੀਆਂ ਦਾ ਲੱਕ ਟੁ
ਟ ਗਿਆ। ਸੰ: ੧੮੨੯ ਬਿ: ਗੰਡਾ ਸਿੰਘ ਦੇ ਮਰੇ ਬਾਦ ਚੜ੍ਹਤ ਸਿੰਘ ਗੱਦੀ ਪਰ ਬੈਠਾ।
ਏਸਨੇ ਆਪਣੇ ਨਾਮ ਦਾ ਇਕ ਕਟੜਾ ਤਾਂ ਅੰਮ੍ਰਿਤਸਰ ਬਸਾਯਾ ਪਰ ਸ਼ਰਾਬ ਨੇ ਏਸਨੂੰ
ਤੇਰ੍ਹ ਨਾ ਚੜ੍ਹਨ ਦਿੱਤਾ। — ਏਸੇ ਸਾਲ ਜ਼ਮਾਨ ਸ਼ਾਹ ਨੇ ਪੰਜਾਬ ਵਿਚ ਲਾਹੌਰ ਤਕ
ਆਕੇ ਹਲਚਲੀ ਤਾਂ ਪਾਈ ਪਰ ਸਿੱਖਾਂ ਦਾ ਬੰਦੋਬਸਤ ਹੁੰਦਾ ਨਾ ਦੇਖ ਕੇ ਕਾਬਲ ਨੂੰ ਮੁੜ
ਗਿਆ। ਅਗਲੇ ਸਾਲ ਮਹਾਂ ਸਿੰਘ ਸੁੱਕ੍ਰਚੱਕੀਏ ਤੇ ਚੜ੍ਹਤ ਸਿੰਘ ਭੰਗੀ ਦੀ ਲੜਾਈ
ਖ਼ੁਜੇ ਦੀ ਸਰਾਇ ਪਾਸ ਹੋਈ, ਏਸ ਵਿਚ ਚੜ੍ਹਤ ਸਿੰਘ ਮਾਰਿਆ ਗਿਆ ਤੇ ਏਸਦਾ ਭਾਈ
ਦੇਸੂ ਸਿੰਘ ਮਿਸਲ ਦਾ ਮਾਲਕ ਬਣਿਆ। ਏਹ ਬਹੁਤ ਠਰਾਕੁਲ ਤੇ ਹੁੰਦਮਾਰ ਸੀ,
ਲੱਲੋ ਪੱਤੋ ਭੀ ਕਿਸੇ ਨਾਲ ਨਾ ਰੱਖੀ ਤੇ ਬੰਦੋਬਸਤ ਭੀ ਮੁਲਕ ਦਾ ਨਾ ਕਰ ਸੱਕਿਆ, ਤਾਂਹੀ
ਏਸਦੇ ਸਰਦਾਰ ਏਸ ਨਾਲ ਵਿਗੜ ਗਏ ਤੇ ਕਈ ਪਰਗਣੇ ਏਸਦੇ ਦਬਾ ਕੇ ਮਹਾਂ ਸਿੰ
ਘ ਨੂੰ ਜਾ ਮਿਲੇ। ਏਸੇ ਸਮੇ ਮੁਜ਼ੱਫਰ ਖਾਂ ਨੇ ਕਾਬੁਲ ਤੋਂ ਫੌਜ ਸਦਵਾ ਕੇ ਮੁਲਤਾਨ ਫੇਰ
ਭੰਗੀਆਂ ਤੋਂ ਛੁਡਾ ਲਯਾ। ਸੰ: ੧੮੪੬ ਬਿ: ਨੂੰ ਜਦ ਦੇਸੂ ਸਿੰਘ ਜੰਗ ਵਿਚ ਮਾਰਿਆ
ਤਾਂ ਉਸਦਾ ਬੇਟਾ ਕਰਮ ਸਿੰਘ ਦੂਲੋ ਗੱਦੀ ਪਰ ਬੈਠਾ। ਏਸਨੇ ਭੀ ਅੰਮ੍ਰਿਤਸਰ ਵਿਚ ਦੂਲੋ
ਨਾਮ ਕਰਕੇ ਇਕ ਕਟੜਾ ਬਸਾਯਾ। ਏਹ ਸਰਦਾਰ ਬੜਾ ਉਦਾਰ ਤੇ ਬਹਾਦਰ ਸੀ। ਅਨੇ
ਕ ਵਾਰੀ ਏਸਨੇ ਸਰਦਾਰ ਮਹਾਂ ਸਿੰਘ ਨੂੰ ਭਜਾਯਾ, ਕਈ ਪਰਗਣੇ ਆਪਣੇ ਖੁੱਸੇ ਹੋਏ ਛੁ
ਡਾ ਲਏ ਪਰ ਮੌਤ ਨਾਲ ਕਿਸੇ ਦੀ ਪੇਸ਼ ਨਹੀਂ ਜਾਂਦੀ, ਸੰ: ੧੮੪੯ ਬਿ: ਏਹ ਭੀ ਲੜ ਕੇ ਸ਼ਹੀ
ਦ ਹੋਯਾ, ਏਸ ਪਿੱਛੋਂ ਏਸਦਾ ਛੋਟਾ ਭਾਈ ਗੁਲਾਬ ਸਿੰਘ ਸਰਦਾਰ ਤਾਂ ਹੋਯਾ ਪਰ ਸ਼ਰਾਬ
ਨੇ ਏਸਨੂੰ ਪੱਟ ਛੱਡਿਆ। ਮੁਲਕ ਨਾ ਸੰਭਾਲਿਆ ਗਿਆ, ਸਗੋਂ ਕਈ ਪਰਗਨੇ ਏਸੇ ਦੇ ਅ

ਗੰਡਾ ਸਿੰਘ ਦਾ ਮਰਨਾ।

੧ ਪਠਾਨਕੋਟ ਸੰ: ੧੪੮੭ ਬਿ: ਤਾਤਾਰ ਖਾਂ ਪਠਾਣ ਪੰਜਾਬ ਦੇ ਸੂਬੇ ਨੇ ਬਸਾਯਾ, ਪਹਾੜੀ ਰਾਜਿਆਂ ਦਾ ਦਾ ਕਬ
ਫਤੇ ਮੁਹੰਮਦ ਖਾਂ ਏਥੇ ਰਹਿੰਦਾ ਸੀ। ਫੇਰ ਤਾਰਾ ਸਿੰਘ ਘਨੱਯੇ ਨੇ ਦਬਾ ਲਿਆ, ਭੰਗੀ ਸਰਦਾਰ ੨੧ ਦਿਨ ਲੜੇ
ਤੇ ਰਾਮਗੜ੍ਹੀਏ ਭੀ ਤਿੰਨ ਵਾਰੀ ਲੜੇ ਪਰ ਸਰ ਨਾ ਹੋਯਾ। ਤਾਰਾ ਸਿੰਘ ਦੀ ਫ਼ੌਜਾਂ ਨਾਲ ਵਿਗੜਨੇ ਕਰ ਮਹਾਰਾਜਾ

Digitized by Panjab Digital Library | www.panjabdigilib.org

ਇਲਕਾਰ ਤਲਬਾਂ ਵਿੱਚੀ ਗਹੇ ਮਾਰ ਬੈਠੇ ਮਜੀਠਾ, ਨੌਸ਼ਹਿਰਾ ਸਿਰਹਾਲੀ, ਚੂਭਾਲ ੭
ਅੰਮ੍ਰਿਤਸਰ, ਕੋਹਾਲੀ ਸਿਰਫ ਏਹ ਛੇ ਪਰਗਨੇ ਏਸਦੇ ਪਾਸ ਇੱਕ ਲੱਖ ਦੇ ਰਹ ਗਏ।
ਸੰ: ੧੮੫੬ ਬਿ: ਨੂੰ ਗੁਲਾਬ ਸਿੰਘ ਕਸੂਰੀ ਪਠਾਣਾ ਤੇ ਹੋਰ ਆਪਣੇ ਸਰਦਾਰਾਂ ਦਾ ਲ
ਸ਼ਕਰ ਲੈਕੇ ਮਹਾਰਾਜੇ ਰਣਜੀਤ ਸਿੰਘ ਨੂੰ ਲਾਹੌਰੋਂ ਕੱਢਣ ਲਈ ਚੜ੍ਹ ਆਇਆ।
ਮਹਾਰਾਜਾ ਨੇ ਖਬਰ ਪਾਕੇ, ਲਾਹੌਰੋਂ ਨਿਕਲਕਰ, ਭਸੀਣ ਪਿੰਡ ਪਾਸ ਜੰਗ ਆ ਲਾਯਾ। ਗੁਲਾਬ ਸਿੰਘ ਦਾ ਮਰਨਾ ਤੇ ਰੰਜੀਤ ਸਿੰਘ ਦੀ ਜਿੱਤ
ਲੜਦਿਆਂ ਰਾਤ ਪੈ ਗਈ ਗੁਲਾਬ ਸਿੰਘ ਤਾਂ ਐਤਨੀ ਸ਼ਰਾਬ ਪੀਕੇ ਸੁੱਤਾ ਜੋ ਮੁੜਕੇ
ਕਦੀ ਉਠਿਆ, ਏਸਨੂੰ ਮਰਿਆ ਦੇਖ ਸਭ ਸਰਦਾਰ ਘਰੋ ਘਰੀ ਜਾ ਵੜੇ ਤੇ ਮਹਾਰਾਜਾ
ਸਾਹਿਬ ਫਤੇ ਦੇ ਨਗਾਰੇ ਵਜਾਕੇ ਲਾਹੌਰ ਬਿਰਾਜ ਗਏ।

ਗੁਲਾਬ ਸਿੰਘ ਦਾ ਬੇਟਾ ਗੁਰਦਿਤ ਸਿੰਘ ਅਜੇ ਛੋਟਾ ਹੀ ਸੀ, ਏਸਦੀ ਮਾਂ ਸੁੱਖਾਂ ਕਾਰ
ਬਾਰ ਚਲਾਉਂਦੀ ਰਹੀ, ਪਰ ਮੁਸਾਹਿਬ ਤਨਖਾਹ ਵਿੱਚ ਸਭ ਪਰਗਨੇ ਘੁੱਟ ਬੈਠੇ, ਗੁਰ
ਦਿਤ ਸਿੰਘ ਤੇ ਏਸਦੀ ਮਾਂ ਸੁੱਖਾਂ ਦਾ ਗੁਜ਼ਾਰਾ ਅੰਮ੍ਰਿਤਸਰ ਦੀ ਆਮਦਨ ਪਰ ਚੱਲਦਾ
ਰਿਹਾ। ਸੰ: ੧੮੬੦ ਬਿ: ਵਿੱਚ ਮਹਾਰਾਜੇ ਨੇ ਸੁੱਖਾਂ ਤੋਂ ਜ਼ਮਜ਼ਮਾ ਨਾਮ ਤੋਪ ਮੰਗੀ, ਉਸਨੇ
ਨਾ ਦਿੱਤੀ ਤਾਂ ਮਹਾਰਾਜੇ ਨੇ ਏਸਦਾ ਕਿਲਾ ਅੰਮ੍ਰਿਤਸਰ ਜਾ ਘੇਰਿਆ ਪੰਜ ਘੰਟੇ ਲੜਕਾ
ਈ ਰਹੀ ਰਾਤ ਪਈ ਸਰਦਾਰਨੀ ਸੁੱਖਾਂ ਆਪਣੇ ਪੁੱਤ੍ਰ ਸਮੇਤ ਨਕਦੀ ਮਾਲ ਲੈਕੇ ਰਾਮ
ਗੜ੍ਹੀਆਂ ਦੇ ਕਿਲੇ ਵਿੱਚ (ਜੋ ਉਥੋਂ ਇੱਕ ਮੀਲ ਸੀ) ਜਾ ਵੜੀ ਮਹਾਰਾਜਾ ਨੇ ਉਸਦਾ
ਸਭ ਕੁਛ ਖੋਹ ਖਾਹਕੇ ਆਸ੍ਰ ਮੁਕਾ ਛੱਡੀ। — ਗੁਰਦਿਤ ਸਿੰਘ ਨੇ ਕਈ ਸਾਲ
ਆਪਣੀ ਮਾਂ ਸਮੇਤ ਜੋਧ ਸਿੰਘ ਰਾਮਗੜ੍ਹੀਏ ਪਾਸ ਗੁਜ਼ਾਰਾ ਕੀਤਾ। ਸੰ: ੧੮੬੮ ਬਿ:
ਵਿੱਚ ਜੋਧ ਸਿੰਘ, ਆਦਿਕ ਸਰਦਾਰਾਂ ਦੇ ਕਹੇ ਸੁਣੇ ਮਹਾਰਾਜੇ ਨੇ ਗੁਰਦਿੱਤ ਸਿੰਘ ਨੂੰ
ਸੋਹਵਾਲ ਦਾ ਪਰਗਣਾ ਤਾਂ ਦਿੱਤਾ ਪਰ ਰੱਯਤ ਨੇ ਏਸਦੀ ਬਦ ਚਲਣੀ ਤੋਂ ਦੁਖੀ ਹੋਕੇ
ਮਹਾਰਾਜੇ ਪਾਸ ਫਰਿਆਦ ਕੀਤੀ ਤਾਂ ਮਹਾਰਾਜੇ ਨੇ ਜਾਗੀਰ ਖੋਹਕੇ ਪੰਜ ਸੈ ਰੁਪਯਾ
ਸਾਲ ਦਾ ਨਕਦ ਕਰ ਦਿੱਤਾ ਇਹ ਆਪਣੇ ਪਿੰਡ ਪੰਜਵੜ ਵਿੱਚ ਰਹਿਕੇ ਸੰ: ੧੮੮੪
ਬਿ: ਨੂੰ ਗੁਜ਼ਰ ਗਿਆ। — ਉਸਦੇ ਬੇਟੇ ਅਜੀਤ ਸਿੰਘ ਅੰਧੇ ਤੇ ਮੂਲ ਸਿੰਘ ਪਾਸ
ਪੰਜ ਖੂਹ ਮਾਫੀ ਰਹੇ। ਹੁਣ ਅਜੀਤ ਸਿੰਘ ਦੇ ਬੇਟੇ ਠਾਕੁਰ ਸਿੰਘ ਤੇ ਹੁਕਮ ਸਿੰਘ ਪਾਸ
੧੯੦) ਏਕ ਸੌ ਨੱਵੇ ਰੁਪਏ ਦੀ ਮਾਫੀ ਸਦੀਵੀ ਹੈ ਤੇ ਦੋ ਹਜ਼ਾਰ ਬਿਘੇ ਜ਼ਮੀਨ ਹੈ, ਠਾਕੁਰ

ਭੁਲ। ਰੰਜੀਤ ਸਿੰਘ ਨੇ ਸੰ: ੧੮੫੮ ਬਿ: ਨੂੰ ਸਾਂਭ ਲਿਆ।

Digitized by Panjab Digital Library | www.panjabdigilib.org

ਸਿੰਘ ਜੈਲਦਾਰ ਕੁਰਸੀਨਸ਼ੀਨ ਹੈ। ਸਰਦਾਰ ਈਸ਼ਰ ਸਿੰਘ ਦੇ ਬਣਵਾਏ ਹੋਏ ਬਾਦਸ਼ਾਹਾਂ ਜੈਸੇ ਮਹਲ ਹੁਣ ਤਕ ਪੰਜਵੜ੍ਹ ਵਿਚ ਕਾਇਮ ਹਨ।

## ਸ਼ਿਜਰਾ

ਭੋਮਾ ਸਿੰਘ

ਹਰੀ ਸਿੰਘ

ਈਸ਼ਰ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਦੀਵਾਨ ਸਿੰਘ, ਦੇਸੂ ਸਿੰਘ

ਕਰਮ ਸਿੰਘ ਗੁਲਾਬ ਸਿੰਘ

ਜੱਸਾ ਸਿੰਘ ਗੁਰਦਿੱਤ ਸਿੰਘ

ਅਜੀਤ ਸਿੰਘ ਮੂਲਾ ਸਿੰਘ

ਠਾਕੁਰ ਸਿੰਘ ਹੁਕਮ ਸਿੰਘ

# ਮਿਸਲ ਰਾਮਗੜ੍ਹੀਆਂ

ਇਸ ਮਿਸਲ ਦਾ ਮਾਲਕ ਜੱਸਾ ਸਿੰਘ ਤਖਾਣ ਸੈਦਬੇਗ ਪਿੰਡ ਜ਼ਿਲੇ ਲਾਹੌਰ ਦਾ ਵਸਨੀਕ ਅੱਠ ਹਜ਼ਾਰ ਅਸਵਾਰ ਪਿਆਦੇ ਦਾ ਅਫਸਰ ਪੈਂਤੀ ਚਾਲੀ ਲੱਖ ਰੁਪਏ ਦੇ ਮੁਲਕ ਦਾ ਮਾਲਕ ਸੀ। ਪਹਿਲੇ ਇਸ ਦਾ ਦਾਦਾ ਹਰਿਦਾਸ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਟਹਿਲ ਵਿਚ ਰਿਹਾ ਫੇਰ ਬਾਪ ਬੇਟਾ ਬੰਦੇ ਬਹਾਦਰ ਨਾਲ ਧਰਮਜੁੱਧ ਵਿਚ ਰਹੇ। ਸੰ: ੧੭੭੨ ਬਿ: ਵਿਚ ਬਜਵਾੜੇ ਦੇ ਮੁਸਲਮਾਨਾਂ ਨਾਲ ਹਰਦਾਸ ਸਿੰਘ ਲੜਕੇ ਕਰ ਸ਼ਹੀਦ ਹੋਇਆ ਉਸ ਦਾ ਪੁੱਤ੍ਰ ਭਗਵਾਨ ਸਿੰਘ ਧਰਮਜੁੱਧ ਕਰ ਕਰਕੇ ਖਾਲਸੇ ਵਿਚ ਮਸ਼ਹੂਰ ਸੂਰਬੀਰ ਹੋ ਗਿਆ ਜਦ ਸੰ: ੧੭੯੬ ਬਿ: ਵਿਚ ਅਬਦੁਲ ਸਮੰਦ ਖਾਂ ਲਾਹੌਰ ਦੇ ਸੂਬੇ ਨੇ ਅਪਨਾ ਮਤਲਬ ਕੱਢਣ ਵਾਸਤੇ ਪੰਜ ਸੌ ਸਿੰਘ ਨੌਕਰ ਰੱਖਿਆ ਸੀ ਤਦੋਂ ਭਗਵਾਨ ਸਿੰਘ ਭੀ ਆਪਣੇ ਚੌਹਾਂ ਪੁੱਤਾਂ ਸਮੇਤ ਉਥੇ ਜਾ ਰਿਹਾ, ਸੂਬੇ ਨੇ ਇਸ ਨੂੰ ਲਾਇਕ ਦੇਖ ਕਰ ਸੌ ਅਸਵਾਰ ਦਾ ਸਰਦਾਰ ਕਰ ਦਿੱਤਾ ਫੇਰ ਜਦ ਖਾਨ ਬਹਾਦਰ ਤੇ ਸ਼ਾਹਨਿਵਾਜ਼ ਖਾਂ ਦੀ ਸਿੰਘਾਂ ਨਾਲ ਬਿਗੜੀ ਤਦ ਬੀ ਇਹ ਦੀਵਾਨ ਕੌੜਾ ਮਲ, ਦਿਲੇ ਰਾਮ, ਹਰੀ ਮਲ, ਲਖਪਤ ਰਾਇ, ਕੇਸਰੀ ਮੱਲ, ਦੀਵਾਨ ਦੇਸ ਰਾਜ, ਗੁਲਜ਼ਾਰ ਸਿੰਘ ਹਰੀ ਸਿੰਘ ਆਦਿਕ ਲਾਹੌਰੀ

Digitized by Panjab Digital Library | www.panjabdigilib.org

ਰਈਸਾਂ ਦੀ ਸਿਫਾਰਿਸ਼ ਨਾਲ ਉਸੇ ਥਾਂ ਰਿਹਾ ਸੰ: ੧੭੯੭ ਬਿ: ਨੂੰ ਨਾਦਰਸ਼ਾਹ ਦੇ
ਹੱਲੇ ਵਿੱਚ ਖਾਨਬਹਾਦਰ ਨੂੰ ਆਪਣੀ ਜਾਨ ਦੇਕੇ ਬਚਾਯਾ, ਜਿਸ ਕਰਕੇ ਨਵਾਬ ਨੇ
ਏਸਦੇ ਪੁੱਤ੍ਰ ਜੱਸਾ ਸਿੰਘ ਨੂੰ ਸਰਦਾਰ ਬਣਾਕੇ ਵੱਲ੍ਹਾ, ਵੇਰਕਾ, ਤੁੰਗ, ਸੁਲਤਾਨਵਿੰ
ਡ ਬਾ ਪੰਜ ਪਿੰਡ ਮਾਫ਼ੀ ਦਿੱਤੇ। ਇਕ ਵਾਰੀ ਸ਼ਾਹਨਿਵਾਜ ਤੇ ਸਿੰਘਾਂ ਦੇ ਮਾਮਲੇ ਵਿੱਚ
ਏਹ ਵਕੀਲ ਹੋਕੇ ਅਦੀਨਾਬੇਗ ਪਾਸ ਗਿਆ ਤਾਂ ਉਸਨੇ ਏਸ ਨੂੰ ਸੋਹਣਾ ਜਵਾਨ ਸੂ
ਰਬੀਰ ਰਸੀਲਾ ਦੇਖ ਕੇ ਆਪਣੇ ਪਾਸ ਰੱਖ ਲਿਆ ਫਿਰ ਜਦ ਅੰਮ੍ਰਿਤਸਰ ਰਾਮਰ
ਣੀ ਕਿਲੇ ਦੀ ਲੜਾਈ ਦੇ ਸਮੇ ਅਦੀਨਾਬੇਗ ਵੱਲੋਂ ਸਿੰਘਾਂ ਨਾਲ ਲੜਨ ਆਯਾ ਤਾਂ
ਆਪਣੇ ਸੌ ਅਸਵਾਰ ਸਮੇਤ ਖਾਲਸੇ ਵਿੱਚ ਜਾ ਰਲਿਆ ਏਸ ਗੱਲੋਂ ਗੁੱਸੇ ਹੋਕੇ ਮੀਰ
ਮੰਨੂੰ ਨੇ ਉਹ ਪਰਗਨੇ ਖੋਹ ਲਏ ਪਰ ਖਾਲਸੇ ਨੇ ਏਸ ਦੀ ਬੜੀ ਇੱਜ਼ਤ ਕਰਕੇ ਕਿਲਾ
ਰਾਮਗੜ੍ਹ ਏਸੇ ਨੂੰ ਬਖਸ਼ ਦਿੱਤਾ, ਜਿਸ ਕਰਕੇ ਏਹ ਰਾਮਗੜ੍ਹੀਏ ਮਸ਼ਹੂਰ ਹੋਗਏ। ਜਿ
ਸ ਤਰਾਂ ਜੱਸਾ ਸਿੰਘ ਆਹਲੂਵਾਲੀਆ ਮਸ਼ਹੂਰ ਹੋਣੇ ਕਰ ਸਭ ਕਲਾਲ ਆਹਲੂਵਾ
ਲੀਏ ਸਦਾਉਣ ਲਗ ਪਏ ਹਨ ਏਸੇ ਤਰਾਂ ਏਸਦੇ ਰਾਮਗੜ੍ਹੀਆ ਹੋਣੇ ਕਰ ਹੁਣ ਸਾਰੇ ਤ
ਰਖਾਣ ਰਾਮਗੜ੍ਹੀਏ ਕਹਾਉਂਦੇ ਹਨ।— ।। ਏਹ ਚਾਰੇ ਭਾਈ ਬੜੇ ਸੂਰਬੀਰ ਬਹਾਦ
ਰ ਸੇ ਏਨ੍ਹਾਂ ਨੇ ਰਾਜਪੂਤਾਨਾ, ਹਰਿਆਣਾ ਪੂਰਬ ਗੰਗਾ ਦੇ ਪਾਰ ਉਰਾਰ ਖਾਲਸੇ ਦੇ ਨਾਲ
ਜਾਕੇ ਲੁੱਟਮਾਰ ਦੀ ਦੌਲਤ ਨਾਲ ਪੰਜ ਛੀ ਸੌ ਅਸਵਾਰ ਘਰ ਦਾ ਬਣਾ ਲਿਆ। ਅਹ
ਮਦਸ਼ਾਹ ਦੁਰਾਨੀ ਨਾਲ ਭੀ ਸਾਰੇ ਪੰਥ ਤੋਂ ਅੱਗੇ ਹੋਕੇ ਭਿੜਦੇ ਰਹੇ ਤੇ ਪਰਮ ਦੇ ਵਿਰੋਧੀਆਂ
ਨੂੰ ਤਾਂ ਚੁਣ ਚੁਣਕੇ ਮਾਰਿਆ ਸੰ: ੧੮੧੬ ਬਿ: ਵਿੱਚ ਅਦੀਨਾਬੇਗ ਖਾਂ ਦੇ ਗੁਜ਼ਰੇ ਤੋਂ ਸਭ
ਸਿੰਘਾਂ ਦੇ ਨਾਲ ਏਨ੍ਹਾਂ ਨੇ ਭੀ ਪਰਗਣਾ ਮਿਆਣੀ, ਸ੍ਰੀ ਹਰਿਗੋਬਿੰਦਪੁਰ, ਬਟਾਲਾ ਮੱਲ
ਲਏ ਤੇ ਹਰਿਗੋਬਿੰਦਪੁਰਾ ਰਾਜਧਾਨੀ ਥਾਪੀ ਸੰ: ੧੮੧੮ ਬਿ: ਵਿੱਚ ਕਸੂਰ ਫਤੇ ਕਰ
ਕੇ ਬਹੁਤ ਦੌਲਤ ਲੁੱਟੀ ਜਿਸਦਾ ਬਿਰਤਾਂਤ ਦੂਸਰੇ ਹਿੱਸੇ ਵਿੱਚ ਲਿਖ ਆਏ ਹਾਂ ਫੇਰ ਤਾਂ ਤਿ
ਨ ਹਜ਼ਾਰ ਅਸਵਾਰ ਆਪਣਾ ਬਣਾ ਲਿਆ ਤੇ ਸਾਰੀ ਪੰਜਾਬ ਵਿੱਚ ਦੌਰਾ ਕਰਕੇ ਬਹੁਤ
ਮਾਲ ਅਸਬਾਬ ਕਿਲੇ ਰਾਮਗੜ੍ਹ ਵਿੱਚ ਜਮਾ ਕਰ ਲਿਆ ਸੰ: ੧੮੨੩ ਬਿ: ਵਿੱਚ
ਅਹਿਮਦਸ਼ਾਹ ਦੇ ਅਖੀਰੀ ਹੱਲੇ ਵਿੱਚ ਜੰਡਿਆਲੇ, ਬਟਾਲੇ, ਭੱਲੇ, ਜੋਹਲਾਂ ਦੇ ਜੰਗਾਂ ਵਿੱ
ਚ ਜੱਸਾ ਸਿੰਘ ਦੇ ਹੀ ਉੱਦਮ ਨਾਲ ਫਤੇ ਹੁੰਦੀ ਰਹੀ ਫਿਰ ਸਰਹਿੰਦ ਦੇ ਸੂਬੇ ਜੈਨਖਾਂ ਨੂੰ
ਮਾਰਕੇ ਸਰਹਿੰਦ ਉਜਾੜ੍ਹ, ਜਾਲੰਧਰ ਦੇ ਗਿਰਦੇ ਮਨੀਵਾਲ, ਸਿਹਰੀ ਮਰਾਲਾ, ਦਬੀਨ

Digitized by Panjab Digital Library | www.panjabdigilib.org

੧੦ ਝੰਗ, ਮਕਨਾਪੁਰ, ਸੋਧੋਵਾਲ, ਉੜਮੁੜ ਟਾਂਡਾ, ਗੜ੍ਹਦੀਵਾਲਾ, ਸਰੀਹ ਮਿਆਣੀ, ਗੁਰਦਾਸਪੁਰਾ ਦੀਨਾਨਗਰ[1] ਆਦਿਕ ਪੰਦ੍ਰਾਂ ਲੱਖ ਰੁਪਏ ਦੇ ਪਰਗਨੇ ਮੱਲ ਲਏ।

ਹਲਵਾਰੇ ਦੇ ਕਿਲੇ ਵਿੱਚ ਆਪਣੇ ਭਾਈ ਮਾਲੀ ਸਿੰਘ ਨੂੰ ਚਾਰ ਹਜ਼ਾਰ ਸਿਪਾਹ ਦੇ ਕੇ ਪਹਾੜੀ ਰਾਜਿਆਂ ਨੂੰ ਦਬਾਈ ਰੱਖਣ ਵਾਸਤੇ ਉਤਾਰਿਆ ਤਾਰਾ ਸਿੰਘ ਨੂੰ ਮਿਆਣੀ ਦੇ ਕਿਲੇ ਵਿੱਚ ਥਾਪਿਆ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਏਨ੍ਹਾਂ ਦੀ ਹਮੇਸ਼ ਛੇੜ ਛਾੜ ਰਹਿੰਦੀ ਸੀ, ਕਿਉਂਕੇ ਪਰਗਨੇ ਰਲੇ ਮਿਲੇ ਸੇ। ਪਰ ਰਾਮਗੜ੍ਹੀਏ ਕਦੇ ਉਸ ਤੋਂ ਹਾਰੇ ਨਹੀਂ ਸਗੋਂ ਇਕ ਵਾਰੀ ਜੱਸਾ ਸਿੰਘ ਆਹਲੂ ਨੂੰ ਜੱਸਾ ਸਿੰਘ ਰਾਮਗੜ੍ਹੀਏ ਨੇ ਫੜ ਲਿਆਂਦਾ ਸੀ। ਇਸ ਬਾਤ ਨੂੰ ਸਭਨਾ ਸਿੰਘਾਂ ਨੇ ਜਦ ਬੁਰਾ ਮੰਨਿਆ ਤਾਂ ਰਾਮਗੜ੍ਹੀਆਂ ਨੇ ਇਕ ਖਿਲਤ ਤੇ ਘੋੜਾ ਦੇ ਕਰ ਉਸ ਨੂੰ ਘਰ ਪਹੁੰਚਾ ਦਿੱਤਾ। ਉਸ ਸਮੇ ਰਾਮਗੜ੍ਹੀਆਂ ਦੀ ਡਾਢੀ ਚੜ੍ਹਦੀ ਕਲਾ ਸੀ ਸਭ ਸਰਦਾਰ ਏਸ ਤੋਂ ਦਬਦੇ ਸੇ। ਸੰ: ੧੮੩੧ ਬਿ: ਤੋਂ ੩੫ ਤਕ ਜੈ ਸਿੰਘ ਘਨੀਏ ਦੀ ਮਦਦ ਨਾਲ ਕਾਂਗੜੇ ਵਾਲੇ ਰਾਜੇ ਜੱਸਾ ਸਿੰਘ ਉੱਤੇ ਕਈ ਵਾਰੀ ਚੜ੍ਹੇ ਪਰ ਹਾਰਦੇ ਰਹੇ ਸਗੋਂ ਹੋਰ ਮੁਲਕ ਚਿੰਤਪੁਰਨੀ ਤਕ ਖੁਹਾ ਬੈਠੇ। ਫੇਰ ਤਾਂ ਜੱਸਾ ਸਿੰਘ ਰਾਮਗੜ੍ਹੀਆ ਬੜਾ ਗੁਮਾਨ ਵਿੱਚ ਭਰ ਗਿਆ ਤੇ ਸੁੱਕਰਚੱਕੀਆਂ ਘਨੱਯਾਂ ਦੇ ਕਈ ਪਰਗਨੇ ਦਬਾ ਲਏ ਅਤੇ ਥੋੜੇ ਦਿਨਾਂ ਦੇ ਰੰਜ ਵਿਚ ਐਸੇ ਕੁਚੱਜੇ ਕੰਮ ਕੀਤੇ ਜੋ ਬਹੁਤ ਸਿੰਘ ਵੈਰੀ ਬਣਾ ਲਏ।

ਸਰਦਾਰ ਜੱਸਾ ਸਿੰਘ ਨੇ ਭੱਜਣਾ ਤੇ ਤਾਰਾ ਸਿੰਘ ਦਾ ਮਰਨਾ

1835 / 57 / 1778

4000 Sawar

ਏਸ ਸਮੇ ਫੇਰ ਮਹਾਂ ਸਿੰਘ, ਜੈ ਸਿੰਘ, ਰਾਜਾ ਸੰਸਾਰ ਚੰਦ, ਆਹਲੂਵਾਲੀਆ ਜੱਸਾ ਸਿੰਘ ਨੇ ਏਕਾ ਕਰਕੇ ਸੰ: ੧੮੩੪ ਬਿ: ਵਿੱਚ ਜੱਸਾ ਸਿੰਘ ਰਾਮਗੜ੍ਹੀਏ ਪਰ ਚੜ੍ਹਾਈ ਕਰ ਦਿੱਤੀ। ਏਸ ਲੜਾਈ ਵਿੱਚ ਤਾਰਾ ਸਿੰਘ ਮਾਰਿਆ ਗਿਆ, ਖੁਸ਼ਹਾਲ ਸਿੰਘ ਜ਼ਖ਼ਮੀ ਹੋਯਾ, ਹਾਰਕੇ ਜੱਸਾ ਸਿੰਘ ਸੰ: ੧੮੩੫ ਨੂੰ ਮਾਲ ਮੁਲਕ ਛੱਡਕੇ ਆਪਣੇ ਬੇਟੇ ਜੋਧ ਸਿੰਘ ਤੇ ਚਾਰ ਹਜ਼ਾਰ ਅਸਵਾਰ ਸਮੇਤ ਮਾਲਵੇ ਵੱਲੀ ਦੌੜ ਗਿਆ।

ਏਹ ਸਰਦਾਰ ਨਿਹਾਯਤ ਅਕਲਮੰਦ, ਹੌਸਲੇ ਵਾਲਾ ਸੂਰਬੀਰ ਦੂਰੰਦੇਸ਼ ਸੀ। ਏਸ ਨੇ ਆਪਣੇ ਸਾਥੀਆਂ ਨੂੰ ਤੇ ਆਪਣੇ ਮਨ ਨੂੰ ਧੀਰਜ ਰੱਖਣ ਲਈ ਏਹ ਕਬਿੱਤ ਨਿੱਤ ਪੜ੍ਹਨਾ

੧ ਦੀਨਾਨਗਰ ਸੰ: ੧੭੭੩ ਬਿ: ਨੂੰ ਅਦੀਨਾ ਬੇਗ ਖਾਂ ਨੇ ਬਸਾ ਕੇ ਬੜੀ ਰੌਣਕ ਕੀਤੀ ਸਭ ਤਰਾਂ ਦੇ ਕਾਰਖਾਨਿਆਂ ਵਾਲੇ ਲੋਗ ਮਦਦ ਦੇ ਕਰ ਬਸਾਏ ਦੂਰ ਦੇ ਤੇ ਆਕੇ ਸੌਦਾਗਰ ਸਾਹੂਕਾਰ ਏਥੇ ਬਸੇ ਦੀਨਾ ਬੇਗ ਦੇ ਮਰੇ ਤੋਂ ਸਿੰਘਾਂ ਨੇ ਏਥੇ ਬਹੁਤ ਧਨ ਲੁੱਟਿਆ, ਪਹਿਲੇ ਜੱਸਾ ਸਿੰਘ ਨੇ ਰੋਕਿਆ ਫੇਰ ਘਨੱਯਾਂ ਨੇ ਛੁਡਾ ਲਿਆ ਫੇਰ ਸਰਦਾਰ ਤੇਗਾ ਸਿੰਘ ਘਨਯਾ ਦੇ ਕਬਜ਼ੇ ਵਿਚ ਰਿਹਾ ਸੰ: ੧੮੮੨ ਬਿ: ਵਿਚ ਉਸ ਦੇ ਬੇਟੇ ਗੁਲਾਬ ਸਿੰਘ ਤੋਂ ਰਣਜੀਤ ਸਿੰਘ ਨੇ ਛੀਨ ਲਿਆ, ਏਹ ਸ਼ਹਰ ਆਬਾਦੀ ਹੋਣ ਦੇ ਠਿਕਾਣੇ ਪਰ ਹੈ।

Digitized by Panjab Digital Library | www.panjabdigilib.org

ਆਰੰਭ ਕਰ ਦਿੱਤਾ। ਤਥਾ ਕਬਿੱਤ।—ਕਬਹੂੰ ਕ ਬਾਜ ਹਾਥ ਬਾਜਤੇ ਨਗਾਰੇ ਸਾਥ ੧੧
ਕਬਹੂੰ ਤੋ ਪਾਇ ਪਯਾਦੇ ਬੋਝ ਸੀਸ ਸਹੀਏ। ਕਬਹੂੰ ਕ ਮੇਵੇ ਔ ਮਿਠਾਈ ਕੀਨਾ ਭੂਰੀ ਹੋਤ ਕਬਹੂੰ ਤੋ ਏਕ ਮੂਠ ਨਾਜ ਕੀ ਨਾ ਲਹੀਏ। ਕਭੀ ਨਿਜ ਦੁਆਰ ਪੈ ਭਿਖਾਰਨ ਕੀ ਭੀਰ ਹੋਤ ਕਬਹੂੰ ਤੋ ਪਰ ਦੁਆਰ ਆਪ ਜਾਇ ਬਹੀਏ। ਛੋਡੀਏ ਨਾ ਹਿੰਮਤ ਬਿਸਾਰੀਏ ਨਾ ਹਰੀ ਨਾਮ ਜਾਹੂੰ ਬਿਧ ਰਾਖੈ ਰਾਮ ਤਾਹੂੰ ਬਿਧ ਰਹੀਏ।— ਏਹੋ ਜੇਹੇ ਨੀਤੀ ਦੇ ਬਚਨ ਤੇ ਪਾਂਡਵਾਂ ਨਲ ਜੇਹੇ ਲੋਕਾਂ ਦੀ ਬਿਪਤਾ ਦੇ ਪ੍ਰਸੰਗ ਸੁਣਾ ਕੇ ਸਭ ਦੇ ਹੌਸਲੇ ਵਧਾ ਰੱਖੇ ਸੇ। ਫੇਰ ਕੁਰੁਖੇਤ੍ਰ ਇਸ਼ਨਾਨ ਕਰ ਹਾਂਸੀ ਹਿਸਾਰ ਵੱਲੀ ਹੋ ਗਿਆ।

ਏਸ ਸਮੇਂ ਪਟਿਆਲੇ ਦੇ ਆਮਰਗਸਿਧਾਰੀ ਭੱਟੀ ਰਾਜਪੂਤਾਂ ਤੇ ਦੁਜਾਨੇ, ਦਾਦਰੀ, ਪਟੌਦੀ ਆਦਿਕਾਂ ਦੇ ਨਵਾਬਾਂ ਨਾਲ ਖੁਣਬਾਖੁਣਬੀ ਲੱਗ ਰਹੀ ਸੀ। ਉਨ੍ਹਾਂ ਨੂੰ ਸਰ ਕਰਨ ਵਾਸਤੇ ਮਹਾਰਾਜਾ ਨੇ ਸਰਦਾਰ ਜੱਸਾ ਸਿੰਘ ਨੂੰ ਪੰਜ ਸੌ ਰੁਪਯਾ ਰੋਜ਼ ਦੇਣਾ ਕਰ ਕੇ ਆਪਣਾ ਮਦਦਗਾਰ ਬਣਾ ਲਿਆ ਤੇ ਉਸ ਦੇ ਬੇਟੇ ਜੋਧ ਸਿੰਘ ਨੂੰ ਆਪਣੇ ਪਾਸ ਰੱਖ ਲਿਆ। 'ਬੁੱਢੀਏ ਤੈਨੂੰ ਕੀ ਚਾਹੀਦਾ ਹੈ ਜਵਾਨੀ' ਏਹ ਤਾਂ ਏਹੋ ਚਾਹੁੰਦਾ ਹੀ ਸੀ। ਫੇਰ ਤਾਂ ਜੱਸਾ ਸਿੰਘ ਨੇ ਆਪਣੀ ਤੇ ਮਹਾਰਾਜੇ ਦੀ ਫੌਜ ਲੈ ਕੇ ਮਾਰ ਕਰ ਸਭ ਨੂੰ ਸਿੱਧੇ ਕਰ ਕੱਢਿਆ। ਮਹਾਰਾਜਾ ਪਟਿਆਲਾ ਨੇ ਭੀ ਉਹ ਇਲਾਕਾ ਏਸੇ ਨੂੰ ਗੁਜ਼ਾਰੇ ਵਾਸਤੇ ਦੇ ਦਿੱਤਾ। ਸੱਚ ਹੈ (ਸ਼ੁਕਰ ਖੋਰਿਆਂ ਨੂੰ ਸ਼ੁਕਰ ਤੇ ਜਾਰ, ਖਲਾਂ ਦੇ ਖਾਨ ਜਾਰ।) ਹੁਣ ਜੱਸਾ ਸਿੰਘ ਤੋਸ਼ਾਮ[1] ਦੇ ਹਾਕਮ ਨਵਾਬ ਰਹੀਮ ਖਾਂ ਨੂੰ ਮਾਰ ਕੇ ਆਪੇ ਮਾਲਕ ਬਣ ਬੈਠਾ ਤੇ ਦੂਰ ਦੂਰ ਤਕ ਲੁੱਟ ਮਾਰ ਦਾ ਬਾਜ਼ਾਰ ਗਰਮ ਕੀਤਾ। ਇਕ ਦਿਨ ਜੱਸਾ ਸਿੰਘ ਪਾਸ ਹਿੰਦੂਆਂ ਨੇ ਹਾਂਸੀ ਦੇ ਹਾਕਮ ਪੀਰਜ਼ਾਦੇ ਦਾਵਰ ਅਲੀ ਖਾਂ ਦੀ ਬਹੁਤ ਖੁਦਿਆਈ ਤੇ ਜ਼ੁਲਮ ਸੁਣਾਏ ਤਾਂ ਹਾਂਸੀ ਦੇ ਹਾਕਮ ਪੀਰ ਪਰ ਜੱਸਾ ਸਿੰਘ ਨੇ ਚੜ੍ਹ ਕੇ ਹਾਂਸੀ ਜਾ ਮਾਰੀ। ਦਾਵਰ ਅਲੀ ਖਾਂ ਨੂੰ ਕਤਲ ਕਰ ਉਸ ਦੇ ਬੇਟੇ ਸਾਦਕ ਅਲੀ ਖਾਂ ਨੂੰ ਗੱਦੀ ਪਰ ਬੈਠਾ ਦਿੱਤਾ। ਪਚਾਸ ਹਜ਼ਾਰ ਰੁਪਯਾ ਉਸ ਤੋਂ ਤੇ ਏਤਨਾ ਹੀ ਸ਼ਹਰ ਤੋਂ ਲੈ ਕੇ ਹਿਸਾਰ ਜਾ ਲੁੱਟੀ। — ਇਕ ਵਾਰੀ ਸਰਸਾ, ਰਾਣੀਆਂ, ਫਤਿਆਬਾਦ, ਆਦਿਕ ਮਕਾਨਾਂ ਦੇ ਹਾਕਮਾਂ ਤੋਂ ਨਜ਼ਰਾਨੇ ਲੈ ਕੇ ਬਰਵਾਲੇ ਦੇ ਸੱਯਦ ਇਨਾਮਤੁੱਲਾ ਨੂੰ ਜਾ ਦਬਾਯਾ। ਰਸਤੁ ਲੈ ਕੇ ਲੰਗਰ ਚਲਾ ਦਿੱਤਾ। ਇਹ ਪਿੰਡ ਤੇ ਤਲਾਉ ਕਿਸੇ ਬਲਰਾਜ ਰਾਜਾ ਦਾ ਦੱਸੀਦਾ ਹੈ। ਉਥੇ ਫੌਜ ਨੇ ਤਲਬ ਮੰਗੀ ਏਸ ਪਾਸ ਨਹੀਂ ਸੀ, ਏਸ ਨੇ ਦੀਨ ਹੋ ਕੇ ਗੁਰੂ ਅਗੇ

ਤੋਸ਼ਾਮ ਪਾਸੋਂ ਇਕ ਪਹਾੜੀ ਵਿਚੋਂ ਲਰਜ਼ਾਂ ਨਾਮ ਪੱਥਰ ਨਿਕਲਦਾ ਹੈ, ਕਪੜੇ ਵਾਂਗੂ ਕੂਟੇ [illegible]ਦਾ ਹੈ।

Hansi Hissar

Tosham Rahim Kh

Pirzada Dawr Ali Khan 1 H

ਏਹ ਅਰਦਾਸ ਕੀਤੀ ਕੇ ਖਾਲਸੇ ਨੂੰ ਖਰਚ ਮਿਲੇ। ਏਸੇ ਸਮੇ ਸਰਦਾਰ ਦਾ ਨੌਕਰ ਬਲ
ਰਾਜ ਦੇ ਖੂਹ ਵਿਚੋਂ ਜਲ ਲੈਣ ਗਿਆ ਤਾਂ ਗੜਵਾ ਖੂਹ ਵਿੱਚ ਡਿੱਗ ਪਿਆ, ਜਦ ਆਦਮੀ
ਕੱਢਣ ਗਿਆ ਤਾਂ ਚਾਰ ਸੰਦੂਕ ਲੋਹੇ ਦੇ ਨਜ਼ਰ ਪਏ, ਜਿਨਾ ਵਿਚੋਂ ਚਾਰ ਲੱਖ ਰੁਪਏ ਦੀਆਂ
ਮੁਹਰਾਂ ਨਿਕਲੀਆਂ, ਸਰਦਾਰ ਨੇ ਅਕਾਲ ਪੁਰਖ ਦਾ ਸੌ ਸੌ ਸੁਕਰ ਕਰਕੇ ਮੱਥਾ ਟੇਕਆ ਤੇ
ਸਬ ਫੌਜ ਨੂੰ ਅਸ਼ਰਫੀਆਂ ਵੰਡ ਦਿੱਤੀਆਂ। ਫਿਰ ਤਾਂ ਏਸ ਦੀ ਫੌਜ ਨੇ ਜਾਨ ਕੁਰਬਾਨ ਕਰ
ਨੀ ਧਾਰ ਲਈ, ਜਿੱਥੇ ਲੜੇ ਓਥੇ ਫਤੇ ਪਾਵੇ। ਭਰਤਪੁਰ, ਧੌਲਪੁਰ, ਆਦਿਕ ਬਡੇ ਛੋਟੇ
ਰਾਜਿਆਂ ਤੋਂ ਨਜ਼ਰਾਨੇ ਲੈਕੇ ਮਥਰਾ ਆਗਰੇ ਨੂੰ ਹੱਥ ਜਾ ਮਾਰਿਆ, ਜਿਸ ਨੇ ਟਾਕਰਾ ਲਾਯਾ
ਉਸੇ ਨੇ ਸਿਰ ਤੁੜਾਯਾ। ਫੇਰ ਉਸ ਦੇਸ ਤੇ ਮੁੜਦਿਆਂ ਹੋਯਾਂ ਦਿੱਲੀ ਵਿੱਚ ਜਾ ਧਸਿ
ਆ, ਪਹਿਲੇ ਮੁਗਲ ਮਹੱਲੇ ਨੂੰ ਲੁੱਟ ਕੇ ਅੱਗ ਲਾ ਦਿੱਤੀ ਫੇਰ ਰਾਤ ਨੂੰ ਕਿਲੇ ਵਿੱਚ ਜਾ
ਦਾਖਲ ਹੋਯਾ, ਕਿਸੇ ਨੂੰ ਏਸ ਦੇ ਨਾਲ ਮੁਕਾਬਲਾ ਕਰਨ ਦੀ ਤਾਕਤ ਨਾ ਹੋਈ, ਚਾਰ ਤੋਪਾਂ
ਤੇ ਇਕ ਸਿਲ ਹੋਰ ਬਹੁਤ ਸਾਰਾ ਸ਼ਾਹੀ ਅਸਬਾਬ ਕਿਲੇ ਦੇ ਅੰਦਰੋਂ ਲੈ ਆਯਾ। ਏਹ
ਸਿਲ ਰਾਮਗੜ੍ਹੀਆਂ ਦੇ ਬੁੰਗੇ ਵਿਚ ਹੁਣ ਤਕ ਹੈ।

ਸਰਦਾਰ ਜਸਾ ਸਿੰਘ ਦਾ ਪੰਜਾਬ ਆਵਣਾ

ਫੇਰ ਓਥੋਂ ਜਮਨਾ ਦੇ ਕਿਨਾਰੇ ਕਿਨਾਰੇ ਦੇ ਪਿੰਡਾਂ ਨੂੰ ਲੁੱਟਦਾ ਫਿਰਿਆ ਪੰਜ ਬਰਸ ਤਕ
ਏਹੋ ਹਾਲ ਰਿਹਾ। ਫੇਰ ਜਸਾ ਸਿੰਘ ਰਾਮਗੜ੍ਹੀਏ ਦੇ ਭਾਗਾਂ ਨੇ ਪਾਸਾ ਬਦਲਿਆ ਤੇ
ਉਸ ਦਾ ਪੰਜਾਬ ਵਿਚ ਆਵਣਾ ਇਸ ਤਰਾਂ ਪਰ ਹੋਯਾ ਜੋ ਸਰਦਾਰ ਮਹਾਂ ਸਿੰਘ ਸੁੱਕ੍ਰ
ਚੱਕੀਏ ਤੇ ਜੈ ਸਿੰਘ ਘਨੱਯੇ ਦੀ ਆਪਸ ਵਿਚ ਬਿਗੜ ਗਈ ਤਾਂ ਰਾਜਾ ਸੰਸਾਰ ਚੰਦ ਜੋ ਘ
ਨੱਯਾਂ ਦਾ ਪਹਿਲੇ ਹੀ ਵੈਰੀ ਸੀ ਉਸ ਨੇ ਤੇ ਮਹਾਂ ਸਿੰਘ ਸੁੱਕ੍ਰਚੱਕੀਏ ਨੇ ਘਨੱਯਾਂ ਨਾਲ ਲੜ
ਨ ਦੀ ਆਪਣੇ ਵਿਚ ਤਾਕਤ ਨਾ ਦੇਖ ਕੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਲਿਖਿਆ ਕੇ ਜੇ ਤੂੰ ਹੁ
ਣ ਆਵੇਂ ਤਾਂ ਅਸੀ ਤੇਰੇ ਸਾਥੀ ਹੋ ਕੇ ਤੇਰਾ ਕਦੀਮੀ ਮੁਲਕ ਤੈਨੂੰ ਲੈ ਦੇਵਾਂਗੇ, ਕਯੋਂਕੇ ਜੈ
ਸਿੰਘ ਬਹੁਤ ਹੰਕਾਰੀ ਹੋ ਗਿਆ ਹੈ ਇਸ ਦਾ ਹੰਕਾਰ ਤੂੰ ਆਵੇਂ ਤਾਂ ਢਲੇ। ਜੱਸਾ ਸਿੰਘ ਨੇ
(ਜੋ ਬਡਾ ਦੂਰੰਦੇਸ਼ ਸੀ ਤੇ ਰਾਜਨੀਤਿ ਦੇ ਚਾਲੇ ਚੰਗੀ ਤਰਾਂ ਜਾਣਦਾ ਸੀ) ਏਹ ਜਵਾਬ ਦਿੱ
ਤਾ ਕੇ ਮੈਂ ਤਾਂ ਆਵਣ ਨੂੰ ਹਾਜ਼ਰ ਹਾਂ ਪਰ ਜਦ ਮੈਂ ਸਤਲੁਜ ਟੱਪਿਆ ਤਾਂ ਜੈ ਸਿੰਘ ਘਨੱਯਾ
ਆਪਣੀ ਪੋਤੀ ਦੀ ਕੁੜਮਾਈ ਮਹਾਂ ਸਿੰਘ ਦੇ ਬੇਟੇ ਰਣਜੀਤ ਸਿੰਘ ਨੂੰ ਤੇ ਕਿਲਾ ਕਾਂਗੜਾ
ਤੈਨੂੰ ਦੇਕੇ ਤੁਹਾਨੂੰ ਆਪਣਾ ਬਣਾ ਲਏਗਾ। ਏਸ ਵਾਸਤੇ ਮੇਰਾ ਆਵਣਾ ਠੀਕ ਨਹੀਂ। ਏ
ਸ ਦੇ ਜਵਾਬ ਵਿੱਚ ਫੇਰ ਮਹਾਂ ਸਿੰਘ ਤੇ ਕਟੋਚੀਏ ਨੇ ਲਿਖ ਭੇਜਿਆ, ਜੇਕਰ ਜੈ ਸਿੰਘ ਏਹ

Digitized by Panjab Digital Library | www.panjabdigilib.org

ਵੇਦੇਂ ਗੱਲਾਂ ਮੰਨ ਭੀ ਲਵੇਗਾ ਤਾਂ ਭੀ ਅਸੀਂ ਤੇਰੇ ਸਾਥੀ ਰਹਾਂਗੇ। ਏਸ ਲਿਖਤ ਉੱਪਰ ੧੩
ਜੱਸਾ ਸਿੰਘ ਤੇ ਸ਼ਾਮ ਤੋਂ ਤੁਰਕੇ ਪਾਨੀਪਤ ਸੋਨੀਪਤ ਆਦਿਕ ਮਕਾਨਾਂ ਦੇ ਸਿੱਖਾਂ ਸਰ
ਦਾਰਾਂ ਤੋਂ ਗੰਢ ਲੈਂਦਾ ਹੋਇਆ ਜਾਲੰਧਰ ਜਾ ਗੱਜਿਆ। ਜੈ ਸਿੰਘ ਘਨੱਯੇ ਨੇ ਸਰਦਾਰ ਗੁਰ
ਬਖਸ਼ ਸਿੰਘ ਦੂਰੀਏ ਨੂੰ ਫੌਜ ਦੇਕੇ ਜੱਸਾ ਸਿੰਘ ਦੇ ਮੁਕਾਬਲੇ ਨੂੰ ਭੇਜਿਆ। ਬਿਆਸਾ ਕਿ
ਨਾਰੇ ਭੁਟਭੇੜ ਹੋ ਗਯਾ, ਗੁਰਬਖਸ਼ ਸਿੰਘ ਮਾਰਿਆ ਗਿਆ, ਤਦ ਜੱਸਾ ਸਿੰਘ ਦੀ ਜਿੱਤ ਹੋ
ਗਈ। ਫੇਰ ਮਹਾਂ ਸਿੰਘ ਸ਼ੁੱਕ੍ਰਚੱਕੀਏ ਤੇ ਕਟੋਚੀਏ ਨੂੰ ਆਪਣੇ ਨਾਲ ਲੈਕੇ ਸੰ:੧੮੪੩-
ਬਿ: ਵਿਚ ਜੈ ਸਿੰਘ ਘਨੱਯੇ ਪਰ ਚੜ੍ਹਾਈ ਕਰ ਦਿੱਤੀ। ਕਸਬੇ ਬਟਾਲੇ[1] ਪਾਸ ਜੰਗ ਲੱਗਾ,
ਦੋ ਪਹਿਰ ਤੀਰ ਗੋਲੀ ਬਰਸੇ, ਭੋਰੇ ਸਾਸੀ ਕੇ ਘਨੱਯੇ ਜਿੱਤਣਗੇ ਪਰ ਰੱਬ ਦੀ ਮਰਜੀ ਨਾ
ਲ ਜੈ ਸਿੰਘ ਦਾ ਬੇਟਾ ਜੱਸਾ ਸਿੰਘ ਦੇ ਤੀਰ ਦਾ ਨਿਸ਼ਾਨਾ ਹੋਯਾ। ਏਸ ਲਾਇਕ ਪੁੱਤ੍ਰ ਦੇ ਮ
ਰਣੇ ਕਰ ਜੈ ਸਿੰਘ ਮੂੰਧੇ ਮੂੰਹ ਜਾ ਪਿਆ, ਫੇਰ ਜੁੱਧ ਕੌਣ ਕਰੇ। ਜੱਸਾ ਸਿੰਘ ਨੇ ਬਟਾਲਾ
ਗੁਰਦਾਸਪੁਰ, ਸ਼ਾਹਜਹਾਂਪੁਰ, ਕਲਾਨੌਰ, ਹਰਿਗੋਬਿੰਦਪੁਰ ਆਦਿਕ ਆਪਣੇ ਕਦੀਮੀ
ਪਰਗਣੇ ਫੇਰ ਮੱਲ ਲਏ। ਜੈ ਸਿੰਘ ਨੇ ਏਸ ਜ਼ੋਰਾਵਰ ਵੈਰੀ ਤੋਂ ਆਪਣਾ ਬਾਕੀ ਦਾ
ਮੁਲਕ ਭੀ ਬਰਦਾ ਨਾ ਦੇਖਕੇ ਓਹੋ ਗੱਲ ਕੀਤੀ ਜੇਹੜੀ ਜੱਸਾ ਸਿੰਘ ਨੇ ਪਹਿਲੇ ਹੀ ਪਤ੍ਰਿ
ਕਾ ਵਿੱਚ ਲਿਖੀ ਸੀ ਅਰਥਾਤ ਆਪਣੇ ਬੇਟੇ ਗੁਰਬਖਸ਼ ਸਿੰਘ ਦੀ ਬੇਟੀ ਦਾ ਨਾਤਾ ਮ
ਹਾਂ ਸਿੰਘ ਦੇ ਬੇਟੇ ਰਣਜੀਤ ਸਿੰਘ ਨੂੰ ਤੇ ਕਿਲਾ ਕਾਂਗੜਾ, ਕਟੋਚੀਏ ਨੂੰ ਦੇਕਰ ਆਪਣਾ
ਪੱਖੀ ਬਣਾ ਲਿਆ। ਪਰ ਏਨ੍ਹਾਂ ਨੇ ਆਪਣਾ ਸੁਖਨ ਪਾਲਣ ਵਾਸਤੇ ਦੋਹਾਂ ਧਿਰਾਂ ਦੀਆਂ
ਅੱਖੀਆਂ ਏਸ ਤਰਾਂ ਪੂੰਝੀਆਂ ਕੇ ਆਪੋ ਆਪਣੇ ਕਦੀਮੀ ਇਲਾਕੇ ਪਰ ਕਾਇਮ ਕਰ
ਦਿੱਤੇ। ਤਾਂ ਭੀ ਜੱਸਾ ਸਿੰਘ ਨੇ ਰਾਜੇ ਕਟੋਚ ਤੇ ਘਨੱਯਾਂ ਦੇ ਕਈ ਪਰਗਣੇ ਮੱਲ ਲਏ।
ਫੇਰ ਜਦ ਮਹਾਰਾਜੇ ਰਣਜੀਤ ਸਿੰਘ ਦੇ ਪ੍ਰਤਾਪ ਦਾ ਸੂਰਜ ਚਮਕਿਆ ਤਾਂ ਉਸ ਦੀ ਸੱਸ
ਸਦਾ ਕੌਰ ਰਣਜੀਤ ਸਿੰਘ ਨੂੰ ਸੰ:੧੮੪੯ ਬਿ: ਵਿੱਚ ਜੱਸਾ ਸਿੰਘ ਉੱਪਰ ਚੜ੍ਹਾ ਲਿਆ
ਈ। ਬਿਆਸਾ ਕਿਨਾਰੇ ਮਿਆਣੀ ਦੇ ਕਿਲੇ ਵਿੱਚ ਰਾਮਗੜ੍ਹੀਆਂ ਨੂੰ ਘੇਰ ਲਿਆ, ਚਾਰ ਮ
ਹੀਨੇ ਲੜਾਈ ਹੋਈ, ਰਾਮਗੜ੍ਹੀਏ ਤੰਗ ਆਏ, ਏਨ੍ਹਾਂ ਦੀ ਫਰਿਆਦ ਰੱਬ ਨੇ ਸੁਣ ਲਈ,
ਅਚਾਚੇਤ ਰਾਤ ਨੂੰ ਬਿਆਸਾ ਚੜ੍ਹ ਆਈ ਜਿਸ ਨਾਲ ਸਦਾ ਕੌਰ ਦਾ ਬਹੁਤ ਨੁਕਸਾਨ

੧ ਬਟਾਲਾ ਸੰ:੧੫੦੨ ਬਿ: ਵਿਚ ਭੱਟੀ ਰਾਜਪੂਤਾਂ ਨੇ ਬਸਾਕੇ ਭਟਿਆਲਾ ਨਾਮ ਰੱਖਿਆ। ਜਿਸ ਤੋਂ ਵਿਗ
ੜਕੇ ਬਟਿਆਲਾ ਬਟਾਲਾ ਹੋ ਗਿਆ। ਏਸ ਭੱਟੀ ਰਾਜਪੂਤ ਦਾ ਨਾਮ ਰਾਮਦੇਵ ਸੀ।

੧੪ ਹੋਯਾ, ਅਨੇਕ ਘੋੜੇ ਊਠ ਆਦਮੀ ਸਲੀਤੇ ਬਹਿਗਏ ਤੇ ਆਪ ਨੱਠਕੇ ਬਚੀ।
ਸੰ: ੧੮੫੦ ਬਿ: ਵਿਚ ਜੱਸਾਸਿੰਘ ਅੱਸੀ ਬਰਸਦਾ ਹੋਕੇ ਗੁਜ਼ਰਗਿਆ। ਏਹ ਸਰ
ਦਾਰ ਸਾਰੇ ਸਿੱਖਾਂ ਵਿੱਚੋਂ ਗਿਣਤੀਦਾ ਸੂਰਬੀਰ ਦੂਰੰਦੇਸ਼, ਖ਼ੂਬਸੂਰਤ, ਸ਼ਹਿਜ਼ੋਰ ਤੇ
ਨਿਰਭੈਸੀ। ਇੱਕਵਾਰੀ ਏਸਨੂੰ ਕਾਲੇ ਸੱਪਨੇ ਡੰਗ ਮਾਰਿਆ ਪਰ ਜ਼ਹਰ ਨਾ ਚੜ੍ਹਿਆ
ਏਹ ਕਹਿੰਦਾ ਹੁੰਦਾਸੀ ਕੇ ਜ਼ਹਰ ਉਸਨੂੰ ਚੜ੍ਹਦਾ ਹੈ ਜੋ ਡਰਦਾ ਹੈ। ਏਸਨੇ ਕਈ ਵਰੀਤ
ਲਵਾਰਨਾਲ ਸ਼ੇਰ ਮਾਰੇ ਅਤੇ ਤੋਪਾਂ ਗੋਲੀਆਂ ਦੀ ਬਰਖਾਦੇ ਸਾਹਮਣੇ ਮਸਤ ਹਾ
ਥੀ ਵਾਂਗੂ ਤੁਰ ਜਾਂਦਾ, ਜੋ ਸ਼ਖਸ ਏਸਦੀ ਸ਼ਰਣ ਆਗਿਆ, ਫੇਰ ਉਸਨੂੰ ਕਦੇ ਨਹੀਂ ਦਿੱ ਜੱਸਾਸਿ
ਤਾ। ਜਿਸ ਤਰਾਂ ਗੁਲਾਮਕਾਦਰਖਾਂ ਰੁਹੇਲੇਦਾ ਭਾਈ ਦਿਲੀਦੇ ਸ਼ਾਹਆਲਮ ਬਾਦ ਘਦਾਮ
ਸ਼ਾਹਨੂੰ ਮਾਰਕੇ ਏਸਦੀ ਸ਼ਰਣ ਆਗਿਆ ਤੇ ਉਸਨੂੰ ਏਸਨੇ ਨਾ ਦਿੱਤਾ, ਏਸੇ ਤਰਾਂ ਹੋਰ ਰਨਾ।
ਕਈ ਏਸਦੀ ਸ਼ਰਣ ਆ ਰਹੇ।
ਏਸਦੇ ਬਾਦ ਏਸਦਾ ਬੇਟਾ ਜੋਧਾਸਿੰਘ ਸਰਦਾਰ ਹੋਯਾ, ਏਹ ਭੀ ਆਪਣੇ ਬਾਪ ਵਾਂਗੂ ਬ
ੜਾ ਸੂਰਬੀਰ ਬੋਲਦਾ ਪੂਰਾ ਨਿਕਲਿਆ। ਰਾਜੇ ਸੰਸਾਰਚੰਦ ਨਾਲ ਮਿਲਕੇ ਪਰਗਨਾ
ਗੜ੍ਹਦਮਾਲਾ, ਉਰਮਲਟਾਂਡਾ ਹੁਸ਼ਿਆਰਪੁਰ, ਬਿਜਵਾੜਾ ਰਾਜੇ ਸੰਸਾਰਚੰਦ ਨੂੰ ਦਿੱਤਾ ਤੇ ਭੂੰ
ਗਾ ਨਵਾਬ ਭੀਖੂ ਖਾਂਨੂੰ ਜਾਗੀਰ ਬਖ਼ਸ਼ਿਆ। ਸਰਦਾਰ ਮੁਹਰਸਿੰਘ, ਹਜ਼ਾਰਾਸਿੰਘ,
ਠਾਕੁਰਸਿੰਘ ਜੋ ਰਾਜੇ ਫਤੇਸਿੰਘ ਨੇ ਨਿਕਾਲਦਿੱਤੇ ਸੇ ਏਸਨੇ ਪੰਜ ਪੰਜ ਪਿੰਡ ਜਾਗੀਰ
ਦੇਕੇ ਫੇਰ ਰੱਖ ਲਏ। — ਗੁਰਦਿੱਤਸਿੰਘ ਭੰਗੀ ਸਰਦਾਰ ਤੇ ਫਗਵਾੜੇ ਵਾਲੀ ਸਰ
ਦਾਰਨੀ ਲੱਛਮੀਦਾ ਜਦ ਸਰਕਾਰਨੇ ਸਭਕੁਛ ਖੋਹ ਲਿਆ ਤਾਂ ਏਹ ਦੋਵੇਂ ਸਰਦਾਰ ਜੋਧ
ਸਿੰਘ ਪਾਸ ਆ ਰਹੇ ਸੇ। — ਸੰ: ੧੮੫੩ ਬਿ: ਨੂੰ ਸਰਦਾਰ ਜੋਧਾਸਿੰਘ ਦੇ ਚਾਚੇਦਾ ਬੇ
ਟਾ ਏਸਨਾਲ ਤੰਗ ਹੋਕੇ ਕਾਦੀਆਂ ਦਾ ਅੱਠ ਲੱਖਦਾ ਪਰਗਣਾ ਜਿਸ ਵਿਚ ਚੌਰਾਸੀ
ਪਿੰਡ ਸੇ ਮੱਲ ਬੈਠਾ ਪਰ ਏਸਨੇ ਕੁਛ ਖ਼ਿਆਲ ਹੀ ਨਾ ਕੀਤਾ। — ਸੰਮਤ ੧੮੫੪ ਬਿ:
ਵਿਚ ਫਤੇਸਿੰਘ ਆਲੂਵਾਲੀਆ, ਸਰਦਾਰ ਤਾਰਾਸਿੰਘ ਗੈਬੇ ਦੀ ਤੇ ਬਘੇਲਸਿੰਘ
ਦੀ ਮਦਦ ਲੈਕੇ ਬੀਸ ਹਜ਼ਾਰ ਸਿਪਾਹੀ ਨਾਲ ਕਨ੍ਹਾਲੇ ਦੇ ਕਿਲੇ ਪਰ, ਜੋਧਾਸਿੰਘ ਨਾਲ
ਬੀਸ ਦਿਨ ਲੜਦਾ ਰਿਹਾ, ਓੜਕ ਜੋਧਾਸਿੰਘ ਦੇ ਅੱਗੇ ਉਸਦੀ ਕੁਛ ਪੇਸ਼ ਨਾ ਗਈ ਤੇ ਹੌਂ
ਲਾ ਹੋਕੇ ਪੁੱਠੇ ਪੈਰੀਂ ਮੁੜਗਿਆ। ਏਸ ਜੰਗਦੀ ਜਿੱਤ ਸੁਣਕੇ, ਸਰਕਾਰਨੇ ਏਸਨੂੰ ਬੜਾ
ਪ੍ਰਤਾਪੀ ਸਮਝਕੇ ਮੁਲਾਕਾਤ ਕਰਨ ਲਈ ਬੁਲਾਯਾ। ਏਸਨੇ ਅੰਮ੍ਰਿਤਸਰ ਦਰਬਾਰ

ਸਾਹਿਬ ਬੈਠਕੇ ਮੁਲਾਕਾਤ ਕੀਤੀ ਆਪਸ ਵਿੱਚ ਮੇਲ ਰੱਖਣ ਦੀ ਦੋਹਾਂ ਨੇ ਸੁਗੰਦ ਖਾਧੀ ੫੫
ਤੇ ਗ੍ਰੰਥ ਸਾਹਿਬ ਨੂੰ ਵਿੱਚ ਗਵਾਹ ਰੱਖਿਆ। ਉਸ ਦਿਨ ਤੋਂ ਸਰਦਾਰ ਜੱਸਾ ਸਿੰਘ ਮਹਾਰਾਜੇ ਦੇ ਨਾਲ ਮਿਲਿਆ ਰਿਹਾ ਤੇ ਅਨੇਕ ਇਲਾਕੇ ਸਰਕਾਰ ਨੂੰ ਜਿਤਾਏ, ਜਿਸ ਬਦਲੇ ਮਹਾਰਾਜਾ ਨੇ ਸੰ: ੧੮੬੬ ਬਿ: ਵਿੱਚ ਪਰਗਨਾ ਘੁੰਮਣ ਪੰਜੀ ਹਜ਼ਾਰ ਦਾ ਗੁਲਾਬ ਸਿੰਘ ਖੱਟੜ ਪਾਸੋਂ ਛੀਨ ਕੇ, ਤੇ ਸੰ: ੧੮੬੮ ਬਿ: ਵਿੱਚ ਪਰਗਨੇ ਸ਼ੇਖੂਪੁਰ ਦੇ ੧੧ ਪਿੰਡ ਬਾਰਾਂ ਹਜ਼ਾਰ ਦੀ ਜਾਗੀਰ ਦੇ ਸਰਕਾਰ ਲਾਹੌਰ ਨੇ ਸਰਦਾਰ ਜੋਧ ਸਿੰਘ ਨੂੰ ਦਿੱਤੇ। ਜਦ ਏਹ ਸਰਦਾਰ ਦਰਬਾਰ ਲਾਹੌਰ ਜਾਯਾ ਕਰਦਾ ਤਾਂ ਸਰਕਾਰ ਏਸ ਨੂੰ ਆਓ ਬਾਬਾ ਜੀ ਕਹਕੇ ਆਪਣੇ ਪਾਸ ਬੈਠਾਯਾ ਕਰਦੇ।

ਜੋਧ ਸਿੰਘ ਦਾ ਮਰਨਾ

ਸੰ: ੧੮੭੧ ਬਿ: ਵਿੱਚ ਸਰਦਾਰ ਜੋਧ ਸਿੰਘ ਕੁਦਰਤ ਕਰਤਾਰ ਨਾਲ ਮਰ ਗਿਆ, ਏਸ ਦੇ ਬਾਦ ਰਾਮਗੜ੍ਹੀਆਂ ਦੇ ਟੱਬਰ ਵਿੱਚ ਝਗੜਾ ਛਿੜ ਪਿਆ। ਸਰਕਾਰ ਨੂੰ ਏਹ ਵੇਲਾ ਚੰਗਾ ਹੱਥ ਆਯਾ। ਦੀਵਾਨ ਸਿੰਘ, ਮਤਾਬ ਸਿੰਘ, ਵੀਰ ਸਿੰਘ ਨੂੰ ਫੈਸਲਾ ਕਰਨ ਦੇ ਬਹਾਨੇ ਨਦੌਣ ਦੇ ਮੁਕਾਮ ਪਰ ਬੁਲਾਕੇ ਕੈਦ ਕਰ ਲਿਆ ਤੇ ਏਨ੍ਹਾਂ ਦਾ ਮੁਲਕ ਸਭ ਜ਼ਬਤ ਕਰ ਲਿਆ, ਪਰ ਛੀ ਮਹੀਨੇ ਦੇ ਬਾਦ ਅਨੇਕ ਸਰਦਾਰਾਂ ਦੀ ਸਿਫਾਰਿਸ਼ ਨਾਲ ਪੈਂਤੀ ਹਜ਼ਾਰ ਦੀ ਜਾਗੀਰ ਇਲਾਕਾ ਧਰਮਕੋਟ ਰੰਧਾਵਿਆਂ ਦਾ ਦੇਕਰ ਛੱਡ ਦਿੱਤਾ। ਪਰੰਤੂ ਦੀਵਾਨ ਸਿੰਘ ਗੁੱਸੇ ਹੋਕੇ ਪਟਿਆਲੇ ਚਲਾ ਗਿਆ। ਇਕ ਬਰਸ ਬਾਦ ਸਰਦਾਰ ਦੇਸਾ ਸਿੰਘ ਤੇ ਹਿੰਮਤ ਸਿੰਘ ਜੱਲੇ ਵਾਲੀਏ ਦੀ ਮਾਰਫਤ ਸਰਕਾਰ ਲਾਹੌਰ ਨੇ ਨੱਬੇ ਹਜ਼ਾਰ ਦੀ ਜਾਗੀਰ ਦੇਣੀ ਕਰਕੇ ਬੁਲਾ ਲਿਆ ਤੇ ਫੌਜ ਦਾ ਅਫਸਰ ਬਣਾਕਰ ਕਸ਼ਮੀਰ ਨੂੰ ਭੇਜ ਦਿੱਤਾ,

ਦੀਵਾਨ ਸਿੰਘ ਦਾ ਮਰਨਾ

ਦੀਵਾਨ ਸਿੰਘ ਬਹੁਤ ਚੰਗੇ ੨ ਕੰਮ ਕਰਕੇ ਓਥੇ ਹੀ ਮਰ ਗਿਆ। ਏਸ ਦੇ ਪਿੱਛੋਂ ਏਸ ਦਾ ਬੇਟਾ ਸਰਦਾਰ ਮੰਗਲ ਸਿੰਘ ਚਾਰ ਹਜ਼ਾਰ ਸਿਪਾਹ ਦਾ ਅਫਸਰ ਹੋਯਾ, ਜਮਰੌਦ ਆਦਿਕ ਦੇ ਅਨੇਕ ਜੰਗਾਂ ਵਿਚ ਲੜਦਾ ਰਿਹਾ। ਫੇਰ ਸਰਕਾਰ ਦੇ ਹੁਕਮ ਅਨੁਸਾਰ ਸੰ: ੧੮੯੫ ਬਿ: ਵਿੱਚ ਮੰਡੀ ਆਦਿਕ ਰਿਆਸਤਾਂ ਵਿੱਚ ਜਾਕੇ ਓਥੋਂ ਦਾ ਬਹੁਤ ਚੰਗਾ ਬੰਦੋਬਸਤ ਕੀਤਾ। ਸੰ: ੧੯੦੩ ਬਿ: ਵਿੱਚ ਗੁਜਰਾਤ ਦੇ ਜੰਗ ਸਮੇ ਗੁਰਦਾਸਪੁਰ ਦੀ ਸੜਕ ਤੇ ਜ਼ਿਲੇ ਦਾ ਬਹੁਤ ਅੱਛਾ ਇੰਤਜ਼ਾਮ ਕੀਤਾ। ਹਰੀ ਸਿੰਘ ਜੇਹੇ ਕਈ ਧਾੜਵੀ ਸਰਕਾਰ ਅੰਗ੍ਰੇਜ਼ੀ ਨੂੰ ਪਕੜਾਏ ਜਿਸ ਦੇ ਬਦਲੇ ੯ ਹਜ਼ਾਰ ਦੀ ਜਾਗੀਰ ਸਰਕਾਰ ਅੰਗ੍ਰੇਜ਼ੀ ਦੀ ਤਰਫੋਂ ਏਸ ਨੂੰ ਮਿਲੀ, ਜਿਸ ਵਿਚੋਂ ੩ ਹਜ਼ਾਰ ੬ ਸੌ ਦੀ ਹਮੇਸ਼ ਵਾ

੧੬ ਸ੍ਰੇ ਅਤੇ ਪੰਜ ਹਜ਼ਾਰ ਰਾਠ ਸੈਦੀ ਉਸਦੇ ਸਿਰ ਨਾਲ ਲੱਗੀ।

ਸਰਦਾਰ ਮੰਗਲ ਸਿੰਘ ਦਾ ਹਾਲ।

ਸੰ: ੧੯੧੮ ਬਿ: ਵਿੱਚ ਸਰਦਾਰ ਜੋਧਸਿੰਘ ਦੇ ਮਰੇ ਪਿੱਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦਾ ਸਰਬਰਾਹ ਭੀ ਏਹੋ ਹੋਯਾ। ਏਸ ਗੁਰਘਰ ਦੀ ਟਹਿਲ ਨੂੰ ਏਸਨੇ ਬਹੁਤ ਅੱਛਾ ਨੇਕ ਨੀਯਤੀ ਨਾਲ ਨਿਬਾਹਿਆ। ਫੇਰ ਆਨਰੇਰੀ ਮਜਿਸ੍ਟ੍ਰੀ ਦੇ ਇਖਤਿਆਰ ਭੀ ਹਾਸਲ ਕੀਤੇ। ਸੰ: ੧੯੩੩ ਬਿ: ਵਿੱਚ ਸ਼ਾਹਜ਼ਾਦੇ ਪ੍ਰਿੰਸ ਆਫ਼ ਵੇਲਜ਼ ਨੇ ਏਸ ਸਰਦਾਰ ਨੂੰ ਸਤਾਰਾ ਹਿੰਦ (ਸਟਾਰ ਆਫ਼ ਇੰਡੀਆ) ਦਾ ਖ਼ਿਤਾਬ ਦਿੱਤਾ। ਏਹ ਸਰਦਾਰ ਤਿੰਨ ਬੇਟੇ ਛੱਡਕੇ ਸੰ: ੧੯੩੫ ਬਿ: ਨੂੰ ਪ੍ਰਲੋਕ ਪਧਾਰ ਗਿਆ।

ਏਸਦੇ ਤਿੰਨ ਬੇਟੇ, ਸਰਦਾਰ ਗੁਰਦਿੱਤਸਿੰਘ, ਸੁਰੇਤਸਿੰਘ, ਸ਼ੇਰਸਿੰਘ ਪਿਛੇ ਰਹੇ। ਸਰਦਾਰ ਗੁਰਦਿੱਤਸਿੰਘ ੧੯੧੪ ਦੇ ਗਦਰ ਵਿਚ ਰਸਾਲਦਾਰ ਹੋਕੇ ਲਖਨਊ ਦੇ ਪਰਗਨੇ ਗਿਆ, ਫੇਰ ਪੁਲਿਸ ਵਿੱਚ ਇਨਸਪੈਕਟਰ ਰਹਿਕੇ ਸੰ: ੧੯੪੪ ਬਿ: ਵਿੱਚ ਚਾਰ ਸੌ ਰੁਪਏ ਸਾਲ ਦੀ ਪਿਨਸ਼ਨ ਪਾਈ ਹੈ ਤੇ ਹੁਣ ਅੰਮ੍ਰਿਤਸਰ ਆਪਣੇ ਬੁੰਗੇ ਰਾਮਗੜ੍ਹੀਆਂ ਵਿੱਚ ਰਹਿੰਦਾ ਹੈ। ਦੂਸਰਾ ਸਰਦਾਰ ਸੁਰੇਤਸਿੰਘ, ਏਹ ਮੁਨਸਫੀ ਦੇ ਉਹਦੇ ਪਰ ਰਹਕੇ ਸੰ: ੧੯੩੬ ਬਿ: ਨੂੰ ਗੁਜ਼ਰ ਗਿਆ, ਆਦਮੀ ਬੜਾ ਦਲੇਰ ਸੀ। ਏਸਦਾ ਬੇਟਾ ਸ: ਬਿਸਨਸਿੰਘ ਹੁਣ ਡਿਪਟੀ ਇਨਸਪੈਕਟਰ ਹੈ। ਤੀਸਰਾ ਸਰਦਾਰ ਸ਼ੇਰਸਿੰਘ ਏਹ ਭੀ ਥਾਣੇਦਾਰ ਹੋਯਾ ਪਰ ਨੌਕਰੀ ਛੱਡਕੇ ਘਰ ਆ ਰਿਹਾ। ਏਹ ਬਹੁਤ ਦੂਰੰਦੇਸ਼, ਸਾਧੂ ਸੁਭਾਵ, ਸੰਤੋਖੀ ਸੀ ਪਰ ਸੰ: ੧੯੪੫ ਬਿ: ਨੂੰ ਨੀਮੇਰਾਹ ਪੈ ਗਿਆ। ਏਸਦੇ ਦੋ ਬੇਟੇ ਸ: ਜੀਤਸਿੰਘ ਤੇ ਸੁਰਿੰਦਰਸਿੰਘ ਹਨ। ਜੀਤਸਿੰਘ ਲਾਹੌਰ ਕਾਲਜ ਦੀ ਬੀ. ਏ. ਜਮਾਤ ਵਿਚ ਪੜ੍ਹਦਾ ਹੈ ਏਹ ਸਾਧੂ ਸੁਭਾਵ ਤੇ ਹੌਸਲੇ ਵਾਲਾ ਹੈ। ਸੁਰਿੰਦਰਸਿੰਘ ਅਜੇ ਨਾਬਾਲਗ ਹੈ।

ਹਰਦਾਸਸਿੰਘ
ਭਗਵਾਨਸਿੰਘ
ਤਾਰਾਸਿੰਘ ਮਾਲੀਸਿੰਘ ਖੁਸ਼ਹਾਲਸਿੰਘ ਜੱਸਾਸਿੰਘ ਜੈਸਿੰਘ
ਦੀਵਾਨਸਿੰਘ ਮਤਾਬਸਿੰਘ ਜੋਧਸਿੰਘ ਬੀਰਸਿੰਘ
ਮੰਗਲਸਿੰਘ ਹੀਰਾਸਿੰਘ ਬੁਧਸਿੰਘ ਜੈਮਲਸਿੰਘ
ਗੁਰਦਿੱਤਸਿੰਘ ਸੁਰੇਤਸਿੰਘ ਸ਼ੇਰਸਿੰਘ ਮੰਗਲਸਿੰਘ ਸੇਵਾਸਿੰਘ ਉੱਤਮਸਿੰਘ
ਬਿਸਨਸਿੰਘ ਜੀਤਸਿੰਘ ਸੁਰਿੰਦਰਸਿੰਘ ਤਿਨੋਂ ਦਾ ਜਾਗੀਰਦਾਰ ਗੀਬਪੁਰੇ ਮੈਂ ਅੱਛਰਸਿੰਘ ਪ੍ਰੀਤਮਸਿੰਘ
ਨਰਾਇਨਸਿੰਘ ੬੦੦ ਜਾਗੀਰ ੫੦੦ ਜਾਗੀਰ

Digitized by Panjab Digital Library | www.panjabdigilib.org

# ਮਿਸਲ ਘਨੱਯਾਂ

ਇਸ ਮਿਸਲ ਦਾ ਮੁੱਢ ਸਰਦਾਰ ਜੈ ਸਿੰਘ ਪਰਗਨੇ ਕਸੂਰ, ਕਾਨ੍ਹੇ ਪਿੰਡ ਦਾ ਸੰਧੂ ਜਿ-
ਮੀਦਾਰ, ਚੌਧਰੀ ਖੁਸ਼ਹਾਲ ਸਿੰਘ ਦਾ ਬੇਟਾ ਸੀ। ਏਹ ਅੱਠ ਹਜ਼ਾਰ ਫੌਜ, ਚਾਲੀ ਲੱਖ
ਆਮਦਨੀ ਦੇ ਮੁਲਕ ਦਾ ਮਾਲਕ ਬੜਾ ਲਾਯਕ ਸੂਰਬੀਰ ਹੋ ਗੁਜ਼ਰਿਆ ਹੈ। ਏਹ
ਬਹੁਤ ਸੁੰਦਰ ਤੇ ਚੰਚਲ ਹੋਣੇ ਕਰ ਕ੍ਰਿਸ਼ਨ ਅਰਥਾਤ ਕਨ੍ਹੱਯਾ ਸਦਾਯਾ ਤੇ ਦੂਸਰਾ
ਕਾਨ੍ਹੇ ਪਿੰਡ ਦਾ ਹੋਣੇ ਕਰ ਕਨ੍ਹੱਯਾ ਮਸ਼ਹੂਰ ਹੋ ਗਿਆ। ਇਸ ਦੇ ਸਾਥੀ ਭੀ ਸਭ ਕਨ੍ਹੱਯੇ ਸ-
ਦਾਏ। — ਪਹਿਲੇ ਇਸ ਦੇ ਬਾਪ ਦਾਦੇ ਨੇ ਖਾਸ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ
ਟਹਿਲ ਵਿਚ ਰਹਿਕੇ ਅਹਿਲ ਪਾਯਾ, ਫੇਰ ਬੰਦੇ ਬਹਾਦਰ ਨਾਲ ਰਹਿਕੇ ਧਰਮ ਯੁੱਧ-
ਧੀ ਨਿਬਾਹੇ। — ਜਦ ਖਾਨ ਬਹਾਦਰ ਲਾਹੌਰ ਦਾ ਸੂਬਾ ਸਿੰਘਾਂ ਦੇ ਪਿੱਛੇ ਹੱਥ ਧੋਕੇ
ਪੈ ਗਿਆ ਤੇ ਸੈਂਕੜੇ ਸਿੰਘ ਹਿੰਦੂ ਧਰਮ ਦੇ ਸਹਾਯਕ ਮੁੰਗਰੀਆਂ ਨਾਲ ਕੁਟਵਾਕੇ ਜੰ-
ਦੇਰੀ ਵਿਚ ਕਿੱਲ ਠੋਕ ਠੋਕ ਕਰ ਮਾਰੇ ਤੇ ਮੁਸਲਮਾਨ ਕਰੇ ਤਦ ਕਨ੍ਹੱਯੇ ਭੀ ਮਰਣ ਮਾਰ-
ਣ ਉੱਤੇ ਲੱਕ ਬੰਨ੍ਹ ਖੜੇ ਤੇ ਅਤੇ ਖਾਲਸੇ ਦੇ ਦਲ ਵਿੱਚ ਰਲਕੇ ਧਰਮ ਵਿਰੋਧੀਆਂ ਨੂੰ
ਸੋਧਣ ਲੱਗ ਪਏ। ਉੜਕ ਲੁੱਟਾਂ ਮਾਰਾਂ ਵਿੱਚ ਧਰਮ ਤੇ ਦੌਲਤ ਦੋਵੇਂ ਹਾਸਲ ਕਰ ਲਏ
। ਹਕੀਕਤ ਸਿੰਘ, ਮਤਾਬ ਸਿੰਘ, ਜੀਉਣ ਸਿੰਘ ਆਦਿਕ ਹੋਰ ਬਹੁਤ ਸੰਬੰਧੀ ਜੈ ਸਿੰਘ
ਦੇ ਨਾਲ ਆ ਮਿਲੇ। ਪੂਰਬ ਰਾਜਪੂਤਾਨਾ, ਅੰਤਰਬੇਦ, ਹਰਿਆਣਾ, ਖਾਦਰ, ਮੈਣਦਾਬ
ਆਦਿਕ ਦੇਸ਼, ਤੇ ਕਸੂਰ ਆਦਿਕ ਮੁਸਲਮਾਨਾਂ ਦੇ ਸ਼ਹਿਰ ਲੁੱਟਮਾਰ ਕਰਕੇ ਚਾਰ ਹਜ਼ਾ-
ਰ ਅਸਵਾਰ ਦੇ ਜਥੇਦਾਰ ਬਣ ਗਏ। ਸਰਦਾਰ ਜੈ ਸਿੰਘ ਤਾਂ ਅੰਮ੍ਰਿਤਸਰ ਤੋਂ ਸੱਤ ਕੋਹ
ਸੋਹੀਆਂ ਪਿੰਡ ਵਿੱਚ ਇਕ ਗੜ੍ਹੀ ਬਣਾ ਬੈਠਾ ਤੇ ਹਕੀਕਤ ਸਿੰਘ ਨੇ ਸੰਗਤਪੁਰਾ ਰਾ-
ਜਧਾਨੀ ਥਾਪੀ। ਸੰ: ੧੮੨੦ ਬਿ: ਨੂੰ ਪੰਥ ਨਾਲ ਮਿਲਕੇ ਸਰਹਿੰਦ ਤੇ ਜਲੰਧਰ ਨੂੰ ਜਿ-
ਤਕੇ ਅਨੇਕ ਪਰਗਣੇ ਉਠੀਆਂ ਨਾਗ, ਹਾਜੀਪੁਰ, ਦਾਤਾਰਪੁਰ, ਮੁਕੇਰੀਆਂ ਆਦਿਕ
ਰੋਕ ਲਏ। ਸੰ: ੧੮੨੩ ਬਿ: ਵਿੱਚ ਦੁਰਾਨੀਆਂ ਨੂੰ ਕੱਢਕੇ, ਪਠਾਣਕੋਟ, ਸੁਜਾਨਪੁਰ, ਦੀ-
ਨਾਨਗਰ, ਗੁਰਦਾਸਪੁਰ ਆਦਿਕ ਘਨੱਯੇ ਸਰਦਾਰ ਮੱਲ ਬੈਠੇ। ਫੇਰ ਤਾਂ ਅੱਠ ਨੌ ਹਜ਼ਾ-

੧੮ ਰ ਅਸਵਾਰ ਪਜਾਦਾ ਏਨ੍ਹਾਂ ਦਾ ਹੋ ਗਿਆ, ਅਮਰਸਿੰਘ ਬੱਘਾ, ਗੰਡਾਸਿੰਘ ਬਾਕਰੀ
ਆ, ਲੱਖਾਸਿੰਘ ਕਾਨ੍ਹੂਵਾਲੀਆ, ਅਮਰਸਿੰਘ ਖੋਖਰ, ਦਲਸਿੰਘ ਖੱਟਰ, ਬੁੱਧਸਿੰਘ
ਧਰਮਕੋਟੀਆ ਏਹੋ ਜੇਹੇ ਬਡੇ ਬਡੇ ਅਨੇਕ ਸਰਦਾਰ ਜੈਸਿੰਘ ਦੇ ਤਾਬੇਦਾਰ ਸੇ।
ਸੰ:੧੮੨੭ ਬਿ: ਨੂੰ ਜੈਸਿੰਘ ਦਾ ਭਾਈ ਝੰਡਾਸਿੰਘ, ਨਿਧਾਨਸਿੰਘ ਰੰਧਾਵੇ ਦੀ ਲੜਾ
ਈ ਵਿੱਚ ਮਾਰਿਆ ਗਿਆ, ਉਸਦੀ ਤੀਮੀ ਜੈਸਿੰਘ ਨੇ ਕਰ ਲਈ ਏਸ ਕਰਕੇ ਉਸਦੀ
ਰਿਆਸਤ ਭੀ ਜੈਸਿੰਘ ਪਾਸ ਆ ਗਈ। ਸੰ:੧੮੧੭ ਬਿ: ਵਿਚ ਜੋ ਭਾਗਵਾਨ ਬੇਟਾ, ਜੈ
ਸਿੰਘ ਦੇ ਘਰ, ਗੁਰਬਖਸ਼ਸਿੰਘ ਜੰਮਿਆ ਸੀ ਉਸਦੀ ਸ਼ਾਦੀ ਸੰ:੧੮੨੮ ਬਿ: ਵਿਚ
ਦਸੌਂਧਾਸਿੰਘ ਦੀ ਬੇਟੀ ਸਦਾਕੌਰ ਨਾਲ ਹੋਈ। ਏਸੇ ਸਮੇ ਗੜ੍ਹਸ਼ੰਕਰ ਆਦਿਕ ਕਈ
ਪਰਗਨੇ ਜੈਸਿੰਘ ਦੇ ਹੱਥ ਆਏ। ਸੰ: ੧੮੩੪ ਬਿ: ਵਿੱਚ ਜੈਸਿੰਘ ਨੇ ਅੰਮ੍ਰਿਤਸਰ ਵਿ
ਚ ਇਕ ਕਟੜਾ ਬਣਾਯਾ ਜੋ ਹੁਣ ਕਨ੍ਹਯਾਂ ਦਾ ਕਟੜਾ ਮਸ਼ਹੂਰ ਹੈ।
ਸੰ: ੧੮੩੫ ਬਿ: ਨੂੰ ਜਦ ਜੱਸਾਸਿੰਘ ਰਾਮਗੜ੍ਹੀਏ ਨੂੰ ਪੰਜਾਬੋਂ ਕੱਢਿਆ ਤਾਂ ਉਸਦਾ ਮਾ
ਲ ਮੁਲਕ ਬੀ ਏਸੇ ਦੇ ਹੱਥ ਆਯਾ, ਫੇਰ ਤਾਂ ਏਸ ਮਿਸਲ ਦਾ ਬਡਾ ਰਾਜ ਤੇ ਹੌਸਲਾ
ਵਧ ਗਿਆ। ਕਿਲੇ ਕਾਂਗੜੇ ਵਿੱਚ ਜੋ ਸਾਰੇ ਪਹਾੜਾਂ ਦਾ ਸ਼ਾਹੀ ਹਾਕਮ ਸੈਫ ਅਲੀਖਾਂ
ਸੀ ਉਸਨੂੰ ਕੱਢਣ ਵਾਸਤੇ ਸੰਸਾਰਚੰਦ ਕਟੋਚੀਏ ਨੇ ਕਈ ਜੰਗ ਤੇ ਉਪਾਇ ਕੀਤੇ ਪਰ ਜ
ਦ ਓਹ ਨਾ ਨਿਕਲਿਆ ਤਾਂ ਰਾਜੇ ਨੇ ਸਰਦਾਰ ਜੈਸਿੰਘ ਨੂੰ ਆਪਣੀ ਮਦਦ ਲਈ ਬੁਲ°
ਵਾਯਾ ਏਸਦੇ ਬੇਟੇ ਗੁਰਬਖਸ਼ਸਿੰਘ ਨੇ ਆਪਣੀ ਫੌਜ ਲੈ ਜਾਕਰ ਸੰ:੧੮੩੮ ਨੂੰ ਵੱਡੇ
ਡ ਘਮਿਰ ਦੇ ਜੰਗ ਨਾਲ, ਸੈਫ ਅਲੀਖਾਂ ਨੂੰ ਉਥੋਂ ਕੱਢਕੇ ਕਿਲਾ ਆਪਣੇ ਕਬਜ਼ੇ ਕਰ
ਲਿਆ। ਰਾਜਾ ਦੇਖਦਾ ਹੀ ਰਹਿ ਗਿਆ। ਫੇਰ ਤਾਂ ਗੁਰਬਖਸ਼ਸਿੰਘ ਨੇ ਪਾਲਮਪੁਰ ਤਕ
ਕਾਂਗੜੇ ਦਾ ਪਰਗਣਾ ਮੱਲਕੇ ਸਬ ਪਹਾੜੀ ਰਾਜੇ ਆਪਣੇ ਤਾਬੇ ਕਰ ਲਏ। ਹੁਣ ਏਹ
ਮਿਸਲ ਸਬ ਮਿਸਲਾਂ ਦੇ ਉੱਤੋਂ ਦੀ ਛਾ ਗਈ। ਮਹਾਂਸਿੰਘ ਸੁੱਕ੍ਰਚੱਕੀਆ ਤਾਂ ਜੈਸਿੰਘ
ਦਾ ਪੁੱਤ੍ਰ ਹੀ ਬਣ ਰਿਹਾ ਸੀ। ਕਿਉਂਕਿ ਜਦ ਰੂਪੋ ਚੱਕ ਦੇ ਜੰਗ ਵਿੱਚ ੧੮੩੧ ਬਿ: ਨੂੰ ਸਰਦਾ
ਰ ਚੜ੍ਹਤਸਿੰਘ ਸ਼ਹੀਦ ਹੋਯਾ ਤਾਂ ਮਹਾਂਸਿੰਘ ਦੇ ਬੈਰੀ ਭੰਗੀ ਸਰਦਾਰਾਂ ਤੋਂ ਮਹਾਂਸਿੰਘ
ਦਾ ਰਾਜ ਏਸੇ ਨੇ ਬਚਾਯਾ ਸੀ ਤੇ ਰਾਜਾ ਗਜਪਤਸਿੰਘ ਦੀ ਬੇਟੀ ਨਾਲ ਮਹਾਂਸਿੰਘ ਦੀ ਸ਼ਾਦੀ
ਭੀ ਏਸੇ ਨੇ ਕਰਾਈ ਸੀ। ਫੇਰ ਜਦ ਰਾਜਾ ਰਣਜੀਤ ਦੇਉ ਏਸੇ ਸਾਲ ਮਰ ਗਿਆ ਤੇ ਉ
ਸਦੇ ਬੇਟੇ ਬ੍ਰਿਜਰਾਜ ਦੇਉ ਨੇ ਜੰਮੂ ਦਾ ਰਾਜਾ ਹੋਕਰ, ਭੰਗੀ ਸਰਦਾਰਾਂ ਤੋਂ ਆਪਣੇ ਉਹਪ

Digitized by Panjab Digital Library | www.panjabdigilib.org

ਗਣੇ (ਜੇੜ੍ਹੇ ਝੰਡਾ ਸਿੰਘ ਨੇ ਦੱਬ ਲਏ ਸੇ) ਛੁਡਾਉਣ ਵਾਸਤੇ ਸਰਦਾਰ ਮਹਾਂ ਸਿੰਘ ਨੂੰ ਤੇ ੧੯
ਹਕੀਕਤ ਸਿੰਘ ਨੂੰ ਆਪਣੀ ਸਹਾਇਤਾ ਲਈ ਬੁਲਾਯਾ। ਉਸ ਸਮੇ ਜੈ ਸਿੰਘ ਦੀ ਤੀ
ਜੀ ਸਾਦੀ ਭੰਗੀ ਸਰਦਾਰਾਂ ਦੇ ਘਰ ਹੋਈ ਸੀ ਏਸੇ ਕਰਕੇ ਹਕੀਕਤ ਸਿੰਘ ਨੇ ਭੰਗੀਆਂ
ਨਾਲ ਲੜਨਾ ਚੰਗਾ ਨਾ ਸਮਝਿਆ ਤੇ ਰਾਜੇ ਨੂੰ ਭੀ ਜ਼ੁਬਾਨ ਦੇ ਬੈਠਾ ਸੀ। ਹੁਣ ਹਕੀਕ
ਤ ਸਿੰਘ ਨੇ ਦੁਹਿਰਾ ਦਾਉ ਰੱਖ ਕੇ ਆਪਣੀ ਫੌਜ ਸਮੇਤ ਕਨ੍ਹੀਆਂ ਵਾਲੇ ਦੀ ਤਰਫ਼ ਕੂ
ਚ ਕੀਤਾ। ਏਸੇ ਸਹਾਰੇ ਨਾਲ ਰਾਜੇ ਨੇ ਆਪਣੇ ਪਰਗਣੇ ਭੰਗੀਆਂ ਤੋਂ ਛੁਡਾ ਲਏ।
ਜੇਹੜਾ ਇੱਕ ਲੱਖ ਰੁਪਯਾ ਸਾਲ ਦਾ ਭੰਗੀਆਂ ਨੂੰ ਦੇਣਾ ਲਿਖ ਰੱਖਿਆ ਸੀ ਉਸ ਵਿ
ਚੋਂ ਦੋਹੀਂ ਪਾਸੀ ਕੁਛ ਨਾ ਦਿੱਤਾ। ਏਸ ਗੱਲੋਂ ਸਰਦਾਰ ਹਕੀਕਤ ਸਿੰਘ ਨੇ ਗੁੱਸਾ ਖਾਕੇ
ਸਰਦਾਰ ਗੁੱਜਰ ਸਿੰਘ ਭੰਗੀ ਨੂੰ ਤੇ ਆਲੂਵਾਲੀਆਂ ਨੂੰ ਨਾਲ ਲੈ ਜਾਕਰ ਰਾਜੇ ਦਾ
ਕਨ੍ਹੀਆਂ ਵਾਲਾ ਪਰਗਣਾ ਦਬਾ ਕੇ ਜੰਮੂ ਵੱਲ ਬਾਗ ਚੁੱਕੀ ਤਾਂ ਬ੍ਰਿਜਰਾਜ ਦੇਉ ਨੇ
ਸਰਦਾਰ ਮਹਾਂ ਸਿੰਘ ਨੂੰ ਬੁਲਾਯਾ, ਉਸ ਨੇ ਸਰਦਾਰ ਭਾਗ ਸਿੰਘ ਤੇ ਜੈ ਸਿੰਘ ਨੂੰ ਵਿ
ਚ ਪਾਕੇ ਸੁਲਾ ਕਰਾ ਦਿੱਤੀ। ਰਾਜੇ ਨੇ ਅੱਗੇ ਨੂੰ ਤੀਸ ਹਜ਼ਾਰ ਸਾਲਾਨਾ ਹਕੀਕਤ ਸਿੰਘ
ਨੂੰ ਦੇਣਾ ਕਰਕੇ ਪਿਛਲਾ ਇੱਕ ਲੱਖ ਨਕਦ ਦੇ ਦਿੱਤਾ, ਜੋ ਏਨ੍ਹਾਂ ਸਭਨਾਂ ਨੇ ਵੰਡ ਲਿਆ
। ਫੇਰ ਜਦ ਰਾਜੇ ਨੇ ਹਕੀਕਤ ਸਿੰਘ ਨੂੰ ਸਾਲਾਨਾ ਦੇਣ ਤੋਂ ਜਵਾਬ ਦਿੱਤਾ ਤਾਂ ਹਕੀਕਤ
ਸਿੰਘ ਨੇ ਸੰ: ੧੮੩੯ ਬਿ: ਨੂੰ ਮਹਾਂ ਸਿੰਘ ਨੂੰ ਜੰਮੂ ਦੀ ਲੁੱਟ ਦਾ ਭਾਈਵਾਲ ਕਰਕੇ, ਜੰ
ਮੂ ਉੱਤੇ ਧਾਵਾ ਕਰ ਦਿੱਤਾ। ਮਹਾਂ ਸਿੰਘ ਨੂੰ ਲੋਭ ਲਹਿਰ ਨੇ ਐਸਾ ਅਧਰਮੀ ਕੀਤਾ ਕੇ
ਪੱਗ ਵੱਟ ਦੋਸਤ ਰਾਜੇ ਦੀ ਦੋਸਤੀ ਨੂੰ ਝੋਠੇ ਵਿੱਚ ਸਿੱਟਕੇ ਚਪਰਾੜ ਜਾ ਉਤਰਿਆ। ਓ
ਧਰ ਹਕੀਕਤ ਸਿੰਘ ਜ਼ਫ਼ਰਵਾਲ ਦੇ ਰਸਤੇ ਆਜਾ। ਦੋਹਾਂ ਦੀ ਚੜ੍ਹਾਈ ਸੁਣਕੇ ਬ੍ਰਿਜਰਾ
ਜ ਦੇਉ ਡਰਦਾ ਜੰਮੂ ਛੱਡ ਗਿਆ। ਰਾਜੇ ਦਾ ਚਲੇ ਜਾਣਾ ਸੁਣਕੇ ਮਹਾਂ ਸਿੰਘ ਨੇ ਹਕੀ
ਕਤ ਸਿੰਘ ਤੋਂ ਅੱਗੇ ਹੀ ਜੰਮੂ ਜਾ ਲੁਟਿਆ, ਰਾਜੇ ਦੇ ਮਹੱਲਾਂ ਵਿੱਚ ਕਿਸੇ ਰਾਣੀ ਪਾਸ ਛੱਲਾ
ਨਾ ਛੱਡਿਆ। ਫੇਰ ਸ਼ਹਿਰ ਨੂੰ ਅੱਗ ਲਾ ਕੇ ਗੁਜਰਾਂਵਾਲੇ ਦੇ ਰਾਹ ਪਿਆ। ਏਸ ਤੋਂ ਪਹਿਲੇ
ਕਦੇ ਕਿਸੇ ਨੇ ਜੰਮੂ ਨਹੀਂ ਲੁੱਟਿਆ ਸੀ, ਏਸੇ ਕਰਕੇ ਪੰਜਾਬ ਦੇ ਬੜੇ ੨ ਧਨੀ ਸਾਹੂਕਾਰ ਸੁ
ਦਾਗਰ ਜੰਮੂ ਵਿੱਚ ਆ ਬਸੇ ਸੇ। ਹੁਣ ਓਹ ਸਭ ਦੌਲਤ, ਬੇਸ਼ੁਮਾਰ ਤੋੜੇ ਮਹਾਂ ਸਿੰਘ
ਲੈ ਗਿਆ, ਹਕੀਕਤ ਸਿੰਘ ਖਾਲੀ ਰਹਿ ਗਿਆ, ਮਹਾਂ ਸਿੰਘ ਨੂੰ ਏਸ ਗੱਲ ਦਾ ਫਲ ਤਾਂ
ਮਿਲਦਾ ਪਰ ਹਕੀਕਤ ਸਿੰਘ ਦੀ ਬੀਮਾਰੀ ਨੇ ਅਜਲ ਦੀ ਗਜਲ ਬਜਾ ਦਿੱਤੀ।

ਜੰਮੂ ਦੀ ਲੁੱਟ ਤੇ ਹਕੀਕਤ ਸਿੰਘ ਦਾ ਮਰਨਾ

Digitized by Panjab Digital Library | www.panjabdigilib.org

20 ਏਸੇ ਸਮੇ ਚਾਲੀਆ ਕਾਲ ਐਸਾ ਕਠਨ ਰਿਹਾ ਸੀ ਜੋ ਚਾਰ ਸੇਰ ਕੌਡੇ ਤੇਲ ਦਾ ਅੰਨ ਰੁਪਏ ਦਾ ਮੁਸ਼ਕਿਲ ਮਿਲਦਾ ਸੀ ਕਸ਼ਮੀਰੀ ਤੇ ਬਾਗੜੀ ਲੋਗ ਮਕੜੀ ਵਾਂਙੂ ਭੁੱਖੇ ਪੰਜਾਬ ਵਿਚ ਆ ਵੜੇ, ਲੱਖਾਂ ਆਦਮੀ ਤੇ ਪਸ਼ੂ ਭੁੱਖ ਦੇ ਮਾਰੇ ਮਰ ਗਏ, ਦੇਖਣ ਵਾਲਿਆਂ ਤੋਂ ਅਸਾਂ ਸੁਣਿਆ ਹੈ ਕੇ ਅਨੇਕ ਮਾਈਆਂ ਨੇ ਆਪਣੇ ਪੁੱਤ੍ਰਾਂ ਨੂੰ ਭੁੰਨ ਕੇ ਖਾਧਾ, ਧਰਮ, ਅਧਰਮ, ਭੱਖ, ਅਭੱਖ ਕੁਛ ਨਹੀਂ ਦੇਖਿਆ, ਸੇਰ ਸੇਰ ਆਟੇ ਨੂੰ ਪੁੱਤ੍ਰ ਵਿਕ ਗਏ।

ਮਹਾਂ ਸਿੰਘ ਦੇ ਜੰਮੂ ਲੁੱਟਣ ਦੀ ਚਾਲਾਕੀ ਤੋਂ ਜੈ ਸਿੰਘ ਭੀ ਬਹੁਤ ਰੰਜ ਹੋਯਾ ਤੇ ਹਕੀਕਤ ਸਿੰਘ ਦੇ ਬੇਟੇ ਜੈਮਲ ਸਿੰਘ ਨੇ ਭੀ ਬੜੇ ਦੰਦ ਪੀਹੇ, ਜੈ ਸਿੰਘ ਨੇ ਮਹਾਂ ਸਿੰਘ ਨੂੰ ਵਕੀਲ ਦੇ ਹੱਥ ਕਹਿ ਭੇਜਿਆ, ਜੰਮੂ ਦੀ ਲੁੱਟ ਦਾ ਹਿੱਸਾ ਜੈਮਲ ਸਿੰਘ ਨੂੰ ਦੇ ਦੇਹ ਨਹੀਂ ਤਾਂ ਤੂੰ ਆਪ ਨੂੰ ਬਰਬਾਦ ਹੋਯਾ ਸਮਝ, ਮਹਾਂ ਸਿੰਘ ਨੇ ਜਵਾਬ ਦਿੱਤਾ ਇਹ ਮੇਰੀ ਹਿੰਮਤ ਦਾ ਫਲ ਹੈ, ਤੂ ਜੇ ਨੂੰ ਨਹੀਂ ਮਿਲੇਗਾ, ਇਹ ਜਵਾਬ ਸੁਣਦਾ ਹੀ ਜੈ ਸਿੰਘ ਤਾਂ ਭਬੂਕਾ ਹੋ ਗਿਆ ਤੇ ਜੈਮਲ ਸਿੰਘ ਨੂੰ ਨਾਲ ਲੈਕੇ ਅੱਸੂ ਸੰ: ੧੮੪੧ ਬਿ: ਨੂੰ ਮਹਾਂ ਸਿੰਘ ਦੇ ਇਲਾਕੇ ਵਿੱਚ ਜਾ ਵੜਿਆ। ਰਸੂਲਪੁਰ ਮੰਡਿਆਲੇ ਦੇ ਪਰਗਣੇ ਨੂੰ ਲੁੱਟ ਪੁੱਟ ਕੇ ਨਕਈ ਸਰਦਾਰ ਜੋ ਮਹਾਂ ਸਿੰਘ ਦੇ ਮਦਦਗਾਰ ਸੇ ਉਨ੍ਹਾਂ ਦੇ ਮੁਲਕ ਵਿੱਚ ਹਲ ਚਲੀ ਜਾ ਪਾਈ। ਬਹੁਤ ਸਾਰੇ ਇਲਾਕੇ ਚੂਨ੍ਹੀ, ਦਿਪਾਲਪੁਰ, ਖੇਮਕਰਨ, ਰਾਇਪਿੰਡ ਆਦਿਕ ਦਬਾ ਕੇ ਅੰਮ੍ਰਿਤਸਰ ਦੀਪਮਾਲਾ ਆ ਕੀਤੀ ਹੋਰ ਸਰਦਾਰ ਭੀ ਸਭ ਆਏ ਤੇ ਮਹਾਂ ਸਿੰਘ ਦੀ ਸਿਫਾਰਿਸ਼ ਕੀਤੀ ਪਰ ਜੈ ਸਿੰਘ ਨੇ ਓਹੋ ਗੱਲ ਰੱਖੀ ਕੇ ਜਦੋਂ ਤਕ ਜੰਮੂ ਦੀ ਲੁੱਟ ਵਿਚੋਂ ਜੈਮਲ ਸਿੰਘ ਨੂੰ ਕੁਛ ਨਹੀਂ ਦਿੰਦਾ, ਤਦੋਂ ਤਕ ਸੁਲਾ ਨਹੀਂ ਹੁੰਦੀ। ਹੁਣ ਜਦ ਮਹਾਂ ਸਿੰਘ ਨੇ ਕਿਤੇ ਆਪਣਾ ਬਚਾਉ ਨਾ ਦੇਖਿਆ ਤਾਂ ਰਾਜੇ ਸੰਸਾਰ ਚੰਦ ਤੇ ਨਕਈ ਸਰਦਾਰਾਂ ਦੀ ਸਲਾਹ ਨਾਲ ਜੈ ਸਿੰਘ ਦੇ ਪੂਰੇ ਵੈਰੀ ਜੱਸਾ ਸਿੰਘ ਰਾਮਗੜ੍ਹੀਏ ਨੂੰ ਜੋ ਮਾਲਵੇ ਵੱਲ ਦਿਨ ਕੱਟ ਰਿਹਾ ਸੀ ਬੁਲਾ ਲਿਆ, ਉਸ ਦਾ ਆਉਣਾ ਸੁਣਕੇ ਜੈ ਸਿੰਘ ਨੂੰ ਫਿਕਰ ਪੈ ਗਿਆ ਤੇ ਸਰਦਾਰ ਗੁਰਬਖਸ਼ ਸਿੰਘ ਦੂਦੀਏ ਨੂੰ ਫੌਜ ਦੇਕੇ ਅੱਗੋਂ ਰੋਕਣ ਲਈ ਭੇਜਿਆ, ਉਸ ਨੇ ਲੜਾਈ ਤਾਂ ਕੀਤੀ ਪਰ ਮਾਰਿਆ ਗਿਆ। ਜਦ ਜੱਸਾ ਸਿੰਘ ਆ ਨਾਸਾ ਲੀਧਾ ਤਾਂ ਨਕਈ ਸਰਦਾਰ, ਮਹਾਂ ਸਿੰਘ, ਰਾਜਾ ਕਟੋਚ, ਆਦਿਕਾਂ ਨੇ ਮਿਲਕੇ ਜੈ ਸਿੰਘ ਨੂੰ ਘੇਰ ਲਿਆ, ਸੰ: ੧੮੪੨ ਬਿ: ਬਟਾਲੇ ਪਾਸ ਤਿੰਨ ਪਹਿਰ ਭਾਰੀ ਜੰਗ ਤੀਰ ਤੁਫੰਗ ਦਾ ਹੋਯਾ, ਇਸ ਸਮੇ ਗੁਰਬਖਸ਼ ਸਿੰਘ ਜੈ ਸਿੰਘ ਦਾ ਬੇਟਾ ਜੋ ਬੜਾ ਲਾਇਕ ਤੇ ਸੂਰਬੀਰ ਸੀ ਜੱਸਾ ਸਿੰਘ ਦੇ ਤੀਰ ਨਾਲ ਮਾਰਿਆ ਗਿਆ, ਫੇਰ ਲੜਾਈ ਬੰਦ

Digitized by Panjab Digital Library | www.panjabdigilib.org

ਹੋਗਈ, ਜੈਸਿੰਘਦੀ ਰਹੀ ਹੋਈ ਗੁੱਡੀ ਖੂਹ ਵਿੱਚ ਢਹਪਈ, ਅੱਖੀਆਂ ਅੱਗੇ ਅੰਧੇਰਾ ੨੧
ਛਾ ਗਿਆ, ਲਾਇਕ ਪੁੱਤ੍ਰ ਦੇ ਮਰਨੇ ਤੇ ਦੁਸਮਣਾ ਦੇ ਜੋਰ ਨੇ ਕਮਰ ਤੋੜ ਸਿੱਟੀ, ਜੈਸਿੰਘ
ਨੇ ਮਹਾਂਸਿੰਘ ਨਾਲ ਸੁਲ੍ਹਾ ਕੀਤੇ ਬਿਨਾ ਆਪਣਾ ਬਚਾਉ ਨਾ ਹੁੰਦਾ ਦੇਖਕੇ ਮਹਾਂਸਿੰਘ
ਦੇ ਬੇਟੇ ਰਣਜੀਤ ਸਿੰਘ ਨੂੰ ਆਪਣੀ ਪੋਤੀ, ਗੁਰਬਖਸ਼ ਸਿੰਘ ਦੀ ਬੇਟੀ ਦਾ ਸਾਕ ਕਰਦਿ
ਤਾ ਅਤੇ ਕਿਲਾ ਕਾਂਗੜਾ ਰਾਜੇ ਸੰਸਾਰਚੰਦ ਦੇ ਹਵਾਲੇ ਕੀਤਾ, ਨਕਈ ਸਰਦਾਰਾਂ ਦੇ ਪਰ
ਗਣੇ ਸਬ ਛੱਡ ਦਿੱਤੇ ਅਤੇ ਸੰ: ੧੮੫੦ ਬਿ: ਵਿਚ ੮੧ ਬਰਸ ਦੀ ਉਮਰ ਭੋਗਕੇ ਕੂਚ (ਜੈਸਿੰਘ ਦਾ ਮਰਨਾ)
ਦਾ ਨਗਾਰਾ ਬਜਾ ਗਿਆ।

ਜੱਦਪਿ ਜੈਸਿੰਘ ਦੇ ਦੋ ਬੇਟੇ ਹੋਰ ਭੀ ਨਿਧਾਨਸਿੰਘ ਤੇ ਭਾਗਸਿੰਘ ਮੌਜੂਦ ਸੇ ਪਰੰਤੂ ਉਨ੍ਹਾਂ ਦੇ ਨਾਲਾਇਕ ਹੋਣੇ ਕਰ ਅਸਲ ਦੀ ਮਾਲਕ ਸਰਦਾਰ ਗੁਰਬਖਸ਼ ਸਿੰਘ ਦੀ ਸਰਦਾਰਨੀ ਸਦਾ ਕੌਰ ਹੋਈ, ਏਹ ਬੜੀ ਦਾਈਏ ਵਾਲੀ, ਲਾਇਕ, ਦੂਰੰਦੇਸ਼, ਸ਼ੇਰਦਿਲ, ਅਕਲ ਦਾ ਕੋਟ ਸੀ, ਤਾਂਹੀ ਆਪਣੇ ਸੌਹਰੇ ਦੇ ਮੁਲਕ ਉੱਪਰ ਕਬਜਾ ਕਰ ਬੈਠੀ। ਫੇਰ ਆਪਣੇ ਜਵਾਈ ਰਣਜੀਤ ਸਿੰਘ ਦੇ ਬੜੇ ੨ ਕੰਮ ਸਵਾਰੇ, ਆਪਣੀ ਫੌਜ ਲੈ ਜਾਕਰ ਮਹਾਰਾਜ ਦੇ ਵੈਰੀਆਂ ਨੂੰ ਜੰਗ ਵਿੱਚ ਆਪਣੇ ਹੱਥ ਨਾਲ ਮਾਰਦੀ ਰਹੀ, ਜਦ ਮਹਾਰਾਜੇ ਦਾ ਪ੍ਰਤਾਪ ਸੂਰਜ ਵਾਂਗੂ ਚਮਕਿਆ ਤਾਂ ਇੱਕ ਵਾਰੀ ਉਸਨੂੰ ਆਪਣੀ ਮੱਦਦ ਪਰ ਲੈ ਜਾਕਰ ਆਪਣੇ ਪਤੀ ਦੇ ਖੂੰਨੀ ਰਾਮਗੜ੍ਹੀਆਂ ਨੂੰ ਮਆਣੀ ਦੇ ਕਿਲੇ ਵਿੱਚ ਜਾ ਘੇਰਿਆ (ਜੋ ਬਿਆਸਾ ਦੇ ਕਿਨਾਰੇ ਸੀ) ਛੇ ਮਹੀਨੇ ਲੜੀ, ਕਿਲਾ ਫਤੇ ਹੋਣ ਉੱਤੇ ਆਯਾ ਤਾਂ ਘਬਰਾਏ ਹੋਏ ਰਾਮਗੜ੍ਹਨੀਆਂ ਦੀ ਪੁਕਾਰ ਪਰਮੇਸੂਰ ਨੇ ਮੰਨ ਲਈ, ਅਚਾਚੇਤ ਰਾਤ ਨੂੰ ਦਰਿਆਇ ਬਿਆਸਾ ਚੜ੍ਹ ਆਯਾ, ਸਰਦਾਰਨੀ ਦਾ ਬਹੁਤ ਅਸਬਾਬ, ਤੰਬੂ, ਸਲੀਤੇ, ਊਠ, ਘੋੜੇ, ਆਦਮੀ ਰੁੜ੍ਹ ਗਏ। ਦੂਸਰੇ ਸਾਲ ਫੇਰ ਬਟਾਲਾ ਕਲਾਨੌਰ ਆਦਿਕ ਕਈ ਪਰਗਣੇ ਜੰਗ ਕਰਕੇ ਰਾਮਗੜ੍ਹੀਆਂ ਤੋਂ ਛੁਡਾ ਲਏ। ਸੰ: ੧੮੫੭ ਬਿ: ਵਿੱਚ ਜਦ [illegible], ਦੀਨਾਨਗਰ ਕਲਾਨੌਰ ਆਦੀ ਕਈ ਪਰਗਣੇ ਕਨ੍ਹਯੇ ਸਰਦਾਰਾਂ ਦੇ ਸਰਕਾਰ ਨੇ ਲੈ ਲਏ ਤਾਂ ਸਦਾ ਕੌਰ ਨੇ ਕਿਲਾ ਅਟੱਲਗੜ੍ਹ ਬਿਆਸਾ ਕਿਨਾਰੇ ਜਿਸ ਵਿੱਚ ਏਸਦਾ ਬੇਸ਼ੁਮਾਰ ਸਾਮਾਨ ਜੰਗੀ ੧੭ ਤੋਪਾਂ ਸਮੇਤ ਸੀ ਉਹ ਆਪਣੇ ਪਾਸ ਰੱਖਕੇ ਬਾਕੀ ਬਟਾਲਾ ਆਦਿਕ ਇਲਾਕਾ ਆਪਣੇ ਦੋਹਿਤੇ ਮਹਾਰਾਜੇ ਸ਼ੇਰਸਿੰਘ, ਤਾਰਾਸਿੰਘ ਨੂੰ (ਜੋ ਏਸਦੀ ਬੇਟੀ ਮਤਾਬ ਕੌਰ ਤੋਂ ਪੈਦਾ ਹੋਏ ਸੇ ਤੇ ਏਸਦੇ ਪਾਸ ਰਹਿੰਦੇ ਸੇ) ਦੇ ਦਿੱਤੇ। ਸਦਾ ਕੌਰ ਦੇ ਬੈਰੀ ਜੋਧ ਸਿੰਘ ਦੀ ਸਿਖ ਮਤਿ

੨੨ ਨਾਲ ਜਦ ਸਰਕਾਰਨੇ ਬੇਲਿਹਾਜ਼ ਹੋਕੇ ਸੰ: ੧੮੬੧ ਬਿ: ਵਿੱਚ ਨੂਰਪੁਰਦਾ ਪਰਗਨਾ
ਤੇ ਕਿਲਾ ਅਟੱਲਗੜ੍ਹ ਭੀ ਸਰਦਾਰਨੀ ਤੋਂ ਛੀਨ ਲਿਆ ਤਾਂ ਏਹ ਘੁੱਟ ਵੱਟ ਕਰ ਹਾਰਕੇ ਲੈਂ
ਦੀ ਹੋਈ ਆਪਣੇ ਘਰ ਬੈਠ ਰਹੀ। ਸਰਕਾਰ ਨੂੰ ਬਹੁਤ ਸਰਦਾਰਾਂ ਨੇ ਆਖਿਆ ਜੋ ਤੁਹਾਡੇ
ਨਾਲ ਰਾਣੀ ਸਦਾਕੌਰਨੇ ਬਹੁਤ ਉਪਕਾਰ ਕੀਤੇ ਹਨ ਉਸਨੂੰ ਨਾਰਾਜ਼ ਕਰਨਾ ਚੰਗਾ ਨਹੀਂ, ਮ
ਰੀਦੇ ਪਿੱਛੋਂ ਆਪਹੀ ਮਾਲਕ ਹੋ, ਪਰ ਸਰਕਾਰਨੇ ਇੱਕ ਨਾ ਮੰਨੀ। ਓੜਕ ਸੰ: ੧੮੬੪-
ਬਿ: ਨੂੰ ਸਤਲੁਜੋਂ ਪਾਰ ਮਾਲਵੇ ਵੱਲ ਜਾਕੇ, ਸਰਕਾਰਨੇ ਬੱਧਣੀ, ਬੱਦੋਵਾਲ ਦਾ ਇਲਾਕਾ
ਪਚਾਸ ਹਜ਼ਾਰ ਸਾਲਾਨੇ ਦਾ ਲੁੱਧੜਾਂ ਨਾਮੀ ਰਈਸ ਤੋਂ ਛੀਨਕੇ ਸਰਦਾਰਨੀ ਨੂੰ ਦਿੱਤਾ, ਪਰ
ਓਹ ਭੀ ਸੰ: ੧੮੬੫ ਬਿ: ਵਿੱਚ ਜਦ ਸਰਕਾਰ ਅੰਗ੍ਰੇਜ਼ੀ ਤੇ ਸਰਕਾਰ ਖਾਲਸੇਦਾ ਬੰਨਾ ਸ
ਤਲੁਜ ਠਹਿਰਿਆ ਤਾਂ ਸਰਦਾਰਨੀ ਤੋਂ ਛੁਟ ਗਯਾ। ਸੰ: ੧੮੭੬ ਬਿ: ਨੂੰ ਜੋਧਾ ਸਿੰਘ ਰਾਮ
ਗੜ੍ਹੀਏ ਨੇ ਗਾਮੇਖਾਂ ਖਾਨਸਾਮੇ ਦੀ ਮਾਰਫਤ ਝੂਠ ਮੂਠ ਸਰਕਾਰ ਦੇ ਦਿਲ ਵਿੱਚ ਏਹ ਭ੍ਰਮ
ਪਾ ਦਿੱਤਾ ਕੇ ਸਦਾਕੌਰ ਸਰਕਾਰ ਅੰਗ੍ਰੇਜ਼ੀ ਦੀ ਸ਼ਰਣ ਜਾਣਾ ਚਾਹੁੰਦੀ ਹੈ। ਸਰਕਾਰ ਨੇ ਬਿਨਾਂ
ਸੋਚੇ ਸਮਝੇ ਸਰਦਾਰਨੀ ਸਦਾਕੌਰ ਨੂੰ ਕੈਦ ਕਰਕੇ ਸਭ ਮਾਲ ਮੁਲਕ ਉਸ ਦਾ ਜ਼ਬਤ ਕ
ਰ ਲਿਆ ਸਰਦਾਰਨੀ ਆਪਣੀ ਹਵੇਲੀ ਵਿੱਚ ਅੰਮ੍ਰਿਤਸਰ ਰਹੀ ਤੇ ਗੋਬਿੰਦਗੜ੍ਹ ਵਾਲੀ
ਫੌਜਦਾ ਪਹਿਰਾ ਜਬੇਦਾਰ ਸੁੰਦਰ ਸਿੰਘ ਕਲਾਲ ਦੀ ਮਾਰਫਤ ਰਿਹਾ।
ਓੜਕ ਸਰਕਾਰ ਦੀ ਬੇਵਫਾਈ ਤੇ ਕ੍ਰਿਤਘਨਤਾ ਦੇ ਗੀਤ ਗਾਉਂਦੀ ਹੋਈ ਏਸੇ ਗਮ ਵਿੱਚ ਸੰ: ੧
੮੮੦ ਬਿ: ਨੂੰ ਏਸ ਦੁਨੀਆ ਤੋਂ ਕੂਚ ਕਰ ਗਈ। ਏਸ ਦੇ ਬਾਦ ਨਿਧਾਨ ਸਿੰਘ, ਭਾਗ ਸਿੰਘ
ਜੈ ਸਿੰਘ ਦੇ ਬੇਟੇ ਮਹਾਰਾਜੇ ਦੀ ਨੌਕਰੀ ਵਿੱਚ ਦਿਨ ਪੂਰੇ ਕਰਦੇ ਰਹੇ, ਏਨ੍ਹਾਂ ਦਾ ਤਾਂ ਕੁਛ ਨਾ ਬ
ਣਿਆ ਪਰ ਜੈ ਸਿੰਘ ਦੇ ਭਤੀਜੇ ਹੇਮਾ ਸਿੰਘ ਨੂੰ ਚਾਲੀ ਹਜ਼ਾਰ ਦਾ ਇਲਾਕਾ ਰੁੱਖਾਂ ਵਾਲਾ ਤੇ
ਖੁੰਡੀਆਂ ਦੇਕੇ ਮਹਾਰਾਜੇ ਨੇ ਆਪਣੇ ਪਾਸ ਰੱਖਿਆ, ਪਰ ਓਹ ਦੂਜੇ ਸਾਲ ਹੀ ਮਰ ਗਿਆ। ਉਸ
ਦੇ ਪਿੱਛੋਂ ਉਸਦਾ ਪੁੱਤ੍ਰ ਅਮਰ ਸਿੰਘ ਵੰਜਰੀ ਦੇ ਪੁਲ ਪਰ ਹਾਕਮ ਰਹਿਕੇ ਸੰ: ੧੮੮੩ ਬਿ:
ਨੂੰ ਗੁਜ਼ਰ ਗਿਆ। ਏਸ ਦੇ ਤਿੰਨਾਂ ਬੇਟਿਆਂ ਸਰੂਪ ਸਿੰਘ, ਅਤਰ ਸਿੰਘ, ਅਨੂਪ ਸਿੰਘ ਪਾਂ
ਸ ਤੀਸ ਹਜ਼ਾਰ ਦੀ ਜਾਗੀਰ ਰਹੀ। ਸੰ: ੧੮੯੧ ਬਿ: ਵਿੱਚ ਸਰੂਪ ਸਿੰਘ ਦੇ ਮਰੇ ਤੋਂ ਸਭ
ਜਾਗੀਰ ਮਹਾਰਾਜੇ ਨੇ ਜ਼ਬਤ ਕਰਕੇ ਇੱਕ ਪਿੰਡ ਰੁੱਖਾਂਵਾਲਾ ਉਨ੍ਹਾਂ ਪਾਸ ਰਹਿਣ ਦਿੱਤਾ।
ਹੁਣ ਏਸ ਖਾਨਦਾਨ ਪਾਸ ਰੁੱਖਾਂ ਵਾਲੇ ਪਿੰਡ ਵਿਚੋਂ ਛੀ ਸੌ ਰੁਪਏ ਦੀ ਜਾਗੀਰ ਹਮੇਸ਼ ਵਾ
ਸ੍ਤੇ ਅਤੇ ਸਰਦਾਰ ਜਗਤ ਸਿੰਘ ਪਾਸ ਯਾਰਾਂ ਸੌ ਏਕੜ ਜ਼ਮੀਨ ਹੈ।

Digitized by Panjab Digital Library | www.panjabdigilib.org

੨੩

## ਕੁਰਸੀਨਾਮਾ ਘਨੱਯਾਂ।

ਜਗਤਸਿੰਘ

ਖੁਸ਼ਹਾਲਸਿੰਘ

ਜੈਸਿੰਘ / ਝੰਡਾਸਿੰਘ / ਸਿੰਘਾਂਸਿੰਘ

ਗੁਰਬਖ਼ਸ਼ਸਿੰਘ / ਭਗਤਸਿੰਘ / ਨਿਧਾਨਸਿੰਘ / ਭਾਗਸਿੰਘ (ਜੈਸਿੰਘ) — ਹੇਮਾਸਿੰਘ (ਸਿੰਘਾਂਸਿੰਘ)

ਮੇਹਰਸਿੰਘ

ਸਰੂਪਸਿੰਘ / ਅਤਰਸਿੰਘ / ਅਨੂਪਸਿੰਘ

ਗੁਰਦਿੱਤਸਿੰਘ / ਜੀਤਸਿੰਘ (ਸਰੂਪਸਿੰਘ) — ਮਤਾਬਸਿੰਘ / ਮੋਧਾਂਸਿੰਘ (ਅਤਰਸਿੰਘ)

ਜਗਤਸਿੰਘ

# ਮਿਸਲ ਨਕੱਯਾਂ ੪

ਨਕਈ ਸਰਦਾਰ ਪੰਥ ਖਾਲਸੇ ਵਿਚ ਮਸ਼ਹੂਰ ਸੂਰਬੀਰ ਹਏ, ਨੱਕੇ ਦੇਸ ਦੇ ਹੋਣੇ ਕਰਨ ਨਕਈ ਮਸ਼ਹੂਰ ਹੋਏ। ਜਦ ਮੁਸਲਮਾਨ ਇੱਕ ਦੀਨ ਕਰਨ ਲਈ ਜ਼ੋਰ ਕਰ ਰਹੇ ਸੇ ਤਦ ਏਨ੍ਹਾਂ ਨੇ ਭੀ ਧਰਮ ਰੱਖਿਆ ਵਾਸਤੇ ਤੇਗ ਉਠਾਈ। ਜਿਥੇ ਜਿਥੇ ਹਿੰਦੂਆਂ ਪਰ ਮੁਸਲਮਾਨ ਜ਼ੁਲਮ ਕਰਦੇ ਸੁਣੇ ਉਥੇ ਉਥੇ ਏਨ੍ਹਾਂ ਨੇ ਪਹੁੰਚ ਕੇ ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰੱਖਿਆ ਕੀਤੀ।

ਇਸ ਜਥੇਦਾਰੀ ਦਾ ਮੁਢ ਸਰਦਾਰ ਹੀਰਾ ਸਿੰਘ, ਚੌਧਰੀ ਹੇਮਰਾਜ ਦਾ ਬੇਟਾ ਸੰਧੂ ਜੱਟ ਪਰਗਨੇ ਚੂਨੀ, ਬਾਹਿਰਵਾਲ ਪਿੰਡ ਸੰ: ੧੭੬੩ ਬਿ: ਵਿਚ ਪੈਦਾ ਹੋਯਾ। ਸੰ: ੧੭੮੮ ਬਿ: ਨੂੰ ਭਾਈ ਮਨੀ ਸਿੰਘ ਜੀ ਤੋਂ ਪਾਹੁਲ ਲੈ ਕੇ ਧਰਮ ਦੇ ਵਿਰੋਧੀ ਮੁਸਲਮਾਨਾਂ ਦੀ ਜੜ੍ਹੀਂ ਤੇਲ ਦੇਣ ਲਗ ਪਿਆ, ਦਸ ਬੀਸ ਅਸਵਾਰ ਆਪਣੇ ਬਣਾ ਕੇ ਲੁੱਟ ਮਾਰ ਕਰਨੇ ਲੱਗਾ। ਇਸ ਨੂੰ ਦੇਖ ਕੇ ਹੋਰ ਭੀ ਨਕਈ ਸੂਰਬੀਰ ਰਾਠ ਲੋਗ ਇਸ ਦੇ ਸਾਥੀ ਬਣ ਗਏ। ਫੇਰ ਤਾਂ ਇਹ ਜਥਾ ਜਿਸ ਵਿੱਚ ਕੌਰ ਸਿੰਘ ਚੀਮਾ, ਲਾਲ ਸਿੰਘ ਮਨਸੀਹ, ਰੂਪ ਸਿੰਘ ਕੱਕਾ, ਲਾਲ ਸਿੰਘ ਵੈਰੜਾ, ਨੱਥਾ ਸਿੰਘ ਧੌਲ, ਸੰਤਾ ਸਿੰਘ ਹਾਂਡਾ ਆਦਿਕ ਉਜਾਗਰ ਸਰਦਾਰ ਭੀ ਸੇ, ਪੰਥ ਨਾਲ ਮਿਲ ਕੇ ਦੇਸ ਹਰਿਆਣਾ ਰਾਜਪੂਤਾਨਾ, ਪੂਰਬ ਦੇ ਦੇਸੀ ਖੁਰਜੇ ਤਕ ਲੁੱਟਦਾ ਚਲਾ ਗਿਆ ਤੇ ਉਥੋਂ ਬਹੁਤ ਦੌਲਤ ਲੈ ਮੁੜਿਆ। ਫੇਰ ਬਹੁਤ ਫੌਜ ਨੌਕਰ ਰੱਖ ਲਈ। ਹੀਰਾ ਸਿੰਘ ਸਖੀ ਮਰਦ ਸੂਰਬੀਰ ਸੀ ਜਿੱਥੇ

Digitized by Panjab Digital Library | www.panjabdigilib.org

ਜਾਂਦਾ ਲੰਗਰ ਚਲਾਇ ਦਿੰਦਾ ਤਾਂਹੀ ਏਸਦੇ ਪਿੱਛੇ ਪੰਜ ਸੱਤ ਹਜ਼ਾਰ ਨਕਈ ਸਿੰਘ ਹੋ ਗਿਆ। —— ਸੰ: ੧੮੧੮ ਬਿ: ਨੂੰ ਜਦ ਸਿੰਘਾਂ ਨੇ ਕਸੂਰ ਤੇ ਸਰਹਿੰਦ ਲੁੱਟ ਮਾਰਕੇ ਦੇਸ਼ ਰੋਕਿਆ ਤਦ ਏਨ੍ਹਾਂ ਭੀ ਚੂਹਣੀਆਂ, ਜੰਬਰ, ਦਿਪਾਲਪੁਰ[1], ਭੜੋਵਾਲ, ਕੰਕਨਪੁਰ[2], ਜੇਠੂਪੁਰ, ਖੁੱਡੀਆਂ, ਮੁਸਤਫਾਬਾਦ ਆਦਿਕ ੪੫ ਲੱਖ ਦੇ ਪਰਗਨੇ ਰੋਕ ਲਏ।

ਪਾਕਪਟਨ[3] ਵਿੱਚ ਸ਼ੇਖ ਫਰੀਦ ਜੀ ਦਾ ਗੱਦੀ ਨਸ਼ੀਨ ਸ਼ੇਖ ਸੁਜਾਨ ਖਾਂ ਤਦੋਂ ੭੮ ਪਿੰਡਾਂ ਦਾ ਮਾਲਕ ਜਾਗੀਰਦਾਰ ਸੀ ਏਸਦੇ ਰਾਜ ਵਿੱਚ ਗਊ ਬਧ ਤੇ ਹਿੰਦੂਆਂ ਪਰ ਬਹੁਤ ਜ਼ੁਲਮ ਹੁੰਦੇ ਸੀ ਸਰਦਾਰ ਹੀਰਾ ਸਿੰਘ ਨਕਈ ਨੇ ਸੰ: ੧੮੨੬ ਬਿ: ਨੂੰ ਏਸ ਪਰ ਚੜ੍ਹਾਈ ਕਰ ਦਿੱਤੀ ਓਧਰ ਬੇਸ਼ੁਮਾਰ ਮੁਹੰਮਦੀ ਆ ਜੁੜੇ, ਹੀਰਾ ਸਿੰਘ ਰਾਣੇ ਜੰਗ ਵਿੱਚ ਗੋਲੀ ਨਾਲ ਮਾਰਿਆ ਗਿਆ ਫੌਜ ਮੁੜ ਆਈ। ਏਸਦੇ ਬਾਦ ਨਾਹਰ ਸਿੰਘ ਏਸਦਾ ਚਚੇਰਾ ਭਾਈ ਸਰਦਾਰ ਹੋਯਾ ਕਯੋਂਕੇ ਏਸਦਾ ਬੇਟਾ ਦਲ ਸਿੰਘ ਛੋਟਾ ਹੀ ਸੀ। ਪਰ ਜਦ ਨਾਹਰ ਸਿੰਘ ਭੀ ਤਪਦਿਕ ਨਾਲ ਸੰ: ੧੮੨੮ ਬਿ: ਮਰ ਗਿਆ ਤਾਂ ਰਣ ਸਿੰਘ ਏਸੇ ਦਾ ਭਾਈ ਗੱਦੀ ਪਰ ਬੈਠਾ ਏਹ ਬੜਾ ਲਾਯਕ ਸੀ ਏਸਨੇ ਮਿਸਲ ਨੂੰ ਬਹੁਤ ਰੌਣਕ ਦਿੱਤੀ ਬੜੇ੨ ਬਹਾਦਰ ਦੋ ਹਜ਼ਾਰ ਨੌਕਰ ਰੱਖੇ ਹੱਥਿਆਰ ਬਣਾਏ ਤੇ ਭੜੋਵਾਲ ਆਪਣੀ ਰਾਜਧਾਨੀ ਚੰਗੀ ਬਸਾਈ। ਕੋਟ ਕਮਾਲੀਆ[4], ਗੁਗੇਰਾ, ਖਰਲ, ਸਾਹੀਵਾਲ, ਛੀਛਾ, ਫਤੇਪੁਰ, ਹੜੱਪਾ ਆਦਿਕ ਬਹੁਤ ਪਰਗਣੇ ਫਤੇ ਕੀਤੇ ਸੰ: ੧੮੩੨ ਬਿ: ਵਿੱਚ ਸ਼ੇਰ ਵਾਲੇ ਦੇ ਹਾਕਮ ਕਪੂਰ ਸਿੰਘ ਨੂੰ ਜਾ ਘੇਰਿਆ, ਚੌਦਾਂ ਦਿਨ ਲੜਕੇ ਉਸਦਾ ਪਰਗਣਾ ਦਬਾ ਲਿਆ ਤੇ ਫੇਰ ਪਾਕਪਟਨ ਤੇ ਸਰਕਪੁਰ ਦਾ ਇਲਾਕਾ ਭੀ ਅੱਧਾ ਕ ਦਬਾ ਲਿਆ। ਸੰ: ੧੮੩੮ ਬਿ: ਨੂੰ ਰਣ ਸਿੰਘ ਦੇ ਗੁਜ਼ਰ ਜਾਣੇ ਤੇ ਉਸਦਾ ਬੜਾ ਬੇਟਾ ਭਗਵਾਨ ਸਿੰਘ ਗੱਦੀ ਪਰ ਬੈਠਾ, ਪਰ ਏਹ ਕਾਯਰ ਸੀ, ਤਾਂਹੀ ਸਰਦਾਰ ਕੌਰ ਸਿੰਘ ਦੇ ਭਾਈ ਵਜ਼ੀਰ

੧ ਦਿਪਾਲਪੁਰ ਰਾਜੇ ਜੋਧ ਦੇ ਭਾਈ ਦੇਵਪਾਲ ਨੇ ਸੰ: ੬੨੨ ਬਿ: ਵਿੱਚ ਬਸਾਯਾ ਹੈ। ਬਹੁਤ ਖੱਤ੍ਰੀ ਏਥੇ ਜਾਕੇ ਮੁੰਡਿਆਂ ਦੇ ਮੁੰਨਣ ਕਰਦੇ ਹਨ।

੨ ਕੰਕਨਪੁਰ ਸੰ: ੭੮੩ ਬਿ: ਵਿੱਚ ਰਾਣੀ ਕੰਕਨਾ ਨੇ ਬਸਾਯਾ, ਮਹਮੂਦ ਦੇ ਸਮੇ ਉਜੜ ਗਿਆ ਫੇਰ ੧੬੧੪ ਬਿ: ਨੂੰ ਅਲੀ ਅਕਬਰ ਬੇਗ ਮੁਗਲ ਨੇ ਬਸਾਯਾ। —— ੩ ਪਾਕਪਟਨ ਕਿਸੇ ਸਮੇ ਏਥੇ ਨਦੀ ਦਰਿਆ ਚੱਲਦਾ ਸੀ ਸੰ: ੮੯੩ ਬਿ: ਵਿੱਚ ਰਾਜੇ ਜੋਧ ਨੇ ਬਸਾਕੇ ਜੋਧਵਾਲਾ ਨਾਮ ਰੱਖਿਆ, ਸੰ: ੧੩੪੫ ਬਿ: ਨੂੰ ਫਰੀਦ ਜੀ ਏਥੇ ਆਏ ਤਾਂ ਏਹ ਚੰਗਾ ਪੱਤਣ ਦੇਖਕੇ ਆਖਿਆ ਏਹ ਪਾਕ ਪੱਤਣ ਹੈ ਫਰੀਦ ਦੇ ਰਹਿਣੇ ਕਰ ਏਹੋ ਨਾਮ ਪੈ ਗਿਆ, ਫਰੀਦ ਦੇ ਚੇਲੇ ਏਥੇ ਰਹਿੰਦੇ ਹਨ। —— ੪ ਕੋਟ ਕਮਾਲੀਆ ਸੰ: ੧੭੦੮ ਬਿ: ਨੂੰ ਕਮਾਲ ਖਾਂ ਨੇ ਬਸਾਕੇ ਆਪਣੀ ਰਾਜਧਾਨੀ ਬਣਾਈ ਸੰ: ੧੮੭੮ ਬਿ: ਨੂੰ ਮਹਾਰਾਜਾ ਨੇ ਕਿਲਾ ਤੇ ਬਾਉਲੀ ਏਥੇ ਬਣਾਈ ਹੁਣ ਕਮਾਲਖਾਂ ਦੀ ਸੰਤਾਨ ਵਿੱਚੋਂ ਨੱਵਾਬ ਅਮੀਰ ਸ਼ਾਹ ਪੰਜਾਹ ਪਿੰਡਾਂ ਦਾ ਮਾਲਕ ਹੈ।

Digitized by Panjab Digital Library | www.panjabdigilib.org

ਸਿੰਘ ਨੇ ਏਸ ਦਾ ਬਹੁਤ ਇਲਾਕਾ ਦਬਾ ਲਿਆ। ਓੜਕ ਸੰ: ੧੮੫੪ ਬਿ: ਨੂੰ ਭਗਵਾਨ ਸਿੰ ੨੫
ਘ ਨੇ ਆਪਣੀ ਭੈਣ ਦਾਤਾਰ ਕੌਰ ਦਾ ਸਾਕ ਮਹਾਂ ਸਿੰਘ ਦੇ ਬੇਟੇ ਰਣਜੀਤ ਸਿੰਘ ਨਾਲ ਕ
ਰਕੇ ਆਪਣਾ ਮਦਦਗਾਰ ਕਰ ਲਿਆ, ਜੇਹੜੇ ਪਰਗਨੇ ਵਜ਼ੀਰ ਸਿੰਘ ਨੇ ਦਬਾਏ ਸੇ ਸਭ
ਛੁੜਾ ਲਏ ਪਰ ਲੜਾਈ ਨਾ ਹਟੀ ਤੇ ਓੜਕ ਨੂੰ ਵਜ਼ੀਰ ਸਿੰਘ ਦੇ ਹੱਥੋਂ ਭਗਵਾਨ ਸਿੰਘ ਮਾ
ਰਿਆ ਗਿਆ। ਭਗਵਾਨ ਸਿੰਘ ਦਾ ਛੋਟਾ ਭਾਈ ਗ੍ਯਾਨ ਸਿੰਘ ਸਰਦਾਰ ਹੋਯਾ, ਏਸ ਸਮੇ
ਸਰਦਾਰ ਹੀਰਾ ਸਿੰਘ ਮਾਲਕ ਮਿਸਲ ਦੇ ਬੇਟੇ ਦਲ ਸਿੰਘ ਦੀ ਤੇ ਵਜ਼ੀਰ ਸਿੰਘ ਦੀ ਲੜਾ
ਈ ਸ਼ੁਰੂ ਹੋ ਗਈ, ਕਿਓਂਕੇ ਹੀਰਾ ਸਿੰਘ ਦੇ ਮਰੇ ਤੇ ਓਸ ਦਾ ਇਲਾਕਾ ਬਹੁਤ ਸਾਰਾ ਵਜ਼ੀਰ ਸਿੰ
ਘ ਨੇ ਦਬਾ ਲਿਆ ਸੀ। ਵਜ਼ੀਰ ਸਿੰਘ ਦਲ ਸਿੰਘ ਨੂੰ ਮਾਰ ਕਰਕੇ ਦੇਰ ਨ ਚੱਲਿਆ ਸੀ ਪ
ਰ ਦਲ ਸਿੰਘ ਦੇ ਨੌਕਰਾਂ ਨੇ ਓਹਨੂੰ ਭੀ ਥਾਂ ਹੀ ਰੱਖਿਆ। ਸੰ: ੧੮੫੯ ਬਿ: ਵਿੱਚ ਗ੍ਯਾਨ ਸਿੰ
ਘ ਦੀ ਭੈਣ ਦਾਤਾਰ ਕੌਰ ਦੇ ਪੇਟੋਂ ਮਹਾਰਾਜੇ ਰਣਜੀਤ ਸਿੰਘ ਦੇ ਘਰ ਮਹਾਰਾਜਾ ਖੜ
ਗ ਸਿੰਘ ਪੈਦਾ ਹੋਯਾ, ਤਦ ਨਕਈ ਸਰਦਾਰਾਂ ਨੂੰ ਖੁਸ਼ੀ ਹੋਈ ਕੇ ਜਾਗੀਰਾਂ ਮਿਲਣਗੀਆਂ
ਪਰ ਮਹਾਰਾਜੇ ਨੇ ਉਲਟਾ ਫਲ ਦਿੱਤਾ, ਨਕਈ ਸਰਦਾਰਾਂ ਦੇ ਕਈ ਪਰਗਨੇ ਛੀਨ ਕੇ ਖ
ੜਗ ਸਿੰਘ ਦੇ ਨਾਮ ਕਰ ਦਿੱਤੇ। ਸੰ: ੧੮੬੪ ਬਿ: ਨੂੰ ਗ੍ਯਾਨ ਸਿੰਘ ਦੇ ਮਰੇ ਪਿੱਛੋਂ ਏਸੇ
ਦਾ ਬੇਟਾ ਕਾਹਨ ਸਿੰਘ ਸਰਦਾਰ ਬਣਿਆ, ਏਸ ਨੂੰ ਪੰਦ੍ਰਾਂ ਹਜ਼ਾਰ ਦਾ ਪਰਗਨਾ ਭੇਰੋਵਾਲ
ਸਰਕਾਰ ਨੇ ਦਿੱਤਾ, ਗ੍ਯਾਨ ਸਿੰਘ ਦੇ ਭਾਈ ਖਜ਼ਾਨ ਸਿੰਘ ਨੂੰ ਨਾਨੋਕੇ ਦਾ ਪਰਗਣਾ ਬਖ
ਸ਼ਿਆ। ਸੰ: ੧੯੦੫ ਬਿ: ਨੂੰ ਮੁਲਤਾਨ ਦੇ ਜੰਗ ਵਿੱਚ ਜੱਦਪਿ ਕਾਨ੍ਹ ਸਿੰਘ ਦਾ ਪੁੱਤ੍ਰ, ਅਤਰ
ਸਿੰਘ ਸਰਕਾਰ ਅੰਗ੍ਰੇਜ਼ੀ ਦੇ ਵੈਰੀਆਂ ਨਾਲ ਜਾ ਰਲਿਆ ਸੀ, ਪਰ ਸਰਕਾਰ ਅੰਗ੍ਰੇਜ਼ੀ ਨੇ
ਸਰਦਾਰ ਕਾਨ੍ਹ ਸਿੰਘ ਦੇ ਬੁਢੇਪੇ ਉੱਤੇ ਦਯਾ ਕਰਕੇ ਤਿੰਨ ਹਜ਼ਾਰ [੩੮੪੦] ਅੱਠ ਸੌ ਚਾਲੀ ਰੁਪਏ ਸਾ
ਲਦੀ ਪਿਨਸ਼ਨ ਤੇ ਯਾਰਾਂ ਹਜ਼ਾਰ ਦੀ ਜਾਗੀਰ ਕਾਨ੍ਹ ਸਿੰਘ ਨੂੰ ਦੇ ਕਰ, ਹੋਰ ਮੁਲਕ ਜ਼ਬਤ
ਕਰ ਲਿਆ। ਸੰ: ੧੯੧੪ ਬਿ: ਵਿੱਚ ਕਾਨ੍ਹ ਸਿੰਘ ਦਾ ਬੇਟਾ ਰਤਨ ਸਿੰਘ ਮਰ ਗਿਆ। ਫੇ
ਰ ਸੰ: ੧੯੩੧ ਬਿ: ਵਿੱਚ ਕਾਨ੍ਹ ਸਿੰਘ ਦੇ ਮਰੇ ਬਾਦ ਸੱਤ ਹਜ਼ਾਰ [੭੪੦੦] ਚਾਰ ਸੌ ਦੀ ਜਾਗੀਰ ਤੇ ਚੌ
ਦਾਂ ਸੌ [੧੪੦੦] ਘੁਮਾਂ ਜ਼ਿਮੀਨ ਮਲਕੀਯਤ ਰਹੀ ਸੋ ਏਸ ਤਰਾਂ ਵੰਡੀ ਗਈ ਕੇ ਦੋ ਹਜ਼ਾਰ [੨੦੦੦] ਦੀ ਜਾ
ਗੀਰ ਹਮੇਸ਼ਾ ਵਾਸਤੇ ਰਣਜੋਧ ਸਿੰਘ ਨੂੰ, ਤੇ ਬਾਰਾਂ [੧੨੦੦] ਸੌ ਦੀ ਈਸ਼੍ਵਰ ਸਿੰਘ ਨੂੰ, ਦੋ ਸੌ ਚਾਲੀ [੨੪੦]
ਦੀ ਅਤਰ ਸਿੰਘ ਨੂੰ। ਬਾਕੀ ਠਾਕੁਰ ਸਿੰਘ, ਪ੍ਰਤਾਪ ਸਿੰਘ ਤੇ ਕਾਨ੍ਹ ਸਿੰਘ ਦੀਆਂ ਔਰਤਾਂ
ਨੂੰ ਛੇ [੬੦੦] ਛੇ ਸੌ ਦੀ ਜਾਗੀਰ ਜਿਰਾਂ ਤਕ ਮਿਲੀ। ਲਾਭ ਸਿੰਘ ਅਤਰ ਸਿੰਘ ਦਾ ਬੇਟਾ ਦੋ ਹਜ਼ਾਰ [੨੦੦੦]

Digitized by Panjab Digital Library | www.panjabdigilib.org

੨੬ ਘੁਮਾਂ ਜ਼ਿਮੀਨ ਦਾ ਮਾਲਕ ਜ਼ੈਲਦਾਰ ਭੜਾਣੇ ਵਾਲ ਵਿੱਚ ਹੈ। ਈਸ਼ਰ ਸਿੰਘ, ਲਹਿਣਾ ਸਿੰਘ ਮੁਸਲਮਾਨ ਹੋ ਗਏ ਹਨ ਪਰ ਲਹਿਣਾ ਸਿੰਘ ਰਾਵੀ ਦੇ ਕਿਨਾਰੇ ਗਾਜ਼ਤ ਪਿੰਡ ਚਾਰ ਹਜ਼ਾਰ ਘੁਮਾ ਜ਼ਿਮੀਨ ਦਾ ਮਾਲਕ ਹੈ।

## ਕੁਰਸੀਨਾਮਾ

ਚੌਧਰੀ ਹੇਮਰਾਜ

ਹੀਰਾ ਸਿੰਘ — ਨਥਾ ਸਿੰਘ — ਦਸੌਂਧੀ

ਦਲ ਸਿੰਘ — ਰਣ ਸਿੰਘ, ਨਾਹਰ ਸਿੰਘ, ਗੁਰਬਖਸ਼ ਸਿੰਘ

ਭਗਵਾਨ ਸਿੰਘ — ਗਿਆਨ ਸਿੰਘ — ਖਜ਼ਾਨ ਸਿੰਘ — ਦਾਤਾਂ ਕੌਰ ਬੇਟੀ ਮਹਾਰਾਜੇ ਖੜਗ ਸਿੰਘ ਦੀ ਮਾਂ ਈ।

ਕਾਨ੍ਹ ਸਿੰਘ

ਹੁਕਮ ਸਿੰਘ — ਅਤਰ ਸਿੰਘ — ਚਤਰ ਸਿੰਘ — ਈਸ਼ਰ ਸਿੰਘ

ਲਾਭ ਸਿੰਘ — ਲਹਿਣਾ ਸਿੰਘ — ਪ੍ਰਤਾਪ ਸਿੰਘ — ਠਾਕੁਰ ਸਿੰਘ — ਰਣਜੋਧ ਸਿੰਘ

---

## ਮਿਸਲ ਡੱਲੇਵਾਲੀਆਂ ੫॥

ਇਸ ਮਿਸਲ ਦਾ ਸਰਦਾਰ ਗੁਲਾਬ ਸਿੰਘ ਖੱਤ੍ਰੀ ਪਰਗਨੇ ਸੁਲਤਾਨਪੁਰ ਡੱਲੇ ਪਿੰਡ ਦੇ ਰਹਿਣ ਵਾਲਾ ਸੀ, ਤੁਰਕਾਂ ਦਾ ਸਤਾਯਾ ਹੋਯਾ ਸੰ: ੧੭੯੩ ਬਿ: ਵਿੱਚ ਦੁਕਾਨਦਾਰੀ ਛੱਡਕੇ ਨਵਾਬ ਕਪੂਰ ਸਿੰਘ ਤੋਂ ਪਾਹੁਲ ਲੈਕਰ ਸਿੰਘਾਂ ਵਿੱਚ ਰਲ ਗਿਆ। ਹਿੰਦੂ ਧਰਮ ਦੇ ਵਿਰੋਧੀ ਮੁਸਲਮਾਨਾਂ ਦੇ ਪਿੰਡ ਲੁੱਟਣ ਮਾਰਨ ਵਿੱਚ ਤਤਪਰ ਹੋਯਾ, ਆਪਣੀ ਅਕਲਮੰਦੀ ਤੇ ਬਹਾਦਰੀ ਦੇ ਜ਼ੋਰ ਨਾਲ ਹਾਂਸੀ ਹਸਾਰ, ਪਾਣੀਪਤ, ਰੁਹਤਕ, ਸ਼ਾਮਲੀ, ਹਰਿਆਣਾ, ਮੁਜ਼ੱਫਰਨਗਰ, ਮੇਰਠ ਆਦਿਕ ਅਨੇਕ ਸ਼ਹਿਰ ਲੁੱਟਕੇ ਚਾਰ ਕੁ ਸੌ ਅਸਵਾਰ ਦਾ ਜਥੇਦਾਰ ਬਣ ਗਿਆ। ਇਸਨੇ ਇੱਕ ਵਾਰੀ ਤੇਰ੍ਹਾਂ ਸੌ ਸਿੰਘ ਨਾਲ ਲੈਕੇ ਜਾਲੰਧਰ ਜਾ ਲੁੱਟਿਆ ਸੀ, ਤੇ ਬਹੁਤ ਦੌਲਤ ਆਂਦੀ ਸੀ। ਖਾਲਸੇ ਨੇ ਏਸਨੂੰ ਗੁਲਾਬ ਸਿੰਘ ਰਠੌੜ ਦੀ ਪਦਵੀ ਬਖਸ਼ੀ ਹੋਈ ਸੀ। ਜਦ ਹਰਿਆਣਾ ਤੇ ਪੂਰਬ ਦੇਸ ਖਾਲਸੇ ਨੇ ਸੋਧਿਆ ਤਦ ਏਸਨੂੰ ਬਹੁਤ ਮਾਯਾ ਲੱਭੀ ਤਾਂ ਫੌਜ ਨੌਕਰ ਰਖ ਲਈ ਫੇਰ ਤਾਂ ਡੱਲੇਵਾਲੀਏ ਰਠੌੜ ਪੰਜ ਛੀ ਹਜ਼ਾਰ ਅਸਵਾਰ ਦੇ ਜਥੇਦਾਰ ਬਣ ਗਏ। —— ਸਾਹਿਬ ਸਿੰਘ ਕੂੰਢਾ,

Digitized by Panjab Digital Library | www.panjabdigilib.org

ਭਾਗਸਿੰਘ ਹਾਡਾ, ਭੈਰਾਸਿੰਘ, ਭਾਗਸਿੰਘ ਬਨੇਸਰੀ, ਨੌਧਾਸਿੰਘ, ਖਆਲਾਸਿੰਘ ਆ ੨੭
ਦਿਕ ਕੈਠਾ, ਹਰੀਸਿੰਘ ਘੋੜੇਪਹੜੀਆ, ਤੇ ਲੱਧੜਾਂਵਾਲੇ ਆਦਿਕ ਬਹੁਤ ਸਰਦਾਰ ਏਸ ਮਿ
ਸਲ ਵਿੱਚ ਸਨ। ਸੰ: ੧੮੦੮ ਬਿ: ਨੂੰ ਏਮਨਾਬਾਦ ਦੀਵਾਨ ਜਸਪਤ ਨੂੰ ਮਾਰਕੇ ਸ਼ਹ
ਰ ਤੇ ਦੀਵਾਨਾਂ ਦੇ ਘਰੋਂ ਬਹੁਤ ਦੌਲਤ ਲੁੱਟੀ। ਏਸੇ ਤਰਾਂ ਪਿੰਡ ਦਰਪਦੇਸ਼ ਤੇ ਨੂਰਪੁਰੀਏ
ਰਾਜਾ ਦੇ ਇਲਾਕੇ ਨੂੰ ਲੁੱਟਦੇ ਹੋਏ ਦੁਆਬੇ ਵਿੱਚ ਜਾ ਵੜੇ। ਸੰ: ੧੮੧੨ ਬਿ: ਨੂੰ ਕਰੋੜਾਸਿੰ
ਘੀਏ ਤੇ ਡੱਲੇਵਾਲੀਏ ਰਲਕੇ ਹਰਿਦ੍ਵਾਰ ਵੰਨੀ ਚੜ੍ਹੇ। ਰਸਤੇ ਦੇ ਸਹਾਰਨਪੁਰ ਜੇਹੇ ਕ
ਸਬੇ ਲੁੱਟਕੇ ਹਰਿਦ੍ਵਾਰ ਜਾ ਪਹੁੰਚਿਆ। ਓਥੋਂ ਮਾਲੂਮ ਹੋਯਾ ਕੇ ਜਾਲਾਪੁਰ ਤੇ ਕਨਖਲ
ਦੇ ਪਾਂਡਿਆਂ ਦੇ ਘਰਾਂ ਵਿੱਚ ਦੌਲਤ ਬਹੁਤ ਹੈ। ਸੋ ਪਹਿਲੇ ਤਾਂ ਜਾਲਾਪੁਰ ਦੇ ਰਈਸ ਰਾਜ ਨੂੰ
ਸੁਕਮਾਂਜ ਕੀਤਾ ਫੇਰ ਪਾਂਡਿਆਂ ਦੇ ਧਨ ਨੂੰ ਹੂੰਝਾ ਮਾਰਕੇ ਗੰਗਾ ਪਾਰ ਹੋਕਰ ਨਵਾਬ ਦੂੰਦੇਖਾਂ
ਨਜੀਬਾਬਾਦੀਏ ਨਾਲ ਜਾ ਆਢਾ ਲਾਯਾ ਤੇ ਉਸਨੂੰ ਜਿੱਤਕੇ ਐਸਾ ਦੂੰਦ ਉਠਾਯਾ ਕੇ ਉ
ਸਦੇ ਇਲਾਕੇ ਦਾ ਸਬ ਧਨ ਕਢਾਲਿਆ, ਓਥੋਂ ਚੱਲਕਰ ਛੋਟੇ ਬੜੇ ਨਵਾਬਾਂ ਦੇ ਦੰਦ
ਭੰਨਕੇ ਨਵਾਬ ਜ਼ਾਫਤੇਖਾਂ ਮੇਰਠਵਾਲੇ ਨੂੰ ਜਾ ਢਾਹਿਆ ਮੁਜ਼ੱਫਰਨਗਰ ਦੇਬਨ, ਮੀਰਾਂ
ਪੁਰ ਆਦਿਕ ਸ਼ਹਿਰਾਂ ਤੇ ਪਿੰਡਾਂ ਨੂੰ ਖੂਬ ਲੁੱਟਿਆ, ਕੋਈ ਰਾਜਾ ਨੱਵਾਬ ਏਨਾਂ ਦਾ ਮੂੰਹ ਨਾ ਮੋੜ
ਸੱਕਿਆ, ਸਗੋਂ ਸਬਨਾਂ ਨੇ ਹਜ਼ਾਰਾਂ ਰੁਪਏ ਨਜ਼ਰਾਨੇ ਦੇਕੇ ਪੈਂਡਾ ਛੁਡਾਯਾ।
ਸੰ: ੧੮੧੫ ਬਿ: ਵਿੱਚ ਜਦੋਂ ਅਹਿਮਦਸ਼ਾਹ ਦੁਰਾਨੀ ਹਿੰਦੁਸਤਾਨ ਵਿੱਚੋਂ ਦਿੱਲੀ, ਕੋਇਲ, ਬਾਂ
ਸਬਰੇਲੀ, ਖੁਰਜਾ, ਮਥੁਰਾ, ਆਗਰੇ ਤਕ ਦੇਸ ਦੀ ਦੌਲਤ ਲੁੱਟਕੇ, ਤੇ ਕਈ ਹਜ਼ਾਰ ਹਿ
ਦੂ ਫੜਕੇ ਲੈ ਚੱਲਿਆ ਸੀ ਤਾਂ ਸਿੰਘਾਂ ਨੇ ਵੇਲੇ ਕੁਵੇਲੇ ਛਾਪੇ ਮਾਰ ਮਾਰ ਉਸਦੇ ਲਸ਼ਕਰ
ਦੇ ਲੀੜੇ ਲਾਹੇ ਤੇ ਦੁਰਾਨੀਆਂ ਦੇ ਦੰਦ ਭੰਨਕੇ ਲਹੂ ਚੁਵਾਯਾ। ਏਸ ਸਮੇ ਭੀ ਏਹ ਸਰ
ਦਾਰ ਪੰਥ ਨਾਲ ਸ਼ਾਮਲ ਸੇ। ਓੜਕ ਰਾਵੀ ਲੰਘਦੇ ਸ਼ਾਹ ਨੂੰ ਐਸੇ ਭੰਬੂਤਾਰੇ ਦਿਖਾਏ
ਜੋ ਕਈ ਹਜ਼ਾਰ ਅਰਬੀ, ਕਾਗਾਨੀ, ਤੁਰਕੀ ਘੋੜੇ ਤੇ ਦੁਰਾਨੀ ਫਾਹੇ, ਏਸ ਹੱਲੇ ਵਿੱਚ ਏ
ਨਾਂ ਸਰਦਾਰਾਂ ਨੂੰ ਭੀ ਘਣਾ ਲਾਭ ਹੋਯਾ। ਏਸੇ ਸਾਲ ਪਤਾ ਲੱਗਾ ਕੇ ਕਾਲੇ ਦੀ ਸਰਾਂ ਏ
ਤੇ ਰੁਹਤਾਸ ਮੀਰਪੁਰ ਦੇ ਮਾਮਲੇ ਦਾ ਖਜ਼ਾਨਾ ਲਾਹੌਰ ਜਾਣ ਵਾਸਤੇ ਜਿਹਲਮ ਉਤਰਿ
ਆਹੈ। ਏਹ ਸੁਣਦੇ ਹੀ ਕਰੋੜਾਸਿੰਘ ਤੇ ਤਾਰਾਸਿੰਘ ਪੰਜ ਸੌ ਅਸਵਾਰ ਨਾਲ ਡੇਰੇ ਬਾ
ਬਾ ਨਾਨਕ ਤੋਂ ਚੜ੍ਹਕੇ ਰਾਤੋ ਰਾਤ, ਜਿਹਲਮੋਂ ਟੱਪਦੇ ਖਜ਼ਾਨੇ ਉੱਤੇ ਬਿਜਲੀ ਵਾਂਗੂ ਅੱਚਾ
ਚੇਤ ਜਾ ਪਏ। ਰਖਵਾਲੇ ਮਾਰਦਿਤੇ ਬਾਕੀ ਦੇ ਨੱਠ ਗਏ। ਏਨਾਂ ਨੇ ਖਜ਼ਾਨਾ ਲੈਕੇ ਸਬਨਾਂ

Digitized by Panjab Digital Library | www.panjabdigilib.org

੨੮ ਸਿੰਘਾਂ ਨੂੰ ਵੰਡ ਦਿੱਤਾ। ਸੰ: ੧੮੧੬ ਬਿ: ਨੂੰ ਅਬੂਖਾਂ ਕਲਾਨੌਰੀ ਦੇ ਦੀ ਲੜਾਈ ਵਿੱਚ ਗੁਲਾਬਸਿੰਘ ਮਾਰਿਆ ਗਿਆ। ਇਸਦੇ ਪੋਤੇ ਜੈਪਾਲਸਿੰਘ, ਹਰਦਿਆਲਸਿੰਘ ਤਾਂ ਛੋਟੇ ਘੱਲੂਘਾਰੇ ਦੇ ਸਮੇ ਬਿਆਸਾ ਨਦੀ ਵਿੱਚ ਬਹਿ ਗਏ ਸੇ, ਇਸ ਕਰਕੇ ਗੁਰਦਿਆਲਸਿੰਘ ਮੁਸਾਹਿਬ ਖਾਲਸੇ ਦੀ ਸਲਾਹ ਨਾਲ ਇਸਦੀ ਥਾਂ ਹੋਯਾ, ਪਰ ਇਹ ਭੀ ਅਗਲੇ ਸਾਲ ਦਾਥੇ ਢਕ ਦੇ ਜੰਗ ਵਿੱਚ ਮਾਰਿਆ ਗਿਆ। ਫੇਰ ਇਸਦੀ ਜਗਾ ਤਾਰਾਸਿੰਘ ਗੈਬੇ ਨੂੰ ਦਸਤਾਰ ਬੰਧਾਈ। ਤਾਰਾਸਿੰਘ ਗੁਲਾਬਸਿੰਘ ਦੇ ਹੁੰਦੇ ਭੀ ਮਿਸਲ ਦਾ ਮੋਹਰੀ ਬਣ ਰਿਹਾ ਸੀ, ਇਹ ਆਪਣੇ ਡੇਰੇ ਦੀ ਲੋਹ ਤਪਦੀ ਰੱਖਦਾ ਸੀ, ਬਹੁਤ ਗਰੀਬ ਗੁਰਬਾ ਇਸਦੇ ਲੰਗਰੋਂ ਰੋਟੀ ਖਾਂਦਾ, ਤੇ ਇਹ ਸੂਰਬੀਰ ਭੀ ਬਹੁਤ ਸੀ। ਇੱਕ ਵਾਰੀ ਤੀਸਕੋਹ ਤੋਂ ਧਾਵਾ ਕਰਕੇ ਗੈਬੋਂ ਹੀ ਇਸਨੇ ਚਾਂਦਪੁਰ ਜਾ ਲੁੱਟਿਆ ਸੀ, ਤਦ ਤੋਂ ਇਸਦਾ ਨਾਮ ਗੈਬਾ ਪੈ ਗਿਆ।

ਸੰ: ੧੮੧੮ ਬਿ: ਵਿੱਚ ਕਸੂਰ ਦੀ ਲੁੱਟ ਵਿੱਚੋਂ ਇਸਨੂੰ ਬਹੁਤ ਮਾਲ ਹੱਥ ਲੱਗਾ ਸੀ।

ਫੇਰ ਅਦੀਨਾਬੇਗਖਾਂ ਦੇ ਬੇਟੇ ਜ਼ਫਰਬੇਗਖਾਂ ਨੂੰ ਮਾਰਕੇ ਉਨ੍ਹਾਂ ਦਾ ਮੁਲਕ ਸਿੰਘਾਂ ਨੇ ਮੱਲ ਲਿਆ ਤਾਂ ਇਸ ਮਿਸਲ ਦੇ ਹੱਥ ਭੀ ਦੋ ਲੱਖ ਦੇ ਪਰਗਨੇ ਨਕੋਦਰ, ਬਲਬਨ[੧], ਬੁੰਡਾਲਾ, ਸ਼ਾਹਕੋਟ, ਦੱਖਣੀ ਆਦਿਕ ਆਏ। ਤਾਰਾਸਿੰਘ ਨੇ ਉਦਾਰਤਾ ਨਾਲ ਪ੍ਰਜਾ ਦੇ ਬਹੁਤ ਲੋਗ ਸਿੰਘ ਬਣਾਏ ਅਤੇ ਚੌਧਰੀ ਗੁਰਦਾਸ ਕੰਗ ਨੂੰ ਸਿੰਘ ਬਣਾਕੇ ਕੰਗ ਤੇ ਕੱਲਾ ਦੋਵੇਂ ਪਿੰਡ ਸਿੰਘ ਬਣਾ ਲਏ।     ਸੰ: ੧੮੨੦ ਬਿ: ਨੂੰ ਜਦ ਜੈਨਖਾਂ ਸੂਬੇ ਨੂੰ ਮਾਰਕੇ ਸਰਹਿੰਦ ਉਜਾੜੀ ਤੇ ਉਹ ਮੁਲਕ ਮੱਲਿਆ ਤਾਂ ਲੱਧੜ, ਰੋਪੜ, ਸਿਆਲਬਾ, ਖਮਾਣੋ, ਖੇੜੀ ਬਨੇਸਰ ਆਦਿਕ ਅਨੇਕ ਪਰਗਣੇ ਇਸ ਮਿਸਲ ਨੇ ਮੱਲ ਲਏ। ਧਰਮਕੋਟ, ਧੁੰਗਰਾਨਾ, ਬੱਦੋਵਾਲ, ਇਹ ਪਰਗਣੇ ਪੰਜ ਲੱਖ ਦੇ ਖਾਸ ਤਾਰਾਸਿੰਘ ਦੇ ਪਾਸ ਰਹੇ। ਫੇਰ ਰਾਹੋਂ ਕਸਬਾ ਰਾਜਧਾਨੀ ਥਾਪੀ ਜਿਸ ਕਰਕੇ ਅੱਠ ਲੱਖ ਦਾ ਮੁਲਕ ਇਸ ਪਾਸ ਹੋ ਗਿਆ।

ਸੰ: ੧੮੨੩ ਬਿ: ਵਿੱਚ ਅਹਿਮਦਸ਼ਾਹ ਦੁੱਰਾਨੀ ਨੂੰ ਪੰਜਾਬੋਂ ਕੱਢਣ ਦਾ ਰਾਈਆ ਇਸੇ ਨੇ ਰਾਯਾ ਸੀ। ਸੰ: ੧੮੩੩ ਬਿ: ਨੂੰ ਰੋਪੜੀਏ, ਕੋਟਲੇ, ਬਸੀ ਆਦਿਕਾਂ ਦੇ ਮਾਲਕ ਪਠਾਣਾਂ ਨੂੰ ਜਿੱਤਕੇ ਹਰੀਸਿੰਘ ਨੂੰ ਸਾਰੇ ਇਲਾਕੇ ਦਾ ਮਾਲਕ ਬਣਾਯਾ ਅਤੇ ਆਪਣੇ ਪੁੱਤ੍ਰ

੧ ਬਲਬਨ, ਸੰ: ੩੪੭ ਬਿ: ਨੂੰ ਬਲਵਾਨ ਰਾਜਾ ਨੇ ਬਣਾਯਾ। ਸਿਕੰਦਰ ਲੋਧੀ ਦੇ ਸਮੇ ਦੁਆਬੇ ਦੇ ਹਾਕਮ ਅਨਾਯਤਖਾਂ ਪਠਾਣ ਨੇ ਏਥੋਂ ਦੇ ਅਨੇਕ ਹਿੰਦੂਆਂ ਨੂੰ ਮੁਸਲਮਾਨ ਕੀਤਾ। ਤਾਰਾਸਿੰਘ ਗੈਬੇ ਨੇ ਸਿੰਘਾਂ ਨਾਲ ਰਲਕੇ ਏਥੋਂ ਬਹੁਤ ਧਨ ਲਿਆ ਤੇ ਆਪਣੇ ਕਬਜ਼ੇ ਬਲਬਨ ਕਰ ਲੀਤਾ।

Digitized by Panjab Digital Library | www.panjabdigilib.org

ਗੁੱਜਰ ਸਿੰਘ ਨੂੰ ਪਟਿਆਲੇ ਵਾਲੇ ਰਾਜੇ ਦੇ ਘਰ ਬ੍ਯਾਹਿਆ ਸੀ। ਸੰ: ੧੮੩੬ ਬਿ: ਨੂੰ ਰਾਜੇ ੨੯
ਅਮਰ ਸਿੰਘ ਦੀ ਮਦਦ ਵਿੱਚ ਜਾਕੇ ਭੱਟੀਆਂ ਨੂੰ ਸਰ ਕੀਤਾ। ਫੇਰ ਜਦ ਵਜ਼ੀਰ ਦਿੱਲੀ ਦ
ਸ਼ਾਹਜ਼ਾਦੇ ਗੌਹਰ ਅਲੀ ਸਮੇਤ ਬੜਾ ਲਸ਼ਕਰ ਲੈਕੇ ਸਿੰਘਾਂ ਤੋਂ ਦੇਸ ਛੁੜਾਵਣ ਆਯਾ
ਤੇ ਮਰਹਟੇ ਜਾਰਜ ਤਾਮਸਨ ਆਦਿਕ ਜੋ ਜੋ ਆਉਂਦੇ ਰਹੇ, ਤਦ ਤਾਰਾ ਸਿੰਘ ਹਰ ਇਕ
ਹੰਗਾਮੇ ਵਿੱਚ ਅੱਗੇ ਹੋਕੇ ਲੜਦਾ ਰਿਹਾ। ਸੰ: ੧੮੪੨ ਬਿ: ਵਿੱਚ ਜਦ ਚੌਦੇਸੀ ਤਕ
ਖਾਲਸੇ ਦਾ ਦਲ ਲੁੱਟਮਾਰ ਕਰ ਗਿਆ ਤੇ ਦਿੱਲੀ ਲੁੱਟਕੇ ਕਿਲੇ ਵਿੱਚੋਂ ਸਭ ਸਰਦਾਰ ਇ
ਕ ਇਕ ਦੋ ਦੋ ਤੋਪਾਂ ਲਿਆਏ ਤਦ ਏਸਨੇ ਭੀ ਦੋ ਤੋਪਾਂ ਲਿਆਕਰ ਰਾਹੋਂ ਦੇ ਕਿਲੇ ਵਿਚ ਰੱਖੀ
ਆਂ ਤੇ ਹੋਰ ਬਤੇਰੇ ਰਤਨ ਤੋੜੇ ਜਮਾ ਕੀਤੇ। ਏਸਨੇ ਦਿੱਲੀ ਵਿੱਚ ਗੁਰਦ੍ਵਾਰੇ ਬਣਾਵਣ
ਦੇ ਵਕਤ ਭੀ ਸਰਦਾਰ ਬਘੇਲ ਸਿੰਘ ਨੂੰ ਬਹੁਤ ਮਦਦ ਦਿੱਤੀ ਸੀ।

ਸੰ: ੧੮੪੬ ਬਿ: ਵਿੱਚ ਜੋਧ ਸਿੰਘ ਰਾਮਗੜ੍ਹੀਆ, ਰਾਜਾ ਸੰਸਾਰਚੰਦ, ਫਤੇ ਸਿੰਘ ਆ
ਹਲੂਵਾਲੀਆ ਏਸਦੇ ਨਾਲ ੨੦ ਦਿਨ ਦੱਖਣੀ ਦੇ ਕਿਲੇ ਪਰ (ਜਿਸ ਵਿੱਚ ਏਸਦਾ ੨੦
ਵੀਹ ਲਖ ਰੁਪਯਾ ਜਮਾ ਸੀ) ਲੜਦੇ ਰਹੇ, ਪਰ ਏਸਨੇ ਆਪਣੀ ਸੂਰਬੀਰਤਾ ਦੇ ਜੋ
ਰ ਸਭਦੇ ਮੂੰਹ ਮੋੜ ਛੱਡੇ। ਤਾਰਾ ਸਿੰਘ ਐਸਾ ਦੂਰੰਦੇਸ਼ ਸੀ ਕਿ ਸੰ: ੧੮੪੯ ਬਿ: ਨੂੰ
ਜਦ ਏਸਨੇ ਦੀਪਮਾਲਾ ਪਰ ਮਹਾਰਾਜੇ ਰਣਜੀਤ ਸਿੰਘ ਨੂੰ ਦੇਖਿਆ ਤਾਂ ਆਖ ਦਿੱਤਾ ਕਿ
ਏਹ ਸਭਨਾਂ ਸਰਦਾਰਾਂ ਦੇ ਮਾਲ ਮੁਲਕ ਛੀਨੇਗਾ, ਸੋ ਤੁਸੀਂ ਜੋ ਕੁਛ ਪੁੰਨਦਾਨ ਕਰਨਾ
ਹੈ ਸੋ ਕਰ ਲੋ। ਹੋਰ ਸਰਦਾਰਾਂ ਨੇ ਤਾਂ ਏਹ ਬਾਤ ਐਵੇਂ ਹਾਸੀ ਹੀ ਸਮਝੀ, ਪਰ ਏਸਨੇ ਆ
ਪਣੀ ਪ੍ਰਜਾ ਦੇ ਹਰ ਇਕ ਪਿੰਡ ਵਿੱਚ ਲੰਗਰ ਲਾ ਦਿੱਤੇ, ਤੇ ਏਸੇ ਕਾਰਣ ਏਸਦੀ ਪ੍ਰਜਾ ਏ
ਸਦੇ ਥਾਂ ਜਾਨ ਦੇਂਦੀ ਸੀ, ਅਤੇ ਸੰ: ੧੮੫੯ ਬਿ: ਨੂੰ ਜਦ ਮਹਾਰਾਜੇ ਨੇ ਬਹੁਤ ਸਰਦਾਰਾਂ
ਦੇ ਮੁਲਕ ਖੋਹਕੇ ਦੀਵਾਨ ਮੁਹਕਮਚੰਦ ਨੂੰ ਏਸਦਾ ਮੁਲਕ ਦਬਾਉਣ ਲਈ ਭੇਜਿਆ
ਤਾਂ ਏਸਨੇ ਪ੍ਰਜਾ ਦੇ ਬਲ ਕਰਕੇ ਦੀਵਾਨ ਦੇ ਓਹ ਦੰਦ ਖੱਟੇ ਕੀਤੇ ਜੋ ਫੇਰ ਕਦੇ ਲੜਨ
ਨਾ ਆਯਾ, ਏਸੇ ਤਰਾਂ ਤਿੰਨ ਵਾਰੀ ਸਰਕਾਰ ਦੀ ਫੌਜ ਨੂੰ ਹਾਰ ਹੋਈ।

ਤਾਰਾ ਸਿੰਘ ਦੇ ਚਾਰ ਬੇਟੇ ਸੇ, ਜਿਨਾਂ ਵਿਚੋਂ ਝੰਡਾ ਸਿੰਘ ਨੂੰ ਪਰਗਨਾ ਨਕੋਦਰ, ਦਸੌਂਧਾ
ਸਿੰਘ ਨੂੰ ਦੱਖਣੀ, ਗੁੱਜਰ ਸਿੰਘ ਨੂੰ ਬੱਦੋਵਾਲ, ਘੁੰਗਰਾਣਾ ਦੇਕੇ ਚੌਥੇ ਬੇਟੇ ਨੂੰ ਜੋ
ਅਜੇ ਛੋਟਾ ਹੀ ਸੀ ਆਪਣੇ ਪਾਸ ਰੱਖਿਆ। ਸੰ: ੧੮੬੪ ਬਿ: ਵਿੱਚ ਤਾਰਾ ਸਿੰਘ ਦੇ ਮਰੇ
ਤੋਂ ਮਹਾਰਾਜਾ ਨੇ ਉਸਦੀ ਸਰਦਾਰਨੀ ਰਤਨ ਕੌਰ ਨੂੰ ਕਹਿ ਭੇਜਿਆ ਕਿ ਸਰਦਾਰ ਬਹਾਦੁ

Digitized by Panjab Digital Library | www.panjabdigilib.org

੩੦ ਮੇਰਾ ਉਸ੍ਤਾਦ ਸੀ, ਮੈਂ ਉਸ ਤੋਂ ਸਸ਼ਤ੍ਰ ਬਿਦ੍ਯਾ ਸਿੱਖੀ ਹੈ ਮਾਈ ਜੀ ਜੇ ਕਰ ਤੁਸੀਂ ਆਗ੍ਯਾ ਕਰੋ
ਤਾਂ ਮੈਂ ਮੁਕਾਣ ਆਵਾਂ ਰਤਨ ਕੌਰ ਬੜੀ ਅਕਲਮੰਦ ਸੀ, ਮਹਾਰਾਜ ਦੇ ਫਰੇਬ ਨੂੰ ਤਾੜ ਗ
ਈ ਤੇ ਆਖ ਭੇਜਿਆ ਆਪ ਛੇਤੀ ਅਸਵਾਰੀ ਆ ਜਾਓ ਮਹਾਰਾਜਾ ਨੇ ਉਸੇ ਵੇਲੇ ਕੱਲੇ
ਹੀ ਕੂਚ ਕਰ ਦਿੱਤਾ ਤੇ ਫੌਜ ਨੂੰ ਪਿੱਛੋਂ ਆਵਣ ਲਈ ਇਸ਼ਾਰਾ ਕੀਤਾ ਮਹਾਰਾਜ ਰਾਹੋਂ ਗਏ
ਤਾਂ ਸਰਦਾਰਨੀ ਨੇ ਬਾਗ ਵਿੱਚ ਉਤਾਰੇ, ਮਹਾਰਾਜ ਨੇ ਆਖਿਆ ਮੈਂ ਕਿਲਾ ਦੇਖਣਾ ਹੈ ਸਰ
ਦਾਰਨੀ ਨੇਂ ਅਸਲ ਮਤਲਬ ਸਮਝ ਕੇ ਸਾਫ ਆਖ ਭੇਜਿਆ ਜੋ ਆਪ ਨੇ ਮੁਲਕ ਕਿਲੇ ਨਾਲੇ
ਮਾਲ ਦੌਲਤ, ਅਥਵਾ ਦੇਵਣੇ ਦੀਆਂ ਲੈਣੀਆਂ ਹਨ, ਦੇਖ ਇਕ ਤਾਂ ਮੈਂ ਤੀਮੀ ਹਾਂ ਦੂਸਰੇ ਤੂੰ ਮੈਨੂੰ
ਮਾਈ ਆਖ ਚੁੱਕਾ ਹੈਂ, ਹੁਣ ਦਗਾ ਕਰਨਾ ਧਰਮ ਨਹੀਂ ਇਸ ਪਰ ਮਹਾਰਾਜੇ ਨੇ ਲਿਖਿਆ ਕੇ
ਮਾਈ ਜੀ ਤੁਸੀਂ ਡਰੋ ਨਹੀਂ ਏਹ ਭ੍ਰਮ ਛੱਡ ਦੇਓ ਫੇਰ ਰਤਨ ਕੌਰ ਨੇ ਇਕ ਹਾਥੀ, ਪੰਜ ਘੋੜੇ,
ਸੋਨੇ ਚਾਂਦੀ ਦਾ ਸਾਜ ਪਾ ਕੇ, ਤੇ ੬ ਲੱਖ ਰੁਪਯਾ ਨਕਦ ਮਹਾਰਾਜ ਪਾਸ ਭੇਜ ਕੇ ਲਿਖ ਭੇਜਿਆ
ਕੇ ਏਸ ਕੱਚੇ ਕਿਲੇ ਦਾ ਕੀ ਦੇਖਣਾ ਹੈ ਪਰ ਮਹਾਰਾਜੇ ਨੇ ਸਭ ਕੁਛ ਲੈ ਕੇ ਭੀ ਕਿਲੇ ਨੂੰ ਮੋ
ਰਚੇ ਲਾ ਦਿੱਤੇ, ਫੇਰ ਤਾਂ ਅੰਦ੍ਰੋਂ ਸਰਦਾਰਨੀ ਰਤਨ ਕੌਰ ਨੂੰ ਭੀ ਲਾਚਾਰ ਤੋਪ ਦਾਗਣੀ ਪਈ
ਦੋ ਪਹਿਰ ਜੰਗ ਹੋਇਆ, ਤਾਰਾ ਸਿੰਘ ਦੀ ਪ੍ਰਜਾ ਐਸੀ ਲੜੀ ਕੇ ਮਹਾਰਾਜ ਦੀ ਫੌਜ ਨੱਠਣ
ਨੂੰ ਤੱਯਾਰ ਹੋ ਗਈ, ਪਰ ਮਹਾਰਾਜੇ ਨੇ ਏਹ ਛਲ ਖੇਡਿਆ ਕੇ ਸਰਦਾਰਨੀ ਦੇ ਅਹਿਲਕ
ਾਰਾਂ ਨੂੰ ਜਾਗੀਰ ਤੇ ਸਰਦਾਰੀ ਦੇਣੀ ਕਰ ਕੇ ਆਪਣਾ ਬਣਾ ਲਿਆ, ਉਸ ਨਿਮਕ ਹਰਾਮ ਨੇ
ਕਿਲੇ ਦਾ ਦਰਵਾਜ਼ਾ ਖੋਲ ਦਿੱਤਾ, ਮਹਾਰਾਜ ਦੀ ਫੌਜ ਅੰਦਰ ਜਾਵਣੀ ਫਿਰ ਤਾਂ ਮੁਸਾਹਿ
ਬਾਂ ਦੇ ਬੱਚੇ ਪਿੱਟਦੀ ਹੋਈ ਸਰਦਾਰਨੀ ਰਤਨ ਕੌਰ ਕਿਲਾ ਛੱਡ ਕੇ ਬੰਗੇਰ ਪਿੰਡ ਜਾ ਰਹੀ
ਮਹਾਰਾਜੇ ਨੇ ਸੱਤ ਪਿੰਡ ਦਿਆਲ ਸਿੰਘ ਆਦਿਕ ਚਾਰਾਂ ਭਾਈਆਂ ਨੂੰ ਤੇ ਦੋ ਪਿੰਡ ਰਤਨ ਕੌਰ
ਨੂੰ ਗੁਜ਼ਾਰੇ ਵਾਸਤੇ ਦੇ ਕੇ, ਬਾਕੀ ਸਭ ਮੁਲਕ ਆਪ ਸਾਂਭ ਲਿਆ ਏਥੋਂ ਪੈਂਤੀ ਲੱਖ ਨਕ
ਦ ਤੇ ਪੰਜ ਲੱਖ ਦਾ ਮੁਲਕ ਸਾਮਾਨ ਸਹਿਤ ਮਹਾਰਾਜੇ ਦੇ ਹੱਥ ਆਯਾ ਫੇਰ ਸੰ: ੧੮੬੭
ਬਿ: ਨੂੰ ਬੇਦੀ ਬਿਕ੍ਰਮਾ ਸਿੰਘ ਨੇ ਸਿੱਖਾਂ ਦੀ ਐਡੀ ਪਰਵਰਸ਼ ਕੀਤੀ ਜੋ ਉਹ ਸੱਤੇ ਪਿੰਡ ਸ੍ਰੀ ਭਾ
ਸਿੰਘ ਆਦਿਕਾਂ ਤੋਂ ਖੋਹ ਕੇ ਉਨ੍ਹਾਂ ਦਾ ਸਭ ਅਸਬਾਬ ਭੀ ਲੁੱਟ ਲਿਆ, ਮਹਾਰਾਜੇ ਨੇ ਭੀ
ਫਰਿਆਦ ਨਾ ਸੁਣੀ ਫੇਰ ਏਹ ਲਾਚਾਰ ਹੋ ਕੇ ਉਨ੍ਹਾਂ ਫਕੀਰਾਂ ਦੇ ਬੂਹੇ ਜਾ ਬੈਠੇ ਜਿਨ੍ਹਾਂ ਨੂੰ ਤਾਰਾ
ਸਿੰਘ ਨੇ ਇਕ ਪਿੰਡ ਬਾਲੋਕੀ ਪਰਗਣੇ ਨਕੋਦਰ ਵਿੱਚ ਮਾਫੀ ਦਿੱਤਾ ਸੀ ਫਕੀਰਾਂ ਨੇ ਅ
ਮੀਰ ਦੇ ਪੁੱਤ੍ਰਾਂ ਨੂੰ ਬਿਪਤਾ ਪਈ ਦੇਖ ਕੇ ਅੱਧਾ ਪਿੰਡ ਉਨ੍ਹਾਂ ਨੂੰ ਦੇ ਦਿੱਤਾ॥

Digitized by Panjab Digital Library | www.panjabdigilib.org

ਸੰ: ੧੮੭੮ ਬਿ: ਨੂੰ ਰਤਨਕੌਰ ਮਰੀ ਤਾਂ ਉਸਦੇ ਦੋਵੇਂ ਪਿੰਡ ਮਹਾਰਾਜੇ ਨੇ ਜ਼ਬਤ ਕਰ ਲਏ ੩੧
ਸੰ: ੧੮੮੧ ਬਿ: ਵਿਚ ਦਸੌਂਧਾਸਿੰਘ ਤਾਂ ਬਿਨਾ ਪੁੱਤ੍ਰ ਦੇ ਮਰ ਗਿਆ ਤੇ ਸ੍ਰੈਣਾਸਿੰਘ ਦੀ ਸੰਤਾਨ ਵਿੱਚੋਂ ਅਮਰਸਿੰਘ ਆਦਿਕ ਪੰਦ੍ਰਾਂ ਸੋਲਾਂ ਘਰ ਬਾਲੋਕੀ ਪਿੰਡ ਅੱਠੋਸੇ ਦੀ ਜਾਗੀਰ ਤੇ ਸੱਤ ਹਲ ਦੀ ਜ਼ਮੀਨ ਪਰ ਗੁਜ਼ਾਰਾ ਕਰਦੇ ਹਨ। ਤੀਜਾ ਬੇਟਾ ਤਾਰਾਸਿੰਘ ਦਾ ਗੁਜਰਸਿੰਘ ਜੋ ਬੋਦੋਵਾਲ, ਘੁੰਗਰਾਣੇ ਦੇ ਤੱਲਕੇ ਉੱਤੇ ਕਾਬਜ਼ ਸੀ, ਪਹਿਲੇ ਤਾਂ ਰਾਜਾ ਭਾਗਸਿੰਘ ਉਸ ਨਾਲ ਲੜਦਾ ਰਿਹਾ ਫੇਰ ਸੰ: ੧੮੬੫ ਬਿ: ਵਿੱਚ ਜਦ ਮਹਾਰਾਜ ਉਸ ਦੇਸ ਵਿਚ ਗਏ ਤਾਂ ਉਸ ਤੋਂ ਖੋਹ ਕੇ ਸਰਦਾਰ ਗੁਰਦਿੱਤਸਿੰਘ ਲਾਡੂਏ ਵਾਲੇ ਆਪਣੇ ਭਾਈ ਨੂੰ ਦੇ ਆਏ, ਉਸ ਤਾਦ ਦੇ ਪੁੱਤ੍ਰਾਂ ਦੀ ਐਸੀ ਪਾਲਣਾ ਕਰੀ ਜੋ ਟੁਕੜੇ ਤੋਂ ਭੀ ਮੁਹਤਾਜ ਕਰ ਛੱਡੇ। ਰਣਜੀਤਸਿੰਘ ਵਿੱਚ ਏਹ ਇਕ ਬੜਾ ਭਾਰਾ ਕੁਲੱਛਣ ਸੀ ਕੇ ਜਿਸਦਾ ਮਾਲ ਮੁਲਕ ਲੈਂਦਾ ਉਸ ਨੂੰ ਰੋਟੀ ਜੋਗਾ ਭੀ ਗੁਜ਼ਾਰਾ ਨਾ ਦਿੰਦਾ, ਭੀਖ ਮੰਗਾ ਛੱਡਦਾ।

ਕੁਰਸੀ ਨਾਮਾ।

ਗੁਲਾਬਸਿੰਘ ਖੱਤ੍ਰੀ
|
ਗੁਰਦਿਆਲਸਿੰਘ
|
ਤਾਰਾਸਿੰਘ ਘੈਬਾ ਜੱਟ ਰੇਲਾ

ਗੁਜਰਸਿੰਘ    ਦਸੌਂਧਾਸਿੰਘ    ਸ੍ਰੈਣਾਸਿੰਘ

ਬਖਤਾਵਰਸਿੰਘ    ਲਾਲਸਿੰਘ
|
ਅਮਰਸਿੰਘ

## ਮਿਸਲ ਕਰੋੜੀਆਂ ਦੀ। ੬।।

ਏਸ ਮਿਸਲ ਦਾ ਮੁਖੀਆ ਸਰਦਾਰ ਸ਼ਾਮਾਸਿੰਘ ਨਾਰਲੀ ਪਿੰਡ ਦਾ ਜੱਟ ਸੀ, ਏਸ ਦੇ ਪਿੱਛੋਂ ਕਰਮਸਿੰਘ ਪੈਜਗੜੀਆ ਖੱਤ੍ਰੀ ਸਰਦਾਰ ਹੋਯਾ, ਫੇਰ ਕਰੋੜਾਸਿੰਘ ਜ਼ਿਮੀਦਾਰ ਬਰਕੀ ਪਿੰਡ ਵਾਲਾ ਏਸ ਮਿਸਲ ਦਾ ਸਰਦਾਰ ਹੋਯਾ। ਜੱਦਪਿ ਬਘੇਲਸਿੰਘ ਝੂਬਾਲ ਵਾਲਾ ਭੀ ਬੜਾ ਸੂਰਬੀਰ ਮਸ਼ਹੂਰ ਸਰਦਾਰ ਸੀ, ਪਰੰਤੂ ਮਿਸਲ ਕਰੋੜਾਸਿੰਘ ਦੇ ਨਾਮ ਹੀ ਮਸ਼ਹੂਰ ਰਹੀ। ਇਨ੍ਹਾਂ ਦੋਹਾਂ ਸਰਦਾਰਾਂ ਨੇ ਏਸ ਮਿਸਲ ਨੂੰ ਬਹੁਤ ਵਧਾਯਾ, ਬਾਰਾ

Digitized by Panjab Digital Library | www.panjabdigilib.org

੩੨ ਹਜ਼ਾਰ ਅਸਵਾਰ ਤੇ ਨੱਬੇ ਲੱਖ ਦੀ ਆਮਦਨੀ ਕਰ ਲਈ। ਕਰੋੜਾ ਸਿੰਘ ਨੂੰ ਸੰ: ੧੭੯੫
ਬਿ: ਨੂੰ ਖਾਨਬਹਾਦਰ ਸੂਬੇ ਲਾਹੌਰ ਨੇ ਸਬੰਧੀਆਂ ਸਮੇਤ, ਪਿੰਡੋਂ ਧਿੰਗੀ ਮੁਸਲਮਾਨ ਕ
ਰ ਲੀਤਾ ਸੀ ਪਰ ਛੇ ਮਹੀਨੇ ਪਿੱਛੋਂ ਏਹ ਦਰਬਾਰਾ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਖਾਲਸੇ ਨਾ
ਲ ਰਲ ਗਿਆ। ਇਸ ਨੇ ਮੁਸਲਮਾਨਾਂ ਦੇ ਪਿੰਡ ਬਹੁਤ ਲੁੱਟੇ ਮਾਰੇ। ਤੇ ਏਹ ਬੜਾ ਸਿਦਕ
ਭਰੋਸੇ ਵਾਲਾ, ਉਦਾਰ, ਮੁਹੱਬਤੀ ਪੁਰਸ਼ ਸੀ।
ਸੰ: ੧੭੯੭ ਬਿ: ਨੂੰ ਨਾਦਰਸ਼ਾਹ ਦੇ ਹੱਲੇ ਵਿੱਚ ਸਰਦਾਰ ਸ਼ਾਮਾ ਸਿੰਘ ਮਾਰਿਆ ਗਿਆ, ਕ
ਰਮਾ ਸਿੰਘ ਤੇ ਕਰੋੜਾ ਸਿੰਘ ਨੇ ਚੰਗੇ ਹੱਥ ਰੰਗੇ। ਨਾਸਰਦੀਨ ਖਾਂ ਜਲੰਧਰ ਵਾਲੇ ਦੇ ਬ
ਖਸ਼ੀ ਖੈਰੇਸ਼ਾਹ ਨੂੰ ਕਰਮਾ ਸਿੰਘ ਨੇ ਤੇ ਸ਼ਮਸਦੀਨ ਖਾਂ ਉਸ ਦੇ ਭਾਈ ਨੂੰ ਕਰੋੜਾ ਸਿੰਘ ਨੇ
ਮਾਰਿਆ। ਸੰ: ੧੮੦੩ ਬਿ: ਵਿੱਚ ਅੰਮ੍ਰਿਤਸਰ ਦੁਰਾਨੀਆਂ ਦੇ ਜੰਗ ਵਿੱਚ ਕਰਮਾ ਸਿੰਘ ਨੇ
ਸ਼ਹੀਦੀ ਪਾਈ। ਪੰਥ ਨੇ ਕਰੋੜਾ ਸਿੰਘ ਨੂੰ ਦਸਤਾਰ ਬਨ੍ਹਾਈ। ਇਸ ਨੇ ਮਿਸਲ ਨੂੰ ਐਸੀ ਰੌ
ਣਕ ਦਿੱਤੀ ਜੋ ਇੱਕ ਵਾਰੀ ਤਾਂ ਸਭਨਾਂ ਦੇ ਉੱਪਰ ਛਾ ਗਈ। ਫੇਰ ਏਹ ਪੰਥ ਨਾਲ ਰਲ ਕੇ ਭ
ਰਤਪੁਰੀਏ ਦੀ ਮਦਦ ਨੂੰ ਗਿਆ ਤਾਂ ਪੂਰਬ ਦੀ ਲੁੱਟ ਵਿੱਚੋਂ ਬਹੁਤ ਗੱਫਾ ਇਸ ਨੂੰ ਮਿਲਿਆ
। ਫੱਰੁਖਾਬਾਦ ਵਿੱਚ ਇੱਕ ਲੱਖਪਤੀ ਦੇ ਘਰ ਪਰ ਕਰੋੜਾ ਸਿੰਘ ਦਾ ਹੱਥ ਜਾ ਪਿਆ, ਮੋਹਰਾਂ
ਦੀ ਖੱਚਰ ਭਰ ਲਈ, ਹੋਰ ਹੀਰੇ ਮੋਤੀ ਬਹੁਤ ਮਾਰਿਆ, ਫੇਰ ਤਾਂ ਸੱਤ ਹਜ਼ਾਰ ਦਾ ਮਾਲਕ
ਬਣ ਬੈਠਾ। ਸੰ: ੧੮੧੬ ਬਿ: ਵਿੱਚ ਅਦੀਨਾ ਬੇਗ ਦੇ ਦੀਵਾਨ ਬਿਸ਼ੰਭਰ ਮੱਲ ਨੂੰ ਜੰਗ ਵਿੱ
ਚ ਮਾਰ ਕੇ ਪ੍ਰਗਨਾ ਸ਼ਾਮ ਚੁਰਾਸੀ, ਹਰਿਆਨਾ ਆਦੀ ਜ਼ਿਲੇ ਹੁਸ਼ਿਆਰਪੁਰ ਦੇ ਮੱਲ
ਲਏ। ਸੰ: ੧੮੧੮ ਬਿ: ਨੂੰ ਨਵਾਬ ਗੁਲਾਮ ਕਾਦਰ ਖਾਂ ਰੁਹੇਲੇ ਦੀ ਲੜਾਈ ਵਿੱਚ, ਤਰਾਵ
ੜੀ ਦੇ ਮੁਕਾਮ ਪਰ ਕਰੋੜਾ ਸਿੰਘ ਗੋਲੀ ਨਾਲ ਮਾਰਿਆ ਗਿਆ। ਬਘੇਲ ਸਿੰਘ ਝਬਾਲੀ
ਆ ਧਾਲੀਵਾਲ ਵਿੱਚ ਉਸਦਾ ਨਾਇਬ ਸਰਦਾਰ ਹੋਇਆ। ਏਹ ਸਰਦਾਰ ਭੀ ਬੜਾ ਲਾਇਕ
ਹੌਸਲੇ ਵਾਲਾ ਸੀ। ਸੰ: ੧੮੨੦ ਬਿ: ਵਿੱਚ ਸਰਹੰਦ ਦੇ ਮਾਰਣ, ਉਜਾੜਨ ਤੇ ਇਸ ਨੂੰ ਬਹੁਤ
ਹਥਿਆਰ ਤੇ ਦੌਲਤ ਲੱਭੀ। ਫੇਰ ਖੁਰਦੀਨ, ਕਨੌੜ, ਛਲੌਂਦੀ, ਜਮੀਤਗੜ੍ਹ ਆਦਿਕ ਦੇ
ਲੱਖ ਦੇ ਪਰਗਣੇ ਦਬਾ ਲਏ। ਕਰਨਾਲ ਦੇ ਜ਼ਿਲੇ ਕਸਬੇ ਛਲੌਂਦੀ, ਤੇ ਹੁਸ਼ਿਆਰਪੁਰ
ਦੇ ਜ਼ਿਲੇ ਹਰਿਆਨਾ ਆਪਣੀ ਰਾਜਧਾਨੀ ਬਣਾਈ। ਸੰ: ੧੮੨੩ ਬਿ: ਨੂੰ ਅਹਿਮਦਸ਼ਾ
ਹ ਦੁਰਾਨੀ ਦੇ ਬਖਸ਼ੀ ਬੁਲੰਦ ਖਾਂ ਨੂੰ ਵਟਾਲੇ ਪਾਸ ਸ਼ਿਕਸ਼ਤ ਦੇ ਕੇ, ਫੇਰ ਰਾਵੀ ਲੰਘਦੇ ਬਾ
ਦਸ਼ਾਹ ਨੂੰ ਜਾ ਘੇਰਿਆ, ਬੇਸ਼ੁਮਾਰ ਦੁਰਾਨੀਆਂ ਨੂੰ ਤੇਗ ਦਾ ਮੇਵਾ ਛਕਾ ਕੇ ਮੂੰਧੇ ਮੂੰਹ ਲੰਮੇ

ਪਾਕੇ ਐਸੇ ਜੁਲਮ ਦਾ ਹੁਣ ਤਾਈਂ ਨਹੀਂ ਜਾਂਦਾ।। ੩੩
ਸੰ: ੧੮੨੫ ਮੇਂ ਤੀਸ ਕ ਹਜਾਰ ਸਿੰਘ ਨੂੰ ਕੱਠਾ ਕਰਕੇ ਬਘੇਲ ਸਿੰਘ ਹਿੰਦੂਸਤਾਨ ਵਿਚ ਜਾ
ਕੁੱਦਿਆ ਪਹਿਲੇ ਜੱਲਾਬਾਦ ਲੁਹਾਰੀ ਦੇ ਨੁਵਾਬ ਹਸਨ ਖਾਂ ਨੂੰ (ਜਿਸ ਨੇ ਬ੍ਰਾਮਣ ਦੀ ਤੀਮੀ
ਮੱਲੋ ਮੱਲੀ ਅੰਦਰ ਪਾ ਲਈ ਸੀ) ਜੰਗ ਮਾਰ ਕੇ ਬ੍ਰਾਮਣ ਨੂੰ ਤੀਮੀ ਦਿਵਾ ਕੇ ਹਿੰਦੂਆਂ ਦੀ ਖੁ
ਸ਼ੀ ਲੀਤੀ। ਫੇਰ ਤਾਂ ਓਥੋਂ ਪੂਰਬ ਨੂੰ ਐਸਾ ਮੂੰਹ ਚੱਕਿਆ; ਗਾਜੀਆਬਾਦ, ਕੋਇਲ ਬਰੇਲੀ ਖੁ
ਰਜਾ, ਚੰਦੌਸੀ, ਹਾਥਰਸ, ਆਦਿਕ ਅਨੇਕ ਸ਼ਹਿਰਾਂ ਨੂੰ ਲੁੱਟ ਪੁੱਟ ਕੇ ਫੱਰੁਖਾਬਾਦ ਦੇ ਨੁਵਾਬ ਈ
ਸੇਖਾਂ ਆਦਿਕਾਂ ਨੂੰ ਜਾ ਘੇਰਿਆ, ਤਿੰਨ ਦਿਨ ਉਨਾਂ ਨੂੰ ਕਿਆਮਤ ਦੇ ਵਿਖਾ ਕੇ ਫਤੇਗੜ ਸ਼ਹਿਰ ਸਮੇਤ
ਉਨਾਂ ਦੇ ਘਰਾਂ ਨੂੰ ਚੰਗੇ ਹੱਥ ਮਾਰੇ, ਏਥੋਂ ਬਘੇਲ ਸਿੰਘ ਨੂੰ ਬਹੁਤ ਧਨ ਲੱਭਿਆ ਜਿਸ ਵਿੱਚ ਸੁ
ਇਨੇ ਚਾਂਦੀ ਦੇ ਬਰਤਨ ੧ ਛਟੀ ਤੇਤੀ [੩੩੦੦੦] ਹਜਾਰ ਦੀ ੧ ਹੁੱਕਾ ਪੰਜਾਹ [੫੦੦੦੦] ਹਜਾਰ ਦਾ ਜੜਾਊ ਸੀ
ਏਹ ਚੀਜਾਂ ਤਦੋਂ ਪ੍ਰਗਟ ਹੋਈਆਂ ਜਦ ਸੰ ੧੯੭੭ ਬਿ: ਕੋਲੋਂ ਉਸ ਦੀ ਤੀਮੀ ਰਤਨ ਕੌਰ ਮ
ਰੀ ਤੇ ਕਪਤਾਨ ਮਾਲੀ ਸਾਹਿਬ ਨੇ ਉਸ ਦੇ ਘਰ ਦੀ ਜਬਤੀ ਕਰੀ। ਓਥੋਂ ਖਾਲਸੇ ਦਾ ਦ
ਲ ਮੱਕੜੀ ਵਾਂਗੂੰ ਆਗਰੇ ਦੀ ਤਰਫ ਉਠ ਪਿਆ। ਅਨੇਕ ਕਸਬੇ ਸ਼ਹਿਰ ਲੁੱਟਦੇ ਤੇ ਰ
ਈਸਾਂ ਤੋਂ ਨਜਰਾਨੇ ਲੈਂਦੇ ਹੋਏ ਘਰਾਂ ਨੂੰ ਮੁੜ ਆਇਆ। ਏਸੇ ਸਾਲ ਬਘੇਲ ਸਿੰਘ ਨੈ
ਤਲਬਣ ਵਾਲੇ ਮੁਹੰਮਦ ਖਾਂ ਨੂੰ ਓਥੋਂ ਕੱਢ ਕੇ ਓਥੇ ਕਿਲਾ ਬਣਾਇਆ ਔਰ ਦਿਵਾਂ
ਨ ਸਿੰਘ ਨੂੰ ਮਹਿਲੀਏ ਤੋਂ ਸ਼ਮਸਾਬਾਦ ਦਾ ਕਿਲਾ ਖੋਹਿਆ। ਸੰ: ੧੮੨੬।੨੭
ਬਿ: ਵਿੱਚ ਜਦ ਮਹਾਰਾਜੇ ਅਮਰ ਸਿੰਘ ਨੇ ਹੋਰ ਕਈ ਮਝੈਲ ਸਰਦਾਰਾਂ ਦੇ ਪਿੰਡ
ਦਬਾ ਕਰ ਏਸ ਦੇ ਇਲਾਕੇ ਜਮੀਤਗੜ੍ਹ ਨੂੰ ਹੱਥ ਪਾਇਆ ਤਾਂ ਏਸ ਨੈ ਬੀਸ ਕ ਹ
ਜਾਰ ਮਝੈਲ ਸਿੰਘਾਂ ਨੂੰ ਸਾਥ ਲੈ ਕੇ ਪਟਿਆਲੇ ਦੇ ਰਾਜ ਵਿੱਚ ਧਮੋਰੋਲ ਜਾਪ
ਆ, ਪਟਿਆਲੇ ਦੇ ਸਰਦਾਰ ਕਾਲੇ ਕੇ ਸੇਮੇਕੇ ਤੋਗੇ ਹਰੀਕੇ ਕਸਬੇ ਘੜਾਮ ਦੇ
ਪਾਸ ਐਸੇ ਭਿੜੇ ਕਿ ਮਝੈਲਾਂ ਦੇ ਛੱਕੇ ਛੁਡਾ ਦਿੱਤੇ, ਦੂਲਚਾ ਸਿੰਘ ਰਦੌਰੀਏ ਨੈ
(ਏਹ ਸੋਚਿਆ ਰਾਜੇ ਦੀ ਸਭ ਫੌਜ ਜੰਗ ਵਿੱਚ ਹੈ ਚੱਲ ਕੇ ਪਟਿਆਲਾ ਮੱਲ ਲ
ਈਏ) ਐਸੀ ਚਲਾਕੀ ਕੀਤੀ ਦਸ ਕ ਹਜਾਰ ਮਝੈਲ ਨੂੰ ਲੈ ਕੇ ਪਟਿਆਲੇ ਨੂੰ ਆ
ਢੁੱਕਿਆ, ਪਰ ਅੱਗੋਂ ਮਹਾਰਾਜੇ ਨੈ ਭੀ ਤੋਪਾਂ ਦੇ ਰਾਬੇ ਐਸੇ ਮਾਰੇ ਕਿ ਢੂਢੇ ਸੌ ਮਝੈਲ ਪ
ਰੀਆਂ ਦੇ ਗੈਲ ਲੱਗ ਤੁਰਿਆ। ਏਤਨੇ ਦੂਸਰੀ ਫੌਜ ਭੀ ਆ ਪਹੁੰਚੀ, ਘੜੋੜੀ
ਪਿੰਡ ਦੇ ਪਾਸ ਥੋੜੀ ਜੇਹੀ ਲੜਾਈ ਕਰਕੇ ਓਧ੍ਰ ਮਝੈਲ ਤਾਂ ਸਨੌਰ ਨੂੰ ਲੁੱਟ ਕੇ ਸੈਫਾਬਾ

Digitized by Panjab Digital Library | www.panjabdigilib.org

੩੪ ਵਧੀਕੀ ਹੋਏ। ਏਧਰ ਸਰਦਾਰ ਭੰਗਾ ਸਿੰਘ ਥਨੇਸਰੀਏ ਤੇ ਭਾਈ ਦੇਸੂ ਸਿੰਘ ਨੇ ਮੇਲ ਕਰਨ ਦੀ ਨਹਿਰਾ ਦਿੱਤੀ, ਸਰਦਾਰ ਚੈਨ ਸਿੰਘ ਵਕੀਲ ਨੇ ਬਘੇਲ ਸਿੰਘ ਦੇ ਘੋੜੇ ਦੀ ਵਾਗ ਫੜ ਕੇ ਆਖਿਆ ਕਿ ਬੱਸ ਸਿੰਘ ਜੀ ਹੁਣ ਬਹੁਤ ਹੋ ਲਈ ਹੈ, ਦੋਹੀਂ ਪਾਸੀਂ ਘਰ ਗੁਰੂ ਕਾ ਹੈ, ਏਹ ਤਾਂ ਚਾਹੁੰਦਾ ਹੀ ਸੀ, ਲੜਾਈ ਛੱਡ ਪਾਸੇ ਉਤਰ ਪਏ। ਮਹਾਰਾਜੇ ਨੇ ਭੀ ਬਘੇਲ ਸਿੰਘ ਨੂੰ ਸਿਰਕੱਢ ਸੂਰਬੀਰ ਸਾਰੇ ਮਿਸਲਾਂ ਵਿਚ ਗੋਲ ਵਾਲਾ ਸਮਝ ਕੇ ਏਹ ਚਾਲ ਚੱਲੀ, ਅਪਣੇ ਬੇਟੇ ਸਾਹਿਬ ਸਿੰਘ ਨੂੰ ਉਸ ਦੇ ਹੱਥੋਂ ਅੰਮ੍ਰਿਤ ਛਕਵਾ ਕੇ ਹਮੇਸ਼ ਦੀ ਪੱਕੀ ਸਾਂਝ ਬਣਾ ਲੀਤੀ, ਦੂਸਰੇ ਮਿਸਲਾਂ ਨੂੰ ਤਾਂ ਸਿਰਫ ਮਿੱਠੇ ਸੁੱਕੇ ਤੇ ਕੜਾਹ ਦੇ ਗੱਫੇ ਛਕਾ ਕੇ ਖ਼ੁਸ਼ੀ ਕਰ ਲੀਤਾ, ਪੈਮਾਨ ਕਰਦੇ ਹੋਏ ਘਰਾਂ ਨੂੰ ਤੁਰ ਗਏ। ਬਘੇਲ ਸਿੰਘ ਐਸਾ ਸਮੇਂ ਸਾਜ ਮਤਲਬੀ ਸ਼ਖ਼ਸ ਸੀ, ਸੰ: ੧੮੩੭ ਬਿ: ਮੇਂ ਜਦ ਦਿੱਲੀ ਦੇ ਵਜ਼ੀਰ ਅਬਦੁੱਲੇ ਖਾਂ ਨੇ ਸ਼ਾਹਜ਼ਾਦੇ ਫ਼ਰਖੁੰਦਾ ਬਖ਼ਤ ਨੂੰ ਸਾਥ ਲੈ ਕੇ ਸਿੰਘਾਂ ਤੋਂ ਮੁਲਕ ਛੁਡਾਉਣ ਲਈ ਚੜ੍ਹਾਈ ਕੀਤੀ, ਤਾਂ ਏਹ ਨਜ਼ਰਾਨੇ ਦੇ ਦੇ ਕੇ ਹਿੱਸਾ ਲੈਣਾ ਕਰ ਕੇ ਉਸ ਵਜ਼ੀਰ ਦਾ ਦੁਬੀਰ ਬਣ ਗਿਆ, ਤੇ ਜਦ ਸਮਾਣਾ, ਗੁਹਨਾ, ਇੰਦ੍ਰੀ, ਜੀਕਰੀ, ਲਾਡੂਆ, ਸਢੌਰਾ, ਬੁੜੀਆ, ਸ਼ਾਹਾਬਾਦ, ਆਦਿਕ ਮਕਾਨਾਂ ਤੋਂ ਨਜ਼ਰਾਨੇ ਲੈਂਦੇ ਹੋਏ ਪਟਿਆਲੇ ਵਿਚ ਢੁਕੇ ਤਾਂ ਮਹਾਰਾਜੇ ਅਮਰ ਸਿੰਘ ਨੇ ਬਘੇਲ ਸਿੰਘ ਦੀ ਸਲਾਹ ਨਾਲ ਉਸ ਗੜ੍ਹੀਆਂ ਵਾਲੀ ਕਾਲੀ ਘਟ ਨੂੰ ਉਡਾਉਣ ਲਈ ਪਹਿਲੇ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਤੇ ਰਾਮਗੜ੍ਹੀਏ ਤਾਰਾ ਸਿੰਘ ਗੈਬੇ ਵਗੈਰਾ ਮਿਸਲ ਸਰਦਾਰਾਂ ਦੀ ਅੰਧੇਰੀ ਉਠਾ ਲਈ ਸੀ, ਜਦ ਓਹ ਸਤਲੁਜ ਲੰਘੇ ਤੇ ਉਨਾਂ ਦੀ ਸਹਿ ਨਾਲ ਹੋਰ ਕਈ ਬੁੱਲੇ ਉੱਠ ਖੜੋਤੇ, ਤਾਂ ਵਜ਼ੀਰ ਦਾ ਦਿਲ ਦਹਿਲਿਆ, ਤੇ ਦਮ ਖ਼ੁਸ਼ਕ ਹੋਇਆ ਲੈਣੇ ਦੇ ਦੇਣੇ ਆਏ, ਬਾਜੀ ਬਿਗੜਦੀ ਵੇਖ ਕੇ ਬਘੇਲ ਸਿੰਘ ਨੂੰ ਆਖਿਆ, ਕਿ ਦੇਸ ਨੂੰ ਦਿੱਲੀ ਬਾੜ, ਅੱਗੇ ਏਹ ਛੱਤੀ ਪੱਤਣਾਂ ਦਾ ਤਾਰੂ ਬੋਲਿਆ, ਏਸ ਲਾਂਭੇ ਲੁਟੇਰੇ ਧੱਕੜ ਭੰਗੇਰੇ ਪੰਥ ਤੋਂ ਸਿਵਾਇ ਖੁਦਾ ਯਾ ਦੌਲਤ ਦੇ ਹੋਰ ਕੌਣ ਬਚਾ ਸਕਦਾ ਹੈ, ਮੈਂ ਏਨਾਂ ਅੱਗੇ ਕੇੜ੍ਹੇ ਬਾਗ ਦਾ ਬੂਟਾ ਹਾਂ, ਏਨਾਂ ਮਿਸਲਾਂ ਨੇ ਦੋ ਬਾਦਸ਼ਾਹੀਆਂ ਖ਼ਤਮ ਕਰ ਛੱਡੀਆਂ, ਮੇਰੀ ਤੇਰੀ ਕੀ ਗਿਣਤੀ ਹੈ। ਏਹ ਜਵਾਬ ਸੁਣ ਕੇ ਦਿਲ ਵਾਲੀਆਂ ਦੇ ਜ਼ਰਦ ਰੰਗ ਹੋ ਗਏ। ਓਸਾਣ ਮਾਰੇ ਗਏ, ਜਣੋ ਮਸਾਣ ਪੈ ਗਿਆ, ਬਹੁਤਿਆਂ ਦੇ ਤਾਂ ਤੰਬੂਆਂ ਵਿਚੇ ਬੋਲ ਛੁੱਟ ਪਏ ਸ਼ਾਹਜ਼ਾਦੇ ਨੂੰ ਅੱਤੀ ਤੇਜ ਤੱਲੋ ਮੱਛੀ ਲੱਗੀ, ਆਖੇ ਸਾਨੂੰ ਦਿੱਲੀ ਪੁਚਾ, ਜੋ ਲੱਗੀ ਸੋ ਲਾ

ਸਾਰੀ ਜਾਨ ਬਚਾ। ਬਘੇਲ ਸਿੰਘ ਨੇ ਆਖਿਆ, ਏਹ ਕਈ ਲੱਖ ਦਿੰਦੇ ਹੈ, ਹਾਥੀ ਨੂੰ ਪੂਰਾ ੩੫
ਚਾਰਾ ਮਿਲੇ ਤਾਂ ਠਹਿਰੇ, ਓੜਕ ਵਜੀਰ ਨੇ ਤਿੰਨ ਲਖ ਰੁਪਯਾ ਦੇਕੇ ਪਿੰਡ ਛੁਡਾਯਾ। ਬਘੇ
ਲ ਸਿੰਘ ਨੇ ਤਿੰਨ ਹਿੱਸੇ ਖਾਲਸੇ ਨੂੰ ਦੇਕੇ ਚੌਥਾ ਆਪ ਰੱਖਿਆ, ਇਸੇ ਤਰਾਂ ਜਦ ਸੰ: ੧੮੪੨ ਬਿ: ਮੰ
ਧਾਰਾ ਰਾਉ ਤੇ ਸੰ: ੪੫ ਮੇਂ ਅੰਬਾ ਰਾਉ, ਫੇਰ ਸੰ: ੪੬ ਮੇਂ ਮਾਧੋ ਰਾਉ ਦਾ ਬਖਸ਼ੀ[1] ਆਯਾ, ਤਦੋਂ ਬੀ
ਬਘੇਲ ਸਿੰਘ ਉਨਾਂ ਦੇ ਅਗ੍ਰਣੀ ਬਣਦਾ ਰਹਿਆ। ਜੀਂਦ, ਕੈਂਥਲ, ਪਟਿਆਲਾ, ਨਾਭਾ, ਅੰ
ਬਾਲਾ, ਥਨੇਸਰ ਆਦਿਕ ਮਕਾਨਾਂ ਦੇ ਰਈਸਾਂ ਤੋਂ ਨਜਰਾਂ ਲੈਕੇ ਜਦ ਉਹ ਮੁੜਿਆ ਤਾਂ ਸਾਹ
ਪਰ ਮਛੌਂਡੇ ਪਾਸ ਓਸ ਉੱਤੇ ਸਿੰਘਾਂ ਦਾ ਹੱਲਾ ਕਰਾ ਦਿੱਤਾ। ਮਹਿਮਾਂ ਨੂੰ ਭਾਜੜ ਪਾਕੇ ਐਸੇ
ਭੰਬੂਤਾਰੇ ਦਿਖਾਏ, ਸਿਰ ਸਿਰ ਕਰਕੇ ਛੁੱਟੇ, ਤਿਲਾਂ ਦੀ ਪੂਲੀ ਵਾਂਙੂੰ ਝਾੜ ਪਛੋੜਕੇ ਮੋੜ ਘੱ
ਲੇ। ਫੇਰ ਜਦ ਜਾਰਜ ਟਾਮਸਨ ਸਾਹਿਬ ਤੇ ਲੇਵੀਸ ਸਾਹਿਬ ਔਰ ਘੋਤਲੀ ਸਾਹਿਬ
ਆਦਿਕ ਫਰਾਂਸੀਸੀ ਫਰੰਗੀ ਜਿਓਂ ਜਿਓਂ ਆਉਂਦੇ ਰਹੇ, ਉਨਾਂ ਦਾ ਵੈਰੀ ਆ ਬੀ ਓਹੋ ਹੀ ਲਾ
ਠੀ ਵਾਂਙੂ ਏਹੋ ਬਣਕੇ ਓੜਕ ਉਨਾਂ ਦੇ ਸਿਰ ਪੈਂਦਾ ਰਹਿਆ। — ।ਏਹ ਐਸਾ ਬਹਾਦਰ ਬਿੱਲਾ ਜੱ
ਟ ਸੀ, ਜੋ ਕੋਈ ਚੜ੍ਹਕੇ ਆਉਂਦਾ, ਓਸੇ ਦਾ ਸੱਜਾ ਹੱਥ ਬਣ ਬੈਠਦਾ। ਏਹ ਕਹਾਉਤ ਓਸਨੇ
ਸੱਚ ਕਰ ਦਿਖਾਈ। "।ਇੱਕੋ ਸਤ ਫੂਲ ਜਹਾਂਸੁ ਕਾਣਾ - ਤਿਸ ਤੇ ਉਪਰ ਅਚੋਤਾਣਾ।
ਅਚੋਤਾਣੇ ਕਰੀ ਪੁਕਾਰ - ਮੈਂ ਲੀ ਗੜ੍ਹੇ ਤੇ ਮੰਨੀ ਹਾਰ - ਲੀਗੜ੍ਹਾ ਕਹੇ ਸੁਣੋ ਰੇ ਭਾਈ - ਕੀ
ਜੇ ਅੱਗੋਂ ਬਾਹਨ ਕਾਈ - ਸਭਾ ਮੱਧ ਜੁ ਆਯੋ ਮਜ਼ਾਰ - ਤਾਂ ਚੱਲੇ ਸਭ ਦਿੱਤੜ ਝਾੜ।
ਜਿਸ ਦੀ ਛਾਤੀ ਨਾਹੀਂ ਬਾਲ - ਤਿਸ ਤੇ ਡਰਦੇ ਸੱਤ ਪਤਾਲ।" ਸੰ: ੧੮੪੬-੪੭ ਮੇਂ
ਜਦ ਬਘੇਲ ਸਿੰਘ ਨੇ ਦੇਖਿਆ ਕਿ ਹੁਣ ਦਿੱਲੀ ਦੀ ਬਾਦਸਾਹੀ ਤੇਲ ਹੀਣ ਨਖੁੱਟੇ ਦੀਵੇ
ਵਾਂਙੂੰ ਡੋਬੇ ਜੋ ਕੇ ਖਾਂਦੀ ਹੋਈ ਮਦਾਰੀ ਦਾ ਸੱਪ ਬਣ ਰਹੀ ਹੈ, ਸਭ ਖਾਲਸੇ ਨੂੰ ਕੱਠਾ ਕਰ
ਕੇ ਚੜ੍ਹਾਈ ਕਰ ਦਿਤੀ, ਅਨੇਕ ਨਗਾਰੇ ਨਿਸ਼ਾਂਨ ਸੱਠ ਕੁ (੬੦੦੦੦) ਹਜਾਰ ਅਸਵਾਰ ਦੇਸ ਦੀ ਲੁ
ਟ ਮਾਰ ਕਰਦੇ ਹੋਏ ਦਿੱਲੀ ਮਜਨੂੰ ਦੇ ਟਿੱਲੇ ਜਾ ਉਤਰੇ, ਬਡੇ ਤੜਕੇ ਖੜਕੇ ਦੜਕੇ ਨਾਲ
ਅਜਮੇਰੀ ਦਰਵਜੇ ਬੜਕੇ ਏਂ ਸ਼੍ਰੀ ਪਟਮੇਲੀ ਦੀ ਲੁੱਟ ਮਾਰ ਮਚਾਈ, ਹੇਠਲੀ ਉੱਤੇ ਕਰ ਦਿ
ਖਾਈ। ਭਾਜੜਾਂ ਪੈ ਗਈਆਂ, ਕੋਈ ਅਮੀਰ ਵਜੀਰ ਸਿੰਘਾਂ ਦੇ ਸਾਮਣੇ ਨਾ ਹੋਇਆ
ਜਿਸ ਨੇ ਹੱਥ ਉਠਾਯਾ, ਦੋ ਧੜ ਪਾਯਾ, ਬੇਅੰਤ ਲੁੱਚੇ ਬਦਮਾਸ ਸਹਿਰੀ ਬੀ ਲੁੱਟਣ
ਉੱਠ ਪਏ, ਅਨੇਕ ਜਗਾਂ ਓਨਾਂ ਨੇ ਅੱਗ ਲਾ ਦਿਤੀ, ਭੈਣ ਨੂੰ ਭਾਈ, ਸੱਸ ਨੂੰ ਜਵਾਈ, ਤੀ
ਮੀ ਨੂੰ ਖਸਮ, ਪੁੱਤ ਨੂੰ ਮਾਈ ਨ ਪਾਈ, ਤਿੰਨ ਪਹਿਰ ਸਹਿਰ ਉੱਤੇ ਕਹਿਰ ਬੀਤਿਆ, ਲੋਕਾਂ ਹੋਰ

੧ ਇਸ ਕਾ ਨਾਮ ਗਨੇਸ਼ ਰਾਉ ਥਾ

Digitized by Panjab Digital Library | www.panjabdigilib.org

੩੬ ਨਫੈਰਅੰਕਰ ਜਿੱਟੇ, ਸੰਝ ਸਮੇ ਕਿਲੇ ਵਿੱਚ ਜਾ ਬੜੇ, ਤਖਤ ਉੱਤੇ ਬੈਠਉਣ ਲਈ ਕੋਈ ਕਿਸੇ ਨੂੰ
ਚਾਹੇ ਕੋਈ ਕਿਸੇ ਨੂੰ ਇਕ ਗੁਰਮਤਾ ਨ ਹੋਯਾ, ਛੇਕੜ ਆਪਸ ਮੇ ਬਾਖੇਚਾ ਉਡ੍ਹ ਹੋਕੇ ਸਰਦਾਰਾਂ
ਦੇ ਹਥ ਕਬਜਿਆਂ ਉੱਤੇ ਆ ਗਏ। ਉਧਰ ਦਿਨ ਦਾ ਬਾਦਸ਼ਾਹ ਭੀ ਸਿਆਹ ਬੁਰਕਾ ਪਹਿ
ਨ ਬੈਠਾ ਜੋ ਕੁਛ ਜਿਸ ਦੇ ਹੱਥ ਆਯਾ ਸੋ ਉਠਾਯਾ, ਡੇਰੇ ਪੁਚਾਯਾ, ਸਿੰਘਾਂ ਸ਼ਾਹੀ ਕਰ ਦਿਖਾ
ਈ, ਬਾਦਸ਼ਾਹ ਨੇ ਕਹੀ ਏਨਾਂ ਵਿੱਚ ਇੱਤਫਾਕ ਨਹੀਂ, ਸ਼ਾਹੀ ਹਮਾਰੀ ਰਹੀ, ਦਿੱਲੀ ਲੁਟੀ ਤੇ ਕ
ਢਾਹੇ, ਏ ਨਹੀਂ ਹੋ ਸਕਦੇ ਬਾਦਸ਼ਾਹ। ਏਧਰ ਕੌਣ ਕਿਸੇ ਦੀ ਪੁੱਛੇ ਸਲਾਹ, ਖਾਲਸਾ ਤਨੇ ਤ
ਨੇ ਬਾਦਸ਼ਾਹਾਂ ਦੌਲਤ ਲੁੱਟੀ ਬੇ ਸੁਮਾਰ, ਘੋੜੇ ਲੱਦੇ ਪਏ ਰਾਹ, ਸਿਰਫ ਬਘੇਲ ਸਿੰਘ, ਖੁਸ
ਹਾਲ ਸਿੰਘ, ਤਾਰਾ ਸਿੰਘ, ਕਰਮ ਸਿੰਘ, ਭਾਗ ਸਿੰਘ, ਸਾਹਿਬ ਸਿੰਘ ਆਦਿਕ ਸਰਦਾਰ
ਦਸ ਕ ਹਜਾਰ ਅਸਵਾਰ ਨਾਲ ਓਥੇ ਠਹਿਰੇ, ਹੋਰ ਸਭ ਚਲੇ ਆਏ। — ਜੇ ਕਦੇ ਓਦੋਂ ਸਿੰਘ
ਦਿੱਲੀ ਮੱਲ ਬੈਠਦੇ, ਤਾਂ ਏਨਾਂ ਨੂੰ ਕੌਣ ਕੱਢਣ ਵਾਲਾ ਸੀ — ਪਰ ਇਲਮ[੧], ਇਤਫਾਕ[੨], ਖੁਲਕ[੩]
ਉਦਾਰਤਾ[੪], ਬਹਾਦਰੀ[੫], ਏਹ ਪਾਂਚ ਗੁਣ ਬਾਦਸ਼ਾਹੀ ਲੈਣ ਦੇ ਮੁਖ ਹਨ, ਜਿਨ੍ਹਾਂ ਵਿੱਚ ਉਦ
ਰਤਾ, ਬਹਾਦਰੀ ਏਹੀ ਦੋ ਗੁਣ ਸੇ, ਤੀਨ ਹੀ ਨ ਕੈਸੇ ਬਾਦਸ਼ਾਹੀ ਲੇਵੇ ਚੀਨ — ਮਿਰਜੇ ਗੌਹਰ ਅ
ਲੀ ਸ਼ਾਨੀ ਆਲਮ ਸ਼ਾਹ ਬਾਦਸ਼ਾਹ ਨੇ ਵਜੀਰਾਂ ਅਮੀਰਾਂ ਨੂੰ ਆਖਿਆ ਕਿਸੇ ਹਿਕਮਤ ਨ
ਲ ਏਨਾਂ ਬਲਾਂਈ ਨੂੰ ਏਥੋਂ ਕੱਢੋ, ਵਜੀਰ ਸਆਦਤ ਅਲੀ ਖਾਂ ਤੇ ਦੀਵਾਨ ਰਾਮ ਦ
ਲ ਨੇ ਆਖਿਆ ਏਨਾਂ ਨੂੰ ਮੁਲਕ ਲੁੱਟਣ ਮਾਰਨ ਦੀ ਤਾਕਤ ਹੈ ਮੱਲਣ ਦੀ ਅਕਲ ਨਹੀਂ, ਹੜ
ਦੇ ਪਾਣੀ ਵਾਂਗੂ ਆਪੇ ਕਿਧਰੇ ਚਲੇ ਜਾਣਗੇ, ਏਨਾਂ ਵਿੱਚ ਸਖਸੀ[੧] ਜਮਹੂਰੀ[੨] ਕੋਈ ਹਕੂਮ
ਨਹੀਂ, ਸਭੇ ਆਪ ਨੂੰ ਬਾਦਸ਼ਾਹ ਮੰਨਦੇ ਹਨ, ਕਿਸ ਨਾਲ ਗੱਲ ਕਰੀਏ — ਓਸ ਵੇਲੇ ਸਰ
ਧਨੇ ਵਾਲੀ ਸਮਰੂ ਦੀ ਬੇਗਮ ਦਾ ਮੰਤ੍ਰ ਦਿੱਲੀ ਦੇ ਦਰਬਾਰ ਵਿੱਚ ਚੰਗਾ ਚਲਦਾ ਸੀ।
ਸਰਦਾਰ ਬਘੇਲ ਸਿੰਘ ਨਾਲ ਓਸ ਦੀ ਸਿਆਣ ਸੀ, ਕਿਓਂਕੇ ਇੱਕ ਵਾਰੀ ਓਸ ਨੂੰ
ਸਿੰਘਾਂ ਦੇ ਹੱਲੇ ਵਿੱਚੋਂ ਬਘੇਲ ਸਿੰਘ ਨੇ ਬਚਾਯਾ ਸੀ, ਓਸ ਨੇ ਪਹਿਲਾਂ ਤਾਂ ਸਿੰਘਾਂ ਦੀ
ਮੁਲਾਕਾਤ ਬਾਦਸ਼ਾਹ ਨਾਲ ਅੱਛੀ ਤਰਾਂ ਕਰਾਈ, ਸਰਦਾਰਾਂ ਨੇ ਨਜਰਾਂ ਕਮਾਣਾਂ ਦਿੱਤੀ
ਆਂ ਬਾਦਸ਼ਾਹ ਨੇ ਖਿਲਤ, ਕਲਗੀਆਂ, ਤੋੜੇ, ਸਮਸ਼ੇਰਾਂ, ਬਖਸੀਆਂ, ਸਿੰਘਾਂ ਦੇ ਤੇਜ ਪ੍ਰ
ਤਾਪ ਦਬਦਬੇ ਨੂੰ ਦੇਖਕੇ ਤੇ ਗੱਲਾਂ ਸੁਣ ੨ ਬਾਦਸ਼ਾਹ ਬਹੁਤ ਖੁਸੀ ਹੋਇਆ, ਸਿੰਘਾਂ ਦੀ
ਸਜਾਵਟ ਚੜ੍ਹਤ ਨੂੰ ਦੇਖਕੇ ਜੇਹੜੇ ਅਮੀਰ ਹੋਕੇ ਬੈਠੇ ਰਹਿ ਗਏ। ਸਿੰਘਾਂ ਨੂੰ ਬਾਦਸ਼ਾਹ
ਨੇ ਗੁਰਦੁਆਰੇ ਬਣਾ ਲੈਣ ਦੀ ਆਗਿਆ ਦਿੱਤੀ, ਪਰ ਸ਼ਹਿਰ ਦੀ ਕੋਤਵਾਲੀ ਤੇ ਜਗਾਤ

Digitized by Panjab Digital Library | www.panjabdigilib.org

ਬੇਗਮ ਨੇ ਬਘੇਲ ਸਿੰਘ ਨੂੰ ਵਿਦਾਈ ਕਿਓਂਕਿ ਬਿਨਾਂ ਹਕੂਮਤ ਮਕਾਨ ਬਨਣੇ ਔਖੇ ਸੇ ੩੧
ਬਘੇਲ ਸਿੰਘ ਨੇ ਚਾਰ ਹਜਾਰ ਅਸਵਾਰ ਸਮੇਤ ਸਬਜ਼ ਮੰਡੀ ਵਿੱਚ ਆਪਣਾ ਡੇਰਾ ਰੱਖ
ਕੇ ਪਹਿਲੇ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਦਾ ਮਕਾਨ ਬਣਵਾਇਆ ਜੋ ਓਦੋਂ ਸ਼ਹਿਰ ਵਿਚ ਸੀ
ਹੁਣ ਬਾਹਰ ਹੈ-ਦੂਜਾ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਬੰਗਲਾ ਜੈਪੁਰ ਮੁਕਾਮ ਕੀਤਾ ਤੀ
ਜਾ ਜਮਨਾ ਕਨਾਰੇ ਦੋਹਾਂ ਮਾਈਆਂ ਤੇ ਅੱਠਮੇ ਗੁਰੂ ਦਾ ਦੇਹੁਰਾ ਰਚਾਇਆ ਚੌਥਾ ਰਕਾਬਗੰ
ਜ ਮੱ ਜਿੱਥੇ ਲੱਖੀ ਲੁਬਾਣੇ ਨੇ ਆਪਣੇ ਘਰ ਸਮੇਤ ਨੌਮੇ ਗੁਰੂ ਦਾ ਦਾਹ ਕੀਤਾ ਸੀ ਬੜ
ਭਾਗੀ ਸਮਾਧਿ ਬਣਵਾਈ ਜੋ ਹੁਣ ਰਕਾਬਗੰਜ ਦੇ ਨਾਮ ਸੇ ਉੱਘੀ ਹੈ ਪੰਜਵੇਂ ਸੀਸਗੰ
ਜ ਕੋਤਵਾਲੀ ਪਾਸ ਬੋਹੜ ਦੇ ਬ੍ਰਿਛ ਤਲੇ ਜਿੱਥੇ ਭਜਨ ਕਰਦੇ ਹੋਏ ਗੁਰੂ ਤੇਗ ਬਹਾ
ਦਰ ਦਾ ਸੀਸ ਨੌਰੰਗਸ਼ਾਹ ਨੇ ਉਤਰਾਇਆ ਸੀ। ਓਥੇ ਬੜਾ ਦੰਗਾ ਹੋਇਆ ਕਿਓਂਕਿ ਮੁ
ਸਲਮਾਨਾਂ ਨੇ ਓਥੇ ਮਸੀਤ ਬਣਾ ਲਈ ਸੀ, ਜਦ ਸਿੰਘ ਮਸੀਤ ਗਿਰਾ ਕੇ ਮੰਜੀ ਸਾਹਿ
ਬ ਰਚਣ ਲੱਗੇ, ਤਾਂ ਮੁਸਲਮਾਨ ਕਈ ਹਜਾਰ ਮਰਨ ਮਾਰਨ ਨੂੰ ਆ ਕੱਠੇ ਹੋਏ, ਬਘੇ
ਲ ਸਿੰਘ ਨੇ ਫੇਰ ਖਾਲਸੇ ਦਾ ਦਲ ਮੇਣ ਦੁਆਬ ਵਿੱਚੋਂ ਬੁਲਾ ਕੇ ਓਨਾਂ ਅਮੀਰਾਂ ਦੀਆਂ ਜਾ
ਗੀਰਾਂ ਲੁਟਵਾਈਆਂ, ਜੇੜ੍ਹੇ ਦੰਗੇ ਦੇ ਮੁਹੈਲੀ ਥੇ, ਹਾਰ ਕੇ ਉਨਾਂ ਨੇ ਫੇਰ ਮਹਿਰਾਂ ਲਈਆਂ
ਤਾਂ ਵਜ਼ੀਰ ਸਆਦਤ ਅਲੀ ਖਾਂ ਤੇ ਅਬਦੁਲ ਰਹਿਮਾਨ ਖਾਂ ਵਗੈਰੇ ਸਿਆਣੇ ਲੋਕਾਂ
ਨੇ ਸਮਝਾ ਬੁਝਾ ਕੇ ਥੋੜੀ ਸੀ ਕੰਧ ਮਸੀਤ ਦੀ ਪਿੱਛੇ ਹਟਾ ਕੇ ਬੋਹੜ ਬ੍ਰਿਛ ਦੇ ਨੀਚੇ ਮੰਜੀ
ਸਾਹਿਬ ਤੇ, ਇੱਕ ਤਿਦਰੀ ਰੀਬ ਸਾਹਿਬ ਖੇਲਣ ਲਈ ਬਣਵਾ ਦਿਤੀ, ਜਿਸ ਦੀ ਟਹਿਲ ਵਾਸ
ਤੇ ਇਕ ਬ੍ਰਾਮਣ ਸਿੰਘ ਨੂੰ ਕਾਇਮ ਕਰ ਬਘੇਲ ਸਿੰਘ ਨੇ ਜਾਗੀਰ ਲਾ ਦਿੱਤੀ ਉਸੇ ਪੁਜਾਰੀ ਦੀ
ਸੰਤਾਨ ਵਿੱਚੋਂ ਹੁਣ ਮਲੂਕ ਸਿੰਘ ਪੁਜਾਰੀ ਤੇ ਮਹੰਤ ਓਥੇ ਦਾ ਹੈ। ਫੇਰ ਸੰ: ੧੮੧੪ ਵਿੱਚ ਸਰਕਾ
ਰ ਅੰਗ੍ਰੇਜੀ ਨੇ ਜਦ ਦਿੱਲੀ ਫਤੇ ਕਰ ਕੇ ਸਬਨਾਂ ਰਾਜਿਆਂ ਨੂੰ ਮਕਾਨ ਬਖਸ਼ੇ ਤਾਂ ਰਾਜੇ ਸਰੂਪ ਸਿੰਘ
ਜੀਂਦ ਵਾਲੇ ਨੇ ਓਹ ਮਸੀਤ ਲਈ, ਤੇ ਸਫਾ ਕਰਵਾ ਕਰ ਚੰਗਾ ਸੁੰਦਰ ਗੁਰਦੁਆਰਾ ਬਣਵਾ ਦਿੱਤਾ।
ਜਿਸ ਦੇ ਝਗੜੇ ਦਾ ਸਾਰ ਬ੍ਰਿਤੰਤ ਰਾਜਾ ਜੀਂਦ ਦੇ ਹਾਲ ਵਿੱਚ ਲਿਖਾ ਹੈ—ਛੀਵਾਂ ਗੁਰਦੁਆਰਾ
ਮਜਨੂੰ ਦੇ ਟਿੱਲੇ ਪਰ ਜਿੱਥੇ ਗੁਰੂ ਨਾਨਕ ਜੀ ਤੇ ਗੁਰੂ ਹਰਿਗੋਬਿੰਦ, ਜੋ ਵੀ ਰਾਮਰਾਇ ਠਹਿਰੇ ਸੇ
ਬਣਵਾਇਆ—ਸੱਤਵਾਂ ਮੋਤੀ ਦੇ ਬਾਗ ਵਿੱਚ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਬੈਠ ਕੇ ਹਾਥੀਆਂ
ਤੇ ਪਹਿਲਵਾਨਾਂ ਦੀ ਕੁਸ਼ਤੀ ਦੇਖਿਆ ਕਰਦੇ ਸੇ-ਏਹ ਸੱਤਾਂ ਗੁਰਦੁਆਰਿਆਂ ਦੀ ਆਬਾਦੀ ਤੇ ਰੀਬੀ
ਆਂ ਦੇ ਗੁਜਾਰੇ ਵਾਸਤੇ ਜਾਗੀਰਾਂ ਦੇ ਕਰ ਜਦ ਬਘੇਲ ਸਿੰਘ ਆਉਣ ਲੱਗਾ, ਤਾਂ ਬਾਦਸ਼ਾਹ ਨੇ

Digitized by Panjab Digital Library | www.panjabdigilib.org

੩੮ ਆਖਿਆ, ਅਸੀਂ ਸਿੰਘਾਂ ਦੀ ਲੁੱਟ ਅਧਿਭੁਤ ਸੁਣੀ ਹੈ, ਵੇਖੀ ਨਹੀਂ, ਬਘੇਲ ਸਿੰਘ ਨੇ ਇੱਕ ਖੇਤ ਪੋ
ਨੇ ਗੰਨਿਆਂ ਦਾ ਲੁਟਵਾ ਕੇ ਬਾਦਸ਼ਾਹ ਨੂੰ ਦਿਖਾਇਆ। ਜਿਸ ਲੀਲਾ ਨੂੰ ਦੇਖ ਕੇ ਬਾਦਸ਼ਾਹ ਤੇ ਅਮੀ
ਰ ਵਜ਼ੀਰ ਹੱਸ ਹੱਸ ਕੇ ਫਟੇ ਹੋ ਗਏ, ਤੇ ਹੱਕੇ ਬੱਕੇ ਰਹਿ ਕਰ ਬਾਦਸ਼ਾਹ ਨੇ ਆਖਿਆ, ਜਦ ਏਨਾਂ ਦਾ
ਏਹ ਹਾਲ ਹੈ, ਇੱਕ ਦੂਸਰੇ ਤੋਂ ਖੋਹ ਖਾਂਦੇ ਹਨ ਤੇ ਆਪਸ ਮੇਂ ਪੱਗੋ ਹੱਥੀ ਦਾੜ੍ਹੀ ਮਵਾੜੀ ਗੱਲਾਂ ਉੱਤੇ ਪ
ਏ ਹੁੰਦੇ ਹਨ, ਤਾਂ ਦੌਲਤ ਦੀ ਲੁੱਟ ਪਰ ਕਿਓਂ ਨਾ ਕਟ ਮਰਦੇ ਹੋਣਗੇ। ਵਜ਼ੀਰ ਸਆਦਤ ਖਾਂ ਤੇ
ਦੀਵਾਨ ਰਾਮ ਦਿਆਲ ਨੇ ਅਰਜ਼ ਕੀਤੀ ਕਿ ਆਪ ਏਨਾਂ ਦਾ ਇਤਫਾਕ ਭੀ ਵੇਖ ਲੀਜੀਏ। ਭੇਸ
ਬਦਲਾ ਕੇ ਬਾਦਸ਼ਾਹ ਨੂੰ ਸਿੰਘਾਂ ਦੇ ਲਸ਼ਕਰ ਵਿੱਚ ਲੈ ਗਏ। ਇੱਕ ਸਿੰਘ ਨੇ ਤਿੱਨ ਵਰੀਆਂ ਪ
ਨੇ ਵਾਸਤੇ ਸਰਦਾਈ ਰਗੜੀ, ਹੋਰ ਆਏ ਪੀ ਗਏ, ਓਹ ਬਹੁਤ ਖੁਸ਼ੀ ਹੋ ਕੇ ਪਿਲਾਉਂਦਾ ਰੈਹਾ
ਏਸੇ ਤਰਾਂ ਕਈ ਜਗਾਂ ਲੰਗਰ ਹੁੰਦਾ, ਬਰਤਦਾ, ਤੇ ਇੱਕ ਦੂਸਰੇ ਨੂੰ ਖੁਲ੍ਹਾ ਪਿਲਾ ਕੇ ਖੁਸ਼ੀ ਹੁੰਦਾ ਦੇ
ਖਿਆ, ਸਕੇ ਭਾਈਆਂ ਨਾਲੋਂ ਅਧਿਕ ਪਿਆਰ ਦੇਖ ਕੇ ਬਾਦਸ਼ਾਹ ਦੀ ਖਾਤਰ ਜਮਾ ਹੋਈ, ਫੇਰ ਪੰਜ
ਹਜ਼ਾਰ ਰੁਪਿਆ ਕੜਾਹ ਪ੍ਰਸ਼ਾਦਿ ਵਾਸਤੇ ਸਿੰਘਾਂ ਨੂੰ ਔਰ ਜਿਗਾ ਕਲਗੀ, ਤੋੜਾ ਖਿਲਤ, ਇ
ਕ ਹਾਥੀ ਹੌਦੇ ਸਮੇਤ ਬਘੇਲ ਸਿੰਘ ਨੂੰ ਦੇ ਕੇ ਬਾਦਸ਼ਾਹ ਨੇ ਬਿਦਾ ਕੀਤਾ। — ਜਗਾਤ ਦਾ ਕੰ
ਮ ਜੋ ਦੀਵਾਨ ਰਾਮ ਦਿਆਲ ਨੂੰ ਸੌਂਪਿਆ ਗਿਆ ਸੀ, ਉਸ ਵਿੱਚੋਂ ਚੌਥੇ ਹਿੱਸੇ ਦਾ ਨਫਾ ਬਘੇਲ ਸਿੰਘ
ਦੇ ਮਰਨ ਤਕ ਛਲੌਦੀ ਆਉਂਦਾ ਰੈਹਾ — ਬਘੇਲ ਸਿੰਘ ਦੇ ਆਏ ਪਿਛੋਂ ਜਿਸ ਤਰਾਂ ਮਹਿ
ਟਿਆਂ ਨੇ ਦਿੱਲੀ ਮੱਲ ਲਈ ਸੀ, ਓਹ ਕਥਾ ਮਹਿਟਿਆਂ ਦੇ ਬ੍ਰਿਤਾਂਤ ਵਿੱਚ ਲਿਖਾਂਗੇ॥ — ਸੰ:
੧੮੫੭ ਮੇਂ ਗੁਲਾਬ ਸਿੰਘ ਭੰਗੀ ਦੇ ਗੁਜ਼ਰੇ ਤੋਂ ਉਸ ਦੇ ਪ੍ਰਗਣੇ ਤਰਨਤਾਰਨ, ਸਭਰਾਂ, ਸਿਰ
ਹਾਲੀ ਬਘੇਲ ਸਿੰਘ ਨੇ ਅੰਮ੍ਰਿਤਸਰ ਇਸ਼ਨਾਨ ਕਰਨ ਦੇ ਬਹਾਨੇ ਜਾ ਕਰ ਦਬਾ ਲੀਏ — ਸੰ:
੧੮੫੮ ਕੇ ਬਾਦ ਗੁਜ਼ਰਨੇ ਬੇ ਔਲਾਦ ਬਘੇਲ ਸਿੰਘ ਦੇ ਓਹ ਤਿੰਨੇ ਪ੍ਰਗਣੇ ਤਾਂ ਸਰਕਾਰ
ਲਾਹੌਰ ਨੇ ਲੈ ਲੀਤੇ, ਔਰ ਪ੍ਰਗਣੇ ਸਆਮ ਚੁਰਾਸੀ, ਹਰਿਆਣਾ ਦੋ ਲਾਖ ਦੇ ਉਸ ਦੀ ਸਰ
ਦਾਰਨੀ ਰਾਮ ਕੌਰ ਪਾਸ, ਔਰ ਪ੍ਰਗਣਾ ਛਲੌਦੀ, ਖੁਰਦੀਨ, ਬਹਿਲੋਲਪੁਰ ਤਿੰਨ ਲਾਖ ਦੇ ਉ
ਸ ਦੀ ਤੀਜੀ ਰਤਨ ਕੌਰ ਪਾਸ ਰਹੇ, ਪਰ ਸੰ: ੧੮੬੩ ਮੇਂ ਗੰਗਾ ਇਸ਼ਨਾਨ ਕਰ ਮੁੜਦੇ ਹੋਏ ਮ
ਹਾਰਾਜੇ ਰਣਜੀਤ ਸਿੰਘ ਨੇ ਪ੍ਰਗਣਾ ਖੁਰਦੀਨ ਦੋ ਲਾਖ ਰੁਪਏ ਦਾ ਰਤਨ ਕੌਰ ਤੋਂ ਛੀਨ ਕੇ
ਸਰਦਾਰ ਜੋਧ ਸਿੰਘ ਕਲਸੀਏ ਨੂੰ ਤੇ ਬਹਿਲੋਲਪੁਰ ਆਪਣੇ ਕਾਰਦਾਰ ਬੀਰਭਾਨ ਨੂੰ ਦੇ
ਦਿੱਤਾ — ਸੰ: ੧੮੬੫ ਮੇਂ ਜਦ ਸਰਕਾਰ ਖਾਲਸਾ ਤੇ ਸਰਕਾਰ ਅੰਗ੍ਰੇਜ਼ੀ ਦਾ ਬੰਨਾ ਸਤਲ
ਜ ਠਹਿਰਿਆ ਤਾਂ ਸਰਕਾਰ ਲਾਹੌਰ ਨੇ ਦੋ ਲਾਖ ਦਾ ਮੁਲਕ ਤੇ ਚੌਬੀ ਲਾਖ ਰੁਪਿਆ ਨਕਦ ਬ

Digitized by Panjab Digital Library | www.panjabdigilib.org

ਤੋਪਾਂ ਸਮੇਤ ਸਭ ਸਾਮਾਨ ਰਾਮ ਕੌਰ ਦਾ ਛੀਨ ਕੇ ਦੋ ਪਿੰਡ ਉਸ ਨੂੰ ਗੁਜਾਰੇ ਵਾਸਤੇ ਦੇ ਦਿੱਤੇ, ਪ ੩੯
ਰ ਓਹ ਰੋਂਦੀ ਹੋਈ ਸਰਕਾਰ ਅੰਗ੍ਰੇਜੀ ਪਾਸ ਲੁੱਧਿਆਣੇ ਚਲੀ ਆਈ— ਕਰਨੈਲ ਲੋਨੀ
ਅਖਤ ਸਾਹਿਬ ਬਹਾਦੁਰ ਨੇ ਉਸ ਦੇ ਖਸਮ ਦਾ ਮੁਲਕ ਉਸੇ ਦਾ ਹੱਕ ਜਾਣ ਕੇ ਪ੍ਰਗਣਾ ਖੁਡ
ਦੀ ਨੌ ਬੀ ਹਜਾਰ ਦਾ ਸਰਦਾਰ ਜੋਧ ਸਿੰਘ ਤੋਂ ਛੁਡਾ ਕੇ ਉਸ ਨੂੰ ਦੇ ਦਿੱਤਾ ਜਿਸ ਪਰ ਓਹ ਸੰ:
੧੯੦੫ ਤਕ ਕਾਬਜ ਰਹਿ ਕੇ ਜਦ ਮਰੀ ਤਾਂ ਉਸ ਦਾ ਪ੍ਰਗਣਾ ਸਰਕਾਰੇ ਜਬਤ ਹੋਇਆ
ਤੇ ਅਸਬਾਬ ਉਸ ਦੇ ਵਾਰਸਾਂ ਨੂੰ ਮਿਲਿਆ, ਔਰ ਸਰਦਾਰਨੀ ਰਤਨ ਕੌਰ ਸੰ: ੧੯੧੧ ਮੇਂ ਜ
ਦ ਮਰੀ, ਤਾਂ ਉਸ ਦਾ ਇਲਾਕਾ ਬੀ ਸਰਕਾਰੇ ਆ ਰਹਿਆ ਸੀ, ਕਹਿੰਦੇ ਹਨ, ਉਸ ਦੇ ਮਰੀ ਤੋਂ ਜ
ਦਾ ਮਾਲੀ ਸਾਹਿਬ ਕਪਤਾਨ ਨੇ ਉਸ ਦਾ ਮਾਲ ਮੁਲਕ ਜਬਤ ਕੀਤਾ, ਤਾਂ ਉਸ ਦੇ ਖਜਾਨੇ ਵਿ
ਚੋਂ ਅਤਨਕੂ ਹੀਰੇ, ਮੋਤੀ, ਚੂਨੀ, ਪੰਨੇ, ਤਾਂਬੜੇ, ਲਸਨੀਆਂ, ਪੁਖਰਾਜ, ਨੀਲਮ, ਸ੍ਵਾਈਨੇ ਚਾਂ
ਦੀ ਦੇ ਬਰਤਨ, ਜੇਵਰ ਜੜਾਊ ਨਿਕਲੇ, ਗੁਰਮਿਟ ਹੱਕੀ ਬੱਕੀ ਰਹਿ ਗਈ, ਜਿਨ੍ਹਾਂ ਦੀ ਕੀ
ਮਤ ਬਾਰਾਂ ਲਾਖ (੧੨੦੦੦੦੦) ਰੁਪਿਆ ਜੌਹਰੀਆਂ ਨੇ ਪਾਇਆ ਸੀ, ਜਿਸ ਵਿਚੋਂ ਇਕ ਹੁੱਕਾ ਪੰਜਾਹ (੫੦੦੦੦) ਹਜ
ਾਰ ਦਾ, ਤੇ ਕੰਠਾ ਦੋ ਲਾਖ ਦਾ, ਇੱਕ ਛਟੀ ਚੌਤੀ ਹਜਾਰ ਦੀ ਸੀ, ਏਹ ਸਭ ਦੌਲਤ ਜੋ ਬਘੇਲ
ਸਿੰਘ ਨੇ ਲੋਗਾਂ ਦੇ ਘਰ ਲੁੱਟ ਪੁੱਟ ਕੇ ਕੱਠੀ ਕੀਤੀ ਸੀ, ਇੱਕ ਪੁੱਤ੍ਰ ਬਿਨਾ ਜੈਸੇ ਆਈ ਤੈਸੇ ਗ
ਈ, ਤਾਂ ਹੀ ਆਖਦੇ ਹਨ ਕਿ ਪੁਤ੍ਰ ਬਿਨਾ ਗਤਿ ਨਹੀਂ॥ ।ਦੇਖਣਾ ਚਾਹੀਏ ਦੁਨੀਆਂ
ਵਿੱਚ ਕੈਸੇ ੨ ਨਿਰਭੈ ਸੂਰਬੀਰ ਸਖੀ ਮਰਦ, ਇਲਮ ਅਕਲ ਦੇ ਕੋਟ ਦੌਲਤ ਵਿਚ ਹੋ ਗਏ
ਹਨ, ਪਰ ਜਿਨ੍ਹਾਂ ਦੇ ਨਾਮ ਕਰਮ ਧਰਮ ਪੋਥੀਆਂ ਵਿੱਚ ਲਿਖੇ ਗਏ, ਓਹ ਤਾਂ ਸਦਾ ਅਮਰ ਹਨ
ਜਿਨ੍ਹਾਂ ਦੇ ਨਾਮ ਨਹੀਂ ਲਿਖੇ ਗਏ— ਓਹ ਚਾਹੋ ਬੜੇ ੨ ਬਾਦਸ਼ਾਹ ਅਮੀਰ ਪੀਰ ਫਕੀਰ ਬੀ ਹੋ
ਲੀਏ, ਤੌ ਭੀ ਕੀੜੇ ਪਤੰਗਿਆਂ ਵਾਂਙੂ ਗੁਮਨਾਮ ਹੋ ਗਏ॥ ।ਏਹ ਸਰਦਾਰ ਬਘੇਲ
ਸਿੰਘ ਅਤੀ ਸੂਰਬੀਰ ਨਿਰਭੈ ਕਠੋਰ ਚਿੱਤ ਜਮਾਨੇ ਸਾਜ ਲੰਬਾ ਕੱਦ ਬਿੱਲੇ ਨੇਤ੍ਰ ਪੱਕਾ ਰੰਗ
ਬਹੁਤ ਸਿਆਣਾ ਪੂਰਾ ਸਿਦਕੀ ਸਿੱਖ ਸੀ, ਏਸ ਨੇ ਲੋਗਾਂ ਦੇ ਘਰ ਲੁੱਟ ਪੁਟ ਕੇ ਦੌਲਤ ਜ
ਮਾ ਕੀਤੀ, ਪਰ ਕਿਸੇ ਕੰਮ ਨਾ ਆਈ, ਤਾਂ ਤੇ ਦੌਲਤ ਵਾਲੇ ਲੋਗਾਂ ਨੂੰ ਚਾਹੀਦਾ ਹੈ, ਕਿਸੇ ਅਸੇ
ਸੁਭ ਕੰਮ ਉੱਤੇ ਦੌਲਤ ਲਾ ਜਾਯਾ ਕਰੇ ਜਿਸ ਸੇ ਨਾਮ ਰਹੇ— ।ਬਘੇਲ ਸਿੰਘ ਦੇ
ਮਰੇ ਪਿੱਛੋਂ ਏਸ ਮਿਸਲ ਦਾ ਮਾਲਕ ਸਰਦਾਰ ਜੋਧ ਸਿੰਘ ਹੋਯਾ, ਜੋ ਪਹਿਲੇ ਭੀ ਇੱਕ
ਲਾਖ ਰੁਪਏ ਦੇ ਮੁਲਕ ਦਾ ਮਾਲਕ ਤੇ ਬਘੇਲ ਸਿੰਘ ਦਾ ਨਾਇਬ ਸੀ, ਏਸ ਕਰ ਕੇ ਉਸ
ਦਾ ਬ੍ਰਿਤਾਂਤ ਬੀ ਏਥੇ ਹੀ ਲਿਖਣ ਦੀ ਜਰੂਰਤ ਹੋਈ॥

Digitized by Panjab Digital Library | www.panjabdigilib.org

੪੦

# ।ਬ੍ਰਿਤਾਂਤ ਰਿਆਸਤ ਕਲਸੀ
## ਅੰਦਾ

- ਸ: ਗੁਰਬਖਸ਼ਸਿੰਘ
  - ਸ: ਜੋਧਸਿੰਘ
    - ਕਰਮਸਿੰਘ
    - ਹਰੀਸਿੰਘ ੧੮੭੩ ਮ:
      - ਦੇਵਾਸਿੰਘ ੧੮੯੪ ਮ:
        - ਉਮਰਾਉਸਿੰਘ ੧੯੦੧ ਮ:
    - ਸ: ਸੋਭਾਸਿੰਘ
      - ਸ: ਲੈਹਣਾਸਿੰਘ ੧੯੨੬ ਮ:
        - ਸ: ਬਿਸ਼ਨਸਿੰਘ ੧੯੪੦ ਮ:
          - ਸ: ਰਣਜੀਤਸਿੰਘ ਸੰ: ੧੯੩੮ ਮੇਂ ਪੈਦਾ ਹੋਯਾ ਅਬ ਮਸਨਦਨਸ਼ੀਨ ਹੈ
          - ਸ: ਜਗਤਸਿੰਘ ੧੯੪੩ ਮ:
      - ਮਾਨਸਿੰਘ ੦

।ਏਸ ਰਿਆਸਤ ਦਾ ਪਰਪਿਤਾਮਾ ਸਰਦਾਰ ਗੁਰਬਖਸ਼ਸਿੰਘ ਸੰਧੂ ਜਿਮੀਦਾਰ ਜਿਲੇ
ਲਹੌਰ ਪਰਗਨੇ ਕਸੂਰ ਕਲਸੀ ਪਿੰਡ ਦੇ ਰਹਿਣ ਵਾਲਾ ਸੀ, ਜਦ ਨਵਾਬ ਖਾਂ ਬਹਾਦਰ ਨੇ ਪੰਜਾਬ
ਵਿੱਚ ਬਡੇ ਜੋਰ ਜੁਲਮ ਜਿਤਾਏ, ਤੇ ਬੇਅੰਤ ਹਿੰਦੂ ਜਲੋਂ ਮਲੀ ਮੁਸਲਮਾਨ ਕਰ ਕੇ, ਤੇ ਹਿੰਦੂ
ਧਰਮ ਦੀ ਰੱਖਿਆ ਵਾਸਤੇ ਖਾਲਸੇ ਪੰਥ ਨੇ ਤੇਗ ਉਠਾਈ, ਤਾਂ ਏਸ ਸਰਦਾਰ ਨੇ ਭੀ ਅਪਣੇ ਕ
ਈ ਭਾਈ ਬੰਧੂਆਂ ਸਮੇਤ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕ ਸ: ੧੭੮੨ ਮੇਂ ਜਾਮਨ ਦਲ ਖ
ਲਸੇ ਦੇ ਹੋ ਕੇ ਐਸੀ ਹਿੰਮਤ ਦੀ ਤੇਗ ਉਠਾਈ, ਅਨੇਕ ਪਿੰਡ ਵੈਰੀਆਂ ਦੇ ਫੂਕ ਸਾੜ ਉਜਾੜ ਛੱਡੇ
ਮੁਸਲਮਾਨਾਂ ਨੂੰ ਲੁੱਟ ਮਾਰ ਕੇ ਅਪਣੇ ਧਰਮ ਤੇ ਧਨ ਦੀ ਬ੍ਰਿਧੀ ਕਰ ਲੀਤੀ, ਸਰਦਾਰ ਕਰਮ ਸਿੰ
ਘ ਪੈਜ ਗੜ੍ਹੀਏ ਨਾਲ ਏਸ ਦੀ ਬਹੁਤ ਮੁਹੱਬਤ ਹੋ ਗਈ, ਜਦ ਓਹ ਸੰ: ੧੮੧੮ ਬਿ: ਕੋ ਗਿਲ
ਜ਼ਿਆਂ ਦੇ ਜੰਗ ਵਿੱਚ ਮਜੀਠੇ ਪਾਸ ਮਾਰਿਆ ਗਿਆ ਤੇ ਕਰੋੜਾ ਸਿੰਘ ਉਸ ਦਾ ਚੇਲਾ ਸਰਦ
ਰ ਹੋ ਗਯਾ ਤਾਂ ਉਸ ਨਾਲ ਏਸ ਦੀ ਪੱਗ ਵੱਟੀ ਗਈ, ਏਸ ਕਰ ਕੇ ਏਸੇ ਮਿਸਲ ਦਾ ਸਾਥੀ ਰਹਿ ਕੇ
ਏਸ ਨੇ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਹੱਲਿਆਂ ਵਿੱਚ ਬੇਸ਼ੁਮਾਰ ਗਿਲਜੇ ਤਰਵਾਰ ਦੀ ਧਾਰ
ਥਾਣੀ ਪਾਰ ਕੀਤੇ— ਸੰ: ੧੮੧੬ ਮੇਂ ਅਦੀਨਾ ਬੇਗ ਖਾਂ ਹਾਕਮ ਦੁਆਬੇ ਦੇ ਮਰੇ ਤੇ ਹੋਰ ਸਿੱਖਾਂ ਸ
ਰਦਾਰਾਂ ਵਾਂਗੂੰ ਏਸ ਨੇ ਭੀ ਪਰਗਨਾ ਬਬੈਲੀ ਇਕੱਲਾ ਖੜੂ ਪਏ ਸਾਲਾਂ ਦਾ ਮੱਲ ਲੀਤਾ—

ਫੇਰ ਜਦ ਖਾਲਸੇ ਨੇ ਰਾਜੇ ਬੀਕਾਨੇਰ ਦੀ ਮਦਦ ਪਰ ਜਾਕੇ ਭਆਣੀ ਤਕ ਸੇਖਾਵਾਟੀ[1] ਆਦਿਕ ਦੇਸ ੫੧
ਦੇ ਸਹਿਰ ਨੌਲਗੜ੍ਹ, ਮੰਡਰੇਲੋ, ਮੰਡਾਊ, ਬਿਸਾਊ, ਸੀਕਰ, ਸੂਰਜਗੜ੍ਹ, ਧੂੰਦਲੂ, ਅਲਸੀਸਰ ਆ
ਦਿਕ ਮਾਰਵਾੜ ਦੇ ਸਹਿਰ ਤੇ ਓਥੋਂ ਹਾਂਸੀ ਹਸਾਰ ਦੀ ਤਰਫ ਨੂੰ ਮੁੜਦੇ ਹੋਏ ਦਰੌਣੇ ਦਾ ਉਚਾਣਾ ਮੰਗਾਲ
ਪੁਰ, ਝਾਜੋ ਰੋਵਾਣਾ, ਚਿੜੀ ਚਾਂਦੀ, ਰੋਹਤਕ ਆਦਿਕ ਇਰਦੇ ਗਿਰਦੇ ਦੇ ਦੇਸਾਂ ਨੂੰ ਲੁੱਟ ਮਾਰ ਧਨ ਲੈ
ਮੁੜੇ, ਤਦੋਂ ਗੁਰਬਖਸ ਸਿੰਘ ਨੇ ਸੌ ਅਸਵਾਰ ਘਰ ਦਾ ਰੱਖ ਲੈਆ, ਸੰ: ੧੮੧੮ ਮੇਂ ਕਸੂਰ ਲੁੱਟੀ
ਮਾਰੀ ਤਾਂ ਦੋ ਸੌ ਅਸਵਾਰ ਆਪਣਾ ਬਣਾ ਲੀਤਾ, ਸੰ: ੧੮੨੦ ਬਿ: ਮੇਂ ਜਦ ਸੂਬੇ ਜੈਨ ਖਾਂ ਨੂੰ ਮਾਰ ਕੇ
ਖਾਲਸੇ ਨੇ ਮੁਲਕ ਮੱਲਿਆ, ਤਦੋਂ ਏਸ ਨੇ ਭੀ ਅਪਣੇ ਸਾਥੀਆਂ ਸਮੇਤ ਪ੍ਰਗਣਾ ਛਛਰੌਲੀ, ਸਮਾ
ਲਬਾ ਆਦਿਕ ਦੋ ਲਾਖ ਦੇ ਮੱਲੇ— ਏਸ ਮੁਲਕ ਵਿੱਚ ਅਪਣੇ ਬੇਟੇ ਜੋਧ ਸਿੰਘ ਨੂੰ ਛੱਡ ਕੇ ਆ
ਪ ਪ੍ਰਗਣੇ ਬੰਬੇਲੀ ਪਿੰਡ ਦੁਆਬੇ ਮੇਂ ਜਾ ਰੈਹਾ ਜਿੱਥੇ ਓਹ ਤੇਰਾਂ ਬਰਸ ਰਾਜ ਕਰ ਕੇ ਸੰ: ੧੮੩੧ ਮੇਂ
ਗੁਜਰ ਗੈਆ ਓਸ ਦੀ ਸਮਾਧ ਓਸੇ ਥਾਂ ਹੈ— ਸਰਦਾਰ ਜੋਧ ਸਿੰਘ ਜੋ ਸੰ: ੧੮੦੫ ਮੇਂ ਪੈ
ਦਾ ਹੋਇਆ ਸੀ ਅਪਣੇ ਬਾਪ ਦੀ ਰਿਆਸਤ ਦਾ ਮਾਲਕ ਹੋਇਆ— ਏਹ ਸਰਦਾਰ ਬੜਾ ਬਹਾ
ਦਰ ਦਿਲਾਵਰ ਸਖੀ ਮਰਦ ਸੀ, ਜਦ ਏਸ ਦੇਸ ਉੱਤੇ ਮਰਹਿਟਿਆਂ ਦੀ ਚੜ੍ਹਾਈ ਹੋਈ ਤਾਂ ਸਰਦ
ਰ ਬਘੇਲ ਸਿੰਘ ਦੀ ਚੁੱਕ ਨਾਲ ਸਭ ਤੋਂ ਪਹਿਲੇ ਇਸ ਨੇ ਸਾਹਪੁਰ ਮਛੌਂਡੇ ਪਿੰਡ ਪਾਸ ਓਨਾਂ ਉ
ਤੇ ਹੱਲਾ ਕੀਤਾ, ਪਿੱਛੋਂ ਰਾਜੇ ਪਟਿਆਲੇ ਦੀ ਫੌਜ ਤੇ ਹੋਰ ਸਰਦਾਰ ਆਏ, ਭਾਰੀ ਜੰਗ ਹੋਇਆ
ਰਹਿਣਾ ਰਾਉ ਸੈਣਾਪਤੀ ਜਖਮੀ ਏਸੇ ਦੇ ਹੱਥੋਂ ਦਾ ਨੇਰਾਉ ਮਾਰਾ ਗੈਆ— ਮਾਲ ਅਸਬਾਬ
ਓਨਾਂ ਦਾ ਏਸ ਦੇ ਹੱਥ ਬਹੁਤ ਆਯਾ ਤੇ ਫਤੇ ਪਾਈ— ਸੰ: ੧੮੫੫ ਮੇਂ ਪ੍ਰਗਣਾ ਤੋਰੇ ਬਸੀਦਾ
ਖਜਾਨ ਸਿੰਘ ਰਸੂਲਪੁਰੀਏ ਤੋਂ ਔਰ ਸੰ: ੧੮੫੭ ਮੇਂ ਪ੍ਰਗਣਾ ਚੜਿੱਕ ਜੋ ਹੁਣ ਫੀਰੋਜਪੁ
ਰ ਦੇ ਜਿਲੇ ਵਿੱਚ ਹੈ ਰਾਇ ਅਲਿਆਸ ਦੇ ਫਤੇ ਕੀਤਾ— ਸੰ: ੧੮੫੮ ਮੇਂ ਸਰਦਾਰ ਬਘੇ
ਲ ਸਿੰਘ ਦੇ ਮਰੇ ਤੇ ਫੇਰ ਤਾਂ ਏਹੋ ਸਰਦਾਰ ਜੋਧ ਸਿੰਘ ਕਰੋੜੀਆਂ ਤੇ ਕਲਸੀਆਂ ਦੀ ਮਿਸ
ਲ ਦਾ ਮਾਲਕ ਮੰਨਿਆ ਗੈਆ— ਸੰ: ੧੮੬੧ ਮੇਂ ਮਹਾਰਾਜੇ ਰਣਜੀਤ ਸਿੰਘ ਦੇ ਬੁਲ
ਏ ਹੋਏ ਏਸ ਨੇ ਮਲ ਲਸਕਰ ਮਹਾਰਾਜੇ ਦੇ ਹੋ ਕਰ ਕਸੂਰ ਤੇ ਝੰਗ ਦਾ ਮੁਲਕ ਫਤੇ ਕੀਤਾ—

[1] ਸੇਖਾਵਾਟੀ ਦੇਸ ਦਾ ਨਾਮ ਹੈ ਜਿਸ ਵਿੱਚ ਰਮਾਰਾਂ ਸੌ ਪਿੰਡ ਰਾਮ ਗੜ੍ਹ ਆਦਿਕ ਹਨ, ਜਿਸ ਸੇਠਾਂ ਦੇ ਰ
ਾਮਗੜ੍ਹ ਵਿੱਚ ਕਰੋੜ ੨ ਰੁਪਏ ਦੇ ਕਈ ਸੇਠ ਧਜਾ ਧਾਰੀ ਹਨ, ਏਸ ਦੇਸ ਨੂੰ ਸੇਖੋ ਜੀ ਰਜਪੂਤ ਨੇ ਫਤੇ ਕੀ
ਤਾ ਸੀ, ਤਾਂ ਸੇਖਾਵਾਟੀ ਸਦਾਇਆ, ਏਸੇ ਦੇਸ ਵਿੱਚ ਬਠੋਠ ਪਟੋਧੀ ਪਿੰਡਾਂ ਦੇ ਰਜਪੂਤ ਡੂੰਗਜੀ, ਜੋਹਾਰਜੀ ਕਿ
ਸਨ ਸਿੰਘ ਜਵਾਹਰ ਸਿੰਘ ਜੰਗੀਰਦਾਰ ਐਸੇ ਮਸਹੂਰ ਧਾੜਵੀ ਬਹਾਦਰ ਹੋਏ ਹਨ, ਜਿਨਾਂ ਨੇ ਕਲ
ਕੱਤੇ ਬੰਬਈ ਤਕ ਬੜੇ ੨ ਸਾਹਿਰ ਲੁੱਟ ਕੇ ਅਪਣੀ ਦੁਹਾਈ ਫੇਰ ਰੱਖੀ ਸੀ ਤੇ ਹੁਣ ਓਸ ਦੇਸ ਵਿੱਚ ਓ
ਨਾਂ ਦੇ ਗੀਤ ਗਾਂਦੀਦੇ ਹਨ, ਓਨਾਂ ਨੂੰ ਖਾਲਸੇ ਜੀ ਨੇ ਲੁੱਟਿਆ ਅਬ ਓਨਾਂ ਦੀ ਸੰਤਾਨ ਵਿੱਚੋਂ ਸੰਗ ਸਿੰਘ ਕਾਨ

Digitized by Panjab Digital Library | www.panjabdigilib.org

੪੨ ਸੰ:੧੮੬੩ ਮੇਂ ਜਦ ਮਹਾਂਰਾਜਾ ਰਣਜੀਤ ਸਿੰਘ ਜੀ ਗੰਗਾ ਇਸਨਾਨ ਕਰ ਕੇ ਮੁੜੇ ਤਾਂ ਪ੍ਰਗਣਾ ਖੁਰਦੀਨ ਪਚਾਸ ਹਜਾਰ ਰੁਪਏ ਦਾ ਸਰਦਾਰ ਬਘੇਲ ਸਿੰਘ ਦੀ ਇਸਤ੍ਰੀ ਰਤਨ ਕੌਰ ਤੋਂ ਛੀਨ ਕੇ ਸਰਦਾਰ ਜੋਧ ਸਿੰਘ ਨੂੰ ਦੇ ਗਏ — ਸੰ:੧੮੬੪ ਮੇਂ ਪ੍ਰਗਣਾ ਸੋਤਲ ਤੇ ਲਾਡਵਾ ਮੁਰਬ ਜੰਗ ਪਠਾਣਾਂ ਤੋਂ ਛੁਡਾਏ — ।ਮਹਾਂਰਾਜੇ ਰਣਜੀਤ ਸਿੰਘ ਦੇ ਦਰਬਾਰ ਵਿੱਚ ਏਸ ਸਰਦਾਰ ਦੀ ਬਹੁਤ ਬਡੀ ਇੱਜਤ ਸੀ, ਮਹਾਰਾਜ ਏਸ ਨੂੰ ਬਾਬਾ ਜੀ ਆਖਿਆ ਕਰਦੇ, ਮੁਲਤਾਨ ਕਸਮੀਰ ਆਦਿਕ ਜੰਗਾਂ ਵਿੱਚ ਏਸੇ ਨੂੰ ਬੁਲਾ ਕੇ ਜਰੂਰ ਭੇਜਦੇ ਰਹੇ, ਕਿਉਂਕਿ ਏਹ ਫਤੇ ਨਸੀਬ ਸੂਰਬੀਰ ਸਰਦਾਰ ਸੀ, ਉਨ੍ਹਾਂ ਖਿਦਮਤਾਂ ਦੇ ਬਦਲੇ ਇਲਾਕਾ ਗੜ੍ਹ ਦੁਵਾਲ ਇੱਕ ਲੱਖ ਪੱਚੀ ਹਜਾਰ ਦਾ ਦੁਆਬੇ ਵਿੱਚ ਮਹਾਰਾਜੇ ਨੇ ਏਸ ਨੂੰ ਬਖਸਾ, ਤਦੋਂ ਤਾਂ ਪੰਜ ਲਾਖ ਰੁਪਏ ਦੀ ਆਮਦਨੀ ਏਸ ਨੂੰ ਹੋ ਗਈ — ।ਸਰਦਾਰ ਜੋਧ ਸਿੰਘ ਦੇ ਘਰ ਸਰਦਾਰਨੀ ਦੇਸਾਂ ਹਰੀ ਸਿੰਘ ਤੇ ਜੀਆਂ ਵਿਚੋਂ ਜੋਭਾ ਸਿੰਘ ਦੋ ਬੇਟੇ ਥੇ — ਸੰ:੧੮੭੪ ਬਿ: ਕੋ ਜਦ ਮਹਾਂਰਾਜੇ ਰਣਜੀਤ ਸਿੰਘ ਦੇ ਬੁਲਾਏ ਹੋਏ ਜੋਧ ਸਿੰਘ ਨੇ ਦੋਬਾਰੇ ਮੁਲਤਾਨ ਦੇ ਜੰਗ ਮੇਂ ਜਾ ਕਰ ਫਤੇ ਪਾਈ ਤੇ ਉਥੇ ਸਖਤ ਜਖਮੀ ਹੋ ਕਰ ਆਪਣੇ ਖਾਸ ਪਿੰਡ ਕਲਸੀਏ ਮੇਂ ਆ ਕੇ ਗੁਜਰ ਗਿਆ, ਤਾਂ ਉਸ ਦੇ ਬਡੇ ਬੇਟੇ ਜੋਭਾ ਸਿੰਘ ਨੇ ਰਾਜ ਸੰਭਾਲਿਆ ਤੇ ਹਰੀ ਸਿੰਘ ਪਾਸ ਚੌਥਾ ਹਿੱਸਾ ਮਾਸਤ ਵਿੱਚੋਂ ਰਿਹਾ ਜੋ ਜੋਧ ਸਿੰਘ ਨੇ ਆਪਣੇ ਜੀਉਂਦੇ ਜੀ ਉਸ ਨੂੰ ਦੇ ਰੱਖਿਆ ਸੀ, — ਏਸ ਨੇ ਦੋ ਬਾਦਸਾਹਾਂ ਦੀ ਤਾਬੇਦਾਰੀ ਤੇ ਪ੍ਰਸਿੰਨਤਾ ਰੱਖਣੀ ਔਖੀ ਦੇਖ ਕੇ ਉੱਕਾ ਹੀ ਸਰਕਾਰ ਲਾਹੌਰ ਦੇ ਦਰਬਾਰ ਵਿੱਚ ਜਾਣਾ ਛੋੜ ਦਿੱਤਾ, ਜੱਦੀਪ ਮਹਾਰਾਜੇ ਰਣਜੀਤ ਸਿੰਘ ਨੇ ਕਈ ਵਾਰੀ ਏਸ ਨੂੰ ਬੁਲਾਯਾ ਪਰ ਏਸ ਨੇ ਗਵਰਮਿੰਟ ਅੰਗ੍ਰੇਜੀ ਦਾ ਪੱਲਾ ਨ ਛੋੜਿਆ, ਕੋਈ ਮਾਤਬਰ ਭੀ ਆਪਣਾ ਉਥੇ ਨ ਭੇਜਿਆ, ਮਨ ਤਨ ਧਨ ਸੇ ਸਰਕਾਰ ਅੰਗ੍ਰੇਜੀ ਦਾ ਖੈਰਖ੍ਵਾਹ ਸੇਵਕ ਬਣਿਆ ਰਿਹਾ। ਹਾਰ ਕੇ ਸਰਕਾਰ ਲਾਹੌਰ ਨੇ ਸਤਲੁਜ ਪਾਰ ਮੁਲਕ ਏਸ ਦਾ ਜਬਤ ਕਰ ਲੀਤਾ —

ਨੋਟ — ਸਿੰਘ ਮਤਾਬ ਸਿੰਘ ਆਦਿਕ ਦੋ ਦੋ ਹਜਾਰ ਦੇ ਜੰਗੀਰਦਾਰ ਤੇ ਗੁਮਾਸਤਿਆਂ ਸੌ ਖੜ੍ਹੇ ਵਿੱਚੋਂ ੧ ਰੁਪਿਆ ੧ ਬੱਕਰਾ ਹਰ ਏਕ ਪਿੰਡ ਤੋਂ ਹਰ ਸਾਲ ਦੁਸੈਹਰੇ ਪਰ ਲੈਂਦੇ ਹਨ, ਔਰ ੫) ਜਿਮੀਦਾਰ ਤੇ ੨੫) ਸਾਹੂਕਾਰ ਪਰ ਬਿਆਹ ਦੇ ਸਮੇਂ ਤੂੰਗਾ ਜੀ ਦੇ ਬੈਧੇ ਹੋਏ ਲੈਂਦੇ ਹਨ — ਏਥੇ ਖੰਡ ਕੀ ਸਜਿਰ ਪਾਸ ਤਾਂਬਾ ਫਟਕੜੀ ਨੀਲਾ ਥੋਥਾ ਖਾਣਾਂ ਵਿੱਚੋਂ ਨਿਕਲਦਾ ਹੈ।। ੨ ਹਰੀ ਸਿੰਘ ਦੀ ਸਾਦੀ ਮਹਾਰਾਜੇ ਸਾਹਿਬ ਸਿੰਘ ਪਟਿਆਲੇ ਵਾਲੇ ਦੀ ਬੇਟੀ ਕਰਮ ਕੌਰ ਸਾਥ ਹੋਈ ਜਿਸ ਸੇ ਏਕ ਬੇਟਾ ਦੇਵਾ ਸਿੰਘ ਹੋਇਆ ਜੋ ਇੱਕ ਪੁੱਤ੍ਰ ਉਮਰਾਉ ਸਿੰਘ ਛੋੜ ਕੇ ਸੰ:੧੮੮੪ ਕੋ ਪਟਿਆਲੇ ਮੇਂ ਗੁਜਰ ਗਿਆ; ਉਮਰਾਉ ਸਿੰਘ ਉਸ ਦਾ ਪੁਤ੍ਰ ਜੋ ਸੰ:੧੮੮੫ ਮੇਂ ਪੈਦਾ ਹੋਇਆ ਸੀ ਸੰ:੧੯੦੧ ਮੇਂ ਬੇਔਲਾਦ ਮਰ ਗਿਆ — ਉਸ ਦੀ ਸਰਦਾਰਨੀ ਤੇ ਮਾਈਆਂ ਨੂੰ ਗੁਜਾਰਾ ਦੇ ਕੇ ਉਸ ਦਾ ਪ੍ਰਗਣਾ ਭੀ ਸਭ ਸਰਦਾਰ ਜੋਭਾ ਸਿੰਘ ਦੇ ਹੱਥ ਆਇਆ।

Digitized by Panjab Digital Library | www.panjabdigilib.org

ਸੰ: ੧੯੦੩ ਬਿ: ਕੇ ਮੁਦਕੀ ਆਦਿਕ ਮਕਾਨਾਂ ਦੇ ਜੰਗਾਂ ਵਿੱਚ ਸਰਦਾਰ ਸੋਭਾ ਸਿੰਘ ਨੇ ਆਪਣੇ ਬਿ ੪੩
ਤੋਂ ਬਾਹਰ ਸਰਕਾਰ ਅੰਗ੍ਰੇਜ਼ੀ ਦੀ ਟਹਿਲ ਮਦਦ ਕੀਤੀ, ਅੱਸੀ (੮੦੦੦੦) ਹਜ਼ਾਰ ਰੁਪੈਯਾ ਨਕਦ —
(੧੦੦੦੦) ਦਸ ਹਜ਼ਾਰ ਮਣ ਰਸਦ — ਇੱਕ ਸੌ ਚੁਹੱਤ੍ਰ (੧੭੪) ਗੱਡੇ — ਦੋ ਸੌ ਸਤੱਤ੍ਰ (੨੭੭) ਊਠ ਬਾਰ ਬਰਦਾਰੀ ਵਾਸਤੇ —
ਇੱਕ ਸੌ ਪੰਜਾਹ (੧੫੦) ਘੋੜੇ — ਦੋ ਸੌ ਗਿਆਰਾਂ (੨੧੧) ਕਹਾਰ — ਤਿੰਨ ਸੌ ਇੱਕ ਬੈਲ — ਸਿਵਾਇ ਏਹੋ ਜੇਹੇ ਸ
ਮਾਨ ਦੇ ਹੋਰ ਬਹੁਤ ਖ਼ਿਦਮਤ ਕੀਤੀ — ਬਲਕੇ ਜਿਸ ਦਿਨ ਫੇਰੂ ਸ਼ਹਿਰ ਦੇ ਜੰਗ ਦੇ ਵਕਤ ਸਰਕ
ਰੀ ਰਸਦ ਤੇ ਝੱਖ ਆ ਗਈ, ਤੇ ਫੌਜ ਅੰਗ੍ਰੇਜ਼ੀ ਰਿਆਸਤ ਦੇ ਇਲਾਕੇ ਚੜ੍ਹਿੱਕ ਵਿੱਚ ਆ ਫਿਰੀ ਤਾਂ ਸ
ਰਦਾਰ ਸੋਭਾ ਸਿੰਘ ਦੇ ਕਾਰਦਾਰ ਨੇ ਨਿਹਾਲ ਸਿੰਘ ਵਰੌਰੇ ਜੋ ਉਥੇ ਥੇ ਓਨ੍ਹਾਂ ਨੇ ਦਾਣਿਆਂ ਦੇ ਭਰੇ
ਹੋਏ ਕੋਠੇ ਖੋਲ ਦਿੱਤੇ, ਜੋ ਘਟਾਈ ਦਾ ਗੱਲਾ ਜਮਾਂ ਸੀ ਬਿਨਾਂ ਤੋਲ ਮਾਪ ਸਰਕਾਰ ਦੀ ਫੌਜ ਨੂੰ ਦੇ ਦਿ
ਤਾ, ਏਸੇ ਟਹਿਲ ਦੇ ਬਦਲੇ ਗ੍ਵਰਮਿੰਟ ਨੇ ਬਹੁਤ ਖੁਸ਼ੀ ਹੋ ਕਰ ਦੋ ਹਜ਼ਾਰ ਅੱਠ ਸੌ ਇਕਵੰਜਾ (੨੮੫੧) ਰੁਪਏ ਬ
ਬਤ ਮਹਿਸੂਲ ਰਾਹਦਾਰੀ ਸਰਦਾਰ ਸਾਹਿਬ ਕੋ ਮਿਲਨਾ ਪੁਸਤ ਦਰ ਪੁਸਤ ਮੁਕੱਰਰ ਕਰ ਦਿੱਤਾ ਔਰ
ਰਿਆਸਤ ਪਟਿਆਲਾ ਜੀਂਦ ਆਦਿਕਾਂ ਵਾਂਗੂ ਏਹ ਭੀ ਨੇਕ ਨਾਮ ਖੈਰਖ੍ਵਾਹ ਸਮਝਿਆ ਗਿਆ, ਏਸੇ
ਕਰਕੇ ਏਸ ਰਿਆਸਤ ਦੀ ਫੌਜਦਾਰੀ ਬਣੀ ਰਹਿਣ ਦਿੱਤੀ ਹੋਰ ਸਭ ਸਰਦਾਰਾਂ ਦੀ ਛੀਨ ਲਈ।
ਸੰ: ੧੯੧੪ ਬਿ: ਕੋ ਦਿੱਲੀ ਦੇ ਗਦਰ ਦੇ ਸਮੇ ਭੀ ਸਰਦਾਰ ਸੋਭਾ ਸਿੰਘ ਨੇ ਸਰਕਾਰ ਅੰਗ੍ਰੇਜ਼ੀ ਦੀ
ਬਹੁਤ ਮਦਦ ਤੇ ਟਹਿਲ ਕੀਤੀ, ਕੁਛ ਫੌਜ ਲਖਨਊ ਭੇਜੀ, ਬਾਕੀ ਛਾਉਣੀ ਅੰਬਾਲਾ ਸੜਕ ਕਾ
ਲਕਾ ਨਹਿਰ ਦਾਦੂਪੁਰ ਦੀ ਰਖਵਾਲੀ ਵਿੱਚ ਤਤਪਰ ਰੱਖੀ, ਜਦੀਪ ਗਦ੍ਰ ਦੇ ਵਿੱਚ ਕਾਰ ਹੀ ਸ
ਰਦਾਰ ਸੋਭਾ ਸਿੰਘ ਗੁਜਰ ਗਿਆ, ਪ੍ਰੰਤੂ ਉਸ ਦੇ ਬੇਟੇ ਲੈਹਣਾ ਸਿੰਘ ਨੇ ਰਿਆਸਤ ਬੀ ਚੰਗੀ ਤਰਾਂ ਸੰਭਾ
ਲੀ ਤੇ ਸਰਕਾਰ ਦੀ ਸੇਵਾ ਭੀ ਸਫਾਈ ਕੀਤੀ ਜਿਸ ਖੈਰਖ੍ਵਾਹੀ ਪਰ ਖੁਸ਼ੀ ਹੋਕੇ ਸਰਕਾਰ ਨੇ ੧੮ ਅਪ੍ਰੈ
ਲ ਸੰ: ੧੮੫੮ ਈ: ਤੇ ਸੰ: ੧੯੧੫ ਬਿਕ: ਕੋ ਬਾਰਨਸ ਸਾਹਿਬ ਬਹਾਦਰ ਅੰਬਾਲੇ ਦੇ ਕਮਿਸ਼ਨ
ਰ ਨੇ ਆਪ ਛਛਰੌਲੀ ਜਾਕੇ ਗ੍ਵਰਮਿੰਟ ਦੀ ਤਰਫੋਂ ਗੱਦੀ ਨਸ਼ੀਨੀ ਦਾ ਖਿਲਤ ਤੇ ਇਕ ਸਨਦ ਚਿੱਠੀ
ਨੰਬਰੀ ੧੮ ਬਾਬਤ ਮੁਖਤਿਆਰੀ ਫੌਜਦਾਰੀ ਆਦਿਕ ਰਿਆਸਤ ਦੇ ਕੰਮਾਂ ਦੀ ਬਖ਼ਸ਼ੀ, ਜਦਪਿ ਏਸ
ਦੇ ਭਾਈ ਮਾਨ ਸਿੰਘ ਨੇ ਰਿਆਸਤ ਵੰਡਾਉਣ ਵਾਸਤੇ ਝਗੜਾ ਕੀਤਾ, ਪਰ ਅੰਬਾਲੇ ਦੇ ਕਮਿਸ਼ਨਰ
ਸਾਹਿਬ ਬਹਾਦਰ ਨੇ ਦੋ ਸੌ ਰੁਪਯਾ ਮਾਹਵਾਰੀ ਨੌ ਹਜ਼ਾਰ (੯੦੦੦) ਨਕਦ ਔਰ ਇੱਕ ਪਿੰਡ ਸੈਦਪੁਰਾ ਕਿਲੇ
ਸਮੇਤ ਉਸ ਦੀ ਸੰਤਾਨ ਵਾਸਤੇ ਦਿਵਾ ਕੇ ਦੋਹਾਂ ਭਾਈਆਂ ਦੀ ਸੁਲਾਹ ਕਰਾ ਦਿੱਤੀ॥ — ॥ਸਰਦਾਰ
ਲੈਹਣਾ ਸਿੰਘ ਨੇ ਬਹੁਤ ਚੰਗੇ ਕੰਮ ਕੀਤੇ ਓੜਕ ਸੰ: ੧੯੨੫ ਬਿ: ਮੇਂ ਓਸ ਦੇ ਗੁਜਰੇ ਪਿੱਛੋਂ ਓਸ ਦਾ
ਬੇਟਾ ਬਿਸਨ ਸਿੰਘ ਜੋ ਬੱਮਣਾ ਵਾਲੀ ਸਰਦਾਰਨੀ ਅਤਰ ਕੌਰ ਸੇਂ ਸੰ: ੧੯੧੨ ਬਿ: ਮੇਂ ਪੈਦਾ ਹੋਯਾ

Digitized by Panjab Digital Library | www.panjabdigilib.org

ਸੀ, ਰਿਆਸਤ ਦਾ ਮਾਲਿਕ ਹੋਯਾ, ਏਸ ਨੂੰ ਭੀ ਗੱਦੀ ਉਤੇ ਬੈਠਾਉਣ ਲਈ ਟੇਲਰ ਸਾਹਿਬ ਬਹਾਦੁਰ ਏਜੰਟ ਲਫਟੈਟ ਗਵਰਨਰ ਜਨਰਲ ਅੰਬਾਲੇ ਵਾਲਾ ਗੈਆ ਸੀ, ਏਸ ਸਰਦਾਰ ਨੇ ਕਸਬੇ ਛਛਰੌਲੀ ਅਪਣੀ ਰਜਧਾਨੀ ਵਿੱਚ ਬਹੁਤ ਅੱਛੇ੨ ਮਕਾਨ, ਬਜਾਰ, ਸਰਾਇ, ਮਦਰਸਾ, ਡਾਕਖਾਨਾ, ਬਣਵਾਏ। ਏਹ ਸਰਦਾਰ ਬਹੁਤ ਚੰਗਾ ਸੁਕ੍ਰਿਤੀ ਉਦਾਰ ਪੁਰਖ ਸੀ, ਪਰ ਛੋਟੀ ਉਮਰ ਮੇਂ ਹੀ ਸੰ: ੧੯੩੮ ਬਿ: ਕੋ ਸ੍ਵਰਗ ਨੂੰ ਚਲਾ ਗੈਆ — ਏਸ ਦੀ ਪਹਿਲੀ ਸਾਦੀ ਸੰ: ੧੯੨੨ ਨੂੰ ਰਾਜਾ ਰਘੁਬੀਰ ਸਿੰਘ ਜੀਂਦ ਵਾਲੇ ਦੀ ਬੇਟੀ ਨਾਲ ਹੋਈ, ਸੋ ਇੱਕ ਲੜਕੀ ਛੱਡ ਕੇ ਚੜ੍ਹ ਗਈ, ਓਹ ਲੜਕੀ ਸੰਮਤ ੧੯੪੩ ਬਿ: ਨੂੰ ਸਰਦਾਰ ਬਲਵੰਤ ਸਿੰਘ ਅਟਾਰੀ ਵਾਲੇ ਨਾਲ ਬਿਆਹੀ ਗਈ, — ਦੂਜੀ ਸਾਦੀ ਸਰਦਾਰ ਬਿਸਨ ਸਿੰਘ ਦੀ ਮੰਗਲ ਸਿੰਘ ਰਾਇਪੁਰੀਏ ਦੀ ਪੁੱਤ੍ਰੀ ਅਮਰ ਕੌਰ ਸੇਂ ਹੂਈ, ਜਿਸ ਦੇ ਇਕ ਬੇਟਾ ਜਗਤ ਸਿੰਘ ਸੰ: ੧੯੩੭ ਕੋ ਪੈਦਾ ਹੋਕੇ ਸੰ: ੧੯੪੨ ਨੂੰ ਗੱਦੀ ਬੈਠ ਕਰ ਇੱਕ ਸਾਲ ਪਿੱਛੋਂ ਗੁਜਰ ਗੈਆ — ਤੀਜੀ ਸਾਦੀ ਸਮੁੰਦ ਸਿੰਘ ਸਾਨ ਸਾਹੀਏ ਦੀ ਬੇਟੀ ਕੀਰਤ ਕੌਰ ਨਾਲ ਹੋਈ ਜਿਸ ਦਾ ਪੁੱਤ੍ਰ ਰਣਜੀਤ ਸਿੰਘ ਜੋ ਸੰ੧੯੩੯ ਬਿ: ਕੋ ਪੈਦਾ ਹੋਕੇ ਅਬ ਰਿਆਸਤ ਦੀ ਗੱਦੀ ਉਤੇ ਪ੍ਰਕਾਸ ਰੈਹਾ ਹੈ ਪੈਦਾ ਹੋਇਆ, ਵਾਹਿਗੁਰੂ ਏਸ ਦੀ ਉਮਰ ਦੌਲਤ ਦਰਾਜ ਕਰੇ — ਏਸ ਦੇ ਬਾਲਕ ਪਨੇ ਦੇ ਸਬਬ ਕਰਕੇ ਰਿਆਸਤ ਦਾ ਕਾਰ ਬਾਰ ਕੌਂਸਲ ਦੇ ਅਖਤਿਆਰ ਹੈ — ਏਸ ਰਿਆਸਤ ਵਿੱਚ ੧੯੮ ਪਿੰਡ — ੬੧੫੭੬ ਆਦਮੀ ਦੀ ਆਬਾਦੀ ਹੈ — ੧੯੩੫੧੯) ਰੁਪਏ ਸਾਲ ਦੀ ਆਮਦਨੀ ਹੈ। — ਛਛਰੌਲੀ, ਬਸੀ, ਚਕ੍ਰੌਕ ਤਿੰਨ ਤਸੀਲਾਂ ਹਨ। — ਨਾਹਰ ਜਮਨ ਤੇ ਮਾਰਕੰਡ, ਘੱਗਰ ਏਸ ਰਈਸ ਦੇ ਦੇਸ ਨੂੰ ਰਵਾਂ ਹੁੰਦੇ ਹਨ।

## ਮਿਸਲ ਫੈਜ਼ੁੱਲਪੁਰੀਆਂ।



" "ਏਨਾਂ ਦਾ ਬਡਾ ਬਡੇਰਾ ਨਵਾਬ ਕਪੂਰ ਸਿੰਘ ਬ੍ਰਿਕ ਜੱਟ ਚੌਧਰੀ ਦਲੀਪ ਸਿੰਘ ੯੫
ਦਾ ਬੇਟਾ ਪ੍ਰਗਣੇ ਅੰਮ੍ਰਿਤਸਰ ਫੈਜ਼ੁੱਲਾਪੁਰ ਦੇ ਰਹਿਣੇ ਵਾਲਾ ਸੀ, ਜੋ ਸੰ: ੧੪੯੨ ਬਿ: ਕੋ ਫੈਜ਼ੁੱਲਾ ਬੇਗ
ਮੁਗਲ ਨੇ ਬਸਾਇਆ ਸੀ, ਫੇਰ ਸਿੰਘਾਂ ਦਾ ਰਾਜ ਹੋਏ ਤੇ ਉਸ ਦਾ ਨਾਮ ਸਿੰਘਪੁਰਾ ਰੱਖ ਲੀਤਾ — ਜਦ
ਔਰੰਗਜ਼ੇਬ ਬਾਦਸ਼ਾਹ ਨੇ ਸਭ ਹਿੰਦੁਵਾਇਣ ਨੂੰ ਮੁਸਲਮਾਣ ਕਰਣ ਦਾ ਹੁਕਮ ਜਾਰੀ ਕੀਤਾ ਤੇ ਕਾ
ਸ਼ਮੀਰ ਪਸ਼ੌਰ ਲਹੌਰ ਮੁਲਤਾਨ ਦੇ ਸੂਬੇਦਾਰਾਂ ਨੇ ਗਸਤੀ ਫੌਜ ਭੇਜ ਕੇ ਬੇਸ਼ੁਮਾਰ ਪਿੰਡ ਤੇ ਕਈ ਪ੍ਰਗ
ਣੇ ਜੋਰ ਜ਼ੁਲਮ ਨਾਲ ਮੁਸਲਮਾਨ ਕਰ ਕੱਢੇ, ਸਵਾ ਮਣ ਜਨੇਊ ਉਤਾਰੇ ਹੋਏ ਬ੍ਰਾਹਮਣਾਂ ਖੱਤ੍ਰੀਆਂ ਦੇ ਬਾ
ਦਸ਼ਾਹ ਪਾਸ ਪਹੁੰਚੇ, ਤੇ ਦੁਨੀਆਂ ਵਿੱਚ ਕਲਮਲਾਟ ਮੱਚਿਆ, ਤਾਂ ਧਰਮ ਦੀ ਤੇ ਹਿੰਦੁਵਾਇਣ ਦੀ ਰੱਖ
ਿਆ ਕਰਨ ਵਾਸਤੇ ਜਦ ਹੋਰ ਕੋਈ ਸਹਾਇ ਤੇ ਉਪਾਇ ਨ ਦੇਖਿਆ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ
ਨੇ ਸਿੰਘਾਂ ਦਾ ਪੰਥ ਬਡਾ ਭਾਰੀ ਬਹਾਦੁਰ ਰਚ ਕੇ ਹਿੰਮਤ ਦੀ ਤੇਗ ਐਸੀ ਉਠਾਈ ਹਿੰਦੂਆਂ ਨੂੰ ਧੱਕੇ ਨਾਲ
ਮੁਸਲਮਾਨ ਕਰਨ ਦੀ ਤਾਕਤ ਬਾਦਸ਼ਾਹੀ ਹਾਕਮਾਂ ਦੀ ਤੋੜ ਦਿੱਤੀ, ਫੇਰ ਗੁਰੂ ਜੀ ਦੇ ਚਲਾਣੇ ਪਿ
ਛੋਂ ਪੰਥ ਖਾਲਸੇ ਨੇ ਓਹੋ ਤਰੀਕਾ ਜਾਰੀ ਰੱਖਿਆ ਜਿਸ ਦਾ ਫਲ ਹੁਣ ਹਿੰਦਵਾਇਣ ਦੇਖਦੀ ਹੈ ਨਹੀਂ
ਤਾਂ ਅੱਜ ਨੂੰ ਹਿੰਦੂ ਧਰਮ ਦਾ ਕਿਤੇ ਨਾਮ ਨਿਸ਼ਾਨ ਭੀ ਨ ਰਹਿੰਦਾ, ਉਸ ਵਕਤ ਕੇਵਲ ਧਰਮ ਰੱਖਿਆ ਤੋਂ
ਬਿਨਾਂ ਹੋਰ ਕੋਈ ਵਾਸ਼ਨਾ ਸਿੰਘਾਂ ਨੂੰ ਨਹੀਂ ਸੀ — ਉਨਾਂ ਧਰਮਾਤਮਾਂ ਸੂਰਬੀਰ ਸਿੰਘਾਂ ਵਿੱਚੋਂ ਚੌਧਰੀ
ਦਲੀਪ ਸਿੰਘ ਨੇ ਆਪਣੇ ਦੋਹਾਂ ਪੁੱਤ੍ਰਾਂ ਕਪੂਰ ਸਿੰਘ ਦਾਨ ਸਿੰਘ ਸਮੇਤ ਹੋਰ ਅਨੇਕ ਜੱਟਾਂ ਨੂੰ ਨਾਲ
ਲੈ ਕੇ ਸਿੰਘ ਹੋ ਕਰ ਐਸੀ ਸ਼ਮਸ਼ੇਰ ਝੁਲਕਾਈ, ਖਾਲਸੇ ਦੇ ਦਲ ਵਿੱਚ ਉੱਘੇ ਹੋ ਗਏ, ਸੰ: ੧੭੭੨
ਬਿ: ਕੋ ਮਤਾਬ ਕੋਟ ਦੇ ਜੰਗ ਵਿੱਚ ਦਲੀਪ ਸਿੰਘ ਦੇ ਚੜ੍ਹੇ ਪਿੱਛੋਂ ਕਪੂਰ ਸਿੰਘ ਆਪਣੇ ਜਥੇ ਦਾ ਮਾ
ਲਕ ਹੋ ਗਿਆ, ਜੋ ਜੋ ਕੰਮ ਕਪੂਰ ਸਿੰਘ ਨੇ ਨਾਮੀ ੨ ਕੀਤੇ ਹਨ, ਤੇ ਜਿੱਕੂੰ ਏਸ ਨੂੰ ਖਾਲਸੇ ਨੇ ਨਵਾਬੀ ਦਾ
ਖਿਤਾਬ ਦਿੱਤਾ ਸੀ ਓਹ ਸਭ ਕਿਸੇ ਦੂਸਰੇ ਹਿੱਸੇ ਵਿੱਚ ਲਿਖੇ ਗਏ ਹਨ ਤਾਂ ਏਥੇ ਨਹੀਂ ਲਿਖੇ — ਜਦ
ਪਿ ਓਦੋਂ ਸਭ ਸਿੰਘ ਇੱਕ ਤੋਂ ਇੱਕ ਚੜ੍ਹਦਾ ਸੀ, ਪ੍ਰੰਤੂ ਕਪੂਰ ਸਿੰਘ ਸਭ ਤੋਂ ਬਧ ਕੇ ਸੂਰਬੀਰ ਤਪੀ
ਜਪੀ ਸਖੀ ਮਰਦ ਚੰਗੇ ਗੁਣਾਂ ਦਾ ਕੋਟ ਤੇ ਰਾਜ ਨੀਤੀ ਦਾ ਪੂਤਲਾ ਸੀ, ਤਾਂਹੀ ਏਸ ਨੂੰ ਸਭ ਖਾਲ
ਸੇ ਨੇ ਆਪਣਾ ਮੁਖੀਆ ਮੰਨ ਲੀਤਾ ਸੀ, ਏਸ ਨੇ ਭੀ ਨੀਤ ਸਾਫ ਤੇ ਧਰਮ ਨਾਲ ਐਸਾ ਕੰਮ ਚਲਾ
ਯਾ, ਸਭ ਨੂੰ ਖੁਸ਼ੀ ਰੱਖਿਆ — ਤੇ ਸਿਵਾਇ ਉਨਾਂ ਦੌਲਤਵੰਦ ਅਮੀਰਾਂ ਤੇ ਹਾਕਮਾਂ ਦੀ ਲੁੱਟ ਮਾਰ ਦੇ (ਜਿ
ਨਾਂ ਨੇ ਹਕੂਮਤ ਦੇ ਜੋਰ ਜ਼ੁਲਮ ਨਾਲ ਹਿੰਦੂ ਤੜਫਾ ਰੱਖੇ ਸੇ —) ਹੋਰ ਕਿਸੇ ਗਰੀਬ ਮੁਸਲਮਾਨ ਨੂੰ
ਭੀ ਕੁਛ ਨਹੀਂ ਆਖਿਆ — ਏਸ ਦੀਆਂ ਬਹੁਤ ਕਹਾਣੀਆਂ ਦੂਜੇ ਹਿੱਸੇ ਮੇ ਲਿਖ ਆਏ ਹਾਂ, ਏ
ਸ ਕਰ ਕੇ ਏਥੇ ਨਹੀਂ ਲਿਖੀਆਂ, ਕਪੂਰ ਸਿੰਘ ਸਿੰਘਾਂ ਦੇ ਦਲ ਵਿੱਚ ਅੱਵਲ ਦਰਜੇ ਦਾ ਸੂਰਬੀਰ

Digitized by Panjab Digital Library | www.panjabdigilib.org

੪੬ ਜਪੀ, ਤਪੀ ਸਖੀ ਮਰਦ ਨੇਕਨੀਤ ਇਤਬਾਰੀ ਸਰਦਾਰ ਸੀ, ਏਸ ਦੀ ਨਾਇਕੀ ਦੇਖਕੇ ਸਾਰਾ ਪੰ
ਥ ਏਸ ਦੇ ਪਿੱਛੇ ਹੋ ਤੁਰਿਆ, ਤੇ ਗੁਰੂਆਂ ਵਾਂਗੂ ਸਰਧਾ ਰੱਖਕੇ ਸਬ ਸਿੰਘ ਏਸ ਦੀ ਗੱਲ ਮੰਨਣ
ਲਗ ਪਏ ਫੇਰ ਤਾਂ ਸਭ ਕਾਰਬਾਰ ਪੰਥ ਦਾ ਏਸੇ ਦੇ ਹੱਥੋਂ ਚੱਲਣ ਲੱਗ ਪਿਆ, ਜੋ ਦੀਪ ਉਸ
ਸਮੇ ਸਬ ਸਿੰਘ ਧਰਮ ਰੱਖਿਆ ਵਾਸਤੇ ਪਤੰਗਾਂ ਵਾਂਗੂ ਜੰਗ ਵਿੱਚ ਜਾਨ ਦੇਣ ਨੂੰ ਤਿਆਰ ਰਹਿੰਦੇ ਸੇ
ਸੰਸਾਰਕ ਪਦਾਰਥਾਂ ਦਾ ਯਾ ਰਾਜ ਲੈਣ ਦਾ ਲੋਭ ਕਿਸੇ ਨੂੰ ਨਹੀਂ ਸੀ, ਤੇ ਜਿਤਨੇ ਸਿੰਘ ਸਰਦਾਰ ਸੂਰ
ਬੀਰ ਲਾਇਕ ਸੇ, ਪ੍ਰੰਤੂ ਕਪੂਰ ਸਿੰਘ ਸਬ ਤੋਂ ਅੱਗੇ ਬਧਕੇ ਮਸਤ ਹਾਥੀ ਵਾਂਗੂ ਜੰਗ ਵਿੱਚ ਵੈਰੀ
ਆਂ ਦੇ ਸਾਮਣੇ ਜਾਂਦਾ ਹੁੰਦਾ ਏਸ ਦੇ ਪਿੰਡੇ ਉੱਤੇ ਖਟ ਜਖਮ ਥੇ ਔਰ ਪੰਜ ਸੌ ਮੁਸਲਮਾਨ ਜੰਗ
ਵਿੱਚ ਏਸ ਨੇ ਆਪਣੇ ਹੱਥ ਨਾਲ ਮਾਰੇ ਸਨ— ਉਸ ਸਮੇ ਜੇ ਕੋਈ ਸਿੰਘ ਕਿਸੇ ਦੂਸਰੇ ਸਿੰਘ ਨਾ
ਲ ਬੁਰਾਈ ਕਰਦਾ, ਉਸ ਦੇ ਕਰਮ ਅਨੁਸਾਰ ਉਸ ਨੂੰ ਤਨਖਾਹ ਦੇਣ ਲਾਉਣਾ ਏਸੇ ਦਾ ਹੁਕਮ ਮਨਜੂ
ਰ ਹੁੰਦਾ ਰੈਹਾ — ਅੰਮ੍ਰਿਤ ਬੀ ਬਹੁਤ ਲੋਗ ਏਸੇ ਤੋਂ ਛਕਦੇ, ਰਾਮ ਸਿੰਘ ਕੂਕੇ ਵਾਂਗੂ ਏਸ ਨੇ ਭੀ ਅ
ਪਣੀ ਰਸਾਈ ਤੇ ਉਦਾਰਤਾ ਮਹਿਮਾਂ ਦੇ ਜੋਰ ਨਾਲ ਪਿੰਡਾਂ ਦੇ ਪਿੰਡ ਸਿੰਘ ਕਰ ਕੱਢੇ ਸਨ ਜੋ ਗੁਰੂ
ਗੋਬਿੰਦ ਸਿੰਘ ਸਾਹਿਬ ਦੀ ਦਿਲੀ ਮਨਸਾ ਤੇ ਜਾਹਰਦਾਰੀ ਮ੍ਰਯਾਦਾ ਥਾਪੀ ਹੋਈ ਸੀ, ਕਿ ਸਬ
ਸਿੰਘ ਆਪਣੀ ਪਿਛਲੀ ਜਾਤਿ ਪਾਤਿ ਦਾ ਭੇਦ ਛੱਡਕੇ ਆਪਸ ਮੇਂ ਛੂਤ ਛਾਤ ਜੂਠ ਸੁੱਚ ਦਾ ਸੰਸਾ
ਪਰਹੇਜ ਖੋ ਕਰ ਰੋਟੀ ਬੇਟੀ ਦੀ ਸਾਂਝ ਸਿੰਘ ਨਾਲ ਸਿੰਘ ਰੱਖੇ, ਜੈਸੇ ਪਹਿਲੇ ਭਾਰਤ ਵਰਸ਼ ਮੇਂ
ਰੀਤੀ ਸੀ, ਬ੍ਰਹਮਣਾਂ ਦੀਆਂ ਬੇਟੀਆਂ ਛੱਤ੍ਰੀਆਂ ਦੇ ਛੱਤ੍ਰੀਆਂ ਦੀਆਂ ਬ੍ਰਹਮਣਾਂ ਦੇ, ਏਸੇ ਤਰਾਂ ਸੂਦ੍ਰਾਂ
ਵੈਸਾਂ ਦੀਆਂ ਹਰ ਏਕ ਬਰਣ ਦੀ ਬੇਟੀ ਹਰ ਏਕ ਬਰਣ ਦਾ ਆਦਮੀ ਬਿਆਹੁੰਦਾ ਰੈਹਾ ਹੈ, ਏਸ
ਮਾਮਲੇ ਦੀ ਗਵਾਹੀ ਮਹਾਂਭਾਰਤ, ਅੱਠਾਰਾਂ ਪੁਰਾਣ ਸਿੰਮ੍ਰਿਤੀਆਂ ਸਬ ਦੇ ਰਹੇ ਹਨ—
ਜਦ ਏਹ ਮ੍ਰਯਾਦਾ ਆਰਯਾਂ ਵਿੱਚ ਸੀ, ਤਦੋਂ ਈਸਾਈ ਮੁਸਲਮਾਨਾਂ ਜਹੂਦਾਂ ਬੋਧਾਂ ਵਾਂਗੂ ਥੋ
ੜੇ ਹੀ ਅਰਸੇ ਵਿੱਚ ਅਨੇਕ ਵਿਲਾਇਤਾਂ ਮੇਂ ਆਰਯਾ ਹੀ ਆਰਯਾ ਲੋਗ ਫੈਲ ਗਏ ਸੇ, ਜਦੋਂ
ਤੇ ਏਹ ਰੀਤੀ ਆਰਯਾ ਛੱਡ ਬੈਠੇ ਤਬ ਸੇ ਆਰਯਾ ਘਟ ਗਏ ਜਿਨਾਂ ਵਿੱਚ ਬੇਟੀ ਰੋਟੀ ਦੀ ਸਾਂ
ਝ ਬਣੀ ਰਹੀ, ਉਹ ਮੁਸਲਮਾਨ ਈਸਾਈ ਆਦਿਕ ਅਜ ਦੁਨੀਆਂ ਉੱਤੇ ਛਾ ਗਏ, ਤਾਂ ਤੇ ਮ
ਜਬ ਦੇ ਵਧਣ ਦਾ ਮੁਖ ਕਾਰਣ ਰੋਟੀ ਬੇਟੀ ਦੀ ਸਾਂਝ ਹੈ, ਏਹੋ ਸੋਚਕੇ ਪੰਥ ਖਾਲਸੇ ਦੀ
ਬ੍ਰਿਧੀ ਹੇਤ ਗੁਰੂ ਸਾਹਿਬ ਨੇ ਬਰਣਾਸ਼੍ਰਮ ਦਾ ਭੇਦ ਛੁਡਾਕੇ ਇੱਕੋ ਛੱਤ੍ਰੀ ਬਰਣ ਸੋਢ ਬੰਸ ਖਾਲਸਾ
ਮਜਹਬ ਕਾਇਮ ਕੀਤਾ ਸੀ, ਪਰ ਸਿੰਘਾਂ ਵਿੱਚੋਂ ਅਸਲ ਇਤਫਾਕ ਤੇ ਪੰਥ ਦੀ ਬ੍ਰਿਧੀ ਦਾ ਮੁੱਖ
ਕਾਰਣ ਜੋ ਰੋਟੀ ਬੇਟੀ ਦੀ ਸਾਂਝ ਸੀ ਓਹ ਸ੍ਰੇਸ਼ਟ ਰੀਤੀ ਤਾਂ ਹੁੱਟ ਗਈ ਤੇ ਭੈੜੀ ਰੀਤੀ ਜੋ ਘਾਟੇ

Digitized by Panjab Digital Library | www.panjabdigilib.org

ਦਾ ਕਾਰਣ ਹੈ ਜੋ ਹਿੰਦੂਆਂ ਦੀ ਸੰਗਤ ਕਰਕੇ ਖਾਲਸੇ ਵਿੱਚ ਆਗਈ, ਤਾਂ ਹੀ ਦੂਣ ਚੌਣੇ ਹਿੰਦੂ ਹ ੫੭
ਮੇਸ਼ ਘਟਦੇ ਜਾਂਦੇ ਹਨ, ਤੈਸੇ ਸਿੰਘ ਭੀ ਏਹੋ ਗੱਲ ਅੱਗੇ ਨੂੰ ਹੋਣ ਵਾਲੀ ਜੋਹ ਕੇ ਨਵਾਬ ਕਪੂਰ ਸਿ
ਘ ਨੇ ਛੋਟੀ ਮੋਟੀ ਸਬ ਜਾਤ ਦੇ ਲੋਗਾਂ ਨੂੰ ਸਿੰਘ ਕਰ ਕੱਢਿਆ ਜੀ ਕਿ ਜਿਧੇ ਕਿਧਾ ਬਹੁਤ ਹੋਵੇ ਹੋ
ਈ ਬੇਈ ਦੀ ਜਾਂਝ ਬਣਾਈ ਰੱਖਣ, ਜੇ ਕਦੇ ਏਹੋ ਗੱਲ ਬਣੀ ਰਹਿੰਦੀ ਤੇ ਹਿੰਦੂਆਂ ਦੀ ਪੁੱਛ ਖਾ
ਲਸਾ ਨਾ ਲਗਾਦਾ, ਤਾਂ ਪੱਕੀ ਉਮੇਦ ਸੀ, ਕਿ ਅੱਜ ਨੂੰ ਸਾਰੀ ਹਿੰਦੁਸਤਾਨ ਤੇ ਪੰਜਾਬ ਵਿੱਚ ਏਹੋ ਪੰਥ
ਦਿਖਾਈ ਦਿੰਦਾ ਬਲਕਿ ਏਸ ਉੱਤਮ ਧਰਮ ਦੀ ਉੱਨਤੀ ਹੋਣ ਵਾਸਤੇ ਰਾਜਾ ਆਲਾ ਸਿੰਘ ਨੇ
ਖੁਦ ਠੀਕਰੀ ਵਾਲੇ ਪਿੰਡ ਜਿੱਥੇ ਸਿੰਘਾਂ ਦਾ ਦਲ ਉਤਰਿਆ ਹੋਇਆ ਸੀ ਪਹੁੰਚ ਕਰ ਨਵਾਬ ਕਪੂਰ
ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਅਪਣੇ ਭਾਈ ਸੱਭਾ ਸਿੰਘ, ਲੱਧਾ ਸਿੰਘ, ਰੁੱਪ੍ਰ ਸਿੰਘ, ਗੁਰਦਿੱ
ਤ ਸਿੰਘ, ਬੁਲਾਕੀ ਸਿੰਘ ਆਦਿਕ ਸਰਦਾਰਾਂ ਨੂੰ ਭੀ ਏਸ ਦੇ ਹੱਥੋਂ ਅੰਮ੍ਰਿਤ ਛਕਵਾਯਾ, ਤੇ ਅਪਣੀ
ਓਸ ਯਾਦਗਾਰ ਦੀ ਨਸ਼ਾਨੀ ਇੱਕ ਕੂਆ ਬਹੁਤ ਚੌੜਾ ਸਤ ਬਿੱਢਾ ਖਾਲਸੇ ਦੇ ਜਲ ਪੀਣ ਵਾਸ
ਤੇ ਲਗਵਾ ਦਿੱਤਾ ਜੋ ਅਬ ਤਕ ਓਥੇ ਮੌਜੂਦ ਹੈ। ਕਿਉਂਕਿ ਠੀਕਰੀ ਵਾਲੇ ਜਾਕੇ ਪੰਥ ਬਹੁਤ ਠਹਿ
ਰਿਆ ਕਰਦਾ, ਓਥੋਂ ਦੇ ਜੱਗਾ ਸਿੰਘ ਆਦਿਕ ਬਹੁਤ ਸਿੰਘ ਪੰਥ ਵਿੱਚ ਸੇ ਬਲਕਿ ਜਿਸ ਬ੍ਰਿਛ
ਨਿੰਮ ਤੇ ਜੰਡ ਹੇਠ ਨਵਾਬ ਉਤਰਿਆ ਕਰਦਾ ਓਹ ਹੁਣ ਪੂਜਨੀਕ ਹੋਰਹੇ ਹਨ, ਲੋਗ ਸੁੱਖਣਾਂ ਸੁੱਖ
ਕੇ ਕੜਾਹ ਪ੍ਰਸਾਦਿ ਚੜ੍ਹਾਉਂਦੇ ਹਨ। ਏਸ ਨਵਾਬ ਕਪੂਰ ਸਿੰਘ ਨੇ ਤਿੰਨ ਚਾਰ ਵਾਰੀ ਪੰਥ ਨੂੰ ਸਾ
ਥ ਲੈ ਜਾ ਕਰ ਬੀਕਾਨੇਰ, ਜੈਸਲਮੇਰ, ਭਿਆਣੀ, ਰਵਾੜੀ ਤਕ ਮਾੜਵਾੜ ਤੇ ਸੇਖਾਵਟੀ ਦਾ ਰ
ਯਾਰਾਂ ਸੌ ਖੇੜਾ ਪੂਨੀਏ ਜੱਟਾਂ ਦਾ ੭੫੨ ਗਾਂਉਂ ਸੀ, ਆਗਰੋਤ ਦੇ ਜੱਟਾਂ ਦਾ ੭੦੦ ਪਿੰਡ ਤੇ ਤਾਂਸੀ, ਤੇਸ
ਰਤਕ ਬਾਂਗਰ ਦੇਸ ਹਿਆਣੇ ਦਾ ੩੬੦ ਖੇੜਾ ਮਲਕ ਗਠਵਾੜੇ ਜੱਟਾਂ ਦੇ ੬੦ ਨਗਰ ਦਹੀਏ
ਜੱਟਾਂ ਦੀ ੧੬੮ ਬਸਤੀ ਜਟੀ ਦੇ ਜੱਟਾਂ ਦਾ ਜਟਵਾੜਾ ੩੦੦ ਮਾਜਰਾ ਏਸ ਤਰਾਂ ਹੋਰ ਕਈ ਦੇਸ
ਤੇ ਦਿੱਲੀ, ਕੋਇਲ, ਖੁਰਜਾ ਚੰਦੋਸੀ, ਬਾਂਸ ਬਰੇਲੀ ਮੁਰਾਦਾਬਾਦ ਆਦਿਕ ਬੇਸ਼ੁਮਾਰ ਸ਼ਹਿਰ
ਲੁੱਟ ਮਾਰ ਕਰਾਕੇ ਖਾਲਸੇ ਨੂੰ ਫਾਇਦਾ ਪੁਚਾਯਾ, ਸਰਿੰਦ ਸਹਾਰਨਪੁਰ ਦੇਬਣ, ਮਗਲੌਰ, ਮੁ
ਜੱਫਰ ਨਗਰ ਆਦਿਕ ਸ਼ਹਿਰ ਤਾਂ ਏਨਾਂ ਦੀ ਖਾਧੀ ਪੀਤੀ ਹੋਈ ਸੀ॥

ਨਵਾਬ ਸਾਹਿਬ ਨੇ ਸ਼ਰਣ ਆਏ ਤੇ ਮੰਗਤੇ ਨੂੰ ਤਾਂ ਕਦੇ ਕਿਸੇ ਜਾਮੇ ਜਵਾਬ ਨਹੀਂ ਦਿੱਤਾ ਸੀ, ਕਹਿ
ਦੇ ਹਨ ਇੱਕ ਵਾਰੀ ਏਹ ਅਪਣੇ ਪਿੰਡ ਫੈਜੁੱਲਾਪੁਰ ਗਿਆ ਤੇ ਅਪਣੇ ਕੂਏ ਪਰ ਇਸ਼ਨਾਨ ਕ
ਰਨ ਲੱਗਿਆ, ਇੱਕ ਭੂਮਿਨੇ ਤਕਾਕੇ ਓਦੋਂ ਸੁਵਾਲ ਕੀਤਾ ਕਿ ਜੇ ਤੂੰ ਸਖੀ ਮਰਦ ਹੈਂ ਤਾਂ ਏਸੇ ਵਕਤ ਮੈਨੂੰ
ਐਤਨੀ ਦੌਲਤ ਦੇਹ ਜੋ ਮੈਥੋਂ ਚੁੱਕੀ ਨਾਂ ਜਾਵੇ ਨਵਾਬ ਨੇ ਓਦੋਂ ਅਪਣੇ ਪਾਸ ਹੋਰ ਕੁਛ ਹਾਜ਼ਰ ਨਾ ਦੇ

੫੮ ਖਕੇ ਕੂਏ ਦੀ ਜਾਰੀ ਜਮੀਨ ਅਪਣੀ ਦੌਲਤ ਸਮਝ ਕੇ ਓਸ ਨੂੰ ਦੇ ਦਿੱਤੀ ਜੋ ਫੇਰ ਓਸ ਤੋਂ ਮਿਲੇ ਪੰ
ਜ ਸੌ ਰੁਪਿਆ ਲੈ ਕੇ ਏਸੇ ਪਾਸ ਬੇਚ ਲਈ, ਏਸੇ ਤਰਾਂ ਇਕ ਵਾਰੀ ਅਪਣੀ ਤੀਮੀ ਕਿਸੇ ਫਕੀਰ
ਨੂੰ ਸੁਆਲ ਕਰਨੇ ਪਰ ਦੇ ਦਿੱਤੀ ਸੀ, ਤੇ ਕੀਮਤ ਦੇ ਕੇ ਫੇਰ ਲੈ ਲੀਤੀ — ਸੰ: ੧੭੯੩ ਬਿ: ਕੋ ਰਾਜ
ਗੱਜਾ ਸਿੰਘ ਨਾਲਾਗੜ੍ਹੀਏ ਦੇ ਨੀ ਬਾਦਸ਼ਾਹੀ ਮਾਮਲਾ ਦੇਣਾ ਬਹੁਤ ਹੋ ਗਿਆ ਓਹ ਵਸੂਲ ਕਰ
ਨ ਲਈ ਮਹਿਮਦ ਸ਼ਾਹ ਬਾਦਸ਼ਾਹ ਦੇ ਹੁਕਮ ਨਾਲ ਸਰਹਿੰਦ ਦੇ ਸੂਬੇ ਨੇ ਜਾਬਤੇ ਖਾਂ ਰੁਹੇਲੇ ਫੌਜਦ
ਰ ਨੂੰ ਭੇਜਿਆ; ਗੱਜਾ ਸਿੰਘ ਨਠ ਕੇ ਨਵਾਬ ਪਾਸ ਅਨੰਦਪੁਰ ਆ ਗਿਆ, ਤਿੰਨ ਮਹੀਨੇ ਓਸ ਪਿੱਛੇ
ਖਾਲਸੇ ਨੂੰ ਬਾਦਸ਼ਾਹੀ ਫੌਜ ਨਾਲ ਲੜਾਇਆ — ਫੇਰ ਜੱਸੇ ਦੀਵਾਨ ਕੌੜਾ ਮੱਲ ਨੂੰ ਮਦ
ਦ ਦੇ ਕੇ ਨਵਾਬ ਸ਼ਾਹਨਵਾਜ ਨੂੰ ਕਤਲ ਕਰ ਮੁਲਤਾਨ ਫਤੇ ਕਰਾਈ। ਔਰ ਰਾਜੇ ਬੀਕਾਨੇਰ ਦੀ
ਮਦਦ ਮੇ ਜਾ ਕਰ ਜੈਸਲਮੇਰ ਪਰ ਓਸ ਨੂੰ ਫਤੇ ਦਵਾਈ। ਆਦੀਨਾ ਬੇਗ ਖਾਂ ਨੂੰ ਜਲੰਧਰ ਫ
ਤੇ ਕਰਾਈ। ਰਾਜੇ ਆਲਾ ਸਿੰਘ ਦੇ ਬਿਰੋਧੀ ਮਲੇਰਕੋਟਲੇ ਵਾਲੇ ਪਠਾਣ ਤੇ ਰਾਇਕੋਟ ਵਾਲੇ
ਰਾਜਪੂਤ ਐਸੇ ਦਬੇ ਉੱਠਣ ਜੋਗੇ ਨ ਛੱਡੇ। ਦੁੱਰਾਨੀਆਂ ਨੂੰ ਜੋ (ਗਿਆਰਾਂ ਵਾਰੀ ਹੱਲੇ ਕਰ ਕਰ ਪੰ
ਜਾਬ ਰੋਕਣ ਲਈ ਆਂਉਦੇ ਰਹੇ।) ਐਸੀ ਦੁਰਦਸ਼ਾ ਕਰ ਕੇ ਭੇਜਿਆ; ਮੁੜ ਉਨਾਂ ਨੇ ਏਧਰ ਮੂੰ
ਹ ਨ ਕੀਤਾ। ਏਹੋ ਜੇਹੇ ਅਨੇਕ ਕੰਮ ਨਵਾਬ ਕਪੂਰ ਸਿੰਘ ਦੇ ਜੋ ਲਾਇਕ ਮਹਿਮਾ ਹਨ ਸਭ
ਦੂਸਰੇ ਹਿੱਸੇ ਵਿੱਚ ਲਿਖੇ ਗਏ ਹਨ।

ਸੰ: ੧੮੧੬ ਮੇ ਆਦੀਨਾ ਬੇਗ ਖਾਂ ਦੁਆਬੇ ਦੇ ਹਾਕਮ ਮਰੇ ਤੋਂ ਪਿੱਛੋਂ ਜਦ ਓਸ ਦੇ ਦੀਵਾਨ ਸੰ
ਭਰ ਮੱਲ ਨੂੰ ਜੰਗ ਵਿੱਚ ਮਾਰ ਕੇ ਸਿੰਘਾਂ ਨੇ ਮੁਲਕ ਮੱਲਿਆ ਸੀ ਤਾਂ ਪ੍ਰਗਣੇ ਜਲੰਧਰ ਤੇ
ਲਾਮੜ੍ਹੇ ਪਰ ਅਪਣੇ ਭਤੀਜੇ ਖੁਸ਼ਹਾਲ ਸਿੰਘ ਦਾ ਪ੍ਰਗਣੇ ਕਪੂਰਥਲੇ ਪਰ ਕਬਜ ਸਰ
ਦਾਰ ਜੱਸਾ ਸਿੰਘ ਅਪਣੇ ਚੇਲੇ ਆਹਲੂਵਾਲੀਏ ਨਵਾਬ ਨੇ ਕਰਾ ਦਿੱਤਾ।

ਸੰ: ੧੮੧੭ ਬਿ: ਵਿੱਚ ਨਵਾਬ ਕਪੂਰ ਸਿੰਘ ਨੇ ਸਾਰੇ ਪੰਥ ਨੂੰ ਅੰਮ੍ਰਿਤ ਛਕਾ ਕੇ ਨਾ ਕਰ ਕੇ
ਅਪਣੀ ਖਾਸ ਉਲਾਦ ਨ ਹੋਣੇ ਕਰ ਕੇ ਅਪਣੇ ਭਤੀਜੇ ਖੁਸ਼ਹਾਲ ਸਿੰਘ ਨੂੰ ਅਪਣੇ ਡੇਰੇ
ਦੀ ਦਸਤਾਰ ਤੇ ਅਪਣੀ ਜਗਾ ਪੰਥ ਦੀ ਜਥੇਦਾਰੀ ਦੀ ਦਸਤਾਰ ਜੱਸਾ ਸਿੰਘ ਨੂੰ ਦੇ ਦਿ
ਵ ਕੇ ਅੱਸੂ ਸੁਦੀ ੧੧ ਨੂੰ ਆਪ ਸੱਚ ਖੰਡ ਮੇਂ ਜਾ ਨਿਵਾਸ ਕੀਤਾ ਸਮਾਧ ਏਸ ਦੀ ਰਾਜਾ ਰਣਧੀਰ ਸਿੰ
ਘ ਕਪੂਰਥਲੇ ਵਾਲੇ ਨੇ ਅੰਮ੍ਰਿਤਸਰ ਬਾਬੇ ਅਟੱਲ ਦੇ ਮੰਦਰ ਪਾਸ ਸੰਗਮਰਮਰ ਦੀ ਬਣਵਾ
ਈ ਹੈ — ੧੪ ਜੇਠ ਸੰ: ੧੮੨੦ ਬਿ: ਕੋ ਜਦ ਪੰਥ ਖਾਲਸੇ ਨੇ ਸਰਹਿੰਦ ਮਾਰੀ ਤੇ ਬਵੰਜਾ ਲਾਖ ਦੇ ਸੁ
ਲੂ ਬਾਉਨੀ ਸਰਹਿੰਦ ਉੱਤੇ ਕਬਜਾ ਪਾਇਆ ਤਾਂ ਦੋਵੇਂ ਏਸੇ ਖੁਸ਼ਹਾਲ ਸਿੰਘ ਦੇ ਸੁਖਈ ਬਰਾਜ ਸਿੰਘ ਨੇ

Digitized by Panjab Digital Library | www.panjabdigilib.org

ਜੈਨ ਖਾਂ ਦਾ ਸਿਰ ਕੱਟ ਕੇ ਏਸ ਅੱਗੇ ਲਿਆ ਰੱਖਿਆ ਸੀ, ਤੇ ਖੁਸ਼ਹਾਲ ਸਿੰਘ ਭੀ ਧਾਪੋਂ ਨਾ ਮਨੌ ੪੯
ਲੀ ਘਨੌਲੀ, ਭਰਤਗੜ੍ਹ ਆਦਿਕ ਡੇਢ ਲਾਖ ਰੁਪਏ ਦੇ ਪਰਗਨੇ ਦਬਾ ਬੈਠਾ। ਸੰ: ੧੮੨੬ ਬਿ: ਕੋ
ਨਜਾਮਦੀਨ ਜਲੰਧਰ ਵਾਲੇ ਤੋਂ ਜਲੰਧਰ ਛੁਡਾ ਕੇ ਆਪਣੀ ਰਾਜਧਾਨੀ ਥਾਪੀ। ਸੰ: ੧੮੨੮
ਬਿ: ਕੋ ਫਤੇ ਖਾਂ ਕੁਸੂਰ ਵਾਲੇ ਤੋਂ ਪਰਗਨਾ ਹੈਬਤਪੁਰ ਪੱਟੀ ਦਾ ਫਤੇ ਕਰ ਕੇ ਆਪਣੇ ਬੇਟੇ ਬੁਧ ਸਿੰਘ
ਨੂੰ ਓਥੇ ਉਤਾਰ ਦਿੱਤਾ ਜਿੱਥੇ ਓਸ ਨੇ ਇੱਕ ਕਿਲਾ ਬਣਵਾਯਾ।

ਜਦ ਸੰ: ੧੮੩੬ ਮੇਂ ਸਰਦਾਰ ਹਰੀ ਸਿੰਘ ਰੋਪੜ ਵਾਲੇ ਨੇ ਦਸ ਕੁ ਪਿੰਡ ਏਸ ਦੇ ਔਰ ਬਾਕੀ ਪਰਗਨਾ ਬ
ਹਿਰਾਮਪੁਰ, ਸਹਾਦਤ ਚੰਦੇਰੀ, ਰਾਜੇ ਗੱਜਾ ਸਿੰਘ ਨਾਲਾਗੜ੍ਹੀਏ ਦੇ ਔਰ ਪਰਗ
ਨਾ ਬੇਰੀਆਂ, ਮਣੌਲੀ, ਰਾਜਾ ਬਿਲਾਸਪੁਰੀਏ ਮਹਾਂ ਚੰਦ ਦੇ ਦਬਾ ਲਏ, ਤਾਂ ਬਾਜਾ ਰਾਜ ਸਰਨ ਬੁਧ
ਸਿੰਘ ਨੂੰ ਤੇ ਖੁਸ਼ਹਾਲ ਸਿੰਘ ਨੂੰ ਜਲੰਧਰੋਂ ਚੜ੍ਹਾ ਲਿਆਯਾ, ਇਨ੍ਹਾਂ ਨੇ ਕਿਲੇ ਗੋਲੇ ਵਾਲੇ ਮੇਂ ਜੰਗ ਕਰ
ਕੇ ਹਰੀ ਸਿੰਘ ਤੋਂ ਸਭ ਪਰਗਨੇ ਛੁਡਾ ਕੇ ਰਾਜਿਆਂ ਦੇ ਰਾਜਿਆਂ ਨੂੰ ਦੇ ਦਿੱਤੇ ਆਪਣੇ ਆਪ ਸੰਭਾਲ ਕੇ ਕਿਲੇ
ਭਰਤਗੜ੍ਹ ਬੂੰਗੇ ਵਿੱਚ ਆਪਣੀ ਫੌਜ ਉਤਾਰ ਦਿਤੀ ਆਪ ਫੇਰ ਜਲੰਧਰ ਮੇਂ ਜਾ ਰਹੇ।

ਸੰ: ੧੮੮੧ ਮੇਂ ਮਹਾਂਰਾਜੇ ਅਮਰ ਸਿੰਘ ਦੇ ਨਾਲ ਮਿਲ ਕੇ ਬੁਧ ਸਿੰਘ ਨੇ ਪਰਗਣੇ ਛੱਤ ਬਨੂੜ ਦੇ
੨੩ ਪਿੰਡ ਰਾਇ ਇਲਿਆਸ ਰਾਇਕੋਟ ਵਾਲੇ ਦੇ ਫਤੇ ਕੀਤੇ ਜੋ ਸੰ: ੧੮੫੩ ਈ: ਤੇ ਸੰ: ੧੯੧੨ ਬਿ: ਤਕ ਸੰ
ਝੇ ਰਹਿ ਕੇ ਬੰਦੋਬਸਤ ਵਾਲੇ ਸਾਹਿਬ ਦੀ ਤਜਵੀਜ ਨਾਲ ਅੱਧੋ ਅੱਧੀ ਵੰਡੇ ਗਏ। ਸੰ: ੧੮੪੬
ਬਿ: ਕੋ ਜਦ ਸਰਦਾਰ ਬਘੇਲ ਸਿੰਘ ਨੇ ਦਿਲੀ ਲੁੱਟੀ ਤੇ ਗੁਰਦੁਆਰੇ ਬਣਵਾਏ, ਤਦੋਂ ਭੀ ਸਰ
ਦਾਰ ਖੁਸ਼ਹਾਲ ਸਿੰਘ ਓਸ ਦਾ ਸਾਥੀ ਬਣਿਆ ਰਿਹਾ। ੨੩ ਚੇਤ੍ਰ ਸੰ: ੧੮੫੨ ਕੋ ਲਾਮਡੇ ਦੇ
ਕਿਲੇ ਵਿੱਚ ਖੁਸ਼ਹਾਲ ਸਿੰਘ ਗੁਜ਼ਰ ਗੈਆ ਤਾਂ ਓਸ ਦਾ ਬੇਟਾ ਬੁਧ ਸਿੰਘ ਸੁਤੰਤ੍ਰ ਸਰਦਾਰ ਹੋ
ਗੈਆ। ਏਸ ਦੇ ਖਾਸ ਦੋ ਲਾਖ ਦਾ ਮੁਲਖ ਮਾਝੇ ਦੁਆਬੇ ਵਿੱਚ ਤੇ ਡੇਢ ਲਾਖ ਦਾ ਮੈਣਦਾ ਬਦਿਰਸੀ
ਇਸ ਨੇ ਇੱਕ ਲਾਖ ਰੁਪੈਆ ਖਰਚ ਕਰ ਕੇ ਤਲਾਬ ਤਰਨ ਤਾਰਨ ਦੀ ਟਹਿਲ ਕਰਾਈ, ਬ
ਲਕੇ ਜੇੜ੍ਹੀਆਂ ਇੱਟਾਂ ਗੁਰੂ ਅਰਜਨ ਜੀ ਦੇ ਸਮੇ ਓਥੇ ਦੇ ਹਾਕਮ ਨੂਰਦੀਨ ਨੈ ਅੱਲੋ ਮੱਲੀ ਉ
ਠਾ ਕੇ ਆਪਣੇ ਮਕਾਨ ਨੂੰ ਲਾ ਲਈਆਂ ਸਨ ਬੁਧ ਸਿੰਘ ਨੇ ਓਸੇ ਦੇ ਮਹਲ ਢਾਹ ਕੇ ਓਹੋ ਇੱਟਾਂ
ਤਲਾਉ ਨੂੰ ਲਾਈਆਂ।

ਸਰਦਾਰ ਬੁਧ ਸਿੰਘ ਮਹਾਂਰਾਜੇ ਰਣਜੀਤ ਸਿੰਘ ਦੀ ਮਦਦ ਪਰ ਅਟਿਕ, ਕਸੂਰ, ਝੰਗ,
ਮੁਲਤਾਨ ਆਦਿਕ ਮਕਾਨਾਂ ਦੇ ਛੁਡਾਉਣ ਵਿੱਚ ਸਣੇ ਫੌਜ ਹਮੇਸ਼ਾਂ ਰੈਹਾ ਤਾਂ ਹੀ ਇਜਤ
ਖਾਤ੍ਰ ਭੀ ਏਸ ਦੀ ਲਾਹੌਰ ਦੇ ਦਰਬਾਰ ਵਿੱਚ ਹੋਰ ਸਭ ਸਰਦਾਰਾਂ ਤੋਂ ਬਧ ਕੇ ਸੀ, ਕੁਛ ਤਾਂ ਏਸ ਕ

Digitized by Panjab Digital Library | www.panjabdigilib.org

੫੦ ਰਕੇ ਔਰ ਬਹੁਤ ਨਵਾਬ ਕਪੂਰ ਸਿੰਘ ਦਾ ਪੋਤਾ ਕਰ ਕੇ ਅਪਣੇ ਦਰਬਾਰ ਵਿੱਚ ਬੁਧ ਸਿੰਘ ਦੀ ਅਦਬ ਖਿ
ਤਕਾਰ ਹੋਰ ਸਭ ਸਰਦਾਰਾਂ ਤੋਂ ਅਧਿਕ ਕਰਦੇ ਰਹਿੰਦੇ, ਜਦ ਸੰ: ੧੮੭੧ ਬਿ: ਮੇਂ ਮਹਾਰਾਜੇ ਨੇ ਕ
ਸਮੀਰ ਦੀ ਮੁਹਿੰਮ ਫਤੇ ਕਰਨ ਲਈ ਸਭ ਸਰਦਾਰ ਬੁਲਾਏ ਤਦ ਬੁਧ ਸਿੰਘ ਨਾ ਗਿਆ ਤੇ ਨਾਂ
ਅਪਣੀ ਫੌਜ ਭੇਜੀ, ਇੱਕ ਤਾਂ ਏਹ ਗੁੱਸਾ ਮਹਾਰਾਜ ਦੇ ਦਿਲ ਵਿਚ ਸੀ, ਦੂਸਰੇ ਬੁਧ ਸਿੰਘ
ਆਪਣੇ ਬਾਬੇ ਦੀ ਬਡਿਆਈ ਦੇ ਅਭਮਾਨ ਵਿੱਚ ਮਹਾਰਾਜ ਦਾ ਅਦਬ ਤਾਬੇਦਾਰੀ ਘੱਟ ਰੱਖ
ਦਾ ਸੀ, ਤੀਜੇ ਬੁਧ ਸਿੰਘ ਦਾੜ੍ਹੀ ਨੂੰ ਦਸਮਾਲਿਆ ਕਰਦਾ, ਇੱਕ ਦਿਨ ਆਮ ਦਰਬਾਰ ਵਿੱਚ
ਮਹਾਰਾਜੇ ਨੇ ਫੁਰਮਾਯਾ ਜੇੜ੍ਹਾ ਸਿੰਘ ਹੋ ਕੇ ਦਸਮਾਲਾ ਦੇ ਉਸ ਨੂੰ ਕੀ ਤਨਖਾਹ ਦੇਣੀ ਲਾਉਣੀ
ਸਭ ਖਾਲਸੇ ਦੀ ਸਭਾ ਵਿੱਚ ਹੁਕਮ ਹੋਯਾ ਭਾਈ ਸੰਤ ਸਿੰਘ ਗਿਆਨੀ ਤੇ ਰਾਮ ਸਿੰਘ ਬਸਤੀ
ਰਾਮੀਆਂ ਬੋਲੇ ਓਹ ਭਾਰੀ ਤਨਖਾਹੀਆ ਹੁੰਦਾ ਹੈ ਜੈਸਾ ਕੈਦ ਤੇ ਸਜਾ ਦਾ ਦੰਡ ਦਿੱਤਾ ਜਾਂਦਾ ਸੁੱ
ਚ ਹੈ ਆਪਣੀ ਕਰਤੂਤ ਦਾ ਡਰ ਸਭ ਨਾਂ ਵੈਰੀਆਂ ਤੋਂ ਅਧਿਕ ਹੁੰਦਾ ਹੈ, ਬੁਧ ਸਿੰਘ ਤਾਂ ਫੜੇ ਜਾ
ਣ ਤੋਂ ਡਰਦਾ ਲਾਹੌਰੋਂ ਜਾਲੋਂ ਭੱਜਿਆ ਸਤਲੁਜੋਂ ਪੂਰਬ ਦੇਨੀ ਅੰਗ੍ਰੇਜਾਂ ਦੇ ਮਾਤਹਿਤ ਅਪਣੇ
ਇਲਾਕੇ ਵਿੱਚ ਆ ਬੜਿਆ, ਮਾਲ ਮਤਾ ਕੁਛ ਤਾਂ ਏਸ ਦੇ ਆਦਮੀ ਜਲੰਧਰੋਂ ਲੈ ਆਏ ਬਹੁ
ਤ (ਓਥੇ ਹੀ ਰੈਹਾ, ਬਥੇਰਾ ਮਹਾਰਾਜ ਫੇਰ ਏਸ ਨੂੰ ਬੁਲਾਉਂਦਾ ਰੈਹਾ ਨਾਂ ਹੀ ਗਿਆ, ਓੜਕ ਮਹਾਰਾਜ
ਨੇ (ਜੋ ਏਹੋ ਜੇਹੇ ਵਕਤ ਦੀ ਘਾਤ ਲਾਈ ਰੱਖਦਾ ਸੀ) ਦੀਵਾਨ ਮੁਹਕਮ ਚੰਦ ਦੀ ਮਾਰਫਤ
ਸਾਰੇ ਦੁਆਬੇ ਵਾਲਾ ਤਿੰਨ ਲਾਖ ਦਾ ਮੁਲਕ ਤੇ ਮਾਲ ਏਸ ਦਾ ਸਭ ਜਬਤ ਕਰ ਲੀਤਾ
ਬੁਧ ਸਿੰਘ ਏਸੇ ਗਮ ਦਾ ਮਾਰਿਆ ਮੰਨੀਏ ਦੇ ਕਿਲੇ ਵਿੱਚ ਸੱਤ ਪੁੱਤ੍ਰ ਤੇ ਛੇ ਲਾਖ ਦਾ ਮੁਲਕ ਛੱ
ਡ ਕੇ ੯ ਸਾਉਣ ਸੰ: ੧੮੭੩ ਬਿ: ਨੂੰ ਅੰਤ ਦਾ ਕੂਚ ਕਰ ਗਿਆ।

ਬੁਧ ਸਿੰਘ ਦਾ ਭਾਈ ਸੁਧ ਸਿੰਘ ਜੋ ਸੰ: ੧੮੫੮ ਮੇਂ ਗੁਜਰ ਗਿਆ ਸੀ, ਉਸ ਦੀਆਂ
ਔਰਤਾਂ ਸੁਖ ਦੇਈ ਤੇ ਸਦਾ ਕੌਰ ਸਿੰਘ ਪਿਛੋਂ ਦੇਰ ਦਾ ਜਮੂਸਬ ਬੁਧ ਸਿੰਘ ਨੇ ਕਰ ਲਈ
ਆਂ ਸਨ, ਸੁਖ ਦੇਈ ਦੇ ਤਿੰਨ ਸਦਾ ਕੌਰ ਦੇ ਚਾਰ ਬੇਟੇ ਹੋਏ। ਓਸ ਸਮੇਂ ਦੀ ਰਵਾਜ ਅਨੁਸਾ
ਰ ਸਭ ਰਿਆਸਤ ਪਹਿਲੇ ਚੂੰਡੇ ਵੰਡ ਵੰਡੀ ਗਈ ਫੇਰ ਸਰਦਾਰੀ ਦੇ ਪੰਜ ਪਿੰਡ ਸਭ ਨਾਂ ਤੋਂ
ਵਡੇ ਅਮਰ ਸਿੰਘ ਪਾਸ ਅਧਿਕ ਛੱਡ ਕੇ ਤੇ ਮਾਈਆਂ ਦਾ ਹਜਾਰ ਹਜਾਰ ਰੁਪਏ ਦਾ ਗੁ
ਜਾਰਾ ਕੱਢ ਕੇ ਬਾਕੀ ਸਭ ਪਿੰਡ ਭਾਈ ਵੰਡ ਕਰ ਲੀਤੇ।।

ਅਮਰ ਸਿੰਘ ਨੂੰ ਭਰਤਗੜ੍ਹ-ਗੋਪਾਲ ਸਿੰਘ ਨੂੰ ਮਨੌਲੀ, ਲਾਲ ਸਿੰਘ ਨੂੰ ਬੂੰਗਾ, ਗੁਰਦ
ਆਲ ਸਿੰਘ ਨੂੰ ਅਟੱਲਗੜ੍ਹ, ਹਰਦਿਆਲ ਸਿੰਘ ਨੂੰ ਬੇਲਾ, ਭੂਪਾਲ ਸਿੰਘ ਨੂੰ ਘਨੌਲੀ

Digitized by Panjab Digital Library | www.panjabdigilib.org

ਆਲ ਸਿੰਘ ਨੂੰ ਕੀ ਬੋਲੇ, ਏਹ ਆਪਣੇ ੨ ਪ੍ਰਗਣੇ ਪਰ ਹੁਕਮ ਸੁਤੰਤ੍ਰ ਕਰਦੇ ਰਹੇ। ਅਮ ੫੧
ਰ ਸਿੰਘ ਦਾ ਬੇਟਾ ਕ੍ਰਿਪਾਲ ਸਿੰਘ ਸੰ: ੧੮੯੯ ਬਿ: ਕੋ ਗੁਜ਼ਰ ਗਿਆ, ਉਸ ਦੇ ਬਿਯੋਗ ਨਾ
ਲ ਅਮਰ ਸਿੰਘ ਰਾਜ ਛੱਡ ਕੇ ਬਨਸ੍ਰ ਸਨੇਤ ਤੀਰਥ ਕਨਾਰੇ ਜਾ ਬੈਠਾ, ਜਿੱਥੇ ਅਬ ਉਸ ਦੀ
ਹਵੇਲੀ ਹੈ। ਸੰ: ੧੯੦੪ ਬਿਕ: ਨੂੰ ਉਸ ਦੇ ਬੇਉਲਾਦ ਮਰਨੇ ਤੇ ਉਸ ਦੀ ਰਿਆਸਤ ਘਨੌਲੀ
ਮਨੌਲੀ ਵਾਲੇ ਉਸ ਦੇ ਸਕੇ ਭਾਈਆਂ ਨੇ ਬੰਡਣ ਲਈ, ਸਰਦਾਰੀ ਨਿੱਜਾ ਜੈ ਸਿੰਘ ਮਨੌਲੀ
ਵਾਲੇ ਨੂੰ ਬਡਾ ਹੋਣ ਕਰ ਕੇ ਮਿਲਿਆ, ਫੇਰ ਏਨਾਂ ਸਭਨਾਂ ਦਾ ਝਗੜਾ ਹੋ ਕਰ ਸੰ: ੧੯੦੫ ਬਿ:
ਕੋ ਗਵਰਮਿੰਟ ਸੇ ਏਹ ਫੈਸਲਾ ਕਰਾਰ ਪਾਇਆ ਕਿ ਹਜ਼ਾਰ ੨ ਰੁਪੱਯਾ ਨਕਦ ਉਸ ਦੀਆਂ
ਇਸਤ੍ਰੀਆਂ ਨੂੰ ਗੁਜ਼ਾਰਾ ਦੇ ਕੇ ਕੁਲ ਰਿਆਸਤ ਵਿੱਚੋਂ ਅੱਧ ਗੱਦੀ ਨਸ਼ੀਨ ਨੂੰ ਦੇ
ਕੇ ਬਾਕੀ ਅੱਧ ਸਭਨਾਂ ਨੇ ਇੱਕੋ ਜੇਹਾ ਬੰਡ ਲੈਣਾ। ਏਹੋ ਰਵਾਜ ਏਸ ਖਾਨਦਾਨ ਵਿਚ
ਅੱਜ ਤਕ ਜਾਰੀ ਹੈ।

ਹੁਣ ਤਿੰਨਾਂ ਦੀ ਸੰਤਾਨ ਹੈ, ਚਾਰ ਘਰ ਰਹਿ ਗਏ, ਵੇਖੋ ਸ਼ਿਜਰਾ। ੧੨ ਅੱਸੂ ਸੰ: ੧੯੩੪
ਕੋ ਬਾਦ ਗੁਜ਼ਰਨੇ ਸਰਦਾਰ ਜੈ ਸਿੰਘ ਦੇ ਅਬ ਉਸ ਦਾ ਬੇਟਾ ਸਰਦਾਰ ਅਤਾਰ ਸਿੰਘ
(ਜੋ ੧੮ ਪੋਹ ਸੰ: ੧੯੨੯ ਬਿ: ਕੋ ਪੈਦਾ ਹੋਆ ਸੀ) ਮਨੌਲੀ ਮੇਂ ਆਪਣੇ ਬਾਪ ਦੀ ਰਿਆ
ਸਤ ਪਰ ਗੱਦੀ ਨਸ਼ੀਨ ਕਾਇਮ ਹੈ। ਸਤਗੁਰ ਏਸ ਨੂੰ ਸੁਮੱਤ ਤੇ ਉਮਰ ਦਰਾਜ਼ ਬਖਸ਼ੇ।
ਪਹਿਲੇ ਏਨਾਂ ਦੀ ਕੁੱਲ ਜੈਗੀਰ ਦੀ ਆਮਦਨੀ ਸੰ: ੧੮੨੩ ਈ: ਕੋ ਅੰਗ੍ਰੇਜ਼ੀ ਬੰਦੋ
ਬਸਤ ਦੇ ਅਨੁਸਾਰ ੬੯੬੫੬॥) ਥੀ। ਤਫਸੀਲ ੪੯੧੨੯≡) ਤਹਿਸੀਲ
ਉਪਜ ਮੇਂ ਜਿਸ ਵਿੱਚੋਂ ਦੋ ਆਨੇ ਰੁਪਏ ਪਿੱਛੇ ਕਮਿਸ਼ਨ ਸਰਕਾਰ ਨੂੰ ਦੇਣਾ ੨੧੫੨੭।-)
ਤਹਿਸੀਲ ਖਰੜ ਮੇਂ, ਏਥੇ ਇੱਕ ਆਨਾ ਕਮਿਸ਼ਨ ਹੈ। ਅਬ ਏਸ ਖਾਨਦਾਨ ਦੀ ਆਮ
ਦਨੀ ੭੭੧੦੨।।।-) ਰੁਪਏ ਸਾਲਾਨਾ ਜੈਗੀਰ ਦੀ ਤੇ ਅਠਾਈ ਬੀਸ ਹਜ਼ਾਰ ਤੋਂ ਉੱਪਰ
ਬਾਗਾਤ ਜ਼ਮੀਨ ਵਗੈਰੇ ਦੀ ਹੈ। ੪੦੧੦੨) ਜੈਗੀਰ ਦਾ ਤੇ ੮੦੦੦) ਬਾਗਾਤ ਜ਼ਮੀਨ ਬਿ
ਸਵੇਦਾਰੀ ਦਾ ਔਰ ੧੪੦੦੦) ਸੂਦ ਬੈਂਕ ਵਿੱਚੋਂ ਹੈ। ਅਬ ਦੋ ਲਖ ਰੁਪਇਆ ਦੇ ਕਰ ਸਾਹੂਕ
ਰਾਂ ਤੇ ਤੇ ਬੂੜੀਏ ਵਾਲੇ ਜੀਉਣ ਸਿੰਘ ਸਰਦਾਰ ਤੇ ਔਰ ਪਚਾਸ ਹਜ਼ਾਰ ੫੦੦੦੦ ਰੁਪਇਆ ਦੇ ਕੇ ਕੁਠ
ਣ ਵਾਲੇ ਰਾਣੇ ਬਹਾਦਰ ਸਿੰਘ ਤੋਂ ਜ਼ਿਮੀਂਦਾਰਾ ਖਰੀਦ ਲੀਤਾ ਹੈ। ਅਬ ਏਹ ਸਭ ਆਮਦਨੀ
ਮਿਲ ਕੇ ਅੱਸੀ ਹਜ਼ਾਰ ਦੇ ਲਗ ਭਗ ਹੈ ਤਾਂ ਸਰਦਾਰ ਔਤਾਰ ਸਿੰਘ ਨੂੰ ਸਾਲਾਨਾ ਹੋ ਗਈ ਹੈ
ਕਿਉਂਕਿ ਏਸ ਰਿਆਸਤ ਮਨੌਲੀ ਦੇ ਬਣੇ ਭਾਗਾਂ ਦਾ ਫਲ ਇੱਕੋ ਆਹਿਲਕਾਰ ਬਹੁਤ ਨੇਕ ਨੀ

Digitized by Panjab Digital Library | www.panjabdigilib.org

੫੨ ਅਤੇ ਖੈਰਖ੍ਵਾਹ ਨਿਮਕ ਹਲਾਲ ਇਲਮ ਅਕਲ ਦਾ ਕੋਟ ਮੁਣਸ਼ੀ ਚੜ੍ਹਤ ਸਿੰਘ ਹੈ। ਜਿਸ ਦੀ ਕੋਸ਼ਸ਼ ਤੇ ਲਾਇਕੀ ਨੇ ਏਸ ਰਿਆਸਤ ਨੂੰ ਸਾਰੀ ਖੰਡ ਦਾਬ ਦੀਆਂ ਰਿਆਸਤਾਂ ਨਾਲੋਂ ਉਨਤੀ ਪਰ ਕਰ ਦਿਖਾਯਾ ਹੈ।

ਔਰ ਘਨੌਲੀ ਵਾਲੇ ਉੱਤਮ ਸਿੰਘ, ਪ੍ਰਤਾਪ ਸਿੰਘ ਪਾਸ ੧੧੦੦੦) ਜਾਗੀਰ ਤੇ ਤਿੰਨ ਹਜ਼ਾਰ ਆਮਦਨੀ ਜ਼ਮੀਨ ਦੀ ਹੈ। ੯੦੦੦) ਜਾਗੀਰ ੧੦੦੦) ਜ਼ਮੀਨ ਬਾਗਾਤ ਸੇ ਭੋਲਾ ਸਿੰਘ ਨੂੰ, ੯੦੦੦) ਜਾਗੀਰ ੧੦੦੦) ਜ਼ਮੀਨ ਬਾਗਾਤ ਸੇ ਹਰਬੰਸ ਸਿੰਘ ਨੂੰ, ੯੦੦੦) ਜਾਗੀਰ ਤੇ ੧੦੦੦) ਜ਼ਮੀਨ ਸੇ ਸਾਸ ਸੇਰ ਸਿੰਘ ਨੂੰ ਆਮਦਨੀ ਹੈ, ਏਹ ਤਿੰਨੇ ਸਰਦਾਰ ਘਨੌਲੇ ਪਿੰਡ ਵਿੱਚ ਰਹਿੰਦੇ ਹਨ। ਫ਼ਜ਼ੂਲ ਖਰਚੀ ਨੇ ਏਹ ਸਭ ਕਰਜ਼ਾਈ ਕਰ ਰੱਖੇ ਹਨ।

## ॥ਮਿਸਲ ਨਿਸ਼ਾਨਾਂ ਵਾਲੀ॥੮॥

ਚੌਧਰੀ ਸਾਹਿਬ ਰਾਇ

ਸੰਗਤ ਸਿੰਘ ਦਸੌਂਧਾ ਸਿੰਘ

ਮਿਹਰ ਸਿੰਘ ਕਪੂਰ ਸਿੰਘ ਅਨੂਪ ਸਿੰਘ

ਫਤੇ ਸਿੰਘ

ਏਸ ਮਿਸਲ ਦੇ ਜਥੇਦਾਰ ਸਰਦਾਰ ਸੰਗਤ ਸਿੰਘ ਦਸੌਂਧਾ ਸਿੰਘ ਧੌਲ ਮੁਛੀਆਂ ਜ਼ਿਲੇ ਫੀਰੋਜ਼ਪੁਰ ਸਿੰਘਾਂ ਵਾਲੇ ਪਿੰਡ ਦੇ ਜੱਟ ਸਨ।— ਮੁਸਲਮਾਨਾਂ ਦੇ ਸਤਾਏ ਹੋਏ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕ ਕੇ ਪੰਥ ਖਾਲਸੇ ਦੇ ਸਾਥ ਮਿਲ ਗਏ, ਧਰਮ ਰੱਖਯਾ ਵਾਸਤੇ ਅਜੀਤੇ ਗਛੜੀ ਕਿ ਹਿੰਦੂਵਾਇਣ ਦੇ ਬਿਰੋਧੀ ਲੋਕਾਂ ਦੀ ਲੁੱਟ ਮਾਰ ਕਰ ਘਾਣੀ ਛੜ੍ਹ ਘੱਤੀ। ਪੰਥ ਦੀ ਚੜ੍ਹਦੀ ਕਲਾ ਹੁੰਦੀ ਦੇਖ ਕੇ ਏਨਾਂ ਦੇ ਸਾਕ ਸਬੰਧੀ ਹੋਰ ਭੀ ਅਨੇਕ ਆ ਮਿਲੇ, ਜੈ ਸਿੰਘ ਕੌਰੋਂ ਪਿੰਡ ਦਾ ਕੁਇਰ ਸਿੰਘ ਮਾਨ ਸਿੰਘ ਢੰਡ ਕਸੇਰ ਆਦਿਕ ਬਹੁਤ ਸੂਰਬੀਰ ਸਿੰਘ ਏਨਾਂ ਦੇ ਡੇਰੇ ਸਾਥ ਰਹਿਣ ਲੱਗ ਪਏ। ਜਦ ਕਿ ਧਰੇ ਸਿੰਘਾਂ ਦੀ ਚੜ੍ਹਾਈ ਹੁੰਦੀ ਏਹ ਪੰਜੇ ਸਿੰਘ (ਨਿਸ਼ਾਨ) ਝੂੰਡੇ ਚੁੱਕ ਕੇ ਅੱਗੇ ਹੋ ਲੈਂਦੇ। ਏਸੇ ਵਾਸਤੇ ਏਨਾਂ ਨੂੰ ਨਿਸ਼ਾਨਾਂ ਵਾਲੇ ਆਖਣ ਲੱਗ ਪਏ। ਜਿਸ ਸ਼ਹਿਰ ਯਾ ਕਸਬੇ ਦੀ ਜੋਧਨਾ ਖਾਲਸਾ ਜੀ ਕਰਦਾ ਤਾਂ ਪਹਿਲੇ ਨਿਸ਼ਾਨ ਦੀ ਭੇਟ ਪੂਜ

Digitized by Panjab Digital Library | www.panjabdigilib.org

ਹੁੰਦੀ, ਏਸ ਕਰਕੇ ਏਨਾਂ ਦੇ ਪਾਸ ਦੌਲਤ ਹੋ ਗਈ, ਨੌਕਰ ਰੱਖ ਕੇ ਜਥੇਦਾਰ ਬਣ ਗਏ, ਫੇ
ਰ ਤਾਂ ਸਬਨਾਂ ਕੌਮਾਂ ਵਿੱਚ ਮੁਰੈਲੀ ਬਣ ਗਏ। ਸੰ: ੧੮੧੮ ਬਿ: ਮੇਂ ਕਸੂਰ ਮਾਰਨੇ ਦੇ ਸਮੇਂ ਬ
ਹੁਤ ਧਨ ਏਨਾਂ ਦੇ ਹੱਥ ਆਯਾ, ਸੰ: ੧੮੨੦ ਵਿੱਚ ਸਰਹਿੰਦ ਉਜਾੜੀ, ਤਾਂ ਸਿੰਘਾਂ ਵਾਲ੍ਹਾ ਜਲੇਵਲ
ਸਰਾਇ ਲਸ਼ਕਰੀ ਖਾਂ, ਖੰਨਾ, ਦੋਰਾਹਾ, ਜੌਂਟੀਜੀਰਾ, ਅੰਬਾਲਾ, ਠਰੂਆ, ਸ਼ਾਹਾਬਾਦ, ਆਦਿਕ
ਬਹੁਤ ਪ੍ਰਗਣੇ ਏਸ ਮਿਸਲ ਦੇ ਕਬਜੇ ਮੇਂ ਆਏ, ਦਸੌਂਧਾ ਸਿੰਘ ਨੇ ਅੰਬਾਲਾ ਆਪਣੀ ਰਾਜ
ਧਾਨੀ ਬਣਾ ਲਈ, ਸੰ: ੧੮੨੨ ਮੇਂ ਨਵਾਬ ਜਾਬਤੇ ਖਾਂ ਮੇਰਠ ਵਾਲੇ ਦੀ ਲੜਾਈ ਵਿੱਚ
ਦਸੌਂਧਾ ਸਿੰਘ ਮਾਰਾ ਗੈਆ, ਉਸ ਦੇ ਥਾਂ ਸੰਗਤ ਸਿੰਘ ਨੇ ਸਰਦਾਰ ਹੋਕੇ ਅੰਬਾਲੇ ਦੀ ਸ਼ਹਿਰ
ਪਨਾਹ ਪੱਕੀ ਚਿਣਾਈ, ਏਥੇ ਦਾ ਪਾਣੀ ਉਸ ਨੂੰ ਮਾਫਕ ਨਹੀਂ ਸੀ, ਆਪਣੇ ਚਚੇਰੇ ਭਾਈ ਲਾ
ਲ ਸਿੰਘ ਤੇ ਗੁਰਬਖਸ਼ ਸਿੰਘ ਨੂੰ ਅੰਬਾਲੇ ਛੋੜ ਕੇ ਆਪ ਸਿੰਘਾਂ ਵਾਲੇ ਜਾ ਰਹਾ, ਜਿਥੇ ਉ
ਹ ਸੰ: ੧੮੩੧ ਕੇ ਗੁਜਰ ਗੈਆ, ਉਸ ਦੇ ਬੇਟੇ ਮੁਹਰ ਸਿੰਘ, ਕਪੂਰ ਸਿੰਘ, ਅਨੂਪ ਸਿੰਘ ਅੰ
ਬਾਲੇ ਵਿਚੋਂ ਗੁਰਬਖਸ਼ ਸਿੰਘ ਨੂੰ ਕੱਢ ਕੇ ਆਪਣੇ ਮਾਮੇ ਧਿਆਨ ਸਿੰਘ ਨੂੰ ਅੰਬਾਲੇ ਛੋੜ
ਗਏ। ਅਨੂਪ ਸਿੰਘ ਸਰਾਇ ਲਸ਼ਕਰੀ ਖਾਂ ਦੇ ਪ੍ਰਗਣੇ ਦਾ ਮਾਲਕ ਹੋਯਾ, ਤੇ ਕਪੂਰ ਸਿੰ
ਘ ਨੇ ਪ੍ਰਗਣੇ ਸਿੰਘਾਂ ਵਾਲੇ ਪਰ ਦਖਲ ਕਰ ਲੀਤਾ, ਮੁਹਰ ਸਿੰਘ ਅੰਬਾਲੇ ਰਹਾ, ਏਹ
ਪ੍ਰਜਾ ਨੂੰ ਬਹੁਤ ਦੁਖਦਾਈ ਜ਼ਾਲਮ ਸੀ, ਅੰਬਾਲੇ ਦਾ ਸੱਯਦ ਮੀਰ ਮੁਨੀਰ ਚੌਧਰੀ ਜੋ
ਪ੍ਰਜਾ ਨੂੰ ਬਹੁਤ ਪਿਆਰਾ ਤੇ ਮਸ਼ਹੂਰ ਆਦਮੀ ਸੀ, ਮੁਹਰ ਸਿੰਘ ਨੇ ਤੀਰ ਨਾਲ ਮਾਰ ਸੁੱਟਿਆ
ਉਸ ਦੇ ਮਰੇ ਤੋਂ ਪ੍ਰਜਾ ਨੇ ਦੁਖਿਆਰੀ ਹੋਕੇ ਗੁਰਬਖਸ਼ ਸਿੰਘ ਨੂੰ ਥਾਂਗਾਂ ਵਾਲੇ (ਸੋਢਾ) ਤੋਂ ਬੁ
ਲਾ ਲੈਆ ਤੇ ਲੜਾਈ ਕਰਾ ਦਿੱਤੀ, ਮੁਹਰ ਸਿੰਘ ਨੂੰ ਮਰਵਾ ਕੇ ਗੁਰਬਖਸ਼ ਸਿੰਘ ਨੂੰ ਆਪਣਾ
ਮਾਲਕ ਬਣਾ ਲੈਆ, ਏਸ ਵਾਸਤੇ ਸੇਸੂ ਹਾਕਮ ਰਯੱਤ ਨੂੰ ਨਹੀਂ ਦੁਖਾਉਂਦੇ, ਫੇਰ ਜਦ ਗੁ
ਰਬਖਸ਼ ਸਿੰਘ ਬੀ ਬੇਉਲਾਦ ਮਰ ਗੈਆ ਤਾਂ ਉਸ ਦੀ ਸਰਦਾਰਨੀ ਦਯਾ ਕੌਰ ਅੰਬਾਲੇ ਪ
ਰ ਕਾਬਜ ਬਣੀ ਰਹੀ। ਸੰ: ੧੮੫੪ ਮੇਂ ਕਪੂਰ ਸਿੰਘ ਆਪਣੇ ਬੇਟੇ ਫਤੇ ਸਿੰਘ ਸਮੇਤ ਲਾ
ਲ ਸਿੰਘ ਲਡਵੇ ਵਾਲੇ ਦੇ ਜੰਗ ਵਿੱਚ ਮਾਰਾ ਗੈਆ, ਔਰ ਅਨੂਪ ਸਿੰਘ ਜ਼ਖਮੀ ਹੋ ਕੇ ਪ
ਰਜਾ ਗੁਜਰਿਆ, ਉਸ ਦੀ ਸਰਦਾਰਨੀ ਜਭਰਾਈ ਆਪਣੇ ਇਲਾਕੇ ਦੀ ਮਾਲਕ ਹੋਈ।
ਸੰ: ੧੮੬੪ ਬਿ: ਮੇਂ ਮਹਾਰਾਜੇ ਰਣਜੀਤ ਸਿੰਘ ਦੇ ਦੀਵਾਨ ਮੁਹਕਮ ਚੰਦ ਨੇ ਜਦ ਹੋਰ ਅ
ਨੇਕ ਸਿੱਖਾਂ ਸਰਦਾਰਾਂ ਦੇ ਮੁਲਕ ਖੋਹੇ ਤਾਂ ਮਾਈ ਜਭਰਾਈ ਤੇ ਦਯਾ ਕੌਰ ਤੋਂ ਭੀ ਦੋਨੋਂ ਇਲਾ
ਕੇ ਛੀਨ ਲੀਏ। — ਸੰ: ੧੮੬੫ ਮੇਂ ਜਦ ਸਰਕਾਰ ਅੰਗ੍ਰੇਜ਼ ਬਹਾਦੁਰ ਦਾ ਕਬਜਾ ਤੇ ਕੌਰੇ

Digitized by Panjab Digital Library | www.panjabdigilib.org

੫੪ ਬਜਤ ਏਸ ਦੇਸ ਵਿੱਚ ਹੋਏ, ਤਾਂ ਗਰੀਮ ਦਿਨੇ ਅੰਬਾਲੇ ਦਾ ਪਰਗਨਾ ਮਾਈ ਕੌਰ ਨੂੰ ਫੇਰ ਦੇ ਦਿੱਤਾ
ਜਿਸ ਪਰ ਉਹ ਸੰ: ੧੮੮੭ ਤਕ ਕਾਬਜ਼ ਰਹਿ ਕੇ ਗੁਜ਼ਰ ਗਈ ਤਾਂ ਮੁਲਕ ਉਸ ਦਾ ਸਰਕਾਰ
ਅੰਗ੍ਰੇਜ਼ੀ ਮੇਂ ਜ਼ਬਤ ਹੋ ਗਿਆ — ਅਬ ਸਿੰਘਾਂ ਵਾਲੇ ਮੋਹਰ ਸਿੰਘ ਦੀ ਸੰਤਾਨ ਪਾਸ
ਥੋੜ੍ਹੀ ਜੀ ਜਾਗੀਰ ਹੈ, ਫਕਤ॥

## (੯) ਮਿਸਲ ਸ਼ਹੀਦਾਂ।

ਬੀਰ ਸਿੰਘ
- ਕਰਮ ਸਿੰਘ
  - ਗੁਲਾਬ ਸਿੰਘ
    - ਸ਼ਿਵ ਕ੍ਰਿਪਾਲ ਸਿੰਘ
      - ਸਰਦਾਰ ਜੀਵਣ ਆਬਾਦ ਹੈ
  - ਮਤਾਬ ਸਿੰਘ ੦
- ਧਰਮ ਸਿੰਘ ੦

ਅਸਲ ਮੇਂ ਏਸ ਮਿਸਲ ਦਾ ਮਾਲਕ ਸ਼ਹੀਦ ਦੀਪ ਸਿੰਘ ਪਰਗਣੇ ਅੰਮ੍ਰਿਤਸਰ ਪੋਹੂਵਿੰ
ਡ ਦਾ ਜਿਮੀਂਦਾਰ ਸੀ, ਏਸ ਦੇ ਗੁਰਭਾਈ ਗੁਰਬਖਸ਼ ਸਿੰਘ ਲੀਲ ਪਿੰਡ ਪਰਗਣੇ ਖੇਮ
ਕਰਨ ਦਾ, ਸੁਧਾ ਸਿੰਘ ਪਰਗਣੇ ਜਲੰਧਰ ਦੁਕੋਹੇ ਵਾਲਾ, ਪ੍ਰੇਮ ਸਿੰਘ, ਸ਼ੇਰ ਸਿੰਘ, ਦੁ
ਰਗਾ ਸਿੰਘ, ਬਸੰਤ ਸਿੰਘ, ਹੀਰਾ ਸਿੰਘ, ਆਦਿਕ ਅਨੇਕ ਸਾਥੀ ਥੇ॥
ਜਿਸ ਸਮੇਂ ਔਰੰਗਜ਼ੇਬ ਦੇ ਹੁਕਮ ਨਾਲ ਪੰਜਾਬ ਤੇ ਕਸ਼ਮੀਰ ਦੇ ਹਾਕਮਾਂ ਨੇ ਬੇਅੰਤ
ਹਿੰਦੂ ਜ਼ੋਰਾ ਜ਼ੋਰੀ ਮੁਸਲਮਾਨ ਕਰ ਛੱਡੇ ਤਦੋਂ ਪਹਿਲੇ ਗੁਰੂ ਗੋਬਿੰਦ ਸਿੰਘ ਨੇ ਤੇਗ ਉ
ਠਾ ਕੇ ਹਿੰਦੂਆਂ ਦੀ ਸਹਾਇਤਾ ਕੀਤੀ, ਫੇਰ ਖਾਲਸੇ ਨੇ ਬਹਾਦਰੀ ਦਿਖਾਈ। ਉਨਾਂ ਜਵਾ
ਨੀ ਬਹਾਦਰ ਸਿੰਘਾਂ ਵਿੱਚੋਂ ਦੀਪ ਸਿੰਘ ਬੁੱਢਾ ਸਿੰਘ ਗੁਰੂ ਜੀ ਦੇ ਦੱਖਣ ਗਏ ਆਂ ਪਿ
ਛੋਂ ਦਮਦਮੇ ਰਹਾ ਕਰਦੇ, ਦੀਪ ਸਿੰਘ ਦਾ ਖੂਹ ਤੇ ਬੁੱਢਾ ਸਿੰਘ ਦੇ ਬੇਰੀਆਂ ਦੇ ਲਗਵਾਏ
ਹੋਏ ਬਾਗ ਅਬ ਤਕ ਉਥੇ ਮੌਜੂਦ ਤੇ ਕਾਇਮ ਹਨ॥
ਸੰ: ੧੭੬੪ ਮੇਂ ਜਦ ਗੁਰੂ ਦੇ ਹੁਕਮ ਨਾਲ ਬਾਬੇ ਬੰਦੇ ਬਹਾਦਰ ਨੇ ਏਸ ਦੇਸ ਵਿਚ ਆਕੇ ਸਮਾ
ਣਾਂ, ਸਢੌਰਾ, ਦਾਮਲ, ਸਹਾਰਨਪੁਰ ਆਦਿਕ ਸ਼ਹਿਰ ਤੁਰਕਾਂ ਦੇ ਲੁੱਟੇ ਮਾਰੇ ਤੇ ਖਾਲਸੇ ਦੇ ਪ੍ਰ

Digitized by Panjab Digital Library | www.panjabdigilib.org

ਤਾਪ ਦਾ ਡੰਕਾ ਬਜਾਇਆ ਤਦੋਂ ਭਾਈ ਦੀਪ ਸਿੰਘ ਜੀ ਨੇ ਅਨੇਕ ਸਿੰਘਾਂ ਸਮੇਤ ਉਸ ਦੇ ਸਾਥ
ਮਿਲ ਕੇ ਬੜੇ ੨ ਜੰਗਾਂ ਵਿੱਚ ਬਹਾਦਰੀ ਦੇ ਕੰਮ ਕੀਤੇ, ਫੇਰ ਜਦੋਂ ਪੰਥ ਖਾਲਸੇ ਦਾ ਮੁਕਾਬਲਾ
ਸਿੰਘਾਂ ਨਾਲ ਹੁੰਦਾ ਰਿਹਾ, ਤਦੋਂ ਭੀ ਦੀਪ ਸਿੰਘ ਜੀ ਆਪਣੇ ਬਾਕੀਆਂ ਸਮੇਤ ਗਾਨੇ ਬੰਨ੍ਹ ਕੇ
ਸ਼ਹੀਦ ਹੋਣ ਲਈ ਜਥੇ ਤੋਂ ਅੱਗੇ ਹੋ ਕਰ ਤਲਵਾਰਾਂ ਮਾਰਿਆ ਕਰਦੇ ਸੇ ਜਿਸ ਕਰ ਕੇ ਏਨਾਂ ਦੇ
ਜਥੇ ਦਾ ਨਾਮ ਸ਼ਹੀਦਾਂ ਦਾ ਜਥਾ ਮਸ਼ਹੂਰ ਹੋ ਗਿਆ। ਡੇਰਾ ਏਨਾਂ ਦਾ ਅੰਮ੍ਰਿਤਸਰ ਤਲਾਬ ਦੇ ਕਨਾ
ਰੇ ਜਿੱਥੇ ਹੁਣ ਸ਼ਹੀਦ ਬੁੰਗਾ ਹੈ ਰਿਹਾ ਕਰਦਾ, ਅੱਠੇ ਪਹਿਰ ਜੁੱਧੇ ਦੀ ਤੇ ਦਾਲ ਪ੍ਰਸਾਦੇ ਦੀ ਦੇਗ ਬ੍ਰ
ਤਦੀ ਰਹਿੰਦੀ, ਹੋਰ ਜੇੜ੍ਹੇ ਜੇੜ੍ਹੇ ਬੇਸ਼ੁਮਾਰ ਜੰਗ ਜੁੱਧ ਤੇ ਪ੍ਰਉਪਕਾਰ ਧਰਮ ਦੇ ਕੰਮ ਦੀਪ ਸਿੰਘ ਤੋਂ ਹੁ
ਦੇ ਰਹੇ ਹਨ ਓਹ ਸਭ ਦੂਸਰੇ ਹਿੱਸੇ ਵਿੱਚ ਚੰਗੀ ਤਰਾਂ ਲਿਖ ਆਏ ਹਾਂ ਇਸ ਕਰ ਕੇ ਏਥੇ ਨਹੀਂ ਲਿਖੇ।
ਜਿੱਥੇ ਕੋਈ ਕਿਲਾ ਯਾ ਗਨੀਮ ਆਕੀ ਹੋ ਜਾਂਦਾ, ਜਾਂ ਸਿੰਘਾਂ ਨੂੰ ਵਕਤ ਪੈ ਜਾਂਦਾ ਓਥੇ ਦੀਪ ਸਿੰਘ
ਜੀ ਆਪਣੇ ਜਥੇ ਨੂੰ ਲੈ ਕੇ ਸਭ ਤੋਂ ਅੱਗੇ ਜਾਯਾ ਕਰਦੇ, ਤਾਂਹੀ ਏਨਾਂ ਨੂੰ ਸਭ ਸਿੰਘ ਗੁਰੂ ਦਾਂ ਰੂਮੱਨ
ਦੇਸੇ।— ਸੰ: ੧੭੬੩ ਮੇਂ ਦਮਦਮੇ ਸਾਹਿਬ ਠਹਿਰ ਕੇ ਦੀਪ ਸਿੰਘ ਜੀ ਨੇ ਚਾਰ ਗ੍ਰੰਥ ਸਾਹਿਬ
ਉਸ ਗ੍ਰੰਥ ਸਾਹਿਬ ਉੱਤੋਂ ਲਿਖਾਏ ਜੇੜ੍ਹਾ ਦਸਮੇ ਪਾਤਸ਼ਾਹ ਨੇ ਨੌਂ ਮਹੀਨੇ ਦਸ ਦਿਨ ਦਮਦਮਾ ਸਾਹਿਬ
ਮੇਂ ਰਹਿ ਕੇ ਤਯਾਰ ਕੀਤਾ ਸੀ। ੧ ਅਕਾਲ ਬੁੰਗੇ ੨ ਪਟਨੇ ਤੀਜਾ ਅਨੰਦ ਪੁਰ ਚੌਥਾ ਦਮਦਮੇ ਰੱ
ਖਿਆ ਜੇੜ੍ਹਾ ਹੁਣ ਤਕ ਬੜਾ ਬਾਬਾ ਸੱਦੀਦਾ ਹੈ। ਅਸਲ ਗ੍ਰੰਥ ਸਾਹਿਬ ਦਸਮੇ ਗੁਰੂ ਵਾਲਾ ਖਾਲਸੇ
ਦੇ ਲਸ਼ਕਰ ਵਿੱਚ ਰਿਹਾ ਕਰਦਾ ਜੋ ਕੁਤਬੇ ਬਾਹਮਣੀ ਪਿੰਡ ਪਾਸ ਬੜੇ ਘੱਲੂਘਾਰੇ ਦੇ ਸਮੇਂ ਦੁੱਰਾਨੀ
ਆਂ ਦੇ ਹੱਥ ਆ ਕਰ ਕਾਬਲ ਮੇਂ ਜਾ ਰਿਹਾ ਅਬ ਓਥੇ ਬਡੀ ਧਰਮਸਾਲਾ ਵਿੱਚ ਪੂਜੀਦਾ ਹੈ। ਸੰ:
੧੮੧੬ ਮੇਂ ਜਦ ਅਦੀਨਾ ਬੇਗ ਖਾਂ ਦੇ ਮਰੇ ਪਿੱਛੋਂ ਓਸ ਦਾ ਮੁਲਕ ਦੁਆਬਾ ਮਹਿਣ ਗਿਆ ਖਾਲਸੇ
ਨੇ ਮੱਲਿਆ ਤਦੋਂ ਦੀਪ ਸਿੰਘ ਜੀ ਸਿਆਲਕੋਟ ਦੇ ਹਾਕਮ ਮੁਹੰਮਦ ਅਮੀਨ ਖਾਂ ਤੋਂ ਉਹ ਇਲਾਕਾ
ਫਤੇ ਕਰ ਕੇ ਆਪਣੇ ਚੇਲੇ ਦਿਆਲ ਸਿੰਘ ਤੇ ਨੱਥਾ ਸਿੰਘ ਸ਼ਹੀਦ ਦੇ ਹਵਾਲੇ ਕਰ ਆਏ। ਜੋ ਸ਼
ਹੀਦ ਕਰਮ ਸਿੰਘ ਦੇ ਵਕਤ ਤਕ ਕੁਛ ਸਾਲਾਨਾ ਪੁਚਾਉਂਦੇ ਰਹੇ। ਸ਼ਹੀਦ ਗੁਲਾਬ ਸਿੰਘ ਦਾ ਚਾ
ਲ ਚਲਨ ਖਰਾਬ ਦੇਖ ਕੇ ਓਹ ਸਾਲਾਨਾ ਓਨਾਂ ਨੇ ਗੁਰਦ੍ਵਾਰੇ ਬੇਰ ਬਾਬੇ ਨਾਨਕ ਸਾਹਿਬ ਮੇਂ ਲਗਾ
ਦਿੱਤਾ— ਸੰ: ੧੮੧੭ ਮੇਂ ਦੀਪ ਸਿੰਘ ਜੀ ਨੇ ਕਰਤਾਰ ਪੁਰ ਛੀ ਮਹੀਨੇ ਰਹਿ ਕੇ ਗ੍ਰੰਥ ਸਾਹਿਬ
ਸੋਧਿਆ, ਪਰ ਪ੍ਰਸਾਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਲੰਗਰੋਂ ਛਕਦੇ ਰਹੇ। ਸੰ:
੧੮੧੮ ਮੇਂ ਜਦ ਪੰਜਾਬ ਵਿੱਚੋਂ ਸਿੰਘਾਂ ਨੂੰ ਦੁੱਰਾਨੀਆਂ ਨੇ ਕੱਢ ਦਿੱਤਾ ਰਾਇਪੁਰ ਗੁੱਜਰਵਾਲ ਪਾਸ
ਬੜਾ ਭਾਰੀ ਜੰਗ ਹੋਇਆ ਜਿਸ ਨੂੰ ਬੜਾ ਘੱਲੂਘਾਰਾ ਆਖਦੇ ਹਨ। ਦੁੱਰਾਨੀਆਂ ਦੀ ਫੌਜ ਨੇ

੫੬ ਅੰਮ੍ਰਿਤਸਰ ਉੱਤਰ ਕੇ ਗੁਰਦੁਆਰੇ ਦੀ ਬੇਅਦਬੀ ਕਰਨੀ ਤੇ ਤੀਰਥ ਵਿੱਚ ਮਿੱਟੀ ਭਰਨੀ ਸ਼ੁਰੂ ਕੀਤੀ ਤਦੋਂ ਦੀਪ ਸਿੰਘ ਜੀ ਦਮਦਮੇ ਸਾਹਿਬ ਇਹ ਸੁਣ ਕੇ ਰਹਿ ਨ ਸਕੇ, ਆਪਣੇ ਆਦਮੀ ਨੱਥਾ ਸਿੰਘ ਨੂੰ ਦਮਦਮੇ ਛੱਡ ਕੇ ਆਪ ਗੁਰੂ ਨਮਿੱਤ ਸਿਰ ਦੇਣਾ ਥਾਪ ਕਰ ਗਾਨਾ ਬੰਨ ਲੈਆ) ਚੜ੍ਹ ਬੈਠੇ, ਉਸ ਸਮੇ ਜੱਗੇ, ਬਠਿਮਣ ਨੇਹੀਆਂ ਵਾਲੇ, ਬਿੰਜੂ ਕੇ ਗੁਰੂ ਕੇ ਚੌਤੇ, ਲਖੀ ਜੰਗਲ ਫੂਲ, ਮਰਾਝ, ਢਗਾਜ, ਭੁੱਚੋ, ਗੁਬਿਦਪੁਰੇ ਆਦਿਕ ਪਿੰਡਾਂ ਵਿਚ ਜੋ ਖਾਲਸਾ ਉਤਰਿਆ ਹੋਇਆ ਸੀ ਸਭ ਨੂੰ ਬੁਲਾ ਕੇ ਕਹਿ ਦਿੱਤਾ, ਜਿਸ ਨੇ ਗੁਰੂ ਨਮਿੱਤ ਸ਼ਹੀਦ ਹੋਣਾ ਹੈ ਸੋ ਮੇਰੇ ਸਾਥ ਚੱਲੇ। ਤਰਨਤਾਰਨ ਸਾਹਿਬ ਤਕ ਪੰਜ ਹਜ਼ਾਰ ਅਸਵਾਰ ਸ਼ਹੀਦ ਹੋਣ ਵਾਸਤੇ ਇਨਾਂ ਦਾ ਸਾਥੀ ਹੋ ਗਿਆ। ਓਥੇ ਦੁਸੋਰ ਮਨਾ ਝੰਡੇ ਝੂਲਾ ਨਗਾਰੇ ਬਜਾ ਅਮਲ ਛਕ ਕੇ ਚੜ੍ਹ ਬੈਠੇ ਤਾਂ ਖਬਰ ਸੁਣ ਕੇ ਦੁੱਰਾਨੀਆਂ ਦੀ ਫੌਜ ਸਮੁੰਦ੍ਰ ਦੀ ਲਹਿਰ ਜੈਸੀ ਬੀ ਬੀਸ ਹਜ਼ਾਰ ਲੈ ਕੇ ਬਖਸ਼ੀ ਜਹਾਨ ਖਾਂ ਗੋਲਵੜ੍ਹ ਪਿੰਡ ਅੱਗੇ ਆ ਅੜਿਆ, ਦੀਨ ਮਜ੍ਹਬ ਦਾ ਜੁੱਧ ਸੁਣ ਕੇ ਬਡੇ ਜ਼ੋਰ ਸ਼ੋਰ ਨਾਲ ਦੋਹਾਂ ਤਰਫਾਂ ਤੋਂ ਲੜਾਈ ਹੋਈ, ਸਿੰਘਾਂ ਨੇ ਅੰਮ੍ਰਿਤਸਰ ਪਹੁੰਚਣ ਦੀ ਇੱਛਿਆ ਕਰ ਕੇ ਐਸਾ ਪੈਰ ਚੁੱਕਿਆ, ਤੇ ਸ਼ਮਸ਼ੇਰ ਚਮਕਾਈ, ਚਾਰ ਕੋਹ ਵਿੱਚ ਲੋਥ ਉੱਤੇ ਲੋਥ ਚੜ੍ਹਾ ਦਿੱਤੀ, ਲਹੂ ਨਾਲ ਧਰਤੀ ਲਾਲ ਹੋ ਗਈ, ਰਾਮਸਰ ਤੀਰਥ ਦੇ ਨਜ਼ੀਕ ਦੀਪ ਸਿੰਘ ਜੀ ਦੇ ਨਾਲ ਸੱਯਦ ਸਹਜ਼ਾਮਲ ਪੰਜ ਹਜ਼ਾਰੀਆ ਜੁੜਿਆ, ਅਨੇਕ ਦਾਉ ਘਾਉ ਸ਼ਸਤ੍ਰਾਂ ਦੇ ਕਰ ਕੇ ਦੋਹਾਂ ਦੇ ਤੇਗੇ ਐਸੇ ਚੱਲੇ ਕਿ ਇੱਕੋ ਵਾਰੀ ਦੋਵੇਂ ਸ਼ਹੀਦ ਹੋ ਗਏ। ਦੀਪ ਸਿੰਘ ਜੀ ਦਾ ਸ਼ਹੀਦ ਗੰਜ ਰਾਮਸਰ ਪਾਸ ਬਨਿਆ ਹੂਆ ਹੈ। — ਇਸੇ ਭਾਂਤ ਜਥੇਦਾਰ ਗੁਰਬਖਸ਼ ਸਿੰਘ ਅਨੇਕਾਂ ਨੂੰ ਮਾਰ ਕੇ ਜੂਝਿਆ, ਸ਼ਹੀਦ ਗੰਜ ਓਸਦਾ ਰਾਮਗੜ੍ਹੀਆਂ ਦੇ ਕਟੜੇ ਮੇਂ ਹੈ, ਸੱਜਨ ਸਿੰਘ, ਬਹਾਦਰ ਸਿੰਘ, ਹੀਰਾ ਸਿੰਘ, ਅੱਘੜ ਸਿੰਘ ਆਦਿਕ ਕਈ ਸਿੰਘ ਗੁਰੂ ਕੇ ਬਾਗ ਮੇਂ ਸ਼ਹੀਦ ਹੋਏ, ਓਨਾਂ ਦਾ ਮੁਕਾਮ ਬਾਗ ਮੇਂ ਹੈ — ਕਹਿੰਦੇ ਹਨ ਇਨਾਂ ਦੇ ਭੀ ਕਬੰਧ ਲੜੇ ਸੇ ਇਸ ਜੰਗ ਮੇਂ ਜਹਾਨਖਾਂ ਭੀ ਮੋਇਆ ਤੇ ਨਾਮੀ ਨਾਮੀ ਬਹੁਤ ਸਿੰਘ ਸ਼ਹੀਦ ਹੋ ਗਏ। ਪਰ ਗਿਲਜਿਆਂ ਨੂੰ ਅੰਮ੍ਰਿਤਸਰੋਂ ਕੱਢ ਛੱਡਿਆ।

[1] ਦੀਪ ਸਿੰਘ ਦੀ ਸਾਖੀ ਵਿੱਚ ਲਿਖਿਆ ਹੈ ਕਿ ਦਮਦਮੇ ਤੋਂ ਤੁਰਨ ਲੱਗੇ ਦੀਪ ਸਿੰਘ ਨੇ ਹੋਮ ਤੇ ਸਰਬੱਸ ਦਾਨ ਕਰ ਕੇ ਆਖਿਆ ਮੈਂ ਅੰਮ੍ਰਿਤਸਰ ਜਾ ਕੇ ਸਿਰ ਦੇਵਾਂਗਾ, ਜਦ ਗੋਲਵੜ੍ਹ ਤੋਂ ਲੜਦੇ ਭਿੜਦੇ ਚੱਬੇ ਪਿੰਡ ਪਾਸ ਆਏ ਜਿੱਥੇ ਹੁਣ ਸੜਕ ਦੇ ਵਿੱਚ ਕਾਰ ਸ਼ਹੀਦ ਗੰਜ ਬਣਿਆ ਹੋਇਆ ਹੈ ਤਦੋਂ ਸਿਰ ਦੀਪ ਸਿੰਘ ਦਾ ਕਟ ਗਿਆ ਕਿਸੇ ਸਿੰਘ ਨੇ ਆਖਿਆ ਦੀਪ ਸਿੰਘ ਜੀ ਤੁਸੀਂ ਤਾਂ ਅੰਮ੍ਰਿਤਸਰ ਜਾ ਕੇ ਸਿਰ ਦੇਣਾ ਆਖਿਆ ਸੀ, ਹੁਣ ਤਿੰਨ ਕੋਹ ਉਰੇ ਹੀ ਡੇਰਾ ਲਾ ਬੈਠੇ, ਏਹ ਸੁਣ ਕੇ ਦੀਪ ਸਿੰਘ ਨੇ ਆਪਣੇ ਖੱਬੇ ਹੱਥ ਪਰ ਆਪਣਾ ਸਿਰ ਉਠਾ ਲੈਆ, ਸੱਜੇ ਹੱਥ ਤਰਵਾਰ ਦੁਸ਼ਮਣਾਂ ਨੂੰ ਮਾਰਦਾ ਹੋਇਆ ਕਬੰਧ ਲੜਦਾ ਚਲਾ ਗਿਆ ਜਿਸ ਨੂੰ ਦੇਖ ਕੇ ਦੁੱਰਾਨੀ ਹੈਰਾਨ ਹੋ ਕੇ ਦੌੜ ਗਏ। ਓਹ ਸਿਰ [illegible] ਨਾਮ ਸ਼ਹੀਦ ਪੈ ਗਿਆ

ਜਦ ਏਸ ਜੰਗ ਦਾ ਹਾਲ ਸਰਦਾਰ ਗੁਰਬਖਸ਼ ਸਿੰਘ ਤੇ ਦਰਗਾਹਾ ਸਿੰਘ ਆਦਿਕ ਦੀਪ ੫੧
ਸਿੰਘ ਦੇ ਦੋਸਤਾਂ ਨੇ ਸੁਣਿਆਂ, ਰਹਿ ਨਾ ਸਕੇ, ਉਸੇ ਵਕਤ ਅਨੰਦਪੁਰੋਂ ਦੋ ਹਜਾਰ ਸਵਾਰ ਨਾਲ ਚ
ੜ੍ਹ ਆਏ, ਦੁੱਰਾਨੀਆਂ ਨਾਲ ਲੜਦੇ ਭਿੜਦੇ ਅੰਮ੍ਰਿਤਸਰ ਆ ਉਤਰੇ, ਤੀਰਥ ਤੇ ਹਰਿਮੰਦਰ ਦੀ ਦੁਰਦਸ
ਦੇਖ ਕੇ ਅਤੀ ਰੰਜ ਹੋਇਆ; ਰਾਤ ਨੂੰ ਧਾਵੇ ਕਰ ੨ ਦੁਰਾਨੀਆਂ ਦੇ ਥਾਣੇ ਤਸੀਲਾਂ ਫੂਕ ਸੁੱਟੇ, ਸੈਂਕੜੇ
ਲੁੱਟੇ ਮਾਰੇ, ਤਿੱਨ ਵਾਰੀ ਧਾਵਾ ਕਰ ਕੇ ਲਹੌਰ ਲੁੱਟੀ, ਤੈਮੂਰ ਸ਼ਾਹ ਨੇ ਸਿੰਘਾਂ ਦਾ ਅਧਿਕ ਫਤੂਰ ਬ
ਧਦਾ ਦੇਖ ਕੇ ਕਾਬਲੋਂ, ਮੁਲਤਾਨੋਂ, ਰੁਹਤਾਸੋਂ ਹੋਰ ਫੌਜ ਮੰਗਾ ਕੇ ਸਿੰਘਾਂ ਦੇ ਕਤਲ ਦਾ ਹੁਕਮ ਦੇ ਕ
ਰ ਸ਼ਾਹ ਨਜਾਮੁੱਦੀਨ, ਸਰਬੁਲੰਦ ਖਾਂ, ਨਾਹਰ ਖਾਂ ਜਾਲਮ ਖਾਂ ਆਦਿਕ ਫੌਜਦਾਰਾਂ ਨੂੰ ਬੀਸ
ਹਜਾਰ ਲੜਾਕੇ ਪਠਾਣ ਦੇ ਕੇ ਭੇਜ ਦਿੱਤਾ। ਦਿਸੰਬਰ ਸੰ: ੧੮੧੮ ਬਿ: ਕੋ ਏਧਰ ਬਹੁਤ ਸਿੰਘ
ਨੇ ਵੈਰੀਆਂ ਦੀ ਆਮਦ ਸੁਣ ਕੇ ਧਰਮ ਜੰਗ ਵਾਸਤੇ ਬਟਣਾਂ ਨਾਲ ਇਸ਼ਨਾਨ ਕਰ ਪੁਸ਼ਾਕੇ ਕੇ
ਸਰੀ ਪਹਿਨ ਗਾਨੇ ਬੰਨ ਕੜਾਹ ਪ੍ਰਸ਼ਾਦ ਦੇ ਅਰਦਾਸੇ ਕਰਾਏ ਅਤੇ, ਅਤੇ ਸ਼ਹੀਦ ਹੋਣ ਦੀ ਮਨ
ਸ਼ਾ ਧਾਰ ਤਿਆਰ ਹੋ ਬੈਠੇ। ਦਿਨ ਚੜ੍ਹਦੇ ਨਾਲ ਗਿਲਜੇ ਆ ਪਹੁੰਚੇ। ਅੰਮ੍ਰਿਤਸਰ ਤਲਾਵ ਦੇ ਪ
ਛੋਹਨੀ ਭਾਰੀ ਜੰਗ ਤੀਰ ਤੁਫੰਗ ਦਾ ਹੋਯਾ। ਓੜਕ ਸਿੰਘਾਂ ਨੇ ਤੇਗਾਂ ਖੰਚ ਲਈਆਂ, ਦੋਹੀਂ
ਪਾਸੀਂ ਕਿਸੇ ਨੇ ਕਸਰ ਨਾ ਛੱਡੀ, ਅਕਾਲ ਅਲੀ ੨ ਏਹੋ ਧੁਨਿ ਜਿਮੀਂ ਅਸਮਾਨ ਵਿਚ ਭਰਗ
ਈ, ਰੱਤ ਦੇ ਖਾਲ ਲੋਥਾਂ ਦੇ ਸਥਰ ਲੱਗ ਗਏ। ਸਿੰਘਾਂ ਨੇ ਜਾਨਾਂ ਦਿੱਤੀਆਂ, ਜਦ ਗੁਰਬਖ
ਸ ਸਿੰਘ, ਬਸੰਤ ਸਿੰਘ, ਨਿਹਾਲ ਸਿੰਘ ਜੇਹੇ ਬਡੇ ਬਡੇ ਬਹਾਦਰ ਬਹੁਤ ਜਥੇਦਾਰ ਪਰਜੇ
੨ ਹੋ ਪਏ। ਤੇ ਦੁੱਰਾਨੀ ਹੋਰ ਬਹੁਤ ਪਿੱਛੋਂ ਆ ਪਹੁੰਚੇ, ਤਾਂ ਸਿੰਘ ਬਾਸਰਕੇ ਦੇ ਬੀੜ ਮੇਂ ਜਾ ਬੜੇ —
ਦੁੱਰਾਨੀ ਫਤੇ ਪਾ ਕੇ ਲਹੌਰ ਨੂੰ ਮੁੜ ਗਏ, ਦੂਜੇ ਦਿਨ ਆ ਕੇ ਗੁਰਬਖਸ਼ ਸਿੰਘ ਨੂੰ ਅਕਾਲ ਬੁੰਗੇ
ਪਿੱਛੇ, ਬਸੰਤ ਸਿੰਘ ਨੂੰ ਥੜ੍ਹੇ ਸਾਹਿਬ ਪਾਸ, ਨਿਹਾਲ ਸਿੰਘ ਨੂੰ ਚੁਰਸਤੀ ਅਟਾਰੀ ਕੋਲੇ ਜਿੱਥੇ
੨ ਕੋਈ ਜੂਝਿਆ ਪਇਆ ਸੀ ਸਸਕਾਰ ਦਿੱਤੇ, ਸ਼ਹੀਦ ਗੰਜ ਉਨ੍ਹਾਂ ਦੇ ਓਨੀ ਥਾਂਈਂ ਹੁਣ ਬਣੇ ਹੋਏ
ਹਨ। —

ਏਨਾਂ ਦੇ ਸ਼ਹੀਦ ਹੋਇਆਂ ਪਿੱਛੋਂ ਦੀਪ ਸਿੰਘ ਦੇ ਥਾਂ ਸੁੱਧਾ ਸਿੰਘ, ਗੁਰਬਖਸ਼ ਸਿੰਘ ਦੀ ਜਗਾਂ ਸੂ
ਬਾ ਸਿੰਘ, ਬਸੰਤ ਸਿੰਘ ਦੀ ਠੌਰ ਪ੍ਰੇਮ ਸਿੰਘ ਵਗੈਰੇ ਨੂੰ ਜਥੇਦਾਰ ਪੰਥ ਨੇ ਬਣਾ ਦਿੱਤਾ। ਸੰ:
੧੮੧੯ ਬਿ: ਮੰਡੂਕੇ ਹੇ ਪਿੰਡ ਪਾਸ ਪਠਾਣਾਂ ਦੀ ਲੜਾਈ ਵਿੱਚ ਸੁੱਧਾ ਸਿੰਘ ਮਾਰਾ ਗਿਆ।
ਤਾਂ ਪੰਥ ਨੇ ਉਸ ਦੇ ਚੇਲੇ ਕਰਮ ਸਿੰਘ ਨੂੰ ਜਥੇਦਾਰੀ ਦੀ ਦਸਤਾਰ ਬੰਨ੍ਹ ਦਿੱਤੀ। ਏਹ ਸਰ
ਦਾਰ ਕਰਮ ਸਿੰਘ ਚੌਧਰੀ ਬੀਰ ਸਿੰਘ ਦਾ ਬੇਟਾ ਪ੍ਰਗਟੇ ਨਾਲ ਹੋਰ ਮਗਰਕੇ ਪਿੰਡ ਦਾ ਸੰਧੂ ਜੱਟ ਬ

Digitized by Panjab Digital Library | www.panjabdigilib.org

੫੯ ਤਾਂ ਚਲਾਕ ਤੇ ਬਹਾਦੁਰ ਸਖੀ ਮਰਦ ਸੀ, ਸੰ: ੧੮੨੦ ਮੇਂ ਜਦ ਜੈਨ ਖਾਂ ਨੂੰ ਮਾਰ ਕੇ ਸਰਹਿੰਦ ਉਜਾੜੀ ਸਿੰਘਾਂ ਨੇ ਮੁਲਕ ਮੱਲਿਆ, ਤਦੋਂ ਇਸ ਨੇ ਭੀ ਸਾਹਜਾਦ ਪੁਰ, ਮਾਜਰੀ, ਕੇਸਰੀ ਇਕ ਲਾਖ ਰੁਪਏ ਦੇ ਪ੍ਰਗਣੇ ਦਬਾ ਲਏ। ਪਹਿਲੇ ਕੇਸਰੀ ਵਿੱਚ ਰੈਹਾ ਕਰਦਾ, ਸਜਾਦ ਪੁਰ ਇਸ ਦ ਭਾਈ ਧਰਮ ਸਿੰਘ ਸੀ, ਜਦ ਓਹ ਬੇਔਲਾਦ ਮਰ ਗਿਆ ਤਾਂ ਉਸ ਦੀ ਸਰਦਾਰਨੀ ਮਾਈ ਦੇਸਾਂ ਨੂੰ ਬਤਾ ਗਿਰਾਂਉਂ ਗੁਜਾਰੇ ਵਿੱਚ ਦੇ ਕੇ ਸੰ: ੧੮੭੧ ਬਿ: ਮੇਂ ਕਰਮ ਸਿੰਘ ਨੇ ਸਜਾਦਪੁਰ ਰਜਧਾਨੀ ਥਾਪੀ। ਸੰ: ੧੮੯੦ ਬਿ: ਮੇਂ ਮਾਈ ਦੇਸਾਂ ਗੁਜਰ ਗਈ, ਫੇਰ ਉਸ ਦਾ ਇਲਾਕਾ ਏਸੇ ਪਾਸ ਆ ਰੈਹਾ।

ਸਰਦਾਰ ਕਰਮ ਸਿੰਘ ਦਮਦਮੇ ਸਾਹਿਬ ਬਹੁਤ ਰੈਹਾ ਕਰਦਾ, ਉਥੋਂ ਨੇੜੇ ਰਾਣੀਆਂ ਵਾਲੇ ਨਵਾਬ ਜਾਬਤੇ ਖਾਂ ਰਾਜ ਸੀ, ਸਿੰਘ ਹਰ ਵਕਤ ਲੁੱਟ ਮਾਰ ਦਾ ਬਜਾਰ ਤੇਜ ਰੱਖਣ ਲੱਗੇ ਤਾਂ ਉਸ ਨੇ ਸੰ: ੧੮੩੫ ਬਿ: ਮੇਂ ਸਿੰਘਾਂ ਦਾ ਜੋਰ ਦੇਖ ਕੇ ਦਾਊ, ਧਰਮ ਪੁਰ, ਰਾਮਪੁਰ, ਤਲੋਕੇ ਵਾਲਾ, ਕੰਵਲ, ਤਿਹੁਣ, ਪੱਕਾ ਇਤਆਦਿਕ ੧੨ ਪਿੰਡ ਸਹੀਦ ਕਰਮ ਸਿੰਘ ਨੂੰ ਗੁਰਦ੍ਵਾਰੇ ਦੇ ਲੰਗਰ ਵਾਸਤੇ ਇਸ ਸਰਤ ਪਰ ਦੇ ਦਿੱਤੇ ਕਿ ਮੇਰੇ ਮੁਲਕ ਵਿੱਚ ਕੋਈ ਸਿੰਘ ਨ ਵੜੇ, ਉਨਾਂ ਬਾਰਾਂ ਪਿੰਡਾਂ ਵਿਚੋਂ ਛੱਤੀ ਸੌ ਰੁਪਏ ਸਾਲ ਦੀ ਆਮਦਨੀ ਦੇ ਸੱਤ ਪਿੰਡ ਹੁਣ ਤਕ ਗੁਰਦ੍ਵਾਰੇ ਸਾਬਤ ਹਨ, ਬਾਕੀ ਛੁੱਟ ਗਏ। ਪਹਿਲੇ ਚਾਰ ਸੌ ਸਪਾਹੀ ਤੇ ਤੋਪਾਂ ੧੦ ਜੰਬੂਰਚੀ ਦਮਦਮੇ ਸਾਹਿਬ ਰੈਹਾ ਕਰਦੇ, ਨੱਥਾ ਸਿੰਘ ਸਹੀਦ ਉਥੋਂ ਦਾ ਮੁਖਤਾਰ ਸੀ, ਜਿਸ ਨੂੰ ਦੀਪ ਸਿੰਘ ਜੀ ਸਪੁਰਦ ਕਰ ਗਏ ਸੇ— ਸਰਦਾਰ ਕਰਮ ਸਿੰਘ ਨੇ ਉਸ ਨੂੰ ਉਥੋਂ ਬਦਲ ਕੇ ਅੰਬਲੀ ਪਿੰਡ ਜੰਗੀਰ ਮੇਂ ਦੇ ਕਰ ਉਥੇ ਰਣ ਸਿੰਘ ਮਝੈਲ ਨੂੰ ਕਾਰਕੁਨ ਕਰ ਦਿੱਤਾ ਜੋ ਸਹੀਦਾਂ ਨਾਲ ਬਿਗਾੜ ਕੇ ਇਕੋ ਪਿੰਡ ਤਿਹੁਣ ੧੦੦੦) ਹਜਾਰ ਰੁਪਏ ਦਾ ਦਬਾ ਬੈਠਾ ਜੋ ਅਬ ਤਕ ਉਸੇ ਦੀ ਸੰਤਾਨ ਮਤਾਬ ਸਿੰਘ ਆਦਿਕ ਪਾਸ ਆਹੀ ਹੈ— ਜਦ ਪੰਥ ਖਾਲਸੇ ਨੇ ਬ੍ਰਾਮਣਾਂ ਦੀ ਫਰਿਆਦ ਸੁਣ ਕੇ ਜੱਲਾਬਾਦ ਲੁਹਾਰੀ ਦੇ ਨਵਾਬ ਉੱਤੇ ਚੜ੍ਹਾਈ ਕੀਤੀ ਤਦੋਂ ਸਹੀਦ ਕਰਮ ਸਿੰਘ ਸੈਨਾਪਤੀ ਕੀਤਾ ਗਿਆ ਸੀ ਜਦ ਖਾਲਸੇ ਨੇ ਧਰਮ ਜੰਗ ਮੇਂ ਨਵਾਬ ਨੂੰ ਕਤਲ ਕਰ ਸਹਿਰ ਨੂੰ ਲੁੱਟ ਪੁੱਟ ਗੈਰਸੀ ਤਕ ਪੂਰਬ ਦੇਸ ਨੂੰ ਸੋਧ ਕੇ ਮੋੜਾ ਕੀਤਾ, ਤਦੋਂ ਸਾਹਰਨਪੁਰ ਦੇ ਜਿਲੇ ਪ੍ਰਗਣੇ ਰਣਖੰਡੀ ਤੇ ਥਾਣਾ ਭਵਨ ਇਕ ਲੱਖ ਦੇ ਕਰਮ ਸਿੰਘ ਨੇ ਦਬਾ ਲਏ ਜੋ ਤੀਸ ਬਰਸ ਏਨਾਂ ਦੇ ਪਾਸ ਰਹੇ। ਆਖਰ ਜਦ ਸੰ: ੧੮੫੧ ਮੇਂ ਕਰਮ ਸਿੰਘ ਦੇ ਗੁਜਰੇ ਪਿੱਛੋਂ ਉਸ ਦਾ ਬੇਟ

(ਨੋਟ ਦੀ ਬਾਕੀ) ਗਾਜਸ ਹੋਇਆ ਤਾਂ ਸਿੰਘ ਬੋਲਿਆ ਪੰਨੇ ਸਿੰਘ ਜੀ ਤੁਸੀਂ ਆਪਣਾ ਬੋਲ ਨਿਬਾਹਣਾ ਹੈ ਤਾਂ ਅੰਮ੍ਰਿਤਸਰ ਆ ਗਏ ਏਹ ਸੁਣ ਕੇ ਉਸ ਦਾ ਜੈਨ ਹੋਇਆ ਏਸੇ ਤਰਾਂ ਹੋਰ ਥੋੜਾ ਪੰਜ ਕਥੀਦਾ ਹੈ।

ਗੁਲਾਬ ਸਿੰਘ ਗੱਦੀ ਬੈਠਾ, ਏਸ ਦੀ ਸੁਸਤੀ ਤੇ ਬੇ ਇੰਤਜਾਮੀ ਦੇ ਸਬਬ ਕਰਕੇ ਸੰ: ੧੮੬੫ ਮੇਂ ਜਦ ਸਰਕਾਰ ਅੰਗ੍ਰੇਜੀ ਦਾ ਬੰਦੋਬਸਤ ਹੋਯਾ ਤਾਂ ਉਹ ਦੋਵੇਂ ਪ੍ਰਗਣੇ ਛੂਟ ਗਏ। ਕਿਉਂਕਿ ਗੁਲਾਬ ਸਿੰਘ ਬਿਭਚਾਰੀ ਤੇ ਸਿਕਾਰੀ ਭਾਰੀ ਸੀ, ਰਿਆਸਤ ਦੀ ਕੁਛ ਖਬਰ ਨਾਂ ਲੈਂਦਾ ਤੇ ਨਾਂ ਪ੍ਰਜਾ ਦੀ ਸੁਣਦਾ ਸੀ।। ੫੯

ਸੰ: ੧੯੦੦ ਬਿ: ਮੇਂ ਕੈਂਥਲ ਦਾ ਇਸ ਨੇ ਨੇਰੀ ਗਾਜੀ ਕਰਕੇ ਸਰਦਾਰ ਗੁਲਾਬ ਸਿੰਘ ਨੇ ਜਦ ਬੜਾ ਬਖੇੜਾ ਕੀਤਾ ਤਦ ਦੋਵੇਂ ਬੀ ਏਨਾਂ ਪ੍ਰਗਣਿਆਂ ਦੇ ਚੌਧਰੀ ਨਜਰਾਂ ਲੈਕੇ ਮਿਲੇ ਸਾ। ਫੇਰ ਸੰ: ੧੯੦੩ ਬਿ: ਮੇਂ ਬੀਬੀ ਸਿਵ ਕੌਰ ਦੇ ਔਰ ਸੰ: ੧੯੦੫ ਦੇ ਕੇ ਸਿਵ ਕ੍ਰਿਪਾਲ ਸਿੰਘ ਦੇ ਬਿਆਹ ਵਿੱਚ ਬੀ ਓਥੋਂ ਦੇ ਚੌਧਰੀ ਗਮੀਰ ਸਿੰਘ ਰਾਜਪੂਤ ਆਦਿਕ ਸਜਾਦ ਪੁਰ ਆਏ ਸਨ।

ਸੰ: ੧੮੬੨ ਬਿ: ਮੇਂ ਜਦ ਸਰਕਾਰ ਅੰਗ੍ਰੇਜੀ ਦਾ ਕਰਨਾਲ ਤਕ ਦੌਰਾ ਹੋਯਾ ਤਾਂ ਸਭ ਤੋਂ ਪਹਿਲੇ ਸਰਦਾਰ ਗੁਲਾਬ ਸਿੰਘ ਨੇ ਦਿੱਲੀ ਵਿੱਚ ਕਰਨੈਲ ਲੋਣੀ ਅਕਟਰ ਸਾਹਿਬ ਬਹਾਦਰ ਦੇ ਪਾਸ ਹਾਜਰ ਹੋਕੇ ਸਰਕਾਰ ਅੰਗ੍ਰੇਜੀ ਦੀ ਪ੍ਰਨਾਹ ਵਿੱਚ ਰਹਿਣ ਦੀ ਇੱਛਾ ਜਾਹਰ ਕੀਤੀ ਜਿਸ ਤੋਂ ਸਾਹਿਬ ਬਹਾਦੁਰ ਨੇ ਖੁਸ਼ੀ ਹੋਕੇ ਏਹ ਚਿੱਠੀ ਬਤੌਰ ਸੰਨਦ ਲਿਖ ਦਿੱਤੀ ਕਿ "ਸਿੱਖ ਸਰਦਾਰ ਗੁਲਾਬ ਸਿੰਘ ਕੇਸਰੀ ਵਾਲੇ ਨੇ ਇਸ ਸਹਿਰ ਮੇਂ ਆਕੇ ਕੰਪਨੀ ਦੀ ਬਹੁਤ ਸੇਵਾ ਕੀਤੀ ਤੇ ਸਰਨ ਲੀਤੀ, ਜੋ ਅਫਸਰ ਮੇਰੇ ਪਿੱਛੋਂ ਇਸ ਕਮਾਨ ਪਰ ਆਵੇ ਸੋ ਏਸ ਨੂੰ ਆਪਣੀ ਰੱਖਿਆ ਵਿੱਚ ਰੱਖੇ ਔਰ ਜੋ ਕੁਛ ਇਸ ਕੇ ਦੇਸ ਮੇਂ ਹਾਨੀ ਲਾਭ ਹੁੰਦਾ ਦੇਖੇ ਉਸ ਪਰ ਭੀ ਧਿਆਨ ਰੱਖੇ। ਅਸਥਾਨ ਦਿੱਲੀ ੬ ਜਨਵਰੀ ਸੰ: ੧੮੦੪ ਈ: ਦਸਤਖਤ ਲੋਣੀ ਅਕਟਰ ਰਜੀਡੰਟ ਦਿਹਲੀ।"

ਸੰ: ੧੮੬੫ ਬਿ: ਮੇਂ ਜਦ ਸਰਕਾਰ ਅੰਗ੍ਰੇਜੀ ਦੀ ਛਾਉਨੀ ਲੁਦੇਹਾਣੇ ਕਾਯਮ ਹੋਈ ਤਾਂ ਏਸ ਰਿਆਸਤ ਦਾ ਕਾਇਦਾ ਭੀ ਹੋਰਨੀਆਂ ਥਾਵਾਂ ਦੇ ਅਨੁਸਾਰ ਕਾਨੂੰਨ ਕਾਯਮ ਹੋ ਗਿਆ। ਸੰ: ੧੯੦੧ ਕੋ ੮੨ ਬਰਸ ਦੀ ਉਮਰ ਮੇਂ ਸਰਦਾਰ ਗੁਲਾਬ ਸਿੰਘ ਦੇ ਗੁਜਰੇ ਪਿੱਛੋਂ ਉਸ ਦਾ ਬੇਟਾ ਸਿਵ ਕ੍ਰਿਪਾਲ ਸਿੰਘ ਗੱਦੀ ਬੈਠਾ, ਸੰ: ੧੯੧੪ ਬਿ: ਕੋ ਏਸ ਨੇ ਬੀ ਦਿੱਲੀ ਦੇ ਗਦਰ ਵਿੱਚ ਸਰਕਾਰ ਅੰਗ੍ਰੇਜੀ ਦੀ ਟਹਿਲ ਕਰਕੇ ਇੱਕ ਚਿੱਠੀ ਨੇਕਨਾਮੀ ਦੀ ਨੰਬ੍ਰੀ ੧੮ ਹਾਸਲ ਕਰੀ ਪਰ ਖਰਚ ਫਜੂਲੀ ਬੇ ਇੰਤਜਾਮੀ ਏਸ ਦੇ ਸਮੇਂ ਬੀ ਰਿਆਸਤ ਵਿੱਚ ਬਹੁਤ ਰਹੀ। ਸੰ: ੧੯੨੮ ਮੇਂ ਸਿਵ ਕ੍ਰਿਪਾਲ ਸਿੰਘ ਦੇ ਗੁਜਰੇ ਪਿੱਛੋਂ ਉਸ ਦਾ ਫਰਜੰਦ ਜੀਉਣ ਸਿੰਘ ਰਿਆਸਤ ਦਾ ਮਾਲਕ ਤਾਂ ਹੋਯਾ, ਪਰ ਬਾਲਕ ਸੀ, ਏਸ ਦੇ ਭਾਗਾਂ ਨੂੰ ਸਰਕਾਰੀ ਕੋਰਟ ਹੋ ਗਿਆ ਜਿਸ ਨੇ ਸੱਠ ਹਜਾਰ ਕਰਜਾ ਉਤਾਰ ਕੇ ਸੱਤ
੭੦੦੦੦)
ਹਜਾਰ ਰੁਪਯਾ ਖਜਾਨੇ ਵਿੱਚ ਜਮਾ ਕਰ ਦਿੱਤਾ। ਜੀਉਣ ਸਿੰਘ ਅੰਗ੍ਰੇਜੀ ਫਾਰਸੀ ਪੜ੍ਹਕੇ ਸੰ: ੧੯੪੦ ਮੇਂ ਜਦ ਸੁਤੰਤ੍ਰ ਰਈਸ ਹੋਯਾ ਤਾਂ ਬੈਸਾਖ ਸੰ: ੧੯੪੧ ਬਿ: ਕੋ ਮਹਾਰਾਜੇ ਮਹਿੰਦ੍ਰ ਸਿੰਘ ਪ

੬੦ ਟਿਆਲੇ ਵਾਲੇ ਦੀ ਬੇਟੀ ਬਚਿੱਤ੍ਰ ਕੌਰ ਸਾਥ ਏਸ ਦੀ ਸ਼ਾਦੀ ਹੋਣੇ ਕਰਕੇ ਇਜ਼ਤ ਬਧ ਗਈ ਨਾਲੇ ਦੌਲਤ ਦਸ ਲਾਖ ਰੁਪਏ ਦੇ ਲਗਭਗ ਹੱਥ ਆਈ ਜਿਸ ਦੀ ਤਫਸੀਲ ਏਹ ਹੈ:—

(੧) ਟਿੱਕੇ ਨਾਲ ਜਾਨੇ ਕੁੜਮਾਈ ਕਰਨ ਸਮੇ ੧੨੫ ਘੋੜੇ, ੩ ਹਾਥੀ, ੪੧ ਊਠ, ੧੨੫ ਮੁਹਿਰਾਂ।

(੨) ਵਿਆਹ ਸਮੇ ੨੫੦੦ ਘੋੜੇ, ੮੧ ਊਠ, ੫ ਹਾਥੀ, ੭ ਗਊਆਂ, ੫ ਮੇਜ਼ਾਂ, ੨ ਰਥਾਂ, ੨ ਬੱਘੀਆਂ, ੧ ਸੁਖਪਾਲ, ੧ ਡੋਲਾ ਚਾਂਦੀ ਦਾ, ੧ ਬਨਾਤੀ ਤੰਬੂ, ਚਾਂਦੀ ਦੀਆਂ ਚੋਬਾਂ, ਕਨਾਤਾਂ, ਸਾਇਬਾਨ, ੬੦੦ ਤੇਉਰ ੨੨੫ ਪੁਸ਼ਾਕ ਜ਼ਨਾਨੀ ੧੨੫ ਪੁਸ਼ਾਕ ਮਰਦਾਨੀ ੧੨੫ ਖਿਲਤ ੧੨੫ ਦੁਸ਼ਾਲੇ ੪੧੦੦੦ ਨਕਦ, ੧੧੦੦ ਅਸ਼ਰਫੀ।

(੩) ਮੁਕਲਾਵੇ ਪਰ ੨੧੦੦੦ ਨਕਦ, ੫੦੦ ਅਸ਼ਰਫੀ, ੧੨੫ ਘੋੜੇ, ੨ ਹਾਥੀ ੩੦੦ ਤੇਉਰ ੧੨੫ ਪੁਸ਼ਾਕ ਜ਼ਨਾਨੀ, ੭੫ ਪੁਸ਼ਾਕ ਮਰਦਾਨੀ ੭੫ ਖਿਲਤ, ੭੫ ਦੁਸ਼ਾਲੇ ਮਿਲੇ।

(੪) ਤਿਰਊਜੇ ਪਰ ੧੧੦੦ ਨਕਦ, ੨੫੦ ਅਸ਼ਰਫੀ ੧੧੫ ਘੋੜੇ ੧ ਹਾਥੀ ੧੫੦ ਤੇਉਰ ੭੫ ਪੁਸ਼ਾਕ ਜ਼ਨਾਨੀ ੪੧ ਮਰਦਾਨੀ ੪੧ ਦੁਸ਼ਾਲੇ ੪੧ ਖਿਲਤ।

(੫) ਛੂਛਕ ਦੇ ਜਗਨ ਉੱਤੇ ਭੀ ਤਿਰਾਊਜੇ ਬਰਾਬਰ ਧਨ ਆਯਾ, ਫੇਰ ਤੀਆਂ ਹੋਲੀਆਂ ਆਦਿ ਕ ਤਿਹਾਰਾਂ ਪਰ ਤਿਰਾਊਜੇ ਸੇ ਅੱਧੀ ਚੀਜ਼ ਹਮੇਸ਼ ਮਿਲਦੀ ਹੈ। ੨੦) ਦਰ ਹਮੇਸ਼ ਅਸ਼ਰਫੀਆਂ ਦੀ ਖਿਲਤ, ਤੇਉਰ, ਪੁਸ਼ਾਕੀਆਂ ੭੫ ਰੁਪਏ ਤੋਂ ਲੈਕੇ ਇੱਕ ਹਜ਼ਾਰ (੧੦੦੦) ਤਕ ਕੀਮਤ ਦੇ ਦਿੱਤੇ ਗਏ ਸਨ ਔਰ ਚਰ ਲੱਖ ਦਾ ਜੇਵਰ ਬੀਬੀ ਜੀ ਦਾ ਤੇ ਇੱਕ ਲੱਖ ਦਾ ਜੇਵਰ ਕਾਕੇ ਦਾ, ਸਵਾ ਲੱਖ ਦਾ ਸ਼ਹੀਦ ਸਾਹਿਬ ਨੂੰ ਮਿਲ ਚੁਕਾ ਹੈ। ਏਨ੍ਹਾਂ ਰਕਮਾਂ ਤੋਂ ਸਿਵਾਇ ੩੬੦੦) ਰੁਪਯਾ ਨਕਦ ੪੮ ਪੁਸ਼ਾਕਾਂ ਬੀਬੀ ਜੀ ਨੂੰ ਤੇ ੬੦੦) ਨਕਦ ੪੮ ਪੁਸ਼ਾਕਾਂ ਬੀਬੀ ਜੀ ਦੀ ਬੇਟੀ ਨੂੰ ਰੋਜ਼ੀਨਾਂ ਹਰ ਸਾਲ ਪਟਿਆਲੇ ਸੇਂ ਮਿਲਦਾ ਹੈ ਔਰ ਜਿਤਨੀ ਵਾਰੀ ਬੀਬੀ ਸਾਹਿਬ ਪਟਿਆਲੇ ਆਵੇਂ ਜਾਵੇਂ ੩੫੦੦) ਨਕਦ ਬੀਬੀ ਦੀ ਤੇ ੬੦੦) ਨਕਦ ਕਾਕੇ ਦੀ ਬਿਦਾਇਗੀ ਹੁੰਦੀ ਹੈ। ਜਦ ਕਿਸੇ ਸ਼ਾਦੀ ਦੇ ਮੌਕੇ ਪਰ ਆਵੇ ਤਾਂ ੧੨੫੦੦) ਨਕਦ ਬੀਬੀ ਨੂੰ ਔਰ ੩੧੦੦) ਨਕਦ ਸਰਦਾਰ ਜੀਊਣ ਸਿੰਘ ਨੂੰ ਹੋਰ ਅਹਿਲਕਾਰਾਂ ਦੇ ਖਿਲਤ ਖਰਚ ਰਸਤਾਂ ਮਿਠਾਈ, ਸਰਦਾਈ, ਵਗੈਰੇ ਬਹੁਤ ਕੁਛ ਦੀਆ ਜਾਂਦਾ ਹੈ। ਏਸੇ ਤਰਾਂ ਕੁੜਮਾਈ ਤੇ ਲੈਕੇ ਅੱਜ ਤਕ ੨੦੦੦੦੦) ਰੁਪਏ ਦੇ ਲਗਭਗ ਰਿਆਸਤ ਪਟਿਆਲਾ ਸੇਂ ਸਰਦਾਰ ਜੀਊਣ ਸਿੰਘ ਦੇ ਘਰ ਦੌਲਤ ਪਹੁੰਚ ਚੁਕੀ ਹੈ ਔਰ ਅਠਤਾਲੀ ਹਜ਼ਾਰ ਰੁਪਯਾ ਸਾਲਾਨਾ ਆਮਦਨੀ ਜਗੀਰ ਦੀ ਹੈ। ਮਗਰ ਅਫ਼ਸੋਸ ਕਿ ਬਾਵਜੂਦ ਇਸ ਕਦਰ ਦੌਲਤ ਹੋਣੇ ਦੇ ਏਸ ਸਰਦਾਰ ਨੇ ਕੁਛ ਤਰੱਕੀ ਨਾ ਕੀਤੀ।

ਏਸ ਰਿਆਸਤ ਦੇ ਕੁੱਲ ਪਿੰਡ ੪੮੦੦੦) ਆਮਦਨੀ ਦੇ ਹਨ, ੭ ਪਿੰਡ ਤੇ ੧੨੦੦ ਵਿੱਘੇ ਜ਼ਮੀਨ ਦਰਬਾਰ ਸਾਹਿਬ ਗੁਰਦੁਆਰੇ ਦੇ ਨਾਮ ਆਮਦਨੀ ੩੫੦੦ ਦੇ ਜੋ ਲੰਗਰ ਵਾਸਤੇ ਵਾਣੀਆਂ ਵਾਲੇ ਨਵਾਬ ਸਾਬਤੇ

Digitized by Panjab Digital Library | www.panjabdigilib.org

ਖਾਂਦੇ ਦਿੱਤੇ ਹੋਏ ਵੱਖਰੇ ਹਨ। ਪਹਿਲੇ ਏਨਾਂ ਪਿੰਡਾਂ ਦੀ ਆਮਦਨੀ ਗੁਰਦੁਆਰੇ ਦੇ ਲੰਗਰ ਮੇਂ ਖਰਚ ਹੁੰਦੀ ੬੧
ਰਹੀ। ਅਬ ਬੀਸ ਬਰਸ ਤੋਂ ਲੰਗਰ ਬਿਲਕੁਲ ਬੰਦ ਕਰ ਦਿੱਤਾ, ਹੋਰ ਲੰਗਰ ਦੇ ਨਮਿਤ ਦਾ ਰੁਪਯਾ
ਘਰ ਵਿੱਚ ਖਰਚ ਲੈਂਦਾ ਹੈ। ਸੱਚ ਪੁੱਛੋ ਤਾਂ ਇੱਕ ਏਸੇ ਨੂੰ ਦੋਸ ਨਹੀਂ, ਜਿਤਨੀਆਂ ਜਗੀਰਾਂ ਗੁਰਦੁਆਰਿਆਂ
ਤੇ ਦੇਵੀ ਦਵਾਲਿਆਂ ਨੂੰ ਅਮੀਰਾਂ ਨੇ ਲੰਗਰ ਦੇ ਵਾਸਤੇ ਰੱਖੀਆਂ ਹਨ ਇੱਕ ਸਿਆਲਕੋਟ ਬਾਬੇ ਦੀ ਬੇਰ
ਆਦਿਕ ਦੋ ਚਾਰ ਮੁਕਾਮਾਂ ਤੇ ਬਿਨਾਂ ਹੋਰ ਕੋਈ ਭੀ ਲੰਗਰ ਅੱਭਿਆਗਤਾਂ ਨੂੰ ਨਹੀਂ ਦਿੰਦਾ ਸਬ ਆਪੋ ਆ
ਪਣੇ ਸਬੰਧੀਆਂ ਨੂੰ ਪਾਲਦੇ ਹਨ। ਜੇੜ੍ਹੇ ਸਿਖ ਗੁਰਦੁਆਰੇ ਦਾ ਮਸਮੇ ਸਾਹਿਬ ਰਹਿੰਦੇ ਹਨ ਓਬੀ ਹੁਣ ਗ੍ਰ
ਹਿਸਤੀ ਹੋ ਗਏ। ਆਲਵੇ ਦੇ ਸ ਵਿੱਚੋਂ ਮੰਗ ਕੇ ਅੰਨ ਬਹੁਤ ਕੱਠਾ ਕਰ ਲੈਂਦੇ ਹਨ ਬਾਕੀ ਸਬ ਖੇਤੀ, ਬਣਜ,
ਕਰਕੇ ਆਪਣੇ ਦੁਨੀਆਂ ਦਾਰੀ ਦੇ ਕੰਮ ਚਲਾਉਂਦੇ ਹਨ। ਏਸ ਸਰਦਾਰ ਜੀਉਣ ਸਿੰਘ ਸਹੀਦ ਨੂੰ
੧੦ ਜਨਵਰੀ ਸੰ: ੧੮੯੦ ਈ: ਕੋ ਦਰਬਾਰ ਗਵਰਨਮਿੰਟ ਪੰਜਾਬ ਸੇਂ (ਸੀ, ਏਸ, ਆਈ ਸਟਾਰ ਆ
ਫ ਇੰਡੀਆ) ਏਹ ਖਿਤਾਬ ਮਿਲਾ ਹੈ। — ਏਸ ਰਈਸ ਦੇ ਜੈਲਦਾਰ ਜੋ ੨੪ ਹਜਾਰ ਸਾ
ਲਾਨਾ ਦੇ ਹਨ ਉਨਾਂ ਦੇ ਜਿੰਮੇ ਮਰੇ ਦੀ ਇਤਲਾਹ, ਜਰਮਾਨ, ਕਮੀਸਨ ਸਭ ਰਈਸ ਦੀ ਮਾਰਫਤ
ਸਰਕਾਰ ਮੇਂ ਦਾਖਲ ਹੁੰਦਾ ਹੈ:— ਸੰ: ੧੮੦੯ ਈ: ਦੇ ਕਾਇਦੇ ਕਨੂੰਨ ਮਾਫਕ ੩੪ ਘਰਾਂ
ਦੇ ਦੁਆਨੀ ਕਮੀਸ਼ਨ ਆਦਿਕ ਸਬ ਕਾਰਬਾਰ ਏਸ ਰਿਆਸਤ ਦਾ ਹੈ।

Digitized by Panjab Digital Library | www.panjabdigilib.org

# ੧੦॥ ਮਿਸਲ ਆਹਲੂਵਾਲੀਆਂ

## ਖਾਨਦਾਨ ਕਪੂਰਥਲਾ।

ਏਹ ਮਿਸਲ ਬੀ ਫੂਲਕੀ ਮਿਸਲ ਵਾਂਗੂ ਐਡੀ ਭਾਰੀ ਕਿਸਮਤ ਵਾਲੀ ਹੋਈ ਜੋ ਲੱਖਾਂ ਜੀਆਂ ਦਾ ਟੁਕੜਾ ਰਿਆਸਤ ਕਪੂਰਥਲਾ ਕਾਇਮ ਤੇ ਉਜਾਗਰ ਹੈ। ਏਸ ਮਿਸਲ ਦਾ ਅਸਲ ਮੁੱਢ ਜਿਲੇ ਲਾਹੌਰ ਹੱਲੋ ਸਾਧੋ ਪਿੰਡ ਦਾ ਵਸਨੀਕ ਬਾਘ ਸਿੰਘ ਕਲਾਲ ੧੭੭੧ ਬਿ: ਕੋ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕ ਕੇ ਧਰਮ ਦੇ ਵਿਰੋਧੀ ਲੋਗਾਂ ਨੂੰ ਲੁੱਟ ਮਾਰ ਕੇ ਡੇਰੇ ਦਾ ਸਰਦਾਰ ਬਣ ਗਿਆ। ਅਨੇਕ ਜੁੱਧਾਂ ਜੰਗਾਂ ਵਿੱਚ ਏਸਨੇ ਬਡੇ ੨ ਉਜਾਗਰ ਹੀ ਦੇ ਕੰਮ ਕੀਤੇ ਜੋ ਦੂਜੇ ਹਿੱਸੇ ਵਿੱਚ ਲਿਖ ਆਏ ਹਾਂ ਦੇਖੋ ਸਫਾ ੪੪੧ ਹਿੱਸਾ ਦੂਸਰਾ:— ਜਦ ਸੰ: ੧੭੯੮ ਬਿ: ਕੋ ਸਰਦਾਰ ਬਾਘ ਸਿੰਘ ਹਰੀਆਂ ਪਿੰਡ ਪਾਸ ਸ਼ਾਹੀ ਫੌਜ ਦੇ ਜੰਗ ਵਿੱਚ ਬੇਔਲਾਦ ਸ਼ਹੀਦ ਹੋ ਗਿਆ ਤਾਂ ਨਵਾਬ ਕਪੂਰ ਸਿੰਘ ਨੇ ਹੋਰ ਸਰਦਾਰਾਂ ਨਾਲ ਗੁਰਮਤਾ ਕਰਕੇ ਉਸ ਦੇ ਭਣੇਵੇਂ ਜੱਸਾ ਸਿੰਘ ਨੂੰ ਜੋ ਉਦੋਂ ੧੩ ਬਰਸ ਦਾ ਸੀ ਉਸ ਦੇ ਡੇਰੇ ਦਾ ਮਾਲਕ ਬਣਾ ਦਿੱਤਾ। ਏਹ ਜੱਸਾ ਸਿੰਘ ਆਪਣੇ ਸੂਰਬੀਰਤਾ ਆਦਿਕ ਸ੍ਰੇਸ਼ਟ ਗੁਣਾਂ ਦੇ ਜੋਰ ੭੦੦੦ ਸਵਾਰ ਤੇ ਚਾਲੀ ਲਾਖ ਦੇ ਮੁਲਕ ਦਾ ਮਾਲਕ ਬਣ ਕੇ ਆਪਣੀ ਰਾਜਧਾਨੀ ਕਪੂਰਥਲਾ ਕਾਇਮ ਕਰ ਗਿਆ। ਅਧਿਕ ਬ੍ਰਿਤਾਂਤ ਤਾਂ ਏਸ ਦਾ ਦੂਜੇ ਹਿੱਸੇ ਵਿੱਚ ਲਿਖ ਆਏ ਹਾਂ ਅਬ ਏਸ ਦੀ ਰਾਜਧਾਨੀ ਦਾ ਬ੍ਰਿਤਾਂਤ ਲਿਖਣੇ ਤੋਂ ਪਹਿਲੇ ਕਿੰਚਤ ਕਥਾ ਏਸ ਦੇ ਖਾਨਦਾਨ ਦੀ ਦਿਖਾਉਣੀ ਜੋਗ ਜਾਣ ਕੇ ਲਿਖਦੇ ਹਾਂ:— ਜਦਪਿ ਏਹ ਖਾਨਦਾਨ ਬਹੁਤ ਚਿਰ ਕੌਮ ਕਲਾਲ ਉਜਾਗਰ ਰਿਹਾ ਤੇ ਸਾਕ ਸੰਬੰਧ ਭੀ ਏਨਾਂ ਦੇ ਕਲਾਲਾਂ ਨਾਲ ਹੀ ਹੁੰਦੇ ਰਹੇ ਹਾਂ। ਪ੍ਰੰਤੂ ਸੰ: ੧੯੪੧ ਬਿ: ਸੇ ਅਬ ਏਹ ਆਪਣੀ ਲੜਕੀ ਜੈਸਲਮੇਰ ਵਾਲੇ "ਭਾਟੀ" ਭੱਟੀ ਰਾਜਪੂਤਾਂ ਨਾਲ ਮਿਲ ਕੇ ਏਹ ਬੀ ਭਾਟੀ ਰਾਜਪੂਤ ਠਹਿਰ ਗਏ। ਏਸ ਕਰਕੇ ਕਪੂਰਥਲੇ ਵਾਲੇ ਰਾਜਾ ਜਗਤਜੀਤ ਸਿੰਘ ਜੀ ਦੀ ਸਾਦੀ ਹਰੀਪੁਰੀਏ ਕਟੋਚ ਰਾਜਪੂਤਾਂ ਦੇ ਘਰ ਹੋ ਗਈ— ਜਿਸ ਵਿੱਚੋਂ ਜੇਠ ਸੰ: ੧੯੪੯ ਕੋ ਇੱਕ ਬੇਟਾ ਟਿੱਕਾ ਜੀ ਪੈਦਾ ਹੋਇਆ ਹੈ।— ਇੱਕ ਗੱਲੋਂ ਤਾਂ ਏਹ ਠੀਕ ਛੱਤ੍ਰੀ ਸਮਝੇ ਜਾਂਦੇ ਹਨ ਜੋ ਏਨਾਂ ਨੇ ਛੱਤ੍ਰੀਆਂ ਵਾਲੇ ਕੰਮ ਕਰ ਕੇ ਰਾਜਧਾਨੀ ਪੈਦਾ ਕਰ ਲਈ ਤੇ ਸਾਰੀ ਪੰਜਾਬ ਦੇ ਕਲਾਲਾਂ ਨੂੰ ਆਹਲੂਵਾਲੀਏ ਖਤਾਬ ਪ੍ਰਾਪਤ ਕਰਾ ਦਿੱਤਾ।

Digitized by Panjab Digital Library | www.panjabdigilib.org

ਰਾਜਾ ਜੈਸਲ
|
ਸਾਲਬਾਹਨ
|
ਧਰਮ | ਜਗਪਾਲ ਜੀ | ਅਚੱਲ | ਚੰਦ੍ਰ | ਬੇਦੂਲ ਜੀ | ਕਾਲਨ ਜੀ | ਚਾਂਹੜ ਜੀ | ਕਰਨ ਜੀ

ਧਰਮ
ਪਰਮਾਰਤ
ਭੁਨ
ਭੁਗਪਾਲ
ਉਧਰਨ
ਚੰਦ੍ਰਪਾਲ
ਰਾਣਾ ਤੁਲਸੀ
ਭੂਪ
ਗੰਗੜ
ਲਿੰਗਹਿਰਾਜ
ਸਲੋਹ
ਸੋਨ ਸਿੰਘ
ਦਧਾਣ ਸਿੰਘ
ਗੰਡੂ ਸਿੰਘ
ਸਾਹਿਦਾਰ ਸਿੰਘ
ਗੋਪਾਲ ਸਿੰਘ
ਦੇਵਾ ਸਿੰਘ
ਗੁਰਬਖਸ਼ ਸਿੰਘ
ਕ੍ਰਿਪਾਲ ਸਿੰਘ
ਲੱਧਾ ਸਿੰਘ
ਸ: ਭਾਗ ਸਿੰਘ
ਸ: ਫਤੇ ਸਿੰਘ
ਰਾ: ਨਿਹਾਲ ਸਿੰਘ

ਦੇਵਾ ਸਿੰਘ — ਸ਼ੇਰ ਸਿੰਘ ੧੮੨੩ ਬਿ: ਮ: | ਸਦੂ ਸਿੰਘ
ਸ਼ੇਰ ਸਿੰਘ — ਸ: ਜੱਸਾ ਸਿੰਘ ੧੮੮੩ ਬਿ: ਮ:
ਸ: ਜੱਸਾ ਸਿੰਘ — ਲੜਕੀ, ਮਹਾਰਾਜ ਸਿੰਘ ਪਤਨੀ ਦਲੇਰ ਪਾਲ | ਲੜਕੀ, ਠੌਂਆ ਵਾਲਾ ਵਿਆਹੀ ਸ: ਮੰਗਲ ਸਿੰਘ ਪਟਵਾਲ
ਸਦੂ ਸਿੰਘ — ਮੋਹਰ ਸਿੰਘ | ਲਾਲ ਸਿੰਘ
ਲਾਲ ਸਿੰਘ — ਮਤਾਬ ਸਿੰਘ

ਰਾ: ਨਿਹਾਲ ਸਿੰਘ — ਸ: ਬਿਕ੍ਰਮਾਸਿੰ: ਪੈ: ੧੮੩੫ ਬਿ: | ਰਾ: ਰਣਧੀਰ ਸਿੰਘ ੧੯੧੦ ਬੀ: ਮ: | ਮਹਤਾਬ ਸਿੰਘ ੧੮੫੧ ਬਿ: | ਲੜਕੀ
ਰਾ: ਰਣਧੀਰ ਸਿੰਘ — ਰਾ: ਖੜਕ ਸਿੰਘ ੧੯੧੧ ਬੀ: ਮ:
ਰਾ: ਖੜਕ ਸਿੰਘ — ਰਾ: ਜਗਜੀਤ ਸਿੰਘ ਪੈ: ੧੯੨੯ ਬਿ:
ਰਾ: ਜਗਜੀਤ ਸਿੰਘ — ਟਿਕਾ ਜੀ

ਕਰਨ ਜੀ
ਲਖਨਸੈਨ
ਪੌਣਪਾਲ
ਜੀਤਪਾਲ
ਮੂਲਰਾਜ
ਦੂਦੋ ਜੀ
ਘੜਸੀ ਜੀ
ਕੇਹਰ ਜੀ
ਲਖਮਣ ਜੀ
ਬੈਰਸੀ ਜੀ
ਚਾਚੋ ਜੀ
ਦੇਵੀਦਾਸ ਜੀ
ਜੀਤਸੀ ਜੀ
ਲੋਨਕਰਨ ਜੀ
ਮਾਲਦੇਵ ਜੀ
ਹਰਰਾਇ ਜੀ
ਭੀਮ
ਕਲਿਆਣਦਾਸ
ਮਨੋਹਰਦਾਸ
ਰਾਮਚੰਦ
ਸਬਲ ਸਿੰਘ
ਅਮਰ ਸਿੰਘ
ਜਸਵੰਤ ਸਿੰਘ
ਬੁਧ ਸਿੰਘ
ਤੇਜ ਸਿੰਘ
ਸਵਾਈ ਸਿੰਘ
ਅਖੈ ਸਿੰਘ
ਮੂਲਰਾਜ
ਗਜ ਸਿੰਘ
ਰਣਜੀਤ ਸਿੰਘ
ਬੈਰੀਸਾਲ ਜੀ
ਸਾਲਬਾਹਨ

ਏਹ ਮਹਾਰਾਜਾ ਅੱਜ ਕੱਲ੍ਹ ਜੈਸਲਮੇਰ ਵਿਚ ਰਾਜ ਕਰਦੇ ਹਨ।

ਮਿਸਤ੍ਰ ਕਪੂਰਥਲਾ ਰੀਤ ਰਖੈ ਏਹ ਆਲੂਕਾਂ ਬਾਦਸ਼ਾਹਾਂ ਜੈਸੇ ਜਲਸੇ ਰੌਣਕ ਪਾਲਿਆ ਜਾਂਦਾ ਹੈ। "ਮਹਾਰਾਵਲ ਸਾਹਿਬ ਸਾਹਿਬ ਮੁਸ਼ਫਕ ਮਿਹਰਬਾਨ ਕਰਮ ਫਰਮਾਏ ਦੋਸਤਾਂ ਖਾਲਸਾ ਜੀ ਮਹਾਰਾਜਾਧਿਰਾਜ ਰਾਜ ਰਾਜੇਸ਼੍ਵਰ ਮਹਾਰਾਵਲ ਰਾਜਾ ਸਾਹਿਬ ਬਹਾਦੁਰ॥ ਜਪਾ ਕੁੱਲ ਚੰਦ੍ਰ ਫਾਲਗੁਨ ਕੱਲੌਂ ਦੇਲਾ ਮੁਜੱਫਰ ਜੰਗ ਬ੍ਰਿਜੈ ਸਿੰਦ ਦੇਲੀ ਪਿਆ ਰਾਜਤ ਜੈਸਲਮੇਰ ਸਲਾਮਤ॥

੬੪ ॥ਏਸ ਰਿਆਸਤ ਦੇ ਬਾਨੀਆਂ ਦੀ ਕਲਾਲ ਹੋਣ ਦੀ ਕਹਾਣੀ ਏਸੇ ਖਾਨਦਾਨ ਦੇ ਲੋਕਾਂ ਪਾਸੋਂ ਪੋਲੀਜੇ
ਗੀ ਐਉਂ ਸੁਣੀ ਹੈ ਕਿ:- ਜਦ ਮਹਿਮੂਦ ਸ਼ਾਹ ਗਜ਼ਨੀ ਵਾਲੇ ਨੇ ਹਿੰਦ ਵਿੱਚ ਬੜਾ ਹਾਲਚਲ ਮ
ਚਾ ਦਿੱਤਾ ਸੀ, ਤਦੋਂ ਇੱਕ ਸ਼ਖਸ ਰਾਣਾ ਕਪੂਰ ਜੈਸਲਮੇਰ ਤੋਂ ਉੱਠਕੇ ਪੰਜਾਬ ਵਿੱਚ ਚਲਾ ਆ
ਯਾ, ਕੁਛ ਦਿਨ ਚਕਰੋਲ ਫਿਰਦਾ ਰੈਹਾ, ਫੇਰ ਉਸ ਨੇ ਕਸਬਾ ਕਪੂਰਥਲਾ ਬਸਾਕੇ ਏਸ ਨੂੰ ਅਪਣ
ਘਰ ਬਣਾਯਾ, ਉਸਦੀ ਸੰਤਾਨ ਵਿਚੋਂ ਇੱਕ ਰਾਣਾ ਤੁਲਸੀ ਬੜਾ ਉੱਘਾ ਹੋਯਾ, ਸਮਾਂ ਪਾਕੇ ਉ
ਸ ਦੀ ਸੰਤਾਨ ਪਾਸੋਂ ਤੁਲਵੰਡੀ ਵਾਲੇ ਮੁਸਲਮਾਨ ਰਾਜਪੂਤਾਂ ਨੇ ਕਪੂਰਥਲਾ ਖੋਹ ਲੈਆ, ਹੋਰ
ਥਾਂ ਕੋਈ ਕਿਧਰੇ ਗੈਆ; ਜੀਤਾ ਸਿੰਘ ਤੇ ਵਧਾਵਾ ਸਿੰਘ ਗੁਰੂ ਹਰਿ ਗੋਬਿੰਦ ਪਾਸ ਜਾ ਰਹੇ, ਬਧ
ਵਾ ਸਿੰਘ ਨੇ ਗੁਰੂ ਕੇ ਹੁਕਮ ਨਾਲ ਪਰਗਣੇ ਤਰਨ ਤਾਰਨ ਸਾਹਿਬ ਗੁਜਰ ਚੱਕ ਪਿੰਡ ਵਿੱਚ ਅਪ
ਣੇ ਬੇਟੇ ਗੰਡਾ ਸਿੰਘ ਨੂੰ ਬਸਾ ਦਿੱਤਾ; ਸਾਹਜਹਾਂ ਦੇ ਸਮੇਂ ਗੰਡਾ ਸਿੰਘ ਬੜਾ ਨਾਮਵਰ ਧਾੜਵੀ ਹੋਯ
ਸਾਰਾ ਪਰਗਣਾ ਉਸ ਤੋਂ ਡਰਦਾ ਸੀ, ਓਹ ਗੁਰੂ ਹਰਿਰਾਇ ਸਾਹਿਬ ਦੀ ਟਹਿਲ ਕਰਦਾ ਰੈਹਾ, ਉਸ
ਦੇ ਬੇਟੇ ਸੁਹਾਵਾ ਸਿੰਘ ਤੇ ਸਹਿਦਾਦ ਸਿੰਘ ਬੀ ਉਸ ਤੋਂ ਚਾਰ ਚੰਦੇ ਬੱਧ ਨਿਕਲੇ, ਕਈ ਵਾਰੀ
ਏਨਾਂ ਨੇ ਰਾਤ ਵਰਤੇ ਭੇਸ ਬਦਲ ਕਰ ਲਾਹੌਰ ਦਾ ਬਜ਼ਾਰ ਬੀ ਜਾ ਲੁਟਿਆ ਸੀ—
ਜਦ ਲਾਹੌਰ ਦੇ ਸੂਬੇ ਦਿਲਾਵਰ ਖਾਂ ਨੇ ਹੋਰ ਕਿਵੇਂ ਇਨਾਂ ਦਾ ਬੰਦੋਬਸਤ ਹੁੰਦਾ ਨਾ ਦੇਖਿਆ, ਤਾਂ ਉਸ
ਨੇ ਏਨਾਂ ਨਾਲ ਸੁਲਾ ਕਰਕੇ ਆਖਿਆ ਤੁਸੀਂ ਨੌਕਰੀ ਕਰ ਲਵੋ, ਧਾੜੇ ਮਾਰਨੇ ਛੱਡ ਦੇਓ, ਸੁਹਾਵਾ
ਸਿੰਘ ਨੇ ਆਖਿਆ, ਹੁਣ ਸਾਥੋਂ ਨੌਕਰੀ ਪਰਾਧੀਨਗੀ ਦਾ ਕੰਮ ਨਹੀਂ ਹੁੰਦਾ; ਪਿੰਡ ਬਸਾਉਣ ਦਾ
ਜਤੇ ਕੋਈ ਜ਼ਮੀਨ ਦਾ ਟੁਕੜਾ ਦੇ ਦੇਗਾ। ਉਸ ਨੇ ਮੰਨ ਲੀਤਾ; ਏਨਾਂ ਨੇ ਲਾਹੌਰ ਤੋਂ ਦੱਖਣ ਵੱਲ ਜ
ਮੀਨ ਲੈਕੇ ਉਸ ਵਿੱਚ ਪੰਜ ਪਿੰਡ ਬਸਾਏ। ਆਹਲੂ, ਹੱਲੋ, ਸਾਧੋ, ਤੋਰ, ਚੱਕ—
ਆਪ ਆਹਲੂ ਪਿੰਡ ਵਿੱਚ ਅਪਣੇ ਘਰ ਬਣਾਏ। ਓਥੇ ਕਿਸੇ ਕਲਾਲ ਦੀ ਬੇਟੀ ਤੇ ਜੋ ਬਹੁਤ ਸੁ
ਨਦਰ ਸੀ, ਸਹਿਦਾਦ ਸਿੰਘ ਆਸ਼ਕ ਹੋ ਗੈਆ, ਜਦ ਸੁਹਾਵਾ ਸਿੰਘ ਨੇ ਅਪਣੇ ਭਾਈ ਦਾ ਜੀਉ ਲ
ਗੀ ਉਸ ਕਲਾਲਣੀ ਬਿਨਾ ਮੁਸ਼ਕਲ ਦੇਖਿਆ, ਤਦ ਉਸ ਦੇ ਬਾਪ ਨੂੰ ਆਖਿਆ, ਤੂੰ ਅਪਣੀ ਬੇਟੀ ਮੇਰੇ
ਭਾਈ ਨਾਲ ਬਿਆਹਦੇ। ਉਸ ਨੇ ਕੈਹਾ ਜੇਕਰ ਸਹਿਦਾਦ ਸਿੰਘ ਕਲਾਲ ਬਣ ਜਾਇ ਤੇ ਅੱਗੇ
ਨੂੰ ਅਪਣੇ ਪੁੱਤ੍ਰ ਧੀਆਂ ਕਲਾਲਾਂ ਵਿੱਚ ਬਣਜੇ ਤਾਂ ਅਪਣੀ ਬੇਟੀ ਦੇ ਦੇਵਾਂਗਾ, ਉਸ ਨੇ ਬ੍ਰਾਹਮਣਾਂ
ਨੂੰ ਪੁੱਛਿਆ, ਕਿ ਏਹ ਗੱਲ ਹੋ ਸਕਦੀ ਹੈ। ਪੰਡਤ ਬੋਲੇ ਕਿਉਂ ਨਹੀਂ ਹੋ ਸਕਦੀ, ਜਦ ਬਿਆਸ ਦੀ
ਮਾਈ ਜੋ ਜਨਗੀਧਾਰੀ ਝੀਉਰ ਦੀ ਬੇਟੀ ਰਾਜੇ ਸਾਂਤਨ ਨੇ ਬਿਆਹ ਲਈ ਸੀ, ਜਿਸਦੀ ਔਲ
ਦ ਕੌਰਵ ਪਾਂਡਵ ਹੋਏ ਹਨ, ਹੋਰ ਬੀ ਅਨੇਕ ਛੱਤ੍ਰੀ ਸੂਦ੍ਰਾਂ ਦੇ ਘਰ ਜਾਰੀ ਕਰਦੇ ਰਹੇ ਹੈਂ; ਏਹੋ ਜੇਹੇ

Digitized by Panjab Digital Library | www.panjabdigilib.org

ਹਵਾਲ ਸੁਣਕੇ ਜਸਾ ਸਿੰਘ ਨੇ ਆਪਣੇ ਭਾਈ ਸਹਿਦਾਰ ਸਿੰਘ ਨੂੰ ਕਲਾਲਾਂ ਦੇ ਘਰ ਬਿਆਹ ਦਿੱ ੬੫
ਤਾ, ਉਸ ਕਲਾਲੀ ਵਿਚੋਂ ਸਹਿਦਾਰ ਸਿੰਘ ਦੇ ਚਾਰ ਪੁੱਤ੍ਰ ਹੋਏ, ਗੋਪਾਲ ਸਿੰਘ, ਤੇਮੂੰ, ਸਿਕੰਦਰ ਜਾ
ਗ, ਏਨਾਂ ਚੌਹਾਂ ਦੀ ਸਾਦੀ ਆਪਣੇ ਅਕਰਾਰ ਅਨੁਸਾਰ ਕਲਾਲਾਂ ਦੇ ਹੋਈ, ਗਾਹਾਂ ਦੇ ਬੇਟੇ ਖਾਂਨ ਸਿੰਘ
ਮਾਨ ਸਿੰਘ, ਲਾਹੌਰ ਵਿਚ ਸਰਾਬ ਦੀ ਦੁਕਾਨ ਖੋਲ੍ਹੀ, ਬਹੁਤ ਰੁਪਿਆ ਪੈਦਾ ਕਰਕੇ ਇੱਕ ਬਜਾਰ ਪ
ਵਾਯਾ ਜੋ ਅਬ ਤਕ ਉਨਾਂ ਦੇ ਨਾਉਂ ਤੇ ਮਸਹੂਰ ਹੈ। ਸਿਕੰਦਰ, ਤੇਮੂੰ ਉਜਾਗਰ ਨਾ ਹੋਏ। ਗੋਪਾਲ
ਸਿੰਘ ਆਪਣੇ ਬੇਟੇ ਦੇਵਾ ਸਿੰਘ ਸਮੇਤ ਖਾਲਸੇ ਦੇ ਦਲ ਵਿੱਚ ਮਾਰ ਧਾੜ ਕਰਦਾ ਰੈਹਾ, ਦੇਵਾ ਸਿ
ਘ ਦੇ ਗੁਰਬਖਸ ਸਿੰਘ ਸਦਰ ਸਿੰਘ ਬਦਰ ਸਿੰਘ ਏਹ ਤਿੰਨ ਹੋਏ। ਬਦਰ ਸਿੰਘ ਦੀ ਸਾ
ਦੀ ਬਾਘ ਸਿੰਘ ਹੱਲੋਵਾਲੀਏ ਦੀ ਭੈਣ ਸਾਥ ਹੋਈ, ਜਿਸ ਸੈਂ ਜੱਸਾ ਸਿੰਘ ਪੈਦਾ ਹੋਯਾ, ਜੋ ਖਾ
ਲਸੇ ਦਾ ਬਾਦਸਾਹ ਕਹਾਯਾ ਅਤੇ ਜਿਸ ਨੇ ਅਪਣੇ ਨਾਮ ਦਾ ਸਿੱਕਾ ਚਲਾਯਾ—
ਆਖਦੇ ਹਨ ਕਿ ਬਦਰ ਸਿੰਘ ਦੇ ਪਹਿਲੇ ਸੰਤਾਨ ਨਹੀਂ ਜੀਉਂਦੀ ਸੀ, ਉਸ ਨੇ ਬਾਘ ਸਿੰਘ ਦੇ ਆ ਜੱਸਾ ਸਿੰਘ ਦਾ ਪੈਦਾ ਹੋਣਾ ਤੇ ਮਾਤਾ ਸੁੰਦਰੀ ਜੀ ਪਾਸ ਰਹਿਣਾ।
ਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੁੱਖਣਾ ਸੁੱਖੀ ਤਾਂ ਸੰ: ੧੭੭੫ ਬਿ: ਕੋ ਏਹ ਜੱਸਾ ਸਿੰਘ ਪੈਦਾ ਹੋ
ਯਾ, ਸੰ: ੧੭੭੯ ਬਿ: ਵਿੱਚ ਏਸ ਦਾ ਬਾਪ ਮਰ ਗੈਆ, ਤਾਂ ਏਸ ਦੀ ਮਾਈ ਉਦਾਸ ਹੋਕੇ ਮਾਤਾ ਸੁੰ
ਦਰੀ ਜੀ ਦੇ ਪਾਸ ਦਿੱਲੀ ਵਿੱਚ ਲੈ ਗਈ, ਉਸ ਸਮੇ ਗੁਰੂ ਕੇ ਸਿੱਖ ਦਸਵੰਧ ਤੇ ਮੰਨਤ ਦਾ ਰੁਪਿਆ
ਸਭ ਮਾਤਾ ਸੁੰਦਰੀ ਜੀ ਦੇ ਪਾਸ ਪੁਚਾਯਾ ਕਰਦੇ ਸੇ। ਜੱਸਾ ਸਿੰਘ ਦੀ ਮਾਈ ਨੂੰ ਮਾਤਾ ਸੁੰਦਰੀ ਜੀ ਨੇ
ਬਡੇ ਆਦਰ ਨਾਲ ਪੰਜ ਛੀ ਬਰਸ ਰੱਖਿਆ। ਜੱਸਾ ਸਿੰਘ ਬਹੁਤ ਸੁੰਦਰ ਸੁਥਰਾ ਬਾਲਕ ਸੀ, ਏਸ
ਨੂੰ ਬੀ ਮਾਤਾ ਜੀ ਨੇ ਪੁਤ੍ਰਾਂ ਵਾਂਙੂ ਪਾਲਿਆ ਪੜ੍ਹਾਯਾ, ਏਸੇ ਕਰਕੇ ਜੱਸਾ ਸਿੰਘ ਹਿੰਦੁਸਤਾਨੀ ਬੋਲਚ
ਲ ਤੇ ਪੁਸਾਕ ਰੱਖਿਆ ਕਰਦਾ, ਮਾਤਾ ਜੀ ਦੇ ਪਾਸ ਰਹਿਣ ਕਰਕੇ ਜੱਸਾ ਸਿੰਘ ਦੀ ਮਾਈ ਭੀ ਪੜ੍ਹਗ
ਈ, ਜਦ ਏਹ ਦੋਵੇਂ ਮਾਂ ਪੁੱਤ੍ਰ ਦੁਤਾਰਾ ਵਜਾਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਇਕੇ ਮਾਤਾ ਜੀ ਨੂੰ ਰੋਜ
ਸੁਣਾਯਾ ਕਰਦੇ ਜਿਸ ਤੋਂ ਮਾਤਾ ਜੀ ਬਹੁਤ ਖੁਸੀ ਹੋਕੇ ਚੰਗੇ ਬਰ ਦੇਆ ਕਰਦੀ ਸੀ, ਜਿਸ ਕਰ
ਕੇ ਜੱਸਾ ਸਿੰਘ ਦਾ ਐਡਾ ਪ੍ਰਤਾਪ ਹੋ ਗੈਆ, ਜੋ ਸਾਰਾ ਪੰਥ ਉਸ ਨੂੰ ਆਪਣਾ ਬਾਦਸਾਹ ਆਖਣ ਲੱਗ
ਯਾ, ਤੇ ਅੱਜ ਤੀਕਰ ਉਸ ਦੀ ਔਲਾਦ ਰਾਜ ਪੈਈ ਕਰਦੀ ਹੈ।
ਫੇਰ ਜਦ ਸੰ: ੧੭੮੫ ਬਿ: ਕੋ ਸਰਦਾਰ ਬਾਘ ਸਿੰਘ ਆਪ ਦਿੱਲੀ ਜਾਕੇ ਮਾਤਾ ਜੀ ਪਾਸੋਂ ਆਪ ਮਾਤਾ ਜੀ ਤੋਂ ਬਰ ਤੇ ਬਿਦਾਈ ਮਿਲਣੀ।
ਣੀ ਭੈਣ ਤੇ ਭਣੇਵੇਂ ਨੂੰ ਲੈਣ ਗੈਆ, ਤਾਂ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਏਥੋਂ ਬਿਦਾ ਕਰਨ ਦੇ
ਸਮੇ ਆਪਣੀ ਗੋਦ ਮੇਂ ਬੈਠਾਕੇ ਢਾਲ ਤਲਵਾਰ ਭੱਥਾ ਕਮਾਣ ਖਿਲਤ ਇੱਕ ਆਸਾ ਚਾਂਦੀ ਦਾ
ਬਖਸ ਕੇ ਬਰ ਦਿੱਤਾ, ਕਿ "ਤੇਰੇ ਔਰ ਤੇਰੀ ਸੰਤਾਨ ਆਗੇ ਆਸਾ ਵਾਲੇ ਚੱਲਿਆ ਕਰਨਗੇ" ਜਦ

Digitized by Panjab Digital Library | www.panjabdigilib.org

ਜੱਸਾ ਸਿੰਘ ਦਾ ਬਾਲ ਲੈਕੇ ਦਿੱਲੀ ਤੋਂ ਆਉਣਾ ਤੇ ਨੁਵਾਬ ਕਪੂਰ ਸਿੰਘ ਦੇ ਪਾਸ ਰਹਿਣਾ

੬੬ ਏਹ ਮਾਤਾ ਜੀ ਤੋਂ ਬਿਦਾ ਹੋਕੇ ਪੰਜਾਬ ਵਿੱਚ ਆਏ ਤਾਂ ਨੁਵਾਬ ਕਪੂਰ ਸਿੰਘ ਖਾਲਸੇ ਦੇ ਦਲ ਸਮੇਤ ਓਦੋਂ ਕਰਤਾਰ ਪੁਰ ਦੇ ਵਿਚਕਾਰ ਉਤਰਿਆ ਹੋਇਆ ਸੀ। ਬਾਘ ਸਿੰਘ ਓਸੇ ਪਾਸ ਇਕੋ ਤੰਬੂ ਵਿਚ ਉਤਰ ਪਿਆ ਜਦ ਅੰਮ੍ਰਿਤ ਵੇਲੇ ਰੋਜ ਦੇ ਰਵਾਜ ਅਨੁਸਾਰ ਦੋਵੇਂ ਮਾਂ ਪੁੱਤ੍ਰ ਦੂਤਾਰਾ ਬਜਾਕੇ ਆਸਾ ਦੀ ਵਾਰ ਗਾਉਣ ਲੱਗੇ ਤਾਂ ਨੁਵਾਬ ਕਪੂਰ ਸਿੰਘ ਆਦਿਕ ਸਭ ਸਿੰਘ ਏਨਾਂ ਦੀ ਆਵਾਜ ਤੇ ਸੁਰ ਸੁਣਕੇ ਅਤੀ ਖੁਸੀ ਹੋਏ। ਕਈ ਦਿਨ ਏਨਾਂ ਨੂੰ ਉੱਥੇ ਰੱਖਕੇ ਆਸਾ ਦੀ ਵਾਰ ਖਾਲਸੇ ਨੇ ਸੁਣੀ, ਓੜਕ ਕਪੂਰ ਸਿੰਘ ਨੇ ਜੱਸਾ ਸਿੰਘ ਵੀਰ ਚਿਤ੍ਰ, ਸੁਚਿਤ, ਸਕਲ, ਅਕਲ, ਸਾਹਿਬ ਨਜੀਬ ਸਮਝਕੇ ਓਸ ਨੂੰ ਆਪਣੇ ਪਾਸ ਰਖ ਲੀਤਾ, ਜਿਸਦੇ ਮਾਮੇ ਤੇ ਮਾਈ ਨੇ ਬੀ ਰਾਜੀ ਹੋਕੇ ਜੱਸਾ ਸਿੰਘ ਨੂੰ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਵਾਕੇ ਓਸੇ ਦਾ ਚੇਲਾ ਪੁਤ੍ਰੇਲਾ ਬਣਾ ਦਿੱਤਾ, ਤਬ ਸੇਂ ਜੱਸਾ ਸਿੰਘ ਕਦੇ ਘਰ ਮਾਈ ਪਾਸ ਕਦੇ ਨੁਵਾਬ ਪਾਸ ਰਹਿੰਦਾ ਰਹਿਆ। ਓਦੋਂ ਹਰ ਵਕਤ ਜੰਗ ਜੁੱਧ ਮਾਰ ਧਾੜ ਰਹਿਾ ਕਰਦੀ, ਏਸ ਕਰਕੇ ਏਹ ਬੀ ਸਸਤ੍ਰ ਬਿੱਦਿਆ, ਅਸਵਾਰੀ, ਸਭ ਸਿੱਖਕੇ ਬਡਾ ਭਾਰੀ ਸੂਰਬੀਰ ਮਸਹੂਰ ਹੋ ਗਿਆ; ਬਲਕੇ ਗੁਣੂਆਂ ਜੈਸੀਆਂ ਕਾਰਣ ਕਪੂਰ ਸਿੰਘ ਦੀ ਖਾਲਸੇ ਵਿੱਚੋ ਹੋਣ ਕਰਕੇ ਜੱਸਾ ਸਿੰਘ ਨੂੰ ਬੀ ਓਸੇ ਦਾ ਚੇਲਾ ਪੁਤ੍ਰੇਲਾ ਤੇ ਟਹਿਲ ਵਾਲਾ ਸਮਝਕੇ ਏਸ ਦੀ ਆਮਨ ਬੀ ਸਿੰਘ ਬਹੁਤ ਰੱਖਦੇ ਸਨ। ਇੱਕ ਦਿਨ ਰਾਤ ਦੇ ਸਮੇ ਨੁਵਾਬ ਸਾਹਿਬ ਨੇ ਕਈ ਵਾਰੀ ਪੁਕਾਰਕੇ ਕਹਿਾ, "ਕੌਣ ਹਾਜਰ ਹੈ" ਪਰ ਹਰ ਵਾਰੀ ਜੱਸਾ ਸਿੰਘ ਹੀ ਅਵਾਜ ਦਿੰਦਾ ਰਹਿਾ; ਏਸ ਆਗਿਆਕਾਰੀ ਤੇ ਚੇਤੰਨਤਾਈ ਓਸਦੀ ਸੁਜਾਗਤਾ ਪਰ ਨੁਵਾਬ ਨੇ ਖੁਸੀ ਹੋਕੇ ਓਸੇ ਦਿਨ ਜੱਸਾ ਸਿੰਘ ਨੂੰ ਸਭਾ ਵਿੱਚ ਬੁਲਾਕਰ ਆਪਣੇ ਅੱਗੇ ਕਾਰਬਾਰੀ ਥਾਪ ਦਿਤਾ—

ਜੱਸਾ ਸਿੰਘ ਨੁਵਾਬ ਕਪੂਰ ਸਿੰਘ ਦਾ ਨਾਯਬ ਹੋਇਆ।

ਜੱਸਾ ਸਿੰਘ ਨੂੰ ਨੁਵਾਬ ਦਾ ਤੇ ਬਾਦਸਾਹੀ ਖਤਾਬ ਮਿਲਾ

ਅਜੇ ਜੱਸਾ ਸਿੰਘ ਲੜਕਾ ਹੀ ਸੀ ਅਨੇਕ ਸਿੰਘ ਏਸਦੀ ਟਹਿਲ ਤੇ ਰਹਿਤ ਬਹਿਤ ਸੁੰਦ੍ਰਤਾਈ ਦੇਖਕੇ ਭੁਜੰਗੀ ਕਹਿਕੇ ਪ੍ਰੇਮ ਨਾਲ ਏਸ ਨੂੰ ਹਸਦੇ ਰਹਿੰਦੇ। ਇੱਕ ਦਿਨ ਜੱਸਾ ਸਿੰਘ ਓਨਾਂ ਦੇ ਹਾਸੇ ਮਖੌਲ ਤੇ ਤੰਗ ਹੋਕੇ ਰੋਂਦਾ ਹੋਯਾ ਨੁਵਾਬ ਪਾਸ ਸਭਾ ਵਿੱਚ ਚਲਾ ਆਯਾ, ਤੇ ਆਖਿਆ "ਮੇਥੋਂ ਦਾਣਾ ਨਹੀਂ ਚਰਤਦਾ ਮੈਨੂੰ ਸਿੰਘ ਅਕਾਉਂਦੇ ਹਨ।" ਨਵਾਬ ਕਪੂਰ ਸਿੰਘ ਨੇ ਪਿਆਰ ਦੇਕੇ ਆਖਿਆ; ਅਜੇ ਤਾਂ ਮੈਂ ਤੈਥੋਂ ਬੇਸੁਮਾਰ ਘੋੜ ਚੜ੍ਹੇ ਨੂੰ ਦਾਣਾ ਦਿਵਾਉਣਾ ਹੈ ਤੂੰ ਹੁਣੇ ਸੰਘਬਰਾ; ਪੰਥ ਖਾਲਸੇ ਨੇ ਮੈਨੂੰ ਨੁਵਾਬ ਖਤਾਬ ਬਖਸਿਆ ਹੈ, ਤੈਨੂੰ ਬਾਦਸਾਹੀ ਪਦਵੀ ਮਿਲੇਗੀ।" ਐਨੀ ਵਡੀ ਖੁਸੀ ਨੁਵਾਬ ਦੀ ਜੱਸਾ ਸਿੰਘ ਉੱਤੇ ਦੇਖਕੇ ਓਸੇ ਦਿਨ ਤੋਂ ਸਭ ਸਿੰਘ ਏਸਦਾ ਅਦਬ ਕਰਨ ਤੇ ਜੱਸਾ ਸਿੰਘ ਬਾਦਸਾਹ ਕਹਿਣ ਲਗ ਪਏ।

ਜੱਸਾ ਸਿੰਘ ਦਾ ਪਹਿਲਾ ਧਾਵਾ।

। ਇੱਕ ਦਿਨ ਜੱਸਾ ਸਿੰਘ ਸੰ: ੧੭੯੮ ਬਿ: ਕੋ ਪਚਾਸਕ ਅਸਵਾਰਾਂ ਨਾਲ ਆਪਣੇ ਘਰ ਨੂੰ ਜਾਂਦਾ ਸੀ, ਇਕ ਮੁਰਤਜਾ ਖਾਂ ਨਾਮੀ ਸੁਦਾਗਰ ਦਾ ਡੇਰਾ ਘੋੜੇ ਲਈ ਦਿੱਲੀ ਵਿਨੀ ਜਾਂਦਾ ਸੀ, ਕਾਲੇਕਾਂ ਪਿੰਡ ਪਾਸ ਉਤਰੇ ਹੋਏ ਦੇਖਕੇ ਜੱਸਾ ਸਿੰਘ ਨੇ ਆਪਣੇ ਸਾਥੀਆਂ ਨੂੰ ਆਖਿਆ ਏਹ ਘੋੜੇ ਸਿੰਘਾਂ ਦੀ

Digitized by Panjab Digital Library | www.panjabdigilib.org

ਲਾਇਕ ਹਨ।। ਏਹੋ ਸਲਾਹ ਸਭ ਨੇ ਮੰਨ ਲਈ, ਬੜੇ ਤੜਕੇ ਸੁਦਾਗਰਾਂ ਉੱਤੇ ਹੱਲਾ ਕਰ ਦਿੱਤਾ, ਇੱਕੋ ਵਾਰੀ ਬੰਦੂਕਾਂ ਚੱਲੀਆਂ, ਬੀਸ ਕੁ ਪਠਾਨ ਮਾਰੇ ਗਏ, ਬਾਕੀ ਦੇ ਨੱਠ ਤੁਰੇ, ਮੁਰਤਜਾ ਖਾਂ ਘਾਸ ਦੇ ਗਰੇ ਵਿੱਚ ਲੁਕ ਗਿਆ, ਘੋੜੇ ਤੇ ਅਸਬਾਬ ਲੈਕੇ ਜੱਸਾ ਸਿੰਘ ਨੇ ਹੱਲੋਵਾਲ ਪਿੰਡ ਆਪਣੇ ਨਾਨਕੇ ਘਰ ਆਕਰ ਸਭ ਸਿੰਘਾਂ ਨੂੰ ਵੰਡ ਦਿੱਤੇ, ਤੇਰਾਂ ਬਰਸ ਦੀ ਉਮਰ ਵਿੱਚ ਐਡੇ ਵਡੇ ਹੌਸਲੇ ਦਾ ਕੰਮ ਦੇਖਕੇ ਬਾਘ ਸਿੰਘ ਜੱਸਾ ਸਿੰਘ ਦਾ ਮਾਮਾ ਬਹੁਤ ਖੁਸੀ ਹੋਇਆ, ਉਸ ਦਿਨ ਤੋਂ ਏਸ ਨੂੰ ਲਾਇਕ ਸਮਝਕਰ ਆਪਣਾ ਪੁਤ ਬਣਾ ਲੀਤਾ ਕਿਉਂਕਿ ਏਸ ਦੇ ਪੁਤ੍ਰ ਕੋਈ ਨਹੀਂ ਸੀ।। ੬੭

ਸੰ:੧੭੯੮ ਬਿ: ਕੋ ਸਰਦਾਰ ਬਾਘ ਸਿੰਘ ਹਰੀਆ ਪਿੰਡ ਦੇ ਜੰਗ ਵਿਚ ਮਾਰਾ ਗਿਆ, ਉਸ ਦੀ ਜਗਾਂ ਜੱਸਾ ਸਿੰਘ ਹੀ ਸਰਦਾਰ ਬਣ ਗਿਆ, ਏਹ ਸਰਦਾਰ ਜੱਸਾ ਸਿੰਘ ਆਪਣੇ ਸ੍ਰੇਸ੍ਟ ਗੁਣਾਂ ਕਰਮਾਂ ਦੇ ਜੋਰ ਔਰ ਨਵਾਬ ਕਪੂਰ ਸਿੰਘ ਦੀ ਮਦਦ ਨਾਲ ਛੋਟੀ ਉਮਰ ਵਿੱਚ ਹੀ ਜਥੇਦਾਰ ਤੇ ਪੰਥ ਖਾਲਸੇ ਵਿੱਚ ਮਾਨੀਕ ਹੋ ਗਿਆ। ਮਾਤਾ ਸਾਹਿਬ ਸੁੰਦ੍ਰੀ ਜੀ ਦਾ ਬਚਨ ਤੇ ਮਨਸਾ ਸੁਫਲ ਹੋ ਗਿਆ ਬਲਕੇ ਏਸ ਨੂੰ ਜਥੇਦਾਰੀ ਦੀ ਦਸਤਾਰ ਹੋਣ ਦੇ ਸਮੇ ਮਾਤਾ ਜੀ ਨੇ ਬੀ ਦਿੱਲੀ ਤੋਂ ਏਸ ਨੂੰ ਖਿਲਤ ਭੇਜਿਆ, ਕਿਉਂਕਿ ਮਾਤਾ ਜੀ ਨੇ ਏਸ ਨੂੰ ਆਪਣੇ ਪੁੱਤ੍ਰ ਸਾਹਿਬਜਾਦੇ ਅਜੀਤ ਸਿੰਘ ਜੈਸਾ ਸਮਝਕੇ ਪਰਵਰਸ ਕੀਤਾ ਸੀ — ।ਸਰਦਾਰ ਜੱਸਾ ਸਿੰਘ ਨੇ ਭੀ ਜਥੇਦਾਰ ਹੋਕੇ ਨਵਾਬ ਕਪੂਰ ਸਿੰਘ ਦੀ ਟਹਿਲ ਤੇ ਪੰਥ ਖਾਲਸੇ ਦੀ ਆਗਿਆ ਮੰਨਣੇ ਵਿੱਚ ਕਦੇ ਟਾਲਾ ਨਹੀਂ ਕੀਤਾ ਸੀ। ਬਲਕੇ ਜੋ ਕੁਛ ਲੁੱਟ ਮਾਰ ਵਿਚੋਂ ਹੱਥ ਆਉਂਦਾ ਸਭ ਸਿੰਘਾਂ ਨੂੰ ਵਰਤਾ ਦਿੰਦਾ, ਤਾਂਹੀ ਸਿੰਘ ਭੀ ਏਸ ਦੇ ਹੁਕਮ ਉੱਤੇ ਕੁਰਬਾਨ ਹੋ ਜਾਂਦੇ ਸੇ।। — ।ਏਸ ਉਦਾਰਤਾ ਨੇ ਸਭ ਸਿੰਘ ਏਸ ਦੇ ਤਾਬੇਦਾਰ ਕਰ ਦਿੱਤੇ।।

> ਬਾਘ ਸਿੰਘ ਦਾ ਮਰਨਾ ਤੇ ਜੱਸਾ ਸਿੰਘ ਦਾ ਸਰਦਾਰ ਹੋਣਾ।

ਏਸ ਸਰਦਾਰ ਬਹਾਦਰ ਨੇ ਭੀ ਪੰਥ ਖਾਲਸੇ ਦੇ ਨਾਲ ਸਾਮਲ ਹੋਕੇ ਬਡੇ੨ ਬਹਾਦ੍ਰੀ ਦੇ ਕੰਮ ਕੀਤੇ, ਜੋ ਦੂਸਰੇ ਹਿੱਸੇ ਵਿਚ ਬਹੁਤ ਲਿਖ ਆਏ ਹਾਂ। ਏਸ ਕਰਕੇ ਏਥੇ ਨਹੀਂ ਲਿਖੇ।।

ਸੰ:੧੭੯੬ ਬਿ: ਕੋ ਜਦ ਈਰਾਨ ਦੇ ਪਾਦਸਾਹ ਨਾਦਰ ਸਾਹ ਨੇ ਏਸ ਦੇਸ ਵਿੱਚ ਆਕੇ ਬਡੇ੨ ਜੁਲਮ ਤੇ ਜੋਰ ਜਿਤਾਏ। ਦਿੱਲੀ ਜਾਕੇ ਕਤਲ ਕੀਤੀ, ਬਡੇ੨ ਸਹਿਰ ਲੁੱਟ ਲੀਤੇ, ਜਦ ਉਸ ਦੀ ਫੌਜ ਲੁੱਟ ਦਾ ਧਨ ਲੈਕੇ ਘੋੜੇ ਲੱਦੇ ਹੋਏ ਕਾਬਲ ਵੱਲੀ ਮੁੜੀ ਤਦੋਂ ਜੱਸਾ ਸਿੰਘ ਬੀ ਸਿੰਘਾਂ ਨੂੰ ਸਾਥ ਲੈਕੇ ਉਨ੍ਹਾਂ ਦੇ ਗਿਰਦੇ ਜਾ ਹੋਇਆ, ਕਿਉਂਕਿ ਪਹਿਲੇ ਉਸ ਦੇ ਆਏ ਤੋਂ ਪੰਜਾਬ ਛੱਡਕੇ ਖਾਲਸੇ ਦਾ ਦਲ ਮੁਕਤਸਰ ਵੱਲੀ ਚਲਿਆ ਗਿਆ ਸੀ, ਵੇਲੇ ਕੁਵੇਲੇ ਰਾਤ ਬਿਰਾਤੇ ਸਿੰਘਾਂ ਨੇ ਅਨੇਕ ਪਾਸਿਆਂ ਤੋਂ ਦੁਰਾਨੀਆਂ ਗਿਲਜਿਆਂ ਉੱਤੇ ਹੱਲੇ ਕਰ ਕਰ ਉਨ੍ਹਾਂ ਦੀ ਬਹੁਤ ਦੌਲਤ ਖੋਹ ਲੀਤੀ ਤੇ ਉਨ੍ਹਾਂ ਨੂੰ ਪੰਜਾਬ ਵਿੱਚੋਂ ਕੱਢ ਛੱਡਿਆ, ਤਦੋਂ ਸਰਦਾਰ ਜੱਸਾ ਸਿੰਘ ਨੂੰ ਭੀ ਬਹੁਤ ਗੱਫਾ ਲੱਭਿਆ, ਏਸ ਨੇ ਬਹੁਤ ਸਾਰੇ ਘਾਲ

> ਜੱਸਾ ਸਿੰਘ ਦਾ ਨਾਦਰ ਸਾਹ ਨੂੰ ਲੁਟਣਾ

੬੯ ਗੀਰ ਰੱਖ ਲਏ ਤੇ ਇੱਕ ਗੜ੍ਹੀ ਤੱਲੇ ਪਿੰਡ ਬਣਾ ਕੇ ਓਥੇ ਰਹਿਣ ਲੱਗ ਪਿਆ।

ਸੰ: ੧੮੦੪ ਬਿ: ਕੋ ਜਦ ਸਿੰਘਾਂ ਨੇ ਏਮਨਾਬਾਦ ਗੁਰਦੁਆਰੇ ਰੋੜੀ ਸਾਹਿਬ ਕੱਠੇ ਹੋ ਕੇ ਓਥੇ ਵੈਸਾਖੀ ਦਾ ਮੇਲਾ ਕੀਤਾ ਤੇ ਦੀਵਾਨ ਜਸਪਤ ਰਾਇ ਓਥੋਂ ਵਾਲਾ ਸਿੰਘਾਂ ਨੂੰ ਬੁਰਾ ਭਲਾ ਬੋਲਣ ਲੱਗਾ ਤਾਂ ਸਰਦਾਰ ਜੱਸਾ ਸਿੰਘ ਦੇ ਹੁਕਮ ਨਾਲ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਓਸ ਨੂੰ ਮਾਰ ਸੁੱਟਿਆ, ਏਮਨਾਬਾਦ ਨੂੰ ਲੁੱਟ ਲੀਤਾ, ਦੇਖੋ ਹਿੱਸਾ ਦੂਸਰਾ ਸਫ਼ਾ ੪੬੩॥

ਰੋੜੀ ਸਾਹਿਬ ਜਦ ਜਸਪਤ ਨੂੰ ਮਾਰਨ ਲਖਪਤ ਨੇ ਘੱਲੂਘਾਰਾ ਕੀਤਾ

ਜਦ ਜਸਪਤ ਦੇ ਮਾਰੇ ਜਾਣੇ ਦੀ ਖਬਰ ਉਸ ਦੇ ਭਾਈ ਦੀਵਾਨ ਲਖਪਤ ਰਾਇ ਨੂੰ ਪਹੁੰਚੀ ਤਾਂ ਉਹ ਬਹੁਤ ਸਾਰੀ ਫ਼ੌਜ ਤੋਪਖਾਨਾ ਤੇ ਦੇਸੀ ਮੁਸਲਮਾਨਾਂ ਨੂੰ ਸਾਥ ਲੈ ਕੇ ਆਪਣੇ ਭਾਈ ਦਾ ਬਦਲਾ ਲੈਣ ਲਈ ਸੰ: ੧੮੦੫ ਬਿ: ਕੋ ਸਿੰਘਾਂ ਦੇ ਗਿਰਦੇ ਜਾ ਹੋਯਾ, ਛੰਭ ਕਾਹਨੂੰਆਣ ਤੇ ਪਠਾਨਕੋਟ ਜੇਹੇ ਥਾਈਂ ਬਹੁਤ ਭਾਰੀ ਜੰਗ ਹੋਇਆ, ਜਿਸ ਨੂੰ ਸਿੰਘ ਅਬ ਤਕ ਘੱਲੂਘਾਰਾ ਆਖਦੇ ਹਨ। ਇਸ ਜੰਗ ਵਿੱਚ ਬੀ ਸਰਦਾਰ ਜੱਸਾ ਸਿੰਘ ਨੇ ਬਡੇ ਬਡੇ ਬਹਾਦਰੀ ਦੇ ਉਪਕਾਰ ਦੇ ਕੰਮ ਕੀਤੇ, ਔਰ ਬੇਸ਼ੁਮਾਰ ਸ਼ੱਤ੍ਰੂ ਮਾਰੇ, ਆਪ ਬੀ ਜ਼ਖਮੀ ਹੋਯਾ, ਜੈਤੋ ਪਿੰਡ ਮਾਲਵੇ ਵਿੱਚ ਜਾ ਕੇ ਜ਼ਖਮਾਂ ਦਾ ਇਲਾਜ ਕੀਤਾ, ਸ਼ੋਭਾ ਪਾਈ, ਦੇਖੋ ਸਫ਼ਾ ੪੬੫ ਹਿੱਸਾ ਦੂਸਰਾ।

ਮੀਰ ਮੰਨੂੰ ਤੇ ਅਦੀਨਾ ਬੇਗ ਨਾਲ ਜੰਗ ਕਰਨੇ।

ਸੰ: ੧੮੦੭ ਬਿ: ਕੋ ਜਦ ਮੀਰ ਮੁਈਨੁਲਮੁਲਕ (ਮੀਰ ਮੰਨੂੰ) ਸੂਬੇ ਲਾਹੌਰ ਨੇ ਸਿੰਘਾਂ ਨੂੰ ਬਡੇ ਬਡੇ ਦੁਖ ਦਿੱਤੇ, ਔਰ ਸਿੰਘਾਂ ਦੇ ਬਾਲ ਬੱਚੇ ਔਰਤਾਂ ਕਤਲ ਕੀਤੇ ਦੇਖੋ ਸਫ਼ਾ ੪੭੬ ਹਿੱਸਾ ਦੂਸਰਾ। ਤਦੋਂ ਸਰਦਾਰ ਜੱਸਾ ਸਿੰਘ ਨੇ ਆਪਣੇ ਜਥੇ ਨੂੰ ਲੈ ਕੇ ਮੀਰ ਮੰਨੂੰ ਨਾਲ ਆ ਲੜਾਈ ਛੇੜੀ, ਅਨੇਕ ਜੰਗ ਹੋਏ, ਕਦੇ ਓਹ ਜਿੱਤਿਆ ਕਦੇ ਏਹ। ਆਖਰ ਓਹ ਘੋੜੇ ਉੱਤੋਂ ਡਿੱਗ ਕੇ ਮਰ ਗਿਆ, ਏਸੇ ਤਰਾਂ ਅਦੀਨਾ ਬੇਗ ਖਾਂ ਹਾਕਮ ਜਲੰਧਰ ਵਾਲੇ ਸਾਥ ਬੀ ਸੰ: ੧੮੦੮ ਬਿ: ਕੋ ਸਰਦਾਰ ਜੱਸਾ ਸਿੰਘ ਦੇ ਬਹੁਤ ਮੁਕਾਬਲੇ ਹੋਏ। ਜਿਨ੍ਹਾਂ ਵਿੱਚ ਦੋਹਾਂ ਦੀ ਹਾਰ ਜੀਤ ਹੁੰਦੀ ਰਹੀ, ਓੜਕ ਦੁੱਰਾਨੀਆਂ ਨੇ ਅਦੀਨਾਂ ਬੇਗ ਨੂੰ ਜਲੰਧਰੋਂ ਕੱਢ ਛੱਡਿਆ, ਤੇ ਨਾਸਰ ਅਲੀ ਖਾਂ ਓਥੋਂ ਦਾ ਹਾਕਮ ਹੋਯਾ, ਸੰ: ੧੮੧੦ ਬਿ: ਨੂੰ ਸਰਦਾਰ ਜੱਸਾ ਸਿੰਘ ਨੇ ਸਲਾਬਤ ਖਾਂ ਫੌਜਦਾਰ ਅੰਮ੍ਰਿਤਸਰ ਵਾਲੇ ਨੂੰ ਹੱਲਾ ਕਰ ਕੇ ਮਾਰ ਸੁੱਟਿਆ; ਤੇ ਓਸ ਦਾ ਇਲਾਕਾ ਮੱਲ ਕਰ ਇੱਕ ਕਿਲਾ ਰਾਮਗੜ੍ਹ ਤੈਯਾਰ ਕੀਤਾ, ਜੋ ਫੇਰ ਰਾਮਗੜ੍ਹੀਆਂ ਨੂੰ ਦਿੱਤਾ ਗਿਆ ਸੀ।

ਕੌੜਾ ਮੱਲ ਨੂੰ ਮਦਦ ਖਾਤਰ ਦੇਣਾ

ਦੀਵਾਨ ਕੌੜਾ ਮੱਲ ਨੇ ਸਰਦਾਰ ਜੱਸਾ ਸਿੰਘ ਨੂੰ ਫੌਜ ਸਮੇਤ ਆਪਣੀ ਕੁਮਕ ਪਰ ਲੈ ਜਾ ਕਰ ਸੰ: ੧੮੧੧ ਬਿ: ਕੋ ਸ਼ਾਹਨਵਾਜ਼ ਨੂੰ ਮਾਰ ਕੇ ਮੁਲਤਾਨ ਫਤੇ ਕੀਤਾ ਦੇਖੋ ਸਫ਼ਾ ੪੭੩ ਹਿੱਸਾ ੨ ਕੌੜਾ ਮੱਲ ਨੇ ਮਿੱਠੇ ਸੁੱਖ ਛਕਾ ਕੇ ਸਿੰਘਾਂ ਨੂੰ ਬਹੁਤ ਖੁਸ਼ੀ ਕਰ ਲੀਤਾ, ਸਿੰਘਾਂ ਦੇ ਆਖੇ ਹੋਏ ਸਰ

Digitized by Panjab Digital Library | www.panjabdigilib.org

ਦਾਰ ਜਸਾ ਸਿੰਘ ਸਿੰਘ ਨੇ ਉਸ ਨੂੰ ਅੱਠ ਮੱਲ ਦਾ ਖਤਾਬ ਦਿੱਤਾ। ੯੯
ਸੰ: ੧੮੧੩ ਬਿ: ਕੋ ਸੋਢੀ ਬਡਭਾਗ ਸਿੰਘ ਦੇ ਆਖੇ ਲੱਗ ਕੇ ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਬ ਜੰਗ ਜਲੰਧਰ ਦਵਾਈ ਤੇ ਪਚਾਸ ਹਜ਼ਾਰ ਰੁਪਯਾ ਉਸ ਤੋਂ ਲੀਤਾ। ਸੰ: ੧੮੧੪ ਬਿ: ਕੋ ਜੱਸਾ ਸਿੰਘ ਰਾਮਗੜ੍ਹੀਏ ਦੀ ਚੁੱਕ ਤੇ ਮਦਦ ਨਾਲ ਅਦੀਨਾ ਬੇਗ ਖਾਂ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਸ਼ਕਿਸਤ ਦੇ ਕੇ ਆਪਣੇ ਸਭ ਪਿੰਡ ਏਸ ਤੋਂ ਛੁਡਾ ਲਏ। ਉਹ ਬਦਲਾ ਰਾਮਗੜ੍ਹੀਆਂ ਤੋਂ ਏਸ ਸਰਦਾਰ ਨੇ ਸੰ: ੧੮੩੫ ਬਿ: ਕੋ ਐਸਾ ਲੀਤਾ ਜੋ ਉਨ੍ਹਾਂ ਨੂੰ ਦੇਸ ਨਿਕਾਲਾ ਕਰ ਛੱਡਿਆ। ਸੰ: ੧੮੧੪ ਬਿ: ਕੋ ਸਰਦਾਰ ਬਹਾਦਰ ਨੇ ਸਤਲੁਜੋਂ ਪਾਰ ਜਾ ਕਰ ਅਜੀਜੁਲ ਜਾਨ ਰਾਇਕੋਟ ਵਾਲੇ ਰਾਇ ਦੇ ਬਖਸ਼ੀ ਨੂੰ ਬੱਦੋਵਾਲ ਪਾਸ ਭਾਰੀ ਹਾਰ ਦੇ ਕੇ ਪਰਗਣਾ ਜਗਰਾਉਂ ਦਾ ਉਸ ਤੋਂ ਜਿਤ ਲੀਤਾ, ਏਸੇ ਸਮੇਂ ਖਬਰ ਸੁਣੀ ਕਿ ਪਹਾੜੀ ਰਾਜਿਆਂ ਦਾ ਮਾਮੂਲਾ ਉਗਰਾਹੀ ਹੋ ਕੇ ਲਾਹੌਰ ਵਲੀ ਜਾ ਰਿਹਾ ਹੈ। ਸਰਦਾਰ ਬਹਾਦਰ ਨੇ ਨਦੌਣ ਪਾਸ ਜਾ ਲੁਟਿਆ, ਫੇਰ ਏਸੇ ਸਾਲ ਵਿੱਚ ਪੰਡੂਰ ਸਾਹਿਬ ਦੇ ਪਾਸ ਅਦੀਨਾ ਬੇਗ ਖਾਂ ਨੂੰ ਬਡੀ ਭਾਰੀ ਸਿਕਸਤ ਦੇ ਕੇ ਪਰਗਣਾ ਫਤੇਆਬਾਦ ਉਸ ਦਾ ਆਪਣੇ ਕਬਜ਼ੇ ਕਰ ਕੇ ਫਤੇਆਬਾਦ ਨੂੰ ਆਪਣੀ ਰਜਧਾਨੀ ਬਣਾਯਾ, ਸੰ: ੧੮੧੫ ਬਿ: ਮੁਮੈਦ ਖਾਂ ਖ੍ਵਾਜੇ ਸਰਾ ਨੂੰ ਸਠਾਲੇ ਬਟਾਲੇ ਪਾਸ ਜਾ ਘੇਰਿਆ, ਕਿਉਂਕਿ ਉਹ ਮਾਮਲਾ ਉਗਰਾਹੀ ਕਰ ਕੇ ਜਲੰਧਰ ਵਲੀ ਲਈ ਜਾਂਦਾ ਸੀ, ਸਰਦਾਰ ਬਹਾਦਰ ਨੇ ਜਾਂ ਘੇਰਿਆ ਜੰਗ ਹੋਯਾ ਉਹ ਮਾਰਾ ਗਿਆ, ਬਾਕੀ ਕੁਛ ਮਾਰੇ ਕੁਛ ਦੌੜੇ, ਖਜਾਨਾ ਸਭ ਆਪਣੇ ਸਾਥੀਆਂ ਨੂੰ ਬੰਡ ਦਿੱਤਾ— ਏਸ ਗੱਲੋਂ ਖਿਜ ਕੇ ਆਦੀਨਾ ਬੇਗ ਖਾਂ ਨੇ ਆਪਣੇ ਨਾਇਬ ਸੂਬੇ ਅਜੀਜ ਬੇਗ ਖਾਂ ਨੂੰ ਫੌਜ ਦੇ ਕੇ ਭੇਜਿਆ, ਬੈਰੋਵਾਲ ਪਾਸ ਦੋਹਾਂ ਦਾ ਟਾਕਰਾ ਹੋਯਾ, ਘਨਈਏ ਸਰਦਾਰ ਜੱਸਾ ਸਿੰਘ ਦੀ ਮਦਦ ਨੂੰ ਆ ਪਹੁੰਚੇ, ਅਜੀਜ ਬੇਗ ਖਾਂ ਸਖਤ ਜਖਮੀ ਹੋ ਕੇ ਦੌੜ ਗਿਆ ਉਸ ਦੇ ਬਹੁਤ ਆਦਮੀ ਮਾਰੇ ਗਏ, ਏਥੋਂ ਹਾਰ ਕੇ ਅਦੀਨਾ ਬੇਗ ਖਾਂ ਨੇ ਜੱਸਾ ਸਿੰਘ ਨਾਲ ਸੁਲਾ ਕਰ ਲਈ॥

ਏਸੇ ਸਾਲ ਵਿੱਚ ਸਰਦਾਰ ਜੱਸਾ ਸਿੰਘ ਨੇ ਪੰਥ ਖਾਲਸੇ ਨੂੰ ਸਾਥ ਲੈ ਕੇ ਬਹਾਵਲਪੁਰ ਦੇ ਗਿ

੧ ਮੁਕਤਸਰ ਇੱਕ ਜੰਗਾ ਦਾ ਨਾਉਂ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਸੰ: ੧੭੬੧ ਕੋ ਜੰਗ ਕਰ ਕੇ ਸ਼ਾਹੀ ਫੌਜ ਨੂੰ ਹਾਰ ਦਿੱਤੀ ਸੀ ਜੇਹੜੇ ਸਿੰਘ ਬਿਨਾ ਨੌਕਰੀ ਲੌਟ ਦੇ ਉਥੇ ਆ ਕੇ ਬੈਰੀਆਂ ਨੂੰ ਮਾਰ ਮਾਰ ਧਰਮ ਰੱਖਿਆ ਵਾਸਤੇ ਸ਼ਹੀਦ ਹੋਏ ਸਨ ਉਨ੍ਹਾਂ ਚਾਲੀਆਂ ਨੂੰ ਇੱਕੋ ਚਿਤਾ ਵਿੱਚ ਦਾਹ ਕਰ ਕੇ ਮੁਕਤਿ ਬਖਸ਼ੀ ਸੀ ਤਾਂਹੀ ਉਥੋਂ ਦਾ ਨਾਮ ਮੁਕਤਿਸਰ ਹੋਯਾ, ਨਹੀ ਤਾਂ ਪਹਿਲੇ ਏਸ ਤਲਾਉ ਦਾ ਨਾਮ ਖਿਦਰਾਣਾ ਸੀ॥ ਤੇ ਏਥੇ ਗਾੜ੍ਹਾ ਜੰਗਲ ਸੀ ਹੁਣ ਤਾਂ ਬਡਾ ਕਸਬਾ ਬਸ ਗਿਆ। ਜਿਲੇ ਫੀਰੋਜਪੁਰ ਦੀ ਤਹਿਸੀਲ ਬਣੇ ਹੈ ਤੇ ਤਲਾਉ ਬੀ ਪੱਕਾ ਬਣ ਗਿਆ। ਹਰ ਸਾਲ ਲੋਹੜੀ ੧ ਮਾਘ ਦੀ ਮਾਘੀ ਨੂੰ ਬੜਾ ਭਾਰੀ ਮੇਲਾ ਉਥੇ ਲਗਦਾ ਹੈ ਖਿਚੜੀ ਮੋਠ ਬਾਜਰੇ ਦੀ ਪੱਕੀ ਪਕਾਈ ਦੇ ਸਦਾ ਬਰਤ ਲੰਗ, ਸਾਰੇ ਮੇਲੇ ਵਾਸਤੇ ਤਿੰਨ ਦਿਨ ਮੇਲਾ ਰਹਿੰਦਾ ਹੈ [illegible]

੧੦ ਰਦੇ ਜਾ ਧੂਮ ਮਚਾਈ ਜਿਸ ਤੋਂ ਡਰਕੇ ਓਥੋਂ ਦੇ ਨਵਾਬ ਫਤੇ ਖਾਂ ਨੇ ਇੱਕ ਲੱਖ ਰੁਪਯਾ ਦੇਕੇ ਪਿੱਛਾ ਛੁਡ
ਯਾ — ਸੰ: ੧੮੧੬ ਬਿ: ਕੋ ਜਦ ਅਹਿਮਦ ਸ਼ਾਹ ਨੇ ਛੀਮੀ ਵਾਰੀ ਹਿੰਦ ਵਿੱਚ ਆਕੇ ਦਿੱਲੀ, ਮ
ਥਰਾ, ਅਲੀਗੜ੍ਹ, ਆਗਰਾ, ਆਦਿਕ ਸ਼ਹਿਰ ਕਸਬੇ ਲੁਟਕੇ ਤੇ ਦੇਵਤਿਆਂ ਦੇ ਮੰਦ੍ਰ ਤੋੜ ਫੋੜ ਕਾ
ਬਲ ਵੱਲ ਨੀ ਬਾਗ ਮੋੜੀ ਤਾਂ ਜੱਸਾ ਸਿੰਘ ਪੀਤ ਨੂੰ ਸਾਥ ਲੈ ਜਾ ਕਰ ਸਤਲੁਜ, ਬਿਆਸ ਦੇ ਏਧ੍ਰ
ਓਧ੍ਰ ਦੁਰਾਨੀਆਂ ਦੇ ਗਿਰਦੇ ਜਾ ਹੋਯਾ, ਰਾਤ ਬਿਰਾਤੇ ਹੱਲੇ ਕਰ ਕਰ ਛਾਪੇ ਮਾਰਕੇ ਗਿਲਜੇ ਬੁੰਦਲ
ਜਿਟੋ ਸਭ ਮਾਲ ਮਤਾਹ ਓਨਾਂ ਦਾ ਲੁੱਟ ਖੋਸ ਲੀਤਾ, ਬਲਕੇ ਜੋੜ ਤਿੰਨ ਲਾਖ ਰੁਪਯਾ ਰਾਜਾ ਅ
ਲਾ ਸਿੰਘ ਤੋਂ ਬਾਦਸ਼ਾਹ ਨੇ ਲੈਕੇ ਓਸ ਨੂੰ ਰਾਜਗੀ ਖਤਾਬ ਦਿੱਤਾ ਸੀ, ਓਹ ਸਿੰਘਾਂ ਦਾ ਰੁਪਯਾ ਬੀ ਸਿ
ਘਾਂ ਦੇ ਹੱਥ ਆਯਾ, ਜਦ ਪੁ ਸਿੰਘਾਂ ਦੀ ਏਸ ਜਬਰਦਸਤੀ ਉੱਤੇ ਕ੍ਰੋਧ ਖਾਕੇ ਬਾਦਸ਼ਾਹ ਨੇ ਗਸਤੀ
ਫੌਜ ਬੀ ਸਿੰਘਾਂ ਨੂੰ ਫੜਨ ਵਾਸਤੇ ਚੜ੍ਹਾਈ ਮਗਰ ਸਿੰਘ ਓਸ ਦੇ ਕਾਬੂ ਨਾ ਆਏ। ਦੇਖੋ ਸਫਾ ੬੫

ਬੀਕਾਨੇਰ ਵਾਲੇ ਰਾਜੇ ਦੀ ਮਦਦ ਪਰ ਜਾਣਾ

ਹਿਸਾ ਦੂਸਰਾ।— ਏਸੇ ਸਾਲ ਵਿੱਚ ਰਾਜਾ ਜੈਸਲਮੇਰੀ ਤੇ ਬੀਕਾਨੇਰੀ ਦੀਆ
ਪਸ ਮੇਂ ਤਲਵਾਰ ਚਲ ਰਹੀ ਸੀ, ਬੀਕਾਨੇਰ ਵਾਲੇ ਨੇ ਰਾਜਾ ਆਲਾ ਸਿੰਘ ਦੀ ਮਾਰਫਤ ਖਾਲ
ਸੇ ਤੋਂ ਮਦਦ ਚਾਹੀ। ਇੱਕ ਲਾਖ ਰੁਪਯਾ ਲੈਣਾ ਕਰਕੇ ਖਾਲਸੇ ਨੇ ਓਧਰ ਨੂੰ ਬਾਗ ਉਠਾਈ, ਜਦ
ਰਾਜਾ ਆਲਾ ਸਿੰਘ ਪਾਸ ਪਹੁੰਚੇ ਤਾਂ ਓਸ ਨੇ ਸਬ ਖਾਲਸੇ ਨੂੰ ਆਪਣੇ ਕਿਲੇ ਵਿੱਚ ਪ੍ਰਸਾਦ ਛਕਾ
ਕੇ ਡੱਬੇ ਖਸਲੀਰੀਆਂ ਪਹਿਨਾਉਣੀਆਂ ਦਿਤੀਆਂ ਤੇ ਸਰਦਾਰ ਜੱਸਾ ਸਿੰਘ ਆਪਣੇ ਗੁਰਭਾ
ਈ ਦੇ ਹੱਥੋਂ ਆਪਣੇ ਪੋਤੇ ਅਮਰ ਸਿੰਘ ਨੂੰ ਅੰਮ੍ਰਿਤ ਛਕਵਾਯਾ, ਓਥੋਂ ਚੱਲਕੇ ਜਦ ਰਸਤੇ ਵਿੱਚ ਤੀ
ਸਕ ਹਜਾਰ ਲੁਟੇਰਾ ਜੈਸਲਮੇਰ ਵੱਲ ਨੀ ਝੁਕਿਆ, ਤਾਂ ਉਨਾਂ ਦੀ ਖਰਾਬੀ ਹੋਣੀ ਖਿਆਲ ਕਰਕੇ ਸ
ਰਦਾਰ ਜੱਸਾ ਸਿੰਘ ਨੇ ਆਪਣਾ ਕੁਰਸੀ ਨਾਮਾ ਓਨਾਂ ਨਾਲ ਮਿਲਦਾ ਸਮਝਕੇ ਓਨਾਂ ਨੂੰ ਬੁਲਾਕਰ
ਰਾਜੇ ਬੀਕਾਨੇਰੀ ਨਾਲ ਸੁਲਾ ਕਰਾ ਦਿੱਤੀ — ਬੀਕਾਨੇਰ ਵਾਲੇ ਤੋਂ ਆਪਣੇ ਵਾਇਦੇ ਦਾ ਰੁਪਯਾ
ਲੈਕੇ ਜਬ ਸਿੰਘਾਂ ਨੂੰ ਵੰਡ ਦਿੱਤਾ। ਓਥੋਂ ਅੱਗੇ ਮਾਰਵਾੜ ਦੇਸ ਦੇ ਬੜੇ੨ ਸ਼ਹਿਰ ਕਸਬੇ ਲੁੱਟਦੇ ਹੋ
ਏਸ ਖਾਵਾੜੀ ਦੇਸ ਵਿੱਚ ਜਾ ਬੜੇ। ਜਦ ਪੁ ਓਧਰ ਬਡੇ੨ ਬਹਾਦੁਰ ਰਾਜਪੂਤਾਂ ਨੇ ਪਹੂ ਖਾਲਸੇ ਦੀ ਪ
ਕ ਤੇ ਚੜ੍ਹਤ ਨੇ ਕਿਸੇ ਨੂੰ ਸਿਰ ਉਕਸਾਣ ਨਾ ਦਿੱਤਾ, ਜਦ ਪ੍ਰਬਿਸਾਊਂ ਵਾਲੇ ਦਾ ਰਾਣਾ ਹਮੀਰ ਸਿੰਘ
ਜੋ ਅਬ ਤੋ ਏਸ ਰੈਦਾ ਦੇਸ ਤੇ ਪਿੰਡੇ ਦੇ ਮਾਲਕ ਨੇ ਤੇ ਝੁੰਝੂ ਵਾਲੇ ਡੂੰਗਰ ਸਿੰਘ ੫੫ ਪਿੰਡ ਵਾਲੇ ਨੇ
ਹਰ ਝੂੰਪਾ ਨੈਲਗੜ੍ਹ ਆਦਿਕ ਮਕਾਨਾਂ ਦੇ ਰਾਣਿਆਂ ਨੇ ਮਿਲਕੇ ਮੁਕਾਬਲਾ ਤਾਂ ਸਿੰਘਾਂ ਦਾ ਕੀਤਾ
ਪਰ ਹਾਰ ਖਾਧੀ, ਸਿੰਘ ਲੁੱਟ ਮਾਰ ਕਰਦੇ ਹੋਏ ਏਹਨਾਂ ਦੇ ਪਾਣੀ ਵਾਂਗੂ ਉਸ ਦੇਸ ਵਿੱਚੋਂ ਅੱਗੇ ਗਸ
ਰ ਵੱਲ ਨੀ ਨਿਕਲ ਗਏ। ਓਧਰੋਂ ਬੀ ਮੁਲਕ ਨੂੰ ਸੋਧਦੇ ਹੋਏ ਜਦ ਨਾਰਨੌਲ ਨੂੰ ਹੋਕੇ ਆਪਣੇ ਦੇਸ

Digitized by Panjab Digital Library | www.panjabdigilib.org

ਦਿਨੀ ਮੁੜਕੇ ਤਾਂ ਉਪ੍ਰੋਕਤ ਰਈਸਾਂ ਤੇ ਰਾਣਕਾਂ ਲੋਗਾਂ ਨੇ ਸਿੰਘਾਂ ਪਾਸ ਘੋੜੇ ਲੱਦੇ ਹੋਏ ਦੌਲਤ ਦੇ ਦੇ ੬੧
ਖੇਤਾਂ ਏਕਾ ਕਰਕੇ ਢੋਲ ਬਜਾ ਬਜਾ ਸਿੰਘਾਂ ਦੇ ਗਿਰਦੇ ਆ ਹੋਏ। ਭਲਾ ਸ਼ੇਰਾਂ ਬਘਿਆੜਾਂ
ਦੀਆਂ ਵਾੜਾਂ ਵਿਚੋਂ ਕੌਣ ਮਾਸ ਲਦਾ। ਹੋਦ ਬਲਾਉ ਪਿੰਡ ਪਾਸ ਲੜਾਈ ਕਰਕੇ ਸਭ ਭਾਜ
ਗਏ। ਸਿੰਘ ਹਰਿਆਣੇ ਜਟਵਾੜੇ ਆਦਿਕ ਦੇਸਾਂ ਨੂੰ ਲੁਟਦੇ ਖਜੋਟਦੇ ਕੁੰਜਪੁਰੇ ਸਢੌਰੇ ਦਰੌ
ਰੇ ਦੇ ਹਾਕਿਮਾਂ ਤੋਂ ਨਜਰਾਂ ਲੈਂਦੇ ਸਦੀਕ ਬੇਗ ਸੂਬੇ ਸਰਹੰਦ ਦੀ ਛਿਦੀ ਪਤਲੀ ਕਰਦੇ ਹੋਏ ਪੰਜਾ
ਬ ਵਿੱਚ ਆ ਬੜੇ। ਏਸ ਹੱਲੇ ਵਿੱਚ ਸਰਦਾਰ ਜੱਸਾ ਸਿੰਘ ਨੇ ਬੜੀ ਤਰੱਕੀ ਪਾਈ।।

ਏਸੇ ਸਾਲ ਵਿੱਚ ਸਰਦਾਰ ਜੱਸਾ ਸਿੰਘ ਨੇ ਦਿਆਲਪੁਰ ਵਾਲੇ ਰਾਜਾ ਸਿੰਘ ਰਾਜਪੂਤ ਨੂੰ ਫਤੇ ਕ
ਰਕੇ ਅੱਧਾ ਇਲਾਕਾ ਉਸ ਦਾ ਸੋਢੀ ਕਰਤਾਰਪੁਰੀਏ ਤੇ ਬੇਦੀ ਊਨੇ ਵਾਲਿਆਂ ਨੂੰ ਦੇਕਰ ਜੰਡਿਆਲੇ
ਵਾਲੇ ਨਿਰੰਜਣੀਆਂ+ ਨੇ ਚੁਗਲੀ ਕਰ ਕਰ ਬਹੁਤ ਸਿੰਘ ਤੁਰਕਾਂ ਨੂੰ ਫੜਾ ਫੜਾ ਮਰਵਾਏ ਸੇ, ਜਦਾਪਿ ਓਥੇ
ਜੱਸਾ ਸਿੰਘ ਦਾ ਭਤੀਜਾ ਲਾਲ ਸਿੰਘ ਆਦਿਕ ਕਈ ਸਰਦਾਰ ਜ਼ਖ਼ਮੀ ਹੋਏ। ਬਹੁਤ ਮਾਰੇ ਗ
ਏ। ਪ੍ਰੰਤੂ ਫਤੇ ਜੱਸਾ ਸਿੰਘ ਦੀ ਹੋਈ, ਮਹੰਤ ਸੂਲਦਾਸ ਨੂੰ ਫੜਕੇ ਅੱਠ ਹਜਾਰ ਰੁਪਯਾ ਲੀਤਾ
ਤਾਂ ਛੱਡਿਆ — ਸੰ: ੧੮੧੬ ਬਿ: ਮੁਅਦੀਨ ਬੇਗ ਖਾਂ ਦੇ ਮਰੇ ਤੋਂ ਜੱਸਾ ਸਿੰਘ ਨੇ ਜਦ ਉਸਦ
ਇਲਾਕਾ ਰੋਕਣਾ ਚਾਹਿਆ ਤਾਂ ਉਸਦੇ ਦੀਵਾਨ ਬਿਸੰਭਰ ਮੱਲ ਨੇ ਬੜੀ ਭਾਰੀ ਜੰਗ ਕਾਰੀਆਂ
ਵਿੱਚ ਕੀਤਾ ਪਰ ਉਹ ਸ਼ਹੀਦ ਹੋ ਗਿਆ ਉਸ ਦਾ ਇਲਾਕਾ ਸਭ ਸਿੰਘਾਂ ਨੇ ਰੋਕ ਲੀਤਾ, ਓਦੋਂ ਜੱ
ਸਾ ਸਿੰਘ ਦੇ ਹੱਥ ਬੜੀ ਬਹੁਤ ਪਿੰਡ ਆਏ।।

ਏਸੇ ਸਾਲ ਮੇਂ ਜੱਸਾ ਸਿੰਘ ਨੇ ਨਵਾਬ ਅਬਦੁੱਲੇ ਖਾਂ ਜਲੰਧਰ ਵਾਲੇ ਨੂੰ ਜਿੱਤਕੇ ਆਪਣੇ ਨੌ
ਕਰ ਚਰਨਦਾਸ ਨੂੰ ਓਥੋਂ ਦਾ ਠਾਣੇਦਾਰ ਬਣਾਯਾ, ਖ਼ਾਲਸੇ ਨੂੰ ਲੈ ਜਾ ਕਰ ਲਾਹੌਰ ਵਾਲੇ ਸੂਬੇ ਮੁਨੀ
ਰ ਮੁਹੰਮਦ ਖਾਂ ਨੂੰ ਅਸਾਂ ਤੰਗ ਕੀਤਾ ਉਸ ਤੋਂ ਤੀਸ ਹਜਾਰ ਰੁਪਯਾ ਲੈਕੇ ਕਸੂਰ ਵਾਲੇ ਪਠਾਣਾਂ ਨੂੰ
ਜਾ ਘੇਰਿਆ, ਉਨਾਂ ਤੋਂ ਪੰਜ ਹਜਾਰ ਖਰਚਾ ਲੈਕੇ ਸਰਦਾਰ ਜੱਸਾ ਸਿੰਘ ਨੇ ਸਤਲੁਜੋਂ ਪਾਰ ਢ
ਲਾਕੇ ਫੀਰੋਜਪੁਰ ਮੇਂ ਕੌਮ ਡੋਗਰ[1] ਤੇ ਨੀਹਪਾਲ[2] ਜੋ ਉਸ ਦੇਸ ਦੇ ਮਾਲਕ ਬਣ ਰਹੇ ਸਨ ਜਾ
ਘੇਰਾ ਉਨਾਂ ਨੂੰ ਫਤੇ ਕਰ ਕੇ ਮੁਲਾਣਿਆਂ ਵਾਲੇ ਤੇ ਪੱਖੋਂ ਪਿੰਡ ਦੋਹਾਂ ਥਾਈਂ ਦੇ ਕਿਲੇ ਕੱਚੇ ਬਣਵ
ਕੇ ਅਪਣੀ ਫੌਜ ਉਤਾਰ ਆਏ। ਏਹ ਦੋਨੋਂ ਕਿਲੇ ਸੰ: ੧੯੦੩ ਤਕ ਰਿਆਸਤ ਕਪੂਰਥਲੇ ਦੇ ਕ

ਦਯਾਲਪੁਰ ਜੰਡਿਆਲਾ ਫਤੇ ਕੀਤਾ

ਜਲੰਧਰ ਫਤੇ +ਨਿਰੰਜਣੀਏ ਅਸਿੱਖ ਹੈ

[1] ਡੋਗਰ ਕੌਮ ਚੁਹਾਣ ਰਜਪੂਤਾਂ ਵਿਚੋਂ ਹੈ ਔਰੰਗਜ਼ੇਬ ਨੇ ਦੇਸ ਦਾ ਦੇਸ ਏਨਾਂ ਦਾ ਮੁਸਲਮਾਨ ਕਰ ਛੱਡਿਆ, ਏਹ ਗਊਆਂ ਬਹੁਤ ਰੱਖਦੇ ਹਨ।। [2] ਨੀਹਪਾਲ ਭੱਟੀ ਰਾਜਪੂਤਾਂ ਵਿਚੋਂ ਹਨ ਏਹ ਦੋਨੋ ਕੌਮਾਂ ਚੋਰੀ ਬਹੁਤ ਕਰਦੀਆਂ ਹਨ।।

Digitized by Panjab Digital Library | www.panjabdigilib.org

੧੨ ਬਜੇ ਮੰਗਣਾ ਲਹੌਰ ਦਾ ਪਰ ਟੁੱਟੇ ਤੇ ਜਾਂਦੇ ਰਹੇ। — ਏਸੇ ਸਾਲ ਕੋਟ ਈਸੇ ਖਾਂ ਦੇ ਰਈਸ ਕਾਦਰ ਬਖਸ਼ ਨੂੰ ਬਜੰਗ ਫਤੇ ਕਰ ਕੇ ਉਸ ਦਾ ਇਲਾਕਾ ਬੀ ਬਹੁਤ ਸਾਰਾ ਦਬਾ ਕਰ ਜ਼ਿਲੇ ਅੰਬਾਲੇ ਦਾ ਦੌਰਾ ਕੀਤਾ, ਨਾਰੈਣਗੜ੍ਹ ਤੇ ਪ੍ਰਗਣਾ ਭੜੌਗ ਫਤੇ ਕਰ ਕੇ ਭੜੌਗ ਪ੍ਰਗਣਾ ਆਪਣੇ ਜੇਠੀ ਮੁਰਾਰ ਸਿੰਘ ਨੂੰ ਦੇ ਦਿੱਤਾ — ਸੰ: ੧੮੧੮ ਮੇਂ ਕਪੂਰਥਲੇ ਵਾਲੇ ਰਾਇ ਇਬਰਾਹੀਮ ਤੇ ਨਜ਼ਰਾਨਾ ਲੈ ਕੇ ਨਕਈ ਸਰਦਾਰਾਂ ਨਾਲ ਮਿਲ ਕਰ ਇਲਾਕੇ ਝੰਗ ਸਿਆਲਾਂ ਵਿੱਚ ਜਾ ਘੋੜਾ ਫੇਰਿਆ। ਪਰ ਓਥੋਂ ਦੇ ਰਈਸ ਇਨਾਇਤੁੱਲਾ ਖਾਂ ਸਿਆਲ ਦਾ ਜ਼ੋਰ ਵਿੱਚੇ ਛੱਡ ਕੇ ਮੁੜ ਆਏ, ਕਿਉਂਕਿ ਏਥੇ ਦੁਰਾਨੀਆਂ ਨੇ ਅੰਮ੍ਰਿਤਸਰ ਤੀਰਥ ਦੀ ਬੇਅਦਬੀ ਕਰਨੀ ਸ਼ੁਰੂ ਕਰ ਰੱਖੀ ਸੀ, ਸਭ ਖਾਲਸੇ ਨੇ ਕੱਠੇ ਹੋ ਕੇ ਦੁੱਰਾਨੀ ਅੰਮ੍ਰਿਤਸਰੋਂ ਕੱਢੇ, ਲਹੌਰ ਦੇ ਸੂਬੇ ਜਹਾਨ ਖਾਂ ਸਾਬ ਅਟਾਰੀ ਪਾਸ ਬੜਾ ਭਾਰੀ ਜੰਗ ਹੋਇਆ ਜਿਸ ਮੇਂ ਦੋਹਾਂ ਤਰਫਾਂ ਦੇ ਪੰਜ ਸੌ ਆਦਮੀ ਮਾਰੇ ਗਏ, ਪਰ ਫਤੇ ਸਿੰਘਾਂ ਦੀ ਰਹੀ, ਕਹਿਦੇ ਹਨ ਜਿਸ ਮਾਰਕੇ ਵਿੱਚ ਸਰਦਾਰ ਜੱਸਾ ਸਿੰਘ ਹੁੰਦਾ ਓਥੋਂ ਕਦੇ ਹਾਰ ਕੇ ਨਹੀਂ ਆਏ ਸੀ। —

ਏਸੇ ਸਾਲ ਵਿੱਚ ਜਦ ਸਭ ਖਾਲਸੇ ਨੇ ਕੱਠ ਕਰ ਕੇ ਦੁੱਰਾਨੀਆਂ ਨੂੰ ਬੇ ਇੱਜ਼ਤ ਤੇ ਤੰਗ ਕਰ ਪੰਜਾਬ ਵਿੱਚੋਂ ਕੱਢ ਕੇ ਅਟਕ ਤਕ ਸਾਰੀ ਪੰਜਾਬ ਉੱਤੇ ਅਪਣਾ ਅਮਲਾ ਕੀਤਾ ਤਾਂ ਤਦੋਂ ਸਰਦਾਰ ਜੱਸਾ ਸਿੰਘ ਨੇ ਬੀ ਪ੍ਰਗਣੇ ਫਤੇਆਬਾਦ ਕਪੂਰਥਲਾ ਭੁੰਗਾ ਆਦਿਕ ਬਹੁਤ ਮੁਲਕ ਮੱਲ ਕੇ ਆਪਣੇ ਨਾਮ ਦਾ ਸਿੱਕਾ ਜਾਰੀ ਕਰ ਦਿੱਤਾ ਜਿਸ ਪਰ ਏਹ ਬੈਤ ਸੀ (ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ) ਜਦਪਿ ਏਸ ਸਿੱਕੇ ਦੇ ਬਾਬਤ ਤਵਾਰੀਖ ਪੰਜਾਬ ਵਿੱਚ ਗਣੇਸ਼ ਦਾਸ ਨੇ ਲਿਖਿਆ ਹੈ ਕਿ ਕਾਜ਼ੀਆਂ ਮੁੱਲਾਣਿਆਂ ਨੇ ਸਿੰਘਾਂ ਦੇ ਵੈਰੋਂ ਦੁਖੀ ਹੋ ਕਰ ਦਸ ਬੀਸ ਰੁਪਏ ਏਸ ਸਿੱਕੇ ਦੇ ਲਾ ਕਰ ਅਹਿਮਦ ਸ਼ਾਹ ਪਾਸ ਕਾਬਲ ਵਿੱਚ ਏਸ ਲਈ ਭੇਜ ਦਿੱਤੇ ਕਿ ਉਹ ਏਸ ਗੱਲੋਂ ਖਿਜ ਕੇ ਸਿੰਘਾਂ ਨੂੰ ਬਰਬਾਦ ਕਰ ਜਾਵੇ। ਸੋ ਏਹ ਗੱਲ ਗਣੇਸ਼ ਦਾਸ ਦੀ ਸਾਨੂੰ ਪਾਵੀ ਮਾਰਜੇਹੀ ਦਿਸਦੀ ਹੈ। ਕਿਉਂਕਿ ਪਹਿਲੇ ਅਹਿਮਦ ਸ਼ਾਹ ਦੁੱਰਾਨੀ ਗਿਆਰਾਂ ਵਾਰੀ ਸਿੰਘਾਂ ਨੂੰ ਮਾਰਨ ਲਈ ਦੋ ਦੋ ਲਾਖ ਗਿਲਜੇ ਲੈ ਕੇ ਆਉਂਦਾ ਰਹਾ, ਨਾਲੇ ਓਦੋਂ ਸਿੰਘਾਂ ਵਿੱਚ ਏਤਨਾਂ ਜ਼ੋਰ ਬੀ ਨਹੀਂ ਸੀ ਫੇਰ ਬੀ ਸਿੰਘ ਉਸ ਨੂੰ ਹੈਰਾਨ ਕਰ ਕਰ ਕੇ ਪੰਜਾਬ ਵਿੱਚੋਂ ਕੱਢਦੇ ਰਹੇ। ਹੁਣ ਉਸ ਵਿੱਚ ਐਡਾ ਵਡਾ

ਜ਼ੋਰ ਕਿੱਥੋਂ ਆ ਗਿਆ ਸੀ ਜੋ ਉਹ ਏਸ ਸਿੱਕੇ ਬਦਲੇ ਕਚੀਚੀ ਖਾ ਕੇ ਸਿੰਘਾਂ ਨੂੰ ਨੇਸਤ ਕਰ ਜਾਂਦਾ, ਤਾਂ ਤੇ ਮਲੂਮ ਹੁੰਦਾ ਹੈ ਜੈਸੇ ਮਖਜ਼ਨ ਪੰਜਾਬ, ਗੁਲਸ਼ਨ ਪੰਜਾਬ, ਰੋਸ਼ਨਿ ਪੰਜਾਬ, ਸਿੱਖਾਂ ਦੀ ਵਿਥਿਆ ਵਗੈਰਹ ਕਤਾਬਾਂ ਦੇ ਕਰਤਾ ਪੰਡਿਤ ਭਾਨੂੰ ਦੱਤ ਜੇਹੇ ਲੋਗਾਂ ਨੇ ਅਨੇਕ ਵਾਰ ਸਿੰਘਾਂ ਦੇ ਬਿਰਤਾਂਤ ਬਿਨਾਂ ਜਾਣੇ ਬੁੱਝੇ ਜਿੱਦ ਨਾਲ ਉਲਟੇ ਪੁਲਟੇ ਲਿਖ ਰੱਖੇ ਹਨ ਤੈਸੇ ਗਣੇਸ਼ ਦਾਸ ਅੱਖੀਂ ਮੀ-

ਕੇ ਲਿਖ ਗਿਆ ਸੱਚ ਤਾਂ ਏਹ ਹੈ ਕਿ ਸਰਦਾਰ ਜੱਸਾ ਸਿੰਘ ਨੇ ਆਪਣਾ ਸਿੱਕਾ ਚਲਾਇਆ ਸੀ। ੧੩
ਸੰ: ੧੮੧੯ ਦੇ ਬਿ: ਕੋ ਅਹਿਮਦ ਸ਼ਾਹ ਨੇ ਅੱਠਵੀਂ ਵਾਰੀ ਮਾਲਵੇ ਵਿੱਚ ਆਕੇ ਰਾਇਪੁਰ ਗੁੱਜਰਵਾਲ
ਪਾਸ ਸਿੰਘਾਂ ਨੂੰ ਬੜੀ ਭਾਰੀ ਸ਼ਿਕਸਤ ਦਿੱਤੀ ਤੇ ਦੋ ਚੌਕ ਪੰਦਰਾਂ ਹਜ਼ਾਰ ਸਿੰਘ ਮਾਰਿਆ ਗਿਆ ਜੀ ਤਾਂ
ਹੀ ਏਸ ਜੰਗ ਨੂੰ ਸਿੰਘ ਘੱਲੂਘਾਰਾ ਆਖਦੇ ਹਨ। ਓਦੋਂ ਜੰਗ ਦੇ ਸਮੇਂ ਬੀ ਕਈ ਵਾਰੀ ਦੁੱਰਾਨੀਆਂ
ਦਾ ਮੂੰਹ ਜੱਸਾ ਸਿੰਘ ਨੇ ਮੋੜਿਆ, ਤੇ ਦੋ ਵਾਰੀ ਵੈਰੀਆਂ ਦੇ ਦਲ ਨੂੰ ਚੀਰ ਫਾੜਕੇ ਖਾਸ ਅਹਿਮਦ ਸ਼ਾਹ
ਪਾਸ ਪਹੁੰਚਕੇ ਸ਼ਾਹ ਨੂੰ ਲਲਕਾਰਿਆ ਕਿ ਜੇ ਕਰ ਤੂੰ ਮਰਦ ਹੈਂ ਤਾਂ ਦੋ ਹੱਥ ਦੇਖ ਦਿਖਾਉ। ਪਰ ਉਹ ਏਸ
ਦੀ ਨਿਰਭੈ ਸੂਰਬੀਰਤਾ ਦੀ ਭਰੀ ਹੋਈ ਬਾਣੀ ਸੁਣਕੇ ਤੇ ਬਹਾਦਰੀ ਸਜਾਵਟ ਦੇਖਕੇ ਟਾਲ ਕਰ ਗਿਆ
ਸਾਮ੍ਹਣੇ ਨਾ ਹੋਯਾ; ਸੱਚ ਹੈ ਮਰਨ ਵਾਲੇ ਦੇ ਸਾਮ੍ਹਣੇ ਮਰਨ ਵਾਲਾ ਹੀ ਬ੍ਰਾਬਰ ਹੋਂਦੇ ਦੂਜਾ ਨਹੀਂ ਹੁੰਦਾ—ਜ
ਦ ਇਕ ਪਾਣੀ ਦੀ ਢਾਬ ਉਤੇ ਜੱਸਾ ਸਿੰਘ ਨੇ ਕਿਸੇ ਮੁਸਲਮਾਨ ਨੂੰ ਪਾਣੀ ਨ ਪੀਣ ਦਿੱਤਾ ਹੋਰ ਕਿਧਰੇ
ਪਾਣੀ ਨਹੀਂ ਸੀ ਦੁੱਰਾਨੀ ਤਿਹਾਏ ਮਰਦੇ ਪਿੱਛੇ ਨਟ ਗਏ, ਜੱਸਾ ਸਿੰਘ ਸਿੰਘਾਂ ਨੂੰ ਸੰਭਾਲਕੇ ਮਾਲਵੇ
ਦੇਸ ਜਾ ਵੜਿਆ, ਰਾਜਾ ਆਲਾ ਸਿੰਘ ਹਮੀਰ ਸਿੰਘ, ਗਜਪਤ ਸਿੰਘ ਆਦਿਕ ਮਾਲਵਈ
ਸਿੰਘਾਂ ਨੇ ਮਝੈਲ ਸਿੰਘਾਂ ਦੇ ਜਖਮ ਸਿੰਵਾਏ, ਟਹਿਲ ਕੀਤੀ, ਗੁਰਭਾਈ ਜਾਣਕੇ।— ਏਸੇ
ਤਰਾਂ ਜਦ ੨ ਮਝੈਲ ਸਿੰਘਾਂ ਨੂੰ ਐਸਾ ਹੀ ਕੋਈ ਵਕਤ ਆਉਂਦਾ ਸੀ ਤਾਂ ਮਾਲਵੇ ਦੇਸ ਜਾਕੇ ਵਕ
ਤ ਗੁਜਾਰਦੇ ਸੇ, ਕਿਉਂਕਿ ਮਾਲਵੇ ਵਿੱਚ ਪਾਣੀ ਦੀ ਤੰਗੀ ਦੇ ਸਬਬ ਬਾਦਸ਼ਾਹੀ ਲਸ਼ਕਰ ਘੱਟ ਜਾ
ਦਾ ਸੀ, ਉਸ ਦੇਸ਼ ਵਿੱਚ ਟੋਭਿਆਂ ਦਾ ਪਾਣੀ ਤੇ ਮੋਠ, ਬਾਜਰੀ, ਜੌਂ, ਚਣੇ, ਖਾਣ ਨੂੰ ਮਿਲਦੇ ਸੇ ਭੀ ਘੱਟ
ਮਿਲਦੇ। ਏਹੋ ਜੇਹੇ ਅੰਨਜਲ ਨਾਲ ਸਿੰਘ ਤਾਂ ਗੁਜਾਰਾ ਚੰਗਾ ਕਰਦੇ, ਮੁਸਲਮਾਨਾਂ ਨੂੰ ਮੁਸ਼ਕਲ
ਸੀ, ਉਸ ਸਮੇਂ ਮਾਲਵੇ ਦੇਸ ਵਿਚ ਕੂਆ ਕਿਸੇ ਕਿਸੇ ਪਿੰਡ ਸੀ ਸੋ ਬੀ ਖਾਰਾ, ਮੋਠ, ਬਾਜਰੀ, ਚਣੇ ਤੋਂ
ਸਿਵਾਇ ਹੋਰ ਕੁਛ ਪੈਦਾ ਨਹੀਂ ਹੁੰਦਾ ਸੀ, ਦੁੱਧ ਘੀ ਬਹੁਤ ਹੁੰਦਾ, ਜੋ ਸਿੰਘ ਸਿੰਘਾਂ ਨੂੰ ਛਕਾ ਛਡਦੇ—
ਸੰ: ੧੮੨੦ ਬਿ: ਕੋ ਸ਼ਾਹ ਦੁੱਰਾਨੀ ਦੇ ਗਏ ਪਿੱਛੋਂ ਸਿੰਘਾਂ ਨੇ ਫੇਰ ਤਕੜੇ ਹੋਕਰ ਜੈਨਖਾਂ ਸੂਬੇ ਸਰਹੰਦ ਨੂੰ
ਮਾਰਕੇ ਸ਼ਹਿਰ ਨੂੰ ਲੁੱਟ ਪੁੱਟਕੇ ਐਸਾ ਉਜਾੜਿਆ ਤੇ ਢਾਹਿਆ ਜਿਸਦੇ ਅੱਜ ਤਕ ਥੇਹ ਲੋਕ ਪਏ ਦੇਖੀ
ਦੇ ਹਨ। ਬਵੰਜਾ ਲਾਖ ਰੁਪਏ ਦੀ ਬਾਉਨੀ ਸਰਹੰਦ ਦਾ ਇਲਾਕਾ ਸਭ ਖਾਲਸੇ ਨੇ ਕਾਠੀ ਬਾਂਟ ਕਰਕੇ
ਮੱਲ ਲੀਤਾ ੨੪ ਪਿੰਡ ਇਲਾਕੇ ਸਨੌਰ ਦੇ ਸਰਦਾਰ ਜੱਸਾ ਸਿੰਘ ਨੇ ਆਪਣੇ ਕਬਜੇ ਕਰ ਲੀਤੇ।
ਜਿਨਾਂ ਵਿੱਚੋਂ ੧੨ ਪਿੰਡ ਬੜਾਲੀਏ ਸਿੰਘਾਂ ਨੂੰ ਤੇ ਚਾਰ ਪਿੰਡ ਭੁੜਕੀ ਵਾਲਿਆਂ ਨੂੰ ਅੱਠ ਪਿੰਡ ਆਪਣੇ ਦ
ਸਤੇ ਜੋੜੇ ਰੱਖੇ ਸੇ, ਜਦ ਸਰਦਾਰ ਜੱਸਾ ਸਿੰਘ ਕਪੂਰ ਥਲੇ ਦਿਨੀ ਆਯਾ ਤਾਂ ਮਾਨਾ ਸਿੰਘ ਨੇ ਦ
ਬਾਣੀਏ ਜੱਸਾ ਸਿੰਘ ਨੇ ਬੀ ਉਸ ਨੂੰ ਆਪਣਾ ਚੇਲਾ ਸਮਝਕੇ ਕੁਛ ਨਾ ਆਖਿਆ।—

ਅਹਿਮਦ ਸ਼ਾਹ ਦੇ ਜਾ ਅਤੇ ਜੱਸਾ ਸਿੰਘ ਦੀ ਬਹਾਦਰੀ

Digitized by Panjab Digital Library | www.panjabdigilib.org

੧੪ ਓਨ੍ਹਾਂ ਕਿ ਸੰ: ੧੮੫੨ ਬਿ: ਕੋ ਮਹਾਰਾਜੇ ਰਣਜੀਤ ਸਿੰਘ ਦੇ ਜ਼ੋਰ ਨਾਲ ਸਰਦਾਰ ਫਤੇ ਸਿੰਘ ਨੇ
ਲੈਂਤ ਲੈਕੇ ਅਪਣਾ ਸੰ: ੧੯੦੩ ਬਿ: ਦੇ ਜੰਗ ਸਮੇਂ ਫਿਰ ਏਸ ਰਿਆਸਤ ਦੇ ਕਬਜ਼ੇ ਵਿੱਚੋਂ ਪ੍ਰਗਣੇ ਜਗਰਾਂ
ਵਾਂ, ਈਸੜੂ ਸਮੇਤ ਜਾਂਦੇ ਰਹੇ। ਸੰ: ੧੮੨੧ ਬਿ: ਕੋ ਜੱਸਾ ਸਿੰਘ ਨੇ ਖਾਲਸੇ ਨੂੰ ਨਾਲ ਜਾ ਕੇ ਸਹਾਰਨਪੁਰ
ਪੁਰਬ ਦੇਸ਼ ਸਫਰ ਪਠਾਣਾਂ ਤੋਂ ਛੁਡਾ ਕਰ ਸਨੂੰ ਸਿੰਘ ਭੰਗੀ ਨੂੰ ਦਿੱਤਾ। ਲੱਛੌਰੇ ਵਾਲੇ ਰਾਇ ਮੱਲ ਗੁੱਜਰ ਤੋਂ ਬੀਸ ਹਜ਼ਾ
ਰ ਰੁਪਿਆ ਨਜ਼ਰਾਨਾ ਲੀਆ, ਤੇ ਮੀਰਾਂਪੁਰ, ਦੇਵਬੰਦ, ਮੁਜ਼ੱਫਰ ਨਗਰ ਨੂੰ ਲੁੱਟ ਖਸੋਟ ਗੰਗਾ ਪਾਰ ਜਾ
ਫਿਰ ਹੋ ਨਜੀਬਾਬਾਦ, ਨਗੀਨਾ, ਚੰਦੌਸੀ, ਅਨੂਪ ਸ਼ਹਿਰ ਗੜ੍ਹ ਮੁਕਤੇਸਰ ਆਦਿਕ ਅਨੇਕ ਸ਼ਹਿਰਾਂ ਨੂੰ
ਰੱਬ ਮਾਰ ਮਾਰ ਕਰ ਏਕ ਸਿੰਘ ਅਪਣੀ ੨ ਖੁਰਜੀ ਦੌਲਤ ਨਾਲ ਭਰ ਕੇ ਪੰਜਾਬ ਵਿੱਚ ਆ ਬੜ੍ਹਾ
ਏ ਜੇਸ ਸਾਲ ਜਲੰਧਰ ਦੇ ਹਾਕਮ ਸਾਦਤ ਅਲੀ ਖਾਂ ਨੂੰ ਕਤਲ ਕਰ ਸਭ ਇਲਾਕਾ ਉਸ ਦਾ ਛੀਨ ਕੇ ਕੁਛ
ਆਪ ਰੱਖਿਆ ਬਹੁਤ ਸਰਦਾਰ ਖੁਸ਼ਹਾਲ ਸਿੰਘ ਨੂੰ ਦੇ ਦਿੱਤਾ, ਫਿਰ ਸਰਦਾਰ ਜੱਸਾ ਸਿੰਘ ਨੇ ਉਪਰਾਲ
ਅੰਮ੍ਰਿਤਸਰ ਦੀ ਟਹਿਲ ਕਰ ਕਰਾ ਕੇ ਅੰਮ੍ਰਿਤਸਰ ਦੀ ਮਿੱਟੀ ਕਢਵਾਈ ਜੋ ਦੁੱਰਾਨੀ ਭਰ ਗਏ ਸੇ — ਔਰ ਹਰਿਮੰਦਰ ਜੀ ਦੀ ਨੀਉਂ ਰੱ
ਖੀ ਜੋ ਸ਼ਾਹ ਅਬਦਾਲੀ ਢਾਹ ਗਿਆ ਸੀ, ਉਸੇ ਥਾਂ ਇਕ ਕਟੜਾ ਅਪਣੇ ਨਾਮ ਦਾ ਬਸਾ ਕੇ ਬਹੁਤ ਸੀ
ਰਾਬ ਜ਼ਾਰ ਬਣਵਾਯਾ ਜੋ ਆਹਲੂਵਾਲੀਆਂ ਦਾ ਕਟੜਾ ਅਬ ਤਕ ਉਘਾ ਹੈ। — ਹੁਣ ਜਦ
ਦਰਯਾ ਜਮਨਾਂ ਤੇ ਅਟਕ ਦੇ ਅੰਦਰ ੨ ਸਾਰੇ ਮੁਲਕ ਵਿੱਚ ਸਿੰਘਾਂ ਦਾ ਤਹਿਤ ਹੋ ਗਿਆ ਤਾਂ ਜ਼ਿਲੇ ਹੁ
ਸ਼ਿਆਰਪੁਰ ਦੇ ਕੌਮ ਚੱਠੇ ਆਦਿਕ ਮੁਸਲਮਾਨਾਂ ਨੇ ਕਾਠਗੜ੍ਹ ਤੇ ਮਸਤਗੜ੍ਹ ਦੇ ਆਸ ਪਾਸ ਜ਼ਬ
ਰਦਸਤ ਪਕਈ ਲੜਾਈਆਂ ਕੀਤੀਆਂ ਪਰ ਅੰਤ ਨੂੰ ਹਾਰ ਕੇ ਨੱਠ ਗਏ ਤੇ ਉਨ੍ਹਾਂ ਦੇ ਪਿੰਡ ਲੁੱਟੇ ਗਏ ਹਾਰ ਕੇ
ਸਭ ਨੇ ਤਾਬੇਦਾਰੀ ਮੰਨ ਲਈ, ਏਸੇ ਸਾਲ ਵਿਚ ਰਾਜਾ ਘਮੰਡ ਚੰਦ ਕਾਂਗੜੇ ਵਾਲੇ ਕਟੋਚ ਨੂੰ ਭੀ ਜੰ
ਗ ਵਿੱਚ ਫਤੇ ਕਰਕੇ ਸਰਦਾਰ ਜੱਸਾ ਸਿੰਘ ਨੇ ਉਸ ਤੋਂ ਨਜ਼ਰਾਨਾ ਲੀਤਾ —
ਸੰ: ੧੮੨੨ ਬਿ: ਕੋ ਜਦ ਰਾਜਾ ਜਵਾਹਰ ਮੱਲ ਭਰਤ ਪੁਰੀਆ ਨਜੀਬ ਖਾਂ ਵਜ਼ੀਰ ਦਿੱਲੀ ਵਾਲੇ
ਸਾਥ ਦਿੱਲੀ ਦੇ ਬਾਹਰ ਲੜ ਰਿਹਾ ਸੀ ਉਸ ਨੇ ਅਪਣੀ ਕੁਮਕ ਵਾਸਤੇ ਸਰਦਾਰ ਜੱਸਾ ਸਿੰਘ
ਨੂੰ ਤਿੰਨ ਲਾਖ ਰੁਪਿਆ ਦੇਣਾ ਕਰਕੇ ਬੁਲਾ ਭੇਜਿਆ ਕਿਉਂਕਿ ਇਕ ਤਾਂ ਉਦੋਂ ਨਵਾਬ ਕਪੂਰ ਸਿੰਘ ਦੀ
ਜਗਾਂ ਸਾਰੇ ਪੰਥ ਦੀ ਜਥੇਦਾਰੀ ਏਸੇ ਜੱਸਾ ਸਿੰਘ ਨੂੰ ਮਿਲੀ ਹੋਈ ਸੀ, ਦੂਜੇ ਸਭ ਸਿੰਘ ਏਸ ਨੂੰ
ਬਾਦਸ਼ਾਹ ਆਖਿਆ ਕਰਦੇ ਸੇ। ਏਸ ਕਰਕੇ ਉਸ ਨੇ ਏਸ ਪਾਸ ਆਪਣੇ ਮਤਬਰ ਭੇਜੇ ਏਹ ਸਭ
ਸਿੱਖਾਂ ਸਰਦਾਰਾਂ ਨੂੰ ਸਾਥ ਲੈਕੇ ਤੀਸ ਹਜ਼ਾਰ ਦੀ ਭੀੜ ਭਾੜ ਨਾਲ ਚੜ੍ਹ ਬੈਠ, ਜਦ ਏਹ ਬੇਈਨਾਂ
ਸਿੰਘਾਂ ਦਾ ਲਸ਼ਕਰ ਲੁੱਟ ਮਾਰ ਕਰਦਾ ਹੋਇਆ ਦਿੱਲੀ ਗਿਆ ਤਾਂ ਰਾਜੇ ਭਰਤਪੁਰੀਏ ਨੂੰ ਜਿਤਨੀ
ਖੁਸ਼ੀ ਹੋਈ ਮੁਸਲਮਾਨਾਂ ਨੂੰ ਉਤਨੂੰ ਦਸ ਗੁਣਾਂ ਸੋਕ ਸੰਸਾ ਪੈ ਗਿਆ, ਸਿੰਘਾਂ ਦੀ ਅਵਾਈ ਸੁਣ ਕੇ ਪ

Digitized by Panjab Digital Library | www.panjabdigilib.org

ਨਿਲੇ ਹੀ ਵਜੀਰ ਨਜੀਬਖਾਂ ਨੇ ਤਿੰਨ ਕਰੋੜ ਰੁਪਯਾ ਦੇਣਾ ਕਰਕੇ ਅਪਣੀ ਗੋਸ਼ਕ ਪਾਰ ਲਾ ਅਹਿਮਦਸ
ਹ ਨੂੰ ਕਾਬੁਲੋਂ ਤੇ ਬੁਲਾ ਭੇਜਿਆ ਸੀ ਸੋ ਅਜੇ ਅਟਕ ਨਹੀਂ ਉਤਰਿਆ ਸੀ ਏਧਰ ਸਿੰਘਾਂ ਨੇ ਓਥੇ ਪਹੁੰਚਕੇ
ਰਾਜੇ ਭਰਤਪੁਰੀਏ ਤੋਂ ਮਨ ਭਾਉਂਦਾ ਦਾਰੂ ਸਿੱਕਾ ਲੈਕੇ ਜਦ ਦਿੱਲੀ ਉੱਤੇ ਹੱਲਾ ਕਰਨ ਦੀ ਆਰਮਆਰਾ
ਜਾਤੇ ਚਾਹੀ ਤਾਂ ਵਜੀਰ ਨੂੰ ਫਿਕਰ ਪਿਆ ਉਸ ਨੇ ਸੋਚਿਆ, ਖੁਦਾ ਨੇੜੇ ਹੈ ਕਿ ਘਸੁੰਨ ਬਾਦਸ਼ਾਹ ਤਾਂ ਖਬ
ਰ ਨਹੀਂ ਕਦ ਪਹੁੰਚੇਗਾ; ਏਹ ਤਾਂ ਹੱਲਾ ਕਰਕੇ ਹੁਣੇ ਸਾਡੀਆਂ ਬੋਟੀਆਂ ਪਾ ਲੈਣ ਲੱਗੇ ਹਨ। ਵਜੀਰ ਨੇ ਡਰ
ਦੇ ਮਾਰੇ ਉਸੇ ਵਕਤ ਰਾਜੇ ਪਾਸ ਸੁਲਾ ਦਾ ਸੁਨੇਹਾ ਭੇਜ ਦਿੱਤਾ ਉਨਾਂ ਦੀ ਸੁਲਾ ਸਫਾਈ ਹੋਣੇ ਪਰ ਸਰ
ਦਾਰ ਜੱਸਾ ਸਿੰਘ ਨੇ ਇਕਰਾਰ ਦਾ ਤਿੰਨ ਲੱਖ ਰੁਪਯਾ ਰਾਜੇ ਤੋਂ ਲੈਕੇ ਹੋਰ ਸਭੀ ਸਿੰਘਾਂ ਨੂੰ ਵੰਡ ਕਰ
ਅੱਗੇ ਨੂੰ ਬਾਗ ਚੁੱਕ ਲਈ, ਗਾਜੀਆਬਾਦ, ਕੋਇਲ, ਬਰੇਲੀ, ਮੁਰਾਦਾਬਾਦ ਆਦਿਕ ਅਨੇਕ ਸ਼ਹਿਰ
ਕਸਬੇ ਲੁੱਟ ਕੇ ਔਰ ਉਧਰ ਦੇ ਰਈਸਾਂ ਤੇ ਨਜਰਾਨੇ ਲੈ ਰਹੇ ਸੇ ਏਤਨੇ ਖਬਰ ਲੱਗੀ ਕਿ ਅਹਿਮਦਸ
ਾਹ ਦੇ ਲਸਕਰ ਵਿੱਚ ਸਾਹਬਾਦ ਦੇ ਮੁਕਾਮ ਪਹੁੰਚਕੇ ਹੈਜੇ ਦੀ ਐਸੀ ਭਾਰੀ ਬੀਮਾਰੀ ਪੈ ਰਹੀ ਹੈ ਕਿ
ਦੋ ਦੋ ਸੌ ਆਦਮੀ ਰੋਜ ਮਰਦਾ ਹੈ। ਗੱਲ ਬੀ ਸੱਚੀ ਸੀ, ਹੁਣ ਬਾਦਸ਼ਾਹ ਨੇ ਬੀ ਫੌਜ ਦੀ ਦੁਰਦਿਸ਼ਾ
ਦੇਖਕੇ ਪੰਦ੍ਰਾਂ ਦਿਨ ਓਥੇ ਹੀ ਡੇਰਾ ਲਾਈ ਰੱਖਿਆ ਬਲਕਿ ਪਿਛਾਹਾਂ ਮੁੜ ਜਾਣੇ ਦੀ ਠਹਿਰਾਈ - ਨਜੀ ਅਹਿਮਦਸ਼ਾਹ ਦੀ ਪਛਾ ਮੁੜਨੀ
ਬਖਾਂ ਵਜੀਰ ਨੇ ਬੀ ਓਥੇ ਹੀ ਬਾਦਸ਼ਾਹ ਪਾਸ ਪਹੁੰਚਕੇ ਦੋ ਕਰੋੜ ਰੁਪਯਾ ਸਫਰ ਖਰਚ ਬਾਦਸ਼ਾਹ
ਨੂੰ ਦੇਕੇ ਪਿੱਛੇ ਨੂੰ ਮੋੜ ਦਿੱਤਾ ਜਦ ਪਖਾਲਸੇ ਦੀ ਮਰਜੀ ਦੂਰ ਦੂਰ ਤਕ ਪੂਰਬ ਪੱਛਮ ਦੇਸ ਦਾ ਦੌਰਾ
ਕਰਨ ਦੀ ਸੀ, ਪਰ ਜਦ ਦੁੱਰਾਨੀਆਂ ਨੂੰ ਮਰੀ ਪਈ ਦੀ ਖਬਰ ਸਿੰਘਾਂ ਨੇ ਸੁਣੀ ਬਾਗ ਬਾਗ ਹੋ ਗ
ਏ ਹੁਣ ਉਨਾਂ ਤੋਂ ਘੱਲੂਘਾਰੇ ਦਾ ਬਦਲਾ ਲੈਣ ਦਾ ਚੰਗਾ ਮੌਕਾ ਸਮਝਕੇ ਸਰਦਾਰ ਜੱਸਾ ਸਿੰਘ ਸ
ਬ ਸਰਦਾਰਾਂ ਨੂੰ ਲੈਕੇ ਏਧਰ ਮੁੜ ਪਿਆ, ਸਤਲੁਜ ਲਾਂਘੇ ਦੇ ਲਸਕਰ ਦੁੱਰਾਨੀਆਂ ਨੂੰ ਸਿੰਘਾਂ ਨੇ ਆਨ
ਤੇ ਬੁਲਾਈ, ਕੁਛ ਤਾਂ ਉਹ ਪਹਿਲੇ ਬੀਮਾਰੀ ਨੇ ਦਹਿਲਾਕੇ ਢਿੱਲੇ ਕਰ ਰੱਖੇ ਸੇ ਬਾਕੀ ਸਿੰਘਾਂ ਦੇ ਸਭੁ
ਪਤਾ ਉਨਾਂ ਨੂੰ ਪ੍ਰਤੱਖ ਮਲਕੁਲਮੌਤ ਦੇ ਫਰਿਸ਼ਤੇ ਦਿਖੇ ਸਿੰਘ ਬੀ ਓਥੇ ਹੀ ਲੱਕ ਬੰਨਕੇ ਉਨਾਂ ਦਾ ਸਿ
ਲਾ ਚੁਗਣ ਲੱਗ ਪਏ ਓੜਕ ਜਿਲੇ ਜਲੰਧਰ ਮੌਜੇ ਨੂਰਮਹਿਲ ਪਾਸ ਪੈਂਤੀ ਚਾਲੀ ਹਜਾਰ ਸਿੰਘ।
ਹੱਲਾ ਕਰਕੇ ਸਾਹ ਦੀ ਫੌਜ ਉੱਤੇ ਜਾ ਪਿਆ, ਬਹੁਤ ਕੱਟਾ ਵੱਢ ਕੀਤੀ। ਖਜਾਨਾ ਮੇਖਜੀਨ ਲੁਟਲੀ
ਤਾ। ਫੇਰ ਤਾਂ ਅੱਗੇ 2 ਬਾਦਸ਼ਾਹ ਪਿੱਛੇ 2 ਸਿੰਘ, ਜੰਡਿਆਲੇ, ਮੰਜੀਠੇ, ਬਟਾਲੇ, ਡੱਲੇ ਦੇ ਪੱਤਣ ਪਰ
ਅਨੇਕ ਵਾਰੀ ਸਿੰਘ ਉਨਾਂ ਦੇ ਗਲ ਪਏ, ਪਰ ਬਾਦਸ਼ਾਹ ਪਿੱਛਾ ਛੁਡਾਉਂਦਾ ਹੀ ਚਲਾ ਗਿਆ, ਜੇਹ
ਲਮ ਪਾਰ ਕਰਕੇ ਸਿੰਘਾਂ ਨੇ ਮੁੜ ਉਸੇ ਤਰਾਂ ਅਪਣਾ 2 ਇਲਾਕਾ ਸਾਂਭ ਲਿਆ —

ਸੰ: ੧੮੨੨ ਬਿ: ਕੋ ਰਾਜਾ ਆਲਾ ਸਿੰਘ ਦੇ ਗੁਜਰ ਜਾਣੇ ਤੋਂ ਮਹਾਰਾਜੇ ਅਮਰ ਸਿੰਘ ਨੂੰ ਗੱਦੀ ਨਸੀਨੀ ਅਮਰਸਿੰਘ ਪਟਿਆਲੇ ਦਾ ਰਾਜਾ।

Digitized by Panjab Digital Library | www.panjabdigilib.org

੧੬ ਦਾ ਖਿਲਤ ਜੱਸਾ ਸਿੰਘ ਨੇ ਪਟਿਆਲੇ ਜਾ ਕਰ ਦਿੱਤ, ਕਿਉਂਕਿ ਏਹ ਰਾਜੇ ਆਲਾ ਸਿੰਘ ਦਾ ਗੁਰੂ ਸੀ
ਓਸੇ ਖਿਲਤ ਬਦਲੇ ਮਹਾਂਰਾਜੇ ਨੇ ਸਰਦਾਰ ਸਾਹਿਬ ਨੂੰ ਈਸੜੂ ਦਾ ਪ੍ਰਗਣਾ ਨਜਰ ਕੀਤਾ ਜੋ ਸੰ:
੧੯੦੪ ਤਕ ਰਿਆਸਤ ਕਪੂਰਥਲੇ ਦੇ ਕਬਜੇ ਮੇਂ ਰਹਾ —
ਸੰ: ੧੮੨੩ ਬਿ: ਕੋ ਨਵਾਬ ਕਪੂਰ ਸਿੰਘ ਨੇ ਅਪਣੇ ਅੰਤ ਸਮੇਂ ਸ੍ਰੀ ਅੰਮ੍ਰਿਤਸਰ ਦੁਸੈਹਰੇ ਦੇ ਮੌਕੇ ਪਰ ਸ
ਬ ਪੰਥ ਖਾਲਸੇ ਨੂੰ ਬੁਲਾ ਕੇ ਅਪਣੀ ਜਗਾ ਜਥੇਦਾਰੀ ਪੰਥ ਖਾਲਸੇ ਦੀ ਦਸਤਾਰ ਜੱਸਾ ਸਿੰਘ
ਨੂੰ ਦੇ ਦਿਣ ਕਰ ਪ੍ਰੋਲਕਬਾ ਨੂੰ ਕੀਤ, ਤਬ ਸੇਂ ਸਰਦਾਰ ਜੱਸਾ ਸਿੰਘ ਦੀ ਇੱਜਤ ਅਦਬ ਬਜੁਰਗੀ ਖਾਲ
ਸੇ ਵਿੱਚ ਹੋਰ ਭੀ ਅਧਿਕ ਹੋ ਗਈ — ਸੰ: ੧੮੨੪ ਬਿ: ਕੋ ਜੱਲਾਬਾਦ ਲੁਹਾਰੀ ਦੇ ਬ੍ਰਾਹ
ਮਣਾਂ ਨੇ ਤੁਰਕਾਂ ਦੇ ਸਤਾਏ ਹੋਏ ਸ੍ਰੀ ਅੰਮ੍ਰਿਤਸਰ ਦੀਪਮਾਲਾ ਦੇ ਸਮੇ ਖਾਲਸੇ ਦੇ ਦੀਵਾਨ ਵਿੱਚ ਆ ਕਰ ਜੱ
ਸਾ ਸਿੰਘ ਅੱਗੇ ਫਰਿਆਦ ਕੀਤੀ ਕੇ ਸੱਯਦ ਮਜੀਦ ਖਾਂ ਤੇ ਹਸਨ ਖਾਂ ਆਦਿਕ ਸਾਡੇ ਹਾਕਮਾਂ ਨੇ
ਅੰਧੀ ਸਿਰ ਮਚੀ ਹੋਈ ਰੱਖੀ ਹੈ ਕਿ ਸਾਡੀ ਬਹੂ ਬੇਟੀ ਨੂੰ ਘਰ ਨਹੀਂ ਰਹਿਣ ਦਿੰਦੇ ਸੱਲੋਂ ਸੱਛੀ
ਫੜ ਮੰਗਾਉਂਦੇ ਹਨ ਹੁਣ ਸਾਡੀਆਂ ਧੀਆਂ ਓਨਾਂ ਦੇ ਘਰ ਹਨ ਅਸੀ ਸਭ ਰਾਜਪੂਤਾਂ ਰਾਜਿਆਂ
ਦੇ ਫਿਰ ਆਏ ਹਾਂ ਕਿਸੇ ਨੇ ਸਾਡੀ ਫਰਿਆਦ ਨਹੀ ਸੁਣੀ, ਤੁਸਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ
ਹਿੰਦੂ ਧਰਮ ਦੀ ਤੇ ਗਊ ਗਰੀਬਾਂ ਦੀ ਰੱਖਿਆ ਵਾਸਤੇ ਤੇ ਤੁਰਕਾਂ ਨੂੰ ਜਬਰ ਕਰਮ ਤਕਾ ਫਲ ਭੁਗਾਉਣ ਲ
ਈ ਰਚਿਆ ਹੈ ਹੁਣ ਅਸੀ ਖਾਲਸੇ ਦੀ ਸਰਣ ਹਾਂ ਸਾਡੀ ਮਦਦ ਕਰੋ। ਏਹ ਬਚਨ ਸੁਣ ਕੇ ਜਦੀਪ
ਸਬ ਸਰਦਾਰਾਂ ਨੂੰ ਜੋਸ਼ ਆਯਾ ਪਰ ਸਭ ਤੋਂ ਪਹਿਲੇ ਸਰਦਾਰ ਜੱਸਾ ਸਿੰਘ ਨੇ ਜੋ ਦੀਵਾਨ ਖਾਲਸੇ ਦ
ਮੁਖੀਆ ਸੀ ਖੜੇ ਹੋ ਅਰਦਾਸ ਕਰਾ ਕਰ ਜੱਲਾਬਾਦ ਲੁਹਾਰੀ ਵੱਲ ਕੂਚ ਕਰ ਦਿੱਤ, ਜੱਲਾਬਾਦ ਪ
ਹੁੰਚ ਕੇ ਮਸਜੀਦ ਮਜੀਦ ਖਾਂ ਤੇ ਹਸਨ ਖਾਂ ਨੂੰ ਪਕੜ ਲੈਆ ਤੇ ਓਨਾਂ ਦੇ ਜੁਲਮਾਂ ਦੀ ਸਜਾ ਦਿੱਤੀ, ਜੀ
ਉਂਦੇ ਅੱਗ ਮੇਂ ਜਲਾਏ, ਸੰਹਿਰ ਤੇ ਘਰ ਉਨਾਂ ਦੇ ਲੁੱਟ ਕੇ ਜਿਸ ਦੀ ਜੋੜੀ ਔਰਤ ਸੀ ਓਸਨੂੰ ਦੇ ਦਿਤ ਕਰ
ਜਾਬਤੇ ਖਾਂ ਮੇਰਠ ਵਾਲੇ ਨੂੰ ਜਾ ਘੇਰਿਆ, ਨਜਰਾਨਾ ਲੈ ਕੇ ਚੰਦੌਸੀ ਤਕ ਪੂਰਬ ਦੇਸ ਦੀ ਕਹੀ ਕਰਦੇ
ਗਏ, ਫਰੁਖਾਬਾਦ ਦੇ ਨਵਾਬ ਤਿੰਨ ਦਿਨ ਲੜੇ, ਜੱਸਾ ਸਿੰਘ ਜੋ ਹੋਰ ਕਈ ਸਰਦਾਰ ਜਖਮੀ ਹੋਏ ਓ
ੜਕ ਓਨਾਂ ਨੇ ਤੀਸ ਹਜਾਰ ਰੁਪਿਆ ਨਜਰਾਨਾ ਜੱਸਾ ਸਿੰਘ ਨੂੰ ਦੇ ਕੇ ਖਹਿੜਾ ਛੁਡਾਯਾ; ਜਦ ਖੁਰਜੇ
ਵੱਲੀ ਢੁਕੇ ਤਾਂ ਸਰਦਾਰ ਜੱਸਾ ਸਿੰਘ ਦੇ ਕਹੇ ਸਬਨਾਂ ਨੇ ਸੌਂਹ ਪਾ ਲਈ ਕਿ ਜੋ ਕੁਛ ਏਥੋਂ ਮਿਲੇਗਾ।
ਓਹ ਸਭ ਸ੍ਰੀ ਅੰਮ੍ਰਿਤਸਰ ਜੀ ਹਰਿਮੰਦਰ ਦੀ ਇਮਾਰਤ ਪਰ ਲਾਵਾਂਗੇ ਸੋ ਚਾਰ ਲਾਖ ਰੁਪਏ ਤਕ ਓ
ਥੇਂ ਦੀ ਲੁੱਟ ਦਾ ਰੁਪਿਆ ਕੱਠਾ ਹੋਯਾ ਜੋ ਗੁਰਦੁਆਰੇ ਪਰ ਲਾਯਾ ਗੈਆ, ਓਥੋਂ ਜਦ ਦਿੱਲੀ ਵੱਲ ਢੁਕੇ ਤਾਂ
ਦਿੱਲੀ ਦੇ ਦਰਬਾਰ ਦੀ ਤਰਫੋਂ ਸਾਹਜਾਦਾ ਮਿਰਜਾ ਸਿਕੋਹ ਨੇ ਕਿਲੇ ਸਾਹਿਤਾਬਪੁਰ ਪਾਸ ਮੁਕਾਬਲਾ

Digitized by Panjab Digital Library | www.panjabdigilib.org

ਤਾਂ ਕੀਤਾ ਪਰ ਨੱਸ ਗਿਆ, ਸਿੰਘ ਉਸ ਕਿਲ੍ਹੇ ਨੂੰ ਫਤੇ ਕਰ ਕੇ ਦਿੱਲੀ ਵਿੱਚ ਆ ਵੜੇ, ਕਿਉਂਕਿ ਉਦੋਂ ਦਿੱਲੀ ਦੀ ਬਾਦਸ਼ਾਹੀ ਜਾਦੂ ਦਾ ਦੀਵਾ ਰੱਸੀ ਦੇ ਸੱਪ ਵਾਂਗੂੰ ਨਿਰੀ ਪੁਰੀ ਖੇਤ ਦਾ ਡਰਨਾ ਹੀ ਬਣ ਰਹੀ ਸੀ, ਸਿੰਘਾਂ ਨੇ ਉਧਰਲਾ ਕਰ ਕੇ ਪਹਿਲੇ ਤਾਂ ਸ਼ਹਿਰ ਦੇ ਬਜ਼ਾਰ ਲੁੱਟੇ, ਫੇਰ ਕਿਲ੍ਹੇ ਵਿੱਚ ਵੜ ਕੇ ਸਰਦਾਰ ਜੱਸਾ ਸਿੰਘ ਆਹਲਵਲੀਏ ਨੂੰ ਤਖਤ ਉੱਤੇ ਬੈਠ ਕੇ ਚੌਰ ਕਰਨ ਲੱਗ ਪਏ, ਨਵਾਬ ਕਪੂਰ ਸਿੰਘ ਦਾ ਬਚਨ ਠੀਕ ਕਰ ਦਿਖਾਯਾ, ਕਿਤਨੇਕ ਸਿੱਖ ਸਰਦਾਰ ਤਾਂ ਏਠੇ ਚਾਹੁੰਦੇ ਸੇ, ਪਰ ਜੱਸਾ ਸਿੰਘ ਰਾਮਗੜ੍ਹੀਏ ਨੇ ਮਤਸਰ ਦੇ ਅਧੀਨ ਹੋ ਕੇ ਕਈ ਸਰਦਾਰਾਂ ਨੂੰ ਆਪਣੇ ਸਾਥ ਮਿਲਾ ਕਰ ਰੌਲਾ ਚੁੱਕ ਪਾਇਆ ਜਿਸ ਤੋਂ ਅੱਕ ਕੇ ਸਬ ਸਿੰਘ ਆਪਸ ਮੇਂ ਬਾਖੋ ਚੌੜ ਹੋ ਪਏ ਤੇ ਤੇਗਾਂ ਖਿੱਚ ਖੜ੍ਹੇ ਤੇ, ਜੱਸਾ ਸਿੰਘ ਨੇ ਆਪਣੇ ਬਦਲੇ ਪੰਥ ਵਿੱਚ ਤਲਵਾਰ ਚਲਣੀ ਚੰਗੀ ਨਾ ਸਮਝ ਕੇ ਉਥੋਂ ਕੂਚ ਕਰ ਦਿੱਤਾ, ਫੇਰ ਤਾਂ ਕਿਲ੍ਹੇ ਵਿੱਚ ਲੁੱਟ ਦਾ ਹੱਥ ਉੱਠ ਪਿਆ, ਜੋ ਕੁਛ ਜਿਸ ਦੇ ਹੱਥ ਆਯਾ ਲੈ ਕੇ ਪੰਜਾਬ ਨੂੰ ਦੌੜ ਆਏ। ——

ਉਸ ਸਮੇਂ ਸਿੰਘਾਂ ਨੂੰ ਐਡੀ ਵਡੀ ਹਿਰਸ ਨ ਤੇ ਦੂਰ ਅੰਦੇਸੀ ਮੁਲਕ ਨੂੰ ਕਬਜ਼ੇ ਕਰਨ ਦੀ ਨਹੀਂ ਸੀ, ਕੇਵਲ ਲੁੱਟ ਮਾਰ ਫਤੇ ਕਰ ਅੱਗੇ ਚਲ ਦੇਣਾ ਆ ਮਤਲਬ ਤੋਂ ਬਿਨਾ ਹੀ ਛੇੜ ਛਾੜ ਜੰਗ ਦੀ ਰੱਖਣੀ, ਏਹੋ ਸ਼ੌਕ ਰਹਿੰਦਾ ਸੀ, ਜੇ ਕਰ ਦੂਰ ਅੰਦੇਸੀ ਜਾ ਇੱਛਿਆ ਮੁਲਕਗੀਰੀ ਦੀ ਹੁੰਦੀ ਤਾਂ ਦਿੱਲੀ ਦਾ ਕਬਜਾ ਬਿਨਾ ਕਿਸੇ ਦੇ ਕੱਢੇ ਕਿਉਂ ਛੱਡ ਆਉਂਦੇ ਉਦੋਂ ਤਾਂ ਏਨਾਂ ਨੂੰ ਕੱਢਣ ਵਾਲਾ ਬੀ ਕੋਈ ਨੇੜੇ ਤੇੜੇ ਨਹੀਂ ਸੀ, ਦਿੱਲੀ ਤੋਂ ਚੱਲ ਕੇ ਜੱਸਾ ਸਿੰਘ ਨੇ ਬਹੁਤ ਸੇ ਖਾਲਸੇ ਸਮੇਤ ਪਹਿਲੇ ਲੂਹਾਰੂ ਵਾਲੇ ਨੂਵਾਬ ਦੇ ਇਲਾਕੇ ਨੂੰ ਹੱਥ ਮਾਰਿਆ ਜਦੋਂ ਉਥੇ ਬੀਸ ਕੁ ਹਜ਼ਾਰ ਰਾਜਪੂਤ ਨੇ ਕੱਠੇ ਹੋ ਕੇ ਮੁਕਾਬਲਾ ਤਾਂ ਕੀਤਾ ਪਰ ਏਹ ਸਾਣ ਚੜ੍ਹੇ ਲੜਕੇ ਸਿੰਘ ਉਨਾਂ ਨੂੰ ਕਦੋਂ ਠਿੱਸ ਲੈਣ ਦਿੰਦੇ ਸੇ ਹਾਰ ਕੇ ਲੂਹਾਰੂ ਵਾਲੇ ਨੇ ਬੀਸ ਕ ਹਜ਼ਾਰ ਰੁਪਯਾ ਨਜ਼ਰਾਨਾ ਜੱਸਾ ਸਿੰਘ ਨੂੰ ਦੇ ਕੇ ਜਾਨ ਬਚਾਈ ਬਲਕੇ ਦੋ ਹਜ਼ਾਰ ਜਵਾਨ ਰਾਜਪੂਤ ਸੂਰਬੀਰ ਉਥੋਂ ਦਾ ਜੱਸਾ ਸਿੰਘ ਦੇ ਸਾਥ ਚਲਾ ਆਯਾ, ਇਲਾਕੇ ਜੈਪੁਰ ਬੀਕਾਨੇਰ ਦੇ ਬਹੁਤ ਜੇ ਸ਼ਹਿਰ ਲੁੱਟਦੇ ਔਰ ਰਈਸਾਂ ਤੋਂ ਨਜ਼ਰਾਨੇ ਲੈਂਦੇ ਹੋਏ ਜਦ ਹਸਾਰ ਦੇ ਪਾਸ ਪਹੁੰਚੇ ਤਾਂ ਉਥੇ ਦੇ ਹਾਕਮ ਇਲਯਾਸ ਬੇਗ ਮੁਗਲ ਨੇ ਤਕੜਾ ਜੰਗ ਕੀਤਾ, ਓੜਕ ਹਾਰਿਆ, ਤੀਸ ਹਜ਼ਾਰ ਰੁਪਯਾ ਦੇ ਕੇ ਖਿਆਲ ਛੁਡਾਯਾ, ਉਥੋਂ ਜਾਮਲੀ ਰੁਹਤਕ ਆਦਿਕ ਸ਼ਹਿਰ ਕਸਬੇ ਲੁੱਟਦੇ ਹੋਏ ਹਰਿਆਣੇ ਦੇਸ ਵਿੱਚ ਦੀ ਸੰ: ੧੮੨੫ ਬਿ: ਕੋ ਅਨੰਦਪੁਰ ਹੋਲੇ ਦਾ ਮੇਲਾ ਜਾ ਕੀਤਾ, ਜੱਸਾ ਸਿੰਘ ਨੇ ਇੱਕ ਲਾਖ ਰੁਪਯਾ ਖਰਚ ਕਰ ਕੇ ਉਥੇ ਬਾਉਲੀ ਬਣਵਾਈ ਸੋਢੀਆਂ ਨੂੰ ਜਗੀਰ ਅਰਦਾਸ ਕਰਾਈ ਜੋ ਅਬ ਤਕ ਕਾਇਮ ਹੈ।

ਸੰ: ੧੮੨੬ ਬਿ: ਮੇਂ ਸਰਦਾਰ ਜੱਸਾ ਸਿੰਘ ਨੇ ਮਹਿਤਾਬਕੋਟ ਨੂੰ ਫਤੇ ਕਰ ਸਤਲੁਜੋਂ ਪਾਰ ਆਪਣੇ ਇਲਾਕੇ ਪੱਖੋ, ਮੁਲਾਂਵਾਲ ਏਈਸੜੂ ਜਗਰਾਂਉ ਆਦਿਕ ਮੇਂ ਜਾ ਕਰ ਜੋ ਲੋਗ ਤਕੇਤ ਲੁਟੇਰੇ ਪ੍ਰਜਾ ਨੂੰ ਬਸਣ ਨਹੀਂ ਦਿੰਦੇ ਸੇ ਸਬ ਨੂੰ ਪਕੜ ੨ ਕਰ ਭਾਰੀ ਸਜਾ ਦਿੱਤੀ, ਅਨੇਕਾਂ ਦੇ ਨੱਕ ਹੱਥ ਪੈਰ ਕੱਟ ਛੱਡੇ ਉਨਾਂ ਦੇ ਸਰਦ

Digitized by Panjab Digital Library | www.panjabdigilib.org

੧੮ ਰਜੋਰਖਾਂ ਨੂੰ ਫਤਿਆਬਾਦ ਦੇ ਜੇਲਖਾਨੇ ਵਿੱਚ ਪਾਯਾ। ।।ਸੰ:੧੮੨੮ ਮੇਂ ਬੇਰੋਵਾਲ ਦੇ ਪਠਾਣ ਤੇ ਰਾਜਪੂਤ ਜੋ ਕਸੂਰ ਵਾਲੇ ਪਠਾਣਾਂ ਦੀ ਚੁੱਕ ਨਾਲ ਗਮਾਸ ਕਿੱਲਤ ਰੱਖਦੇ ਸੇ ਭਿੜਕੇ ਅਜੇ ਜਿੱਤੇ ਕੀਤੇ ਉੱਠਕੇ ਜੋ ਗੇਨ ਛੱਡੇ ਗਏ ਇਕੋਟ ਦੀ ਗੜ੍ਹੀ ਓਨਾਂ ਤੋਂ ਛੀਨ ਲਈ, ਓਨਾਂ ਦੇ ਮਦਦਗਾਰ ਕਸੂਰ ਵਾਲੇ ਭੀ ਜਾ ਦਬਾਏ। ਉਮਰਖਾਂ ਆਦਿਕ ਓਥੋਂ ਦੇ ਰਈਸਾਂ ਤੋਂ ਨਜ਼ਰਾਨਾ ਲੈਕਰ ਜੱਸਾ ਸਿੰਘ ਨੇ ਰਾਮਦਾਸਪੁਰ ਵਾਲੇ ਬਾਬੇ ਬੁੱਢੇ ਦੀ ਸੰਤਾਨ ਦੇ ਬੁਲਾਏ ਹੋਏ ਜਾਕਰ ਓਨਾਂ ਦੇ ਆਕੀ ਜਿਮੀਦਾਰਾਂ ਦੇ ਮੂੰਹ ਭੰਨ ਕਰ ਤਿੰਨ ਸਾਲ ਦਾ ਮਹਿਸੂਲ ਓਨਾਂ ਨੂੰ ਦਿਵਾਇਆ ਤੇ ਪੰਜਾਹ ਹਜ਼ਾਰ ਰੁਪਯਾ ਜੁਰਮਾਨਾ ਆਪ ਲੀਤਾ, ਪੰਜ ਪਿੰਡ ਮਾਫੀ ਤੇ ਖਿਲਤ ਆਪ ਲੀਤਾ ਰਣਛੋੜ ਰਾਮਦਾਸ ਨੂੰ ਦੇਕੇ ਫਤਆਬਾਦ ਆ ਗਏ। —

ਹਰਿਮੰਦਰ ਦੀ ਟਹਿਲ ਕਰਨੀ

।।ਸੰ:੧੮੩੧ ਬਿ: ਕੋ ਸ੍ਰੀ ਅੰਮ੍ਰਿਤਸਰ ਠਹਿਰਕੇ ਹਰਿਮੰਦਰ ਦੀ ਟਹਿਲ ਕੀਤੀ ਕਰਾਈ ਤੇ ਅਪਨੇ ਕਟੜੇ ਦੀ ਆਬਾਦੀ ਬਧਾਈ, ਜਦਪਿ ਸਭ ਮਿਸਲਦਾਰ ਸਰਦਾਰਾਂ ਦਾ ਰੁਪਯਾ ਏਸ ਮੰਦਰ ਉੱਤੇ ਖਰਚ ਹੁੰਦਾ ਸੀ, ਪ੍ਰੰਤੂ ਏਸ ਸਰਦਾਰ ਨੇ ਮਨ ਤਨ ਧਨ ਕਰਕੇ ਸਭ ਤੋਂ ਅਧਿਕ ਸੇਵਾ ਕੀਤੀ।। —

ਕਪੂਰਥਲੇ ਪਰ ਕਬਜਾ ਕਰਨਾ

।।ਰਾਇ ਇਬ੍ਰਾਹੀਮ ਕਪੂਰਥਲੇ ਵਾਲੇ ਨੇ ਇੱਕ ਲਖ ਰੁਪਯਾ ਸਾਲਾਨਾ ਖਰਾਜ ਸਰਦਾਰ ਜੱਸਾ ਸਿੰਘ ਨੂੰ ਦੇਣਾ ਕਰਕੇ ਅਪਨਾ ਇਲਾਕਾ ਦੇਲਖਦਾ ਅਪਨੇ ਪਾਸ ਰੱਖ ਛੱਡਿਆ ਸੀ। ।ਸੰ ੧੮੩੪ ਬਿ: ਕੋ ਜਦ ਓਸ ਦਾ ਰੁਪਯਾ ਇਕਰਾਰ ਉੱਤੇ ਨਾ ਆਯਾ ਤਾਂ ਸਰਦਾਰ ਬਹਾਦਰ ਨੇ ਅਪਨੇ ਜੁਆਈ ਮੁਰਾਰ ਸਿੰਘ ਜੋਗਬ੍ਹਾੜ ਨੂੰ ਮਾਮਲਾ ਵਸੂਲ ਕਰਨ ਲਈ ਕਪੂਰਥਲੇ ਭੇਜਿਆ, ਜਦ ਓਥੇ ਗਿਆ ਤਾਂ ਕਿਲੇ ਵਿਚੋਂ ਗੋਲੀ ਚੱਲਕੇ ਮੁਰਾਰ ਸਿੰਘ ਮਾਰਾ ਗਿਆ, ਏਸ ਬਾਤ ਪਰ ਨਰਾਜ਼ ਹੋਕੇ ਸਰਦਾਰ ਜੱਸਾ ਸਿੰਘ ਨੇ ਕਪੂਰਥਲਾ ਰਾਇ ਤੋਂ ਛੀਨ ਲੈਆ ਤੇ ਅਪਨੀ ਰਾਜਧਾਨੀ ਕਾਇਮ ਕੀਤਾ। —

ਜੱਸਾ ਸਿੰਘ ਰਾ: ਕੋ ਦੇਸ ਨਿਕਾਲਾ ਦੇਣਾ।

ਓਸ ਸਮੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜੇ ਸੰਸਾਰ ਚੰਦ ਵਗੈਰਾ ਕਈ ਰਾਜੇ ਪਹਾੜੀ ਜਿਤਕੇ ਅਪਨੀ ਤਾਕਤ ਬਹੁਤ ਬਧਾ ਰੱਖੀ ਸੀ। ਆਹਲੂਵਾਲੀਆਂ ਘਨਈਆਂ ਭੰਗੀਆਂ ਦੇ ਭੀ ਬਹੁਤ ਪਿੰਡ ਦਬਾ ਲੀਤੇ ਸਨ ਅਬਲਕੇ ਇੱਕ ਵਾਰੀ ਖਾਸ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਫੜਕੇ ਅਪਣੇ ਘਰ ਲੈ ਜਾਕਰ ਫੇਰ ਬਹੁਤ ਸਿੱਖ ਸਰਦਾਰਾਂ ਦੇ ਕਹੇ ਖਿਲਤ ਅਸਵਾਰੀ ਪਾਲਕੀ ਦੇਕੇ ਫਤੇਆਬਾਦ ਭੇਜ ਦਿੱਤਾ ਸੀ, ਅਬ, ਏਸ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਘਨਈਏ ਭੰਗੀ ਸਰਦਾਰਾਂ ਨੂੰ ਅਪਨੇ ਸਾਥ ਲੈਕਰ ਸੰ:੧੮੩੫ ਬਿ: ਕੋ ਜੰਗ ਕਰ ੨ ਜੱਸਾ ਸਿੰਘ ਰਾਮਗੜ੍ਹੀਏ ਨੂੰ ਐਸਾ ਦੇਸ ਨਕਾਲਾ ਦਿੱਤਾ ਜਿਸ ਤੇ ਓਸ ਨੇ ਦੁਖੀ ਹੋਕੇ ਹਰਿਆਣੇ ਤੇ ਪੂਰਬ ਦੱਖਣ ਆਦਿਕ ਦੇਸਾਂ ਵਿੱਚ ਸੱਤ ਬਰਸ ਲੁੱਟ ਮਾਰ ਕਰਕੇ ਦਿਨ ਗੁਜ਼ਾਰੇ ਤੇ ਓਸ ਦਾ ਬੇਟਾ ਜੋਧ ਸਿੰਘ ਰਾਜੇ ਪਟਿਆਲੇ ਦੇ ਪਾਸ ਰਹਿਆ ਜਦ ਸੰ:੧੮੪੨ ਬਿ: ਕੋ ਘਨਈਏ ਸਰਦਾਰ ਤੇ ਮਹਾਂ ਸਿੰਘ ਸੁਕਰਚੱਕੀਏ ਦੀ ਆਪਸ ਮੇਂ ਬਿਗ

Digitized by Panjab Digital Library | www.panjabdigilib.org

ੜੀ ਤੇ ਜੱਸਾ ਸਿੰਘ ਆਹਲੂਵਾਲੀਆ ਗੁਜਰ ਗਿਆ ਤਦੋਂ ਸਰਦਾਰ ਮਹਾਂ ਸਿੰਘ ਦੇ ਬੁਲਾਉਣੇ ਪਰ ੧੯
ਰਾਮਗੜ੍ਹੀਏ ਜੱਸਾ ਸਿੰਘ ਨੇ ਫੇਰ ਪੰਜਾਬ ਵਿੱਚ ਆ ਕਰ ਆਪਣਾ ਮੁਲਕ ਸੰਭਾਲ ਲੀਆ — ਸ: ਜੱਸਾ ਸਿੰਘ ਦਾ ਰਾਜੇ ਪਟਿਆਲੇ ਦੀ ਮਦਦ ਪਰ ਜਾਣਾ।
ਸੰ: ੧੮੩੭ ਬਿ: ਕੇ ਜਦ ਅਬਦੁੱਲਾ ਖਾਂ ਵਜੀਰ ਦਿੱਲੀ ਵਾਲੇ ਨੇ ਸਿੰਘਾਂ ਤੋਂ ਮੁਲਕ ਛੁਡਾਉਣ ਵਾਸਤੇ ਚੜ੍ਹ
ਾਈ ਕੀਤੀ ਤੇ ਅਨੇਕ ਸਰਦਾਰਾਂ ਤੋਂ ਨਜਰਾਂ ਲੈਂਦਾ ਹੋਇਆ ਪਟਿਆਲੇ ਵਿਚੀ ਢੁਕਿਆ ਤਾਂ ਮਹਾਰਾਜੇ ਅਮਰ ਸਿ
ਘ ਨੇ ਆਪਣੀ ਮਦਦ ਵਾਸਤੇ ਸਰਦਾਰ ਬਹਾਦਰ ਨੂੰ ਬੁਲਾ ਭੇਜਿਆ ਜਦ ਏਹ ਆਪਣੇ ਸਾਥੀ ਸਰਦਾਰਾਂ ਨੂੰ
ਲੈ ਕੇ ਸਤਲੁਜੋਂ ਪਾਰ ਹੋਇਆ ਤਾਂ ਏਨਾਂ ਦੀ ਧਾਕ ਸੁਣ ਕੇ ਵਜੀਰ ਕੰਬ ਉਠਿਆ ਮੁਲਕ ਛੁਡਾਉਣ ਦੇ ਬਚ
੧੨੫੦੦੦
ਲੇ ਸਵਾ ਲਾਖ ਰੁਪਿਆ ਸਰਦਾਰ ਬਘੇਲ ਸਿੰਘ ਦੇ ਹੱਥ (ਜੋ ਉਸ ਦਾ ਅੱਗ੍ਰਣੀ ਬਣ ਰਿਹਾ ਸੀ) ਦੇ ਕਰ
ਬੜੀ ਮਿੰਨਤ ਤੇ ਮੁਸਕਲ ਨਾਲ ਜਾਨ ਛੁਡਾ ਕੇ ਗਿਆ। ਸੰ: ੧੮੩੮ ਕੇ ਸੋਢੀ ਕਰ ਕਰਤਾਰਪੁਰੀਏ ਸੋਢੀਆਂ ਨੂੰ ਮਿਲਾਣਾ।
ਤਾਰਪੁਰੀਏ ਦੇ ਬੁਲਾਏ ਹੋਏ ਸਰਦਾਰ ਜੱਸਾ ਸਿੰਘ ਨੇ ਜਾ ਕਰ ਓਨਾਂ ਦੇ ਲੰਗਰ ਪ੍ਰਸਾਦਿ ਛਕ ਕੇ ਓਨਾਂ ਨੂੰ ਖ
ਾਲਸੇ ਨਾਲ ਮਿਲਾ ਲੀਤਾ, ਕਿਉਂਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਦਾਦੇ ਗੁਰੂ ਹਰਿਗੋਬਿੰਦ ਦੇ
ਹੁਕਮ ਅਨੁਸਾਰ ਸੋਢੀ ਧੀਰਮੱਲ ਦੀ ਸੰਤਾਨ ਨਾਲ ਮੇਲ ਰੱਖਣੋਂ ਸਿੰਘਾਂ ਨੂੰ ਬਰਜ ਰੱਖਿਆ ਸੀ, ਏਸ
ਕਰਕੇ ਕੋਈ ਸਿੰਘ ਓਨਾਂ ਦੇ ਘਰ ਦਾ ਅੰਨ ਜਲ ਨਹੀਂ ਵਰਤਦਾ ਸੀ, ਹੁਣ ਜਦ ਓਨਾਂ ਨੇ ਖੰਡੇ ਦੀ ਪਾਹੁਲ
ਲੈ ਕੇ ਸਿੰਘ ਮਜਬ ਧਾਰ ਲੀਤਾ ਤੇ ਪੰਥ ਦੇ ਮੁਖੀਏ ਜੱਸਾ ਸਿੰਘ ਨੇ ਓਨਾਂ ਨੂੰ ਮਿਲਾ ਲੈਆ ਤਬ ਸੇਂ ਪੰਥ ਖ ੦
ਾਲਸੇ ਨਾਲ ਮੇਲ ਜੋਲ ਹੋ ਗਿਆ — ਪਹਿਲੇ ਏਨਾਂ ਸੋਢੀਆਂ ਪਾਸ ਏਸੇ ਜੱਸਾ ਸਿੰਘ ਦਾ ਦਿੱਤਾ ਹੋ
ਯਾ ਸਿਰਫ ਕਰਤਾਰ ਪੁਰ ਹੀ ਸੀ, ਫੇਰ ਪ੍ਰਗਣਾ ਬਾਬਲ ਪੁਰ ਮਾੜੀਆਂ, ਡੇਰਾ ਬਡਭਾਗ ਸਿੰਘ ਜਾਗੀ
ਰ ਮੇਂ ਦਿੱਤੇ। ਜਿਨਾਂ ਦੀ ਸਨਦ ੨੨ ਮਾਘ ਮੁਹੱਰਮ ਸੰ: ੧੧੯੮ ਹਿ: ਦੀ ਲਿਖੀ ਹੋਈ ਅਬ ਹੈ।—
ਏਸੇ ਸਾਲ ਵਿੱਚ ਸਰਦਾਰ ਭਾਗ ਸਿੰਘ ਨੇ ਸਰਦਾਰ ਜੱਸਾ ਸਿੰਘ ਦੇ ਹੁਕਮ ਅਨੁਸਾਰ ਇੱਕ ਬਡੇ ਲਸ ਸਰਦਾਰ ਭਾਗ ਸਿੰਘ ਦਾ ਲਸਕਰ ਨਾਲ ਮੁਲਤਾਨ ਤਕ।
ਕਰ ਕੋ ਆਪਣੇ ਸਾਥ ਲੈ ਜਾਕਰ ਮੁਲਤਾਨ ਤਕ ਦੌਰਾ ਕੀਤਾ, ਰਸਤੇ ਵਿੱਚ ਹਰ ਏਕ ਰਈਸ ਤੇ ਜਿਮੀਂਦ
ਾਰਾਂ ਤੋਂ ਨਜਰਾਨੇ ਲੈਂਦਾ ਹੋਇਆ ਜਦ ਮੁਲਤਾਨ ਦੇ ਨੇੜੇ ਢੁੱਕਿਆ ਤਾਂ ਮੁਲਤਾਨ ਦੇ ਹਾਕਮ ਨੁਵਾਬ ਸਰੀਫ ਖਾਂ
ਨੇ ਏਸ ਨਾਲ ਸੁਲਾ ਕਰ ਕੇ ਏਸ ਦੀ ਬਹੁਤ ਖਾਤਰਦਾਰੀ ਕੀਤੀ — ਏਸ ਸਫਰ ਦੀ ਤੇ ਮੁਲਤਾਨ ਵਿਨੀਓ
ਖਾਤਰ ਤਕਾਰ ਹੋਣ ਦੀ ਸਾਬੂਤੀ ਓਸ ਸਫਰ ਦੇ ਕਾਗਜਾਤ ਸੇ ਸਜਗੀ ਹੈ ਜੋ ੩੨ ਪੱਤ੍ਰੇ ਦੀ ਕਤਾਬ ਹੁਣ ਤ ੦
ਈਆਸਤ ਕਪੂਰਥਲੇ ਵਿੱਚ ਮੌਜੂਦ ਹੈ। ਜਿਸ ਵਿੱਚ ਹਰ ਏਕ ਮਜਲ ਦਾ ਖਰਚ ਤਰੀਕ ਵਾਰ ਤੋ
ਪਖਾਨੇ ਫੀਲਖਾਨੇ ਜੰਬੂਰਖਾਨੇ ਸੁਤਰਖਾਨੇ ਫਰਾਸਖਾਨੇ ਆਦਿਕ ਦਾ ਸਭ ਤਫਸੀਲਵਾਰ ਪ੍ਰ
ਤੱਖ ਦੇਖੀਦਾ ਹੈ। ਏਸ ਫਰਦ ਹਿਸਾਬ ਤੋਂ ਤੇ ਨੁਵਾਬ ਮੁਲਤਾਨ ਦੇ ਨੀਓ ਖਾਤਰ ਹੋਣ ਤੇ ਏਹ ਸਾਬਤ ਹੁੰਦ ੦
ਹੈ ਕਿ ਓਸ ਸਮੇ ਸਰਦਾਰ ਜੱਸਾ ਸਿੰਘ ਦਾ ਦਬਦਬਾ ਮੁਲਤਾਨ ਤਕ ਸਾਰੇ ਦੇਸ ਵਿੱਚ ਮੰਨਿਆ ਜਾਂਦਾ ਸੀ

Digitized by Panjab Digital Library | www.panjabdigilib.org

੮੦ ਤਾਂਹੀ ਓਦੋਂ ਤੁਰਗ ਸਿੰਘ ਬਾਦਸ਼ਾਹ ਝੰਗੂ ਦੌਰਾ ਕਰਦਾ ਉਸ ਦੇਸ ਵਿੱਚ ਚਲਾ ਗਿਆ, ਨਹੀਂ ਤਾਂ ਉਸ ਰਾਜੇ ਰੌਲੇ ਵਿੱਚ ਇਸ ਨੂੰ ਓਥੋਂ ਤਕ ਕੌਣ ਜਾਣੇ ਦਿੰਦਾ ਸੀ, ਰਸਤੇ ਵਿਚ ਹੀ ਟੁਟਵਾਲੇ ਭੱਟੀ ਪਰਾਚੇ ਮੁਸਲ ਵਗੈਰੇ ਕੌਮਾਂ ਦੇ ਲੋਗ ਜੋ ਸਿੰਘਾਂ ਨਾਲੋਂ ਕੁਛ ਘੱਟ ਬਹਾਦਰ ਨਹੀਂ ਸੇ ਲੁੱਟ ਪੁੱਟ ਲੈਂਦੇ।

੭ ਕਾਤਕ ਸੰ: ੧੯੪੦ ਬਿ: ਕੋ ਦਰਦ ਦੀ ਬੀਮਾਰੀ ਸਾਥ ਅੰਮ੍ਰਿਤਸਰ ਮੇਂ ਸਰਦਾਰ ਜੱਸਾ ਸਿੰਘ ਗੁਜਰ ਗਿਆ, ਬਾਬੇ ਅਟੱਲ ਦੇ ਡੇਰੇ ਪਾਸ ਦਾਹ ਕੀਤਾ ਗਿਆ, ਏਹ ਸਰਦਾਰ ਬੀ ਪੰਥ ਖਾਲਸੇ ਵਿੱਚ ਸੱਚਾ ਸੂਰਬੀਰ ਦਲੇਰ ਉਦਾਰ ਹਿੰਦੂ ਧਰਮ ਸਿੰਘ ਪੰਥ ਦਾ ਸਹਾਇਕ ਇਕੋ ਹੀ ਬੇਨਜੀਰ ਸੱਤ ਪੁਰਖ ਸੀ।

ਅਪਣੀਆਂ ਭੁਜਾਂ ਦੇ ਬਲ ਸੇਂ ਇਸ ਨੇ ਸਿਰਫ ਰਿਆਸਤ ਹੀ ਨਹੀਂ ਪੈਦਾ ਕੀਤੀ ਬਲਕਿ ਅਪਣੀ ਕੌਮ ਨੂੰ ਭੀ ਬਹੁਤ ਫਾਇਦਾ ਪੁਚਾਯਾ, ਜਿੱਧਰ ਮੂੰਹ ਕਰਦਾ ਫਤੇ ਤਾਂ ਇਸ ਦੇ ਅੱਗੇ ਹੀ ਖੜੀ ਰਹਿੰਦੀ ਸੀ, ਬੱਤੀ ਜਖਮ ਇਸ ਦੇ ਸਰੀਰ ਉੱਤੇ ਸਭ ਅਗਲੇ ਪਾਸੇ ਸਨ, ਜਦਪਿ ਹੋਰ ਹੋਰ ਮਿਸਲਦਾਰ ਸਰਦਾਰ ਦੁਨੀਆਵੀ ਦੌਲਤ ਰਿਆਸਤ ਵਾਲੇ ਇਸ ਤੇ ਬੀ ਬਡੇ ੨ ਕਈ ਸੇ, ਪ੍ਰੰਤੂ ਇਸ ਜੈਸਾ ਅਦਬ ਤੇ ਮਰਾਤਬਾ ਪੰਥ ਖਾਲਸੇ ਵਿੱਚ ਦੂਜੇ ਕਿਸੇ ਸਖਸ਼ ਦਾ ਨਹੀਂ ਸੀ। ਕਿਉਂਕਿ ਇੱਕ ਤਾਂ ਨਵਾਬ ਕਪੂਰ ਸਿੰਘ ਇਸ ਨੂੰ ਅਪਣੀ ਜਗਾਂ ਸਾਰੇ ਪੰਥ ਦਾ ਜਥੇਦਾਰ ਥਾਪ ਗਿਆ ਸੀ, ਦੂਜੇ ਮਾਤਾ ਸੁੰਦਰੀ ਜੀ ਨੇ ਇਸ ਨੂੰ ਅਪਣਾ ਪੁੱਤ੍ਰ ਖਤਾਬ ਬਖਸ਼ਿਆ ਸੀ, ਤੀਜੇ ਇਸ ਪਾਸ ਦਸਮੇਂ ਗੁਰੂ ਸਾਹਿਬ ਦੇ ਸਸਤ੍ਰ ਮਾਤਾ ਜੀ ਦੇ ਬਖਸੇ ਹੋਏ ਗੁਰਜ ਵਗੈਰੇ ਸੇ, ਜੇਹੜੀ ਗੁਰਜ ਹੁਣ ਬੀ ਅਕਾਲ ਬੁੰਗੇ ਪਈ ਹੈ। ਸਿਵਾਇ ਗੁਰੂ ਜੀ ਦੇ ਯਾ ਇਸ ਸਰਦਾਰ ਦੇ ਉਸ ਗੁਰਜ ਨੂੰ ਦੂਜਾ ਕੋਈ ਜੰਗ ਵਿਚ ਚਲਾ ਨਹੀਂ ਸੱਕਿਆ। ਚੌਥੇ ਮਹਾਂ ਰਾਜੇ ਪਟਿਆਲੇ ਵਾਲੇ ਅਮਰ ਸਿੰਘ ਆਦਿਕ ਬਹੁਤੇ ਰਈਸਾਂ ਤੇ ਸਿੱਖਾਂ ਸਰਦਾਰਾਂ ਨੇ ਇਸ ਦੇ ਹੱਥੋਂ ਅੰਮ੍ਰਿਤ ਛਕਿਆ ਸੀ। ਏਨਾਂ ਬਾਤਾਂ ਕਰਕੇ ਇਸ ਦੀ ਇੱਜਤ ਮਾਨ ਵੱਡਾਈ ਪੰਥ ਖਾਲਸੇ ਵਿੱਚ ਗੁਰੂਆਂ ਜੈਸੀ ਮੰਨੀ ਜਾਂਦੀ ਤੇ ਬਾਦਸ਼ਾਹ ਬੋਲਿਆ ਜਾਂਦਾ ਸੀ। ਬਲਕੇ ਉਸ ਦੇ ਪ੍ਰਤਾਪ ਨਾਲ ਸਾਰੇ ਦੇਸ ਦੇ ਕਲਾਲਾਂ ਨੂੰ ਆਹਲੂਵਾਲੀਏ ਦਾ ਖਤਾਬ ਇੱਜਤ ਦਾ ਪ੍ਰਾਪਤ ਹੋ ਗਿਆ।

ਅੰਮ੍ਰਿਤਸਰ ਹਰਿਮੰਦਰ ਦੀ ਚਿਣਾਈ ਕਰਨੀ ਜੋ ਦੁੱਰਾਨੀ ਸਾਹ ਢਾਹ ਗਿਆ ਸੀ, ਓਹੀ ਸਰਦਾਰਾਂ ਪੁਜਾਰੀਆਂ ਅਕਾਲੀਆਂ ਨੇ ਪਹਿਲੇ ਸਾਹਿਬ ਰਾਇ ਚੌਧਰੀ ਦੇ ਅਖਤਿਆਰ ਕਰ ਰੱਖੀ ਸੀ, ਤੇ ਰੁਪਿਆ ਚੰਦੇ ਦਾ ਪੂਜ ਆਮਦਨੀ ਬੀ ਉਸੇ ਦੇ ਹੱਥ ਵਿੱਚ ਸੀ ਜਦ ਓਹ ਚੰਗੀ ਇਮਾਰਤ ਕਰਾਉਂਦਾ ਨ ਦੇਖਿਆ ਤਾਂ ਸਭ ਸਿੱਖ ਗੈਜਤ ਹੋਣ ਤੇ ਉਸ ਨੂੰ ਕੋਈ ਆਖ ਨ ਸੱਕੇ ਕਿਉਂਕਿ ਓਹ ਜੋਰਾਵਰ ਸੀ, ਓੜਕ ਏਸੇ ਸਰਦਾਰ ਬਹਾਦਰ ਨੇ ਉਸ ਤੋਂ ਛੀਨਕੇ ਭਾਈ ਦੇਸਰਾਜ ਦੇ ਹੱਥ ਕੰਮ ਦਿੱਤੇ ਤੇ ਆਪ ਬੀ ਚਾਰ ਬਰਸ ਅੰਮ੍ਰਿਤਸਰ ਠਹਿਰ ਕੇ ਮਨ ਤਨ ਧਨ ਕਰ ਬਹੁਤ ਟਹਿਲ ਕੀਤੀ, ਪੌੜ੍ਹ ਤੇ ਪ੍ਰਕਰਮਾ ਉਸ ਦੇ ਬਣਵਾਏ ਹੋਏ ਅਬ ਤਕ ਮੌਜੂਦ ਹੈਂ। ਏਹ ਸਰਦਾਰ ਨਿਹਾਯਤ ਬਹਾਦਰ ਤੇ ਉਦਾਰ ਹੌਸਲੇ ਵਾਲਾ ਸੇ, ਦਿਲ ਚੌੜੀ ਛਾਤੀ ਲੰਬੀ ਭੁਜਾਂ ਹਰਣ ਨੇਤ੍ਰ ਸੁਕਨਾਸਕ

Digitized by Panjab Digital Library | www.panjabdigilib.org

ਵਿਥ ਅਧਾਰ ਉਚਾ ਮੱਥਾ ਕਣਕ ਵੰਨਾ ਰੰਗ ਲੰਬਾ ਕੱਦ ਮੋਟੇ ਨਕਸ਼ ਜਾਰੀਆਂ ਸਿਫਤਾਂ ਦਾ ਕੋਟ ਸੀ, ਇਸ ਸਮੇਂ ਸਿ- ੯੧
ਖਾਂ ਦੀ ਜੰਗੀ ਤਾਕਤ ਬਹੁਤ ਬਧ ਗਈ ਸੀ, ਸਿਖਾਂ ਵਿੱਚ ਅਸਵਾਰੀ ਫੌਜ ਦਾ ਬਹੁਤ ਰਵਾਜ ਸੀ ਪੈਦਲ
ਜਿਹੜਾ ਮਾਮਲੇ ਦੀ ਉਗਰਾਹੀ ਤੇ ਪਹਿਰੇ ਪੁਲੀਸ ਵਾਸਤੇ ਰਹਿੰਦੀ, ਸਿਖਾਂ ਦੀ ਫੌਜ ਦਾ ਨਾਮ ਖਾਲਸੇ ਦਾ ਦਲ
ਬੋਲਿਆ ਜਾਂਦਾ, ਉਨਾਂ ਦੀ ਤਨਖਾਹ ਕੋਈ ਮੁਕੱਰਰ ਨਹੀਂ ਸੀ, ਲੁਟ ਦੇ ਮਾਲ ਸੇਂ ਹਿੱਸਾ ਲੈਂਦੇ, ਘੋੜੇ ਹਥਿਆਰ
ਆਪਣਾ ਰਖਦੇ, ਜੇਹੜਾ ਇਲਾਕਾ ਫਤੇ ਕਰਦੇ ਉਸ ਵਿੱਚੋਂ ਅਸਵਾਰਾਂ ਦੇ ਹਿੱਸੇ ਮੂਜਬ ਉਨਾਂ ਨੂੰ ਸੁਤੰਤ੍ਰ ਜੰਗੀਰ
ਮਿਲਦੀ, ਜੇਹੜੇ ਸਰਦਾਰਾਂ ਤੋਂ ਘੋੜਾ ਹਥਿਆਰ ਨੌਕਰੀ ਲੈਂਦੇ ਓਹ ਸਰਦਾਰਾਂ ਦੇ ਬਾਰਗੀਰ ਬੋਲੇ ਜਾਂਦੇ॥
ਉਨਾਂ ਨੂੰ ਜੰਗੀਰ ਤੇ ਲੁੱਟ ਦਾ ਹਿੱਸਾ ਨਾ ਮਿਲਦਾ, ਜਦਪਿ ਸਿਖਾਂ ਪਾਸ ਤੋੜੇਦਾਰ ਬੰਦੂਕਾਂ ਤੋਪਾਂ ਬਰਛੀ ਪਿ-
ਸਤੌਲ ਨੇਜੇ ਤੀਰ ਕਮਾਨ ਆਦਿਕ ਬਹੁਤ ਸਸਤ੍ਰ ਹੁੰਦੇ ਪ੍ਰੰਤੂ ਤਲਵਾਰ ਤੋਂ ਬਹੁਤ ਕੰਮ ਲੈਂਦੇ ਏਸੇ ਵਾਸਤੇ
ਸਿਖਾਂ ਦੀ ਤੇਗ ਮਸਹੂਰ ਸੀ ਜਿਸ ਅੱਗੇ ਫੌਜ ਦੁਰਾਨੀਆਂ ਦੀ ਨਹੀਂ ਠਹਿਰਦੀ ਸੀ, ਸਿਖਾਂ ਵਿਚੋਂ ਜੋ
ਕੋਈ ਜਖਮੀ ਹੁੰਦਾ ਯਾ ਸਹੀਦ ਹੂੰ ਲੁਟ ਦੇ ਮਾਲ ਵਿੱਚੋਂ ਤੇ ਫਤੇ ਕੀਤੇ ਹੋਏ ਮੁਲਕ ਵਿੱਚੋਂ ਹਿੱਸਾ ਬੀ ਉਨਾਂ ਦੇ
ਵਾਰਸਾਂ ਨੂੰ ਮਿਲਦਾ ਤੇ ਕੁਛ ਜਖਮਾਨਾਂ ਬੀ ਮਿਲਦਾ ਬਲਕੇ ਸਹੀਦ ਦੇ ਪੁੱਤ੍ਰ ਨੂੰ ਚਾਹੇ ਓਹ ਬਾਲਕ ਹੋ-
ਵੇ ਤਾਂ ਬੀ ਉਸ ਦੇ ਅਹੁਦੇ ਪਰ ਕਾਇਮ ਕਰ ਦਿੱਤਾ ਜਾਂਦਾ ਕਦਾਮਤ ਦਾ ਲਿਹਾਜ ਸਿੱਖਾਂ ਵਿੱਚ ਬਹੁਤ ਹੁੰ-
ਦਾ ਸੀ॥ ॥ ॥ਸਰਦਾਰ ਜੱਸਾ ਸਿੰਘ ਦੇ ਸੰ:੧੮੦੪ ਬਿ: ਮੇਂ ਇੱਕੋ ਪੁੱਤ੍ਰ ਹੋਕੇ ਗੁਜਰ
ਗਇਆ ਸੀ ਤੇ ਦੋ ਬੇਟੀਆਂ ਸਨ ਇੱਕ ਮੁਹਰ ਸਿੰਘ ਫਤੇਆਬਾਦੀਏ ਨੂੰ ਦੂਜੀ ਮੁਰਾਰ ਸਿੰਘ ਤੂੰਗ ਵਾਲੇ
ਨੂੰ ਬਿਆਹੀ ਗਈ ਸੀ, ਪੁੱਤ੍ਰ ਦੇ ਨਾ ਹੋਣੇ ਕਰ ਸਰਦਾਰ ਭਾਗ ਸਿੰਘ ਜੋ ਏਸ ਦੇ ਸਕੇ ਚਾਚੇ ਗੁਰਬਖਸ ਸਿੰ-
ਘ ਦਾ ਪੋਤ੍ਰਾ ਸੀ ਹਮੇਸ ਏਸ ਦੇ ਪਾਸ ਆਗਿਆਕਾਰ ਹੋ ਰਹਾ ਕਰਦਾ, ਉਸੇ ਨੂੰ ਲਾਇਕ ਸਮਝਕੇ ਜੱਸਾ ਸਿੰ-
ਘ ਨੇ ਆਪਣੇ ਹੁੰਦੀ ਸਭ ਕਾਰਬਾਰ ਰਿਆਸਤ ਦਾ ਸੌਂਪ ਰੱਖਿਆ ਸੀ ਅਬ ਜੱਸਾ ਸਿੰਘ ਦੇ ਗੁਜਰੇ ਪਿੱ-
ਛੋਂ ਬੀ ਓਹੋ ਗੱਦੀ ਬੈਠਕੇ ਰਿਆਸਤ ਦਾ ਮਾਲਕ ਹੋਯਾ, ਏਸ ਸਰਦਾਰ ਨੇ ਗੱਦੀ ਬੈਠਦੇ ਹੀ ਕਰੀਮ ਦੀਨ
ਤੇ ਦੀਵਾਨ ਬੂੜਾ ਮੱਲ ਨੂੰ ਰਿਆਸਤ ਦੇ ਕੰਮ ਸੌਂਪ ਕੇ ਮੁਲਕ ਦੇ ਵਾਧੇ ਦਾ ਦੌਰਾ ਕੀਤਾ, ਫਗਵਾੜੇ ਵਾਲੇ ਚੌਧਰੀਆਂ
ਤੋਂ ਤੇ ਦੀਵਾਨ ਸਿੰਘ ਨੂੰਗਾਹਿਲੀਏ ਆਦਿਕ ਜੰਗੀਰਦਾਰਾਂ ਤੋਂ ਨਜਰਾਨੇ ਲੈਕੇ ਜਿੱਲਨ ਪਿੰਡ ਦੇ ਜਿਮੀਂ-
ਦਾਰਾਂ ਦੀ ਫਰਿਆਦ ਸੁਣਕੇ ਸੰ੧੮੪੧ ਬਿ: ਕੋ ਉਥੋਂ ਦੇ ਹਾਕਮ ਗੁਰਬਖਸ ਸਿੰਘ ਤੋਂ ਓਹ ਇਲਾਕਾ
ਛੀਨ ਲੀਆ ਤੇ ਸਰਕਪੁਰ ਦਾ ਪ੍ਰਗਣਾ ਬੀ ਜੋ ਨਕਈ ਸਰਦਾਰਾਂ ਨੇ ਦੱਬ ਲੀਆ ਸੀ ਬਜੋਰ ਜਾ ਛੁੜਾ-
ਯਾ ਤੇ ਭੰਗੀ ਸਰਦਾਰਾਂ ਦੇ ਸਾਥ ਰਲਕੇ ਕਸੂਰ ਉਤੇ ਹੱਲਾ ਕੀਤਾ, ਇੱਕ ਕਿਲਾ ਏਸ ਨੇ ਸੁਤੰਤ੍ਰ ਫਤੇ ਕਰ
ਲੀਤਾ, ਉਥੇ ਹੀ ਏਸ ਦੇ ਘਰ ਬੇਟਾ ਪੈਦਾ ਹੋਣ ਦੀ ਖਬਰ ਪਹੁੰਚੀ ਤਾਂ ਉਸ ਦਾ ਨਾਮ ਫਤੇ ਸਿੰਘ ਰੱਖਿਆ, ਨਕੱ- [illegible]
ਈ ਤੇ ਘਨੱਈਏ ਸਰਦਾਰਾਂ ਨਾਲ ਗੁਰੇਰੇ ਪਿੰਡ ਪਾਸ ਏਸ ਦੀ ਲੜਾਈ ਹੋਕੇ ਸੁਲਾ ਹੋ ਗਈ॥

Digitized by Panjab Digital Library | www.panjabdigilib.org

੮੨ ਸੰ: ੧੮੪੨ ਬਿ: ਕੋ ਸਰਦਾਰ ਜੈ ਸਿੰਘ ਘਨੱਯੇ ਦੇ ਬੁਲਾਏ ਹੋਏ ਸਰਦਾਰ ਭਾਗ ਸਿੰਘ ਨੇ ਜਾ ਕਰ ਕੇ
ਟੌਹੀਏ ਦੇ ਰਾਜੇ ਸੰਸਾਰ ਚੰਦ ਦਾ ਕਿਲਾ ਉਸ ਨੂੰ ਫਤੇ ਕਰਾਯਾ ਤੇ ਸਤਲੁਜੋਂ ਪਾਰ ਬੈਰੋਵਾਲੀਆਂ ਸਰਦਾਰਾਂ ਦੀ
ਕੁਮਕ ਪਰ ਜਾ ਕੇ ਉਨਾਂ ਦਾ ਇਲਾਕਾ ਜੋ ਅਕੌਰ ਦਾ ਜੋ ਸਰਦਾਰ ਹਰੀ ਸਿੰਘ ਰੋਪੜ ਵਾਲੇ ਨੇ ਛੀਨ ਲੀਤਾ
ਸੀ ਮੋੜ ਕੇ ਉਨਾਂ ਨੂੰ ਦਿਵਾਯਾ —— ॥ਸੰ: ੧੮੪੩ ਬਿ: ਕੋ ਸਰਦਾਰ ਗੁਲਾਬ ਸਿੰਘ ਭੰਗੀ
ਦੇ ਆਦਮੀਆਂ ਨੇ ਸਰਦਾਰ ਭਾਗ ਸਿੰਘ ਦੇ ਕਾਰਦਾਰ ਰਣ ਸਿੰਘ ਨੂੰ ਚੁਤਾਲੇ ਪਿੰਡ ਪਾਸ ਕਤਲ ਕਰ
ਦਿੱਤਾ ਉਸ ਬਦਲੇ ਏਸ ਨੇ ਉਨਾਂ ਦਾ ਇਲਾਕਾ ਤਰਨਤਾਰਨ ਤੇ ਜੰਡਿਆਲਾ ਆਪਣੇ ਕਬਜੇ ਕਰ ਲੀਤੇ
ਜੋ ਬਹੁਤ ਚਿਰ ਏਨਾਂ ਪਾਸ ਰਹੇ। —— ॥ਸੰ: ੧੮੪੪ ਨੂੰ ਬੂੜਾ ਮੱਲ ਨੂੰ ਕਸੂਰਦਾਰ ਦੇਖ
ਕੇ ਕੈਦ ਕੀਤਾ ਤੇ ਦੀਦਨ ਸਿੰਘ ਕੋ ਆਪਣਾ ਦੀਵਾਨ ਤੇ ਬੈਰੋਵਾਲ ਮੇਂ ਸਰੂਪ ਸਿੰਘ ਨੂੰ ਥਾਣੇਦਾਰ ਕਰ ਕੇ
ਸੀਕਰੀ ਪਿੰਡ ਪਾਸ ਰਾਮਗੜ੍ਹੀਆਂ ਨੂੰ ਬਜੋਗ ਸਿਕਸਤ ਦਿਤੀ। ਸਰਦਾਰ ਬਘੇਲ ਸਿੰਘ ਦੇ ਲਿ
ਖੇ ਮੂਜਬ ਉਸ ਦੇ ਕਾਰਦਾਰਾਂ ਦਾ ਬੰਦੋਬਸਤ ਕੀਤਾ। —— ॥ ॥ਸੰ: ੧੮੪੫ ਕੋ ਜੈ ਸਿੰਘ
ਘਨੱਯੇ ਦੀ ਸੱਦ ਪਰ ਮਦਦ ਨੂੰ ਤਾਂ ਗੋਯਾ ਪਰ ਏਸ ਦੇ ਪਹੁੰਚਣੇ ਤੋਂ ਪਹਿਲੇ ਹੀ ਜੱਸਾ ਸਿੰਘ ਰਾਮ
ਗੜ੍ਹੀਏ ਨੇ ਬਟਾਲੇ ਦੇ ਮੁਕਾਮ ਉਸ ਦੇ ਪੁੱਤ੍ਰ ਗੁਰਬਖਸ਼ ਸਿੰਘ ਨੂੰ ਮਾਰ ਕੇ ਬਟਾਲਾ ਫਤੇ ਕਰ ਲੀਤਾ।
ਤਬ ਸੇ ਜੈ ਸਿੰਘ ਦਾ ਲੱਕ ਟੁੱਟ ਗੋਯਾ ਫੇਰ ਨ ਉੱਠਿਆ। ॥ਸੰ: ੧੮੪੭ ਬਿ: ਕੋ
ਰਾਜੇ ਸੰਸਾਰ ਚੰਦ ਨਾਲ ਮੇਲ ਕਰ ਕੇ ਉਸ ਦੇ ਬੇਟੇ ਅਨਰੁੱਧ ਚੰਦ ਤੇ ਆਪਣੇ ਬੇਟੇ ਫਤੇ ਸਿੰਘ ਦੀ ਪੱ
ਗ ਵੱਟ ਦੋਸਤੀ ਕਾਯਮ ਕਰਾ ਦਿਤੀ। ਸੰ: ੧੮੫੧ ਬਿ: ਮੇਂ ਜਦ ਜਮਾਨ ਸ਼ਾਹ ਕਾਬੁਲ ਪਤੀ ਦੁੱਰਾ
ਨੀ ਲਸਕਰ ਲੈ ਕੇ ਲਾਹੌਰ ਮੇਂ ਆਯਾ ਤਦੋਂ ਏਹੋ ਸਰਦਾਰ ਅੰਮ੍ਰਿਤਸਰ ਵਿੱਚ ਬੈਠਾ ਰਹੇ ਤਾਂ ਹੋਰ ਸਭ
ਸਰਦਾਰ ਤਿੱਤ੍ਰ ਬਿੱਤ੍ਰ ਹੋ ਗਏ ਸੇ। ਸੰ: ੧੮੫੨ ਬਿ: ਮੇਂ ਅਪਣੇ ਫਰਜੰਦ ਫਤੇ ਸਿੰਘ ਨੂੰ ਸੋਢੀ ਸਾਧੂ ਸਿੰ
ਘ ਤੋਂ ਅਕਾਲ ਬੁੰਗੇ ਲੈ ਜਾ ਕਰ ਅੰਮ੍ਰਿਤ ਛਕਾਯਾ ਤੇ ਸੰ: ੧੮੫੩ ਬਿ: ਕੋ ਉਸ ਦੀ ਸ਼ਾਦੀ ਫਤੇਆ
ਬਾਦ ਕੀਤੀ ਬੜੀ ਧੂਮ ਧਾਮ ਨਾਲ ਏਹ ਰਸਮ ਅਦਾ ਹੋਈ। —— ॥ਏਸੇ ਸਾਲ ਮੇਂ ਜ
ਦ ਫੇਰ ਦੂਜੀ ਵਰੀ ਜਮਾਨ ਸ਼ਾਹ ਸ਼ਾਹਦਰੇ ਤਕ ਆਯਾ ਤੇ ਹੋਰ ਸਭ ਸਿੱਖ ਸਰਦਾਰ ਮੁਲਕ ਛੱਡ ਕੇ
ਮਾਲਵੇ ਦੇਸ ਤੋਂ ਪਹਾੜਾਂ ਵਲੀ ਚਲੇ ਗਏ, ਤਦੋਂ ਭੀ ਸਰਦਾਰ ਭਾਗ ਸਿੰਘ ਨੇ ਬੈਰੋਵਾਲ ਵਿੱਚ ਡੇਰਾ ਰੱਖ
ਯਾ। —— ॥ਏਸੇ ਸਮੇ ਸਰਦਾਰ ਦਲ ਸਿੰਘ ਤੇ ਮੰਗਲ ਸਿੰਘ ਕੋਟ ਮਤਾਬ ਵਾਲੇ ਰਾਮਗੜ੍ਹੀ
ਆਂ ਦੇ ਚੁੱਕੇ ਹੋਏ ਜੋ ਏਸ ਸਰਦਾਰ ਨਾਲ ਹਮੇਸ਼ ਪੰਜਾ ਛਿੱਕਾ ਖੇਲਦੇ ਰਹਿੰਦੇ ਸੇ ਸਰਦਾਰ ਬਹਾਦਰ ਨੇ
ਉਨਾਂ ਨੂੰ ਬਜੋਗ ਹਾਰ ਦੇ ਕੇ ਉਨਾਂ ਦੇ ਪਿੰਡ ਬਨਜਾਰਾ ਧਾਲੀਵਾਲ ਚੌਕੀਆਂ ਆਦਿਕ ਦੱਬ ਲੀਤੇ।
ਫੇਰ ਭੀ ਜਦ ਉਹ ਫਸਾਦ ਕਰਨੋਂ ਨ ਟਲੇ ਤਾਂ ਸਰਦਾਰ ਭਾਗ ਸਿੰਘ ਨੇ ਆਪਣੇ ਸਰਦਾਰ ਹਮੀਰ ਸਿੰ

Digitized by Panjab Digital Library | www.panjabdigilib.org

ਘ ਨੂੰ ਫੌਜ ਦੇ ਕੇ ਉਨਾਂ ਦੇ ਸਿਰ ਤੇ ਤੁਰਨ ਵਾਸਤੇ ਭੇਜਿਆ ਜਿਸ ਨੇ ਜਾਂਦੇ ਹੀ ਬਜੀਗ ਉਨਾਂ ਤੋਂ ਕੋਟਮਤਾ ੯੩
ਬ ਆਦਿਕ ਸਬ ਪਿੰਡ ਛੀਨ ਕੇ ਤਾਬੇ ਮਨਕ ਗਸਿੱਘੇ ਕੀਤੇ — ॥ਸੰ: ੧੮੫੪ ਬਿ: ਕੋ ਆਪਣੇ
ਕਦੀਮੀ ਵੈਰੀ ਰਾਮਗੜ੍ਹੀਏ ਸਰਦਾਰਾਂ ਦੇ ਮਾਰਣ ਲਈ ਰਾਣੀ ਸਦਾ ਕੌਰ ਦੀ ਕੁਮਕ ਪਰ ਜਾ ਕੇ ਸ
ਰਦਾਰ ਭਾਗ ਸਿੰਘ ਨੇ ਜਿਥੇ ਮਹਾਰਾਜਾ ਰਣਜੀਤ ਸਿੰਘ ਬੀ ਆਯਾ ਸੀ ਕਈ ਮਹੀਨੇ ਕਿਲੇ
ਮਾਣੀ ਨੂੰ ਘੇਰੀ ਰੱਖਿਆ, ਫਤੇ ਹੋਣੀ ਸੀ ਪਰ ਦਰਿਆ ਬਿਆਸ ਚੜ੍ਹ ਆਯਾ ਜਿਸ ਤੋਂ ਛੋੜ ਕੇ ਚ
ਲੇ ਆਏ। — ॥ਸੰ: ੧੮੫੫ ਮੇਂ ਸਰਦਾਰ ਭਾਗ ਸਿੰਘ ਨੇ ਆਪਣੇ ਬੇਟੇ ਫਤੇ ਸਿ
ਘ ਸਮੇਤ ਸਤਲੁਜੋਂ ਪਾਰ ਆਪਣੇ ਮੁਲਕ ਦਾ ਦੌਰਾ ਕਰ ਕੇ ਰਾਇਕੋਟ ਜੈਸੇ ਰਈਸਾਂ ਤੋਂ ਨਜ਼ਰਾਨੇ
ਲੈ ਕੇ ਮੁੜ ਕਪੂਰਥਲੇ ਆ ਗਏ। — ॥ਸੰ: ੧੮੫੮ ਬਿ: ਮੇਂ ਰਾਮਗੜ੍ਹੀਏ ਸਰਦਾਰ ਜੋਧ ਸਿ
ਘ ਨੇ ਰਾਜੇ ਸੰਸਾਰ ਚੰਦ ਨਾਲ ਮਿਲ ਕੇ ਬਹੁਤ ਪਿੰਡ ਇਨਾਂ ਦੇ ਦਬਾ ਲੀਤੇ, ਸਰਦਾਰ ਬਹਾਦਰ ਨੇ ਹਮੀ
ਰ ਸਿੰਘ ਨੂੰ ਫੌਜ ਦੇ ਕੇ ਭੇਜਿਆ, ਪਰ ਉਹ ਸਖਤ ਜ਼ਖਮੀ ਹੋ ਕੇ ਹਾਰ ਆਯਾ, ਏਹ ਖਬਰ ਸੁਣ ਕੇ ਸ੍
ਦਾਰ ਭਾਗ ਸਿੰਘ ਆਪਣੀ ਸਾਰੀ ਫੌਜ ਲੈ ਕੇ ਚੜ੍ਹਿਆ ਤੇ ਫਗਵਾੜੇ ਉਤਰਿਆ ਉਥੇ ਘੋੜੇ ਉੱਤੋਂ ਡਿ
ਗ ਕੇ ਪੈਰ ਨੂੰ ਤਕੜੀ ਚੋਟ ਲੱਗੀ ਜਿਸ ਤੋਂ ਮੁੜ ਕਪੂਰਥਲੇ ਆ ਕੇ ਉਸੇ ਤਕਲੀਫ ਤੇ ਹਾਰ ਹੋਣ ਦੇ
ਸੀਸੇ ਨਾਲ ਅੰਤ ਦਾ ਰਾਹੀ ਹੋ ਗਿਆ। —

ਸਰਦਾਰ ਭਾਗ ਸਿੰਘ ਦੇ ਗੁਜ਼ਰੇ ਪਿਛੋਂ ਸਰਦਾਰ ਫਤੇ ਸਿੰਘ ਨੇ ਗੱਦੀ ਬੈਠਦੇ ਹੀ ਸੰਭਾਲੇ
ਬਟਾਲੇ ਦੇ ਜਿਮੀਦਾਰਾਂ ਨੂੰ ਜੋ ਰਾਮਗੜ੍ਹੀਏ ਸਰਦਾਰਾਂ ਦੇ ਸਿਖਾਏ ਹੋਏ ਸੇ ਮਾਮਲਾ ਨਹੀਂ
ਦੇਂਦੇ ਸਨ ਤੇ ਤਕੜੇ ਹੋਏ ਸੇ ਸਿੱਧੇ ਤੀਰ ਕੀਤੇ ਦੋ ਬਰਸ ਦਾ ਮਾਮਲਾ ਪਿਛਲਾ ਤੇ ਜੁਰਮਾਨਾ ਲੈ ਕੇ ਅੱ
ਗੇ ਨੂੰ ਬਿਗੜਨੇ ਤੋਂ ਨੱਕ ਨਾਲ ਲੀਕਾਂ ਕਢ ਛੱਡੀਆਂ।

ਸੰ: ੧੮੫੮ ਬਿ: ਕੋ ਮਹਾਰਾਜੇ ਰਣਜੀਤ ਸਿੰਘ ਨੇ ਮੁਕਾਣ ਦੇਣੇ ਦੀ ਰੀਤ ਪੂਰੀ ਕਰਨ ਲਈ ਫ
ਤੇਆਬਾਦ ਦੇ ਮੁਕਾਮ ਸਰਦਾਰ ਫਤੇ ਸਿੰਘ ਪਾਸ ਆ ਕਰ ਭਾਗ ਸਿੰਘ ਦੇ ਗੁਜਰਨੇ ਦਾ ਅਫ਼ਸੋ
ਸ ਜਾਹਰ ਕਰ ਕੇ ਗੱਲਾਂ ਕਰਦੇ ਹੋਏ ਫੁਰਮਾਯਾ ਕਿ ਮੈਂ ਚਾਹੁੰਦਾ ਹਾਂ ਤੁਸੀਂ ਅਸੀਂ ਆਪਸ ਮੇਂ ਦੋਸ
ਤੀ ਦਾ ਕਾਇਦਾ ਤੇ ਫਾਇਦਾ ਕਾਇਮ ਕਰ ਲਈਏ ਤਾਂ ਇਕ ਦੂਸਰੇ ਦਾ ਸਹਾਇਕ। ਇਕ ਦੂਸਰੇ
ਦੇ ਦੁਖ ਸੁਖ ਦਾ ਸੀਰੀ ਬਣਿਆ ਰਹੇ ਜੋ ਮੁਲਕ ਨਵਾਂ ਮੱਲਾਂਗੇ ਉਹ ਬੰਡ ਲੈਆ ਕਰਾਂਗੇ। ਸ੍
ਦਾਰ ਫਤੇ ਸਿੰਘ ਤਾਂ ਏਹੋ ਗੱਲ ਚਾਹੁੰਦਾ ਸੀ, ਮਨਜ਼ੂਰ ਕਰ ਕੇ ਦੋਹਾਂ ਨੇ ਸ੍ਰੀ ਅੰਮ੍ਰਿਤਸਰ ਜਾ ਕਰ ਦਰ
ਬਾਰ ਵਿੱਚ ਬੈਠ ਕੇ ਸਿੱਖੀ ਮਜ਼ਹਬ ਦੀ ਪੂਜਨੀਕ ਪੁਸਤਕ ਗੁਰੂ ਗ੍ਰੰਥ ਸਾਹਿਬ ਉੱਤੇ ਦੋਹਾਂ ਨੇ ਕੇ
ਸਰ ਦੇ ਪੰਜੇ ਲਾਏ। ਸੌਂਹਾਂ ਖਾ ਕੇ ਆਪਸ ਮੇਂ ਪਗੜੀਆਂ ਬਦਲ ਕਰ ਹਮੇਸ਼ਾ ਦੇ ਵਾਸਤੇ ਦੋਸਤੀ ਪ੍

Digitized by Panjab Digital Library | www.panjabdigilib.org

੮੪ ਹੱਥ ਤਾਂ ਇੱਤੇ ਫਕਰ ਰੱਖਣ ਦਾ ਅਹਿਦ ਕਰ ਲੀਤਾ।
ਏਸੇ ਸਾਲ ਚੀਮੇ ਪਿੰਡ ਤੇ ਸਿੰਗਲੀ ਦੇ ਜੱਟਾਂ ਨੇ ਰਾਮਗੜ੍ਹੀਆਂ ਦੀ ਚੁੱਕ ਨਾਲ ਆਲੂਵਾਲੀਆਂ
ਦੇ ਕਾਰਦਾਰ ਆਪਣੇ ਪਿੰਡਾਂ ਵਿੱਚੋਂ ਨਿਕਾਲ ਛੱਡੇ। ਜਦ ਉਹ ਸਮਝਾਏ ਬੀ ਨਾ ਸਮਝੇ ਤਾਂ (ਮੂਰਖ
ਦੀ ਦਵਾ ਪੌਲਾ ਮਾਰ) ਏਹੋ ਕੰਮ ਕਰਨਾ ਪੈਆ ਸਰਦਾਰ ਫਤੇ ਸਿੰਘ ਨੇ ਫੌਜ ਸਮੇਤ ਉਥੇ ਜਾ ਕਰ ਐ
ਸੇ ਤੰਗ ਕੀਤੇ ਆਖਰ ਜਦ ਜੱਟਾਂ ਨੂੰ ਜੁਰਮਾਨੇ ਤੇ ਦੂਣਾ ਹਾਲਾ ਦੇਣਾ ਪੈਆ ਤਾਂ ਨੇਤ੍ਰ ਖੁੱਲ੍ਹੇ—
ਸੰ: ੧੮੬੦ ਬਿ: ਕੋ ਹਾਕਮੀ ਪਿੰਡ ਤੇ ਕਸੂਰ ਵਾਲੇ ਪਠਾਣਾਂ ਨੂੰ ਸੁਧਾਰਨ ਲਈ ਮਹਾਰਾਜੇ ਰਣਜੀਤ
ਸਿੰਘ ਨੇ ਫੌਜ ਸਮੇਤ ਸਰਦਾਰ ਫਤੇ ਸਿੰਘ ਨੂੰ ਬੁਲਾ ਕੇ ਆਪਣੇ ਸਾਥ ਲੈ ਲੀਤਾ, ਪਹਿਲੇ ਹਾਕਮ
ਪੁਰ ਫੇਰ ਕਿਲ੍ਹੇ ਨੁਸਰਹਿਰੇ ਨੂੰ ਫਤੇ ਕਰ ਕੇ ਕਸੂਰ ਉਤੇ ਹੱਲਾ ਕੀਤਾ ਤਾਂ ਉਥੋਂ ਦੇ ਪਠਾਣ ਅਜੇ ਤਕ ਤ੍ਰੇਸੇ
ਏਨਾਂ ਤੋਂ ਜਿੱਤੇ ਨਾ ਗਏ। ਅੱਠ ਦਿਨ ਲੜ੍ਹੇ ਸਿਰ ਫੇਰ ਕਿਲ੍ਹੇ ਫਤੇ ਹੋਏ। ਉਥੇ ਆਸਾ ਸਿੰਘ ਮਜੀਠੀ
ਏ ਨੂੰ ਥਾਣੇਦਾਰ ਕਾਇਮ ਕਰ ਕੇ ਮੁੜ ਆਏ।—
ਸੰ: ੧੮੬੧ ਬਿ: ਕੋ ਸਰਦਾਰ ਫਤੇ ਸਿੰਘ ਨੇ ਕਸਬੇ ਭੂੰਗੇ ਉੱਤੇ ਕਬਜਾ ਕਰ ਕੇ ਫਗਵਾੜੇ ਵਾਲੇ ਚੌਧ
ਰੀ ਚੂਹੜ ਸਿੰਘ ਦੇ ਮਗਰੂਰ ਹੋਣੇ ਪਰ ਫਗਵਾੜਾ ਬੀ ਉਸ ਤੋਂ ਖੋਸ ਲੀਤਾ ਫੇਰ ਸਰਦਾਰ ਬਹਾਦਰ ਨੇ
ਸਤਲੁਜੋਂ ਬਾਈਤਰਫ ਕਈ ਮਹੀਨੇ ਦੌਰਾ ਕਰ ਕੇ ਪੰਜਲਾਸਾ ਨਾਰੈਣਗੜ੍ਹ ਫਤੇ ਕਰ ਕੇ ਉਧਰ ਆਪ
ਣੇ ਥਾਣੇ ਬੈਠਾਏ। ਤਾਂ ਮਲੂਮ ਹੋਯਾ ਕਿ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਤੇ ਰਾਜੇ ਸੰਸਾਰ ਚੰਦ
ਨੇ ਮਿਲ ਕਰ ਦੁਆਬੇ ਦੇ ਇਲਾਕੇ ਵਿੱਚ ਭਰੋਲੀ ਪਿੰਡ ਉੱਤੇ ਮੋਰਚੇ ਬੰਨ ਕੇ ਬਿਜਵਾੜੇ ਦੇ ਗਿਰਦੇ ਬਹੁ
ਤ ਲੁੱਟ ਮਚਾ ਰੱਖੀ ਹੋਈ ਹੈ। ਏਹ ਖਬਰ ਸੁਣ ਕੇ ਸਰਦਾਰ ਬਹਾਦਰ ਨੇ ਉਥੇ ਜਾ ਕੇ ਉਨ੍ਹਾਂ ਨੂੰ ਭਜਾ ਦਿੱਤਾ ਤੇ ਆ
ਪਣਾ ਇਲਾਕਾ ਬਚਾ ਲੀਤਾ।—
ਸੰ: ੧੮੬੨ ਬਿ: ਕੋ ਜਸਵੰਤ ਰਾਉ ਹੁਲਕਰ ਇੰਦੌਰ ਵਾਲਾ ਅੰਗ੍ਰੇਜਾਂ ਤੋਂ ਹਾਰ ਕੇ ਮਹਾਰਾਜੇ ਰਣਜੀ
ਤ ਸਿੰਘ ਤੋਂ ਮਦਦ ਲੈਣ ਦੀ ਇੱਛਿਆ ਕਰ ਕੇ ਅੰਮ੍ਰਿਤਸਰ ਆ ਪਹੁੰਚਿਆ। ਉਸ ਦੇ ਪਿੱਛੇ ਲਾਰਡ ਲੇਕ
ਸਾਹਿਬ ਬਹਾਦਰ ਬੀ ਬਿਆਸਾ ਉੱਪ ਆਯਾ। ਜਦ ਮਹਾਰਾਜੇ ਦੀ ਮਨਸਾ ਮਦਦ ਦੇਣ ਦੀ ਹੋ ਗਈ ਸੀ
ਪਰੰਤੂ ਸਰਦਾਰ ਫਤੇ ਸਿੰਘ ਤੇ ਰਾਜੇ ਭਾਗ ਸਿੰਘ ਜੀਂਦ ਵਾਲੇ ਨੇ ਸਮਝਾ ਬੁਝਾ ਕਰ ਹੁਲਕਰ ਦੀ ਤੇ ਅੰ
ਗ੍ਰੇਜਾਂ ਦੀ ਸੁਲਹ ਠਹਿਰਾ ਕੇ ਅਹਿਦਨਾਮਾ ੨੪ ਦਸੰਬਰ ਸਨ ੧੮੦੫ ਈ: ਕੋ ਲਿਖਵਾ ਦਿਤਾ ਜਿਸ
ਦੇ ਅਨੁਸਾਰ ਮਹਾਰਾਜੇ ਹੁਲਕਰ ਨੂੰ ਇਲਾਕੇ ਟੌਂਕ ਰਾਮਪੁਰ, ਬੂੰਦੀ ਤੋਂ ਬਿਲਕੁਲ ਹੱਥ ਧੋਣੇ ਪਏ
ਬਾਕੀ ਸਭ ਮੁਲਕ ਚੰਬਲ ਨਦੀ ਤੋਂ ਦੱਖਣ ਪਾਸੇ ਦਾ ਉਸ ਪਾਸ ਰਿਹਾ। ਏਸੇ ਸਮੇਂ ਇੱਕ ਅਹਿਦ
ਨਾਮਾ ਸਰਦਾਰ ਆਲੂਵਾਲੀਏ ਤੇ ਸਰਕਾਰ ਅੰਗ੍ਰੇਜੀ ਤੇ ਦਰਬਾਰ ਲਾਹੌਰ ਦੇ ਵਿੱਚਕਾਰ ੧ ਜਨਵਰੀ

Digitized by Panjab Digital Library | www.panjabdigilib.org

ਸੰ:੧੮੦੬ਈ:ਕੋ ਏਸਤਰਾਂਦਾਲਿਖਾਗਿਆਕਿਜਬਤਕਸਰਦਾਰਕਪੂਰਥਲਾਦਰਬਾਰਨ
ਹੋਰਸਰਕਾਰਅੰਗ੍ਰੇਜੀਨਾਲਦੋਸਤੀਦਾਬਰਤਾਵਰੱਖਣਗੇਤਬਤਕਏਨਾਂਇਲਾਕਿਆਂਵਿੱਚ
ਸਰਕਾਰਅੰਗ੍ਰੇਜੀਕਿਸੇਤਰਾਂਬੀਹੱਥਨਪਾਉਣਗੀ।ਇਸਕਾਰਰਵਾਈਤੋਂਖੁਸੀਹੋਕੇਲਾਟਸਾਹਿ
ਬਨੇਸਰਦਾਰਫਤੇਸਿੰਘਸਾਥਮੁਲਾਕਾਤਕਰਨੇਦੇਸਮੇਇਕੱਚਿੱਠੀ"ਜਿਸਵਿੱਚਸਰਦਾਰਬਹਾ
ਦਰਦੀਖੈਰਖ੍ਵਾਹੀਤੇਲਿਆਕਤਦੀਬਹੁਤਬਡਾਈਹੈ"ਦੇਕਰਇਕੱਜਾਨਵਰਚਿੱਤ੍ਰਾਸਰਦਾਰਨੂੰ
ਤੋਫਾਬਖਸ਼ਿਆ;ਤੇਸਰਦਾਰਸਾਹਿਬਨੇਭੀਇੱਕਬਾਜਜਾਨਵਰਲਾਟਸਾਹਿਬਦੀਨਜਰਕੀਤਾ।।
ਸੰ:੧੮੬੩ਬਿ:ਕੋਮਹਾਰਾਜੇਰਣਜੀਤਸਿੰਘਦੇਨਾਲਮਿਲਕੇਸਰਦਾਰਬਹਾਦਰਨੇਜਗਾਧ
ਲਦੇਦੇਸਦਾਦੌਰਾਕੀਤਾਤਦੋਂਰਾਇਕੋਟਦੀਰਾਣੀਲਛਮੀਦੇਗੁਜਾਰੇਵਾਸਤੇਪ੍ਰਗਣਾਰਾਇਕੋ
ਟਉਸਪਾਸਛੱਡਕੇਹੋਰਸਬਇਲਾਕਾਉਸਦਾਮਹਾਰਾਜੇਰਣਜੀਤਸਿੰਘਨੇਛੀਨਕਰਅਨੇਕ
ਨੂੰਵੰਡਦਿੱਤਾਜਿਸਵਿੱਚੋਂਪ੍ਰਗਣਾਂਜਗਰਾਵਾਂਦਾਏਸਸਰਦਾਰਦੇਕਬਜੇਵਿੱਚਆਯਾਔਰਜੋ
ਕਿਲਾਨਾਰੈਣਗੜ੍ਹਪੰਜਲਾਸਾਜੀਉਮਿਜਾਮਾਵਾਂਆਦਿਕਏਨਾਂਦੇਪਿੰਡਰਾਜੇਨਾਭੇਵਾਲੇ
ਨੇਦੱਬਲਏਸਨਾਮਹਾਂਰਾਜੇਨੇਓਹਭੀਬਜੰਗਉਸਤੋਂਛੁਡਾਕਰਸਰਦਾਰਫਤੇਸਿੰਘਨੂੰਲੈਦਿ
ਤੇ।। ।। ਏਸੀਸਾਲਮੇਂਸਰਦਾਰਬਹਾਦਰਨੇਮਹਾਂਰਾਜੇਦੇਸਾਥਜਾਕੇਪਾਹਿ
ਲੇਕਿਲਾਫਤੇਕੀਤੀਫੇਰਕਰਤਾਰਪੁਰੀਏਸੋਢੀਆਂਦੀਫਾਉਦੇਲਾਸੁਣਕੇਉਨਾਂਦਾਇਲਾਕਾਤਲ
ਵੰਡੀਜੋਕਿਗਾਕੱਲੇਵਾਲੇਸਿੰਘਾਂਨੇਕਈਸਾਲਸੇਛੀਨਰੱਖਿਆਸੀਉਨਾਂਤੋਂਬਜੰਗਛੁਡਾਕੇਸੋਢੀ
ਆਂਨੂੰਲੈਦਿੱਤਾ।
ਸੰ:੧੮੬੪ਬਿ:ਕੋਸਰਦਾਰਬਹਾਦਰਨੇਮਹਾਰਾਜਾਲਾਹੋਰਦੇਸਾਥਜਾਕਰਇਕਬਡਾਭਾਰੀ
ਜੰਗਕਰਕੇਕਸੂਰਫਤੇਕਰਾਈਬਹੁਤਦੌਲਤਉਥੋਂਲੱਭੀ;ਜੱਦਾਪਏਸੇਤਰਾਂਏਹਸਰਦਾਰਹਰਏ
ਕਮੁਹਿੰਮਪਰਮਹਾਰਾਜੇਰਣਜੀਤਸਿੰਘਦੀਮਦਦਵਿਚਜਾਕਰਸੱਚੇਦਿਲਸੇਂਮਹਾਂਰਾਜੇਦੀ
ਤਰੱਕੀਕਰਾਉਂਦਾਰੋਹਾਪਰਮਹਾਂਰਾਜੇਨੇਜੋਕੁਬਚਨਕੀਤਾਸੀਕਿਫਤੇਕੀਤੇਹੋਏਮੁਲਕਵਿੱਚੋਂ
ਹਿਸਾਤੈਨੂੰਮਿਲੇਗਾਸੋਨਪਾਲਿਆ। ।। ਸੰ:੧੮੬੫ਬਿ:ਕੋਜਦਮਿਸ
ਟਰਮਿਟਕਾਫਸਾਹਿਬਅੰਗ੍ਰੇਜੀਵਕੀਲਕਸੂਰਦੇਮੁਕਾਮਆਕਰਮਹਾਰਾਜਾਰਣਜੀਤਸਿੰ
ਘਦੇਹਾਜਰਹੋਇਆਤਦੋਂਉਸਦਾਆਦਰਮਾਨਤੇਬੰਦੋਬਸਤਰੱਖਣਲਈਸਰਦਾਰਫਤੇਸਿੰਘ
ਤੇਦੀਵਾਨਮੁਹਕਮਚੰਦਬਰਸਜੋਣਤਕਕਾਇਮਰਹੇ।ਬਲਕੇਜੋਹੁਕਮਾਹਿਦਨਾਮਾਸਰਕਾਰ
ਅੰਗ੍ਰੇਜੀਤੇਦਰਬਾਰਲਾਹੌਰਦੇਵਿਚਕਾਰਸਤਲੁਜਬਿਨਾਤੇਦੋਸਤੀਕਾਇਮਰੱਖਣਲਈ

Digitized by Panjab Digital Library | www.panjabdigilib.org

੮੬ ੨੫ ਅਪ੍ਰੈਲ ਸੰ: ੧੮੦੯ ਈ: ਕੋ ਲਿਖਾ ਗਿਆ ਸੀ ਉਸ ਦੀਆਂ ਸ਼ਰਤਾਂ ਲਿਖਣ ਵਿੱਚ ਏਸੇ ਸਰਦਾ
ਰ ਦੀ ਰਾਇ ਅਧਿਕ ਮੰਨੀ ਗਈ ਸੀ। ਜਦਪਿ ਸਰ ਲੇਪਲ ਗ੍ਰੀਫਨ ਸਾਹਿਬ ਨੇ ਲਿਖਾ ਹੈ ਕਿ
ਉਸ ਅਹਿਦਨਾਮੇ ਦੇ ਲਿਖਣ ਵਿੱਚ ਸਰਦਾਰ ਫਤੇ ਸਿੰਘ ਦਾ ਕੁਛ ਦਖਲ ਨਹੀਂ ਸੀ। ਕਿਉਂਕਿ ਓ
ਦੋਂ ਮਹਾਰਾਜੇ ਰਣਜੀਤ ਸਿੰਘ ਨੂੰ ਐਸੇ ਸਖਸਾਂ ਉੱਤੇ ਇਤਬਾਰ ਨਹੀਂ ਰਹਿਆ ਸੀ। ਜਿਨ੍ਹਾਂ ਦੀ ਕੁਛ ਆ
ਪਣੀ ਗਰਜ ਤੇ ਮਤਲਬ ਸਰੀਹਨ ਮਾਲੂਮ ਹੁੰਦਾ ਸੀ। ਪਰੰਤੂ ਏਹ ਰਾਇ ਸਾਹਿਬ ਬਹਾਦਰ ਦੀ ਠੀ
ਕ ਨਹੀਂ ਕਿਉਂਕਿ ਓਦੋਂ ਦੇ ਕੰਮਾਂ ਤੋਂ ਸਰਦਾਰ ਫਤੇ ਸਿੰਘ ਦੀ ਤੇ ਮਹਾਰਾਜੇ ਰਣਜੀਤ ਸਿੰਘ ਦੀ ਆਪ
ਸ ਮੇਂ ਬੜੀ ਭਾਰੀ ਮੁਹੱਬਤ, ਦੋਸਤੀ, ਦਿਲ ਦੀ ਸਫਾਈ, ਸਾਬਤ ਕਦਮੀ ਐਸੀ ਪਾਈ ਜਾਂਦੀ ਹੈ ਜਾ
ਣੋ ਦੋ ਸਰੀਰ ਤੇ ਮਨ ਦੋਹਾਂ ਦਾ ਇੱਕੋ ਸੀ। ਫੇਰ ਹਰ ਏਕ ਮਾਰਕੇ ਤੇ ਮੁਰਾਸਲੇ ਤੋਂ ਬੀ ਏਨਾਂ ਦੀ ਬੜੀ
ਅਭੇਦਤਾਈ ਪਾਈ ਜਾਂਦੀ ਹੈ। ਬਲਕੇ ਸਰਦਾਰ ਫਤੇ ਸਿੰਘ ਜੈਸਾ ਇਤਬਾਰੀ ਮਹਾਰਾਜੇ ਦਾ ਹੋਰ
ਕੋਈ ਦੂਸਰਾ ਸਖਸ ਨਹੀਂ ਸੀ। ਮਾਲੂਮ ਹੁੰਦਾ ਹੈ ਗ੍ਰੀਫਨ ਸਾਹਿਬ ਨੇ ਸਾਇਦ ਉਸ ਚਿੱਠੀ ਤੋਂ ਫ
ਤੇ ਸਿੰਘ ਦੀ ਬਾਬਤ ਲਿਖਾ ਹੈ ਜੇਹੜੀ ਮਿਟਕਾਫ ਸਾਹਿਬ ਨੇ ੧੩ ਫਰਵਰੀ ਸੰ: ੧੮੦੯ ਈ: ਕੋ ਸਰ
ਦਾਰ ਫਤੇ ਸਿੰਘ ਦੇ ਚਾਲ ਚਲਨ ਤੇ ਰੁਤਬੇ ਦੀ ਬਾਬਤ ਗਵਰਮਿੰਟ ਨੂੰ ਲਿਖੀ ਸੀ। ਜਿਸ ਦਾ ਸੰਛੇਪ
ਏਹ ਹੈ ਕਿ “। ਜਦਪਿ ਸਰਦਾਰ ਫਤੇ ਸਿੰਘ ਤੇ ਮਹਾਰਾਜੇ ਰਣਜੀਤ ਸਿੰਘ ਦੀ ਆਪਸ ਮੇਂ ਅਵ
ਵਲ ਉਮਰ ਵਿੱਚ ਪੱਗ ਵੱਟ ਦੋਸਤੀ ਤੇ ਮੁਹੱਬਤ ਬਹੁਤ ਹੋ ਗਈ ਸੀ ਪਰ ਹੁਣ ਏਨਾਂ ਦਾ ਆਪਸ ਮੇਂ ਓ
ਹ ਪਿਆਰ ਨਹੀਂ ਔਰ ਨਾ ਓਤਨੀ ਜਾਹਰਦਾਰੀ ਨਾ ਰਾਜਗੀ ਤੇ ਖਸਖਸ ਹੈ। ਜਿਤਨੀ ਦੂਸਰੇ ਮਿਸਲਦ
ਰ ਸਰਦਾਰਾਂ ਦੀ ਹੈ। ਬਲਕੇ ਦੂਸਰੇ ਸਰਦਾਰ ਏਹ ਭੀ ਸਮਝਦੇ ਹਨ ਕਿ ਜੇਕਰ ਅਸੀਂ ਫੇਰ ਬੀ ਕਿਦੇਂ
ਰਣਜੀਤ ਸਿੰਘ ਦੀ ਹਕੂਮਤ ਹੇਠੋਂ ਨਿਕਲ ਜਾਵਾਂਗੇ ਤਾਂ ਤੇ ਕਿਸੇ ਇਕ ਨੂੰ ਆਪਣਾ ਜਥੇਦਾਰ ਬਣਾਉਂ
ਗੇ ਤਾਂ ਏਹੋ ਫਤੇ ਸਿੰਘ ਆਹਲੂਵਾਲੀਆ ਹੀ ਇਕੱਲਾ ਮਾਲਕ ਹੈ। ਤੇ ਏਹ ਫਤੇ ਸਿੰਘ ਬੜਾ ਹਲੀਮ ਮਿ
ਪੇਸਾ ਦੇ ਮਜਾਜ ਓਹੀ ਹੈ ਜੋ ਬਿਆਸ ਦਰਿਆ ਦੇ ਕਨਾਰੇ ਜਾ ਕਰ ਲਾਰਡ ਲੇਕ ਸਾਹਿਬ ਕੋ ਮਿਲਾ ਸੀ
ਤੇ ਮੁਲਕ ਦੇ ਮੁਆਮਲੇ ਮੇਂ ਬਹੁਤ ਨੇਕ ਸਲਾਹ ਰਾਜੇ ਰਣਜੀਤ ਸਿੰਘ ਕੋ ਦਿੰਦਾ ਰਹਿੰਦਾ। ਕਿਉਂਕਿ ਏ
ਸ ਦੇ ਦਿਲ ਮੇਂ ਸਰਕਾਰ ਅੰਗ੍ਰੇਜੀ ਦੀ ਸਮਝ ਤੇ ਹਿਕਮਤ ਸਮਾ ਗਈ ਹੈ। ਇਸ ਕਰਕੇ ਏਹ ਸਰ
ਕਾਰ ਅੰਗ੍ਰੇਜੀ ਉੱਤੇ ਬਹੁਤ ਭਰੋਸਾ ਰੱਖਦਾ ਹੈ। ਕਿ ਏਹ ਬੜੀ ਜੋਰਾਵਰ ਸਰਕਾਰ ਹੈ।”
ਸੰ: ੧੮੬੬ ਬਿ: ਕੋ ਸਰਦਾਰ ਫਤੇ ਸਿੰਘ ਨੇ ਮਹਾਰਾਜੇ ਦੇ ਸਾਥ ਕੋਟ ਕਾਂਗੜੇ ਜਾ ਕਰ ਓਥੋਂ ਅਮਰ
ਸਿੰਘ ਥਾਪੇ ਨੂੰ ਖਾਰਜ ਕੀਤਾ ਜੋ ਨੈਪਾਲ ਦੀ ਤਰਫੋਂ ਬਹੁਤ ਦਿਨੋਂ ਸੇ ਏਨਾਂ ਪ੍ਰਬਤੀ ਰਾਜਿਆਂ ਉੱਤੇ
ਰਿਪੋ ਹੋ ਰਿਹਾ ਸੀ। — ॥ ।ਸੰ: ੧੮੬੭ ਬਿ: ਕੋ ਮੁਲਤਾਨ ਦੇ ਜੰਗ ਸਮੇਂ ਮਹਾਰਾਜੇ ਨਾਲ

Digitized by Panjab Digital Library | www.panjabdigilib.org

ਹੋਰ ਅੰਮ੍ਰਿਤਸਰ ਦੇ ਬੰਦੋਬਸਤ ਰੱਖਣ ਵਿੱਚ ਇਸੇ ਨੂੰ ਛੱਡ ਆਯਾ ਸੀ। ਸੰ: ੧੮੬੮ ਬਿ: ਨੂੰ ਮਹਾਂਰਾਜੇ ਨਾਲ
ਸ਼ਾਹ ਸ਼ੁਜਾਹ ਦੇ ਭਾਈ ਸ਼ਾਹ ਮਹਿਮੂਦ ਦੇ ਮਿਲਣੇ ਲਈ ਰਾਵਲਪਿੰਡੀ ਇਹ ਹੋ ਗਿਆ ਸੀ।——
ਸੰ: ੧੮੬੯ ਬਿ: ਕੋ ਮਹਾਂਰਾਜੇ ਦੀ ਪ੍ਰੇਰਨਾਂ ਸੇ ਦੀਵਾਨ ਮੁਹਕਮ ਚੰਦ ਤੇ ਜੋਧ ਸਿੰਘ ਰਾਮਗੜੀਏ ਨੂੰ ਲੈ
ਕੇ ਫਤੇ ਸਿੰਘ ਨੇ ਜਦ ਬੁਧ ਸਿੰਘ ਜਲੰਧਰ ਵਾਲੇ ਉੱਤੇ ਹੱਲਾ ਕੀਤਾ, ਕਿਉਂਕਿ ਇਕ ਤਾਂ ਉਸ ਨੇ ਮੁਲਤਾਨ
ਦੀ ਮੁਹਿੰਮ ਮੇਂ ਮਹਾਂਰਾਜੇ ਨੂੰ ਮਦਦ ਨਹੀਂ ਦਿਤੀ ਸੀ ਦੂਜੇ ਸਿੱਖੀ ਧਰਮ ਤੇ ਬਿਪਰਤ ਦਾੜ੍ਹੀ ਨੂੰ ਕਲਫ
ਲਾਉਂਦਾ ਸੀ, ਉਹ ਵਿਚਾਰਾ ਥੋੜੀ ਸੀ ਲੜਾਈ ਕਰਕੇ ਦੌੜ ਕਰ ਸਤਲੁਜੋਂ ਪਾਰ ਅਪਣੇ ਇਲਾਕੇ ਮੇਂ ਜੋ
ਅੰਗ੍ਰੇਜਾਂ ਦੇ ਮਾਤਹਿਤ ਸੀ ਚਲਾ ਗਿਆ। ਉਸ ਦਾ ਮੁਲਕ ਤਿੰਨ ਲਾਖ ਰੁਪਏ ਸਾਲਾਨੇ ਦਾ ਕਿਲੇ ਤੇ ਮਾ
ਲ ਮਤਾਹ ਸਮੇਤ ਮਹਾਂਰਾਜੇ ਨੇ ਸਭ ਜਬਤ ਕਰ ਲੀਤਾ। ਉਸ ਵਿੱਚੋਂ ਪਗਵਾੜਾ ਤੇ ਮਲੀਆਂ ਫ
ਤੇ ਸਿੰਘ ਕੋ ਮਿਲੇ।—— ॥ ॥ਸੰ: ੧੮੬੮ ਬਿ: ਕੋ ਕਰਨਲ ਆਕਟਰਲੋਨੀ ਸਾ
ਹਿਬ ਏਜੰਟ ਲੁਦੇਹਾਣੇ ਵਾਲੇ ਨੇ ਰਿਆਸਤ ਭੜੂੰਗ ਨੂੰ ਫਤੇ ਸਿੰਘ ਦੀ ਜੈਲਦਾਰੀ ਵਿੱਚ ਸਮਝ ਕੇ ਬ
ਹੁਤ ਵਾਰੀ ਫਤੇ ਸਿੰਘ ਨੂੰ ਲਿਖਿਆ, ਕਿ "ਰਿਆਸਤ ਭੜੂੰਗ ਦਾ ਚਾਲ ਚਲਨ ਬਹੁਤ ਖਰਾਬ ਹੈ। ੨੫
ਹਮੇਸ਼ ਲਈ ਰਾਜਾ ਰਣਧੀਰ ਸਿੰਘ ਨੂੰ ਏਸ ਸਰਤ ਪਰ ਦਿੱਤਾ ਗੈਯਾ ਕਿ ਉਹ ਹਮੇਸਾ ਸਰਕਾਰ ਅੰਗ੍ਰੇਜੀ ਨੂੰ ਵਕਤ
ਪਏ ਪਰ ਮਦਦ ਦੇਵੇਗਾ। ਇਸ ਵਿਚ ਕੋਈ ਸੱਕ ਨਹੀਂ ਕਿ ਰਾਜਾ ਸਾਹਿਬ ਏਸ ਨੂੰ ਆਪਣੀ ਬਹਿਬੂਦੀ ਤੇ ਫਾਇਦੇ
ਦਾ ਸਬਬ ਖਿਆਲ ਕਰਨਗੇ।—

ਦਸਖਤ ਲਾਰਡ ਕੈਨਿੰਗ ਸਾਹਿਬ ਵੈਸਰਾਇ। — ਮੁਹਰ ਸਰਕਾਰ — ਦੇਖੀ ਗਈ ਵਜਾਹਤ ਹੁਸੈਨ ਮੀਰ ਮੁਨਸੀ ਮੋਹ ਕਮਾ ਦਫਤਰੀ

2 ਖਿਲਤ ਜੇਵਰ ਕੀਮਤ ਜੈਗੀ ਜੜਾਊ[1] ਸਿਰ੍ਹਪੇਚ[1] ਮਾਲਾ ਮੋਤੀਆਂ ਦੀ ਬਾਜੂਬੰਦ[1] ਅੰਗੂਠੀ[1] ਨਗੀਨੇਦਾਰ
ਘੋੜਾ ਜਜਦਾਰੀ ਦੇ ਸਮੇਤ[1] ਹਾਥੀ ਹੌਦੇ ਚਾਂਦੀ ਦੇ ਸਮੇਤ[1] ਕੱਪੜੀ ਪਾਲਕੀ ਦੇ ਬਾਉ ਸਾਜੋਸਾਮਾਨ ਬੰਦੂਕ ਦੋਨਾਲੀ[1] ਪਿ
ਸਤੌਲ ਅੱਠ ਨਾਲੀਦਾ[1] 3 ਕੱਪੜੇ ਜੇਵਰ ਕੀਮਤ ਜੈਗੀ ਮੋਤੀਮਾਲਾ ਬਾਜੂਬੰਦ ਘੋੜਾ[1] ਸਾਜ ਸਮੇਤ
ਤਲਵਾਰ[1] ॥ ॥ 4 ਦੇਖੋ ਸਫਾ ੪੯੯ ਤਵਾਰੀਖ ਖਾਲਸਾ ਉਰਦੂ

੧੧੫ ਧੀਰ ਸਿੰਘ ਸਾਹਿਬ ਬਹਾਦੁਰ ਵਾਲੀ ਕਪੂਰਥਲਾ)
ਰਾਜੇ ਰਣਧੀਰ ਸਿੰਘ ਨੇ ਆਪਣੇ ਉੱਤੇ ਵਡੇ ਲਾਟ ਸਾਹਿਬ ਨੂੰ ਖੁਸ਼ੀ ਦੇਖਕੇ ਆਪਣੇ ਬਜ਼ੁਰਗਾਂ ਦੇ ਕਦੀਮੀ ਇਲਾਕੇ ਦੇ ਮੁੜਕੇ ਮਿਲਣ ਵਾਸਤੇ ਜੋ ਸੰ: ੧੮੫੨ ਈ: ਮੇਂ ਜ਼ਬਤ ਹੋ ਗਿਆ ਸੀ ਦ੍ਰਖ਼੍ਵਾਸਤ ਕੀਤੀ ਜੋ ਉਸ ਕਦਰਦਾਨ ਮਿਹਰਬਾਨ ਗਵਰਮਿੰਟ ਨੇ ਇਸ ਤਰੀਕੇ ਪਰ ਮਨਜ਼ੂਰ ਕਰ ਲੀਤੀ ਕਿ ਏਹ ਇਲਾਕਾ ਰਾਜੇ ਸਾਹਿਬ ਨੂੰ ਜਾਗੀਰ ਦੇ ਤੌਰ ਪਰ ਹਮੇਸ਼ਾਂ ਵਾਸਤੇ ਬਖਸ਼ਿਸ਼ ਹੋ ਗਿਆ ਕਿ ਇਸ ਇਲਾਕੇ ਦੀ ਦੀਵਾਨੀ ਫ਼ੌਜਦਾਰੀ ਸਰਕਾਰ ਅੰਗ੍ਰੇਜ਼ੀ ਦੇ ਹੱਥ ਵਿੱਚ ਰਹੇਗੀ ਜੋ ਇਸ ਇਲਾਕੇ ਦੇ ਅਠਾਰਾਂ ਪਿੰਡ ਤਾਂ ਜ਼ਿਲੇ ਲਹੌਰ ਤੇ ੨੧ ਪਿੰਡ ਜ਼ਿਲੇ ਅੰਮ੍ਰਿਤਸਰ ਵਿੱਚ ਹਨ ਏਨਾਂ ਦੀ ਜਮਾਂਬੰਦੀ ਕਰਨੈਲ ਲਾਰੰਸ ਸਾਹਿਬ ਨੇ ਸੰ: ੧੮੫੦ ਈ: ਮੇਂ ਜ਼ਬਤ ਕਰਨ ਦੇ ਸਮੇਂ ਪੰਝੀ ਹਜ਼ਾਰ ਤਿਨ ਸੌ ਰੁਪਯਾ ਲਾਯਾ ਸੀ ਅਬ ਬਹੁਤ ਆਮਦਨੀ ਹੈ ਜੋ ਸਰਕਾਰੀ ਤਹਿਸੀਲ ਸੇ ਰੁਪਯਾ ਰਿਆਸਤ ਨੂੰ ਮਿਲਦਾ ਹੈ॥ —— ਗ਼ਦਰ ਦੇ ਹੀ ਹੱਥ ਲੱਗਦੇ ਸੁਲਤਾਨ ਵਾਲੇ ਬਾਗ਼ ਦੀ ਦਰਖ਼੍ਵਾਸਤ ਭੀ ਰਾਜੇ ਨੇ ਕਰ ਦਿੱਤੀ ਜੋ ਏਨਾਂ ਦੇ ਬਡੇ ਸਰਦਾਰ ਫਤੇ ਸਿੰਘ ਦਾ ਸੀ ਓਹ ਭੀ ਇਸ ਨੂੰ ਮਿਲ ਗਿਆ —— ਸੱਚ ਹੈ (ਜਿਨਾਂ ਦੇ ਤੱਕਲੇ ਸਿਧੇ ਉਨਾਂ ਦੇ ਸੂਤ ਅਪਾਰ) ਸਾਈ ਰਾਣੀ ਜੇਹੜੀ ਖਸਮ ਨੂੰ ਭਾਵੀ) ਓਦੋਂ ਇਸ ਰਾਜੇ ਉੱਤੇ ਲਾਰਡ ਕੈਨਿੰਗ ਸਾਹਿਬ ਬਹਾਦਰ ਵੈਸਰਾਇ ਹਿੰਦ ਅਰਥਾਤ ਬਾਦਸ਼ਾਹ ਹਿੰਦੁਸਤਾਨ ਦਾ ਐਡਾ ਮਿਹਰਬਾਨ ਹੋਯਾ ਜੋ ਰਾਜੇ ਨਿਹਾਲ ਸਿੰਘ ਦੇ ਵਸੀਅਤ ਨਾਮੇ ਦੇ ਅਨੁਸਾਰ ਲੱਖ ਲੱਖ ਰੁਪਏ ਦੇ ਇਲਾਕੇ ਦੋਹਾਂ ਕੌਰਾਂ ਨੂੰ ਸੁਤੰਤ੍ਰ ਰਿਆਸਤ ਵਿੱਚੋਂ ਵੰਡਕੇ ਦਿੱਤੇ ਜਾਣ ਦਾ ਹੁਕਮ ਗਵਰਮਿੰਟ ਪੰਜਾਬ ਤੇ ਗਵਰਮਿੰਟ ਹਿੰਦ ਦੇ ਚੁੱਕੇ ਸੇ ਓਹ ਹੁਕਮ ਬੀ ਦੂਰ ਕਰਾਕੇ ਰਾਜੇ ਰਣਧੀਰ ਸਿੰਘ ਦੀ ਫ਼ਤੇ ਕਰਾ ਦਿੱਤੀ॥

ਸਤਾਰੇ ਹਿੰਦ ਦਾ ਤਮਗ਼ਾ ਮਿਲਣਾ।

੧੧ ਅਕਤੂਬਰ ਸੰ: ੧੮੬੪ ਈ: ਕੋ ਹਜ਼ੂਰ ਵੈਸਰਾਇ ਹਿੰਦ ਨੇ ਰਾਜੇ ਰਣਧੀਰ ਸਿੰਘ ਕੋ ਲਹੌਰ ਦੇ ਬਡੇ ਸ਼ਾਹੀ ਦਰਬਾਰ ਵਿੱਚ ਜਿਸ ਮੇਂ ਮਹਾਰਾਜਾ ਕਸ਼ਮੀਰ ਪਟਿਆਲਾ ਰਾਜਾ ਨਾਭਾ ਜੀਂਦ ਮੰਡੀ ਫ਼ਰੀਦਕੋਟ ਚੰਬਾ ਸੁਕੇਤ ਨਾਲੇਰ ਔਰ ਨੁਵਾਬ ਮਲੇਰਕੋਟਲਾ, ਪਟੌਦੀ, ਦੁਜਾਨਾ, ਲੋਹਾਰੂ ਸਰਦਾਰ ਕਲਸੀਏ ਆਦਿਕ ਸਭ ਬਡੇ੨ ਰਈਸ ਤੇ ਸਰਦਾਰ ਸ਼ਾਮਿਲ ਸੇ ਸਤਾਰੇ ਹਿੰਦ ਦਾ ਮਹਾਂ ਤਮਗ਼ਾ ਬਖਸ਼ਿਆ ਔਰ ਉਸ ਸਮੇਂ ਵੈਸਰਾਇ ਸਾਹਿਬ ਬਹਾਦਰ ਨੇ ਇੱਕ ਬਡਾ ਸੁੰਦਰ ਸਪੀਚ (ਵਿਆਖ੍ਯਾਨ) ਉਰਦੂ ਜ਼ਬਾਨ ਵਿੱਚ ਰਾਜੇ ਰਣਧੀਰ ਸਿੰਘ ਦੇ ਬਡਿਆਂ ਦੇ ਤੇ ਇਸ ਦੇ ਗੁਣ ਕਰਮਾਂ ਦਾ ਬਰਨਣ ਕੀਤਾ॥ —— ਜਿਸ ਨੂੰ ਸੁਣਕੇ ਰਾਜਾ ਸਾਹਿਬ ਨੇ ਭੀ ਅਪਣੀ ਨਿੰਮ੍ਰਤਾ ਔਰ ਸਰਕਾਰ ਅੰਗ੍ਰੇਜ਼ੀ ਦੀਆਂ ਕਦਰਦਾਨੀਆਂ ਮਿਹਰਬਾਨੀਆਂ ਦਾ ਧੰਨਯਬਾਦ ਕਰਕੇ ਫੇਰ ਮਲਕਾ ਮੁਅੱਜ਼ਮਾ ਕੁਈਨ ਵਿਕਟੋਰੀਆ ਸ

Digitized by Panjab Digital Library | www.panjabdigilib.org

ਰਾਣੀਸਾਹਿਬਾਂਦੀਮਹਿਮਾਬੜੇਹਸੁੰਦਰਅਦਬਦੇਭਰੇਹੋਏਪਦਾਂਵਿਚਬਯਾਨਕੀਤੀਜਿਸਨੂੰ ੧੧੫
ਸੁਣਕੇਦਰਬਾਰੀਬਹੁਤਖੁਸੀਹੋਏਤੇਰਾਜੇਸਾਹਿਬਨੂੰਅਕਲਇਲਮਦਾਕੋਟਚਤਰਾਈਦਾਪੁ
ਤਲਾਭਾਗਾਂਦਾਸਮੁੰਦਰਸ੍ਰੇਸਟਗੁਣਾਂਦਾਭੰਡਾਰਸਮਝਿਆ।
ਸੰ:੧੯੨੭ਬੀ: ਮੇਂਰਾਜੇਰਣਧੀਰਸਿੰਘਨੇਇੰਗਲਿਸਤਾਨਵਲਾਇਤਦੇਸੈਲਕਰਨਦੀਇ
ਛਾਉਸੇਦਿਨਤੋਂਠਾਣਰੱਖੀਸੀ।ਜਿਸਦਿਨਤੋਂਉਸਦੇਮੁਕੱਦਮੇਦਾਸਾਫਇਨਸਾਫਸੱਦਰਕੌਂਸਲ ੦
ਹੋਕੇਵਲਾਇਤੋਂਆਯਾਸੀ।ਜਿਸਦਾਸਬਬ੍ਰਿਤਾਂਤ ੬੪੬ ਸਫੇਉਤੇਲਿਖਆਏਹਾਂ।ਅਬ
ਉਸੇਇੱਛਿਆਦੇਉਛਾਲੇਨੇਰਾਜੇਨੂੰਏਹਉਤਸਾਹਖੜਾਕਰਦਿਤਾਕਿਹੁਣਮੈਂਉਸਨਿਆਇਕਾਰੀ
ਧਰਮਾਤਮਾਪਾਰਲੀਮੈਂਟਕੌਂਸਲਦਦਰਸਨਤੇਆਪਣੇਛੋਟੇਖੁਦਾਸਾਹਿਨਸਾਹਮਲਕਾਮੁਅੱ
ਜਮਾਕੈਸਰਾਹਿੰਦਦੇਚਰਨਪਰਸਕੇਪ੍ਰਾਣਾਂਦਾਲਾਭਉਠਾਵਾਂ— ਏਹੋਪੱਕੀਸਲਾਹਠਹਿ
ਰਾਕੇਮਾਸਤਦਾਬੋਝਆਪਣੇਫਰਜੰਦਖੜਗਸਿੰਘਦੀਆਂਭੁਜਾਂਪਰਰੱਖਕਰ੧੫ਮਾਰਚ
ਸੰ:੧੯੨੭ਬੀ: ਕੋਰਾਜੇਰਣਧੀਰਸਿੰਘਨੇਇੰਗਲਿਸਤਾਨਪਹੁੰਚਣਵਾਸਤੇਬੰਬਈਦਾਰਾਹ
ਲੀਤਾ।ਜਦੋਂਉਸਦੇਦੇਸਤਾਂਤੇਦੂਰਅੰਦੇਸਖੈਰਖ੍ਵਾਹਅਹਿਲਕਾਰਾਂਨੇਵਲਾਇਤਦੇਸਫਰ
ਤੋਂਬਥੇਰਾਹੀਰੋਕਿਆਕਿਉਂਕਿਉਸਨੂੰਇਕੋਜਿਗਰਦੀਬੀਮਾਰੀਨੇਐਡੇਲੰਬੇਸਫਰਕਰਨ
ਦੀਤਾਕਤਨਹੀਂਛੱਡੀਸੀ।ਪ੍ਰੰਤੂਉਸਦੀਫਿਕਰੀਤੇਪ੍ਰਾਲਭਧਨੇਉਸਨੂੰਐਸਾਚੁੱਕਿਆਜੋਅਦਨਦਿ
ਰਕੋਈਪੌਣਦਾਬੁੱਲਉਸਦਾਤ੍ਰੇਗਰਹਿੰਦਾਸੀਜਾਭੇਰਿਆ ਜਦੋਂਬੀਮਾਰਤਾਂਕਿੰਚਤਪਹਿਲੇ
ਹੀਸੀ।ਪਰਉਸਦੇਤੀਬਰਸੌਕਨੇਸਕੇਸਬੰਧੀਆਂਦਾਤੇਰਾਜਸਾਜਤੇਦੇਸਦਾਮੋਹਮਾਤਕਰ
ਕੇਸੋਹਣੀਮੇਹੀਵਾਲਦੀਤਰ੍ਹਾਂਨੀਰਦੇਨਾਸਹੋਣਦਾਖਿਆਲਭੁਲਾਜਿਹਾਜਪਰਚੜ੍ਹਾਰਾਜਾਦੀ
ਜਿੰਦੜੀਦਾਜਹਾਜਮੌਤਦੇਸਮੁੰਦਰਵਿੱਚਡੋਬਦਿੱਤਾ।ਜੱਦਹੋ (ਮਨਕੀਮਨਹੀਮਾਹਿਰਹੀ।
ਨਾਹਰਭਜਿਓਨਤੀਰਥਸੇਵਿਓਚੋਟੀਕਾਲਗਹੀ) ਜਦੋਂਪਤਾਕਪਤਾਨਨੇਰਾਜੇਨੂੰਅਦਨਤੋਂਮੋੜ
ਕੇਬੰਬਈਵਿਨੀਤੋਰਦਿੱਤਾਸੀਪਰਪਾਣੀਨੂੰਕੌਣਬਧਾਦੇ,ਬੇੜੀਦੂਰਆਕੇਸਮੁੰਦਰਦੇਵਿੱਚਜਿਸ ੦
ਦਾਸਮੁੰਦਰਸੁੱਕਗੈਆ।ਤਾਜਾਖੜਗਸਿੰਘਬੀਅਦਨਤੋਂਮੁੜਪੈਣੇਦੀਖਬਰਸੁਣਕੇਕਪੂ
ਰਥਲਿਓਂਚੱਲਕਰਜਦਬੰਬਈਪਹੁੰਚਿਆਤਾਂਉਧਰੋਂਰਾਜਾਦੀਲੋਥਆਗਈ।ਜਿਸਨੂੰਦੇਖ
ਦੇਸਾਰਸਮੁੰਦਰਵਿੱਚੋਂਇਕੋਹੋਰਸੋਕਦਾਸਮੁੰਦਰਉਛਲਆਯਾ।ਉਹਕਰਾਜੇਦੀਲਾਸਨੂੰਲੈ
ਜਾਕਰਨਾਸਕਸਹਿਰਪਾਸਗੋਦਾਵਰੀਗੰਗਾਕਨਾਰੇ(ਜਿਸਨੂੰਹਿੰਦੂਧਰਮਵਾਲੇਬੜਾਪਵਿ
ਤ੍ਰਤੀਰਥਮੰਨਦੇਹਨ) ਦਾਹ ਕਰਕੇਧਰਮਸਾਸਤ੍ਰਅਨੁਸਾਰਕ੍ਰਿਆਕਰਮਕੀਤਾਗੈਆ।ਤੇ

ਇੰਗਲਿਸਤਾਨ ਦੀਇੱਛਿਆਰਾਜ ਰਣਧੀਰਸਿੰਘ ਦੀ।

ਰਾਜੇ ਰਣਧੀਰ ਸਿੰਘਦਾਗੁਜਰਨਾ।

੭੯ ਮਹੀਨੇ ਪਿਛੋਂ ਰਾਜਾ ਖੜਗ ਸਿੰਘ ਆਪਣੇ ਬਾਪ ਦੇ ਫੁੱਲ ਹਰਿਦੁਆਰ ਪਾ ਕੇ ਕਪੂਰਥਲੇ ਆਯਾ। ਰਾਜੇ ਰਣਧੀਰ ਸਿੰਘ ਦੇ ਗੁਜਰਨੇ ਦੀ ਖਬਰ ਸੁਣ ਕੇ ਵੈਸਰਾਇ ਸਾਹਿਬ ਬਹਾਦੁਰ ਨੇ ਰਾਜੇ ਰਣਧੀਰ ਸਿੰਘ ਦੀ ਬਾਬਤ ਏਹ ਅਫਸੋਸ ਪ੍ਰਗਟ ਕੀਤਾ ਕਿ ਜੈਸਾ ਵਫਾਦਾਰ ਗੁਣਗ੍ਰਾਹੀ, ਕਾਮਜਾਮ ਮਨਾਜ਼ ਰਿਆਸਤ ਨੂੰ ਬਧਾਉਣ ਵਾਲਾ, ਸਰਕਾਰ ਅੰਗ੍ਰੇਜ਼ੀ ਦਾ ਖੈਰਖ਼ਾਹ, ਦਿਲ ਜਾਨ ਸੇਂ ਸੇਵਕ ਸੀ ਤੈਸਾ ਹੋਰ ਕੋਈ ਨਹੀਂ ਹਜ਼ੂਰ ਕੁਈਨ ਵਿਕਟੋਰੀਆ ਕੈਸਰ ਹਿੰਦ ਨੇ ਬੀ ਰਾਜੇ ਮੌਸੂਫ ਦਾ ਅਚਾਚੇਤ ਮਰਨਾ ਸੁਣ ਕੇ ਜਿਸ ਦੀ ਉਡੀਕ ਵਲਾਇਤ ਵਿੱਚ ਲੱਗ ਰਹੀ ਸੀ ਬੜਾ ਰੰਜ ਤੇ ਗਮ ਮੰਨਿਆ ਜੋ ਕਦੇ ਕਿਸੇ ਰਈਸ ਦਾ ਨਹੀਂ ਮੰਨਿਆ ਸੀ ਔਰ ਏਹ ਰਿਆਸਤ ਕਪੂਰਥਲਾ ਵਾਸਤੇ ਬੜਾ ਭਾਰੀ ਧੱਕਾ ਲੱਗਾ ਥਾ॥

॥ਚਿੱਠੀ ਜਨਾਬ ਵਜ਼ੀਰ ਆਜ਼ਮ ਹਿੰਦ ਦੀ ਤਰਫੋਂ ਜੋ ਰਾਜੇ ਖੜਗ ਸਿੰਘ ਪਾਸ ਰਾਜੇ ਰਣਧੀਰ ਸਿੰਘ ਦੇ ਅਫਸੋਸ ਦੀ ਅੰਗ੍ਰੇਜ਼ੀ ਆਈ ਸੀ ਉਸ ਦਾ ਤਰਜਮਾ ਜੂਨ ਸੰ: ੧੮੭੦ ਈ: —

"ਮੇਰੇ ਮਿਹਰਬਾਨ ਦੋਸਤ! ਆਪ ਦੇ ਬਡੇ ਚੰਗੇ ਲਾਇਕ ਬਾਪ ਦੇ ਮਰਨ ਦਾ ਹਾਲ ਅਫ਼ਸੋਸ ਤੇ ਰੰਜ ਦੇਣ ਵਾਲਾ ਸੁਣ ਕੇ ਮੈਨੂੰ ਬਹੁਤ ਰੰਜ ਹੋਯਾ, ਕਿਉਂਕਿ ਕੰਮ ਬੀ ਉਸ ਤੋਂ ਐਸੇ ਹੀ ਰੋਸ਼ਨ ਹੋਏ ਜੈਸੇ ਗਦਰ ਜਲੰਧਰ ਤੇ ਮੈਦਾਨ ਜੰਗ ਇਲਾਕੇ ਅਵਧ ਮੇਂ ਆਪਣੇ ਬਾਦਸ਼ਾਹ ਦੀ ਸੇਵਾ ਮਦਦ ਵਿੱਚ ਦਿਲ ਜਾਨ ਸੇਂ ਜਾਨਫ਼ਸ਼ਾਨੀ ਕਰਦੇ ਰਹੇ ਹੈਂ। ਫੇਰ ਉਸ ਨੂੰ ਮਲਕਾ ਮੁਅੱਜ਼ਮਾ ਦੇ ਚਰਨਾਂ ਦਾ ਦਰਸ਼ਨ ਕਰਨ ਵਾਸਤੇ ਉਮੰਗ ਹੋਈ। ਏਧਰ ਵਿਲਾਇਤ ਮੇਂ ਬੀ ਉਸ ਦੀ ਉਡੀਕ ਲਗ ਰਹੀ ਸੀ ਪਰ ਉਸ ਅਚਾਨਕ ਚੋਟ ਕਾਲ ਦੀ ਨੇ ਦੋਹਾਂ ਪਾਸਿਆਂ ਦੇ ਮਨੋਰਥ ਸਮੁੰਦਰ ਵਿੱਚ ਡੋਬ ਦਿੱਤੇ। ਰਾਜਾ ਸਾਹਿਬ ਨੇ ਇੱਕ ਸਫਰ ਦੇ ਅੰਦਰ ਹੀ ਦੂਜਾ ਸਫਰ ਐਸਾ ਕੀਤਾ ਕਿ ਸਭ ਸਫਰ ਮੁਕਾ ਛੋਡੇ। ਉਸ ਦੇ ਸ੍ਰੇਸ਼ਟ ਗੁਣ ਜੋ ਵੈਸਰਾਇ ਦੀਆਂ ਚਿੱਠੀਆਂ ਦੁਆਰਾ ਮਲਕਾ ਮੁਅੱਜ਼ਮਾ ਨੇ ਸੁਣ ਰੱਖੇ ਸੇ, ਏਸ ਕਰਕੇ ਕੈਸਰ ਹਿੰਦ ਬੀ ਉਸ ਨੂੰ ਦੇਖਣਾ ਚਾਹੁੰਦੇ ਸੀ ਪਰ ਹੁਣ ਏਨਾਂ ਨੇ ਉਸ ਦੀ ਮੌਤ ਦਾ ਹਾਲ ਸੁਣ ਕੇ ਬਹੁਤ ਅਫਸੋਸ ਕੀਤਾ। ਰਾਜਾ ਸਾਹਿਬ ਆਪ ਦੇ ਬਹਾਦੁਰ ਲਾਇਕ ਬਾਪ ਨੇ ਜੈਸੀ ਸਰਕਾਰ ਅੰਗ੍ਰੇਜ਼ੀ ਦੀ ਪ੍ਰੀਤਿ ਨਾਲ ਉਮਰ ਭਰ ਸੇਵਾ ਕੀਤੀ ਤੇ ਉਤਕ੍ਰਿਸ਼ਟ ਨਮੂਨੇ ਦੀ ਰੱਖੀ ਸੀ ਤੈਸੇ ਹੀ ਅੰਤ ਦੇ ਸਮੇ ਹਜ਼ੂਰ ਮਲਕਾ ਮੁਅੱਜ਼ਮਾ ਦੇ ਚਰਨਾਂ ਵਿੱਚ ਧਿਆਨ ਰੱਖ ਕੇ ਵਿੱਚੇ ਲੈ ਹੋ ਗਿਆ — ਆਪ ਕੋ ਏਹ ਬੀ ਨਿਸਚਾ ਹੋ ਜਾਵੇ ਕਿ ਮੈਨੂੰ ਹਜ਼ੂਰ ਮਲਕਾ ਮੁਅੱਜ਼ਮਾ ਨੇ ਜੋ ਕੁਛ ਰੰਜ ਤੇ ਗਮ ਨਾਲ ਬਚਨ ਕੀਤੇ ਹਨ। ਓਹ ਔਰ ਬਾਕੀ ਮੇਂ ਆਪਣੀ ਤਰਫੋਂ ਬੀ ਏਹੋ ਬਚਨ ਅਫ਼ਸੋਸ ਦੇ ਭਰੇ ਹੋਏ ਲਿਖਾਨਾ ਹੂੰ ਸਾਂ ਕਬੂਲ ਕਰਨਾ ਔਰ ਮੈਨੂੰ ਆਪਣਾ ਖੈਰਖ਼ਾਹ ਦੋਸਤ ਮੰਨਣਾ — ਦਸਤਖ਼ਤ ਆਰ. ਏ. ਗੈਲ

ਗਏ ਸਾਂ ਚਿੱਠੀ ਤੋਂ ਜਾਣੀਦਾ ਹੈ ਕਿ ਕੌਂਸਲ ਪਾਰਲੀਮਿੰਟ ਵਿਲਾਇਤ ਵਿੱਚ ਰਾਜੇ ਰਣਧੀਰ ਸਿੰਘ

ਨੂੰਬਹੁਤਲਾਇਕਖੈਰਖ੍ਵਾਹਏਤਬਾਰੀਮੰਨਿਆਗਿਆਸੀਨਹੀਤਾਂਅੰਤਤਕਹੋਰਕਿਸੇਰਈਸਗੁ ੧੧੭
ਜਰਾਤਦੇਅਜੇਹੇਸਰੀਪ੍ਰਤਿਕਾਮਹਾਰਾਣੀਤੇਵਜੀਰਆਜ਼ਮਹਿੰਦਦੀਤਰਫੋਂਕਦੇਕਿਸੇਰਾਜੇ
ਮਹਾਰਾਜੇਨੂੰਨਹੀਆਈਇਸਚਿਠੀਤੋਂਮਾਸਤਕਪੂਰਥਲੇਦੀਬੜੀਇੱਜਤਸਾਬਤਹੁੰਦੀਹੈ
੧੨ਮਈਸੰ:੧੮੭੦ਈ:ਕੋਰਾਜਾਖੜਕਸਿੰਘਆਪਣੇਬਾਪਦੀਜਗਾਂਕਾਇਦੇਤੇਬੜੇਉਤ
ਸਾਹਨਾਲਰਾਜਗੱਦੀਉੱਤੇਬੈਠਾਪਹਿਲੇਗਵਰਨਮਿੰਟਦੀਤਰਫੋਂਕਰਨਲਕਾਕਸਸਾਹਿਬ
ਕਮਿਸਨਰਜਲੰਧਰਵਾਲੇਨੇਖਿਲਤਦਿਤਾ।ਓਹਦੇਪਿਛੋਂਮਹਾਰਾਜਿਆਂਤੇਰਾਜਿਆਂਦੇਖਿ
ਲਤਹੋਏ।ਕਪੂਰਥਲੇਦੀਪ੍ਰਜਾਤੇਮੁਲਾਜਮਾਂਨੇਇੱਕਤਹਿਨੀਅਤਨਾਮਾ(ਖੁਸੀਨਾਮਾ)ਪੇ
ਸਕੀਤਾਜਿਸਵਿਚਪਹਿਲੇਰਾਜੇਖੜਕਸਿੰਘਦੇਗੁਣਤੇਗੱਦੀਬੈਠਣਦਾਧੰਨਿਆਬਾ
ਦਸੀ।ਫੇਰਇਕਲਾਖਪੰਜੀਹਜਾਰਰੁਪਿਆਜੋਚੰਦਾਕਰਕੇਰਾਜੇਰਣਧੀਰਸਿੰਘਦੀਕੋਈ
ਯਾਦਗਾਰਬਣਾਉਣਵਾਸਤੇਜਿਸਨੇਓਨਾਂਨੂੰਬਹੁਤਸੁਖਦਿਤਾਸੀਜਮਾਕਰਰਖਿਆਸੀ
ਰਾਜੇਦੇਪੇਸਕੀਤਾ,ਰਾਜਾਖੜਕਸਿੰਘਨੇਭੀਮਾਤਾਦੀਇਸਨੇਕਨੀਤੀਦੀਬਹੁਤਚੰਗੀ
ਸਲਾਹਨੂੰਮੰਨਕੇਇਕਲਾਖਰੁਪਿਆਹੋਰਆਪਣੇਪਾਸੋਂਓਸਵਿਚਮਿਲਾਕਰਹੁਕਮਦਿ
ਤਾਕਿਇਸਰੁਪਏਨਾਲਰਣਧੀਰਕਾਲਜਤੇਰਣਧੀਰਦੁਆਈਖਾਨਾਯਾਦਗਾਰਬਣ
ਜਾਏ।ਸੋਈਬੀਹਜਾਰਰੁਪਏਨਾਲਕਾਲਜਦਾਮਕਾਨਤੇਪੰਜਹਜਾਰਨਾਲਦੁਆਈਖ
ਾਨਾਬਣਗਏ।ਬਾਕੀਦੋਲਾਖਰੁਪਏਦੇਪ੍ਰਾਮਸਰੀਨੋਟਲੈਕੇਸਰਕਾਰੀਬੈਂਕਵਿਚਰੱਖ
ਦਿਤੇਜਿਨਾਂਦਾਬਿਆਜਦਸਹਜਾਰਰੁਪਿਆਹਰਸਾਲਆਜਾਂਦਾਹੈ।ਜਿਸਤੇਂਕਾਲਜ
ਤੇਦੁਵਾਈਖਾਨੇਦਾਚੰਗਾਕੰਮਚਲਰਿਹਾਹੈ।——— ਰਾਜੇਖੜਕਸਿੰਘਨੇਭੀ
ਆਪਣੀਪ੍ਰਜਾਦੇਖੁਸੀਨਾਮੇਨੂੰਸੁਣਕੇਬਹੁਤਪ੍ਰਸੰਨਹੋਕਰਸਭਨੂੰਤਸੱਲੀਦੇਕੇਐਸਾ
ਖੁਸੀਕੀਤਾਕਿਲੋਕਾਂਨੂੰਰਾਜੇਰਣਧੀਰਸਿੰਘਦੇਬਿਓਗਦਾਦੁਖਘਟਗਿਆ।ਗੱਦੀਬੈ
ਠਦੇਹੀਪੱਚੀਹਜਾਰਰੁਪਿਆਜੁਦਾਰੱਖਕੇਗਵਰਨਮਿੰਟਨੂੰਆਖਿਆਕਿਮੈਂਚਾਹੁੰਦਾਹਾਂਇਸ
ਰੁਪਏਨਾਲਸਰਡੋਨਲਡਮੈਕਲੋਡਸਾਹਿਬਬਹਾਦਰਲਫਟੈਨੰਟਗਵਰਨਰਪੰਜਾਬਦੇ
ਨਾਮਪਰਕੋਈਯਾਦਗੀਰੀਕਾਇਮਰਹੇ।ਇਸਪਰਲਾਟਸਾਹਿਬਨੇਖੁਸੀਹੋਕੇਇਹ
ਰਾਇਦਿਤੀਕਿਏਹਰੁਪਿਆਜਮਾਂਰਹੇ।ਇਸਦੀਆਮਦਨੀਸੂਦਵਿਚੋਂਓਨਾਂਲੋਕਾਂਨੂੰਇ
ਨਾਮਦਿੱਤਾਜਾਯਾਕਰੇਜੋਪੰਜਾਬੀਜਬਾਨਦੀਉੱਨਤੀਤੇਕਾਇਮੀਵਾਸਤੇਕੋਈਕਤਾਬ
ਦੇਸੀਜਬਾਨਵਿੱਚਬਣਾਯਾਕਰਨ।ਜਰਾਪਏਤੋਜੋਹੋਰਬੀਕਈਕੰਮਰਾਜੇਖੜ

Digitized by Panjab Digital Library | www.panjabdigilib.org

੧੮ ਗ ਸਿੰਘ ਨੇ ਚੰਗੇ ਚੰਗੇ ਕੀਤੇ ਪਰ ਅਫਸੋਸ ਹੈ ਕਿ ਉਸ ਦੀ ਬੁੱਧੀ ਤੇ ਜੁਸੇ ਦੀ ਤਾਕਤ ਨੂੰ ਅਧਿਕ ਸਰਾਬ ਦੇ ਪੀਣੇ ਨੇ ਖਰਾਬ ਕਰ ਦਿੱਤਾ ਸੱਚ ਪੁੱਛੋ ਤਾਂ ਇਸ ਦਾ ਨਾਮ ਦਾਰੂ ਹੈ। ਜੋ ਕੋਈ ਦਾਰੂ ਸਮਝ ਕੇ ਵਰਤਦਾ ਹੈ। ਉਸ ਦੇ ਸਰੀਰ ਦੀ ਤਾਕਤ ਤੇ ਬੁੱਧੀ ਤਾਂ ਵਧਾ ਕਰ ਦਿੰਦੀ ਹੈ ਜੋ ਸਰਾਬ ਜਾਣ ਕੇ ਅਧਿਕ ਪੀਂਦਾ ਹੈ। ਉਸ ਦਾ ਲੋਕ ਪਰਲੋਕ ਦੋਵੇਂ ਨਾਸ ਕਰ ਸੁੱਟਦੀ ਹੈ। ਇਹ ਬਾਤ ਅਨੇਕ ਜਗਾਂ ਦੇਖੀ ਗਈ ਹੈ। ਬਲਕਿ ਹੋਰ ਕੌਮਾਂ ਸਲੋਂ ਸਿੱਖਾਂ ਦੀ ਕੌਮ ਵਿੱਚ ਬਹੁਤ ਨੌਜਵਾਨ ਰਈਸ ਅਧਿਕ ਸਰਾਬੀ ਖਰਾਬੀਆਂ ਵਿੱਚ ਪੈ ਕੇ ਅੰਤ ਨੂੰ ਆਪ ਹੀ ਸਰਾਬ ਦਾ ਕਬਾਬ ਬਣ ਕਰ ਅਮੋਲਕ ਜਿੰਦਗੀ ਤੋਂ ਹੱਥ ਧੋ ਬੈਠਦੇ ਰਹੇ ਹਨ। ਤਾਂ ਹੀ (ਅਤੀ ਸਰਬਤ੍ਰ ਵਰਜੇਤ) ਸਾਸਤ੍ਰਾਂ ਵਿਚ ਲਿਖਿਆ ਹੈ। —

ਰਾਜੇ ਖੜਗ ਸਿੰਘ ਦੇ ਇਲਾਜ ਮੈਂ ਫਰਕ ਤੇ ਰੋਕਰ ਕੌਂਸਲ ਮੁਕੱਰਰ ਹੋਈ

ਅਬ ਰਾਜੇ ਖੜਗ ਸਿੰਘ ਨੂੰ ਥੋੜ੍ਹੇ ਹੀ ਚਿਰ ਵਿੱਚ ਸਰਾਬ ਨੇ ਚਰ ਲੈਆ ਤੇ ਅਕਲ ਮਾਰੀ ਗਈ। ਥੋੜੇ ਸਮੇਂ ਕੇ ਅਹਿਲਕਾਰਾਂ ਨੂੰ ਗਾਲੀਆਂ ਦੇਣੇ ਸੁਰੂ ਹੋ ਪਿਆ। ਅੰਤ ਨੂੰ ਵੈਸਾਖ ਸੰ: ੧੮੩੧ ਬਿ: ਕੋ ਭਾਗ ਜੂਰ ਦੇ ਪਹਾੜ ਨੂੰ ਜਾਂਦਾ ਹੋਇਆ ਹੁਸਿਆਰ ਪੁਰ ਪਹੁੰਚ ਕੇ ਕਮਲਾ ਹੋ ਗਿਆ। (ਪਾਗਲ) ਬਥੇਰੇ ਇਲਾਜ ਹੋਏ ਜਰ ਫਾਇਦਾ ਨ ਹੁੰਦਾ ਦੇਖਿਆ ਤਾਂ ਗਵਰਨਮਿੰਟ ਨੇ ਰਿਆਸਤ ਦੇ ਕਾਰਬਾਰ ਚਲਾਉਣ ਵਾਸਤੇ ਕੌਂਸਲ ਆਫ਼ ਰੀਜੈਂਸੀ ਕਾਇਮ ਕਰ ਦਿੱਤੀ ਜਿਸ ਵਿੱਚ ਵਡੇ ਅਹਿਲਕਾਰੀਆਂ ਗੁਲਾਮ ਜੀਲਾਨੀ ਦੀਵਾਨ ਰਾਮ ਜਸ[2] ਦੀਵਾਨ ਥੋਜ ਨਾਥ ਏਹ ਤਿਨ ਮਿੰਬਰ ਹੋਏ। ਇਨਾਂ ਨੇ ਕੀਮ ਤਾਂ ਰਿਆਸਤ ਦਾ ਬਹੁਤ ਚੰਗਾ ਚਲਾਇਆ ਪਰ ਗਵਰਨਮਿੰਟ ਨੇ ਕੌਂਸਲ ਦੀ ਜਗਾਂ ਰਿਆਸਤ ਦੇ ਬੰਦੋਬਸਤ ਰੱਖਣ ਵਾਸਤੇ ਸਰ ਲੇਪਲ ਗ੍ਰਿਫਨ ਸਾਹਿਬ ਨੂੰ ਸੁਪ੍ਰਿੰਟੈਂਡੈਂਟ ਦੇ ਉਹਦੇ ਪਰ ਰਿਆਸਤ ਕਪੂਰਥਲੇ ਵਾਸਤੇ ਚੁਣ ਕੇ ੧੮ ਅਪ੍ਰੈਲ ਸ: ੧੮੭੫ ਈ: ਰੋ ਕਾਇਮ ਕੀਤਾ ——

ਅੰਗ੍ਰੇਜ਼ ਅਫਸਰ ਹੋਣਾ ਕੌਂਸਲ ਪਰ

[1]ਰਾਜਾ ਖੜਗ ਸਿੰਘ ਤਿਨ ਬਰਸ ਤਕ ਉਸੇ ਖਫ

੧ ਨੋਟ ਸਫ਼ਾ ੬੫੫ | ਉਥੇ ਹੀ ਮਹਾਰਾਜੇ ਦਲੀਪ ਸਿੰਘ ਦੀ ਮਾਈ ਰਾਣੀ ਜਿੰਦ ਕੌਰ ਦੀ ਸਮਾਧ ਹੈ। ਜੋ ਦਲਾਪਤ ਸੈਲਿਆਕਰ ਏਥੇ ਹੀ ਦਾਹ ਕੀਤੀ ਗਈ ਸੀ — ਹਜਾਰਾਂ ਪੀਰ ਦੀ ਸਮਾਧ ਉੱਤੇ ਗੈਬਜਾਹਿਬ ਖੁਲਦਾ ਹੈ। ਐਹ ਕੁਛ ਸਰਾਬਤ ਵੀ ਗਰੀਬ ਗੁਰਬੇ ਨੂੰ ਮਿਲਦਾ ਹੈ। ਕਪੂਰਥਲੇ ਦੀ ਰੀਤ।

੨ ਦੀਵਾਨ ਰਾਮ ਜਸ ਕਪੂਰਥਲੇ ਵਿੱਚ ਏਸ ਰਿਆਸਤ ਦਾ ਸੱਚਾ ਖੈਰ ਖੁਾਹ ਨਿਮਕ ਹਲਾਲ ਇਕ ਬਡਾ ਉਘਾ ਪੁਰਾਣਾ ਅਹਿਲਕਾਰ ਹੈ। ਜਿਸ ਦੇ ਸਮਾਨ ਅਕਲ ਦਾ ਤੇ ਰਾਜਨੀਤੀ ਦਾ ਪੁਤਲਾ ਪਰਮ ਭਗਤ ਭਜਨੀ ਮੂਰਤ ਨਿਮ੍ਰਤਾ ਆਦਿਕ ਦੈਵੀ ਗੁਣਾਂ ਦੀ ਸੂਰਤ ਇਆਨਦਾਰ ਮਾਨਸੀ ਦੂਜਾ ਕੋਈ ਅਹਿਲਕਾਰ ਹਿੰਦੁਸਤਾਨੀ ਰਿਆਸਤਾਂ ਵਿੱਚ ਹੋਰ ਕੋਈ ਨਹੀਂ ਹੈ। ਜਦੀਪ ਏਸ ਦੇ ਵਡੇ ਵੀ ਏਸੇ ਰਿਆਸਤ ਵਿੱਚ ਨੌਕਰ ਸੇ। ਪਰ ਸੰ: ੧੮੭੧ ਬਿ: ਕੋ ਨੌਕਰ ਹੋ ਕੇ ਆਪਣੀ ਨੇਕਨੀਅਤੀ ਇਆਨਦਾਰੀ ਹੁਸਿਆਰੀ ਦੀਆਂ ਖਿਜਮਤ

(ਮੁਤਾਬਿਕ)

Digitized by Panjab Digital Library | www.panjabdigilib.org

ਕਨਰੀ ਮਰਜ਼ ਵਿੱਚ ਬੀਮਾਰ ਰਹਿਕੇ ਉਮਰ ੨੨ ਵਰ੍ਹੇ ਸੰ: ੧੯੨੭ ਬਿ: ਤੇ ੫ ਸਤੰਬਰ ਸ: ੧੮੭੦ ੧੯
ਈ: ਕੋ ਭਰ ਜਵਾਨੀ ਦੇ ਮਰਨ ਪਰ ਇਸ ਝੂਠੀ ਦੁਨੀਆਂ ਤੋਂ ਕੂਚ ਕਰਕੇ ਸੱਚ ਖੰਡ ਮੇਂ ਚਲਾ ਗਿਆ ਲੋਥ
ਉਸ ਦੀ ਕਪੂਰਥਲੇ ਲੈ ਜਾ ਕਰ ਜਲਾਈ ਗਈ।——

ਖੜਕ ਸਿੰਘ ਦਾ ਮਰਨਾ।

ਰਾਜਾ ਖੜਕ ਸਿੰਘ ਦੇ ਗੁਜਰੇ ਪਿਛੋਂ ਉਸ ਦਾ ਪੁੱਤ੍ਰ ਰਾਜਾ ਜਗਜੀਤ ਸਿੰਘ ਜੋ ੨੩ ਨਵੰਬਰ ਸ:
੧੮੭੨ ਈ: ਕੋ ਪੈਦਾ ਹੋਇਆ ਸੀ ਪਾਂਚ ਬਰਸ ਕੀ ਉਮਰ ਮੇਂ ੧੬ ਨਵੰਬਰ ਸੰ: ੧੮੭੭ ਈ: ਕੋ
ਗੱਦੀ ਉੱਤੇ ਬੈਠਾ। ਸਰ ਏਜਰਟਨ ਸਾਹਿਬ ਬਹਾਦੁਰ ਲਫਟੈਨਟ ਗਵਰਨਰ ਪੰਜਾਬ ਨੇ ਆਪ ਸੱ
ਤਕ ਅਹੁਦੇਦਾਰ ਸਾਹਿਬਾਂ ਤੇ ਲੋਕੀਆਂ ਸਮੇਤ ਕਪੂਰਥਲੇ ਜਾਕਰ ਰਾਜੇ ਜਗਜੀਤ ਸਿੰਘ ਨੂੰ
ਗਵਰਨਮੈਂਟ ਦੀ ਤਰਫੋਂ ਖਿਲਤ ਮਸਨਦ ਨਸ਼ੀਨੀ ਦਾ ਦਿੱਤਾ ਫੇਰ ਹੋਰ ਮਹਾਰਾਜਿਆਂ ਰਾਜ
ਆਂ ਦੇ ਖਿਲਤ ਪੱਗ ਦੁਸਾਲੇ ਹੋਏ। ਬੜੀ ਧੂਮ ਧਾਮ ਦੇ ਤਮਾਸ਼ੇ ਨਾਚ ਰੰਗ ਰਾਗ ਕਈ ਦਿਨ ਹੁੰ
ਦੇ ਰਹੇ।— ਰਾਜਾ ਸਾਹਿਬ ਦੀ ਬਾਲ ਅਵਸਥਾ ਦੇ ਸਬਬ ਕਰਕੇ ਰਿਆਸਤ ਕਪੂਰਥਲੇ
ਦੇ ਇੰਤਜਾਮ ਵਾਸਤੇ ਏਹ ਅੰਗ੍ਰੇਜ਼ ਸੁਪ੍ਰੰਟੈਂਡੰਟ ਰਹੇ।:— ੧੮ ਅਪ੍ਰੈਲ ਸੰ: ੧੮੭੫ ਈ:
ਤੋਂ ੧ ਫਰਵਰੀ ਸੰ: ੧੮੭੮ ਈ: ਤਕ ਸਰ ਲੇਪਲ ਗ੍ਰਿਫਨ ਸਾਹਿਬ।[1] ੧੬ ਫਰਵਰੀ ਸ:
੧੮੭੬ ਈ: ਸੇਂ ੬ ਫਰਵਰੀ ਸੰ: ੧੮੭੮ ਈ: ਤਕ ਮਿਸਟਰ ਸੂਟਰ ਸਾਹਿਬ।[2] ੭ ਫਰ
ਵਰੀ ਸੰ: ੧੮੭੮ ਈ: ਤੋਂ ੭ ਮਈ ਸ: ੧੮੮੩ ਈ: ਤਕ ਮਿਸਟਰ ਡਬਲਯੂ ਲੇਕ ਸਾਹਿਬ।[3]
੮ ਮਈ ਸੰ: ੧੮੮੩ ਈ: ਤੋਂ ਲੈਕਰ ੧੩ ਫਰਵਰੀ ਸੰ: ੧੮੮੪ ਈ: ਤਕ ਅਸ ਡਬਲਯੂ
ਫਰੇਅਰ ਸਾਹਿਬ।[4] ੧੪ ਫਰਵਰੀ ਸੰ: ੧੮੮੪ ਈ: ਸੇ ੩ ਨਵੰਬਰ ਸੰ: ੧੮੮੫ ਈ: ਤਕ
ਮਿਸਟਰ ਜਾਰਜ ਚਾਰਲਸ ਸਾਹਿਬ।[5] ੫ ਨਵੰਬਰ ਸੰ: ੧੮੮੫ ਸੇ ਲੈਕਰ ਅਗਸਤ

ਰਾਜੇ ਜਗਜੀਤ ਸਿੰਘ ਦਾ ਗੱਦੀ ਬੈਠਣਾ

ਸਫੇ ੬੫੮ ਦੀ ਬਾਕੀ | ਨਾਲ ਆਪਣੇ ਮਾਲਕ ਨੂੰ ਐਸਾ ਖੁਸ਼ੀ ਕੀਤਾ ਬਡੇ ੨ ਇਤਬਾਰ ਦੇ ਕੰਮ ਇਸ ਦੇ
ਸਪੁਰਦ ਬਹੁਤ ਹੁੰਦੇ ਰਹੇ। ਰਾਜਾ ਰਣਧੀਰ ਸਿੰਘ ਏਸ ਦੀ ਇਜ਼ਤ ਕਰਦੇ ਰਹੇ ਜਬ ਅਹਿਲਕਾਰਾਂ ਨਾਲੋਂ
ਬਧਕੇ ਕਰਦੇ ਤੇ ਕੰਮ ਬੀ ਜੋ ਬੜਾ ਖਰਾ ਔਖਾ ਹੁੰਦਾ ਸਾਰੀ ਮੁਲਕੀ ਜੰਗੀ ਸਬ ਏਸੇ ਦੇ ਸਪੁਰਦ ਕਰਦਾ ਰ
ਹਿਆ। ਸੰ: ੧੯੧੪ ਬਿ: ਕੇ ਵਿਲਾਇਤ ਅਵਧ ਦੀਆਂ ਸਭ ਜੰਗਾਂ ਲੜਾਈਆਂ ਵਿਚ ਅਨੇਕ ਤਰਾਂ ਦੀਆਂ ਬਲ
ਵੰਤੇ ਮਰਦਾਂ ਦੇ ਹਥ ਦਿਖਲਾਏ ਏਸੇ ਨੂੰ ਲਾਇਕ ਜਾਣਕੇ ਰਾਜੇ ਨੇ ਆਪਣਾ ਸਾਥੀ ਰਫੀਕ ਵਕਤ ਬਣਾਈ ਰੱਖਿਆ
ਉਨੇਂ ਖਿਦਮਾਤਾਂ ਦੇ ਬਦਲੇ ਸਰਕਾਰ ਅੰਗ੍ਰੇਜ਼ੀ ਨੇ ਇਸ ਨੂੰ ਵਿਕਤਮਾ ਤੇ ਖਿਲਤ ਬਖਸ਼ਿਆ——
ਫੇਰ ਸੰ: ੧੯੨੬ ਬਿ: ਕੇ ਮੁਹਿੰਮ ਕਾਬਲ ਪਰ ਏਸ ਨੂੰ ਫੌਜ ਦਾ ਬੜਾ ਅਫਸਰ ਬਣਾਕੇ ਭੇਜਿਆ ਸੀ ਜਿ
ਸ ਨੇ ਨਿਮਕ ਹਲਾਲੀ ਕੀਤੀ ਸਰਕਾਰ ਅੰਗ੍ਰੇਜ਼ੀ ਸੇ ਔਰ ਇਕ ਤਮਗਾ ਕੈਸਰੀ (ਸਟਾਰ ਆਫ ਇੰਡੀਆ)
ਤੇ ਇੱਕ ਖਿਲਤ ਅਤੇ ਖਤਾਬ ਸੀ ਐਸ ਆਈ, ਸਰਕਾਰ ਸੇ ਦੀਵਾਨ ਰਾਮਜਸ ਨੂੰ ਮਿਲਿਆ — ਜਦ ਰਾਜੇ

Digitized by Panjab Digital Library | www.panjabdigilib.org

੧੨੦ ਸੰ: ੧੮੮੬ ਈ: ਤਕ ਮਿਸਟਰ ਐਂਡਰਸਨ ਸਾਹਿਬ। ਅਗਸਤ ਸੰ: ੧੮੮੬ ਈ: ਸੈਂ ੨੩ ਨਵੰਬਰ ਸੰ: ੧੮੯੦ ਈ: ਤਕ ਮੇਜਰ ਮੇਸੀ ਸਾਹਿਬ ਰਹੇ। ਅਬ ਰਾਜਾ ਜਗਜੀਤ ਸਿੰਘ ਸਾਹਿਬ ਅੰਗ੍ਰੇਜ਼ੀ ਫਾਰਸੀ ਗੁਰਮੁਖੀ ਵਿੱਦਿਆ ਪੜ੍ਹ ਕੇ ਹੋਸ਼ਿਆਰ ਹੋਏ ਸਬ ਤਰਾਂ ਸੈਂ ਜਬ ਅਪਣੀ ਰਿਆਸਤ ਦੇ ਕੰਮਾਂ ਨੂੰ ਸੰਭਾਲ ਲੈਣ ਦੀ ਲਾਇਕ ਦੇਖੇ ਤੌ ਸਰ ਜੇਮਸ ਲਾਇਲ ਸਾਹਿਬ ਬਹਾਦੁਰ ਲਫਟੈਨ ਗਵਰਨਰ ਪੰਜਾਬ ਨੇ ੨੪ ਨਵੰਬਰ ਸੰ: ੧੮੯੦ ਈ: ਕੋ ਰਿਆਸਤ ਦਾ ਕੁਲ ਇਖਤਿਆਰ ਰਾਜੇ ਜਗਜੀਤ ਸਿੰਘ ਨੂੰ ਦੇ ਕਰ ਉਪਦੇਸ਼ ਕੀਤਾ ਪ੍ਰਜਾ ਦੀ ਰੱਖਿਆ ਸਾਫ ਇਨਸਾਫ ਨਾਲ ਕਰਨੀ ਤੇ ਅਪਣੇ ਅਹਿਲਕਾਰ ਦੀਵਾਨ ਰਾਮਜਸ, ਮਥਰਾਦਾਸ, ਸਰਦਾਰ ਭਗਤ ਸਿੰਘ ਆਦਿਕਾਂ ਦੀ ਸਲਾਹ ਰਿਆਸਤ ਦੇ ਕੰਮਾਂ ਵਿੱਚ ਲੈਂਦੇ ਰਹਿਣਾ ਤੇ ਨੇਕ ਚਾਲ ਚਲਣ ਕਾਇਮ ਰਹਿਣੇ ਦਾ ਖਿਆਲ ਹਰ ਵਕਤ ਰੱਖਣਾ। ਸੰ: ੧੯੪੭ ਬਿ: ਕੋ ਰਾਜਾ ਜਗਜੀਤ ਸਿੰਘ ਸਾਹਿਬ ਨੇ ਹੁਕਮ ਦੀ ਬਾਗ ਹੱਥ ਵਿੱਚ ਲੈਂਦੇ ਸਾਰ ਅਪਣੇ ਲਾਇਕ ਲਾਇਕ ਅਹਿਲਕਾਰਾਂ ਦੀ ਕਦਰ ਸਨਾਸੀ ਕਰ ਕੇ ਤਲਬਾਂ ਬਧਾ ਕਰ ਜੋ ਜੋ ਹੋਰ ਕੋਈ ਤਦਬੀਰ ਮੁਲਕ ਦੀ ਤੇ ਰਿਆਸਤ ਦੀ ਉੱਨਤੀ ਕਰਨ ਲਈ ਸੁੱਝੀ ਸੋ ਬੀ ਕੀਤੀ ਗਈ — ਫੇਰ ਬੰਬਈ, ਕਲਕੱਤਾ ਆਦਿਕ ਹਿੰਦੁਸਤਾਨ ਦੇ ਉਜਾਗਰ ੨ ਸ਼ਹਿਰਾਂ ਦਾ ਸੈਲ ਕੀਤਾ ਕਿਉਂਕਿ ਦੇਸ ਪਰਦੇਸ ਦੇ ਫਿਰਨੇ ਤੋਂ ਬੀ ਅਕਲ ਬਧਦੀ ਹੈ। ਜੈਸੇ ਰਾਜਾ ਭੋਜ ਦਾ ਬਚਨ ਹੈ। "ਦੇਸਾਟਨੰ ਪੰਡਤ ਮਿਤ੍ਰਤਾ ਚ ਬਾਰਗਣਾ ਰਾਜ ਸਭਾ ਪ੍ਰਵੇਸਾ। ਅਨੇਕ ਸਾਸਤ੍ਰਾਣੀ ਬਿਲੋਕਣੀ ਚਾਤੁਰ ਮੂਲਾਨੀ ਭਵੰਤਿ ਪੰਚ:" ਸੰ: ੧੮੯੧ ਈ: ਵਿੱਚ ਖਾਲਸਾ ਕਾਲਜ ਦੀ ਕਾਇਮੀ ਵਾਸਤੇ ਇੱਕ ਲਾਖ ਰੁਪਿਆ ਚੰਦੇ ਵਿੱ

੧ ਪਿਛਲੇ ਸਫੇ ਦੀ ਬਾਕੀ — ਰਣਧੀਰ ਸਿੰਘ ਨੇ ਬੀ ਅਵਧ ਮੇਂ ਇਲਾਕਾ ਮਿਲਣ ਸਮੇਂ ਉਥੋਂ ਦੇ ਬੰਦੋਬਸਤ ਕਰਨ ਜੋਗ ਈਸ਼ਰਦਾਸ ਬਨੀ ਬੰਤੀ ਲਾਇਕ ਸਮਝ ਕੇ ਉਸੇ ਨੂੰ ਉਥੇ ਭੇਜਿਆ। ਜਿਥੇ ਕਈ ਸਾਲ ਰਹਿ ਕੇ ਉਸ ਨੇ ਐਸਾ ਕੰਮ ਕੀਤਾ ਜੋ ਪ੍ਰਜਾ ਬੀ ਖੁਸ਼ ਰੱਖੀ ਤੇ ਰਾਜਾ ਦੀ ਰਈ ਬੀ ਬਹੁਤ ਕੀਤੀ। ਪਰ ਸਾਲ ਤਕ ਉਸ ਦੀਵਾਨ ਰਾਮਜਸ ਨੇ ਰਿਆਸਤ ਕਪੂਰਥਲੇ ਦੇ ਕੰਮ ਬਹੁਤ ਤਨ ਦੇ ਕੇ ਨਿਮਕ ਹਲਾਲੀ ਦੇ ਸਾਥ ਕੀਤੇ — ਆਖਰ ਜਦ ਉਸ ਨੇ ਸਬ ਕੰਮ ਧੰਦੇ ਛੱਡ ਕੇ ਕਾਸ਼ੀ ਨਿਵਾਸ ਕਰਨ ਦੀ ਪੱਕੀ ਮਨਸਾ ਕੀਤੀ ਤਾਂ ੧ ਅਗਸਤ ਸੰ: ੧੮੭੦ ਈ: ਕੋ ਕ੍ਰਿਪਾ ਪਾਤ੍ਰ ਕੇ ਵਾਇਸ ਸਾਹਿਬ ਸੁਪਰਿੰਟੈਂਡੈਂਟ ਰਿਆਸਤ ਨੇ ਦੀਵਾਨ ਰਾਮਜਸ ਦੀ ਪੈਨਸਨ ਕਰ ਕੇ ਉਸ ਦੇ ਬੇਟੇ ਦੀਵਾਨ ਮਥਰਾਦਾਸ ਨੂੰ ਜੋ ਇਲਾਕੇ ਅਵਧ ਦੇ ਇੰਤਜ਼ਾਮ ਵਿੱਚ ਸੀ ਉਸ ਦੀ ਜਗਾਂ ਦੀਵਾਨ ਬਣਾ ਦਿੱਤਾ ਜੋ ਅਬ ਤਿਸੀ ਅਹੁਦੇ ਪਰ ਕਾਇਮ ਹੈ। ਔਰ ਦੀਵਾਨ ਰਾਮਜਸ ਦੀ ਰਾਇ ਹਰ ਏਕ ਮਾਮਲੇ ਰਿਆਸਤ ਵਿੱਚ ਲਈ ਜਾਂਦੀ ਹੈ ਤੇ ਸਬ ਪਰ ਗਾਲਬ ਆਉਂਦੀ ਹੈ। ਸਬਬ ਕੇ ਉਸ ਨੂੰ ਪੁਰਾਣਾ ਅਹਿਲਕਾਰ ਲਾਇਕ ਸਮਝ ਕੇ ਦੂਸਰੀਆਂ ਰਿਆਸਤਾਂ ਵਾਲੇ ਬੀ ਕਿਸੇ ੨ ਅਪਣੇ ਮਾਮਲੇ ਵਿੱਚ ਉਸੇ ਦੀ ਰਾਇ ਲੈਂਦੇ ਰਹਿੰਦੇ ਹਨ ਤੇ ਪ੍ਰਸਿੱਧ ਕਰਦੇ ਹਨ। —

Digitized by Panjab Digital Library | www.panjabdigilib.org

ਰ ਦਿੱਤਾ ਜੋ ਰਾਜਾ ਸਾਹਿਬ ਦੇ ਲੋਕ ਪ੍ਰਲੋਕ ਵਿੱਚ ਸੁਜਸ ਤੇ ਸੁਖ ਦੀ ਬ੍ਰਿਧੀ ਦਾ ਕਾਰਣ ਹੋਊ ੧੨੧
ਦਾਰਤਾ ਦਾ ਨਮੂਨਾ ਹੈ। ਏਹ ਰਾਜਾ ਸਾਹਿਬ ਰਾਜਸਾਜ ਦੇ ਕੰਮਾਂ ਵਿੱਚ ਜਬਤ ਰੱਖਣ ਵਾਲੇ ਤੇ ਨਰ
ਮ ਦਿਲ ਉੱਦਾਰ ਪੂਰੇ ਪੂਰੇ ਸੁਪ੍ਰਬੰਧਕ ਔਰ ਸੂਬੇ ਸਾਰੇ ਸਭ ਕਿਸੇ ਨੂੰ ਜਣਾਈ ਤੇ ਇਨਸਾਫ ਦੇ ਚਾਲ
ਚਲਨ ਨੂੰ ਬਹੁਤ ਪਸਿੰਦ ਕਰਦੇ ਹਨ। ਹੰਕਾਰ ਤੇ ਕ੍ਰੋਧ ਜਬਰ ਜੁਲਮ ਗਰੂਰ ਕਰੂਰਤਾਈ ਕੌੜ
ਬੋਲਣਾ ਕਿਸੀ ਕੋ ਬਿਨਾ ਕਾਰਣ ਸੰਤਾਪ ਦੇਣਾ ਇਤਿਆਦਿਕ ਕੋਈ ਖਸਲਤ ਬੀ ਏਸ ਰਾਜੇ ਦਿ
ਲ ਬੁਰੀ ਨਹੀਂ। ॥ ੧੧ ਮਈ ਸ: ੧੮੯੨ ਈ: ਮੁਤਾਬਕ ਜੇਠ ੬ ਸੰ: ੧੯੪੯
ਬਿ: ਰਾਜਾ ਸਾਹਿਬ ਦੇ ਘਰ ਰਿਆਸਤ ਦਾ ਮਾਲਿਕ ਟਿੱਕਾ ਪੈਦਾ ਹੋਯਾ ਸਭ ਨੇ ਬਹੁਤ ਖੁਸੀ ਮਨਾ
ਈ, ਗਰੀਬ ਗੁਰਬੇ ਨੂੰ ਖੈਰਾਤ ਪੁੰਨ ਦਾਨ ਬਹੁਤ ਹੋਏ। ਉਸ ਤੋਂ ਦੂਜੇ ਦਿਨ ਬੜਾ ਭਾਰੀ ਜਲਸਾ ਕੀ
ਤਾ ਜਿਸ ਵਿੱਚ ਮਹਾਰਾਜਾ ਪਟਿਆਲਾ ਬੀ ਸਾਮਿਲ ਹੋ ਗਏ ਸੇ। ਕਈ ਹਜਾਰ ਰੁਪਏ ਦਾ ਬਖ਼ਸ਼
ਸ਼ੀਆਂ ਨੂੰ ਦਿੱਤਾ ਗਿਆ। ਇੱਕ ਦਿਨ ਸਰਦਾਰ ਭਗਤ ਸਿੰਘ ਵਜੀਰ ਰਿਆਸਤ ਨੇ ਦੂਜੇ ਦਿਨ ਦੀਵ
ਨ ਰਾਮਜਸ ਸਾਹਿਬ ਸੀ, ਏਸ, ਆਈ, ਨੇ ਜਲਸੇ ਕੀਤੇ ਜਿਨ੍ਹਾਂ ਵਿੱਚ ਵਾਲੀ ਪਟਿਆਲਾ ਤੇ ਵਾ
ਲੀ ਕਪੂਰਥਲਾ ਉਨ੍ਹਾਂ ਦੇ ਮਕਾਨਾਂ ਉੱਤੇ ਕ੍ਰਿਪਾ ਕਰਕੇ ਗਏ। ਜਿਸ ਤੋਂ ਏਨ੍ਹਾਂ ਦੋਹਾਂ ਅਹਿਲਕਾਰਾਂ ਨੂੰ
ਬਹੁਤ ਨੇਕ ਨਾਮੀ ਤੇ ਇੱਜਤ ਪ੍ਰਾਪਤ ਹੋਈ —— ਕਪੂਰਥਲੇ ਵਿੱਚ ਲਾਇਕ ਦੀਦ ਇੱਕ ਸਾਲ
ਮਾਰ ਬਾਗ ਹੈ ਜੋ ਰਾਜਾ ਫਤੇ ਸਿੰਘ ਨੇ ਬਣਾਯਾ ਸੀ। ਤੇ ਮਹਾਰਾਜਾ ਰਣਜੀਤ ਸਿੰਘ ਬੀ ਆ
ਆ ਕਰ ਉਸੇ ਹੀ ਉਤਰਿਆ ਕਰਦੇ — ਦੂਜਾ ਕਚਹਿਰੀ ਘਰ ਹੈ ਜੋ ਅੱਠ ਲਾਖ ਰੁਪਯਾ ਖਰਚ ਹੋ
ਕੇ ਰਾਜਾ ਜਗਜੀਤ ਸਿੰਘ ਦੇ ਸਮੇ ਸਾਹਿਬ ਸੁਪਰਿੰਟੈਂਡੈਂਟ ਦੀ ਤਜਵੀਜ ਨਾਲ ਸ: ੧੮੯੦ ਈ: ਕੋ ਤੈਯਾ
ਰ ਹੋਯਾ ਹੈ। ਉਸ ਵਿੱਚ ਏਸ ਰਾਜੇ ਦੀ ਆਗਯਾ ਨਾਲ ਬਿਜਲੀ ਦੀ ਰੋਸਨੀ ਰਾਤ ਨੂੰ ਰੋਜ ਹੁੰਦੀ ਹੈ।
ਜਿਸ ਦਾ ਚਾਨਣਾ ਦਿਨ ਜੈਸਾ ਹੁੰਦਾ ਹੈ। ਓਹ ਬਿਜਲੀ ਬੀ ਰੋਜ ਦੀ ਰੋਜ ਉਥੇ ਥੋੜੀ ਸੀ ਦੂਰ ਬਾਗ
ਵਿੱਚ ਬਣਦੀ ਹੈ। ਇਸ ਕਚੈਹਰੀ ਘਰ ਦੇ ਚੁਫੇਰੇ ਕਈ ਕਮਰੇ ਬੜੇ ੨ ਅਦਾਲਤਾਂ ਦੇ ਹਨ। ਔਰ
ਰਣਧੀਰ ਕਾਲਜ ਕੋਠੀ ਬਾਗ ਬਗੀਚੇ ਹੁਣ ਬਹੁਤ ਚੰਗੀ ਰੌਣਕ ਤੇ ਸਜਾਈ ਦੇ ਰਿਆਸਤ
ਕਪੂਰਥਲੇ ਮੇਂ ਅਜੇ ਦੇਖੀਦੇ ਹਨ ਜਿਸ ਦੇ ਸਮਾਨ ਹੋਰ ਹੋਰ ਰਿਆਸਤਾਂ ਤੇ ਸਹਿਰਾਂ ਵਿੱਚ ਬਹੁਤ
ਘੱਟ ਹੋਣਗੇ। ——

Digitized by Panjab Digital Library | www.panjabdigilib.org

੧੨੨

# ॥ ੧੧। ਮਿਸਲ ਫੂਲਕੀਆਂ।

॥ ।ਏਸ ਮਿਸਲ ਦੀ ਭੂਮੀ ਪੱਕੀ ਨੀਊਂ ਗੁਰੂ ਹਰਿਰਾਇ ਸਾਹਿਬ ਦੀ ਸਹਾਇ
ਤਾ ਨਾਲ ਚੌਧਰੀ ਫੂਲ ਤੋਂ ਰਖਾਈ ਹੋਈ ਹੈ। ਜਦਯਪਿ ਏਸ ਮਿਸਲ ਵਿੱਚ ਕੈਥਲ ਵਾਲੇ ਭਾਈ
ਭਗਤੂ ਕੇ ਬੀ ਬੜੇ ਪ੍ਰਤਾਪੀ ਪੁਰਖ ਹੋਏ ਹਨ ਤੇ ਬੀ ਮੁੱਖ ਤਾਂ ਫੂਲਕੀ ਹੈ। ਏਸ ਵਾਸਤੇ ਫੂਲਕੀ ਮਿਸ
ਲ ਲਿਖੀ ਜਾਂਦੀ ਹੈ।

ਚੌਧਰੀ ਫੂਲ ਦੀ ਬਾੜੀ ਮਾਲਵੇ ਦੇਸ ਵਿੱਚ ਜੱਦਯਪਿ ਹੋਰ ਸਾਰੇ ਗੋਤ ਦੇ ਜੰਗਲੀ ਜਿਮੀਦਾਰਾਂ ਤੇ
ਸਿੱਧੂ ਬੈਰਾੜਾਂ ਨਾਲੋਂ ਬੀ ਅਧਕ ਫੈਲੀ ਫੁੱਲੀ ਫੱਬੀ ਫਲੀ ਹੋਈ ਸਰਸਬਜ਼ ਲਹਿਲਹਾ ਕਰ
ਫੁਲਕ ਰਹੀ ਹੈ ਤੋ ਬੀ ਏਸ ਹਰੇ ਭਰੇ ਬਾਗ ਵਿੱਚ ਜੋ ਬਹੁਤ ਬੜੇ ੨ ਸਫਲ ਤੇ ਸੁਖਦ ਸੋਭਨੀਕ
ਬ੍ਰਿਛ ਜਿਨਾਂ ਦੇ ਪ੍ਰਤਾਪ ਨਾਲ ਸਾਰਾ ਮਾਲਵਾ ਦੇਸ ਹੀ ਸੋਭਦਾ ਹੋਯਾ ਬਾਛਤ ਮੇਵਾ ਛਕ ਕਰ ਅ
ਨੰਦ ਭੋਗ ਰਿਹਾ ਹੈ। ਉਹ ਪਟਿਆਲਾ, ਨਾਭਾ, ਜੀਂਦ ਆਦਿਕ ਹਨ। ਏਸ ਵਾਸਤੇ ਪਹਿਲੇ ਏਨਾਂ ਦ
ਬਰਨਨ ਕਰ ਕੇ ਫੇਰ ਭਾਈ ਭਗਤੂ ਦੇ ਖਾਨਦਾਨ ਦਾ ਕਥਨ ਹੋਵੇਗਾ।

ਪੁਨਾ ਜਦਯਪਿ ਫੂਲ ਦੇ ਬਡੇ ਬੇਟੇ ਤਲੋਕ ਸਿੰਘ ਚੌਧਰੀ ਦਾ ਖਾਨਦਾਨ ਰਿਆਸਤ ਨਾਭਾ ਹੈ
ਸਭ ਤੋਂ ਪਹਿਲੇ ਏਸੇ ਦਾ ਬਰਨਨ ਚਾਹੀਦਾ ਸੀ, ਪ੍ਰੰਤੂ ਇੱਕ ਤਾਂ ਰਿਆਸਤ ਬਡੀ ਹੋਣੇ ਕਰ ਦੂਜੇ ਸਰ
ਕਾਰ ਅੰਗ੍ਰੇਜ਼ੀ ਦੇ ਦਰਬਾਰ ਵਿੱਚ ਅੱਵਲ ਦਰਜੇ ਕੁਰਸੀ ਪਟਿਆਲੇ ਵਾਲੇ ਮਹਾਰਾਜੇ ਨੂੰ ਮਿ
ਲਣੇ ਕਰ ਤੀਜੇ ਏਸੇ ਰਿਆਸਤ ਨੂੰ ਮਹਾਰਾਜਗੀ ਦਾ ਖਤਾਬ ਹੋਣੇ ਕਰ ਸਭ ਨੇ ਖਾਨਦਾਨ ਪਟਿ
ਆਲੇ ਦਾ ਹੀ ਬਰਨਨ ਪਹਿਲੇ ਕੀਤਾ ਹੈ— ਏਸ ਵਾਸਤੇ ਏਥੇ ਬੀ ਰਿਆਸਤ ਪਟਿਆਲੇ ਦਾ ਬ੍ਰਿ
ਤਾਂਤ ਪਹਿਲੇ ਲਿਖਿਆ ਜਾਂਦਾ ਹੈ।

(॥ ਪ੍ਰਗਟ ਹੋਣਾ ਸਿੱਧੂ ਬੰਸ ਦਾ॥)

ਮਹਾਰਾਜੇ ਜੈਸ(?)ਲ ਨਾਲ ਸਿੱਧੂ ਬੰਸ ਦੀ ਲੜੀ ਮਿਲਣਾ।

ਹੁਣ ਅਸੀਂ ਸਭ ਤੋਂ ਪਹਿਲੇ ਫੂਲ ਬੰਸੀਲੇ ਗਾਂ ਦੇ ਬਡਿਆਂ ਦਾ ਨਿਕਾਸ ਦਸਦੇ ਹਾਂ— ਏਸ ਸਿੱਧੂ
ਗੋਤ ਜਿਮੀਂਦਾਰ ਦੇ ਸਾਂਝੀ, ਮਿਰਾਸੀਆਂ ਦੀ ਜ਼ਬਾਨੀ ਤੇ ਭੱਟਾਂ ਦੀਆਂ ਬਹੀਆਂ ਤੋਂ ਜਦ ਬਹੁਤ ਸ

ਕੀਟੋਲਭਾਲਕੀਤੀਤਾਂ ਏਸਸਿੱਧੂਗੋਤਦੀਲੜੀਜੈਸਲਮੇਰਵਾਲੇਭਾਟੀਰਜਪੂਤਾਂਨਾਲੀਮਲ ੧੨੩
ਦੀਸਦੀਹੈਸੀਜਿਥੋਂਦੇਗੱਦੀਨਸੀਨਾਂਦੀਬੰਸਾਵਲੀਖਾਨਦਾਨਮਆਸਤਕਪੂਰਥਲੇਦੇਸਿਜਰੇਨਾ
ਲਅਸੀਲਿਖਆਏਹਾਂ—ਜੈਸੇਰਾਜਾਕਪੂਰਥਲੇਵਾਲੇਕਲਾਲਬੀਅਪਣੀਸਾਖਾਮਹਾਂਰਾਜੇ
ਜੈਸਲਨਾਲਮਿਲਾਉਂਦੇਹਨਤੈਸੇਸਿੱਧੂਗੋਤਦੇਜੱਟਬੀਅਪਣੀਬੰਸਾਵਲੀਓਸੇਨਾਲਜਾਮਿਲ ੦
ਾਉਂਦੇਹਨ।ਜਿਸਦਾਸਿਜਰਾਏਹਹੈ।:—



੧੨੪ ॥ ਅਜਾਂਰਾਜੇਜੈਸਲਚੰਦ੍ਰਬੰਸੀਛੱਤ੍ਰੀਭਾਟੀਰਾਜਪੂਤਦੇ(ਜਿਸਦੀਬਾਬਤਭੱਟੀਹੈ।)ਪੁੱਤ੍ਰਾਂਵਿੱਚੋਂ
ਇੱਕਭੀਮਬਲਜਿਸਨੂੰਹੋਮਤੋਲਭੀਆਖਦੇਹਨਸੰ:੧੨੪੨ਬਿ:ਕੋਆਪਣੇਭ੍ਰਾਈਗੱਦੀਨਸ਼ੀਨਨ
ਲਨਰਾਜਹੋਕਰਆਪਣੀਕਿਸਮਤਦੇਅਜਮਾਉਣਲਈਪਚਾਸਕਸੂਰਬੀਰਅਸਵਾਰਾਂਨੂੰਸਾਥ
ਲੈਕੇਗੱਜਨੀਹਜਾਰਓਨੀਚਲਾਆਯਾ।ਓਹੋਪਹਿਲੇਤਾਂਮਹਿਮੂਦਸ਼ਾਹਗਜਨੀਵਾਲਾਕਈਵਾ
ਰੀਏਸਦੇਸਨੂੰਲੁੱਟਪੁੱਟਕੇਲੈਗੈਆਸੀਫੇਰਉਸਦੀਦੇਖਾਦੇਖੀਵਿੱਚੋਂਹੋਰਭੀਬਲੂਚਿਸਤਾਨਤੇ
ਅਫਗਾਨਿਸਤਾਨਦੇਅਨੇਕਛੋਟੇ੨ਭੀਬਾਦਸ਼ਾਹਿੰਦੁਸਤਾਨਉੱਤੇਚੜ੍ਹ੨ਆਉਂਦੇਤੇਲੁੱਟਮਾਰ
ਕਰਕੇਮੁੜਜਾਂਦੇਸਨ।ਏਧਰਅਨੇਕਰਾਜੇਰਾਜਪੂਤਕੋਈਸਿੰਧਮੁਲਕਦਾਕੋਈਪੰਜਾਬਦਾਕੋਈ
ਕਿਤੋਂਦਾ੨ਰਾਜਕਰਦੇਸਨਤੇਦਿੱਲੀਦੇਤਖਤਉੱਤੇਰਾਇਪਥੌਰਾਚੁਹਾਣਰਾਜਪੂਤਸਾਰੇਦੇਸਦੇ
ਰਾਜਿਆਂਉੱਤੇਮਹਾਂਰਾਜਾਸੀ — ਮੁਸਲਮਾਨਾਂਦੇਧਾਵੇਹੋਣੇਕਰਰਾਜੇਰੌਲਾਪੈਰਿਹਾਸੀ।ਹੋਮ
ਤੋਲਨੇਭੀਉਸਰੌਲੇਵਿੱਚਲੁੱਟਮਾਰਕੇਧਨਪੈਦਾਕਰਬਹੁਤਅਸਵਾਰਨੌਕਰਰੱਖਕੇਆਪਣੇਪੈਰ
ਜਮਾਲਏ।ਸੰ:੧੨੪੭ਬਿ:ਵਿੱਚਇੱਕਕਿਲਾਹੇਜਰਵਿੱਚਬਣਾਕੇਉਥੇਰਹਿਣਲੱਗਪਿਆ।
ਉਸਕਿਲੇਦੇਨਿਸ਼ਾਨਹੁਣਤਾਂਈਕਾਇਮਹਨ।
ਸੰ:੫੫੭ਬਿ:ਤੇਸੰ:੧੨੪੯ਬਿ:ਕੋਜਦਸ਼ਹਾਬੁੱਦੀਨਗੌਰੀਬਾਦਸ਼ਾਹਨੇਦਿੱਲੀਉੱਤੇਚੜ੍ਹਾਈ
ਕੀਤੀਤਦੋਂਹੋਮਤੋਲਨੇਉਸਨੂੰਬੜੀਮਦਦਦਿੱਤੀ।ਉਸਨੇਦਿੱਲੀਪਰਫਤੇਪਾਕੇਉਸਮਦਦਦੇਬਦ
ਲੇਏਸਨੂੰਹਿਸਾਰਸੋਂਲੈਕਰਸਰਸੇਬਠਿੰਡੇਤਕਮੁਲਕਬਖਸ਼ਦਿੱਤਾ — ਸੰ:੧੨੭੧ਬਿ:ਮੇ
ਸਾਖਾ ਉਸਦੇਗੁਜਰਜਾਣੇਤੋਂਉਸਦਾਬੇਟਾਰਾਇਜੂੰਧਰਗੱਦੀਬੈਠਾ।ਏਸਨੂੰਇੱਕੀ[੨੧]ਬੇਟੇਹੋਏ।ਜਿਨਾਂਤੋਂਇੱਕੀ[੨੧]ਮੂੰ
ਹੀਆਂਚੱਲੀਆਂਜੋਭੂਮਸੰਹਸੀਸੁਣਾਯਾਕਰਦੇਹਨ।ਜੂੰਧਰਦਾਬੇਟਾਮੰਗਲਰਾਉ।ਉਸਦਾ
ਅਨੰਦਪਾਲਉਸਦਾਖੀਵਰਾਉ।ਜਦਮਾਲਕਮੁਲਕਹੋਯਾਏਸਦੇਸੱਤਪੁਤ੍ਰਹੋਏ।ਜੇਤਸੀ
ਆਂਦੇਕਨੇਖੀਵਰਾਉਨੇਲੱਖੂਕੋਟਦੇਚੌਧਰੀਬੀਰੇਦੀਬੇਟੀਰਾਜੇਦੇਜਾਬਜਾਰੀਕਰਲਈ
ਏਸਖੋਟਕਰਕੇਦੂਜਰੇਰਾਜਪੂਤਉਸਨੂੰਖੋਟਆਖਣਲੱਗਗਏ।ਤੇਬਰਤਣਉਸਦੀਛੱਡ
ਬੈਠੇ।ਅਬਜੇਕਰਰਾਜਪੂਤਾਂਦੀਜਤਦੀਧਿਆਨਕਰੀਏਤਾਂਏਨਾਂਦੀਉਤਪਤੀਜੱਟੀਨਾਲੋਂ
ਬੀਭੈੜੀਜਾਤਦੀਤੀਮੀਰਜੀਆਨਾਮਧੋਬਣਵਿੱਚੋਂਹੈ।ਪੂਰਚੱਲਪਈਪਰਧਾਨਹੋਅ
ਪਰੇ।ਅਬਪ੍ਰਬਤਜੇਹੋਰਭੀਕੋਈਨਹੀਂਦੇਖਦਾ।ਪੁਰਾਏਅਬਰਾਈਵਰਗੇਬੀਪਹਾੜਾਂਜੇਹੇ
ਪਏਦਿਸਦੇਹਨ। — ॥ਬਠਿੰਡੇਮੇਂਰਾਇਖੀਵੇਦੇਘਰਜੱਟੀਵਿੱਚੋਂਇੱਕਬੇਟਾ

੧ ਰਜੀਆਦੀਕਥਾਗੁਰੂਗੋਬਿੰਦਸਿੰਘਸਾਹਿਬਨੇਬਚਿੱਤ੍ਰਨਾਟਕਵਿੱਚਏਸਤਰਾਂਲਿਖੀਹੈ।।ਕਿਪਹਿਲੇ

Digitized by Panjab Digital Library | www.panjabdigilib.org

ਦਾ ਹੋਯਾ ਆਖੀਦੇ ਦੀ ਪਹਿਲੀ ਔਰਤ ਰਜਪੂਤਨੀ ਦਾ ਘਰ ਮੇਂ ਜ਼ੋਰ ਸੀ ਉਸ ਨੇ ਦਾਈ ਨੂੰ ਦੌਲਤ ਦੇਕੇ ੧੨੫
ਏਹ ਮਨਜ਼ੂਰ ਕਰ ਦਿੱਤਾ ਕਿ ਬਾਲਕ ਮਰਿਆ ਹੋਯਾ ਜੰਮਿਆ ਹੈ ਦਾਈ ਬਾਹਰ ਸਿਟ ਆਈ ਇ
ਨਚਾਣ੍ਹੇ ਇਕ ਗਾਨ੍ਹਾਮ ਮੇਦੀ ਬਾਲਕ ਨੂੰ ਜੀਉਂਦਾ ਦੇਖਕੇ ਚੁਕ ਲਿਆ ਜਾ ਨਿਗ੍ਹੇ ਕੀਤਾ ਤਾਂ ਰਾਇ
ਖੀਵੇ ਦਾ ਪੁਤ੍ਰ ਜਾਣੀ ਹੋਯਾ ਆਖੀਦੇ ਨੇ ਰਜਪੂਤਨੀ ਨੂੰ ਘਰੋਂ ਕੱਢ ਦਿੱਤਾ, ਬਾਲਕ ਦਾ ਨਾਮ ਸਿੱਧੂ ਰਖਾ
ਸਿੱਧੂ ਦੇ ਛੀ ਬੇਟੇ ਹੋਏ॥ ਜਿਨਾਂ ਦੀ ਸੰਤਾਨ ਚੱਕ ਭੁੱਚੋ, ਅਰਨੌਲੀ, ਪੀਰ ਦੇ ਕੋਟ, ਖਾਈ ਪਿੰਡ, ਫਰੀਦਕੋ
ਟ ਫੂਲ ਮਹਰਾਜ ਅਟਾਰੀ ਆਦਿਕ ਜੋ ਕਣ੍ਹੇ ਪਿੰਡਾਂ ਵਿਚ ਬਸਦੀ ਹੈ॥ ਸਿੱਧੂ ਦੀ ਔਲਾਦ ਸਭ ਸਿ
ਧੂ ਗੋਤ ਜੱਟ ਮਸ਼ਹੂਰ ਹੋਗਏ।—— ॥ਜਮੇਰੀ ਏਰਾ ਫੇਰੀ ਵਿਚ ਭੱਟੀ ਰਜਪੂਤਾਂ ਨੇ
ਜ਼ੋਰ ਫੜਕੇ ਸਿੱਧੂ ਦੀ ਔਲਾਦ ਨੂੰ ਮਾਸਤਮੰਏ ਬੇਦਖਲ ਕਰ ਦਿੱਤਾ — ਇੱਕ ਮੁੱਦਤ ਤਕ ਏਹ
ਚ ਫਰੋਲ ਬਣੇ ਜਿਰਕੀ ਬਾਜਾਂ ਵਾਂਗੂ ਲੁੱਟ ਮਾਰ ਨਾਲ ਗੁਜ਼ਾਰਾ ਕਰਦੇ ਫਿਰੇ।——
ਉਸ ਸਮੇ ਭੁੱਲਰ, ਧਾਲੀਵਾਲ, ਢਿੱਲੋਂ ਕੌੜੇ ਆਦਿਕ ਗੋਤਾਂ ਦੇ ਲੋਗ ਜੋ ਏਸ ਦੇਸ ਦੇ ਮਾਲਕ ਤੌ
ਪੇਦਾਰ ਬਣੇ ਹੋਏ ਸੇ ਉਨਾਂ ਨਾਲ ਕਈ ਵਾਰੀ ਹਰੀ ਲੱਖੀ ਬੋਹਾ ਏਨਾਂ ਦੀ ਲੜਾਈ ਹੋਈ, ਕਦੇ ਹਾਰ +
ਕਦੇ ਜਿੱਤ ਹੁੰਦੀ ਰਹੀ॥ ਏਸੇ ਤਰਾਂ ਜਦ ਸਿੱਧੂ ਜ਼ੋਰ ਪਕੜ ਗਏ ਤੇ ਹੋਰ ਬੀ ਬਹੁਤ ਛੁਟੇਰੇ ਲੋਗ
ਏਨਾਂ ਸਾਥ ਮਿਲ ਗਏ ਤੇ ਏਸੇ ਜੋ ਏਨਾਂ ਦਾ ਜੋਗਾ ਜੋ ਸੰ: ੧੪੬੭ ਬਿ: ਮੇਂ ਕੋਟ ਲੱਧੇ ਪਾਸ ਹੋਯਾ ਜੱਦ ਪ
ਬਹੁਤ ਆਦਮੀ ਏਨਾਂ ਦੇ ਮਾਰੇ ਗਏ॥ ਪਰ ਫਤੇ ਏਨਾਂ ਨੂੰ ਹੋਈ— ਏਸ ਜੋਗ ਦੇ ਗੀਤ ਅੱਜ ਤਕ
ਮਰਾਸੀ ਤੇ ਜੋਗੀ ਭੱਟ ਗਾਉਂਦੇ ਹਨ॥ ਫੇਰ ਤਾਂ ਏਨਾਂ ਨੇ ਕੋਟ ਲੱਧੇ ਦਾ ਲੈਕੇ ਇਕ ਹੋਰ ਪਿੰਡ ਬੀਦੋ
ਵਾਲੀ ਭਟਨੇਰ ਤੋਂ ਬਾਰਾਂ ਕੋਸ ਪੱਛਮ ਵੱਲ ਬਸਾ ਕਰ ਉਥੇ ਘਰ ਬਣਾ ਲਏ॥ ਨਾਲੇ ਲੁਟਮਾਰ
ਕਰਦੇ ਫਿਰੇ॥ —— ਸੰ: ੧੫੭੮ ਬਿ: ਮੇਂ ਜਦ ਬਾਦਸ਼ਾਹ ਬਾਬਰ ਨੇ ਏਸ ਦੇਸ ਵਿਚ ਆਕੇ

I ਏਸ ਮੁਲਕ ਵਿਚ ਜਬ ਛੱਤ੍ਰੀ ਸੇ॥ — ਇਕ ਸੰਧ੍ਯਾਸਾਮੀ ਰਾਜੇ ਨੇ ਇਕ ਧੋਬੀ ਦੀ ਬੇਟੀ ਰਜੀਆ ਧਾਰ
ਜੋ ਬਹੁਤ ਸੁੰਦ੍ਰ ਸੀ ਆਸ਼ਕ ਹੋਕੇ ਉਸ ਨਾਲ ਸ਼ਾਦੀ ਕਰ ਲਈ ਉਸ ਦੇ ਅਧੀਨ ਹੋਕੇ ਲਿਖ ਦਿੱਤਾ ਕਿ ਜੇਕਰ
ਤੇਰੀ ਕੁੱਖ ਤੋਂ ਮੇਰਾ ਪੁਤ੍ਰ ਹੋਵੇਗਾ ਮੈਂ ਉਸੇ ਨੂੰ ਰਾਜ ਤਿਲਕ ਦੇਵਾਂਗਾ॥ ॥ਉਸ ਧੋਬਣ ਦੇ ਬਿਜੇ
ਸਿੰਘ ਬੇਟਾ ਹੋਯਾ ਰਾਜਾ ਨੇ ਉਸੇ ਨੂੰ ਰਾਜ ਦਾ ਮਾਲਕ ਕਰ ਦਿੱਤਾ ਬਿਜੇ ਸਿੰਘ ਨੂੰ ਰਜੀਆ ਪੁਤ੍ਰ ਆ
ਖਾ ਕਰਦੇ ਜਿਸ ਤੋਂ ਬਦਲਕੇ ਰਜਪੂਤ ਨਾਮ ਹੋਗਿਆ॥ ॥ਉਸ ਨੇ ਬੜਾ ਪ੍ਰਤਾਪੀ ਮਹਾਰਾਜਾ
ਹੋਕੇ ਜ਼ੋਰ ਨਾਲ ਬਹੁਤ ਸੇ ਛੱਤ੍ਰੀ ਅਪਣੇ ਸਾਥ ਮਿਲਾ ਲਏ॥ ਦੂਜੇ ਛੱਤ੍ਰੀ ਉਨਾਂ ਨੂੰ ਬੀ ਰਜਪੂਤ ਆਖਣ ਲੱਗ
ਪਏ॥ ਆਖਰ ਰਜਪੂਤ ਜ਼ੋਰਾਵਰ ਛੱਤ੍ਰੀ ਕਮਜ਼ੋਰ ਹੁੰਦੇ ਹੁੰਦੇ ਅੰਤ ਨੂੰ ਸਭ ਰਜਪੂਤ ਸਦਾਉਣ ਲਗ ਪਏ
ਏਸ ਗੱਲ ਦਾ ਮਤਲਬ ਇਕ ਰਜਪੂਤਾਂ ਉਤੇ ਹੀ ਨਹੀ ਕਿੰਤੂ ਬ੍ਰਾਹਮਣ ਆਦਿਕ ਜਿਤਨੇ ਜਾਤ ਗੋਤ ਬਰਣ ਆਸ਼ਰਮ ਸੇ
ਭੇਦ ਬਣੇ ਹੋਏ ਹਨ ਏਹ ਸਭ ਏਸੇ ਤਰਾਂ ਹੋਏ ਹਨ ਪਹਿਲੇ ਨੇ ਕੋਈ ਜੈਸਾ ਕੰਮ ਕਰਨ ਸਿੱਖਿਆ ਉਸੇ ਤਰਾਂ ਦਾ ਨਾ—

Digitized by Panjab Digital Library | www.panjabdigilib.org

੧੨੬ ਦਿੱਲੀ ਉੱਤੇ ਹੱਲਾ ਕਰਨਾ ਚਾਹਿਆ ਤਦੋਂ ਸਿੱਧੂਆਂ ਦਾ ਸਰਦਾਰ ਸੰਘਰ ਨਾਮੀ ਆਪਣੇ ਭਾਈ ਚਾਰੇ ਦਾ ਪੰਜ ਹਜ਼ਾਰ ਸੂਰਬੀਰ ਲੈ ਕੇ ਲਾਹੌਰ ਪਾਸ ਬਾਦਸ਼ਾਹ ਨੂੰ ਜਾ ਮਿਲਿਆ। ਪਾਣੀਪਤ ਦੇ ਜੰਗ ਮੇਂ ਪਠਾਣਾਂ ਦੇ ਮੋਰਚੇ ਉੱਤੇ ਸੰਘਰ ਹੱਲਾ ਕਰਕੇ ਜਾ ਪਿਆ ਜ਼ੋਰ ਦੀ ਪਿਆ ਪਰ ਤਾਂ ਉਹ ਉਥੇ ਸ਼ਹੀਦ ਹੋ ਗਿਆ ਪਰ ਪਠਾਣ ਭਾਗ ਨਿਕਲੇ ਬਾਬਰ ਦੀ ਫਤੇ ਹੋ ਗਈ ਬਾਬਰ ਜਾ ਨੇ ਦਿੱਲੀ ਦਾ ਬਾਦਸ਼ਾਹ ਹੋ ਕਰ ਸੰਘਰ ਦੇ ਬੇਟੇ ਬਰਿਆਮ ਨੂੰ ਮਾਲਵੇ ਦੇਸ ਦਾ ਚੌਧਰੀ ਬਣਾ ਕੇ ਮਾਲਗੁਜ਼ਾਰੀ ਦੀ ਸਨਦ ਲਿਖ ਦਿੱਤੀ ਪਰ ਕੌਮ ਭੱਟੀ ਤੇ ਭੁੱਲਰ ਧਾਲੀਵਾਲਾਂ ਨੇ ਉਸ ਦੇ ਪੈਰ ਨਾ ਜੰਮਣ ਦਿੱਤੇ। ਬਰਿਆਮ ਭੀ ਦੌਲਤੀ ਪਾਸ ਭੱਟੀਆਂ ਦੇ ਜੰਗ ਵਿੱਚ ਮਾਰਿਆ ਗਿਆ ਉਸ ਦਾ ਬੇਟਾ ਮਹਿਰਾ ਚੌਧਰੀ ਬਣਿਆ। ਸੰ: ੧੬੧੭ ਬਿ: ਵਿੱਚ ਮਹਿਰਾਜ ਭੀ ਇੱਕ ਮਾਰਕੇ ਮੇਂ ਸ਼ਹੀਦ ਹੋ ਗਿਆ ਤਾਂ ਉਸ ਦਾ ਪੁੱਤ੍ਰ ਪੱਖੋ ਆਪਣੀ ਕੌਮ ਦਾ ਚੌਧਰੀ ਹੋਇਆ।—— *ਉਸੇ ਸਮੇਂ ਗੁਰੂ ਹਰਿਗੋਬਿੰਦ ਜੀ ਛੀਮੇ ਗੁਰੂ ਇਸ ਮੁਲਕ ਮੇਂ ਆਪਣੀ ਸਿੱਖੀ ਦਾ ਦੌਰਾ ਕਰਦੇ ਹੋਏ ਜਦ ਕਾਂਗੜਾ ਆਕਰ ਉੱਤਰੇ ਤੋ ਦੋ ਘੋੜੇ ਗੁਰੂ ਕੇ ਜੋ ਬਡੇ ਕੀਮਤੀ ਅਤੀ ਸੁੰਦਰ ਲਾਹੌਰ ਦੇ ਸੂਬੇ ਨੇ ਕਾਬਲੀ ਸਿੱਖ ਪਾਸੋਂ ਜ਼ੋਰੋ ਜ਼ੋਰੀ ਖੋਹ ਲੀਤੇ ਸਨ ਤੇ ਫੇਰ ਭਾਈ ਬਿਧੀ ਚੰਦ ਜਾ ਕੇ ਲੈ ਆਯਾ ਸੀ ਉਨਾਂ ਪਿੱਛੇ ਬਾਦਸ਼ਾਹੀ ਫੌਜ ਆਈ ਮਾੜੀ ਪਿੰਡ ਪਾਸ ਜੰਗ ਹੋਯਾ, ਤਦ ਚੌਧਰੀ ਪੱਖੋ ਭੀ ਆਪਣੇ ਭਾਈ ਚਾਰੇ ਨੂੰ ਲੈ ਕੇ ਗੁਰੂ ਕੀ ਸੇਵਾ ਵਿੱਚ ਆ ਪਹੁੰਚਿਆ, ਬੜਾ ਭਾਰੀ ਜੰਗ ਹੋਯਾ। ਜਿਸ ਵਿੱਚ ਗੁਰੂ ਜੀ ਫਤੇ ਪਾ ਕਰ ਫੇਰ ਮਾੜੀ ਉਤਰੇ। ਪੱਖੋ ਨੂੰ ਬਚਨ ਕੀਤਾ "ਤੇਰਾ ਪੱਖ ਬਹੁਤ ਜ਼ੋਰਾਵਰ ਹੋਵੇਗਾ" ਇਨਾਂ ਦੇ ਕਿਸੇ ਆਦਮੀ ਨੇ ਗੁਰੂ ਜੀ ਕੀ ਤਲਵਾਰ ਚੁਰਾ ਲਈ ਇਸ ਪਰ ਗੁਰੂ ਜੀ ਨੇ ਬਚਨ ਕੀਤਾ "ਇਨਾਂ ਦੇ ਪੇਟ ਤਲਵਾਰ ਪੈ ਗਈ" ਸੋ ਅਬ ਤਕ ਮਹਿਰਾਜ ਕੇ ਲੋਗ ਆਪਸ ਮੇਂ ਲੜਦੇ ਰਹਿੰਦੇ ਹਨ। ਥੋੜ੍ਹੇ ਦਿਨਾਂ ਪਿੱਛੋਂ ਪੱਖੋ ਭੀ ਇੱਕ ਜੰਗ ਮੇਂ ਮਾਰਾ ਗਿਆ ਉਸ ਦਾ ਪੁੱਤ੍ਰ ਮੋਹਣ ਆਪਣੀ ਕੌਮ ਦਾ ਸਰਦਾਰ ਹੋਯਾ। ਸੰ: ੧੭੦੧ ਬਿ: ਕੋ ਜਦ ਫੇਰ ਗੁਰੂ ਹਰਿਰਾਇ ਸਾਹਿਬ ਮੁਲਕ ਮਾਲਵੇ ਦਾ ਦੌਰਾ ਕਰਦੇ ਹੋਏ ਜਦ ਉਸ ਪ੍ਰਗਣੇ ਮੇਂ ਪਹੁੰਚੇ ਤਾਂ ਮੋਹਣ ਚੌਧਰੀ ਨੇ ਬਹੁਤ ਸੇਵਾ ਕੀਤੀ, ਜਿਸ ਕਰਕੇ ਗੁਰੂ ਜੀ ਨੇ ਬਹੁਤ ਖੁਸ਼ੀ ਹੋਕੇ ਆਖਿਆ "ਸੋਹਣਾ ਫੁੱਲ ਛਕੇਗਾ" ਉਸ

* ਉਸ ਦਾ ਪੋਤ੍ਰਿਆ ਜਿਨ੍ਹਾਂ ਜਿਨ੍ਹਾਂ ਨੇ ਉਨਾਂ ਹੀ ਨਾਮਾਂ ਉਤੇ ਜਾਤ ਗੋਤ ਬਣ ਗਏ। ਇੱਕ ਦੂਸਰੇ ਨੂੰ ਉਸੇ ਕੰਮ ਦੇ ਸਬਬ ਕਰਕੇ ਨੀਂਵਾਂ ਉੱਚਾ ਬਡਾ ਛੋਟਾ ਮੰਨਣ ਲੱਗ ਪਿਆ ਸੱਚ ਪੁੱਛੋ ਜਿਸ ਦੀ ਗੱਲ ਚੱਲ ਪਈ ਉਸ ਨੇ ਭਾਵੇਂ ਕਿਸੇ ਜਾਤ ਦੀ ਇਸਤ੍ਰੀ ਕਰ ਲਈ ਹੋਵੇ ਉਸ ਉੱਤੇ ਕੋਈ ਨਾਮ ਨਹੀਂ ਧਰਦਾ ਜ਼ੋਰਾਵਰ ਦਾ ਗੁਣ ਹੀ ਦਾ ਐਬ ਭੀ ਸਵਾਬ ਹੋ ਜਾਂਦਾ ਹੈ। ਜੈਸੇ ਵੇਸਵਾ ਵਿਚੋਂ ਬਸਿਸ਼ਟ ਮੁਨੀ ਮਛੇਰੀ ਵਿਚੋਂ ਬਿਆਸ ਉਹ ਪਰਾਸਰੀ ਤੇ ਬਸਿਸ਼ਟ ਗੋਤ ਦੇ ਬ੍ਰਾਹਮਣ ਸਭ ਤੋਂ ਉੱਤਮ ਸਦਾਉਂਦੇ ਹਨ। ਇਸੇ ਕਰਕੇ ਮਨੂੰ ਜੀ ਨੇ ਇਸਤ੍ਰੀ ਦਾ ਮਜ਼ਹਬ ਧਰਮ ਤੇ ਜਾਤ ਕੋਈ ਨਹੀਂ ਲਿਖਿਆ ਜਿਸ ਦੇ ਘਰ ਵਸੀ ਉਸੇ ਦੀ ਜਾਤ ਬਣ ਗਈ — ਅਬ ਸੈਂਕੜੇ ਨਾਇਆਂ ਤੀਕ ਬਣ ਗਈਆਂ ਉਂਗੀਆਂ ਦੀ ਸੈਤਾਨ ਬਾਪਦੀ — ਜਾਤ ਗੋਤ ਜੱਟ ਸੁਨਾਰ ਬਣੀਏ ਖੱਤ੍ਰੀ ਰੋੜੇ ਬਣੇ ਬੈਠੇ ਦੇ ਖੀਰੇ ਹਨ।

Digitized by Panjab Digital Library | www.panjabdigilib.org

ਨੇ ਅਰਜ ਕੀਤੀ ਆਪ ਦੇ ਸੇਵਕ ਭੁੱਲਰ ਧਾਲੀਵਾਲ ਕੌੜੇ ਏਹ ਸਾਨੂੰ ਬਸਣ ਨਹੀਂ ਦਿੰਦੇ, ਆਪ ਏ ੧੨੭
ਨ੍ਹਾਂ ਤੇ ਇਕੋ ਪਿੰਡ ਦੀ ਜ਼ਮੀਨ ਸਾਨੂੰ ਦੇਣ ਦੇਗਾ ਤੇ ਹੁਕਮ ਦੇਓ ਹਮਾਰੇ ਸਾਥ ਬੇਟੀ ਲੈਣ ਦੇਣ ਦੀ ਸਾਂ
ਝ ਰੱਖਣ। ਜਦ ਗੁਰੂ ਸਾਹਿਬ ਨੇ ਏਹ ਦੋਵੇਂ ਗੱਲਾਂ ਭੁੱਲਰਾਂ ਨੂੰ ਆਖੀਆਂ ਤੇ ਉਨ੍ਹਾਂ ਨੇ ਕਾਈ ਨਾ ਮੰਨੀ
ਤਾਂ ਗੁਰੂ ਜੀ ਬੋਲੇ। "ਹੁਣ ਤਾਂ ਏਨਾਂ ਦੀਆਂ ਬੇਟੀਆਂ ਤੁਸੀਂ ਨਹੀਂ ਲੈਂਦੇ ਕੋਈ ਸਮਾਂ ਐਸਾ ਆਊ ਤੁਸੀਂ
ਆਪਣੀਆਂ ਧੀਆਂ ਏਨਾਂ ਦੇ ਪਿੱਛੇ ਲਈ ਫਿਰਿਆ ਕਰੋਗੇ।" ਓਹ ਸਮਾਂ ਹੁਣ ਹੈ। ਭੁੱਲਰ ਤਾਂ ਰੋ
ਜਾ ਮੰਨਿਕੇ ਚਲੇ ਗਏ ਤੇ ਗੁਰੂ ਜੀ ਨੇ ਪੱਖੋ ਦੇ ਬੇਟੇ ਮੋਹਣ ਨੂੰ ਆਖਿਆ "ਏਥੋਂ ਤੁਸੀਂ ਪਛੌਂਦੀ ਤੁਰ ਪਓ
ਜਿੱਥੇ ਦਿਨ ਛਿਪ ਜਾਏ ਓਥੇ ਤੁਸੀਂ ਪਿੰਡ ਬੰਨ੍ਹ ਲੈਣਾ" "ਜੇ ਕਰ ਭੁੱਲਰ ਹਟਾਉਣਗੇ ਤਾਂ ਅਸੀਂ ਤੁਸਾ
ਡੀ ਮਦਦ ਕਰਾਂਗੇ" ਮੋਹਣ ਨੇ ਗੁਰੂ ਜੀ ਕਾ ਬਚਨ ਮੰਨਿਕੇ ਏਹੋ ਕੰਮ ਕੀਤਾ ਓਥੇ ਤੁਰ ਪਏ ਜਿੱਥੇ ਦਿ
ਨ ਛਿਪਿਆ ਓਥੇ ਹੀ ਆਪਣੇ ਦਾਦੇ ਮਹਿਰਾਜ ਦੇ ਨਾਮ ਉੱਤੇ ਇਕੋ ਪਿੰਡ ਬਸਾਯਾ ਜੋ ਹੁਣ ਮਹਿਰਾਜ ਨਾਂ
ਮ ਕਰਕੇ ਉਘਾ ਹੈ, ਬਲਕੇ ਬਾਈ ਪਿੰਡ ਓਸ ਵਿਚੋਂ ਨਿਕਲ ਕੇ ਹੋਰ ਭੀ ਬਸ ਪਏ ਹਨ ਜੋ ਬਾਈਆ
ਸੱਦੀਦਾ ਹੈ।— ਜਦ ਮੋਹਣ ਨੇ ਮਹਿਰਾਜ ਪਿੰਡ ਦੀ ਮੋੜ੍ਹੀ ਗੱਡੀ ਤਾਂ ਚੌਧਰੀ ਜੋਤ ਪਿਰਾਣਾ ਜੋ ਭੁੱਲ
ਰਾਂ ਦਾ ਸਰਦਾਰ ਸੀ ਆਪਣੇ ਭਾਈ ਚਾਰੇ ਨੂੰ ਲੈਕੇ ਚੜ੍ਹ ਆਯਾ, ਬੜਾ ਭਾਰੀ ਜੰਗ ਹੋਯਾ, ਜਿਸ ਮੇਂ
ਜੋਤ ਪਿਰਾਣਾ ਮੋਹਣ ਦੇ ਪੁੱਤ੍ਰ ਕਰਮ ਚੰਦ ਦੇ ਹੱਥੋਂ ਮਾਰਾ ਗਿਆ, ਮੋਹਣ ਨੇ ਫਤੇ ਪਾਕੇ ਫੇਰ ਤਾਂ ਮਨਭਾ
ਏ ਪਿੰਡ ਬਸਾ ਲਏ।—— ਚੌਧਰੀ ਮੋਹਣ ਤਾਂ ਆਪਣੇ ਬੇਟੇ ਰੂਪ ਚੰਦ ਸਮੇਤ ਬੀਦੋਵਾਲੀ ਪਿੰਡ
ਜਾ ਕਰ ਭੱਟੀਆਂ ਦੇ ਜੰਗ ਵਿੱਚ ਸ਼ਹੀਦ ਹੋ ਗਿਆ, ਕਿਸੇ ਨੇ ਓਸ ਦਾ ਮਰਨਾ ਕੋਟ ਕਪੂਰੇ ਬੀ ਲਿਖਾ ਹੈ
।ਮੋਹਣ ਦੇ ਤਿੰਨ ਬੇਟੇ ਸੇ ਰੂਪ ਚੰਦ ਕਾਲਾ ਕਰਮ ਚੰਦ, ਓਸ ਦੇ ਪਿੱਛੋਂ ਕਾਲਾ ਚੌਧਰੀ ਹੋਯਾ।——
ਫੇਰ ਜਦ ਦੂਜੀ ਵਾਰੀ ਗੁਰੂ ਹਰਿਰਾਇ ਸਾਹਿਬ ਮੁਲਕ ਮਾਲਵੇ ਗਏ। ਤੇ ਸਿੱਖਾਂ ਨੂੰ ਨਿਹਾਲ ਕ
ਰਦੇ ਹੋਏ ਮਹਿਰਾਜ ਪਹੁੰਚੇ ਤਾਂ ਚੌਧਰੀ ਕਾਲੇ, ਕਰਮ ਚੰਦ ਆਦਿਕ ਮਹਿਰਾਜ ਕੇ ਲੋਗਾਂ ਨੇ ਬਹੁਤ ਸੇਵਾ
ਕੀਤੀ ਤੇ ਇਕ ਦਿਨ ਗੁਰੂ ਜੀ ਨੂੰ ਖੁਸ਼ੀ ਵਿੱਚ ਬੈਠੇ ਦੇਖਕੇ ਚੌਧਰੀ ਕਾਲਾ ਆਪਣੇ ਭਤੀਜੇ ਸੰਦਲੀ
ਤੇ ਫੂਲ ਨੂੰ ਜੋ ਰੂਪ ਚੰਦ ਦੇ ਬੇਟੇ ਛੋਟੇ ੨ ਸੇ ਉਨ੍ਹਾਂ ਨੂੰ ਏਹ ਗੱਲ ਸਿਖਾ ਕੇ ਗੁਰੂ ਜੀ ਪਾਸ ਲੈ ਆਯਾ ਕੇ
ਤੁਸੀਂ ਗੁਰੂ ਕੇ ਸਾਮ੍ਹਣੇ ਆਪਣੇ ਢਿੱਡ ਉੱਤੇ ਹੱਥ ਮਾਰਨਾ, ਉਨ੍ਹਾਂ ਨੇ ਓਹੋ ਕੰਮ ਕੀਤਾ, ਗੁਰੂ ਜੀ ਦੇ ਪੁੱਛਣੇ
ਪਰ ਚੌਧਰੀ ਕਾਲੇ ਨੇ ਅਧੀਨ ਹੋਕੇ ਅਰਜ ਕੀਤੀ ਏਹ ਭੁੱਖੇ ਗੁਰੂ ਕੇ ਘਰੋਂ ਕੁਛ ਮੰਗਦੇ ਹਨ, ਗੁਰੂ ਸਾ
ਹਿਬ ਹੱਸ ਕੇ ਬੋਲੇ। "ਏਹ ਫੂਲ ਬਹੁਤ ਫੂਲੇ ਫਲੇਗਾ। ਇਸ ਦੀ ਸੰਤਾਨ ਸਤਲੁਜ ਜਮਨਾਂ ਦੇ ਅ
ਦਰ ਰਾਜ ਕਰੇਗੀ।" ਫੂਲ ਨੂੰ ਗੁਰੂ ਜੀ ਨੇ ਏਹ ਬਰ ਦਿੱਤਾ। ਦੇਖੋ ਹਿੱਸਾ ਅੱਵਲ ਸਫਾ ੨੫੪——
ਚੌਧਰੀ ਫੂਲ ਨੇ ਸੰ: ੧੬੮੮ ਬਿ: ਕੋ ਪੈਦਾ ਹੋਕਰ ਪੰਦਰਾਂ ਬੀਸ ਸਾਲ ਦੀ ਉਮਰ ਮੇਂ ਆਪਣੇ ਬਾਪ

Digitized by Panjab Digital Library | www.panjabdigilib.org

੧੨੯ ਦੀ ਜਗ੍ਹਾ ਚੌਧਰੀ ਹੋਕਰ ਫੂਲ ਪਿੰਡ ਜੋ ਸੰ: ੧੭੦੩ ਬਿ: ਕੋ ਚੌਧਰੀ ਕਾਲੇ ਨੇ ਆਪਣੇ ਪੋਤ੍ਰੇ ਭਤੀਜੇ ਦੇ ਨਾਮ ਪਰ ਬਸਾਯਾ ਸੀ ਤੇ ਹੁਣ ਰਿਆਸਤ ਨਾਭੇ ਦੇ ਕਬਜੇ ਵਿਚ ਹੈ। ਉਥੇ ਬਸਕਰ ਆਪਣੀ ਜਾਇਦਾਤ ਤੇ ਚੌਧਰਾਈ ਤਨੂੰ ਬਹੁਤ ਰੌਣਕ ਦਿੱਤੀ। ਥੋੜ੍ਹੇ ਹੀ ਦਿਨਾਂ ਵਿਚ ਇਸ ਦੇਸ ਦੇ ਚੌਧਰੀਆਂ ਦਾ ਮੁਖੀਆ ਤੇ ਸਿੱਧੂ ਗੋਤ ਦਾ ਸਰਦਾਰ ਬਣ ਗਿਆ। ਦਿੱਲੀ ਦੇ ਦਰਬਾਰ ਮੇਂ ਇਸ ਦੀ ਬੜੀ ਇੱਜਤ ਹੋ ਗਈ, ਫੇਰ ਤਾਂ ਇਸ ਦੇਸ ਦੇ ਨਿਆਂਉ ਸੂਬੇ ਸਰਹਿੰਦ ਪਾਸ ਇਸੇ ਦੀ ਜਬਾਨੀ ਚੁੱਕਣ ਲੱਗ ਪਏ।—

ਫੂਲ ਦੇ ਦੋ ਇਸਤ੍ਰੀਆਂ ਸਨ, ਪਹਿਲੀ ਬਾਲੀ ਦੂਜੀ ਰੱਜੋ। ਮਾਈ ਬਾਲੀ ਦੇ ਤਲੋਕ, ਰਾਮਾ, ਰੁੰਘੂ ਤਿੰਨ ਬੇਟੇ ਇੱਕ ਬੇਟੀ ਰਾਮੀ। ਜਿਸ ਦੀ ਸਾਦੀ ਭਾਈ ਬੁੱਢੇ ਰਾਮ ਦਾਸ ਦੇ ਬੰਸ ਵਿਚ ਪਨਿ ਸਿੱਧ ਸਾਬ ਹੋਈ ਤੇ ਉਸ ਦੀ ਸੰਤਾਨ ਅਬ ਬੁੱਗਰ ਪਿੰਡ ਵਿਚ ਜੇਗੀਰਦਾਰ ਹੈ। ਮਾਈ ਰੱਜੀ ਦੇ ਝੰਡੂ ਚੰਨੂ ਤਖਤੂ ਏਹ ਤਿੰਨ ਬੇਟੇ ਹੋਏ। ਜਿਨਾਂ ਦੀ ਉਲਾਦ ਗੁੰਮਟੀ ਪਿੰਡ ਵਿਚ ਲੈੜਵਾ ਗਰੀਬ ਮਸਹੂਰ ਹੈ।—

ਅਬ ਸਰਦਾਰ ਫੂਲ ਨੇ ਜਦ ਬਹੁਤ ਜੋਰ ਫੜ ਕੇ ਆਪਣੇ ਕਈ ਪਿੰਡ ਕੋਟਲੇ ਪੇਦਾਲ ਤੇ ਬੀਦੋਵਾਲੀ ਦੇ ਲੈਣ ਦਾ ਉੱਦਮ ਕੀਤਾ ਤਾਂ ਨਵਾਬ ਆਤਖਾਂ ਤੇ ਸਾਹਿਬ ਖਾਂ ਭਟਨੇਰ ਵਾਲੇ ਭੱਟੀ ਰਾਜਪੂਤ ਫੂਪਸਰ ਬੇੜੀ ਪਾਸ ਜੋ ਬਠਿੰਡੇ ਦੇ ਨਜੀਕ ਹੈ ਆ ਭਿੜੇ। ਪਰ ਹਾਰ ਕੇ ਭਟਨੇਰ ਵਨੀ ਦੌੜ ਗਏ। ਸੰ: ੧੭੩੧ ਬਿ: ਕੋ ਈਸੇ ਖਾਂ ਮੰਜ ਰਾਜਪੂਤ ਦੀ ਮਦਦ ਨਾਲ ਉਨਾਂ ਨੇ ਹੱਲਾ ਕਰਕੇ ਫੂਲ ਪਿੰਡ ਚੋਧ੍ਰੀ ਫੂਲ ਤੋਂ ਛੁੜਾ ਲੀਤਾ ਏਹ ਭੱਜ ਕੇ ਮਹਿਰਾਜ ਪਿੰਡ ਜਾ ਰਹੇ ਹਾ। ਭਟਨੇਰੀ ਤਾਂ ਲੁੱਟ ਮਾਰ ਕੇ ਚਲੇ ਗਏ। ਈਸੇ ਖਾਂ ਦਾ ਬਾਪ ਦੌਲਤ ਖਾਂ ਫੂਲ ਪਿੰਡ ਨੂੰ ਕਬਜੇ ਕਰ ਬੈਠਾ। ਦੂਸਰੇ ਸਾਲ ਫੂਲ ਨੇ ਭਾਈਚਾਰੇ ਦੇ ਜੋਰ ਨਾਲ ਦੌਲਤ ਖਾਂ ਨੂੰ ਮਾਰ ਕੇ ਫੇਰ ਫੂਲ ਛੁੜਾ ਲਿਆ ਅਤੇ ਆਤਖਾਂ ਭਟਨੇਰ ਦੇ ਨਵਾਬ ਪਰ ਚੜ੍ਹਾਈ ਕੀਤੀ। ਉਸ ਜੰਗ ਮੇ ਆਤਖਾਂ ਦੇ ਦੋ ਭਤੀਜੇ ਬਡੇ ਸੂਰਬੀਰ ਮੁਰਾਬਤ ਖਾਂ ਤੇ ਸਾਹਿਬ ਖਾਂ ਮਾਰੇ ਗਏ। ਫੂਲ ਨੇ ਫਤੇ ਪਾ ਕਰ ਬੀਦੋਵਾਲੀ ਪਰ ਕਬਜਾ ਕਰ ਲੀਤਾ।—

ਅਬ ਸਰਦਾਰ ਫੂਲ ਇੱਕ ਰਈਸ ਤਾਕਤਵਰ ਹੋ ਗਿਆ, ਕਿਉਂਕਿ ਇਸ ਦੇ ਛੀ ਪੁੱਤ੍ਰ ਇੱਕ ਜੇਹੇ ਸੂਰਬੀਰ ਆਪਣੇ ਭਾਈਚਾਰੇ ਨੂੰ ਲੈ ਕੇ ਜਿਸ ਪਰ ਜਾ ਪੈਂਦੇ ਫਤੇ ਕਰਕੇ ਮੁੜਦੇ, ਇੱਕ ਏਨਾਂ ਵਿਚ ਧਰਮ ਸੀ ਗਰੀਬਮਾਰ ਨਹੀਂ ਕਰਦੇ ਸੇ। ਬਡੇ ਲੋਕਾਂ ਨਾਲ ਆਢਾ ਲੈਂਦੇ।——। ਜਦ ਫੂਲ ਨੇ ਤੀਨ ਸਾਲ ਤਕ ਜਗਰਾਵਾਂ ਦੇ ਹਾਕਮ ਪਾਸ ਮਾਲਗੁਜਾਰੀ ਦੇ ਟਕੇ ਨਾ ਪੁਚਾਏ ਤਾਂ ਉਸਨੇ ਫੂਲ ਦਾ ਸਭ ਹਾਲ ਸੂਬੇ ਸਰਹਿੰਦ ਨੂੰ ਲਿਖ ਭੇਜਿਆ, ਉਸਨੇ ਫਰੇਬ ਨਾਲ ਫੂਲ ਨੂੰ ਸਰਹਿੰਦ ਵਿਚ ਬੁਲਾਕੇ ਕੈਦ ਕਰ ਲੀਤਾ। ਜਿਥੇ ਉਹ ਸੰ: ੧੭੪੬ ਬਿ: ਕੋ ਗੁਜਰ ਗਿਆ।——। ਫੂਲ ਦੇ ਮਰਣ ਦੀ ਕਹਾਣੀ ਐਉਂ ਭੀ ਸੁਣੀ ਹੈ ਕਿ ਇੱਕ ਫਕੀਰ ਸੁਨੇਰ ਪੁਰੀ ਫੂਲ ਪਿੰਡ ਰਹਾ ਕਰਦਾ ਸੀ, ਉਸ ਦੀ

Digitized by Panjab Digital Library | www.panjabdigilib.org

ਸੇਵਾ ਫੂਲ ਨੇ ਬਹੁਤ ਕੀਤੀ। ਉਸ ਨੇ ਖੁਸ਼ੀ ਹੋਕੇ ਫੂਲ ਨੂੰ ਸਾਪੀ ਲਾਉਣ ਸਿਖ ਦਿੱਤਾ ਸੀ ਜਦ ੧੨੯
ਫੂਲ ਕੈਦ ਹੋਯਾ ਤਾਂ ਉਸ ਨੇ ਸਾਪੀ ਲਾ ਲਈ ਅਰਥਾਤ ਅਪਨੇ ਪ੍ਰਾਣ ਦਸਮੇ ਦੁਆਰ ਚੜ੍ਹਾਕੇ ਪੈ ਗਿਆ। ਜਾਮ ਨੇ ਦੋਹੋਂ ਦੇ ਕਹਿਣੇ ਪਰ ਏਸ ਨੂੰ ਮੋਇਆ ਸਮਝ ਕੇ ਫੂਲ ਦੇ ਆਦਮੀਆਂ ਨੂੰ ਚੁਕਾ ਦਿਤਾ ਉਨ੍ਹਾਂ ਨੇ ਬੀ ਬੇਖਬਰੀ ਵਿੱਚ ਬਹਾਦਰਪੁਰ ਪਿੰਡ ਲਿਜਾਕੇ ਜਿਥੇ ਹੁਣ ਨਾਭੇ ਦਾ ਰਾਜ ਹੈ ਜਲਾ ਦਿੱਤਾ, ਏਹ ਖਬਰ ਸੁਣਕੇ ਮਾਈ ਬਾਲੀ ਨੇ ਫੂਲ ਦੇ ਏਸ ਇਲਮ ਦੀ ਤੇ ਤਣਸੀ ਬਹੁਤ ਪਛੁਤਾਈ ਤੇ ਉਨ੍ਹਾਂ ਬੇਅਕਲ ਆਦਮੀਆਂ ਨੂੰ ਸਜਾ ਦਿੱਤੀ ਪਰ ਗੁਜਰ ਗਈ ਉਹ ਕੀ ਉਜਰ ਚੱਲਦਾ ਹੈ। ਫੂਲੇ ਦੇ ਪਿੱਛੇ ਉਸ ਦਾ ਬਡਾ ਬੇਟਾ ਤਿਲੋਕਾ ਅਪਣੇ ਬਾਪ ਦੀ ਜਗਾਂ ਤੱਲਕੇ ਦਾ ਚੌਧਰੀ ਤੇ ਗਿਆਸ ਸਰਦਾਰ ਹੋਯਾ ਜਿਨ੍ਹਾਂ ਦੇ ਖਾਨਦਾਨ ਵਿੱਚ ਪਟਿਆਲਾ, ਨਾਭਾ, ਜੀਂਦ ਏਹ ਤਿੰਨ ਰਿਆਸਤਾਂ ਬਹੁਤ ਉਘੀਆਂ ਹਨ। ਏਨ੍ਹਾਂ ਵਿਚੋਂ ਅੱਵਲ ਦਰਜਾ ਸਮਝ ਕੇ ਪਹਿਲੇ ਰਿਆਸਤ ਪਟਿਆਲੇ ਦਾ ਬ੍ਰਿਤਾਂਤ ਲਿਖਦੇ ਹਾਂ:—




Digitized by Panjab Digital Library | www.panjabdigilib.org

੧੩੦

# ॥ਖ਼ਾਨਦਾਨ ਪਟਿਆਲਾ॥

ਚੌਧਰੀ ਫੂਲ ਦਾ ਦੂਜਾ ਪੁੱਤ੍ਰ (ਰਾਮਾ) ਰਾਮ ਸਿੰਘ ਏਸ ਸੰਪ੍ਰਦਾਇ ਦਾ ਪ੍ਰਧਾਨ ਹੋਯਾ। ਸੰ: ੧੭੮੭
ਬਿ: ਵਿਚ ਉਸ ਨੇ ਆਪਣੇ ਵੱਡੇ ਭਾਈ ਚੌਧਰੀ ਤਲੋਕੇ ਦੇ ਸਾਥ ਮਿਲ ਕੇ ਆਪਣੇ ਦਾਦੇ ਰੂਪ ਚੰਦ ਦੇ ਨਾਮ
ਉਤੇ ਇਕ ਪਿੰਡ ਰੂਪਾ ਬਸਾਯਾ ਜਿਸ ਵਿਚ ਕੁਛ ਹਿੱਸਾ ਅਬ ਤਕ ਭੀ ਪਟਿਆਲੇ ਦਾ ਹੈ। ਸੰ: ੧੭੫
ਬਿ: ਵਿਚ ਹਸਨ ਖਾਂ ਭੀਖਿਆਂ ਵਾਲੇ ਭੱਟੀ ਰਾਜਪੂਤ ਨਾਲ ਐਸਾ ਵੈਰ ਲਾਯਾ ਬਹੁਤ ਸਾਰੇ ਘੋੜ੍ਹ
ਸਬੇ ਲੈ ਕਰ ਕੇ ਫੇਰ ਕਦੇ ਉਸ ਨੂੰ ਜਿੱਤ ਜਾ ਕੇ ਬੇਅੰਤ ਰਾਹੂ ਉਸ ਬੈਲ ਘੋੜੇ ਤੇ ਨਕਦੀ ਲੁਟ ਲਿ
ਆਏ। ਪਹਿਲੇ ਏਨਾਂ ਦੀ ਤੇ ਭੱਟੀਆਂ ਦੀ ਕਈ ਪੀੜ੍ਹੀਆਂ ਤੋਂ ਚੱਖਾ ਚੱਖੀ ਵੈਰ ਦੀ ਬਾਜੀ ਲੱਗੀ
ਆਉਂਦੀ ਸੀ। ਕਦੇ ਏਹ ਉਨਾਂ ਦਾ ਮਾਲ ਮਾਰ ਲਿਆਉਂਦੇ ਕਦੇ ਉਹ ਏਨਾਂ ਦਾ ਚੌਣਾ ਚੌਣਾਂ ਦੇ ਭੱਟੀ
ਆਂ ਦੇ ਬਹੁਤੇ ਪਿੰਡ ਤੇ ਆਦਮੀ ਬੇਗਾਨੇ ਉਨਾਂ ਨਾਲ ਪਰਚਾਏ, ਬੇਦਲੇ ਹੁਮਾਣੇ ਜੱਟ, ਰਲੇ ਹੋਏ ਸੇ
ਜਦ ਏਨਾਂ ਦਾ ਭੁਗਤਾਰਾ ਆਯਾ, ਤਾਂ ਉਹ ਸਬਰ ਰਖਣ ਲੱਗਾ ਪਏ। ਫੇਰ ਤਾਂ ਏਨਾਂ ਨੇ ਭੀ ਆਪਣੇ ਬਾ
ਪ ਦੇ ਵੈਰੀ ਈਸੇ ਖਾਂ ਮੰਜ ਦੇ ਪਰਗਣੇ ਦੀ ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ, ਕਈ ਵਾਰੀ ਲੜ ਭਿ
ਜੋੜ ੜ ਕੇ ਓੜਕ ਇੱਕ ਦਿਨ ਉਸ ਨੂੰ ਭੀ ਚੰਗੀ ਚੱਖ ਚਖਾ ਦਿੱਤੀ। ਉਸ ਦਾ ਪਰਬਾਰ ਤੀਮੀਆਂ ਦੇ ਗਹਿਣੇ
ਕੱਪੜਿਆਂ ਤਕ ਲੁੱਟ ਲਿਆਏ। ਓਥੋਂ ਬੜੀਆਂ ਅਮੋਲਕ ਚੀਜਾਂ ਏਨਾਂ ਦੇ ਹੱਥ ਆਈਆਂ ਜਿਨਾਂ
ਬਦਲੇ ਆਪਸ ਵਿਚ ਸੱਕੇ ਭਾਈਆਂ ਵਿਚ ਫੁੱਟ ਪੈ ਗਈ — ਰੁਪਏ ਤਾਂ ਸੋਤੇ ਭੀ ਜੈਸਾ ਹੀ ਸੀ ਪਰ
ਤਲੋਕ ਸਿੰਘ ਬਹੁਤ ਖੰਟ ਸੀ, ਨਾਲੇ ਚੌਧਰੀ ਹੋਣੇ ਕਰ ਕੇ ਸੀ ਲੋਕਾਂ ਦਾ ਤੇ ਹਾਕਮਾਂ ਦਾ ਭੀ ਜੋ
ਰਜਣਾਉਂਦਾ ਰਹਿੰਦਾ ਸੀ।

ਰਾਮ ਸਿੰਘ ਦੀਆਂ ਬਹਾਦਰੀਆਂ ਰਾਮ ਸਿੰਘ ਬਹਾਦਰ ਉਦਾਰ ਪਾੜ੍ਹੇ ਦੌੜ ਦਾ ਹੁੰਦਾ ਤੇ ਅਣਖ ਵਾਲਾ ਸੀ। ਜਦ ਹਸਨ ਖਾਂ ਈ
ਸੇ ਖਾਂ ਜੋ ਉਸ ਦੇ ਜਦ ਵੱਡੇ ਵੈਰੀ ਜਿਸ ਏਨਾਂ ਨੇ ਹਰਾ ਲਏ ਤਾਂ ਰਾਮ ਸਿੰਘ ਐਸਾ ਜ਼ੋਰ ਤੇ ਆਯਾ ਦੂ
ਰ ਦੂਰ ਤਕ ਪਾੜ੍ਹੇ ਦੌੜ ਨ ਲੱਗਾ ਪੈਣ। ਸੰ: ੧੭੫੬ ਬਿ: ਮੰਜਾਂ ਦੇ ਸਾਰੇ ਜਹਿਰ ਜਾ ਲੁੱਟਿ
ਆ ਤਾਂ ਰਾਮ ਸਿੰਘ ਇੱਕ ਟਲੇ ਲੀ ਵਿੱਚ ਰੂਪ ਕੇ ਚੜ੍ਹਿਆ ਗਿਆ ਟੋਰ ਸਾਥੀ ਸਭ ਦੌੜ ਆਏ।
ਜੋਧ ਸਿੰਘ ਰਿਆਤ ਜਲੇਦਾਰ ਜੋ ਉਸ ਦੇ ਪ੍ਰਾਲੇ ਨੂੰ ਦਾ ਲੈਂਦਾ ਸੀ ਤੇ ਸਾਬ ਤੋਂ ਕੇ ਮਾਰਣ
ਜਾਯਾ ਕਰਦਾ ਸੀ, ਅੱਠ ਮਹੀਨੇ ਪਿੱਛੋਂ ਹਿਸਾਰ ਦੇ ਕਿਲੇ ਵਿੱਚੋਂ ਕਿਸੇ ਹੀਲੇ ਨਾਲ ਤਸਲੀਮ ਰਾਮ ਸਿੰ
ਘ ਨੂੰ ਕੱਢ ਤਾਂ ਲਿਆਯਾ, ਪਰ ਤਲੋਕੇ ਨੇ ਰਾਮੇ ਨੂੰ ਫੂਲ ਪਿੰਡ ਵਿੱਚ ਨ ਬੜਨ ਦਿੱਤਾ।

Digitized by Panjab Digital Library | www.panjabdigilib.org

ਰਾਮ ਸਿੰਘ ਆਪਣੇ ਸਹੁਰੇ ਘਰ ਤੁਬਾਲੀ ਪਿੰਡ ਜਾ ਰਿਹਾ। ਫੇਰ ਸੰ: ੧੭੫੮ ਬਿ: ਮੇਂ ਰਾਮਪੁ ੧੩੧
ਰਾ ਪਿੰਡ ਬਸਾਕੇ ਓਥੇ ਬਸਣ ਲੱਗ ਪਿਆ— ਰਾਮ ਸਿੰਘ ਦੇ ਘਰ ਨੂੰ ਸਿੰਘ ਚੌਧਰੀ ਚੁਨ
ਸਾਂ ਵਾਲੇ ਦੀ ਬੇਟੀ ਸਾਹਿਬ ਕੌਰ ਵਿੱਚੋਂ ਛੀ ਪੁੱਤ੍ਰ ਦੂਨੇ ਸਿੰਘ, ਸਭਾ ਸਿੰਘ, ਆਲਾ ਸਿੰਘ, ਬ
ਖਤ ਸਿੰਘ, ਲੱਧਾ ਸਿੰਘ, ਬੂੜਾ ਸਿੰਘ ਜੋ ਫੇਰ ਤੋਂ ਘਰ ਦੀ ਧਾੜ ਬਣ ਗਈ, ਬਾਕੀ ਹੋਰ ਜੋ
ਕਈ ਧਾੜਵੀ ਆਪਣੇ ਸਾਥ ਮਿਲਾ ਲਏ। ਰਾਮ ਸਿੰਘ ਨੇ ਥੋੜ੍ਹੇ ਹੀ ਦਿਨਾਂ ਵਿੱਚ ਬਹੁਤ ਲੁੱਟ
ਮਾਰ ਕਰਕੇ ਚੌਧਰੀ ਤਲੋਕ ਸਿੰਘ ਤੋਂ ਭੀ ਅਧਿਕ ਮਸ਼ਹੂਰ ਬਣ ਗਿਆ। ਸੰ: ੧੭੬੧ ਬਿ: ਬੰਸ
ਵਿੱਚ ਚੂਹਲ ਚੂੜ੍ਹਾਂ ਵਾਲੇ ਰਾਜਪੂਤਾਂ ਨੂੰ ਤੇ ੬੦ ਮੇਂਗਾਇ ਕੈਂਟ ਵਾਲੇ ਨੂੰ ਕਈ ਵਾਰੀ ਦੇ ਜੰਗ ਵਿੱਚ
ਸ਼ਿਕਸਤ ਦੇਕੇ ਰਾਮ ਸਿੰਘ ਉਨ੍ਹਾਂ ਦੀ ਦੌਲਤ ਮਾਲ ਅਸਬਾਬ ਸਭ ਲੈ ਆਇਆ— ਸਾਰੀਆਂ
ਨੇ ਈਨ ਮੰਨ ਲਈ। ਫਿਰ ਸੰ: ੧੭੭੧ ਬਿ: ਕੋਮਲੇ ਰੰਗ ਵਾਲੇ ਪਾਸ ਚੈਨ ਸਿੰਘ ਰਾਮ ਸਿੰਘ ਦਾ ਕਤਲ
ਸਰਦਾਰ ਦੇ ਪੁਤ੍ਰਾਂ ਨੇ ਆਪਣੇ ਬਾਪ ਦਾ ਵੈਰ ਲੈਣ ਬਦਲੇ ਦਗੇ ਨਾਲ ਰਾਮ ਸਿੰਘ ਨੂੰ ਮਾਰ ਸੁੱ
ਟਿਆ— ਜੇਹੜੀ ਪਿ ਰਾਮ ਸਿੰਘ ਦੇ ਛੀ ਬੇਟੇ ਸੇ, ਪਰ ਆਲਾ ਸਿੰਘ ਜੋ ਬੜੇ ਹੌਸਲੇ, ਖਿ
ਕਯਾਲ ਵਾਲਾ ਉਦਾਰ ਤੇ ਬਹਾਦੁਰ ਸੀ ਆਪਣੀ ਹਿਕਮਤ ਤੇ ਇਕਬਾਲ ਨਾਲ ਆਪਣੇ ਬਾ
ਪ ਦੇ ਬਾਉਂ ਜਥੇਦਾਰ ਬਣ ਗਿਆ, ਦੂਸਰੇ ਭਾਈ ਸਭ ਇਸ ਦੇ ਮਦਦਗਾਰ ਤੇ ਤਾਬੇਦਾਰ ਬਣੇ
ਰਹੇ।— ਏਹ ਖਾਨਦਾਨ ਤਨ, ਮਨ, ਧਨ ਸੇਂ ਗੁਰੂ ਕੇ ਘਰ ਦਾ ਸੇਵਕ ਅਸਲ ਹੂਆ ਹੈ, ਇਸ ਲਈ
ਗੁਰੂ ਹਰਿ ਰਾਇ ਸਾਹਿਬ ਦੇ ਬਰ ਨਾਲ ਏਸ ਫੂਲ ਬੰਸ ਨੂੰ ਰਾਜ, ਭਾਗ, ਦੀ ਵਡਿਆਈ ਪ੍ਰਾਪ
ਤ ਹੋਈ ਹੈ। ਰਾਜਾ ਆਲਾ ਸਿੰਘ ਨੇ ਦੇਸ ਦੇ ਬੜੇ ਨਾਮੀ ਗਿਰਾਮੀ ਸੂਰਬੀਰ ਧਾੜਵੀ ਕੱਠੇ ਕਰ
ਕੇ ਚੰਗਾ ਖੁਲ੍ਹਾ ਪਿਲ੍ਹਾ ਉਨ੍ਹਾਂ ਨੂੰ ਆਪਣੇ ਖੈਰਖ੍ਵਾਹ ਬਣਾ ਲਿਆ, ਜਦ ਹੀ ਚਾਹੇ ਤਦ ਹੀ ਜਾਨ ਦੇਣ ਨੂੰ ਤੇ
ਆਰ ਬਣੇ ਰਹਿੰਦੇ ਸੇ। ਸ਼ਿਕਾਰ ਮਾਰ ਲਿਆਉਣ, ਤੇ ਸਰਾਬ ਕਬਾਬ ਉਡਾਉਂਦੇ, ਢੱਡ, ਆਲਾ ਸਿੰ: ਜਥੇਦਾਰ ਹੋਣਾ
ਸਾਰੰਗੀ ਨਾਲ ਰਾਜਾ ਅਮਰ ਸਿੰਘ ਫੱਤੂ ਜਾਲ, ਜੈਮਲ ਫੱਤੇ, ਦੁੱਲੇ ਭੱਟੀ ਆਦਿਕ ਬਹਾ
ਦਰਾਂ ਦੇ ਗੀਤ ਗੱਦਪਰੀਆ ਜੇ ਢੰਗ ਪਰ ਗਾਉਂਦੇ ਰਹਿੰਦੇ, ਜਿਨ੍ਹਾਂ ਨੂੰ ਸੁਣਕੇ ਕਾਇਰ ਭੀ ਲੁੱਟ
ਮਾਰ ਕਰਨ ਨੂੰ ਤਿਆਰ ਹੋ ਜਾਂਦੇ। ਦੂਰ ਦੂਰ ਤਕ ਧਾੜੇ ਮਾਰ ਲਿਆਉਂਦੇ ਛਕਦੇ ਛਕਾਉਂਦੇ ਰਹਿੰ
ਦੇ, ਜੋ ਕੁਛ ਲੁੱਟਕੇ ਲਿਆਉਂਦੇ ਰਾਜਾ ਆਲਾ ਸਿੰਘ ਸਭ ਦੌਲਤ ਆਪਣੇ ਦੋਸਤਾਂ ਨੂੰ ਬਰ
ਤਾ ਦਿੰਦਾ, ਇਸੇ ਕਰਕੇ ਉਨ੍ਹਾਂ ਸਭਨਾਂ ਦੇ ਦਿਲ ਬੱਧੇ ਰਹਿੰਦੇ।— ਪਹਿਲੇ ਪਹਿਲ ਆਲਾ
ਸਿੰਘ ਨੇ ਆਪਣੇ ਬਾਪ ਦੇ ਖੂਨੀ ਗੁਮਟੀ ਵਾਲੇ ਚੈਨ ਸਿੰਘ ਦੇ ਪੁੱਤ੍ਰਾਂ ਨੂੰ ਇੱਕ ਦਿਨ ਗੁਮਟੀ
ਪਿੰਡ ਵਿੱਚ ਜਾ ਘੇਰਿਆ, ਭਾਰੀ ਜੰਗ ਹੋਯਾ, ਬੀਰੂ ਤੇ ਗੁਲਾਬੇ ਨੂੰ ਤਾਂ ਇਸ ਨੇ ਆਪਣੇ ਹੱਥ ਨ,

Digitized by Panjab Digital Library | www.panjabdigilib.org

੧੩੨ ਲ ਕਤਲ ਕੀਤਾ, ਉਗਰਸੈਨ ਦੌੜ ਗੇਆ ਰਬੇ ਵਿੱਚ ਜਖਮ ਬਰਛੀ ਦਾ ਆਲਾ ਸਿੰਘ ਨੂੰ ਬੀ ਲੱਗਾ ਜਾ ਪਰ ਫਤੇ ਦੀ ਖੁਸੀ ਵਿੱਚ ਛੇਤੀ ਰਾਜੀ ਹੋ ਗੇਆ। ਗੁੰਮਟੀ ਪਿੰਡ ਨੂੰ ਲੁੱਟ ਮਾਰ ਕੇ

ਬਰਨਾਲਾ ਵਸਾਯਾ

ਰਾਮਪੁਰੇ ਮੈਂ ਚਲੇ ਆਏ। ਇਸੇ ਸਾਲ ਮੈਂ ਭੁਟੌੜੀਏ ਰਾਜਪੂਤਾਂ ਨੂੰ ਬਜੰਗ ਏਸ ਦੇਸ ਵਿਚੋਂ ਬਰਬਾਦ ਕਰਕੇ ਕਸਬੇ ਭੁਟੌੜ ਪਰ ਆਪਣਾ ਕਬਜਾ ਕਰ ਲੀਤਾ ਥੋੜੇ ਦਿਨਾ ਪਿਛੋਂ ਆਪਣੇ ਬਡੇ ਭਾਈ ਦੂਨੇ ਸਿੰਘ ਨੂੰ ਓਥੋਂ ਦਾ ਆਲਕਾਰ ਕਰਕੇ ਆਪ ਰਾਇਕੱਲੇ ਦੇ ਰਾਜ ਵਿਚ ਲੁੱਟ ਮਾਰ ਜਾ ਮਚਾਈ। —— ਮਸੀਂਘੇੜੇ ਪਿੰਡ ਦੇ ਚੌਧਰੀ ਤਿਖਤੂ ਆਦਿਕ ਜੋ ਰਾਇਕੱਲੇ ਦੇ ਕਾਰਦਾਰਾਂ ਤੋਂ ਬਹੁਤ ਦੁਖੀ ਹੋ ਰਹੇ ਸੇ ਆਲਾ ਸਿੰਘ ਨੂੰ ਚੜ੍ਹਾ ਕੇ ਲੈ ਗਏ। ਕਈ ਲੜਾਈਆਂ ਹੋਈਆਂ। ਓੜਕ ਆਲਾ ਸਿੰਘ ਨੇ ਫਤੇ ਪਾ ਕੇ ਕਈ ਪਿੰਡ ਰਾਇ ਸਾਹਿਬ ਦੇ ਦਬਾ ਲਏ। — ਫੇਰ ਤਾਂ ਸੰ: ੧੭੭੮ ਬਿ: ਵਿੱਚ ਕਸਬੇ ਬਰਨਾਲੇ ਨੂੰ ਬਸਾ ਕਰ ਆਪਣੀ ਰਾਜਧਾਨੀ ਕਾਇਮ ਕਰ ਲੀਤਾ। ——

ਜੀਂਦ ਲੈਣੇ

ਮਸੰ: ੧੭੮੫ ਬਿ: ਵਿੱਚ ਰਾਇ ਸੰਧੇ ਖਾਂ ਗੁਲਜਾਰ ਖਾਂ ਰਾਜਪੂਤ ਦੀ ਮਿਆਂਦਲੇ ਨੂੰ ਜੰਗ ਵਿੱਚ ਕਤਲ ਕਰਕੇ ਆਲਾ ਸਿੰਘ ਨੇ ਉਸਦੇ ੧੧ ਗਿਆਰਾਂ ਪਿੰਡ ਲੈ ਲਏ। ਸੰਧੇ ਖਾਂ ਦੇ ਬੇਟੇ ਨਿਗਾਹੀ ਖਾਂ ਨੇ ਜਦ ਹੋਰ ਕੋਈ ਉਪਾਇ ਆਪਣੇ ਬਚਾਉਣ ਦਾ ਨ ਦੇਖਿਆ ਤਾਂ ਆਲਾ ਸਿੰਘ ਦੀ ਨੌਕਰੀ ਕਰ ਲਈ —— ਸੰ: ੧੭੮੬ ਬਿ: ਮੈਂ ਜਦ ਰਾਜਾ ਆਲਾ ਸਿੰਘ ਨੇ ਉਪਰ ਥਲੀ ਕਈ ਜੰਗ ਫਤੇ ਕਰਕੇ ਰਜਪੂਤਾਂ ਦੇ ਕਈ ਪਰਗਣੇ ਦਬਾ ਲਏ ਤਾਂ ਰਾ

ਅਸਦੁੱਲੇ ਖਾਂ ਫੌਜਦਾਰ ਦਾ ਮੁਕਾਬਲਾ

ਇਕੱਲੇ ਖਾਂ ਰਾਇਕੋਟ ਵਾਲਾ ਤੇ ਦਲੇਲ ਖਾਂ ਤਲਵੰਡੀਆ ਕੁਤਬਦੀਨ ਖਾਂ ਮਲੇਰੀ ਰਸਨ ਖਾਂ ਭਟਨੇਰੀ ਜਦਾਨ ਖਾਂ ਤਲਵੰਡੀ ਵਾਲਾ ਜਮੇ ਖਾਂ ਆਦਿਕ ਭੁਟੌੜੀਏ ਰਾਜਪੂਤਾਂ ਤੇ ਪਠਾਣਾਂ ਨੇ ਸਤ ਮਤ ਕਰਕੇ ਸੰ: ੧੭੯੧ ਬਿ: ਕੋ ਰਾਜੇ ਆਲਾ ਸਿੰਘ ਉੱਤੇ ਹੱਲਾ ਕਰ ਦਿੱਤਾ — ਨੀਕਰੀ ਵਾਲੇ ਪਿੰਡ ਪਾਸ ਭਾਰੀ ਜੰਗ ਹੋਇਆ। ਆਲਾ ਸਿੰਘ ਦੀ ਮਦਦ ਵਿੱਚ ਬੀ ਚੌਧਰੀ ਗੁਰਦਿੱਤ ਸਿੰਘ ਸੁਖਚੈਨ ਸਿੰਘ ਬੁਲਾਕੀ ਸਿੰਘ ਸੱਭਾ ਸਿੰਘ ਕੱਪਾ ਸਿੰਘ ਔਰ ਭਾਈ ਭਗਤੂ ਕੇ ਸੇਮੇ ਕੇ ਕਾਲੇਕੇ ਗਰੇਵਾਲ ਗਿੱਲ ਹੋਰ ਅਨੇਕ ਸਿੱਖ ਸਰਦਾਰ ਬੀ ਆ ਪਹੁੰਚੇ। ਕਿਉਂਕਿ ਆਲਾ ਸਿੰਘ ਦੀ ਉਦਾਰਤਾ ਤੇ ਸੁਹੱਬਤ ਸਭ ਦੇ ਦਿਲ ਵਿੱਚ ਬਸ ਰਹੀ ਸੀ ਬਡੀ ਭਾਰੀ ਲੜਾਈ ਦੋਹਾਂ ਤਰਫਾਂ ਨੇ ਕੀਤੀ ਸੈਂਕੜੇ ਘੋੜੇ ਜਨ ਮਾਰੇ ਗਏ। ਭਲਾ (ਸਾਹਿਬ ਜਿਸਦੀ ਵੱਲ ਉਸ ਨੂੰ ਡਰ ਕੈਂਦਾ।) ਮੁਸਲਮਾਨ ਮੈਦਾਨ ਛੱਡ ਕੇ ਭੱਜ ਗਏ। ਪਰ ਓਨਾਂ ਨੂੰ ਏਸ ਸਰਮਿੰਦਗੀ ਤੇ ਲਾਜ ਦੀ ਅੱਗ ਨੇ ਚੈਨ ਨ ਲੈਣ ਦਿੱਤੀ, ਨਵਾਬ ਅਸਦੁੱਲੇ ਖਾਂ ਜਲੰਧਰ ਦੇ ਫੌਜਦਾਰ ਨੂੰ ਬੀ ਸਹਾਇਤਾ ਦੇਣਾ ਕਰਕੇ ਆਪਣੀ ਕੁਮਕ ਪਰ ਚੜ੍ਹਾ ਲਿਆਏ। ਕਿਉਂਕਿ ਦੋ

Digitized by Panjab Digital Library | www.panjabdigilib.org

ਹਗ ਇਕੋ ਟੀਏ ਦਾ ਸਾਕਸੀ— ॥ ਏਧਰ ਮਲਵਈ ਸਿੰਘ ਤਾਂ ਆਲਾ ਸਿੰਘ ਦੇ ਸਾਥ ਥੇ ੧੧੩
ਹੀ, ਬਾਕੀ ਮਝੈਲ ਸਿੰਘਾਂ ਦੇ ਦਲ ਨੂੰ ਭੀ ਆਲਾ ਸਿੰਘ ਨੇ ਬੁਲਾ ਭੇਜਿਆ ਤਾਂ ਦੀਵਾਨ ਦਰਬਾਰਾ
ਸਿੰਘ, ਨਵਾਬ ਕਪੂਰ ਸਿੰਘ, ਜਗੀਰ ਦੀਪ ਸਿੰਘ, ਸੁਕਰਚੱਕੀਆ ਚੜ੍ਹਤ ਸਿੰਘ, ਗੁਰਦਿਆਲ
ਸਿੰਘ ਡੱਲੇਵਾਲੀਆ, ਭੰਗੀ ਹਰੀ ਸਿੰਘ ਆਦਿਕ ਸਰਦਾਰ ਬੀਸ ਹਜਾਰ ਅਸਵਾਰ ਲੈ
ਕੇ ਆ ਪਹੁੰਚੇ, ਬਰਨਾਲ੍ਹੇ ਤੇ ਸੰਘੇੜੇ ਪਿੰਡ ਦੇ ਵਿਚਕਾਰ ਬਡਾ ਭਾਰੀ ਖੇਤ ਪੈਆ, ਲੋਥਾਂ ਦੇ ਸਥਰ
ਲਗ ਗਏ ਤੇ ਲਹੂ ਦੇ ਖਾਲ੍ਹ ਵਗ ਤੁਰੇ॥ ਦੀਨ ਮਜਹਬ ਤੇ ਜਿੱਦ ਬਾਦ ਨਾਲ ਦੋਨੋਂ ਤਰਫ ਸੈਂ ਜੁਝ
ਹੋ ਰਹੇ ਕਿਸੇ ਨੇ ਕੋਈ ਕਸਰ ਨ ਰੱਖੀ॥ ਤਿੰਨ ਪਹਿਰ ਜੰਗ ਹੋਇਆ ਛੇਕੜ ਸਿੰਘਾਂ ਨੇ ਤਲਵ
ਰਾਂ ਸੂਤ ਲਈਆਂ ਤੇ ਅਕਾਲ ੨ ਬੋਲ ਕੇ ਭੁੱਖੇ ਬਾਜਾਂ ਵਾਂਗੂ ਟੁਟ ਕੇ ਜਾ ਪਏ॥ ਉਸ ਹੱਲੇ ਵਿ
ਚ ਫੌਜਦਾਰ ਅਸਦੁੱਲਾ ਖਾਂ ਆਪਣੇ ਕਈ ਸਰਦਾਰਾਂ ਸਮੇਤ ਮਾਰਾ ਗੈਆ॥ ਉਸ ਦੀ ਫੌ
ਜ ਨੇ ਪਿੱਠ ਵਿਖਾਈ ਬਾਕੀ ਤੁਰਕਾਂ ਨੇ ਭੀ ਉਨਾਂ ਦੇ ਗੈਲ ਦੌੜਨੀ ਪਕੜੀ ਲੈਲ ਫੇ ਤੋਪਾਂ ਤੇ ਬੂਸ
ਲੀਤੇ ਊਂਟ ਘੋੜੇ ਹਥਿਆਰ ਆਦਿਕ ਬਹੁਤ ਸਾਮਾਨ ਫਤੇ ਸਮੇਤ ਰਾਜਾ ਆਲਾ ਸਿੰਘ ਦੇ ਹੱਥ
ਆਏ॥ ਫਿਰ ਤਾਂ ਉਸ ਨੇ ਪੰਥ ਖਾਲਸੇ ਨੂੰ ਬਹੁਤ ਦਿਨ ਠਹਿਰਾ ਕੇ ਸੇਵਾ ਕੀਤੀ ਔਰ ਨਜਰ ਨਿ
ਆਜ ਦੇ ਕਰ ਖੁਸੀ ਕਰਕੇ ਬਿਦਾ ਕੀਤਾ॥ ॥ ਇਸ ਮਹਾਨ ਫਤੇ ਨੇ ਰਾਜਾ ਆ
ਲਾ ਸਿੰਘ ਦਾ ਦਬਦਬਾ ਬੈਠਾ ਕੇ ਦੂਰ ੨ ਤਕ ਮਸਹੂਰ ਕਰ ਦਿੱਤਾ॥ ਸਤਲੁਜ ਜਮਨਾਂ ਦੇ ਵਿ
ਚਕਾਰ ਜੋ ਸੂਰਬੀਰ ਮਸਹੂਰ ਥੇ ਬੇਸੁਮਾਰ ਆਲਾ ਸਿੰਘ ਦੇ ਦੋਸਤ ਸਹਾਇਕ ਬਣ ਗਏ
ਤੇ ਫੌਜ ਦੀ ਤਾਦਾਦ ਭੀ ਦੂਣੀ ਚੌਣੀ ਹੋ ਗਈ॥ — ਫੇਰ ਤਾਂ ਆਲਾ ਸਿੰਘ ਦਾ ਪਾਸਣਾਂ
ਕਿਧ੍ਰੇ ਭੀ ਕਦੇ ਖਾਲੀ ਨ ਜਾਵੇ॥ ਜਿਧਰ ਬਾਗ ਉਠਾਵੇ ਦਸ ਬੀਸ ਪਿੰਡ ਦਬਾਏ ਬਿਨਾਂ ਨਾਂ ਆ
ਵੇ॥ — ॥ ਉਸ ਸਮੇਂ ਲੌਂਗੋਵਾਲ੍ਹ ਪਿੰਡ ਦੁੱਲਟਾਂ ਦਾ ਗਾਲਕਾਲ ਨੇ ਉਜਾੜ ਛੱਡ
ਆ ਸੀ ਤੇ ਹਿੰਮਤ ਸਿੰਘ, ਕਾਲ੍ਹਾ ਸਿੰਘ, ਸਾਗਰ ਸਿੰਘ, ਬਿੱਘਾ ਸਿੰਘ, ਆਦਿਕ ਅਨੇਕ
ਦੁੱਲਟ ਸਰਦਾਰ ਜੋ ਆਲਾ ਸਿੰਘ ਦੇ ਜਾ ਥਏ ਨੌਕਰ ਥੇ॥ ਉਨਾਂ ਦੇ ਕਹੇ ਬਾਬਾ ਆਲਾ ਸਿੰਘ
ਉਥੇ ਜਾ ਉਤ੍ਰਿਆ॥ ਜੋ ਅਬ ਤਕ ਆਲੇ ਵਾਲੀ ਢਾਬ ਮਸਹੂਰ ਹੈ॥ ਭ੍ਰਾਈ ਮੂਲ ਚੰਦ ਬਠੀ ਬੋ
ਦੀ ਵਾਲ੍ਹ ਮਨਿਆਂ ਦੱਸਿਆ ਹੋਇਆ ਬਡਾ ਉਜਾਗਰ ਸੰਤ ਸੀ ਉਸ ਭੀ ਕੁਝ ਫਾਲ ਉਸੇ ਦਿਨ ਉਥੇ
ਆ ਨਿਕਲ੍ਹਿਆ॥ ਉਸ ਦਾ ਬਚਨ ਮੰਨ ਕੇ ਬਾਬੇ ਆਲਾ ਸਿੰਘ ਨੇ ਕਾਤਕ ਸੰ: ੧੭੯੮ ਬਿ:
ਮੇਂ ਲੌਂਗੋਵਾਲ੍ਹ ਪਿੰਡ ਦੀ ਮੋੜ੍ਹੀ ਗੱਡੀ॥ ਜਿੱਥੇ ਹੁਣ ਬਾਬੇ ਆਲੇ ਦੀ ਧਰਮਸਾਲਾ ਹੈ॥
ਜਦ ਪਿੰਡ ਮੱਲਣ ਦੇ ਨਾਂ ਕਬੱਜੇ ਪ੍ਰਜਾ ਬੈਠਿਆ ਤਾਂ ਨਿਕਟਵਰਤੀ [illegible]

Digitized by Panjab Digital Library | www.panjabdigilib.org

੧੨੪ ਤਕੀਪੁਰ, ਢਡਰੀਆਂ ਦੇ ਮੁਸਲਮਾਨ ਚੜ੍ਹ ਆਏ। ਆਲਾ ਸਿੰਘ ਉਸ ਦਿਨ ਉਭਾਵਾਲ ਸੀ ਜੋ ਲੌਂਗੋਵਾਲ ਤੋਂ ਦੋ ਬਰਸ ਪਹਿਲੇ ਬਸਾਯਾ ਸੀ। ਮੁਸਲਮਾਨ ਮੋੜ੍ਹੀ ਪੱਟ ਕੇ ਉਸ ਖੂਹ ਵਿੱਚ ਸਿੱਟ ਗਏ। ਜੋ ਚੌਧਰੀ ਸਿੰਮਤ ਦੇ ਬਡੇ ਲੌਂਗੋਂ ਵਾਲ ਨੇ ਏਸ ਪਿੰਡ ਦੇ ਉਸ ਖੂਹ ਤੋਂ ਪਹਿਲੇ ਲਗਵਾ ਰੱਖਿਆ ਸੀ। —— ।। ਜਬ ਆਲਾ ਸਿੰਘ ਉਭਾਵਾਲ ਤੋਂ ਹਟ ਕੇ ਆਯਾ ਤੇ ਭਾਈ ਮੂਲ੍ਹੇ ਨੂੰ ਮੋੜ੍ਹੀ ਪੱਟ ਜਾਣ ਦਾ ਹਾਲ ਸੁਣਾਯਾ ਤਾਂ ਭਾਈ ਸਾਹਿਬ ਨੇ ਬਚਨ ਕੀਤਾ ਤੁਮਾਰੇ ਏਸ ਪਿੰਡ ਦੀਆਂ ਜੜ੍ਹਾਂ ਪਤਾਲ ਨੂੰ ਜਾ ਲੱਗੀਆਂ ਹੈਨ ਬਹੁਤ ਫੈਲੇਗਾ ਸੋ ਹੁਣ ਉਨ੍ਹਾਂ ਜੱਟਾਂ ਦਾ ਪਿੰਡ ਕੋਈ ਨਹੀਂ। ——

ਅਹਮਦ ਸ਼ਾਹ ਦੀ ਤਰਫੋਂ ਦੇਹਲੀ ਆਲਾ ਸਿੰਘ ਦੀ ਅਤੇ ਉਸ ਦੇ ਨਾਮ ਸ਼ਾਹੀ ਫੁਰਮਾਨ ਦਾ ਆਉਣਾ।

।। ਏਸੇ ਸਮੇ ਬਾਬੇ ਆਲਾ ਸਿੰਘ ਦੀ ਧਾਂਕ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਦੇ ਕੰਨਾਂ ਤਕ ਪਹੁੰਚ ਗਈ। ਉਸ ਨੇ ਨਵਾਬ ਮੀਰ "ਮੁਅੱਯਨ" ਮੀਰ ਮੰਨੂੰ ਤੇ ਸਮਸਦਾਰ ਖਾਂ ਨੂੰ ਸੂਬੇ ਸਰਹੰਦ ਪਾਸ ਭੇਜ ਕੇ ਇਕ ਫੁਰਮਾਨ ੨੧ ਰਮਜਾਨ ਸਨ ੧੧੩੭ ਹਿ: ਕੋ ਆਲਾ ਸਿੰਘ ਦੇ ਨਾਮ ਏਸਤਰਾਂ ਦਾ ਭੇਜਿਆ, ਕਿ ਤੁਮ ਨੇ ਸਰਹਿੰਦ ਦੇ ਇੰਤਜਾਮ ਮੇਂ ਨਾਜਮ ਸਰਹਿੰਦ ਦੀ ਮਦਦ ਰੱਖਣੀ। ਜਦ ਇੰਤਜਾਮ ਹੋ ਜਾਏਗਾ ਤਾਂ ਆਪ ਕੋ ਰਾਜੇ ਦਾ ਖਿਤਾਬ ਦਿੱਤਾ ਜਾਏਗਾ। ਜਦ ਕਿ ਏਸ ਬਾਤ ਪਰ ਖਿਆਲ ਕਰਕੇ ਬਾਬੇ ਆਲਾ ਸਿੰਘ ਨੇ ਭੀ ਸਮੇ ਅਨੁਸਾਰ ਨਾਜਮ ਸਰਹਿੰਦ ਦੀ ਮਦਦ ਰੱਖੀ ਪਰ ਸਿੰਘਾਂ ਦੇ ਦਲ ਨੇ ਇਲਾਕੇ ਸਰਹਿੰਦ ਨੂੰ ਦਲ ਕੇ ਛੱਡਿਆ ਕਿ ਜੇਹੀ ਕੁਛ ਪੇਸ਼ ਨ ਗਈ। ਅਬ ਸੰ: ੧੭੯੨ ਬਿ: ਕੋ ਆਲਾ ਸਿੰਘ ਨੇ ਆਪਣੇ ਕਦੀਮੀ ਵੈਰੀ ਮਲਾਦਾਦ ਖਾਂ ਬੋਹਾ ਵਾਲੇ ਨਵਾਬ ਅਨਾਯਤ ਖਾਂ ਤੇ ਫਲਾਯਤ ਖਾਂ ਬੁਲਾਡੇ ਵਾਲੇ ਬਾਕਰ ਖਾਂ ਰਮਾਉ ਦਾਲੇ ਮੁਹੰਮਦ ਅਮੀਨ ਖਾਂ ਭਟਨੇਰੀਆ ਆਦਿਕਾਂ ਦੀ ਤਰਫ ਅੱਖ ਉਠਾਈ ਤੇ ਕਈ ਮੁਕਾਬਲੇ ਕੀਤੇ ਪਰ ਇਕੋ ਇਕ ਨ ਚੋਈ। ——

ਆਲਾ ਸਿੰਘ ਨੇ ਰਾਇ ਕੱਲੇ ਨੂੰ ਸ਼ਕਸਤ ਦਿੱਤੀ

।। ਸੰ: ੧੭੯੭ ਬਿ: ਕੋ ਸਰਹਿੰਦ ਦੀ ਅਮਲਦਾਰੀ ਵਿੱਚ ਰਾਜੇ ਆਲਾ ਸਿੰਘ ਨੇ ਬਹੁਤ ਹੱਥ ਪੈਰ ਮਾਰੇ ਦੂਰ ਦੂਰ ਦੇ ਸ਼ਹਿਰ ਲੁੱਟੇ। ——

ਸੰ: ੧੭੯੮ ਬਿ: ਕੋ ਰਾਜਾ ਆਲਾ ਸਿੰਘ ਨੇ ਨਵਾਬ ਮੁਹੰਮਦ ਅਮੀਨ ਖਾਂ ਰੁਹੇਲੇ ਸੂਬੇ ਸਰਹਿੰਦ ਦੇ ਮਜਾਹੇ ਨਾਲ ਰਾਇਕੋਟ ਦੇ ਰਈਸ ਰਾਇ ਕੱਲੇ ਉੱਤੇ ਕਈ ਹੱਲੇ ਕਰਕੇ ਆਖਰ ਉਸ ਨੂੰ ਐਸੀ ਸਕਿਸ੍ਤ ਦਿੱਤੀ ਕੇ ਓਹ ਪਾਕਪੱਟਨ ਦੀ ਤਰਫ ਦੌੜ ਗੇਆ, ਬਹੁਤ ਸਾ ਇਲਾਕਾ ਉਸ ਦਾ ਆਲਾ ਸਿੰਘ ਨੇ ਦਬਾ ਲੀਤਾ। ——

ਅੱਸੂ ਸੰ: ੧੮੦੩ ਬਿ: ਮੇਂ ਮੁਹੰਮਦ ਅਮੀਨ ਖਾਂ ਰੁਹੇਲੇ ਸੂਬੇ ਸਰਹਿੰਦ ਨੇ ਜਮਾਲ ਖਾਂ ਮਲੇਰੀ ਤੇ ਰਾਇ ਕੱਲੇ ਦੇ ਬਾਕਿਆਂ ਤੋਂ ਏਫੇ ਦੇ ਬ ਨਾਲ ਬੁਲਾ ਕੇ ਬਾਬੇ ਆਲਾ ਸਿੰਘ ਨੂੰ ਸੁਨਾਮ ਵਿੱ

ਕੈਦ ਕਰ ਲੀਤਾ ਪਰ੍ਹੰਤੂ ਆਲਾ ਸਿੰਘ ਦੇ ਸਰਦਾਰੀ ਛੱਤੇ ਸਿੰਘ ਬ੍ਰਾਮਣ, ਲੱਧਾ ਸਿੰਘ, ਗੁਰਦਿ ੧੮੦੫
ਤਾ ਸਿੰਘ, ਬਾਘ ਬੇਣ ਜੋਗੀ ਦੀਵਾਨ ਦਰਗੀਆ ਸਿੰਘ, ਹਰੀਆ ਸਿੰਘ, ਸੇਖੋਂ ਕਰਮ ਸਿੰਘ, ਸੰਤ
ਸਿੰਘ ਧਾਨ ਸਿੰਘ ਸੇਮੇਕੇ, ਗੁਰਬਖਸ਼ ਸਿੰਘ, ਆਸਾ ਸਿੰਘ ਕਾਲ੍ਹੇਕੇ, ਜੋਮਣ ਸਿੰਘ, ਜੋ
ਧ ਸਿੰਘ ਰੰਧਾਵੇ, ਬਿੱਪਾ ਸਿੰਘ, ਨਗਾਹੀਆ ਸਿੰਘ ਢੁੱਲਰ, ਇਤਿਆਦਿਕ ਬਹਾਦਰਾਂ ਨੇ ਰਾ
ਜਾ ਆਲਾ ਸਿੰਘ ਦੇ ਛੁਡਾਉਣ ਦਾ ਉੱਦਮ ਨਾ ਛੱਡਿਆ, ਕਰਮ ਸਿੰਘ ਸੇਮੇਕੇ ਤੇ ਜੋਮਣ ਸਿੰਘ
ਰੰਧਾਵਾ ਏਹ ਦੋਵੇਂ ਪ੍ਰਸਾਦ ਪਹੁੰਚਾਇਆ ਕਰਦੇ ਸੇ। ਇੱਕ ਦਿਨ ਜੋਮਣ ਸਿੰਘ ਬਹੁਤ ਸਾਰੇ ਮਠੀ
ਰੇ ਲੈ ਗਿਆ ਤੇ ਸਭ ਜਮਾਂਦਾਰ ਤੇ ਸਪਾਹੀਆਂ ਨੂੰ ਦੇਕੇ ਇੱਕ ਮਠੀ ਜਿਸ ਵਿਚ ਫੁਲਾਦੀ ਸਿਦਾਰਾਂ
ਰੇਤੀ ਛਪਾ ਰੱਖੀ ਸੀ ਜਮਾਂਦਾਰ ਨੂੰ ਪੁੱਛ ਕੇ ਆਲਾ ਸਿੰਘ ਨੂੰ ਜਾ ਦਿੱਤੀ ਉਸ ਨਾਲ ਬੇੜੀ ਕੱਟੀ
ਦੂਸਰੇ ਦਿਨ ਫਿਰ ਕਰਮ ਸਿੰਘ ਪ੍ਰਸਾਦ ਲੈਕੇ ਗਿਆ, ਆਪ ਆਲਾ ਸਿੰਘ ਦੇ ਬਸਤ੍ਰ ਪਹਿਨਕੇ ਉਸ
ਦੀ ਜਗਾ ਬੈਠ ਰਿਹਾ, ਆਲਾ ਸਿੰਘ ਉਸ ਦੀ ਪੁਸ਼ਾਕ ਪਹਿਨਕੇ ਬਾਹਰ ਚਲਾ ਆਯਾ, ਜਦ ਰਾ
ਜਾ ਸਾਹਿਬ ਉਨ੍ਹਾਂ ਸਰਦਾਰਾਂ ਵਿੱਚ ਜੋ ਬਾਹਰ ਏਸ ਨੂੰ ਉਡੀਕ ਰਹੇ ਸੇ ਜਾ ਮਿਲਿਆ ਤੇ ਨਗਾਰ ੦
ਬਜਾਯਾ ਬੰਦੂਕ ਚਲਾਈ ਤਾਂ ਕਰਮ ਸਿੰਘ ਭੀ ਛੇਤੀ ਨਾਲ ਇੱਕ ਸਪਾਹੀ ਦੀ ਤਲਵਾਰ
ਛੀਨਕੇ ਦੋ ਚਾਰ ਨੂੰ ਲੰਬੇ ਪਾ ਉਨ੍ਹਾਂ ਨਾਲ ਜਾ ਮਿਲਿਆ, ਏਸ ਖਿਦਮਤ ਬਦਲੇ ਆਲਾ ਸਿੰ
ਘ ਨੇ ਖੁਸ਼ੀ ਹੋਕਰ ਉਸ ਨੂੰ ਉਸਦਾ ਕਦੀਮੀ ਪਿੰਡ ਗੁੰਮਟੀ ਦੇ ਦਿੱਤਾ।——— ਸੰ: ੧੮੦੬
ਬਿ: ਕੋ ਗੈਂਡੇ ਰਾਇ ਭੀਖੀ ਵਾਲ੍ਹੇ ਨੂੰ ਜੋ ਰਾਹਿਲਾਂ ਦਾ ਸਿਰੋਮਣੀ ਸੀ ਬਜੰਗ ਜਿੱਤ ਸੂਦੇਕੇ
ਏਸੇ ਸਾਲ ਫਤੇ ਜੰਗਾਂ ਦਾ ਥੇਹ ਵਸਾਕੇ ਇੱਕ ਕਿਲਾ ਭਵਾਨੀ ਗੜ੍ਹ, ਉਥੇ ਉਸਾਰਿਆ ਜਿਸਤਾਂ
ਅਬ ਨਜਾਮਤ ਹੈ। ਫਰੀਦ ਖਾਂ ਰਜਪੂਤ ਕਾਕੜੇ ਵਾਲੇ ਨੇ ਛੇੜ ਛਾੜ ਕੀਤੀ ਓਹ ਐਨ ਜੰਗ
ਵਿੱਚ ਰਾਇ ਸਿੰਘ ਗੋਰੇ ਵਾਲ੍ਹੇ ਦੇ ਹੱਥੋਂ ਦੋ ਟੁਕੜੇ ਹੋਯਾ।——

ਗੈਂਡੇ ਰਾਇ ਨੂੰ ਫਤੇਹ ਕਰਕੇ ਧਜਾ ਫਤੀਰ ਖਾਂ ਕਤਲ ਕੀਤਾ।

ਉਸ ਸਮੇ ਆਲਾ ਸਿੰਘ ਲੌਂਗੋਵਾਲ ਮੇ ਰੈਹਾ ਕਰਦਾ। ।ਰਾਣੀ ਫੱਤੋ ਖਿਚੜੀ ਤੇ
ਇੱਕ ੨ ਪਲ੍ਹਾ ਘਿਉ ਦਾ ਸਭ ਸਿੱਖਾਂ ਨੂੰ ਬਰਤਾਯਾ ਕਰਦੀ। ਉਸ ਲੰਗਰ ਦੇ ਚੁੱਲ੍ਹੇ ਅੱਜ
ਤਕ ਕਾਇਮ ਹਨ। ਇੱਕ ਦਿਨ ਇੱਕ ਸਿੱਖ ਨੂੰ ਲਾਂਗ੍ਰੀ ਨੇ ਖਿਚੜੀ ਤੇ ਮਾਈ ਨੇ ਘਿਉ ਪਾਯਾ ਤਾਂ ਓਹ ਬੋ
ਲਿਆ ਏਸ ਤੱਤੇ ਘੀ ਖਿਚੜੀ ਨੂੰ ਮੈਂ ਕੀ ਕਰਾਂ, ਮਾਈ ਜੀ ਦੇ ਮੂੰਹੋਂ ਨਿਕਲਿਆ "ਪਾਦੇ ਮੇਰੇ
ਸਿਰ ਵਿੱਚ", ਸਿੱਖ ਨੇ ਛੇਤੀ ਨਾਲ ਮਾਈ ਜੀ ਦੇ ਸਿਰ ਉੱਤੇ ਬਾਟੀ ਮੂਧੀ ਕਰ ਦਿੱਤੀ, ਦੂਸਰੇ
ਦਿਨ ਜਦ ਆਲਾ ਸਿੰਘ ਜੀ ਕਸਬੇ ਤੋਸ਼ਾਮ ਨੂੰ ਲੁੱਟ ਮਾਰਕੇ ਆਯਾ ਤੇ ਰਾਣੀ ਸਾਹਿਬਾ ਨੇ
ਆਪਣੀ ਕਥਾ ਸੁਣਾਈ ਤਾਂ ਮਹਾਰਾਜੇ ਨੇ ਫੁਰਮਾਯਾ "ਧੰਨ ਭਾਗ ਤੇਰੇ ਹਨ ਜੋ ਸਿੱ

Digitized by Panjab Digital Library | www.panjabdigilib.org

੧੩੬ ਦੇ ਹੱਥੋਂ ਤੇਰੇ ਸਿਰ ਵਿੱਚ ਘੀ ਪਿਆ ਹੈ। ਤੁਰਕਾਂ ਦੇ ਹੱਥੋਂ ਤੱਤਾ ਤੇਲ ਪੈਣ ਤੋਂ ਬਚ ਗਈ। ਇਸ ਦੀ ਸੇਵ ਕੌਰਾਂ ਰਾਣੀ ਸਾਹਿਬਾ ਨੇ ਉਸ ਸਿੱਖ ਨੂੰ ਕੈਦੋਂ ਛੁਡਾ ਕੇ ਪ੍ਰਸਾਦ ਛਕਾ ਖੁਸ਼ੀ ਪਾ ਇਸ ਗੁਰ ਉਪਮਾ ਕਰਾਯਾ। —

ਗੌਰੇ ਰਾਜਪੂਤ ਸੁਨਾਮ ਵਾਲੇ ਜੋ ਭੱਟੀਆਂ ਪਿੰਡਾਂ ਦੇ ਮਾਲਕ ਹੋਏ ਸਨ ਆਲਾ ਸਿੰਘ ਨਾਲ ਖੁਦ ਭੇੜ ਰੱਖਦੇ ਸੇ ਉਨ੍ਹਾਂ ਆਲਾ ਸਿੰਘ ਦੇ ਪੱਚੀ (੨੫) ਸਿੱਖ ਅਸਵਾਰ ਵਾਕਫੂ ਉੱਤੇ ਜੋ ਟੋਹਾਣਾ ਲੈਣ ਵੱਲ ਤੇ ਸੁਨਾਮ ਦੇ ਇਰਦ ਗਿਰਦ ਹੈ ਉਨ੍ਹਾਂ ਨੇ ਘੇਰ ਕੇ ਇੱਕ ਟਾਂਗੂ ਦਰਖਤ ਉੱਤੇ ਬੈਠ ਠਹਿਰਾ। —

ਸੰ: ੧੮੦੭ ਬਿ: ਮੇਂ ਅੱਖਣਾ ਪਚਾਧਾ ਕੀਆਂ ਬੇਦਲ ਪੀਰ ਮੁਹੰਮਦ ਖਾਂ ਭੱਟੀ ਇੱਕ ਫੌਜ ਕਟਕ ਲੈ ਕੇ ਆ ਇਨ੍ਹੇ ਸੁਨਾਮ ਦਾ ਬਜਾਰ ਲੁੱਟ ਕੇ ਬਾਹਰ ਤੇ ਆਣ ਲੈ ਗਏ। ਸੁਨਾਮ ਦੇ ਹੱਕ ਬੱਜੇ ਗੌਰੇ ਰਾਜਪੂਤ ਤੇ ਸਾਹਿਬੀ ਲੋਗ ਬੇਸੁਮਾਰ ਢੋਲ ਬਜਾਵਦੇ ਜਰ ਕਟਕ ਦੇ ਪਿੱਛੇ ਨਿਕਲੇ ਤੇ ਪਿੰਡਾਂ ਦੀਆਂ ਬਾਰਾਂ ਚੜ੍ਹੀਆਂ ਆਲਾ ਸਿੰਘ ਨੂੰ ਬੀ ਏਹ ਖਬਰ ਟਾਂਗੂ ਨੇ ਪੁਚਾਈ, ਏਹੋ ਜੇਹੇ ਵਕਤ ਨੂੰ ਤਾਂ ਏਹ ਉਡੀਕਦੇ ਹੀ ਸੇ ਤੱਤਕਾਲ ਪੰਜ ਸੌ (੫੦੦) ਅਸਵਾਰ ਲੈ ਕੇ ਸੁਨਾਮ ਜਾ ਬੜੇ ਹੋਰ ਬੁਢੇ ਦੇ ਲੁਟੇਰੇ ਸੱਦ ਲਏ, ਦੀਵਾਨ ਦਰਗਾਹੀ ਸਿੰਘ ਨੇ ਗੌਰਿਆਂ ਦਾ ਬੂਹਾ ਜਾ ਰੋਕਿਆ। ਉਧਰ ਦੀ ਸੋਖ

ਸੁਨਾਮ ਫ ਕਯਾ ਤੇਣ

ਤ ਪਾਸ ਗੌਰੇ ਤੇ ਸਾਹਿਬੀ ਲੋਗ ਭੱਟੀਆਂ ਦੇ ਕਟਕ ਨੂੰ ਜਾ ਮਿਲੇ। ਭਾਰੀ ਜੰਗ ਹੋਇਆ ਕੁਦਰਤ ਨਾਲ ਰਾਇ ਫੱਤੂ, ਰਾਇ ਕਮਾਲ, ਰਾਇ ਸੁਮਾਲ ਤਿੰਨ ਸਰਦਾਰ ਗੌਰੇ ਚਾਰ ਸੌ ਆਦਮੀ ਸਮੇਤ ਹੀ ਬੇਮਾਰੇ ਗਏ। ਓਧੋਂ ਉਨ੍ਹਾਂ ਦੀਆਂ ਲੋਥਾਂ ਆਈਆਂ ਏਧਰੋਂ ਉਨ੍ਹਾਂ ਦੀ ਰਜਧਾਨੀ ਆਲਾ ਸਿੰਘ ਨੇ ਜਾ ਮੱਲੀ ਬਸਤ ਬਸੈਂ ਉਨ੍ਹਾਂ ਦੇ ਬੱਤੀ (੩੨) ਪਿੰਡ ਤੇ ਸਹਿਰ ਸੁਨਾਮ ਆਲਾ ਸਿੰਘ ਦੇ ਹੱਥ ਆ ਗਏ। —

।।ਸੰ: ੧੮੦੮ ਬਿ: ਵਿੱਚ ਸਰਦਾਰ ਗੁਰਬਖਸ਼ ਸਿੰਘ ਕਾਲੇਕੇ ਨੇ ਜੋ

ਸਨੌਰ ਫਤੇ ਕਰਨੀ।

ਰਾਣੀ ਫੱਤੋ ਦਾ ਸੱਕਾ ਭਾਈ ਬੜਾ ਸੂਰਬੀਰ ਅਸਵਾਰ ਸੀ ਦੋ ਹਜਾਰ ਅਸਵਾਰ ਕੱਠਾ ਕਰਕੇ ਕਸਬੇ ਸਨੌਰ ਪਰ ਧਾਵਾ ਕੀਤਾ ਬੜੀ ਲੜਾਈ ਹੋਈ, ਅੰਤ ਮੁਹੰਮਦ ਖਾਂ ਹਾਕਮ ਸਨੌਰ ਨੂੰ ਕਤਲ ਕਰ ਚੁਰਾਸੀਆਂ ਪਿੰਡਾਂ ਸਮੇਤ ਸਨੌਰ ਨੂੰ ਫਤੇ ਕਰ ਕੇ ਗੁਰਬਖਸ਼ ਸਿੰਘ ਨੇ ਰਾਜਾ ਆਲਾ ਸਿੰਘ ਦੇ ਸਪੁਰਦ ਕਰ ਦਿੱਤਾ। ਤਬ ਸੈ ਦੋ ਹਜਾਰ ਸਵਾਰ ਸਮੇਤ ਗੁਰਬਖਸ਼ ਸਿੰਘ ਪਟਿਆਲੇ ਤੇ ਰਾਖਾ ਮੇਜਰ ਦੇ ਗੱਭੇ ਇੱਕ ਕੱਚੀ ਹਵੇਲੀ ਬਣਾ ਕੇ ਰਹਿਣ ਲੱਗ ਪਿਆ, ਓਦੋਂ ਏਹ ਦੇ ਪਿੰਡ ਛੋਟੇ ੨ ਸੇ ਹੁਣ ਸਹਿਰ ਪਨਾਹ ਦੇ ਅੰਦਰ ਆ ਗਏ। —

ਸੰ: ੧੮੧੦ ਬਿ: ਮੇਂ ਨਵਾਬ ਅਬਦੁਲ ਸਮੁੰਦ ਖਾਂ ਸੂਬੇ ਸਰਹੰਦ ਦੇ ਨੇ ਅਪਣੇ ਦੀਵਾਨ ਲੱਛਮੀ ਨਰੈਣ ਨੂੰ ਜਦ ਮੁਸਲਮਾਨ ਕਰਨਾ ਚਾਹਿਆ ਤੇ ਓਹ ਦੌੜ ਕੇ ਸਰਦਾਰ ਗੁਰਬਖਸ਼ ਸਿੰ

Digitized by Panjab Digital Library | www.panjabdigilib.org

ਘਰੀ ਸਰਣ ਜਾ ਪੈਆ ਪੀਛੇ ਨਾਜਮ ਦਾ ਬਲ ਸਕਰ ਲੈ ਕੇ ਨਜਾਮੁੱਦੀਨ ਫੌਜਦਾਰ ਆਪ ੧੩੭

ਲਛਮੀ ਨਰੈਣ ਬਦਲੇ ਨਾਜਮ ਜਾਫਰੀ ਨਾਲ ਜੰਗ।

ਹੁਆ ਭਾਰੀ ਜੰਗ ਹੋਯਾ ਆਪਣੇ ਸਰਦਾਰ ਦੀ ਕੁਮਕ ਪਰ ਰਾਜਾ ਆਲਾ ਸਿੰਘ ਜਾ ਭਿੜਿ
ਆ ਨਜਾਮੁੱਦੀਨ ਬਹੁਤ ਸੇ ਆਦਮੀਆਂ ਸਮੇਤ ਮਾਰਾ ਗੈਆ ਬਾਕੀ ਫੌਜ ਦੌੜ ਗਈ ਤਬ
ਸੈਂ ਸੂਬਾ ਸਰਹਿੰਦ ਦਾ ਬੈਰੀ ਬਣ ਤਾਂ ਬੈਠ ਪਰ ਕਰੇ ਕੁਛ ਨ ਖੁੱਸਿਆ।——

ਏਸੇ ਸਾਲ ਮੇਂ ਜੋਧ ਸਿੰਘ ਬਠਿੰਡੇ ਵਾਲੇ ਨੇ ਗੈਂਡੇ ਰਾਇ ਭੀਖੀ ਵਾਲੇ ਦੀ ਬੇਟੀ ਜੋ ਅਤੀ ਸੁੰਦ੍ਰ
ਪਹਿਲੇ ਭਾਈ ਗੁਰਬਖਸ ਸਿੰਘ ਕੈਂਬਲ ਵਾਲੇ ਨਾਲ ਮੰਗੀ ਹੋਈ ਸੀ ਵਿਆਹ ਲਈ। ਏਸ
ਬਾਤ ਮੇਂ ਆਪਣੀ ਹੇਠੀ ਤੇ ਨਾਲਾਇਕੀ ਸਮਝ ਕੇ ਗੁਰਬਖਸ ਸਿੰਘ ਬਾਬੇ ਆਲਾ ਸਿੰਘ ਨੂੰ
ਚੜ੍ਹ ਲੈ ਗੈਆ। ਤਿੰਨ ਮਹੀਨੇ ਲੜਦੇ ਰਹੇ ਜਦ ਆਲਾ ਸਿੰਘ ਨੇ ਆਪਣੀ ਫਤੇ ਹੁੰਦੀ ਨਾ ਦੇਖੀ
ਤਾਂ ਸ੍ਰੀਲ ਸਿੰਘਾਂ ਦਾ ਬੁੱਢਾ ਦਲ ਜੋ ਉਸ ਸਮੇ ਦੁੱਰਾਨੀਆਂ ਦਾ ਪੰਜਾਬ ਤੇ ਕੱਢਿਆ ਹੋਯਾ ਤਿੱਹ
ੜੇ ਵਿਚ ਦਿਨ ਪੂਰੇ ਕਰ ਰਹਾ ਸੀ ਆਪਣੀ ਮਦਦ ਪਰ ਬੁਲਾ ਲੈਆ। ਉਨੀਂ ਦੀ ਧਾਂਕ ਨਾਂ ਸਹਾਰ
ਕੇ ਜੋਧ ਸਿੰਘ ਨੇ ਆਲਾ ਸਿੰਘ ਸਲ੍ਹ ਸੁਲਾ ਕਰ ਲਈ। ਆਲਾ ਸਿੰਘ ਨੇ ਪੰਦਰਾਂ ਪਿੰਡ ਉਸ
ਦੇ ਦਬਾ ਲਏ। ਜਿਨਾਂ ਵਿਚੋਂ ਚੱਕ ਭੁੱਚੋ ਗੋਬਿੰਦਪੁਰਾ ਜੇਗਾ ਨਿਦ ਏਹ ਚਾਰ ਪਿੰਡ ਭਾਈ ਗੁਰ
ਬਖਸ ਸਿੰਘ ਨੂੰ ਦੇ ਕੇ ਰਾਜੀ ਕਰ ਲੀਤਾ ਤੇ ਬੁੱਢੇ ਦਲ ਨੂੰ ਸਾਥ ਲੈ ਕੇ ਸਿਰਸੇ ਰਾਣੀਆਂ ਭਟ
ਨੇਰ, ਬੀਘੜ੍ਹ, ਬੋਮਾ ਬੁਲਾਡਾ ਜਾ ਲੁਟਾਏ। ਉਥੋਂ ਦੇ ਰਈਸਾਂ ਨੂੰ ਬਰਬਾਦ ਕਰ ਕੇ ਖਾਲਸੇ ਨੂੰ
ਗੱਫੇ ਖਵਾ ਕੇ ਖੁਸੀ ਲੀਤੀ।——

ਸੰ: ੧੮੧੧ ਬਿ: ਮੇਂ ਰਾਜਾ ਆਲਾ ਸਿੰਘ ਨੇ ਆਪਣੇ ਭਾਈਚਾਰੇ ਤੇ ਦੇਸੀ ਸਿੱਖਾਂ ਸਰਦਾਰਾਂ ਨੂੰ
ਸਾਥ ਲੈ ਕੇ ਆਪਣੇ ਕਦੀਮੀ ਬੈਰੀ ਭੱਟੀਆਂ ਪਰ ਬਡੀ ਧੂਮ ਧਾਮ ਦੀ ਚੜ੍ਹਾਈ ਕੀਤੀ, ਅਨੇਕ
ਜੰਗ ਹੋਏ। ਕਦੇ ਹਾਰ ਕਦੇ ਜਿੱਤ ਹੁੰਦੀ ਰਹੀ। ਇੱਕ ਪਾਸੇ ਤਾਂ ਗੱਲ ਨਾ ਹੋਈ ਪਰ ਕਈ ਪਿੰਡ ਉਨੇਂ
ਦੇ ਦਬਾ ਲੀਤੇ ਔਰ ਲੁੱਟੇ ਪੁੱਟੇ ਬਹੁਤ ਗਏ।—— ਉਸ ਸਮੇ ਅੱਬੂ ਖਾਂ ਤੇ ਸਲੇਮ ਖਾਂ
ਮਗਰ ਬਹੂਨੇ ਵਾਲੇ ਰਜਪੂਤਾਂ ਦੇ ਸੈਂਤਾਏ ਹੋਏ ਸਰਦਾਰ ਖਾਂ ਮੁਣਕ ਵਾਲੇ ਨੇ ਕੌਰ ਲਾਲ ਸਿੰਘ
ਦੀ ਪਨਾਹ ਵਿਚ ਆ ਕੇ ਮਦਦ ਮਾਂਗੀ ਤਾਂ ਕੌਰ ਜੀ ਨੇ ਜਾ ਕਰ ਬਡੇ ਭਾਰੀ ਜੰਗ ਕਰ ਕਰ ਉਨੇਂ ਦੇ ਇ
ਲਾਕੇ ਟੁਹਾਣਾ ਜਮਾਲਪੁਰ ਧਾਰਸੂਲ ਬਾਲ੍ਹਬਾਦ ਆਦਿਕ ਛੀਨ ਕੇ ਸਰਦਾਰ ਖਾਂ ਨੂੰ ਪਾਂਚ
ਗਾਂਉ ਗੁਜਾਰੇ ਵਾਸਤੇ ਦੇ ਕਰ ਬਾਕੀ ਸਾਰੇ ਮੁਲਕ ਉੱਤੇ ਆਪਣੇ ਠਾਣੇ ਬੈਠਾ ਦਿੱਤੇ।—— ਪ੍ਰੰਤੂ
ਸਲੇਮ ਖਾਂ, ਜਮਾਲ ਖਾਂ ਹਸਨ ਖਾਂ ਹਿਸਾਰ ਦੇ ਸੂਬੇਦਾਰ ਮੁਹੰਮਦ ਅਮੀਨ ਖਾਂ ਨੂੰ ਆਪਣੀ ਮਦ
ਦ ਪਰ ਚੜ੍ਹਾ ਲਿਆਏ। ਕੌਰ ਜੀ ਦਾ ਦਖਲ ਫੇਰ ਉਠਾ ਦਿੱਤਾ।— ਏਹ ਖਬਰ ਸੁਣ ਦੇਸਾਂ

Digitized by Panjab Digital Library | www.panjabdigilib.org

੧੩੮ ਰਾਜਾ ਆਲਾ ਸਿੰਘ ਭਾਈ ਗੁਰਬਖਸ ਸਿੰਘ ਤੇ ਚੌਧਰੀ ਜਗੀਰ ਸਿੰਘ ਸਰਦਾਰ ਗਜਪਤਿ
ਸਿੰਘ ਆਦਿਕ ਆਪਣੇ ਦੇਸੀ ਸਿੱਖ ਸਰਦਾਰਾਂ ਦੀ ਕੁਮਕ ਤੇ ਆਪਣੀ ਫੌਜ ਨੂੰ ਲੈਕੇ ਕੌੜ ਲਛ
ਸਿੰਘ ਦੀ ਮਦਦ ਮੇਂ ਜਾ ਪਹੁੰਚਾ। ਚੇਤ੍ਰ ਸ: ੧੮੧੧ ਬਿ: ਮੇਂ ਪਹਿਲਾ ਜੰਗ ਕੁੰਡਾਲ ਪਿੰਡ ਪਾਸ
ਦੂਜਾ ਰਾਮਪੁਰ ਤੀਜਾ ਧਾਰਸੂਲ ਹੋਯਾ। ਇਨ੍ਹਾਂ ਜੰਗਾਂ ਵਿੱਚ ਕਈ ਹਜਾਰ ਆਦਮੀ ਦੋਹਾਂ ਤਰ
ਫੋਂ ਮਾਰੇ ਗਏ ਔਰ ਨਸੀਰੁੱਦੀਨ ਫੌਜਦਾਰ ਜੋ ਦਿੱਲੀ ਤੋਂ ਭੱਟੀਆਂ ਦੀ ਕੁਮਕ ਪਰ ਚੜ੍ਹਕੇ
ਆਯਾ ਸੀ, ਹਸਨ ਖਾਂ ਜਮਾਲ ਖਾਂ ਰਾਜਪੂਤਾਂ ਸਮੇਤ ਜਖਮੀ ਹੋਯਾ। ਆਖਰ ਕਸਬੇ ਰਣੀ
ਆਂ ਪਾਸ ਇੱਕ ਬੜਾ ਘਮਸਾਨ ਕਰਕੇ ਹਿਸਾਰ ਦੇ ਸੂਬੇਦਾਰ ਨੇ ਐਸੀ ਸਿਕਸਤ ਖਾਧੀ ਜੋ ਉਸ
ਨੇ ਉਰੇ ਦਮ ਨਾ ਲੈਆ। ਆਲਾ ਸਿੰਘ ਨੂੰ ਫਤੇ ਪਾਕੇ ਰਾਣੀਆਂ ਭੇੜ੍ਹੀ ਦਾ ਪਰਗਣਾ ਚੌਧਰੀ ਜਗੀ
ਰ ਸਿੰਘ ਨੂੰ, ਮਗਰ ਬਹੂਨੇ ਦਾ ਮੁਲਕ ਰਾਜਾ ਗਜਪਤਿ ਸਿੰਘ ਨੂੰ ਹੋਰ ਬਾਕੀ ਬਹੁਤ ਸੇ ਭੱਟੀਆਂ ਦੇ
ਮੁਲਕ ਪਰ ਆਪਣਾ ਕਬਜਾ ਕਰ ਲੀਤਾ। ।। ਸ: ੧੮੧੪ ਬਿ: ਮੇਂ ਜਦ
ਅਹਿਮਦ ਸਾਹ ਅਬਦਾਲੀ ਮਥਰਾ ਤਕ ਹਿੰਦੁਸਤਾਂਨ ਨੂੰ ਲੁੱਟ ਪੁੱਟ ਕੇ ਮੁੜਿਆ ਤਾਂ ਆਲਾ ਸਿੰਘ
ਉੱਤੇ ਦੁਰਾਣੀਆਂ ਮੁਸਲਮਾਨਾਂ ਰਈਸਾਂ ਤੋਂ ਸੁਣਕੇ ਇਸਦੇ ਫੜਨ ਲਈ ਸੁਨਾਮ ਸਹਿਰ ਜਾ ਉ

ਆਲਾ ਸਿੰਘ ਨੂੰ ਭਾਜੜ ਪੈਣੀ

ਤਰਿਆ ਆਲਾ ਸਿੰਘ ਤਾਂ ਜਿਰਆਂ ਦੇ ਜੰਗਲਾਂ ਵਿੱਚ ਜਾ ਬੜਿਆ ਤੇ ਇਹਦਾ ਦੀਵਾਨ ਬੁਧ ਸੈਨ
ਖੱਤ੍ਰੀ ਪਕੜੀਆ ਸੁਨਾਮੀ ਜਿਸ ਦੀ ਸੰਤਾਨ ਵਿੱਚੋਂ ਅਬ ਹਰਕਰਨ ਰਾਇ ਮੁਣਸੀ ਪਟਿਆਲੇ ਦੇ
ਸਮਾਲੀ ਛੀਟ ਦੀ ਪੁਸਾਕ ਪਹਿਨਕੇ ਦੋ ਆਦਮੀ ਸਾਥ ਲੈਕਰ ਸਾਹੀ ਲਸਕਰ ਵਿੱਚ ਜਾ ਫਿ
ਰਿਆ; ਜਦ ਸਾਹ ਵਲੀ ਖਾਂ ਵਜੀਰ ਦੇ ਤੰਬੂ ਪਾਸ ਪਹੁੰਚਾ ਤੋ ਆਪਣੇ ਸਾਥੀਆਂ ਨਾਲ ਬਾਬੇ
ਆਲਾ ਸਿੰਘ ਦੇ ਗੁਣਾਂ ਦੀਆਂ ਗੱਲਾਂ ਕਰ ਰਹਾ ਸੀ ਵਜੀਰ ਪੰਜਾਬੀ ਸਮਝਦਾ ਸੀ ਉਸ ਨੇ
ਆਲਾ ਸਿੰਘ ਦੀਆਂ ਬਾਤਾਂ ਸੁਣਕੇ ਦੀਵਾਨ ਨੂੰ ਆਪਣੇ ਪਾਸ ਬੁਲਾਕੇ ਪੁੱਛਿਆ ਹੁਣ ਆਲਾ
ਸਿੰਘ ਕਿੱਥੇ ਹੈ? ਦੀਵਾਨ ਬੋਲਿਆ ਜੈਸੇ ਤੁਸੀਂ ਦੇਸ ਨੂੰ ਲੁੱਟਦੇ ਖਾਂਦੇ ਫਿਰਦੇ ਹੋ ਤੈਸੇ ਓਹ ਭੀ ਕਿ

ਬੁਧ ਸੈਨ ਤੇ ਵਜੀਰ ਦੀ ਗੱਲ।

ਧਰੇ ਫਿਰਦਾ ਹੋਊ। ਵਜੀਰ ਬੋਲਿਆ ਅਸੀਂ ਲੁਟੇਰੇ ਹਾਂ? ਇਸਨੇ ਆਖਿਆ ਹੋਰ ਤੁਸੀਂ ਕਿਆ
ਬਾਦਸਾਹ ਹੋ। ਉਸਨੇ ਪੁੱਛਿਆ ਬਾਦਸਾਹ ਕੈਸੇ ਹੁੰਦੇ ਹੈਂ? ਤਾ ਦੀਵਾਨ ਬੋਲਿਆ ਬਾਦਸਾਹ ਓਹ
ਹੁੰਦੇ ਹੈਨ ਜੇੜ੍ਹੇ ਬੜੇ ਦਲਾਇਕ ਬਹਾਦਰ ਮਨੁੱਖਾਂ ਨੂੰ ਆਪਣੀ ਤਰਫੋਂ ਚੌਧਰੀ, ਰਾਇ, ਰਾਣੇ, ਰਾ
ਜੇ, ਮਹਾਰਾਜੇ ਥਾਪਕੇ ਉਨ੍ਹਾਂ ਤੋਂ ਥੋੜਾ ਅਪਣਾ ਖਿਰਾਜ ਮੁਕੱਰਰ ਕਰਕੇ ਆਪ ਉਨਾਂ ਦੇ ਸ
ਹਾਇਕ ਬਣੇ ਰਹਿੰਦੇ ਹਨ। ਪ੍ਰਜਾ ਦੀ ਰਖਵਾਲੀ ਦੇਸ ਦੀ ਆਬਾਦੀ ਵਿੱਚ ਅੱਠੇ ਪਹਿਰ ਲੱ
ਗੀਆਂ ੨ ਤਜਵੀਜਾਂ ਸੋਚਕੇ ਮੁਲਕ ਨੂੰ ਅਮਨ ਬਖਸਦੇ ਹਨ। ਜੇ ਕਰ ਤੁਸੀਂ ਭੀ ਇਸ ਦੇਸ ਦੇ ਬ

Digitized by Panjab Digital Library | www.panjabdigilib.org

ਦਸਾਂ ਬਰਸਾਂ ਤਾਂਈ ਦੇਵੇਂ ਤਾਂ ਏਹੋ ਤਰੀਕਾ ਫੇਰ ਫੇਰ ਤੂੰ ਸੀ ਬੀ ਬਾਦਸਾਹ ਬਣ ਜਾਊਂਗਾ। ਏਹ ਅ ੧੩੯
ਸਲਾ ਸੁਣਕੇ ਵਜੀਰ ਬਹੁਤ ਖੁਸੀ ਹੋਯਾ ਬੁਧਸੈਨ ਨੂੰ ਲਾਇਕ ਸਮਝਕੇ ਬਾਦਸਾਹ ਪਾਸ
ਲੈ ਗੈਆ। ਜਬ ਗੱਲ ਪਸੰਦ ਵਿੱਚ ਸਮਝ ਆਈ, ਤਾਂ ਸਾਹ ਨੇ ਬੀ ਮਨਜੂਰ ਕਰਕੇ ਫੁਰਮਾਯਾ ਤੂੰ
ਆਲਾ ਸਿੰਘ ਨੂੰ ਜਾ ਕੇ ਪਾਸ ਲਿਆ ਸਕਦਾ ਹੈਂ ਤਾਂ ਲੈ ਆ। ਏਸ ਨੇ ਅਰਜ ਕੀਤੀ ਜੇ ਕਸਮ ਕੁ
ਰਾਨ ਖਾਓ ਉਸ ਨੂੰ ਫੜਕੇ ਨਾਂ ਲੈ ਜਾਂਗਾ। ਬਾਦਸਾਹ ਨੇ ਸੌਂਹ ਖਾ ਧੀ ਤਾਂ ਦੀਵਾਨ ਨੇ ਆਲਾ ਸਿੰਘ
ਪਾਸ ਅਸਵਾਰ ਭੇਜਿਆ, ਏਧਰ ਬਾਦਸਾਹ ਸੁਨਾਮੋਂ ਤੁਰਕੇ ਸਰਹਿੰਦ ਜਾ ਉਤਰਿਆ, ਉਥੇ ਸੂਬੇ ਸਰਹਿੰਦ ਦੀ
ਤੇ ਰਾਇ ਕੱਲ੍ਹਾ ਜੋ ਪਹਿਲਾਂ ਸੀ ਬਰਸਦਾ ਸੀ ਔਰ ਨੂਰਦੀਨ ਜਮਾਲ ਖਾਂ ਸਣੇ ਰੀਆਦਿਕ ਮੁਸਲ
ਮਾਨਾਂ ਨੇ ਬਾਬੇ ਆਲਾ ਸਿੰਘ ਦੀਆਂ ਚੁਗਲੀਆਂ ਤੇ ਬੁਰਾਈਆਂ ਸੁਣਾਕਰ ਬਾਦਸਾਹ ਨੂੰ ਐਸ
ਭੁਖਾ ਦਿੱਤਾ ਕਿ ਉਸ ਨੇ ਕਸਬੇ ਬਰਨਾਲੇ ਉੱਤੇ ਫੌਜ ਭੇਜ ਦਿੱਤੀ ਜੋ ਉਸ ਸਮੇਂ ਰਾਜੇ ਆਲਾ ਸਿੰਘ
ਦੀ ਰਜਧਾਨੀ ਸੀ। ਬਾਬਾ ਆਲਾ ਸਿੰਘ ਤਾਂ ਉਥੇ ਨਹੀਂ ਸੀ ਦੁੱਰਾਨੀ ਲੁੱਟ ਮਾਰ ਕੇ ਚਲੇ ਆਏ।

ਬਰਨਾਲੇ ਦਾ ਲੁਟਿਆ ਜਾਣਾ

ਉਧਰ ਜਦ ਦੀਵਾਨ ਆਪਣੇ ਵਾਇਦੇ ਪਰ ਬਾਦਸਾਹ ਪਾਸ ਆਲਾ ਸਿੰਘ ਨੂੰ ਲੈ ਗੈਆ ਤਾਂ ਸਾਹ
ਨੇ ਆਲਾ ਸਿੰਘ ਨੂੰ ਕੈਦ ਕਰ ਲੀਤਾ। ਏਹ ਸੁਣਕੇ ਰਾਣੀ ਫੱਤੋ ਜੋ ਬੜੀ ਅਕਲਵੰਦ ਦੂਰਅੰਦੇ
ਸ ਸੀ, ਆਪ ਸਰਹਿੰਦ ਪਹੁੰਚੀ, ਦੀਵਾਨ ਬੁੱਧਸੈਨ ਦੇ ਰਸਤੇ ਵਜੀਰ ਨੂੰ ਮਿਲਕੇ ਚਾਰ ਲਾਖ ਰੁ
ਪਯਾ ਬਾਦਸਾਹ ਨੂੰ ਦੇਕਰ ਅਪਣੇ ਪਤੀ ਨੂੰ ਛੁਡਾ ਲੀਤਾ ਬਾਦਸਾਹ ਨੇ ਆਲਾ ਸਿੰਘ ਨੂੰ ਬੜੀ ਇੱ
ਜਤ ਦਾ ਖਿਲਤ ਦੇਕੇ ਰੋਬਰੂ ਬੁਲਾਯਾ ਤਾਂ ਏਸ ਦੇ ਸਾਦੇ ਲਿਬਾਸ ਸੂਪੇ ਸਭਾਵ ਨੂੰ ਦੇਖਕੇ ਔਰ
ਗੱਲਾਂ ਸੁਣਕਰ ਬਹੁਤ ਖੁਸੀ ਹੋਯਾ, ਤੀਨ ਲਾਖ ਰੁਪਯਾ ਖਰਾਜ ਸਾਲਾਨਾ ਲੈਣਾ ਦੇਵਾਇ
ਦੇ ਪਰ ਏਸ ਨੂੰ ਰਾਜਾ ਦਾ ਖਿਤਾਬ ਸੁਤੰਤਰ ਰਾਜ ਕਰਨ ਦੀ ਸਨਦ ਬਖਸ ਦਿੱਤੀ। ਲਾਹੌਰ ਤਕ
ਬਾਬਾ ਆਲਾ ਸਿੰਘ ਬਾਦਸਾਹ ਦੇ ਸਾਥ ਗੈਆ, ਤੇ ਮੁਸਲਮਾਨ ਰਈਸਾਂ ਨੂੰ ਦਬਾ ਕਰ ਜਿਤ
ਨਾ ਖਰਚ ਕੀਤਾ ਸੀ ਜੋਰੋਂ ਉਸਤੋਂ ਦੂਣਾ ਕੱਢ ਲੀਤਾ। ਮੁੜ ——

ਦੁੱਰਾਨੀ ਸਾਹ ਤੋਂ ਰਾਜਾ ਖਿਤਾਬ ਲੈਣਾ ਆਲਾ ਸਿੰਘ ਦਾ।

੧੩ ਕਾਤਕ ਸੰ: ੧੮੧੬ ਬਿ: ਕੋ ਰਾਜਾ ਆਲਾ ਸਿੰਘ ਨੇ ਪਟਿਆਲੇ ਮੇਂ ਕਿਲੇ ਦੀ ਨੀਉਂ ਰੱਖਕੇ ਅ
ਪਣੀ ਰਜਧਾਨੀ ਏਹੋ ਥਾਪੀ। ਅਗਲੇ ਸਾਲ ਬਾਦਸਾਹ ਪਾਸ ਕਾਬਲ ਮੇਂ ਖਰਾਜ ਦਾ ਰੁਪਯਾ
ਤਿੰਨ ਲਾਖ ਭੇਜਕੇ ਉਸ ਨੂੰ ਬੀ ਖੁਸੀ ਰੱਖਿਆ। —— ਗਾਫਰ ਜਦ ਜੇਠ ਸੰ: ੧੮੨੦ ਬਿ: ਕੋ
ਪੰਥ ਖਾਲਸੇ ਨੇ ਇੱਕ ਬੜਾ ਭਾਰੀ ਜੋਸ਼ ਕਰਕੇ ਜੈਨ ਖਾਂ ਸੂਬੇ ਨੂੰ ਮਾਰ ਸਰਹਿੰਦ ਫਤੇ ਕੀਤੀ।
ਉਜਾੜ ਕੀਤੇ ਮੁਲਕ ਮੱਲਿਆ ਤਦੋਂ ਬੀ ਬਾਬਾ ਆਲਾ ਸਿੰਘ ਦੇ ਪਰੀਗਮੀ ਰਸਿੰਘ ਰਾਜਾ ਗ
ਜਪਤ ਸਿੰਘ ਸਾਮਲ ਖਾਲਸੇ ਦੇ ਸੇ। ਖਾਲਸੇ ਨੇ ਗੁਰਦੁਆਰ ਫਤੇਗੜ੍ਹ ਬਣਾਉਣ ਦਾ ਸਤੇ ਪੀ

ਪਟਿਆਲੇ ਦਾ ਕਿਲਾ ਬਣਨਾ ਤੇ ਪਟਿਆਲਾ ਰਾਜਧਾਨੀ ਹੋਣੀ

Digitized by Panjab Digital Library | www.panjabdigilib.org

੧੪੦ ਜਾਨਜਾਣਹਾਰੂਪਾਆਲਾਸਿੰਘਤੋਂਲੈਕਰਸਹਿਰਸਰਹਿੰਦਦੇਖੋਲ੍ਹੇਤੇਕਿਲਾਬਾਬੇਆਲਾਸਿੰ
ਘਦੇਹਵਾਲੇਕਰਦਿੱਤੇਜਿੱਥੋਂਬੇਸੁਮਾਰਜੰਗੀਸਾਮਾਨਹਥਿਆਰਤੇਤੋਪਾਂਆਦਿਕਤੇਖਜਾਨਾਏਸਦੇ
ਹਥਲੱਗਿਆ — ਫੇਰਤਾਂਸਰਹਿੰਦਵਾਸੀਆਂਜੈਸਾਸਾਮਾਨਏਸਦਾਪਟਿਆਲੇਵਿੱਚਹੋਗਿਆ
ਔਰਅਨੇਕਸਾਹੂਕਾਰਤੇਕਾਰੀਗਰਹਰਤਰਾਂਦੇਸਰਹਿੰਦੀਲੋਗਪਟਿਆਲੇਵਿੱਚਜਾਬਸੇ।
ਅਬਰਾਜਾਆਲਾਸਿੰਘਨੇਆਪਣਾਅੰਤਸਮਾਂਨਜੀਕਦੇਖਕੇਆਪਣੇਪੋਤ੍ਰੇਅਮਰਸਿੰਘ
ਨੂੰਜੋਨਿਆਣਾਅਤੇਲਾਇਕਤੇਬੜੇਬੇਟੇਸਰਦੂਲਸਿੰਘਦਾਬੇਟਾਹੱਕਦਾਰਗੱਦੀਦਾਸੀ,ਰਾਜਤਿ
ਲਕਦੇਕੇਸੰ:੧੮੨੨ਬਿ:ਕੋਸੱਤ੍ਰਬਰਸਦੀਉਮਰਮੈਂਤਪਦਿਕਦੀਬੀਮਾਰੀਨਾਲਪ੍ਰਲੋਕਗਵਨ
ਕੀਤਾ;— ਸਮਾਧਇਸਦੀਸੰਗਮਰਮਰਦੀਬਹੁਤਬੜੀਪਟਿਆਲੇਮੇਂਹੈ।——
ਰਾਜਾਆਲਾਸਿੰਘਬਾਲਾਕੱਦਚੁਸਤਚਾਲਾਕਪ੍ਰਮਉਦਾਰਸੂਰਬੀਰਬਚਨਦਾਪੂਰਾਬਾ
ਤੇਜੋਰਾਵਰਸੀ।ਉਸਦੇਹਥਿਆਰਬਰਛੇਆਦਿਕਜੋਅਬਭੀਪਟਿਆਲੇਬਾਬੇਆਲਾਸਿੰ
ਘਦੇਬੁਰਜਵਿੱਚਪਏਹਨਤਕੜਾਜੁਆਨਹੀਮਸਾਂਉਠਾਸਕਦਾਹੈ।ਜਤੀਸਤੀਏਕਇਸਤ੍ਰੀ
ਬ੍ਰਤਐਸਾਸੀਏਕਦਿਨਲੌਂਗੋਵਾਲਰੂਪੇਤਖਾਣਦੀਬੇਟੀਜੋਅਤੀਸੁੰਦ੍ਰਰੂਪਵਤੀਸੀਇ
ਸ਼ਨਾਨਕਰਦੀਹੋਈਨੰਗੀਦੇਖਲਈਬੜਾਪ੍ਰਸਚਿਤਕੀਤਾਤੇਉਸਨੂੰਆਪਣੀਂਬੇਟੀਥਾਪਕਰਹਮੇਸ਼ਪਾ
ਲਣਾਂਕਰਦਾਰੈਹਾਜੱਦਪਿਏਸਨੇਮੁਸਲਮਾਨਹਾਕਮਾਂਦੇਦਿਲਰੱਖਣਵਾਸਤੇਪਹਿਲੇਆ
ਪਣੀਮੁਹਰਵਿੱਚ(ਸੁਲਤਾਨਸਹਾਇਆਲਾ)ਏਹਪਦਖੁਦਵਾਰੱਖਿਆਸੀਤੇਪਟੇਪਰਵਾਨੇਭੀ
ਕਈਕਏਸਮੁਹਰਦੇਲੋਗਾਂਪਾਸਦੇਖੀਦੇਹਨ।ਪਰਸਿੱਖੀਧਰਮਵਿੱਚਬਹੁਤਕਾਇਮਸੀ
ਤਾਂਹੀਦੂਜੀਮੁਹਰ(ਅਕਾਲਸਹਾਇਆਲਾਸਿੰਘ)ਏਹਬਹੁਤਪਟੇਪਰਵਾਨਿਆਂਉੱਤੇਲੱਗੀਹੋਈ
ਹੈ।ਜਦੋਂਪਆਲਾਸਿੰਘਭੂਰੇਦੀਗਲਤੀਦਿੱਲੀਕੱਢਸੂਬੀਦਾਰੀਦਸਤਾਰਰੱਖਦਾਹੁੰਦਾਤੇ
ਸੂਬੇਸਾਧੇਸੁਭਾਵਵਾਲਾਸੀਪਰਰੂਹਾਨੀਮੁਲਕੀਮਾਮਲਿਆਂਦੇਬੰਦੋਬਸਤਕਰਨਵਾਸਤੇਰਾ
ਜਨੀਤੀਦਾਗਿਆਨਹੋਣਾਐਸਾਮਾਦਾਉਸਦਾਸੀਕਿਜਿਸਨੂੰਦੇਖਕੇਬੜੇ੨ਇਲਮਤੇਅਕ
ਲਵਾਲੇਬਾਦਸਾਹਾਂਦੇਕਾਰਦਾਰਭੀਹੱਕੇਬੱਕੇਰਹਿਜਾਂਦੇਉਸਦੇਖਿਆਲਤੇਚਾਲਉੱਤੇਪਏ
ਕੁਰਬਾਨਹੁੰਦੇ।ਆਲਾਸਿੰਘਨੇਆਪਣੀਹਿੰਮਤਤੇਹਿਕਮਤਨਾਲਆਪਣੇਭਾਈਆਂਨੂੰਭੀ
ਹਥਹੇਠਰੱਖਿਆਤੇਆਪਣੀਨਾਮਵਰੀਔਰਜਿੱਤਣਵਾਸਤੇਇੱਕਬੜੀਭਾਰੀਰਿਆਸਤਪਟਿਆਲੇਦੀ
ਧਨਉਪਜਾਊਕਾਇਮਕਰਗਿਆ —— ।ਆਲਾਸਿੰਘਦੇਇੱਕੋਫੱਤੋਨਾਮਰਾ
ਣੀਸੀ।ਉਸਦੇਸਰਦੂਲਸਿੰਘ,ਲਾਲਸਿੰਘ,ਭੂਮੀਆਂਸਿੰਘਏਹਤਿੰਨਬੇਟੇਤੇਇੱਕਬੇਟੀ

ਬੀਬੀ ਪ੍ਰਧਾਨ ਹੋਈ। ਸਭ ਤੋਂ ਬਡਾ ਸਰਦੂਲ ਸਿੰਘ ਸੰ: ੧੭੭੨ ਬਿ: ਮੇਂ ਪੈਦਾ ਹੋਯਾ ਤੇ ਸੰ: ੧੭੯੪ ੧੪
ਬਿ: ਮੇਂ ਚੌਧਰੀ ਸੂਰਜ ਮੱਲ ਭੀਖੀ ਵਾਲੇ ਦੀ ਪੁੱਤ੍ਰੀ ਹੁਕਮਾਂ ਸਾਥ ਸਾਦੀ ਹੋਈ। ਜਿਸ ਸੈਂ ਇੱਕ
ਪੁੱਤ੍ਰ ਅਮਰ ਸਿੰਘ ਪੈਦਾ ਹੋਯਾ। —— । ਜਦ ਸੰ: ੧੮੨੦ ਬਿ: ਮੇਂ ਸਰਦੂਲ ਸਿੰਘ
ਗੁਜਰ ਗੈਆ ਤਾਂ ਆਲਾ ਸਿੰਘ ਨੇ ਅਪਣੇ ਪੋਤ੍ਰੇ ਅਮਰ ਸਿੰਘ ਨੂੰ ਰਾਜ ਤਿਲਕ ਦਿਤਾ। —

ਫੱਤੇ ਕਾਲਿਆਂ ਵਾਲੀ ਦੇ ਚੌਧਰੀ ਕਾਨਾ ਸਿੰਘ ਦੀ ਬੇਟੀ ਸੀ ਜਿਸ ਨੇ ਫੇਰ ਸੰ: ੧੭੮੬ ਬਿ: ਮੇਂ ਕ
ਲ੍ਹੇਕਾ ਪਿੰਡ ਬਸਾਯਾ ਉਸ ਦੀ ਸੰਤਾਨ ਨੇ ਕਮਾਲਪੁਰ ਪਤ੍ਰਾਂ ਬੱਮਣਾਂ ਜਲਾਲ ਆਦਿਕ ਬਹੁਤ ਪਿੰਡ ਬਸਾਏ। ਫ
ਤੇ ਰਾਣੀ ਦੀ ਕਹਾਣੀ ਐਉ ਸੁਣੀ ਹੈ। ਕਿ ਉਸ ਸਮੇਂ ਕੁੜੀਆਂ ਨੂੰ ਚੌਧਰੀ ਲੋਗ ਮਾਰ ਦਿੰਦੇ ਸੇ, ਫੱਤੋ ਨੂੰ ਭੀ ਏਸ ਦੀ
ਦਾਈ ਨੇ ਇੱਕ ਤੌਲੇ ਵਿੱਚ ਪਾ ਕੇ ਦੱਬ ਦਿੱਤਾ। ਇੱਕ ਦਰੀਦਾਸ ਫਕੀਰ ਨੇ ਆਖਿਆ ਤੁਮਾਰੇ ਕੁੜੀ ਜੰਮੀ ਸੀ ਕਿੱਥੇ ਹੈ।
ਏਹ ਸੁਣ ਕੇ ਫੱਤੋ ਦੀ ਮਾਈ ਰੋ ਪਈ। ਉਸ ਫਕੀਰ ਨੇ ਮਤਲਬ ਸਮਝ ਕੇ ਉਸ ਪਿੰਡ ਦਾ ਅਨਿ ਜਲ ਤਿਆਗ ਦਿੱਤਾ। ਚਾਰ
ਦਿਨ ਪਿਛੋਂ ਜਾ ਕੇ ਕਹਾ ਕੁੜੀ ਜਮੀਨ ਵਿੱਚੋਂ ਕੱਢੀ ਤਾਂ ਪੈਰ ਦਾ ਅੰਗੂਠਾ ਚੂੰਘਦੀ ਹੋਈ ਜਿਉਂਦੀ ਨਿਕਲੀ।
ਉਸ ਫੱਤੋ ਦੀ ਸੰਤਾਨ ਅਬ ਬਾਦਸਾਹੀ ਕਰ ਰਹੀ ਹੈ। —— (। ਦੂਜਾ ਬੇਟਾ ਭੁਮੀਆਂ ਸਿੰਘ ਸੰ:
੧੭੭੮ ਮੇਂ ਜੰਮਿਆ ਸੰ: ੧੭੯੩ ਬਿ: ਵਿੱਚ ਮਾਨਸਾਹੀਏ ਸਾਹਿਬੇ ਦੀ ਬੇਟੀ ਰੂਪ ਕੌਰ ਸੇਂ ਬਿਆਹ ਕੀਤਾ ਸੰ:
੧੭੯੫ ਬਿ: ਮੇਂ ਇੱਕ ਬੇਟੀ ਰਜਿੰਦ੍ਰ ਕੌਰ ਜੰਮੀ ਜਿਸ ਦੀ ਸਾਦੀ ਚੂਹੜ ਮੱਲ ਫਗਵਾੜੇ ਵਾਲੇ ਦੇ ਬੇਟੇ ਨਾ
ਲ ਹੋਈ। ਸੰ: ੧੭੯੮ ਬਿ: ਮੇਂ ਭੁਮੀਆਂ ਸਿੰਘ ਮਰ ਗੈਆ।) —( ਤੀਜਾ ਬੇਟਾ ਕੌਰ ਲਾਲ
ਸਿੰਘ ਸੰ: ੧੭੮੦ ਬਿ: ਮੇਂ ਪੈਦਾ ਹੋਯਾ। ਸੰ: ੧੭੯੩ ਬਿ: ਮੇਂ ਰੋੜੀ ਵਾਲੇ ਚੌਧਰੀ ਬਾਘੇ ਦੀ ਬੇਟੀ ਭਾਗਣ ਸਾ
ਥ ਸਾਦੀ ਹੋਈ। ਸੰ: ੧੮੦੫ ਬਿ: ਮੇਂ ਬੇਔਲਾਦ ਮਰ ਗੈਆ। ਏਹ ਬਹੁਤ ਬਹਾਦਰ ਸੀ ਇੱਕ ਦਿਨ ਆਪਣੇ ਬਾ
ਪ ਤੋਂ ਕੁਛ ਜਾਗੀਰ ਚਾਹੀ ਉਸ ਨੇ ਆਖਿਆ ਮੈਨੂੰ ਕਿਸੇ ਨੇ ਦਿਤੀ ਨਹੀਂ ਮੈਂ ਔਰ ਕੇ ਦਿੰਦਾ ਨਹੀਂ ਤੂੰ ਆਪੇ ਕੋਈ ਪ੍ਰ
ਗਣਾ ਫਤੇ ਕਰ ਕੇ ਆਪਣੀ ਜਾਗੀਰ ਬਣਾ ਲੈਆ।) ਬੀਬੀ ਪ੍ਰਧਾਨ ਸੰ: ੧੭੮੫ ਬਿ: ਮੇਂ ਜੰਮੀ ਬਾਬੇ ਬੁੱਢੇ
ਦੇ ਬੰਸ ਮੇਂ ਸਰਦਾਰ ਸਮਾਨ ਸਿੰਘ ਸਾਥ ਬਿਆਹੀ ਇੱਕ ਬੇਟਾ ਅਤੇ ਸਿੰਘ ਪੰਜ ਬਰਸ ਦਾ ਹੋ ਕੇ ਆਪਣੇ ਬਾਪ ਸਮਾ
ਨ ਸਿੰਘ ਸਮੇਤ ਮਰ ਗੈਆ। ਬੀਬੀ ਸਾਰੀ ਉਮਰ ਬਰਨਾਲੇ ਪ੍ਰਮੇਸ੍ਵਰ ਦੀ ਭਗਤੀ ਭਜਨ ਵਿੱਚ ਤਤਪਰ ਰਹੀ। ਆਲਾ
ਸਿੰਘ ਨੇ ਉਸ ਨੂੰ ਧਰਮਾਤਮਾ ਦੇਖ ਕੇ ਤੀਸ ਹਜਾਰ ਦੀ ਜਾਗੀਰ ਦੇ ਰੱਖੀ ਸੀ ਬੀਬੀ ਨੇ ਭੀ ਉਸ ਜਾਗੀਰ ਦੀ ਕੁੱਲ
ਆਮਦਨੀ ਅਪਣੇ ਗੁਰੂ ਪੰਡਿਤ ਭਾਈ ਨਿੱਕਾ ਸਿੰਘ ਨਿਰਮਲੇ ਸੰਤ ਦੇ ਹੱਥੀਂ ਏਸ ਪ੍ਰਕਾਰ ਧਰਮ ਅਰਥ ਲਾਈ।
ਏਕ ਲੰਗਰ ਆਮ ਗਰੀਬਾਂ ਵਾਸਤੇ ਦੂਜਾ ਸਦਾ ਬਰਤ ਲੰਗਰ ਅਣਪੜ੍ਹ ਸਾਧਾਂ ਬ੍ਰਹਮਣਾਂ ਨੂੰ ਤੀਜਾ ਲੰਗਰ ਬਹੁਤ ਉ
ਮਦਾ ਪੜ੍ਹੇ ਹੋਏ ਸਾਧਾਂ ਬ੍ਰਹਮਣਾਂ ਵਾਸਤੇ ਮੌਸਮ ਦੇ ਕੱਪੜੇ ਪੁਸਤਕ ਸਭ ਨੂੰ ਮਿਲਦੇ ਰਹਿੰਦੇ ਦੋ ਪੰਡਤ ਕਾਂਸੀ ਤੋਂ ਬੁ
ਲਾ ਕੇ ਪੜ੍ਹਾਉਣ ਵਾਸਤੇ ਰੱਖੇ ਦੇਖਤ ਕਥਾ ਕੀਰਤਨ ਸਤ ਸੰਗਤ ਅੱਠੇ ਪਹਿਰ ਬਣਾ ਰਹਾ। ਤਬ ਸੇਂ ਏਸ ਦੇਸ ਵਿੱਚ
ਵਿਦਿਆ ਸੰਸਕ੍ਰਿਤ ਗੁਰਮੁਖੀ ਦਾ ਪ੍ਰਚਾਰ ਹੋਯਾ। ਪਹਿਲੇ ਕੋਈ ਸਾਧ ਬ੍ਰਹਮਣ ਏਸ ਦੇਸ ਦਾ ਪੜ੍ਹਿਆ ਹੋਯਾ ਨਹੀਂ ਸੀ
ਉਸ ਜਾਗੀਰ ਵਿੱਚੋਂ ਇੱਕ ਬੀੜ੍ਹ ਪੰਜ ਹਜਾਰ ਰੁਪਏ ਜਾਗੀਰ ਦੀ ਜਿਨ ਦੇ ਜੋ ਸੰ: ੧੮੦੮ ਬਿ: ਮੇਂ ਬੀਬੀ ਜੀ ਨੇ ਆਲਾ ਸਿੰ
ਘ ਤੋਂ ਭਾਈ ਨਿੱਕਾ ਸਿੰਘ ਦੇ ਨਾਮ ਲਿਖਵਾ ਦਿਤੀ ਸੀ ਸੋ ਅਬ ਤਕ ਬਰਨਾਲੇ ਮੇਂ ਬੀਬੀ ਦੇ ਨਾਮ ਦਾ ਲੰਗਰ ਚਲਦਾ ਹੈ।
— ਅਮਰ ਸਿੰਘ ਛੋਈ ਕੁ ਬਰਸ ਦਾ ਸੀ ਜਦ ਸਰਦੂਲ ਸਿੰਘ ਨੂੰ ਰਾਜ ਤਿਲਕ ਦੇਣ ਵਾਸਤੇ ਗੱਦੀ ਬਿਛਾਈ ਤਾਂ
ਅਮਰ ਸਿੰਘ ਖੇਡਦਾ ਹੋਯਾ ਆਪੇ ਦੌੜ ਕੇ ਗੱਦੀ ਉੱਤੇ ਜਾ ਬੈਠਾ ਦੇਖਣ ਵਾਲੇ ਉਠਾਉਣ ਲੱਗੇ। ਤੋ ਆਲਾ ਸਿੰਘ
ਨੇ ਆਖਿਆ ਰਹਿਣ ਦਿਓ ਗੱਦੀ ਬੈਠਣਾ ਸੋਈ ਗੱਲ ਸੱਚ ਹੋਈ ਜਦ ਸਰਦੂਲ ਸਿੰਘ ਗੁਜਰ ਗੈਆ ਅਮਰ ਸਿੰਘ ਰਾਜਾ ਹੋ

Digitized by Panjab Digital Library | www.panjabdigilib.org

੧੪੨ ਜੱਦਿ ਪਸਰਦੂਲ ਸਿੰਘ ਦਾ ਦੂਜਾ ਬੇਟਾ ਕੌਰ ਹਿੰਮਤ ਸਿੰਘ ਅਮਰ ਸਿੰਘ ਤੋਂ ਛੀ ਮਹੀਨੇ
ਬਡਾ ਸੀ। ਪਰ ਕਰੇਵੇ ਦੀ ਇਸਤ੍ਰੀ ਵਿਚੋਂ (ਜੋ ਕੌਰ ਲਾਲ ਸਿੰਘ ਦੀ ਤੀਮੀ ਸਰਦੂਲ ਸਿੰਘ
ਨੇ ਕੀਤੀ ਸੀ) ਪੈਦਾ ਹੋਣੇ ਕਰਕੇ ਉਸਨੂੰ ਗੱਦੀ ਨਾ ਮਿਲੀ।—— ।ਮਹਾਂਰਾਜਾ ਅਮਰ ਸਿੰਘ
ਹਾੜ ਬਦੀ ੭ ਸੰ: ੧੮੦੦ ਬਿ: ਮੇਂ ਪੈਦਾ ਹੋਯਾ। ਅਠਾਰਾਂ ਸਾਲ ਦੀ ਉਮਰ ਮੇਂ ਜਦ ਰਾਜ ਗੱ
ਦੀ ਪਰ ਬੈਠਾ ਉਸੇ ਵਕਤ ਕੌਰ ਹਿੰਮਤ ਸਿੰਘ ਰਾਜੇ ਅਮਰ ਸਿੰਘ ਦਾ ਭਾਈ ਜੋ ਗਿਣਤੀ ਦਾ
ਸੂਰਬੀਰ ਸਖੀ ਮਰਦ ਸੀ ਬਾਗੀ ਹੋਕਰ ਫੌਰਨ ਪਟਿਆਲੇ ਉੱਤੇ ਕਬਜਾ ਕਰ ਬੈਠਾ। ਰਾਜੇ
ਜੀਂਦ, ਨਾਭਾ, ਕੈਥਲ, ਮਲੇਰ ਕੋਟਲੇ ਵਾਲੇ ਰਾਜੇ ਅਮਰ ਸਿੰਘ ਦੀ ਮਦਦ ਪਰ ਚੜ੍ਹ ਆਏ।
ਦੁਖ ਦੇਕੇ ਮਾਰ ਸੁੱਟਿਆ ਜਿਸ ਤੋਂ ਬਾਦਸ਼ਾਹ ਨੇ ਖੁਸ਼ੀ ਹੋਕੇ ਏਹ ਸਨਦ ਲਿਖ ਦਿੱਤੀ ਕਿ ਜਮਨਾ ਤੋਂ ਪ
ਰਲਾ ਮੁਲਕ ਸਹਾਰਨਪੁਰ ਤਕ ਜੋ ਪਹਿਲੇ ਬੀ ਕਿਸੇ ਸਮੇ ਮਰਹਟਿਆਂ ਦੇ ਕਬਜ਼ੇ ਵਿਚ ਰਹਿ ਚੁਕ
ਾ ਸੀ ਸਿੱਖਾਂ ਤੋਂ ਛੁਡਾ ਕੇ ਮਰਹਟੇ ਕਬਜ਼ਾ ਕਰ ਲੈਣ। ਇਸ ਵਾਸਤੇ ਮਾਧੋਰਾਉ ਨੇ ਰਾਣੀ ਖਾਂ ਦਾਦਾ ਜੀ
ਆਜੀ ਅਲੀ ਬਹਾਦਰ ਏਨਾਂ ਨੂੰ ਫੌਜ ਦੇਕੇ ਏਧਰ ਨੂੰ ਤੋਰ ਦਿੱਤਾ। ਜਦ ਓਹ ਕਰਨਾਲ ਪਾਸ ਥਰ
ਦਸ ਪਿੰਡ ਆ ਉਤਰੇ ਤਾਂ ਸਰਦਾਰ ਬਘੇਲ ਸਿੰਘ ਬੀ ਆਪਣੇ ਕਦੀਮੀ ਸੁਭਾਵ ਦੇ ਅਨੁਸਾਰ ਓਨਾਂ ਨੂੰ
ਜਾ ਮਿਲਿਆ। ਕਿਉਂਕਿ ਉਸ ਦਾ ਏਹੋ ਕੰਮ ਸੀ ਜਦ ਕੋਈ ਇਸ ਦੇਸ ਉੱਤੇ ਚੜ੍ਹ ਕੇ ਆਉਂਦਾ ਤਾਂ ਓ
ਹ ਉਸੇ ਦਾ ਅੱਗਾ ਬਣ ਬੈਠਦਾ। ਜਦ ਸਿੱਖਾਂ ਸਰਦਾਰਾਂ ਤੋਂ ਨਜ਼ਰਾਨੇ ਲੈਂਦੇ ਤਾਬੇਦਾਰੀ ਮਨਾਉਂਦੇ
ਥਾਨੇਸਰ ਪਾਸ ਅਜਰਾਣੇ ਪਿੰਡ ਆ ਉੱਤਰੇ ਤਾਂ ਪਟਿਆਲੇ ਮੇਂ ਬੀ ਹਾਲ ਚਾਲ ਪੈ ਗਈ। ਜਦ ਦੀਵ
ਾਨ ਨਾਨੂੰ ਮੱਲ ਏਹ ਗੱਲ ਤਾਂ ਪਹਿਲੇ ਹੀ ਮੰਨ ਬੈਠਾ ਸੀ, ਕਿ ਹੁਣ ਮੇਰੇ ਵੈਰ ਪੀ ਧੜੇ ਨੇ ਰਾਜੇ
ਨੂੰ ਤੇ ਬੀਬੀ ਸਾਹਿਬ ਨੂੰ ਮੇਰੀ ਤਰਫੋਂ ਬਿਲਕੁਲ ਸ਼ੱਕੀ ਤੇ ਫਰੇਫਤਰ ਰੱਖਿਆ ਹੈ ਜਦ ਦਾਉ ਦੇਖਣ
ਗੇ ਮੈਨੂੰ ਮੁਕਾ ਛੱਡਣਗੇ ਤੇ ਘਰ ਬਾਰ ਮੇਰਾ ਲੁੱਟ ਲੈਣਗੇ ਤੌ ਬੀ ਉਸ ਬਹਾਦੁਰ ਸਖਸ਼ ਨੇ
ਇੰਤਜ਼ਾਮ ਕਰਨੇ ਮੇਂ ਦੇਰ ਨ ਕੀਤੀ, ਪਹਿਲੇ ਆਪਣੇ ਵਕੀਲ ਭੇਜੇ ਫੇਰ ਆਪ ਅਪਣੇ ਜੇਲਦਾਰ
ਤੇ ਰਈਸਾਂ ਨੂੰ ਲੈਕੇ ਰਾਣੀ ਖਾਂ ਨੂੰ ਜਾ ਮਿਲਿਆ ਕੁਛ ਤਾਂ ਬਾਤਾਂ ਨਾਲ ਉਸ ਨੂੰ ਮੋਮ ਕੀਤਾ; ਬਾਕੀ
ਸਿੱਖਾਂ ਸਰਦਾਰਾਂ ਤੇ ਰਈਸਾਂ ਦੀ ਮੁਲਾਕਾਤ ਅਪਣੀ ਮਾਰਫਤ ਕਰਾ ਕੇ ਸਭਨਾਂ ਤੋਂ ਨਜ਼ਰਾਨੇ
ਦਿਵਾ ਦਿਵਾ ਰਾਣੀ ਖਾਂ ਨੂੰ ਅਪਣਾ ਬਣਾ ਲੀਤਾ। ਜਦ ਉਸ ਨੇ ਪਟਿਆਲੇ ਤੋਂ ਬੀ ਨਜ਼ਰਾਨਾ ਮੰ
ਗਿਆ ਤੇ ਦੀਵਾਨ ਜੀ ਨੇ ਬੀਬੀ ਰਾਜਿੰਦਰ ਕੌਰ ਨੂੰ ਕਹਿ ਭੇਜਿਆ ਤਾਂ ਬੀਬੀ ਜੀ ਨੇ ਏਹ ਜੁਬਾਬ ਦਿੱਤਾ ਕਿ
ਤੇਰੇ ਡਰਾਏ ਅਸੀਂ ਨਹੀਂ ਡਰਦੇ ਤੂੰ ਹੀ ਪਰਧਾਨ ਮੰਤ੍ਰੀ (ਮਦਾਰੁਲਮਹਾਮ) ਆਸਤਰਾਹੈਂ ਆਪੇ ਬੰਦੋ
ਬਸਤ ਕਰ ਨਾ ਕਰ। ਜਦ ਏਹ ਗੱਲ ਮਰਹਟਿਆਂ ਨੇ ਸੁਣੀ ਤਾਂ ਦੀਵਾਨ ਨੂੰ ਨਜ਼ਰਬੰਦ ਕਰਤੇ ਤੌਰ ਅ

ਦੀਵਾਨੀਆਂ ਹਾਲਤਾਂ ਮਦਨੀ।

[illegible]

Digitized by Panjab Digital Library | www.panjabdigilib.org

ਪਣੇ ਸਾਥ ਲੈਕੇ ਪਟਿਆਲੇ ਵੈਨੀ ਕੂਚ ਕਰ ਦਿੱਤਾ। ਤਬ ਬੀਬੀ ਜੀ ਨੇ ਇਹ ਕੁਚਾਲ ਨਨੂੰ ਮੱ 
ਲ ਦੀ ਸੋਚ ਕੇ ਉਸਦੇ ਪੁੱਤ੍ਰ ਦੇਵੀ ਦਿੱਤੇ ਨੂੰ ਕੈਦ ਕਰ ਲੀਤਾ ਤੇ ਰਾਜੇ ਸਾਹਿਬ ਸਿੰਘ ਨੂੰ ਬਾਲਕ ਸਮ
ਝ ਕੇ ਬਰਨਾਲ੍ਹੇ ਤੇ ਭੇਜ ਦਿੱਤਾ ਆਪ ਜੋਗ ਨੂੰ ਤਿਆਰ ਹੋ ਬੈਠੀ। ਫੇਰ ਤਾਂ ਨਨੂੰ ਮੱਲ ਨੇ ਠੀਕ ਬੇਸਮ
ਝੀ ਸਮਝ ਕੇ ਬੀਬੀ ਜੀ ਨੂੰ ਕਹਿ ਭੇਜਿਆ ਜੋ ਦੇਂ ਤਕ ਮੇਰੇ ਬੇਟੇ ਨੂੰ ਨਹੀਂ ਛੱਡ ਦੇਤੇ ਤਦ ਤੀਕਰ ਮੈਂ ਭੀ
ਨਜਰਾਨੇ ਦਾ ਕੋਈ ਬੰਦੋਬਸਤ ਨ ਕਰਾਂਗਾ। ਹੁਣ ਬੀਬੀ ਜੀ ਨੇ ਉਸੇ ਨੂੰ ਫਿਟ੍ਹੀਆਂ ਫੇਰੂ ਸਮਝ
ਕੇ ਉਸਦੇ ਪੁੱਤ੍ਰ ਨੂੰ ਛੱਡ ਦਿੱਤਾ। ਬੀਬੀ ਜੀ ਤਾਂ ਆਖੇ ਨਜਰਾਨਾ ਦੀਵਾਨ ਦੇਵੇ ਦੀਵਾਨ ਆਖੇ ਬੀਬੀ
ਦੇਵੇ। ਜਦ ਇਸੇ ਤਿੱਕੜਿੱਕ ਵਿੱਚ ਬੀਸ ਕੁ ਦਿਨ ਬੀਤ ਗਏ ਤਾਂ ਮਰਹਟੇ ਤੰਗ ਪੈਕੇ (ਬਗਾੜ ਗੜ੍ਹ)
ਸੈਫਾਬਾਦ ਆ ਉੱਤਰੇ ਤੇ ਪਟਿਆਲੇ ਨੂੰ ਮੋਰਚੇ ਲਾ ਦਿੱਤੇ। ਭਲਾ ਉਹ ਰਾਜੇ ਅਮਰ ਸਿੰਘ ਬਹਾ
ਦਰ ਦੀ ਭੈਣ ਸ਼ੇਰਦਿਲ ਜੰਗਾਂ ਦੀ ਮਛਲੀ ਕਦੋਂ ਡਰਦੀ ਸੀ ਸੋ ਹਰਪਨਾ ਉੱਤੇ ਤੋਪਾਂ ਬੀੜ
ਕੇ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਸਰਦਾਰ ਦਿੱਲੂ ਸਿੰਘ ਜੋਧਾ ਬਖਤਾ ਸਿੰਘ ਲੌਹੋਵਾ
ਲੀਆ ਤੇ ਸੋਮਾਨ ਸਿੰਘ ਆਦਿਕਾਂ ਨੂੰ ਲੜਾਈ ਦੀ ਤਕੜਾਈ ਰੱਖਣ ਉੱਤੇ ਕਾਇਮ ਕਰਕੇ ਬਹੁ
ਤ ਦਿਨ ਜੋਗਾਂ ਦੀ ਛੇੜ ਛਾੜ ਰੱਖੀ। ਰਾਜੇ ਦੀ ਗੋਲੀ ਗੁਲਾਬ ਕਲੀ ਤੇ ਬੀਬੀ ਸਾਹਿਬ ਆਪ
ਮੋਰਚਿਆਂ ਵਿੱਚ ਸਿਪਾਹ ਨੂੰ ਦਿਲਾਸਾ ਦਿੰਦੀਆਂ, ਲੜਾਉਂਦੀਆਂ ਤੇ ਤੋਪਾਂ ਚਲਾਉਂਦੀਆਂ ਰਹੀਆਂ
ਛੇਕੜ ਇੱਕ ਦਿਨ ਅੰਤ ਗੋਲ੍ਹੇ ਬਰਸਾਏ ਮਰਹਟਿਆਂ ਦੇ ਦੰਦ ਖੱਟੇ ਕਰ ਘੱਤੇ। ਤੇ ਦਸ ਬੀਸ ਚਾਰੀ
ਦੇ ਗੋਲ੍ਹੇ ਚੁੱਕ ਚਲਾਏ। ਦਾਦਾ ਜੀ ਆਜੀ ਦੇ ਤੇ ਬੂਰੀ ਚੋਬ ਤੇ ਨਿਸਾਨ ਉਖੇੜ ਸਿੱਟੇ। ਰਾਣੀ ਖਾਂ
ਦਾ ਡੇਰਾ ਹਲਾ ਛੱਡਿਆ। ਜਿਸ ਤੋਂ ਮਰਹਟਿਆਂ ਨੇ ਪਟਿਆਲੇ ਦੀ ਦੌਲਤ ਤੇ ਤਾਕਤ ਨੂੰ ਅਜੀਤ
ਸਮਝ ਕੇ ਮੋਰਚੇ ਪਿੱਛੇ ਹਟਾ ਲੀਤੇ। ਬੀਬੀ ਜੀ ਨੇ ਕਹਿ ਭੇਜਿਆ ਚਾਹੋ ਤੁਸੀਂ ਛੀ ਮਹੀਨੇ ਬੈਠੇ
ਰਹੋ ਜਦੇਂ ਤਕ ਮੈਂ ਆਪ ਮੀਤ ਲ੍ਹਰਾਉਂਦੇ ਪਾਸ ਜਾਕੇ ਇਸ ਮਾਮੂਲੇ ਦਾ ਫੈਸਲਾ ਨਹੀਂ ਕਰ ਲੈਂਦੀ
ਬਆਂ ਨੂੰ ਨਜਰਾਨਾ ਨਹੀਂ ਦੇਣਾ। ਕਿਉਂਕਿ ਤੁਸੀਂ ਹਰ ਸਾਲ ਲੋਭ ਦੇ ਪਟੇ ਹੋਏ ਊਟਾਂ ਵਾਗੂੰ ਮੂੰਹ
ਚੁੱਕਕੇ ਨੱਠੇ ਆਉਂਦੇ ਹੋ। ਰੋਜ ੨ ਤੁਹਾਡਾ ਮੂੰਹ ਕੌਣ ਭਰੇ ਦੇਸ ਨੂੰ ਲੁੱਟਕੇ ਬਰਬਾਦ ਪਏ ਕਰਦੇ ਹੋ।
ਤੁਸੀਂ ਭਲੀ ਚਾਹੁੰਦੇ ਹੋ ਤਾਂ ਸਾਡੇ ਇਲਾਕੇ ਵਿੱਚੋਂ ਇੱਜਤ ਲੈਕੇ ਚਲੇ ਜਾਓ। ਨਹੀਂ ਤਾਂ ਮੈਂ ਆਪਣੇ
ਮਦਦਗਾਰਾਂ ਸਰਦਾਰਾਂ ਤੇ ਰਈਸਾਂ ਨੂੰ ਔਰ ਪ੍ਰਜਾ ਨੂੰ ਬੁਲਾਉਂਦੀ ਹਾਂ। —— ॥ ਕੁਛ ਤਾਂ ਬੀਬੀ
ਜੀ ਦੇ ਇਨਾਂ ਬਚਨਾਂ ਨੇ ਜੋ ਬੜੇ ਹੌਸਲੇ ਤੇ ਨੀਤੀ ਦੇ ਭਰੇ ਹੋਏ ਸੇ ਮਰਹਟਿਆਂ ਦੇ ਛੱਕੇ ਛੁਡਾਏ ਤੇ ਕੁਛ ਲ
ੜਾਈ ਵਿੱਚ ਮੂੰਹ ਭਨਾ ਬੈਠੇ ਸੇ। ਬਾਕੀ ਬਘੇਲ ਸਿੰਘ ਆਦਿਕ ਸਰਦਾਰਾਂ ਨੇ ਮਰਹਟਿਆਂ ਦਾ ਆਪ
ਕਣਾ ਬੁਰਾ ਸਮਝ ਕੇ ਇਸ ਤਰਾਂ ਛੇੜ ਕੱਢੀ ਕੇ ਹੁਣ ਸੈਲ ਸਿੰਘ ਸਰਦਾਰ ਤੇ ਵੈਰਾੜ ਮ

੭੧੨ ਰਾਜੇ ਦੇ ਲੱਖ ਆਦਮੀ ਦਾ ਹੱਲਾ ਤਾਂ ਸਾਡੇ ਉੱਤੇ ਅੱਜ ਕੱਲ ਹੋਵੇਗਾ। ਫੇਰ ਦਿੱਲੀ ਦੇ ਜੋਰ ਦੇ
ਨੂੰ ਤੂੰ ਤਾਂ ਨੂੰ ਬੀਜਾ ਛੁਡਾਉਣੀਆਂ ਔਖੀ ਹੋਊ। ਇਹ ਸੁਣ ਕੇ ਜਿੰਨੇ ਉਸੇ ਦਿਨ ਕਰਨਾਲ ਦੀ ਤਰਫ਼ ਕੂ
ਚ ਕਰ ਦਿੱਤਾ ਤੇ ਨਜ਼ੂ ਮੱਲ ਨੂੰ ਨਜ਼ਰ ਬੰਦ ਦੇ ਤੌਰ ਨਾਲ ਲੈ ਲੀਤਾ। ——— ।ਇਉਂ ਹੀ ਬੀਬੀ
ਸਾਹਿਬ ਬੀ ਮਨਸਾਹੀਏ, ਕਾਲੇਕੇ, ਹਰੀਕੇ, ਜੇਸੋਕੇ, ਆਦਿਕ ਸਰਦਾਰਾਂ ਨੂੰ ਪੰਜ ਹਜ਼ਾਰ ਫੌਜ
ਸਮੇਤ ਸਾਥ ਲੈ ਕੇ ਸੁਬਾਹ ਫੌਰੀ ਤੁਰ ਪਈ। ਇਧਰ ਨਜ਼ੂ ਮੱਲ ਦੇ ਘੇਰੇ ਦਿਨਾਂ ਨੇ ਮਹਾਂਰਾਜੇ ਸਾਹਿ
ਬ ਸਿੰਘ ਤੇ ਉਸ ਦੇ ਗਿਰਦ ਪੇਸ਼ੇ ਨੂੰ ਜਿਨਾਂ ਨੇ ਸਿਖਾ ਕੇ ਰਾਜੇ ਨੂੰ ਉਸ ਦਾ ਐਸਾ ਵੈਰੀ ਬਣਾ ਦਿ
ਸਕਦਰ ਉਸ ਦੀਆਂ ਬੇਸ਼ੁਮਾਰ ਖ਼ਿਜ਼ਮਤਾਂ ਤੇ ਨੇਕੀਆਂ ਭੁਲ ਸਭ ਨਾਂ ਉੱਤੇ ਪੱਟਾ ਪਾ ਕੇ ਮਹਾਂਰਾਜੇ
ਨੇ ਪਹਿਲਾਂ ਤਾਂ ਉਸ ਦਾ ਤਵੇਲਾ ਹਵੇਲੀਆਂ ਸਮੇਤ ਜਿਸ ਵਿੱਚ ਉਹ ਘੋੜਾ ਬੀ ਸੀ ਜੇੜ੍ਹਾ ਨਜ਼ੂ
ਮੱਲ ਦੇ ਪੁੱਤ੍ਰ ਨੈਨਿਧ ਰਾਇ ਨੇ ਰਾਜੇ ਨੂੰ ਮੰਗਿਆ ਸਾ ਮੁੱਲ ਨੂੰ ਕਿਸੇ ਤਰਾਂ ਬੀ ਨਹੀਂ ਦਿੱਤਾ ਸੀ ਜ਼
ਬਤ ਕਰ ਲੀਤਾ ਫੇਰ ਘਨੌਰ ਦਾ ਕਿਲਾ ਜਿੱਥੇ ਨਜ਼ੂ ਮੱਲ ਦਾ ਰਾਜੇ ਜੈਸਾ ਸਾਮਾਨ ਜਮਾਂ ਸੀ
ਜਾ ਘੇਰਿਆ। ਜਿਸ ਵਿੱਚੋਂ ਤਿੰਨ ਦਿਨ ਦੀ ਹੋਲ ਸਿੰਘ ਤੇ ਜੋਕੀ ਮੱਲ ਨਜ਼ੂ ਮੱਲ ਦੇ ਭਤੀਜੇ ਖੂਬ
ਲੜੇ ਉੜਕ ਤੀਸ ਆਦਮੀਆਂ ਸਮੇਤ ਫੜੇ ਗਏ। ਦਸ ਲਾਖ ਰੁਪਏ ਤੋਂ ਅਧਿਕ ਖ਼ਜ਼ਾਨਾ ਤੇ ਊ
ਠ, ਘੋੜੇ, ਬੈਲ, ਗਊਆਂ, ਤੋਪਾਂ, ਜੰਬੂਰੇ, ਵਗੈਰੇ ਬਹੁਤ ਸਾਮਾਨ ਮਹਾਂਰਾਜੇ ਦੇ ਹੱਥ ਆਇਆ।——
ਫੇਰ ਤਾਂ ਮਹਾਂਰਾਜੇ ਨੇ ਬਰਨਾਲੇ ਪਹੁੰਚ ਕੇ ਨੈਨਿਧ ਰਾਇ ਨੂੰ ਜੋ ਉਥੋਂ ਦਾ ਹਾਕਮ ਸੀ ਫੜ ਕੇ ਚਾਰ
ਲਾਖ ਰੁਪਿਆ ਸਬ ਸਾਮਾਨ ਸਮੇਤ ਉਸ ਦਾ ਛੀਨ ਕੇ ਬਠਿੰਡੇ ਦੇ ਕਿਲੇ ਵਿੱਚ ਸਾਈ ਦਿੱਤੇ ਨੂੰ ਜਾ
ਘੇਰਿਆ। ਜਦ ਪਿ ਉਸ ਦੀ ਸਿਪਾਹ ਨੇ ਤੇ ਸਾਥੀ ਕੇ ਭੱਟੀ ਰਈਸ ਰਾਜਪੂਤਾਂ ਨੇ ਉਸ ਨੂੰ ਮਦਦ ਦੇ
ਣ ਦਾ ਵਾਇਦਾ ਕਰ ਕੇ ਮੁਕਾਬਲਾ ਕਰਨ ਦੀ ਸਲਾਹ ਦਿੱਤੀ ਪਰ ਉਸ ਨੇ ਆਪਣੇ ਮਾਲਕ ਅੱ
ਗੇ ਹੱਥ ਚੁੱਕਣਾ ਬੁਰਾ ਸਮਝ ਕੇ ਕਿਲੇ ਦਾ ਦਰਵਾਜ਼ਾ ਖੁਲਾ ਕਰ ਪੰਜ ਸੱਤ ਲਾਖ ਰੁਪਏ ਸ
ਮੇਤ ਆਪਣੇ ਆਪ ਨੂੰ ਮਹਾਂਰਾਜੇ ਦੇ ਹਵਾਲੇ ਕਰ ਦਿੱਤਾ। —— ।ਉਸ ਦੀ ਨੇਕ ਨੀਤੀ ਪਰ ਮ
ਹਾਂਰਾਜੇ ਨੇ ਉਸ ਨੂੰ ਬੰਨਣਾ ਮਾਰਨਾ ਨਹੀਂ ਸੀ ਪਰ ਬਖੀਲਾਂ ਨੇ ਧਰਮ ਅਧਰਮ ਸੁਝਨ ਨ ਸ
ਮਝਣ ਦਿੱਤਾ। ——— ।ਇਸੇ ਸਮੇਤ ਤਰਾਂ ਕਿਲੇ ਅਮਰਗੜ੍ਹ ਤੇ ਜੂਣਕ ਵਿੱਚੋਂ ਨਜ਼ੂ ਮੱਲ ਦੇ ਬੇਟੇ
ਸਾਕ ਸਬੰਧੀ ਸਬ ਫੜ ਲਏ ਲੁੱਟ ਪੁੱਟ ਕੇ ਬਰਬਾਦ ਕਰ ਘੱਤੇ। ਪਚਾਸ ਲਾਖ ਤੋਂ ਉੱਤੇ ਨਜ਼
ਨੂੰ ਮੱਲ ਦੀ ਤੇ ਉਸ ਦੇ ਸਾਕਾਂ ਸਬੰਧੀਆਂ ਦੀ ਮਨਕੂਲਾ ਗੈਰ ਮਨਕੂਲਾ ਜਾਇਦਾਦ ਜ਼ਬਤੀ
ਮੇਂ ਆਈ। —— ।ਉਧਰੋਂ ਜਦ ਨਜ਼ੂ ਮੱਲ ਮਹਾਂ ਸਾਂ ਪਾਸ ਆਪਣੇ ਬੇਟੇ ਦੇ ਕੀ
ਦੇ ਤੇ ਨੂੰ ਆਪਣੀ ਜਗਾਂ ਛੱਡ ਕੇ ਪਟਿਆਲੇ ਵੱਲ ਨੂੰ ਆਯਾ ਤੇ ਰਸਤੇ ਵਿੱਚ ਇਸ ਮਾਮਲੇ ਦੀ ਖ਼ਬਰ

Digitized by Panjab Digital Library | www.panjabdigilib.org

ਪਾਈ ਤਾਂ ਬੇਹੋਸ ਹੋ ਗਿਆ। —— ।ਫਿਰ ਅਪਣੀ ਪੇਦਾਅਸ ਸਮਝ ਕੇ ਧੀਰਜ ਦੀ ਚਾਰ ਕ ੭੩
ਰਦ ਲੇਕੀ ਨਾਲ ਜੀ ਸਰਦਾਰ ਕਰਮ ਸਿੰਘ ਸਾਹਾਬਾਦੀਏ ਦੀ ਸਨ ਜਾ ਪਿਆ ਉਸ ਨਾਲ ਨਾ
ਨੂੰ ਮੱਲ ਨੇ ਬਡੇ ੨ ਉਪਕਾਰ ਕੀਤੇ ਜਨਾ ਪਰ ਉਸ ਕਰੀਬ ਨੇ ਉਪ੍ਰੋਂ ਤਾਂ ਉਸ ਦਾ ਆਦ੍ਰ ਕੀਤਾ ਅੰ
ਦ੍ਰੋਂ ਪਟਿਆਲੇ ਤੋਂ ਫੌਜ ਮੰਗਾ ਲੀਤੀ। ਦੀਵਨੇ ਦੇ ਫੜ੍ਹਾ ਦੇਣ ਵਾਸਤੇ। ਸੱਚ ਹੈ ਜਦੋਂ ਦਿਨਾਂ ਦਾ ਫੇ
ਰ ਹੁੰਦਾ ਹੈ ਤਦੋਂ ਸੁਮੇਰ ਮਿਟੀ ਰੱਸੀ ਸੱਪ ਅਪਣੇ ਪ੍ਰਾਏ ਅੰਦ੍ਰ ਹੀ ਸੱਤ੍ਰੂ ਹੋ ਜਾਂਦੇ ਹਨ। ——
ਜਦ ਕਰਮ ਸਿੰਘ ਦੇ ਏਸ ਕਪਟ ਦੀ ਖਬਰ ਕਿਸੇ ਮਿਤ੍ਰ ਦ੍ਵਾਰਾ ਨਨ੍ਹੂੰ ਮੱਲ ਨੂੰ ਹੋਈ ਤਾਂ ਦੌੜ ਕੇ ਗ
੩੨ ਭਾਗਲ ਦੀ ਮੇ ਜਿਥੇ ਬਾਈ ਕੇ ਬਲ ਵਾਲੇ ਦੀ ਤਰਫੋਂ ਰਾਮ ਸਰਨ ਏਸ ਦਾ ਸਾਕ ਕਿਲੇਦ
ਰ ਸੀ ਜਾ ਪਹੁੰਚਿਆ। ਹੁਣ ਨਨ੍ਹੂੰ ਮੱਲ ਤਾਂ ਉਥੇ ਕਾਗਜਾਂ ਦੇ ਘੋੜ੍ਹੇ ਦੌੜਾਉਣ ਉਤੇ ਹੋ ਬੈਠਾ
ਤੇ ਅਪਣੇ ਸਾਥ ਬੀਬੀ ਰਾਜਿੰਦ੍ਰ ਕੌਰ ਨੂੰ ਲੈ ਗਇਆ। ——
।ਉਧਰ ਜਦ ਬੀਬੀ ਰਾਜਿੰਦ੍ਰ ਕੌਰ ਮਥੁਰਾ ਵਿਚ ਜਾ ਪੇਰਾਊ ਸੇਂਧੀਏ ਪਾਸ (ਜਿਸ ਦਾ ਧੀ
ਤਲ੍ਹ ਰਾਉ ਬਹਾਦਰ ਖਤਾਬ ਸੀ।) ਪਹੁੰਚੀ ਤਾਂ ਉਸ ਨੇ ਬਹੁਤ ਖਾਤ੍ਰ ਇੱਜਤ ਕੀਤੀ। ਤੇ ਆਖਿਆ
ਜੈਸੀ ਰਾਜਾ ਅਮਰ ਸਿੰਘ ਦੀ ਭੈਣ ਤੈਸੀ ਹਮਾਰੀ — ।ਬੀਬੀ ਜੀ ਨੇ ਦਸ ਹਜਾਰ ਰੁਪਿਆ
ਉਸ ਨੂੰ ਨਜਰਾਨਾ ਸਾਲਾਨਾ ਦੇਣਾ ਕਰ ਕੇ ਏਹ ਲਿਖਵਾ ਲੀਤਾ ਕਿ ਹਮਾਰੇ ਕੁੱਲ ਸਿੱਖਾਂ ਸਰ
ਦਾਰਾਂ ਤੇ ਸਿੰਘਾਂ ਰਾਜਿਆਂ ਦੇ ਮੁਲਕ ਵਿੱਚ ਕੋਈ ਮ੍ਰਹਟਾ ਸਰਦਾਰ ਯਾ ਦਿੱਲੀ ਦੇ ਦਰਬਾਰ ਦੀ
ਕੋਈ ਦਖਲ ਸ ਕਰ ਲੈ ਕੇ ਕਰਦੇ ਨ ਜਾਵੇ। —— ।ਏਹ ਤਮਾਮ ਸਿੱਖਾਂ ਰਈਸਾਂ ਦੇ ਆਰਾਮ ਤੇ ਅਮ
ਨ ਵਾਸਤੇ ਪ੍ਰਮ ਲਾਭਦਾਇਕ ਮਾਮਲਾ ਫੈਸਲਾ ਕਰ ਕੇ ਰੋਜ ਰੋਜ ਕਲੇਸ ਨੂੰ ਠਭੁੱਜ ਦਾ ਧਰਮ
ਸਾਮੇਟ ਕੇ ਬਡੀ ਖੁਸੀ ਨਾਲ ਮਥੁਰਾ ਗੋਕਲ ਬ੍ਰਿੰਦਾਬਨ ਦੀ ਜਾਤ੍ਰਾ ਕਰ ਏਸ ਵਾਇਦੇ ਪਰ ਦੇ ਵੀ
ਦਿਤੇ ਨੂੰ ਮ੍ਰਹਟਿਆਂ ਪਾਸ ਛੱਡ ਆਈ ਕਿ ਨਜਰਾਨੇ ਦਾ ਰੁਪਿਆ ਪਟਿਆਲੇ ਜਾ ਕੇ ਮੈਂ ਭੇਜ ਦੇਵਾਂਗੀ
ਤੇ ਨੂੰ ਸਦ ਵਾਲਵਾਂਗੀ। —— ।ਜਦ ਏਹ ਮਾਮਲਾ ਤੈ ਕਰ ਕੇ ਬੀਬੀ ਜੀ ਮੁੜ ਪਟਿਆਲੇ
ਆਈ ਤਾਂ ਮਾਲੂਮ ਹੋਯਾ ਕਿ ਜੋ ਕੁਛ ਨਨ੍ਹੂੰ ਮੱਲ ਨਾਲ ਹੋਯਾ ਹੈ ਤੇਰੇ ਵਾਸਤੇ ਬੀ ਓਹੋ ਚਾਲ ਚੱਲੀ
ਗਈ ਹੁਣ ਨਨ੍ਹੂੰ ਮੱਲ ਦਾ ਫਿਕਰ ਤਾਂ ਭੁਲ ਗਇਆ ਅਪਣਾ ਪੈ ਗਇਆ ਜੋ ਦੀਪ ਅਪਣੇ ਪਿਆਰੇ ਭਤੀ
ਜੇ ਮਹਾਂਰਾਜੇ ਨੂੰ ਮਿਲਣ ਵਾਸਤੇ ਚਾਰ ਬਾਤਾਂ ਕਰਨ ਲਈ ਬੀਬੀ ਜੀ ਨੇ ਅਨੇਕ ਉਪਾਇ ਕੀਤੇ
ਪਰ ਭੂਤਾਂ ਦੀ ਅੱਗ ਵਾਂਗੂੰ ਸਭ ਨਿਕੰਮੇ ਗਏ ਮਹਾਂਰਾਜੇ ਦੇ ਨਿਕਟ ਵਰਤੀ ਤੁੱਛ ਬੁੱਧੀ ਪਾਸ ਰਦਿ
ਸਈਆਂ ਨੇ ਅਪਣੇ ਐਸ਼ ਆਸਰਤ ਤੇ ਮਾਸਤਰੇ ਲੁੱਟਣ ਵਿੱਚ ਬੀਬੀ ਜੀ ਦਾ ਇਤਜਾਮ ਬੀ ਨਾ
ਨੂੰ ਮੱਲ ਦੇ ਬਰੋਬਰ ਸਤਤੇ ਘਾਟ ਨਾ ਥਿਆਨਕਾਰੀ ਸਮਝ ਕੇ ਉਨਾਂ ਨੇ ਉਸੇ ਤੋਲੇ ਮਹੇਸ ਸੂਪੇਸਾ

Digitized by Panjab Digital Library | www.panjabdigilib.org

੭੧੪ ਦੇਸਨਾਂ ਰਾਜੇ ਦੇ ਸਾਫ ਦਿਲ ਵਿੱਚ ਇਹ ਸੰਕਪਾ ਦਿੱਤਾ ਕਿ ਜੇਕਰ ਬੀਬੀ ਜੀ ਦਾ ਦਖਲ ਰਿਆਸਤ
ਦੇ ਕੰਮਾਂ ਵਿੱਚ ਰਹੇਗਾ ਤਾਂ ਇਹ ਨਾਨੂੰ ਮੱਲ ਨੂੰ ਫੇਰ ਬੁਲਾ ਲਊ ਅਤੇ ਰਿਆਸਤ ਦੇ ਕੰਮ ਸਭ ਆਪਣੇ
ਹੱਥ ਵਿੱਚ ਰੱਖ ਕੇ ਤੁਸਾਂ ਨੂੰ ਤਾਂ ਫੇਰ ਸਿਰਫ ਪੱਥਰ ਦੇ ਠਾਕਰ ਵਾਂਗੂੰ ਸਮਝ ਕੇ ਰਾਜਾ ਬਣਾ ਕੇ ਆਪਣੇ
ਹੁਕਮ ਦੇ ਪਿੰਜਰੇ ਦਾ ਜਾਨਵਰ ਬਣਾ ਕੇ ਬੈਠਾ ਛੱਡੇਗਾ॥ ਹੁਣ ਜਿਨ੍ਹਾਂ ਨੇ ਨਾਂ ਦੀ ਕਠਪੁਤਲੀ
ਰਾਜਾ ਬਣਾ ਰੱਖਿਆ ਸੀ ਉਨ੍ਹਾਂ ਦਾ ਜਾਦੂ ਐਸਾ ਚਲਿਆ ਉਸ ਵਿਚਾਰੀ ਦੇ ਨੇਤ੍ਰ ਚਕੋਰ ਵਾਂਗੂੰ ਆਪਣੇ
ਵੀਰ ਭਤੀਜੇ ਦੇ ਦਰਸਨ ਨੂੰ ਤਰਸਦੇ ਹੀ ਰਹਿ ਪਥਰਾ ਗਏ॥ ਪਰ ਉਹ ਕਾਲੇ ਦਿਲ ਵਾਲੀ ਜਮਾਤ ਉ
ਸ ਪਿਆਰੀ ਰਾਤ ਨੇ ਫੁਲਕਾਰ ਬੀ ਉਸ ਨੂੰ ਨਾ ਦੇਖਣ ਦਿੱਤਾ॥——॥ ਹਾਰ ਕੇ ਲਾਚਾਰ ਉਹ ਦੇਵੀ
ਰਨਾਂ ਬਖੀਲਾਂ ਦੀ ਜਾਨ ਨੂੰ ਰੋਂਦੀ ਹੋਈ ਉੱਥੇ ਸਾਹੂ ਲੈ ਕੇ ਸਰਗ ਮੰਡਾਂ ਰਾਜੇ ਦੀ ਬੇਸਮਝੀ ਦੀ
ਬੇਵਫਾਈ ਉੱਤੇ ਅਫਸੋਸ ਖੇਂਚ ਕੇ ਇਹ ਛੰਦ ਪੜ੍ਹਨੇ ਲਗੀ॥ (ਛੰਦ ਹੀਰਾ ਅਪਨੀ ਖਾਨਿ ਕੋ
ਬਾਰ ਬਾਰ ਪਛਤਾਇ॥ ਗੁਣ ਗਾਹਕ ਜਾਨਿਓ ਨਹੀਂ ਕਹਾਂ ਬਿਕਾਨੋ ਆਇ॥ ਕਹਾਂ ਬਿਕਾਨੋ
ਆਇ ਕੌਡ ਮਨੀਅਨ ਸੰਗ ਪੋਯੋ॥ ਨਿਰਗੁਣੀਅਨ ਕੇ ਸੰਗ ਬੈਠ ਗੁਣ ਅਪਨਾ ਖੋਯੋ॥
ਕਹਿ ਗਿਰਧਰ ਕਵਿਰਾਇ ਧਰੈ ਨਹੀਂ ਮਨ ਮੇਂ ਧੀਰਾ॥ ਬਾਰ ਬਾਰ ਪਛਤਾਇ ਖਾਨਿ ਅਪਨੀ
ਬੀਬੀ ਰਾਜਿੰਦਰ ਕੌਰ ਦਾ ਮਰਨਾ
ਕੋ ਹੀਰਾ॥) ॥ਇਹੋ ਜੇਹੇ ਬਚਨ ਬੋਲਦੀ ਤੇ ਨੇਤ੍ਰਾਂ ਤੋਂ ਜਲ ਡੋਲਦੀ ਹੋਈ ਉਸੇ ਬੇਕਦਰੀ ਦੇ ਗਮ
ਵਿੱਚ ਸੰ: ੧੮੪੪ ਬਿ: ਕੋ ਇਸ ਦੁਨੀਆਂ ਤੋਂ ਕੂਚ ਕਰ ਗਈ॥——
॥ਇਸ ਬੀਬੀ ਰਾਜਾ ਆਲਾ ਸਿੰਘ ਜੀ ਦੀ ਪੋਤੀ ਤੇ ਭੂਮੀਆਂ ਸਿੰਘ ਜੀ ਦੀ ਬੇਟੀ ਦੇਹ ਤਾਂ ਜਨਾਨੀ ਸੀ ਪਰ ਦਿਲ
ਮਰਦਾਨਾ ਸੀ ਤੇ ਸੂਰਬੀਰ ਬੀਰਤਾ ਆਦਿਕ ਗੁਣਾਂ ਦਾ ਘਮੰਡ ਰਾਜਪੂਤਾਂ ਤੇ ਪਠਾਣਾਂ ਨੂੰ ਸੀ ਉਹ
ਬੀ ਇਸ ਵਿੱਚ ਸਨ ਤੇ ਫਿਰ ਰਾਜਨੀਤੀ ਦੀ ਚਤੁਰਾਈ ਦਲੇਰੀ ਉਦਾਰਤਾ ਬਹੁਤ ਸੀ ਇਸ ਰਿਆਸ
ਤ ਦੇ ਕੰਮ ਤਾਂ ਥੋੜੇ ਸਨ ਬਲਕਿ ਇੱਕ ਵਡੀ ਬਾਦਸ਼ਾਹੀ ਵਾਲੀ ਮੁਲਕੀ ਕੰਮ ਚੰਗੀ ਤਰਾਂ ਚਲਾ
ਸਕਦੀ ਸੀ॥——॥ਇਹ ਉਸੇ ਬੀਬੀ ਸਾਹਿਬ ਦਾ ਤੇ ਨਾਨੂੰ ਮੱਲ ਦੇ ਉੱਦਮ ਤੇ ਅਕਲ ਦਾ ਫਲ
ਹੈ ਜੋ ਰਾਜਾ ਅਮਰ ਸਿੰਘ ਦੇ ਪਿੱਛੋਂ ਇਹ ਰਿਆਸਤ ਕਾਇਮ ਰਹਿ ਗਈ॥ ਨਹੀਂ ਤਾਂ ਜਿਨ੍ਹਾਂ ਘੁੰਮਣ
ਘੇਰੀਆਂ ਵਿੱਚ ਪੈ ਕੇ ਇਸ ਰਿਆਸਤ ਦੀ ਬੇੜੀ ਮਗਰਮੱਛਾਂ ਦੇ ਧੱਕੇ ਚੜ੍ਹ ਗਈ ਸੀ ਜੇ ਕਰ ਦੇ ਇਹ
ਦੋਏਂ ਮਲਾਹ ਹੱਥ ਨਾ ਪਾਉਂਦੇ ਤਾਂ ਉਸ ਲੁੱਟ ਮਾਰ ਖੋਹਾ ਖੋਹੀ ਦੇ ਖੜ੍ਹ ਖੜ੍ਹੀ ਤੇ ਜਲ ਦੇ ਸਮੋਤੇ ਵੇ
ਸਨੇਕਾਂ ਦਾ ਬਚਣਾਂ ਤੇ ਰਾਜੇ ਸਾਹਿਬ ਸਿੰਘ ਨੂੰ ਹੁਕਮ ਦਾ ਮੂੰਹ ਦੇਖਣਾ ਬਹੁਤ ਮੁਸਕਲ ਸੀ
ਪਰ ਅਫਸੋਸ ਹੈ ਕਿ ਜਿਸ ਰਈਸ ਦੀ ਤਰੱਕੀ ਵਾਸਤੇ ਉਹ ਨੇਕ ਨੀਤੀ ਪ੍ਰੇਮ ਪ੍ਰੀਤੀ ਨਾਲ ਆ
ਪਣੀ ਜਾਨ ਹਥੇਲੀ ਪਰ ਧਰ ਕੇ ਜੰਗਾਂ ਦੇ ਮੈਦਾਨ ਵਿੱਚ ਘੋੜੇ ਦੇਂਦਾ ਦੁਸਮਨਾਂ ਨੂੰ ਦਫਾ ਤੇ ਰਖੀ

Digitized by Panjab Digital Library | www.panjabdigilib.org

ਸਾਂਨੂੰ ਟਣਕ ਕਰਦੀ ਫਿਰਦੀ ਸੀ ਉਸ ਲਾਈ ਲੱਗ ਰਾਜੇ ਨੇ ਉਸੇ ਨਾਲ ਐਸਾ ਭੈੜਾ ਸਲੂਕ ਕੀਤਾ ੧੭੫
ਜੋ ਵੈਰੀ ਨਾਲ ਕਰੀਦਾ ਹੈ। —ਤਾਂ ਹੀ ਸਿਆਣੇ ਆਖਦੇ ਹਨ:— ਜੋ ਰਾਜੇ ਕੰਨਾਂ ਦੇ ਕੱਚੇ ਅੱਖੀ
ਅੰਦੇਸਨਾ ਖੇ ਕਨੇਸ ਬਖੀਲਾਂ ਦੇ ਅਧੀਨ ਰਹਿੰਦੇ ਹਨ। —ਤਾਂ ਤੇ ਰਾਜੇ ਨੂੰ ਸੋਚ ਬਿਤੀ ਚਾਹੀ
ਦੀ ਹੈ ਕੰਨ ਤੇ ਬਿਤੀ ਨਹੀਂ ਚਾਹੀਦੀ। —
ਨਾਨੂੰ ਮੱਲ ਨੇ ਪਹਿਲੇ ਤਾਂ ਪਟਿਆਲੇ ਪਹੁੰਚਣ ਲਈ ਬਹੁਤ ਜ਼ੋਰ ਤੇ ਤਰਲੇ ਲਾਏ ਤੇ ਆਸ ਤਕਦਿ
ਰਹਿ ਛੱਡੇ ਜਦ ਬੀਬੀ ਰਾਜਿੰਦਰ ਕੌਰ ਦਾ ਗੁਜ਼ਰਨਾ ਸੁਣਿਆਂ ਤਾਂ ਏਧਰੋਂ ਨਿਰਾਸ ਹੋਕੇ ਅਤਾਉੱਲਾ
ਖਾਂ ਕੋਟਲੇ ਵਾਲੇ ਪਾਸ ਜਾ ਰਿਹਾ ਜੋ ਕਿ ਪਿੰਡ ਰਿਆਸਤ ਪਟਿਆਲੇ ਹੇਠ ਉਨਾਂ ਦੇ ਆਏ ਸਨ ਓਹ
ਛੁਡਾਉਣ ਵਾਸਤੇ ਉਸ ਨੂੰ ਬਹਿਕਾ ਕਰ ਪਟਿਆਲੇ ਸਾਥ ਭਿੜਾ ਦਿੱਤਾ ਸਰਦਾਰ ਭੂਤਾ ਸਿੰਘ
ਭੜੈਣੀਆਂ ਵਾਲੇ ਨਾਲ ਸਿੰਘ ਮਲੌਦੀਆ ਰਾਜੇ ਦੀ ਫੌਜ ਲੈਕੇ ਖਾਨਪੁਰ ਪਿੰਡ ਪਾਸ ਕਈ ਵਾਰੀ ਲ
ੜਿਆ ਪਠਾਣ ਹਾਰ ਦੇ ਰਹੇ। ਪਿਛਲੇ ਪਿੰਡ ਲੈਂਦੇ ਹੋਏ ਸੰਗੋਤੋਂ ਰਬੀ ਖੁਹਾ ਬੈਠੇ। ਨਾਨੂੰ ਮੱਲ ਤਾਂ ਅੰਤ
ਨੂੰ ਏਹ ਕਲੇ ਕਲੇ ਕੇ ਏਸੇ ਗਮ ਤੇ ਤਕਲੀਫ ਵਿੱਚ ਸੰ: ੧੮੪੭ ਬਿ: ਕੇ ਅੰਤ ਦਾ ਕੂਚ ਕਰ ਗਿਆ। — ਨਾਨੂੰ ਮੱਲ ਦਾ ਮਰਨਾ
ਹੁਣ ਨਾਨੂੰ ਮੱਲ ਦੀ ਕਮਾਣ ਟੁੱਟੀ ਤਾਂ ਦੇਸ ਰਮੱਲ ਦੀਵਾਨ ਤੇ ਕਿਸ਼ਨ ਚੰਦ ਮੀਰ ਮੁਨਸ਼ੀ ਅਲੀ
ਬਖਸ਼ ਸੱਯਦ ਸਮਾਣੇ ਵਾਲੇ ਉਠੀ ਪਰ ਰਾਜੇ ਦਾ ਖਾਸ ਮੁਸਾਹਿਬ ਕਾਇਮ ਤੋਂ ਹੋਏ ਪਰ ਥੋ
ੜੇ ਹੀ ਦਿਨਾਂ ਵਿੱਚ ਏਨਾਂ ਨੇ ਕੁੱਲ ਕਾਰ ਬਾਰ ਆਸਤੇ ਆਪਣੇ ਹੱਥ ਲੈ ਕੇ ਐਸੀ ਗੜਬੜ ਤਾਂ ਫੜੀ
ਸਬ ਆਮਦਨੀ ਕੀੜੇ ਪਤੰਗੇ ਦਿਸਨ ਲੱਗੇ। ਕਿਸੇ ਦਾਨਾ ਨੇ ਸੱਚ ਆਖਿਆ ਸੀ ਕਿ ਅੱਜ ਮੇਨੂੰ ਸਬ
ਸਬੰਧ ਮਿਤ੍ਰ ਪਿਆਰੇ ਮਿਲਣ ਲਗੇ ਭੁਲਕੇ ਕਾਰਦਾਰੀ ਦੇ ਖਿਲਤ ਮਿਲਨਸਾਰ ਮੇਂ ਅੰਧਾ ਹੋ
ਰਹਾਂਗਾ। — ਜੇਹੜੇ ਪਹਿਲਾਂ ਤਿੰਨਾਂ ਦੇ ਹੀ ਨੇੜੇ ਤਾਂ ਹਕੂਮਤ ਦੀ ਖੁਸ਼ਾਮਦੀ ਬੀਮਾਰੀ ਨਾਲ ਟਪਾਰੇ
ਲੱਗੇ ਰਹਿੰਦੇ ਸਨ। ਪਰ ਸੱਯਦ ਸਾਹਿਬ ਨੇ ਤਾਂ ਐਸੀ ਧੀਸੇ ਖੁਦਾਈ ਪਾਈ ਜੇੜ੍ਹਾ ਕੋਈ ਸਿੱਖ
ਸਰਦਾਰ ਇੱਕ ਦਿਨ ਵੀ ਉਸ ਦੀਆਂ ਪੂਰੀਆਂ ਖੱਟਣ ਨਾ ਜਾਂਦੇ ਉਸੇ ਨੂੰ ਅਗਲੇ ਦਿਨ ਬਿਨਾਂ ਕਸੂ
ਰ ਰਾਜੇ ਤੋਂ ਬੇ ਇੱਜ਼ਤ ਕਰਾ ਦੇਵੇ। — ਕੋਈ ਦਿਨ ਖੂਬ ਹੀ ਉਸਨੇ ਰੰਗ ਮਾਰੇ ਦਮ ਚਲਾਏ। ਕਿ
ਉਂ ਕਿ ਆਪਣੀ ਅਕਲ ਤਾਂ ਰਾਜੇ ਸਾਹਿਬ ਨੇ ਬੇਚ ਹੀ ਰੱਖੀ ਸੀ। ਜੇੜ੍ਹਾ ਮਸਖਰਾ ਅਧਿਕ
ਮਸਖਰੀ ਹੱਥ, ਨਕਲਾਂ, ਚੁਗਲੀਆਂ ਸੁਣਾਕੇ ਤੇ ਭਠਿਆਰੀਆਂ ਦੀ ਲੜਾਈ ਸਦਾਰੀਆਂ
ਦੇ ਤਮਾਸ਼ੇ ਦਿਖਾਕੇ ਉਸ ਨੂੰ ਰਿਝਾ ਲੈਂਦਾ ਸੀ ਓਹ ਉਸੇ ਦੇ ਹੱਥ ਦਾ ਬਾਜ ਬਣ ਬਹਿੰਦਾ ਸੀ। ਜਦ
ਮੀਰ ਸਾਹਿਬ ਨੇ ਰਾਜੇ ਨੂੰ ਹੱਥ ਉਤੇ ਲੈਕੇ ਥੋੜ੍ਹੇ ਹੀ ਦਿਨਾਂ ਵਿੱਚ ਅਨੇਕ ਸਿੱਖਾਂ ਸਰਦਾਰਾਂ ਦੀਆਂ ਪਗ
ੜੀਆਂ ਉਤਰਾਕੇ ਅਪਣੇ ਭਾਈਆਂ ਨੂੰ ਬਖਸ਼ ਦਿੱਤੀਆਂ ਤੇ ਫਿਰੇ ਹੋਏ ਸੂਰ ਵਾਂਗੂ ਐਡਾ ਮੱਛ

੧੧੬ ਮਾਂ ਗਾਲ੍ਹ ਬਿਨਾ ਕਦੇ ਕਿਸੇ ਨਾਲ ਗੱਲ ਨ ਕਰੇ ਜਿਸ ਤੋਂ ਖਿਜ ਕੇ ਸਿੰਘਾਂ ਨੂੰ ਬੀਗਾਰ ਕੇ ਤਲ
ਫਰ ਹੀ ਤੇਜ ਕਰਨੀ ਪਈ।—— ।ਸਰਦਾਰ ਅਲਬੇਲ ਸਿੰਘ ਕਾਲ੍ਹੇਕਾ, ਫਤੇ ਸਿੰਘ ਮਾਨ
ਗਹੀਆਂ, ਮਾਨ ਸਿੰਘ ਹਰੀਕਾ, ਦਲਪਤ ਸਿੰਘ ਖਾਨਾ, ਰਾਮ ਆਲਮ ਮੁਣਸ਼ੀ ਵਗੈਰਾ ਨੇ
ਮੀਰ ਸਾਹਿਬ ਨੂੰ ਉਸ ਦੀ ਕਰਤੂਤ ਦੇ ਫਲ ਛਕਾਉਣ ਲਈ ਸਲਾਹ ਕਰਕੇ ਕੱਤਕ ਸੰ: ੧੮੪੮
ਬਿ: ਕੋ ਜਿੱਦਣ ਮਹਾਰਾਜ ਦੌਰੇ ਵਿੱਚ ਘੱਗੇ ਕਲਬਾਨੂੰ ਉੱਤੇ ਤੇ ਅੰਦਰ ਦਰਬਾਰ ਵਿੱਚ ਜਦ ਕਿਸੇ
ਬਾਤ ਪਰ ਸੰਧਰ ਸਾਹਿਬ ਨੇ ਆਪਣੇ ਨਿੱਤਨੇਮ ਵਾਂਗੂ ਗਾਲ੍ਹ ਕੱਢੀ ਤਾਂ ਸੁੱਖਾ ਸਿੰਘ ਢਿੱਲੋਂ ਤੇ
ਆਲ ਸਿੰਘ ਅਰੋੜੇ ਨੇ (ਜੋ ਧੌਜੀ ਭਿੰਡਰ ਦੇ ਫੁ ਸਿੰਘ ਦਾ ਦਾਦਾ ਸੀ।) ਅਲੀ ਬਖਸ਼ ਨੂੰ ਕਤਲ
ਕਰ ਦਿੱਤਾ। ਜੱਦੀਪ ਉਸ ਦੇ ਸਾਥੀ ਆਸਾਮ ਬਖਸ਼ ਜਲਾਲ ਦੀਨ ਫਤੇ ਖਾਂ ਵਗੈਰਾ ਬਾਰਾਂ ਪੁ
ੜਾਂ ਆਦਮੀ ਉਸ ਦਾ ਬਦਲਾ ਲੈਣ ਉੱਠੇ ਪਰ ਕਿਸੇ ਸਿੰਘ ਨੂੰ ਗਾਬੂ ਕੇ ਲੋਕ ਵਿੱਚੋਂ ਨਾ ਪਹੁੰਚ ਸਕੇ
ਆਪ ਹੀ ਉਸ ਦੇ ਸਾਥ ਇਨਾਮ ਬਾੜ੍ਹੇ ਨੂੰ ਚਲਦੇ ਹੋਏ।——

ਇਕ ਵੀ ਦਿਨ ਤਾਂ ਮਹਾਰਾਜ ਉਸ ਦੇ ਗਾਹੇਣ ਤੋਂ ਗੁੱਸੇ ਹੋ। ਉਦ੍ਹਕ ਸਰਦਾਰ ਅਲਬੇਲ ਸਿੰਘ
ਦੀਵਾਨ ਤੇ ਰਾਮ ਆਲਮ ਮੀਰ ਮੁਣਸ਼ੀ ਕਾਇਮ ਤਾਂ ਮਹਾਰਾਜੇ ਨੇ ਕਰ ਦਿੱਤੇ ਪਰ ਉਨਾਂ ਦੇ ਸੱਚੇ
ਤੇ ਬਹਾਦਰ ਸਭਾਵ ਤੋਂ ਮਹਾਰਾਜ ਡਰਦੇ ਰਹਿਣਾ ਛੱਕ ਰਾਣੀ ਰਤਨ ਕੌਰ ਦੀ ਸਲਾਹ ਨਾਲ
ਮਹਾਰਾਜੇ ਨੇ ਆਪਣੀ ਸਕੀ ਭੈਣ ਬੀਬੀ ਸਾਹਿਬ ਕੌਰ ਨੂੰ ਜੋ ਫਤੇਗੜ੍ਹ ਵਾਲੇ ਜੈਮਲ ਸਿੰਘ
ਘਨੱਯੇ ਸਰਦਾਰ ਦੇ ਘਰ ਸੀ ਬੁਲਾ ਕਰ ਆਪਣੀ ਰਿਆਸਤ ਦਾ ਕੁੱਲ ਇੰਤਜ਼ਾਮ ਉਸ ਦੇ ਇਖਤ
ਯਾਰ ਕਰ ਦਿੱਤਾ। ਕਿਉਂਕਿ ਏਹ ਬੀਬੀ ਬੀਬੀ ਰਾਜਿੰਦ ਕੌਰ ਦੀ ਪੜ੍ਹਾਈ ਹੋਈ ਰਾਜਨੀ
ਤੀ ਦੇ ਸਬਕ ਵਾਲੇ ਚੱਲਣ ਵਿੱਚ ਬਹੁਤ ਸਿਆਣੀ ਤੇ ਦਲੇਰ ਦੂਰਦੇਸ਼ ਸੀ।——

।ਬੀਬੀ ਸਾਹਿਬ ਕੌਰ ਨੇ ਆਉਣਸਾਰ ਇੱਕਦਮ ਹੀ ਸਭ ਅਹਿਲਕਾਰਾਂ ਤੇ ਮੀਲਦਾਰਾਂ ਦੀ ਬਦਲ
ਸਦਲੀ ਕਰਕੇ ਆਪਣਾ ਦਬਦਬਾ ਬੈਠਾ ਲੀਤਾ। ਸਰਦਾਰ ਤਾਰਾ ਸਿੰਘ ਨੂੰ ਆਪਣਾ ਨਾਇਬ ਤੇ
ਨਨੂੰ ਮੱਲ ਦੇ ਭਤੀਜੇ ਦੀਵਾਨ ਸਿੰਘ ਨੂੰ ਦੀਵਾਨ ਕਰ ਦਿੱਤਾ।——

।ਉਸੇ ਸਮੇਂ ਸਰਦਾਰ ਚੂਹੜ ਸਿੰਘ ਭਦੌੜੀਏ ਨੂੰ ਘਨੌਰ, ਬਾਜੇ ਪਿੰਡ ਦੇ ਚੌਧਰੀ ਸਜਣ ਸਿ
ਹਰੇ ਵਗੈਰਾ ਨੇ ਜੋ ਦਿਲੋਂ ਦੁਸ਼ਮਣ ਚੂਹੜ ਸਿੰਘ ਦੇ ਸੇ ਸੱਦਾ ਭੇਜ ਦਿੱਤਾ ਕਿ ਅਸੀਂ ਆਲੇਕ ਫ਼ਨਾਂ
ਉਠਾ ਕੇ ਆਪਣੇ ਪਿੰਡ ਵਿੱਚ ਤੇਰਾ ਥਾਣਾ ਕਾਇਮ ਕਰਾ ਦੇਵਾਂਗੇ। ਤੁਸੀਂ ਸਾਡੇ ਪਿੰਡ ਚੌਲਾ ਇਸੇ ਨਾ
ਲਚ ਵਿੱਚ ਫਸ ਕੇ ਸੰ: ੧੮੪੮ ਕੋ ਚੂਹੜ ਸਿੰਘ ਆਪਣੇ ਸੌਤਲੇ ਭਾਈ ਦੌਲ ਸਿੰਘ ਸਮੇਤ ਥਾਣਾ
ਲੈ ਤੇ ਆ ਉਤਰੇ ਹੋਏ ਸੰਝ ਸਮੇ ਘਨੀਏ ਜਾ ਉੱਤਰੇ। ਉਨਾਂ ਦਰਗੋਬਾਜਾਂ ਦੁਸ਼ਮਣਾਂ ਨੇ ਬਹੁਤ ਆਦਰ ਨਾਲ

ਅਲੀ ਬਖਸ਼ ਦੀ ਬਦਮਾਸ਼ੀ ਦਾ ਨਤੀਜਾ।

ਅਲਬੇਲ ਸਿੰ: ਤੇ ਰਾਮ ਦਿਆਲ ਦੀ ਬਰਤਰਫੀ।

ਬੀਬੀ ਸਾਹਿਬ ਕੌਰ ਦਾ ਇੰਤਜ਼ਾਮ।

ਘਨੌਰ ਦਾ ਜੋਹਰ ਲੜਾਈ।

Digitized by Panjab Digital Library | www.panjabdigilib.org

ਇਕ ਬੁਰਜ ਉੱਤੇ ਉਤਾਰ ਕੇ ਦੋਹਾਂ ਭਾਈਆਂ ਨੂੰ ਸਰਾਬ ਨਾਲ ਬੇਹੋਸ਼ ਕਰ ਕੇ ਜਦ ਗਾਫਲ ਹੋਏ ਦੇਖਿਆ ੭੧੧
ਤਾਂ ਉਸ ਬੁਰਜ ਨੂੰ ਢੇਰੇ ਛਾਪੇ ਤੇ ਲੱਕੜੀਆਂ ਚਿਣ ਕੇ ਅੱਗ ਲਾ ਦਿੱਤੀ। ਉਹ ਵਿਚਾਰੇ ਬੇਬਸੀ ਵਿੱਚ ਜਲ ਕੇ ਸੁਆਹ ਹੋ ਗਏ। ਜੋ ਦਲਪ ਚੂਹੜ ਸਿੰਘ ਉਨਾਂ ਨੂੰ ਚੰਗੀ ਤਰਾਂ ਅਪਣੇ ਵੈਰੀ ਸਮਝਦਾ ਸੀ। ਪਰ ਤਕਦੀਰ ਅੱਗੇ ਸਭ ਤਦਬੀਰਾਂ ਭੁੱਲ ਜਾਂਦੀਆਂ ਹਨ। ਸੱਚ ਹੈ (ਸਹਸ ਸਿਆਣਪਾ ਲਖ ਹੋਹਿ ਤਾ ਇੱਕ ਨ ਚੱਲੈ ਨਾਲਿ) ਦੋਹਰਾ। (ਹੋਣਹਾਰ ਹਿਰਦੇ ਬਸੇ ਸੁਧ ਬੁਧ ਸਭ ਭੁਲ ਜਾਇ। ਜਨਮੇਜੇ ਕੋ ਪਾਹਲ ਹੀ ਕਹ੍ਯੋ ਬ੍ਯਾਸ ਸਮਝਾਇ।) ॥ ਜਦ ਏਹ ਖਬਰ ਬਰਨਾਲੇ ਮਹਾਰਾਜੇ ਸਾਹਿਬ ਸਿੰਘ ਨੂੰ ਤੇ ਭਦੌੜ ਚੂਹੜ ਸਿੰਘ ਦੇ ਪੁੱਤਾਂ ਨੂੰ ਪਹੁੰਚੀ ਤਾਂ ਉਹ ਬੀ ਚਲੇ ਆਏ ਤੇ ਮਹਾਰਾਜ ਤਿੰਨ ਹਜਾਰ ਅਸਵਾਰ ਲੈ ਕੇ ਉਸ ਪਿੰਡ ਜਾ ਪਹੁੰਚੇ ਸੌ ਸਹਣਸੇਆਂ ਦਾ ਸੀ ਕਤਲ ਕਰਕੇ ਉਨਾਂ ਦੇ ਕਈ ਪਿੰਡ ਲੁੱਟ ਪੱਟ ਕੇ ਜਲਾ ਦ ਚੂਹੜ ਸਿੰਘ ਦੀ ਸੁਆਹ ਨਾਲ ਮਿਲਾ ਦਿੱਤਾ।
ਫੇਰ ਮਹਾਰਾਜੇ ਨੇ ਭਦੌੜ ਜਾ ਕੇ ਚੂਹੜ ਸਿੰਘ ਦੇ ਬੇਟੇ ਦੀਪ ਸਿੰਘ ਨੂੰ ਧੀਰਜ ਤੇ ਭਾਈ ਚਾਰੇ ਦੀ ਰਸਮ ਦਾ ਖਿਲਤ ਦਿੱਤਾ।——

॥ ਉਦੋਂ ਹੀ ਪ੍ਰਗਣੇ ਵੇਹਸਾ ਦੇ ਜਿਮੀਦਾਰ ਭੱਟੀਆਦਿਕ ਆਕੀ ਹੋ ਰਹੇ ਸੇ। ਉਨਾਂ ਦੇ ਸਿਰ ਭੰਨਣ ਲਈ ਸਰਦਾਰ ਅਲਬੇਲ ਸਿੰਘ ਨੂੰ ਤੋਰਿਆ। — ਤੇ ਆਪ ਮਹਾਰਾਜ ਸੋਢੀ ਕਰਮ ਸਿੰਘ ਮਾਛੀਵਾੜੇ ਵਾਲੇ ਤੇ ਚੜ੍ਹਤ ਸਿੰਘ ਦੀ ਖਰਾਬੀ ਸੁਣ ਕੇ ਫੌਰਨ ਉਥੇ ਪਹੁੰਚਾ। ਉਨਾਂ ਨੂੰ ਤੋੜ ਭੰਨ ਕੇ ਸਿੱਧੇ ਕਰ ਦੇ ਬਰਸ ਦਾ ਮਾਮੂਲਾ ਪਿਛਲਾ ਲੈ ਅੱਗੇ ਨੂੰ ਲਿਖਤ ਕਰਾਈ ਨਿਮਨਾ ਪਟਿਆਲੇ ਆ ਵੜੇ।—— ॥ ਉਧ੍ਰ ਸਰਦਾਰ ਅਲਬੇਲ ਸਿੰਘ ਨਾਲ ਵੇਹਸਾ ਦੇ ਪਾਸ ਅਨੇਕ ਪਿੰਡਾਂ ਦੇ ਜਿਮੀਦਾਰ ਕੱਠੇ ਹੋ ਕੇ ਇੱਕ ਦਿਨ ਤਾਂ ਲੜੇ ਫੇਰ ਭਜ ਗਏ। ਗਾਦੜਾਂ ਦੇ ਜਾਲ੍ਹੀਆ ਦਸੀ ਬੇਹਸਾ ਪਟ ਮਾਰੇ। ਪਿੰਡ ਲੁੱਟੇ ਗਏ ਜੇਹੜਾ ਡਾਬ, ਕਾਲੇ, ਖੋਰਖ, ਬਠੂਨਾ ਆਦਿਕ ਸਬ ਪ੍ਰਗਣੇ ਪਿੰਡਾਂ ਤੋਂ ਪਿਛਲਾ ਤੇ ਹੁਣ ਦਾ ਸਬ ਮਾਮਲਾ ਤਿੰਨ ਮਹੀਨੇ ਵਿੱਚ ਉਗਰਾਹੀ ਕਰਕੇ ਪਚਾਸ ਕੈਦੀ ਕੂੰ ਕਰ ਪਟਿਆਲੇ ਆ ਗਿਆ।——

ਭੱਟੀਆਂ ਪਰ ਅਲਬੇਲ ਸਿੰਘ ਦੀ ਚੜ੍ਹਾਈ

ਸੰ: ੧੮੫੦ ਬਿ: ਮੇਂ ਖਬਰ ਆਈ ਕਿ ਸਰਦਾਰ ਜੈਮਲ ਸਿੰਘ ਨੂੰ ਉਸ ਦੇ ਚਚੇਰੇ ਭਾਈ ਨੇ ਕੈਦ ਕਰਕੇ ਉਸ ਦਾ ਸਭ ਇਲਾਕਾ ਮੱਲ ਲੀਆ ਹੈ। ਏਹ ਗੱਲ ਸੁਣਦੇ ਸਾਰ ਕੀਸੇ ਫਤੇਗੜ੍ਹ ਬਖਸੀ ਤੇ ਜੋਧ ਸਿੰਘ ਕਾਲੇ ਕੇ ਹਰੀਕੇ ਮਾਨ ਸਿੰਘ ਆਦਿਕ ਸਰਦਾਰਾਂ ਨੂੰ ਫੌਜ ਸਮੇਤ ਸਾਥ ਲੈ ਕੇ ਬੀਬੀ ਜੀ ਫਤੇ ਸਿੰਘ ਉੱਤੇ ਬਿਜਲੀ ਵਾਂਗੂ ਜਾ ਪਈ। ਉਸ ਨੂੰ ਸੇਝੀ ਨਾ ਲੈਣ ਦਿੱਤੀ ਦੋ ਦਿਨ ਲੜ ਕੇ ਅਪਣੇ ਧਨੀ ਨੂੰ ਤੇ ਇਲਾਕੇ ਨੂੰ ਛੁਡਾ ਕੇ ਪੂਰਾ ਦ ਉਥੋਂ ਦਾ ਬੰਦੋਬਸਤ ਕਰ ਫੇਰ ਪਟਿਆਲੇ ਚਲੀ

ਬੀਬੀ ਜੀ ਨੇ ਆਪਣੇ ਪਤੀ ਨੂੰ ਕੈਦ ਵਿਚੋਂ ਕੱਢਣਾ

੭੧੮ ੮ ਵੈਸਾਖ ਸੰ: ੧੮੫੮ ਬਿ: ਕੋ ਮਰਹਟਿਆਂ ਦੇ ਸਰਦਾਰ ਲਛਮੀ ਰਾਉ, ਅੰਬਾ ਰਾਉ, ਅੰਨਾ ਰਾਉ ਬ
ਤਿਭਾਜੀ ਲਸਕਰ ਲੈ ਕੇ ਸਿੱਖਾਂ ਤੋਂ ਮੁਲਕ ਛੁਡਾਉਣ ਵਾਸਤੇ ਏਧਰ ਚੜ੍ਹ ਆਏ। ਉਨਾਂ ਦੀ ਧਾਂ
ਕ ਨੇ ਸਭ ਸਿਖ ਸਰਦਾਰ ਦਹਿਲਾ ਦਿੱਤਾ। ਆਪ ਤੋ ਆਪ ਨਜ਼ਰਾਨੇ ਲੈ ਕੇ ਜਾ ਮਿਲੇ। ਜੀਂਦ
ਕੈਥਲ ਨਾਭੇ ਦੇ ਵਕੀਲ ਭੀ ਉਨਾਂ ਪਾਸ ਜਾ ਫਿਰੇ। ਇਕ ਬੀਬੀ ਸਾਹਿਬ ਕੌਰ ਨੇ ਜੋ ਅਤੀ ਦ
ਲੇਰ ਤੇ ਉਦਾਰ ਸੀ ਬਿਨਾਂ ਸਰੇ ਆਏ ਉਸ ਦੀ ਤਾਬੇਦਾਰੀ ਮੰਨਣੀ ਬੁਰੀ ਸਮਝ ਕੇ ਅਪਣੀ ਜੇਲ
ਦੇ ਸਭ ਸਰਦਾਰ ਜੋਧ ਸਿੰਘ ਕਲਸੀਆ, ਭੰਗਾ ਸਿੰਘ ਥਨੇਸਰੀ, ਬੀਰ ਸਿੰਘ ਭਦੌੜੀਆ
ਭਾਗ ਸਿੰਘ ਰੋਬਾ ਆਦਿਕ ਸਭ ਬੁਲਾ ਲੀਤੇ ਤੇ ਰਾਜਾ ਭਾਗ ਸਿੰਘ ਬਹਾਦਰ ਦੀ ਸਲਾਹ ਨਾਲ
ਸਾਤ ਹਜ਼ਾਰ ਫੌਜ ਲੈ ਕੇ ਸਰਦਾਂ ਪੁਰ ਪਿੰਡ ਪਾਸ ਪਟਿਆਲੇ ਸੇਂ ੧੫ ਮੀਲ ਪਰ ਮਰਹਟਿਆਂ ਦਾ
ਮੁਕਾਬਲਾ ਕੀਤਾ। —— ॥ਰਾਜਗੜ੍ਹ ਦੇ ਮੈਦਾਨ ਵਿੱਚ ੧੧ ਵੈਸਾਖ ਸੰਗ੍ਰਾਮ ਦਾ ਮੂੰਹ ਜੋਰ
ਸ਼ੁਰੂ ਹੋ ਗਿਆ— ॥ਮਰਹਟਿਆਂ ਦੀ ਫੌਜ ਕੁਦਾਇਦ ਸਿੱਖੀ ਹੋਈ ਨਾਲੇ ਸਿੱਖਾਂ ਦੀ ਫੌਜ ਤੋਂ ਦੋ
ਗਣੀ ਦੇਖ ਕੇ ਪਟਿਆਲੇ ਦੀ ਸਿਪਾਹ ਕੁਝ ਢਿੱਲੀ ਤੇ ਭੱਜਣ ਨੂੰ ਤਿਆਰ ਹੋ ਗਈ। ॥ਜਦ
ਬੀਬੀ ਸਾਹਿਬ ਨੇ ਅਪਣੀ ਫੌਜ ਦੇ ਪੈਰ ਉਖੜੇ ਹੋਏ ਦੇਖੇ ਤਾਂ ਬੀਬੀ ਜੀ ਨੂੰ ਬੀਰ ਰਸ ਨੇ ਐਸੀ
ਉਮੰਗ ਦਿੱਤੀ ਰਥ ਵਿੱਚੋਂ ਉਤ੍ਰ ਸਸਤ੍ਰ ਬਸਤ੍ਰ ਮਰਦਾਵੇਂ ਪਹਿਨ ਘੋੜੇ ਦੀ ਅਸਵਾਰ ਹੋ ਦੌੜ ਕੇ ਘੋ
ਰ ਮੈਦਾਨਾਂ ਵਿੱਚ ਜਾ ਖੜ੍ਹੀ ਹੋਈ। ਰਾਜਾ ਭਾਗ ਸਿੰਘ ਜੋਧ ਸਿੰਘ ਭੰਗਾ ਸਿੰਘ ਆਦਿਕਾਂ ਦੇ ਨਾਂ
ਪੁਕਾਰ ਕੇ ਉਚੀ ਆਵਾਜ਼ ਨਾਲ ਆਖਿਆ "ਹੁਣ ਅਸਾਂ ਦੀ ਬਣੀ ਦੌੜ ਕੇ ਕਿੱਥੇ ਜਾਓਗੇ ਸਿੰਘ ਨਾਂ
ਮ ਨੂੰ ਲਾਜ ਲਾਓਗੇ ਹਾਸੀ ਕਰਾਓਗੇ ਕ੍ਰੋਧ ਨਾਂ ਜੀ ਦਾੜ੍ਹੀ ਮੁੱਛ ਦੀ ਲਾਜ ਪਾਲੋ ਦੇ ਤੁਸੀ ਉਨਾਂ
ਸਿੰਘਾਂ ਦੇ ਪੁੱਤ੍ਰ ਹੋ ਜਿਨ੍ਹਾਂ ਨੇ ਬਿਨਾਂ ਸਾਮਾਨ ਜੰਗੀ ਦੇ ਦੇ ਬਾਦਸ਼ਾਹੀਆਂ ਨੂੰ ਗਾਰਤ ਕਰ
ਕੇ ਅਪਣਾ ਡੰਕਾ ਬਜਾਯਾ ਹੈ। ਸਿੰਘਾਂ ਦਾ ਧਰਮ ਮਰਨਾ ਮਾਰਨਾ ਹੈ ਦੌੜ ਜਾਣਾ ਗੀਦੀ ਗਿਦੰ
ੜਾਂ ਦਾ ਕੰਮ ਹੈ ਜੰਗ ਵਿੱਚੋਂ ਦੌੜ ਕੇ ਕਦੋਂ ਤਕ ਜਾਨ ਬਚਾਓਗੇ। ਜਦ ਰਾਮ ਕ੍ਰਿਸ਼ਨ ਜੇਹੇ ਅਵਤਾਰ
ਲੇ ਛਕ ਲੀਏ ਤੁਸੀਂ ਕਿਆ ਚੀਜ਼ ਹੋ ਜੂਝ ਕੇ ਮਰੋਗੇ ਤਾਂ ਬੈਕੁੰਠ ਦੇ ਸੁਖ ਭੋਗੋਗੇ। ਜੀਤ ਜਾਓ
ਗੇ ਤਾਂ ਦੁਨੀਆਂ ਦਾ ਰਾਜ ਤੇ ਸੁਜਸ ਪਾਓਗੇ ਤੁਸਾਰੇ ਤਾਂ ਦੋਹੀ ਹੱਥੀਂ ਲੱਡੂ ਹਨ। —— ॥ਐਸੇ
ਰੇ ਬੀਰੋ ਹਿੰਮਤ ਨ ਹਾਰੋ (ਹਿੰਮਤੇ ਮਰਦਾਂ ਮਦਦੇ ਖੁਦਾ) ॥ਫੇਰ ਤੁਸੀ ਸੇਰੀ ਤਰਫ ਦੇਖੋ ਜਦ
ਮੈਂ ਜਨਾਨੀ ਹੋ ਕੇ ਐਤਨਾ ਹੌਸਲਾ ਕਰਦੀ ਹਾਂ ਤੁਸੀਂ ਦਾੜ੍ਹੀਆਂ ਵਾਲੇ ਹੋ ਕੇ ਹੌਸਲਾ ਹਾਰਦੇ ਹੋ।
ਬੜੇ ਅਫਸੋਸ ਦੀ ਬਾਤ ਹੈ ਅਪਨੇ ਦੇਸ ਨੂੰ ਤੇ ਭੇਸ ਨੂੰ ਕਲੰਕ ਲਾਉਂਦੇ ਹੋ। ਫੇਰ ਤੁਸੀਂ ਅਪਨੇ
ਰਾਜੇ ਦੀ ਬੇਟੀ ਡੌਭੈਣ ਨੂੰ ਜੰਗ ਵਿੱਚ ਛੱਡ ਕੇ ਕੇਹੜਾ ਨੱਕ ਲੈ ਕੇ ਜਾਓਗੇ। ਬੇਸ਼ੱਕ ਜਾਓ ਮੈਂ ਨਾਂ ਜਾ

Digitized by Panjab Digital Library | www.panjabdigilib.org

੭੨੯ ਬੀਬੀ ਜੀ ਦਾ ਉਪਦੇਸ਼

ਵੰਗੀ।।ਏਸੇ ਜਗਾਂ ਟੁਕੜੇ ੨ ਹੋਕੇ ਮਰਾਂਗੀ।। —— ।।ਫੇਰ ਤੁਸਾਂ ਦੀ ਮਦਦ ਵਿੱਚ ਓਹ ਗੁਰੂ
ਹੈ ਜਿਸ ਨੇ ਚਿੜੀਆਂ ਤੋਂ ਬਾਜ ਤੁੜਾ ਸੁੱਟੇ ਹਨ ਸਵਾ ਲਾਖ ਵੈਰੀ ਨਾਲ ੪੦ ਸਿੰਘ ਲੜਾਏ ਹਨ
ਔਰ ਸਵਾ ਲੱਖ ਨਾਲ ਇੱਕ ਸਿੰਘ ਨੂੰ ਲੜਾਉਣ ਦਾ ਹੁਕਮ ਹੈ।ਭਰੋਸਾ ਕਰੋ ਸਿਦਕ ਕਰੋ ਬੇੜੇ
ਪਾਰ ਹੋਣਗੇ।।ਮੇਰੇ ਭਾਈਓ ਦ੍ਰਿੜ੍ਹ ਰਹੋ ਉਹ ਬਾਲੂ ਦੰਗੀ ਲੜਾਈ ਦਾ ਖਿਆਲ ਤੁਹਾਡਾ ਹੈ।ਜਰੂਰ
ਹਾਰੋਗੇ ਫਤੇ ਤੇਰੀ ਪਈ ਹੈ।।ਸ੍ਰੀ ਕਲਗੀਧਰ ਚਿੱਟੇ ਬਾਜ ਵਾਲੇ ਗੁਰੂ ਗੈਬੀ ਫੌਜਾਂ ਲਈਆਂ
ਉਡਾਂ ਹੈ —— ।।ਜਬ ਬੀਬੀ ਸਾਹਿਬ ਕੌਰ ਨੇ ਘੋੜੇ ਦੌੜਾ ੨ ਪੰਜ
ਸੱਤ ਵਾਰੀ ਆਪਣੀ ਫੌਜ ਵਿੱਚ ਫਿਰਕੇ ਪਰਲੇ ਦੀ ਹਜ਼ੇਰੀ ਦਲੇਰੀ ਤੇ ਧੀਰਜ ਫੌਜ ਨੂੰ ਦੇਕੇ ਪ
ਛੀ ੨ ਰੁਪਏ ਫੀ ਪੈਦਲ ਤੀਸ ੨ ਅਸਵਾਰ ਸੋਨੇ ਦੇ ਕੈਂਗਣਾ ਜੋੜੀ ਤੇ ਇੱਜਤ ਗਲੁ ਦੇਂ ਜਾਮੀ
ਨਾਮਾਂ ਫੀ ਅਫਸਰਾਂ ਨੂੰ ਦੇਣਾ ਦਾ ਇਕਰਾਰ ਕੀਤਾ ਤੇ ਸਭ ਨੂੰ ਧੀਰਜ ਦਿਵਾਇਆ ਔਰ ਆਪ ਮੋਰਚੇ
ਵਿੱਚ ਹੋ ਖੜੋਤੀ।। —— ।।ਫੇਰ ਤਾਂ ਫੌਜ ਅਤੇ ਸਰਦਾਰਾਂ ਨੂੰ ਬੜੀ ਗੈਰਤ ਆਈ ਜਾਨਾਂ ਤੋੜ
੨ ਲਹੂ ਪਾਣੀ ਇੱਕ ਕਰਕੇ ਐਸੀ ਲੜਾਈ ਕੀਤੀ ਜੋ ਮਰਹਟਿਆਂ ਦੇ ਛੱਕੇ ਛੁੜਾ ਦਿੱਤੇ।ਕੁਦਰ
ਤ ਨਾਲ ਉਸੇ ਸਮੇਂ ਦੋ ਇਕ ਹਜਾਰ ਅਸਵਾਰ ਪਿਆਦਾ ਕੁਮਕ ਹੋਰ ਪਟਿਆਲੇ ਦੀ ਤਰਫੋਂ
ਆ ਪਹੁੰਚੀ ਜਿਨਾਂ ਵੱਡੇ ਬੇਗੇਰੀਦੇ ਮਰਹਟੇ ਕੇ ਬੈਰਾੜ ਕਾਲੂ ਕੇ ਸੋਮੇ ਕੇ ਵਗੈਰੇ ਬਹੁਤ ਸ
ਮੀਰ ੨ ਬਹਾਦਰ ਸਾਬਸ ਸਨ। —— ।।ਏਤਨੇ ਵਿੱਚ ਦਿਨ ਛਿਪ ਗਿਆ।।ਲੜਾਈ ਬੰਦ
ਕਰਕੇ ਦੋਵੇਂ ਲਸਕਰ ਆਪੋ ਆਪਣੇ ਠਿਕਾਣੇ ਉਤੇ ਪਏ। —— ।।ਹੁਣ ਬੀਬੀ
ਸਾਹਿਬ ਦੇ ਸਾਥੀ ਸਰਦਾਰਾਂ ਤੇ ਰਈਸਾਂ ਨੇ ਮਰਹਟਿਆਂ ਦੀ ਫੌਜ ਦਾ ਬਹੁਤ ਜੋਰ ਤੇ ਅਟੁੱਟ ਸਿ
ਲਸਿਲਾ ਦੇਖਕੇ ਜਦ ਪਟਿਆਲੇ ਚਲ ਕਰ ਲੜਨੇ ਦੀ ਸਲਾਹ ਠਹਿਰਾਈ ਤਾਂ ਬੀਬੀ
ਨੇ ਆਖਿਆ।ਇੱਕ ਤਾਂ ਆਪਣੀ ਫੌਜ ਘੱਟ ਹੈ ਦੂਜੇ ਏਸ ਜੰਗ ਨੇ ਜਰਜਰੀ ਕਰ ਦਿੱਤੀ
ਹੈ ਏਥੇ ਨੁਕਸਾਨ ਬਹੁਤ ਹੋ ਚੁੱਕਾ ਬਾਕੀ ਏਸ ਥੱਕੀ ਮਾਂਦੀ ਫੌਜ ਨੇ ਪਟਿਆਲੇ ਜਾਕਰ ਫੇ
ਰ ਕੀ ਕੰਮ ਦੇਣਾ ਹੈ।ਸਗੋਂ ਦੁਸਮਣ ਦਲੇਰ ਹੋਕੇ ਸਵੇਰੇ ਹੀ ਪਟਿਆਲੇ ਪਰ ਧਾਵਾ ਕਰ
ਦੇਣਗੇ।ਤਾਂਤੇ ਜੇ ਤੁਸੀਂ ਮੇਰੇ ਆਖੇ ਲੱਗੋ ਤਾਂ ਹੁਣੇ ਤਕੜੇ ਹੋਕੇ ਵੈਰੀਆਂ ਉੱਤੇ ਛਾਪਾ ਮਾਰ
ਏਹੋ ਗੁਰੂ ਮਤਾ ਸਭ ਨੇ ਮੰਨ ਲੀਤਾ।ਹੁਣ ਮਰਹਟੇ ਤਾਂ ਸਿੱਖੀ ਫੌਜ ਨੂੰ ਹਾਰੀ ਹੋਈ ਸਮਝ
ਕੇ ਬੇਗਮ ਨਿਧੜਕ ਹੋਕੇ ਸੌ ਰਹੇ ਸਾ।ਡੇਢ ਪਹਿਰ ਦੇ ਤੜਕੇ ਜਦ ਘੋਰ ਨੀਂਦ ਦਾ ਸਮਾਂ ਸੀ
ਅੰਧੇਰੇ ਵਿੱਚ ਹੱਲਾ ਕਰਕੇ ਅੱਠ ਦਸ ਹਜਾਰ ਸਿੰਘ ਨੇ ਜਦ ਇਕ ਦਮ ਵੈਰੀ ਸੁੱਤੇ ਪਏ ਜਾ
ਦੱਬੇ ਕਟਾ ਵੱਢ ਲੁੱਟ ਮਾਰ ਮਚਾ ਦਿੱਤੀ।ਫੇਰ ਤਾਂ ਮਰਹਟੇ ਘਬਰਾਕੇ ਨੱਠ ਤੁਰੇ।ਕਿਸੇ ਨੂੰ ਕੁਝ

Digitized by Panjab Digital Library | www.panjabdigilib.org

੧੮੦ ਨ ਸੰਭਾਲਨ ਸਕਿਆ। ਪਟਿਆਲੇ ਦੀ ਫੌਜ ਨੇ ਖੂਬ ਲੁੱਟ ਦਾ ਹੱਥ ਮਾਰਿਆ। ਸੈਂਕੜੇ ਘੋੜੇ
ਘੋੜੀਆਂ, ਹਥਿਆਰ, ਤੋਪਾਂ, ਊਠ, ਬੈਲ, ਤੰਬੂ, ਸ਼ਤੀਤੇ, ਆਦਿਕ ਬਹੁਤ ਸਾਮਾਨ ਤੇ ਫਤੇ ਬੜੀ ਭਾਰੀ
ਬੀਬੀ ਸਾਹਿਬ ਕੌਰ ਦੇ ਹੱਥ ਆਈ। —। ਅਗਲੇ ਦਿਨ ਮਾਹਿਦੇ ਤੋਂ ਫੌਜ ਜੇਹੀ ਸ਼ੂਕਾਂ ਦੇ ਕੇ
ਖੂੰਡੇ ਤੋਂ ਕੂਚ ਕਰ ਕਰਨਾਲ ਵਲੀ ਤੁਰ ਗਏ। ਤੇ ਬੀਬੀ ਸਾਹਿਬ ਬੜੀ ਖੁਸ਼ੀ ਨਾਲ ਫਤੇ ਦੇ ਡੰਕੇ
ਬਜਾਉਂਦੀ ਨਿਸ਼ਾਨ ਝੁਲਾਉਂਦੀ ਹੋਈ ਪਟਿਆਲੇ ਦਾਖਲ ਹੋਈ। ਗੁਰੂ ਕੇ ਨਮਿੱਤ ਪੰਜ ਸੌ ਰ
ਕੜਾਹ ਪ੍ਰਸਾਦਿ ਕਰਾਯਾ ਤੇ ਸਭਨਾਂ ਰਈਸਾਂ ਸਰਦਾਰਾਂ ਨੂੰ ਜੋ ਨਾਲੇ ਗਏ ਖਿਲਤ ਬਿਦਾ ਕੀਤੇ
ਉਨਾਂ ਦੀ ਔਰ ਆਪਣੀ ਫੌਜ ਨੂੰ ਇਨਾਮ ਸਰਦਾਰਾਂ ਨੂੰ ਸੂਬਿਆਂ ਦੇ ਕੜੇ ਦੁਸਾਲੇ ਬਖਸ਼ੇ। ਇਸ ਜੰਗ
ਦੀ ਫਤੇ ਤੇ ਦਿਲਾਵਰੀ ਨੇ ਬੀਬੀ ਸਾਹਿਬ ਕੌਰ ਦਾ ਹੌਸਲਾ, ਜਸ ਤੇ ਦਬਦਬਾ ਬਹੁਤ ਵਧਾ ਦਿ
ਤਾ ਦੇਸ ਵਿਚ ਧਾਂਕ ਪੈ ਗਈ। —। ਜਦ ਮਰਹਟਿਆਂ ਨੇ ਬੀ ਕਰਨਾਲ ਕੱਠੇ ਹੋ ਕੇ ਫੇਰ
ਪਟਿਆਲੇ ਉੱਤੇ ਚੜ੍ਹਾਈ ਕਰਨੀ ਚਾਹੀ ਸੀ। ਪਰ ਸਰਦਾਰ ਬਘੇਲ ਸਿੰਘ ਗੁਰਦਿੱਤ ਸਿੰ
ਘ ਆਦਿਕਾਂ ਨੇ ਜੋ ਏਥੇ ਖਾਲਸੇ ਦੇ ਜ਼ੋਰਾਵਰ ਸੀ ਉਨਾਂ ਦੇ ਬਕੀਲਾਂ ਨੇ ਐਸੀ ਛੇੜ ਛੇੜਦੀ
ਕਿ ਜੇ ਤੁਸੀਂ ਹੁਣ ਪਟਿਆਲੇ ਵਲੀ ਮੂੰਹ ਕੀਤਾ ਤਾਂ ਤੁਹਾਡੀ ਬੇੜੀ ਬੇੜੀ ਬੰਨ੍ਹੀ ਜਾਊ ਕਿਉਂਕਿ ਇੱਕ
ਲਾਖ ਆਦਮੀ ਪਟਿਆਲੇ ਦਾ ਸਹਾਇਕ ਮਰਾਝ ਕੇ ਬੈਰਾੜ ਆਦਿਕ ਅੱਠ ਅੱਸੀ ਹਜ਼ਾਰ ਸਿੰਘ
ਲਸ਼ਿਘ ਤੁਮਾਰੇ ਵਾਸਤੇ ਤੈਆਰ ਬੈਠਾ ਹੈ। —
੨੭ ਜੇਠ ਸੰ: ੧੮੫੧ ਬਿ: ਕੋ ਬਾਬੇ ਸਾਹਿਬ ਸਿੰਘ ਊਨੇ ਵਾਲੇ ਬੇਦੀ ਨੇ ਜੇਹੜਾ ਉਸ ਸਮੇਂ ਇਕ ਬ
ੜਾ ਰਈਸ ਬਣ ਰੈਹਾ ਸੀ। ਕਿਉਂਕਿ ਜਦ ਸਿੰਘਾਂ ਨੇ ਪੰਜਾਬ ਫਤੇ ਕੀਤੀ ਤਦੋਂ ਏਹ ਬੀ ਸਤੀਆਂ
ਸਦਾ ਪੈਦਲ ਲੈ ਕੇ ਕਾਰ ਭੇਟ ਸਿੰਘਾਂ ਤੋਂ ਲੈਂਦਾ ਫਿਰਿਆ ਕਰਦਾ ਤੇ ਸਿੰਘ ਮੁਲਕ ਮੱਲਣ ਦੇ
ਦਾਉ ਵਿੱਚ ਬੇਦੀਆਂ ਸੋਢੀਆਂ ਫਕੀਰਾਂ ਤੇ ਗੁਰਦੁਆਰਿਆਂ ਨੂੰ ਪਿੰਡ ਜਾਗੀਰ ਦੇਂਦੇ ਰਹੇ ਸੇ। ਸੋ ਬਾ
ਬੇ ਸਾਹਿਬ ਨੂੰ ਬੀ ਸਿੰਘਾਂ ਨੇ ਬਹੁਤ ਪਿੰਡ ਅਰਦਾਸ ਕਰਾ ਦਿੱਤੇ। ਜਦ ਉਨਾਂ ਪਿੰਡਾਂ ਦੀ ਤੇ ਪੂਜਾ ਦੀ
ਦੌਲਤ ਆਉਣ ਲੱਗੀ ਤਾਂ ਬਾਬੇ ਜੀ ਨੂੰ ਬੀ ਮੁਲਕ ਮੱਲਣ ਦੀ ਹਿਰਸ ਫੁੱਟ ਪਈ। ਏਧਰ ਓ
ਧਰ ਹੱਥ ਮਾਰ ਕੇ ਚਾਰ ਕ ਲਾਖ ਰੁਪਏ ਦਾ ਮੁਲਕ ਕਰ ਲੀਤਾ (ਜਿਸ ਦੇ ਘਰ ਦਾਣੇ ਉਹਦੇ ਕਮ
ਲੇ ਬੀ ਸਿਆਣੇ) ਫੇਰ ਤਾਂ ਏਸ ਦੇ ਆਇ ਕਿ ਸਮਾਜ ਨੂੰ ਦੇਖ ਕੇ ਹਜ਼ਾਰਾਂ ਜ਼ਾਲੇ ਗ ਸਿੰਘ ਬਣਾ
ਏ ਤੇ ਕਰਾਮਾਤੀ ਬੀ ਦੱਸਣ ਲੱਗ ਪਏ। ਤਾਂ ਸੰਬਤੇ ਜਿਦ ਬਾਦ ਦਾ ਤਾਂ ਏਹ ਬਾਬਾ ਸਾਹਿਬ ਪੂ
ਤਲਾਸ਼ੀ। ਹਜ਼ਰੋ ਸ਼ਾਹ ਮੁਕੀਮ ਵਾਲੇ ਪੀਰਜ਼ਾਦਿਆਂ ਦੇ ਤੇ ਪਾਕਪੱਟਨ ਵਾਲਿਆਂ ਦ ਕੁਛ ਇ
ਲਾਕਾ ਜਦ ਬਾਬੇ ਨੇ ਰੋਕ ਬਦਾਅਲ ਜਾਮਲ ਗਏ ਉਨ੍ਹਾਂ ਤੇਂ ਛੀਨ ਲੈਆ ਤਾਂ ਉਹ ਦੇ ਮੁਸਲਮਾਨ ਹੋ ਕੇ

Digitized by Panjab Digital Library | www.panjabdigilib.org

ਦਲੇਰ ਪਠਾਣਾਂ ਉਤੇ ਰੱਖ ਕੇ ਏਧਰ ਨੂੰ ਚੜ੍ਹ ਆਯਾ ਤੇ ਧਰਮ ਜ਼ੁੱਧ ਕਰਨ ਦੀ ਸਾਰੇ ਦੇਸ ਵਿੱਚ ਢੰ ੧੮੧
ਡੀ ਫਿਰਾ ਦਿੱਤੀ ਜਿਸ ਨੂੰ ਸੁਣ ਕੇ ਹੋਰ ਬੀ ਤਾਂ ਸੱਬ ਦੇ ਭੁਰੇ ਹੋਏ ਸੈਂਕੜੇ ਨਿਹੰਗ ਸਿੰਘ ਉਸ ਦੇ ਸ ੦
ਥ ਹੋ ਲੀਏ ਉਨ੍ਹਾਂ ਦੀ ਆਮਦ ਸੁਣ ਕੇ ਨਵਾਬ ਅਤਾਉੱਲਾ ਖਾਂ ਨੇ ਅਪਣੇ ਚਾਰੇ ਭਤੀਜੇ ਵਜੀਰ ਖਾਂ ੦
ਫਤੇ ਖਾਂ ਹਿੰਮਤ ਖਾਂ ਦਲੇਲ ਖਾਂ ਤੇ ਫੌਜ ਨੂੰ ਸਾਥ ਲੈ ਕੇ ਤੀਨ ਕੋਸ ਅੱਗੇ ਉਸ ਬਾਦੀ ਲਸਕਰ ਨੂੰ
ਜਾ ਰੋਕਿਆ ਪਰ ਥੋੜੀ ਸੀ ਲੜਾਈ ਕਰ ਕੇ ਭਾਜ ਖਾ ਕਰ ਸਹਿਰ ਵਿੱਚ ਆ ਵੜਿਆ ॥ — ॥ ਬਾਬ ੦
ਜੀ ਅੱਧਾ ਕ ਸਹਿਰ ਲੁੱਟ ਕੇ ਕੋਟਲੇ ਨੂੰ ਘੇਰਾ ਪਾ ਬੈਠ ਤੇ ਮਲੇਰ ਉਤੇ ਕਬਜ ਕਰ ਲੀਤਾ ॥ —
ਅਤਾਉੱਲਾ ਖਾਂ ਨੇ ਪਟਿਆਲੇ ਸੇ ਮਦਦ ਮੰਗੀ ॥ ਬੀਬੀ ਸਾਹਿਬ ਕੌਰ ਨੇ ਉਸ ਦੀ ਦਰਖਾਸਤ ਮੂਜ
ਬ ਸਰਦਾਰ ਚੈਨ ਸਿੰਘ ਤੇ ਬਸਾਲੀ ਸਿੰਘ ਨੂੰ ਅਪਣੀ ਫੌਜ ਦੇ ਕੇ ਭੇਜ ਦਿੱਤਾ ॥ ਹਿੰਦੂ ਤੇ ਸਿਖ ਸਿ
ਪਾਹੀ ਮਜਹਬੀ ਸਾਮੁਲੇ ਦਾ ਖਿਆਲ ਰੱਖ ਕੇ ਬੇਦੀ ਸਾਹਿਬ ਨਾਲ ਲੜਨਾ ਨਹੀ ਚਾਹੁੰਦੇ ਸੇ ॥
ਏਸ ਕਰ ਕੇ ਪਟਿਆਲੇ ਦੇ ਮੁਸਾਹਿਬਾਂ ਨੇ ਵਿੱਚ ਹੋ ਕਰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ
ਨਾਮਾਂ (ਜੋ ਏਨਾਂ ਪਠਾਣਾਂ ਪਾਸ ਸੀ ਦੇਖਾ ਕੇ ਪੰਜ ਹਜਾਰ ਰੁਪਯਾ ਨਜਰਾਨਾ ਬਾਬੇ ਜੀ ਨੂੰ ਪਠਾਣਾਂ ਤੋਂ
ਦਿਵਾ ਕਰ ਪਠਾਣਾਂ ਦੀ ਜਾਨ ਛੁੜਾਈ ॥ —

ਨਾਹਣ ਵਾਲੇ ਰਾਜੇ ਦੀ ਮਦਦ ਮਹਾਰਾਜਿਆ ਨਾਜਾਰ

ਸੰ: ੧੮੫੨ ਬਿ: ਕੇ ਰਾਜੇ ਧਰਮ ਪ੍ਰਕਾਸ਼ ਨਾਹਣ ਵਾਲੇ ਦੇ ਗੁਜਰ ਜਾਨੇ ਪਰ ਜਦ ਉਸ ਦਾ ਭਾਈ
ਕਰਮ ਪ੍ਰਕਾਸ ਗੱਦੀ ਬੈਠਾ ਤਾਂ ਉਸ ਦੇ ਮੁਕਾਬਲੇ ਪਰ ਮੌਜੀ ਰਾਮ ਸੱਬਾ ਤੇ ਪਹਾੜ ਸਿੰਘ ਖਾਸ
ਆਦਿਕ ਅਹਿਲਕਾਰਾਂ ਨੇ ਰਾਈਅਤ ਨੂੰ ਰਾਜੇ ਤੋਂ ਫਰੰਟ ਕਰ ਕੇ ਅਪਨੇ ਸਾਥ ਮਿਲਾ ਕਰ ਰਾਜੇ ਕੋ
ਨਾਮਚਾ ਦਿੱਤਾ ॥ ਰਾਜੇ ਨਾਹਣ ਨੇ ਉਨ੍ਹਾਂ ਬੰਦੋਬਸਤ ਕਰਨਾ ਅਪਣੀ ਤਾਕਤ ਤੋਂ ਬਾਹਰ ਦੇਖ ਕੇ
ਮਹਾਰਾਜੇ ਸਾਹਿਬ ਸਿੰਘ ਤੋਂ ਮਦਦ ਮੰਗੀ ਤਾਂ ਮਹਾਰਾਜੇ ਨੇ ਬੀਬੀ ਸਾਹਿਬ ਕੌਰ ਨੂੰ ਚੈਨ ਸਿੰਘ
ਭਾਈ ਤਾਰਾ ਸਿੰਘ ਦੀਵਾਨ ਨਕੇਸਰ ਮੱਲ ਭਾਗ ਸਿੰਘ ਆਦਿਕ ਸਰਦਾਰ ਤੇ ਬਹੁਤ ਸੀ ਫੌਜ ਦੇ
ਕੇ ਨਾਹਣ ਦੀ ਏਦੀ ਕੁਮਕ ਪਰ ਤੋਰਿਆ ॥ — ॥ ਆਰ ਮਹੀਨੇ ਬੀਬੀ ਜੀ ਨੇ ਉਥੇ ਰਹਿ ਕੇ ਰਾਜੇ
ਦੇ ਵਿਰੋਧੀ ਸਭ ਮੁਕਾਏ ਤੇ ਮੁਲਕ ਦਾ ਬੰਦੋਬਸਤ ਚੰਗੀ ਤਰਾਂ ਪੱਕਾ ਕਰ ਦਿੱਤਾ ॥ ਆਉਣ ਲਗ
ਬੀਬੀ ਨੂੰ ਸਹਾਇ ਹੋਰ ਬਹੁਤ ਸੋਤੇ ਨਜਰ ਭੇਟ ਕੇ ਇਕ ਹਥਨੀ ਬਹੁਤ ਜੰਗੀ ਦਿਤੀ ॥ —
ਸੰ: ੧੮੫੩ ਬਿ: ਕੇ ਬੇਦੀ ਸਾਹਿਬ ਸਿੰਘ ਨੇ ਜੋ ਬਹੁਤ ਜਾਲਮ ਸੀ ਦੂਜੀ ਵਾਰੀ ਅਨੇਕ ਸਿੰ
ਘਾਂ ਸਰਦਾਰਾਂ ਨਾਲ ਦਸ ਹਜਾਰ ਸਪਾਹ ਕਠੀ ਕਰ ਕੇ ਰਾਇਕੋਟ ਦਾ ਮੁਲਕ ਰੋਕਣ ਲਈ
ਸਤਲੁਜ ਟੱਪ ਕੇ ਰਾਇ ਆਲਿਆ ਸ ਪਰ ਜੋ ਉਦੋਂ ਪੰਦ੍ਰਾਂ ਬਰਸਾਂ ਦਾ ਸੀ ਉਸ ਉੱਤੇ ਬੀ ਹੋਂਗ
ਉਆਂ ਦੇ ਮਾਰਨ ਦੀ ਤੁਹਮਤ ਧਰ ਕੇ ਚੜ੍ਹ ਆਯਾ ॥ — ॥ ਗਾਇਦ (ਮਦਾਰਲ ਮਹਾਮ)

Digitized by Panjab Digital Library | www.panjabdigilib.org

੧੮੨ ਬੇਦੀ ਦਾ ਤ੍ਰਿਕਸਿ ਦੀ ਚੜ੍ਹਾਈ ਰਾਇਕੋਟ ਪਰ।

ਪ੍ਰਧਾਨ ਮੰਤ੍ਰੀ ਰੋਸਨ ਖਾਂ ਗੁਜਰ ਫੌਜ ਲੈਕੇ ਜੋਧ ਪਿੰਡ ਦੇ ਪਾਸ ਆਕੇ ਬਹੁਤ ਲੜਿਆ ਪਰ ਗੌਰ ਚੌਧਰੀ ਲਲਤੋਂ ਵਾਲਾ ਜੋ ਰੋਸਨ ਖਾਂ ਦਾ ਸੱਦਿਆ ਹੋਯਾ ਬੇਦੀ ਨੂੰ ਚੜ੍ਹਾਕੇ ਲੈ ਆਯਾ ਸੀ ਉਸ ਦੇ ਬੇਟੇ ਗਗਾਣ ਦੀ ਗੋਲੀ ਬੰਦੂਕ ਸੈਂ ਮਾਰਿਆ ਗੈਆ ਫੌਜ ਉਸ ਦੀ ਤਿੱਤ੍ਰ ਬਿੱਤ੍ਰ ਹੋ ਗਈ। ਬੇਦੀ ਸਾਹਿਬ ਨੇ ਰਾਇਕੋਟ ਜਗਰਾਉਂ ਆਦਿਕ ਬਹੁਤ ਸਾਰੇ ਪਿੰਡ ਲੁੱਟ ਪੁਟ ਰਾਇ ਦੇ ਬਹੁਤ ਸਾਰੇ ਇਲਾਕੇ ਉੱਤੇ ਆਪਣੇ ਥਾਣੇ ਬੈਠਾ ਦਿੱਤੇ। —— ।।ਜਦ ਚੌਧਰੀ ਗੌਂਡੇ ਦੇ ਬੀ ਪਿੰਡਾਂ ਨੂੰ ਹੱਥ ਪਾਯਾ ਤੇ ਹਾਯਾ ਨਾ ਗਇਆ ਤਾਂ ਚੌਧਰੀ ਦੇ ਬੇਟੇ ਸਰਦੂਲ ਗਗਾਣ ਰਾਇਆਲਿਆਸ ਨੂੰ ਲੈਕੇ ਮਹਾਰਾਜੇ ਸਾਹਿਬ ਸਿੰਘ ਪਾਸ ਜੁਨਾਮ ਦੇ ਮੁਕਾਮ ਆਏ ਤੇ ਮਦਦ ਚਾਹੀ ਮਹਾਰਾਜੇ ਦੇ ਹੁਕਮ ਨਾਲ

ਬੀਬੀ ਦੀ ਮਦਦ ਪਰ ਜਾਣਾ।

ਬੀਬੀ ਸਾਹਿਬ ਕੌਰ ਨੇ ਫੌਰਨ ਭਾਈ ਲਾਲ ਸਿੰਘ ਰਾਜਾ ਭਾਗ ਸਿੰਘ ਜੋਧ ਸਿੰਘ ਕਲਸੀਆ ਭੰਗਾ ਸਿੰਘ ਥਨੇਸਰੀ ਭਰੈੜੀਏ ਫੌਜਾਂ ਸਮੇਤ ਬੁਲਾ ਲੀਤੇ, ਬੀਸ ਹਜਾਰ ਫੌਜ ਲੈਕੇ ਜਦ ਰਾਇਆਲਿਆਸ ਦੇ ਇਲਾਕੇ ਵਿੱਚ ਪਹੁਚੇ ਬੇਦੀ ਸਾਹਿਬ ਜੀ ਤਾਂ ਏਨਾਂ ਦੀ ਧਾਂਕ ਸੁਣਦੇ ਹੀ ਕੈਨ ਛੋਡਕੇ ਕਨਾਰੇ ਤੇ ਏਥਾ ਇਨਾਂ ਨੇ ਉਸ ਦੇ ਥਾਣੇ ਉਠਾਕੇ ਰਾਇ ਦੇ ਬੈਠਾ ਦਿੱਤੇ। ਉਸ ਮਦਦ ਦੇ ਇਵਜ ਮੈਂ ਬੀਬੀ ਸਾਹਿਬ ਕੌਰ ਦੇ ਅਸਾਰੇ ਨਾਲ ਮਾਨ ਸਿੰਘ ਹਰੀਕੇ ਤੇ ਅਲਬੇਲ ਸਿੰਘ ਕਾਲੇਕੇ ਨੇ ਪ੍ਰਗਣਾ ਬੱਦੋਵਾਲ ਦਾ ਕਿਲੇ ਸਮੇਤ ਦਬਾ ਕਰ ਪ੍ਰਗਣਾ ਦਾਖੇ ਦਾ ਭਾਈ ਲਾਲ ਸਿੰਘ ਨੂੰ ਪ੍ਰਗਣਾ ਮਨਸੂਰ ਦਾ ਰਾਜਾ ਭਾਗ ਸਿੰਘ ਨੂੰ ਪ੍ਰਗਣੇ ਹਠੂਰ ਵਿੱਚ ਕਈ ਪਿੰਡ ਜੋਧ ਸਿੰਘ ਕਲਸੀਏ ਨੂੰ ਲੈ ਦਿੱਤੇ। —— ।।

ਬੇਦੀ ਸਾਹਿਬ ਦਾ ਤੀਜਾ ਹੱਲਾ।

।।ਸੰ: ੧੮੫੪ ਬਿ: ਵਿੱਚ ਰਾਇ ਦੇ ਤਸੀਲਦਾਰ ਸੇਰ ਖਾਂ ਦੇ ਜੁਲਮਾਂ ਤੋਂ ਪ੍ਰਜਾ ਨੇ ਤੰਗ ਹੋਕੇ ਚੌਧਰੀ ਗਗਾਣ ਲਲਤੋਂ ਵਾਲੇ ਤੇ ਚੌਧਰੀ ਕ੍ਰਿਪਾ ਔਨੂਰ ਵਾਲਾ ਚੌਧਰੀ ਤਖਤੂ ਜੋਤਵਾਲੀਆ ਵਗੈਰੇ ਜਾ ਕਰ ਫੇਰ ਬੇਦੀ ਸਾਹਿਬ ਸਿੰਘ ਨੂੰ ਚੜ੍ਹਾ ਕੇ ਲੈ ਆਏ ਤੇ ਰਾਇ ਦੇ ਬਹੁਤ ਸੇ ਇਲਾਕੇ ਪਰ ਕਬਜਾ ਕਰਾ ਦਿੱਤਾ। —— ।।ਬਾਬੇ ਜੀ ਨੇ ਕਿਲੇ ਨੌਬਤਪੁਰ ਜੋਤਵਾਲੀ ਮਨਸੂਰ ਆਦਿਕ ਪ੍ਰਗਣੇ ਨੂੰ ਦੱਬਕੇ ਧੂਖੀ ਪਿੰਡ ਪਾਸ ਕੱਚਾ ਕਿਲਾ ਬਣਵਾਯਾ ਤੇ ਲੁਦੇਹਾਣੇ ਦੇ ਕਿਲੇਦਾਰ ਹਸਨ ਖਾਂ ਨੂੰ ਜਾ ਘੇਰਿਆ ਆਪ ਜੁਬਰਿਆਂ ਦੀ ਧਰਮਸਾਲਾ ਜੋ ਕਿਲੇ ਦੇ ਪਾਸ ਸੀ, ਮੱਲਕੇ ਕਈ ਮਹੀਨੇ ਲੜਦਾ ਰਿਹਾ। —— ।।ਹੁਣ ਰਾਇ ਨੇ ਸੋਚਿਆ ਜਿਸ ਰਈਸ ਦੇਸੀ ਸਿੱਖਾਂ ਤੋਂ ਮੈਂ ਮਦਦ ਚਾਹਾਂਗਾ ਪਹਿਲੇ ਤਾਂ ਉਹ ਬੇਦੀ ਸਾਹਿਬ ਨਾਲ ਲੜਨੋਂ ਟਾਲ ਕਰੇਗਾ ਤੇ ਫੇਰ ਓਹੋ ਮੇਰਾ ਮੁਲਕ ਦੱਬਣਾ ਚਾਹੇਗਾ। ਏਹ ਗੱਲ ਸੁੱਧ ਸਿੰਘ ਫਲੌਰ ਵਾਲੇ ਤੋਂ ਮਦਦ ਲੈਕੇ ਪਰਤਿਆ ਬੀ ਲਈ। ਏਸ ਕਰਕੇ ਰਾਇਆਲਿਆਸ ਨੇ ਜਾਰਜ ਟਾਮਸਨ[1] ਸਾਹਿਬ ਹਾਂਸੀ ਵਾ

੧ ।।ਏਹ ਜਾਰਜ ਟਾਮਸਨ ਸਾਹਿਬ ਫਰਾਂਸੀਸ ਫਰੰਗੀ ਬੜਾ ਸੂਰਬੀਰ ਨਿਰਭੈ ਸੀ।।ਸੰ: ੧੭੭੧ ਈ: ਕੇ

ਲੋਨੂੰਇੱਕਲੱਖਰੁਪਯਾਦੇਣਾਕਰਕੇਆਪਣੀਕੁਮਕਪਰਬੁਲਾਲੀਤਾ,ਕਿਉਂਕਿਉਸਸਮੇਂਏਹਬੜ ੧੮੩
ਾਤਾਕਤਵਰਸੀ॥—॥ਉਹਤਾਂਏਹੋਜੇਹੇਸਮੇਂਹੇਰੀਉਡੀਕਵਿੱਚਪੀਰਮਨਾਂਉਂਦੇਤੇਕਾਗਉਡਾ
ਉਂਦਾਹੀਰਹਿੰਦਾਸੀ।ਜੇਕੁਛਦੇਣਾਕੀਤੇਬਿਨਾਂਬੀਰਾਇਬੁਲਾਉਂਦਾਤਾਂਬੀਉਹਖੁਸੀਨਾਲਏਧ
ਰਆਉਣੇਨੂੰਤਿਆਰਸੀ॥—॥ਫੇਰਨਾਪਣੀਫੌਜਸਮੇਤਚਲਿਆਆਯਾ॥—॥ਅਜੇ
ਉਹਸੁਨਾਮਸਹਿਰਨਹੀਂਟਪਿਆਸੀਉਸਤੇਂਡਰਕੇਬੇਦੀਸਾਹਿਬਤਾਂਜੇਰਦੀਮੁਹਾਕਆਈ
ਤਾਂਭੀਦੇਜੀਗਲਛੱਡਣਦਾਂਗੂੰਦੇਸਛੱਡਕੇਦਰਯਾਉਪਾਰਹੋਗਿਆ।ਤੇਹੋਰਬੀਜੇਹੜੇਰਈ
ਸਾਂਨੇਦੱਬਾਂਦੱਬੀਆਂਸਨਸਭਛੱਡਦਿੱਤੀਆਂ।ਜਦਜਾਰਜਦਾਕੋਈਕੰਮਬਾਕੀਨਾਂਰੈਹਾਤਾਂ
ਰਾਇਨੇਅੱਧਾਰੁਪਯਾਦੇਕੇਰਾਹਵਿੱਚੋਂਹੀਉਸਨੂੰਵਿਦਾਕਰਛੱਡਿਆ।ਤੇਆਪਣੇਪਰਗਣੇਅ
ਪੋਸਾਂਭਲੀਤੇ।ਹੁਣਜਾਰਜਨੇਬੀਅੱਗੇਜਾਣਦਾਕੋਈਬਹਾਨਾਂਨਾਂਦੇਖਿਆਤਾਂਪਿੱਛੇਨੂੰਹੀਬ
ਗਫੇਰਲਈ॥————— ॥ ॥ਅੱਸੂਸੰ:੧੮੬੪ਬਿ:ਕੋਜਰਜਮਾਨਸ
ਹਕਾਬਲਦਾਬਾਦਸਾਹਸਿੰਘਾਂਤੋਂਪੰਜਾਬਛੁਡਾਉਣਲਈਲਾਹੌਰਆਯਾਤੇਸਿੰਘਸਰਦਾਰਸ
ਭਉਸਨਾਲਜੂਝਣਲਈਅੰਮ੍ਰਿਤਸਰਕੱਠੇਹੋਏਤੇਦੇਸਵਿਚਹਲਚਲਪੈਗਈ।ਤਦੋਂਦਾ
ਮਸਨਸਾਹਿਬਨੇਬੀਮੁਲਕਰੋਕਣਦਾਚੰਗਾਸਮਾਂਸਮਝਕੇਜੀਂਦਵਾਲੇਰਾਜਾਦੇਪਰਗਣੇ
ਬਿਜਵਾਰਤੇਸਫੀਦੋਂਵਗੈਰਾਕੇਲੁੱਟਖਸੋਟਦਬਾਕੇਜੀਂਦਪਰਮੋਰਚੇਲਾਏ।—॥ਏਹਖਬ

[1] ਜਿੰਦੇਮੇਆ ਕਰ ਸਰਧਨੇਦੀਰਈਸਜੇਬੁਨਿੱਸਾਜਿਮਰੂਦੀਮੇਮਜੋਇਕਕਸਮੀਰਨਸਿਮਰੂਫਰਾਂਸੀਸਨੇ
ਕੀਤੀਸੀਤੇਦਰਬਾਰਦਿੱਲੀਦੀਤਰਫੋਂਸਿਮਰੂਨੂੰਕਈਕਿਖਜਮਤਾਂਬਦਲੇਸਰਧਨੇਦਾਇਲਾਕਾਤਿਅਲਾਖਦੀ
ਮਾਫੀਮਿਲੀਸੀ।—॥ਸਿਮਰੂਦੇਮਰੇਪਿੱਛੋਂਜੇਬੁੱਨਿਸਾਆਪਣੀਮਾਸਤਰੀਮਾਲਕਤੇਦਿੱਲੀਦੇਦਰਬਾਰਵਿੱਚ
ਮਨੀਦੇਨੀਰਹੀ।ਉਸੇਨੂੰਸਿਮਰੂਦੀਬੇਗਮਆਖਯਾਕਰਦੇ।ਸੰ:੧੭੮੮ਈ:ਕੋਕਿਸੀਬਾਤਪਰਨਰਾਜਹੋਕੇ
ਤਾਮਸਨਖੰਡੇਰਾਉਸੇਂਧੀਏਪਾਸਜੋਮਾਧੋਜੀਰਾਉਸੇਂਧੀਏਦੀਤਰਫੋਂਝੱਜਰ,ਦਾਦਰੀ,ਕਨੋੜ,ਨਾਰਨੌਲਦਾਨਾਜ਼
ਮਸੀਨੌਕਰਜਾਹੋਯਾ।ਉਸਨੇਏਸਦੇਕੰਮਾਂਤੇਖੁਸੀਹੋਕੇਝੱਜਰਦਾਪਰਗਣਾਂਏਸਨੂੰਜਗੀਰਮਾਫੀਦੇਦਿੱਤਾ।
ਫੇਰਤਾਂਏਹਰਾਜਾਬਣਬੈਠਾ।ਇੱਕਕਿਲਾਆਪਣੇਨਾਮਦਾਜਾਰਜਗੜ੍ਹਬਣਾਕੇਉਥੇਰਹਿਣਲੱਗਪਿਆ।—
ਲੋਗਉਸਨੂੰਜਹਾਜਗੜ੍ਹਬੋਲਦੇਹਨ।—ਤੇਏਸਨੂੰਬੀਜਹਾਜਆਖਯਾਕਰਦੇਸਨ।—॥ਸੰ:੧੭੯੬ਈ:
ਕੋਖੰਡੇਰਾਉਦੇਮਰੇਪਿੱਛੋਂਜਦਉਸਦਾਭਤੀਜਾਬਾਪੂਰਾਉਉਸਦੀਜਗਾਂਕਾਇਮਹੋਯਾਤਾਂਏਹਹਾਂਸੀਹਿਸ
ਾਰਨੂੰਬੀਦਬਾਕੇਸੁਤੰਤ੍ਰਹਾਂਸੀਨੂੰਆਪਣੀਰਜਧਾਨੀਬਣਾਕੇਗਿਰਦਨਵਾਹੀਦੇਰਈਸਾਂਦਾਮੁਲਕਦੱਬਕੇਕਰ
ਦਰਬਾਲੈਆ।ਏਸਦੇਪਾਸਅੱਠਪਲਟਣਾਂਚਾਰਹਜਾਰਖੂੰਲਾਸਿਪਾਹੀ ੪੦੦੦ ਇੱਕਹਜਾਰਅਸਵਾਰ ੧੦੦੦ ਪਚਾਸਤੋਪਾਂ ੫੦
ਸਨ।ਉਦੋਂਏਸਦੇਸਵਿੱਚਰਾਮਰੌਲਾਪੈਰੈਹਾਸੀ,ਏਸਨੇਬੀਏਧਰਉਧਰਬਹੁਤਹੱਥਪੈਰਮਾਰਕੇਇਲਾਕਾਬਧ
ਾਲੀਤਾ।ਕਈਵਾਰੀਜੀਂਦਪਟਿਆਲੇਕੈਥਲਤੇਦੇਮੁਲਕਪਰਬੀਹੱਲੇਕੀਤੇਜਿਸਤੋਂਏਹਬਈਸਤੰਗਹੋਕੇਮਹਾਂ
ਦੇਕੰਮਾਂਡਰੀਚੀਫ"ਪੀਰਨਸਾਹਿਬਦੀਮਦਦਲੈਕੇਏਸਨੂੰਜੈਸਾਵਲਾਯਤੋਂਆਯਾਸੀਉਹੋਜੇਹਾਗਰੀਬਬਣਾਕੇਹਾਂਸੀ

੧੮੪ ਰਪਾਕੇਕੈਥਲਦੀਸਿਪਾਹਗੁਰਦਿੱਤਸਿੰਘਲਾਡੂਏਵਾਲ੍ਹੇਤੁੰਗਾਸਿੰਘਥਨੇਸਰੀਰਾਜ
ਜਸਵੰਤਸਿੰਘਤੇਬੀਬੀਸਾਹਿਬਕੌਰਸਭਜਾਪਹੁੰਚੇ।੩੫ਹਜਾਰਫੌਜਕੱਠੀਹੋਗੀ।੧੫
ਦਿਨਲੜਾਈਹੁੰਦੀਰਹੀ।ਇਕਦਿਨਬੀਬੀਸਾਹਿਬਨੇਮਰਦਾਨੇਸਸਤ੍ਰਬਸਤ੍ਰਸੰਜੋਪਹਿਨ
ਕੇਘੋੜੇਦੀਅਸਵਾਰਹੋਫੌਜਨੂੰਸਾਥਲੈਕੇਬੈਰੀਪੀਉੱਤੇਹੱਲਾਕਰਦਿੱਤਾ।ਜਾਰਜਦੀਫੌ
ਜਨੂੰਬਹੁਤਜਰਜਰੀਕਰਕੇਸੈਂਕੜੇਜੁਆਨਘੋੜੇਖੇਤਵਿੱਚਬਿਛਾਦਿੱਤੇ।ਹਾਰਕੇਜਾਰਜਸਾ
ਹਿਬਨੇਆਪਣੀਫੌਜਅੱਠਦਸਕੋਹਪਿੱਛੇਹਟਾਲਈ।ਹੁਣਏਨਾਂਨੇਬੀਓਹਦਾਪਿੱਛਾਨਛੱ
ਡਿਆ,ਨਾਰਨੌਲਤਕਦਬਾਈਗਏ।ਇੱਕਤਾਂਏਸਫਤੇਦਾਡੰਕਾਬੀਬੀਸਾਹਿਬਕੌਰਦੇਨਾਮਪ
ਰਵੱਜਣੇਕਰਰਾਜਾਜਸਵੰਤਸਿੰਘਤੇਕਰਮਸਿੰਘਸਾਹਾਬਾਦੀ ਗੁਰਦਿੱਤਸਿੰਘਲ
ਡੂਏਵਾਲੇਆਦਿਕਰਈਸਾਂਨੂੰਬਹੁਤਰਸਕਹੋਯਾ,ਨਾਲੇਇੱਕਦਿਨਬੀਬੀਜੀਨੇਐਨਜੁੜੀ
ਆਵਿੱਚਏਹਆਖਿਆਸੀ।ਕਿਪਟਿਆਲੇਦੀਸਿਪਾਹਅੱਗੇਤਾਂਨਾਭੇਦੀਸਿਪਾਹਚਮਾਰ
ਦੀਜੰਞਜੇਹੀਦਿਸਦੀਹੈ।ਏਸਬੋਲੀਦਾਬੀਰਾਜੇਜਸਵੰਤਸਿੰਘਨੂੰਬੜਾਭਾਰੀਸੱਲ
ਸੀ।ਏਨਾਂਗੱਲਾਂਤੋਂਏਹਚਾਹੁੰਦੇਸਨਕਿਸੇਤਰਾਂਬੀਬੀਜੀਨੂੰਹਾਰਤੇਨੁਕਸਾਨਪਹੁੰਚੇਤੇਏਸ
ਦਾਹੰਕਾਰਢਲ੍ਹੇਤਾਂਚੰਗਾਹੈ।— ।ਸੋਏਹਤਜਵੀਜਕੀਤੀ।ਕਿਇਕਦਿਨਜਾਰਜਤਾਮ
ਸਨਨੂੰਕਹਿਭੇਜਿਆ—।ਓਹਅੱਠਾਂਕੋਹਾਂਉੱਤੋਂਅੱਧੀਰਾਤਨੂੰਫੌਜਲੈਕੇਬਿਜਲੀਵਾਂਗੂੰਆਪੈ
ਆ।ਏਧਰਸਿੱਖਸਰਦਾਰਜੋਖਾਲੀਫਤੇਦੇਘਮੰਡਵਿੱਚਸੁੱਖੇਸਰਾਬਾਂਪੀਕੇਮਸਤਹੋਕ
ਰਸੁੱਤੇਪਏਸੇ।ਘਬਰਾਗਏ।ਜਦਵਿੱਚੋਂਹੀਭਾਜਪਾਉਣਵਾਲ੍ਹੇਭੱਜਤੁਰੇਤਾਂਫੇਰਕੌਣਠਹਿ
ਰੇ।ਨਾਲੇਏਹਭੇਤਭਾਜੜਪਾਉਣਵਾਲਿਆਂਦਾਪਿੱਛੋਂਖੁਲ੍ਹਿਆ।ਜਦਏਸਹੱਲੇਵਿੱਚਪ
ਟਿਆਲੇਦਾਤੇਜੀਂਦਦਾਹੀਚਾਰਸੈਆਦਮੀਮਾਰਿਆਗਿਆਤੇਹੋਰਬਹੁਤਕੁਛਨੁਕਸਾਨਹੋਯ
ਆ।ਭੇਦਤਾਂਨਿਕਲ੍ਹਿਆ।ਜਦਨਾਭੇਦਾਜੋਰਾਬੀਨੁਕਸਾਨਤੇਨਾਕੋਈਆਦਮੀਮਰਿਆ।——
।ਏਸਘਰਦੀਫੁੱਟਨੇਤੇਭਾਜੜਨੇਫੂਲਦੀਫੌਜਦਾਹੌਸਲਾਤੇਜੋਰਬਹੁਤਘਟਾਦਿੱਤਾ।
ਜਿਸਕਰਕੇ“ਟਾਮਸਨਸਾਹਿਬਨਾਲਸੁਲਾਕਰਨੀਪਈ।ਜਿਸਨੂੰਓਸਨੇਬੀਏਸਬਰਤਪ
ਰਕੇਹੁਣਜਿੱਥੇਜਿਸਦਾਕਬਜਾਹੈਓਹਪ੍ਰਗਣਾਪਿੰਡਉਸੇਦੇਪਾਸਰਹੇਤੇਇੱਕਦੂਸਰੇਨੂੰਮਦ
ਦਦੇਵੇ”ਬੜੀਖੁਸੀਨਾਲ੍ਹਮੰਨਲੀਤੀ।ਕਿਓਂਕਿਓਸਨੂੰਏਸਮਹਾਂਮਾਰੀਤਰਫੋਂਜੋਰਰਗੜਦਾ
ਸੀ।ਸਿੱਖਾਂਨਾਲ੍ਹਸੁਲਾਹੋਣੇਕਰਓਹਡਰਬੀਉਤਰਗਿਆ।ਤੇਜਾਰਜਸਾਹਿਬਦੇਦਿਲਕ

ਤੀਰਦਿਲੋਂਕਢਛੱਡਿਆ।ਤੇਮੁਲਕਏਸਦਾਸਬਪੀਰਨਸਾਹਿਬਨੇਦਬਾਲੀਤਾ।ਜਾਰਜਦੌੜਕੇਅੰਗ੍ਰੇਜੀਇਲਾਕੇ
ਵਿੱਚਜਾਵੜਿਆ।ਗਿਆਜਿੱਥੇਓਹਅਰਗ੍ਹੇਦੇਪਾਸਸੰ:੧੮੫੮ਬਿ:ਕੇਗੁਜਰਗਿਆ।ਜੋਮੈਂਓਸਦੀਆਪਣਾਟੱਬਰਪਰਾਰਬ

ਰਿਆ ਉਹਨੇ ਕਰਮ ਸਿੰਘ ਵੀ ਮੁਤਸੱਦੀਆਂ ਦੀ ਨੀਤੀ ਤੋਂ ਬੇਫਿਕਰ ਹੋ ਗਏ।—— ੧੮੫
। ਅਬ ਇਸ ਰਿਆਸਤ ਪਟਿਆਲੇ ਦੇ ਬਾਹਰਲੇ ਬਖੇੜੇ ਤਾਂ ਬੀਬੀ ਰਾਜਿੰਦ੍ਰ ਕੌਰ ਤੇ ਸਾਹਿਬ
ਕੌਰ ਦੇ ਪ੍ਰਤਾਪ ਨਾਲ ਮੁੱਕ ਗਏ ਪਰ ਘਰ ਦੀ ਫੁੱਟ ਦਾ ਇੱਕੋ ਹੋਰ ਭਾਰੀ ਕਲੇਸ਼ ਦਾਇਕ ਰੋਗ
ਐਸਾ ਪੈਦਾ ਹੋਯਾ ਜਿਸ ਨੇ ਨੈਂ ਤਾਂ ਨਾਲੋਂ ਰਿਆਸਤ ਤੁਰਦ ਛਡਿਆ। ਜੇੜੇ ਖੁਦਗਰਜ਼ ਤੁੱਛ ਬੁੱਧੀ
ਲੋਗ ਰਿਆਸਤ ਚਾਹੋ ਡੁੱਬੇ ਚਾਹੇ ਤਰੇ ਅਪਣਾ ਹੀ ਤੋਰੀ ਫੁਲਕਾ ਉਡਾਉਣਾ ਚਾਹੁੰਦੇ ਸੇ ਜੈਸਾ ਕੇ ਲੂੰ
ਣ ਦਾ ਹੱਥ ਉਠਿਆ ਮਹਾਰਾਜੇ ਸਾਹਿਬ ਸਿੰਘ ਤੇ ਰਾਜਿੰਦ੍ਰ ਸਿੰਘ ਬਹਾਦੁਰ ਦੇ ਇਖਤਿਆਰ ਸਿੰ
ਘਣ ਦੇ ਜਾਮੇ ਦੇਖਿਆ ਹੈ ਏਸੇ ਤਰਾਂ ਜਿਨ੍ਹਾਂ ਨੂੰ ਓਦੋਂ ਬੀ ਸਰਕਾਰੀ ਰਕਮਾਂ ਦੀ ਕੁਤਰ ਮੁਤਰ ਕਰਨੀ
ਤੇ ਬਾਢੀ ਲੈਣੀ ਔਰ ਰਾਜੇ ਨੂੰ ਭੈੜੀਆਂ ਪੱਟੀਆਂ ਭੜਕਾ ਕੇ ਖੇਡਾਂ ਵਿੱਚ ਲਾ ਕੇ ਬੀਬੀ ਸਾਹਿਬ
ਕੌਰ ਦੇ ਇੰਤਜਾਮ ਵਿੱਚ ਖਜਾਨਾ ਲੁੱਟ ਕੇ ਖੀਸੇ ਭਰਨੇ ਨਹੀਂ ਮਿਲਦੇ ਸਨ। ਜੈਸੇ ਚੋਰਾਂ ਨੂੰ ਚੰਦ
ਚਾਨਣੀ ਰਾਤ ਨਹੀਂ ਭਾਉਂਦੀ ਤੈਸੇ ਇਕੋ ਤਾਂ ਉਨਾਂ ਕਪਟੀ ਮੁਸਾਹਿਬਾਂ ਨੇ ਬੀਬੀ ਜੀ ਦੇ ਬੈਰ ਬਸ
ਤੇ ਤੰਗ ਹੋ ਕੇ ਉਸ ਦੇ ਹੱਥੋਂ ਰਿਆਸਤ ਦੀ ਬਾਗ ਖੁਹਾਉਣ ਦਾ ਸਤੇ ਰਾਜੇ ਨੂੰ ਭੈੜੀਆਂ ਖੁਸ਼ਿੱਬਾਂ
ਸਿਖਾ ਸਿਖਾ ਫਰਕ ਪਾਯਾ, ਦੂਸਰੇ ਰਾਜਾ ਜਸਵੰਤ ਸਿੰਘ ਨੇ ਪਟਿਆਲੇ ਦੀ ਤਰੱਕੀ ਨੂੰ ਅ
ਪਣੀ ਅੱਖ ਵਿੱਚ ਕਣ ਸਮਝਦਾ ਹੋਯਾ ਚਾਹੁੰਦਾ ਸੀ ਕਿ ਜੇ ਬੀਬੀ ਜੀ ਜੋ ਇਸ ਰਿਆਸਤ ਦੀ
ਉੱਨਤੀ ਦਾ ਕਾਰਣ ਹੈ ਏਥੋਂ ਨਿਕਲੇ ਤਾਂ ਮੇਰਾ ਦਾਉ ਲੱਗੇ। ਉਸ ਨੇ ਬੀਬੀ ਬੀਬੀ ਜੀ ਦੇ ਵਿਰੋਧੀ ਸ
ਕੇ ਨੂੰ ਭੜਕਾ ਕਾ ਕੇ ਰਿਆਸਤ ਵਿੱਚ ਐਸੀਆਂ ਚਕਚੂੰਧਰਾਂ ਛੱਡੀਆਂ ਜਿਨ੍ਹਾਂ ਨੇ ਭੈਣ ਭਾਈ ਦੀ ਮਿੱਲ
ਤ ਮਿਠਾਈ ਦੇ ਦੁੱਧ ਨੂੰ ਫੁਟਕੀ ਫੁਟਕੀ ਕਰ ਛੱਡਿਆ।—— ।ਤੀਜਾ ਗਹਿਰਾ ਖੁਹਿਦਰਾਣੀ ਆਸ ਕੌ
ਰ ਨੇ ਜਿਸ ਦੇ ਘਰ ਟਿੱਕਾ ਕਰਮ ਸਿੰਘ ਜੀ ਸੀ ਬੀਬੀ ਜੀ ਵਲੋਂ ਅਖਤਿਆਰ ਤਾ ਆਪ ਲੈਣ
ਦਾ ਸਤੇ ਰਾਜੇ ਨੂੰ ਝੂਠ ਮੂਠ ਬਾਤਾਂ ਸਿਖਾ ਸਿਖਾ ਬੀਬੀ ਵਲੋਂ ਓਸ ਨਾ ਮੈਲਾ ਦਿਲ ਬਣਾ ਦਿੱਤਾ।——
ਜੇੜੇ ਆਦਮੀ ਬੀਬੀ ਜੀ ਦੇ ਵੈਰ ਵਸ ਹੋ ਤੇ ਦੁਖੀ ਸੇ ਉਨ੍ਹਾਂ ਤੋਂ ਕਹਾਯਾ ਕਿ ਬੀਬੀ ਖਜਾਨਾ ਪਟਿਆ
ਲੇ ਤੋਂ ਫਤੇਗੜ੍ਹ ਭੇਜ ਰਹੀ ਹੈ ਤੇ ਮਸ਼ੈਲਾਂ ਸਰਦਾਰਾਂ ਦੇ ਜੋਰ ਨਾਲ ਆਪ ਹੀ ਰਾਜਾ ਬਣਿਆ
ਚਾਹੁੰਦੀ ਹੈ ਤੇ ਫੇਰ ਜੇੜੀ ਹਬਣੀ ਆਂ ਲੋਕ ਨਾਹਣ ਤੇ ਮਿਲੀ ਸੀ ਆਪ ਰੱਖ ਲਈ ਪੁਨ
ਅਪਣੀ ਜੈਗੀਰ ਦੇ ਪਿੰਡ ਵਿੱਚ ਆਪਦੇ ਪੁੱਛੇ ਬਿਨਾ ਇੱਕ ਕਿਲਾ ਬੜਾ ਮੁਹਕਮ ਬਣਾ ਲੈਆ।
ਮਨ ਭਾਏ ਹੁਕਮ ਚਲਾਉਂਦੀ ਹੈ ਥੁਆਨੂੰ ਬਦੇ ਬੀ ਕੁਛ ਨਹੀਂ ਪੁਛਦੀ।—— ।ਏਹੋ ਜੇਹੀਆਂ
ਦੂਜਾਂ ਤੇ ਤੁੱਛ ਤੁੱਛ ਗਲਾਂ ਸੁਣਾ ਕੇ ਉਸ ਤੁੱਛ ਬੁੱਧੀ ਰਾਜੇ ਨੂੰ ਜੋ ਕੇ ਅਪਣੇ ਨਫਰਾਂ ਦੀ ਤੋਰ ਦਾ ਚ
ਲਾਈ ਚਲਣ ਵਾਲਾ ਸੀ ਐਸਾ ਭੜਕਾਯਾ ਜੋ ਬੀਬੀ ਸਾਹਿਬ ਕੌਰ ਨੂੰ ਕੌੜੇ ਨੇਤ੍ਰਾਂ ਨਾਲ ਦੇਖਣ ਤੇ ਖੂ

ਰਾਜਾ ... ਬੀਬੀ ਸਾਹਿਬ ਕੌਰ ਵਿਰੁਧ ਪਏ

Digitized by Panjab Digital Library | www.panjabdigilib.org

੧੮੬ ਜੋਵਜ਼ੀਰਜੋਕੁਛਓਹਬਖੀਲਬੁਲਾਉਣਸੋਬੋਲਣਤੇਜੋਕਰਾਉਣਸੋਕਰਨਲੱਗਪਿਆ
ਔਰਬੀਬੀਜੀਦੇਬਣਾਏਹੋਏਚੰਗੇਰਲਾਇਕਕਾਰਦਾਰਾਂਨੂੰਹਟਾਕੇਨਫਰਾਂਤੇਬੈਰੀਆਂਦੇਅ
ਧੀਰੱਖਣਲੱਗਪਿਆ।——॥ਹੁਣਬੀਬੀਜੀਬਿਨਾਕਾਰਣਅਪਣੇਵੀਰਦੇਨੇਤ੍ਰਵੇ
ਤ੍ਰੇਤੇਫਿਰੇਹੋਏਦੇਖਕੇਏਸਤਰਾਂਝੂਰੇਵਾਕਰਨਲੱਗੀ:—ਕਿਰੇਵੀਰਜਿਸਦੇਭੁਲੇਵਾਸਤੇਮੈਂ
ਅਪਣੇਘਰਦੇਸੁਤੰਤ੍ਰਰਾਜਦਾਸੁਖਸਾਹੁਰੇਘਰਦਾਨਿਵਾਸਛੱਡਕੇਏਥੇਜੋਗਣਾਂਪਕੜ
ਦੀਕਲੇਸਸਹਾਰਦੀਫਿਰਦੀਹਾਂਜਦਓਹੋਮੇਰਾਭ੍ਰਾਈਮੇਰੇਬੈਰੀਪੀਆਂਦੇਹੱਥਦਾਬਾਜਬ
ਣਕੇਉਲਟਾਮੈਨੂੰਹੀਦੁਖਪਹੁੰਚਾਉਣਾਚਾਹੁੰਦਾਹੈਤੇਜਿਨਾਂਅੱਖੀਆਂਨਾਲਔਰੰਗਜੇਬਨਿ
ਨੂੰਆਂਨੂੰਦੇਖਦਾਸੀਓਸੇਤਰਾਂਮੈਨੂੰਦੇਖਦਾਹੈਤਾਂਮੇਰਾਫਿਰਜਾਣਾਹੁਣਏਥੇਚੰਗਾਨਹੀਂ।——
ਏਹਸੋਚਕੇਬੀਬੀਜੀਤਾਂਅਪਣੇਭ੍ਰਾਈਦੀਅਕਲਤੇਕਰਤੂਤਉੱਤੇਅਫਸੋਸਕਰਦੀਹੋਈਮੇ
ਸਾਹੁਭਰਦੀਨੇਤ੍ਰਾਂਤੇਂਜਲਡੋਲਦੀਏਹਬੋਲਦੀਹੋਈ(ਹੇਪ੍ਰਮੇਸ੍ਵਰਕ੍ਰਿਪਾਕਰਔਰਮੇਲਸਭ
ਕੋਈਨਾਮਿਲੇਨਾਕ੍ਰਿਤਘਨਬੇਦਰਦਾਕਦੇਨਜਾਣੈਜੋਏਹ)ਅਪਣੀਜੈਗੀਰਦੇਪਿੰਡਕਿਲੇਭ

ਭੈਣਭਾਈ ਦੀਲੜਾਈ ਤੇਸੁਲਾਹ ਹੋਈ।

ਗੀਆਂਵਿੱਚਚਲੀਗਈ।———॥ਹੁਣਓਨਾਂਬਖੀਲਾਂਨੇਏਹਲੂਤੀਲਾਈਰਾਜੇਨੂੰਸਿ
ਖਾਯਾਕਿਬੀਬੀਜੀਤਾਂ"ਬਾਗੀ"ਤੁਸਾਡੇਸੇਫਰਦੇਹੋਗਈਹੈਮਤਾਂਕਿਤੇਤੁਸਾਡੇਬੈਰੀਪੀਆਂਨੂੰ
ਕੱਠੇਕਰਕੇਰਾਜਵਿਚਫਤੂਰਪਾਦੇਵੇਤਾਂਤੇਹੁਣੇਈਏਦਾਬਸਤਕਰਨਾਚਾਹੀਦਾਹੈ।ਏਹਸੁਣਕੇ
ਓਸਲਾਈਲੱਗਮਰਦੇਨੱਕਰਾਜਾਨੇਬੀਬੀਜੀਪ੍ਰਾਸਏਹਹੁਕਮਭੇਜਾਦਿੱਤਾਕਿਬੀਬੀਜੀ
ਅਪਣੇਸਾਹੁਰੇਘਰਚਲੀਜਾਵੇਬਿਨਾਬੁਲਾਏਨਾਆਵੇ।——॥ਬੀਬੀਜੀਤਾਂਏਸਹੁਕਮ
ਨੂੰਪੂਰਾਕਰਨਲਈਅਜੇਤਿਆਰਹੀਸੀਕਿਓਨਾਂਦੂਤੀਆਂਨੇਜੋਗਾਦੀਤਿਆਰੀਕਰਕੇਰਾਜੇਨੂੰ
ਸਾਥਲੈਜਾਕੇ੧੨ਬੈਸਾਖਸੰ:੧੮੫੮ਬਿ:ਕੋਭਰੀਆਂਦੇਕਿਲੇਨੂੰਜਾਘੇਰਾਪਾਯਾਤੇਤੋਪ
ਦਾਗਣੀਸ਼ੁਰੂਕਰਦਿੱਤੀ।——॥ਭੁਲਾਓਹਮਹਾਰਾਜੇਆਸਾਸਿੰਘਬਹਾਦੁਰਦੀਬੇਟੀਸੋਰ
ਦਿਲਕਦੇਂਕਾਇਰਤੇਦੀਨਹੁੰਦੀਸੀ।ਸੱਚਹੈਸੂਰਮਿਆਂਦੇਸਿਰਤਾਂਈਂਦਾਈਏਹੁੰਦੇਹਨ।ਬੀ
ਬੀਜੀਨੇਬੀਅਪਣੀਫੌਜਨੂੰਕੋਟਤੇਕਿਲੇਦੇਦਰਵਾਜੇਉੱਤੇਕਾਯਮਕਰਕੇਅੰਦਰੋਂਤੋਪਾਂਜੇਜੰਤ
ਕਸੀਆਂਔਰਬੰਦੂਕਾਂਦੇਗੋਲੇਗੋਲੀਆਂਰਾਜੇਦੀਫੌਜਉੱਤੇਮੀਂਹਵਾਂਗੂੰਬਰਸਾਦਿੱਤੀਆਂ।
॥ਤਿੰਨਵਾਰੀਮੋਰਚਾਰਾਜੇਦਾਪਿੱਛੇਹਟਾਯਾ।ਕੀਮੇਂਖਾਂਡੋਰਾ,ਬਖਸ਼ੀਬਿਸ਼ਨਸਿੰਘ
ਜੋਧ,ਸੁਖੀਆਸਿੰਘਗੋਦਾਲੂਚੈਨਸਿੰਘਆਦਿਸਾਥੀਆਂਆਦਿਕਸਰਦਾਰਤੇਸੈਂਕੜਿਆਂਸਿ
ਪਾਹੀਰਾਜੇਦੇਮਾਰੇਗਏ।ਰਾਜਾਸਾਹਿਬਸਿੰਘਨੇਤਾਂਜਿਵੇਂਕਿਵੇਂਭਠਿਆਰੀਆਂਛੱਡ

Digitized by Panjab Digital Library | www.panjabdigilib.org

ਦੀਲੜਾਈਤੇਗੋਲੀਆਂਦਾਗਿਧਾਂਭੁੰਨਾਂਤੇਂਨਕਲਾਂਦੇਖਣ ਦੇਤੌਰਕੋਈਕਦੇਕੋਸਹੀਨਹੀਂ ੧੮੭
ਕੀਤਾਸੀਏਥੇਪਹਿਲੀਲੜਾਈਆਪਣੀਅੰਜਾਈਭੈਣਨਾਲਕੀਤੀਜਿਸਨੇਏਸਉੱਤੇਆਪ
ਣੀਜਾਨਕੁਰਬਾਨਕਰਨੇਤਕਉਪਕਾਰਕੀਤੇਸਨ,ਪਰਦੂਤੀਆਂਨੇਪਾਣੀਨੂੰਤੇਲਬਣਾਕੇਮਚ
ਦਿਖਾਯਾਓਸੇਭੈਣਤੇਨਾਬਨੂੰਭੈਣਸਾਥਲੜਾਕੇਬਿਨਾਂਕਾਰਣਬਦਨਾਮੀਤੇਸਰਮਿੰਦਗੀ
ਦੇਣਾਈ।ਜਦਬੀਬੀਜੀਨੇਆਪਜਿਸਤਬਿਨਕੇਤੋਪਾਂਦੇਗੋਲੇਮਾਰਕੇਰਾਜੇਦੀਆਂਤੋਪ
ਤਖਤਉੱਤੋਂਸਿੱਟਦਿਤੀਆਂ,ਤੇਮੋਰਚਾਬੀਪਿੱਛੇਹਟਾਦਿੱਤਾਕਿਉਂਕਿਰਾਜੇਦੇਫੌਜੀਅਫਸਰ
ਤੇਸਿਪਾਹੀਬੀਬੀਨਾਲਲੜਨਾਨਹੀਂਚਾਹੁੰਦੇਸੇ।ਤਾਂਮਹਾਂਰਾਜੇਨੇਘਬਰਾਕੇਰਾਜਾਜੀਂਦ
ਨਾਭਾਕੈਂਥਲਕਲਸੀਆਥਨੇਸਰੀਏਆਦਿਕਸਬਕੁਮਕਪਰਬੁਲਾਲਏ।ਓਨਾਂਨੇਭੈ
ਣਭਾਈਦੀਲੜਾਈਵਿੱਚਇਕੇਪਾਰਦਾਨਕਸਾਨਬਦਨਾਮੀਦੇਹੋਪਾਸੀਸਮਝਾਬੁ
ਝਾਕਰਦੇਹਾਂਦੀਆਪਸਮੇਂਸੁਲਾਕਰਾਕੇਬੀਬੀਜੀਨੂੰਰਾਜੇਦੇਨਾਲਪਟਿਆਲੇਤੋਰੀਤੋ
ਰਦਿੱਤਾ। ——— ।ਹੁਣਓਹਰਈਸਭਲੇਮਾਣਸਤਾਂਅੱਗਬੁਝਾਕੇਆਪਣੇ ਬੀਬੀਜੀਦਾ
ਦਘਰਾਂਨੂੰਚਲੇਗਏ।ਪਰਫੂਸਪਾਕੇਮਚਾਉਣਵਾਲਿਆਂਨੇਫੇਰਏਹਚਿੰਗਾੜੀਪਾਦਿੱਤੀ। ਫੇੜਿਆਂਦੇਕਿਲੇ
ਕਿਜੇਕਰਬੀਬੀਜੀਪਟਿਆਲੇਗਈਤਾਂਬਹੁਤਸਰਦਾਰਟੱਪਖੜੇਨਗੇ।ਰਾਜਾਤੇਓਸਪਾ ਵਿਚੋਂਆਪਣੇਕਿ
ਲਸੀਦਾਪੰਖੇਰੂਬਣਰਹੈਗਾਸੀਬੀਬੀਜੀਨੂੰਓਥੇਹੀਨਜਰਬੰਦਰੱਖਣਦਾਹੁਕਮਫੇੜਾਂਦੇ ਲੇਵਿੱਚਜਾਕੇਮ
ਕਿਲੇਦਾਰਨੂੰਦੇਕੇਪਟਿਆਲੇਜਾਬੜਿਆ। ——— ।ਜੱਦੀਪਏਸਬੇਓਆਈਦਗੇ ਰਨਾ।
ਦੀਕਾਰਰਵਾਈਪਰਬੀਬੀਬਹੁਤਪਛਤਾਈਪਰਹਿਮਤਨਾਂਗਮਾਈ।ਪੰਦ੍ਰਾਂਦਿਨਪਿੱਛੋਂਏ
ਕੋਗੋਲੀਦੀਪੁਸਾਕਪਹਿਨਕੇਆਪਨਿਕਲਕੇਅਸਵਾਰਹੋਆਪਣੇਪਿੰਡਕਿਲੇਵਿੱਚਜਾਰ
ਹੀਜਿੱਥੇਓਹਫੇਰਆਪਣੀਜੰਗੀਰਉੱਤੇਦਸਅਹੀਨੇਸੁਤੇਤ੍ਰਹੁਕਮਕਰਕੇਫੱਗਣਸੰ:੧੮੫੬
ਬਿ:ਕੋਆਪਣੇਭਾਈਦੀਬੇਵਫਾਈਪਰਠੰਡੇਸਾਹਲੈਂਦੀਹੋਈਆਪਹੀਪਟਿਆਲੇਆਕੇਠੰਡੀ
ਹੋਗਈ। ——— ।ਬੀਬੀਸਾਹਿਬਕੌਰਦੇਮਰਣਦੀਖਬਰਸੁਣ
ਦੇਸਾਰਬੈਸਾਖਸੰ:੧੮੫੭ਬਿ:ਕੋਜਾਰਜਤਾਮਸਨਸਾਹਿਬਆਪਣੇਨੇਮਧਰਮਦੀਬਿ
ਧਤਨੂੰਛੱਡਕੇਉੱਤੇਰੱਖਕੇਫੇਰਏਧਰਚੜਆਯਾ।ਕਿਉਂਕਿਓਸਦੀਫੌਜਬਹੁਤਸੀਆਮਦਨੀ
ਥੋੜੀ।ਫੌਜਦੀਤਨਖਾਹਪੂਰੀਕਰਨਲਈਕਿਧ੍ਰੇਬਦੇਕਿਧ੍ਰੇਧਾਵਕਰਦਾਹੀਰਹਿੰਦਾ।
ਹੁਣਇਲਾਕੇਜੀਂਦਤੇਕੈਂਥਲਦੇਅਨੇਕਪਿੰਡਾਂਦੀਕਹੀਕਰਦਾ।ਜਦਪਟਿਆਲੇਦੇਰਾਜ
ਵਿੱਚਅਣਖੇੜੇਗ੍ਰਿਦੇਆਧਮੋਰੇਗਲਪਾਯਾਤਾਂਮਹਾਂਰਾਜੇਸਾਹਿਬਸਿੰਘਨੇਆਪਣੇਸਾ

Digitized by Panjab Digital Library | www.panjabdigilib.org

੧੮੮ ਬੀਰਭਾਨ ਦਿੱਤੇ ਸਿੰਘ ਭਾਈ ਦੇਸੂ ਵਾਲਿਆਂ ਮਤਾਬ ਸਿੰਘ ਬਨੇਸ੍ਰ। ਭਿਆਂ ਸਿੰਘ ਨਿਗਾਹ ਵਾਲਾ ਬੀਰ
ਸਿੰਘ ਦੀਪ ਸਿੰਘ ਭਣੋਦ੍ਰੀਏ ਰਈਸ ਗੁਲਾਬ ਦੇ ਤੇ ਬਖਸ਼ੀ ਮਲਕ ਰਾਮ ਸੋਢੀ ਖੰਨਿਗਾਣ
ਸਿੰਘ ਆਨੰਦ ਸਾਹੀਆ ਬੂਟਾ ਸਿੰਘ ਧਨਾਂਣ ਜੀਤ ਸਿੰਘ ਸਮੇਪੁਰੀਆ ਲਾਲ ਸਿੰਘ ਔਰ ਭਾ
ਸੀਹਾਂ ਸਿੰਘ ਕਾਲੇਕੇ ਆਦਿਕ ਸਰਦਾਰਾਂ ਨੂੰ ਆਪਣੀ ਫੌਜ ਦੇ ਕੇ ਜਾਰਜ ਸਾਹਿਬ ਨੂੰ ਆਪਣੇ
ਦੇਸ ਵਿੱਚੋਂ ਕੱਢਣ ਲਈ ਤੋਰ ਦਿੱਤਾ। —— ।।ਪਹਿਲੇ ਨੈਣਾਂਵਾਲੇ ਦੇ ਤੱਲਕੇ ਵਿੱਚ ਕਈ
ਮੁਕਾਬਲੇ ਹੋ ਕਰ ਬਾਲ੍ਹੂ ਬਾਰੇ ਪਿੰਡ ਪਾਸ ਬੜੀ ਭਾਰੀ ਲੜਾਈ ਹੋਈ ਬਹੁਤ ਆਦਮੀ ਆ
ਰੇ ਗਏ ਤੇ ਬੀ ਜਾਰਜ ਰੁਕਿਆ ਨਹੀਂ ਤੇ ਲੜਕੇ ਦਿਹਾਤੇ ਨੂੰ ਲੁੱਟਦੇ ਤੇ ਲੜਦਾ ਭਿੜਦਾ ਸਹਿਰ ਸੁ
ਨਾਮ ਦੇ ਪਾਸ ਜਾ ਪਹੁੰਚਿਆ ਕੁੱਛ ਸਹਿਰ ਬੀ ਲੁੱਟ ਲੈ ਗਿਆ ਪਰ ਮਹਾਰਾਜ ਦੀ ਫੌਜ ਨੇ ਠ
ਹਿਰਣ ਨਾ ਦਿੱਤਾ।——— ।।ਕੈਂਥਲ ਦੇ ਪਿੰਡ ਕੂਲਾਂ ਮਾਹਿਲ ਪਾਵਰ ਆਦਿਕ ਲੁੱਟ
ਕੇ ਪਟਿਆਲੇ ਦੇ ਪਿੰਡ ਫਤੇ ਬਾਲਪੁਰ ਬਲਾਲ੍ਹ ਭੁੰਣੀ ਵਾਲ੍ਹਾ ਮਾਣ ਜਾ ਲੁੱਟੇ। ਏਥੇ ਬੀ ਬੜੀ
ਭਾਰੀ ਲੜਾਈ ਕਰਕੇ ਨਾਲ ਦੇ ਰਾਜ ਵਿੱਚੋਂ ਅਨੇਕ ਪਿੰਡਾਂ ਨੂੰ ਲੁੱਟਦਾ ਹੋਇਆ ਜਦ ਖਨੌਰੇ ਪਾਸ
ਗਿਆ ਤਾਂ ਏਥੇ ਸਰਦਾਰ ਦੀਵਾਨ ਸਿੰਘ ਜੋਧੇ ਨੇ ਇੱਕ ਹਜਾਰ ਸਵਾਰ ਨਾਲ੍ਹ ਪਹਿਲੇ ਜੀਉ
ਤੋੜ ਹੋ ਘਾਸੀ ਤੇ ਸਰਦਾਰ ਖੜਗ ਸਿੰਘ ਮਾਨਸਾਹੀਆ ਨਾਭੇ ਦੀ ਤਰਫੋਂ ਫੌਜ ਲੈਕੇ ਆਪ
ਹੁੰਚਾ, ਬੜੀ ਭਾਰੀ ਮੁਠਭੇੜ ਹੋਈ ਪਰ ਜਾਰਜ ਰੁਕਿਆ ਨਹੀਂ ਲੁੱਟਦਾ ਖਸੋਟਦਾ ਨਰਵਾਣੇ ਵਾਲ੍ਹ
ਦੀ ਤਰਫ ਨਿਕਲ ਗਿਆ, ਜਿੱਥੇ ਭਾਈ ਲਾਲ ਸਿੰਘ ਰਾਜਾ ਭਾਗ ਸਿੰਘ ਕਰਮ ਸਿੰਘ ਨਿ
ਰਮਲ੍ਹ ਸੱਤ ਹਜਾਰ ਅਸਵਾਰ ਲੈਕੇ ਆ ਪਏ ਬੜਾ ਭਾਰੀ ਜੰਗ ਹੋਇਆ ਫੇਰ ਭੀ ਤਿੰਨ ਸੌ ਆ
ਦਮੀ ਮਾਰਿਆ ਗਿਆ। ਜਾਰਜ ਉਥੋਂ ਬੀ ਖਿਸਕਕੇ ਤਿਹਾੜੇ ਜਾ ਵੜਿਆ। —— ।।ਮਹਾਂ
ਰਾਜਾ ਸਾਹਿਬ ਸਿੰਘ ਘੁੱਗਰਾਣੇ ਦੇ ਕਿਲੇ ਵਿੱਚ ਜਾ ਵੜੇ। ——— ।।ਅੱਗੇ ੨ ਜਾਰਜ ਪਿੱ
ਛੇ ੨ ਰਾਜਿਆਂ ਦੀ ਫੌਜ ਫਿਰ ੨ ਕੇ ਤੇ ਲੜ ੨ ਕਰ ਦੇਸ ਪਾਇਮਾਲ ਕਰ ਛੱਡਿਆ। ——
ਜਾਰਜ ਖੰਨੂੜ, ਲਲਤੋ, ਫਲੇਵਾਲ, ਗੁੱਜਰਵਾਲ੍ਹ, ਰਾਜੇਵਾਲ੍ਹ, ਤੁੰਗਾ ਆਦਿਕ ਪਿੰਡਾਂ ਨੂੰ
ਲੁੱਟ ਮਾਰਦਾ ਤਲਵੰਡੀ ਪਾਸ ਗਿਆ ਤਾਂ ਫੇਰ ਸਭਨਾਂ ਰਈਸਾਂ ਨੇ ਉਸ ਨੂੰ ਜਾ ਘੇਰਿਆ, ਅੱਠ
ਰੋਜ ਲੜਾਈ ਹੁੰਦੀ ਰਹੀ।। —— ।।ਰਾਜਿਆਂ ਦੀ ਸਿੰਘੀ ਪੂੰਜੀ ਥੋੜ੍ਹੀ ਫੌਜ ਤੇ ਜਿ
ਦੀ ਕੁਦਾਇਦ ਸਿੱਖੀ ਹੋਈ ਇੱਕ ਢਾਲ੍ਹ ਹੋਰ ਮਰਹਟਾਂ ਦੀ ਪੈਦਲ ਫੌਜ ਸੀ। ਜੱਦੀ ਪੰ
ਡਲ ਅੱਗੇ ਅਸਵਾਰੀ ਫੌਜ ਅੜ ਨਹੀਂ ਸਕਦੀ ਪਰ ਬਹੁਤ ਫੌਜ ਤੇ ਦੇਸੀ ਲੋਕਾਂ ਨੇ ਉਸ ਨੂੰ
ਅੰਤ ਘੇਰ ਲੈਆ।। —— ।।ਕੱਲ੍ਹ ਦਾਲ੍ਹ ਪਿੰਡ ਪਾਸ ਪਟਿਆਲੇ ਦੀ ਫੌਜ ਨੇ ਘੇਰ ਕੇ ਤਿੰ

Digitized by Panjab Digital Library | www.panjabdigilib.org

ਲੈਆਦਮੀ ਤਿਸਦਾ ਫਾਹ ਲੈਆ॥ — ॥ਏਥੋਂ ਉਠਕੇ ਕੈਥਲ ਦੇ ਮੁਲਕ ਵਿਚਦੀ ਘੱਗਰੋਂ ੧੮੯
ਪਾਰ ਹੋ ਖਰੌਂਦੀ ਆਦਿਕ ਅਨੇਕ ਪਿੰਡ ਬਾਂਗਾਰ ਦੇ ਖਸੋਟਦਾ ਹੋਯਾ ਸਫੀਦੋਂ ਵਿਚ ਬੜ ਬੈਠਾ।
ਪਿਛੂ ਰਾਜਾ ਭਾਗ ਸਿੰਘ ਬਹਾਦੁਰ ਬਹੁਤ ਫੌਜ ਲੈਕੇ ਜਾ ਪਹੁੰਚਿਆ, ਨਿਦਾਨ ਜਾਨ ਤੋੜਕੇ ਰਾ
ਜਾਂਦੀ ਸਿਪਾਹ ਲੜੀ, ਹਜਾਰ ਗ੍ਯਾਰਾਂ ਸੈ ਆਦਮੀ ਦੋਹਾਂ ਤਰਫਾਂ ਦਾ ਮਾਰਿਆ ਗਿਆ॥—
॥ਓਥੋਂ ਨਿਕਲਕੇ ਜਾਰਜ ਫੇਰ ਕੈਥਲ ਦੇ ਇਲਾਕੇ ਵਿਚ ਜਾ ਪੁੱਜਿਆ, ਤਾਂ ਮਹਾਂਰਾਜੇ ਦੀ
ਤਰਫੋਂ ਸਰਦਾਰ ਚੈਨ ਸਿੰਘ ਜੀਂਦ ਦੀ ਤਰਫੋਂ ਸਰਦਾਰ ਛੈਲਾ ਸਿੰਘ ਵਜੀਰ ਮਨਸਾ ਦਰ
ਯਾਫਤ ਤੇ ਸੁਲਹ ਸਫਾਈ ਕਰਨ ਵਾਸਤੇ ਭੇਜੇ ਗਏ॥ —— ॥ਹੁਣ ਉਸਨੇ ਭੀ ਸੁਲਾਹ
ਸਫਾਈ ਕਰਨੀ ਬਿਨਾ ਅਪਣੀ ਲੁੱਟ ਖਸੋਟ ਦੀ ਦੌਲਤ ਘਰ ਪਹੁੰਚਦੀ ਨਾ ਦੇਖਕੇ ਜੋ ਕੁਛ ਕੈਥਲ
ਜੀਂਦ ਪਟਿਆਲੇ ਨੇ ਦਿੱਤਾ ਲੈਕੇ ਭਾਦੋਂ ਸੰ: ੧੮੫੮ ਬਿ: ਕੋ ਹਾਂਸੀ ਜਾ ਬੜਿਆ॥ —— ॥ਤੇ
ਏਨਾਂ ਨੇ ਭੀ (ਕੁਣੀ ਕੁੜੀ ਹੱਡ ਛੂੰਟੇ) ਏਹ ਸਮਝ ਕੇ ਸ਼ੁਕਰ ਕਰਕੇ ਗਲ ਤੋਂ ਟਾਲਾ ਜਾ॥—
॥ਅਬ ਏਨਾਂ ਸਬਨਾਂ ਰਈਸਾਂ ਨੇ ਐਸੀ ਦੁਖਦਾਈ ਜਾਰਜ ਤਾਮਸ ਤੋਂ ਤੰਗ ਹੋਕੇ ਮਹਾਰ
ਆਂਦੇ ਕਮਾਂਡਰ ਇਨਚੀਫ ਜਨਰਲ ਪੇਰਨ ਸਾਹਿਬ ਬਹਾਦੁਰ ਨੂੰ (ਜੋ ਉਸ ਸਮੇਂ ਦਿੱਲੀ ਦਾ
ਹਾਕਮ ਬਡਾ ਜੋਰਾਵਰ ਤੇ ਤਾਮਸ ਨਾਲ ਦਿਲੀ ਦੁਸਮਨ ਸੀ॥) ਅਪਣਾ ਪੱਖੀ ਕਰ ਲੈਣ
ਵਾਸਤੇ ਭਾਈ ਲਾਲ ਸਿੰਘ ਤੇ ਰਾਜਾ ਭਾਗ ਸਿੰਘ ਪਟਿਆਲੇ ਵਲੋਂ ਉਸ ਸਰਦਾਰ ਚੈਨ ਸਿੰ
ਘ ਨਾਭੇ ਤੋਂ ਰਾਜਾ ਸਿੰਘ ਹਮੀਰ ਸਿੰਘ ਹੋਰ ਰਾਇਕੋਟ ਮਲੇਰਕੋਟਲੇ ਦੇ ਮੁਸਾਹਿਬ ਜ
ਰਪੀਰਨ ਸਾਹਿਬ ਪਾਸ ਦਿੱਲੀ ਗਏ ਤੇ ਏਨਾਂ ਦੀ ਉਸਨੇ ਬਹੁਤ ਖਾਤ੍ਰਦਾਰੀ ਤਸੱਲੀ ਕੀਤੀ
ਕਿਉਂਕਿ ਮਹਾਰਜਾਂ ਦੀ ਫੌਜਨੂੰ ਫਰਾਂਸੀਸੀ ਕਵਾਇਦ ਸਿਖਾਕੇ ਏਸੇ ਲਾਇਕ ਅਫਸਰ ਨੇ
ਜਮਨਾ ਤੋਂ ਪਾਰ ਤੇ ਗੰਗਾ ਦੀ ਧਰਤ ਕੇ ਬਹੁਤ ਫਾਇਦਾ ਪਹੁੰਚਾ ਰੱਖਿਆ ਸੀ॥ —— ੧੦ ਸ
ਤੰਬਰ ਸੰ: ੧੮੦੧ ਈ: ਕੋ ਪੀਰਨ ਸਾਹਿਬ ਨਾਲ ਏਨਾਂ ਦੀ ਮੁਲਾਕਾਤ ਹੋਕੇ ਏਸ ਜਰਦ
ਬਦਲੇ ਚਾਰ ਲਾਖ (੪੦੦੦੦੦) ਰੁਪਯਾ ਹੋਣਾਂ ਲਿਖੇ ਬਿਰਦੇ ਨਾਲ ਦੇਣਾ ਕਰਕੇ ਇਉਂ ਆਹਿਦਨਾਮਾਂ
ਤੇ ਦੇਬੂ ਲਿਖਾ ਲੈਆ॥:——

| | | | | |
|---|---|---|---|---|
| ॥ ਪਟਿਆਲੇ ਸੇ —— | ਕੈਥਲ ਸੇ —— | ਜੀਂਦ ਸੇ —— | ਨਾਭੇ ਸੇ —— | ਰਾਇਕੋਟ ਸੇ —— |
| ੧੩੫੦੦੦ | ੬੦੦੦੦ | ੩੯੦੦੦ | ੩੮੦੦੦ | ੮੦੦੦੦ |
| ॥ ਰਾਇਪੁਰ ਗੁਜਰਵਾਲ ਲਲ੍ਹੜੇ ਵਾਲੇ ਗੋਦਾਵਲੇ ਸੇ —— | | | ਕੋਟਲੇ ਸੇ —— | |
| ੨੦੦੦੦ | | | ੨੦੦੦੦ | |

ਇਸ ਜਰ ਪਾਸ ਬਹਾਦਰ ਗੜ੍ਹ ਖਾਸ ਪੀਰਨ ਨੇ ਉਤਰਕੇ ਜਾਰਜ ਨੂੰ ਬੁਲਾ ਕਰ ਆਖਿਆ, ਤੂੰ ਪ

੧੮੦ ਦਸਹਜਾਰਰੁਪਯਾਨਕਦਮਾਹਵਾਰੀਅਪਣੀਫੌਜਦੇਖਰਚਵਾਸਤੇਮਹਾਂਰਾਜੇਸੇਂਧੀਏ
ਪਾਸੋਂਲੈਲੀਆਕਰਮੁਲਕਦਾਕਬਜਾਛੱਡਦੇ।ਇਸਨੇਨਾਮੰਨਿਆਤਾਂਪੀਰਨਨੇਕਪਤਾਨਸੱ
ਦਰਸਾਹਿਬਕੇ੩ਪਲਟਨਾਂ੧੫ਤੋਪਾਂਦੇਕੇਜਾਰਜਗੜ੍ਹਵੱਲੀਚੜ੍ਹਾਦਿੱਤਾ।ਤੇਅਪਣੇਨਾਇ
ਬਮੇਜਰਲੇਵੀਸਸਾਹਿਬਨੂੰਅਪਣੀਤੇਮਾਸਤਾਂਦੀਬਹੁਤਸਾਰੀਫੌਜਦੇਕੇਹਾਂਸੀਵੱਲੀ
ਤੋਰਿਆ।—— ।।ਤਦੋਂਨੂੰਖੱਬਰਜਾਰਜਤੋਂਦੇਦਤਭਨਾਕੇਝੱਜਰਵੱਲੀਚਲਾਗਿਆ।ਤਾਂਕ
ਰਕੇਲੇਵੀਸਨੇਕੱਤਕਸੰ:੧੮੫੮ਬਿ:ਕੋਜਾਰਜਗੜ੍ਹਨੂੰਜਾਘੇਰਿਆ।ਤਿੰਨਮਹੀਨੇਅੱਗਬ
ਰਸੀਦੋਹਾਂਤਰਫਾਂਦੇਦੋਹਜਾਰਆਦਮੀਮਰਗਏਮਰਹਟੇਧੂੰਆਂਸੱਬਰਪਾਕੇਬੈਠਰਹੇ।—
ਅੰਦਰਘਾਸਦਾਣਾਨਜਾਣਦਿੱਤਾ।ਜਾਰਜਦੀਫੌਜਨੇਭੁਖਦੇਦੁੱਖਘੋੜੇਊਂਠਬੀਕੱਟਕੇਖ
ਛੱਡੇ।ਲੇਵੀਸਨੂੰਦਿੱਲੀਤੋਂਤੇਮਾਸਤਾਂਵੱਲੀਓਂਬਹੁਤਮਦਦਮਿਲਦੀਰਹੀ।ਜਾਰਜਲ
ਚਾਰਹੋਕੇਰਾਤਨੂੰਨਿਕਲਕੇਹਾਂਸੀਜਾਵੜਿਆ।——।।ਲੇਵੀਸਨੇਓਥੇਬੀਜਾਘੇਰਿਆ।
ਪੰਦ੍ਹਾਂਦਿਨਲੜੇਓੜਕਜਦਜਾਰਜਨੇਸੁਲਾਮੰਗਲਈਤਾਂਮਹਾਂਸਾਂਨੇਓਸਦੇਨੌਕਰਦਸਮਲਿਆ
ਦਿੱਤਾਹਾਰਕੇਓਹਨਕਦੀਆਦਿਕਸਾਮਾਨਲੈਕਰਅੰਗ੍ਰੇਜੀਇਲਾਕੇਵਿੱਚਆਗ੍ਰੇਵੱਲੀ
ਚਲਾਗਿਆ।—।।ਜਿੱਥੇਓਸੱਤਮਹੀਨੇਗਮਦੇਵਿੱਚਰੋਗਤੇਖੰਕਰਗੁਜਰਗਿਆ।—
।।ਓਸਦੀਮੇਮਅਪਣਾਧਨਤੇਟੱਬਰਲੈਕੇਫਰਾਂਸਨੂੰਚਲੀਗਈ।।ਜਦਓਹਪੀਰਨਦਾ
ਰਿਪਤੇਮਾਸਤਦਾਰੋਗਦੂਰਹੋਗਿਆਤਾਂਪੀਰਨਸਾਹਿਬਨੇਜੇੜ੍ਹੇਪ੍ਰਗਣੇਸੋਹਨ,ਘਨੌਰੀ,
ਨਿਰਬਾਣ,ਪਟਿਆਲੇਦੇਤੇਂਏਸੇਤਰਾਂਜੀਂਦਕੈਂਥਲਦੇਜਾਰਜਨੇਦਬਾਲਏਸੇਓਹਸਭਏਨਾਂ
ਨੂੰਦੇਕੇਬਾਕੀਓਸਦਾਸਬਮਾਲਮੁਲਕਆਪਸਾਂਭਲੀਤਾ।—

ਜਾਰਜਦੇਤੇ ਪੀਰਨਦੇਜੰਗ ਤੇਜਾਰਜਦਾ ਮਰਨਾ।

।।ਹੁਣਜੇੜ੍ਹੇਲੋਗਜਾਰਜਦੇਹੱਲੇਗੁੱਲੇਵਿੱਚਬਾਗੀਬਣਬੈਠੇਸੇਓਨਾਂਨੂੰਸਿਧੇਕਰਨੇਵਾ
ਸਤੇਮਹਾਂਰਾਜੇਪਟਿਆਲੇਦੀਦ੍ਰਖ੍ਵਾਸਤਅਨੁਸਾਰ(ਜੋਪੀਰਨਤੋਂਮਨਜੂਰਹੋਕੇਆਈ
ਸੀ।)ਪਟਿਆਲੇਦੀਫੌਜਨਾਲਹੋਕੇਲੇਵੀਸਨੇਪਹਿਲੇਤਾਂਸਰਸਾ,ਰਾਣੀਆਂ,ਮੂਣਕ,
ਬੋਸਾ,ਭਟਨੇਰ,ਬੀਘੜ੍ਹਾਏਨਾਂਪ੍ਰਗਣਿਆਂਦੇਬਾਗੀਲੋਗਾਂਨੂੰਮਾਰਕੇਸਿੱਧੇਕਰਦੇਬਰਸ
ਦਾਮਾਮਲਾਲੈਕੇਪਟਿਆਲੇਦੇਮਹਾਂਰਾਜੇਦੇਦਰਸੂਜਾਕੀਤਾ।—।।ਓਥੋਂਦੀਵਾਲਸਿ
ਘਦੀਵਾਨਬਾਂਗ੍ਰਦੇਸਨੂੰਜੋਬਹੁਤਖਰਾਬਕਰਰਿਹਾਸੀਸੁਧਾਰਕੇਅਠਖੇੜੇ,ਭੁਟਾਣ,ਗੋਰ
ਖਪੁਰ,ਬਹੂਨਾ,ਪਾਇਲਮੇਂਅਪਣੇਠਾਣੇਬੈਠਾਕਰਇੰਤਜਾਮ:ਬਾਉਰੱਖਣਵਾਸਤੇਸਰ
ਦਾਰਬੀਰਸਿੰਘਪ੍ਰੇਮਸਿੰਘਲੌਂਗੋਵਾਲੀਆਂਨੂੰਦੋਸੌਅਸਵਾਰਸਮੇਤਛੱਡਕੇਪਟਿਆ

ਪਟਿਆਲੇਦਾ ਲੇਵੀਸਸਾਹਿ ਬ ਨੂੰ ਲਿਜਾ ਕੇ ਬਾਗੀਆਂ ਨੂੰ ਸੋਧਣਾ।

Digitized by Panjab Digital Library | www.panjabdigilib.org

ਲਿਆ ਗਿਆ। ——— ॥ ॥ਹੁਣ ਜਿਸ ਨੌਕਿਧ ਤੇ ਸਰਦਾਰ ਭੈਣ ਸਿੰ-
ਘ ਨਾਭਾ, ਜੀਂਦ, ਕੈਥਲ ਦੇ ਅਹਿਲਕਾਰਾਂ ਸਮੇਤ ਲੋਈਸ ਸਾਹਿਬ ਨੂੰ ਲੈ ਕੇ ਕੂਚ ਕਰ ਦਿ-
ਤਾ। — ।ਅੰਬਾਲੂ ਬੋਹ, ਬਧਨਾਲੂ, ਠਰੂਆ, ਮੂਲਾਣਾ, ਸ਼ਾਹਬਾਦ, ਸੀਕਰੀ, ਸਮਾਣਾ, ਬੂ-
ੜੀਆ, ਜਗਾਧਰੀ, ਸਢੌਰ, ਮਨੀਮਾਜਰਾ, ਰੋਲੀ ਦੇ ਸਰਦਾਰ ਸੈਂਟੀ ਕਲਸੀਏ ਰੋਪੜੀ-
ਏ, ਸੁਜਾਲਬਾ, ਸ਼ਿਆਮਪੁਰੀਏ ਖਾਣੇ, ਲੰਧਰ, ਜਾਨੇਵਾਲ, ਖੰਨਾ, ਖੇੜੀ ਵਾਲੇ ਆਦਿਕ
ਛੋਟੇ ਮੋਟੇ ਜੰਗੀਰਦਾਰਾਂ ਤੋਂ ਪਿੱਛੇ ਪਿਗੀ ਭੂਨ ਤੇ ਦੂਨ ਨਜਰਾਨੇ ਦਾ ਰੁਪਯਾ ਕਈ ਲਾਖ ਵਸੂ-
ਲ ਕਰਕੇ ਉਸ ਅਹਿਦਨਾਮੇ ਦੇ ਅਨੁਸਾਰ ਜੋ ੧੨੧੬ ਹਿ: ਤੇ ਸਤੰਬਰ ਸੰ: ੧੮੦੧ ਈ: ਨੂੰ ਤੋ-
ੜੇ ਦੇ ਸਰਤ ਕੀਤੀ ਸੀ ਕਿ ਸਤਲਜ ਜਮਨਾਂ ਵਿਚਕਾਰ ਦੇ ਜੰਗੀਰਦਾਰਾਂ ਤੋਂ ਜੋ ਨਜਰਾਨਾ
ਵਸੂਲ ਕੀਤਾ ਜਾਊ ਸੋ ਅੱਧੋ ਅੱਧੀ ਵੰਡ ਲੀਤਾ ਜਾਯਾ ਕਰੇਗਾ। ਹੁਣ ਜੋ ਕੁਛ ਰੁਪਯਾ ਵਸੂ-
ਲ ਹੋਇਆ ਅੱਧਾ ਲੋਈਸ ਨੂੰ ਦੇ ਕੇ ਅੱਧੇ ਵਿੱਚੋਂ ਉਹ ਚਾਰ ਲਾਖ ਰੁਪਯਾ ਜੋ ਸੱਤਾਂ ਮਾਸਤਾਂ ਨੇ
ਦੇਣਾ ਕੀਤਾ ਸੀ ਪੂਰਾ ਕਰਕੇ ਬਾਕੀ ਰੁਪਯਾ ਏਨਾਂ ਚਾਰਾਂ ਮਾਸਤਾਂ ਨੇ ਵੰਡ ਲੀਤਾ। —— ॥ਲੋ-
ਈਸ ਦੌਲਤ ਲੈ ਕੇ ਹਾਂਸੀ ਵਿੱਲੀ ਚਲਿਆ ਗਿਆ। —— ॥ਏਸ ਦੇਰਾ ਫੇਰੀ ਵਿੱਚ ਨਜਰਾ-
ਨਾ ਬੀ ਪੂਰਾ ਕਰ ਦਿੱਤਾ ਤੇ ਜੋ ਕੜੇ ਅਨੇਕ ਪਿੰਡ ਲੋਗਾਂ ਨੇ ਦਬਾ ਲੀਤੇ ਸਨ ਉਹ ਬੀ ਛੁਡਾ ਲਏ ਔਰ
ਦਬਦਬਾ ਬੀ ਐਸਾ ਬੈਠ ਗਿਆ ਜੋ ਫੇਰ ਕੋਈ ਸਿਰ ਉਠਾਉਣ ਜੋਗਾ ਨ ਰਹਿਆ। ——— ॥ਭਾਈ ਲ-
ਾਲ ਸਿੰਘ ਦੇ ਚਾਚੇ ਤਖਤ ਸਿੰਘ ਦੇ ਜੋ ੬ ਪਿੰਡ ਪਰਗਣੇ ਸੋਨਾਰ ਦੇ ਮੇਟ ਰਾਬੀਏ ਸਿੰਘਾਂ ਨੇ
ਦਬਾ ਲੀਤੇ ਸੇ ਉਹ ਬੀ ਫੇਰ ਭਾਈ ਸਾਹਿਬ ਨੂੰ ਦਿਵਾ ਦਿਤੇ ਗਏ। ———
॥ਹੁਣ ਲੋਈਸ ਸਾਹਿਬ ਨੂੰ ਐਸਾ ਫਤੂਰ ਦੇਖ ਕੇ ਦਬਾਯਾ ਤੇ ਲੋਭ ਨੇ ਬਧਿਕ ਸਤਾਯਾ ਜਾਣ ਕੇ
ਦੋ ਪੈਰ ਹੋਰ ਵਧੇਰਾ ਅਉਣ ਦਾ ਰੂਹ ਉਸੇ ਖੰਡ ਮੋਹ ਦਾ ਸਮਝ ਕੇ ਜੂਨ ਸ: ੧੮੦੩ ਈ: ਸੰ: ੧੮੬੦
ਬਿ: ਕੋ ਫੌਜ ਲੈ ਕੇ ਆਪੇ ਆਪ ਹਾਂਸੀ ਤੋਂ ਚੱਲ ਕੇ ਕਰਨਾਲ ਆ ਪਹੁੰਚਿਆ, ਕੈਥਲ, ਜੀਂਦ
ਪਟਿਆਲੇ ਦੇ ਅਹਿਲਕਾਰ ਬੀ ਆਪਣੀ ਲਿਖਤ ਦੇ ਅਨੁਸਾਰ ਉਸ ਨੂੰ ਜਾ ਮਿਲੇ। ॥ਛੋਟੇ
ਮੋਟੇ ਜੰਗੀਰਦਾਰਾਂ ਤੋਂ ਨਜਰਾਨੇ ਵਸੂਲ ਕਰਦੇ ਹੋਏ ਜਾ ਮਨੀਮਾਜਰੇ ਉੱਤਰੇ ਕੇ ਨਾਹਣ ਵਾ-
ਲੇ ਕਰਮ ਪ੍ਰਕਾਸ਼ ਰਾਜੇ ਤੋਂ ੩੬ ਹਜਾਰ ਰੁਪਯਾ ਨਜਰਾਨਾ ਮੰਗਿਆ ਤੇ ਉਸ ਨੇ ਦੇਣੇ ਮੇਂ ਕੁਛ
ਦੇਰ ਕੀਤੀ ਤਾਂ ਲੋਈਸ ਨੇ ਉਸ ਦਾ ਪਰਗਣਾ ਪੰਜੌਰ ਉਸ ਤੋਂ ਛੀਨ ਕੇ ਅਮਲ ਕਰ ਦਿੱਤਾ ਜੋ ਸ-
ਰਦਾਰ ਚੈਨ ਸਿੰਘ ਨੇ ਛੱਤੀ ਹਜਾਰ ਰੁਪਯਾ ਦੇ ਕੇ ਪਰਗਣੇ ਪੰਜੌਰ ਮੇਂ ਆਪਣੇ ਠਾਣੇ ਬੈਠਾ ਦਿੱ-
ਤੇ ਏਸੇ ਤਰਾਂ ਮਨੀਮਾਜਰੇ ਵਾਲੇ ਸਰਦਾਰ ਗੋਪਾਲ ਸਿੰਘ ਤੇ ਬੀ ਛੱਬੀ (੨੬੦੦੦) ਹਜਾਰ ਮੰਗਿਆ ਤੇ

Digitized by Panjab Digital Library | www.panjabdigilib.org

੧੮੨ ਤਿਸਤੋਂ ਨਾ ਨਿਕਲ੍ਹ ਸਕਿਆ ਤਾਂ ਪ੍ਰਗਣਾ ਭਾਲਕੂ ਜਿਸਦਾ ਛੀਨ ਲੀਤਾ। —— ।।ਓਹ ਭੀ ਜਰ
ਦਾਰ ਚੈਨ ਸਿੰਘ ਨੇ ਸਾਹਿਬ ਨੂੰ ਰੁਪਿਆ ਦੇਕੇ ਪ੍ਰਗਣਾ ਮਾਲਤਾਦੇ ਸਾਮਲ ਕਰ ਲੀਤਾ।
ਤਾਂ ਰੁਪਿਆ ਬੀ ਬਾਹਰ ਹਜਾਰ ਛੋਂ ਹੀ ਪੂਰਾ ਕਰ ਦਿੱਤਾ ਜੋ ਏਨਾਂ ਦੇ ਹਿੱਸੇ ਦਾ ਜਾਂਦਾ ਵਿੱਚੋ
ਨਿਕਲਿਆ ਸੀ। —— ।। ।।ਏਨਾਂ ਲੜਾਈਆਂ ਤੇ ਸਿੰਤਰੀਆਂ ਚੜ੍ਹਾਈ
ਆਂ ਨੇ ਪ੍ਰਜਾ ਔਰ ਰਈਸਾਂ ਦੀ ਤਾਂ ਛਡ ਕੇ ਖ੍ਵਾਰੀ ਕਰ ਕੱਢੀ। ਲੋਕ ਨੇ ਪਿੰਡ ਉਜਾੜ ਗਏ। ਜਿ
ਸਤੋਂ ਅਤੀ ਦੁਖੀ ਹੋਕੇ ਪ੍ਰਜਾ ਤੇ ਰਈਸ ਰਾਤ ਦਿਨੇ ਪਰਮੇਸੁਰ ਅੱਗੇ ਏਹੋ ਬੇਨਤੀ ਕਰਦੇ ਸਨ, ਕਿ ਹੇ
ਪਰਮੇਸੁਰ ਹੁਣ ਤੂੰ ਸਾਨੂੰ ਅਮਨ ਬਖਸ਼, ਸਿਵਾਇ ਤੇਰੇ ਸਾਡਾ ਰੱਖਕ ਕੋਈ ਨਹੀਂ। ਏਹ ਪੁਕਾਰ ਪ੍ਰ
ਜਾ ਦੀ ਪ੍ਰਭੂ ਨੇ ਸੁਣਕੇ ਆਪਣੀ ਪਿਆਰੀ ਸਿਸ੍ਰਟੀ ਨੂੰ ਅਮਨ ਚੈਨ ਦੇ ਦਿਨ ਭੋਗਾਉਣ ਲਈ ਤੇ ਦੁਖ
ਦਾਈ ਲੁਟੇਰੇ ਜਾਲਮਾਂ ਦੇ ਪੰਜੇ ਵਿੱਚੋਂ ਛੁਡਾਉਣ ਵਾਸਤੇ ਸਰਕਾਰ ਅੰਗ੍ਰੇਜੀ ਨੂੰ ਏਧ੍ਰ ਪ੍ਰੇਰ ਦਿੱ
ਤਾ ਜੋ ਬੰਗਾਲ, ਬਨਾਰਸ, ਅਵਧ, ਪ੍ਰਯਾਗ, ਆਗਰਾ, ਕਾਨਪੁਰ ਆਦਿਕ ਇਲਾਕੇ ਤੇ ਮਰਹਟਿਆਂ
ਨੂੰ ਦਬਾਉਂਦੇ ਹੋਏ ਲਾਰਡ ਲੇਕ ਸਾਹਿਬ ਬਹਾਦੁਰ ਨੇ ਜਦ ਕੋਇਲ ਨੂੰ ਮੋਰਚਾ ਆ ਲਾਇਆ।
ਮਰਹਟਿਆਂ ਦੇ ਜਨਰਲ ਪੀਰਨ ਸਾਹਿਬ ਨੇ ਮੁਕਾਬਲਾ ਕੀਤਾ ਤੇ ਦੋਹਾਂ ਜੋ ਲੋਈਸ ਸਾਹਿਬ ਫ
ਰਾਂਸੀਸ ਸਿੱਖਾਂ ਸਰਦਾਰਾਂ ਤੋਂ ਨਜਰਾਨੇ ਲੈਂਦਾ ਹੀ ਫਿਰਦਾ ਸੀ ਖਬਰ ਸੁਣਕੇ ਫੇਰ ਉਧਰ
ਨੂੰ ਤੁਰ ਗਿਆ। ਪਰ ਪੀਰਨ ਸਾਹਿਬ ਨੇ ਲੋਭ ਲਲਚਾਰ ਵਿੱਚ ਆਕੇ ਅੱਛੀ ਭਾਂਤੀ ਨਿਮਕ ਹ
ਰਾਮੀ ਕੀਤੀ ਤੇ ਮਰਹਟਿਆਂ ਦੀ ਕਮਰ ਤੋੜੀ ਉਹਨੇ ਜੋ ਕੋਈ ਨ ਛੱਡੋ। ਅੰਗ੍ਰੇਜਾਂ ਤੋਂ ਦੌਲਤ ਲੈਕੇ
ਕੋਇਲ ਦਿੱਲੀ ਦੋਹਾਂ ਲੜਾਈਆਂ ਵਿੱਚ ਮਰਹਟਿਆਂ ਦੀ ਹਾਰ ਅੰਗ੍ਰੇਜਾਂ ਦੀ ਜੀਤ ਕਰਾ
ਮਰਹਟਿਆਂ ਨੂੰ ਮੂੰਹ ਪੈਸਾ ਸਿਰ ਦੇਕੇ ਆਪ ਫਰਾਂਸ ਨੂੰ ਚਲਾ ਗਿਆ। ਕਹੁੰਦੇ ਹੈ ਆਪਣੇ ਹੀ ਸ੍ਰੀਰ
ਦਾ ਰੋਗ ਆਪ ਨੂੰ ਦੁੱਖ ਦਿੰਦਾ ਹੈ ਤੇ ਮਾਰਦਾ ਹੈ। ਜੈਸੇ ਲਾਹੌਰ ਖਾਲਸੇ ਦਾ ਰਾਜ ਤੇਜਾ ਸਿੰਘ
ਫੌਜੀ ਲਾਲ੍ਹ ਸਿੰਘ ਨੇ ਬਰਬਾਦ ਕੀਤਾ ਤੈਸੇ ਮਰਹਟਿਆਂ ਦਾ ਸੱਤਿਆਨਾਸ ਪੀਰਨ ਸਾਹਿ
ਬ ਕਰ ਗਿਆ। —— ।।ਜਸਰੀ ਭਾਜੜ੍ਹ ਪਾਉਣ ਨੇ ਮਰਹਟੇ ਤਾਂ ਤਿੱਤ੍ਰ ਬਿੱਤ੍ਰ ਕਰ ਦਿੱਤੇ। ੧੧ ਸ
ਤੰਬਰ ਸਨ ੧੮੦੩ ਈ: ਤੇ ੧੮੬੦ ਬਿ: ਦਿੱਲੀ ਦੇ ਬੂਹੇ ਅੱਗੇ ਮਰਹਟਿਆਂ ਨੂੰ ਹਾਰ ਦੇਕੇ ਲਾਰ
ਡ ਲੇਕ ਸਾਹਿਬ ਬਹਾਦੁਰ ਨੇ ਦਿੱਲੀ ਉੱਤੇ ਆਪਣਾ ਕਬਜਾ ਕਰਕੇ ਸਾਹ ਆਲਮ[1] ਬਾਦਸ਼ਾ
ਹ ਵਿਚਾਰੇ ਜੋ ਮਰਹਟਿਆਂ ਦੀ ਨਜਰਬੰਦੀ ਵਿੱਚ ਬੜੇ ਦੁਖ ਭੁੱਖ ਦੇ ਦਿਨ ਕੱਟ ਰਿਹਾ ਸੀ ਉਸਦੀ

੧. ।।ਏਹ ਬਾਦਸ਼ਾਹ ਕੁਲ ਮੁਸਲਮਾਨਾਂ ਬਾਦਸ਼ਾਹਾਂ ਤੋਂ ੪੫ ਪਦਵੀ ਬਰ ਤੇ ਬਾਬਰ ਮੁਗਲ ਤੋਂ ੧੨ ਵੀਂ ਪੀੜ੍ਹੀ ਉੱਤੇ ਅੰਤ
ਦਾ ਬਾਦਸ਼ਾਹ ਦਿੱਲੀ ਵਿੱਚ ਹੋਇਆ ਹੈ। ਔਰੰਗਜੇਬ ਦੇ ਪੁੱਤ੍ਰ ਬਹਾਦਰ ਸ਼ਾਹ ਤੋਂ ਪਿੱਛੋਂ ਜਹਾਂਦਾਰ ਸ਼ਾਹ ਦੇ ਜਨਮੇਂ ਅਜੀਜ਼ਦੀਨ ਦਾ ਬੇਟਾ ਬੜੀ
ਉਮਰ ਦਾ ਬੁੱਢਾ ਹੋਕੇ ਸੀ ੧੧ ਮਹੀਨੇ ਤਖਤ ਬੈਠਾ — ਫੇਰ ਉਸਦੇ ਭਤੀਜੇ ਗ਼ਾਜ਼ੀਉੱਦੀਨ ਨੇ ਵਜੀਰ ਨਾਲ ਮਿਲਕੇ ਉਸਨੂੰ ਕੈ

ਉਤਨੀ ਪਿਨਸਨ ਕਰ ਦਿਤੀ। ਜਿਸ ਸੇ ਓਹ ਆਪਣੇ ਸਾਰੇ ਸਬੰਧੀਆਂ ਸਮੇਤ ਚੰਗੀ ੧੮੩
ਗੁਜਰਾਨ ਕਰਦਾ ਰਹੇ। —— ॥ ਅਬ ਦਿੱਲੀ ਵਿੱਚ ਕਰਨੈਲ ਲੇਕ ਨੇ
ਦਖਲ ਕਰ ਆਪ ਤਖਤ ਸੰਭਾਲ ਲੀਤਾ ਏਸ ਨੇ ਜਦ ਸਿੰਘਾਂ ਦਾ ਬਹੁਤ ਜੋਰ ਦੇਖਿਆ ਤਾਂ ਬੜੇ ਫਰੇਬ ਤੇ ਰਾਜਨੀਤੀ ਦੇ ਚਾਲੇ ਕਰ
ਕੇ ਸਿੰਘਾਂ ਵਿਚ ਫਰਕ ਪਾ ਦਿੱਤਾ ਪਟਿਆਲੇ ਵਾਲੇ ਨਾਲ ਤੂੰ ਬੀਰ ਦੇਖਾਦਾ ਨੂੰ ਮਾਮਾਂ ਫੇਰ ਸਿੰਘਾਂ ਉੱਤੇ ਬੜੇ ਜੁਲਮ ਕੀਤੇ ਏਸ ਨੇ ਕੇ
ਫੂਲ ਸਿੰਘ ਪੰਥ ਉੱਤੇ ਹੀ ਗਜਬ ਨਹੀਂ ਗੁਜਾਰੇ ਬਲਕੇ ਜੋ ਸ਼ਾਹਜਾਦਾ ਆਪਣੀ ਕੋਮਰਾਂ ਧੱਕੇ ਚੜ੍ਹਿਆ ਓਸ ਨੂੰ ਬੀਤੇਰਾ ਬਾਣੀ ਕਢਾ ਦਿੱ
ਤਾ ਸਿੰਘ ਤਾਂ ਫੇਰ ਬੀਰ ਬਹਾਦਰ ਮਦਦ ਨਾਲ ਬਣੇ ਰਹੇ ਓਸ ਨੂੰ ਓਸੇ ਦੇ ਵਜੀਰ ਅਬਦੁੱਲਾ ਖਾਂ ਨੇ ਅੰਧਾ ਕਰਕੇ ਦੂਰ ਦਸਾ ਨਾਲ ਮਾਰ ਕਰ ਔ
ਰੰਗਜੇਬ ਦੇ ਪੋਤੇ ਮਹਿਮਦ ਸ਼ਾਹ ਨੂੰ ਤਖਤ ਬੈਠਾ ਦਿੱਤਾ ਏਸੇ ਦੇ ਸਮੇ ਨਾਦਰ ਸ਼ਾਹ ਨੇ ਦਿੱਲੀ ਕਤਲ ਕੀਤੀ ਖਜਾਨੇ ਲੁੱਟੇ ਅਹਿਮਦ ਸ਼ਾ
ਹ ਅਬਦਾਲੀ ਗਿਆਰਾਂ ਵਾਰੀ ਆ ਕੇ ਲੁੱਟ ਪੁੱਟ ਕੇ ਲੈ ਜਾਂਦਾ ਰਿਹਾ। — ॥ ਓਦੋਂ ਵਜੀਰ ਸੱਯਦ ਮਹਿਮਦ ਹਸਨ ਖਾਂ ਤੇ ਮਹਿਮਦ ਹੁਸੈ
ਨ ਖਾਂ ਦੋਹਾਂ ਭਾਈਆਂ ਦਾ ਬੜਾ ਜੋਰ ਸੀ ਬਾਦਸ਼ਾਹ ਕੇਰੀ ਵੰਡੀ ਓਨਾਂ ਅੱਗੇ ਰਹਿੰਦਾ ਸੀ। ਜਦ ਏਸ ਨੇ ਆਸਫ ਜਾਹ (ਜਿਸ ਦੀ ਔਲਾਦ ਹੈਦ੍ਰ ○
ਾਬਾਦ ਦੀ ਬਾਦਸ਼ਾਹ) ਵਜੀਰ ਦੀ ਸਲਾਹ ਨਾਲ ਪੰਜੇ ਵਿਚੋਂ ਨਿਕਲਨਾ ਚਾਹਿਆ। ਏਹ ਭੇਤ ਪਾ ਕੇ ਹੁਸੈਨ ਖਾਂ ਨੇ ਆਸਫ ਜਾਹ ਪਰ
ਚੜ੍ਹਾਈ ਕਰ ਦਿੱਤੀ ਪਰ ਆਸਫ ਜਾਹ ਦੇ ਇਸ਼ਾਰੇ ਨਾਲ ਰਸਤੇ ਵਿਚ ਇੱਕ ਤ੍ਰਾਗੀ ਕਲਮਾਕ ਕੌਮ ਦੇ ਪਠਾਣ ਨੇ ਅਰਜੀ ਦੇ
ਣ ਦੇ ਬਹਾਨੇ ਪਾਲਕੀ ਪਾਸ ਜਾ ਕੇ ਵਜੀਰ ਦੇ ਪੇਟ ਵਿੱਚ ਕਟਾਰ ਫੇਰ ਦਿੱਤੀ। ਓਦੋਂ ਜਦ ਦੇ ਮਰਨੇ ਕਰ ਬਾਦਸ਼ਾਹ ਨੇ ਆਸਫ ਜਾਹ ਨੂੰ ਵਜੀ
ਰ ਆਪਣਾ ਬਣਾ ਲੀਤਾ ਪਰ ਓਹ ਜਦ ਏਸ ਦੇ ਖਰਾਬ ਚਾਲ ਚੱਲਣ ਤੋਂ ਰੰਜ ਹੋ ਕੇ ਚਲਾ ਗਿਆ ਤਦ ਬਾਜੀ ਰਾਓ ਪੇਸ਼ਵਾ ਪੂਨੇ ਵਾ
ਲੇ ਨੇ ਦਿੱਲੀ ਦੀਆਂ ਕੰਧਾਂ ਤਕ ਆਪਣਾ ਘੋੜਾ ਆ ਫੇਰਿਆ ਚੰਬਲ ਨਦੀ ਤਕ ਮੁਲਕ ਪਰ ਕਬਜਾ ਕਰ ਕੇ ਮੁੜ ਗਿਆ ਜੋ ਕੋਈ ਓਸਦੇ
ਸੂਬੇ ਮਲਾਰ ਰਾਓ ਹੁਲਕਰ ਇੰਦੋਰ ਵਿਚ ਤੇ ਰਾਨੋਜੀ ਸੰਧੀਆ ਗਵਾਲੀਅਰ ਵਿੱਚ ਬੈਠੇ ੨ ਲਸਕਰ ਤੇ ਮੁਲਕ ਦੇ ਮਾਲਕ ਬਣੇ
ਸੇ। —— ॥ ਸੰ: ੧੮੦੫ ਬਿ: ਕੋ ਮਹਿਮਦ ਸ਼ਾਹ ਦੇ ਮਰੇ ਪਿੱਛੋਂ ਓਸ ਦਾ ਬੇਟਾ ਅਹਿਮਦ ਸ਼ਾਹ ਬਾਦਸ਼ਾਹ ਹੋਯਾ ਏਸ ਨੇ ਸਆਦਤ ਖਾਂ
ਲਖਨਊ ਵਾਲੇ ਦੇ ਪੋਤੇ ਸਫਦਰ ਜੰਗ ਨੂੰ ਆਪਣਾ ਵਜੀਰ ਬਣਾ ਲੀਤਾ ਪਰ ਆਸਫ ਜਾਹ ਹੈਦ੍ਰਾਬਾਦ ਵਾਲੇ ਦੇ ਪੋਤੇ ਗਾਜੀਉਦੀਨ ਤੇ ਸ
ਫਦਰ ਜੰਗ ਦਾ ਆਪਸ ਮੇਂ ਐਸਾ ਵੈਰ ਵਧ ਗਿਆ ਜੋ ਦੋਹਾਂ ਪਾਸਿਆਂ ਦੀ ਦਿੱਲੀ ਵਿਚ ਰਾਤ ਦਿਨੇ ਤਲਵਾਰ ਚਲਦੀ ਰਹੇ ਏਹ ਫਸਾਦ ਮੇਟ
ਣ ਲਈ ਸਫਦਰ ਜੰਗ ਤਾਂ ਵਜਾਰਤ ਛੱਡ ਕੇ ਲਖਨਊ ਚਲਾ ਗਿਆ ਗਾਜੀਉਦੀਨ ਨੇ ਬਾਦਸ਼ਾਹ ਨੂੰ ਓਸ ਦੀ ਮਾਂ ਸਮੇਤ ਅੰਧਾ ਕਰ
ਬੁਰੀ ਤਰਾਂ ਮਰਵਾ ਕਰ ਜਹਾਂਦਾਰ ਸ਼ਾਹ ਦੇ ਬੇਟੇ ਨੂੰ ਸੰ: ੧੮੧੬ ਬਿ: ਕੋ ਤਖਤ ਪਰ ਬੈਠਾ ਦਿੱਤਾ ਜਿਸ ਦਾ ਨਾਮ ਆਲਮਗੀਰ ਸ਼ਾ
ਨੀ ਹੋਯਾ। — ॥ ਗਾਜੀਉਦੀਨ ਨੇ ਲਾਹੌਰ ਦੇ ਸੂਬੇ ਮੀਰ ਮੰਨੂੰ ਦੀ ਬੇਗਮ ਉੱਤੇ ਚੜ੍ਹਾਈ ਕੀਤੀ ਓਸ ਦੀ ਮਦਤ ਪਰ ਅਹਿਮਦ ਸ਼ਾ
ਹ ਦੁਰਾਨੀ ਚੜ੍ਹ ਆਯਾ। — ॥ ਜਦ ਓਹ ਮਥਰਾ ਤਕ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਰੁਹੇਲ ਖੰਡ ਦੇ ਨਵਾਬ ਨਜੀਬੁੱਦੌਲੇ ਨੂੰ ਦਿੱਲੀ ਦਾ ○
ਵਜੀਰ ਕਰਕੇ ਮੁੜ ਗਿਆ ਤਾਂ ਗਾਜੀਉਦੀਨ ਮਰਹਟਿਆਂ ਦੇ ਸਰਦਾਰ ਪੇਸ਼ਵਾ ਦੇ ਛੋਟੇ ਭਾਈ ਰਘੁਨਾਥ ਰਾਓ ਨੂੰ ਚੜ੍ਹਾ ਲਿਆਯਾ
ਤਿੰਨ ਮਹੀਨੇ ਲੜਾਈ ਕਰ ਕੇ ਦਿੱਲੀ ਫਤੇ ਕਰ ਲੀਤੀ ਨਜੀਬੁੱਦੌਲਾ ਤਾਂ ਰੁਹੇਲ ਖੰਡ ਵਲੀ ਦੌੜ ਗਿਆ ਗਾਜੀਉਦੀਨ ਫੇਰ ਵਜੀ
ਰ ਬਣ ਬੈਠਾ। ਮਰਹਟਿਆਂ ਨੇ ਗਾਜੀਉਦੀਨ ਨੂੰ ਦਿੱਲੀ ਦਾ ਵਜੀਰ ਬਣਾ ਕੇ ਪੰਜਾਬ ਵਿੱਚੋਂ ਤੈਮੂਰ ਸ਼ਾਹ ਕਾਬਲ ਵਾਲੇ ਨੂੰ ਬੇਇੱਜ
ਤ ਕਰ ਕੇ ਜਾ ਕੱਢਿਆ ਤੇ ਆਪ ਮਾਲਕ ਬਣ ਬੈਠੇ। ਰਘੁਨਾਥ ਰਾਓ ਜਦ ਆਪਣੇ ਸਰਦਾਰਾਂ ਨੂੰ ਫੌਜ ਸਮੇਤ ਪੰਜਾਬ ਵਿੱਚ ਛੱ
ਡ ਕੇ ਦੱਖਣ ਵੱਲ ਮੁੜ ਗਿਆ ਤਾਂ ਅਹਿਮਦ ਸ਼ਾਹ ਦੁੱਰਾਨੀ ਬਾਦਸ਼ਾਹ ਕਾਬਲ ਮਾਂਦਾ ਬਦਲਾ ਲੈਣ ਅਸਵਾਰ ਲੈ ਕੇ ਬੜੇ ਵੇ
ਗ ਨਾਲ ਸੰ: ੧੮੧੭ ਬਿ: ਕੋ ਚੜ੍ਹ ਆਯਾ। ਓਸ ਤੋਂ ਡਰਦੇ ਮਰਹਟੇ ਤਾਂ ਅੱਗੇ ਰਹੇ ਦੱਖਣ ਪਨੀਪਤ ਨਾ ਠਹਰਿਆ। — ॥ ਏਹ
ਖਬਰ ਸੁਣ ਕੇ ਰਘੁਨਾਥ ਰਾਓ ਬਿਸਵਾਸ ਰਾਓ ਮਹਾਂਦਜੀ ਸੰਧੀਆ ਆਦਿਕ ਸਭ ਮਰਹਟੇ ਦੋ ਲਾਖ ਫੌਜ ਲੈ ਕੇ ਪਾ
ਣੀਪਤ ਪਾਸ ਦੁੱਰਾਨੀ ਸ਼ਾਹ ਨਾਲ ਆ ਲੜੇ। — ॥ ਹਾਰ ਜੀਤ ਓਹ ਵਡੇ ਰੱਬ ਦੇ ਹੱਥ ਹੈ ਜਿਸ ਨੂੰ ਜਿੱਤੇ ਮਰਜੀ ਹੋਵੇ। — ਮਰਹ
ਟਿਆਂ ਦਾ ਬੜਾ ਭਾਰੀ ਨੁਕਸਾਨ ਹੋਯਾ ਬੜੇ ੨ ਸਰਦਾਰ ਵੀ ਜੁਸ ਮਾਰੇ ਗਏ। — ॥ ਸੰ: ੧੮੨੮ ਬਿ: ਕੋ ਜਦ ਗਾਜੀਉ

Digitized by Panjab Digital Library | www.panjabdigilib.org

੧੮੪ ਅਖਤਰ ਸਾਹਿਬ ਨੂੰ ਛੱਡ ਕੇ ਲਾਰਡ ਲੇਕ ਸਾਹਿਬ ਬਹਾਦਰ ਨੇ ਬੜੇ ਭਾਰੀ ਲਸਕਰ ਸਮੇਤ ਡੀਗ ਦੀ ਤਰਫ (ਜਿਥੇ ਬਹੁਤ ਮਰਹਟੇ ਕੱਠੇ ਹੋ ਰਹੇ ਸੇ) ਕੂਚ ਕੀਤਾ। ਉਥੇ ਬੀ ਬੜੀ ਭਾਰੀ ਹਾਰ ਮਰਹਟਿਆਂ ਨੂੰ ਮਿਲੀ।—॥ਹਾਰ ਕੇ ਮਰਹਟਿਆਂ ਨੇ ਬੀ ਸਰਜੇ ਅੰਜਨ ਪਿੰਡ ਪਾਸ ਸਰਕਾਰ ਅੰਗ੍ਰੇਜੀ ਸਬ ਮੁਲਾਕਾਤ ਕਰਕੇ ਅਹਿਦਨਾਮਾ ਲਿਖ ਦਿੱਤਾ। ਹਿਸਾਰ, ਰੁਹਤਕ, ਗੁੜਗਾਂਵਂ, ਦਿੱਲੀ ਆਗਰੇ ਦੇ ਜਿਲੇ ਸਰਕਾਰ ਅੰਗ੍ਰੇਜੀ ਦੇ ਹਵਾਲੇ ਕਰਕੇ ਹੋਰ ਮੁਲਕ ਸਬ ਆਪਣੇ ਪਾਸ ਰੱਖਿਆ।

ਰਾਜਾ ਸਾਹਿਬ ਸਿੰਘ ਤੇ ਰਾਣੀ ਆਸ ਕੌਰ ਦਾ ਝਗੜਾ।

॥ ॥ਅਤੇ ਰਾਜਾ ਸਾਹਿਬ ਸਿੰਘ ਆਪਣੀ ਸੌਤਲੀ ਮਾਂ ਰਾਣੀ ਹੁਕਮਾਂ ਦੀ ਸਲਾਹ ਮਸਤਰੇ ਕੀਆਂ ਵਿਚ ਬਹੁਤ ਬਰਤਦੇ ਰਹਿੰਦੇ। ਅਬ ਰਾਣੀ ਆਸ ਕੌਰ ਟਿੱਕੇ ਕਰਮ ਸਿੰਘ ਦੀ ਮਾਈ ਜੋ ਨਿਹਾਇਤ ਦੂਰੰਦੇਸ ਅਕਲ ਵਾਲੀ ਸੀ ਉਹ ਚਾਹੁੰਦੀ ਸੀ ਰਾਣੀ ਹੁਕਮਾਂ ਦੀ ਸਲਾਹਾਂ ਰਾਜਾ ਨਾ ਮਨਣ ਅਰੀ ਮਨਣਾ। ਏਸ ਖਿੱਚਾ ਖਿੱਚੀ ਵਿਚ ਰਾਣੀ ਹੁਕਮਾਂ ਦੇ ਆਖੇ ਮਹਾਰਾਜਾ ਨੇ ਰਾਣੀ ਆਸ ਕੌਰ ਨੂੰ ਅਮਰਗੜ੍ਹ ਦੇ ਕਿਲੇ ਵਿਚ (ਜਿਥੇ ਉਸਦੀ ਜਾਗੀਰ ਸੀ) ਭੇਜ ਦਿੱਤਾ। ਰਾਣੀ ਆਸ ਕੌਰ ਨੇ ਆਪਣੀ ਅਕਲ ਤੇ ਉਦਾਰਤਾ ਦੇ ਜੋਰ ਨਾਲ ਬਹੁਤ ਸੇ ਸਿੱਖ ਸਰਦਾਰ ਆਪਣੇ ਬਣਾ ਕੇ ਕਿਲੇ ਅਮਰਗੜ੍ਹ ਨੂੰ ਆਕੀ ਕਰ ਲੀਤਾ ਅਨੇਕ ਸਰਦਾਰ ਰਾਜੇ ਨਾਲ ਬਿਗੜ ਕੇ ਉਥੇ ਜਾ ਰਹੇ। ਹੁਣ ਰਾਜਾ ਨੇ ਐਸੀ ਨਾਦਾਨੀ ਤੇ ਕਾਹਲ ਕੀਤੀ ਰਾਣੀ ਨੂੰ ਉਥੋਂ ਕੱਢਣ ਲਈ ਫੌਜ ਲੈ ਕੇ ਮਨਸੂਰਪੁਰ ਜਾ ਉਤਰਿਆ।——॥ਰਾਣੀ ਨੇ ਸਰਦਾਰ ਭੰਗਾ ਸਿੰਘ ਨੂੰ (ਜਿਸਦੀ ਬੇਟੀ ਰੂਪ ਕੌਰ ਰਾਜੇ ਕਰਮ ਸਿੰਘ ਨੂੰ ਮੰਗੀ ਹੋਈ ਸੀ।) ਆਪਣੀ ਮਦਦ ਪਰ ਬੁਲਾ ਲੀਤਾ। ਜਦ ਮਹਾਰਾਜੇ ਨੇ ਠੀਕ ਜੰਗ ਦੀ ਤਿਆਰੀ ਕਰਕੇ ਹੁਕਮ ਭੇਜਿਆ ਕਿ ਯਾ ਤੋ ਰਾਣੀ ਸਾਹਿਬ ਕਿਸੇ ਹੋਰ ਮਕਾਨ ਵਿਚ ਚਲੀ ਜਾਵੇ ਨਹੀਂ ਤਾਂ ਉਸਦਾ ਸਤੇ ਚੰਗਾ ਨਾ ਹੋਵੇਗਾ।——॥ਤਦੋਂ ਰਾਣੀ ਸਾਹਿਬਾ ਨੇ ਐਸੀ ਚਾਲ ਕੀਤੀ ਜੋ ਦੇਗ ਸਿੰਘ ਪਰਬੀਆ ਪਟਿਆਲੇ ਦੇ ਕਿਲੇ ਦਾ ਰਸੀਸਰ

੧ ਜੀ ਦੀਨ ਦੇ ਆਦਮੀਆਂ ਦੇ ਹੱਥੋਂ ਆਲਮਗੀਰ ਸਾਨੀ ਬਾਦਸ਼ਾਹ ਬੀ ਮਾਰ ਗਿਆ ਤਾਂ ਸਜਾਉਦੌਲਾ ਨੇ ਉਸਦੇ ਬੇਟੇ ਅਲੀਗੌਹਰ ਕੋ ਤਖਤ ਬੈਠਾ ਕੇ ਸ਼ਾਹ ਆਲਮ ਖਤਾਬ ਉਸਦਾ ਰੱਖਿਆ।——॥ਹੁਣ ਨਜੀਬਖਾਂ ਰੁਹੇਲੇ ਨੇ ਏਸਦਾ ਵਜੀਰ ਬਣਕੇ ਏਸ ਬਾਦਸ਼ਾਹ ਨੂੰ ਪੰਦ੍ਰਾਂ ਬਰਸ ਆਪਣੇ ਹੁਕਮ ਅੰਦਰ ਕੈਦੀ ਵਾਂਗੂ ਰੱਖਿਆ। ਜਦ ਏਸਨੇ ਨਜਫਖਾਂ ਅਮੀਰ ਦੀ ਮਦਦ ਨਾਲ ਨਜਾਬਦੌਲੇ ਨੂੰ ਮਰਵਾ ਕੇ ਨਜਫਖਾਂ ਨੂੰ ਆਪਣਾ ਵਜੀਰ ਬਣਾ ਲੀਤਾ ਏਸੇ ਨਜਫਖਾਂ ਤੇ ਸਆਦਤਖਾਂ ਦੇ ਜਮਾਨੇ ਮਹਾਦਜੀ ਦਿੱਲੀ ਦੀ ਬਾਦਸ਼ਾਹੀ ਤੇ ਆਮਦਨੀ ਸੀ।——॥ਸੰ: ੧੮੪੭ ਬਿ: ਮੇਂ ਸਿੰਘਾਂ ਦੇ ਲਸਕਰ ਨੇ ਦਿੱਲੀ ਲੁੱਟੀ। ਗੁਰਦੁਆਰੇ ਬਣਵਾਏ ਸਿੰਘਾਂ ਦੇ ਚਲੇ ਆਏ ਪਿੱਛੋਂ ਸੰ: ੧੮੪੭ ਬਿ: ਮੇਂ ਨਜਾਬਦੌਲੇ ਦੇ ਪੋਤ੍ਰੇ ਗੁਲਾਮ ਕਾਦਰ ਖਾਂ ਨੇ ਆਪਣੀ ਰੁਹੇਲੀ ਫੌਜ ਲੈ ਜਾ ਕਰ ਬਾਦਸ਼ਾਹ ਨੂੰ ਕਿਲੇ ਵਿਚ ਜਾ ਫੜਿਆ।——॥ਉਸਦੀ ਛਾਤੀ ਉੱਤੇ ਬੈਠ ਕੇ ਦੋਵੇਂ ਨੇਤ੍ਰ ਉਸਦੇ ਕੱਢ ਕੇ ਬਾਹਰ ਸਿੱਟ ਦਿੱਤੇ। ਬਾਦਸ਼ਾਹ ਨੂੰ ਕੈਦ ਰੱਖ ਕੇ ਕਿਲਾ ਐਸਾ ਲੁੱਟਿਆ ਬੇਗਮਾਂ ਦੇ ਕੱਪੜੇ ਫੋਲੇ ਫਾਂਤ ਕਰ ਕੂੰਛ ਛੱਡਿਆ।——॥ਏਸ ਜੁਲਮ ਦੀ ਖਬਰ ਨੂੰ ਸੁਣ ਕੇ ਮਹਾਦਜੀ ਸੇਂਧੀਆ ਫੌ-

ਦਾਰਜ ਵਾਲਾ ਸਿੰਘ ਦੂਗਰ ਉਸਨੂੰ ਅਪਣਾ ਬਣ ਕੇ ਫੌਰਨ ਪਟਿਆਲੇ ਦੇ ਕਿਲੇ ਵਿੱਚ ਆ ਬੜੀ ੧੮੫
ਤੇ ਸਹਿਰ ਦੇ ਕੋਟ ਉੱਤੇ ਤੋਪਾਂ ਚੜ੍ਹਾ ਦਿੱਤੀਆਂ। — ।।ਹੁਣ ਮਹਾਰਾਜ ਨਾਲ ਤਾਂ (ਬਹੁਤਾ ਖਾਂਦੀ
ਬੜ੍ਹੇ ਨੇ ਬੀ ਜਾਂਦੀ) ਏਹ ਗੱਲ ਹੋਈ ਰਾਣੀ ਤੇ ਅਸ੍ਰਗਾਤ੍ਰ ਛੁਡਾਉਂਦਾ ਅਪਣਾ ਪਰਗੀਖ੍ਰ
ਹ ਬੈਠਾ। —— ।।ਰਾਜਾ ਸਾਹਿਬ ਨੇ ਤਾਂ ਮੈਦਬਾਦ ਉੱਤ੍ਰ ਕੇ ਅਪਣੀ ਮਦਦ ਰਾਜਾ ਭਾਗ ਸਿੰ
ਘ ਭਾਈ ਲਾਲ ਸਿੰਘ ਜੋਧ ਸਿੰਘ ਕਲਸੀਆ ਕਰਮ ਸਿੰਘ ਨਿਰਮਲਾ ਬੂਲਾਲ ਏ
ਤੇ ਰਾਣੀ ਸਾਹਿਬ ਦੇ ਨੀ ਰਾਜਾ ਜਸ ਦੇਤ ਸਿੰਘ ਨਭੇ ਵਾਲਾ ਭੰਗਾ ਸਿੰਘ ਥਨੇਸੀ ਗੁਰਦਿਤ
ਸਿੰਘ ਲਾਡ੍ਹਏ ਵਾਲਾ ਏਹ ਆਗਏ ਜੰਗ ਹੋਣ ਲੱਗ ਪਿਆ। ——

(ਜਸਵੰਤ ਰਾਉ ਹੁਲਕਰ ਦੀ ਆਮਦ।)

।।ਏਹ ਤਨਾ ਜਾਂ ਛੀ ਮਹੀਨੇ ਗਰਮ ਰਿਹਾ ਤਾਂ, ਖਬਰ ਆਈ ਕਿ ਜਸਵੰਤ ਰਾਉ ਹੁਲਕਰ ਅੰ
ਗਰੇਜਾਂ ਤੋਂ ਭਾਜ ਖਾ ਕੇ ਚਲਾ ਆਉਂਦਾ ਹੈ। ਏਹ ਸੁਣ ਕੇ ਭਾਈ ਲਾਲ ਸਿੰਘ ਨੇ ਦੋਹੀ ਪਾਸੀਂ ਸਮ
ਝਾਯਾ। ਕਿ ਮਤ ਕਿਤੇ ਦੋਹਾਂ ਧਿਰਾਂ ਲੜਦੀਆਂ ਨੂੰ ਤੀਜੀ ਬਿੱਲੀ ਉਠ ਕੇ ਲੈ ਜਾਏ। ਰਾਣੀ
ਰਾਜੇ ਦੀ ਸੁਲਾ ਕਰਾ ਦਿੱਤੀ।। — ।।ਦੂਜੇ ਦਿਨ ਹੁਲਕਰ ਆ ਪਹੁੰਚਿਆ ਤੇ ਮਦਦ ਚਾਹੀ ਤਾਂ ਰ
ਾਜਾ ਸਾਹਿਬ ਨੇ (ਉਸ ਅਹਿਦ ਨਾਮੇ ਦੇ ਲਿਹਾਜ ਨੂੰ ਜੋ ਮਾਰਚ ਸੰ: ੧੮੦੪ ਈ: ਕਰਨੈਲ ਲੇਕ
ਸਾਹਿਬ ਬਹਾਦੁਰ ਦੇ ਸਾਥ ਹੋ ਲੀਤਾ ਸੀ।) ਉਸਨੂੰ ਮਦਦ ਨਾ ਦਿੱਤੀ। ਅਗਲੇ ਦਿਨ ਲਾਰਡ
ਲੇਕ ਪਟਿਆਲੇ ਆ ਪਹੁੰਚਾ ਮਦਦ ਆਦਿਕ ਦਿੱਤੀ ਗਈ। ਓਹ ਬੀ ਖੁਸੀ ਹੋਕੇ ਨਭੇ ਹੁੰਦਾ ਹੋਯਾ
ਪੰਜਾਬ ਨੂੰ ਚਲਾ ਗਿਆ। —— ।।ਵੈਸਾਖ ਸੰ: ੧੮੬੩ ਬਿ: ਕੋ ਭਾਈ ਤ
ਾਰਾ ਸਿੰਘ ਦੁਲੱਦੀ ਪਿੰਡੀ (ਜੇਹੜਾ ਨਭੇ ਤੋਂ ਇਕ ਮੀਲ ਉੱਤੇ ਪਟਿਆਲੇ ਦਾ ਹੈ।) ਹੱਦ ਦਾ ਝਗ
ੜਾ ਨਿਬੇੜਨੇ ਲਈ ਪਟਿਆਲੇ ਦੀ ਨੀਓ ਨਭੇ ਗਿਆ ਤਾਂ ਠੱਡੇ ਬੰਦੀ ਪਰ ਬੋਲ ਚੱਲ ਕੇ ਨਭੇ ਦੇ ਰਾਜ
ੇ ਉਸਨੂੰ ਮਰਵਾ ਦਿੱਤਾ। —— ।।ਏਸ ਜ਼ੁਲਮ ਦਾ ਬਦਲਾ ਲੈਣ ਵਾਸਤੇ ਮਹਾਰਾਜ ਤਾਂ ਸਨ
ਸੂਰ ਪੂਰਜਾ ਉੱਤ੍ਰੇ ਤੇ ਰਾਣੀ ਆਸ ਕੌਰ ਨੇ ਅਪਣੀ ਸਪਾਹ ਲੈਕੇ ਨਭੇ ਦੇ ਇਲਾਕੇ ਵਿੱਚ ਜਾ ਲੁੱਟ

ਕੀ ਚੜ੍ਹ ਆਯਾ ਉਸ ਨੇ ਬੜ੍ਹੇ ਜੰਗ ਨਾਲ ਫਤੇ ਕਰ ਗੁਲਾਮ ਕਾਦਰ ਖਾਂ ਨੂੰ ਫੜ ਕੇ ਨੱਕ ਕੰਨ ਹੱਥ ਪੈਰ ਉਸਦੇ ਵੱਢ
ਕੇ ਪਿੰਜਰੇ ਵਿੱਚ ਪਾ ਬਜਾਰ ਵਿੱਚ ਰਖ ਦਿੱਤਾ। ਓਹ ਤਾਂ ਤੜਫ਼ ਤੜਫ਼ ਕੇ ਤੀਜੇ ਦਿਨ ਮਰ ਗਿਆ ਜੋ ਸਾਰੀ ਅਤੇ ਸਾ ਫਲ
ਲੀਆ। ਅਬ ਮਰਹਟਿਆਂ ਨੇ ਬਾਦਸਾਹ ਨੂੰ ਨਜਰਬੰਦੀ ਰਖਕੇ ਸਭ ਕੇ ਕਿਲੇ ਵਿਚ ਨਜਰਬੰਦ ਰੱਖਿਆ ਦਿੱਲੀ ਉੱਤੇ ਅ
ਪਣਾ ਕਬਜਾ ਤੇ ਬੰਦੋਬਸਤ ਕਰ ਦਿੱਤਾ। ਗਿਆਰਾਂ ਬਰਸ ਮਰਹਟਿਆਂ ਦੇ ਕਬਜੇ ਦਿੱਲੀ ਰਹੀ।। ——
।।ਪੀਰਨ ਸਾਹਿਬ ਫਰਾਂਸੀਸ ਫਰੰਗੀ (ਜੋ ਮਰਹਟਿਆਂ ਦੀ ਕੁਛ ਫੌਜ ਦਾ ਮਾਲਕ ਬਖਸੀ ਤੇ ਏਸ ਦੇਸ ਦਾ ਸੂਬ
ਾ ਸੀ) ਉਸ ਦੇ ਹੁਕਮ ਵਿਚ ਸਬ ਕਾਰ ਬਾਰ ਹੁੰਦੇ ਰਹੇ ਆਖਰ ਸੰ: ੧੮੬੦ ਬਿ: ਕੋ ਕਰਨੈਲ ਜਰਨੈਲ ਦੀ ਤਰਫੋਂ ਅੰਗਰੇਜੀ ਫੌਜ
ਲੈ ਕੇ ਲਾਰਡ ਲੇਕ ਸਾਹਿਬ ਬਹਾਦੁਰ ਨੇ ਆਕੇ ਮਰਹਟਿਆਂ ਤੋਂ ਦਿਲੀ ਛੁਡਾ ਲੀਤੀ।। ——

Digitized by Panjab Digital Library | www.panjabdigilib.org

੧੮੬ ਮਚਾਈ॥ਜਦ ਦਭਲਾਣਾ ਖੇੜੀ ਆਦਿਕ ਕਈ ਪਿੰਡ ਲੁੱਟ ਲਏ ਗਏ ਤਾਂ ਰਾਜਾ ਜਸਵੰਤ ਸਿੰਘ
ਨੇ ਰਾਜੇ ਭਾਗ ਸਿੰਘ ਨੂੰ ਆਪਣੀ ਮਦਦ ਵਿੱਚ ਲੈਕੇ ਪਟਿਆਲੇ ਦੀ ਫੌਜ ਨਾਲ ਲੜਾਈ
ਕੀਤੀ॥ਉਧਰ ਸਰਦਾਰ ਮਤਾਬ ਸਿੰਘ ਬਨੇਸੀ ਤੇ ਭਾਈ ਲਾਲ ਸਿੰਘ ਪਟਿਆਲੇ ਦੀ ਕੁ
ਮਕ ਪਰ ਪਹੁੰਚ ਗਏ॥ਦੋ ਮਹੀਨੇ ਥੋੜੀ੨ ਲੜਾਈ ਹੁੰਦੀ ਰਹੀ ਇਕ ਦਿਨ ਸਰਦਾਰ ਮਤਾਬ
ਸਿੰਘ ਮਾਰਿਆ ਗਿਆ ਤਾਂ ਮਹਾਰਾਜ ਬੀ ਗੁੱਸਾ ਖਾਕਰ ਚੜ੍ਹ ਆਏ॥ ਲਾਡੋ ਤੋਂ ਚਾਰ ਕੋਹ ਨਰਵਾਣਾ
ਪਿੰਡ ਪਾਸ ਭਾਰੀ ਜੰਗ ਹੋਯਾ ਦੋਹਾਂ ਪਾਸਿਆਂ ਦੇ ਕਈ ਆਦਮੀ ਮਾਰੇ ਗਏ॥ਜਸਵੰਤ ਸਿੰਘ
ਨੱਠ ਕੇ ਨਾਭੇ ਜਾ ਬੜਿਆ ਤਾਂ ਮਹਾਰਾਜ ਉਸ ਦੇ ਇਲਾਕੇ ਦੀ ਲੁੱਟ ਖੋਹ ਕਰਕੇ ਪਟਿਆਲੇ ਨੂੰ
ਲੈ ਆਏ॥ਦੁਲੱਦੀ ਪਿੰਡ ਦੇ ਨੱਠੇ ਉਥੇ ਹੀ ਰਹੇ ਜਿੱਥੇ ਪਹਿਲੇ ਨਾਭੇ ਦੇ ਦਰਵਾਜ਼ੇ ਅੱਗੇ ਸਨ॥—
॥ਹੁਣ ਰਾਜਾ ਜਸਵੰਤ ਸਿੰਘ ਨੇ ਰਾਜੇ ਭਾਗ ਸਿੰਘ ਦੀ ਸਲਾਹ ਨਾਲ ਮਹਾਰਾਜੇ ਰਣਜੀ
ਤ ਸਿੰਘ ਨੂੰ ਆਪਣੀ ਮਦਦ ਪਰ ਬੁਲਾ ਲਿਆ॥ਉਹ ਤਾਂ ਏਸ ਦੇਸ ਆਉਣ ਦੇ ਤਾਂਘ ਹੀ ਉਡੀ
ਕ ਰੈਹਾ ਸੀ॥ ੨੬ ਜੂਲਾਈ ਸ: ੧੮੦੫ ਈ: ਤੇ ਬਿ: ੧੮੬੨ ਵਿ: ਨੂੰ ਵੀਹ ਹਜ਼ਾਰ (੨੦੦੦੦) ਸਪਾਹ
ਸਮੇਤ ਆ ਪਹੁੰਚਿਆ ਕੋਟਲੇ ਪਾਸ ਰਾਜਾ ਜਸਵੰਤ ਸਿੰਘ ਅੱਗੋਂ ਜਾ ਮਿਲਿਆ॥ਮਹਾਰਾਜੇ
ਰਣਜੀਤ ਸਿੰਘ ਸਰਕਾਰ ਖਾਲਸੇ ਨੇ ਜਿਸ ਦੁਲੱਦੀ ਪਿੰਡ ਬਾਬਤ ਨਿੱਤ ਝਗੜਾ ਰਹਿੰਦਾ ਸੀ
ਉਥੋਂ ਪਟਿਆਲੇ ਦਾ ਥਾਣਾ ਉਠਾ ਕੇ ਰਾਜੇ ਜਸਵੰਤ ਸਿੰਘ ਦਾ ਕਬਜ਼ਾ ਕਰਾ ਦਿੱਤਾ॥ਉਸ ਨੇ ਉਸ
ਪਿੰਡ ਨੂੰ ਉਜਾੜ ਕੇ ਆਪਣੇ ਕੋਰੇ ਧਰ ਦੇ ਭੱਠ ਨੂੰ ਠਾ ਕੀਤਾ ਤੇ ਜੋੜੇ ਉਸ ਪਿੰਡ ਦੇ ਹੂਏ ਨਾਭੇ ਦੇ ਨੇੜੇ ਵਸੇ
ਸਭ ਢਾਹਕੇ ਖੁਸ਼ੀ ਮਨਾਈ—॥ਫੇਰ ਬੀ ਸਬਰ ਨ ਕੀਤਾ ਸਰਕਾਰ ਖਾਲਸੇ ਨੂੰ ਲੈਕੇ ਪ
ਟਿਆਲੇ ਦਾ ਇਲਾਕਾ ਲੁੱਟਣ ਪੁੱਟਣ ਲਈ ਜੋ ਸੇਹ ਇਸ ਦਾ ਲੁੱਟ ਪੁੱਟ ਕੇ ਲੈ ਗਏ ਸੇ ਚੜ੍ਹ
ਲਾਖ ਰੁਪਏ ਦਾ ਖਜ਼ਾਨਾ ਲੈ ਕੇ ਜੀਂਦ ਤੋਂ ਬਾਲਾਂਵਾਲੀ ਦੇ ਕਿਲੇ ਵਿੱਚ ਜਾ ਬੈਠੇ ਸੇ ਪਰ ਗਲੇ

+ ਜਿਹੜਾ ਰਾਜਾ ਨਿਰਦੋਸ਼ ਤੇ ਕਲੰਕ ਉਸੇ ਦਿਨ ਜਾਂ ਲਾਏ ਗਏ ਤਾਂ ਰਿਆਸਤ ਮਿਲੇ ਮੁੱਢ ਕੇ ਬੇਰਹ-
ਮ ਲਗੌਆ ਏਹ ਪਰਉਪਕਾਰ ਤੇ ਮਾਨ ਪ੍ਰਮਾਨ ਦਾ ਟੋਕਾ ਰਾਜੇ ਭਾਗ ਸਿੰਘ ਦੇ ਨਾਮ ਦਾ ਬਣਿਆ ਪ੍ਰਜਾ ਨੂੰ ਸੁਖਦਾਈ
ਸੰਪੂਰਨ ਰਾਜੇ ਦੀ ਮੌਤ ਸੋਗ ਕਰ ਰਿਹਾ ਸਾ॥——

Digitized by Panjab Digital Library | www.panjabdigilib.org

ਜਾ ਬੜ੍ਹੇ।— ।ਜਦ ਸਾਹਿਬ ਏਜੰਟ ਦੇ ਹੁਕਮ ਨਾਲ ਪਟਿਆਲੇ ਨਾਭੇ ਕੈਥਲ ਦੀ ਫੌਜ ਉਥੇ ਪਹੁੰ ੨੮੫
ਚੀ ਤਾਂ ਓਹ ਉਥੋਂ ਰਫੂ ਚੱਕਰ ਹੋਯਾ। ਪਹਿਲੇ ਅਨੰਦਪੁਰ ਮਾਖੋਵਾਲ ਦੇ ਗੈਆ ਫੇਰ ਰਾਹੋਂ ਗਿਰਦੇ ਦੁਆ
ਬੇ ਵਿੱਚ ਫੂਲਾ ਸਿੰਘ ਅਕਾਲੀ ਦੀ ਜਮਾਤ ਨਾਲ ਜਾ ਰਲਿਆ ਦੋ ਮਹੀਨੇ ਓਧਰੇ ਲੁੱਟ ਮਾਰ ਕ
ਰਦੇ ਫਿਰੇ। ਓੜਕ ਫੂਲਾ ਸਿੰਘ ਬੀ ਪੰਜ ਸੌ ਅਕਾਲੀ ਨੂੰ ਸਾਥ ਲੈਕੇ ਕੌਰ ਜੀ ਦੀ ਮਦਦ ਪਰ ਚ
ੜ੍ਹ ਆਯਾ। ਸਤਲੁਜ ਟੱਪਕੇ ਮੁਲਕ ਨੂੰ ਲੁੱਟਦੇ ਖਾਂਦੇ ਸਿੰਘੇ ਵਾਲਿਆਂ ਵਲ ਚਲੇ ਆਏ।—
ਉਥੇ ਪਹਿਲੇ ਹੀ ਕੌਰ ਜੀ ਦੇ ਆਦਮੀ ਕਿਲੇ ਵਿੱਚ ਆਕੀ ਸੇ ਜੋ ਬਾਹਰ ਤੇ ਪਟਿਆਲੇ ਦੀ ਫੌਜ
ਨੇ ਘੇਰ ਰੱਖੇ ਸੇ।— ।ਕੌਰ ਜੀ ਨੂੰ ਤਾਂ ਕਿਲੇ ਵਾਲਿਆਂ ਵਾਲੀ ਵਿੱਚ ਭੇਜ ਦਿੱਤਾ ਤੇ ਆਪ ਫੂਲਾ ਸਿੰ
ਘ ਜੀ ਪਟਿਆਲੇ ਦੀ ਫੌਜ ਦੇ ਮੁਕਾਬਲੇ ਪਰ ਖੜ੍ਹੇ ਹੋ ਗਏ। ਜਿਉਂ ੨ ਏਹ ਸਿੰਘ ਭਾਈ ਤੇ ਫਕੀਰ
ਸਮਝਦੇ ਓਨਾਂ ਤੇ ਟਾਲ ਕਰਦੇ ਰਹੇ ਤਿਓਂ ੨ ਨਿਹੰਗ ਭੰਗ ਪੀਕੇ ਮੱਛਰਦੇ ਗਏ। ਏਤਨੇ ਏਜੰਟ
ਸਾਹਿਬ ਦੇ ਹੁਕਮ ਨਾਲ ਨਾਭੇ ਕੋਟਲੇ ਦੀ ਫੌਜ ਬੀ ਫੂਲਾ ਸਿੰਘ ਨੂੰ ਫੜਨ ਵਾਸਤੇ ਚਲੀ ਆ
ਈ। ਫੇਰ ਤਾਂ ਪਟਿਆਲੇ ਦੀ ਫੌਜ ਨੇ ਲਿਹਾਜ ਛੱਡਕੇ ਫੂਲਾ ਸਿੰਘ ਉੱਤੇ ਹੱਲਾ ਕਰ ਦਿੱਤਾ।
ਪਹਿਲੇ ਓਸਨੇ ਦੌੜਕੇ ਭਰਦੌੜ ਵਾਲੇ ਸਰਦਾਰ ਦੀਪ ਸਿੰਘ ਵੀਰ ਸਿੰਘ ਦੀ ਓਟ ਤਕਾਈ ਜਦ
ਉਥੇ ਬੀ ਪੇਸ਼ ਨਾ ਲੱਗੀ ਤਾਂ ਰਾਤੋ ਰਾਤ ਨੱਠਕੇ ਸਤਲੁਜੋਂ ਪਾਰ ਚਲਾ ਗਿਆ। ਤੇ ਸਾਥੀ ਓਸਦੇ ਕ
ਈ ਕ ਫੜੇ ਹੋਏ ਅੰਬਾਲੇ ਪਹੁੰਚੇ। ਓਪ੍ਰੰ ਕੌਰ ਪ੍ਰਤਾਪ ਸਿੰਘ ਨੂੰ ਬੀ ਕਿਲੇ ਵਿੱਚੋਂ ਫੜਕੇ ਜਦ ਦਿੱ
ਲੀ ਦੇਨੀ ਤੋਰਿਆ ਤਾਂ ਓਹ ਪਹਿਰੇ ਵਿੱਚੋਂ ਭੱਜਕੇ ਜਦ ਦਿਪ ਲਾਹੌਰ ਜਾ ਬੜ੍ਹਿਆ ਪਰ ਮਹਾਰਾਜੇ ਰ
ਣਜੀਤ ਸਿੰਘ ਨੇ ਓਸਨੂੰ ਮਾਸਤਜੀਰ ਦਾ ਬਿਗਾੜੂ ਤੇ ਸਬੰਧੀਆਂ ਦਾ ਖੂਨੀ ਸਮਝਕੇ ਕੈਦ
ਕਰ ਸਰਕਾਰ ਅੰਗ੍ਰੇਜੀ ਪਾਸ ਭੇਜ ਦਿੱਤਾ ਜੋ ਦਿੱਲੀ ਵਿੱਚ ਦੋ ਬਰਸ ਨਜਰ ਬੰਦ ਰਹਿਕੇ ਸੰ:
੧੮੭੪ ਬਿ: ਕੋ ਬੇਔਲਾਦ ਗੁਜਰ ਗੈਆ।—

।ਰਾਣੀ ਸਭਰਾਈ ਦੇ ਕਤਲ ਹੋਏ ਪਿਛੋਂ ਗਵਰਮਿੰਟ ਨੇ ਮਾਸਤ ਦਾ ਕਾਰ ਬਿਹਾਰ ਰਾਜੇ ਫ
ਤੇ ਸਿੰਘ ਨੂੰ ਸਪੁਰਦ ਕਰ ਦਿੱਤਾ। ਜਿਸਨੂੰ ਓਸਨੇ ਬਹੁਤ ਚੰਗੇ ਢੰਗ ਨਾਲ ਚਲਾਯਾ ਤੇ ਨਾਲੇ ਅ
ਪਣੇ ਬਾਪ ਬੀਮਾਰ ਦੀ ਟਹਿਲ ਕੀਤੀ।— ।ਜਦ ਸੰ: ੧੮੭੬ ਬਿ: ਕੋ ਰਾਜਾ ਭਾਗ ਸਿੰਘ
ਕਾਲ ਵਸ ਹੋ ਗੈਆ ਤਾਂ ਫਤੇ ਸਿੰਘ ਰਾਜਾ ਹੋਯਾ।—

(ਰਾਜਾ ਭਾਗ ਸਿੰਘ ਦਾ ਗੁਜਰਨਾ ਤੇ ਫਤੇ ਸਿੰਘ ਦਾ ਰਾਜਾ ਹੋਣਾ।)

ਰਾਜੇ ਭਾਗ ਸਿੰਘ ਦੇ ਤਿੰਨ ਰਾਣੀਆਂ ਸਨ ਪਹਿਲੀ ਸਾ ਕੌਰ ਚੌਧਰੀ ਬਖਤੂ ਸਿੰਘ ਬੜੀ
ਵਾਲੇ ਦੀ ਧੀ ਜਿਸ ਵਿੱਚੋਂ ਰਾਜਾ ਫਤੇ ਸਿੰਘ ਹੋਯਾ। ਦੂਜੀ ਸਦ ਕੌਰ ਪਾਖਰ ਸਿੰਘ ਜੋ
ਧਪੁਰੀਏ ਦੀ ਬੇਟੀ ਜਿਸਦੇ ਕੌਰ ਪ੍ਰਤਾਪ ਸਿੰਘ ਜੰਮਿਆ। ਤੀਜੀ ਸਭਰਾਈ ਕੌਰ ਮਤਾਬ

੨੮੯ ਸਿੰਘ ਦੀ ਮਾਈ ਜੋ ਕਿ ਸੰ: ੧੮੭੩ ਬਿ: ਕੋ ੧੬ ਬਰਸਾਂ ਦਾ ਹੋਕੇ ਗੁਜਰ ਗਿਆ। ——

ਰਾਜੇ ਫਤੇ ਸਿੰਘ ਦਾ ਮਰਨਾ।

ਰਾਜੇ ਫਤੇ ਸਿੰਘ ਨੇ ਕੋਈ ਝਗੜਾ ਫਸਾਦ ਰਿਆਸਤ ਵਿਚ ਨਹੀਂ ਹੋਣ ਦਿੱਤਾ ਬਹੁਤ ਅਮਨ ਦਾਰਜ ਕੀਤਾ ਦੋ ਵਾਰੀ ਲਾਹੌਰ ਗਿਆ ਸਰਕਾਰ ਲਾਹੌਰ ਨੇ ਆਪਣਾ ਪੁੱਤ੍ਰ ਭਾਈ ਸਮਝਕੇ ਬਹੁਤ ਖਾਤ੍ਰ ਇੱਜ਼ਤ ਕੀਤੀ ਪਰ ਏਸ ਦੀ ਉਮਰ ਨੇ ਵਫਾ ਨਾ ਕੀਤੀ। ਤਿੰਨ ਬਰਸ ਸੁਤੰਤ੍ਰ ਰਾਜ ਕਰਕੇ ਸੰ: ੧੮੭੮ ਬਿ: ੩ ਫਰਵਰੀ ਸੰ: ੧੮੨੨ ਈ: ਕੋ ੩੨ ਸਾਲ ਦਾ ਹੋਕੇ ਰਾਜਾ ਫਤੇ ਸਿੰਘ ਅੰਤ ਦਾ ਕੂਚ ਕਰ ਗਿਆ। ——

ਰਾ: ਸੰਗਤ ਸਿੰਘ ਗੱਦੀ ਬੈਠਨਾ।

।।ਰਾਜਾ ਸੰਗਤ ਸਿੰਘ ਜੋ ਖੁਸ਼ਹਾਲ ਸਿੰਘ ਤੇ ਮਾਂ ਵਾਲ੍ਹੇ ਦੀ ਬੇਟੀ ਰਾਣੀ ਸਾਹਿਬ ਕੌਰ ਵਿੱਚੋਂ ਸੰ: ੧੮੬੭ ਬਿ: ਕੋ ਰਾਜਾ ਫਤੇ ਸਿੰਘ ਦੇ ਘਰ ਪੈਦਾ ਹੋਯਾ ਸੀ ੧੧ ਬਰਸ ਦਾ ਜੀਂਦ ਵਿੱਚ ਗੱਦੀ ਬੈਠਾ। ਉਸ ਸਮੇਂ ਜੈਸੇ ਹੋਰ ਸਬ ਸਰਦਾਰ ਰਾਜੇ ਖਿਲਤਾਂ ਨਜਰਾਂ ਦੇਣ ਲਈ ਕੱਠੇ ਹੋਏ ਸੋ ਤੈਸੇ ਗਵਰਮਿੰਟ ਦੀ ਤਰਫੋਂ ਬੀ ਕਪਤਾਨ ਰਾਸ ਸਾਹਿਬ ਖਿਲਤ ਲੈਕੇ ਆਏ ਜਨਾ। ਉਸ ਖਿਲਤ ਦਾ ਬੇਰਵਾ: ——

ਸਿਰਪੇਚ ੧ ਜਿਗਾ ੧ ਮੋਤੀਆਂ ਦੀ ਮਾਲਾ ੧ ਕਲਗੀ ੧ ਦੁਸ਼ਾਲਾ ੧ ਸਾਲੀ ਰੁਮਾਲ ੧ ਥਾਨ ਕਮਖ਼ਾਬ ੧ ਥਾਨ ਗੁਲਬਦਨ ੧ ਦਸਤਾਰ ੧ ਦੋ ਥਾਨ ੨ ਦੂਜੇ ਤਲਵਾਰ ੧ ਗਾਬੀ ੧ ਝੂਲ ਜੋ ਫਰਸਮੇਤ ਘੋੜਾ ਚਾਂਦੀ ਦੀ ਕਾਠੀ ਜੜਾਊ ਪੂਜੀ ਸਾਖਤ ਜੇਰਬੰਦ ਸਮੇਤ ——

ਸੰ: ੧੮੮੧ ਬਿ: ਕੋ ਰਾਜੇ ਸੰਗਤ ਸਿੰਘ ਦੀ ਸਾਦੀ ਬੜੀ ਧੂਮ ਧਾਮ ਨਾਲ ਸਰਦਾਰ ਰਣਜੀਤ ਸਿੰਘ ਸਾਹਬਾਦੀਏ ਦੀ ਬੇਟੀ ਸਭਾ ਕੌਰ ਨਾਲ ਹੋਈ ਜਿਸ ਮੇਂ ਸ੍ਰਕਾਰ ਅੰਗ੍ਰੇਜੀ ਦੀ ਤਰਫੋਂ ਕਪਤਾਨ ਮਰੇ ਸਾਹਿਬ ਤੇ ਸਰਕਾਰ ਖਾਲਸੇ ਦੀ ਤਰਫੋਂ ਸ੍ਰਦਾਰ ਬਸਾਖਾ ਸਿੰਘ ਸ਼ਾਮਲ ਸੇ। —— ।।ਜੱਦਪਿ ਰਾਜਾ ਸੰਗਤ ਸਿੰਘ ਬੜਾ ਰੜ੍ਹ ਤੇ ਸਿਆਣਾ ਸੀ ਪਰ ਇਕ ਜਾਮ ਕੌਂਸਲ ਯਾ ਗਵਰਮਿੰਟ ਦੀ ਤਰਫੋਂ ਸਰਬਰਾਹ ਦੇ ਨਾ ਹੋਣੇ ਕਰ ਅਹਿਲਕਾਰਾਂ ਨੇ ਓਸ ਦੀ ਛੋਟੀ ਉਮਰ ਦੇ ਸਬਬ ਲੁੱਟ ਮਚਾ ਦਿੱਤੀ ਆਪਣੇ ਘਰ ਭਰੇ ਰਿਆਸਤ ਦਾ ਭੁਲਾ ਨ ਤੱਕਿਆ ਤੇ ਰਾਜੇ ਨੂੰ ਨਾਚ ਮੁਜਰੇ ਪਹਿਲਵਾਨਾਂ ਦੀ ਕੁਸ਼ਤੀ ਦੇਖਾਉਣੇ ਤੇ ਸਰਾਬ ਪਿਲਾਉਣੇ ਦਿਸੇ ਭੈੜੇ ਗਾਉਣੇ ਵਿੱਚ ਗ਼ਰਕ ਕੀਤਾ ਜੋ ਫੇਰ ਕਦੇ ਨਾ ਸੰਭਲਿਆ। ਏਹ ਰਾਜਾ ਢੰਡ ਸਾਰੰਗੀ ਦੇ ਗਾਉਣ ਵਾਲਿਆਂ (ਐਸਾ) ਤੇ ਪਹਿਲਵਾਨਾਂ ਵਾਸਤੇ ਤਾਂ ਦੂਜਾ ਕਰਨ ਜੇਹਿਆ ਸੀ। ਧੂਮ ਨਕਲੀਏ ਭੰਡ ਨਟ ਮਦਾਰੀ ਤਮਾਸ਼ੇ ਦੇਖਾਉਣ ਵਾਲ੍ਹੇ ਮਨ ਭਾਉਂਦੀ ਦੌਲਤ ਏਸ ਤੋਂ ਲੈਜਾਂਦੇ ਰਹਿੰਦੇ ਪਹਿਲਵਾਨਾਂ ਨੂੰ ਬੈਲਾਂ ਦੀ ਤਰਾਂ ਹਰਟ ਜੋੜਕੇ ਖੂਹਿਆਂ ਵਿੱਚ ਕੜਾਹ ਛਕਾਯਾ ਕਰਦਾ। ——

ਜਦ ਰਿਆਸਤ ਵਿੱਚ ਬਹੁਤ ਖਰਾਬੀ ਫੈਲ ਗਈ ਗਵਰਮਿੰਟ ਕਈ ਵਾਰੀ ਰਾਜੇ ਨੂੰ ਤੇ

Digitized by Panjab Digital Library | www.panjabdigilib.org

ਅਹਿਲਕਾਰਾਂ ਨੂੰ ਸਮਝਾ ਰਹੀ ਤੇ ਏਹ ਆਪਣੀ ਚਾਲ ਤੋਂ ਨਾ ਹਟੇ ਤਾਂ ਪੁਲੀਟੀਕਲ ਅਜੰਟ ਨੇ ਏਹ ਹੁਕਮ ਦਿੱਤਾ ਕਿ ਜੇ ਕੁਛ ਛਿਮਾਹੀ ਤੇ ਮਾਹਵਾਰੀ ਰਿਆਸਤ ਜੀਂਦ ਨੂੰ ਲੂਣ ਦੇ ਹਾਂਣੇ ਦੀ ਛਉਣੀ ਤੇ ਓਥੋਂ ਦੇ ਖਰਚ ਸਰਾਬ ਦੇ ਬਾਬਤ ਦਿੱਤੀ ਜਾਂਦੀ ਹੈ ਜਿਤਨਾ ਚਿਰ ਏਹ ਆਪਣੀ ਰਿਆਸਤ ਦਾ ਬੰਦੋਬਸਤ ਨਾ ਕਰਨ ਉਤਨਾ ਚਿਰ ਏਹ ਨਾ ਦਿੱਤੀ ਜਾਵੇ। ਅਜੇਹੇ ਗੱਲਾਂ ਵਿਚ ਹੀ ਸੀ ਕਿ ਸੰ: ੧੮੮੪ ਬਿ: ਕੱਤੇ ਸੰ: ੧੮੨੬ ਈ: ਕੋ ਰਾਜਾ ਸੰਗਤ ਸਿੰਘ ਸ੍ਰੀ ਅੰਮ੍ਰਿਤਸਰ ਦੀਪਮਾਲ੍ਹਾ ਦੇ ਇਸ਼ਨਾਨ ਦਰਸ਼ਨ ਕੋ ਗਿਆ ਹੋਯਾ ਮਹਾਂਰਾਜੇ ਰਣਜੀਤ ਸਿੰਘ ਨੂੰ ਮਿਲਣ ਵਾਸਤੇ ਲਾਹੌਰ ਚਲਾ ਗਿਆ ਮਹਾਂਰਾਜੇ ਨੇ ਆਪਣੇ ਮਾਮੇ ਦਾ ਪੋਤ੍ਰਾ ਸਮਝ ਕੇ ਏਸ ਦੀ ਬਹੁਤ ਖਾਤ੍ਰ ਕੀਤੀ ਹੋਲੀਆਂ ਤਕ ਓਥੇ ਰੱਖਿਆ ਅਹਿਲਕਾਰਾਂ ਨੂੰ ਨਜਰਾਂ ਦਿਵਈਆਂ ਮਹਾਂਰਾਜੇ ਨੇ ਜਲੰਧਰ ਪਾਸ ਰਾਣੀ ਮਾਜੇ ਦਾ ਪ੍ਰਗਣਾ ੧੨ ਪਿੰਡ ੧੩ ਹਜਾਰ ਦੇ ਏਸ ਨੂੰ ਜਾਗੀਰ ਵਿਚ ਦਿੱਤੇ।— ।ਤੀਜੇ ਸਾਲ ਫੇਰ ਗਿਆ ਤਾਂ ਪ੍ਰਗਣੇ ਮਾਹਮ ਪੁਰ ਦੇ ੯ ਪਿੰਡ ੯ ਹਜਾਰ ਦੇ ਤੇ ਪ੍ਰਗਣੇ ਮੂਸੇ ਪੁਰ ਮੇਂ ਤਿੰਨ ਪਿੰਡ ੪੫੦੦ ਪੈਂਤਾਲੀ ਸੌ ਦੇ ਬਖਸੇ। ਇੱਕ ਪਿੰਡ ਦੋ ਸੌ ਰੁਪਏ ਦਾ ਸਤਲੁਜੋਂ ਦੱਖਣ ਵੱਲੀ ਦੇਵਾ ਸਿੰਘ ਵਾਲਾ ਦਿੱਤਾ।—

ਕੁਛ ਤਾਂ ਏਸ ਰਾਜੇ ਦਾ ਘੜੀ ੨ ਲਾਹੌਰ ਜਾਣਾ ਤੇ ਓਥੋਂ ਜਾਗੀਰ ਲੈਣੀ ਗਵਰਮਿੰਟ ਅੰਗ੍ਰੇਜੀ ਨੂੰ ਪਹਿਲੇ ਹੀ ਬਹੁਤ ਬੁਰਾ ਮਾਲੂਮ ਹੁੰਦਾ ਸੀ। ਫੇਰ ਜਦ ਏਸ ਰਾਜੇ ਨੇ ਰਾਮ ਸਿੰਘ ਦਾ ਪਿੰਡ ਅੰਟਿਆਲਾਂ ਧੱਕੇ ਨਾਲ ਲਾਹੌਰ ਦਾ ਜੋਰ ਜਣਾ ਕੇ ਛੀਨ ਲੀਤਾ ਜੈਂ ਦੀ ਪਰਾਮ ਸਿੰਘ ਦੀ ਫਰਿਆਦ ਸੁਣਕੇ ਗਵਰਮਿੰਟ ਨੇ ਫੇਰ ਓਹੋ ਪਿੰਡ ਉਸ ਨੂੰ ਰਾਜੇ ਤੋਂ ਦਿਵਾ ਦਿੱਤਾ ਪਰ ਏਸ ਮਾਮਲੇ ਤੇ ਗਵਰਮਿੰਟ ਨੇ ਬਹੁਤ ਨਾਰਾਜ ਹੋਕੇ ਏਹ (ਸਰਕੂਲਰ) ਕਾਨੂੰਨ ਕਾਇਮ ਕਰ ਦਿੱਤਾ ਕਿ ਕੋਈ ਰਾਜਾ ਯਾ ਸਰਦਾਰ ਜੋ ਸਰਕਾਰ ਅੰਗ੍ਰੇਜੀ ਦਾ ਤਾਬੇਦਾਰ ਹੈ ਦੂਸਰੀ ਰਿਆਸਤ ਵਿੱਚ ਬਿਨਾ ਆਗਿਆ ਪਾਲਟੀਕਲ ਏਜੰਟ ਦੇ ਨਾ ਜਾਵੇ।——— ।ਪਰ ਰਾਜੇ ਸੰਗਤ ਸਿੰਘ ਨੇ ਆਪਣੀ ਜਿਦ ਯਾ ਮਰਜੀ ਦਰਬਾਰ ਲਾਹੌਰ ਨਾਲ੍ਹ ਨਾ ਛੱਡੀ ਜਿਸ ਤੋਂ ਗਵਰਮਿੰਟ ਅੰਗ੍ਰੇਜੀ ਨੂੰ ਬਹੁਤ ਰੰਜ ਪਹੁੰਚਿਆ।— ।ਕੁਛ ਤਾਂ ਪਹਿਲੇ ਹੀ ਰਿਆਸਤ ਵਿੱਚ ਬੇਇੰਤਜਾਮੀ ਫੈਲ ਰਹੀ ਸੀ। ਬਾਂਹੂ ਲੋਗ ਅੰਗ੍ਰੇਜੀ ਇਲਾਕੇ ਵਿੱਚ ਚੋਰੀ ਕਰਕੇ ਰਲ ਆਉਂਦੇ ਸੇ ਉਨ੍ਹਾਂ ਦਾ ਬੰਦੋਬਸਤ ਰਿਆਸਤ ਵੱਲੋਂ ਕੁਛ ਨਹੀਂ ਸੀ ਦੂਸਰੇ ਰਾਜਾ ਸੰਗਤ ਸਿੰਘ ਤਾਂ ਸਰਾਬ ਪੀਕੇ ਤਮਾਸੇ ਦੇਖਣ ਵਿੱਚ ਹੀ ਰਹਿੰਦਾ ਤੇ ਉਸ ਦਾ ਪ੍ਰਧਾਨ ਮੰਤ੍ਰੀ ਦੀਵਾਨ ਸਿੰਘ ਰਿਆਸਤ ਵਿੱਚ ਰੌਸ ਦੇ ਵੱਸ ਚਲਾਉਂਦਾ ਹੋਯਾ ਸੱਟੇ ਨੂੰ ਸੁਹਿਨ

੮੯੮ ਲਗਾ ਰੈਹਾ ਸੀ ਤੀਸਰੇ ਬੇਇਨਸਾਫੀਆਂ ਬਾਬਤ ਪ੍ਰਜਾ ਦੀਆਂ ਅਰਜੀਆਂ ਦੇ ਢੇਰ ਗਵਰ
ਮੈਂਟ ਅੱਗੇ ਲਗ ਰਹੇ ਸੇ ਹੋਰ ਬੇ ਰਾਜਾ ਸੰਗਤ ਸਿੰਘ ਰਿਆਸਤ ਵਿੱਚ ਨਹੀਂ ਠਹਿਰਦਾ ਸੀ ਕ
ਦੇ ਫਿਰੋਜ਼ਪੁਰ ਹੀ ਰੱਖਦਾ ਖਜਾਨਾ ਜੋ ਬਹੁਤ ਸਾਰ ਰਾਜਾ ਫਤੇ ਸਿੰਘ ਛੱਡ ਗਿਆ ਸੀ ਸਭ ਲ
ਟਾ ਛੱਡਿਆ — । ਜਿਨ੍ਹਾਂ ਇਨ੍ਹਾਂ ਖਰਾਬੀਆਂ ਦੇ ਸਾਰ ਸੰ: ੧੮੩੩ ਈ: ਕੋ ਜਨਰਲ ਵੈਂਟੂਰਾ
ਲਬਟ ਸਾਹਿਬ ਫੌਜੀ ਅਫਸਰ ਇਲਾਕੇ ਜੀਂਦ ਵਿਚਦੀ ਜਾ ਰੈਹਾ ਸੀ ਲੁਟੇਰਿਆਂ ਨੇ ਮਾਲ ਛੀ
ਨਣੇ ਤੋਂ ਬਿਨ ਉਸਦੇ ਸੰਤਰੀ ਮਾਰੀਆਂ ਉਹ ਲੁਟੇਰੇ ਦੀਵਾਨ ਸਿੰਘ ਨੇ ਆਪ ਲੁੱਟ ਕੇ ਛੱਡ ਦਿੱ
ਤੇ ਇਨ੍ਹਾਂ ਸਭਨਾਂ ਤੋਂ ਅਧਿਕ ਰੰਜ ਗਵਰਮਿੰਟ ਨੂੰ ਏਹ ਹੋਯਾ ਜੋ ਸਰਕਾਰ ਲਾਹੌਰ ਦੇ ਇਲਾਕੇ ਏ
ਸਪਾਰ ਸਤਲੁਜ ਦਾ ਠੇਕ ਰਾਜਾ ਸੰਗਤ ਸਿੰਘ ਲੈਣ ਲੱਗਿਆ ਸੀ ਏਹੋ ਜੇਹੀਆਂ ਅਨੇਕ
ਬਾਤਾਂ ਤੋਂ ਖਿਜਕੇ ਰਿਆਸਤ ਦੇ ਏਜੰਟ ਨੇ ਗਵਰਮਿੰਟ ਵਿੱਚ ਬਹੁਤ ਬੁਰਾਈ ਏਸ ਰਿਆਸਤ ਦੀ
ਲਿਖੀ ਜਿਸ ਦਾ ਫਲ ਏਹ ਹੋਯਾ ਕਿ ਰਾਜੇ ਸੰਗਤ ਸਿੰਘ ਨੂੰ ਲਾਹੌਰ ਦੇ ਉਸ ਇਲਾਕੇ ਦਾ ਜੋ
ਸਤਲੁਜੋਂ ਦੱਖਣ ਵੱਲ ਸੀ ਇਜਾਰਾ ਲੈਣੋ ਹੁਣ ਤੇ ਸੰ: ੧੮੯੧ ਬਿ: ਕੋ ਦੁਸਹਿਰੇ ਦੇ ਮੌਕੇ ਪਰ ਲ
ਹੌਰ ਜਾਣ ਤੋਂ ਹੁਕਮਨ ਰੋਕਿਆ ਗਿਆ। ਇਸੇ ਖਰਾਬੀ[1] ਦੇ ਵਿੱਚ ਥੋੜੇ ਵਿੱਚ ਹੀ ਉਹ ਬਸੀਆਂ ਵਿੱ
ਚ ਦਿੰਦ ਬੀਮਾਰ ਹੋਕੇ ਕਾਲ਼ ਦੀ ਰਬੀ ਣੀ ਹੋ ਗਿਆ। ——

[1] ਖਰਾਬੀ ਰਈਸ ਦੇ ਚਾਲਚਲਣ ਵਿੱਚ ਤੇ ਰਿਆਸਤ ਦੇ ਕਾਰ ਬਿਹਾਰ ਵਿੱਚ ਹੁੰਦੀ ਹੈ ਇਹ ਸਭ ਰ
ਈਸ ਨੂੰ ਛੋਟੀ ਉਮਰ ਵਿੱਚ ਸੁਤੰਤ੍ਰ ਮਾਲਕ ਹੋਣੇ ਨਾਲ ਤੇ ਅਹਿਲਕਾਰਾਂ ਦੀ ਬਦਨੀਤੀ ਤੋਂ ਹੁੰਦੀ ਹੈ ਕਿਉਂਕਿ ਪੱ
ਚੀ ਬਰਸ ਤੋਂ ਘੱਟ ਆਦਮੀ ਨੂੰ ਖੇਲ ਕੁਦ ਤਮਾਸ਼ਾ ਨਾਚ ਬਿਲਾਸ ਔਰਤਾਂ ਦੀ ਸੰਗਤ ਰਸਕ ਬਾਤਾਂ ਹੀ ਚੰਗੀ
ਆਂ ਲਗਦੀਆਂ ਹਨ ਜਿਸ ਕਰਕੇ ਜਰੂਰ ਹੀ ਛੋਟੀ ਉਮਰ ਦੇ ਰਈਸ ਨੂੰ ਉਨ੍ਹੇ ਆਦਮੀਆਂ ਦੇ ਹੱਥ ਚੜ੍ਹਨ
ਾ ਪੈਂਦਾ ਹੈ ਜੇਹੜੇ ਉਸ ਦੀ ਬੁੱਧੀ ਨੂੰ ਭ੍ਰਿਸ਼ਟ ਕਰਨ ਤੇ ਉਸ ਨੂੰ ਖਰਾਬੀਆਂ ਵਿੱਚ ਪਾਉਣਾ ਚਾਹੁੰਦੇ ਹਨ। ਔਰ
ਜਿਨਾ ਅਹਿਲਕਾਰਾਂ ਦੇ ਸਪੁਰਦ ਰਿਆਸਤ ਦਾ ਇੰਤਜਾਮ ਹੁੰਦਾ ਹੈ ਉਹ ਬੀ ਅਪਣੇ ਖਾਸ ਫਾਇਦੇ ਢੂੰਡਦੇ ਹਨ। ——
ਰਿਆਸਤ ਦੀ ਉਨਤੀ ਰਈਸ ਦੀ ਚੰਗੀ ਸਾਖ ਹੋਣੀ ਨਹੀਂ ਚਾਹੁੰਦੇ। ਈਮਾਨਦਾਰੀ ਨਿਮਕ ਹਲਾਲੀ ਵਫ
ਾਦਾਰੀ ਸਚਾਈ ਆਦਿਕ ਗੁਣਾਂ ਤੋਂ ਉਨ੍ਹੇ ਦੇ ਹਿਰਦੇ ਅਕਾਸ ਵਿੱਚ ਉਹਸ ਆਦੀ ਹਰਤਦਾ ਚੰਦ ਹੋਣਾ ਦੇਗਾ। ——
ਰਈਸ ਉੱਤੇ ਜੋ ਏਹ ਖਿਆਲ ਹੁੰਦਾ ਹੈ ਕਿ ਇੱਕ ਦਿਨ ਸੰਭਾਲੇਗਾ ਤਾਂ ਸਾਨੂੰ ਪੁੱਛੇਗਾ ਤੇ ਪ੍ਰਜਾ ਨੂੰ ਬੀ ਉਮੈਦ
ਰਹਿੰਦੀ ਹੈ ਕਿ ਭਲੇ ਨਾ ਕਦੇ ਸਾਡੀ ਬੀ ਸੁਣਕੇ ਰਾਜਾ ਇਨਸਾਫ ਦੇਵੇਗਾ ਤਾਂ ਏਧਰ ਧਿਆਨ ਆਉਣ ਤੋਂ ਪ
ਹਿਲੇ ਹੀ ਕੰਜਰੀਆਂ ਡੂਮਾਂ ਨਕਲੀਆਂ ਗਾਇਕਾਂ ਦਿਲਬਰਿਆਂ ਦੀ ਗਜੇ ਦੇ ਦੁਆਲੇ ਬਾੜ੍ਹ ਰੱਖਕੇ ਪਹਿ
ਲੇ ਤਾਂ ਏਥੇ ਪਿੰਜਰੇ ਦਾ ਤੋਤਾ ਸਾ ਬਣਾ ਰੱਖਦੇ ਹਨ। ਜੇ ਜਰਾ ਕੁ ਹੋਸ਼ ਸੰਭਾਲਦਾ ਦੇਖਦੇ ਹਨ ਤਾਂ ਸ਼ਿਕਾਰ ਦਾ ਸ਼ੌਂਕ
ਤਮਾਸ਼ਿਆਂ ਦਾ ਰੁਝਾ ਸ਼ਰਾਬ ਦਾ ਕੁਰਾ ਬਣਾਕੇ ਰਿਆਸਤ ਦੇ ਇੰਤਜਾਮ ਵਿੱਚ ਨੀਕਦੇ ਖਿਆਲ ਲਾਗੀ ਨਹੀਂ ਆਉ
ਣ ਦਿੰਦੇ ਦੌਲਤ ਜੇਹੜੀ ਉਸ ਦੇ ਬਡਿਆਂ ਨੇ ਬੜੇ ਡਰ ਦਰ ਨਾਲ ਕੱਠੀ ਕਰੀ ਹੁੰਦੀ ਹੈ ਉਸ ਨੂੰ ਉਹ ਐਸ਼ਾਂ ਦੇ ਕੰਮਾਂ ਵਿੱਚ

Digitized by Panjab Digital Library | www.panjabdigilib.org

ਰਾਜੇ ਸੰਗਤ ਸਿੰਘ ਦੇ ਪਾਹਲੀ ਰਾਣੀ ਸੁਭਾ ਕੌਰ ਸਾਹਾਬਾਦ ਵਾਲੀ ਦੂਜੀ ਸੁੱਖਾਂ ਜੀਉਣ ੨੮੯
ਸਿੰਘ ਪਾਲੀ ਵਾਲ ਦੀ ਬੇਟੀ ਤੀਜੀ ਨੰਦ ਕੌਰ ਦੂਲਾ ਸਿੰਘ ਟਿੱਬੇ ਵਾਲੇ ਦੀ ਲੜਕੀ ਪਰ ਸੰਤ
ਨ ਕਿਸੇ ਦੇ ਨਾ ਹੋਈ ਕਿਉਂਕਿ ਰਾਜਾ ਤਾਂ ਐਸ਼ ਕੁਟਲਾਂ ਔਰਤਾਂ ਤੋਂ ਹੀ ਫੁਰਸਤ ਨਹੀਂ ਪਾਉਂਦਾ ਸੀ
ਔਲਾਦ ਕਿੱਥੋਂ ਹੋਵੇ।—

ਸਰਕਾਰ ਅੰਗ੍ਰੇਜ਼ੀ ਤਾਂ ਪਹਿਲੇ ਹੀ ਰਾਜਾ ਸੰਗਤ ਸਿੰਘ ਉੱਤੇ ਖਿਜ਼ ਰਹੀ ਸੀ ਹੁਣ ਉਸ ਦੇ ਬੇਉ
ਲਾਦ ਮਰਣੇ ਨੇ ਸਭ ਤੇ ਰਿਆਸਤ ਜ਼ਬਤ ਕਰ ਦਿੱਤੀ ਉਸ ਦੀ ਮਾਸਤ ਬੇਵਾਰਸੀ ਦੇ ਬਹਾਨੇ ਨਾਲ ਗ
ਵਰਮਿੰਟ ਨੇ ਜ਼ਬਤ ਕਰਨੀ ਚਾਹੀ ਸੀ ਪਰ ਅਨੇਕਾਂ ਦਾਰ ਉੱਠ ਖੜੋਤੇ। ਰਾਣੀਆਂ ਨੇ ਆਪਣਾ ਹੱਕ
ਜਿਤਾਇਆ ਰਾਜੇ ਜਸਵੰਤ ਸਿੰਘ ਨੇ ਜੁਦਾ (ਅਨੇਕ) ਝੰਡਾ ਉਠਾਯਾ ਬੜਰੁੱਖਾਂ ਵਾਲੇ ਤੇ ਬਜੀਦਪੁਰੀ
ਏ ਸਰਦਾਰਾਂ ਨੇ ਆਪ ਨੂੰ ਮਾਲਕ ਸਾਬਤ ਕਰ ਦਿਖਾਯਾ। ਉਤਰਕਾਮ ਹੰ ਰਾਜੇ ਕਰਮ ਸਿੰਘ ਦੀ
ਰਾਇ ਨਾਲ ਸਰਦਾਰ ਸਰੂਪ ਸਿੰਘ ਬਜੀਦਪੁਰੀਏ ਨੂੰ ਜੋ ਰਾਜੇ ਗਜਪਤ ਸਿੰਘ ਦੇ ਭੀ ਸੇਬੇ
ਟੇ ਭੂਪ ਸਿੰਘ ਦੀ ਔਲਾਦ ਵਿੱਚੋਂ ਸੀ ਗਵਰਮਿੰਟ ਨੇ ਮਾਸਤ ਦਾ ਹੱਕਦਾਰ ਠਹਿਰਾ ਕੇ ਅਪ੍ਰੈਲ
ਸੰ: ੧੮੩੭ ਈ: ਤੇ ਸੰ: ੧੮੯੪ ਬਿ: ਕੋ ਮਾਸਤ ਜੀਂਦ ਦੀ ਗੱਦੀ ਉੱਤੇ ਬੈਠਾ ਦਿੱਤਾ —

੧ ਖੋਂਦਾ ਹੈ। ਜਿਨ੍ਹਾਂ ਤੋਂ ਕਦੇ ਬੀ ਕੋਈ ਫਾਇਦਾ ਮਾਸਤ ਨੂੰ ਨਾ ਹੋਵੇ। — ।ਜਦ ਏਸ ਤਰਾਂ ਰਈਸ ਦੀ ਜਵਾ
ਨੀ ਜਾਨੀ ਤੇ ਤੰਦਰੁਸਤੀ ਨੂੰ ਵਿਸ਼ੇ ਵਿਕਾਰਾਂ ਤੇ ਸ਼ਰਾਬ ਦੇ ਹੁਲਾਰਿਆਂ ਦਾ ਘੁੰਲਾ ਮਾਰ ਜਾਂਦਾ ਹੈ ਸੰਤਾਨ ਪੈਦਾ ਕਰਨੇ
ਜੋਗਾ ਸਰੀਰ ਤੇ ਵਿਚਾਰ ਸਮਝਣ ਦੀ ਲਾਇਕ ਦਮਾਗ਼ ਨਹੀਂ ਰਹਿੰਦਾ ਤਦੋਂ ਕੇਵਲ ਨਾਕਿਸ ਉਸ ਦਾ ਲੜ
ਕਾ ਬਣਾ ਉਸ ਨੂੰ ਅੱਗੇ ਚਲਾ ਫੇਰ ਅਠਾਰਾਂ ਬਰਸ ਸੁਤੰਤ੍ਰ ਰਾਜ ਭੋਗਣ ਦੀ ਇੱਛਾ ਰੱਖਦੇ ਹਨ। —
ਪਰ ਵਿਚਾਰੀ ਭੇਡਾਂ ਬੱਕਰੀਆਂ ਵਾਂਗੂੰ ਪਈ ਕੁੱਸਦੀ ਹੈ। ਉਸ ਦੀ ਫਰਿਆਦ ਕਦੇ ਕੋਈ ਨਹੀਂ ਸੁਣਦਾ।
ਏਹ ਸਭ ਖਰਾਬੀਆਂ ਰਈਸ ਨੂੰ ਛੋਟੀ ਉਮਰ ਵਿੱਚ ਇਖਤਿਆਰ ਮਿਲਣੇ ਤੋਂ ਹੁੰਦੀਆਂ ਹਨ। ਸਰਕਾਰ ਅੰ
ਗ੍ਰੇਜ਼ੀ ਨੇ ਜੋ ਅਠਾਰਾਂ ਬਰਸ ਦਾ ਠੇਕਾ ਜੜ੍ਹ ਰੱਖਿਆ ਹੈ ਜੋ ਉਨ੍ਹਾਂ ਨੇ ਆਪਣੀ ਕੌਮ ਦੇ ਇਲਮ ਦਾ ਅਗਰ ਦਾ
ਖਿਆਲ ਬਾਂਧਿਆ ਹੈ ਹਿੰਦੁਸਤਾਨੀ ਲੋਗਾਂ ਦੇ ਇਲਮ ਅਕਲ ਦਾ ਧਿਆਨ ਨਹੀਂ ਕੀਤਾ। ਜਿਸ ਦਿਨ ਬਦ
ਲੇਗੀ ਤਾਂ ਠੀਕ ੨੫ ਬਰਸ ਪਿੱਛੋਂ ਹੀ ਰਈਸਾਂ ਨੂੰ ਇਖਤਿਆਰ ਦੇਣਾ ਸਮਝਣਗੇ। — ੧ ਰਾਜੇ ਸਰੂਪ ਸਿੰਘ
ਨੂੰ ਮਾਸਤ ਜੀਂਦ ਵਿੱਚੋਂ ਕੇਵਲ ਉਹ ਹਿੱਸਾ ਲੱਭਾ ਜੋ ਰਾਜੇ ਗਜਪਤ ਸਿੰਘ ਦੇ ਸਮੇਂ ਮੌਜੂਦ ਸੀ ਬਾਕੀ ਹੋਰ ਜੋ
ਕੁ ਸਰਕਾਰ ਲਾਹੌਰ ਤੋਂ ਯਾ ਸਰਕਾਰ ਅੰਗ੍ਰੇਜ਼ੀ ਤੋਂ ਯਾ ਜੋ ਰਾਜੇ ਭਾਗ ਸਿੰਘ ਨੇ ਦਬਾਯਾ ਉਹ ਸਭ
ਸਰਕਾਰ ਅੰਗ੍ਰੇਜ਼ੀ ਤੇ ਲਾਹੌਰ ਨੇ ਆਪ ਸਾਂਭ ਲੀਤਾ। ਉਸ ਦੀ ਬੰਡ ਲੇਪਲ ਗ੍ਰਿਫਨ ਸਾਹਿਬ ਨੇ ਰਾਜ
ਗਾਨ ਪੰਜਾਬ ਵਿੱਚ ਐਉਂ ਲਿਖੀ ਹੈ। —

Digitized by Panjab Digital Library | www.panjabdigilib.org

੨੮੦ ਰਾਜੇ ਸਰੂਪ ਸਿੰਘ ਦੇ ਰਾਜਾ ਹੋਣੇ ਤੋਂ ਇੱਕ ਸਾਲ ਪਹਿਲੇ ਜਦ ਝਗੜੇ ਹੋ ਰਹੇ ਸਾਸੀ ਜੀਂਦ ਦੀ ਪਰਜਾ ਬਹੁਤ ਟੱਪ ਉੱਠੀ ਸੀ ਸਰਦਾਰ ਗੁਲਾਬ ਸਿੰਘ ਢਿੱਲੋਂ ਬਾਲ੍ਹਾਂ ਵਾਲੀ ਵਾਲੇ ਦੇ ਚੁੱਕੇ ਤੋਂ ਏਲਾਕਿਆਂ ਨੇ ਬਾਗੀ ਹੋਕੇ ਮਿਸਟਰ ਏਜਰਬ ਸਾਹਿਬ ਉੱਤੇ ਹੱਲਾ ਕਰ ਦਿੱਤਾ ਉਸ ਦੀ ਜਾਨ ਬਚੀ ਮਾਲ ਲੁਟਿਆ ਗਿਆ ਫੇਰ ਤਾਂ ਅੰਗ੍ਰੇਜ਼ੀ ਫੌਜ ਨੇ ਓਥੇ ਜਾ ਕੇ ਥੋੜ੍ਹੀ ਜੇਹੀ ਲੜਾਈ ਦੇ ਬਾਦ ਹੀ ਬਰਬਾਦ ਕਰ ਛੱਡਿਆ ਦੇਸੂ ਸਿੰਘ ਤੇ ਗੁਲਾਬ ਸਿੰਘ ਮਾਰੇ ਗਏ ਬਾਕੀ ਦੌੜ ਗਏ। —— ॥ਔਰ ਵੱਲ ਸਿੰਘ ਲੱਖਾ ਸਿੰਘ ਪ੍ਰਤਾਪ ਸਿੰਘ ਦੀਵਾਣੀ ਕੈਦ ਹੋਏ। ——

॥ਜੰਦੀਪ ਪਹਿਲੇ ਰ ਕੁਛ ਜੀਂਦ ਦੀ ਪਰਜਾ ਵਿੱਚ ਰੌਲਾ ਹੋ ਗਿਆ ਪ੍ਰੰਤੂ ਰਾਜੇ ਸਰੂਪ ਸਿੰਘ ਨੇ ਜੋ ਬਹੁਤ ਦਾਨਾ ਬਹਾਦਰ ਤਦਬੀਰੀ ਆਦਮੀ ਸੀ ਗੱਦੀ ਬੈਠਣ ਦੇ ਸਾਰ ਐਸਾ ਬੰਦੋਬਸਤ ਕੀਤਾ ਜੋ ਕਿਸੇ ਨੂੰ ਟੱਪਣ ਜੋਗਾ ਨ ਛੱਡਿਆ। ——

ਰਾਜੇ ਸਰੂਪ ਸਿੰ
ਘ ਦਾ ਇੰਤਜਾਮ

॥ਆਰਚ ਸੰ: ੧੮੪੭ ਈ: ਕੋ ਭਾਈ ਉਦੇ ਸਿੰਘ ਕੈਥਲ ਵਾਲੇ ਦੇ ਬੇਔਲਾਦ ਗੁਜ਼ਰਨੇ ਤੋਂ ਜਦੀਪ ਏਹ ਤਿੰਨੇ ਰਾਜੇ ਉਸ ਦੇ ਪੜਦਾਦੇ ਦੀ ਸੰਤਾਨ ਵਿੱਚੋਂ ਭਾਈ ਗੁਲਾਬ ਸਿੰਘ ਨੂੰ ਮਾਸਤ ਦਿਵਾਉਣੀ ਚਾਹੁੰਦੇ ਸੇ ਪਰ ਗਵਰਮਿੰਟ ਨੇ ਨਾ ਦਿੱਤੀ ਜਬਤ ਕਰ ਲੀਤੀ॥ —— ॥ਕੈਥਲ ਦੇ ਜਬਤ ਕਰੇ ਹੋਏ ਇਲਾਕੇ ਵਿੱਚੋਂ ਰਾਜੇ ਸਰੂਪ ਸਿੰਘ ਨੂੰ ਸਰਕਾਰ ਨੇ ਪਰਗਣੇ ਆਹਿਲ ਤੇ ਪਾਦਸ਼ਾਂ ਦੇ ੨੩ ਪਿੰਡ ੩੦ ਹਜਾਰ ਬੈਤਾਲੀ ਰੁਪਏ ਦੇ ਦੇ ਕਰ ਪ੍ਰਗਣੇ ਸਫੀਦੋਂ

| ਨਾਮ ਪ੍ਰਗਣਾ | ਗਿਣਤੀ ਪਿੰਡ | ਆਮਦਨੀ | ਕੈਫੀਅਤ |
|---|---|---|---|
| ਜੀਂਦ ਖਾਸ | ੧੪੦ | ੧੨੦੦੦੦ | ਆਮਦਨੀ ਦਾ ਤਖਮੀਨਾ ਮਿਸਟਰ ਕਲਾਰਕ ਦੀ ਰਪੋਰਟ ੭ ਨਵੰ: ਸੰ: ੧੮੨੫ ਈ: ਅਨੁਸਾਰ |
| ਸਫੀਦੋਂ | ੨੫ | ੪੨੦੦੦ | ਏਸ ਦੀ ਤਹਸੀਲ ੨੮ ਦਸੰਬਰ ਸੰ: ੧੮੩੪ ਈ: ਦੀ ਮਿਸਟਰ ਵਿੰਟਰ ਜਨ ਦੀ ਹੈ ਜੋ ਏਸ ਨਕਸ਼ੇ ਦੀ ਅਸਲ ਆਮਦਨੀ ਬਹੁਤ ਕਮ ਸੀ। |
| ਆਸੰਦ | ੨੬ | | |
| ਸਾਲਵਨ | ੮ | | |
| ਬਾਲ੍ਹਾਂਵਾਲੀ | ੧੦੮ | ੨੦੦੦੦ | ਮਿਸਟਰ ਕਲਾਰਕ ਦੀ ੧੮ ਦਸੰਬਰ ਸੰ: ੧੮੩੪ ਈ: ਦੀ ਰਪੋਰਟ ਅਨੁਸਾਰ ਏਹ ਤਖਮੀਨੇ ਹੈ |
| ਸੰਗਰੂਰ | ੧੧ | ੪੦੦੦੦ | |
| ਜੰਡਵਾਲ੍ਹ | ੧ | ੪੦੦੦ | ਏਹ ਤਖਮੀਨਾ ੧੮ ਦਸੰਬਰ ਸੰ: ੧੮੩੪ ਈ: ਦੀ ਰਪੋਰਟ ਅਨੁਸਾਰ ਹੈ। |
| ਭੈਂਕੀ | ੧ | | |
| ਸਜੌਰ | ੧ | | |
| ਮਾਹਲਾਂ | | | |
| ਜੋੜ | ੩੨੨ | ੨੩੬੦੦੦ | |
| | | | ਜੋ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਾ ਰਾਗਪਾਯਾ |
| ਗਲਵਡਾ | ੧ | ੬੦੦੦ | ਜਿਨਾਂ ਦੇ ਤਰਜਮੇ ਮੂਜਬ ਜੋ ਸਾਹਿਬ ਏਜੰਟ ਦੀ ਚਿੱਠੀ ਮੁਅੱਰਖਾ ਜਨਵਰੀ ਸੰ: ੧੮੩੭ ਈ: ਦੇ ਨਾਲ ਪਹੁੰਚਿਆ ਸੀ ਏਹ ਮਲੂਮ ਹੁੰਦਾ ਹੈ ਕਿ ਏਨੇ ਪਿੰਡਾਂ ਦਾ ਚੌਥਾ ਜਿਸਾ ਮਹਾਰਾਜਾ ਰਣਜੀਤ ਸਿੰਘ ਨੇ ਦਿੱਤਾ ਸੀ। |
| ਤਲਵੰਡੀ | ੧ | | |
| ਮੰਡੀ ਪੁਰਕੀ | x | | |
| ਮੰਡ ਗਿਆਸਪੁਰਾ | x | | |
| ਜੋੜ | ੨ | ੬੦੦੦ | |

Digitized by Panjab Digital Library | www.panjabdigilib.org

ਇੱਥੋਂ ਏਤਨੀ ਆਮਦਨੀ ਦੇ ਲੈ ਲੀਤੇ।—— ੨੯੧

ਸੰ: ੧੯੦੩ ਬਿ: ਕੇ ਜੰਗ ਸਤਲੁਜ ਦੇ ਸਮੇਂ ਜਦ ਪਿਨ੍ਹਟੇਬਰ ਸੰ: ੧੮੪੫ ਈ: ਕੋ ਜੋ ਤੇ ਫੌਜ ਫੁਟ ਸਰੀਰ ਦੇ ਦੇਤ ਫੌਜ ਨਦੀ ਭਾਰ ਬਰਦਾਰੀ ਵਾਸਤੇ ਸਰਕਾਰ ਨੇ ਰਾਜੇ ਸਰੂਪ ਸਿੰਘ ਤੋਂ ਮੰਗਆ ਸੀ ਸੋ ਨ ਪਹੁੰਚਣੇ ਕਰ ਮੇਜਰ ਬ੍ਰਾਡਫੁਟ ਸਾਹਿਬ ਨੇ ਦਸ ਹਜ਼ਾਰ ਰੁਪਿਆ ਜੁਰਮਾਨਾ ਕਰ ਦਿੱਤਾ ਸੀ ਫੇਰ ਫੇਰ ਏਸ ਦੀ ਬੇਸ਼ੁਮਾਰ ਰਸਦ ਭਾਰ ਬਰਦਾਰੀ ਪਹੁੰਚਣੇ ਕਰ ਤੇ ਏਸ ਦੀ ਫੌਜ ਦਾ ਅੰਗ੍ਰੇਜ਼ੀ ਫੌਜ ਦੇ ਬਰਾਬਰ ਕੰਮ ਦੇਖ ਕੇ ਗਵਰਨਰ ਜਨਰਲ ਨੇ ਸਿਫ਼ਾਰਸ਼ ਮਾਫ਼ ਕਰਨੇ ਜੁਰਮਾਨੇ ਦੇ ਤਿੰਨ ਹਜ਼ਾਰ ਦੀ ਜਾਗੀਰ ਇਨਾਮ ਵਾਸਤੇ ਰਾਜੇ ਨੂੰ ਤੇ ਇੱਕ ਮਹੀਨੇ ਦੀ ਤਲਬ ਇਨਾਮ ਜੀਂਦ ਦੀ ਫੌਜ ਨੂੰ ਦਿੱਤੇ ਤੇ ਸਭ ਤਰਾਂ ਦਾ ਖ਼ਿਰਾਜ ਜੋ ਜੋ ਫੌਜੀ ਖ਼ਿਦਮਤ ਬਦਲੇ ਸਰਕਾਰ ਲੈਆ ਕਰਦੀ ਸੀ ਮਾਫ਼ ਕਰ ਦਿੱਤਾ ਸਾਥ ਹੀ ਸ਼ਾਹਿ ਸੁਲਤਾਨ ਉਨੇ ਜਾਣੇ ਸੇ ਦਾਗੀ ਦਾ ਮਾਫ਼ ਕਰ ਕੇ ਇਕ ਹਜ਼ਾਰ ਰੁਪਿਆ ਸਾਲਾਨਾ ਹੋਰ ਲਾਹੌਰ ਦੀ ਛਤੇ ਬਾਬਤ ਬਖਸ਼ਿਆ ਕਿਉਂਕਿ ਜੀਂਦ ਦੀ ਫੌਜ ਨੇ ਕਸ਼ਮੀਰ ਦੀ ਮੁਹਿੰਮ ਵਿੱਚ ਬੀ ਬਹੁਤ ਚੰਗਾ ਕੰਮ ਦਿੱਤਾ ਸੀ।—— ।ਔਰ ਇੱਕ ਸਨਦ ਮਾਲ ਜੈਸੇ ਪਟਿਆਲੇ ਨਾਭੇ ਨੂੰ ਆਪਣੇ ਸੌ ਭੂਮੀ ਇਲਾਕੇ ਵਿੱਚ ਇਖ਼ਤਿਆਰ ਖ਼ੂਨੀ ਨੂੰ ਫਾਂਸੀ ਦੇਣੇ ਤਕ ਤੇ ਹੱਕ ਹਕੂਕ ਹਾਸਲ ਹਨ ਤੈਸੇ ਰਾਜੇ ਸਰੂਪ ਸਿੰਘ ਨੂੰ ਦਿੱਤੇ ਗਏ ਏ। ਦੇਖੋ ਨਕਲ ਸੰਨਦ ਤਵਾਰੀ

| ਨਾਮ ਪ੍ਰਗਣਾ | ਗਿਣਤੀ ਪਿੰਡਾਂ | ਆਮਦਨੀ | ਕੈਫੀਅਤ |
|---|---|---|---|
| ਬਸੀਆਂ | ੧੬ | ੧੬੦੦੦ | ਏਹ ਜਾਗੀਰ ਮਹਾਂਰਾਜੇ ਰਣਜੀਤ ਸਿੰਘ ਨੇ ਸੰ: ੧੮੬੩-੬੪ ਬਿ: |
| ਲੁਦੇਹਰਾਂ | ੧੧ | ੮੫੦੦੦ | ਕੋ ਰਾਜੇ ਭਾਗ ਸਿੰਘ ਨੂੰ ਦਿਤੀ ਸੀ।—— |
| ਮੋਰਿੰਡਾ | ੨੬ | ੪੪੦੦੦ | |
| ਅੱਧਾ ਮੁਦਕੀ ਦਾ ਪ੍ਰਗਣਾ | ੮ | ੧੦੦੦੦ | |
| ਜੰਡਿਆਲਾ | ੯ | ੧੧੦੦੦ | ਜਿਸਦਾ ਕਲਕਟਰ ਸਾਹਿਬ ਦੀ ੧੦ ਨਵੰਬਰ ਸੰ: ੧੮੩੫ ਈ: ਦੀ ਰਿਪੋਰਟ ਦੇ ਅਨੁਸਾਰ ਗਲਿਖੇ ਹਨ।—— |
| ਜੋੜ | ੧੪੬ | ੧੬੬੦੦੦ | |
| ਫਤਾਲ | • | ੨੦੦੦ | ਏਹ ਪਿੰਡ ਕਲਕਟਰ ਦੀ ਰਿਪੋਰਟ ਵਿਚ ਨਹੀਂ ਪਰ ਉਸ ਕਾਗਜ਼ ਵਿਚ ਹਨ ਜੋ ੨੮ ਦਿਸੰਬਰ ਸੰ: ੧੮੩੪ ਈ: ਕੋ ਏਜੰਟ ਦੇ ਪੇਸ਼ ਹੋਯਾ ਸੀ।—— |
| ਦਿਆਲਪੁਰ | • | ੩੦੦੦ | |
| ਫੁਟਕਰ ਪਿੰਡ | ੯ | ੧੧੦੦੦ | |
| ਜੋੜ | ੯ | ੧੬੦੦੦ | |
| ਜੋੜ ਕੁੱਲ ਆਮਦਨੀ | | ੧੮੨੦੦੦ | ਸੰਗਲਾਣਾ ਕਪਰਾਊ ਮਟੂਕ ਫਨਾਸੀ ਸਾਸ ਭੂਰੂ ਪੁਰਾਣਾ ਖੇੜਾ ਖਰਖੋਦਾ ਭੂੰਖ ਏਹ ੯ ਪਿੰਡ ਇਲਾਕੇ ਅੰਗ੍ਰੇਜ਼ੀ ਦੇ ਵਿਚ ਕਰ ਸਮਝ ਕੇ ਸਰਕਾਰ ਨੇ ਦਿੱਲੀ ਸਾਥ ਮਿਲਾ ਲੀਏ।—— |

੨੯੨ ਖੋਰਦੂ ਸਫਾ ਨੰਬਰ ੪੨੮ ॥ —— ।।ਰਾਜੇ ਸਰੂਪ ਸਿੰਘ ਨੇ ਗੁਜਰਾਤ ਦੇ ਜੰਗ
ਵਿੱਚ ਬੀ ਸਰਕਾਰ ਅੰਗ੍ਰੇਜੀ ਦੀ ਮਦਦ ਪਰ ਜਾਣਾ ਚਾਹਿਆ ਸੀ ਪ੍ਰੰਤੂ ਸਰਕਾਰ ਨੇ ਨਾ ਮੰਨਿਆ
ਲਜਵਾਣੇ ਦਾ ਫਸਾਦ ॥ —— ।।ਰਾਜੇ ਸਰੂਪ ਸਿੰਘ ਨੇ ਅਪਣੀ ਰਿਆਸਤ ਵਿੱਚ ਬਹੁਤ ਅੰਗ੍ਰੇਜੀ ਕਾਇਦੇ ਬਰਤ
ਨੇ ਸ਼ੁਰੂ ਕਰ ਰੱਖੇ ਸੇ ਜਿਸ ਕਰਕੇ ਕਈ ਕਿੱਸੇ ਕਜੀਏ ਹੁੰਦੇ ਰਹੇ ਜਿਨ੍ਹਾਂ ਵਿਚੋਂ ਸੰ: ੧੯੧੧ ਬਿ: ਤੇ
ਸੰ: ੧੮੫੪ ਈ: ਕੋ ਬਾਂਗਰ ਦੇਸ ਵਿੱਚ ਬੜੀ ਭਾਰੀ ਬਗਾਵਤ (ਖਰਾਬੀ) ਪੈਦਾ ਹੋ ਗਈ ਸੀ।
ਜੱਟਾਂ ਨੇ ਜਿਨ੍ਹਾਂ ਦੇ ਸਿਰੋਮਣੀ ਚੌਧਰੀ ਭੂਰਾ ਤੇ ਨਿਗਾਹੀਆ ਆਦਿਕ ਸੇ। —— ।।ਰਾਜੇ
ਦਾ ਤਸੀਲਦਾਰ ਜਾਮੀਨ ਦੀ ਮਿਣਤੀ ਕਰ ਰਿਹਾ ਸੀ ਮਾਰ ਦਿੱਤਾ ਹੋਰ ਬੀ ਸਬ ਰਾਜੇ ਦੇ ਨੌਕ
ਰ ਮਾਰਕੇ ਦੇਸ ਵਿੱਚੋਂ ਕੱਢ ਦਿੱਤੇ ਕਈ ਪਿੰਡਾਂ ਦੇ ਜੱਟ ਲਜਵਾਣੇ ਦਾ ਕੋਟ ਖਾਈ ਕਾਇਮ ਕਰ
ਕੇ ਆਕੀ ਹੋ ਬੈਠੇ। ਚਾਰ ਮਹੀਨੇ ਰਾਜੇ ਸਰੂਪ ਸਿੰਘ ਨਾਲ ਲੜੇ। ਗੁਲਾਬ ਸਿੰਘ ਕੁਮੇ
ਦਾਨ ਆਦਿਕ ੮ ਕੁ ਆਦਮੀ ਮਰੇ ਬਹੁਤ ਜਖਮੀ ਹੋਏ। ਕਿਉਂਕਿ ਓਪਰ ਬੇਸ਼ੁਮਾਰ ਜਟਦ
ਧਕੱਠੀ ਹੋ ਰਹੀ ਸੀ। ਤਦੋਂ ਨੂੰ ਪਟਿਆਲੇ ਤੋਂ ਦੋ ਪਲਟਣਾ ਚਾਰ ਤੋਪਾਂ ਮਦਦ ਪਹੁੰਚ ਗਈ।
ਫੇਰ ਬੀ ਭਾਰੀ ਜੰਗ ਹੋਯਾ ੧੭ ਆਦਮੀ ਫੌਜ ਪਟਿਆਲੇ ਦੇ ਮਾਰੇ ਗਏ ਤੇ ਜਖਮੀ ਬਹੁ
ਤ ਹੋਏ। —।।ਪਰ ਫਤੇ ਰਾਜੇ ਸਰੂਪ ਸਿੰਘ ਦੀ ਹੋਈ। ਲਜਵਾਣਾ ਪਿੰਡ ਉਜਾੜਕੇ ਨਗਾ
ਹੀਏ ਆਦਿਕ ਬਹੁਤ ਆਦਮੀਆਂ ਨੂੰ ਫੜਕੇ ਸਖਤ ਸਜਾ ਦਿੱਤੀ ਗਈ। ਏਸ ਜੰਗ ਦੇ ਗੀ
ਤ ਅਜੇ ਤਕ ਓਸ ਦੇਸ ਵਿੱਚ ਲੋਗ ਗਾਉਂਦੇ ਹਨ। ——
ਸੰ: ੧੯੧੪ ਬਿ: ਤੇ ਸੰ: ੧੮੫੭ ਈ: ਕੋ ਜਦ ਪੂਰਬੀਆਂ ਦਾ ਗਦਰ ਹੋਯਾ ਤਦੋਂ ਬੀ ਰਾਜੇ ਸਰੂ
ਪ ਸਿੰਘ ਨੇ ਸਰਕਾਰ ਅੰਗ੍ਰੇਜੀ ਦੀ ਸਿਰੋਂ ਪਰੇ ਹੋਕੇ ਦਿਲੋਂ ਮਦਦ ਕੀਤੀ। ਆਪ ਰਾਜਾ
ਸਾਹਿਬ ਬਹਾਦੁਰ ਅੱਠ ਸੌ ਸਿਪਾਹੀ ਅਪਣਾ ਤੋਪਖਾਨਾ ਲੈਕੇ ਜਾਕੇ ਪਹਿਲੇ ਤਾਂ ਸਹਰ ਕਰ
ਨਾਲ ਤੇ ਛਾਉਣੀ ਬਚਾਈ ਓਤੇ ਨਾਲੇ ਬਾਗਪਤ ਦੇ ਪੁਲ ਦੀ ਰਖਵਾਲੀ ਕੀਤੀ ਜਿਸ ਤੋਂ ਪ
ਣੀਪਤ ਦਾ ਗਦਰ ਬੀ ਦਬ ਗਿਆ। —— ।।ਫੇਰ ਜੀਂਦ ਦੀ ਫੌਜ ਨੇ ਅੰਗ੍ਰੇਜੀ ਫੌਜ
ਦੇ ਅੱਗੇ ਜਾਕੇ ਐਸੀ ਹਿੰਮਤ ਕੀਤੀ ਜੋ ਸੰਭਾਲਕਾ ਤੇ ਰਾਈ ਬਾਗੀਆਂ ਤੋਂ ਛੀਨਕੇ ਸੜ
ਕ ਉੱਤੇ ਅਪਣਾ ਦਖਲ ਕਰ ਲੀਤਾ। —— ।।ਅਨੇਕ ਅੰਗ੍ਰੇਜਾਂ ਨੇ ਜੋ ਵਿਚਾਰੇ ਮਾਰੇ ਦ
ਹੈਰਾਨ ਪ੍ਰੇਸ਼ਾਨ ਫਿਰ ਰਹੇ ਸੇ ਏਸ ਫੌਜ ਵਿੱਚ ਆਕੇ ਜਾਨ ਬਚਾਈ। —— ॥ ੮ ਜੂਨ ਨੂੰ
ਰਾਜਾ ਸਰੂਪ ਸਿੰਘ ਨੇ ਅਪਣੀ ਫੌਜ ਸਮੇਤ ਅਲੀਪੁਰ ਉੱਤ੍ਰਕੇ ੧੦ ਜੂਨ ਕੋ ਸਰਾਇ
ਬਾਦਲੀ ਦੀ ਲੜਾਈ ਮਾਰੀ ਜਿਸ ਦੇ ਬਦਲੇ ਸਾਹਿਬ ਕਮਾਂਡਰ ਇਨਚੀਫ ਨੇ ਜੀਂਦ ਦੀ

Digitized by Panjab Digital Library | www.panjabdigilib.org

ਬਹੁਤ ਬਹਾਦਰੀ ਤੇ ਨੇਕਨਾਮੀ ਲਿਖੀ ਹੈ। — ਓਥੇਂ ਜੇੜ੍ਹੀਆਂ ਤੋਪਾਂ ਬਾਗੀਆਂ ਤੋਂ ਖੋਹੀਆਂ ੨੮੩
ਸਨ ਉਨਾਂ ਵਿਚੋਂ ਇੱਕ ਤੋਪ ਰਾਜੇ ਸਰੂਪ ਸਿੰਘ ਨੂੰ ਬੀ ਉਸ ਫਤੇ ਦੀ ਨਿਸ਼ਾਨੀ ਮਿਲੀ। —
੧੯ ਜੂਨ ਨੂੰ ਜੀਂਦ ਦੀ ਫੌਜ ਨੇ ਨਸੀਰਾਬਾਦ ਦੇ ਬਾਗੀਆਂ ਨੂੰ ਭਜਾਯਾ। — ।।ਉਸੇ ਸਮੇਂ ਜਦ
ਪੁਰਾਣੇ ਜੀਂਦ ਵਿੱਚ ਗੜ੍ਹ ਹੋਣੇ ਵਾਲਾ ਸੁਣਿਆ ਤਾਂ ਰਾਜੇ ਸਰੂਪ ਸਿੰਘ ਨੇ ਓਹ ਫੌਜ ਤਾਂ
ਅਪਣੀ ਦਿੱਲੀ ਦੇ ਮੋਰਚੇ ਪਰ ਸਰਦਾਰ ਕਾਨ੍ਹ ਸਿੰਘ ਦੀ ਕਮਾਨ ਵਿੱਚ ਛੱਡੀ ਤੇ ਆਪ ਛ
ੜੀ ਅਸਵਾਰੀ ਜੀਂਦ ਪਹੁੰਚਕੇ ਬਾਗੀਆਂ ਨੂੰ ਜਾ ਦਬਾਯਾ। ਨਵੀਂ ਫੌਜ ਭਰਤੀ ਕਰ ਅਪਣੇ
ਮੁਲਕ ਦੇ ਬੰਦੋਬਸਤ ਪਰ ਅਪਣੇ ਬੇਟੇ ਰਘਬੀਰ ਸਿੰਘ ਨੂੰ ਛੱਡਕੇ ਆਪ ਫੇਰ ੯ ਸਤੰਬਰ
ਕੋ ਦਿੱਲੀ ਦੇ ਧਾਵੇ ਮੇਂ ਜਾ ਸ਼ਾਮਲ ਹੋਯਾ। —— ।।ਜਦਪਿ ਜੀਂਦ ਦੀ ਫੌਜ ਅੰਗ੍ਰੇਜ਼ੀ ਸ
ਪਾਹੀਆਂ ਨਾਲ ੨ ਧਾਵੇ ਦੇ ਸਮੇਂ ਸ਼ਹਿਰ ਪਨਾਹ ਉੱਤੇ ਚੜ੍ਹਦੀ ਹੋਈ ਬਹੁਤ ਮਾਰੀ ਗਈ ਸੀ ਪਰੰਤੂ
ਰਾਜੇ ਬਹਾਦਰ ਦੇ ਤੇ ਸਰਦਾਰ ਕਾਨ੍ਹ ਸਿੰਘ ਦੇ ਲਲਕਾਰਿਆਂ ਨੇ ਪਿੱਛੇ ਨ ਹਟਨ ਦਿੱਤਾ।
ਇਸ ਧਾਵੇ ਵਿੱਚ ਖਾਸ ਰਾਜੇ ਸਾਹਿਬ ਦੇ ਜਾਣੇ ਨੇ ਇਸ ਨੂੰ ਬੜੇ ਜਸ ਦਾ ਭਾਗੀ ਬਣਾ ਦਿੱਤਾ
ਉਸ ਸਮੇਂ ਜਦ ਗਦਰ ਦੀ ਅੱਗ ਭੜਕ ਰਹੀ ਸੀ ਫੌਜ ਜੀਂਦ ਨੇ ਨਾਲ਼ੇ ਤਾਂ ਜਿਲੇ ਰੋਹਤਕ ਦਾ
ਬੰਦੋਬਸਤ ਤੇ ਨਾਲੇ ਮਾਲ ਉਘਰਾਕੇ ਗਵਰਮਿੰਟ ਪਾਸ ਭੇਜਿਆ। —— ।।ਦਿੱਲੀ ਫ
ਤੇ ਹੋਈ ਤੋਂ ਰੱਖਾ ਰਾਜਾ ਸਾਹਿਬ ਤਾਂ ਸਫੀਦੋਂ ਜਾ ਠਹਿਰੇ ਤੇ ੨੫ ਸਪਾਹੀ ਤਹਿਸੀਲ ਸਰਸੌਲੀ
ਤੇ ੨੫ ਖਾਸ ਦਿੱਲੀ ਵਿੱਚ ੧੧੦ ਕਰਨਲ ਰਿਚਰਡ ਲਾਰੈਂਸ ਸਾਹਿਬ ਦੇ ਸਾਥ ਸਰਦਾ
ਰ ਕਾਨ੍ਹ ਸਿੰਘ ਲੈਕੇ ਗਿਆ। ੨੦੦ ਸਪਾਹੀ ਜਨਰਲ ਵਾਨ ਕੋਰਟਲੈਂਡ ਸਾਹਿਬ ਨਾਲ
ਹਾਂਸੀ ਪਹੁੰਚਿਆ ੫੦ ਗੋਹਾਣੇ ਵਿੱਚ ਰਹੇ। ਇਸੇ ਤਰਾਂ ਅਨੇਕ ਜਗਾਂ ਜਾਕਰ ਜੀਂਦ ਦੀ ਫੌਜ
ਨੇ ਇੰਤਜ਼ਾਮ ਕਾਇਮ ਰੱਖਿਆ ਤਾਂਹੀ ਜਨਰਲ ਵਿਲਸਨ ਸਾਹਿਬ ਨੇ ਦਿੱਲੀ ਦੀ ਫਤੇ ਬਾਬਤ
੨੨ ਸਤੰਬਰ ਕੋ ਅਪਨੇ ਮੁਰਾਸਲੇ ਵਿੱਚ ਰਾਜਾ ਜੀਂਦ ਦੀ ਮਦਦ ਦਾ ਨਿਹਾਯਤ ਬਧਕੇ ਧੰ
ਨਵਾਦ ਲਿਖਿਆ ਹੈ। —— ।।ਐਚ ਟਾਮਸਨ ਸਾਹਿਬ ਜੀ ਬੀ ਕਮਸਰੀ ਜਨਰ
ਲ ਨੇ ਰਾਜਾ ਜੀਂਦ ਦੀ ਰਸਦ ਭਾਰਬਰਦਾਰੀ ਦੇ ਬਾਬਤ ਇਹ ਬੇਂਤੀ ਕਰ ਲਿਖਿਆ ਹੈ ਕਿ "ਜੇਕ
ਰ ਇਸ ਕਦਰ ਆਧਿਕ ਰਸਦ ਰਾਜਾ ਜੀਂਦ ਦੀ ਐਨ ਮੌਕੇ ਪਰ ਨਾ ਪਹੁੰਚਦੀ ਤਾਂ ਪਹਿਲੀ
ਰਸਦ ਫੌਜ ਵਾਸਤੇ ਬਹੁਤ ਘਾਟ ਸੀ। — ।।ਏਹੋ ਜੇਹੇ ਅਨੇਕ ਮੁਰਾਸਲੇ ਚਿੱਠੀਆਂ
ਦੇ ਸਿਵਾਇ ਵੈਸਰਾਇ ਸਾਹਿਬ ਬਹਾਦਰ ਨੇ ਬੀ ੫ ਨਵੰਬਰ ਸੰ: ੧੮੫੭ ਈ: ਕੋ ਅਪਣੇ
ਇਸ਼ਤਹਾਰ ਵਿੱਚ ਲਿਖਿਆ ਹੈ ਕਿ ਸਭ ਰਾਜਿਆਂ ਤੋਂ ਬਧਕੇ ਰਾਜੇ ਜੀਂਦ ਦੀ ਬਡੇਰਾਈ ਏਦਾ

Digitized by Panjab Digital Library | www.panjabdigilib.org

੨੯੪ ਲ੍ਹੀ ਪੂਰੀ ੨ ਮਦਦ ਦਾ ਧੰਨਿਆਬਾਦ ਗਵਰਮਿੰਟ ਨੂੰ ਕਰਨਾ ਚਾਹੀਏ।—— ।।ਤਿਨਾਂ ਖਿਜ਼ਮ
ਤਾਂ ਮਦਦਾਂ ਦੇ ਇਵਜ਼ ਮੈਂ ਪਹਿਲੇ ਤਾਂ ਰਾਜੇ ਸਰੂਪ ਸਿੰਘ ਨੂੰ (ਫਰਜ਼ੰਦ ਦਿਲਬੰਦ ਰਾਸਿਖੁ
ਲ ਏਤਕਾਦ ਰਾਜਾ ਸਰੂਪ ਸਿੰਘ ਬਹਾਦਰ ਵਾਲੀ ਜੀਂਦ) ਏਹ ਖਤਾਬ ਤੇ ੧੧ ਤੋਪ ਦੀ ਸਲਾ
ਮੀ ੧੫ ਪਾਰਚੇ ਦਾ ਖਿਲਤ ਮੁਕੱਰਰ ਕਰਕੇ ਫੇਰ ਏਹ ਪ੍ਰਗਣੇ ਦਿੱਤੇ:——
ਅੱਵਲ ਦਾਦਰੀ ਜੋ ਥਿੰਵਾਲੇ ਨੁਵਾਬ ਦੇ ਬਾਗੀ ਹੋਣੇ ਕਰ ਜ਼ਬਤ ਹੋਯਾ ਸੀ ਇੱਕ ਲਾਖ ਤੇ
੧੩੦੦੦
ਹਜ਼ਾਰ ਦਾ।—— ।।ਦੂਜਾ ਪ੍ਰਗਣੇ ਕੁਲਾਰਾਂ ਦੇ ੧੩ ਪਿੰਡ ੧੩੮੧੩ ਰੁਪਏ ਦੇ।——
ਓਦੋਂ ਏਨ੍ਹਾਂ ਪ੍ਰਗਣਿਆਂ ਦੀ ਆਮਦਨੀ ਸਾਲਾਨਾ ਏਤਨੀ ਸੀ ਹੁਣ ਬਹੁਤ ਬਧ ਗਈ ਹੈ।
।ਇੱਕ ਮਕਾਨ ਖਾਸ ਦਿੱਲੀ ਵਿੱਚ ਬਨਭਰੀ ਜੋ ਸਾਹਜ਼ਾਦੇ ਮਿਰਜ਼ੇ ਅਬੂਬਕਰ ਦਾ ਬਾਗੀ ਹੋ
ਣੇ ਤੋਂ ਜ਼ਬਤ ਹੋਯਾ ਸੀ ਰਾਜੇ ਸਾਹਿਬ ਨੂੰ ਦਿੱਤਾ ਗਿਆ।।—— ।।ਓਹ ਰਾਜੇ ਦੀ ਦਰਖ੍ਵਾਸਤ
ਪਰ ਬਨਭੌਰੀ ਭਆਬਾਦੀ ਏਹ ਦੋ ਪਿੰਡ ਜੋ ਬਨਭੂਖਾਂ ਵਾਲੇ ਸਰਦਾਰਾਂ ਦੀ ਜਾਗੀਰ ਦੇ ਹਨ।
ਬੀਸ ਬਰਸ ਦਾ ਮੁਹਾਸਲ (ਮਾਮਲਾ) ੧੨੮੭੦ ਰੁਪਏ ਰਾਜੇ ਤੋਂ ਲੈ ਕੇ ਸਰਕਾਰ ਨੇ ਰਾਜੇ
ਦੀ ਜੈਲਦਾਰੀ ਵਿੱਚ ਕਾਇਮ ਕਰ ਦਿੱਤੇ।—— ।।ਤਬ ਸੇ ਬਨਭੂਖਾਂ ਵਾਲੇ ਸਰਦਾਰ
ਮਾਸਤ ਜੀਂਦ ਦੇ ਜੈਲਦਾਰ ਬਣ ਗਏ।—— ।।ਹੁਣ ਕਈ ਪਿੰਡ ਇੰਤਜ਼ਾਮ ਦੀ ਸਹੂਲ
ਤ ਵਾਸਤੇ ਸਰਕਾਰ ਨੇ ਰਾਜੇ ਨਾਲ ਬਦਲ ਲਏ ਹੀ ਤੇ ਜੈਸੇ ਬਦਵਾਣ ਕਨੌੜ ਆਦਿਕ ਸਰਕਾਰ
ਪਿੰਡਾਂ ਦਾ ਬਦਲਾਸ ਹੋਣਾ।। ਨੇ ਆਪ ਰੱਖ ਕੇ ਚਰਕੂਲੀ ਨੰਦਾਲੇ ਵਾਲੀ ਸੋਵਾਲ ਪੰਚੋਬੋ ਆਦਿਕ ੧੦੯੫੦ ਰੁਪਏ ਦੇ
ਰਾਜੇ ਨੂੰ ਓਦੋਂ ਦੇ ਕੇ ਫੇਰ ਸੰ: ੧੮੬੧ ਈ: ਕੋ ਨਿਪਾਰੀ ਰੁਪਕੀ ਮੰਡਲਾਂ ਵਾਲ ਲੁਟਕੀ ਧਨੇ
ਰਾ ਉਸਮਾਨ ਪੁਰ ਸਿਧਰ ਹੇੜੀ ਮਦੜੀ ਮਦਾਹੇੜੀ ਮਕੂਲਾਂ ਵਾਲੀ ਨਨਹੇੜਾ ਏਹ ਪਿੰਡ ਜੋ ਸਿ
ਰੂਰਾਂ ਦੇ ਨੇੜੇ ਸੇ ਰਾਜੇ ਨੂੰ ਦੇ ਕੇ ਏਨਾਂ ਬਦਲੇ ਏਤੀ ਆਮਦਨੀ ਦੇ ਜੋ ਹੰਸਾਰ ਵਿਚ ਰਾਜੇ ਦੇ ਪਿੰ
ਡ ਸੇ ਸੋ ਸਰਕਾਰ ਨੇ ਲੈ ਲੀਤੇ।——
ਮੁਤਬੰਨਿਆ ਦਿਕ ਇਖ ਤਿਆਰ ਦੀ ਸਨਦ। ੫ ਮਈ ਸੰ: ੧੮੬੦ ਈ: ਦੀ ਲਿਖੀ ਹੋਈ ਸਨਦ ਜਿਸ ਵਿੱਚ ਮੁਤਬੰਨਾ ਆਦਿਕ ਕਈ ਤਰਾਂ
ਦੇ ਇਖਤਿਆਰ ਸੁਤੰਤ੍ਰ ਰਾਜੇ ਨਾਭੇ ਪਟਿਆਲੇ ਨੂੰ ਮਿਲੀ ਤੈਸੇ ਰਾਜੇ ਸਰੂਪ ਸਿੰਘ ਨੂੰ ਬੀ ਗਵ
ਰਮਿੰਟ ਨੇ ਬਖਸ਼ੀ (ਇਸਦਾ ਤਰਜਮਾ ਦੇਖੋ ਸਫਾ ੪੩੧ ਤਵਾਰੀਖ ਉਕ੍ਰਾਉ ਤੇ ਗੁਰਮੁਖੀ ਸਫਾ ੭੫
ਕਿਤਾਬਾਂ ਅਖਾੜਾ ਧਰਮਧਜਾ ਨੂੰ ਜਾਗੀਰ ਦੇਣੀ। ਸੰ: ੧੯੧੮ ਬਿ: ਤੇ ੧੨ ਅਗਸਤ ਸੰ: ੧੮੬੨ ਈ: ਕੋ ਨਿਰਮਲੇ ਸੰਤਾਂ ਦਾ ਅਖਾੜਾ ਧਰ
ਮਧਜਾ ਖਾਲੀ ਹੋਯਾ ਤਾਂ ਜੈਸੇ ਮਾਸਤ ਪਟਿਆਲੇ ਨੇ ੯੦ ਹਜ਼ਾਰ ਰੁਪਿਆ ਨਕਦ ਦਾਰ ਹਜ਼ਾ
ਦੇ ਦੋ ਪਿੰਡ ਏਠੀ ਭੋਣੀ ਔਰ ਨਾਭੇ ਤੇ ਸੋਲਾਂ (੧੬) ਹਜ਼ਾਰ ਨਕਦ ਇੱਕ ਪਿੰਡ ਹਰੀਗੜ੍ਹ ੫੭ ਪਰ ਪੁ

ਏਸਾਲਦਾਖਰਚਅਖਾੜੇਦੇਗਏਸਵਾਸਤੇਧਰਮਅਰਥਾਦਿੱਤੇਤੇਸੋਰਾਜੇਸਰੂਪਸਿੰਘਨੇ ੩ ੨ [illegible]
ਬੀ੨੦ਹਜਾਰਰੁਪਯਾਨਕਦਤੇਦੋਪਿੰਡਮੰਡੋਲਾਂਵਾਲਾਬਲਅਗੜ੍ਹਤੇਰਾਂਸੌਰੁਪ
ਏਸਾਲਾਨਾਦੇਦਿੱਤੇ।ਮਹਾਂਰਾਜੇਨਰਿੰਦ੍ਰਸਿੰਘਤੇਰਾਜੇਭਰਪੂਰਸਿੰਘਔਰਰਾਜੇਸਰੂਪਸਿੰ
ਘਏਨਾਂਤਿੰਨਾਂਰਾਜਿਆਂਨੇਮਿਲਕੇਏਸਅਖਾੜੇਦੇਖਰਚਤੇਕਾਇਮੀਲਈਰੁਪਯਾਨਕਦ
ਤੇਜਾਗੀਰਆਂਧੀਧਰਮਅਰਥਾਏਸਵਾਸਤੇਜੋਕੁਛਦਿੱਤਾਸੋਸਬਭਾਈਮਤਾਬਸਿੰਘ
ਮਹਾਤਮਾਂਦੇ(ਜੇਹੜੇਵਡੇਬਹੁਤਮੰਨੇਦੰਨੇਹੋਏਸੰਤਪੁਰਖਮਸਹੂਰਸੇ।)ਸਪੁਰਦਕਰਕੇ
ਅਖਾੜੇਦੇਕਾਰਬਾਰਵਿੱਚਉਨਾਂਨੂੰਸੁਤੰਤ੍ਰਇਖਤਿਆਰਕਰਦਿੱਤਾਤੇਲਿਖਦਿੱਤਾਕਿਮਹਾਤ
ਮਾਭਾਈਮਤਾਬਸਿੰਘਸਾਹਿਬਕੋਇਖਤਿਆਰਹੈਜਿਸਨੂੰਚਾਹੇਅਖਾੜੇਵਿੱਚਮਹੰਤਕਰਨ
ਹੀਬਣਾਵੇਕਿਸੇਨੂੰਖਾਰਜਕਰਦੇਵੇ।——
ਸੰ:੧੮੬੨ਈ:ਕੋਰਾਜੇਸਰੂਪਸਿੰਘਵਾਸਤੇਜੀ.ਸੀ.ਐਸ.ਆਈ.ਦਾਖਿਤਾਬਮਨਜੂਰਹੋ
ਕੇਆਯਾਪਰਏਸਖੁਸੀਦਾਜਲਸਾਬੀਕਰਨਨਾਪਾਇਆਕਈਮਹੀਨੇਪੇਚਸਦੀਬੀਮਾ
ਰੀਵਿੱਚਬੀਮਾਰਰਹਿਕੇ੫੧ਬਰਸਦੀਉਮਰਵਿੱਚ੨੬ਜਨਵਰੀਸੰ:੧੮੬੪ਈ:ਕੋ
ਏਸਜਹਾਨਤੋਂਕੂਚਕਰਦਿੱਤਾ।—— ।ਬਡੇਅਫਸੋਸਦੀਬਾਤਹੈਜੋਏਹਤਿੰਨੇਰਾਜੇਪਟਿ
ਆਲਾਨਾਭਾਜੀਂਦਇੱਕੋਵਾਰੀਅੱਗੇਪਿੱਛੇਮੁਲਕਨੂੰਖਾਲੀਕਰਗਏ।ਏਨਾਂਤੋਂਮੁਲਕਪੰ
ਜਾਬਨੂੰਬਹੁਤਫਾਇਦੇਸਨ।—— ।ਬੇਸ਼ਕਏਹਤਿੰਨੇਰਾਜੇਲਾਇਕਪਰਰਾਜਾਸਰੂਪ
ਸਿੰਘਅਕਲਸਕਲਵਿੱਚਤੇਬਹਾਦਰੀਸਿੱਖੀਧਰਮਵਿੱਚਸਬਤੋਂਵਧਕੇਪੂਰਾਸੀ।ਜਦ
ਬਕਤਰਪਹਿਨਕੇਅਪਣੀਫੌਜਦੇਅੱਗੇ੨ਚਲਦਾਤਦੋਂਕੋਈਗਈਸਹਿੰਦੁਸਤਾਨੀਏਸਦੇ ਸੰਜੋ
ਲੰਗਾਨਹੀਂਖਾਂਦਾਸੀ।ਜੈਂਦੀਪਹੇਰਸਬਨਾਂਰਾਜਿਆਂਥਾਲੋਂਆਧਿਕਅਪਣੀਪ੍ਰਜਾਨੂੰਤਕ
ਲੀਫਦੇਕੇਬੀਏਹਰਾਜਾਬਹੁਤਮਾਮਲਾਲੈਂਦਾਤੇਅਨੇਕਤਰਾਂਦੀਕਾਰਬਿਗਾਰਲੈਣੇਵਿੱ
ਚਤੇਗਰੱਖਦਾਸੀ।ਪਰਇਨਸਾਫਪੂਰਾ੨ਦੇਣੇਕਰਏਸਦੀਸਖਤੀਨਹੀਂਦੁਖਦੀਸੀ।।
ਔਰਸਰਕਾਰਅੰਗ੍ਰੇਜੀਦਾਖੈਰਖ੍ਹਾਹਦੋਸਤਅਦਦਗਾਰਬੀਏਹਸੱਲੇਤਨੋਂਰੈਹਾ।।——
ਰਾਜੇਸਰੂਪਸਿੰਘਦੇਬਡੇਬੇਟੇਟਿੱਕੇਰਣਧੀਰਸਿੰਘਦੇਸੰ:੧੯੦੫ਬਿ:ਵਿੱਚਗੁਜਰ
ਜਾਣੇਕਰਕੇਰਘੁਬੀਰਸਿੰਘਜੋਉਮਰਦੇ੩੦ਬਰਸਦਾਸੀ੧੩ਮਾਰਚਸੰ:੧੮੬੪ਈ:
ਕੋਗੱਦੀਬੈਠਾ।—— ।ਏਸਨੇਅਪਣੇਬਾਪਦੀਆਗਿਆਵਿੱਚਰਹਿਕੇਰਾਜਸਾਜਦੇ
ਵਿਹਾਰਬਹੁਤਚੰਗੀਤਰਾਂਸਮਝਰੱਖੇਸੇਤਾਹੀਂਰਾਜਨੀਤੀਦੇਕਿਸੇਚਾਲੇਤੋਂਏਹਕਦੇ

(ਰਾ: ਸਰੂਪਸਿੰਘ ਦਾ ਮਰਨਾ ਤੇ ਜਾ ਨਸ਼ੀਨ)

Digitized by Panjab Digital Library | www.panjabdigilib.org

੨੯੬ ਨੀ ਉਹ ਕਮਾਈ ਸੀ। ਜੋ ਹੋਰ ਕਈ ਬਾਤਾਂ ਏਸ ਨੇ ਰਾਜੇ ਸਰੂਪ ਸਿੰਘ ਤੋਂ ਬੀ ਚੰਗੀਆਂ ਕਰ ਦਿਖਾ ਈਆਂ।—— ।ਰਾਜੇ ਰਘਬੀਰ ਸਿੰਘ ਦੇ ਗੱਦੀ ਬੈਠਣ ਸਾਰ ਪਰਗਣੇ ਦਾ ਦਰੀ ਦੇ ਜਿਮੀਂਦਾਰ ਆਕੀ ਹੋ ਬੈਠੇ। ੮ ਮਈ ਨੂੰ ਏਸ ਰਾਜੇ ਨੇ ਫੌਜ ਸਮੇਤ ਉਥੇ ਜਾ ਕੇ ਪਹਿ ਲੇ ਤਾਂ ਉਨ੍ਹਾਂ ਨੂੰ ਬਹੁਤ ਸਮਝਾਇਆ ਬੁਝਾਇਆ ਜਦ ਦੇਖਿਆ ਕਿ (ਮੂਰਖ ਗੰਢ ਪਏ ਮੁਹ ਮਾਰ) ਏਹ ਰਸਾਈ ਨਾਲ ਕਾਬੂ ਨਹੀਂ ਆਉਂਦੇ ਤਾਂ ਜਿੱਥੇ ਉਹ ਚਰਖੀ ਵਿੱਚ ਦੋ ਇਕ ਹਜਾਰ ਜੱਟ ਬਾਈ ਖੇਦ ਕੇ ਆਕੀ ਬਣਿਆ ਬੈਠਾ ਸੀ ੧੪ ਮਈ ਨੂੰ ਉਥੇ ਸਵੇਰੇ ਹੀ ਰਾਜੇ ਨੇ ਤੋਪਾਂ ਦੀ ਅੱਗ ਬਰ ਸਾਉਣੀ ਸ਼ੁਰੂ ਕਰ ਦਿੱਤੀ ਜਦ ਤੋਪਾਂ ਦੇ ਗਰਾਂਢਾਂ ਦੀ ਫੌਡ ਨੇ ਜੱਟ ਬਿਆਕੁਲ ਕੀਤੇ ਤਾਂ ਰਾਤ ਦੀ ਧਾੜ ਉੱਠ ਦੌੜੀ ਛੀ ਮੀਲ ਪਰ ਮਾਨਕ ਬਾਸ ਜਾ ਸਾਹ ਲੀਆ ਫੇਰ ਤਾਂ ਰਾਜਾ ਸਾਹਿਬ ਨੇ ਓ ਥੇ ਬੀ ਜਾ ਕੱਢੇ ਉਸ ਪਿੰਡ ਨੂੰ ਉਜਾੜ ਕੇ ਜੰਜੂਏ ਪਿੰਡ ਵਿੱਚ ਜਿੱਥੇ ਉਹ ਫੇਰ ਆਕੀ ਹੋਏ ਸੇ ਜਾ ਘੇ ਰੇ ਚਾਰ ਘੰਟੇ ਦੋਹਾਂ ਤਰਫਾਂ ਤੋਂ ਮਾਰ ਬਰਸਾ ਆਦਮੀ ਬੀ ਦੋਹੀਂ ਪਾਸੀਂ ਬਹੁਤ ਮਾਰੇ ਪਰ ਫਤੇ ਰਾਜੇ ਸਾਹਿਬ ਦੀ ਹੋਈ ਉਹ ਦੌੜ ਕੇ ਰਾਜਪੂਤਾਨੇ ਮੁਲਕ ਵਿੱਚ ਜਾ ਬੜੇ ਗਦਰ ਸਾਂਤ ਹੋ ਗਿਆ ਏਸ ਕਾਰਜ ਸਿੱਧੀ ਤੋਂ ਰਾਜੇ ਰਘਬੀਰ ਸਿੰਘ ਦਾ ਐਸਾ ਡਾਢਾ ਦਬਦਬਾ ਪਰਜਾ ਉੱਤੇ ਪਿਆ ਜੋ ਫੇਰ ਕਦੇ ਕਿਸੇ ਨੇ ਸਾਰ ਸਾਹ ਨ ਕੱਢਿਆ।——

ਰਾ: ਰਘਬੀਰ ਸਿੰਘ ਦੇ ਕੰਮ

ਜਦਪਿ ਏਹ ਰਾਜਾ ਸੰਗਰੂਰਾਂ ਵਿੱਚ ਹੀ ਜਿਆਦਾ ਰਹਿੰਦਾ ਰਿਹਾ ਪਰ ਆਪਣੇ ਉਸ ਦੂਰ ਦੇ ਮੁ ਲਕ ਜੀਂਦ ਦਾਦਰੀ ਦੀ ਖਬਰ ਤੇ ਨਿਗਾਹ ਐਸੇ ਰਾਜ ਨੀਤੀ ਦੇ ਚਾਲੇ ਨਾਲ ਸੰਭਾਲ ਰੱ ਖੀ ਜੋ ਕੋਈ ਖਰਾਬੀ ਕਦੇ ਨ ਹੋਣੀ ਪਾਈ।—— ।ਏਹ ਰਾਜਾ ਨਿਹਾਇਤ ਅਕਲ ਮੰਦ ਸਮਝ ਵਾਲਾ ਸੂਰਬੀਰ ਸਸਤ੍ਰ ਵਿੱਦਿਆ ਵਿੱਚ ਪੂਰਾ ਸਿਪਾਹੀ ਸੀ। ਏਸ ਦੀ ਫੌਜ ਚਾਹੇ ਥੋੜੀ ਸੀ ਪਰ ਅੰਗ੍ਰੇਜੀ ਫੌਜ ਨਾਲੋਂ ਘੱਟ ਚੁਸਤ ਚਾਲਾਕ ਕਵਾਇਦ ਵਿੱਚ ਨਹੀਂ ਸੀ।—— ਏਸ ਰਾਜੇ ਨੂੰ ਇਮਾਰਤਾਂ ਦਾ ਸੌਕ ਬਹੁਤ ਸੀ ਸੰ: ੧੯੨੭ ਬਿ: ਵਿੱਚ ਸੰਗਰੂਰ ਦਾ ਬਜਾਰ ਸੰਪੂਰਦੀ ਕਤਾਰ ਬਣਵਾਯਾ ਤੇ ਸਮਾਧਾਂ ਬਣਵਾਈਆਂ।—— ।ਇੱਕ ਦੀਵਾਨ ਖਾ ਨਾ ਤੇ ਸੰਗੇਮਰਮਰ ਦੀ ਬਾਰਾਂਦਰੀ ਬਣਵਾਈ। ਸੰ: ੧੯੨੯ ਬਿ: ਕੇ ਇੱਕ ਤਾਲਾਬ ਪੱਕ ਭੂਤੇਸ੍ਵਰ ਨਾਮ ਦੂਜਾ ਨਾਗਛੇਤ੍ਰ ਜਿੱਥੇ ਰਾਜੇ ਜਨਮੇਜੇ ਨੇ ਸੱਪਾਂ ਦਾ ਹੋਮ ਕੀਤਾ ਸੀ ਉਸ ਕ ਤਾ ਉੱਤੇ ਬਹੁਤ ਚੰਗਾ ਦੇਖਣ ਦੀ ਲਾਇਕ ਲਗਵਾਯਾ। ਫੇਰ ਤਾਂ ਸੰ: ੧੯੨੯ ਦੇ ਤੋਂ ਲੈ ਕੇ ਸੰ: ੧੯੪੪ ਬਿ: ਤਕ ਇਮਾਰਤਾਂ ਹੀ ਬਣਵਾਉਂਦਾ ਰਿਹਾ ਜੋ ਸੰਗਰੂਰ ਦੇ ਚੁਫੇਰੇ ਤਾਲਾਬ ਕਿਲ੍ਹਾ ਸਹਰਪਨਾਹ ਬੇਸੁਮਾਰ ਇਮਾਰਤਾਂ ਤੇ ਬਾਗਾਂ ਦੀ ਰੌਣਕ ਕਰ ਕੇ ਸਹਰ ਦੀ ਕਾਯਾਂ ਪ

Digitized by Panjab Digital Library | www.panjabdigilib.org

ਪਲਟ ਦਿਖਾਈ। — ।ਏਨਾਂ ਕੰਮਾਂ ਤੋਂ ਸਿਵਾਇ ਸੰ: ੧੮੩੮ ਵਿੱਚ ਸ਼ੁਰੂ ਕਰਕੇ ਸੰ: ੨੯੭
੧੯੪੪ ਬਿ: ਤਕ ਸ੍ਰੀ ਅੰਮ੍ਰਿਤਸਰ ਤਾਲਾਬ ਦੀ ਅੱਧੀ ਪ੍ਰਕਰਮਾਂ ਜੋ ਕਈ ਲੋਕਾਂ ਤੋਂ ਬਾਕੀ ਦਿਲੀ ਦੇ ਸੀਸਗੰਜ ਦਾ ਜ਼ਿਕਰ
ਰਹੀ ਪਈ ਸੀ ਏਸ ਰਾਜੇ ਨੇ ਸੰਗੇ ਮਰਮਰ ਤੇ ਸੰਗੇ ਮੂਸਾ ਨਾਲ ਤਿਆਰ ਕਰਾਕੇ ਅਪਣੀ
ਯਾਦਗੀਰੀ ਹਮੇਸ਼ ਵਾਸਤੇ ਕਾਇਮ ਕਰ ਦਿੱਤੀ। ਇੱਕ ਹੋਰ ਕੰਮ ਏਸ ਤੋਂ ਭੀ ਵਧਕੇ ਕੀਤਾ
ਜੋ ਦਿੱਲੀ ਵਿੱਚ ਗੁਰਦੁਆਰਾ ਸੀਸਗੰਜ ਬਣਵਾਯਾ। ਉਸਦਾ ਬ੍ਰਿਤਾਂਤ ਏਹ ਹੈ।: —
ਜਦ ਸਰਕਾਰ ਅੰਗ੍ਰੇਜੀ ਨੇ ਸੰ: ੧੯੧੪ ਬਿ: ਕੋ ਖਾਸ ਕਰ ਸਿੰਘਾਂ ਦੀ ਮਦਦ ਨਾਲ ਦਿੱ
ਲੀ ਫਤੇ ਕਰ ਸਭ ਨਾਂ ਰਈਸਾਂ ਨੂੰ ਦਿੱਲੀ ਵਿੱਚ ਮਕਾਨ ਦਿੱਤੇ ਤਦੋਂ ਰਾਜੇ ਸਰੂਪ ਸਿੰਘ ਨੇ
ਉਹ ਮਸੀਤ ਮੰਗ ਲੀਤੀ ਜੇਹੜੀ ਮੁਸਲਮਾਨਾਂ ਨੇ ਗੁਰਦੁਆਰੇ ਸੀਸਗੰਜ ਉੱਤੇ ਬਣਵਾ ਰੱ
ਖੀ ਸੀ ਗਿਰਵਾ ਕਰ ਉਥੇ ਗੁਰਦੁਆਰਾ ਬਣਵਾ ਦਿੱਤਾ ਚਾਰ ਬਰਸ ਪਿੱਛੋਂ ਜਦ ਅਮਨ ਕਾ
ਇਮ ਹੋ ਗਿਆ ਤਾਂ ਮੁਸਲਮਾਨਾਂ ਨੇ ਸਰਕਾਰ ਵਿੱਚ ਦਾਵਾ ਕਰਕੇ ਡਿਗਰੀ ਹਾਸਲ ਕਰ ਅ
ਖਦੇ ਫੇਰ ਵਿੱਚ ਗੁਰਦੁਆਰਾ ਢਾਹਕੇ ਮਸੀਤ ਫੇਰ ਉਥੇ ਬਣਵਾ ਲਈ। — ।ਉਸਦਾ ਅਪੀ
ਲ ਰਾਜਾ ਰਘੁਬੀਰ ਸਿੰਘ ਨੇ ਬੜੇ ਜੋਰ ਸੋਰ ਨਾਲ ਵਲਾਇਤ ਵਿੱਚ ਕੀਤਾ ਜੋ ਮਨਜ਼ੂਰ ਹੋ
ਕੇ ਏਹ ਫੈਸਲਾ ਕਤਈ ਕਰਾਰ ਪਾਯਾ ਕਿ ਜੋ ਹੁਕਮ ਗਦਰ ਦੇ ਸਮੇ ਅਫਸਰ ਜਾਰੀ ਕਰ
ਚੁੱਕੇ ਹਨ ਓਹੋ ਅੱਟਲ ਰਹੇਗਾ। ਏਸ ਹੁਕਮ ਦੇ ਅਨੁਸਾਰ ਰਾਜੇ ਰਘੁਬੀਰ ਸਿੰਘ
ਨੇ ਝੱਟ ਪੱਟ ਮਸੀਤ ਉਖੇੜਕੇ ਬਹੁਤ ਚੰਗਾ ਖੁਲਾਸਾ ਗੁਰਦੁਆਰਾ ਬਣਵਾ ਕਰ ਇਕ ਪਿੰ
ਡ ਉਸਦੇ ਲੰਗਰ ਤੇ ਰੌਣਕ ਵਾਸਤੇ ਜਾਗੀਰ ਲਾ ਦਿੱਤਾ। ———— ।ਪਹਿਲੇ ਸ੍ਰੀ ਅੰ
ਮ੍ਰਿਤਸਰ ਮੇਂ ਕੋਈ ਸਦਾਬਰਤ ਨਹੀਂ ਸੀ ਸੰ: ੧੯੨੨ ਬਿ: ਕੋ ਰਾਜੇ ਰਘੁਬੀਰ ਸਿੰਘ ਰਾ: ਰਘੁਬੀਰ ਸਿੰਘ ਦੇ ਸਦਾ ਬਰਤ
ਨੇ ਅਲਵਈ ਬੁੰਗੇ ਵਿੱਚ ੭) ਰੋਜ ਦਾ ਸਦਾਬਰਤ ਉਥੇ ਤੇ ਸੰ: ੧੯੩੨ ਬਿ: ਕੋ ਇੱਕ ਸ
ਦਾ ਬਰਤ ੧੧) ਰੋਜ ਦਾ ਕਾਂਸ਼ੀ ਜੀ ਮੇਂ ਲਗਾ ਦਿੱਤਾ। ਜੋ ਹੁਣ ਤਕ ਜਾਰੀ ਹੈ। —
ਜਨਵਰੀ ਸੰ: ੧੮੭੬ ਈ: ਨੂੰ ਰਾਜੇ ਰਘੁਬੀਰ ਸਿੰਘ ਕੋ ਜੀ, ਸੀ, ਏਸ, ਆਈ ਦਾ ਰਾਜੇ ਨੂੰ ਖਤਾਬ ਮਿਲਣਾ।
ਖਤਾਬ ਮਿਲਿਆ ਸੰ: ੧੮੭੮ ਮੇਂ ਜਵਾਲਾਮੁਖੀ ਗਿਆ। — ਸੰ: ੧੮੭੯ ਈ: ਤੇ
੧੯੩੫ ਬਿ: ਕੋ ੫੦੦ ਪੈਦਲ ੩੦੦ ਅਸਵਾਰ ੨ ਤੋਪਾਂ ਸਰਦਾਰ ਰਤਨ ਸਿੰਘ ਤੇ ਜਗ
ਤ ਸਿੰਘ ਨੂੰ ਏਸ ਫੌਜ ਦੇ ਅਫਸਰ ਬਣਾਕੇ ਮੁਹਿੰਮ ਕਾਬੁਲ ਪਰ ਤੋਰਿਆ। — ।ਜੀਂਦ
ਦੀ ਏਸ ਫੌਜ ਤੋਂ ਸਰਕਾਰ ਅੰਗ੍ਰੇਜੀ ਨੂੰ ਬਹੁਤ ਮਦਦ ਮਿਲੀ। ਜਿਸਦੇ ਬਦਲੇ ਰਾ
ਜੇ ਰਘੁਬੀਰ ਸਿੰਘ ਨੂੰ (ਰਾਜੈ ਰਾਜਗਾਨ) ਦਾ ਤੇ ਜਗਤ ਸਿੰਘ ਨੂੰ ਸੀ, ਆਈ, ਈ,

Digitized by Panjab Digital Library | www.panjabdigilib.org

ਦਾ ਖਤਾਬ ਮਿਲਿਆ ਤੇ ਸਰਦਾਰ ਰਤਨ ਸਿੰਘ ਨੂੰ ਖਾਨਸਾਹਿਬ ਨੇ ਇੱਕ ਕਿਰਚ ਬਖਸ਼ੀ ਸੀ। ——

ਰਾਜੇ ਰਘੁਬੀਰ ਸਿੰਘ ਦੇ ਗੁਣ

।।ਰਾਜਾ ਰਘੁਬੀਰ ਸਿੰਘ ਬਹੁਤ ਹੀ ਲਾਇਕ ਤੇ ਅਕਲਮੰਦ ਦੂਰਅੰਦੇਸ ਸੀ ਇਸ ਨੇ ਸੁਦਾਗਰੀ ਨਾਲ ਤੇ ਅਨੇਕ ਪ੍ਰਕਾਰ ਦੇ ਢੰਗ ਨਿਕਾਲ ਕੇ ਅਪਣੇ ਰਾਜ ਵਿਚੋਂ ਬਹੁਤ ਰੁਪਯਾ ਪੈਦਾ ਕਰ ਕਰ ਅਪਣੇ ਇਲਾਕੇ ਵਿੱਚ ਸ਼ਹਿਰ ਠੇਰ ਕੇ ਬਹੁਤ ਰੌਣਕ ਕਰ ਦਿਖਾਈ। ਸੰਗਰੂਰ ਵਿਚ ਦੇਖਣੀ ਅੰਜਨ ਦਾ ਕਾਰਖਾਨਾ ਚਲਾਯਾ ਜਿਸ ਉੱਤੇ ਲਾਖਾਂ ਰੁਪਏ ਖਰਚ ਹੋਏ ਤੇ ਬਰਫ ਸੋਡਾ ਬਣੇ ਆਟਾ ਪੀਸੇ ਰੂਈ ਵੇਲੇ ਲੋਹਾ ਢਾਲ ਕੇ ਅਨੇਕ ਤਰਾਂ ਦੀਆਂ ਚੀਜਾਂ ਬਣਾਵੇ। —— ।।ਜਦ ਕਿ ਏਹ ਰਾਜਾ ਅਪਣੀ ਪ੍ਰਜਾ ਨੂੰ ਬਹੁਤ ਤਕਲੀਫ ਦੇਕੇ ਸਰਕਾਰ ਅੰਗ੍ਰੇਜੀ ਤੋਂ ਤਿਗੁਣਾਂ ਚੌਗੁਣਾਂ ਤੇ ਪਟਿਆਲੇ ਨਾਭੇ ਤੋਂ ਦੁਗਣਾਂ ਚੌਗੁਣਾਂ ਮਾਮਲਾ ਤੇ ਕਾਰ ਬਿਗਾਰ ਲੈਂਦਾ ਸੀ ਪ੍ਰੰਤੂ ਹਰ ਤਰਾਂ ਸੈਂ ਅਪਣੀ ਪ੍ਰਜਾ ਦੀ ਰੱਖਯਾ ਤੇ ਇਨਸਾਫ ਕਰਨੇ ਨੇ ਇਸ ਦੀ ਸਖਤੀ ਭੁਲਾ ਛਡੀ ਸੀ। —— ।।ਇਸ ਮੇਂ ਕੋਈ ਸੰਕ ਨਹੀਂ ਕਿ ਬੰਦੋਬਸਤ ਕਰਨੇ ਵਾਲੇ ਨੂੰ ਕਿਸੇ ੨ ਤਰਾਂ ਪਰ ਸਖਤੀ ਬੀ ਜਰੂਰ ਕਰਨੀ ਪੈਂਦੀ ਹੈ ਨਹੀਂ ਤਾਂ ਇੰਤਜਾਮ ਨਹੀਂ ਹੁੰਦਾ। —— ।।ਏਹ ਰਿਆਸਤ ਪਹਿਲੇ ੮ ਲੱਖ ਰੁਪਏ ਸਾਲ ਦੀ ਸੀ ਰਾਜੇ ਰਘੁਬੀਰ ਸਿੰਘ ਤੇਰਾਂ ਲਾਖ ਤਕ ਪੈਦਾ ਕਰਦਾ ਰੇਹਾ। — ਬਦਮਾਸ਼ ਲੋਗ ਤਾਂ ਇਸ ਰਾਜੇ ਤੋਂ ਬਹੁ ੨ ਪਏ ਕੰਬਦੇ ਸੇ ਕਿਉਂਕਿ ਏਹ ਚੋਰਾਂ ਠੱਗਾਂ ਨੂੰ ਬਹੁਤ ਸਜਾ ਦਿੰਦਾ ਤੇ ਉਨਾਂ ਤੋਂ ਬਹੁਤ ਕੰਮ ਲੈਂਦਾ। ਖਾਣੇ ਨੂੰ ਬੀ ਥੋਹੜੇ ਜੌਂ ਚਣੇ ਦਾ ਆਟਾ ਦਿੰਦਾ ਨਾਭੇ ਵਾਲੇ ਰਾਜੇ ਹੀਰਾ ਸਿੰਘ ਵਾਂਗੂ ਘੇਈ ਦਾਲ ਸਾਗ ਭਾਜੀ ਚਾਉਲ ਫੁਲਕਾ ਉਮਦਾ ਚੋਪੜ੍ਯਾ ਹੋਯਾ ਅੱਠੀਂ ਦਿਨੀਂ ਮਾਸ ਦਹੀ ਦੁੱਧ ਆਦਿਕ ਨਹੀਂ ਦਿੰਦਾ ਸੀ। ਤਾਂਹੀ ਬਦਮਾਸ਼ ਲੁੱਚੇ ਨਾਭੇ ਦੇ ਜੇਲਖਾਨੇ ਨੂੰ ਸਾਹੁਰਾ ਘਰ ਪਟਿਆਲੇ ਦੇ ਨੂੰ ਅਪਣਾ ਘਰ ਅੰਗ੍ਰੇਜੀ ਨੂੰ ਪੇਉਕਾ ਘਰ ਜੀਂਦ ਦੇ ਨੂੰ ਜਮਾਂ ਦਾ ਘਰ ਦੱਸਿਆ ਕਰਦੇ ਹਨ। ——

ਇਕੋ ਬਲਬੀਰ ਸਿੰਘ ਤੇ ਰਾਜੇ ਰਘੁਬੀਰ ਸਿੰਘ ਦਾ ਗੁਜਰਨਾ

ਸੰ: ੧੯੪੦ ਬਿ: ਕੋ ਰਾਜੇ ਰਘੁਬੀਰ ਸਿੰਘ ਦਾ ਇੱਕੋ ਬੇਟਾ ਬਲਬੀਰ ਸਿੰਘ ਜੋ ਸੰ: ੧੯੧੩ ਬਿ: ਕੋ ਪੈਦਾ ਹੋਯਾ ਹੋਯਾ ਸੀ ਐਨ ਭਰੀ ਜੁਆਨੀ ਚੇਚਕ ਦੀ ਬੀਮਾਰੀ ਨਾਲ ੨੦ ਨਵੰਬਰ ਸੰ: ੧੮੮੩ ਈ: ਕੋ ਕਾਲ ਵਸ ਹੋ ਗੈਆ। —— ।।ਉਸ ਨਾਇਕ ਪੁੱਤ੍ਰ ਦੇ ਗਮ ਵਿੱਚ ਤਿੰਨ ਬਰਸ ਪਿਛੋਂ ਕਲੇਜੇ ਦੀ ਬੀਮਾਰੀ ਵਿੱਚ ਗ੍ਰਸ ਕੇ ਸੰ: ੧੯੪੪ ਬਿ: ਤੇ ੭ ਮਾਰਚ ਸੰ: ੧੮੮੭ ਈ: ਕੋ ਰਾਜਾ ਰਘੁਬੀਰ ਸਿੰਘ ਬੀ ਪ੍ਰਲੋਕ ਨੂੰ ਚਲਾ ਗੈਆ। ——

ਜਿ: ਝਾਰ

ਮਹਾਰਾਜੇ ਰਘੁਬੀਰ ਸਿੰਘ ਦੇ ਤਿੰਨ ਬਰਸ ਹੋਏ ਪਹਿਲੀ ਹੋ ਮਰੀ ਜੁਹਾਰ ਸਿੰਘ ਦਾ ਦਰੀ

Digitized by Panjab Digital Library | www.panjabdigilib.org

ਵਾਲ੍ਹੇ ਦੀ ਬੇਟੀ ਜਿਸ ਵਿਚੋਂ ਟਿੱਕਾ ਬਲਬੀਰ ਸਿੰਘ ਪੈਦਾ ਹੋਯਾ ਤੇ ਇੱਕ ਲੜਕੀ ਹੋਈ ਜਿ ੨੮੮
ਸਦੀ ਸ਼ਾਦੀ ਸਰਦਾਰ ਬਿਸ਼ਨ ਸਿੰਘ ਛਛਰੌਲੀ ਵਾਲ੍ਹੇ ਸਾਥ ਹੋਈ ਉਹ ਗੁਜਰ ਗਈ ਉਸ
ਦੀ ਇੱਕ ਬੇਟੀ ਅਣਾਰੀ ਵਾਲ੍ਹੇ ਬਲਦੇਵ ਸਿੰਘ ਦੇ ਘਰ ਹੈ। — ।। ਦੂਜੀ ਸਰਦਾਰ ਧਨ
ਨ ਸਿੰਘ ਰਾਜੇਆਜ਼ਰ ਵਾਲ੍ਹੇ ਦੀ ਬੇਟੀ ਸਾਥ ਤੀਜੀ ਸਰਦਾਰ ਉੱਤਮ ਸਿੰਘ ਬਰਠੇ ਵਾ
ਲ੍ਹੇ ਦੀ ਪੁੱਤ੍ਰੀ ਸਾਥ ਹੋਈ ਇਨਾਂ ਦੋਹਾਂ ਦੇ ਕੋਈ ਬੇਟਾ ਬੇਟੀ ਨਹੀਂ ਹੋਯਾ। —

ਰਾਜੇ ਰਘੁਬੀਰ ਸਿੰਘ ਦੇ ਗੁਜਰੇ ਪਿੱਛੋਂ ੫ ਮਈ ਸੰ: ੧੮੬੦ ਈ: ਦੀ ਸਨਦ ਦੇ ਅਨੁਸਾ ਕੌਂਸਲ ਆਫ ਰੇਜੰਸੀ ਦਾ ਕਾਯਮ ਹੋਣਾ
ਰ ਰਾਜੇ ਨਾਭੇ ਪਟਿਆਲੇ ਦੀ ਰਾਇ ਨਾਲ ਗਵਰਮਿੰਟ ਪੰਜਾਬ ਨੇ ਰਾਜੇ ਰਣਬੀਰ ਸਿੰਘ
ਨੂੰ ਜੋ ਤਦੋਂ ੯ ਬਰਸ ਦਾ ਸੀ ਬਾਲਕ ਸਮਝ ਕੇ ਰਿਆਸਤ ਦਾ ਇੰਤਜ਼ਾਮ ਦਰੁਸਤ ਰੱਖਣ
ਲਈ ਸਰਦਾਰ ਰਤਨ ਸਿੰਘ ਸਿਦਵੀਏ ਨੂੰ ਪ੍ਰੇਜੀਡੈਂਟ ਮੁਨਸ਼ੀ ਹਰਸਰੂਪ ਨੂੰ ਤੇ ਮਿਰਜੇ
ਰਹੀਮ ਬਖ਼ਸ਼ ਨੂੰ ਮੈਂਬਰ ਬਣਾ ਕੇ ੧੫ ਮਾਰਚ ਸੰ: ੧੮੮੭ ਈ: ਕੋ ਕੌਂਸਲ ਆਫ ਰੇਜੰ
ਸੀ ਕਾਇਮ ਕਰ ਦਿੱਤੀ। —

੨੭ ਫਰਵਰੀ ਸੰ: ੧੮੮੮ ਈ: ਕੋ ਟਿੱਕੇ ਰਣਬੀਰ ਸਿੰਘ ਨੂੰ ਜੋ ਟਿੱਕੇ ਬਲਬੀਰ ਸਿੰ
ਘ ਦਾ ਬੇਟਾ ਤੇ ਰਾਜੇ ਰਘੁਬੀਰ ਸਿੰਘ ਦਾ ਪੋਤਰਾ ਹੈ ਜੀਂਦ ਵਿੱਚ ਬੜੀ ਧੂਮ ਧਾਮ ਦਾ ਜਲ
ਸਾ ਕਰਕੇ ਗੱਦੀ ਪਰ ਬੈਠਾ ਦਿੱਤਾ ਜੋ ਹੁਣ ਅੰਗ੍ਰੇਜ਼ੀ ਫਾਰਸੀ ਗੁਰਮੁਖੀ ਤਿੰਨੇ ਵਿੱਦਿਆ
ਪੜ੍ਹ ਰਹੇ ਹਨ ਮਾਲੂਮ ਹੁੰਦਾ ਹੈ ਕਿ ਏਹ ਰਾਜਾ ਸਾਹਿਬ ਬੀ ਬਹੁਤ ਲਾਇਕ ਹੋਵੇਂਗੇ। ਪ੍ਰਜੇ
ਸੂਰ ਆਨੰਦ ਰੱਖੇ। — ।। ਏਸ ਕੌਂਸਲ ਨੇ ਰਿਆਸਤ ਜੀਂਦ ਦਾ ਇੰਤਜ਼ਾਮ ਬਹੁਤ
ਚੰਗਾ ਰੱਖਿਆ ਹੋਯਾ ਹੈ। — ।। ਸੰ: ੧੯੪੬ ਬਿ: ਕੋ ਖਾਲਸਾ ਕਾਲਜ ਮੇਂ ੭੫ ਹ
ਜ਼ਾਰ ਰੁਪਯਾ ਦੇਣ ਤੋਂ ਸਿਵਾਇ ਹੋਰ ਕੋਈ ਐਡਾ ਨਾਮ ਦਰ ਕੰਮ ਏਸ ਕੌਂਸਲ ਨੇ ਨਹੀਂ ਕੀਤਾ
ਜੋ ਕੁਝ ਤਵਾਰੀਖ ਵਿੱਚ ਲਿਖਿਆ ਜਾਵੇ। —

Digitized by Panjab Digital Library | www.panjabdigilib.org

200

# ਬੰਸਾਵਲੀ ਖ਼ਾਨਦਾਨ ਜੀਂਦ




Digitized by Panjab Digital Library | www.panjabdigilib.org

209

# ਮਿਸਲ ਸੁੱਕ੍ਰਚੱਕੀਆਂ।

ਸੁੱਕ੍ਰਚੱਕੀਆਂ ਦੇ ਬਡਿਆਂ ਦਾ ਜ਼ਿਕਰ

॥ ॥ ॥ ।ਏਹ ਓਹੋ ਮਿਸਲ ਹੈ ਜਿਸ ਵਿੱਚ ਮਹਾਂਰਾਜਾ ਰਣਜੀਤ ਸਿੰਘ ਬਹਾਦੁਰ
ਹੋਯਾ ਹੈ ਜਿਸ ਨੂੰ ਦੂਸਰੇ ਬਾਦਸ਼ਾਹ ਸ਼ੇਰੇ ਪੰਜਾਬ ਲਿਖਦੇ ਹਨ ਤੇ ਸਾਨੂੰ ਤਾਂ ਸੱਚ ਮੁੱਚ ਸੂਰਜ
ਪੰਜਾਬ ਕਹਣਾ ਚਾਹੀਏ। — ।ਜਿਸ ਦੇ ਤੀਛਨ ਤੇਜ ਪ੍ਰਤਾਪ ਅੱਗੇ ਸਭ ਮਿਸਲਾਂ ਫਲ੍ਹੇ ਟ
ਟਿਆਣੇ ਤੇ ਪਰਬਤੀ ਰਾਜੇ ਨੁਵਾਬ ਤਾਰੇ ਔਰ ਕਾਬਲ ਦਾ ਬਾਦਸ਼ਾਹ ਚੰਦ ਹੋ ਰਹੇ ਸੇ। ——
ਅਸਲ ਮੁੱਢ ਏਸ ਮਿਸਲ ਦਾ ਸਰਦਾਰ ਬੁੱਢਾ ਸਿੰਘ ਹੋਯਾ ਹੈ ਜਿਸ ਦੀ ਬੰਸਾਵਲੀ ਭੱ
ਟੀ (ਭਾਟੀ) ਰਾਜਪੂਤ ਰਾਜੇ ਸਾਲਬਾਹਨ ਦੀ ਸੰਤਾਨ ਨਾਲ ਜਾ ਮਿਲਦੀ ਹੈ। — ।ਰਾਜੇ
ਸਾਲਬਾਹਨ ਦੀ ਰਾਜਧਾਨੀ ਦੱਖਣ ਦੇਸ਼ ਗੁਜਰਾਤ ਮੁਲਕ ਵਿੱਚ (ਸਿੱਧਪੁਰ) ਸੀਧਪੁ
ਰ ਨਗਰੀ ਸੀ। ਮਹਾਂਰਾਜੇ ਬਿੱਕ੍ਰਮਾਜੀਤ ਤੇ ਏਨਾਂ ਦੇ ਮੁਲਕ ਦਾ ਹੱਦ ਬੰਨ ਨਰਬਦਾ ਨੰਦੀ
ਰਹੀ। — ।ਜਦ ਸਾਲਬਾਹਨ ਦਾ ਬਾਪ ਗੁਜਰ ਗੈਆ ਤੇ ਏਹ ਪੰਜਾਂ ਬਰਸ ਦੀ ਉਮਰ ਵਿੱ
ਚ ਗੱਦੀ ਬੈਠ ਕੇ ਵਿਸ਼ਿਆਂ ਵਿੱਚ ਪੈ ਗੈਆ ਤਾਂ ਮਹਾਂਰਾਜੇ ਬਿੱਕ੍ਰਮਾਜੀਤ ਦੇ ਵਜੀਰ ਹੰਸਰਾਮ
ਪਰੋਹਤ ਨੇ ਨਰਬਦਾ ਪਾਰ ਅਪਣਾ ਲਸ਼ਕਰ ਲੈ ਜਾ ਕਰ ਸਾਲਬਾਹਨ ਦਾ ਬਹੁਤ ਦੇਸ਼ ਦ
ਬਾ ਲੀਤਾ ਤੇ ਸਾਲਬਾਹਨ ਨੂੰ ਕੋਈ ਡਰ ਦਾ ਨ ਦੱਸੇ। — ।ਇੱਕ ਦਿਨ ਜਦ ਓਸ ਨੇ ਮਹਿ
ਲ ਵਿੱਚੋਂ ਉੱਠ ਕੇ ਬਾਹਰ ਨੂੰ ਆਉਣ ਲਈ ਅਪਣੀ ਪੌਸ਼ਾਕ ਪਹਿਰਣ ਵਾਸਤੇ ਮੰਗੀ ਤਾਂ ਓ
ਸ ਦੀ ਰਾਣੀ ਨੇ ਅਪਣੀ ਜਨਾਨੀ ਪੌਸ਼ਾਕ ਦਿੱਤੀ। ਸਾਲਬਾਹਨ ਨੇ ਰਾਣੀ ਤੋਂ ਇਸ ਪੁਸ਼ਾਕ ਦੀ
ਦਾ ਤਾਤਪ੍ਰਜ ਸਮਝ ਕੇ ਰਾਜਾ ਬਿੱਕ੍ਰਮਾਜੀਤ ਨੂੰ ਲਿਖਿਆ "ਕਿ ਆਪ ਬਹੁਤ ਧਰਮੀ ਪਰੋਪਕਾ
ਰੀ ਬ੍ਰਿਧ ਰਾਜਾ ਹੋ ਮੈਂ ਆਪ ਦੇ ਸਾਥ ਲੜਨਾ ਨਹੀ ਚਾਹੁੰਦਾ ਫੇਰ ਸਾਡੇ ਤੁਸਾਡੇ ਵਿੱਚ ਅਹਿਦ
ਨਾਮੇ ਅਰਥਾਤ ਨਿਜਾਮ ਪੱਤ੍ਰ ਲਿਖੇ ਹੋਏ ਹਨ ਜਿਨਾਂ ਵਿੱਚ ਨਰਬਦਾ ਨੰਦੀ ਬੰਨਾ ਠਹਿਰਾ
ਯਾ ਹੈ ਹੁਣ ਆਪ ਅਪਣੇ ਓਨਾਂ ਨਿਜਾਮਾਂ ਨੂੰ ਨ ਤੋੜੋ ਨੇਮ ਧਰਮ ਤੋੜਨੇ ਚੰਗੇ ਨਹੀ ਅਪਣੇ
ਵਜੀਰ ਨੂੰ ਲਿਖੋ ਸਾਡਾ ਦੇਸ਼ ਛੱਡ ਜਾਵੇ" —— ।ਜਦ ਹੰਸਰਾਮ ਦੇ ਭਰਮਾਏ ਬਿੱਕ੍ਰ
ਮਾਜੀਤ ਨੇ ਕੁਛ ਨ ਮੰਨਿਆ ਤਾਂ ਸਾਲਬਾਹਨ ਚੜ੍ਹ ਆਯਾ ਓੜਕ ਦੋਹਾਂ ਤਰਫਾਂ ਦੇ ਦਲ ਟੱਕਰ
ਪਏ ਬੇਸ਼ੁਮਾਰ ਖਲਕਤ ਸਾਰ ਦੀ ਧਾਰ ਬਾਣੀ ਸੰਸਾਰ ਤੋਂ ਪਾਰ ਹੋ ਗਈ। ਛੇਕੜ ਸਾਲ
ਬਾਹਨ ਦੇ ਹੱਥੋਂ ਰਾਜਾ ਬਿੱਕ੍ਰਮਾਜੀਤ ਭੀ ਅਪਣੇ ੧੩੫ ਸੰਮਤ ਵਿੱਚ ਨਰਬਦਾ ਕਨਾਰੇ ਮਾ

Digitized by Panjab Digital Library | www.panjabdigilib.org

202 ਮਾਰਿਆ।—— ॥ਉਸ ਦਾ ਸਭ ਮਾਲ ਮੁਲਕ ਰਾਜਾ[1] ਸਾਲਬਾਹਨ ਨੇ ਸੰਭਾਲ ਲੀਤਾ।— ॥ਏਹ ਭੀ ਬਹੁਤ ਧਰਮਾਤਮਾ ਰਾਜਾ ਸੀ ਏਸ ਨੇ ਬਿਕ੍ਰਮਾਜੀਤ ਦਾ ਨਾਉਂ ਭੀ ਨ ਖੋਯਾ ਤੇ ਅਪਣਾ ਸਾਕ ਭੀ ਸੰਮਤ ਦੇ ਸਾਥ ਹੀ ਤਿਥੀ ਪੱਤ੍ਰਕਾ ਵਿੱਚ ਜੋਤਸੀਆਂ ਤੋਂ ਲਿਖਵਾ ਦਿੱਤਾ ਜੋ ਹੁਣ ਤਕ ਜੰਤ੍ਰੀਆਂ ਪੱਤ੍ਰੀਆਂ ਵਿੱਚ ਸੰਮਤ ੧੯੪੯ ਬਿਕ੍ਰਮੀ ਤੇ ਸਾਕਾ ਸਾਲਬਾਹਨ ਦਾ ੧੮੧੪ ਲਿਖਿਆ ਜਾਂਦਾ ਹੈ।——

ਸਾਲਬਾਹਨ ਦੇ ਰਾਜ ਦਾ ਜ਼ਿਕਰ

ਤਦੋਂ ਸਾਲਬਾਹਨ ਨੇ ਹਿੰਦੁਸਤਾਨ ਦਾ ਰਾਜਾ ਹੋਕਰ ਸਾਰੇ ਮੁਲਕਾਂ ਨਾਲੋਂ ਪੰਜਾਬ ਦੇਸ ਨੂੰ ਅੰਨ ਤੇ ਧਨ ਸੂਰਬੀਰ ਆਦਮੀਆਂ ਦੀ ਖਾਣਿ ਨਿਰੋਗ ਜਾਣ ਧਰਤੀ ਵਲ੍ਹ ਨਿਸਪਾਪ ਪਸਿੰਦ ਕਰਕੇ ਸਿਆਲਕੋਟ ਨੂੰ (ਜੋ ੩੩੪੩ ਬਰਸ ਪਹਿਲੇ ਬਿਕ੍ਰਮਾਜੀਤ ਤੋਂ ਸੱਲ ਰਾਜਾ ਨੇ ਵਸਾਯਾ ਸੀ।) ਅਪਣੀ ਰਾਜਧਾਨੀ ਥਾਪ ਕੇ ਤੇ ਨਿਵਾਸ ਕੀਤਾ।—— ॥ਰਾਜੇ ਸਾਲਬਾਹਨ ਦੇ ੧੬ ਬੇਟੇ ਬੜੇ ੨ ਉਜਾਗਰ ਬਹਾਦੁਰ ਹੋਏ।—(੧) ਪੂਰਨ ਜਿਸ ਦੇ ਜਤ ਸਤ ਤੇ ਭਜਨ ਭਗਤੀ ਦੇ ਗੀਤ ਕਿੱਸੇ ਕਹਾਣੀਆਂ ਪੰਜਾਬ ਵਿੱਚ ਬਹੁਤ ਉਜਾਗਰ ਹਨ। (੨) ਰਸਾਲੂ ਜਿਸ ਦੇ ਮਹਿਲ ਅਟਕ ਦਰਿਆ ਕਿਨਾਰੇ ਹੁਣ ਤਕ ਮਸਹੂਰ ਹਨ। (੩) ਜੂੰਧਰ (੪) ਬੁਲੰਦ (੫) ਧਰਮ (੬) ਰੂਪਾ (੭) ਸੁੰਦਰ ਆਦਿਕ ਥੇ।—— ॥ਸਮੇਂ ਦੇ ਉਲਟ ਪਲਟ ਹੋਣੇ ਕਰ ਏਨਾਂ ਤੋਂ ਬਹੁਤ ਰਾਜ ਛੁੱਟ ਗਿਆ।——

[1] ਬਿਕ੍ਰਮਾਜੀਤ ਨਾਮ ਵਾਲੇ ਜੰਦੀਪ ਅੱਠ ਰਾਜੇ ਹੋਏ ਹਨ ਪਰ ਬੈਤਾਲ ਨਾਲ ਜੋ ਸੂਰ ਕਰਨ ਵਾਲਾ ਪਰੋਪਕਾਰੀ ਰਾਜਾ ਗੰਧ੍ਰਪਸੈਨ ਦਾ ਬੇਟਾ ਗੋਪੀਚੰਦ ਦਾ ਮਾਮਾਂ ਏਹੋ ਸੀ ਜਿਸਨੂੰ ਸਾਲਬਾਹਨ ਨੇ ਮਾਰਿਆ ਏਹ ਬਿਕ੍ਰਮਾਜੀਤ ਰਾਜਾ ਜੁਧਿਸਟਰ ਦੇ ੩੦੬੮ ਸਨ ਪਿੱਛੋਂ ਤੇ ਕਲਿਜੁਗ ਗਏ ੩੦੩੧ ਸੰ: ਵਿੱਚ ਅਪਣੇ ਵਡੇ ਭਾਈ (ਗਰਿਭਰਥ) ਭਰਥਰੀ ਦੇ ਫਕੀਰ ਹੋਏ ਪਿੱਛੋਂ ਉਜੈਨ ਦੀ ਗੱਦੀ ਉੱਤੇ ਬੈਠਾ ਉਸ ਦਿਨ ਤੋਂ ਅਪਣੇ ਨਾਮ ਦਾ ਸੰਮਤ ਜਾਰੀ ਕੀਤਾ ਜਿਸ ਨੂੰ ਜਲੂਸੀ ਸਨ ਆਖਦੇ ਹਨ।——

ਜੰਦੀਪ ਬਿਕ੍ਰਮਾਜੀਤ ਉਜੈਨ ਦਾ ਰਾਜਾ ਹੋਕੇ ਬੈਤਾਲੀ ਬਰਸ ਪਿੱਛੋਂ ਕਮਾਊਂ ਵਾਲੇ ਭਗਦਤ ਰਾਉ ਪਾਸੋਂ ਦਿੱਲੀ ਫਤੇ ਕਰਕੇ ਤਖਤ ਉੱਤੇ ਬੈਠਾ ਸੀ ਪਰ ਸੰਮਤ ਉਸ ਨੇ ਉਜੈਨ ਦੀ ਗੱਦੀ ਬੈਠਣ ਦਾ ਹੀ ਰੱਖਿਆ।—— ॥ਏਹ ਬਿਕ੍ਰਮਾਜੀਤ ਜੰਦੀਪ ਸ਼ਿਵ ਜੀ ਦਾ ਉਪਾਸਕ ਸੀ ਪਰ ਉਜੈਨ ਵਿੱਚ ਸ਼ਿਪਰਾ ਗੰਗਾ ਕਨਾਰੇ ਜੋ ਹਰਸਦੀ ਦੇਵੀ ਦਾ ਮੰਦਰ ਹੈ ਉਸ ਦੀ ਉਪਾਸਨਾ ਪੂਜਾ ਅਤਿ ਨੀ ਕੀਤੀ ਜੋ ਇੱਕ ਦਿਨ ਅਪਣਾ ਸਿਰ ਕੱਟ ਕੇ ਭੀ ਆਪੇ ਦੇਵੀ ਦੇ ਚਰਨ ਉੱਤੇ ਚੜ੍ਹਾ ਦਿੱਤਾ ਜਿਸ ਤੋਂ ਦੇਵੀ ਨੇ ਖੁਸ਼ੀ ਹੋਕੇ (ਸਤਜੀਵ) ਏਹ ਬਰ ਦਿੱਤਾ ਅਰ ਬਾਤਸੌ ਬਰਸ ਦੀ ਉਮਰ ਬਖਸ਼ੀ।—— ॥ਏ

ਇੱਕ ਰਾਣੀ ਉਸਦੀ ਗਰਭਵਤੀ ਉਸ ਬਿਪਤਾ ਦੇ ਸਮੇ ਸਾਂਹਸੀਆਂ ਦੇ ਡੇਰੇ ਵਿੱਚ ਲੁੱਕਕੇ ਰ ੨੦੩
ਹੀ ਗਈ। ਉਥੇ ਉਸਦੇ ਪੁੱਤ੍ਰ ਜੰਮਿਆ ਉਨਾਂ ਸਾਂਹਸੀਆਂ ਨੇ ਉਸਨੂੰ ਰਾਜੇ ਦੇ ਪੁੱਤ੍ਰ ਵਿਸ਼ੇਸ਼ ਸਮਝ
ਕੇ ਬੜੇ ਆਦਰ ਅਦਬ ਨਾਲ ਰੱਖਿਆ ਤੇ ਸੇਵਾ ਕੀਤੀ॥ —— ॥ਜਦ ਰਾਜੇ ਸੰਹਾਂਦੇ ਦੀ ਕਿਸਮਤ
ਨੇ ਫੇਰ ਜੋਰ ਖਾਧਾ ਤਾਂ ਕਈ ਪਿੰਡ ਮਜੀਠ ਪਾਸ ਉਸਨੂੰ ਹਾਕਮ ਨੇ ਜਾਗੀਰ ਦੇ ਦਿੱਤੇ ਸਾਂਹਸੀਆਂ
ਪਾਸੋਂ ਬੇਟਾ ਤੇ ਰਾਣੀ ਮਿਲ ਗਏ। ਜਦ ਰਾਜਪੂਤ ਸੁਹਾਂਦੇ ਨੇ ਉਸ ਬਾਲਕ ਦਾ ਨਾਮ ਸਾਂਹਸੀਆਂ ਤੋਂ ਰ
ਖਿਆ ਪ੍ਰਸਿੱਧ ਹੋਗਿਆ ਉਸਨੂੰ ਤੇ ਉਸ ਦੀ ਸੰਤਾਨ ਨੂੰ ਸਾਂਹਸੀ ੨ ਆਖਦੇ ਰਹੇ ਜਿਸਤੋਂ ਉਨਾਂ ਦਾ ਗੋਤ ਸ
ਸਾਂਹਸੀ ਪ੍ਰਸਿੱਧ ਹੋਇਆ। — ॥ਜੈਸੇ ਸਿੰਧੂ ਦੀ ਔਲਾਦ ਸਿੰਧੂ ਬੈਰਾੜ ਦੀ ਸੰਤਾਨ ਬੈਰਾੜ ਦੂੰ
ਲਾਟ ਦੀ ਦੁੱਲਟ ਹੋਤ ਅਨੇਕ ਜਾਂਦੇ ਹਨ ਤੈਸੇ ਸਾਂਹਸੀ ਹੋ ਗਏ॥ —— ॥ਸੁਹਾਂਦੇ ਨੇ ਫੇ
ਰ ਦੀਸ ਬਣਕੇ ਇੱਕ ਪੁਰਾਣਾ ਥੇਹ ਬਸਾਕੇ ਉਸ ਦਾ ਨਾਮ ਸੁਕਰਚੱਕ ਰੱਖਿਆ ਜੋਕੁ ਥੇਹ ਅੰਮ੍ਰਿ
ਤਸਰੋਂ ੪ ਕੋਸ ਸੰ: ੧੮੪ ਬਿ: ਕੋ ਸਰਕਾਰ ਅੰਗ੍ਰੇਜੀ ਨੇ ਪੁਟਵਾਕੇ ਬੇਸ਼ੁਮਾਰ ਇੱਟਾਂ ਕਢੀਆਂ ਸ
ਰਾਜੇ ਸਹੰਸਰ ਦੇ ਬੇਟੇ ਰਾਜੇ ਹਿੰਦੂ ਨੇ ਸੰ: ੧੫੭੩ ਬਿ: ਕੋ ਅਪਣੇ ਬਾਪ ਦੇ ਨਾਂਮ ਪਰ ਸਾਂਹਸਰਾ ਪਿੰ
ਡ ਬਸਾਕੇ ਉਸੇ ਨੂੰ ਅਪਣੀ ਰਾਜਧਾਨੀ ਬਣਾਇਆ॥ —— ॥ਦੇਸੀ ਲੋਗ ਰਾਜੇ ਹਿੰਦੂ ਨੂੰ ਗਾ
ਜਾ ਸਾਂਹਸੀ ਆਖਿਆ ਕਰਦੇ ਜਿਸਕਰਕੇ ਉਸ ਦੇ ਪਿੰਡ ਦਾ ਨਾਮ ਬੀ ਰਾਜਾ ਸਾਂਹਸੀ ਪ੍ਰਸਿੱਧ ਹੋ
ਆ॥ —— ॥ਰਾਜਾ ਹਿੰਦੂ ਦੇ ਇੱਕ ਸੌਨਾ ਵਿੱਚ ਸਤੀ ਦੇ ਹੋਇਆ। ਪ੍ਰਗਣਾ ਉਸਦਾ ਫੇਰ ਮੁਸ
ਲਮਾਨਾਂ ਨੇ ਛੀਨ ਲੀਤਾ। ਉਸਦਾ ਬੇਟਾ ਕ੍ਰਿਪਾ ਮੱਲ ਦੇਸ ਪ੍ਰਗਣੇ ਦਾ ਮਾਲਗੁਜਾਰ ਬਣਿ
ਆ ਰਿਹਾ॥ —— ॥ਉਸਦੇ ਬੇਟੇ ਭਾਗ ਮੱਲ ਨੂੰ ਸਾਰਜਾਂ ਦੇ ਦਰਬਾਰ ਵਿੱਚੋਂ ਪ੍ਰਗਣੇ ਦੀ ਮੁਸ
ਤਾਜਰੀ (ਜੋ ਹੁਣ ਤਰਨਤਾਰਨ ਦੀ ਤਸੀਲ ਵਿੱਚ ਹੈ) ਚੌਧਰਾਇਤ ਦੀ ਖਿਲਤ ਤੇ ਸੈਨਦ
ਮਿਲੀ। ਏਹ ਬਾਪ ਬੇਟਾ ਗੁਰੂ ਹਰਿਗੋਬਿੰਦ ਸਾਹਿਬ ਦੇ ਸੇਵਕ ਤੇ ਸਿਦਕੀ ਸਿੱਖ ਸੇ॥ —
ਸੰ: ੧੭੩੫ ਬਿ: ਕੋ ਚੌਧਰੀ ਭਾਗ ਮੱਲ ਦੇ ਪੜਪੋਤ੍ਰੇ ਕਿਸ਼ਨ ਪਰਹੋਤਾ ਏਹਨਾ ਸਗੁਰੂ
ਗੋਬਿੰਦ ਸਿੰਘ ਸਾਹਿਬ ਤੋਂ ਅੰਮ੍ਰਿਤ ਛਕਕੇ ਅਪਣੇ ਸਬੰਧੀਆਂ ਸਮੇਤ ਅਨੰਦਪੁਰ ਦੀਆਂ
ਲੜਾਈਆਂ ਵਿੱਚ ਤੇ ਫੇਰ ਬਾਬੇ ਬੰਦੇ ਸਾਹਿਬ ਦੇ ਨਾਲ ਹੋਕੇ ਮਾਰ ਮਾਰਕੇ ਵਿੱਚ ਜਸ ਖਾ
ਲਖ ਬਖਸ਼ਿਸ਼ ਦੇ ਸਹਿਤ ਦਾ ਰਹਿਆ॥ —— ॥ਹਿੰਦੂ ਧਰਮ ਤੇ ਖਾਲਸੇ ਦੇ ਵਿਰੋਧੀ ਅਨੇਕ
ਲੋਗ ਦੇਸ ਦੀ ਤੇਗ ਦਾ ਭੁੱਖਾ ਹੋਏ॥ —— ॥ਏਸ ਦੇ ਪਾਸ ਇੱਕ ਘੋੜੀ ਬਹੁਤ ਚਲਾਕ ਦੇਸਾ

੧ ਜੋਧਿੰਦ੍ਰ ਅਜੀਤ ਨੇ ਪੰਡਤਾਂ ਦਾ ਨਵਰਤਨ ਬਣਾਇਆ ਜਿਨ੍ਹਾਂ ਕਾਲੀਦਾਸ ਸਿਰੋਮਣੀ ਸੀ ਤਦੇ ਗੋਰ
[illegible] ਮੰਤ੍ਰ ਗੀਤ ਤੇ ਸ਼ਿੰਗਾਰ ਨਾਟਕ ਬਣਾ ਜਿਸ ਵਿੱਚ ਉਸ ਸਮੇ ਦਾ ਬ੍ਰਿਤਾਂਤ ਲਿਖਿਆ ਉਸ ਵਿੱ

੨੦੪ ਨਾਮ ਫੈਲ੍ਹੀ ਸੀ ਜਿਸ ਕਰਕੇ ਏਸ ਦਾ ਨਾਮ ਭੀ ਬੁੱਢਾ ਸਿੰਘ ਦੇਸੀ ਉੱਘਾ ਹੋ ਗਿਆ।—— ਓਹ ਘੋੜੀ ਵੈਰੀਆਂ ਦੇ ਪੰਜ ੨ ਸੌ ਅਸਵਾਰ ਵਿਚੋਂ ਏਸ ਨੂੰ ਕੱਢ ਲੈ ਜਾਂਦੀ ਤੇ ਪਚਾਸ ਕੋਸ ਜਾਕਰ ਧਾੜ੍ਹ ਮਾਰ ਕੇ ਦੌਲਤ ਸਮੇਤ ਫੇਰ ਆਪਣੇ ਘਰ ਲੈ ਆਉਂਦੀ।—— ਸਿੰਘਾਂ ਦੇ ਦਲ ਵਿਚ ਏਹ ਘੋੜੀ ਤੇ ਬੁੱਢਾ ਸਿੰਘ ਬਹਾਦਰੀ ਕਰਕੇ ਬਹੁਤ ਉਜਾਗਰ ਸੀ।— ਪੰਜਾਹ ਸੱਠ ਖਾਸ ਏਸ ਦੇ ਦੋਸਤ ਸੂਰਬੀਰ ਸਿੰਘ ਏਸ ਦੇ ਸਾਥ ਰੈਹ ਕਰਦੇ। ਅਨੇਕ ਵਾਰੀ ਏਨਾਂ ਨੇ ਲਾਹੌਰ ਕਸੂਰ ਕੁੰਜਾਹ ਸ੍ਯਾਲਕੋਟ ਵਜ਼ੀਰਾਬਾਦ ਆਦਿਕ ਸ਼ਹਿਰ ਲੁੱਟੇ ਤੇ ਦਿੱਲੀ ਕਾਬਲ ਦੇ ਸੌਦਾਗਰ ਖੋਹੇ ਜਿਸ ਤੋਂ ਏਸ ਦੀ ਧਾਂਕ ਪੈ ਰਹੀ ਸੀ।—— ।ਫੇਰ ਤਾਂ ਏਸ ਦੇ ਬੇਟੇ ਚੰਦਾ ਸਿੰਘ ਨੌਧ ਸਿੰਘ ਭੀ ਏਸ ਤੋਂ ਘੱਟ ਨਾ ਉੱਠੇ।——

ਰਸੂਲ ਨਗਰ ਫਤੇ ਕਰਨਾ

ਰਸੂਲ ਨਗਰ ਜੋ ਹੁਣ ਰਾਮਨਗਰ ਸੱਦੀਦਾ ਹੈ ਨੂੰ ਨੂਰ ਮੁਹੰਮਦ ਖਾਂ ਚੱਠੇ ਨੇ ਸੰ: ੧੭੨੩ ਬਿ: ਕੇ ਬਸਾ ਕੇ ਆਪਣੇ ਪੀਰ ਅਬਦੁਲ ਰਸੂਲ ਦੇ ਨਾਮ ਉੱਤੇ ਨਾਮ ਰੱਖ ਕੇ ਆਪਣੀ ਰਾਜਧਾਨੀ ਬਣਾ ਰੱਖਿਯਾ ਸੀ। ਓਸ ਦੇ ਬੇਟੇ ਸੁਲਤਾਨ ਖਾਂ ਨੇ ੬ ਸਿੰਘ ਸਰਦਾਰ ਸਾਉਲ ਸਿੰਘ ਜੈਸੇ ਫੜ ਕੇ ਮੁਸਲਮਾਨ ਕਰ ਮੱਲੋ ਮੱਲੀ ਓਨਾਂ ਨੂੰ ਬੁਰੀ ਵਸਤੂ ਖੁਲਾ ਦਿੱਤੀ ਸੀ ਏਸ ਕਰਕੇ ਸੰ: ੧੭੮੧ ਬਿ: ਕੋ ਸਰਦਾਰ ਨੌਧ ਸਿੰਘ ਚੰਦਾ ਸਿੰਘ ਨੇ ਰਸੂਲ ਨਗਰ ਨੂੰ ਮਾਰ ਬਰਬਾਦ ਕਰ ਓਨਾਂ ਦੀ ਕੈਦ ਵਿਚੋਂ ਸਿੰਘ ਲੈ ਆ ਕੇ ਅੰਮ੍ਰਿਤ ਛਕਾ ਕੇ ਸਾਥ ਮਿਲਾ ਲੀਤੇ।——

ਫੀਰੋਜ਼ਦੀਨ ਭੱਟੀ ਦੇ ਪੜੋਤੇ ਤੇ ਤ੍ਰੋਤੇ ਸ਼ਹਾਬੁੱਦੀਨ ਫੀਰੋਜ਼ਵਾਲ੍ਹੇ ਦੇ ਚੌਧਰੀ ਨੇ ਕਢ੍ਹਿਆਲਾ ਪਿੰਡ ਦੇ ਸਿੰਘਾਂ ਦੇ ਸਿਰ ਜੋੜੇ ਖਾਲਸੇ ਦੇ ਦਲ ਵਿਚੋਂ ਆਪਣੇ ਘਰ ਕਿਸੇ ਸ਼ਾਦੀ ਪਰ ਆਏ ਹੋਏ ਸੇ ਦਗੇ ਨਾਲ੍ਹ ਫੜ ਕੇ ਮੁੰਨ ਦਿੱਤੇ ਸੋ ਚੜ੍ਹਤ ਸਿੰਘ ਤੇ ਨੌਧ ਸਿੰਘ ਨੇ ਏਸ ਪਿੰਡ ਨੂੰ ਬਰਬਾਦ ਕਰ ਸ਼ਹਾਬੁੱਦੀਨ ਨੂੰ ਕਟੰਬ ਸਮੇਤ ਦੁਰਦਿਸ਼ਾ ਨਾਲ੍ਹ ਮਾਰ ਕੇ ਬਦਲਾ ਕੱਢਿਆ।——

ਬਸੰਤ ਨਾਮ ਵੰਸ ਦੇ ਰੂਪ ਦੀ ਧਨ ਦੀ ਗੁਣਾਂ ਦੀ ਅਤਯੰਤ ਮਹਿਮਾ ਹੈ।—— ਜਿਸ ਸਮੇਂ ਤਾਤਾਰੀ ਲੋਗਾਂ ਨੇ ਫੇਰੀ ਹਿੰਦੁਸਤਾਨ ਵਿਚ ਆਕੇ ਪੈਰ ਪਸਾਰੇ ਮਹਾਰਾਜਾ ਬਿਕ੍ਰਮਾਜੀਤ ਬੜੇ ੨ ਜੰਗ ਕਰਕੇ ਓਨਾਂ ਨੂੰ ਕੱਢਦਾ ਰੈਹ ਜਿਸ ਤੇ ਏਸ ਦਾ ਨਾਮ ਸ਼ਕਾਰੀ ਹੋ ਗਿਆ ਸੀ। ਓਹ ਤਾਤਾਰੀ ਲੋਗ ਅਗਨੀ ਤੇ ਸੂਰਜ ਦੀ ਪੂਜਾ ਕਰਦੇ ਓਨਾਂ ਦੇ ਸਿੱਕਯਾਂ ਉੱਤੇ ਏਹੋ ਚਿੰਨ੍ਹ ਹਨ।—— ।ਬਿਕ੍ਰਮਾਜੀਤ ਦੇ ਵਜ਼ੀਰ ਮਾਤ੍ਰਗੁਪਤ ਨੇ ਕਸ਼ਮੀਰ ਨੂੰ ਫਤੇ ਕਰਕੇ ਓਥੋਂ ਦੇ ਰਾਜੇ ਤੋਰਮਾਨ ਨੂੰ ਕੈਦ ਕਰ ਲੀਤਾ ਸੀ। ਜਦ ਬਿਕ੍ਰਮਾਜੀਤ ਮਰ ਗਿਆ ਤੇ ਓਸ ਦੇ ਬੇਟੇ ਸੀਲਾਦਿੱਤ ਨੂੰ ਕਸ਼ਮੀਰ ਦਾ ਰਾਜਾ ਥਾਪ ਕੇ ਮਾਤ੍ਰਗੁਪਤ ਕਾਸ਼ੀ ਚਲਾ ਗਿਆ।—— ਤੋਰਮਾਨ ਰਾਜੇ ਦੇ ਬੇਟੇ ਪਰਵਰਸੈਨ ਨੇ ਤਿਬਤ ਫਤੇ ਕੀਤਾ ਅਰ ਸੀਲਾਦਿੱਤ ਨੂੰ ਜਿੱਤ ਕੇ ਕੈਦ ਕਰ ਜੈਸੇ ਨਾਦਰਸ਼ਾਹ ਤਖਤ ਤਾਊਸ ਦਿੱਲੀ ਤੋਂ ਲੈ ਗਿਆ ਸੀ ਤੈਸਾ ਬਿਕ੍ਰਮਾਜੀਤ ਦਾ ਸਿੰਘਾਸਨ ੩੨ ਪੁਤਲੀਆਂ ਵਾਲ੍ਹਾ ਲੈ ਗਿਆ।।——

ਏਹੋ ਜੇਹੇ ਹੋਰ ਬੀ ਕਈ ਕੰਮ ਸਰਦਾਰ ਨੌਧ ਸਿੰਘ ਚੰਦਾ ਸਿੰਘ ਚੜ੍ਹਤ ਸਿੰਘ ਨੇ ਕੀਤੇ ਅਤੇ ਪੰਥ ੧੦੫
ਖਾਲਸੇ ਵਿੱਚ ਬੜੀ ਨਾਮਵਰੀ ਪਾਈ।—

ਨਵਾਬ ਖਾਨ ਬਹਾਦੁਰ ਦੇ ਸਮੇਂ ਮਜੀਠੇ ਵਾਲੇ ਗਿੱਲ ਜੱਟ ਸਿੰਘਾਂ ਦੇ ਬਹੁਤ ਬਿਰੋਧੀ ਸੇ ਸੂਬੇ ਤੋਂ ਇਨਾਮ ਲੈਕੇ ਸਿੰਘਾਂ ਨੂੰ ਫੜਾਉਂਦੇ ਰਹਿੰਦੇ। ਉਨਾਂ ਦੇ ਸਤਾਏ ਹੋਏ ਬੁੱਢਾ ਸਿੰਘ ਨੇ ਰਾਜੇਸਾਂਹਸੀ ਨੂੰ ਛੱਡਕੇ ਅਪਣੇ ਪੁੱਤ੍ਰਾਂ ਸਮੇਤ ਸੁਕ੍ਰਚੱਕ[1] ਪਿੰਡ ਵਿੱਚ ਜਾ ਨਿਵਾਸ ਕੀਤਾ। ਜਿਸ ਤੋਂ ਏਹ ਸੁਕ੍ਰਚੱਕੀਏ ਮਸਹੂਰ ਹੋਗਏ।— ।ਸੰ: ੧੭੯੩ ਬਿ: ਕੋ ਸਰਦਾਰ ਬੁੱਢਾ[2] ਸਿੰਘ ਆਪਣੇ ਬੇਟੇ ਨੌਧ ਸਿੰਘ ਸਮੇਤ ਮਜੀਠੇ ਪਿੰਡ ਪਾਸ ਪਠਾਣਾਂ ਦੀ ਲੜਾਈ ਵਿੱਚ ਅਨੇਕਾਂ ਨੂੰ ਮਾਰਕੇ ਸਹੀਦ ਹੋਗਿਆ।— ।ਨੌਧ ਸਿੰਘ ਦਾ ਬੇਟਾ ਚੜ੍ਹਤ ਸਿੰਘ ਜੋ ਸੰ: ੧੭੯੦ ਬਿ: ਕੋ ਪੈਦਾ ਹੋਯਾ ਸੀ ਅਪਣੇ ਚਾਚੇ ਚੰਦਾ ਸਿੰਘ ਦੇ ਸਾਥ (ਜਿਸਦੀ ਸੰਤਾਨ ਸੰਧਾਵਾਲੀਏ ਸਰਦਾਰ ਹੋਏ ਹਨ।) ਮਿਲਕੇ ਰਹਿੰਦਾ ਰਹਿਆ।— ।ਪ੍ਰਤੂ ਹੋਨਹਾਰ ਬਾਲਕ ਪੰਗੂੜੇ ਮੇਂ ਹੀ ਪ੍ਰਤੀਤ ਹੋਜਾਂਦੇ ਹਨ।— ਜਦ ਸਰਦਾਰ ਚੜ੍ਹਤ ਸਿੰਘ ਸੋਲਾਂ ਬਰਸ ਦਾ ਹੋਯਾ ਤਾਂ ਅਪਣੇ ਬਾਪ ਦਾਦੇ ਦੇ ਦੋਸਤਾਂ ਨਾਲ ਰਲਕੇ ਧਾੜੇ ਮਾਰਨ ਲੱਗ ਪਿਆ ਅਤੇ ਪੰਥ ਖਾਲਸੇ ਵਿੱਚ ਜਾ ਮਿਲਿਆ। ਅਹਿਮਦਸਾਹ ਦੁੱਰਾਨੀ ਦੇ ਹੱਲਿਆਂ ਵਿੱਚ (ਜਿਨਾਂ ਦਾ ਬ੍ਰਿਤਾਂਤ ਦੂਜੇ ਹਿੱਸੇ ਵਿੱਚ ਲਿਖ ਆਏ ਹਾਂ) ਜੰਗ ਕਰ ਕਰ ਏਸ ਦਾ ਦਿਲ ਬਹੁਤ ਬਧ ਗਿਆ।— ।ਸਿੰਘਾਂ ਦੇ ਦਲ ਨਾਲ ਰਲਕੇ ਦੋਵਗੀ ਹਿੰਦੁਸਤਾਨ ਰਾਜਪੂਤਾਂ ਨਾਲ ਹਾਂਸੀ ਹਿਸਾਰ ਹਰਿਆਣਾ ਦੇਸ ਕਸੂਰ ਚੂਹਣੀਆਂ ਦਪਾਲਪੁਰ ਜਲੰਧਰ ਇਲਾਕਾ ਆਦਿਕ ਲੁੱਟੇ ਮਾਰੇ।—

ਸੰ: ੧੮੦੭ ਬਿ: ਕੋ ਗੁਜਰਾਂਵਾਲੇ ਤੋਂ ਮੀਰਖਾਂ ਨੂੰ ਏਸ ਦਾਵੇ ਨਾਲ ਕੱਢਕੇ ਆਪ ਸਾਂਭ ਲੀਤਾ ਕਿ ਕਿਸੇ ਸਮੇਂ ਏਹ ਪਿੰਡ ਹਮਾਰੇ ਭਾਈਚਾਰੇ ਦਾ ਸੀ। ਸੰ: ੧੮੧੧ ਬਿ: ਵਿੱਚ ਏਥੇ ਇੱਕ ਕੱਚੀ ਗੜ੍ਹੀ ਬਣਾਕੇ ਜੰਗੀ ਸਾਮਾਨ ਬਹੁਤ ਜਮਾਂ ਕੀਤਾ। ਅਬਦੁੱਲੇ ਖਾਂ ਸੂਬੇ ਲਾਹੌਰ ਦਾ ਦੋ ਬਾਰੀ ਬਜਾਰ ਘੇਰਿਆ। ਤੇ ਉਸ ਨੂੰ ਹਾਰ ਦਿੱਤੀ।— ਗੁਜਰਾਂਵਾਲਾ ਫਤੇ ਕਰਨਾ।

ਸੰ: ੧੮੧੪ ਬਿ: ਕੋ ਚੜ੍ਹਤ ਸਿੰਘ ਨੇ ਬੁੱਧ ਸਿੰਘ ਟੱਭ ਸਿੰਘ ਗੁਰਬਖਸ ਸਿੰਘ ਆਦਿਕ ਸਿਆਲਕੋਟ ਮੱਲਣਾ।

ਸੁਕ੍ਰਚੱਕ ਆਬਾਦ ਕਰਨਾ

[1] ਸੁੱਕਰਚੱਕ ਪਹਿਲੇ ਸੰ: ੧੫੪੩ ਬਿ: ਕੋ ਚੌਧਰੀ ਸੁੱਕ੍ਰਾ ਗਿੱਲ ਨੇ ਬਸਾਯਾ ਸੀ ਪਰ ਉਜੜ ਗਿਆ ਸੰ: ੧੭੮੧ ਬਿ: ਕੋ ਫੇਰ ਏਥੇ ਬੁੱਢਾ ਸਿੰਘ ਨੇ ਅਪਣੇ ਜਾਲਮਾਂ ਦੀ ਮਦਦ ਨਾਲ ਬਸਾਯਾ ਸੀ ਪਰ ਸਮ ਹਿ ਗਿਆ।— [2] ਬੁੱਢਾ ਸਿੰਘ ਦੇ ੯ ਫੱਟ ਤਲਵਾਰਾਂ ਦੇ ੭ ਗੋਲੀਆਂ ੧੧ ਤੀਰ ਨੇਜੇ ਬਰਛੀਆਂ ਦੇ ਜਖਮ ਖਾਏ ਹੋਏ ਨਾਲੇ ਨੌ ਪਜਿਆਰ ਸੀ। [3] ਏਸ ਜਗ੍ਹਾ ਦਾ ਹਾਲ ਦੂਜੇ ਹਿੱਸੇ ਵਿੱਚ ਲਿਖ ਆਏ।

ਅਮੀਰਖਾਂ ਤੋਂ ਜੰਗ ਗੁਜਰਾਂਵਾਲੇ ਮਹਾ।

੨੦੬ ਸਰਦਾਰਾਂ ਨੂੰ ਸਾਥ ਲੈ ਕੇ ਸਿਆਲਕੋਟ ਦੇ ਹਾਕਮ ਨੂਰਦੀਨ ਨੂੰ ਜਾ ਘੇਰਿਆ ਅੱਠਾਂ ਦਿਨਾਂ ਉਪਰੰਤ ਨੱਠ ਕੇ ਜੰਮੂੰ ਜਾ ਵੜਿਆ ਉਸ ਦਾ ਮਾਲ ਮੁਲਕ ਆਪਣੇ ਭਾਈ ਦਲ ਸਿੰਘ ਨੂੰ ਸਪੁਰਦ ਕਰ ਚੜ੍ਹਤ ਸਿੰਘ ਆਪ ਗੁਜਰਾਂਵਾਲੇ ਆ ਗਿਆ। —— ਤਬ ਸੈਂ ਫੌਜ ਰੱਖ ਕੇ ਮੁਲਕ ਰੋਕਣ ਲੱਗ ਪਿਆ। —— ॥ ॥ਸੰ: ੧੮੨੭ ਬਿ: ਕੋ ਤੈਮੂਰ ਸ਼ਾਹ ਨੇ ਖ੍ਵਾਜੇ ਹਮੀਰ ਖਾਂ ਨੂੰ ਵੀਹ ਹਜਾਰ ਫੌਜ ੧੨ ਤੋਪਾਂ ਦੇ ਕੇ ਗੁਜਰਾਂਵਾਲੇ ਪਰ ਭੇਜਿਆ। ਸਰਦਾਰ ਚੜ੍ਹਤ ਸਿੰਘ ਬੜੇ ਜੋਰ ਸੋਰ ਨਾਲ ਅੜ ਪਿਆ ਇੱਕ ਮਹੀਨਾ ਲੜਿਆ ਬਾਹਰੋਂ ਹਮੀਰ ਖਾਂ ਨੇ ਘੇਰਾ ਪਾ ਰੱਖਿਆ। ਜਦ ਏਹ ਕਿਲਾ ਛੱਡ ਕੇ ਭੱਜਣ ਵਾਲਾ ਹੋਯਾ ਤਾਂ ਸਰਦਾਰ ਝੰਡਾ ਸਿੰਘ ਭੰਗੀ ਤੇ ਜੱਸਾ ਸਿੰਘ ਆਹਲੂਵਾਲੀਆ ਖਾਲਸੇ ਦਾ ਦਲ ਲੈ ਕੇ ਅਚਾਚੇਤ ਖ੍ਵਾਜੇ ਦੀ ਫੌਜ ਉੱਤੇ ਆ ਪਿਆ। —— ਤੇ ਅੰਦਰੋਂ ਚੜ੍ਹਤ ਸਿੰਘ ਭੀ ਨਿਕਲ ਪਿਆ ਖ੍ਵਾਜੇ ਦੀ ਫੌਜ ਨੱਠ ਤੁਰੀ। ਭੁੱਖੇ ਬਾਜਾਂ ਵਾਂਗੂੰ ਸਿੰਘ ਐਸੇ ਟੁੱਟ ਕੇ ਪੈ ਗਏ ਮੁਸਲਮਾਨਾਂ ਦੀਆਂ ਭੰਡੀਆਂ ਪਾ ਲਈਆਂ। —— ।ਤੋਪਾਂ ਘੋੜੇ ਹਾਥੀ ਤੇ ਖੂਬ ਸੋਨੇ ਜੀਨਾ ਆਦਿਕ ਬਹੁਤ ਮਾਲ ਇਨ੍ਹਾਂ ਦਾ ਚੜ੍ਹਤ ਸਿੰਘ ਦੇ ਹੱਥ ਆਯਾ। ——

ਏਸ ਫਤੇ ਨੇ ਸਰਦਾਰ ਚੜ੍ਹਤ ਸਿੰਘ ਦੀ ਤਾਕਤ ਤੇ ਬਹਾਦੁਰੀ ਬਹੁਤ ਵਧਾ ਦਿੱਤੀ। ਫੇਰ ਤਾਂ ਆਪਣੀ ਅਸਲ ਦੇ ਸਰਦਾਰਾਂ ਨੂੰ ਕੱਠੇ ਕਰ ਕੇ ਸ਼ਾਹ ਦੁਰਾਨੀ ਦੇ ਕਾਰਦਾਰਾਂ ਨੂੰ ਲੜ ਕੇ ਵਜੀਰਾਬਾਦੋਂ[1] ਭੀ ਕੱਢ ਛੱਡਿਆ। —— ਤੇ ਆਪਣੇ ਸਾਲੇ ਸਰਦਾਰ ਗੁਰਬਖਸ ਸਿੰਘ ਨੂੰ ਉਥੋਂ ਦਾ ਮਾਲਕ ਕਰ ਦਿੱਤਾ। —— ।ਉਸ ਸਮੇਂ ਅਹਿਮਦ ਸ਼ਾਹ ਦੇ ਚਾਰੇ ਬੁਲੰਦ ਖਾਂ ਨੂੰ ਜੋ ਰੁਹਤਾਸ ਦਾ ਹਾਕਮ ਸੀ ਹੱਤਿਆ ਕਰਾਉਂਦਾ ਸੀ ਸਰਦਾਰ ਗੁੱਜਰ ਸਿੰਘ ਤੇ ਚੜ੍ਹਤ ਸਿੰਘ ਨੇ ਜਾ ਘੇਰਿਆ ਨੂਰਦੀਨ ਖਾਂ ਫੌਜ ਦਾ ਅੜ ਗਿਆ ਤਿੰਨ ਲੜਾਈਆਂ ਚੰਗੀਆਂ ਡਟ ਕੇ ਹੋਈਆਂ ਬਹੁਤ ਸੂਰਮੇ ਕੰਮ ਆਏ ਪਰ ਓੜਕ ਉਨ੍ਹਾਂ ਤੋਂ ਰੁਹਤਾਸ[2] ਦਾ ਕਿਲਾ ਤੇ ਇਲਾਕਾ ਛੁਡਾ ਲੀਤਾ। ਉਥੋਂ ਖਜਾਨਾ ਤਾਂ ਘੱਟ

੧(ਗੁਜਰਾਂਵਾਲੇ ਦਾ ਨੋਟ) ਗੁਜਰਾਂਵਾਲਾ ਪਹਿਲੇ ਸੰ: ੧੫੭੬ ਬਿ: ਕੋ ਸਾਹਸੀ ਗੋਤ ਦੇ ਜੱਟ ਚੌਧਰੀ ਧਾਰੂ ਨੇ ਬਸਾ ਕੇ ਏਸ ਦਾ ਨਾਮ ਖਾਨਪੁਰ ਰੱਖਿਆ ਸੀ ਫੇਰ ਸੰ: ੧੬੯੧ ਬਿ: ਕੋ ਗੁਜਰਾਤ ਪਿੰਡ ਦੇ ਚੌਧਰੀ ਗੋਜੇ ਨਾਮੀ ਗੁੱਜ ਗੋਤੀ ਜੱਟ ਨੇ ਏਸ ਪਰਗਨੇ ਦਾ ਚੌਧਰੀ ਆਲਗੁਜਾਰ ਹੋ ਕਰ ਸਾਹਸੀ ਸਾਹਸੀ ਜੱਟਾਂ ਨੂੰ ਏਥੋਂ ਕੱਢ ਕੇ ਆਪਣੇ ਭਾਈ ਗੁੱਜ ਬਸਾਏ। ਤੇ ਨਾਮ ਭੀ ਗੁਜਰਾਂਵਾਲਾ ਰੱਖਿਆ। ——

੧ ਵਜੀਰਾਬਾਦ ਨਵਾਬ ਵਜੀਰ ਖਾਂ ਲਾਹੌਰ ਦੇ ਸੂਬੇ ਨੇ ਸੰ: ੧੬੮੭ ਬਿ: ਕੋ ਬਸਾਯਾ ਸੀ। ——

੨ ਰੁਹਤਾਸ ਦਾ ਕਿਲਾ ਸ਼ੇਰ ਸ਼ਾਹ ਸੂਰੀ ਪਠਾਣ ਨੇ ਹਿਮਾਯੂੰ ਨੂੰ ਏਸ ਮੁਲਕ ਵਿਚੋਂ ਕੱਢ ਕੇ ਸੰ: ੧੫੯੭ ਬਿ: ਕੋ ਕਾਬਲੀਆਂ ਦੀ ਰੋਕ ਵਾਸਤੇ ਪਹਾੜ ਉੱਤੇ ੧੨ ਲਾਖ ਰੁਪਿਆ ਖਰਚ ਕਰ ਕੇ ਬਣਾਈ ਕੋਥ ਦਾ ਘੇਰ ੨੪ ਤੰਬਰੀ ਕੰਧ ਗੈਂਦਰੀ ਤੀਸ ਫੁੱਟ ਉਚੀ ਬਣਵਾਈ ਸੀ। ਗੁਰੂ ਨਾਨਕ ਸਾਹਿਬ ਦੇ ਚਸ਼ਮੇ ਦਾ ਜਲ ਉਥੇ ਵਗਦੀ ਦਾ ਹੋਰ ਜਲ ਹੈ ਨਹੀਂ। ——

Digitized by Panjab Digital Library | www.panjabdigilib.org

ਮਿਲਿਆ ਪਰ ਸ਼ਹਿਰ ਵਿਚੋਂ ਬਹੁਤ ਕੁਛ ਲੱਭਾ ਆ।— ॥ਬੁਲੰਦ ਖਾਂ ਨੂੰ ਫੜ ਕੇ ਸਰਦਾਰ ਚ ੨੦੭
ੜ੍ਹਤ ਸਿੰਘ ਨੇ ਫੇਰ ਕਾਬੁਲ ਪਹੁੰਚਾ ਦਿੱਤਾ।— ॥ਇਲਾਕਾ ਪੀਲੀ ਚੱਕੂਵਾਲ ਜਲਾਲਪੁ
ਰ ਪਿੰਡਦਾਦਨ ਖਾਂ ਤਕ ਲੂਣੀਆਂ ਖਾਣੀਆਂ ਸਮੇਤ ਜਿਥੋਂ ਦੇ ਨਮਕ ਦੀ ਖਾਣ ਸਰਦਾਰ ਗੁੱਜਰ ਸਿੰ
ਘ ਪਾਸ ਰਹੀ ਫੇਰ ਚੜ੍ਹਤ ਸਿੰਘ ਨੇ ਉਨ੍ਹਾਂ ਤੋਂ ਛੁਡਾ ਕੇ ਲੂਣ ਦੀ ਮੰਡੀ ਰਾਮਨਗਰ ਵਿਚ ਕਾਇਮ
ਕਰੀ। ਉਧਰ ਕਾਬਲੋਂ ਦੀ ਸਰਹੱਦ ਰਾਵਲਪਿੰਡੀ ਪੰਜਾ ਸਾਹਿਬ ਤਕ ਮੁਲਕ ਪੋਠੋਹਾਰ ਸਰਦਾਰ
ਗੁੱਜਰ ਸਿੰਘ ਦੇ ਕਬਜ਼ੇ ਆਯਾ।—— ॥ਫੇਰ ਤਾਂ ਚੜ੍ਹਤ ਸਿੰਘ ਦਾ ਐਡਾ ਦਬਦਬਾ ਪੈ
ਆ ਜਿਧਰ ਜਾਂਦੇ ਲੋਗ ਆਪੇ ਦੇਸ਼ ਦੇ ਤਾਬੇਦਾਰ ਬਣ ਦੇ ਜਾਣਾ ਆਖਦੇ ਹਨ ਲੱਛਮੀ ਤਾਂ
ਏਸ ਦੇ ਅੱਗੇ ਪਿੱਛੇ ਪਈ ਫਿਰਦੀ ਸੀ। ਅਹਿਮਦਾਬਾਦ ਅਲੀਗੜ੍ਹ ਵਾਲ੍ਹੇ ਬੀ ਤਾਬੇ ਕਰਦ
ਏ।—— ॥ਏਸ ਦੇ ਪ੍ਰਤਾਪ ਨੂੰ ਦੇਖ ਕੇ ਜਦ ਪਿਛੋਂ ਸਰਦਾਰ ਬੀ ਬੰਦ ਰੱਖਦੇ ਸੇ ਪਰ ਭੰਗੀ ਸ
ਰਦਾਰ ਤਾਂ ਜਾਗੀਰਦਾਰ ਭੁੱਲ ੨ ਕੇ ਦੰਗਾ ਪਏ ਕਰਦੇ ਸੇ। ਅੱਗੇ ਹੁਣ ਕੋਈ ਨਾਲ ਲੜਨ ਲਈ
ਤਾਂ ਸਰੂ ਸਿੰਘ ਇੱਕ ਮੂੰਹ ਤੋਂ ਜਾਂਦੇ ਸੇ ਹੁਣ ਓਹ ਗੱਲ ਨਹੀਂ ਰਹੀ ਤਾਂ ਹੀ ਜਦ ਸੰ: ੧੮੨੩ ਬਿ: ਕੋਰ
ਜੇ ਰਣਜੀਤ ਦੇਉ ਜੰਮੂ ਵਾਲ੍ਹੇ ਨੂੰ ਆਪਣੇ ਬਡੇ ਬੇਟੇ ਬ੍ਰਿਜਰਾਜ ਦੇਉ ਨਾਲ ਨਰਾਜ਼ ਹੋ ਕੇ ਆਪਣੇ
ਛੋਟੇ ਛੋਕਰੇ ਦਲੇਲ ਸਿੰਘ ਨੂੰ ਗੱਦੀ ਦੇਣੀ ਚਾਹੀ ਸੀ। ॥ਬ੍ਰਿਜਰਾਜ ਦੇਉ ਨੇ ਆਪਣੇ ਆਪ
ਣੇ ਕਾਰਦਾਰ ਸਪਾਹੀ ਅੰਧੇਰ ਫੜ ਕੇ ਆਪਣੀ ਮਦਦ ਲਈ ਸਰਦਾਰ ਚੜ੍ਹਤ ਸਿੰਘ ਨੂੰ ਬੁਲਾ
ਲੈਆ।— ॥ਚੜ੍ਹਤ ਸਿੰਘ ਜੈ ਸਿੰਘ ਹਕੀਕਤ ਸਿੰਘ ਘਨੱਯੇ ਸਰਦਾਰ ਬੀ ਆਪ
ਣੇ ਸਾਥ ਲੈ ਲੀਤੇ।—— ॥ਏਹ ਖ਼ਬਰ ਸੁਣ ਕੇ ਰਾਜੇ ਰਣਜੀਤ ਦੇਉ ਨੇ ਬੀ ਆਪਣੀ ਕੁ
ਮਕ ਪਰ ਸਰਦਾਰ ਝੰਡਾ ਸਿੰਘ ਭੰਗੀ ਨੂੰ ਜੋ ਓਦੋਂ ਸਾਰੀਆਂ ਮਿਸਲਾਂ ਨਾਲੋਂ ਜ਼ੋਰਾਵਰ ਮਿ
ਸਲ ਦਾ ਮਾਲਕ ਸੀ ਸੱਦ ਲੀਤਾ। ਸਿੰਘ ਤਾਂ ਜੰਮੂ ਦੀ ਦੌਲਤ ਲੁੱਟਣ ਲਈ ਪਹਿਲੇ ਸੇ ਹੀ
ਤੱਕ ਰਹੇ ਸੇ। ਤੁਰਤ ਫੁਰਤ ਆਪਣੀ ੨ ਫ਼ੌਜ ਲੈ ਕੇ ਜੰਮੂ ਦੇ ਨੀ ਬਹੀਰ ਪਾ ਦਿੱਤਾ ਕਿਉਂਕਿ ਪੰਜਾ
ਬ ਵਿੱਚ ਏਸ ਕੁੱਲ ਮਾਰ ਧਾੜ ਕਰਕੇ ਬਡੇ ਦਸ਼ਾਹੂਕਾਰ ਸੌਦਾਗਰ ਸਬ ਆਪਣੇ ਧਨ ਲੈ
੨ ਜਾਣੇ ਤੋਂ ਡਰਦੇ ਜੰਮੂ ਵਿੱਚ ਲੈ ਜਾ ਰਹੇ ਸੇ।— ॥ਏਸ ਲੁੱਟ ਦੇ ਲਾਲਚ ਤੇ ਕੁਛ ਬੇ ਇਤਫ਼
ਕੀ ਬੇਇਤਫ਼ਾਕੀ ਦੇ ਜ਼ੋਰ ਪਾੜ੍ਹੀਆਂ ਦੇ ਸੀਂਢੇ ਬਣ ਕੇ ਸਿੰਘ ਆਪ ਸਮੇਂ ਹੀ ਭਿੜ ਪਏ।—
ਦੋਨਾਂ ਦੋਹਾਂ ਦਲਾਂ ਦਾ ਜਫਰਵਾਲ ਦੇ ਪਰਗਨੇ ਦਾ ਸੂ ਸੋਹਾਵੇ ਉਧੋਚੱਕ ਦੋਨਾਂ ਪਿੰਡਾਂ ਪਾਸ
ਇੱਕ ਨਾਲੇ ਦੇ ਕਨਾਰੇ ਟਾਕਰਾ ਹੋ ਪੈਯਾ ਤਿੰਨ ਚਾਰ ਦਿਨ ਆਪੋ ਵਿੱਚ ਚੰਗੇ ਭੁੜਕ ੨ ਲੜੇ।
ਸੈਂਕੜੇ ਸਿੰਘ ਦੋਹਾਂ ਤਰਫ਼ਾਂ ਦੇ ਮਾਰੇ ਗਏ। ਅਜੇ ਕੋਈ ਹਾਰਿਆ ਨਹੀਂ ਸੀ ਸਰਦਾਰ ਚੜ੍ਹਤ ਸਿੰ

Digitized by Panjab Digital Library | www.panjabdigilib.org

੨੦੮ ਘਾ ਅਪਣੀ ਬੰਦੂਕ ਫਟ ਜਾਣੇ ਦੀ ਚੋਟ ਨਾਲ ਕਾਲ ਕਰ ਗਿਆ। —— ।।ਸਿਆਣੇ ੨ ਸਿੰ
ਘ ਬਥੇਰਾ ਬਖੇੜਾ ਹਟਾ ਰਹੇ ਪਰ ਸਰਦਾਰ ਜੈ ਸਿੰਘ ਘਨੱਯੇ ਨੇ ਸੁੱਕ੍ਰ ਚੱਕੀਆਂ ਦੇ ਲਸ਼ਕ
ਰ ਦਾ ਇੰਤਜ਼ਾਮ ਅਪਣੇ ਜ਼ੁੰਮੇ ਲੈਕੇ ਜੰਦਾਪ ਜੈਗਾ ਤਾਂ ਉਸੇ ਤਰਾਂ ਗਰਮ ਰੱਖਿਆ ਪਰ ਸਰਦਾ
ਰ ਚੜ੍ਹਤ ਸਿੰਘ ਦੇ ਮਰਨੇ ਨੇ ਏਧਰ ਦੇ ਸਰਦਾਰਾਂ ਦੇ ਦਿਲ ਬੁਝਾ ਦਿੱਤੇ। ਸਰਦਾਰ ਜੈ ਸਿੰਘ
ਤੇ ਹਕੀਕਤ ਸਿੰਘ ਨੇ ਅਪਣਾ ਸਹਾਇ ਜ਼ੋਰਾਵਰ ਮਰ ਗਿਆ ਸਮਝ ਕੇ ਸੋਚਿਆ ਕਿ ਝੰਡਾ ਸਿੰਘ
ਭੰਗੀ ਤਾਂ ਸਾਨੂੰ ਪਹਿਲੇ ਹੀ ਨੱਕ ਚਣੇ ਚਬਾ ਰਿਹਾ ਸੀ ਹੁਣ ਏਸ ਨੇ ਸਾਨੂੰ ਕਦੋਂ ਛੱਡਣਾ ਏ ਸੋ ਦ
ਗਾ ਕਰੀਏ ਤਾਂ ਬਚਦੇ ਹਾਂ। ਏਹ ਪਾਪ ਥਾਪ ਕੇ ਭੰਗੀਆਂ ਦੇ ਲਸ਼ਕਰ ਵਿਚੋਂ ਇੱਕ ਖੋਰੀ ਨੂੰ ਅਠ
ਘਾਤ ਚੂੜੇ ਨੂੰ ਕੁਛ ਦੇਣਾ ਕਰਕੇ ਸਰਦਾਰ ਝੰਡਾ ਸਿੰਘ ਨੂੰ ਗੋਲੀ ਬੰਦੂਕ ਨਾਲ ਮਰਵਾ ਦਿੱਤਾ।
ਬਸ ਹੁਣ ਕਿਸੇ ਦੀ ਰੋਹ ਕਿਸੇ ਦੀ ਪੱਤ ਆਹਿਮਕ ਭਰੇ ਰੈਂਡ ਸੋਗਾਂ ਸਿੰਘਾਂ ਨਾਲ ਹੋਈ ਆ
ਬਤੀ ਲੋਗਾਂ ਨੂੰ ਕੱਚੇ ਕੋਰੜੇ ਤੇ ਪਹਾੜੀ ਬਿੱਜੂ ਦਸਦੇ ੨ ਆਪ ਹੀ ਓਹੋ ਕੁਛ ਬਣ ਕੇ ਅਪਣੇ ਸਿ
ਰ ਤੂੜਾ ਬੈਠੇ ਕੁਛ ਖੱਆ ਨ ਦੱਸਿਆ ਐਸੇ ਬੂਹਾ ਪੱਟਿਆ ਅਪਣੇ ਸਿਰੋਮਣੀ ਸਰਦਾਰ ਤੇ ਸੈਂਕ
ੜੇ ਸੂਰਬੀਰ ਸਿੰਘ ਮਰਵਾ ਬੈਠੇ। ਕੇਵਲ ਓਵੇਂ ਹੀ ਧੋਖਾ ਨਹੀਂ ਖਾਧਾ ਸਿੰਘਾਂ ਹੀ ਐਸੇ ਭਰਾ
ਵਾਂ ਤੋਂ ਹਜ਼ਾਰਾਂ ਤੇ ਡੋਗਰੇ ਸਿੰਘਾਂ ਤੋਂ ਫਾਇਦਾ ਬਲਕੇ ਸਿੰਘਾਂ ਦੀ ਬਾਦਸ਼ਾਹੀ ਖੋਕੇ ਡੋਗਰੇ ਰਾਜੇ ਬ
ਣੇ ਹਨ। ਏਹ ਬਾਤ ਮਹਾਂਰਾਜੇ ਰਣਜੀਤ ਸਿੰਘ ਦੇ ਬ੍ਰਿਤਾਂਤ ਵਿਚੋਂ ਪੜ੍ਹਨ ਵਾਲਿਆਂ ਨੂੰ ਚੰਗੀ
ਤਰਾਂ ਸਾਬਤ ਹੋ ਜਾਊ। ——
ਅਬ ਸਰਦਾਰ ਝੰਡਾ ਸਿੰਘ ਦੇ ਮਰਨੇ ਕਰ ਭੰਗੀ ਸਰਦਾਰ ਹੌਲੇ ਪੈ ਗਏ। —— ਤੇ ਘਨੱਯੇ
ਜ਼ੋਰ ਫਿਰ ਦੇਖੋ। —— ।ਤਾਂ ਰਾਜੇ ਰਣਜੀਤ ਦੇਉ ਨੇ ਸੋਚਿਆ ਜੇ ਸਿੰਘ ਜੰਮੂ ਵਿੱਚ ਆ ਬੜੇ
ਤਾਂ ਮੇਰਾ ਕੰਖ ਨ ਛੱਡਣਗੇ।। —— ।।ਉਸੇ ਵੇਲੇ ਬ੍ਰਿਜਰਾਜ ਦੇਉ ਨੂੰ ਅਪਣੀ ਗੱਦੀ ਦੇਣੀ ਕਰ ਜੈ
ਸਿੰਘ ਨੂੰ ਇੱਕ ਲੱਖ ੨੫ ਹਜ਼ਾਰ ਰੁਪਿਆ ਨਜ਼ਰ ਦੇਕੇ ਅਪਣੇ ਗਲੋਂ ਟਿਟ ਲਾਹਿਆ। ——
ਏਸ ਮੁਹਿੰਮ ਵਿੱਚ ਸੁਕ੍ਰ ਚੱਕੀਏ ਤੇ ਭੰਗੀ ਸਰਦਾਰਾਂ ਦਾ ਵੈਰ ਬਹੁਤ ਵਧ ਗਿਆ ਤੇ ਹਰਜਾ ਖਰ
ਚਾ ਵੀ ਏਨਾਂ ਦਾ ਹੋਯਾ। ਸਰਦਾਰ ਜੈ ਸਿੰਘ ਤਾਂ ਦੌਲਤ ਜੋੜੀ ਸਭ ਸਰਦਾਰਾਂ ਦੀ ਸਾਂਝੀ ਸੀ
ਕੁੱਲ ਹੀ ਲੈਕੇ ਘਰ ਜਾ ਬੈਠਾ। ——
ਏਨਾਂ ਬਾਤਾਂ ਬਦਲੇ ਬਹੁਤ ਬਖੇੜੇ ਵੇੜੇ ਵਧਣੇ ਸੇ ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀ
ਏ ਆਦਿਕ ਸਿਆਣੇ ੨ ਸਿੰਘਾਂ ਨੇ ਵਿਚ ਪੈਕੇ ਦੋਹਾਂ ਪਾਸਿਆਂ ਨੂੰ ਸਮਝਾ ਬੁਝਾ ਸੁਲਹ ਕਰਾ ਦਿੱਤੀ
ਸਰਦਾਰ ਚੜ੍ਹਤ ਸਿੰਘ ਦੇ ਮਹਾਂ ਸਿੰਘ ਤੇ ਸਾਹਿਬ ਸਿੰਘ ਦੋ ਬੇਟੇ ਇੱਕ ਬੀਬੀ ਰਾਜ ਕੌਰ ਸੀ

Digitized by Panjab Digital Library | www.panjabdigilib.org

ਜਿਸ ਦੀ ਸ਼ਾਦੀ ਸਰਦਾਰ ਗੁੱਜਰ ਸਿੰਘ ਗੁਜਰਾਤ ਵਾਲੇ ਸਾਥ ਹੋਈ। ——

ਚੜ੍ਹਤ ਸਿੰਘ ਦੇ ਪਿੱਛੋਂ ਮਹਾਂ ਸਿੰਘ ਗੱਦੀ ਬੈਠਾ ਸਰਦਾਰ ਜੈ ਸਿੰਘ ਨੇ ਏਸ ਦਾ ਪੂਰਾ ਪੂਰਾ ਖ਼ਿਆਲ ਰੱਖਿਆ ਪੱਕਾ ਹਮਾਇਤੀ ਬਣਿਆ ਰਿਹਾ ਤੇ ਮਹਾਂ ਸਿੰਘ ਦੀ ਸ਼ਾਦੀ ਬੀ ਸਰਦਾਰ ਜੈ ਸਿੰਘ ਨੇ ਰਾਜੇ ਗਜਪਤ ਸਿੰਘ ਜੀਂਦ ਵਾਲੇ ਦੇ ਘਰ ਸੰ: ੧੮੩੧ ਬਿ: ਕੋ ਬੜੀ ਧੂਮ ਧਾਮ ਨਾਲ ਕੀਤੀ। ——

ਸਰਦਾਰ ਮਹਾਂ ਸਿੰਘ ਬੀ ਉਸ ਨੂੰ ਪਿਤਾ ਵਾਂਗੂੰ ਸਮਝਦਾ ਰਿਹਾ। ਜੱਸਾ ਸਿੰਘ ਰਾਮਗੜ੍ਹੀਏ ਦੇ ਕੱਢਣੇ ਤੇ ਕਿਲਾ ਕਾਂਗੜਾ ਦਯਾਲਪੁਰ ਫ਼ਤੇ ਕਰਨੇ ਵਿੱਚ ਜੈ ਸਿੰਘ ਦਾ ਅੰਤ ਤੋੜੀ ਮਦਦਗਾਰ ਬਣਿਆ ਰਿਹਾ। ——

ਜਦ ਸਰਦਾਰ ਮਹਾਂ ਸਿੰਘ ਨੇ ਜਵਾਨ ਹੋ ਕੇ ਅਪਣੇ ਮੁਲਕ ਦਾ ਆਪ ਇੰਤਜ਼ਾਮ ਸੰਭਾਲ ਲੀਤਾ ਤੇ ਸਰਦਾਰ ਗੰਡਾ ਸਿੰਘ ਭੰਗੀ ਦੀ ਮਦਦ ਪਰ ਮੁਲਤਾਨ ਗਿਆ ਉਥੋਂ ਮੁੜ ਕੇ ਧਾਰਾ ਪਿੰਡ ਨੂੰ ਲੁੱਟ ਪੁੱਟ ਅਹਿਮਦਾਬਾਦ ਵਿੱਚ ਅਹਿਮਦ ਖ਼ਾਂ ਨੂੰ ਜਾ ਘੇਰਿਆ ਉਸ ਤੋਂ ਕਈ ਘੋੜੇ ਤੇ ਇੱਕ ਤੋਪ ਲੈ ਆਂਦੀ। ——

ਸੰ: ੧੮੩੫ ਬਿ: ਕੋ ਸਰਦਾਰ ਮਹਾਂ ਸਿੰਘ ਨੇ ਅਪਣੀ ਭੈਣ ਦੀ ਸ਼ਾਦੀ ਸਰਦਾਰ ਗੁੱਜਰ ਸਿੰਘ ਗੁਜਰਾਤ ਵਾਲੇ ਨਾਲ (ਜਿਨ੍ਹ ਬੜਾ ਜੋਰ ਫੜ ਕੇ ਲਾਹੌਰ ਦੇ ਤੀਜੇ ਹਿੱਸੇ ਦਾ ਮਾਲਕ ਸੀ) ਕਰਕੇ ਉਸ ਨੂੰ ਅਪਣਾ ਮਦਦਗਾਰ ਬਣਾ ਲੀਤਾ। —— ਜਦ ਸੰ: ੧੮੩੬ ਬਿ: ਕੋ ਗੁੱਜਰ ਸਿੰਘ ਦਾ ਤੇ ਉਸ ਦੇ ਬੜੇ ਬੇਟੇ ਸਾਹਿਬ ਸਿੰਘ ਦਾ ਆਪਸ ਵਿੱਚ ਵੈਰ ਹੋ ਗਿਆ ਤਾਂ ਮਹਾਂ ਸਿੰਘ ਨੇ ਵਿੱਚ ਪੈ ਕੇ ਪਰਗਣਾ ਸੋਹਦਰੇ ਦਾ ਸਾਹਿਬ ਸਿੰਘ ਨੂੰ ਦਿਵਾ ਕੇ ਦੋਹਾਂ ਦੀ ਸੁਲ੍ਹਾ ਕਰਾਈ। ——

ਏਸੇ ਸਮੇ ਰਾਜੇ ਬ੍ਰਿਜਰਾਜ ਦੇਉ ਨਾਲ ਪੱਗ ਵੱਟ ਦੋਸਤੀ ਕੀਤੀ। ਸਰਦਾਰ ਗੰਡਾ ਸਿੰਘ ਦੇ ਮਰੇ ਤੇ ਉਸ ਦੇ ਫ਼ਰਜ਼ੰਦ ਦੇਸੂ ਸਿੰਘ ਭੰਗੀ ਮਿਸਲ ਦਾ ਸਰਦਾਰ ਹੋਇਆ ਏਹ ਬਹੁਤ ਕਮ ਅਕਲ ਤੇ ਮੂਜੀ ਬਿਸਈ ਸੀ। ਏਸ ਦੀ ਮਿਸਲ ਦੇ ਸਭ ਸਰਦਾਰ ਏਸ ਤੋਂ ਨਰਾਜ਼ ਹੋਕੇ ਆਪ ਆਪ ਉਸਦੇ ਪਰਗਣੇ ਦੱਬਣ ਲੱਗ ਪਏ। ਤਦੋਂ ਸਰਦਾਰ ਮਹਾਂ ਸਿੰਘ ਨੇ ਬੀ ਹੱਥ ਮਾਰ ਕੇ ਪਰਗਣਾ ਸਾਹੀਵਾਲ ਪਿੰਡੀ ਭੱਟੀਆਂ ਈਸਾ ਖੇਲ ਵਗੈਰਾ ਇਲਾਕਾ ਦਬਾ ਲੀਤਾ। —— ਅੰਮ੍ਰਿਤਸਰ ਤਾਲਾਬ ਦੀ ਸੇਵਾ ਕੀਤੀ ਤੇ ਇੱਕ ਕਟੜਾ ਸੰ: ੧੮੩੪ ਬਿ: ਕੋ ਅਪਣੇ ਨਾਮ ਪਰ ਬਸਾਇਆ। ——

੨੧੦ ਫੇਰਤਾਂ ਮਹਾਂਸਿੰਘ ਔਰ ਦਲਾਂ ਦੇ ਹੋਰ ਦੇ ਸਰਦਾਰ ਬੀ ਏਸ ਨੇ ਜਾ ਘੇਰਿਆ — ਲਹੌਰਾਂ
ਦੀ ਕੋਟਲੀ ਰਾਮਦਾਸਪੁਰ ਦੇ ਮਹੀਨੇ ਲੜੇ। ਚੜ੍ਹਤ ਸਿੰਘ ਕਲਾਲਵਾਲੀਆ ਮਜੀਠੀਏ
ਘਣਸ਼ਾਮ ਰੂਪ ਸਿੰਘ ਆਦਿਕ ੨੨ ਸਰਦਾਰ ਮਹਾਂਸਿੰਘ ਨੇ ਬੀ ਨਾਲ ਲਏ ਸੇ। — ਨਸ
ਗਨੇ ਕੈਕੇ ਛੱਡੇ। —

ਜਦ ਸੰ: ੧੮੩੪ ਬਿ: ਵਿੱਚ ਨਵਾਬ ਤਕਲਸ ਖਾਂ ਕਾਬਲ ਤੋਂ ਮੁਲਤਾਨ ਦਾ ਸੂਬਾ ਹੋਕੇ ਆਇਆ
ਤੇ ਪਹਿਲੇ ਸੂਬੇ ਨੇ ਆਕੀ ਹੋਕੇ ਆਪਣੀ ਮਦਦ ਪਰ ਸਰਦਾਰ ਗੰਡਾ ਸਿੰਘ ਭੰਗੀ ਨੂੰ ਬੁਲਾਇਆ
ਤੇ ਗੰਡਾ ਸਿੰਘ ਮਹਾਂਸਿੰਘ ਨੂੰ ਬੀ ਲੈ ਗਿਆ ਸੀ ਤਕਲਸ ਖਾਂ ਤੇ ਏਨਾਂ ਤੋਂ ਡਰ ਦਾ ਪਿੱਛੇ ਮੁੜ ਗਿਆ
ਤੇ ਗੰਡਾ ਸਿੰਘ ਨੇ ਪ੍ਰਹਲਾਦ ਭਗਤ ਦੀ ਜਗਾ ਦੇਖਣ ਦੇ ਬਹਾਨੇ ਕਿਲੇ ਵਿੱਚ ਜਾਕੇ ਕਿਲਾ ਮੁਲ
ਤਾਨ ਦਾ ਮੱਲ ਲੀਤਾ। —— ।।ਇਹਨੀਂ ਅਹਿਮਦਾਬਾਦ ਦੇ ਨਵਾਬ ਅਹਿਮਦ ਖਾਂ ਪਾਸੋਂ ਇੱਕ
ਕੋਤਪਛੀ ਨਕੇਆਂ ਉਦੋਂ ਏਥੇ ਪੀਰ ਮੁਹੰਮਦ ਖਾਂ ਰਸੂਲਨਗਰੀਏ ਪਾਸ ਆਨਤ ਛੱਡ ਆਏ
ਸੇਹੁਣ ਉਹ ਤੋਪ ਮਹਾਂ ਸਿੰਘ ਨੇ ਮੰਗੀ। —— ।।ਉਸ ਨੇ ਦੇਣੋ ਇਨਕਾਰ ਕੀਤਾ ਮਹਾਂ ਸਿੰਘ
ਨੇ ਰਸੂਲਨਗਰ ਨੂੰ ਜਾ ਘੇਰਿਆ ਤਿੰਨ ਮਹੀਨੇ ਲੜੇ ਜਿਸ ਦਿਨ ਫਤੇ ਹੋਈ ਉਸੇ ਵਕਤ ਰਣਜੀ
ਤ ਸਿੰਘ ਪੈਦਾ ਹੋਯਾ ਏਹ ਖੁਸੀ ਦੀ ਖਬਰ ਮਹਾਂ ਸਿੰਘ ਨੂੰ ਪਹੁੰਚੀ ਜੋ ੨ ਮੱਘਰ ਬਦੀ ੫
ਸੰ: ੧੮੩੭ ਬਿ: ੧੯ ਘੜੀ ੧੩ ਪਲ ਦਿਨ ਚੜ੍ਹੇ ਮੰਗਲਵਾਰ ਚੰਗੀ ਸਾਇਤ ਵਿੱਚ ਰਾ
ਜੇ ਗਜਪਤ ਸਿੰਘ ਦੀ ਬੇਟੀ ਰਾਜ ਕੌਰ ਵਿੱਚੋਂ ਗੁਜਰਾਂਵਾਲੇ ਪੈਦਾ ਹੋਏ ਸੇ। ——
ਸਰਦਾਰ ਮਹਾਂ ਸਿੰਘ ਨੇ ਉਸ ਖੁਸੀ ਵਿੱਚ ਬਹੁਤ ਦੌਲਤ ਗਰੀਬਾਂ ਨੂੰ ਬੰਡੀ ਤੇ ਓਸ ਨੂੰ ਇ
ਨਾਮ ਦਿੱਤਾ। ਜੰਗ ਦੀ ਫਤੇ ਹੋਣੇ ਕਰ ਭਾਈ ਅਬਨਾਸ ਸਿੰਘ ਵਜੀਰਾਬਾਦੀਏ ਸੰਤ ਨੇ ਰਣ
ਜੀਤ ਸਿੰਘ ਨਾਮ ਰੱਖਿਆ। ——

ਮਹਾਂ ਸਿੰਘ ਨੇ ਏਸੇ ਯਾਦਗੀਰੀ ਵਿੱਚ ਰਸੂਲ ਨਗਰ ਦਾ ਨਾਮ ਰਾਮਨਗਰ ਤੇ ਅਲੀ
ਗੜ੍ਹ ਦਾ ਨਾਮ ਅਕਾਲਗੜ੍ਹ ਰੱਖਿਆ ਜੇੜ੍ਹੇ ਪੀਰ ਮਹੰਮਦ ਖਾਂ ਤੋਂ ਉਸੇ ਸਮੇ ਜਿੱਤੇ ਸੇ। ——
।।ਰਾਜੇ ਰਣਜੀਤ ਦੇਉ ਦੇ ਮਰਨੇ ਤੋਂ ਬ੍ਰਿਜਰਾਜ ਦੇਉ ਨੇ ਰਾਜਾ ਹੋਕੇ ਮੀਏਂ ਦਲੇਲ ਸਿੰਘ ਨੂੰ
ਕੈਦ ਕਰ ਕਈ ਅਹਿਲਕਾਰ ਲੁੱਟ ਲੀਤੇ। —— ।।ਸੰ: ੧੮੪੮ ਬਿ: ਦੇ ਵਿੱਚ ਉਹਨੇ ਆਪ
ਣੀ ਮਦਦ ਲਈ ਹਕੀਕਤ ਸਿੰਘ ਘਨੱਈਏ ਨੂੰ ਬੁਲਾਯਾ ਨਾਲੇ ਏਹ ੩੦ ਹਜਾਰ ਰੁਪਯਾ
ਜਾ ਲਾਣਾ ਬ੍ਰਿਜਰਾਜ ਦੇਉ ਵਿਚ ਹੁੰਦ ਸੀ ਉਹ ਬੀ ਨਾ ਦਿੱਤਾ ਹਕੀਕਤ ਸਿੰਘ ਨੇ ਆਪ
ਣੇ ਦੋਸਤ ਜਾਣ ਕੇ ਸਰਦਾਰ ਮਹਾਂ ਸਿੰਘ ਨੂੰ ਕਹਿ ਭੇਜਿਆ ਜੰਮੂ ਦੀ ਪੈਦਾ ਯਸ ਵਿਚੋਂ

Digitized by Panjab Digital Library | www.panjabdigilib.org

ਤੇਰਾ ਮੇਰਾ ਅੱਧੋ ਅੱਧ ਤੁਸੀਂ ਰੱਖੋਂ ਆਪ ਮੈਂ ਐਥੇ ਆਉਂਦਾ ਹਾਂ। — ॥ਮਹਾਂ ਸਿੰਘ ਤਾਂ ੨੧੧
ਏਹ ਲਾਲਚ ਸੁਣ ਆਪਣੇ ਪੰਗਵੰਟ ਦੇ ਸਤ ਬ੍ਰਿਜਰਾਜ ਦੇ ਓਦੀ ਲਾਜ ਨੂੰ ਖੂਹ ਵਿੱਚ
ਸਿੱਟ ਫੌਜ ਨੂੰ ਸਜਾ ਧਜਾ ਝੱਟ ਪੱਟ ਤਬਲ ਕੂਚ ਦਾ ਵਜਾਉਂਦਾ ਆਇਆ। — ॥ਹਕੀਕ
ਤ ਸਿੰਘ ਅਜੇ ਤਰਫ ਵਾਲ ਹੀ ਪਹੁੰਚਿਆ। ਏਨ੍ਹਾਂ ਦੋਹਾਂ ਦੀ ਚੜ੍ਹਾਈ ਸੁਣ ਕੇ ਬ੍ਰਿਜਰਾਜ ਦੇ
ਉਤਾਂ ਭੱਜ ਗਿਆ। — ॥ਮਹਾਂ ਸਿੰਘ ਹੱਲਾ ਕਰ ਕੇ ਜੰਮੂੰ ਜਾ ਵੜਿਆ ਏਸ ਨੇ ਤਿੰਨ ਦਿਨ ਜੰ
ਮੂੰ ਲੁੱਟਿਆ ਕਿਸੇ ਪਾਸ ਕੁਛ ਨ ਛੱਡਿਆ। ਬੇਸ਼ੁਮਾਰ ਦੌਲਤ ਦੇ ਊਂਟ ਗੱਡੇ ਖੱਚਰਾਂ ਹਾਥੀ ਲੱਦ ਕੇ
ਗੁਜਰਾਂ ਵਾਲੇ ਲੈ ਆਯਾ। — ॥ਏਹ ਖਬਰ ਸੁਣ ਕੇ ਹਕੀਕਤ ਸਿੰਘ ਤਾਂ ਪਿੱਛੇ
ਮੁੜ ਗਿਆ ਤੇ ਸਰਦਾਰ ਜੈ ਸਿੰਘ ਨੇ ਮਹਾਂ ਸਿੰਘ ਦੀ ਚਲਾਕੀ ਪਰ ਗੁੱਸੇ ਹੋ ਕੇ ਕਹਿ ਭੇਜਿਆ
ਕਿ ਏਸ ਦੌਲਤ ਦੇ ਚਾਰ ਹਿੱਸੇ ਕਰੋ। ਇੱਕ ਹਕੀਕਤ ਸਿੰਘ ਨੂੰ ਇੱਕ ਗੁਰੂ ਕੇ ਅੰਮ੍ਰਿ
ਤਸਰ ਲਾਉ ਅੱਧੀ ਤੁਸ ਰੱਖੋ ਜੇ ਨਾ ਮੰਨੋਗੇ ਤਾਂ ਅਸੀਂ ਨਾ ਪਰਚਣ ਦਿਆਂਗੇ। — ॥ਮਹਾਂ ਸਿੰ
ਘ ਨੇ ਕੋਰਾ ਜਵਾਬ ਦਿੱਤਾ ਜਿਸ ਤੇ ਜੈ ਸਿੰਘ ਨੇ ਭੀ ਭੂਕ ਹੋ ਕੇ ਏਸ ਦੇ ਇਲਾਕੇ ਰਸੂਲਨਗਰ
ਮੰਡਿਆਲਾ ਲੁੱਟ ਪੁੱਟ ਏਸ ਦੇ ਮਦਦਗਾਰ ਨਕਈ ਸਰਦਾਰ ਜਾ ਦਬਾਏ। —
ਸੰ: ੧੮੪੦ ਬਿ: ਕੇ ਬੜਾ ਭਾਰੀ ਕਾਲ ਕੜਕਿਆ ਜਿਸ ਵਿੱਚ ਭੁੱਖ ਦੇ ਮਾਰਿਆਂ ਨੇ ਪੁੱਤ੍ਰ ਸਿੱਟ ਪਏ
ਤੇ ਪਤੀ ਔਰਤਾਂ ਨੂੰ ਵੇਚ ਗਏ ੪ ਸੇਰ ਕੱਚੇ ਤੋਲ ਅੰਨ ਵਿਕ ਗਿਆ। ਵਿੰਡੀ ਵਾਂਗੂ ਭੁੱਖੇ ਲੋਗ
ਬਿਲਬਿਲਾਂਦੇ ਫਿਰਦੇ ਸੇ। ਬ੍ਰਿਛਾਂ ਦੇ ਛਿੱਲੜ ਪੱਤੇ ਲਾਹ ਖਾਧੇ। ਲੱਖਾਂ ਆਦਮੀ ਤੜਪ
ਸੂ ਭੁੱਖੇ ਐਸੇ ਸੁੱਤੇ ਹੁਣ ਤਕ ਨਹੀਂ ਜਾਗੇ। ਜੋ ਚੀਜ਼ ਨਹੀਂ ਖਾਣੀ ਸੀ ਸੋ ਭੁੱਖ ਨੇ ਖੁਲਾ
ਦੀਆ ਏਸ ਕਰ ਭੁੱਖ ਦਾ ਦੁੱਖ ਨਾ ਦਿਖਾਏ। ਫਰੀਦ ਜੀ ਦਾ ਕੌਲ ਹੈ॥ — (ਫਰੀਦਾ
ਸੌਤੇ ਭੁੱਖ ਬੁਰੀ। ਉਗਣੇ ਹੋਈ ਮੋਕਲੀ ਆ ਬਣ ਫੇਰ ਖੜ੍ਹੀ।) ਹੋਰ ਕੀ ਦੱਸੀਏ ਏਸ
ਬਿਪਤਾ ਵਿੱਚ ਪੁੱਤ੍ਰਾਂ ਨੂੰ ਮਾਰ ਮਾਰ ਭੁੰਨ ਭੁੰਨ ਕੇ ਮਾਪੇ ਖਾ ਗਏ॥ ਜਿਨ੍ਹਾਂ ਪਾਸ ਦਾਣੇ ਸੇ ਓਹ
ਬੀ ਹੱਥ ਘੁੱਟ ਬੈਠੇ। ਖੁੱਲੇ ਬੂਹੇ ਕਿਸੇ ਨੂੰ ਰੋਟੀ ਖਾਣੀ ਨਸੀਬ ਨ ਭਾਰੀ ਲਾਚਾਰੀ ਗੁਜਰੀ।
ਸਰਦਾਰ ਮਹਾਂ ਸਿੰਘ ਪਾਉ ੨ ਭਰ ਕੱਚੇ ਦਾਣੇ ਦਿੰਦਾ ਰਹਿਆ। — ਹੋਲੀਆਂ ਨੂੰ ਬਰਖਾ
ਹੋਈ ਤਾਂ ਇੱਕ ਬੂਟੀ ਮਞਕਣ ਨਾਮ ਐਤਨੀ ਕ ਉਪਜੀ ਸਾਰੀ ਦੁਨੀਆਂ ਰਜਾ ਦਿੱਤੀ।
ਲੋਗਾਂ ਨੇ ਸੁਕਾ ੨ ਜਮਾਂ ਕਰ ਲਈ ਫੇਰ ਦੋ ਮਹੀਨਿਆਂ ਨੇ ਤੇ ਹਾੜ੍ਹ ਸਾਰ ਪੀੜ੍ਹੀ ਨੇ
ਕਣਕ ਬਾਜਰੇ ਬਹੁਤ ਹੋਏ। —
॥ਸੰ: ੧੮੪੧ ਕੇ ਮਹਾਂ ਸਿੰਘ ਅੰਮ੍ਰਿਤਸਰ ਦੀ ਪਾਸਾਲਾ ਤੇ ਗਿਆ ਹੋਯਾ ਜਦ ਸਰਦਾਰ

Digitized by Panjab Digital Library | www.panjabdigilib.org

੨੯੨ ਜੈ ਸਿੰਘ ਘਨੱਈਏ ਨੂੰ ਮਿਲਣ ਗਿਆ। —— ।।ਫਤੇ ਬੁਲਾਈ ਉਸ ਨੇ ਮੂੰਹ ਨਾ ਲਾਇਆ
ਸਗੋਂ ਨਿਰਾਦਰੀ ਕੀਤੀ ਜਿਸ ਤੋਂ ਏਹ ਬੜਾ ਖਫਾ ਹੋਕੇ ਚਲਾ ਆਇਆ। —— ।।ਏਸੇ ਘਟਾ
ਪਟੀ ਵਿੱਚ ਪਹਿਲੇ ਤਾਂ ਅੰਮ੍ਰਿਤਸਰ ਲੜਾਈ ਹੋਈ ਫੇਰ ਮਜੀਠੇ ਪਾਸ ਜਿੱਥੇ ਹਾਰ ਕੇ
ਜੈ ਸਿੰਘ ਆਪਣੇ ਇਲਾਕੇ ਹਾਜੀਪੁਰ ਵੱਲ ਦਰਿਆਇ ਬਿਆਸ ਪਾਰ ਚਲਾ ਗਿਆ। —

ਜੈ ਸਿੰਘ ਘਨੱਈਆ ਨਾਲ ਲੜਾਈ ਦਾ ਜ਼ਿਕਰ

ਥੋੜੇ ਦਿਨਾਂ ਪਿਛੋਂ ਜੈ ਸਿੰਘ ਨੇ ਫੇਰ ਬਹੁਤ ਸਾਰੀ ਫੌਜ ਕੱਠੀ ਕੀਤੀ ਔਰ ਮਹਾਂ ਸਿੰਘ ਤੋਂ
ਬਦਲਾ ਲੈਣਾ ਚਾਹਿਆ ਪ੍ਰੰਤੂ ਏਹ ਖਬਰ ਮਹਾਂ ਸਿੰਘ ਨੂੰ ਪਹੁੰਚ ਗਈ ਉਸ ਨੇ ਆਪ
ਣੀ ਮਦਦ ਪਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਜੋ ਕਿ ਜੈ ਸਿੰਘ ਦੇ ਲੋਹੂ ਦਾ ਤਿ
ਹਾਇਆ ਸੀ ਅਤੇ ਸਤਲੁਜੋਂ ਪਾਰ ਲੁੱਟ ਮਾਰ ਕਰਦਾ ਫਿਰਦਾ ਸੀ ਏਸ ਸ਼ਰਤ ਉੱਤੇ ਬੁਲਾ
ਭੇਜਿਆ ਕਿ ਜੇਕਰ ਸਾਡੀ ਫਤੇ ਹੋਈ ਤਾਂ ਤੁਹਾਡਾ ਸਾਰਾ ਮੁਲਕ ਤੁਹਾਨੂੰ ਫੇਰ ਦੇਵਾਂਗਾ।
ਜੱਸਾ ਸਿੰਘ ਰਾਮਗੜ੍ਹੀਆ ਉਸੇ ਵੇਲੇ ਛੱਡ ਪੰਜ ਮਹਾਂ ਸਿੰਘ ਪਾਸ ਚਲਾ ਆਇਆ ਔਰ
ਨੁਸ਼ਹਿਰੇ ਮੁਕਾਮ ਪਰ ਜੈ ਸਿੰਘ ਘਨੱਈਏ ਨਾਲ ਖੂਬ ਲੜਾਈ ਹੋਕੇ ਮਹਾਂ ਸਿੰਘ
ਦੀ ਫਤੇ ਹੋਈ ਔਰ ਜੈ ਸਿੰਘ ਭੱਜ ਕੇ ਨੂਰਪੁਰ ਦੇ ਕਿਲੇ ਵਿੱਚ ਜਾ ਛੁਪਿਆ ਮਹਾਂ ਸਿੰਘ
ਉਥੇ ਭੀ ਮਗਰੇ ਗਿਆ ਤੇ ਕਿਲੇ ਨੂੰ ਘੇਰ ਲਿਆ ਪ੍ਰੰਤੂ ਭੱਜੇ ਹੋਏ ਮਨੁੱਖ ਦਾ ਪਿੱਛਾ ਕਰਨਾ ਬੇ
ਗਾਨਾ ਸਮਝ ਕੇ ਮੁੜ ਦੀਨਾਨਗਰ ਚਲਿਆ ਗਿਆ। ——

ਰਾ: ਸੰਸਾਰ ਚੰਦ ਕਟੋਚੀਏ ਦੀ ਮਦਦ ਪਰ ਜਾਣਾ

ਦੀਨਾਨਗਰ ਦੇ ਮੁਕਾਮ ਪਰ ਰਾਜੇ ਸੰਸਾਰ ਚੰਦ ਦੀ ਸਰਦਾਰ ਮਹਾਂ ਸਿੰਘ ਨਾਲ ਮੁ
ਲਾਕਾਤ ਹੋਈ। ਉਸ ਨੇ ਆਖਿਆ ਕਿ ਜੇਕਰ ਤੁਸੀਂ ਜੈ ਸਿੰਘ ਘਨੱਈਏ ਤੋਂ ਕਾਂਗੜੇ ਦਾ
ਕਿਲਾ ਮੈਨੂੰ ਵਾਪਸ ਦਿਵਾ ਦੇਵੋ ਤਾਂ ਮੈਂ ਸਿਵਾਇ ਖਰਚ ਦੇ ਆਪ ਕੋ ਦੋ ਲਾਖ ਰੁਪਯਾ
ਨਜ਼ਰਾਨਾ ਦੇਵਾਂਗਾ। —— ।।ਮਹਾਂ ਸਿੰਘ ਨੇ ਏਹ ਗੱਲ ਮੰਨ ਲਈ ਤੇ ਗੁਜਰਾਂਵਾਲੇ
ਪਹੁੰਚ ਕੇ ਇੱਕ ਹਜ਼ਾਰ ਸਵਾਰ ਦਿਆਰਾਮ ਤੇ ਅਹਿਮਦ ਖਾਨ ਲਹਿ ਦੇ ਅਫਸਰਾਂ ਦੇ ਮਾਤਹਿ
ਤ ਕਾਂਗੜੇ ਵੱਲ ਰਾਜਾ ਸੰਸਾਰ ਚੰਦ ਕਟੋਚੀਏ ਦੀ ਮਦਦ ਪਰ ਭੇਜ ਦਿੱਤਾ। ——
ਏਸ ਫੌਜ ਨੇ ਛੱਡ ਪੰਜ ਰਾਜਾ ਦੀ ਫੌਜ ਸਮੇਤ ਕਾਂਗੜੇ ਅੱਪੜ ਕੇ ਸ਼ਹਿਰ ਨੂੰ ਘੇਰਾ ਪਾ
ਲਿਆ। ਕੁਛ ਦਿਨਾਂ ਤੋਂ ਲੜਦੇ ਰਹੇ ਪ੍ਰੰਤੂ ਰਾਜੇ ਦੇ ਨਾਲ ਖਜ਼ਾਨਾ ਨਾ ਹੋਣੇ ਕਰਕੇ ਬ
ਜੀ ਛੇਤੀ ਫਤੇ ਕਰਨ ਲੱਗ ਪਏ। —— ।।ਜਦ ਖਰਚ ਲਈ ਦਿਆਰਾਮ ਨੇ ਆਪ
ਣੇ ਸਰਦਾਰ ਵੱਲ ਲਿਖਿਆ ਤਾਂ ਉਥੋਂ ਏਹ ਜਵਾਬ ਆਇਆ ਕਿ ਅਜੇ ਰਾਜੇ ਪਾਸੋਂ ਦੋ ਲਾ
ਖ ਦਿਓ ਮਾਰ ਹਜ਼ਾਰ ਲੈ ਕੇ ਕੰਮ ਚਲਾਓ। ਉਸ ਪਰ ਰਾਜੇ ਨੇ ਦਰ ਜੇਹਾ ਜਵਾਬ ਦਿੱਤਾ

Digitized by Panjab Digital Library | www.panjabdigilib.org

ਅਤੇ ਆਖਿਆ ਜਦੋਂ ਤਕ ਕਿਲ੍ਹਾ ਛੁਡਾ ਕੇ ਤੁਸੀਂ ਮੇਰੇ ਕਬਜ਼ੇ ਨਹੀਂ ਕਰਾਉਂਦੇ ਤਦੋਂ ਤਕ ੨੧੩.
ਇੱਕ ਫੁੱਟੀ ਕੌਡੀ ਮੈਂ ਨਹੀਂ ਦਿੰਦਾ ਇਸ ਗੱਲੋਂ ਬਾਖੇ ਰਾਉੜ੍ਹ ਹੋ ਕੇ ਰਾਜੇ ਦੀ ਤੇ ਮਹਾਂ ਸਿੰਘ
ਦੀ ਫੌਜ ਵੀ ਆਪਸ ਵਿੱਚ ਠਹਿ ਪਈ ਸਰਦਾਰ ਮਹਿਮਦ ਸ਼ਾਲਹਿ ਮਾਰਿਆ ਗਿਆ
ਤੇ ਫੌਜ ਭੁੱਖੀ ਮਰਦੀ ਤੇ ਲੋਕਾਂ ਦੇ ਖੇਤ ਲੁੱਟਦੀ ਖਸੋਟਦੀ ਬੁਰੇ ਹਾਲ ਗੁਜ਼ਰਾਂਵਾ
ਲੇ ਪਹੁੰਚੀ। ਸਰਦਾਰ ਮਹਾਂ ਸਿੰਘ ਨੇ ਆਪਣੀ ਫੌਜ ਦੀ ਦੁਰਦਸ਼ਾ ਦੇਖ ਕੇ ਰਾਜੇ
ਉੱਤੇ ਦੰਦ ਤਾਂ ਬਥੇਰੇ ਪੀਹੇ ਪਰ ਕੁਛ ਪੇਸ਼ ਨਾ ਗਈ ਕਿਸੇ ਮੌਕੇ ਪਰ ਬਦਲਾ ਕੱਢਣ
ਦੀ ਇੱਛਿਆ ਧਾਰ ਕੇ ਘੁੱਟ ਵੱਟ ਰੈਹਾ।

"ਹੁਣ ਭੂਆੜੀ ਪੇਚ ਰਾਜੇ ਨੇ ਮਹਾਂ ਸਿੰਘ ਨਾਲ ਵਿਗੜੀ ਸਮਝ ਕੇ ਸਰਦਾਰ
ਜੈ ਸਿੰਘ ਨੂੰ ਏਹ ਬਾਉਲੀ ਦਿੱਤੀ ਕਿ ਕਿਲ੍ਹਾ ਕਾਂਗੜੇ ਦਾ ਮੈਨੂੰ ਛੁਡਾ ਦੇਹ ਮੈਂ ਤੇਰੇ ਸ
ਥ ਹੋ ਕੇ ਤੇਰਾ ਮੁਲਕ ਜੱਸਾ ਸਿੰਘ ਤੋਂ ਪਹਿਲੇ ਛੁਡਵਾ ਕੇ ਫੇਰ ਮਹਾਂ ਸਿੰਘ ਦਾ ਮੁ
ਲਕ ਤੈਨੂੰ ਫਤੇ ਕਰਾ ਦੇਵਾਂਗਾ।" "ਉਸ ਵਿਚਾਰੇ ਦੀ ਅਕਲ ਤੇ ਤਾਕਤ
ਨੂੰ ਤਾਂ ਉਸ ਦਾ ਲਾਇਕ ਜਵਾਨ ਪੁੱਤ੍ਰ ਨਾਸ ਕਰ ਹੀ ਗਿਆ ਸੀ ਰਾਜੇ ਦੇ ਛਲ ਵਿੱਚ
ਆ ਕੇ ਭੁਲੇਖੇ ਮਹਿਸ ਨੇ ਸੰ: ੧੮੪੪ ਬਿ: ਕੋ ਕਿਲ੍ਹਾ ਦੇ ਕਰ ਮਦਦ ਚਾਹੀ ਤਾਂ ਉਸ ਨੇ ਤ
ੜਕ ਜਵਾਬ ਦੇ ਕੇ ਆਖਿਆ ਤੈਂ ਨਹੀਂ ਸੁਣਿਆ (ਪਹਾੜੀ ਅੰਤ ਕਿਸ ਕੇ ਕੰਮ ਕੱਢ
ਆ ਸਕੇ) ਏਹ ਜਵਾਬ ਸੁਣ ਕੇ ਜੈ ਸਿੰਘ ਤਾਂ ਆਪਣੇ ਲਹੂ ਦੇ ਘੁੱਟ ਭਰ
ਦਾ ਹੋਇਆ ਮੁੱਠੀਆਂ ਮੀਚ ਬੈਠਾ।

ਸੰ: ੧੮੪੫ ਬਿ: ਵਿੱਚ ਸਰਦਾਰ ਮਹਾਂ ਸਿੰਘ ਨੇ ਸੁਣਿਆ ਕਿ ਜੰਮੂ ਵਾਲ੍ਹੇ ਨੇ ਕਈ ਸਿ
ਖ ਬੇਗੁਨਾਹ ਫੜ ਕੇ ਸਿਰ ਮੁੰਨ ਕੇ ਕੈਦ ਕਰ ਰੱਖੇ ਹਨ ਨਾਲ੍ਹੇ ਜੇੜ੍ਹੇ ਸਾਹੂਕਾਰ
ਬ੍ਰਿਜਰਾਜ ਦੇਉ ਸਮੇਤ ਸੰ ੧੮੩੮ ਬਿ: ਦੇ ਹੱਲੇ ਸਮੇ ਦੌਲਤ ਲੈ ਕੇ ਪਹਾੜਾਂ
ਵਿੱਚ ਜਾ ਲੁਕੇ ਸੇ ਹੁਣ ਫੇਰ ਜੰਮੂ ਵਿੱਚ ਦੌਲਤ ਲੈ ਆਏ ਹਨ। ਪੰਜ ਕ ਹਜ਼ਾਰ
ਸੂਰਬੀਰ ਸਿੰਘ ਲੈ ਕੇ ਚੁੱਪ ਚਾਪ ਜੰਮੂ ਵਿੱਚ ਜਾ ਕੁੱਦਿਆ। ਰਾਜੇ ਨੂੰ ਬੰਨ ਕੇ ਸ
ਹਿਰ ਤੇ ਰਾਜੇ ਦੇ ਮਹਿਲ ਚੰਗੀ ਤਰਾਂ ਸੋਧੇ। ਕਰੋੜਾਂ ਰੁਪਿਆਂ ਦਾ ਮਾਲ ਅਸ
ਬਾਬ ਉਨਾਂ ਕੈਦੀ ਸਿੰਘਾਂ ਸਮੇਤ ਜੰਮੂ ਤੋਂ ਬਾਹਰ ਕੱਢ ਕੇ ਬਰੂਦਖਾਨੇ ਨੂੰ ਅੱ
ਗ ਲਾ ਦਿੱਤੀ ਤੇ ਰਾਜੇ ਨੂੰ ਛੱਡ ਦਿੱਤਾ। ਓਦੋਂ ਲੁਟੇਰੇ ਲੋਕਾਂ ਨੇ ਹੋਰ ਬੀ ਅਨੇਕ
ਜਗਾਂ ਜੰਮੂ ਸ਼ਹਿਰ ਵਿੱਚ ਭਾਂਬੜ ਬਾਲ੍ਹ ਕੇ ਤਮਾਸ਼ਾ ਦੇਖਿਆ ਤੇ ਧਨ ਲੁੱਟਿਆ

੨੧੪ ਆਉਂਦੇ ਹੋਏ ਅਲਾਮ ਸਿੰਘ ਬਹਾਦਰਪੁਰੀਏ ਆਦਿਕ ਅਨੇਕ ਸਿੱਖ ਸਰਦਾਰਾਂ
ਤੋਂ ਨਜ਼ਰਾਨੇ ਲੈਕੇ ਗੁਜਰਾਂਵਾਲੇ ਆ ਬੜ੍ਹਾ। — ।।ਏਸ ਮੁਹਿਮ ਵਿੱਚ ਸਰਦਾ
ਰ ਮਹਾਂ ਸਿੰਘ ਦਾ ਪੁੱਤ੍ਰ ਰਣਜੀਤ ਸਿੰਘ ਭੀ ਸੱਤ ਬਰਸ ਦਾ ਸਾਥ ਸੀ। ਏਸੇ ਸ
ਾਲ ਰਣਜੀਤ ਸਿੰਘ ਨੂੰ ਸੀਤਲਾ ਨਿਕਲੀ ਮਹਾਂ ਸਿੰਘ ਨੇ ਪੁੰਨ ਦਾਨ ਬਹੁਤ ਕੀਤੇ
ਤੌ ਭੀ ਇੱਕ ਅੱਖ ਜਾਂਦੀ ਰਹੀ। —

ਸੰ: ੧੮੪੬ ਬਿ: ਵਿੱਚ ਸਰਦਾਰ ਜੈ ਸਿੰਘ ਨੇ ਰਣਜੀਤ ਸਿੰਘ ਨਾਲ੍ਹ ਆਪਣੀ
ਪੋਤ੍ਰੀ ਗੁਰਬਖਸ਼ ਸਿੰਘ ਦੀ ਬੇਟੀ ਮਤਾਬ ਕੌਰ ਦੀ ਸ਼ਾਦੀ ਕਰਕੇ ਏਨਾਂ ਨੂੰ ਅਪਣ
ਾ ਮਦਦਗਾਰ ਬਣਾ ਲੀਤਾ। ਏਸੇ ਗੱਲੋਂ ਜੱਸਾ ਸਿੰਘ ਨੇ ਭਿੱੜਕੇ ਅਪਣੀਆ
ਂ ਮਿਲ੍ਹ ਦੇ ਸਰਦਾਰ ਜੋਧ ਸਿੰਘ ਕਲਾਲ੍ਹਵਾਲੀਏ ਕੱਠੇ ਕਰ ਸਰਦਾਰ ਮਹਾਂ
ਸਿੰਘ ਦੇ ਇਲਾਕੇ ਨੂੰ ਲੁੱਟਦੇ ਖਸੋਟਦੇ ਰਾਮਨਗਰ ਪਾਸ ਮਹਾਂ ਸਿੰਘ ਦੇ ਨਾਲ੍ਹ
ਜਾ ਪਏ। ਭਾਰੀ ਜੰਗ ਹੋਯਾ। ਜੋਧ ਸਿੰਘ ਕਲਾਲ੍ਹਵਾਲੀਏ ਆਦਿਕ ਬਹੁਤ
ਆਦਮੀ ਜੱਸਾ ਸਿੰਘ ਦੇ ਮਾਰੇ ਗਏ। — ਫਤੇ ਗੁਰੂ ਨੇ ਮਹਾਂ ਸਿੰਘ ਨੂੰ ਦਿੱਤੀ
ਜੱਸਾ ਸਿੰਘ ਹਾਰ ਕੇ ਦੌੜ ਗਿਆ। —

।ਏਸੇ ਸਾਲ ਸਰਦਾਰ ਗੁਜਰ ਸਿੰਘ ਗੁਜਰਾਤ ਵਾਲ੍ਹਾ ਗੁਜ਼ਰ ਗਿਆ। ਜਦ
ਓਸ ਦਾ ਬੇਟਾ ਸਾਹਿਬ ਸਿੰਘ ਅਪਣੇ ਬਾਪ ਦੇ ਹਿੱਸੇ ਪਰ ਲਾਹੌਰ ਕਬਜ਼ਾ ਕਰ
ਨ ਗਿਆ ਤਾਂ ਸਰਦਾਰ ਮਹਾਂ ਸਿੰਘ ਨੇ ਓਸ ਦੇ ਇਲਾਕੇ ਉੱਤੇ ਹੱਲਾ ਕਰਕੇ ਸੋਦਰ
ਦੇ ਕਿਲੇ ਨੂੰ ਜਾ ਘੇਰਿਆ। ਰਾਜ ਐਸਾ ਬੁਰਾ ਹੈ ਸੱਕੇ ਭੈਣ ਭਣੋਈਏ ਦਾ ਲਿਹਾਜ਼
ਭੀ ਨਾ ਰੱਖਿਆ। ਅੰਦਰ ਸਾਹਿਬ ਸਿੰਘ ਦੀ ਫੌਜ ਲੜਦੀ ਰਹੀ। ਆਖਰ ਸਰਦਾਰ
ਮਹਾਂ ਸਿੰਘ ਤਾਂ ਬੀਮਾਰ ਹੋਕੇ ਦੱਲ ਸਿੰਘ ਆਦਿਕ ਸਰਦਾਰਾਂ ਨੂੰ ਰਣਜੀਤ ਸਿੰਘ
ਦੀ ਕਮਾਨ ਵਿੱਚ ਛੱਡਕੇ ਗੁਜਰਾਂਵਾਲੇ ਨੂੰ ਆਯਾ ਤੇ ਰਣਜੀਤ ਸਿੰਘ ਕਿਲੇ
ਨੂੰ ਘੇਰਕੇ ਲੜਦਾ ਰਿਹਾ। — ।ਤਦੋਂ ਨੂੰ ਜੱਸਾ ਸਿੰਘ ਰਾਮਗੜ੍ਹੀਆ ਂ ਕਰਮ
ਸਿੰਘ ਦੂਲੋ ਜੋਧ ਸਿੰਘ ਭੰਗੀ ਆਦਿਕ ਕਈ ਸਰਦਾਰ ਸਾਹਿਬ ਸਿੰਘ ਦੀ ਮ
ਦਦ ਜੋਧਰੇ ਚੜ੍ਹ ਆਏ। ਏਹ ਖਬਰ ਰਣਜੀਤ ਸਿੰਘ ਨੇ ਸੁਣ ਕੇ ਕਿਲੇ ਦਾ ਮੁ
ਹਾਸਰਾ ਛੱਡ ਓਨਾਂ ਨੂੰ ਅੱਗੋਂ ਜਾ ਰੋਕਿਆ ਕੋਟ ਮਹਾਰਾਜ ਦੇ ਪਾਸ ਭਾਰੀ ਜੰਗ ਹੋਯ
ਾ ਜਦਪਿ ਸਰਦਾਰ ਰਣਜੀਤ ਸਿੰਘ ਦੀ ਉਮਰ ਤੇ ਫੌਜ ਓਨਾਂ ਨਾਲੋਂ ਬਹੁਤ ਥੋ

ਛੀਸੀ ਪਰ ਫਤੇ ਰੱਬ ਦੀ ਦਾਤ ਹੈ ਏਸੇ ਨੂੰ ਮਿਲੀ।ਜੱਸਾ ਸਿੰਘ ਹਾਰਕੇ ਨੱਠ ਗਿਆ ੨੧੫
ਏਹ ਮਹਾਂਰਾਜ ਦੀ ਪਹਿਲੀ ਫਤੇ ਆਨੇ ਸਾਰੀ ਪੰਜਾਬ ਨੂੰ ਫਤੇ ਕਰ ਗਈ।—
ਸਰਦਾਰ ਮਾਹਾਂ ਸਿੰਘ ਨੇ ਆਪਣੇ ਪੁੱਤ੍ਰ ਦੀ ਫਤੇ ਹੋਈ ਸੁਣਕੇ ਖੁਸੀ ਮਨਾਈ ਪਰ ਮੌਤ ਨੇ ਪੁੱਤ੍ਰ ਦਾ ਸੁਖ ਨਾ ਦੇਖਣ ਦਿੱਤਾ ੫ ਵੈਸਾਖ ਸੰ: ੧੮੪੭ ਬਿ: ਕੋ ਏਸ ਦੁਨੀਆਂ ਤੋਂ ਕੂਚ ਕਰ ਗਿਆ।(ਦੋਹਰਾ।ਸੂਰਬੀਰ ਬਡ ਸਾਹਿਨਸਾਹ ਮੁਨੀ ਗੁਨੀ ਗਾਵਾਰ॥ ਹੋਤ ਰਬੀਨੀ ਕਾਲ ਕੀ ਗਹੇ ਗਮਾਨ ਹਰਿ ਸਾਰ॥)

## ।ਇਤਹਾਸ ਮਹਾਂਰਾਜੇ ਰਣਜੀਤ ਸਿੰਘ ਨਾਹਰ ਸੇਰ ਪੰਜਾਬ ਦਾ

।।ਮਹਾਂ ਸਿੰਘ ਦੇ ਪਿੱਛੋਂ ਓਸ ਦਾ ਪੁੱਤ੍ਰ ਮਹਾਂਰਾਜਾ ਰਣਜੀਤ ਸਿੰਘ ਮਿਸਰੇਗਜਸਿੰਘਾਸ੍ਰਕ ਦਾ ਮਾਲਕ ਹੋਇਆ।ਜਦ ਕਿ ਏਸ ਦੀ ਉਮਰ ਓਦੋਂ ਦਸ ਬਰਸ ਦੀ ਸੀ ਪ੍ਰੰਤੂ ਭਾਗ ਤੇਜ ਪ੍ਰਤਾਪ ਹੌਸਲਾ ਸੌ ਬਰਸ ਦਾ ਸੀ ਜਿਸ ਦੇ ਪ੍ਰਤਾਪ ਸੂਰਜ ਅੱਗੇ ਸਬ ਸਿੱਖ ਸਰਦਾਰ ਤੇ ਮੁਲਤਾਨ ਕਸਮੀਰ ਦੇ ਸੂਬੇਦਾਰ ਤਾਰਿਆਂ ਦੀ ਕਤਾਰ ਹੋ ਗਏ।ਸਾਰਾ ਮੁਲਕ ਏਸ ਦੇ ਕਬਜੇ ਆ ਗਿਆ ਵਲਾਇਤਾਂ ਵਿੱਚ ਬੀ ਏਸ ਦੀ ਐਡੀ ਧਾਕ ਪੈ ਗਈ ਜੋ ਬਡੇ ੨ ਸਾਹਿਨਸਾਹ ਤੇ ਨੈਨਜਰਾਂ ਤੇ ਜਣ ਲੱਗ ਪਏ ਤੇ ਅਟਕ ਜੈਸੇ ਦਰੀਆਵਾਂ ਨੇ ਰਾਹ ਦਿੱਤੇ ਸਾਹ ਸੁਜਾ ਕਾਬੁਲ ਦੇ ਬਾਦਸਾਹ ਜੈਸੇ ਬਡੇ ੨ ਰਾਜੇ ਮਹਾਂਰਾਜੇ ਏਸ ਦੀ ਸਰਣ ਲੈਂਦੇ ਰਹੇ ਏਸ ਦੀ ਹਿਮਤ ਤੇ ਉਦਾਰਤਾ ਨਾਲ ਚਲਣ ਨੂੰ ਯਾਦ ਕਰ ਕਰ ਬਡੇ ੨ ਦਾਨਾ ਵਿੱਦਿਆਵਾਨਾਂ ਦੀ ਅਕਲ ਚੱਕ੍ਰ ਖਾ ਜਾਂਦੀ ਹੈ ਜਿਸ ਨੇ ਸਿਵਾਇ ਆਪਣੇ ਖਾਸ ਸਿੰਘ ਮਜਹਬ ਦੇ ਹਿੰਦੂ ਮੁਸਲਮਾਨਾਂ ਦੇ ਮੰਦ੍ਰ ਮਸੀਤ ਬੀ ਬਹੁਤ ਬਣਵਾਏ।— ।।ਬਡੇ ੨ ਬਾਦਸਾਹ ਰਾਜੇ ਮਹਾਂਰਾਜੇ ਹੋਏ ਹਨ ਪਰ ਮੰਦ੍ਰਾਂ ਉੱਤੇ ਸੁਇਨੇ ਦੇ ਪੱਤ੍ਰੇ ਕਿਸੇ ਤੋਂ ਨਹੀਂ ਚੜ੍ਹੇ।———— ।।ਕਾਂਸੀ ਜੁਆਲਾਮੁਖੀ ਹਰਿਦੁਆਰ ਅੰਮ੍ਰਿਤਸਰ ਸਿਆਲਕੋਟ ਆਦਿਕ ਅਨੇਕ ਅਸਥਾਨਾਂ ਵਿਚ ਜਿੱਥੇ ਕਿਤੇ ਮੰਦ੍ਰ ਉੱਤੇ ਸੁਇਨਾ ਚੜ੍ਹਿਆ ਹੋਯਾ ਹੈ ਸਬ ਏਸੇ ਮਹਾਂਰਾਜੇ ਦਾ ਪੁੰਨਿਅ ਪ੍ਰਤਾਪ ਹੈ।—

ਸਰਦਾਰ ਰਣਜੀਤ ਸਿੰਘ ਦੀ ਛੋਟੀ ਉਮਰ ਦੇ ਸਬਬ ਕਰਕੇ ਏਸ ਦੀ ਅ

੨੧੬ ਈ ਦੇ ਹੁਕਮ ਅਨੁਸਾਰ ਸਰਦਾਰ ਮਹਾਂ ਸਿੰਘ ਦੇ ਵਕਤ ਦਾ ਦੀਵਾਨ ਲਖਪਤ ਰਾ
ਇ ਨੂੰ ਸਾਹਿਰੇ ਦਾ ਪੁੱਤ੍ਰੀ ਰਿਆਸਤ ਦੇ ਕਾਰ ਬਾਰ ਕਰਦਾ ਰੈਹਾ ਜੱਦਪਿ ਓਹ ਬਹੁਤ ਇਮ
ਨਦਾਰ ਰਿਆਸਤ ਦਾ ਖੈਰਖ੍ਵਾਹ ਬਹਾਦੁਰ ਸਖਸ ਚੰਗੀ ਤਰਾਂ ਰਾਜ ਕਾਜ ਕਰਦਾ
ਸੀ ਪਰ ਏਨਾਂ ਨੂੰ ਨਰਾਜ ਰੱਖਦਾ ਕਿਓਂਕਿ ਬਾਂਛਿਤ ਖਰਚ ਨਾ ਦਿੰਦਾ ਸਿਰਫ ੧੧)
ਜੇਬ ਖਰਚ ਰੋਜ ਦੀਆ ਕਰਦਾ। — ।ਜਦ ਏਹ ਪੰਦ੍ਰਾਂ ਸੋਲਾਂ ਬਰਸ ਦੇ ਹੋਏ
ਤੇ ਏਧਰ ਓਧਰ ਹੱਥ ਮਾਰਨ ਲੱਗੇ ਤਾਂ ਖਾਲਸੇ ਦੇ ਰਵਾਰੇ ਬੀ ਫਿਰ ਗਏ ਮੌਣਦਾਬੀ
ਏ ਦਾਬੀਏ ਮਿਸ਼ੇਲ ਸਬ ਸਿੱਖ ਸਰਦਾਰ ਜਦ ਅਪਣੀ੨ ਫੌਜ ਲੈਕੇ ਜਮਾਨਸਾਹ
ਦੀ ਲਾਹ ਪਾਹ ਦੀ ਸਲਾਹ ਕਰ ਅੰਮ੍ਰਿਤਸਰ ਕੱਠੇ ਹੋਏ ਤਾਂ ਕਾਬਲ ਤੇ ਐਸੀ ਭੇਦਾ
ਇਕ ਖਬਰ ਬਾਦਸਾਹ ਨੂੰ ਲੱਗੀ ਅਪਣੇ ਸੈਨਾਪਤੀ ਸਾਂਹਚੀ ਖਾਂ ਨੂੰ ਬਾਈ ਹਜਾਰ
ਅਸਵਾਰ ਦੇਕੇ ਹੁਕਮ ਦਿੱਤਾ ਕਿ ਤੂੰ ਸਿੰਘਾਂ ਦਾ ਬੀਜ ਨਾਸ ਕਰਕੇ ਆਵੀਂ ਮੈਂ ਜਰੂਰੀ
ਕੰਮ ਲਈ ਜਾਂਦਾ ਹਾਂ। —— ।ਇਸ ਸਮੇ ਬਾਦਸਾਹ ਤੋਂ ਡਰਦੇ ਜੈਸੇ ਹੋਰ
ਸਿੱਖ ਸਰਦਾਰ ਅਪਣੀ੨ ਰਜਧਾਨੀ ਛੱਡਕੇ ਜੰਗਲਾਂ ਵਿੱਚ ਚਲੇ ਗਏ ਸੇ ਤੈਸੇ
ਰਣਜੀਤ ਸਿੰਘ ਬੀ ਨਨਕਾਣੇ ਦੀ ਬਾਰ ਵਿੱਚ ਜਾ ਬੈਠਾ ਸੀ ਜਦ ਬਾਦਸਾਹ ਚ
ਲਾ ਗੈਆ ਤਾਂ ਫੇਰ ਖੁੰਬਾਂ ਵਾਂਗੀ ਸਿੰਘ ਜੰਗਲਾਂ ਵਿੱਚੋਂ ਨਿਕਲ ਆਏ। ——
ਸਾਂਹਚੀ ਖਾਂ ਪਹਿਲੇ ਤਾਂ ਸੇਖੂਪੁਰੇ ਪਾਸ ਸਿੰਘਾਂ ਦਾ ਕੱਠ ਸੁਣਕੇ ਜਾ ਪੈਆ ਦੋ ਪਹਰ
ਲੜੇ ਛੇ ਕੜ ਸਿੰਘ ਨੱਸ ਗਏ। —— ।ਮਿਲਖਾ ਸਿੰਘ ਪਿੰਡੀ ਵਾਲਾ ਬੁੱਧ ਸਿੰ
ਘ ਦੂਦਾ ਗੁਰਬਖਸ ਸਿੰਘ ਰੋੜਾਂ ਵਾਲਾ ਰਣ ਸਿੰਘ ਸਰਾਇ ਕਾਲੇ ਵਾਲਾ ਸੋ
ਧ ਸਿੰਘ ਅਟਾਰੀ ਵਾਲਾ ਧਰਮ ਸਿੰਘ ਜਲਾਲ ਵਾਲਾ ਜੋਮਲ ਸਿੰਘ ਘਨੱਯਾ
ਸਦਾ ਸਿੰਘ ਵਜੀਰ ਸਿੰਘ ਇਤਿਆਦਿਕ ਸਰਦਾਰਾਂ ਨੂੰ ਸਾਥ ਲੈਕੇ ਰਣਜੀਤ
ਸਿੰਘ ਨੇ ਦੂਜਾ ਜੋਰ ਰਾਮਨਗਰ ਪਾਸ ਕੀਤਾ ਤਦੋਂ ਨੂੰ ਜੋਧ ਸਿੰਘ ਰਾਮਗੜ੍ਹੀ
ਆ ਭਾਗ ਸਿੰਘ ਆਲੂ ਵਾਲੀਆ ਮੌਣਦਾਬੀਏ ਸਰਦਾਰ ਬਹੁਤ ਖਾਲਸਾ ਪ
ਹੁੰਚ ਪੈਆ ਸਾਂਹਚੀ ਖਾਂ ਸਿੰਘਾਂ ਦਾ ਜੋਰ ਦੇਖਕੇ ਡਿਗਮਾਂ ਵਨੀ ਤੁਰ ਗੈਆ ਤੇ ਜੇਹੜੀ
ਫੌਜ ਸੱਤ ਹਜਾਰ ਬਾਦਸਾਹ ਰੁਹਤਾਸ ਵਿੱਚ ਛੱਡ ਗੈਆ ਸੀ ਓਬੀ ਬੁਲਾ ਲੀਤੀ
ਹੋਰ ਚੱਠਾ ਸੁਲਤਾਨ ਖਾਂ ਨੁਵਾਜ ਸ ਖਾਂ ਗੱਖੜ ਪੰਧਰੀ ਵਾਲੇ ਜੋ ਦੂਏ ਰਜਪੂਤ

੧ ਸਾਂਹਚੀ ਖਾਂ ਦਾ ਅਸਲ ਨਾਮ ਮੀਰ ਅਹਿਮਦ ਖਾਂ ਸੀ ਤੋਪਾਂ ਦਾ ਸਰਦਾਰ ਹੋਣ ਕਰ ਮੌਰਿਆ ਜਾ

ਗੜ੍ਹਮਖਿਆਲੇ ਵਾਲੇ ਤਖਤ ਸਲੋਈ ਵਾਲੇ ਇਤਿਆਦਿਕ ਮਕਾਨਾਂ ਦੇ ਮੁਸਲਮਾਨ ਸੁਲਤਾਨ ਸਦਾਉਂਦੇ ਸੇ ਸ਼ਾਹਜੀ ਦੇ ਸ਼ਾਮਲ ਹੋ ਗਏ ਫੇਰ ਤਾਂ ਇੱਕ ਲਾਖ ਦੇ ਲਗਭਗ ਮੁਸਲਮਾਨ ਕੱਠਾ ਹੋ ਗਿਆ। —— ।ਸ਼ਾਹਜੀ ਨੇ ਇੱਕ ਛੋਟਾ ਫੌਜ ਦਾ ਦਖਾਹਰਾ ਦਲ ਨੂੰ ਦੇ ਕੇ ਗੁਜਰਾਤ ਵਿਨੀ ਤੋਰਿਆ ਸਰਦਾਰ ਸਾਹਿਬ ਸਿੰਘ ਏਹ ਖ਼ਬਰ ਸੁਣ ਕੇ ਪੰਜਕ ਸੌ ਅਸਵਾਰ ਨਾਲ ਬਾਹਰ ਨਿਕਲਿਆ ਗੁਰੂ ਅੱਗੇ ਅਰਦਾਸ ਕਰੀ ਸ਼ਹੀਦ ਹੋਣਾ ਥਾਪ ਕੇ ਇੱਕ ਪੰਜਾਵੇ ਉੱਤੇ ਤੋਪਾਂ ਚੜ੍ਹ ਕਰ ਲੜਨ ਲੱਗਾ। —— ਤਦੋਂ ਨੂੰ ਭਾਗ ਸਿੰਘ ਨੈਣਾ ਸਿੰਘ ਦੇਸਾ ਸਿੰਘ ਨੱਥਾ ਸਿੰਘ ਦਿਆਲ ਸਿੰਘ ਸਹੀ ਦਸੌਂਧਾ ਸਿੰਘ ਸੁਲਤਾਨ ਪਿੰਡੀਆ ਤਾਰਾ ਸਿੰਘ ਗੈਬਾ ਨਾਹਰ ਸਿੰਘ ਚਮਾਰੀ ਵਾਲਾ ਕਰਮ ਸਿੰਘ ਦੂਲੋ ਏਹੋ ਜੇਹੇ ਸਰਦਾਰ ਸਿਆਲਕੋਟ ਦੇ ਰਸਤੇ ਔਰ ਰਾਮਨਗਰ ਵਨੀਓ ਰਣਜੀਤ ਸਿੰਘ ਦੇ ਸਾਥੀ ਆਪ ਹੁੰਚੇ। —— ਏਨਾਂ ਦੀ ਧਾਂਕ ਸੁਣ ਕੇ ਦਾਦਖਾਂ ਨੱਠ ਗਿਆ ਅਲਾਯਾਰ ਖਾਂ ਰੋਸਨ ਖਾਂ ਜੇਹੇ ਕਈ ਸਰਦਾਰ ਮਾਰੇ ਗਏ ਏਹ ਖ਼ਬਰ ਸੁਣ ਕੇ ਸਾਂਹਜੀ ਬੇਸੁਮਾਰ ਮੁਸਲਮਾਨਾਂ ਨੂੰ ਕੱਠੇ ਕਰ ਕੜਕ ਕੇ ਗੁਜਰਾਤ ਉੱਤੇ ਆ ਪੈਆ ਦੋਵੇਂ ਦਲ ਟੱਕਰ ਪਏ ਸਿੰਘ ਭੀ ਤੀਸਕ ਹਜ਼ਾਰ ਸੀ ਪੰਜ ਭੀਖਿਆਂ ਦੇ ਤਿੰਨ ਦਿਨ ਭਾਰੀ ਘਮਸਾਣ ਭਾਰਤ ਅੱਗਿਆ ਜੋ ਕੈਰਵਾਂ ਪਾਂਡਵਾਂ ਦੇ ਜੰਗ ਨੂੰ ਮਾਤ ਕਰ ਅੱਠ ਸੱਤ ਰੋਜ ਵਿੱਚ ਲੋਥ ਉੱਤੇ ਲੋਥ ਚੜ੍ਹ ਗਈ ਧਰਤੀ ਲਾਲ ਪੁਸ਼ਾਕ ਪਹਿਨ ਬੈਠੀ ਕਈ ਵਾਰੀ ਸਿੰਘ ਨੱਠੇ ਕਈ ਵਾਰੀ ਗਿਲਜੇ ਏਸ ਜੰਗ ਵਿੱਚ ਰਾਮ ਸਿੰਘ ਬੇਦੀ ਕੋਟਲੀ ਵਾਲੇ ਵਰਗੇ ਸੂਰਬੀਰ ਐਸੇ ਲੜੇ ਪਠਾਣਾਂ ਦੇ ਛੱਕੇ ਛੁਡਾ ਦਿੱਤੇ ਆਖਦੇ ਆਖਦੇ ਸੇ। —— ।ਪਹਿਲੇ ਸੰ: ੧੮੩੧ ਬਿ: ਵਿੱਚ ਜ਼ਮਾਨ ਸ਼ਾਹ ਨੇ ਤਖਤ ਬੈਠਦੇ ਸਾਰ ਖਿ ਸਾਵਰਸੇ ਏਸ ਨੂੰ ਪੰਜਾਬ ਵਿਨੀ ਭੇਜਿਆ ਏਹ ਅਤੀ ਜ਼ਾਲਮ ਸੀ ਪਿੰਡਾਂ ਨੂੰ ਜਲਾਉਂਦਾ ਕਤਲ ਕਰਦਾ ਚਲਾ ਆਇਆ। — ।ਏਸ ਦੇ ਹੁਕਮ ਨਾਲ ਕਈ ਹਜ਼ਾਰ ਔਰਤ ਮਰਦ ਹਿੰਦੂ ਪਠਾਣਾਂ ਨੇ ਫੜ ਲਏ। —— ਏਸ ਵਿੱਚ ਭਾਜੜਾਂ ਪੈ ਗਈਆਂ ਇੱਕ ਬ੍ਰਾਮਣੀ ਹਰਨਪੁਰ ਦੀ (ਜਿਸ ਦੀ ਸਮਾਧ ਹੁਣ ਤਕ ਓਥੇ ਪੂਜੀਦੀ ਹੈ) ਜੋ ਅਤੀ ਸੁੰਦਰ ਸੀ ਸ਼ਾਹਜੀ ਨੇ ਮੱਲੋ ਮੱਲੀ ਅਪਣੇ ਪਾਸ ਰੱਖ ਲਈ ਏਸੇ ਤਰਾਂ ਬਹੁਤ ਲੁੱਟ ਮਾਰ ਦੀ ਪੁਕਾਰ ਸੁਣ ਕੇ ਖ਼ਾਲਸੇ ਨੇ ਮਰਣਾ ਮੱਠ ਕਰ ਸਾਂਹਜੀ ਨੂੰ ਰੁਹਤਾਸ ਪਾਸ ਹਾਰ ਦੇ ਕੇ ਪਿੱਛੋਂ ਮੋੜਿਆ ਬੰਦਾਂ ਛੁਡਾ ਲਈਆਂ ਫੇਰ ਜ਼ਮਾਨ ਸ਼ਾਹ ਦੂਜੀ ਵਾਰੀ ਫੇਰ ਆਇਆ ਤਦੋਂ ਭੀ ਸਿੰਘਾਂ ਨੇ ਪੈਰ ਓਸ ਦੇ ਨਾ ਲੱਗਣ ਦਿੱਤੇ ਤੀਜੀ ਵਾਰੀ ਸੰ: ੧੮੫੩ ਬਿ: ਕੋ ਆਇਆ ਤਾਂ ਕੋਈ ਸਿੰਘ ਸਾਹਮਣਿਆ ਔਕ

੩੧੮ ਹਨ ਕਿ ਉਨਾਂ ਦੇ ਕਬੰਧ ਲੜਦੇ ਸੇ।—॥ਓੜਕ ਚੌਥੇ ਦਿਨ ਸਿੰਘਾਂ ਨੇ ਅਰਦਾਸਾ ਸੋਧ ਕੇ ਸ਼ਹੀਦ ਹੋਣ ਦਾ ਥਾਪ ਕਰ ਐਸਾ ਡਾਢਾ ਹੱਲਾ ਕੀਤਾ ਜੋ ਬੱਸ ੨ ਕਰਾ ਛੱਡੀ ਸ਼ਾਹ ਦੀ ਸਾਮ੍ਹਾ ਗੈਆ ਪਠਾਣ ਨੱਠ ਤੁਰੇ ਜੋ ਲਸ਼ਕਰ ਤਕ ਸਿੰਘ ਉਨਾਂ ਦੇ ਪਿੱਛੇ ਚੜ੍ਹੇ ਮਾਰਦੇ ਚਲੇ ਗਏ।—॥ਇਸ ਜੰਗ ਵਿੱਚ ਜੇੜ੍ਹੇ ਸਿੰਘ ਥੇ ਉਨਾਂ ਤੋਂ ਸੁਣਿਆ ਹੈ ਕਿ ਤਦੋਂ ਗੈਬੀ ਸ਼ਹੀਦਾਂ ਦੀ ਫੌਜ ਨੇ ਪੰਥ ਦੀ ਸਹਾਇਤਾ ਕੀਤੀ ਸੀ ਜਿੱਥੇ ਸਿੰਘ ਜਾਣ ਪਠਾਣ ਜ਼ਖਮੀ ਯਾ ਮਰੇ ਪਏ ਦਿੱਸਣ ਤੇ ਪਠਾਣ ਭੀ ਆਖਣ ਕਿ ਸਾਨੂੰ ਅਸਮਾਨੋਂ ਉੱਤ੍ਰ ੨ ਸਿੰਘ ਅਧਮੋਏ ਕਰ ਕਰ ਸਿੱਟ ਗਏ।—॥ਜੰਦਾਂ ਇਸ ਜੰਗ ਵਿੱਚ ਬਹੁਤ ਸਿੱਖ ਸਰਦਾਰ ਸ਼ਾਮਲ ਥੇ ਪ੍ਰੰਤੂ ਪੰਜਾਬ ਵਿੱਚ ਪਠਾਣਾਂ ਦੇ ਅੰਤਮੇ ਜੰਗ ਦੀ ਫਤੇ ਦਾ ਟਿਕਾ ਸਰਦਾਰ ਰਣਜੀਤ ਸਿੰਘ ਦੇ ਨਾਮ ਦਾ ਬੱਜਾ ਉਸੇ ਦਿਨ ਤੋਂ ਪਠਾਣਾਂ ਦਾ ਡਰ ਸਿੰਘਾਂ ਦੇ ਦਿਲੋਂ ਉਠ ਗਿਆ ਤੇ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਹੋਣ ਲੱਗੀ ਜੇੜ੍ਹੀ ਅਨੇਕਾਂ ਮੁਸਲਮਾਨਾਂ ਨੂੰ ਤਾਂ ਅੰਧਿਆਰੀ ਵਾਂਗੂੰ ਢੁਕ ਹੀ ਰਹੀ ਸੀ ਪਰ ਬਾਜੇ ਬਾਜੇ ਸਿੰਘਾਂ ਸਰਦਾਰਾਂ ਨੂੰ ਭੀ ਰਣਜੀਤ ਸਿੰਘ ਦੀ ਉਨੱਤੀ ਕੰਡੇ ਵਾਂਗੂੰ ਚੁਭਦੀ ਸੀ।ਛੇਕੜ ਉਨਾਂ ਨੇ ਅਹਿਮਦ ਨਗਰ ਵਾਲੇ ਹਸ਼ਮਤ ਖਾਂ ਚੱਠੇ ਨੂੰ ਸਰਦਾਰ ਬਹਾਦੁਰ ਨਾਲ ਲੜਾ ਦਿੱਤਾ।—॥ਇੱਕ ਦਿਨ ਸਰਦਾਰ ਰਣਜੀਤ ਸਿੰਘ ਸ਼ਿਕਾਰ ਖੇਲ ਕੇ ਥੋੜ੍ਹੇ ਜੇਹੇ ਅਸਵਾਰਾਂ ਨਾਲ ਰਾਮਨਗਰ ਵੰਨੀ ਆਉਂਦੇ ਸੇ ਹਸ਼ਮਤ ਖਾਂ ਨੇ ਫਰੇਬ ਨਾਲ ਨੇੜ੍ਹੇ ਆ ਕੇ ਤਲਵਾਰ ਮਾਰੀ ਮਹਾਰਾਜ ਫੁਰਤੀ ਨਾਲ ਦੂਜੇ ਪਾਸੇ ਹੋ ਗਏ ਉਸ ਦੀ ਤੇਗ ਨੇ ਤੰਗ ਕਾਠੀ ਵੱਢੀ ਤੇ ਮਹਾਰਾਜ ਦੀ ਉਸ ਦਾ ਸਿਰ ਵੱਢ ਗਈ ਜਦ ਉਸ ਦੇ ਸਾਥੀ ਕੂੰਦੇ ਤਾਂ ਮਹਾਰਾਜ ਘੋੜਾ ਕੁਦਾ ਆਏ।—(ਸੱਚ ਹੈ ਜਿਸ ਨੂੰ ਰੱਖੇ ਸਾਹਿਬ ਮਾਰ ਨ ਸੱਕੇ ਕੋਇ।) ਅੱਠ ਕ ਦਿਨ ਪਿੱਛੋਂ ਮਹਾਰਾਜ ਨੇ ਅਪਣੀ ਸੱਸ ਸਦਾ ਕੌਰ ਦੀ ਸਲਾਹ ਤੇ ਮਦਦ ਨਾਲ ਹਸ਼ਮਤ ਖਾਂ ਦੇ ਸਾਥੀ ਢੂੰਡ ੨ ਕੇ ਫਾਹ ਲਏ ਉਨਾਂ ਦੇ ਪਿੰਡਾਂ ਉੱਤੇ ਅਪਣਾ ਦਖਲ ਕਰ ਲੀਤਾ।—

ਸੰ: ੧੮੫੪ ਬਿ: ਕੋ ਸਦਾ ਕੌਰ ਨੇ ਇੱਕ ਦਿਨ ਮਹਾਰਾਜੇ ਨੂੰ ਆਖਿਆ ਤੇਰੇ ਪਿਤਾ ਦੇ ਆਖੇ ਅਸਾਂ ਜੱਸਾ ਸਿੰਘ ਰਾਮਗੜ੍ਹੀਏ ਨੂੰ ਉਸ ਦਾ ਇਲਾਕਾ ਉਸ ਨੂੰ ਮੋੜਿਆ ਪਰ ਉਹ ਅਜੇ ਭੀ ਸਾਨੂੰ ਜੀਉਣ ਨਹੀਂ ਦਿੰਦਾ।—॥ਵਰੀ ਜਾਂ ਚੰਦ ਜੇ ਤੇਰੇ ਬੈਠੇ ਮੈਨੂੰ ਹੀ ਉਸ ਦਾ ਸਾਮ੍ਹਣਾ ਕਰਨਾ ਪਿਆ ਤਾਂ ਤੇਰਾ ਕੀ ਨੱਕ ਰਹੂ।—॥ਜੁਆਈਆਂ ਤੇ ਪੁੱਤ੍ਰਾਂ ਵਿੱਚ ਕੀ ਫਰਕ ਹੁੰਦਾ ਹੈ ਧੀਆਂ ਦੇ ਕੇ ਪੁੱਤ੍ਰ ਸਹੇੜੀਦੇ ਹਨ ਏਹ ਗੱਲ ਸੁਣ ਕੇ ਮਹਾਰਾਜੇ ਨੇ ਉਸ ਦੇ ਸਾ

Digitized by Panjab Digital Library | www.panjabdigilib.org

ਥੋਹੇ ਕੇ ਰਾਮਗੜੀਆਂ ਨੂੰ ਮਿਆਨੀ ਦੇ ਕਿਲੇ ਵਿੱਚ ਜਾ ਘੇਰਿਆ ਇੱਕ ਮਹੀਨਾ ਲੜਾ ੩੧੯
ਈ ਹੁੰਦੀ ਰਹੀ ਉਮੈਦ ਸੀ ਫਤੇ ਹੋਣ ਦੀ ਪਰ ਬਿਆਸਾ ਦਰਿਆ ਰਾਤੋ ਰਾਤ ਐਸਾ ਚੜ੍ਹ
ਆਯਾ ਏਨਾਂ ਨੇ ਤਾਂ ਭੁੱਜ ਕੇ ਜਾਨ ਬਚਾਈ ਅਸਬਾਬ ਸਬ ਹੜ੍ਹ ਗਿਆ।——
ਸੰ: ੧੮੫੫ ਬਿ: ਕੇ ਹੁਣ ਰਾਣੀ ਸਦਾ ਕੌਰ ਨੇ ਮਹਾਂਰਾਜੇ ਨੂੰ ਏਹ ਪੱਟੀ ਪੜ੍ਹਾਈ ਕਿ
ਤੇਰੀ ਮਾਈ ਤੇ ਤੇਰਾ ਦੀਵਾਨ ਲਖਪਤ ਰਾਇ ਅਜੇ ਤੀਕਰ ਤੈਨੂੰ ਵਿੱਚ ਹੀ ਸਮਝ
ਦੇ ਹਨ ਬਲਕੇ ਏਨਾਂ ਦੇ ਹੱਥੋਂ ਤੇਰੀ ਜਾਨ ਦਾ ਬੀ ਧੋਖਾ ਹੈ ਕਿਉਂ ਕੇ ਤੇਰੀ ਮਾਂ ਨੂੰ ਓਹ
ਤੈਥੋਂ ਬੀ ਪਿਆਰਾ ਹੈ ਏਸ ਖੰਡੀ ਨੂੰ ਮੁਕਾਏ ਬਿਨਾ ਚੰਦ ਤੇਰਾ ਪ੍ਰਕਾਸ਼ ਨਹੀਂ ਹੁੰਦਾ ਏਹੋ ਗੱ
ਲ ਮਹਾਂਰਾਜੇ ਨੇ ਕੀਤੀ ਕਟਕ ਕਰਣ ਗਏ ਲਖਪਤ ਨੂੰ ਧੰਨੀ ਦੇ ਜੱਟਾਂ ਤੇ ਮਰਵਾ ਕੇ
ਆਪਣਾ ਪ੍ਰਧਾਨ ਮੰਤ੍ਰੀ ਸਰਦਾਰ ਦੱਲ ਸਿੰਘ ਨੂੰ ਬਣਾ ਲੀਤਾ।——
ਏਸੇ ਸਾਲ ਮੱਘਰ ਦੇ ਮਹੀਨੇ ਕਾਬਲ ਦੇ ਬਾਦਸ਼ਾਹ ਸ਼ਾਹ ਜ਼ਮਾਂ ਨੂੰ ਅਪਣੇ ਸੈਨ
ਪਤੀ ਸ਼ਾਂਹਚੀ ਆਦਿਕ ਸਰਦਾਰਾਂ ਤੇ ਬੇਸ਼ੁਮਾਰ ਪਠਾਣਾਂ ਦੇ ਮਾਰੇ ਜਾਣੇ ਦੇ ਕ੍ਰੋਧ
ਨੇ ਐਸਾ ਲੋਹਾ ਲਾਖਾ ਕੀਤਾ ਜੋ ਸਿੰਘਾਂ ਤੋਂ ਪਲਟੇ ਲੈਣ ਵਾਸਤੇ ਪਚਾਸ ਹਜ਼ਾਰ
ਅਸਵਾਰ ਨਾਲ ਪੰਜਾਬ ਉੱਤੇ ਫੇਰ ਚੜ੍ਹ ਆਯਾ।—— ਗਿਲਜਿਆਂ ਨੇ ਬੁਰੇ
੨ ਜ਼ੁਲਮ ਕੀਤੇ ਲੋਕਾਂ ਉੱਤੇ ਭੈ ਪਾਉਣ ਲਈ ਜੁਆਨ ੨ ਹਿੰਦੂਆਂ ਨੂੰ ਫੜ ਲੈਣ
ਉਨਾਂ ਦੇ ਸਿਰ ਮੁੰਨ ਪੁੱਠੇ ਲਟਕਾ ਸਿਰ ਹੇਠ ਤੇਲ ਦੀ ਕੜਾਹੀ ਤਪਾ ਸਿਰ ਪਛਾ ੨ ਕ
ਉੱਤੇ ਸਿੱਕਾ ਦੇ ਪਕੌੜੇ ਤਲ ੨ ਲੋਕਾਂ ਨੂੰ ਦੇਖਾ ੨ ਤੰਬੂ ਵਿੱਚ ਲੈ ਜਾਂਦੇ ਲੋਕ ਸਮਝਦੇ
ਖਾਂਦੇ ਹਨ ਏਸੇ ਕਰਕੇ ਗਿਲਜੇ ਆਦਮ ਖਾਣੇ ਅੱਜ ਤਕ ਪਿੰਡਾਂ ਵਿੱਚ ਬੋਲੇ ਜਾਂ
ਦੇ ਹਨ ਤੇ ਗੱਲ ਬੀ ਮਸ਼ਹੂਰ ਹੈ ਕਿ ਗਿਲਜੇ ਆਦਮੀਆਂ ਦੀ ਮਮਿਆਈ ਕੱਢ
ਕੇ ਖਾਂਦੇ ਸੇ।—— ਜ਼ਮਾਂਨ ਸ਼ਾਹ ਦੇ ਲਸ਼ਕਰੀ ਗਿਲਜਿਆਂ ਨੇ ਜਦ ਪਿੰ
ਡ ਫੂਕਣੇ ਤੇ ਕਤਲਾਮ ਕਰਨੇ ਸ਼ੁਰੂ ਕੀਤੇ ਔਰ ਹਿੰਦੂਆਂ ਨੂੰ ਫੜ ਫੜ ਕੇ ਅਤੀ
ਕਸ਼ਟ ਦੇਣ ਲੱਗੇ ਤਾਂ ਭਾਜੜਾਂ ਪੈ ਗਈਆਂ ਸ਼ਾਹ ਜ਼ਮਾਂ ਸ਼ਹਿਰਾਂ ਤੇ ਪਿੰਡਾਂ ਨੂੰ ਉ
ਜੜੇ ਵੈਰਾਨ ਪਏ ਦੇਖਦਾ ਹੋਯਾ ਲਾਹੌਰ ਤਕ ਆਯਾ।—— ਸੋਭਾ ਸਿੰਘ
ਆਦਿਕ ਲਾਹੌਰ ਦੇ ਸਰਦਾਰ ਬੀ ਨੱਠ ਗਏ ਬਾਦਸ਼ਾਹ ਨੇ ਸਿੰਘਾਂ ਨੂੰ ਫੜਨ ਵਾ
ਸਤੇ ਬਥੇਰੇ ਜਤਨ ਕੀਤੇ ਫੌਜ ਚੜ੍ਹਾਈ ਪਰ ਸਰਦਾਰ ਤਾਂ ਕੋਈ ਨਾ ਹੱਥ ਆਯਾ
ਹੋਰ ਗਰੀਬ ਸਿੱਖ ਪਿੰਡਾਂ ਵਿਚੋਂ ਤਿੰਨ ਕੁ ਸੌ ਫੜ ਕੇ ਕੈਦ ਕਰ ਲੀਤੇ ਅਨੇਕਾਂ ਦੇ ਸਿ

Digitized by Panjab Digital Library | www.panjabdigilib.org

੩੨੦ ਰਤੀ ਮੁੰਨਿ ਸਿੱਟੇ ਮੁਸਲਮਾਨ ਕਰਨ ਲਈ ਬਹੁਤ ਦੁੱਖ ਦਿੱਤੇ ਪਰ ਰਾਜੀ ਵਿਦੇ ਕਿਸੇ
ਨੇ ਕਲਮਾ ਨਾ ਪੜ੍ਹਿਆ॥—— ॥ਜੱਦਪਿ ਓਦੂੰ ਸਿੰਘ ਸਰਦਾਰ ਬੀ ਸਾਹੀ ਲਸ
ਕਰ ਉੱਤੇ ਰਾਤ ਬਿਰਾਤੇ ਛਾਪੇ ਮਾਰਦੇ ਰਹੇ ਪਰ ਅਪਣੇ ੨ ਇਲਾਕੇ ਛੱਡਕੇ ਜੰਗਲਾਂ ਵਿ
ਚ ਜਾ ਬੜੇ ਸੇ॥— ॥ਸਰਦਾਰ ਰਣਜੀਤ ਸਿੰਘ ਰਾਮਨਗਰ ਪਾਸ ਉੱਤੇ ਰਹੇ ਨਾ ਤਾਂ ਏ
ਨਾਂ ਨੇ ਅਪਣਾ ਇਲਾਕਾ ਛੱਡਿਆ ਤੇ ਨਾ ਚੋਰੀ ਏ ਛਾਪੇ ਮਾਰੇ ਉਜਾਗਰ ਨਗਾਰਾ ਬਜਾ
ਕੇ ਸਾਹੀ ਲਸਕਰ ਉੱਤੇ ਪੈਂਦੇ ਰਹੇ॥—— ॥ਦੋਹਾਂ ਪਾਸਿਆਂ ਦੇ ਅਨੇਕ ਆਦਮੀ ਮਰ
ਦੇ ਮਾਰਦੇ ਰਹੇ ਓੜਕ ਚਾਰ ਮਹੀਨੇ ਪਿੱਛੋਂ ਬਾਦਸਾਹ ਨੇ ਕੁਛ ਤਾਂ ਸਿੰਘਾਂ ਦੇ ਹੱਥੋਂ ਤੰਗ ਹੋ
ਕੇ ਤੇ ਬਾਕੀ ਬੰਦੋਬਸਤ ਪੰਜਾਬ ਦਾ ਨਾ ਹੁੰਦਾ ਦੇਖਿਆ ਉਦਾਸ ਹੋਕੇ ਇੱਕ ਦਿਨ ਸੁੱਤੇ ਹੀ ਕੂ
ਚ ਦਾ ਨਗਾਰਾ ਬਜਵਾ ਦਿੱਤਾ ਤਦੋਂ ਹੋਰ ਹੋਰ ਸਭ ਸਿੱਖਾਂ ਸਰਦਾਰਾਂ ਨੇ ਤਾਂ ਓਸਦਾ ਪਿੱ
ਛਾ ਕੀਤਾ ਝਾੜਾਂ ਵਿਚੋਂ ਨਿਕਲੇ ਹੋਏ ਸਿਕਾਰ ਉੱਤੇ ਲਗੜਾਂ ਝਗੜਾਂ ਵਾਂਗੂ ਬਹੁਤ ਟੁੱਟ ੨
ਕੇ ਪਏ ਚੁਣੇ ਮੋਂ ਛਾਪੇ ਮਾਰ ੨ ਬਾਦਸਾਹ ਨੂੰ ਬਹੁਤ ਤੰਗ ਕੀਤਾ ਝਨਾਉ ਕਨਾਰੇ ਬੜਾ
ਭਾਰੀ ਜੰਗ ਹੋਇਆ ਕੈਦੀ ਬੀ ਛੁੜਾ ਲਏ ਤੇ ਓਸ ਨੂੰ ਹੈਰਾਨ ਪ੍ਰੇਸਾਨ ਕਰਕੇ ਅਟਕੋਂ ਪਾਰ
ਉਤਾਰ ਛੱਡਿਆ ਏਸ ਵਾਰੀ ਗਿਲਜਿਆਂ ਨੂੰ ਸਿੰਘਾਂ ਨੇ ਐਸੇ ਹੱਥ ਲਾਏ ਜਾਨ ਕੇ ਵਿਖਾ
ਏ ਫੇਰ ਓਨਾਂ ਨੇ ਕਦੇ ਪੰਜਾਬ ਵੱਲੀ ਮੂੰਹ ਨਾ ਕੀਤਾ॥—— ॥ਪ੍ਰੰਤੂ ਮਹਾਂਰਾਜੇ ਰਣਜੀ
ਤ ਸਿੰਘ ਨੇ ਐਸੀ ਚਾਲ ਕੀਤੀ ਇੱਕ ਤਾਂ ਜਿਸ ਦਿਨ ਬਾਦਸਾਹ ਲਾਹੌਰ ਤੁਰ ਕੇ ਗੁਜ
ਰਾਂਵਾਲੇ ਉੱਤਿਆ ਅਪਣੇ ਕਾਰਦਾਰ ਭੇਜਕੇ ਰਸਦ ਭਾੜ ਬਰਦਾਰੀ ਦਿੱਤੀ ਦੂਸਰੇ
ਜਦ ਬਾਦਸਾਹ ਨੂੰ ਖਾਲਸੇ ਨੇ ਝਨਾਂਉ ਦੇ ਕਨਾਰੇ ਰੋਕਿਆ ਤਦੋਂ ਬੀ ਮਹਾਂਰਾਜੇ ਨੇ ਅਪ
ਣੇ ਸਰਦਾਰ ਬੁੱਧ ਸਿੰਘ ਦੂਲ ਸਿੰਘ ਆਦਿਕਾਂ ਨੂੰ ਭੇਜਕੇ ਸਿੱਖਾਂ ਸਰਦਾਰਾਂ ਨੂੰ ਏ
ਹ ਕਹਿਕੇ ਬਾਦਸਾਹ ਦੇ ਪਿੱਛੋਂ ਲਾਹਿਆ ਕਿ ਹੁਣ ਭੱਜੇ ਜਾਂਦੇ ਦੇ ਪਿੱਛੇ ਪੈਣਾ ਏਹ ਸਿੰ
ਘਾਂ ਦਾ ਕੰਮ ਨਹੀਂ ਓਦੋਂ ਤੁਮਾਰਾ ਮਰਦਊ ਕਿੱਥੇ ਗੋਆ ਸੀ ਜਦ ਇਲਾਕੇ ਛੱਡਕੇ
ਝਾੜਾਂ ਪਹਾੜਾਂ ਵਿੱਚ ਲੁਕ ੨ ਕੇ ਜਾਨ ਬਚਾਉਂਦੇ ਫਿਰਦੇ ਸੇ॥—— ॥ਏਹੋ ਜੇਹੀ
ਆਂ ਦਾਨਾਈ ਤੇ ਰਸਾਈ ਦੀਆਂ ਗੱਲਾਂ ਏਨਾਂ ਦੀਆਂ ਜਦ ਬਾਦਸਾਹ ਨੇ ਸੁਣੀਆਂ
ਤਾਂ ਸਾਰੇ ਸਿੰਘਾਂ ਵਿਚੋਂ ਏਸੇ ਨੂੰ ਲਾਇਕ ਸਮਝ ਕੇ ਪਿਸਾਵਰ ਤੋਂ ਮਹਾਂਰਾਜੇ ਦੇ ਨਾ
ਮ ਮੁਰਾਸਲਾ ਲਿਖ ਭੇਜਿਆ ਕਿ ੧੨ ਤੋਪਾਂ ਹਮਾਰੀਆਂ ਓਸ ਅਫਰਾ ਦਫੜੀ ਦੇ
ਸਮੇ ਝਨਾਉ ਵਿੱਚ ਗਿਰ ਗੋਈਆਂ ਹਨ ਆਪ ਕਢਾਕੇ ਮੇਰੇ ਪਾਸ ਭੇਜ ਦੇਣਾ॥—

Digitized by Panjab Digital Library | www.panjabdigilib.org

ਸੋ ਮਹਾਂਰਾਜੇ ਨੇ ਅੱਠ ਤੋਪਾਂ ਕਢ ਕੇ ਸਰਦਾਰ ਦੇਵਾ ਸਿੰਘ ਦੇ ਹੱਥ ਕਾਬਲ ਪੁਚਾ ਦਿੱਤੀਆਂ
ਚਾਰ ਨਾ ਨਿਕਲੀਆਂ ਸਾਹ ਜਮਾਂ ਨੇ ਏਸ ਗੱਲੋਂ ਖੁਸ਼ੀ ਹੋਕੇ ਸਰਦਾਰ ਦੇਵਾ ਸਿੰਘ ਨੂੰ ਬੀ
ਬਹੁਤ ਕੁਛ ਦਿੱਤਾ ਤੇ ਮਹਾਂਰਾਜੇ ਨੂੰ ਬਹੁਤ ਲਾਇਕ ਅਧਿਕਾਰੀ ਤੇ ਆਗਿਆਕਾਰੀ ਦੇਖ
ਕੇ ਕੀਮਤੀ ਸਿਰੋਪਾ ਤੇ ਲਾਹੌਰ ਉੱਤੇ ਕਬਜ਼ਾ ਕਰ ਲੈਣ ਦੀ ਆਗਿਆ ਲਿਖ ਭੇਜੀ। ਸੋ
ਰਠਾ ॥ ।।ਧਰਮ ਨੀਤਿ ਜਾਹਿ ਹੋਇ ਸੁਖ ਸੰਪਤਿ ਸਭ ਆਇ ਤਹਿ। ਤਾਂ ਤੇ ਧਰਮ ਨ ਬਿ
ਇਹ ਰੇ ਮਨ ਛੋਡ ਅਧਰਮ ਤੂੰ। ———
ਸੰ: ੧੮੫੫ ਕੇ ਜਦ ਜ਼ਮਾਨ ਸ਼ਾਹ ਤੋਂ[1] ਖਿਲਤ ਤੇ ਮੁਰਾਸਲਾ ਲਾਹੌਰ ਪਰ ਕਬਜ਼ਾ ਕ
ਰ ਲੈਣੇ ਦਾ ਆਯਾ, ਤਾਂ ਸਰਦਾਰ ਬਹਾਦੁਰ ਦਾ ਹੌਸਲਾ ਬਹੁਤ ਬਧ ਗਿਆ। ਸੇਖੂ
ਪੁਰੀਏ ਤੇ ਚੱਠੇ ਜਿਮੀਦਾਰਾਂ ਦਾ ਇਲਾਕਾ ਦਬ ਲੀਤਾ ਉਧਰ ਲਾਹੌਰ ਵਿੱਚ ਤਿੰਨ ਹਾਕਮ ਹੋ
ਣੇ ਕਰ ਲੋਗ ਬਹੁਤ ਦੁਖੀ ਹੋ ਰਹੇ ਸੇ ਮਹਾਂਰਾਜੇ ਨੇ ਅਪਣੀ ਸੱਸ ਸਦਾ ਕੌਰ ਦੀ ਸਲਾਹ ਨਾ
ਲ ਓਸੇ ਦੇ ਆਦਮੀਆਂ ਦੁਆਰੇ ਲਾਹੌਰ ਦੀ ਚੌਧਰੀਆਂ ਤੇ ਰਈਸਾਂ ਨੂੰ ਅਪਣੇ ਬਣਾ ਕਰ ਓ
ਨਾਂ ਤੇ ਇੱਕ ਅਰਜ਼ੀ ਏਸ ਮਜ਼ਮੂਨ ਦੀ ਮੰਗਵਾ ਲਈ ਕਿ ਸਰਦਾਰ ਸੋਭਾ ਸਿੰਘ ਚੇਤ ਸਿ
ਘ ਤਿੰਨ ਰਾਜੇ ਸਾਡੇ ਇੱਕ ਸ਼ਹਿਰ ਵਿੱਚ ਹਨ ਦੋ ਸ਼ੇਰ ਇੱਕ ਜੰਗਲ ਵਿੱਚ ਨਹੀਂ ਕੱਟਦੇ
ਤਿੰਨ ਰਾਜੇ ਰਈਅਤ ਨੂੰ ਕੋਈ ਕਰ ਸੁਖੀ ਰਹਿਣ ਦੇਣਾ। ਸਭਨਾਂ ਨੇ ਚੋਰ ਧਾੜਵੀ ਰੱਖ ਛੱਡੇ ਹੈਂ
ਇੱਕ ਦੇ ਇਲਾਕੇ ਨੂੰ ਦੂਸਰਾ ਲੁਟਵਾ ਰਿਹਾ ਹੈ। ਕੁਛ ਤਾਂ ਏਨਾਂ ਤਿੰਨਾਂ ਜ਼ਾਲਮਾਂ ਨੇ ਤੇ ਕੁਛ ਬਾਹ
ਦੇ ਧਾੜਵੀ ਲੋਗਾਂ ਨੇ ਸ਼ਹਿਰ ਉੱਤੇ ਕਹਿਰ ਵਰਤਾ ਰੱਖਿਆ ਹੈ ਮਹੱਲਿਆਂ ਦੇ ਮਹੱਲੇ ਉਜ
ੜ ਗਏ ਖੋਲੇ ਹੁੰਦੇ ਜਾਂਦੇ ਹਨ। —— ।।ਤੁਸੀਂ ਮਿਹਰਬਾਨੀ ਤੇ ਹਿੰਮਤ ਕਰੋ ਏਸ ਸ਼ਾਹਿ
ਰ ਨੂੰ ਅਪਣੀ ਰਜਧਾਨੀ ਥਾਪੋ ਏਥੇ ਆ ਕੇ ਬਸੋ ਰਸੋ ਅਸੀਂ ਤੁਹਾਡੀ ਮਦਦ ਦਿ
ਲ ਤੇ ਜਾਨ ਨਾਲ ਕਰਾਂਗੇ ਹਰ ਗੱਲ ਵਿੱਚ ਤੁਹਾਡਾ ਆਖਿਆ ਮੰਨਾਂਗੇ ਤੇ ਤਾਮ
ਨ ਧਾਰ ਕਰਕੇ ਤਾਬਿਆਦਾਰੀ ਚੁੱਕਾਂਗੇ। ਇਹ ਸਰਦਾਰ ਸਾਨੂੰ ਬਹੁਤ ਦੁਖ ਦੇ ਰ
ਹੇ ਹਨ ਸਾਡਾ ਦਮ ਨੱਕ ਵਿੱਚ ਕਰ ਰੱਖਿਆ ਹੈ ਕੋਈ ਦਿਨ ਐਸਾ ਨਹੀਂ ਜਾਂਦਾ ਜਿਸ
ਵਿੱਚ ਕੋਈ ਨ ਕੋਈ ਜ਼ੁਲਮ ਨ ਹੁੰਦਾ ਹੋਵੇ। ਆਪ ਧਰਮ ਮੂਰਤ ਰਾਜ ਕੀ ਸੂਰਤ
ਹੋ ਕ੍ਰਿਪਾ ਕਰਕੇ ਅਪਣੇ ਦਰਸ਼ਨ ਨਾਲ ਲਾਹੌਰ ਸ਼ਹਿਰ ਨੂੰ ਨਿਹਾਲ ਕਰੋ ਸਭ
ਦਰਵਾਜ਼ੇ ਖੁੱਲ੍ਹੇ ਹੈਨ ਕੇਵਲ ਆਪ ਆ ਕਰ ਕੇ ਸਾਨੂੰ ਏਨਾਂ ਸਰਦਾਰਾਂ ਜ਼ਾਲਮਾਂ

[1] ਅਗਲਾ ਸਫ਼ਾ ਦੇਖੋ। ——

Digitized by Panjab Digital Library | www.panjabdigilib.org

੩੨੨ ਜ਼ਾਲਮਾਂ ਦੇ ਹੱਥੋਂ ਬਚਾਉ॥ ਅਸੀ ਮਨ ਤਨ ਧਨ ਕਰਕੇ ਆਪ ਦੀ ਸਹਾਇਤਾ ਸੇਵਾ ਵਿਚ ਹਾਜ਼ਰ ਹਾਂ॥— ॥ਏਸ ਅਰਜ਼ੀ ਉੱਤੇ ਹਾਕਮ ਰਾਇ ਸੰਗਤ ਰਾਇ ਸੋਭਾ ਰਾਮ ਭਾਈ ਗੁਰਬਖਸ਼ ਸਿੰਘ ਰਾਮ ਸਿੰਘ ਆਸ਼ਕ ਮਹੰਮਦ ਖਾਂ ਮੁਹਕਮੁਦੀਨ ਮਹੰਮਦ ਬਾਕਰ ਮਹੰਮਦ ਤਾਹਰ ਮੁਫਤੀ ਮਹੰਮਦ ਮੁਕੱਰਮ ਮੀਰ ਸ਼ਾਦੀ ਆਦਿਕ ਅਨੇਕ ਚੌਧਰੀਆਂ ਤੇ ਰਈਸਾਂ ਦੇ ਦਸਤਖ਼ਤ ਸੇ॥— ॥ਜਦ ਮਹਾਂਰਾਜੇ ਪਾਸ ਏਹ ਅਰਜ਼ੀ ਰਾਮ ਨਗਰ ਪਹੁੰਚੀ ਤਾਂ ਏਨਾਂ ਨੇ ਓਥੋਂ ਦੇ ਕਾਜ਼ੀ ਅਬਦੁਲ ਰਹਿਮਾਨ ਨੂੰ ਕਈ ਬਾਤਾਂ ਜ਼ਬਾਨੀ ਪੱਕ ਕਰਨ ਲਈ ਲਾਹੌਰ ਆਸ਼ਕ ਮਹੰਮਦ ਖਾਂ ਤੇ ਮੁਹਕਮਦੀਨ ਪਾਸ ਭੇਜਿਆ॥ ਓਨਾਂ ਨੇ ਕਸਮ ਖਾਕੇ ਆਖਿਆ ਕਿ ਲੋਹਾਰੀ ਦਰਵਾਜ਼ਾ ਅਸੀ ਖੋਲ ਦੇਵਾਂਗੇ॥— ॥ਰਣਜੀਤ ਸਿੰਘ ਨੇ ਬਹੁਤ ਖੁਸ਼ੀ ਹੋ ਅਪਣੀ ਮਿਸਲ ਦੇ ਸਰਦਾਰ ਤੇ ਫੌਜ ਤਿਆਰ ਕਰਕੇ ਬਟਾਲੇ ਵੱਲੀ ਕੂਚ ਕਰ ਦਿੱਤਾ॥ ਏਧਰ ਸਦਾ ਕੌਰ ਪਾਸ ਪਹਿਲੇ ਹੀ ਲਹੌਰੀਆਂ ਦੀ ਅਰਜ਼ੀ ਪਹੁੰਚ ਪਈ ਸੀ॥ ਓਹ ਭੀ ਅਪਣੀ ਮਿਸਲ ਦੇ ਸਰਦਾਰਾਂ ਤੇ ਫੌਜਾਂ ਨੂੰ ਸਾਥ ਲੈਕੇ ਮਹਾਂਰਾਜੇ ਨਾਲ ਰਲਣ ਲਈ॥ ਪਹਿਲੇ ਅੰਮ੍ਰਿਤਸਰ ਗਏ॥ ਜਿਸ ਤੇ ਲੋਗ ਇਸ਼ਨਾਨ ਕਰਨ ਆਏ ਸ [illegible]ਰ ਥੋਂ ਕੂਚ ਕਰ ਲਹੌਰ ਵਜ਼ੀਰ ਖਾਂ ਦੇ ਬਾਗ ਵਿੱਚ ਜਿੱਥੇ ਹੁਣ ਕਤਾਬ ਘਰ ਅੰਗ੍ਰੇਜ਼ਾਂ ਦਾ ਹੈ ਜਾ ਉੱਤਰੇ॥— ॥ਏਹ ਖਬਰ ਸੁਣਕੇ ਤਿੰਨ ਸਰਦਾਰਾਂ ਲਾਹੌਰ ਵਿੱਚ ਆਕੀ ਹੋਕੇ ਫੌਜ ਬਾਹਰ ਲੜਨ ਲਈ ਭੇਜੀ ਪਰ ਮਹਾਂਰਾਜੇ ਦੀ ਫੌਜ ਨੇ ਭਜਾ ਦਿੱਤੀ॥ ਅੱਠ ਦਸ ਆਦਮੀ ਓਨਾਂ ਦੇ ਮਾਰੇ ਗਏ॥ ਦਿੱਲੀ ਦਰਵਾਜ਼ੇ ਤਾਂ ਮਹਾਂਰਾਜੇ ਨੇ ਲੜਾਈ ਰੱਖੀ ਚੇਤ ਸਿੰਘ ਉਰੀਤਾਂ ਓਧਰ ਦਾ ਬੰਦੋਬਸਤ ਕਰਦੇ ਰਹੇ ਮਹਾਂਰਾਜ ਦਸ ਹਜ਼ਾਰ ਰੁਪਿਆ ਬਾਇਕ ਹਜ਼ਾਰ ਸੂਰਬੀਰ ਅਸਵਾਰ ਨਾਲ ਸਦਾ ਕੌਰ ਸਮੇਤ ਲੁਹਾਰੀ ਦਰਵਾਜ਼ੇ (ਜੋ ਮੁਹਕਮਦੀਨ

1 ਜ਼ਮਾਨ ਸ਼ਾਹ ਦੇ ਲਾਹੌਰ ਛੱਡਣ ਦੀ ਇਕ ਕਹਾਣੀ ਜੋ ਆਮ ਲੋਕਾਂ ਵਿਚ ਪਰਸਿੱਧ ਹੈ ਏਹ ਹੈ ਕਿ ਜਦ ਜ਼ਮਾਨ ਸ਼ਾਹ ਸੰ: ੧੮੫੫ ਬਿ ਵਿੱਚ ਤੁਰਤ ਫੁਰਤ ਲਾਹੌਰੋਂ ਕਾਬਲ ਵੱਲ ਨੂੰ ਤੁਰ ਪਿਆ ਤਾਂ ਵਜ਼ੀਰ ਦੇ ਪੁਛਣੇ ਪਰ ਏਹ ਕਾਰਣ ਦੱਸਿਆ ਕਿ ਮੈਂ ਸੁਪਨੇ ਵਿੱਚ ਐਸੀ ਜਗਾਂ ਚਲਾ ਗਿਆ ਜਿੱਥੇ ਇਕ ਬੜੀ ਭਾਰੀ ਮਜਲਿਸ ਪੈਗੰਬਰਾਂ ਅਵਤਾਰਾਂ ਪੀਰਾਂ ਫਕੀਰਾਂ ਅਮੀਰਾਂ ਦੀ ਲਗ ਰਹੀ ਸੀ ਅਪਣੇ ਪੈਗੰਬਰ ਤੇ ਸਿੱਖਾਂ ਦੇ ਦਸੋਂ ਗੁਰੂ ਓਥੇ ਬੈਠੇ ਦੇਖੇ ਗੁਰੂ ਨਾਨਕ ਦੇ ਅਸ਼ਾਰੇ ਨਾਲ ਗੁਰੂ ਗੋਬਿੰਦ ਸਿੰਘ ਨੇ ਮੇਰੇ ਸਿਰੋਂ ਤਾਜ ਉਤਾਰਕੇ ਇੱਕ ਕਾਣੇ ਜੇਹੇ ਛੋਕਰੇ ਦੇ ਸਿਰ ਪਰ ਧਰ ਦਿੱਤਾ— ਮੈਂ ਪੈਗੰਬਰ ਅੱਗੇ ਫਰਿਆਦ ਕੀਤੀ ਓਸ ਨੇ ਆਖਿਆ ਏਥੇ ਮੇਰਾ ਜ਼ੋਰ ਨਹੀਂ ਚਲਦਾ ਖੁਦਾ ਦਾ ਹੁਕਮ ਏਸੇ ਤਰਾਂ ਹੈ॥— ॥ਮੈਂ ਡਰਦਾ ਘਿਬਰਾ ਕੇ ਜਾਗ ਪਿਆ ਜਦ ਜਾਗ ਆਈ ਤਾਂ ਏਸ ਸੁਪਨੇ ਤੋਂ ਮੈਨੂੰ ਨਿਸਚਾ ਹੋ ਗਿਆ ਕਿ ਹੁਣ ਮੇਰੀ ਬਾਦਸ਼ਾਹੀ ਏਥੇ ਕਾਇਮ ਨਹੀਂ ਹੁੰਦੀ ਏਸ ਕਾਰਣ ਤੋਂ ਮੈਂ ਪੰਜਾਬ ਨੂੰ ਛੱਡ ਚੱਲਿਆ ਹਾਂ ਏਥੇ ਕੋਈ ਹੁਣ ਇਕ ਅੱਖ ਵਾਲਾ ਸਿੰਘ ਤਖ਼ਤ ਦਾ ਮਾਲਕ ਹੋਵੇਗਾ ਏਹੋ ਗੱਲ ਜ਼ਮਾਨ ਸ਼ਾਹ ਨੇ ਬਾਦੇ ਫਕੀਰ ਰੋਦ ਨੂੰ ਆਪ ਸੁਣਾਈ ਸੀ

Digitized by Panjab Digital Library | www.panjabdigilib.org

ਨੇ ਖੋਲ੍ਹ ਰੱਖਿਆ ਸੀ ਹਾੜ੍ਹ ਸੁਦੀ ੫ ਸੰ: ੧੮੫੬ ਬਿ: ਤੇ ੧੩ ਸਫਰ ਸੰ ੧੨੧੪ ਹਿ: ਕੋ ਲਾਹੌਰ ੩੨੩
ਸ਼ਹਿਰ ਵਿੱਚ ਦਾਖਲ ਹੋ ਗਏ॥— ॥ਜਦ ਏਹ ਖਬਰ ਉਨਾਂ ਸਰਦਾਰਾਂ ਨੂੰ ਪਹੁੰਚੀ ਤਾਂ ਸੁੱ
ਖੀ ਵਾਂਗੂੰ ਹੱਥ ਮਲਦੇ ਹੀ ਰਹਿ ਗਏ॥ — ॥ਦੋ ਤਾਂ ਦੌੜ ਗਏ ਚੇਤ ਸਿੰਘ ਕਿਲੇ ਵਿੱਚ
ਆਕੀ ਬਣ ਬੈਠਾ॥— ॥ਤੀਜੇ ਦਿਨ ਚੇਤ ਸਿੰਘ ਨੇ ਜਾਨ ਅਮਾਨ ਮੰਗਾ ਕੇ ਕਿਲਾ ਖਾਲੀ
ਕਰ ਦਿੱਤਾ ਮਹਾਰਾਜੇ ਨੇ ਸਦਾ ਕੌਰ ਦੇ ਕਹੇ ਚੇਤ ਸਿੰਘ ਨੂੰ ਗੁਜਾਰੇ ਵਾਸਤੇ ਜਗੀਰ ਦੇ ਕ
ਰ ਕਿਲੇ ਵਿੱਚ ਆਪਣਾ ਦਖਲ ਕਰ ਲੀਤਾ॥ਸ਼ਹਿਰ ਦੇ ਲੋਗ ਬੀ ਸਭ ਨਜਰਾਂ ਲੈ ਕੇ
ਮਹਾਰਾਜੇ ਨੂੰ ਆ ਮਿਲੇ ਉਨਾਂ ਦੀ ਬਹੁਤ ਤਸੱਲੀ ਤੇ ਰਖਵਾਲੀ ਕੀਤੀ ਗਈ ਜਾਂ ਤੇ ਚੌਧ
ਰੀਆਂ ਨੂੰ ਖਿਲਤਾਂ ਦੁਸਾਲੇ ਦਿੱਤੇ॥——

ਸਰਦਾਰ ਰਣਜੀਤ ਸਿੰਘ ਦੇ ਲਾਹੌਰ ਜਿੱਤ ਲੈਣੇ ਤੋਂ ਸਭ ਮਿਸਲਾਂ ਦੇ ਸਰਦਾਰ ਹੱਕੇ ਬੱ
ਕੇ ਰਹਿ ਕੇ ਡਰ ਗਏ ਕਿ ਹੁਣ ਸਾਨੂੰ ਕਦੋਂ ਛੱਡੂਆ॥— ॥ਜਾਂ ਦੀਪ ਸਭ ਦੇ ਦਿਲ ਵਿੱਚ ਮ
ਤਸਰ ਦੀ ਅੱਗ ਭੜਕੀ ਪਰ ਜੱਸਾ ਸਿੰਘ ਰਾਮਗੜ੍ਹੀਆ (ਜਿਸ ਦੀ ਗੁੱਡੀ ਅਸਮਾਨ
ਵਿੱਚ ਚੜ੍ਹੀ ਸੀ ਸਭ ਤੋਂ ਅਧਿਕ ਤੜਫਿਆ ਤੇ ਈਰਖਾ ਉਠਾਈ ਸਭਨਾਂ ਸਰਦਾਰਾਂ ਨੂੰ ਲਿਖ
ਭੇਜਿਆ ਕਿ ਆਓ ਤੁਸੀ ਤੇ ਅਸੀ ਕੱਠੇ ਹੋ ਕੇ ਰਣਜੀਤ ਸਿੰਘ ਨੂੰ ਲਾਹੌਰੋਂ ਕੱਢੀਏ॥—
ਨਹੀਂ ਤਾਂ ਏਹ ਕਾਣਾ ਐਸਾ ਭਾਣਾ ਬਰਤਾਊ ਕਿ ਕਿਸੇ ਦੀ ਸਰਦਾਰੀ ਨਾ ਛੱਡੂ॥ ਆਪ ਤਾਂ ਓਹ
ਬਿਮਾਰ ਸੀ ਅਪਣੇ ਬੇਟੇ ਜੋਧ ਸਿੰਘ ਨੂੰ ਅਪਣੀ ਫੌਜ ਤੇ ਮਿਸਲ ਦੇ ਸਰਦਾਰ ਦੇ ਕੇ ਗੁ
ਲਾਬ ਸਿੰਘ ਭੰਗੀ ਪਾਸ ਅੰਮ੍ਰਿਤਸਰ ਭੇਜ ਦਿੱਤਾ॥—— ॥ਓਧਰੋਂ ਸਾਹਿਬ ਸਿੰਘ
ਗੁਜਰਾਤ ਵਾਲਾ ਜੋਧ ਸਿੰਘ ਵਜੀਰਾਬਾਦੀਆ ਗੁਰਬਖਸ਼ ਸਿੰਘ ਰੋੜਾਂ ਵਾਲਾ ਨਿਜ
ਮਦੀਨ ਕਸੂਰੀ ਆਦਿਕ ਬਹੁਤ ਸਰਦਾਰ ਫੌਜਾਂ ਤੋਪਾਂ ਲੈ ਕੇ ਆ ਕੱਠੇ ਹੋਏ॥——

ਬੜਾ ਭਾਰੀ ਲਸ਼ਕਰ ਗੁਲਾਬ ਸਿੰਘ ਭੰਗੀ ਦੇ ਸਾਥ ਅੰਮ੍ਰਿਤਸਰੋਂ ਤੁਰ ਕੇ ਭਸੀਣ
ਪਿੰਡ ਪਾਸ ਜੋ ਲਾਹੌਰੋਂ ਨੌ ਕੋਹ ਸੰ: ੧੮੨੦ ਬਿ: ਕੋ ਧੌਲ ਗੋਤੀਏ ਬਸੀਨ ਜੱਟ ਨੇ ਬਸਾ
ਯਾ ਸੀ ਜਾ ਉੱਤਰੇ ਚਾਰ ਦਿਨਾਂ ਵਿੱਚ ਹੋਰ ਸਿੱਖ ਸਰਦਾਰ ਬੀ ਸਭ ਉਨਾਂ ਦੇ ਸਾਥੀ ਆ
ਮਿਲੇ॥——

---

੧ ਆਸ਼ਕ ਮਹੀਅਰ ਤੇ ਮੁਹਕਮ ਦੀਨ ਦੀ ਗੱਲ ਤਵਾਰੀਖ ਲਾਹੌਰ ਵਿੱਚ ਸਭ ਲੋਗ ਮੰਨਦੇ ਹੈਆ
ਸ਼ਕ ਮਹੀਅਰ ਦੀ ਪੀਚੋਂ ਮਗੀ ਬਦਰ ਦੀਨ ਦੇ ਪਾਸ ਸੀ ਬਦਰ ਦੀਨ ਦੀ ਲੜਾਈ ਖੱਤਰੀਆਂ
ਨਾਲ ਹੋ ਪਈ ਖੱਤਰੀਆਂ ਨੇ ਏਹ ਦੋਸ਼ ਉਸ ਉੱਤੇ ਲਾਯਾ ਕਿ ਏਹ ਕਾਬਲ ਦੇ ਬਾਦਸ਼ਾਹ ਨੂੰ ਏਥੋਂ ਦੇਸ
ਭਰ ਦਾ ਹਾਲ ਲਿਖਦਾ ਰਹਿੰਦਾ ਹੈ ਤਲਾਸ਼ੀ ਲੈਣ ਪਰ ਉਸ ਦੇ ਅੰਦਰੋਂ ਕਾਬਲ ਦੇ ਆਏ ਹੋਏ ਖਤ ਬੀ

Digitized by Panjab Digital Library | www.panjabdigilib.org

੩੨੪ ਬਣ ਭਾਰੀ ਲਸਕਰ ਹੋ ਗਿਆ ਏਹ ਖਬਰ ਸੁਣਕੇ ਮਹਾਂਰਾਜੇ ਰਣਜੀਤ ਸਿੰਘ ਨੂੰ ਬੜਾ
ਭਾਰੀ ਸੋਚ ਲੱਗਿਆ ਕਿਓਂਕਿ ਇੱਕ ਤਾਂ ਇਸ ਨੇ ਅਪਣੀ ਫੌਜ ਨੂੰ ਲਾਹੌਰ ਲੁੱਟਣ ਨਹੀਂ ਦਿੱਤੀ ਸੀ
ਇਸ ਗੱਲੋਂ ਫੌਜ ਨਰਾਜ ਸੀ। ਦੂਜੇ ਪਾਸ ਖਜਾਨਾ ਨਹੀਂ ਸੀ ਤਨਖਾਹ ਦੁਮਾਹਾ ਚੜ੍ਹ ਰਹੀ ਸੀ
ਇਸ ਕਰਕੇ ਬਹੁਤ ਫਿਕਰ ਵਿੱਚ ਗਲਤਾਨ ਬੈਠੇ ਸੇ (ਹੋਵੇਗਾ ਖਿਆਲ ਤਾਂ ਦੇਵੇਗਾ ਬੁਲਾਕੇ)
ਏਹੋ ਬਾਤ ਆ ਬਣੀ ਕਾਰਜ ਸਾਰ ਸਭ ਦਾ ਸਤਗੁਰੂ ਹੈ। ਇੱਕ ਅੱਸੀ ਬਰਸ ਦੇ ਬੁੱਢੇ ਨੇ ਮਹਾਂ
ਰਾਜੇ ਪਾਸ ਆਕਰ ਆਖਿਆ ਜੇ ਤੁਸੀਂ ਮੇਰੀ ਪਾਲਣਾ ਕਰੋ ਤਾਂ ਮੈਂ ਤੁਹਾਨੂੰ ਬੇਸੁਮਾਰ ਖਜਾਨਾ ਬ
ਤਾ ਦੇਵਾਂ (ਜੋ ਨੁਵਾਬ ਮੁਈਨੁਲਮੁਲਕ) ਅਰਥਾਤ ਮੀਰ ਮੰਨੂ ਸੂਬੇਦਾਰ ਦਾ ਮੇਰੇ ਹੱਥੀਂ ਦੱ
ਬਿਆ ਹੋਇਆ ਹੈ। ਮਹਾਂਰਾਜੇ ਨੂੰ ਤਾਂ ਏਹ ਗੱਲ ਸੁਕਦੀ ਖੇਤੀ ਪਰ ਬੱਦਲ ਬਰਸਣ ਵਾਲੀ
ਪ੍ਰਾਪਤ ਹੋਈ ਵਾਹਿਗੁਰੂ ਅੱਗੇ ਹਜਾਰ ਬਾਰ ਮੱਥਾ ਟੇਕਿਆ ਤੇ ਉਸ ਬ੍ਰਿਧ ਪੁਰਸ ਦਾ ਬਹੁਤ ਆ
ਦਰ ਕੀਤਾ ਉਸਨੇ ਇੱਕ ਤਹਿਖਾਨੇ ਦਾ ਫਰਸ ਪੁਟਾਇਆ ਤਾਂ ਉਥੋਂ ਬੇਸੁਮਾਰ ਖਜਾਨਾ ਹੱਥ ਆਇਆ
ਕੁਛ ਤੋਪਾਂ ਬੀ ਨਿਕਲੀਆਂ। ਮਹਾਂਰਾਜੇ ਨੇ ਬਹੁਤ ਪ੍ਰਸੰਨ ਹੋਕਰ ਪਹਿਲੇ ਉਸ ਬੁੱਢੇ ਨੂੰ ਬਾਂ
ਛਤ ਧਨ ਦੇਕੇ ਖੁਸੀ ਲਈ ਫੇਰ ਗਰੀਬਾਂ ਨੂੰ ਨਿਹੰਗ ਸਿੰਘਾਂ ਨੂੰ ਰੁਪਏ ਬੱਡੇ ਫੌਜ ਨੂੰ ਦੁਮਾਹਾ ਇ
ਨਾਮ ਦੇਕੇ ਖੁਸੀ ਕੀਤਾ। ——— ।ਦੂਸਰੇ ਦਿਨ ਅਪਣੀ ਤੇ ਰਾਣੀ ਸਦਾ ਕੌਰ ਦੀ ਫੌਜ ਤੋਪ
ਖਾਨੇ ਸਮੇਤ ਸਾਥ ਲੈਕੇ ਬਡੇ ਉਤਸਾਹ ਤੇ ਜੋਰ ਸੋਰ ਨਾਲ ਲਾਹੌਰ ਚੜ੍ਹਕੇ ਏਹ ਸਬਦ ਪੜ੍ਹ
ਦੇ ਹੋਏ (ਪ੍ਰਭੁ ਜੀ ਤੇ ਕਹੁ ਲਾਜ ਹਮਾਰੀ।) ਭਸੀਨ ਪਿੰਡ ਦੇ ਨਜੀਕ ਜਾ ਉੱਤਰੇ ੧੩ ਮੱਘਰ
ਸੰ: ੧੮੫੭ ਬਿ: ਕੋ ਲੜਾਈ ਹੋਣ ਲੱਗੀ ਤਿੰਨ ਦਿਨ ਥੋੜ੍ਹੀ੨ ਲੜਾਈ ਤੀਰ ਬੰਦੂਕ ਦੀ
ਹੁੰਦੀ ਰਹੀ ਚੌਥੇ ਦਿਨ ਸਰਦਾਰ ਗੁਲਾਬ ਸਿੰਘ ਨੇ ਸਬ ਸਰਦਾਰਾਂ ਨੂੰ ਏਹ ਹੁਕਮ ਦਿੱਤਾ
ਕਿ ਕੱਲ ਆਮ ਤੜਕੇ ਲੜੋ ਰਣਜੀਤ ਸਿੰਘ ਨੂੰ ਜਿੱਤਕੇ ਲਾਹੌਰੋਂ ਕੱਢੋ ਬਿਨਾਂ ਪਾਣੀ ਪੀਣਾ
ਹਰਾਮ ਸਮਝੋ। —— (ਸੱਚ ਹੈ ਨਰ ਚਾਹਿਤ ਕੁਛ ਔਰ ਔਰੈ ਕੀ ਔਰ ਭੈਈ। ਚਿੱਤ
ਵਤ ਰਹਿਓ ਠਗੌਰ ਨਾਨਕ ਫਾਸੀ ਗਲ ਪਰੀ।) ।ਗੁਲਾਬ ਸਿੰਘ ਸਰਾਬ ਤਾਂ ਪਹਿਲੇ
ਹੀ ਹਮੇਸ ਪੀਆ ਕਰਦਾ ਪਰ ਉਸ ਦਿਨ ਖੁਸੀ ਵਿੱਚੋਂ ਅਤਨੀ ਕੁ ਪੀ ਕੇ ਸੁੱਤਾ ਜੋ ਅੰਤ ਤਕ ਉ
ਸਦੇ ਨਸੇ ਵਿੱਚ ਮਗਨ ਹੋਇਆ ਅੰਤ ਮਾਈ ਨੇ ਲੋਟੀ ਦੇਕੇ ਐਸਾ ਸੁਲਾਯਾ ਮੁੜ ਨਾ ਜਾਗਿਆ।
(ਬਿਨ ਮਾਰੇ ਹੀ ਮਰ ਗਏ ਮਾਰਨ ਆਏ ਜੋ ਇਉ। ਜਿਸ ਦੀ ਵੱਲ ਅਕਾਲ ਹੈ ਵਾਲ ਨ ਵਿੰ
ਗਾ ਹੋਇਓ।-) ।ਦੇਖੋ ਵਾਹਿਗੁਰੂ ਦੀ ਕ੍ਰਿਪਾ ਖਜਾਨਾ ਤੇ ਫਤੇ ਬਿਨਾ ਜਤਨ ਮਿਲ ਗਏ।
ਅੰਧਾਰੇ ਤ ਗੁਲਾਬ ਸਿੰਘ ਦਾ ਮਰਨਾ ਸੁਣਕੇ ਸਬ ਸਰਦਾਰ ਤੇ ਸਪਾਹੀ ਜੋ ਜੰਗ ਨੂੰ

Digitized by Panjab Digital Library | www.panjabdigilib.org

ਤੈਆਰ ਸੋਹੰਕੇ ਬੰਕੇ ਖੜ੍ਹੇ ਹੀ ਸ਼ਾਮ ਹੋਗਏ। ਏਹ ਵੇਹਰਾ ਪੜ੍ਹਦੇ ਹੋਏ ਆਪੋ ਆਪਣੇ ਰ ੦੩੨੫
ਹ ਪਏ। (ਕਰੇ ਖਰਾਬ ਸਰਾਬ ਨੇ ਜਾਦਵ ਸੁਰ ਅਸੁਰੇਸ। ਅਤਿ ਪੀਵੈ ਬੀਵੈ ਦੁਖੀ ਜੀਵੈ
ਨਹਿ ਬਸੇਸ।) ——
ਸਰਦਾਰ ਜੋਧ ਸਿੰਘ ਰਾਮ ਗੜ੍ਹੀਆ ਤੇ ਨਜਾਮ ਦੀਨ ਆਦਿਕ ਬਡੇ੨ ਸਰਦਾਰ ਤਾਂ ਬਾ
ਜੀ ਬੁਰਦ ਹੋਈ ਦੇਖਕੇ (ਭੂਪ ਬਿਨਾ ਕਰੇ ਕੌਨ ਲਰਾਈ। ਦੂਲੋ ਬਿਨ ਬਰਾਤ ਬਿਨਸਾ
ਈ।) ਏਹ ਕਹਿਦੇ ਹਾਹੁਕੇ ਲੈਂਦੇ ਮੂਧੇ ਨਗਾਰੇ ਮਾਰੇ ਹੋਏ ਅਪਣੇ੨ ਘਰਾਂ ਨੂੰ ਪਧਾਰੇ।
ਬਾਕੀ ਛੋਟੇ੨ ਸਰਦਾਰ ਭੰਗੀ ਮਿਸਲ ਦੇ ਤਾਬੇਦਾਰ ਹਾਰ ਕੇ ਸਭ ਮਹਾਂਰਾਜੇ ਨੂੰ ਬਧਾ
ਈਆਂ ਦਿੰਦੇ ਹੋਏ ਆ ਮਿਲੇ। —— ।।ਏਸ ਫਤੇ ਦੀ ਖੁਸੀ ਵਿੱਚ ਮਹਾਂਰਾਜੇ ਨੇ ਤੇ ਰਾਣੀ
ਸਦਾ ਕੌਰ ਨੇ ਬਹੁਤ ਕੁਛ ਦਾਨ ਪੁੰਨ ਕੀਤਾ। —— ।।ਬੜੀ ਖੁਸੀ ਨਾਲ ਫਤੇ ਦੇ ਨਗਾਰ ਬ
ਜਾਉਂਦੇ ਸਲਕ ਕਰਾਉਂਦੇ ਹੋਏ ਲਾਹੌਰ ਆ ਬੜੇ। —— ।।ਕਈ ਦਿਨ ਏਸ ਖੁਸੀ ਦੇ ਦ
ਰਬਾਰ ਹੋਏ ਸਾਹਿਰ ਦੇ ਚੌਧਰੀਆਂ ਤੇ ਫੌਜੀ ਅਫਸਰਾਂ ਸਰਦਾਰਾਂ ਨੂੰ ਖਿਲਤ ਕੀਰਾ
ਣੇ ਫੌਜ ਨੂੰ ਇਨਾਮ ਦਿੱਤੇ ਜਿਤਨੇ ਸਰਦਾਰ ਆਏ ਸੇ ਸਬ ਆਦ੍ਰ ਦੇਕੇ ਰੱਖ ਲਏ। ——
ਸੰ:੧੮੫੭ ਬਿ: ਫੱਗਣ ਸੁਦੀ ੭ ਕੋ ਰਾਣੀ ਰਾਜ ਕੌਰ ਨਕਾਇਣ ਦੇ ਪੇਟੋਂ ਮਹਾਂਰਾਜ
ਖੜਗ ਸਿੰਘ ਜੀ ਪੈਦਾ ਹੋਏ ਲੱਖਾਂ ਰੁਪਏ ਇਨਾਮ ਦਾਨ ਦਿੱਤੇ ਗਏ। ——
ਅਕਮ ੧ ਬੈਸਾਖ ਸੰ: ੧੮੫੮ ਬਿ: ਕੋ ਸਬ ਦੇਸ ਦੇ ਚੌਧਰੀ ਸਰਦਾਰ ਗੁਰਦੁਆਰੀ
ਏ ਕੱਠੇ ਹੋਏ ਇਕ ਬਡਾ ਦਰਬਾਰ ਕਰਕੇ ਸਾਰੇ ਖਾਲਸੇ ਨੇ ਸਰਦਾਰ ਰਣਜੀਤ ਸਿੰਘ
ਨੂੰ ਮਹਾਂਰਾਜਗੀ ਦਾ ਤਿਲਕ ਤੇ ਸਰਕਾਰ ਪਦ ਦਿੱਤਾ। ਉਸ ਦਿਨ ਤੋਂ (ਮਹਾਂਰਾਜਾ ਰਣ
ਜੀਤ ਸਿੰਘ ਬਹਾਦੁਰ) ਏਹ ਖਤਾਬ ਮੁਰਾਸਲਿਆਂ ਉੱਤੇ ਲਿਖਣੇ ਤੇ ਸਕਾਰ ਕਹਕੇ
ਬੁਲਾਉਣੇ ਲੱਗੇ। ਮਹਾਂਰਾਜੇ ਨੇ ਬੀ ਏਸ ਖੁਸੀ ਵਿੱਚ ਅਪਣੇ ਸਾਰੇ ਰਾਜ ਦੇ ਪੈਂਚ
ਨੂੰ ਦੁਸਾਲੇ ਸਰਦਾਰਾਂ ਨੂੰ ਖਿਲਤ ਫੌਜ ਨੂੰ ਕੈਂਗਣ ਕੈਠੇ ਬਖਸੇ। ——
ਏਸੇ ਸਾਲ ਵਿੱਚ ਟਕਸਾਲ ਜਾਰੀ ਕਰਾਈ। ਇੱਕੇ ਪਾਸੇ ਏਹ ਬੈਤ (ਦੇਗ ਤੇਗੋ ਫ
ਤੇ ਨੁਸਰਤ ਬੇਦਰੰਗ। ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ) ਦੂਜੇ ਪਾਸੇ ਮ

੧ ਅਕਾਲ ਗੜ੍ਹ ਦਾ ਨਾਮ ਪਹਿਲੇ ਅਲੀ ਗੜ੍ਹ ਸੀ ਪੀ ਮਹੀਆਰ ਚਠੇ ਸਰਦਾਰ ਨੇ ਅਪਣੇ ਪੋਤ੍ਰੇ ਅਲੀ
ਮਹੀਆਰ ਦੇ ਨਾਮ ਪਰ ਸੰ: ੧੪੬੭ ਬਿ: ਕੋ ਬੰਨ੍ਹਿਆ ਉਸੇ ਦੀ ਔਲਾਦ [illegible] ਮਹੀਆਰ ਖਾਂ ਤੋਂ ਸਰਦਾਰ
ਮਹਾਂ ਸਿੰਘ ਨੇ ਸੰ: ੧੮੩੭ ਬਿ: ਵਿੱਚ ਫਤੇ ਕਰਕੇ ਆਪਣੇ ਦੇਸ [illegible] ਰਣਜੀਤ ਸਿੰਘ ਨੂੰ [illegible]

੨੨੬ ਹਾਂਰਾਜੇ ਦਾ ਤੇ ਸ਼ਹਿਰ ਦਾ ਨਾਂ ਔਰ ਸੰਮਤ ਏਹ ਜਰਬ ਲਗਾ ਕੇ ਓਸੇ ਦਿਨ ੧੧੦੦)
ਗਿਆਰਾਂ ਸੌ ਰੁਪਿਆ ਤਿਆਰ ਹੋ ਕਰ ਆਯਾ ਸੋ ਗਰੀਬਾਂ ਨੂੰ ਬਰਤਾਯਾ ਗਯਾ। ——
ਏਸੇ ਸਮੇ ਕਾਜੀ ਨਜਾਮੁੱਦੀਨ ਨੂੰ ਮੁਸਲਮਾਨਾਂ ਦੇ ਨਿਕਾਹ ਤਲਾਕ ਤੇ ਮੁਫਤੀ ਸਦ
ਰੁੱਦੀਨ ਚਿਸ਼ਤੀ ਨੂੰ ਇਕਬਾਲੇ ਲਿਖਣ ਦਾ ਕੰਮ ਸਪੁਰਦ ਕਰ ਕੇ ਇਮਾਮ ਬਖਸ਼
(ਖਰਸਵਾਰ) ਨੂੰ ਕੋਤਵਾਲ ਕਰ ਹੁਕਮ ਦਿੱਤਾ ਇਮਾਨਦਾਰੀ ਦੇ ਨਿਆਂਉ ਸੱਚੇ ੨ ਕ
ਰਨੇ ਹਕੀਮ ਨੂਰੁੱਦੀਨ ਨੂੰ ਨੌਕਰ ਕੀਤਾ ਦਰਵਾਜਿਆਂ ਪਰ ਪਹਿਰੇ ਬੈਠਾਏ। ਸਫਾਈ
ਸ਼ਹਿਰ ਦੇ ਦਰੋਗੇ ਰੱਖੇ ਮੋਤੀ ਰਾਮ ਦੀਵਾਨ ਨੂੰ ਇੱਕ ਲੱਖ ਰੁਪਿਆ ਸ਼ਹਿਰ ਦਾ ਕੋਟ ਬ
ਣਾਉਣ ਲਈ ਦਿਤਾ। ਥਾਣੇਦਾਰ ਤਸੀਲਦਾਰ ਅਦਾਲਤੀ ਕਾਇਮ ਕੀਤੇ ਫੌਜ ਨੂੰ
ਕਵਾਇਦ ਕਰਨ ਦਾ ਹੁਕਮ ਹੋਯਾ। ਏਸੇ ਤਰਾਂ ਸਭ ਕੰਮ ਪੁਰਾਣੇ ਬਾਦਸ਼ਾਹਾਂ ਦੇ ਢੰਗ
ਉੱਤੇ ਨਵੇਂ ਨਵੇਂ ਜਾਰੀ ਕੀਤੇ। —— — ।ਜੱਦਪਿ ਮਹਾਂਰਾਜ ਕੁਝ ਪੜ੍ਹੇ ਲਿਖੇ ਨਹੀਂ
ਸੇ ਪ੍ਰੰਤੂ ਰੱਬ ਦੀ ਦਾਤ ਅਕਲ ਦੇ ਜੌਹਰ ਐਸੇ ੨ ਓਨਾਂ ਤੋਂ ਪ੍ਰਗਟ ਹੋਏ ਜਿਨਾਂ ਨੇ ਸੌ ਬਰ
ਸ ਦੇ ਮਰੇ ਹੋਏ ਗਾੜ੍ਹੇ ਤੇ ਬਿਗੜੇ ਹੋਏ ਇੰਤਜਾਮ ਦਾ ਸਿਲਸਿਲਾ ਪੰਜਾਬ ਵਿੱਚ ਫੇਰ
ਅਮਨ ਚੈਨ ਪਰ ਕਾਇਮ ਕਰ ਦਿੱਤਾ। ——
।ਜੱਦਪਿ ਓਦੋਂ ਸਿੱਖ ਸਰਦਾਰ ਤੇ ਮੁਸਲਮਾਨ ਅੰਦ੍ਰੋਂ ਤਾਂ ਅੰਤ੍ਰੇ ਮਹਾਂਰਾਜੇ ਦੇ ਵੈਰੀ ਬਣ
ਰਹੇ ਸੇ ਪਰ ਸਰਦਾਰ ਸਾਹਿਬ ਸਿੰਘ ਗੁਜਰਾਤ ਵਾਲ਼ਾ ਬਾਹਰੋਂ ਬੀ ਵੈਰ ਰੱਖਦਾ
ਸੀ। ਉਸ ਨੇ ਫੌਜ ਰੱਖ ਕੇ ਲਾਹੌਰ ਉੱਤੇ ਹੱਲਾ ਕਰਨ ਦੀ ਤਿਆਰੀ ਕੀਤੀ ਤਾਂ ਮਹਾਂਰਾ
ਜੇ ਨੇ ਉਸ ਨੂੰ ਓਥੇ ਹੀ ਜਾ ਘੇਰਿਆ ਚਾਰ ਦਿਨ ਤਾਂ ਓਹ ਲੜਿਆ ਓੜਕ ਜਦ ਮਹਾਂਰਾਜੇ
ਦੀਆਂ ਤੋਪਾਂ ਨੇ ਕਿਲੇ ਦੀ ਇੱਕ ਬਾਹੀ ਢਾਹ ਲਈ ਤਾਂ ਸਾਹਿਬ ਸਿੰਘ ਬੇੜੀ ਨੂੰ ਵਿੱਚ
(੫੦੦੦੦) ਪਾਕੇ ਪੰਜਾਹ ਹਜਾਰ ਰੁਪਿਆ ਨਜਰਾਨਾ ਦੇਕੇ ਸੁਲਾ ਕਰ ਲਈ। ——
ਸੰ: ੧੮੫੮ ਬਿ: ਕੋ ਸਰਦਾਰ ਦੱਲ ਸਿੰਘ ਨੇ ਜਿਸ ਨੂੰ ਸਰਦਾਰ ਮਹਾਂ ਸਿੰਘ ਨੇ ਅ
ਕਾਲਗੜ੍ਹ ਦਾ ਇਲਾਕਾ ਦੇਕੇ ਓਥੋਂ ਦਾ ਰਾਜਾ ਬਣਾਯਾ ਸੀ ਸਾਹਿਬ ਸਿੰਘ ਨਾਲ਼ ਮਿ
ਲਕੇ ਮਹਾਂਰਾਜੇ ਸਾਥ ਬਿਗੜ ਬੈਠਾ। —— ।ਮਹਾਂਰਾਜੇ ਨੇ ਉਸ ਨੂੰ ਇਕ ਬੜ
ਮਸਹੂਰ ਸੂਰਬੀਰ ਤੇ ਬੜੇ ਇਲਾਕੇ ਦਾ ਰਾਜਾ ਜੋਗ ਨਾਲ਼ ਕਾਬੂ ਨਾ ਆਉਂਦਾ ਦੇਖ ਕੇ ਜੁ
ਗਤ ਨਾਲ਼ ਬਸ ਕਰਨ ਲਈ ਏਹ ਲਿਖਿਆ, ਕਿ ਆਪ ਮੇਰੇ ਬਾਪ ਦੇ ਬੜੇ ਪਿਆਰੇ ਦੋਸ
ਤ ਮਦਦਗਾਰ ਰਹੇ ਹੋ ਓਸੇ ਤਰਾਂ ਹੁਣ ਮੇਰੇ ਬੀ ਸਹਾਇਕ ਬਣੇ ਰਹੋ। ਆਪ ਦੀ ਮਦ

Digitized by Panjab Digital Library | www.panjabdigilib.org

ਦ ਨਾਲ ਜੇੜ੍ਹਾ ਇਲਾਕਾ ਫਤੇ ਹੋਯਾ ਕਰੇਗਾ ਸੋ ਅੱਧੋ ਅੱਧੀ ਵੰਡ ਲਿਆ ਕਰਾਂਗੇ।— ੨੨੭
ਮੈਂ ਤੁਹਾਨੂੰ ਅਪਣੇ ਪਿਤਾ ਸਰੀਖੇ ਜਾਣਦਾ ਹਾਂ ਤੁਸੀਂ ਲਾਹੌਰ ਆਕੇ ਮੈਨੂੰ ਦੱਸੋ ਤੇ ਕੁਛ ਸਿੱਖ
ਮਤ ਦੇ ਜਾਓ ਨਹੀਂ ਤਾਂ ਮੈਂ ਤੁਹਾਡੇ ਚਰਨਾਂ ਵਿੱਚ ਹਾਜਰ ਹੋਵਾਂਗਾ।——— ।ਏਸੇ ਗੱ
ਲ ਪਰ ਓਹ ਤਾਂ ਫੁੱਲ ਕੇ ਡੱਡਾ ਹੋ ਗਿਆ ਲਾਹੌਰ ਚਲਾ ਆਯਾ। ਪਹਿਲੇ ਤਾਂ ਖਾੜਕੀ
ਤੀ ਫੇਰ ਉਸ ਨੂੰ ਕੈਦ ਕਰ ਮਹਾਂਰਾਜ ਆਪ ਉਸ ਦਾ ਇਲਾਕਾ ਰੋਕਣ ਵਾਸਤੇ ਜਦ ਅ
ਕਾਲਗੜ੍ਹ ਪਹੁੰਚੇ ਤਾਂ ਉਸ ਦੀ ਤੀਮੀ ਸਾਹਿਬ ਆਕੀ ਕਰ ਬੈਠੀ ਕਿਲੇ ਉੱਤੇ ਤੋਪਾਂ ਬੀੜ
ਕੇ ਮਰਦਾਨਾ ਭੇਸ ਧਾਰ ਫੌਜ ਸਮੇਤ ਜੰਗ ਕਰਨ ਲਈ ਮੈਦਾਨ ਵਿੱਚ ਆ ਖੜੀ ਤੀ।
ਪਹਿਲੇ ਤਾਂ ਮਹਾਂਰਾਜ ਠਠੰਬਰੇ ਕਿ ਤੀਮੀ ਨਾਲ ਕੀ ਲੜਨਾ ਹੈ। ਪਰ ਜਾਂ ਓਧਰੋਂ ਪਹ
ਲੋ ਹੋ ਗਈ ਤਾਂ ਮਹਾਂਰਾਜ ਨੇ ਬੀ ਲੜਾਈ ਛੇੜ ਦਿੱਤੀ ਓਹ ਨਿਹਾਯਤ ਦਲੇਰ ਬਹਾਦੁਰ
ਅਕਲਮੰਦ ਔਰਤ ਸੀ। ਨਾਲੇ ਤਾਂ ਲੜਾਈ ਨਾ ਥਮਣ ਦਿੱਤੀ ਨਾਲੇ ਸਾਹਿਬ ਸਿੰਘ
ਭੰਗੀ ਨੂੰ ਅਪਣੀ ਕੁਮਕ ਉੱਤੇ ਬੁਲਾ ਭੇਜਿਆ ਏਹ ਖਬਰ ਸੁਣ ਕੇ ਮਹਾਰਾਜੇ ਨੇ ਏਥੇ ਫ
ਤੇ ਹੁੰਦੀ ਨਾ ਦੇਖ ਕਰ ਗੁਜਰਾਤ ਵੱਲੀ ਬਾਗ ਉਠਾ ਲਈ। ਸਾਹਿਬ ਸਿੰਘ ਦੇ ਮਿਲਿਆਂ
ਹੋਯਾ ਟੱਕਰਮਾ, ਤਿੰਨ ਦਿਨ ਜੋਰੋ ਜੋਰ ਜੰਗ ਹੋਯਾ ਬੇਅੰਤ ਸਿੰਘ ਦੋਹਾਂ ਪਾਸਿਆਂ ਦੇ ਮੋ
ਏ ਜਦ ਸਾਹਿਬ ਸਿੰਘ ਕਿਲੇ ਵਿੱਚ ਬੜ ਬੈਠਾ ਤਾਂ ਮਹਾਂਰਾਜੇ ਦੀ ਫੌਜ ਕਿਲਾ ਸਹਿਰ
ਦੋਵੇਂ ਘੇਰ ਬੈਠੀ ਤੰਗ ਹੋ ਕੇ ਨੌਮੇ ਦਿਨ ਸਾਹਿਬ ਸਿੰਘ ਦੇ ਬੁਲਾਏ ਹੋਏ ਬਾਬੇ ਸਾਹਿਬ
ਸਿੰਘ ਬੇਦੀ ਨੇ ਆ ਕਰ (ਜਿਸ ਦਾ ਲਿਹਾਜ ਗੁਰੂ ਨਾਨਕ ਦੀ ਸੰਤਾਨ ਹੋਣੇ ਕਰ ਸਭ
ਸਿੰਘ ਮੰਨਦੇ ਸੇ) ਸੁਲਾ ਕਰਾ ਦਿੱਤੀ।—— ਮਹਾਂਰਾਜੇ ਨੇ ਪੰਜਾਹ ਹਜਾਰ (੫੦੦੦੦) ਰੁਪਯਾ
ਨਜਰਾਨਾ ਹੋਰ ਫੌਜ ਦਾ ਖਰਚਾ ਹਰਜਾ ਲੈ ਕੇ ਅੱਗੇ ਨੂੰ ਏਹ ਲਿਖਵਾ ਲੀਤਾ ਕਿ ਮੈਂ
ਸਰਕਾਰ ਲਾਹੌਰ ਦਾ ਹਮੇਸ਼ ਤਾਬੇਦਾਰ ਰਹਾਂਗਾ।—— ।ਮਹਾਂਰਾਜੇ ਨੇ ਲਹੌਰ ਆ
ਕਰ ਦੱਲ ਸਿੰਘ ਤੋਂ ਬੀ ਤਾਬੇਦਾਰੀ ਲਿਖਵਾ ਕੇ ਛੱਡ ਤਾਂ ਦਿੱਤਾ ਪਰ ਓਹ ਅਕਾਲਗ
ੜ੍ਹ ਜਾਕੇ ਮਰ ਗਿਆ ਮਹਾਂਰਾਜ[1] ਮੁਕਾਣ ਦੇ ਬਹਾਨੇ ਓਥੇ ਜਾਕੇ ਦੱਲ ਸਿੰਘ ਦੀ ਰਾਣੀ
ਨੂੰ ਦੋਹਾਂ ਪੁੱਤ੍ਰਾਂ ਸਮੇਤ ਧੋਖੇ ਨਾਲ ਕੈਦ ਕਰ ਸਭ ਰਾਜ ਉਨ੍ਹਾਂ ਦਾ ਛੀਨ ਲੀਤਾ ਉਨ੍ਹਾਂ ਦੇ ਕਿ
ਲੇ ਵਿੱਚੋਂ ਜੋ ਪੰਦ੍ਰਾਂ ਲਾਖ ਰੁਪਯਾ ਨਕਦ ਤੇ ਤੋਪਾਂ ਆਦਿਕ ਜੰਗੀ ਸਾਮਾਨ ਮਹਾਂਰਾਜੇ ਦੇ
ਹੱਥ ਆਯਾ ਉਸ ਵਿੱਚੋਂ ਤਾਂ ਕੁਛ ਨਾ ਦਿੱਤਾ ਸਿਰਫ ਦੱਲ ਸਿੰਘ ਦੀ ਰਾਣੀ ਨੂੰ ਚਾਰ ਪਿੰ
ਡ ਗੁਜਾਰੇ ਵਾਸਤੇ ਦੇਕੇ ਸਭ ਛੱਡ ਦਿੱਤੇ।——

੧ ਦੇਖੋ ਅਗਲਾ ਸਫਾ।——

Digitized by Panjab Digital Library | www.panjabdigilib.org

੩੨੮ ਹੁਣ ਮਹਾਂਰਾਜੇ ਨੂੰ ਓਹ ਰਾਜਨੀਤੀ ਦੀ ਚਾਲ ਸੁੱਝੀ ਜੇੜ੍ਹੀ ਰਿਖੀ ਮੁਨੀ ਪੋਥੀਆਂ ਵਿੱ
ਚ ਲਿਖ ਗਏ ਹਨ। —— ।।ਜਥਾ ਕਬਿੱਤ।।ਕੌਨ ਮੇਰੋ ਮੀਤ ਹੈ ਪ੍ਰਤੀਤ ਫੇਰ ਰੀਤ
ਹੂੰਤੇ ਕੌਨ ਹੈ ਕੁਮੀਤ ਜੋ ਕੁਨੀਤਿ ਕੋ ਧਰੇ ਰਹੈਂ।।ਕੌਨ ਸੰਗ ਮੇਲ ਠਾਣੈ ਕੌਨ ਕੋ ਆਧਿਕ ਤਾਣੈ
ਕੌਨ ਕੇ ਕੁਮੰਤ੍ਰ ਜਾਨੈ ਜੀਤ ਕੈ ਫਰੇਰ ਹੈਂ।।ਕੌਨ ਪਾਪੀ ਪਰਾਚੀਨ ਬੈਰੀ ਕੋ ਨਵੀਨ ਮੇਰੋ ਕੌਨ
ਉਦਾਸੀਨ ਹੈ ਅਧੀਨ ਕੋ ਧਰੇ ਰਹੈਂ।।ਜੈਸੀ ਰਣਜੀਤ ਸਿੰਘ ਨੀਤ ਹੂੰ ਗਿਆਨ ਸਿੰਘ ਚਾਹੀ
ਏ ਬਿਚਾਰ ਜੈਸੀ ਰਾਜਨ ਕੇ ਕਰੇ ਰਹੈਂ।। —— ੧ ।।ਕੌਨ ਰਾਜਨੀਤਿ ਸੈਂ ਅਜੀਤ ਰਿਪ
ਜੀਤੈ ਜਾਇ ਕੌਨ ਸੁਚ ਸੇਵਕ ਸਚਿਵ ਸਾਵਧਾਨ ਹੈਂ।।ਕੌਨ ਸੁਭ ਕਾਮ ਆਠੇ ਜਾਮ ਹ੍ਵੈਂ ਅ
ਰਾਮ ਜਾਮੈ ਕੌਨ ਸੁਖਦਾਈ ਦੁਖਦਾਈ ਕੇ ਨਿਦਾਨ ਹੈਂ।।ਕੌਨ ਕੋ ਨਿਕਟ ਰਾਖੇ ਭੇਜੈ ਕੌ ਬਿ
ਕਟ ਠੌਰ ਕੌਨ ਮੇਰੋ ਪੱਛੀ ਪ੍ਰਤਿਪੱਛੀ ਕੋ ਮਹਾਨ ਹੈਂ।।ਐਸੇ ਰਣਜੀਤ ਮ੍ਰਿਗਰਾਜ ਮਹਾਰਾ
ਜ ਨੀਤ ਕਰਤ ਬਿਚਾਰ ਰਾਜਨੀਤਿ ਕੇ ਨਿਧਾਨ ਹੈਂ।। ੨ ।।ਕੇਤੀ ਉਤਪਤਿ ਹੈ ਖਰਚ ਕੇਤੋ ਬ
ਢਤ ਹੈ ਕੌਨ ਤੌਰ ਔਰ ਚਹੀਏ ਆਮਦ ਬਢਾਇਬੋ।।ਕੌਨ ਕੌਨ ਸੂਰਬੀਰ ਕੌਨ ਕੌਨ ਦੇਸ
ਪਠੈਂ ਕੌਨ ਠੌਰ ਕੇਤੀ ਫੌਜ ਚਾਹੀਏ ਬਢਾਇਬੋ।।ਕੌਨ ਧੜਾ ਨਿਰਬਲ ਪਰਬਲ ਕੌਨ ਕੋ
ਹੈ ਕੌਨ ਕੋ ਬਢਾਵੈਂ ਕੈਸੇ ਕੌਨ ਕੋ ਘਟਾਇਬੋ।।ਗਿਆਨ ਹਰੀ ਘਰੀ ਘਰੀ ਰਾਜ ਕਾਜ ਸਾ

ਰਾਜਨੀਤਿ ਦਾ ਵੀਚਾਰ

ਜ ਹਿਤ ਮਹਾਂਰਾਜ ਕੋ ਬਿਚਾਰ ਏਤਨਾ ਰਹਾਇਬੋ।। ——
ਜਥਾ ਦੇਵੀਦਾਸ — ।।ਛੋਟੇ ਛੋਟੇ ਗੁਲਛ ਕੋ ਸੂਰਨ ਕੀ ਬਾਰ ਕਰੇ ਪਾਤਰੇ ਸੇ ਪੌਧ ਪਾਨੀ
ਪੋਖ ਕਰ ਪਾਰਬੋ।।ਫੂਲੀ ਫੂਲ ਵਾਰਿਨ ਸੇਂ ਫੂਲ ਮੋਹਿ ਲੇਵੈ ਚੁਨ ਘਨੇ ਦਰਖਤ ਏਕ ਠੌ
ਤੇ ਉਪਾਰਬੋ।।ਨੀਚੇ ਪਰੇ ਪਾਂਇਨ ਸੋ ਟੇਕ ਦੈ ਦੈ ਊਚ ਕਰੈ ਊਚੇ ਬਢ ਗਏ ਕੋ ਜਰੂਰ ਕਾਟ
ਡਾਰਬੋ।।ਰਾਜਨ ਕੋ ਮਾਲੀ ਆਰੁ ਚਾਰ ਘਰੀ ਰਾਤ ਰਹੈ ਨਿਤ ਪ੍ਰਤਿ ਚਾਹੀਅਤ ਏਤ
ਨਾ ਬਿਚਾਰਬੋ।। ੧ ।।ਮੂਸੇ ਪਰ ਸਾਂਪ ਰਾਖੇ ਸਾਂਪ ਪਰ ਮੋਰ ਰਾਖੇ ਬੈਲ ਪਰ ਸਿੰਘ ਰਾਖੇ
ਤਾਂ ਕੇ ਕਹਾਂ ਭੀਤ ਹੈ।।ਪੂਤ ਨਪੈ ਭੂਤ ਰਾਖੇ ਭੂਤਨਿ ਪੈ ਬਿਭੂਤਿ ਰਾਖੇ ਖਟ ਮੁਖ ਗਜ ਮੁਖ
ਜਾਂ ਕੇ ਜਹਿ ਰੀਤਿ ਹੈ।।ਕਾਂਅ ਪਰ ਬਾਂਅ ਰਾਖੇ ਆਗ ਪਰ ਪਾਨੀ ਰਾਖੇ ਬਿਖ ਪਰ ਅਮੀ
ਰਾਖੇ ਸੋਈ ਜਗ ਜੀਤ ਹੈ।। ੨ ——
।।ਜਦ ਮਹਾਂਰਾਜੇ ਰਣਜੀਤ ਸਿੰਘ ਨੂੰ ਏਹੋ ਜੇਹੀ ਰਾਜਨੀਤਿ ਫੁਰੀ ਤਾਂ ਓਸਨੇ ਪੰਜਾ
ਬ ਸਰਦਾਰਾਂ ਨੂੰ ਪੁਛਣ ਵਾਸਤੇ ਅਦਾਲਤਾਂ ਲਿਖੀਆਂ ਕਿ ਤੁਸੀਂ ਮਿਹਰਬਾਨੀ ਕਰਕੇ
ਮੈਨੂੰ ਮਿਲ ਜਾਓ ਹੋਰ ਤਾਂ ਕਿਸੇ ਨੇ ਕੁਛ ਨਾ ਗਾਉਲ੍ਹੀ ਸਰਦਾਰ ਫਤੇ ਸਿੰਘ ਆਹਲੂ

Digitized by Panjab Digital Library | www.panjabdigilib.org

ਵਾਲੀਏ ਨੇ ਲਿਖਿਆ, ਕਿ ਮੇਰਾ ਪਿਤਾ ਗੁਜਰ ਗੈਆ ਇਸ ਕਰਕੇ ਮੈਂ ਆ ਨਹੀਂ ਸਕਦਾ ੩੨੮
ਮਹਾਂਰਾਜ ਉਸੇ ਨੂੰ ਚੰਗਾ ਸਮਝਕੇ ਸੰ: ੧੮੫੮ ਬਿ: ਕੋ ਮੁਕਾਣ ਦੇਣ ਉਸੇ ਦੇ ਚਲੇ
ਗਏ॥ —— ॥ਉਧਰ ਸਰਦਾਰ ਫਤੇ ਸਿੰਘ ਨੇ ਅਪਣੇ ਨਾਲੁ ਅਕਾਲਗੜ੍ਹ ਵਾਲ੍ਹਾ
ਹੰਬ ਹੋਣ ਤੇ ਡਰਕੇ ਜੰਗ ਦੀ ਤਿਆਰੀ ਕਰ ਅਪਣੀ ਰਜਧਾਨੀ ਤੋਂ ਕੋਸ ਭਰ ਬਾਹਰ
ਤੰਬੂ ਮਹਾਂਰਾਜੇ ਦੇ ਉਤਾਰੇ ਵਾਸਤੇ ਲਾ ਦਿੱਤੇ ਜਦ ਏਹ ਤ੍ਰਨਤਾਰਨ ਇਸ਼ਨਾਨ ਕਰ ਓਥੇ
ਪਹੁੰਚੇ ਤਾਂ ਫਤੇ ਸਿੰਘ ਅੱਗੋਂ ਆ ਮਿਲਿਆ ਤੇ ਪਿੰਡੋਂ ਬਾਹਰ ਉਤਾਰਾ ਦਿੱਤਾ ਮਹਾਂਰਾਜੇ
ਨੇ ਉਸਦੇ ਦਿਲ ਦੀ ਸਮਝਕੇ ਆਖਿਆ ਤੂੰ ਭਰੋਸਾ ਰੱਖ ਮੈਂ ਤੇਰੇ ਨਾਲ ਕਦੇ ਨਾ ਵਿਗਾੜੂੰ
ਗਾ। ਦੂਜੇ ਦਿਨ ਅੰਮ੍ਰਿਤਸਰ ਆਕੇ ਦਰਬਾਰ ਸਾਹਿਬ ਦੇ ਵਿੱਚ ਬੈਠ ਕਰ ਦੋਹਾਂ ਨੇ ਗ੍ਰੰ
ਥ ਸਾਹਿਬ ਉੱਤੇ ਕੇਸ ਦੇ ਪੰਜੇ ਲਾਏ। ਨੇਮ ਧਰਮ ਕੀਤੇ। ਦੋਸਤੀ ਕਾਇਮ ਰੱਖਣ
ਲਈ ਜਿਨ੍ਹਾਂ ਪੱਤ੍ਰ ਲਿਖੇ ਪਗੜੀ ਬਦਲ ਧਰਮ ਦੇ ਭਾਈ ਬਣੇ॥ ——
ਰਾਣੀ ਸਦਾ ਕੌਰ ਮਹਾਂਰਾਜੇ ਦੀ ਸੱਸ ਦੇ ਵਕੀਲ ਨੇ ਆਕੇ ਅਰਜ ਕੀਤੀ ਕਿ ਰਾਜੇ ਸੰ ਸਦਾ ਕੌਰ ਦਾ ਇਲਾਕਾ ਰਾਜੇ ਤੋਂ ਛੁਡਾ ਦੇਣਾ
ਸਾਰ ਚੰਦ ਨੇ ਬਹੁਤ ਪਿੰਡ ਰਾਣੀ ਜੀ ਦੇ ਦਬਾ ਲਏ। ਆਪ ਸਹਾਇਤਾ ਕਰੋ। ਮਹਾਂਰਾ
ਜੇ ਨੇ ਤੁਰਤ ਬਟਾਲੇ ਪਹੁੰਚ ਕਰ ਸਰਦਾਰ ਫਤੇ ਸਿੰਘ ਨੂੰ ਬੁਲਾਕੇ ਸਾਥ ਲੈ ਲੀਤਾ।
ਏਹ ਤਾਂ ਅਜੇ ਅਸਾ ਹੀ ਲੀਘੇ ਸੇ ਰਾਜੇ ਦੇ ਕਾਰਦਾਰ ਡਰਦੇ ਮਾਰੇ ਰਾਣੀ ਦੇ ਪਗਣੇ
ਛੱਡਕੇ ਪਹਿਲੇ ਹੀ ਦੌੜ ਗਏ। ਮਹਾਂਰਾਜ ਓਹ ਪਰਗਨੇ ਦਤਾਰਪੁਰ ਆਦਿਕ ਰਾਣੀ ਦੇ
ਹੋਰ ਬਾਕੀ ਰਾਜੇ ਦੇ ਸਬ ਰਾਣੀ ਦੇ ਕਬਜੇ ਕਰਾਕੇ ਪਠਾਨਕੋਟ ਵਿਨੀ ਮੁੜ ਆਏ।
ਰੱਘੇ ਸਰਦਾਰਾਂ ਤੋਂ ਨਜਰਾਂ ਲੈਂਦੇ ਹੋਏ ਸਰਦਾਰ ਬੁੱਧ ਸਿੰਘ ਸੰਗਤ ਸਿੰਘ ਤੋਂ ਸੁਜਾਨ
ਪੁਰ ਰਾਮਪੁਰ ਅਕਾਲਗੜ੍ਹ ਧਰਮਕੋਟ ਛੀਨਕੇ ਲਾਹੌਰ ਆ ਬੜੇ॥ ——
ਏਸੇ ਸਾਲ ਮੁਸਲਮਾਨਾਂ ਦੇ ਦੁਖਾਏ ਹੋਏ ਹਿੰਦੂਆਂ ਦੀ ਫਰਿਆਦ ਸੁਣਕੇ ਮਹਾਂਰਾਜੇ ਧੰਨੀ ਪੋਠੋਹਾਰ ਜੇ ਮਰਨਾ:
ਨੇ ਧਨੀ ਪੋਠੋਹਾਰ ਵਿਨੀ ਦੌਰਾ ਕੀਤਾ। ਓਧਰ ਦੇ ਮੁਸਲਮਾਨ ਕੋਈ ਪਚਾਸ ਪਿੰਡ ਕੋ
ਈ ਤੀਸ ਪਿੰਡ ਦਾ ਮਾਲਕ ਸੀ ਸਭ ਨੂੰ ਜਿੱਤਕੇ ਅਪਣੇ ਬਸੀਕਾਰ ਕਰ ਉਨਾਂ ਤੋਂ ਚਾਰ ਸੌ
ਘੋੜੇ ਜੋ ਓਧਰ ਦੇ ਮਸਹੂਰ ਹੁੰਦੇ ਹਨ ਲੈਕੇ ਲਾਹੌਰ ਦਾਖਲ ਹੋਏ॥ ——
ਸੰ: ੧੮੫੮ ਬਿ: ਕੋ ਪਿੰਡੀ ਭੱਟੀਆਂ ਦੀ ਤਰਫੋਂ ਬੇਸੁਮਾਰ ਲੋਗਾਂ ਨੇ ਆਕੇ ਅਪਣੇ
ਹਾਕਿਮਾਂ ਦੇ ਜੁਲਮ ਜਿਤਾਏ। ਤਾਂ ਮਹਾਂਰਾਜ ਸਰਦਾਰ ਫਤੇ ਸਿੰਘ ਬਹਾਦੁਰ ਨੂੰ ਸਾ
ਥ ਲੈਕੇ ਚੜ੍ਹ ਬੈਠੇ। ਤਸਕੇ ਵਾਲ੍ਹਾ ਦੇਵ ਸਿੰਘ ਤਾਂ ਡਰਦਾ ਨੱਠ ਗੈਆ ਉਸਦਾ ਰਾਜ ਜਬ

੩੩੦ ਤਕਰੋਕਨਾ ਅਸਿੰਘ ਢੂਲੋ ਦੇ ਪੁੱਤ੍ਰ ਜੱਸਾ ਸਿੰਘ ਭੰਗੀ ਤੇ ਜੋਗਾ ਨਾਲ ਕਿਲਾ ਚਿਤੌੜ
ਪਿੰਡੀ ਭੱਟੀਆਂ ਦੀ ਛੁਡਾ ਕੇ ਤਾਂ ਸਰਦਾਰ ਫਤੇ ਸਿੰਘ ਨੂੰ ਦੇ ਦਿੱਤੇ ਤੇ ਚਨਿਓਟ ਆਪ ਰੱ
ਖੀ ਓਸ ਨੂੰ ਸੰਤੀ ਪਿੰਡ ਗੁਜ਼ਾਰੇ ਵਾਸਤੇ ਦੇ ਕੇ ਛੱਡ ਦਿੱਤਾ।——
ਚਨਿਓਟ ਤੋਂ ਆ ਕੇ ਅਜੇ ਦਮ ਨਹੀਂ ਲੀਤਾ ਸੀ ਖਬਰ ਆਈ ਕਿ ਨਜ਼ਾਮੁੱਦੀਨ ਖਾਂ ਕਸੂ
ਰ ਵਾਲੇ ਨੇ ਅਨੇਕ ਪਿੰਡ ਲਾਹੌਰ ਦੇ ਦਬਾ ਲੀਤੇ। ਸਰਕਾਰ ਨੇ ਤਾਂ ਏਹ ਗੱਲ ਸੁਣ ਕੇ ਲੋ
ਹੇ ਲਾਖੇ ਹੋ ਸਰਦਾਰ ਫਤੇ ਸਿੰਘ ਸਮੇਤ ਓਧਰ ਨੂੰ ਕੂਚ ਕਰ ਦਿੱਤਾ। ਨਜ਼ਾਮੁੱਦੀਨ ਖਾਂ
ਬੀ ਪਠਾਣਾਂ ਦੀ ਲੜਾਕੀ ਫੌਜ ਲੈ ਕੇ ਸ਼ਹਿਰ ਤੇ ਕਿਲੇ ਦੀ ਤਕੜਾਈ ਕਰ ਦੋ ਕੋਸ ਅੱਗੇ
ਮਹਾਂਰਾਜੇ ਨੂੰ ਆ ਟੱਕਰਿਆ। ਬੜੀ ਤੇਜ਼ੀ ਨਾਲ ਪੰਜ ਦਿਨ ਤੋਪਾਂ ਬੰਦੂਕਾਂ ਤੀਰਾਂ ਦਾ ਜੰਗ
ਹੁੰਦਾ ਰੈਹਾ। ਛੀਵੇਂ ਦਿਨ ਦੋਹਾਂ ਪਾਸਿਆਂ ਤੋਂ ਤਲਵਾਰਾਂ ਖੈਂਚ ਕੇ ਹੱਥੋ ਹੱਥੀ ਹੋ ਪਏ। ਲਲ
ਕਾਰ੨ ਮਾਰ੨ ਪੁਕਾਰ੨ ਜਿੰਦ੨ ਕੁੱਦ੨ ਕੇ ਲੜੇ ਲੋਥ ਉੱਤੇ ਲੋਥ ਚੜ੍ਹਾ ਦਿੱਤੀ ਲਹੂ ਨਾ
ਲ ਧਰਤੀ ਸੂਹੀ ਹੋ ਗਈ। ਜਦ ਪਠਾਣ ਬਧਦੇ ਦੇਖੇ ਤਾਂ ਖਾਸ ਮਹਾਂਰਾਜ ਤੇ ਸਰਦਾ
ਰ ਫਤੇ ਸਿੰਘ ਆਹਲੂਵਾਲੀਆ ਬੀ ਘੋੜਿਆਂ ਦੇ ਅਸਵਾਰ ਬਣ ਗੁਰੂ ਨੂੰ ਮਨਾ ਜੁੱਧ ਭੂ
ਮਿ ਵਿੱਚ ਜਾ ਖੜੇ ਹੋਏ ਤੇ ਤੀਰਾਂ ਦੀ ਬਰਖਾ ਕਰ ਦਿੱਤੀ ਫੇਰ ਤਾਂ ਜਦ ਮਹਾਂਰਾਜੇ ਨੇ ਅਫ
ਸਰਾਂ ਦੇ ਨਾਂਅ ਲੈ ਲੈ ਲਲਕਾਰੇ ਮਾਰੇ ਤਾਂ ਸਿੰਘ ਪੱਬਾਂ ਭਾਰ ਹੋ ਪਏ। ਪਠਾਣਾਂ ਦੇ ਪਾਣ
ਲਾ ਸਿੰਘੋ। ਓੜਕ ਨੱਠ ਕੇ ਪਠਾਣ ਵਿਚਾਰੇ ਤੋਬਾ੨ ਕਰਕੇ ਸ਼ਹਿਰ ਤੇ ਕਿਲੇ ਵਿੱਚ ਘੁਸ
ਬੈਠੇ। ਸਿੰਘਾਂ ਨੇ ਸ਼ਹਿਰ ਤੇ ਕਿਲੇ ਨੂੰ ਘੇਰ ਕੇ ਐਸੀ ਕਹਿਰ ਦੀ ਅੱਗ ਵਰਸਾਈ ਖਲ
ਕਤ ਤੋਬਾ੨ ਕਰ ਉੱਠੀ ਬਾਈ ਦਿਨ ਏਹੋ ਹਾਲ ਰੈਹਾ। ਫੇਰ ਤਾਂ ਪੌੜੀਆਂ ਧਰ ਕੇ ਸਿੰਘ
ਸ਼ਹਿਰ ਵਿੱਚ ਬੜ ਗਏ ਦਰਵਾਜ਼ੇ ਖੋਲ ਦਿੱਤੇ ਸ਼ਹਿਰ ਵਿੱਚ ਕਹਿਰ ਦੀ ਲੁੱਟ ਮਚਾ
ਦਿੱਤੀ। ਛੇਕੜ ਨਜ਼ਾਮੁੱਦੀਨ ਖਾਂ ਗਲ ਵਿੱਚ ਪੱਲਾ ਪਾ ਸਰਕਾਰ ਦੇ ਚਰਨਾਂ ਉੱਤੇ ਆ
ਡਿੱਗਿਆ ਅਪਣਾ ਗੁਨਾਹ ਮਾਫ ਸਾਹਿਬ ਦਾ ਆਨ ਮੰਗਿਆ। ਮਹਾਂਰਾਜ ਬਹੁਤ ਕ੍ਰਿ
ਪਾਲੂ ਥੇ ਆਨ ਦੇ ਕੇ ਇੱਕ ਲਾਖ ਜੁਰਮਾਨਾ ਦੋ ਲਾਖ ਰੁਪੱਯਾ ਹਰਜੇ ਖਰਚੇ ਵਾਸਤੇ
੨੫੦੦੦
ਲੈ ਕੇ ਅੱਗੇ ਨੂੰ ਤਾਬੇਦਾਰੀ ਤੇ ਪੰਝੀ ਹਜ਼ਾਰ ਸਾਲਾਨਾ ਖਿਰਾਜ ਲਿਖਵਾ ਕਰ ਫੇਰ ਓ
ਸੇ ਨੂੰ ਕਸੂਰ ਦਾ ਰਾਜਾ ਬਣਾ ਕੇ ਅੰਮ੍ਰਿਤਸਰ ਚਲੇ ਆਏ।——। ਏਸ ਜੰਗ
ਵਿੱਚ ਦੋ ਹਜ਼ਾਰ ਪਠਾਣ ਪੰਜ ਸੌ ਸਿੰਘ ਤਲਵਾਰ ਦੀ ਧਾਰ ਬਾਣੀ ਪਾਰ ਹੋਏ।——
ਓਸੇ ਥਾਂ ਖਬਰ ਆਈ ਕਿ ਰਾਜੇ ਸੰਸਾਰ ਚੰਦ ਨੇ ਬਿਜਵਾੜਾ ਹੁਸ਼ਿਆਰਪੁਰ ਫੇਰ ਦੱਬ

Digitized by Panjab Digital Library | www.panjabdigilib.org

ਲੀਤੇ ਸਰਕਾਰ ਫੌਰਨ ਉਥੇ ਪਹੁੰਚੇ ਥੋੜੀ ਜੀ ਲੜਾਈ ਕਰਕੇ ਰਾਜਾ ਤੌਂ ਦੌੜ ਗੈਆ, ੩੩੧
ਏਹ ਅੰਬਾਲੇ ਟੰਗਗੜ੍ਹ ਤਕ ਸਾਰਾ ਇਲਾਕਾ ਉਸਦਾ ਦਬਾਕੇ ਮੁੜ ਫਗਵਾੜੇ ਆਉ
ਣ ਓਥੋਂ ਦੇ ਚੌਧਰੀ ਚੂਹੜ ਮੱਲ ਦੀ ਨੂੰਹ ਰੰਡੀ ਸੁਤੰਤ੍ਰ ਉਸ ਪਰਗਣੇ ਦਾ ਰਾਜ ਕਰਦੀ ਹੈ
ਸੀ ਇੱਕ ਬੜੇ ਭਾਰੀ ਖਜਾਨੇ ਦੀ ਮਾਲਕ ਸੀ, ਉਸ ਦੇ ਕਾਰਦਾਰ ਬ੍ਰਹਮਣਾ ਦੇ ਸੈਂਤਾਏ
ਹੋਏ ਜੱਟਾਂ ਨੇ ਸਰਕਾਰ ਅੱਗੇ ਪੱਲੇ ਭੰਨਾਏ ਤਾਂ ਸਰਕਾਰ ਨੇ ਉਸ ਮਾਈ ਨੂੰ ਤਾਂ ਜਿਤਨਾ
ਰੁਪਯਾ ਉਸਨੇ ਮੰਗਿਆ ਦੇਕੇ ਹਰਿਦ੍ਵਾਰ ਪੁਚਾ ਦਿੱਤਾ ਬਾਕੀ ਉਸਦਾ ਖਜਾਨਾ ਆਪ ਲੈ
ਕੇ ਓਹ ਪਰਗਣਾ ਸਰਦਾਰ ਫਤੇ ਸਿੰਘ ਨੂੰ ਦੇ ਦਿੱਤਾ। —
ਏਸੇ ਸਾਲ ਵਿੱਚ ਮੋਰਾਂ ਕੰਜਰੀ ਨਾਲ (ਜੋ ਅਕਲ ਸਕਲ ਵਿੱਚ ਇੱਕ ਪੰਜਾਬ ਦੀ ਸ
ਰਦਾਰ ਪੰਦ੍ਰਾਂ ਸਾਲ ਦੀ ਸੀ) ਮਹਾਂਰਾਜੇ ਨੇ ਪਸਿੰਦ ਕਰਕੇ ਆਪਣੀ ਦਿਲਲਗੀ ਵ
ਸਤੇ ਖਾਲਸਾ ਧਰਮ ਦੇ ਅਨੁਸਾਰ (ਜੈਸੇ ਪਿੱਛੇ ਬੀ ਮੁਸਲਮਾਨੀਆਂ ਨੂੰ ਸਿੰਘ ਅੰ
ਮ੍ਰਿਤ ਛਕਾ ਛਕਾਕੇ ਸਿੰਘਣੀਆਂ ਕਰ ਲੈਂਦੇ ਰਹੇ ਸਨ ਦੇਖੋ ਹਿੱਸਾ ਦੂਜਾ ਸਫਾ ੪੮੬)
ਐਸੇ ਹੀ) ਅਨੰਦ ਪੜ੍ਹਾ ਲੀਤਾ ਜਿਸ ਨੂੰ ਮੁਸਲਮਾਨ ਮੁਸੰਨਫ ਨਕਾਹ ਲਿਖਦੇ ਹਨ।
।ਜੱਦਿਪ ਮੋਰਾਂ ਦੇ ਪਯਾਰ ਤੇ ਚਾਉ ਤਮਾਸ਼ੇ ਵਿੱਚ ਮਹਾਂਰਾਜੇ ਐਥੋਂ ਤੀਕਰ ਗਲਤਾਨ
ਹੋ ਗਏ ਸੇ ਸਿੱਕਾ ਬੀ ਮੋਰਾਂ ਦੇ ਨਾਮ ਦਾ ਚਲਾਇਆ ਪ੍ਰੰਤੂ ਆਪਣੇ ਮਜਹਬੀ ਧਰਮ
ਕਰਮ ਤੇ ਰਿਆਸਤ ਦੇ ਕਾਰ ਬਾਰ ਜਿਨਾਂ ਦੇ ਪੂਰੇ ਕਰਨ ਦਾ ਰੱਬ ਦੀ ਤਰਫੋਂ ਉਨਾਂ ਦੇ ਜਿੰ
ਮੇ ਫਰਜ ਸੀ ਕਦੇ ਨ ਭੁੱਲੇ। —
ਸੰ: ੧੮੬੧ ਬਿ: ਕੋ ਮਹਾਂਰਾਜੇ ਨੇ ਵੈਸਾਖੀ ਦੇ ਪੁਰਬ ਉੱਤੇ ਸ੍ਰੀ ਗੰਗਾ ਜੀ ਹਰਿਦ੍ਵਾ
ਰ ਪਹੁੰਚੇ ਇਸ੍ਨਾਨ ਤੇ ਸਵਾ ਲਾਖ ਰੁਪਯਾ ਦਾਨ ਕੀਤਾ ਗਰੀਬ ਗੁਰਬੇ ਨੂੰ ਬਹੁਤ ਧਨ
ਵੰਡਿਆ ਮਹਾਂਰਾਜੇ ਦੀ ਇੱਛਿਆ ਹਿੰਦੁਸਤਾਨ ਦੀ ਸੈਲ ਕਰਨ ਦੀ ਸੀ ਪਰ ਖਬਰ ਲੱ
ਗੀ ਕਿ ਕਸੂਰ ਵਾਲੇ ਨਜਾਮੁੱਦੀਨ ਨੂੰ ਉਸ ਦੇ ਭਾਈ ਕੁਤਬਦੀਨ ਖਾਂ ਨੇ ਪਹਿਲੇ ਕੈਦ
ਕਰ ਲੀਤਾ ਸੀ ਫੇਰ ਕਾਜੀਆਂ ਤੋਂ ਫਤਵਾ ਅਰਥਾਤ ਆਗਿਆ ਲੈਕੇ ਏਸ ਗੱਲ ਬ
ਦਲੇ ਕਿ ਏਸ ਨੇ ਹਿੰਦੂ ਕਾਫਰ ਦੀ ਤਾਬੇਦਾਰੀ ਮੰਨ ਲਈ ਹੈ ਕਤਲ ਕਰਾ ਦਿੱਤਾ।
ਮਹਾਂਰਾਜੇ ਨੇ ਬਹੁਤ ਗੁੱਸੇ ਵਿੱਚ ਆਕੇ ਲਾਹੌਰੋਂ ਫੌਜ ਮੰਗਾ ਸਰਦਾਰ ਫਤੇ ਸਿੰਘ
ਕੋ ਕਪੂਰਥਲੇ ਸੈਂ ਸਾਥ ਲੈਕੇ ਕਸੂਰ ਨੂੰ ਜਾ ਘੇਰਿਆ ਕੁਤਬਦੀਨ ਨੇ ਸ਼ਹਿਰ ਤੇ
ਕਿਲੇ ਨੂੰ ਆਕੀ ਕਰਕੇ ਇੱਕ ਮਹੀਨਾ ਜੋਰ ਗਰਮ ਰੱਖਿਆ ਓੜਕ ਸਿੰਘਾਂ ਦੀ ਤ

Digitized by Panjab Digital Library | www.panjabdigilib.org

੩੩੨ ਲਸ਼ਕਰ ਨੇ ਮਾਰ ਕੇ ਪਠਾਣਾਂ ਨੂੰ ਬਿਆਕੁਲ ਕਰ ਸ਼ਹਿਰ ਵਿੱਚ ਵਾੜ ਦਿੱਤੇ ਪੈਂਤਾਲੀ ਦਿਨ ਘੇ
ਰ ਕੇ ਬੈਠੇ ਰਹੇ ਪਠਾਣਾਂ ਦਾ ਸਭ ਇਲਾਕਾ ਉਜਾੜ ਕਰ ਦਿੱਤਾ ਲੁੱਟ ਮਾਰ ਦਿੱਤੀ ਸ਼ਹਿ
ਰ ਵਿੱਚ ਕੋਈ ਚੀਜ਼ ਨਾ ਜਾਣ ਦਿੱਤੀ ਬਹੁਤ ਆਦਮੀ ਭੁੱਖੇ ਮਰ ਗਏ ਮੁਸਲਮਾਨਾਂ ਨੇ
ਘੋੜੇ ਭੀ ਹਲਾਲ ਕਰ ੨ ਕੇ ਖਾ ਲੀਤੇ ਹਾਹਾਕਾਰ ਮੱਚ ਗਈ। ਉਧਰੋਂ ਮਹਾਂਰਾਜੇ ਦੀਆਂ
ਤੋਪਾਂ ਨੇ ਭੀ ਕੋਟ ਢਾਹ ਕੇ ਰਾਹ ਕਰ ਲੈਆ ਸਿੰਘਾਂ ਨੇ ਅੰਦਰ ਵੜ ਕੇ ਲੁੱਟ ਮਾਰ ਦੀ ਸੰਧਾਰਣਾ
ਠਲਈ। ਹਾਰ ਕੇ ਜਦ ਕੁਤਬੁੱਦੀਨ ਪੰਚਾਇਤ ਨੂੰ ਸਾਥ ਲੈ ਕੇ ਮਹਾਂਰਾਜੇ ਦੇ ਚਰਨੀਂ
ਪੈਆ ਤਾਂ ਬਹੁਤ ਅਰਜ਼ ਮਿੰਨਤ ਕੀਤਾ ਕਿ ਨੁਵਾਬ ਸਾਹਿਬ ਆਪ ਕਾਫਰ ਦੀ ਤਾਬੇਦਾਰੀ ਕੋ
ਕਰਦੇ ਹੋ। ਛੇਕੜ ਮਹਾਂਰਾਜੇ ਨੇ ਉਸ ਤੋਂ ਸੱਤ ਲਾਖ ਰੁਪਿਆ ਔਰ ਇੱਕ ਲਾਖ ਹਰਜੇ ਖਰਚੇ
ਦਾ ਲੈ ਕੇ ਤਾਬੇਦਾਰੀ ਔਰ ਤੀਸ ਹਜ਼ਾਰ ਸਾਲ ਦਾ ਖਿਰਾਜ ਲਿਖਵਾ ਕੇ ਉਸੇ ਨੂੰ ਫੇਰ ਕ
ਸੂਰ ਦਾ ਰਾਜ ਬਖਸ਼ ਦਿੱਤਾ।। —

ਮੁਲਤਾਨ ਪਰ ਚੜ੍ਹਾਈ

ਏਸੇ ਸਾਲ ਦੁਸਹਿਰੇ ਦੇ ਤਿਹਾਰ ਉੱਤੇ ਮੁਲਤਾਨ ਦੇ ਹਿੰਦੂਆਂ ਨੇ ਰਾਮ ਲਛਮਣ ਹਨੂਮਾਨ
ਆਦਿਕਾਂ ਦੇ ਸਰੂਪ ਕੱਢੇ ਤੇ ਉਧਰ ਮੁਸਲਮਾਨਾਂ ਦੇ ਤਾਜ਼ੀਏ ਨਿਕਲੇ ਮੁਸਲਮਾਨਾਂ ਨੇ
ਹਿੰਦੂਆਂ ਦੀ ਬਹੁਤ ਦੁਰਦਿਸ਼ਾ ਕੀਤੀ ਦੋ ਤਿੰਨ ਮੁੰਡੇ ਰਾਮ ਲਛਮਣ ਬਣੇ ਹੋਏ ਮਾਰ ਘੱਤੇ
ਉਥੋਂ ਦੇ ਸੂਬੇ ਮੁਜ਼ੱਫਰ ਖਾਂ ਨੇ ਭੀ ਮੁਸਲਮਾਨਾਂ ਦਾ ਪੱਖ ਕੀਤਾ ਜਦ ਹਿੰਦੂ ਸਰਕਾਰ ਪਾਸ ਆ
ਕੇ ਲਾਹੌਰ ਰੋਏ ਤਾਂ ਮਹਾਂਰਾਜੇ ਨੇ ਮੁਲਤਾਨ ਉੱਤੇ ਚੜ੍ਹਾਈ ਕਰ ਦਿੱਤੀ।। — ।ਉਧਰੋਂ ਮਹਾਂਰਾ
ਜੇ ਦੀ ਧਾਕ ਤਾਂ ਸਿਕੰਦਰ ਨਾਲੋਂ ਭੀ ਅਧਿਕ ਪੈ ਰਹੀ ਸੀ। ਮੁਸਲਮਾਨਾਂ ਦੇ ਲਹੂ ਸੁੱਕ ਗ
ਏ ਤੇ ਬਿਆਂ ਵਿੱਚ ਪਿਸ਼ਾਬ ਛੁੱਟ ਗਏ ਅਨੇਕ ਪਿੰਡ ਡਰਦੇ ਮਾਰੇ ਉੱਜੜ ਕੇ ਜੰਗਲਾਂ ਵਿੱਚ
ਜਾ ਵੜੇ। ਨੁਵਾਬ ਨੇ ਖਾਲਸੇ ਦੀ ਚੜ੍ਹਾਈ ਸੁਣ ਕੇ ਲੜਾਈ ਦੀ ਤਕੜਾਈ ਕਰ ਲੀਤੀ
ਤਿੰਨ ਦਿਨ ਤੋਪਾਂ ਦੀ ਅੱਗ ਬਰਸੀ। ਚੌਥੇ ਦਿਨ ਦੁੱਰਾਨੀਆਂ ਦੀ ਫ਼ੌਜ ਜੋ ਉਥੇ ਕਾਬਲ ਦੇ
ਨੀਓਂ ਰਹਿੰਦੀ ਸੀ ਹੱਲਾ ਕਰ ਅਲੀ ੨ ਬੋਲਦੀ ਹੋਈ ਆ ਪੇਈ ਤੇਗਾਂ ਦਾ ਜੰਗ ਤਾਂ ਸਿੰਘਾਂ
ਨੂੰ ਰੱਬ ਦੇਵੇ ਸ਼ਮਸ਼ੇਰਾਂ ਸੂਤ ਕੇ ਸ਼ੇਰਾਂ ਵਾਂਗੂ ਕੁੱਦ ਪਏ। ਜੰਦਾਪ ਦੁੱਰਾਨੀ ਬਹੁਤ ਲੜੇ ਦੋ ਸੌ
ਸਿੰਘ ਸੱਤ ਸੌ ਪਠਾਣ ਖੇਤ ਰਹੇ ਛੇਕੜ ਪਠਾਣ ਭੱਜ ਨਿਕਲੇ ਸਿੰਘਾਂ ਨੇ ਸ਼ਹਿਰ ਵਿੱ
ਚ ਵੜ ਕੇ ਜੇੜ੍ਹੇ ੨ ਮੁਸਲਮਾਨਾਂ ਨੇ ਹਿੰਦੂ ਸਤਾਏ ਸੇ ਚੰਗੇ ਸੁਕਾਮਾਂ ਕੀਤੇ ਲੁੱਟ ਪੁੱਟ ਕੇ ਕੰ
ਨਾਂ ਨੂੰ ਹੱਥ ਲਾਏ ਤੋਬਾ ਕਰਾ ਛੱਡੀ। ਨੁਵਾਬ ਨੇ ਤਿੰਨ ਲਾਖ ਰੁਪਿਆ ਦੇ ਕੇ ਮਹਾਂਰਾਜੇ ਨਾਲ
ਸੁਲਾ ਕਰ ਲੀਤੀ ਸਰਕਾਰ ਈਨ ਮਨਾ ਕੇ ਲਾਹੌਰ ਫਿਰ ਮੁੜ ਆਏ।। —

Digitized by Panjab Digital Library | www.panjabdigilib.org

੩੩੩ ਅੰਮ੍ਰਿਤਸਰ [illegible] ਲੈਣਾ।

ਏਸੇ ਸਾਲ ਸਰਕਾਰ ਨੇ ਪੈਦਲ ਤੇ ਅਸਵਾਰੀ ਫੌਜ ਨਵੀਂ ਰੱਖ ਹੋਰ ਬਹੁਤ ਭਰਤੀ ਕ
ਰ ਕੇ ਤੋਪਾਂ ਢਲਵਾਈਆਂ ਸ਼ਸਤ੍ਰਾਂ ਦੇ ਕਾਰਖਾਨੇ ਜਾਰੀ ਕੀਤੇ। ਅੰਮ੍ਰਿਤਸਰ ਗੁਲਾਬ
ਸਿੰਘ ਭੰਗੀ ਸਰਦਾਰ ਦੀ ਤੀਮੀਂ ਸੁੱਖਾਂ ਪਾਸੋਂ ਜਮਜਮਾ ਤੋਪ ਜੋ ਹੁਣ ਲਾਹੌਰ
ਅਜਾਇਬ ਘਰ ਦੇ ਸਾਹਮਣੇ ਭੰਗੀਆਂ ਵਾਲੀ ਮਸ਼ਹੂਰ ਖੜੀ ਹੈ ਮਹਾਰਾਜੇ ਨੇ ਮੰਗੀ ਤੇ
ਜੀ ਭੰਗੀਆਂ ਦਾ ਰਾਜ ਤਾਂ ਅੱਗੇ ਹੀ ਏਸ ਨੇ ਬਹੁਤ ਦੱਬ ਰੱਖਿਆ ਸੀ ਉਸ ਵਿਚਾਰੀ ਦੁਖੀ
ਹੋਈ ਦੇ ਮੂੰਹੋਂ ਨਿਕਲਿਆ ਕਿ ਓਹ ਕਾਣੇ ਕੁਟੀਚਰ ਤੋਂ ਜੀਉ ਰਕੇ ਨਹੀਂ ਖਾਧਾ ਜਾਂਦਾ ਹੁਣ
ਸਾਡੇ ਘਰ ਦੇ ਭਾਂਡੇ ਬੀ ਲੈਣਾ ਚਾਹੁੰਦਾ ਹੈ। ਮਹਾਰਾਜੇ ਨੇ ਏਹ ਸੁਨੇਹਾ ਸੁਣ ਕੇ ਫੌਰਨ ਮ
ਘ ਸੰ: ੧੮੬੧ ਬਿ: ਕੋ ਅੰਮ੍ਰਿਤਸਰ ਨੂੰ ਜੋਰ ਦੇ ਜਾ ਲਾਇਆ ਸਰਦਾਰ ਫਤੇ ਸਿੰਘ ਆਹ
ਲੂਵਾਲੀਏ ਆਦਿਕ ਅਪਣੇ ਸਾਥੀ ਬੁਲਾ ਲੀਤੇ ਰਾਣੀ ਸੁੱਖਾਂ ਬੀ ਚਾਰ ਦਿਨ ਬਹੁਤ ਲ
ੜੀ ਪਰ ਲੋਹਗੜ੍ਹ ਵਾਲੇ ਦਰਵਾਜੇ ਦੇ ਕੋਟ ਨੂੰ ਭੰਨ ਕੇ ਫਤੇ ਸਿੰਘ ਦੀ ਫੌਜ ਸ਼ਹਿਰ ਵਿੱਚ
ਵੜ ਗਈ। ਰਾਣੀ ਕਿਲੇ ਵਿੱਚ ਆ ਕੀ ਹੋ ਬੈਠੀ। ਗੁਰੂ ਕੀ ਨਗਰੀ ਜਾਣ ਕੇ ਸਿੰਘਾਂ ਨੇ ਲੁੱ
ਟ ਤਾਂ ਨ ਪਾਈ। ਉੱਚੇ ੨ ਮੰਦ੍ਰਾਂ ਉੱਤੇ ਚੜ੍ਹ ਕੇ ਕਿਲੇ ਵਿੱਚ ਗੋਲੀਆਂ ਬਰਸਾਉਂਦੇ ਰਹੇ ਓੜ
ਕ ਕਿਲਾ ਬੀ ਫਤੇ ਹੋ ਗਿਆ। ਰਾਣੀ ਸੁੱਖਾਂ ਦੇ ਨੌਕਰ ਤਾਂ ਸਭ ਮਹਾਰਾਜੇ ਨੂੰ ਮਿਲ ਪਏ।
ਆਪ ਉਹ ਵਿਚਾਰੀ ਅਪਣੇ ਪੁੱਤ੍ਰ ਗੁਰਦਿੱਤ ਸਿੰਘ ਸਮੇਤ ਜੋ ਓਦੋਂ ਗਿਆਰਾਂ ਬਰਸਾਂ ਦਾ
ਸੀ ਨੰਗੀ ਪੈਰੀਂ ਸਪਾਹੀਆਂ ਦੀ ਕੱਢੀ ਹੋਈ ਜਦ ਕਿਲੇ ਤੋਂ ਬਾਹਰ ਹੋਈ ਕੁਦਰਤ ਨਾ
ਲ ਐਡੀ ਬਾਛੜ ਦੀ ਬਰਖਾ ਉੱਠੀ ਜਿਸ ਦੀ ਖਲਕਤ ਨੂੰ ਅਤੀ ਲੋੜ ਸੀ। ਜਲੋ ਜਲ
ਹੋ ਗਿਆ। ਉਹ ਵਿਚਾਰੇ ਮਾਰੇ ਬਿਪਤਾ ਦੇ ਮਾਂ ਪੁੱਤ੍ਰ ਦੋਵੇਂ ਭਿੱਜਦੇ ਫਿਰੇ ਕੋਈ ਅਪਣੇ ਘਰ
ਰਣਜੀਤ ਸਿੰਘ ਤੋਂ ਡਰਦਾ ਖੜ੍ਹੇ ਨ ਹੋਣ ਦੇਵੇ ਸੱਚ ਹੈ (ਨਿਰਧਨ ਆਦਰ ਕੋਊ ਨ ਦੇਇ)
ਅਕੇ ਤਾਂ ਓਥੋਂ ਦੇ ਓਹ ਰਾਜੇ ਸੇ ਅਕੇ ਛਿਨ ਵਿੱਚ ਕੰਗਾਲ ਹੋ ਗਏ। ਸੰਕਟ ਵਿੱਚ ਸੰਕਟ
ਬਰਖਾ ਦਾ ਭੁੱਗਦੇ ਹੋਏ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੀ ਹਵੇਲੀ ਪਹੁੰਚੇ ਤਾਂ
ਉਸ ਨੇ ਆਦਰ ਨਾਲ ਬੈਠਾਏ ਸੁੱਕੇ ਬਸਤ੍ਰ ਪਹਿਨਾਏ ਸਿਕਾਏ ਤਾਂ ਜਰਾ ਹੋਸ਼ ਆਈ। —
ਮਹਾਰਾਜੇ ਰਣਜੀਤ ਸਿੰਘ ਨੇ ਬੇਸੁਮਾਰ ਉਨਾਂ ਦੇ ਮਾਲ ਮੁਲਕ ਉੱਤੇ ਕਬਜਾ ਕਰਕੇ
ਦਰਬਾਰ ਤੇ ਲਿਹੰਗਾਂ ਭੁਜੰਗਾਂ ਗਰੀਬਾਂ ਨੂੰ ਤਾਂ ਬਹੁਤ ਕੁਛ ਬਖਸ਼ਿਆ ਪਰ ਉਨਾਂ ਨੂੰ ਕੱਖ ਨਾਂ
ਦਿੱਤਾ। —— ।ਫਿਰ ਕਦ੍ਰ ਸਰਦਾਰ ਜੋਧ ਸਿੰਘ ਨੇ ਸਾਥ ਲਿਆ ਕੇ ਗੁਰਦਿੱਤ ਸਿੰਘ
ਨੂੰ ਸਰਕਾਰ ਦੇ ਚਰਨਾਂ ਉੱਤੇ ਪਾਯਾ ਤਾਂ ਪੰਜ ਪਿੰਡ ਜਗੀਰ ਵਿੱਚ ਦਿੱਤੇ (ਦੇਖੋ ਸਫਾ ੫੪੭)

Digitized by Panjab Digital Library | www.panjabdigilib.org

੩੩੪ ਝੰਗ ਉੱਤੇ ਚੜ੍ਹਾਈ

ਹਿੱਸਾ ਦੂਜਾ):

ਝੰਗ ਦੇ ਨੁਵਾਬ ਅਹਿਮਦ ਖਾਂ ਸਿਆਲ ਦੀ ਸਤਾਈ ਹੋਈ ਹਿੰਦੂ ਪ੍ਰਜਾ ਨੇ ਪਹਿਲੇ ਬੀ ਕਈ ਵਾਰੀ ਸ੍ਰਕਾਰ ਪਾਸ ਫਿਰਿਆਦ ਕੀਤੀ ਸੀ ਹੁਣ ਫੇਰ ਉਨ੍ਹਾਂ ਦੀ ਪੁਕਾਰ ਸੁਣ ਕੇ ਮਹਾਂਰਾਜੇ ਨੇ ਉਧਰ ਚੜ੍ਹਾਈ ਕਰਕੇ ਉਸ ਨੂੰ ਕਹਿ ਭੇਜਿਆ "ਯਾ ਤਾਂ ਹਿੰਦੂ ਪਰਜਾ ਦਾ ਰਾਜੀਨਾਮਾਂ ਲੈ ਕੇ ਭੇਜੋ ਤੇ ਖਾਲਸੇ ਦੀ ਤਾਬੇਦਾਰੀ ਮੰਨੋ ਨਹੀ ਤਾਂ ਸਿੰਘਾਂ ਦੀ ਫੌਜ ਆਈ ਜੰਗ ਦੀ ਤਿਆਰੀ ਕਰੋ" ਭੁਲਾ ਬਿਨਾ ਹੱਥ ਦੇਖੇ ਕੌਣ ਸਿੱਧਾ ਹੁੰਦਾ ਹੈ। ਜਦ ਉਸ ਨੇ ਸ੍ਰਕਾਰ ਦੇ ਵਕੀਲ ਨੂੰ ਬਿਸਿਆਂ ਤੇ ਲਾਰਿਆਂ ਵਿੱਚ ਰੱਖ ਕੇ ਕੁਛ ਜਵਾਬ ਨਾ ਦਿੱਤਾ ਜੰਗੀ ਸਾਮਾਨ ਜਮਾਂ ਕਰ ਲੀਤਾ ਮਹਾਂਰਾਜ ਨੇ ਝੰਗ ਨੂੰ ਜਾ ਮੋਰਚੇ ਲਾਏ। ਪੰਦ੍ਰਾਂ ਦਿਨ ਤਾਂ ਅਹਿਮਦ ਖਾਂ ਲੜਿਆ ਇੱਕ ਦਿਨ ਉਸ ਨੇ ਆਪ ਜਿਸਤ ਬੀਨ ਕੇ ਤੋਪ ਦਾ ਗੋਲਾ ਮਹਾਂਰਾਜੇ ਦੇ ਤੰਬੂ ਵਿੱਚ ਮਾਰਿਆ। ਸਰਕਾਰ ਨੂੰ ਤਾਂ ਵਾਹਿਗੁਰੂ ਨੇ ਹੱਥ ਦੇ ਕੇ ਰੱਖ ਲੀਤਾ ਪਰ ਤੰਬੂ ਸੜ ਗਿਆ ਹੋਰ ਬਹੁਤ ਨੁਕਸਾਨ ਹੋਯਾ ਉਸੇ ਵਕਤ ਸਿੰਘ ਤਲਵਾਰਾਂ ਸੂਤ ਕੇ ਜਾ ਪਏ। ਸ਼ਹਿਰ ਦੇ ਹਿੰਦੂਆਂ ਨੇ ਜੋ ਨਵਾਬ ਤੋਂ ਸਤੇ ਹੋਏ ਸੇ ਦਰਵਾਜਾ ਖੋਲ ਦਿੱਤਾ। ਅਹਿਮਦ ਖਾਂ ਤਾਂ ਮੁਲਤਾਨ ਦੀ ਤਰਫ ਦੌੜ ਗਿਆ ਸਿੰਘਾਂ ਨੇ ਹਿੰਦੂਆਂ ਤੋਂ ਛੁੱਡ ਕੇ ਹੋਰ ਸਭ ਨੂੰ ਉੱਤਲ ਪੁੱਤਲ ਲੈਆ —

ਨੁਵਾਬ ਦੇ ਕਾਰਦਾਰ ਸਰਕਾਰ ਨੂੰ ਆ ਮਿਲੇ। —— ਕਿਲੇ ਵਿੱਚ ਦਖਲ ਕਰਾ ਦਿੱਤਾ ਸਰਕਾਰ ਨੇ ਝੰਗ ਦੇ ਮਾਲ ਮੁਲਕ ਉੱਤੇ ਕਬਜਾ ਕਰ ਕੇ ਮੁਲਤਾਨ ਵੱਲੀ ਕੂਚ ਕਰ ਦਿੱਤਾ ਕਿਉਂਕਿ ਓਥੋਂ ਦੇ ਨੁਵਾਬ ਮੁਜੱਫਰ ਖਾਂ ਨੇ ਅਹਿਮਦ ਖਾਂ ਨੂੰ ਪਨਾਹ ਦੇ ਕੇ ਮਦਦ ਦੇਣ ਦਾ ਵਾਇਦਾ ਕਰ ਲੀਤਾ ਸੀ। ਰਸਤੇ ਵਿੱਚ ਉੱਚ ਪਿੰਡ[੧] ਦੇ ਰਈਸ ਸੱਯਦ ਸੁਲਤਾਨ ਖਾਂ ਨੂੰ (ਜੋ ਬੜਾ ਔਖੜ ਖਾਂ ਪੀਰ ਕਰਾਮਾਤੀ ਸਦਾਉਂਦਾ ਸੀ) ਜਾ ਘੇਰਿਆ ਮਹਾਂਰਾਜੇ ਨੇ ਆਖ ਭੇਜਿਆ ਤੁਸਾਂ ਨੂੰ ਪੀਰਾਂ ਫਕੀਰਾਂ ਨੂੰ ਰਾਜ ਨਾਲ ਕੀ ਲੱਗੇ ਗੁਜਾਰਾ ਲਓ ਬੈਠੇ ਅੱਲਾ ੨ ਜਪੋ। ਪਹਿਲੇ ਤਾਂ ਖਾਲੀ ਬੱਦਲ ਵਾਂਗੂ ਬਥੇਰਾ ਗੱਜਿਆ ਪਰ ਜਦੋਂ ਜਰਾ ਕੁ ਜੰਗ ਦੀ ਪੌਣ ਚੱਲੀ ਤਾਂ ਕੰਬ ਉੱਠਿਆ ਇੱਕ ਲਾਖ ਰੁਪਯਾ ਨਜਰਾਨਾ ਦੇ ਕੇ ਆਪਣਾ ਇਲਾਕਾ ਬਚਾ ਲੀਤਾ। ਜਦ ਉੱਚ ਦਾ ਪੀਰ ਬੀ ਮਹਾਂਰਾਜਾ ਅੱਗੇ ਪਾਣੀ ਹੋ ਗਿਆ ਜਿਸ ਦੀ ਕਰਾਮਾਤ ਦੇ ਭਰੋਸੇ ਉਸ ਦੇਸ ਦੇ ਮੁਸਲਮਾਨ ਮੁਜੱਫਰ ਖਾਂ ਆਦਿਕ ਟੱਪਦੇ ਸੇ ਸਭ ਡਰ ਗਏ ਤੁਰਤ ਫੁਰਤ ਸੂਬੇ ਮੁਲਤਾਨ ਨੇ ਅਹਿਮਦ ਖਾਂ ਸਿਆਲ ਦੀ ਸੁਲਾ ਕਰਾ ਆਪ ਬੀ ਕੁਛ ਨਜਰਾਨਾ ਦੇ ਕੇ ਖ

੧ ਉੱਚ ਪਿੰਡ ਸ਼: ੮੭ ਹਿ: ਵਿ: ਕੋਅਨਾਇਤੁੱਲਾ ਝੰਗ ਦੇ ਰਈਸ ਨੇ ਵਸਾਯਾ ਸੀ। ਅਸ਼ਗਰ ਸਾ

Digitized by Panjab Digital Library | www.panjabdigilib.org

ਆਲਫੁਤਾ ਯਾ ਅਹਿਮਦ ਖਾਂ ਤੋਂ ਇੱਕ ਲਾਖ ਰੁਪਯਾ ਦੰਡ ਤੇ ਅੱਗੇ ਨੂੰ ਸੱਠ ਹਜ਼ਾਰ ਸ ੩੩੫
ਲਾਨਾ ਖਿਰਾਜ ਉਸ ਦੇ ਜੁੰਮੇ ਠਹਿਰਾ ਉਸ ਦਾ ਰਾਜ ਉਸੇ ਨੂੰ ਦੇ ਕੇ ਸਰਕਾਰ ਲਾਹੌਰ ਆ
ਗਏ।— ।ਰਾਜੇ ਸੰਸਾਰ ਚੰਦ ਨੇ ਫੇਰ ਫਸਾਦ ਕੀਤਾ ਸਦਾ ਕੌਰ ਦੇ ਬੁਲਾ
ਏ ਹੋਏ ਜਾ ਕਰ ਮਹਾਂਰਾਜੇ ਨੇ ਸਜੇਰਾ ਰਾਜੇ ਨੂੰ ਹਰਾ ਕੇ ਉਸ ਦੇ ਕਈ ਪ੍ਰਗਣੇ ਰਾਣੀ ਨੂੰ
ਲੈ ਦਿੱਤੇ।—

ਸੰ: ੧੮੬੧ ਬਿ: ਕੋ ਮਹਾਂਰਾਜੇ ਨੇ ਹੁਕਮਾ ਸਿੰਘ ਚਿਮਨੀ ਨੂੰ ਤੇ ਗੌਸੇ ਖਾਂ ਨੂੰ ਤੋਪਖਾਨਿਆਂ
ਦੇ ਤੇ ਦੋ ਦੋ ਸੌ ਅਸਵਾਰ ਦੇ ਅਫ਼ਸਰ ਕੀਤਾ। ਹਰੀ ਸਿੰਘ ਨਲੂਏ ਨੂੰ ਜੋ ਪਹਿਲੇ ਮਹਾਂ
ਰਾਜੇ ਦਾ ਮੁਸਾਹਿਬ ਸੀ ਅੱਠ ਸੌ ਪੈਦਲ ੮੦੦ ਅਸਵਾਰ ਦੀ ਸਰਦਾਰੀ ਦਿੱਤੀ ਤੇ ਗੁ
ਈ ਸਾਹਿਬ ਦਾ ਖਤਾਬ ਬਖਸ਼ਿਆ ਕਿਉਂਕਿ ਮਹਾਂਰਾਜੇ ਨੇ ਉਸ ਦੀ ਮਾਈ ਦਾ ਦੁਧ ਪੀ
ਤਾ ਸੀ।— ।ਦੇਸਾ ਸਿੰਘ ਮਜੀਠੀਏ ਨੂੰ ੪੦੦ ਅਸਵਾਰ ਦਾ ਸ਼ੇਖ ਅਬਦੁੱਲੇ
ਨੂੰ ੨੦੦੦ ਅਸਵਾਰ ਦਾ ਸਰਦਾਰ ਬਣਾਯਾ। ਮਿਲਖਾ ਸਿੰਘ ਨੂੰ ੮੦੦ ਅਸਵਾਰ ਦੇ
ਕੇ ਰਾਵਲਪਿੰਡੀ ਤੇ ਨੌਧ ਸਿੰਘ ਨੂੰ ਚਾਰ ਸੌ ਅਸਵਾਰ ਦੇ ਕੇ ਪਿੰਡੀ ਘੇਪ ਦੇ ਹਾਕਮ ਕ
ਯਮ ਕੀਤਾ।— ।ਅਤਰ ਸਿੰਘ ਧਾਰੀ ਨੂੰ ੫੦੦ ਅਸਵਾਰ ਦਾ ਰਿਸਾਲਦਾਰ ਕ੍ਰਿਪਾ
ਸਿੰਘ ਨੂੰ ੧੦੦੦ ਪੈਦਲ ਦਾ ਕੁਮੇਦਾਨ, ਨਿਹਾਲ ਸਿੰਘ ਅਟਾਰੀ ਵਾਲੇ ਨੂੰ ਤੇ ਬਾਜ ਸਿੰ:
ਨੂੰ ਪੰਜ ੨ ਸੌ ਸਪਾਹੀ ਦੀ ਸਰਦਾਰੀ ਦਿੱਤੀ। ਏਸੇ ਤਰਾਂ ਅਨੇਕ ਸਰਦਾਰ ਬਦਲੇ
ਬਨਾਏ ਮੁਲਕ ਦਾ ਇੰਤਜ਼ਾਮ ਕੀਤਾ।— ।ਜੱਸਾ ਸਿੰਘ ਭੰਗੀ ਤੇ ਚੇਤ ਸਿੰਘ ਭੰ
ਗੀ ਤੋਂ ੧੦੦, ਅਸਵਾਰ ਫਤੇ ਸਿੰਘ ਆਲੂਵਾਲੀਏ ਤੋਂ ੨੦੦, ਸਾਹਿਬ ਸਿੰਘ ਗੁ
ਜਰਾਤ ਵਾਲੇ ਪਾਸੋਂ ੧੫੦, ਘਨੱਯੇ ਸਰਦਾਰਾਂ ਪਾਸੋਂ ੫੦੦, ਨਕੱਯਾਂ ਤੋਂ ੪੦੦ ਦੋ
ਆਬੇ ਦੇ ਸਬ ਸਰਦਾਰਾਂ ਤੋਂ ੮੦੦੦, ਦੁਆਬੇ ਦੇ ਸਬ ਸਰਦਾਰਾਂ ਪਾਸੋਂ ੭੦੦੦
ਪਹਾੜੀ ਰਾਜਿਆਂ ਤੋਂ ੫੦੦੦ ਏਸੇ ਤਰਾਂ ਜੈਸਾ ੨ ਕੋਈ ਜੰਗੀਰਦਾਰ ਸੀ ਸਭਨਾਂ ਤੋਂ
ਅਪਣੀ ਨੌਕਰੀ ਵਿੱਚ ਅਸਵਾਰ ਲੈ ਕੇ ਇੱਕ ਬੜਾ ਭਾਰੀ ਲਸ਼ਕਰ ਅਪਣਾ ਕਰ
ਲੀਤਾ।—

ਸੰ: ੧੮੬੨ ਬਿ: ਕੋ ਮਹਾਂਰਾਜੇ ਨੇ ਮੁਲਕ ਦਾ ਦੌਰਾ ਕਰਨ ਸਮੇ ਪਸਾਵਰ ਤਕ ਦੇ
ਸਬ ਮੁਸਲਮਾਨ ਹਾਕਮਾਂ ਨੂੰ ਲਿਖ ਭੇਜਿਆ ਕਿ ਹੁਣ ਤੁਸੀ ਸਰਕਾਰ ਖਾਲਸੇ

† ਗੁਲਮਹੰਮਦ ਦੀ ਸੰਤਾਨ ਪੀੜ੍ਹੀਆਂ ਦੇ ਉਥੇ ਬਹੁਤ ਬਸਦੇ ਹਨ ਤੇ ਮਕਬਰਾ ਭੀ ਉਸਦਾ

Digitized by Panjab Digital Library | www.panjabdigilib.org

੩੩੬ ਈਨ ਮੰਨ ਲਓ ਨਹੀ ਤਾਂ ਜੰਗ ਕਰੋ। ਕਾਬਲ ਦੀ ਬਾਦਸ਼ਾਹੀ ਬਹੁਤ ਕਮਜ਼ੋਰ ਹੋ
ਈ ਸਮਝ ਕੇ ਸਭ ਨੇ ਤਾਬੇਦਾਰੀ ਮੰਨ ਲਈ। ਇਸਮਾਈਲ ਖਾਂ ਦੇ ਦੇਹਰੇ ਤਕ ਰਈ
ਸਾਂ ਤੋਂ ਨਕਦੀ ਘੋੜੇ ਨਜ਼ਰਾਨੇ ਲੈਂਦੇ ਹੋਏ ਸਰਕਾਰ ਮੁਲਤਾਨ ਵਿਨੀ ਢੁਕੇ ਤਾਂ ਮੁਜ਼ੱਫ਼ਰ
ਖਾਂ ਨੇ ਨਵਾਬ ਅਪਣੀ ਰਸਾਈ ਕਰਨ ਵਾਸਤੇ ਮਹਿਤਮੇ ਪਿੰਡ ਮੁਲਤਾਨੋਂ ੭੦ ਕੋਸ ਉਰੇ
ਆ ਮਿਲਿਆ ਦਸ ਹਜਾਰ ਰੁਪਯਾ ਨਜਰਾਨਾ ਦੇ ਕੇ ਖਿਆਲ ਛੁਡਾਇਆ ਏਸੇ ਸਾਲ ਸ਼ਾ
ਹ ਮੁਲਕ ਦਾ ਮਾਮਲਾ ਬਧਾਯਾ ਸੀ ਤਾਂ ਹੀ ਝੰਗ ਵਾਲਿਆਂ ਤੋਂ ਬੀ ਸੱਠ ਹਜਾਰ ਦੀ ਜਗਾ
ਇੱਕ ਲੱਖ ਸਾਲਾਨਾ ਲੀਤਾ।——

ਜਸਵੰਤ ਰਾਉ ਹੁਲਕਰ ਦਾ ਆਣਾ

ਖਬਰ ਆਈ ਕਿ ਜਸਵੰਤ ਰਾਉ ਹੁਲਕਰ ਇੰਦੌਰ ਵਾਲਾ ਅੰਗ੍ਰੇਜਾਂ ਤੋਂ ਹਾਰ ਕੇ ਪੰ
ਦ੍ਰਾਂ ਹਜਾਰ ਅਸਵਾਰ ਨਾਲ ਅੰਮ੍ਰਿਤਸਰ ਪਹੁੰਚਿਆ ਚਾਹੁੰਦਾ ਹੈ ਤੇ ਜਿਸਦੇ ਪਿਛੇ ਲਾਰਡ
ਲੇਕ ਸਾਹਿਬ ਫੌਜ ਲੈ ਕੇ ਲਗਾ ਆਉਂਦਾ ਹੈ। ਏਹ ਖਬਰ ਸੁਣ ਕੇ ਸਰਕਾਰ ਸ਼ੀਘਰ
ਲਾਹੌਰ ਆ ਗਏ।—— ਲਾਰਡ ਲੇਕ ਸਾਹਿਬ ਦੇ ਭੇਜੇ ਹੋਏ ਰਾਜੇ ਭਾਗ ਸਿੰਘ ਨੇ
ਮਹਾਂਰਾਜੇ ਪਾਸ ਆ ਕਰ ਬਹੁਤ ਬਾਤਾਂ ਲਾਟ ਸਾਹਿਬ ਦੀ ਤੇ ਅਪਣੀ ਤਰਫੋਂ (ਜਿਸ
ਮੈਂ ਸਰਕਾਰ ਹੁਲਕਰ ਨੂੰ ਮਦਦ ਨਾ ਦੇਣ) ਸੁਣਾ ਬੁਝਾ ਮਹਾਂਰਾਜੇ ਤੋਂ ਏਹ ਕਹਾ ਲੀ
ਤਾ ਕਿ ਮੈਂ ਤਿਸਨੂੰ ਫੌਜੀ ਮਦਦ ਨਹੀ ਦੇਵਾਂਗਾ।—— ਤਦੋਂ ਨੂੰ ਹੁਲਕਰ ਦੇ ਵਕੀਲ ਨੇ
ਬੀ ਬਹੁਤ ਸਾਰੇ ਤੁਹਫੇ ਲੈ ਕੇ ਮਹਾਂਰਾਜੇ ਪਾਸ ਹਾਜ਼ਰ ਹੋ ਮਦਦ ਦੀ ਦਰਖ੍ਵਾਸਤ ਕੀਤੀ
ਸਰਕਾਰ ਲਾਹੌਰ ਬੋਲੇ ਵਕੀਲ ਜੀ ਕਦੇ ਹਾਰੇ ਹੋਏ ਬੀ ਜਿਤੇ ਹਨ ਤੁਸੀ ਬਡੀ ਗ
ਫਲਤ ਕੀਤੀ (ਵਖਤੋਂ ਖੁੰਝੀ ਡੂਮਣੀ ਗਾਵੇ ਆਲ ਪਤਾਲ) ਜੇ ਕਦੇ ਇੱਕ ਮਹੀ
ਨਾ ਪਹਿਲੇ ਮੈਨੂੰ ਖਬਰ ਦਿੰਦੇ ਤਾਂ ਸਭ ਕੁਛ ਬਣ ਸਕਦਾ ਹੁਣ (ਬੂਹੇ ਆਈ ਜੰਞ ਵਿ
ਨ੍ਹੋ ਕੁੜੀ ਦੇ ਕੰਨ) ਹੁਣ ਗੱਲ ਕਰਦੇ ਹੋ ਪੇਰ ਉੱਤੇ ਕੀ ਬਣਦਾ ਹੈ। ਭਲਾ ਮੈਂ ਅੰਮ੍ਰਿਤਸ
ਰ ਚਲਦਾ ਹਾਂ ਮਹਾਂਰਾਜੇ ਹੁਲਕਰ ਨਾਲ ਗੱਲਾਂ ਕਰ ਕੇ ਸਲਾਹ ਦੱਸਾਂਗੇ ਤੁਸੀਂ ਮੈ
ਸ ਨਾ ਕਰੋ ਗੁਰੂ ਚੰਗੀ ਕਰੇਗਾ।—— ਮਹਾਂਰਾਜੇ ਨੇ ਸਰਦਾਰ ਫਤੇ ਸਿੰਘ ਆਲੂ
ਵਾਲੀਏ ਨੂੰ ਤੇ ਦੀਵਾਨ ਮੁਹਕਮ ਚੰਦ ਆਦਿਕ ਸਿਆਣੇ ੨ ਆਦਮੀ ਸਭ ਅੰਮ੍ਰਿਤਸ
ਰ ਬੁਲਾ ਲੀਤੇ। ਜਸਵੰਤ ਰਾਉ ਨਾਲ ਮਿਲ ਕੇ ਜੰਗ ਦੇ ਤੇ ਸੁਲਾ ਦੇ ਫੈਦੇ ਨੁਕਸਾਨ ਗਿ

ਬਾਂਹ ਇੱਕ ਲਾਖ ਰੁਪਏ ਦੀ ਆਸਤ ਏਨ ਪੀਰਾਂ ਪਾਸ ਜੀ ਸੰਜਰ ਨਗ ਮੁਲਤਾਨੋਂ ਤੇ ਸਰਕਾਰ ਲਾਹੌਰ
ਨੇ ਛੁਡਾ ਲੀਤੀ ਗੁਰੂ ਗੋਬਿੰਦ ਸਿੰਘ ਜੀ ਬੀ ਮਾਛੀਵਾੜੇ ਏਥੇ ਦੇ ਹੀ ਪੀਰ ਸਦਾਏ ਸੇ।

ਣ ਗਿਣਾ ਕਰ ਮੇਲ ਹੋਣਾ ਠਹਿਰਾਇਆ। ਤਦੋਂ ਨੂੰ ਉਧਰ ਲਾਰਡ ਲੇਕ ਸਾਹਿਬ ਬਹਾਦੁਰ ੩੩੭
ਅੰਗ੍ਰੇਜ਼ੀ ਫੌਜ ਸਮੇਤ ਬਿਆਸ ਕਨਾਰੇ ਆ ਪਹੁੰਚੇ।—— ।ਗੋਰੇ ੨ ਰੰਗ ਕੱਦਾਵਰ
ਮਜ਼ਬੂਤ ਸਪਾਹੀ ਬਹੁਤ ਸਫਾਈ ਤੇ ਤਰੇਸੀ ਦੇ ਸਾਥ ਚੁੱਪ ਚਾਪ ਕੰਧ ਲਿਖੀ ਮੂਰਤਾਂ ਵਾਂਗੂ
ਕਤਾਰ ਦੀ ਕਤਾਰ ਤੁਲੇ ਹੋਏ ਕਦਮ ਬਾਜਾ ਬਜਦੇ ਆਉਂਦਿਆਂ ਨੂੰ ਦੇਖਕੇ ਪੰਜਾਬੀ ਲੋਕ ਭੌ
ਹੱਕੇ ਬੱਕੇ ਰਹਿ ਗਏ।— ।ਕਿਉਂਕਿ ਏਦੂੰ ਪਹਿਲੇ ਏਹੋ ਜੇਹੀ ਕੁਵਾਇਦ ਨਾਲ ਹੁਕਮ
ਦੀ ਜੰਜੀਰੀ ਵਿਚੋਂ ਖਿਚੀ ਹੋਈ ਤੁਰਦੀ ਫੌਜ ਕਦੇ ਨਹੀਂ ਦੇਖੀ ਸੀ ਪੰਜਾਬੀਆਂ ਵਾਸਤੇ ਤਾਂ ਅ
ਚਰਜ ਤਮਾਸ਼ਾ ਹੋ ਗਿਆ। ਭਲਾ ਕਿੱਥੇ ਮੁਗਲਾਂ ਤੇ ਦੁੱਰਾਨੀਆਂ ਔਰ ਮਰਹਟਿਆਂ ਤੇ ਸਿ
ਖਾਂ ਦੀ ਫੌਜ ਜੇੜ੍ਹੀ ਲਾਗੇ ਟੇਗੇ ਸੱਜੇ ਖੱਬੇ ਦਸ ਦਸ ਕੋਹ ਪਿੰਡਾਂ ਤੇ ਖੇਤਾਂ ਨੂੰ ਉਜਾੜ ਕਰਦੀ
ਜਾਵੇ ਜਿਸ ਨੂੰ ਜ਼ੁਲਮ ਦੀ ਸੂਰਤ ਜਮਦੀ ਜਮਾਤ ਕਹੀਦਾ ਸੀ ਕਿਉਂਕਿ ਜਿਥੇ ਦੀ ਲਿਆ
ਦੀ ਪਲੈਂਦਾ ਰੰਗ ਕਹਿਰ ਦਾ ਢੰਗ ਘਰ ਘਰ ਪਿੱਟਣੇ ਪਾ ਗੜ ਮਚਾ ਜਾਂਦੀ।। ਜਿ
ਸਦੇ ਘਰ ਜੋ ਕੁਛ ਦੁੱਧ ਦਹੀਂ ਘਾਸ ਦਾਣਾ ਮਿਲਦਾ ਉਸੇ ਦੇ ਕੱਪੜੇ ਮੰਜੀ ਪੀੜ੍ਹਾ ਸਿਰ ਚੁ
ਕ ਡੇਰੇ ਲੈ ਜਾਂਦੇ ਮਜੂਰੀ ਤੇ ਚੀਜ ਦੀ ਕੀਮਤ ਤਾਂ ਓਹ ਮੰਗੇ ਜਿਸ ਦੇ ਦੋ ਨੱਕ ਹੋਣ ਕੰ
ਮੜ੍ਹ ਬੀ ਉਸ ਦਾ ਵੱਢ ਦਿੰਦੇ ਜੇ ਕਰ ਮੰਗਦਾ ਦਸ ਗਾਲ੍ਹੀਆਂ ਤੇ ਜੁੱਤ ਉਸ ਨੂੰ ਮਿਲਦੇ ਓ
ਹ ਵਿਚਾਰੇ ਗੀਬ ਗਾਹਕੇ ਲੈਂਦੇ ਦੁਰਾਸੀਸਾਂ ਦਿੰਦੇ ਰੋਂਦੇ ਕੁਰਲਾਂਦੇ ਚਲੇ ਜਾਂਦੇ ਤਾਂਹੀ
ਸੌ ਬਰਸ ਹੋਯਾ ਅਜੇ ਤਕ ਓਹ ਜ਼ੁਲਮ ਗਿਲਜਿਆਂ ਦੇ ਲੋਗਾਂ ਨੂੰ ਨਹੀਂ ਭੁੱਲੇ।—
ਭਲਾ ਕਿੱਥੇ ਅੰਗ੍ਰੇਜ਼ੀ ਫੌਜ ਪੱਕੇ ਖੇਤ ਵਿਚ ਦੀ ਜਾਏ ਤਾਂ ਬੀ ਸਿੱਟਾ ਨ ਟੁੱਟੇ ਬਿਨਾ ਕੀਮਤ
ਦਿੱਤੇ ਕਿਸੇ ਤੋਂ ਕੁਛ ਨ ਲੈਣਾ ਮਜੂਰੀ ਲੈਕੇ ਕੰਮ ਕਰਾਉਣਾ ਬਕ ਬਾਦ ਨ ਕਰਨਾ ਕਿਸੇ
ਨੂੰ ਸਤਾਉਣਾ ਨ। ਏਹੋ ਜੇਹੇ ਸੁਭਾਵ ਤੇ ਚਾਲ ਚਲਨ ਅੰਗ੍ਰੇਜ਼ੀ ਫੌਜ ਦਾ ਦੇਖਕੇ ਔਰ ਅੰ
ਗ੍ਰੇਜ਼ੀ ਰਾਜ ਦੇ ਤਰੀਕੇ ਸੁਣਕੇ ਸਭ ਹਿੰਦੂ ਮੁਸਲਮਾਨ ਤੇ ਸਿੱਖ ਏਹੋ ਆਖਦੇ ਸੇ ਕਿ:-
ਧੰਨ ਓਹ ਦੇਸ ਹੈ ਜਿੱਥੇ ਏਹੋ ਜੇਹੇ ਸਤੋਗੁਣੀ ਰਾਜੇ ਰਾਜ ਕਰਦੇ ਪਰਮੇਸ੍ਵਰ ਸਾਡੇ ਦੇਸ ਦੇ
ਰਾਜੇ ਬੀ ਏਹੋ ਜੇਹੇ ਕਰੇਗਾ।——

ਸੱਚ ਪੁੱਛੋ ਤਾਂ ਸਿੱਖਾਂ ਦੀ ਪਰਜਾ ਬਹੁਤ ਦੁਖੀ ਰਹਿੰਦੀ ਸੀ ਕਿਉਂਕਿ ਹਰ ਏਕ ਸਿੱਖ ਸਰਦ
ਰ ਚਾਹੇ ਕੋਈ ਇੱਕ ਪਿੰਡ ਦਾ ਅੱਧੇ ਦਾ ਬੀ ਮਾਲਕ ਸੀ ਓਹੋ ਅਪਣੀ ਪਰਜਾ ਉੱਤੇ ਸੁਤੰਤ੍ਰ
ਇਖਤਿਆਰ ਰਖਦਾ ਸੀ ਸਾਰੇ ਕੰਮ ਪਰਜਾ ਤੋਂ ਹੀ ਕਰਾਉਂਦੇ ਜੇ ਚੰਗੀ ਫਸਲ
ਹੁੰਦੀ ਤਾਂ ਵੰਡਕੇ ਬਟਾਈ ਕਰ ਲੈਂਦੇ ਜਿਸ ਮੇਂ ਕਿਰਸਾਣ ਦੇ ਪੱਲੇ ਅੱਧਾ ਬੀ ਨਾ ਰਹਿੰਦਾ

Digitized by Panjab Digital Library | www.panjabdigilib.org

੨੨੮ ਜੇ ਫਸਲ ਮਾੜੀ ਵੇਖਦੇ ਤਾਂ ਚਕਾਣ ਚੁਕ ਲੈਂਦੇ। ਇਹੋ ਹਾਲ ਮਹਾਂਰਾਜੇ ਰਣਜੀਤ ਸਿੰਘ ਦੀ ਫੌਜ ਦਾ ਸੀ। ਓਹ ਅਜਾਰੇਦਾਰਾਂ ਨੂੰ ਮੁਲਕ ਦੇ ਰੱਖਦਾ। ਓਹ ਜੱਟਾਂ ਦਾ ਲਹੂ ਪੀ ਕੇ ਛੱਡਦੇ। ਖੇਤੀ ਜੰਮੀ ਤਾਂ ਬਟਾਈ ਕਰ ਲਈ, ਨ ਜੰਮੀ ਤਾਂ ਮਨ ਭਾਯਾ ਮਾਮਲਾ ਲੈ ਲੈਂਦੇ।—— ਕੋਈ ਸਰਾ ਮੁਕੱਰਰ ਨਹੀਂ ਸੀ। ਜੱਟਾਂ ਦੀ ਫਰਿਆਦ ਬੀ ਅਜਾਰੇਦਾਰਾਂ ਉੱਤੇ ਸੀ ਮਹਾਂਰਾਜਾ ਨਹੀਂ ਸੁਣਦੇ ਸੇ।—— ।।ਨਿਰਦਈ ਅਜਾਰੇਦਾਰਾਂ ਦੇ ਨੌਕਰ ਰੁਹੇਲੇ ਅਤੀ ਜਾਲਮ ਉਗਰਾਹੀ ਕਰਨ ਜਾਂਦੇ। ਜੱਟਾਂ ਦੇ ਕੇਸ ਦਾੜ੍ਹੀਆਂ ਕਿੱਲਿਆਂ ਨਾਲ ਬੰਨ੍ਹ ਕੇ ਔਂਧੀਆਂ ਸਾਰ ੨ ਜਾਂਗੀ ਉਤੇ ਰੇਤ੍ਹ ਛਡਦੇ, ਕਿਨਾਂ ਦੇ ਸਿਰਾਂ ਉੱਤੇ ਬੋਝ ਚੁਕਾ ੨ ਮੰਜੀ ਦੇ ਦੋਹੀਂ ਪਾਸੀਂ ਪੈਰ ਧਰ ਕੇ ਖੜੇ ਕਰ ਰਖਦੇ। ਅਨੇਕਾਂ ਨੂੰ ਚੌੜੀਆਂ ਲੱਤਾਂ ਕਰਾ ਕੇ ਕਾਠ ਮਾਰ ਛੱਡਦੇ। ਓਹ ਵਿਚਾਰੇ ਅੜੀ ਦੁਖਿਆਰੇ ਹੋ ਕੇ ਬਥੇਰਾ ਹੀ ਬਾਹੁੜੀ ੨ ਪੁਕਾਰਦੇ ਪਰ ਓਹ ਦੁਸਟ ਰੁਹੇਲੇ ਨ ਛੱਡਦੇ। ਸੋਟੀ ਜੁੱਤੀਆਂ ਤਾਂ ਮਾਰ ੨ ਮੂੰਹ ਸੁਜਾ ਦਿੰਦੇ। ਅਨੇਕਾਂ ਨੂੰ ਮੁਸਕਾਂ ਦੇ ਕੇ ਸੱਥਾਂ ਵਿੱਚ ਖੜੇ ਕਰ ਰੱਖਦੇ। ਅਨੇਕਾਂ ਦੀਆਂ ਔਰਤਾਂ ਨੂੰ ਪਕੜ ਕੇ ਓਨਾਂ ਦੀਆਂ ਝੁੰਬਣਾਂ ਵਿਚ ਸੂਹੇ ਛੁਡਾਉਂਦੇ ਬਹੁਤ ਬੇਇੱਜਤ ਕਰਦੇ। ਚਾਰ ੨ ਮਹੀਨੇ ਇਹੋ ਕਹਿਰ ਲੋਕਾਂ ਨਿਆਣੀ ਦੇ ਸਾਮ੍ਹੇ ਪੈਆ ਰਹਿੰਦਾ। ਰੁਹੇਲੇ ਧੜਵਾਈ ਦੀ ਹੱਟੀ ਮਨ ਭਾਈ ਉਠਾਈ ਜਾਂਦੇ ਤੇ ਦਸਤਕ ਲੈਂਦੇ ਰਹਿੰਦੇ। ਹਾੜੀ ਧੜਵਾਈ ਪੈਂਹ ਖਾਂਦੇ ਹਾਲੇ ਨਾਲੋਂ ਬੀ ਅਧਿਕ ਮਾਲਬਾ ਜੱਟਾਂ ਦੇ ਸਿਰ ਮੜ੍ਹ ਦਿੰਦੇ। ਕਿਰਸਾਣ ਵਿਚਾਰੇ ਰਿਣੀ ਵਿਣੀ ਧੀ ਪੁੱਤ੍ਰ ਵੇਚ ਕੇ ਤਾਂ ਹਾਲਾ ਪੂਰਾ ਕਰਦੇ, ਆਪ ਗਾਜਰ ਮੂਲੀ ਸਾਗ ਪੱਤ ਬੇਰ ਡੇਲੇ ਜੰਡ ਫਲੀ ਪੀਲੂ ਖਾ ਕੇ ਮਸਾਂ ੨ ਦੋਜਕ ਦੇ ਦਿਨ ਕੱਟਦੇ। ਹੋਏ ਰੱਬ ਅੱਗੇ ਪਏ ਨੱਕ ਰਗੜਦੇ ਇਹੋ ਆਖਦੇ ਸਨ ਕਿ ਏਹ ਰਾਜ ਜਾਂਦਾ ਰਹੇ।——— ।।ਓਹੋ ਫਰਿਆਦ ਪ੍ਰਜਾ ਦੀ ਪ੍ਰਮੇਸ੍ਵਰ ਨੇ ਸੁਣ ਕੇ ਅੰਗ੍ਰੇਜੀ ਰਾਜ ਅਮਨ ਚੈਨ ਦਾ ਕਰ ਦਿਖਾਯਾ ਜਿਤਨਾ ਹੁਣ ਜੱਟਾਂ ਨੂੰ ਸੁਖ ਹੈ ਐਸਾ ਕਿਸੇ ਬਾਦਸਾਹ ਯਾ ਰਾਜੇ (ਮਹਾਰਾਜੇ) ਦੇ ਸਮੇ ਕਦੇ ਸੁਖ ਨਹੀ ਹੋਯਾ ਕਿਉਂਕਿ ਠੇਕੇ ਦਾ ਮਾਮਲਾ ਦੇ ਕੇ ਨਚਿੰਤ ਸੋ ਰਹਿੰਦੇ ਹਨ।——— ।।ਨਹੀਂ ਤਾਂ ਹਾਲਾ ਬਟਾਈ ਲੈਂਦੇ ਤਾਂ ਸਣਾਇ ਕਾਰ ਬਿਗਾਰ ਵਿੱਚ ਹੀ ਪ੍ਰਜਾ ਦੀ ਖੱਲ ਉਧੇੜੀ ਜਾਂਦੀ ਸੀ। ਬ੍ਰਿਤਾਂਤ ਓਸ ਸਮੇ ਦਾ ਅੱਖੀ ਦੇਖਿਆ ਹੋਯਾ ਪ੍ਰਸੰਗ ਸੈਂਕੜੇ ਨਮੂਨਾ ਦਿਖਾਈਆ ਹੈ। ਜਾਦਾ ਲਿਖੀਏ ਤਾਂ ਇੱਕੋ ਹੋਰ ਕਿਤਾਬ ਬਣ ਜਾਏ।———

।।ਹੁਣ ਅਸੀਂ ਅਸਲ ਕਥਾ ਦੀ ਤਰਫ ਕਲਮ ਕੁਮੈਤ ਨੂੰ ਮੋੜਦੇ ਹਾਂ। ਜਦ ਮਹਾਂਰਾਜੇ ਨੇ ਲਾਟ ਸਾਹਿਬ ਦੀ ਤੇ ਹੁਲਕਰ ਦੀ ਮਨਸਾ ਸੁਲਾ ਕਰਨ ਦੀ ਦੇਖੀ ਤਾਂ ੧੧ ਜਨਵਰੀ ਸੰ

੧੮੦੬ ਈ: ਕੋ ਅਹਿਦਨਾਮੇ ਦੋਹਾਂ ਪਾਸਿਆਂ ਤੋਂ ਲਿਖਕੇ ਇਸ ਤਰਾਂ ਪਰ ਸੁਲਕਰ ਦਿ ੩੩੯
ਦਿੱਤੀ ਕਿ ਜੋ ਇਲਾਕੇ ਟੋਂਕ ਰਾਮਪੁਰ ਨੂੰ ਦੀਆ ਇਕ ਹੁਲਕਰ ਨੇ ਚੰਬਲ ਨਦੀ ਦੇ ਉੱਤ
ਪੂਰਬ ਵੱਲੀ ਹੁਣੇ ਦਬਾਏ ਸੇ ਓਹ ਸਰਕਾਰ ਅੰਗ੍ਰੇਜ਼ੀ ਨੂੰ ਦਿਣ ਦਿੱਤੇ ਚੰਬਲ ਤੋਂ ਦੱਖਣ
ਪੱਛਮ ਵੱਲੀ ਦਾ ਮੁਲਕ ਜੋ ਕਦੀਮੀ ਹੁਲਕਰ ਦਾ ਸੀ ਓਹ ਉਸੇ ਨੂੰ ਸਰਕਾਰ ਅੰਗ੍ਰੇਜ਼ੀ
ਤੋਂ ਬਖਸ਼ ਦਿੱਤਾ ਇਸ ਫੈਸਲੇ ਉੱਤੇ ਦੋਵੇਂ ਰਾਜੀ ਹੋ ਗਏ। ਮਹਾਂਰਾਜੇ ਦੀ ਕੁਲਾਈ ਦੋਸ
ਤੀ ਦੋਹਾਂ ਨਾਲ ਬਣੀ ਰਹੀ। —— ।।ਉਸੇ ਸਮੇਂ ਇੱਕ ਨਿਜ਼ੂੰ ਪੱਤ੍ਰ ਸਰਕਾਰ ਅੰਗ੍ਰੇਜ਼ੀ
ਤੇ ਦਰਬਾਰ ਲਾਹੌਰ ਦੇ ਵਿਚਕਾਰ ਭੀ ਦੋਸਤੀ ਕਾਇਮ ਰੱਖਣ ਦਾ ਲਿਖਾ ਗਿਆ। —
ਲਾਟ ਸਾਹਿਬ ਤੇ ਹੁਲਕਰ ਦੋਵੇਂ ਖੁਸ਼ੀ ਖੁਸ਼ੀ ਬਿਦਾ ਹੋਏ। ——
ਹੁਲਕਰ ਨੇ ਪਰਖਣ ਵਾਸਤੇ ਇੱਕ ਸੰਗ ਲਾਸ ਨਵਾਮਣ ਸੁਇਨੇ ਦਾ ਹਾਥੀ ਦਾ ਮਹਾ
ਰਾਜੇ ਪਾਸ ਵੇਚਣ ਨੂੰ ਭੇਜਿਆ ਮਹਾਰਾਜ ਦੇਖ ਜਾਣੇ ਵਿੱਚ ਤਾਂ ਗੁੱਝ ਕਿੱਥੇ ਸੀ ਪਰ
ਆਖ ਭੇਜਿਆ ਕਿ ਏਹ ਤਾਂ ਸਾਰੇ ਬਹੀਏ ਖਰੀਦ ਲੈਣ ਗੋਗਾ ਮੱਲ ਨੰਦ ਸੇਠ ਪਾਸ ਭੇ
ਜ ਦਿੱਤਾ ਉਸ ਨੇ ਆਖਿਆ ਕਿ ਏਹ ਸਿੱਕੇ ਦੇ ਬਣੇ ਹਨ ਉਨੇ ਮਹੀਂ ਮਦ ਸਾਹੀ ਮੰਗ ਭੇਜੀ
ਦਿੱਤੀ। — ।।ਹੁਲਕਰ ਨੇ ਤੁਰਨ ਸਮੇਂ ਮਹਾਂਰਾਜੇ ਨੂੰ ਤਿੰਨ ਬਾਤਾਂ ਆਖੀਆਂ (੧) ਖ
ਜਾਨਾ ਅਪਣੇ ਪਾਸ ਜਮਾ ਕਰੋ (੨) ਫੌਜ ਪਲਟਣਾਂ ਰੱਖੋ ਕਿਉਂਕਿ ਮੇਰਾ ਅੱਸੀ ਹ
ਜਾਰ ਅਸਵਾਰ ਦਸਾਂ ਪਲਟਣਾਂ ਨੇ ਭਜਾ ਦਿੱਤਾ। (੩) ਅੰਗ੍ਰੇਜ਼ਾਂ ਨਾਲ ਬਿਰੋਧ ਨ ਕ
ਰਨਾ। —— ।।ਹੁਣ ਮਹਾਰਾਜ ਨੇ ਸੰ: ੧੮੬੨ ਬਿ: ਕੋ ਹੋਲੀ
ਆਂ ਲਾਹੌਰ ਖੇਡ ਕੇ ਸੰ: ੧੮੬੩ ਬਿ: ਦੀ ਵੈਸਾਖੀ ਦਾ ਇਸ਼ਨਾਨ ਕਟਾਸ ਤੀਰਥ ਜਾ ਕੀ
ਤਾ ਉਸ ਇਲਾਕੇ ਦਾ ਦੌਰਾ ਕਰਕੇ ਪਿੰਡ ਦਾਦਨ ਖਾਂ ਵਾਲ੍ਹੇ ਖੇਵਰ ਰਾਜਪੂਤ ਸਰਦਾਰਾਂ ਆਦਿ
ਕ ਮੁਸਲਮਾਨ ਰਈਸਾਂ ਤੋਂ ਨਜ਼ਰਾਨੇ ਲੈਕੇ ਨਿਮਕ ਦੀ ਖਾਣ ਦਾ ਪਹਾੜ ਦੇਖਦੇ ਹੋਏ
ਤਲਾਗੰਗ ਵੱਲੀ ਦੇ ਲੋਕਾਂ ਜਾ ਡੇਰੇ ਕੀਤਾ। ਖੁਸ਼ਾਬ ਨੂੰ ਹੁੰਦੇ ਸਾਰੰਗ ਕੋਟ ਮਨਕੇਰੇ ਦੇ
ਲੋਕਾਂ ਜੇਰ ਕਰ ਗੇ। —— ।।ਉਸ ਦੇਸ ਦੇ ਰਈਸਾਂ ਨੂੰ ਈਮਾਨ ਕੇ ਲਾਹੌਰ ਆ ਕਰ
ਸਾਲਾਮਾਰ ਬਾਗ ਦੀ ਮੁਰੰਮਤ ਕਰਾਈ। —— ।।ਰਾਜਾ ਨਾਭੇ ਵਾਲੇ ਤੇ ਪਟਿਆ
ਲੇ ਵਾਲੇ ਦੀ ਛੇੜ ਛਾੜ ਦੂਲੱਦੀ ਪਿੰਡੀ ਬਦਲੇ ਬਹੁਤ ਚਿਰ ਦੀ ਹੋ ਰਹੀ ਸੀ ਹੁਣ ਰਾ
ਜੇ ਜਸਵੰਤ ਸਿੰਘ ਨਾਭੇ ਵਾਲੇ ਨੇ ਰਾਜਾ ਪਟਿਆਲੇ ਵਾਲ੍ਹੇ ਤੋਂ ਹਾਰ ਮੰਨ ਕੇ ਪੰਜਾਹ ਹ (੫੦੦੦੦)
ਜ਼ਾਰ ਰੁਪਯਾ ਦੇਣਾ ਕਰਕੇ ਮਹਾਂਰਾਜੇ ਨੂੰ ਅਪਣੀ ਕੁਮਕ ਪਰ ਬੁਲਾਯਾ। ਸਰਕਾ

Digitized by Panjab Digital Library | www.panjabdigilib.org

੨੪੦ ਤਾਂ ਉਸ ਦੇਸ ਵਿੱਚ ਪੈਰ ਪਾਉਣ ਦਾ ਬਹਾਨਾ ਹੀ ਚਾਹੁੰਦੇ ਸਾ ਪੰਥ ਵਾਹਿਗੁਰੂ ਕਹਿ ਕੇ ਤੁਰ ਪਏ ਪਹਿਲੇ ਨਾਬ ਜਲੰਧਰ ਵਾਲੇ ਬੁੱਧ ਸਿੰਘ ਤੋਂ ੨੫ ਹਜਾਰ ਨਕਦ ਪੰਜ ਘੋੜੇ ਲੈ ਕੇ ਨਕੋਦਰ ਜਾ ਲੁੱਟੀ ਸਰਦਾਰ ਫਤੇ ਸਿੰਘ ਆਲੂਵਾਲੀਏ ਨੂੰ ਸਾਥ ਲੈ ਕੇ ਫਲੌਰ ਜਾ ਉਤਰੇ ਓਥੋਂ ਵਾਲੇ ਧਰਮ ਸਿੰਘ ਕੋਲੋਂ ਬੀਸ ਹਜਾਰ ਲੈ ਕੇ ਸਤਲੁਜੋਂ ਪਾਰ ਸੰਗਤ ਸਿੰਘ ਜ਼ਿਰਾ ਵਾਲੇ ਦੀ ਸਰਦਾਰਨੀ ਧਰਮੋ ਤੋਂ ਪਰਗਣਾ ਜੀਰੇ ਦਾ ਜਗਤ ਸਿੰਘ ਬੁੜੀਏ ਵਾਲੇ ਪਾਸੋਂ ਪਰਗਣਾ ਮੁਕਤਸਰ ਹਰੀ ਸਿੰਘ ਅਲਬੇਲ ਸਿੰਘ ਪਾਸੋਂ ਪਰਗਣਾ ਧਰਮਕੋਟ ਆੜ੍ਹੀਕੋਟ ਕਪੂਰੇ ਦਾ ਬੈਰਾੜਾਂ ਤੋਂ ਛੁਡਾ ਕਰ ਫਰੀਦਕੋਟੀਏ ਤੋਂ ਨਜਰਾਨਾ ਲੈ ਕੇ ੧੭ ਕਤਕ ਸੰ: ੧੮੬੩ ਬਿ: ਕੋ ਨਾਭੇ ਜਾ ਉਤਰੇ। ਥੋੜੀ ਸੀਲ ਲੜਾਈ ਦੇ ਪਿੱਛੋਂ ਨਾਭੇ ਪਟਿਆਲੇ ਦੀ ਸੁਲਾ ਕਰਾ ਕੇ ਰਾਇ ਅਲਿਆਸ ਰਾਇਕੋਟ ਵਾਲੇ ਦੀਆਂ ਰਾਣੀਆਂ ਤੋਂ ਉਨਾਂ ਦਾ ਰਾਜ ਛੀਨ ਕਰ ਅਪਣੇ ਸਿੰਘਾਂ ਪਨਾਮਿਆਂ ਨੂੰ ਬੰਡ ਦਿੱਤਾ। ਏਹ ਬ੍ਰਿਤਾਂਤ ਪਟਿਆਲੇ ਦੇ ਹਵਾਲਾ ਵਿੱਚ ਖੋਲਕੇ ਲਿਖਿਆ ਏਹਾਂ। —— ।।ਜਦ ਮਾਲਵੇ ਤੋਂ ਮੁੜ ਕੇ ਦੁਆਬੇ ਵਿਚ ਆਏ ਤਾਂ ਰਾਜੇ ਸੰਸਾਰ ਚੰਦ ਦੇ ਭਾਈ ਫਤੇ ਚੰਦ ਨੇ ਸਰਕਾਰ ਖਾਲਸੇ ਪਾਸ ਆ ਕੇ ਕੁਮਕ ਚਾਹੀ ਕਿ ਅਮਰ ਸਿੰਘ ਜਰਨੈਲ ਗੋਰਖੀਆਂ ਜੋ ਕਿਲੇ ਕਾਂਗੜੇ ਪਰ ਲੜ ਰਿਹਾ ਹੈ ਉਸ ਨੂੰ ਕੱਢ ਕੇ ਸਵਾ ਲਾਖ ਰੁਪਯਾ ਨਜਰ ਖਰਚ ਲਓ। ਸਰਕਾਰ ਤੁਰਤ ਉਧਰ ਕੂਚ ਕਰ ਗੋਪੀਪੁਰ ਦੇ ਹਰੇ ਤੋਂ ਬਿਆਸ ਲੰਘ ਕੇ ਰਾਜੇ ਰਾਣੀ ਦੇ ਤਾਲ ਜਾ ਉਤਰੇ। —— ।।ਥਾਪੇ ਅਮਰ ਸਿੰਘ ਦੇ ਵਕੀਲ ਜੋਰਾਵਰ ਸਿੰਘ ਨੇ ਹਾਜਰ ਆ ਕੇ ਅਰਜ ਕੀਤੀ ਕਿ ਅਸੀਂ ਬੜੀਆਂ ਮਿਹਨਤਾਂ ਉਠਾ ਕੇ ਧੀਰੀ ਸ੍ਰੀਨਗਰ ਗੜਵਾਲ ਨਾਹਣ ਸਰਮੌਰ ਹੰਡੂਰ ਕਹਿਲੂਰ ਨਦੌਣ ਆਦਿਕ ਪਹਾੜਾਂ ਦੇ ਅਨੇਕ ਰਾਜਿਆਂ ਨੂੰ ਜਿੱਤਦੇ ਹੋਏ ਗੰਗਾ ਜਮਨਾ ਸਤਲੁਜ ਦਰਿਆ ਚੀਰ ਕੇ ਬੇਸੁਮਾਰ ਜਾਨ ਮਾਲ ਖੋ ਕਰ ਏਥੇ ਤਿਕੂੰ ਪਹੁੰਚੇ ਹਾਂ ਤੇ ਹੁਣ ਅਸੀਂ ਦੋ ਚਾਰ ਦਿਨ ਵਿੱਚ ਕਿਲਾ ਕਾਂਗੜੇ ਦਾ ਫਤੇ ਕਰ ਲੈਣ

[1] ਪੰਤੂਵਾਲ ਨੇਖਾਂ ਜਿਹਲਮ ਦੇ ਦਹਿਣੇ ਪਾਸੇ ਹੈ ਏਥੇ ਰਾਜੇ ਨੱਲ ਦੀ ਸੰਤਾਨ ਖੋਖਰ ਰਾਜਪੂਤ ਹਨ।

[2] ਏਥੇ ਜੀਪੇ ਲੂਣ ਦੀ ਪਹਾੜੀਆਂ ਹਨ ਜਿਨ੍ਹਾਂ ਵਿੱਚ ਲੋਣ ਸੁਹਿਲ ਗੰਧਕ ਫਟਕੜੀ ਕੁੱਝ ਕ ਸੋਰਾ ਕੋਇਲੇ ਆਦਿਕਾਂ ਦੀਆਂ ਖਾਨਾਂ ਹਨ। [3] ਏਥੇ ਵਿਪਤਾ ਦੇ ਸਮੇ ਪੰਜੇ ਪਾਂਡੋ ਰਹੇ ਸੇ ਇਕ ਤਲਾਉ ਦੇ ਕੰਢੇ ਲੀਥਾਂ ਦੇ ਲੜ ਪਾਰੇ ਪਾਣੀ ਦਾ ਹੈ ਜਿਸ ਨੂੰ ਪਾਂਡਵਾਂ ਦਾ ਸਾਹੁੜ ਆਖਦੇ ਹਨ। ਇਕ ਖੂਹ ਅੱਠ ਜਨਾਂ ਦਾ ਹੈ ਉਸ ਨੂੰ ਅਰਜਨ ਗੰਗਾ ਕਹਿੰਦੇ ਹਨ। ਇਕ ਲਕੜੀ ਬਣਤ ਖੁਸਬੋ ਵਾਲੀ ਸੜਕ ਸਮਾ ਉਸ ਹੈ ਉਪਾਰੀ ਦਾਤਨ ਕਰੀਏ ਤਾਂ ਅੱਠ ਪਹਿਰ ਮੂੰਹ ਵਿੱਚੋਂ ਖੁਸ਼ਬੋ ਨਹੀਂ ਜਾਂਦੀ।

[4] ਖੁਸ਼ਾਬ ਜਿਹਲਮੋਂ ਦਹਿਣੇ ਪਾਸੇ ਵਡਾ ਸ਼ਹਿਰ ਗੀਦਾ ਕਸਬਾ ਹੈ ਅਟਨ ਸਰਦੂ ਪੱਥਰ

ਜਦ ਮਾਲਵੈ ਤੋਂ ਮੁੜ ਕੇ ਦੁਆਬੇ ਵਿਚ ਆਏ ਤਾਂ ਰਾਜੇ ਸੰਸਾਰ ਚੰਦ ਦੇ ਭਾਈ ਫਤੇ ਚੰਦ ਨੇ ਸਰ ੩੪੧
ਕਾਰ ਖਾਲਸੇ ਪਾਸ ਆ ਕੇ ਕੁਮਕ ਚਾਹੀ ਕਿ ਅਮਰ ਸਿੰਘ ਜਰਨੈਲ ਗੋਰਖੀਆਂ ਜੋ ਕਿਲ੍ਹੇ
ਕਾਂਗੜੇ ਪਰ ਲੜ ਰਿਹਾ ਹੈ ਉਸ ਨੂੰ ਕੱਢ ਦੇ ਸਵਾ ਲਾਖ ਰੁਪਯਾ ਨਜਰ ਖਰਚ ਲਓ। ——
ਸਰਕਾਰ ਤੁਰਤ ਉਧਰ ਕੂਚ ਕਰ ਗੋਪੀਪੁਰ ਦੇਹਰੇ ਤੋਂ ਪਾਸ ਲੰਘ ਕੇ ਰਾਣੀ ਰਾਜੇ ਦੇ ਤਾ
ਲ ਜਾ ਉਤ੍ਰੇ। ਥਾਪੇ ਅਮਰ ਸਿੰਘ ਦੇ ਵਕੀਲ ਜੋਰਾਵਰ ਸਿੰਘ ਨੇ ਹਾਜਰ ਆ ਕੇ ਅਰਜ ਕੀ
ਤੀ ਕਿ ਅਸੀ ਬੜੀ ਮਿਹਨਤ ਉਠਾ ਕੇ ਟੀਰੀ ਸ੍ਰੀਨਗਰ ਗੜ੍ਹਵਾਲ ਨਾਹਣ ਸਰਮੌਰ ਹੰਡੂਰ
ਕਹਿਲੂਰ ਨਦੌਣ ਆਦਿਕ ਪਹਾੜਾਂ ਦੇ ਅਨੇਕ ਰਾਜਿਆਂ ਨੂੰ ਜਿੱਤਦੇ ਹੋਏ ਗੰਗਾ ਜਮਨਾ
ਸਤਲੁਜ ਦਰਿਆ ਚੀਰ ਕੇ ਬੇਸੁਮਾਰ ਜਾਨ ਮਾਲ ਖੋ ਕਰ ਏਥੇ ਤਿੱਕੁ ਪਹੁੰਚੇ ਹਾਂ ਤੇ ਹੁਣ ਅ
ਸੀ ਦੋ ਚਾਰ ਦਿਨ ਵਿੱਚ ਕਿਲਾ ਕਾਂਗੜੇ ਦਾ ਫਤੇ ਕਰ ਲੈਣਾ ਹੈ ਤੁਸੀ ਸਾਡੀ ਮਿਹਨਤ ਕੀ
ਤੀ ਹੋਈ ਮਿਟੀ ਵਿਚ ਨਾ ਮਿਲਾਓ ਜਿਤਨਾ ਰੁਪਯਾ ਸੰਸਾਰ ਚੰਦ ਨੇ ਦੇਣਾ ਕੀਤਾ ਹੈ ਸਾਥੋਂ ਦੁ
ਗੁਣਾ ਲੈ ਲਓ ਪਰ ਉਸ ਦੀ ਮਦਦ ਨਾ ਕਰੋ। ਸਰਕਾਰ ਨੇ ਸੋਚਿਆ ਜੇ ਕਰ ਏਨਾਂ ਪਹਾੜਾਂ
ਦੇ ਮਾਲਕ ਗੋਰਖੀਏ ਹੋ ਗਏ ਤਾਂ ਏਹ ਜਬਰਦਸਤ ਨੈਪਾਲੀਏ ਮੈਨੂੰ ਕਦੇ ਸੁਖ ਨਾਲ
ਸੌਣ ਦੇਣਗੇ। ਉਸ ਨੂੰ ਸਾਫ ਕਹਿ ਦਿੱਤਾ ਕਿ ਹਮ ਸੰਸਾਰ ਚੰਦ ਨੂੰ ਬਚਨ ਦੇ ਚੁੱਕੇ ਹੁਣ ਨ
ਹੀ ਹਟਦੇ ਤੁਸਾਂ ਨੂੰ ਏਥੋਂ ਕੱਢ ਛੱਡਾਂਗੇ। ਦੂਸਰੇ ਦਿਨ ਖਾਲਸੇ ਦਾ ਹੱਲਾ ਗੋਰਖੀਆਂ
ਉਤੇ ਹੋਯਾ ਕੁਛ ਦਹਿਲ ਤੇ ਕੁਛ ਕੁਦਰਤ ਨਾਲ ਗੋਰਖੀਆਂ ਦੀ ਫੌਜ ਵਿੱਚ ਮਹਾਂਮਾਰੀ
ਪੈ ਗਈ। ਦੋ ਦੋ ਸੌ ਆਦਮੀ ਰੋਜ ਮਰਨ ਲੱਗਾ। ਓੜਕ ਜਾਨ ਮਾਲ ਲੈ ਕੇ ਚਲੇ ਜਾਣ
ਦੀ ਆਗਿਆ ਤੇ ਭਾਰਬਰਦਾਰੀ ਸਰਕਾਰ ਤੋਂ ਮੰਗ ਕੇ ਗੋਰਖੀਏ ਤਾਂ ਸਤਲੁਜੋਂ ਪੂਰਬ ਦੇ
ਨੀ ਪਾਰ ਚਲੇ ਗਏ। ਤੇ ਸਰਕਾਰ ਰਾਜੇ ਤੋਂ ਨਜਰਾਨਾ ਤੇ ਖਰਚ ਫੌਜ ਦਾ ਲੈ ਕੇ ਜੂਲਾਮੁ
ਖੀ ਦੇ ਦਰਸ਼ਨ ਕਰ ਹੁਸਿਆਰਪੁਰ ਵਿਨੀ ਮੁੜ ਆਏ। —— ।ਰਾਣੀ ਮਤਾਬ ਕੌਰ ਦੇ
ਘਰ ਦੋ ਸਾਹਜਾਦੇ ਜੌੜੇ ਪੈਦਾ ਹੋਣੇ ਦੀ ਖੁਸਖਬਰੀ ਮਹਾਂਰਾਜੇ ਨੂੰ ਪਹੁੰਚੀ ਤਾਂ ਬਹੁਤ ਧਨ
ਗੀਬਾਂ ਨੂੰ ਥੈਲਿਆਂ ਤੇ ਸਦਕ ਕਰਾਈ ਖੁਸੀ ਮਨਾਈ ਬੜੇ ਦਾ ਨਾਮ ਸੇਰ ਸਿੰਘ ਛੋਟੇ ਦਾ ਨਾ
ਮ ਤਾਰਾ ਸਿੰਘ ਰੱਖਿਆ। ——
ਖਬਰ ਆਈ ਕਿ ਕੁਤਬੁੱਦੀਨ ਕਸੂਰੀ ਨੁਵਾਬ ਮੁਜੱਫਰ ਖਾਂ ਮੁਲਤਾਨੀ ਅਹਿਮਦ ਖਾਂ ਸਿਆ
ਲ ਇਤਿਆਦਿਕ ਮੁਸਲਮਾਨ ਰਈਸਾਂ ਨੇ ਲਾਹੌਰ ਉੱਤੇ ਹੱਲਾ ਕਰਨ ਲਈ ਦੀਨ ਦਾ
ਝੰਡਾ ਖੜਾ ਕਰਨ ਦੀ ਸਲਾਹ ਕੀਤੀ ਹੈ ਸਭ ਮੁਸਲਮਾਨ ਗਾਨੇ ਬੰਨ ਕੇ ਮੇਂਦੀ ਲਾਂਈਗ

Digitized by Panjab Digital Library | www.panjabdigilib.org

੩੪੧ ਜੀ ਬਣੇ ਫਿਰਦੇ ਹਨ। ਏਹ ਗੱਲ ਸੁਣ ਕੇ ਸਰਕਾਰ ਨੇ ਲਾਲੋ ਲਾਲ ਹੋ ਕਰ ਹੁਕਮ ਦਿੱਤਾ ਸਭ ਫੌਜਾਂ ਕਸੂਰ ਨੂੰ ਚਲੀਆਂ ਆਉਣਾ ਤੇ ਸਰਦਾਰ ਫਤੇ ਸਿੰਘ ਦੇ ਦੇਂ ਜੋ ਮਹਾਂਰਾਜੇ ਦੇ ਸਾਬ ਸੇ ਦੋ ਹਾਂ ਨੂੰ ਤਬਲ ਕੂਚ ਕਸੂਰ ਉੱਤੇ ਹੱਲਾ ਕਰਨ ਲਈ ਭੇਜ ਦਿੱਤਾ। —
ਸੰਚ ਮੁੱਚ ਫੌਜਾਂ ਤਾਂ ਭਾਦੋਂ ਦੀਆਂ ਘਟਾਂ ਵਾਂਗੂ ਕਸੂਰ ਉੱਤੇ ਚੜ੍ਹ ਆਈਆਂ ਪਠਾਣਾਂ ਦਾ ਇਲਾਕਾ ਲੁੱਟ ਮਾਰ ਕੇ ਬੇਬਾ ਕਰ ਦਿੱਤਾ। — ।ਓਧਰ ਕੁਤਬਦੀਨ ਨੇ ਭਾਈਚਾਰੇ ਨੂੰ ਕੱਠਾ ਕਰਕੇ ਸਲਾਹ ਪੁੱਛੀ ਤਾਂ ਸਭ ਨੇ ਏਹੋ ਆਖਿਆ (ਬੱਕਰੇ ਦੀਆਂ ਕਦੋਂ ਤੀਕਰ ਪੁੱਤ ਦੀ ਖੈਰ ਮਨਾਏਗੀ) ਅਸੀਂ ਜਹਾਦ ਕਰਾਂਗੇ। ਅਰਥਾਤ ਸਹੀਦ ਹੋਵਾਂਗੇ। ਏਹ ਕਹਿ ਕਰ ਪਠਾਣਾਂ ਨੇ ਥੰਨ ਕੇ ਬਾਹਰ ਨਿਕਲ ਖੜੇ ਤੇ ਕੋਟ ਤੇ ਕਿਲੇ ਉੱਤੇ ਤੋਪਾਂ ਬੀੜ ਦਿੱਤੀਆਂ। — ਦੋਹਾਂ ਪਾਸਿਆਂ ਤੇ ਤੋਪਾਂ ਕੜਕ ਪੇਈਆਂ ਤਿੰਨ ਦਿਨ ਤੋਪਾਂ ਦੀ ਚੌਥੇ ਦਿਨ ਤੀਰਾਂ ਤੁਫੰਗਾਂ ਦੀ ਲੜਾਈ ਬੜੀ ਤੇਜੀ ਨਾਲ ਹੁੰਦੀ ਰਹੀ। ਪੰਜਵੇਂ ਦਿਨ ਭਾਰੀ ਭੜ ਭੜੀ ਦਾ ਦੂੰਦ ਉਠ ਕਰ ਗਾਜੀ ਅਲੀ ੨ ਬੋਲ ਕੇ ਖਾਲਸੇ ਉੱਤੇ ਆਪਏ। ਜਿਨਾਂ ਦਾ ਅੱਗਾ ਸਿੰਘਾਂ ਨੇ ਬੜੇ ਧੀਰਜ ਤੇ ਮੁਸਕਲ ਨਾਲ ਲੀਤਾ ਸਾਰਾ ਦਿਨ ਦੋਹਾਂ ਪਾਸਿਆਂ ਤੋਂ ਸਾਰ ਬਰਸਿਆ ਸੈਂਕੜੇ ਘੋੜੇ ਜੁਆਨ ਮੈਦਾਨ ਵਿੱਚ ਲਿਟ ਸਿੰਏ। —
ਪਠਾਣਾਂ ਦਾ ਹੱਲਾ ਰੋਕ ਕੇ ਸਿੰਘਾਂ ਦਾ ਹੌਸਲਾ ਬਧ ਗੇਆ ਛੀਏ ਦਿਨ ਅਕਾਲ ਅਕਾਲ ਦੀ ਗਾਜ ਗੱਜ ਪਾਉਂਦੇ ਹੋਏ ਖਾਲਸੇ ਨੇ ਪਠਾਣਾਂ ਉੱਤੇ ਹੱਲਾ ਕਰ ਦਿੱਤਾ ਜੇਂਦਾਪਿ ਅਹਿਮਦ ਦੀ ਬਹੁਤ ਬਹਾਦਰੀ ਨਾਲ ਲੜੇ ਪਰ ਸਿੰਘਾਂ ਦੀ ਤੇਗ ਨੇ ਛੱਕੇ ਛੁੱਡਾ ਦਿੱਤੇ ਪਠਾਣ ਅੱਗੇ ਧਰ ਲੀਏ। ਭੱਜ ਕੇ ਸਹਿਰ ਵਿੱਚ ਜਾ ਬੜੇ। ਖਾਲਸੇ ਨੇ ਸਹਿਰ ਨੂੰ ਘੇਰਾ ਪਾ ਕੇ ਅੱਗ ਬਰਸਾਉਣੀ ਸੁਰੂ ਕਰ ਦਿੱਤੀ ਬਾਹਰ ਅੰਦਰ ਜਾਣਾ ਆਉਣਾ ਸਭ ਦਾ ਬੰਦ ਕਰ ਰੱਖਿਆ ਦੋ ਮਹੀਨੇ ਵਿੱਚ ਸਹਿਰ ਤਾਂ ਥੋੜੇ ਜਲ ਦੀ ਮੱਛੀਆਂ ਵਾਂਗੂ ਤੜਫ ਉਠਿਆ। — ।ਸੈਂਕੜੇ ਆਦਮੀ ਭੁੱਖ ਦੇਖੇ ਮਰ ਗਏ। ਬੱਕਰੀ ਮੱਝ ਗਊ ਬੈਲ ਘੋੜੇ ਊਠ ਸਭ ਭੁੱਖ ਦੇਖੇ ਮੁਸਲਮਾਨਾਂ ਨੇ ਖਾ ਲੀਤੇ। — ।ਜਦ ਅਤੀ ਕਲਮਲਾਟ ਮੱਚਿਆ ਤਾਂ ਸਰਕਾਰ ਨੇ ਹੁਕਮ ਦਿੱਤਾ ਜੋ ਕੋਈ ਅੰਦਰੋਂ ਬਾਹਰ ਜਾਣਾ ਚਾਹੇ ਸਸਤ੍ਰ ਗੇਰ ਕੇ ਖਾਲੀ ਹੱਥ ਚਲਿਆ ਜਾਵੇ। ਜਾਣੋ ਸਰਕਾਰ ਦਾ ਏਹ ਹੁਕਮ ਬਾਬਾ ਆਦਮ ਦੀ ਨਫੀਰੀ ਹੋ ਗੇਆ ਲੋਗ ਕਬਰਾਂ ਦੇ ਮੁਰਦੇ ਬਣੇ ਹੋਏ ਨਿਕਲ ਤੁਰੇ ਮਹਾਂਰਾਜੇ ਨੇ ਫੇਰ ਤਾਂ ਰੋਟੀ ਦੇ ਲਾਲਚ ਸਭ ਖਲਕਤ ਉੱਠ ਤੁਰੀ। ਸਿੰਘਾਂ ਨੇ ਸਹਿਰ ਵਿੱਚ ਬੜ ਕੇ ਐਸੀ ਲੁੱਟ ਮਚਾਈ ਕਿਸੇ ਦੇ ਘਰ ਕੁਛ ਨਾ ਛੱਡਿਆ ਜੋ ਅੜਿਆ ਸੋ ਝੜਿਆ ਸਿੰਘਾਂ ਤੋਂ ਤ੍ਰਕੇ ਭਾਜੜ ਪੇ ਗਈ। ਭੈਣ ਨੂੰ ਭਾਈ ਸੱਸ ਨੂੰ ਜੁਆਈ ਪੁੱਤ ਨੂੰ ਮਾਈ ਕੋਈ ਕਿਸੇ ਨੂੰ ਅੜ

+ਅਕਰਕੇ ਤੁਰ੍ਹਾਤੋਂ।

ਨਾ ਲਾਯਾ ਜਿੱਧਰ ਜਿਸ ਦਾ ਮੂੰਹ ਹੋਯਾ ਉਧਰੇ ਦੌੜ ਗੈਆ ਜੇੜ੍ਹੀਆਂ ਜਨਾਨੀਆਂ ਕਦੇ
ਅੰਦਰੂੰ ਨਹੀ ਨਿਕਲੀਆਂ ਸਨ ਓਹ ਜੰਗਲਾਂ ਵਿਚ ਨੰਗੇ ਪੈਰੀ ਚਲੀਆਂ ਗੈਈਆਂ ਅਨੇਕ ੩੪੨
ਸਰਮ ਦੀਆਂ ਮਾਰੀਆਂ ਕਟਾਰੀਆਂ ਖਾਕੇ ਫਾਹੇ ਲੈਕੇ ਖੂਹਾਂ ਵਿਚ ਡਿੱਗ ਕੇ ਮਰ ਗੈਈਆਂ
ਸਿੰਘ ਕਿਲਾ ਫਤੇ ਕਰ ਕੁਤਬਦੀਨ ਨੂੰ ਫੜਕੇ ਮਹਾਰਾਜੇ ਪਾਸ ਲੈ ਗਏ। ਸਰਕਾਰ ਨੇ ਓ
ਸ ਨੂੰ ਨਜਰਬੰਦ ਰੱਖਕੇ ਸਤਲੁਜੋਂ ਪਾਰ ਮਮਦੋਟ ਦਾ ਪਰਗਣਾ ਜੰਗੀਰ ਗੁਜਾਰੇ ਵਾਸ
ਤੇ ਦੇਕਰ ਬਾਕੀ ਮਾਲ ਮੁਲਕ ਉਸ ਦਾ ਪਰਗਣਾ ਕਸੂਰ ਚੂਹਣੀਆਂ ਖੁੱਡੀਆਂ ਸਬ ਜਬਤ
ਕਰ ਲੀਤਾ।। —— ।।ਕੁਤਬਦੀਨ ਦਾ ਖਜਾਨਾ ਢੂੰਡ ਘੋੜੇ ਹਾਥੀ ਮੋਹਰਾਂ ਗਹਣਿਆਂ ਸੁਇਨੇ
ਚਾਂਦੀ ਦੇ ਬਰਤਨ ਹੀਰੇ ਮੋਤੀ ਰੇਸਮ ਪਸ਼ਮੀਨੇ ਦੇ ਕਪੜੇ ਤੋਪਾਂ ਬੰਦੂਕਾਂ ਬੇਸੁਮਾਰ ਅਸ
ਬਾਬ ਹਥਿਆਰ ਸਰਕਾਰ ਖਾਲਸੇ ਦੇ ਹੱਥ ਆਏ। ਤੇ ਸਪਾਹੀਆਂ ਸਰਦਾਰਾਂ ਨੇ ਬੀ ਅਪਣੇ
ਝੋਲੇ ਖੁਰਜੀਆਂ ਦੌਲਤ ਨਾਲ ਭਰ ਲੀਤੀਆਂ।। —— ।।ਏਹ ਸਹਿਰ ਪੰਜਸੌ ਬਰਸ
ਤੋਂ ਪਠਾਣਾਂ ਦੀ ਰਜਧਾਨੀ ਹੋਣੇ ਕਰ ਕਦੇ ਕਿਸੇ ਨੇ ਨਹੀ ਲੁਟਿਆ ਸੀ ਹੋਰ ਹਿੰਦੁਸਤਾਨ ਪੰ
ਜਾਬ ਦੇ ਸਬ ਸਹਿਰ ਤੇ ਕਸਬੇ ਕਈ ੨ ਵਰੀ ਮੁਸਲਮਾਨਾਂ ਗਿਲਜਿਆਂ ਤੇ ਸਿੰਘਾਂ ਸ
ਰਦਾਰਾਂ ਨੇ ਲੁੱਟੇ ਸੇ ਕਸੂਰ ਕਦੇ ਨਹੀ ਲੁੱਟੀ ਸੀ। ਤਾਂ ਹੀ ਬੜੇ ੨ ਧਨੀ ਸਾਹੂਕਾਰ ਸਬ
ਏਥੇ ਆ ਬਸੇ ਸਨ।। ਸਿੰਘਾਂ ਨੇ ਕਈ ਵਰੀ ਲੁੱਟ ਪੁੱਟਕੇ ਉਜਾੜ ਕਰ ਛੱਡਿਆ ਉਸ ਦਾ ਬੇਹਤ
ਤੰਨ ਚਾਰ ਕੋਹ ਵਿੱਚ ਉਜਾੜ ਪੈਆ ਹੈ ਤੇ ਏਹ ਕਸੂਰ ਜੇਹੜਾ ਹੁਣ ਸਹਿਰ ਹੈ ਓਦੋਂ ਇੱਕ ਜੂਰੀ
ਬਸਤੀ ਸੀ।। —— ।।ਏਸ ਮੁਹਿੰਮ ਦੇ ਫਤੇ ਹੋਣ ਦੀ ਖੁਸੀ ਵਿੱਚ ਸਰਕਾਰ ਨੇ ਸ੍ਰੀ ਅੰਮ੍ਰਿ
ਸਰ ਪਹੁੰਚਕੇ ਬਹੁਤ ਧਨ ਪੁੰਨ ਦਾਨ ਦਰਬਾਰ ਦੀ ਭੇਟਾ ਕੀਤਾ। ਫੇਰ ਲਾਹੌਰ ਜਾਕੇ ਇੱਕ
ਬਡਾ ਦਰਬਾਰ ਕਰਕੇ ਇਨਾਮ ਤੇ ਅਹੁਦੇ ਫੌਜ ਨੂੰ ਬਖਸੇ।। ——
ਪੰਦ੍ਰਾਂ ਦਿਨਾਂ ਪਿਛੋਂ ਮਹਾਰਾਜੇ ਨੇ ਮੁਲਤਾਨ ਵਨੀ ਫੌਜ ਦਾ ਕੂਚ ਕਰਾਕੇ ਸਰਦਾਰ ਫਤੇ ਸਿੰਘ ਕ
ਲਿਆਂ ਵਾਲੇ ਨੂੰ ਮੁਜੱਫਰ ਖਾਂ ਪਾਸ ਏਹ ਸਨੇਹਾ ਦੇਕੇ ਭੇਜਿਆ ਕਿ ਤੁਸੀ ਸਰਕਾਰ ਖਾਲਸੇ
ਦੀ ਤਾਬੇਦਾਰੀ ਮੰਨਕੇ ਲਿਖ ਦਿੱਤਾ ਸੀ ਕਿ ਮੈ ਸਰਕਾਰ ਲਾਹੌਰ ਦੇ ਵਿਰੁੱਧ ਕੋਈ ਕੰਮ ਯਾ
ਸਲਾਹ ਨਾ ਕਰਾਂਗਾ। ਸੋ ਹੁਣ ਤੁਸਾਂ ਅਪਣਾ ਅਹਿਦ ਆਪੇ ਤੋੜ ਸਿੰਆ ਜੋ ਕੁਤਬਦੀਨ ਖਾਂ
ਕਸੂਰੀ ਤੇ ਅਹਿਮਦ ਖਾਂ ਸਿਆਲ ਨਾਲ ਗੰਢਣਾ ਗੰਢਕੇ ਲਾਹੌਰ ਉੱਤੇ ਚੜ੍ਹਾਈ ਕਰਨੀ ਇਕਰਾ
ਠਹਿਰ ਲਈ ਸੀ। ਦੂਜੇ ਝੰਗ ਵਾਲੇ ਹਮਾਰੇ ਵਿਰੋਧੀ ਅਹਿਮਦ ਖਾਂ ਨੂੰ ਤੋਂ ਪਨਾਹ ਤੇ ਹੌਸ
ਲਾ ਦਿੱਤਾ। ਏਨਾਂ ਦੋਹਾਂ ਗੁਨਾਹਾਂ ਬਦਲੇ ਦੰਡ ਤੇ ਪਿਛਲਾ ਖਿਰਾਜ ਤੇ ਫੌਜ ਦਾ ਖਰਚ ਹਾਜ਼ਰ

Digitized by Panjab Digital Library | www.panjabdigilib.org

੩੪੪ ਕਰੋ ਨਹੀਂ ਤਾਂ ਖਾਲਸੇ ਦਾ ਹੱਲਾ ਤੇਰੇ ਉੱਤੇ ਹੋਵੇਗਾ। ਜੰਦੀਪ ਉਸ ਨੇ ਅਨੇਕ ਉਜਰ ਨਰਮਾਈ
ਗਰਮਾਈ ਤੇ ਆਪਣੀ ਸਫਾਈ ਦੇ ਕਰੇ ਪਰ ਮਹਾਰਾਜੇ ਨੇ ਇੱਕ ਨਾ ਮੰਨੀ ਖਾਲਸੇ ਦਾ ਹੱਲਾ ਕਰ
ਦਿੱਤਾ ਸਿੰਘਾਂ ਦੀ ਲੁੱਟ ਮਾਰ ਤੋਂ ਡਰਦੇ ਲੋਗ ਘਰ ਛੱਡ ਦੌੜੇ ਨੱਠ ਤੁਰੇ। ਨਵਾਬ ਮੁਜੱਫਰ ਖਾਂ ਨੇ
ਸ਼ਹਿਰ ਦੇ ਦਰਵਾਜੇ ਬੰਦ ਕਰ ਦਿੱਤੇ। ਬਾਹਰ ਤੋਂ ਸਿੰਘਾਂ ਨੇ ਸ਼ਹਿਰ ਨੂੰ ਘੇਰੇ ਪਾ ਕੇ ਘਾਸ ਦਾਣਾ
ਅੰਦਰ ਜਾਣੇ ਬੰਦ ਕਰ ਦਿੱਤਾ ਸ਼ਹਿਰੀਆਂ ਦੇ ਤਾਂ ਪੰਦ੍ਰਾਂ ਦਿਨਾਂ ਵਿੱਚ ਹੀ ਉਸਾਣ ਮਾਰੇ ਗਏ ਸਨ
ਮੁਨੇਆ ਗਈ ਤੜਫ ਉੱਠੇ ਅੰਤ ਨੂੰ ਅਤੀ ਦੁਖੀ ਹੋ ਕਰ ਸਬ ਨਾਮੀ ੨ ਚੌਧਰੀ ਕੱਠੇ ਹੋਕੇ ਨਵਾਬ
ਪਾਸ ਗਏ ਨੇੜ ਭਰਕੇ ਅਰਜ ਕੀਤੀ ਕਿ ਏਹ ਸਿੱਖਾਂ ਦਾ ਲੁਟੇਰਾ ਲਸਕਰ ਅੱਗੇ ਬੀ ਮੁਲਤਾ
ਨ ਨੂੰ ਲੁੱਟ ਪੁੱਟ ਕੇ ਬਰਬਾਦ ਕਰ ਗਿਆ ਸੀ ਹੁਣ ਫੇਰ ਸੱਤਿਆਨਾਸ ਕਰਨ ਆਯਾ ਹੈ ਜਿੱਕੂ ਬਣੇ
ਏਨਾਂ ਸਿੰਘਾਂ ਤੋਂ ਰਈਅਤ ਨੂੰ ਬਚਾਓ ਨਹੀਂ ਤਾਂ ਏਹ ਸਬ ਦੇ ਹੱਥ ਠੂਠਾ ਫੜਾ ਜਾਣਗੇ। ਤੁਸੀਂ ਤ
ਕਰੋ ਜੋ ਮੰਗਦੇ ਰੁਪਏ ਅਸੀਂ ਚੰਦਾ ਕਰਕੇ ਦੇ ਦਿੰਨੇ ਹਾਂ ਆਪੇ ਤੁਸੀਂ ਦੇਓ ਛੇਕੜ ਏਸੇ ਤਰਾਂ ਕੀਤਾ ਮੁ
ਜੱਫਰ ਖਾਂ ਨੇ ਇੱਕ ਲੱਖ ਰੁਪਯਾ ਮਹਾਰਾਜ ਅੱਗੇ ਧਰਕੇ ਪੈਰ ਫੜ ਲੀਤੇ ਮਹਾਰਾਜ ਤਾਂ ਬਹੁ
ਤ ਰਹੀਮ ਕਰੀਮ ਥਾ ਇੱਕ ਘਰ ਦਾ ਉਸ ਨੂੰ ਮਾਫ ਕਰਕੇ ਖਿਰਾਜ ਲੈ ਲੀਤਾ। — ॥ਹੁਣ
ਜਰਚਾਰ ਨੇ ਫੌਜੀ ਸਰਦਾਰਾਂ ਨੂੰ ਆਖਿਆ ਜੇ ਖਾਲਸਾ ਜੀ ਹਿੰਮਤ ਕਰੇ ਤਾਂ ਬਹਾਵਲਪੁਰ ਦੀ
ਭਿੱਚ ਬੀ ਕੱਢ ਛੱਡੀਏ। ਉਸੇ ਵਕਤ ਖਾਲਸੇ ਨੇ ਬਹਾਵਲਪੁਰ ਵੱਲੀ ਕੂਚ ਕਰ ਦਰਿਆ ਪਾਰ ਹੋ
ਨਵਾਬ ਦੇ ਇਲਾਕੇ ਵਿੱਚ ਵੜਕੇ ਲੁੱਟ ਦੀ ਝੜੀ ਖੋਲ ਦਿੱਤੀ ਜਿਸ ਨੇ ਹੱਥ ਉਠਾਯਾ ਦੇ ਧੜ
ਕਰ ਗਿਰਾਯਾ ਫੇਰ ਤਾਂ ਤ੍ਰਾਜੜ ਪੈ ਗਈ ਬਘਿਆੜ ਅੱਗੇ ਇੱਜੜ ਵਾਂਗੂ ਪਿੰਡਾਂ ਦੇ ਪਿੰਡ ਨੱਠ
ਤੁਰੇ ਦੇਸ ਵਿੱਚ ਹਾਹਾਕਾਰ ਮਚ ਗਯਾ ਬੜੇ ੨ ਦੌਲਤ ਵਾਲੇ ਅਰੋੜੇ ਤੇ ਰਈਸ ਮੁਸਲਮਾਨ
ਸਿੰਘਾਂ ਨੇ ਘੂਰ ਘੂਰ ਕੇ ਤਿਲਾਂ ਦੀ ਪੂਲੀ ਵਾਂਗੂ ਝਾੜ ਲਏ, ਜਦ ਏਸ ਅਫਰਾਦਫੜੀ ਦੀ ਖ
ਬਰ ਨਵਾਬ ਬਹਾਵਲ ਖਾਂ ਬਹਾਵਲਪੁਰੀਏ ਨੂੰ ਪਹੁੰਚੀ ਤਾਂ ਕੋਲੇ ਵਾਂਗੂ ਕਬਬ ਉੱਠਿਆ ਤੇ ਲਾਲ
ਲ ਪੜ ਕੇ ਬੋਲਿਆ ਜਾ ਖੁਦ ਏਸ ਆਫਤ ਤੋਂ ਬਚਾ ਸਿੰਘਾਂ ਦੀ ਧਾਕ ਸੁਣ ਕੇ ਉਸ ਦੀ ਫੌਜ ਦੇ
ਤਾਂ ਪਹਿਲਾਂ ਹੀ ਸਾਹ ਸੁੱਕ ਰਹੇ ਸੇ ਮੁਲਤਾਨ ਤੇ ਕਸੂਰ ਦੀ ਦੁਰਦਿਸ਼ਾ ਨੇ ਹੋਰ ਭੁੰਝੇ ਉਤਾਰ
ਛੱਡੇ ਸ਼ਹਿਰੀ ਭੁੱਜਣ ਨੂੰ ਤਿਆਰ ਹੋ ਬੈਠੇ। ਨਵਾਬ ਨੇ ਆਪਣੀ ਫੌਜ ਤੇ ਪਰਜਾ ਦੀ ਬਿਆਕੁਲ
ਤਾ ਦੇਖ ਕੇ ਸਰਕਾਰ ਖਾਲਸੇ ਦੀ ਤਾਬੇਦਾਰੀ ਮੰਨ ਲੀਤੀ। ਮਹਾਰਾਜੇ ਨੇ ਇੱਕ ਲੱਖ ਰੁਪਿਆ
ਨਜਰਾਨਾ ਲੈ ਕੇ ਫਕੀਰ ਅਜੀਜੁਦੀਨ ਦੇ ਹੱਥੀਂ ਖਿਲਤ ਨਵਾਬ ਨੂੰ ਦੇ ਕਰ ਲਾਹੌਰ ਦਾ ਰਾ
ਹ ਲੀਤਾ। —

Digitized by Panjab Digital Library | www.panjabdigilib.org

ਸੰ: ੧੮੬੪ ਬਿ: ਕੋ ਸਰਕਾਰ ਨੇ ਲਾਹੌਰ ਆਕੇ ੪ ਪਲਟਣਾਂ ਦੋ ਰਸਾਲੇ ਨਸੋ ਹੋਰ ਭ ਈ੮੫
ਰਤੀ ਕੀਤੇ ਕੁਵਾਇਦ ਸਿਖਣ ਦਾ ਹੁਕਮ ਦਿੱਤਾ ਤੋਪਾਂ ਬੰਦੂਕਾਂ ਢਲਵਾਈਆਂ ਦੀਨਾ
ਨਗਰ ਫੌਜ ਉਤਾਰਕੇ ਉਸ ਦੇਸ ਦੇ ਸਿਖਾਂ ਤੇ ਪ੍ਰਬਤੀ ਰਾਜਿਆਂ ਤੋਂ ਨਜਰਾਨੇ ਮੰਗੇ। ਜੰਦਪਿ
ਰਾਣੀ ਸਦਾ ਕੌਰ ਨੇ ਮਹਾਰਾਜ ਦੇ ਏਸ ਧੱਕੇ ਉਤੇ ਬਹੁਤ ਉਜਰ ਕੀਤੇ ਤੇ ਨਰਾਜ ਹੋਈ ਕਿਉਂ
ਕੇ ਉਦੋਂ ਓਹ ਸਬ ਸਰਦਾਰ ਤੇ ਪ੍ਰਬਤੀ ਰਾਜੇ ਉਸੇ ਦੇ ਜੇਲਦਾਰ ਸੇ ਪਰ ਸਰਕਾਰ ਨੇ ਇੱਕ ਨਾ
ਸੁਣੀ ਸਬ ਤੋਂ ਜੋਰ ਨਾਲ ਖਿਰਾਜ ਲੈ ਲੀਤਾ।——
ਉਸੇ ਸਮੇ ਰਾਜੇ ਸਾਹਿਬ ਸਿੰਘ ਤੇ ਰਾਣੀ ਆਸ ਕੌਰ ਦਾ ਆਪਸ ਵਿੱਚ ਐਡਾ ਬਿਰੋਧ ਵਧਿ
ਆ ਕੇ ਲੜਾਈ ਤਕ ਨੌਬਤ ਪਹੁੰਚ ਗਈ। ਰਾਜੇ ਨੇ ਆਪਣਾ ਪਾਲੜਾ ਝੁਕਦਾ ਦੇਖਕੇ ਸਰਕਾ
ਰ ਖਾਲਸੇ ਨੂੰ ਕੁਛ ਰੁਪਯਾ ਖਰਚ ਤੇ ਇੱਕ ਕੰਠਾ ਮੋਤੀਆਂ ਦਾ ਦੇਣਾ ਕਰ ਆਪਣੀ ਮਦਦ ਪਰ
ਬੁਲਾ ਲੀਤਾ। ਮਹਾਂਰਾਜ ਤਾਂ ਏਹੋ ਜੇਹੇ ਸਮੇਂ ਹੇ ਚਾਹੁੰਦੇ ਹੀ ਸੇ ਛਪਛਪ ਦੀਵਾਨ ਮੁਹਕਮ
ਚੰਦ ਤੇ ਸਰਦਾਰ ਫਤੇ ਸਿੰਘ ਆਲੂਵਾਲੀਏ ਨੂੰ ਸਾਥ ਲੈਕੇ ਸਤਲੁਜੋਂ ਪਾਰ ਹੋਈ ਨੇ ਖਾਂ
ਮਜ਼ ਦੇ ਪੋਤੇ ਈਜੇ ਖਾਂ ਤੋਂ ਉਸ ਦਾ ਇਲਾਕਾ ਖੋਹਕੇ ਸਰਦਾਰ ਗੰਡਾ ਸਿੰਘ ਨੂੰ ਦੇ ਭੇਟੇ ਨੀਆਂ ਤੇ
ਨਜਰਾਨਾ ਲੈਕੇ ਨਭੇ ਥਾਣੀ ਪਟਿਆਲੇ ਜਾ ਪਹੁੰਚੇ।—— ।ਜੰਦਪਿ ਰਾਣੀ ਆਸ ਕੌਰ
ਨੇ ਜੋ ਅਕਲ ਤੇ ਦਾਨਾਈ ਦਾ ਪੁਤਲਾ ਸੀ ਮਹਾਰਾਜੇ ਦੇ ਪਹੁੰਚਣ ਤੋਂ ਪਹਿਲੇ ਹੀ ਆਪਣਾ ਘ
ਰ ਬਚਾਉਣ ਲਈ ਆਪਣੇ ਪਤੀ ਨਾਲ ਸੁਲਾ ਸਫਾਈ ਕਰ ਲੀਤੀ ਸੀ। ਤੌ ਭੀ ਰਾਜੇ ਸਾ
ਹਿਬ ਸਿੰਘ ਨੇ ਆਪਣਾ ਬਚਨ ਪੂਰਾ ਕਰ ਦਿੱਤਾ ਜੋ ਕੁਛ ਦੇਣਾ ਕੀਤਾ ਸੀ ਦੇਕੇ ਮਹਾਂਰਾਜੇ ਦੀ
ਬਹੁਤ ਸੇਵਾ ਕੀਤੀ ਇੱਕ ਤੋਪ ਜੋ ਪਟਿਆਲੇ ਦੇ ਕਿਲੇ ਅੱਗੇ ਕੜੇ ਖਾਂ ਨਾਮ ਬਹੁਤ ਚੰਗੀ ਖ
ੜ੍ਹੀ ਸੀ ਸਰਕਾਰ ਨੇ ਮੰਗਕੇ ਲੈ ਲੀਤੀ। ਰਾਣੀ ਨੇ ਆਪਣੇ ਪੁੱਤ੍ਰ ਟਿੱਕੇ ਕਰਮ ਸਿੰਘ ਨੂੰ ਸਿਖਾ
ਕੇ ਰਾਜੇ ਦੇ ਨਾਲ ਸਰਕਾਰ ਲਾਹੌਰ ਪਾਸ ਬਿਦਾਈ ਕਰਨ ਲਈ ਭੇਜ ਦਿੱਤਾ। ਸਰਕਾਰ ਨੇ
ਬਾਲਕ ਨੂੰ ਸੁੰਦਰ ਰੂਪ ਦੇਖਕੇ ਆਪਣੀ ਗੋਦ ਵਿੱਚ ਬੈਠਾਯਾ। ਤਾਂ ਟਿੱਕੇ ਜੀ ਨੇ ਓਹ ਕੰਠਾ ਸ
ਰਕਾਰ ਦੇ ਗਲ ਪੈਯਾ ਦੇਖਕੇ ਦੋਹਾਂ ਹੱਥਾਂ ਨਾਲ ਘੁੱਟਕੇ ਫੜਕਰ ਆਖਯਾ ਮੇਰਾ ਕੰਠਾ ਤੁ
ਸੀ ਕਿੱਥੇ ਲੈ ਚੱਲੇ ਹੋ ਤੁਸੀ ਤਾਂ ਬਾਦਸਾਹ ਹੋ ਹੋਰ ਲੈ ਲਓਗੇ ਏਹ ਮੇਰੇ ਗਲ ਪਾਦੇਓ।
ਸਰਕਾਰ ਅਨੇਕ ਚੀਜਾਂ ਦੇਕੇ ਬਲ ਛਲ ਕਰ ਟਾਲ ਰਹੇ ਪਰ ਟਿੱਕੇ ਜੀ ਨੇ ਕੰਠ ਹੱਥੋਂ ਨਾ
ਛੱਡਿਆ ਰੋਣ ਲੱਗ ਪੈਯਾ ਹਾਰਕੇ ਸਰਮਿੰਦੇ ਹੋਕਰ ਮਹਾਂਰਾਜੇ ਬਹਾਦੁਰ ਨੇ ਕੰਠਾ ਟਿੱਕੇ ਦੇ
ਗਲ ਪਾਕਰ ਅੰਬਾਲੇ ਵੱਨੀ ਕੂਚ ਕਰ ਦਿੱਤਾ।—— ।ਸਰਕਾਰ ਬੋਲੇ ਬੜਾ ਸਯਾਣਾ ਗਭ

ਹੋਵੇਗਾ। ਓਹੋ ਬਚਨ ਸਰਕਾਰ ਦਾ ਸੱਚ ਹੋਯਾ। ਰਾਜੇ ਕਰਮ ਸਿੰਘ ਜੈਸਾ ਪਟਿਆਲੇ
੩੪੫ ਵਿੱਚ ਸਿਆਣਾ ਰਾਜਾ ਹੋਰ ਕੋਈ ਨਹੀਂ ਹੋਯਾ। —
ਸਰਕਾਰ ਲਾਹੌਰ ਨੇ ਅੰਬਾਲੇ ਉਤੜਕੇ ਅੰਬਾਲੇ ਵਾਲੀ ਰਾਣੀ ਦਯਾ ਕੌਰ ਭਾਈ ਲਾਲ
ਸਿੰਘ ਭੰਗਾ ਸਿੰਘ ਥਨੇਸਰੀ ਕਰਮ ਸਿੰਘ ਨਿਰਮਲ ਸਾਹਾਬਾਦੀਆ ਗੁਰਦਿੱਤ ਸਿੰ
ਘ ਲਾਡਵੇ ਵਾਲੇ ਜੋਧ ਸਿੰਘ ਕਲਸੀਆ ਇਤਿਆਦਿਕ ਉਸ ਦੇਸ ਦੇ ਛੋਟੇ ਮੋਟੇ ਸ
ਰਦਾਰਾਂ ਤੋਂ ਨਜਰਾਨੇ ਲੈਕੇ ਕਿਲਾ ਨਰੈਣ ਗੜ੍ਹ ਜੋ ਮੀਏਂ ਕਿਸ਼ਨ ਸਿੰਘ ਨਾਹਣ ਵਾਲੇ ਦੇ ਕਬ
ਜੇ ਵਿੱਚ ਸੀ ਜਾ ਘੇਰਿਆ ਮੀਆਂ ਕਿਸ਼ਨ ਸਿੰਘ ਬੜੀ ਬਹਾਦਰੀ ਨਾਲ ਬੀਸ ਦਿਨ ਅੜਿਆ ਲੜ੍ਹ
ਿਆ ਦੋਹਾਂ ਤਰਫਾਂ ਤੋਂ ਤੋਪਾਂ ਦੀ ਅੱਗ ਬਰਸਦੀ ਰਹੀ ਛੇਕੜ ਸਰਕਾਰ ਨੇ ਗੁੱਸੇ ਹੋ ਖਾਲਸੇ ਦਾ
ਹੱਲਾ ਕਰਾ ਦਿੱਤਾ ਕਿਲੇ ਦੀ ਬਾਹੀ ਭੰਨ ਕੇ ਸਿੰਘ ਅੰਦਰ ਵੜ ਗਏ। — ।।ਜਦਪਿ ਉਸ
ਹੱਲੇ ਵਿੱਚ ਫਤੇ ਸਿੰਘ ਕਾਲਿਆਂ ਵਾਲਾ ਦੇਵਾ ਸਿੰਘ ਜੋਹਣ ਸਿੰਘ ਆਦਿਕ ਕਈ ਸਰਦ
ਾਰ ਤੇ ਚਾਰ ਸੌ ਸਿਪਾਹੀ ਸਰਕਾਰ ਦਾ ਅੜਦੀਆਂ ਤੋਪਾਂ ਦੀ ਭੇਟਾ ਹੋ ਗਿਆ ਪਰ ਫਤੇ ਸਿੰਘਾਂ
ਦੀ ਹੋਈ ਨਾਹਣੀਏ ਛੱਡਕੇ ਦੌੜ ਗਏ। —— ।।ਏਸ ਫਤੇ ਦੀ ਖੁਸ਼ੀ ਸਰਦਾਰ ਫਤੇ
ਸਿੰਘ ਦੇ ਮਰਨੇ ਨੇ ਸਰਕਾਰ ਨੂੰ ਭੁਲਾ ਦਿੱਤੀ ਬੜਾ ਸੋਕ ਮੰਨਿਆ ਆਪਣੇ ਹੱਥੀਂ ਉਸ ਨੂੰ ਚੰਨ
ਣ ਦੀ ਚਿਖਾ ਵਿੱਚ ਸਾੜਕੇ ਸਰਕਾਰ ਰੋਏ ਕੇ ਐਸਾ ਸੂਰਬੀਰ ਸਰਦਾਰ ਔਰ ਲਾਇਕ ਮਿ
ਲਣਾ ਮੁਸਕਲ ਹੈ। — ।।ਚਾਲੀ ਹਜਾਰ ਰੁਪਿਆ ਨਜਰਾਨਾ ਲੈਕੇ ਕਿਲੇ ਸਮੇਤ ਨਰੈਣ
ਗੜ੍ਹ ਦਾ ਪ੍ਰਗਣਾ ਸਰਕਾਰ ਨੇ ਸਰਦਾਰ ਫਤੇ ਸਿੰਘ ਆਲੂਵਾਲੀਏ ਨੂੰ ਦੇ ਦਿੱਤਾ ਕਿਉਂਕੇ
ਪਹਿਲੇ ਬੀ ਏਹ ਕਿਲਾ ਨਾਹਣ ਵਾਲੇ ਰਾਜੇ ਤੋਂ ਸਰਦਾਰ ਜੱਸਾ ਸਿੰਘ ਨੇ ਜਿਤਿਆ ਸੀ।
ਫੇਰ ਨਾਹਣੀਆਂ ਨੇ ਸਰਦਾਰ ਭਾਗ ਸਿੰਘ ਦੇ ਸਮੇ ਦੱਬ ਲੀਤਾ ਸੀ। — ।।ਪ੍ਰਗਣਾ
ਮੋਰਿੰਡੇ ਦਾ (ਬਾਗਾਂ ਵਾਲਾ) ਸਰਦਾਰ ਧਰਮ ਸਿੰਘ ਦੇ ਬੇਟੇ ਤੋਂ ਛੀਨ ਕੇ ਰਾਜੇ ਭਾਗ ਸਿੰਘ
ਨੂੰ ਦੇ ਦਿੱਤਾ ਗੁਪਾਲ ਸਿੰਘ ਮਨੀਮਾਜਰੀਏ ਤੋਂ ਤੀਸ ਹਜਾਰ [੩੦੦੦੦] ਰਣਜੀਤ ਸਿੰਘ ਸਨੌਲੀ
ਵਾਲੇ ਤੋਂ ਬੀਸ ਹਜਾਰ [੨੦੦੦੦] ਹਰੀ ਸਿੰਘ ਘੋੜਪੜ੍ਹੀਏ ਤੋਂ ਪੰਦ੍ਰਾਂ ਹਜਾਰ [੧੫੦੦੦] ਨਜਰਾਨੇ ਲੈਕੇ ਪ੍ਰਗਣਾ
ਬਹਿਲੋਲਪੁਰ ਅਪਣੇ ਕਾਰਦਾਰ ਬੀਰਭਾਨ ਨੂੰ ਸਾਨੇ ਵਾਲੇ ਮੁਹਕਮਚੰਦ ਨੂੰ ਦੇਕੇ ਸਤ
ਲੁਜੋਂ ਪਾਰ ਹੋ ਦੁਆਬੇ ਦੇ ਸਰਦਾਰਾਂ ਤੋਂ ਅੱਸੀ ਹਜਾਰ [੮੦੦੦੦] ਨਜਰਾਨਾ ਲੀਤਾ। —
ਖਬਰ ਲੱਗੀ ਕਿ ਤਾਰਾ ਸਿੰਘ ਘੇਬਾ ਰਾਹੋਂ ਵਾਲਾ ਗੁਜਰ ਗਿਆ ਸਰਕਾਰ ਨੇ ਉਸ ਦੇਖ
ਜਾਨੇ ਤੇ ਇਲਾਕੇ ਉੱਤੇ ਕਬਜਾ ਕਰਨ ਲਈ ਫੌਜ ਭੇਜ ਦਿੱਤੀ। ਤਾਰਾ ਸਿੰਘ ਦੀ ਰਾਣੀ

ਰਤਨ ਕੌਰ ਨੇ ਸਰਕਾਰ ਦੀ ਬਦਨੀਤ ਦੇਖਕੇ ਦੀਵਾਨ ਮੁਹਕਮ ਚੰਦ ਜੋ ਫੌਜ ਲੈਕੇ ਗਿਆ
ਸੀ ਪਹਿਲੇ ਦੇ ਵਰੀ ਤਾਰਾ ਸਿੰਘ ਤੋਂ ਹਾਰ ਆਯਾ ਸੀ ਉਸਨੂੰ ਏਹ ਕਹਿ ਭੇਜਿਆ ਕਿ ਮਰ ਮ ੦
ਰਕੇ ਮੇਰੇ ਪਤੀ ਨੇ ਮੁਲਕ ਲੀਤਾ ਸੀ ਮਰ ਮਾਰਕੇ ਮੈਂ ਦੇਆਂਗੀ ਮੁਹਕਮ ਚੰਦ ਨੇ ਏਹ ਚਿੱਠੀ ੩ ੪
ਰਤਨ ਕੌਰ ਦੀ ਸਰਕਾਰ ਪਾਸ ਭੇਜ ਦਿੱਤੀ, ਸਰਕਾਰ ਜੋਰਾਦਾ ਹੁਕਮ ਦੇਕੇ ਆਪ ਬੀ ਰਾਹੋਂ
ਫਿਨੀ ਚੜ੍ਹ ਆਏ। — ॥ਇਧਰ ਰਤਨ ਕੌਰ ਮਰਦਾਨੇ ਸਸਤ੍ਰ ਬਸਤ੍ਰ ਪਹਿਨ ਘੋੜੇ ਪਰ ਚੜ੍ਹ
ਅਪਣੀ ਫੌਜ ਨੂੰ ਇਨਾਮ ਦੇਣਾ ਕਰ ਨਗਾਰਾ ਬਜਾ ਰਣਭੂਮੀ ਵਿਚ ਆ ਖੜੀ ਤੀ। ਸਰ
ਕਾਰ ਦੀ ਫੌਜ ਇੱਕ ਪਹਿਰ ਲੜੀ ਫੇਰ ਨੱਠ ਤੁਰੀ। ਜਾਂ ਰਤਨ ਕੌਰ ਫਤੇ ਪਾਕੇ ਮੁੜ ਆਪ
ਣੇ ਕਿਲੇ ਵਿੱਚ ਜਾ ਬੜੀ ਤਾਂ ਸਰਕਾਰ ਨੇ ਉਥੇ ਪਹੁੰਚਕੇ ਏਹ ਛਲ ਖੇਡਿਆ ਰਾਣੀ ਨੂੰ ਲਿ
ਖਿਆ ਕਿ ਸਰਦਾਰ ਤਾਰਾ ਸਿੰਘ ਬਹਾਦੁਰ ਮੇਰਾ ਉਸਤਾਦ ਸਸਤ੍ਰ ਵਿਦਿਆ ਦਾ ਸੀ ਬਾਪ
ਤੇ ਉਸਤਾਦ ਇਕੋ ਹੁੰਦੇ ਹਨ ਮੈਂ ਤਾਂ ਉਸਨੂੰ ਅਪਣੇ ਪਿਤਾ ਜੈਸਾ ਸਮਝਕੇ ਮੁਕਾਣ ਦੇਣ ਆਯਾ
ਤੁਸੀਂ ਮਾਤਾ ਜੀ ਅੱਗੋਂ ਲੜਾਈ ਕਰ ਬੈਠੇ ਏਹ ਕੀ ਕੀਤਾ। ਰਾਣੀ ਨੇ ਜੁਵਾਬ ਦਿੱਤਾ ਜੇ ਤੂੰ ਪੁੱਤ੍ਰ
ਬਣਦਾ ਹੈਂ ਤੇ ਮੈਨੂੰ ਮਾਤਾ ਜੀ ਲਿਖਦਾ ਹੈਂ ਤਾਂ ਜੋ ਕੁਛ ਮੈਂ ਦਿੰਦੀ ਹਾਂ ਸੋ ਲੈ ਜਾਹ ਮੇਰੇ ਮਰੀ
ਤੋਂ ਫੇਰ ਅਪਣੀ ਇੱਛਿਆ ਕਰੀਂ। — ॥ਛੀ ਲੱਖ (੬੦੦੦੦੦) ਰੁਪੱਯਾ ਨਕਦ ਇੱਕ ਹਾਥੀ ਪੰਜ
ਘੋੜੇ ਸੁਇਨੇ ਚਾਂਦੀ ਦੇ ਸਾਜ ਪਾਕੇ ਮਹਾਰਾਜ ਪਾਸ ਭੇਜ ਦਿੱਤੇ। ਸਰਕਾਰ ਤਾਂ ਜੀਭ ਦਾ
ਗੂੰ ਸਭ ਕੁਛ ਅੰਗੀਕਾਰ ਕਰਕੇ ਬੀ ਰੁੱਖੇ ਦੇ ਰੁੱਖੇ ਰਹਿੰਦੇ ਸੋ ਮਾਲ ਲੈਕੇ ਬੀ ਕਿਲੇ ਨੂੰ
ਤੋਪਾਂ ਧਰ ਦਿੱਤੀਆਂ ਫੇਰ ਤਾਂ ਰਤਨ ਕੌਰ ਨੂੰ ਬੀ ਅੰਦਰੋਂ ਤੋਪ ਦਾਗਣੀ ਪਈ। ਦੋ ਪਹਿਰ ਅ
ਗਿਆਰਾਂ ਦੀ ਵਾਰਸ ਹੋਈ। ਜਾਂ (ਮਹਾਂ) ਰਾਜੇ ਨੇ ਕਿਲਾ ਟੁੱਟਦਾ ਨਾ ਦੇਖਿਆ ਤਾਂ ਸਰਦਾਰਨੀ ਦੇ ਅਹਿ
ਲਕਾਰਾਂ ਨੂੰ ਜੈਗੀਰਾਂ ਲਿਖ ਦਿੱਤੀਆਂ ਉਨਾਂ ਨਿਮਕ ਹਰਾਮਾਂ ਨੇ ਕਿਲੇ ਦਾ ਦਰਵਾਜਾ ਖੋ
ਲਕੇ ਸਰਕਾਰ ਦੀ ਫੌਜ ਅੰਦਰ ਵਾੜ ਲਈ। ਰਾਣੀ ਤਾਂ ਤਲਿਗਿਆਂ ਤੋਂ ਡਰਦੀ ਅਪਣੀ ਇੱ
ਜਤ ਤੇ ਜਵਾਹਿਰਾਤ ਲੈਕੇ ਰਥਾਂ ਵਿੱਚ ਬੈਠ ਟਹਿਲਣਾਂ ਸਮੇਤ ਕਾਰਦਾਰਾਂ ਦੇ ਬੱਚੇ ਖਿੰ
ਦਦੀ ਹੋਈ ਬੈਰੋਪਿੰਡ ਜਾ ਬੈਠੀ। ਸਰਕਾਰ ਨੇ ਉਸਦਾ ਮਾਲ ਮੁਲਕ ਸਭ ਜਬਤ ਕ
ਰ ਲੀਤਾ। ਪੰਜ ਲਾਖ (੫੦੦੦੦੦) ਮੌਲਾਨੇ ਦਾ ਮੁਲਕ ਪੈਂਤੀ ਲਾਖ (੩੫੦੦੦੦੦) ਨਕਦ ਤੋਪਾਂ ਸਸਤ੍ਰ ਬਸਤ੍ਰ
ਰਜਧਾਨੀ ਦੇ ਸਾਮਾਨ ਸਮੇਤ ਬਹੁਤ ਕੁਛ ਸਰਕਾਰ ਦੇ ਹੱਥ ਆਯਾ। ਰਤਨ ਕੌਰ ਨੂੰ ਉ
ਸਦੇ ਤਿੰਨਾਂ ਪੁੱਤ੍ਰਾਂ ਸਮੇਤ ਸੱਤ ਪਿੰਡ ਗੁਜਾਰਾ ਜੈਗੀਰ ਦਿੱਤੇ ਜੋ ਫੇਰ ਉਹ ਬੀ ਖੋਹਕੇ ਉਨਾਂ
ਦੇ ਹੱਥ ਕਾਸਾ ਫੜਾ ਛੱਡਿਆ ਤੇ ਉਨਾਂ ਕਾਰਦਾਰਾਂ ਨੂੰ ਨਿਮਕ ਹਰਾਮੀ ਦਾ ਫਲ ਦੇਕੇ ਦੁਰਦਸਾ

Digitized by Panjab Digital Library | www.panjabdigilib.org

੩੪੮ ਕਰਮਾਤਮਾ।—

ਏਸੇ ਦੌਰੇ ਵਿੱਚ ਤਮਾਮ ਛੋਟੇ ਬੜੇ ਸਿੱਖਾਂ ਸਰਦਾਰਾਂ ਤੋਂ ਨਜ਼ਰਾਨੇ ਲੈ ਕੇ ਮਹਾਂਰਾਜੇ ਨੇ ਓਹੋ ਗੱਲ ਕੀਤੀ ਜੈਸੇ ਕਿਸੇ ਜੱਟ ਨੇ ਅਪਣੀ ਮਾਈ ਨੂੰ ਆਖਿਆ ਸੀ (ਜੇ ਮੈਂ ਹਾਕਮ ਹੋਜਾਂ ਤਾਂ ਪਹਿਲੇ ਤੇਰੀ ਖਬਰ ਲਵਾਂ) ਸੋ ਜਿਸ ਸਦਾ ਕੌਰ ਦੀ ਸਹਾਇਤਾ ਨਾਲ ਮਹਾਂਰਾਜੇ ਨੂੰ ਏਡਾ ਮਰਤਬਾ ਹਾਸਲ ਹੋਯਾ ਸੀ ਉਸੇ ਦੇ ਇਲਾਕੇ ਤੇ ਜੋਲਦਾਰ ਸਬ ਧੱਕੇ ਨਾਲ ਛੀਨ ਲੀਤੇ। ਤਾਂ ਹੀ ਏਸ ਜਬਰੀ ਤੇ ਕ੍ਰਿਤਘਨਤਾ ਨੂੰ ਦੇਖ ਕੇ ਲੋਗ ਮਹਾਂਰਾਜੇ ਨੂੰ ਹਲਕਾਯਾ ਊਂਟ ਆਖਣ ਲੱਗ ਪਏ ਸੇ। ਕਿਉਂਕਿ ਰਾਣੀ ਸਦਾ ਕੌਰ ਨੇ ਮਹਾਂਰਾਜੇ ਉੱਤੇ ਬੜੇ ੨ ਉਪਕਾਰ ਕੀਤੇ ਸਨ। ਹੁਣ ਸਰਕਾਰ ਨੇ ਰਾਜੇ ਸੰਸਾਰ ਚੰਦ ਦੇ ਨਠਣੇ ਉਤੇ ਆਪ ਹੋ ਬੈਠ ਉਸ ਦਾ ਇਲਾਕਾ ਬੀ ਬਹੁਤ ਸਾਰਾ ਖੋਹ ਲੈ ਰਾਜਾ ਜਸਰੋਟ ਚੰਬੇ ਬਸੋਹਲੀ ਆਦਿਕਾਂ ਤੋਂ ਨਜ਼ਰਾਨੇ ਲੈ ਕੇ ਲਾਹੌਰ ਜਾ ਰਚਨਾ ਕੀਤੀ।।—

ਹੁਣ ਸਰਕਾਰ ਨੇ ਏਹ ਬਾਤ ਸੋਚੀ ਕਿ ਦੇਖੀਏ ਪੰਜਾਬ ਵਿੱਚ ਕੌਣ ੨ ਮੇਰੀ ਈਨ ਨਹੀਂ ਮੰਨਦੇ। ਪਰਖਣ ਵਾਸਤੇ ਇੱਕ ਬੜਾ ਦਰਬਾਰ ਕੀਤਾ ਹੋਰ ਸਬ ਸਰਦਾਰ ਤਾਂ ਬੁਲਾਏ ਹੋਏ ਆ ਗਏ। ਜੀਵਨ ਸਿੰਘ ਸਿਆਲਕੋਟੀਆ ਤੇ ਸਾਹਿਬ ਸਿੰਘ ਗੁਜਰਾਤੀਆ ਨਾ ਆਏ। ਤਾਂ ਹੀ ਮਹਾਂਰਾਜੇ ਨੇ ਸਿਆਲਕੋਟ ਨੂੰ ਜਾ ਘੇਰਿਆ। ਉਥੇ ਜੀਵਨ ਸਿੰਘ ਮੁਹਰ ਸਿੰਘ ਸਾਹਿਬ ਸਿੰਘ ਸ਼ਹੀਦ ਨੱਥਾ ਸਿੰਘ ਏਹ ਚਾਰ ਹਾਕਮ ਥੇ। ਜੰਦੀਪ ਨੱਥਾ ਸਿੰਘ ਨੇ ਦੂਜੇ ਸਰਦਾਰਾਂ ਨੂੰ ਆਖਿਆ ਰਣਜੀਤ ਸਿੰਘ ਨਾਲ ਲੜਨਾ ਪਰਬਤ ਨਾਲ ਟੱਕਰ ਲੈਣੀ ਹੈ ਪਰ ਉਨਾਂ ਬੇਸਮਝਾਂ ਨੇ ਇੱਕ ਨਾ ਮੰਨੀ ਲੜਾਈ ਛੇੜ ਦਿੱਤੀ। ਪੰਜਾਂ ਦਿਨਾਂ ਲੜਕੇ ਓੜਕ ਸਰਕਾਰੀ ਤੋਪਾਂ ਨੇ ਕਿਲੇ ਦੀ ਬਾਹੀ ਢਾਲ ਦਿੱਤੀ ਜੀਵਨ ਸਿੰਘ ਆਦਿਕਾਂ ਨੂੰ ਬੰਨ੍ਹ ਕੇ ਸਰਕਾਰ ਨੇ ਲਾਹੌਰ ਭੇਜ ਦਿੱਤਾ। ਸ਼ਹੀਦ ਨੱਥਾ ਸਿੰਘ ਦਾ ਤਾਂ ਕੁਛ ਨਾ ਛੇੜਿਆ ਦੂਜੇ ਸਰਦਾਰਾਂ ਦਾ ਸਬ ਮਾਲ ਮੁਲਕ ਜਬਤ ਕਰ ਉਥੋਂ ਦਾ ਹਾਕਮ ਹੁਕਮ ਸਿੰਘ ਚਿਮਨੀ ਬਣਾ ਦਿੱਤਾ ਫੇਰ ਉਨਾਂ ਨੂੰ ਬੀ ਚਾਰ ੨ ਪਿੰਡ ਦੇ ਕੇ ਛੱਡ ਦਿੱਤਾ। ਜਦ ਸਿਆਲਕੋਟ ਤੋਂ ਗੁਜਰਾਤ ਵੱਲੀ ਸਰਕਾਰ ਨੇ ਬਾਗ ਉਠਾਈ ਤਾਂ ਸਰਦਾਰ ਸਾਹਿਬ ਸਿੰਘ ਨੇ ਅਪਣੇ ਵਿੱਚ ਜੰਗ ਦੀ ਤਾਕਤ ਨਾ ਦੇਖ ਕੇ ਪਚਾਸ ਹਜ਼ਾਰ ਰੁਪਿਆ ਨਜ਼ਰਾਨਾ ਦੇ ਕਰ ਮਹਾਂਰਾਜੇ ਨੂੰ ਰਸਤੇ ਵਿੱਚੋਂ ਹੀ ਟਲਾ ਦਿੱਤਾ ਸੈ (ਭਲਾ ਜਿਸ ਦੁਧ ਬਿਕੇ ਵਹੀ ਕਿਉਂ ਜਮਾਏ।) ਮਹਾਰਾਜ ਤਾਂ ਰੁਪੱਯੇ ਦੇ ਗਾਹਕ ਥੇ। ਸਰਕਾਰ ਨੇ ਅਖਨੂਰ ਵਲੀ ਕੂਚ ਕੀਤਾ। ਉਥੋਂ ਦੇ ਨਵਾਬ ਆਲਮ ਖਾਂ

Digitized by Panjab Digital Library | www.panjabdigilib.org

ਨੇ ਬਤੀਸ ਹਜ਼ਾਰ ਨਜ਼ਰਾਨਾਂ ਦੇਕੇ ਜਾਨ ਬਚਾਈ। — ਏਸੇ ਸਾਲ ਸ੍ਰਦਾਰ ਅਲਬੇ ੩੪੯
ਲਾ ਸਿੰਘ, ਅਮੀਰ ਸਿੰਘ, ਸ਼ੇਖੂਪੁਰ ਵਾਲੇ ਭੰਗੀ ਸਰਦਾਰਾਂ ਦੀ ਪ੍ਰਜਾ ਨੇ ਉਨ੍ਹਾਂ ਦੇ ਜ਼ੁਲ
ਮਾਂ ਤੋਂ ਅੱਕ ਕੇ ਮਹਾਰਾਜੇ ਅੱਗੇ ਫਰਯਾਦ ਕੀਤੀ ਮਹਾਰਾਜ ਤਾਂ ਬਹਾਨਾ ਹੀ ਚਾਹੁੰਦੇ ਸੇ
ਉਸੇ ਵੇਲੇ ਚਾਰ ਹਜ਼ਾਰ ਫੌਜ, ਗੌਂਸੇ ਖਾਂ ਦਾ ਤੋਪਖਾਨਾ, ਹੁਕਮਾ ਸਿੰਘ ਚਿਮਨੀ ਏਹ ਸਭ
ਸ਼ਾਹਜ਼ਾਦੇ ਖੜਕ ਸਿੰਘ ਦੇ ਤਾਬੇ ਕਰਕੇ ਸ਼ੇਖੂਪੁਰ ਉਪਰ ਚੜ੍ਹਾ ਦਿੱਤਾ।
ਦੋਹਾਂ ਪਾਸਿਆਂ ਤੋਂ ਬਾਰਾਂ ਦਿਨ ਤੋਪ ਚੱਲੀ ਜੰਗ ਹੁੰਦਾ ਰਿਹਾ ਜਦ ਮਹਾਰਾਜੇ ਨੇ ਫਤੇ ਹੁੰਦੀ ਨਾਂ
ਦੇਖੀ ਤਾਂ ਭੰਗੀਆਂ ਵਾਲੀ ਤੋਪ ਤੇ ਹੋਰ ਫੌਜ ਲਾਹੌਰੋਂ ਭੇਜ ਦਿੱਤੀ ਏਸ ਤੋਪ ਦੇ ਸਤਾਰਾਂ[੧] ਫੈਰਾਂ
ਵਿੱਚ ਹੀ ਬਰਛੱਲਾ ਆ ਗਿਆ, ਦਰਵਾਜ਼ੇ ਨੂੰ ਭੰਨ ਕੇ ਫੌਜ ਅੰਦਰ ਵੜ ਗਈ, ਦੋਵੇਂ ਸ੍ਰ
ਦਾਰ ਬੰਨ੍ਹ ਕੇ ਲਾਹੌਰ ਲੈ ਆਂਦੇ, ਮਾਲ ਮੁਲਕ ਉਨ੍ਹਾਂ ਦਾ ਸਰਕਾਰੇ ਆ ਗਿਆ ਤਿੰਨ ਮਹੀ
ਨੇ ਪਿੱਛੋਂ ਉਨ੍ਹਾਂ ਸਰਦਾਰਾਂ ਨੂੰ ਫੌਜ ਸਮੇਤ ਮਹਾਰਾਜਾ ਨੇ ਨੌਕਰ ਕਰ ਲਿਆ ਤੇ ਸ਼ੇਖੂਪੁਰ ਦਾ
ਪਰਗਣਾ ਸ਼ਾਹਜ਼ਾਦੇ ਖੜਕ ਸਿੰਘ ਦੀ ਮਾਈ ਰਾਣੀ ਨਕੈਣ ਨੂੰ ਜਾਗੀਰ ਵਿੱਚ ਦਿੱਤਾ।
ਵੈਸਾਖ ਸੁਦੀ ੫ ਸੰਮਤ ੧੮੬੫ ਬਿ: ਨੂੰ ਕਿਲੇ ਗੋਬਿੰਦਗੜ੍ਹ ਦੀ ਨੀਉਂ ਰੱਖੀ।
੨੦ ਹਜ਼ਾਰ ਫੌਜ, ਇਕਸੌ ਤੋਪ ਤੇ ਆਮਦਨੀ ਖਾਲਸਾ ਵਿੱਚੋਂ ਦਸਵਾਂ ਹਿੱਸਾ ਏਥੇ
ਖਜ਼ਾਨਾ ਜਮਾਂ ਹੋਣ ਦਾ ਹੁਕਮ ਹੋਯਾ। ਏਸੇ ਸਮੇ ਅੰਗ੍ਰੇਜ਼ੀ ਵਕੀਲ ਆਯਾ ਤੇ ਤੋਹ
ਫੇ ਲੈਕੇ ਵਿਦਾ ਕੀਤਾ ਗਿਆ। ਏਸੇ ਸਾਲ ਮੋਤੀ ਰਾਮ ਦਫਤਰੀ ਦੀਵਾਨ ਹੋਯਾ ਤੇ ਬਾਬੂ
ਬਾਜਾ ਸਿੰਘ, ਕੁਤਬਦੀਨ ਮਮਦੋਟੀਆ ਪੰਜ ਹਜ਼ਾਰ ਸਿਪਾਹ ਦੇਕੇ ਮੁਲਤਾਨ, ਝੰਗ,
ਬਹਾਵਲਪੁਰ ਦਾ ਖਿਰਾਜ ਲੈਣ ਭੇਜੇ ਸੇ ਜੋ ਤਿੰਨ ਮਹੀਨੇ ਪਿੱਛੋਂ ਕਰ ਲੈਕੇ ਲਾਹੌਰ ਆ
ਗਏ। — ਦੀਵਾਨ ਮੁਹਕਮ ਚੰਦ ਅਨੰਦਪੁਰ ਮਾਖੋਵਾਲ ਦਾ ਪਰਗਣਾ ਫਤੇ ਕਰ,
ਦੁਆਬੇ ਦੇ ਸਰਦਾਰਾਂ ਤੋਂ ਛੀ ਲੱਖ ਰੁਪਯਾ ਨਜ਼ਰਾਨਾਂ ਲੈਕੇ ਹਾਜ਼ਰ ਆਯਾ।

---

੧ ਸ਼ੇਖੂਪੁਰਾ ਅਕਬਰ ਸ਼ਾਹ ਨੇ ਆਪਣੇ ਸ਼ਾਹਜ਼ਾਦੇ ਸ਼ੇਖੂ ਦੇ ਨਾਮ ਸੰ: ੧੮੬੪ ਬਿ: ਨੂੰ ਬਸਾਯਾ ਏਥੇ ਸ਼ਿਕਾਰਗਾ
ਹ ਭੀ ਸੀ ਜ਼ਮਾਨ ਸ਼ਾਹ ਦੇ ਲਸ਼ਕਰੀ ਅਫਸਰ ਹਾਫਜ਼ ਸ਼ੇਰ ਮੁਹੰਮਦ ਖਾਂ ਤੇ ਮੁਖਤਯੂਲ ਦੌਲੇ ਬਹਾ
ਦਰ ਨੂੰ ਸਿੰਘਾਂ ਨੇ ਜੰਗ ਕਰਕੇ, ਹਾਰ ਦੇਕਰ ਉਨ੍ਹਾਂ ਦਾ ਤੋਪਖਾਨਾ ਖੋਹ ਲਿਆ ਸੀ ਜੋ ਅਬਦੁਲ
ਗਫੂਰ ਖਾਂ ਨੇ ਸੁਲਾ ਕਰਾਕੇ ਮੁੜਾ ਦਿੱਤਾ ਸੀ ਪਹਿਲੇ ਇੰਦ੍ਰਾ ਸਿੰਘ ਏਥੇ ਕਾਬਜ਼ ਹੋਯਾ ਫੇਰ ਉਸ ਦੀ
ਔਰਤ ਪਾਸੋਂ ਸਹਾਈ ਸਿੰਘ ਸਾਹਿਬ ਸਿੰਘ ਭੰਗੀ ਸਰਦਾਰਾਂ ਨੇ ਖੋਹ ਲਿਆ ਉਨ੍ਹਾਂ ਦੇ ਪੁੱਤ੍ਰ ਗੋਤ੍ਰ ਵੜੈ
ਚ ਜੱਟ ਅਲਬੇਲਾ ਸਿੰਘ, ਅਮੀਰ ਸਿੰਘ ਤੋਂ ਮਹਾਰਾਜੇ ਨੇ ਛੀਨ ਕੇ ਰਾਣੀ ਨਕੈਣ ਨੂੰ ਜਾਗੀਰ ਵਿੱਚ ਦੇ ਦਿ
ਤਾ ਫੇਰ ਰਾਣੀ ਜਿੰਦ ਕੌਰ ਪਾਸ ਰਿਹਾ ਓਥੋਂ ਹੀ ਫੜ ਕੇ ਚੁਨਾਰਗੜ੍ਹ ਭੇਜੀ ਗਈ ਸੀ ਹੁਣ ਏਹ ਸ਼ੇਖੂ
ਪੁਰ ਰਾਜੇ ਹਰਬੰਸ ਸਿੰਘ ਲਾਹੌਰ ਪਾਸ ਹੈ।

Digitized by Panjab Digital Library | www.panjabdigilib.org

੩੫ ਇਸ ਸਮੇਂ ਭਵਾਨੀ ਦਾਸ ਖੱਤ੍ਰੀ ਜੋ ਬਹੁਤ ਲਾਇਕ ਸ਼ਖਸ ਕਾਬਲ ਦੇ ਸ਼ਾਹ ਸੁਜਾ ਬਾ
ਦਸ਼ਾਹ ਦਾ ਦਫਤ੍ਰੀ ਉਥੋਂ ਰੰਜ ਹੋਕੇ ਮਹਾਂਰਾਜੇ ਪਾਸ ਲਾਹੌਰ ਆ ਰਿਹਾ ਜਿਸ ਨੂੰ ਮਹਾਂਰਾ
ਜੇ ਨੇ ਬੜੀ ਇੱਜਤ ਪਿਆਰ ਨਾਲ ਰੱਖਕੇ ਆਪਣੇ ਸਾਰੇ ਰਾਜ ਦੇ ਦਫਤ੍ਰ ਦਾ ਮਾਲਕ ਬਣਾ ਦਿ
ਤਾ ਉਸ ਨੇ ਇੱਕ ਕਾਨੂੰਨ (ਦਸਤੂਰੁਲ ਅਮਲ) ਕਾਇਦਾ ਬਣਾਕੇ ਸਰਕਾਰ ਤੋਂ ਮਨਜੂਰ
ਕਰਾਕਰ ਕੁੱਲ ਕਾਰ ਬਾਰ ਮਾਸਤਦਾ ਉਸ ਦੇ ਅਨੁਸਾਰ ਜਾਰੀ ਕਰ ਦਿੱਤਾ।।——
ਪਹਿਲੇ ਖਜਾਨਾਂ ਅੰਮ੍ਰਿਤਸਰ ਰਾਮਾਨੰਦ ਸੇਠ ਦੀ ਦੁਕਾਨ ਉੱਤੇ ਰਿਹਾ ਕਰਦਾ। ਉਸੇ ਤੋਂ ਸ
ਬ ਉਚਾਪਤ ਉਠਾਈ ਜਾਂਦੀ। ਹਿਰ ਸਾਲ ਤੀਸ ਚਾਲ੍ਹੀਸ ਲਾਖ ਰੁਪਯਾ ਸਰਕਾਰ ਦੀ
ਨੀ ਕਰਜਾ ਚੜ੍ਹਾਈ ਰੱਖਦਾ ਇਸੇ ਕਰਕੇ ਤੇ ਸੇਠ ਬਦਲੇ ਉਸ ਨੂੰ ਨੁਣ ਦੀ ਖਾਣ ਸਰਕਾਰ ਨੇ
ਦੇ ਰੱਖੀ ਸੀ।।—— ।ਹੁਣ ਕਾਇਦੇ ਸਾਬ ਖਜਾਨਾ ਲਾਹੌਰ ਰੱਖਣਾ ਫੌਜ ਦੇ ਚਿ
ਹਰੇ ਲਿਖੇ ਜਾਣੇ ਚਿੱਠੇ ਬੰਨਣੇ ਜਮਾ ਖਰਚ ਹੋਣਾ ਗੋਸਵਾਰੇ ਬਣਨੇ ਕਚੈਰੀਆਂ ਦੇ ਦ
ਫਤਰ ਮਸਲਾਂ ਮੁਰੱਤਬ ਹੋਣੀਆਂ ਕਾਰਖਾਨਿਆਂ ਦੇ ਖਰਚ ਦੀਵਾਨੀ ਬਖਸ਼ੀ ਖਾਨਾ ਅਦਾ
ਰੀ ਲਤ ਤੇ ਉਨ੍ਹੀ ਮੁਨਸ਼ੀ ਖਾਨਾ ਆਦਿਕਾਂ ਦੇ ਕੰਮਾਂ ਦੀ ਪੜਤਾਲ ਹੋਣੀ। ਸਭ ਮਾਲੀ ਮੁਲ
ਕੀ ਫੌਜੀ ਕੰਮ ਆਈਨ ਕਾਇਦੇ ਪਰ ਜੈਸੇ ਬਾਦਸ਼ਾਹੀ ਤਰੀਕੇ ਹੁੰਦੇ ਹਨ ਹੋਣ ਲਗ ਪਏ ਮ
ਹਾਂਰਾਜੇ ਨੇ ਭਵਾਨੀ ਦਾਸ ਦੀ ਬੜੀ ਇੱਜਤ ਕੀਤੀ ਤੇ ਉਸੇ ਦੀ ਬਾਤ ਮਨਜੂਰ ਹੋਣ ਲੱਗੀ
।।—— ।ਹੁਣ ਮਹਾਂਰਾਜੇ ਰਣਜੀਤ ਸਿੰਘ ਬਹਾਦੁਰ ਸ਼ੇਰ ਪੰਜਾਬ ਦੀ ਬਹਾਦਰੀ ਤੇ ਦ
ਬਦਬਾ ਹੌਸਲਾ ਨਸੀਬ ਦੂਰ ਦੂਰ ਵਲਾਇਤਾਂ ਤਕ ਉੱਘਾ ਹੋ ਰਿਹਾ ਸੀ। ਕੋਈ ਇਸ ਨੂੰ ਦ
ਰਾ ਕੋਈ ਨੌਸ਼ੇਰਵਾਂ ਕੋਈ ਸਿਕੰਦਰ ਨਾਦਰ ਰੁਸਤਮ ਆਖਦਾ ਕੋਈ ਗੁਰੂ ਗੋਬਿੰਦ ਸਿੰਘ ਦਾ
ਅਵਤਾਰ ਕੋਈ ਕਲਕੀ ਅਵਤਾਰ ਬੋਲਦਾ ਸੀ ਅਰ ਬਾਤ ਬੜੀ ਧੂਮ ਧਾਮ ਚੜ ਰਹੀ
ਸੀ।।—— ।ਸਰਕਾਰ ਕੰਪਨੀ ਤਾਂ ਇਸੇ ਨੂੰ ਪੰਜਾਬ ਵਿੱਚ ਇੱਕ ਦੂਜਾ
ਨਿਪੋਲੀਅਨ ਬੂਨਾਪਾਰਟ ਸਮਝਕੇ ਡਰ ਉਠੀ ਸੀ। ਪਰ ਸਿੱਖਾਂ ਨੂੰ ਇਹ ਦੂਰੰਦੇਸ਼ੀ ਆਂਦੇ
ਖਿਆਲ ਕਿੱਥੋਂ ਫੁਰਦੇ ਸੇ ਜੋ ਅੰਗ੍ਰੇਜਾਂ ਨੂੰ ਫੁਰਦੇ ਸਨ——
ਉਸੇ ਸਮੇਂ ਫਰਾਂਸ ਦੇਸ ਦੇ ਹਿਨਸ਼ਾਹ ਨਿਪੋਲੀਅਨ ਬੂਨਾਪਾਰਟ ਨੇ ਬਹੁਤ ਸਾਰੇ ਬਾਦਸ਼ਾ
ਹਾਂ ਨੂੰ ਫਤੇ ਕਰ ਸ਼ਾਹ ਰੂਸ ਤੋਂ ਬੀ ਈਨ ਮਨਾਕੇ ਅਜੇ ਹਿੰਦੁਸਤਾਨ ਦੇਖਣ ਦਾ ਸ਼ੌਂਕ ਹੀ ਕੀਤਾ
ਸੀ ਤਾਂ ਸਰਕਾਰ ਕੰਪਨੀ ਦਾ ਚਿਹਰਾ ਚਿੱਟਾ ਹੋ ਗਿਆ ਤੇ ਫਿਕਰਾਂ ਦੇ ਅੰਬਾਰ ਬੱਝ ਗਏ।।
ਝਟਾਪਟ ਉਸ ਦੀ ਰੋਕ ਥਾਮ ਵਾਸਤੇ ਹਿੰਦੁਸਤਾਨ ਦੀਆਂ ਹੱਦਾਂ ਉੱਤੇ ਜੋ ਜੋ ਮੁਲਕਾਂ ਦੇ ਸੀ

Digitized by Panjab Digital Library | www.panjabdigilib.org

ਲਕ ਸੇਸ੍ਭਨਾਂ ਪਾਸ ਦੋਸਤੀ ਕਾਇਮ ਕਰਨ ਲਈ ਆਪਨੇ ਵਕੀਲ ਚੁਣ ਚੁਣ ਕੇ ਲਾਇਕ ੨੫੧
ਤੇ ਜੋ ਦਿੱਤੇ। ਜਿਸ ਤੋਂ ਉਹ ਆਉਣੇ ਵਾਲ੍ਹੀ ਆਫਤ ਦੇ ਰੋਕਣ ਵਾਸਤੇ ਸਹਾਈ ਪਏ ਹੋਣ
ਗਾ। —— ।ਸਰ ਜਾਨ ਮਲਕੋਲਮ ਸਾਹਿਬ ਤੂਰਾਨ ਮੇਂ ਅਸਟ੍ਰ ਇਫਰਸਟੋਨ ਸਾਹਿ ੫
ਕਾਬਲ ਵਿੱਚ ਤੇ ਮਿਸਟ੍ਰ ਮਟਕਾਫ ਸਾਹਿਬ ਨੂੰ ਸਰਕਾਰ ਲਾਹੌਰ ਪਾਸ ਏਸ ਲਈ ਭੇਜ
ਆ ਕੇ ਕਿਸੇ ਤਰਾਂ ਏਸ ਮਹਾਂ ਸੂਰਬੀਰ ਮਹਾਂਰਾਜੇ ਨਾਲ ਸਾਡੀ ਮਿੱਤ੍ਰਚਾਰੀ ਤੇ ਹੱਦ ਕਾਇ
ਮ ਹੋ ਜਾਵੇ। ਜਦ ਵਕੀਲ ਗੈਆ ਅੱਗੇ ਮਹਾਂਰਾਜ ਦੌਰੇ ਵਿੱਚ ਕਸੂਰ ਉੱਤੇ ਹੋਏ ਸੇ। ਸਰ
ਦਾਰ ਫਤੇ ਸਿੰਘ ਆਲੂ ਵਾਲ੍ਹੀਆ ਤੇ ਦੀਵਾਨ ਮੁਹਕਮ ਚੰਦ ਅੱਗੇ ਜਾ ਕੇ ਵਕੀਲ ਨੂੰ ਲੈਆ
ਏ। ੧੨ ਸਤੰਬਰ ਸੰ: ੧੮੦੮ ਈ: ਕੋ ਮਹਾਂਰਾਜੇ ਦੀ ਮੁਲਾਕਾਤ ਹੋਈ। ਵਕੀਲ ਨੇ ਤਿੰਨ
ਹਾਥੀ ਸੁਇਨੇ ਚਾਂਦੀ ਦੇ ਹੌਦੇ ਤੇ ਜਰਦੋਜੀ ਝੂਲ ਇੱਕ ਬੱਘੀ ਦੋ ਘੋੜਿਆਂ ਸਮੇਤ ਜੋ ਇੱਕ ਕਰੋ
ੜ ਦੇ ਬਹੁਤ ਕੀਮਤੀ ਸੇ ਹੋਰ ਬਹੁਤ ਤੋਫੇ ਸਰਕਾਰ ਕੰਪਨੀ ਵੱਲੋਂ ਮਹਾਂਰਾਜੇ ਦੀ ਨਜਰ ਕ
ਰ ਕੇ ਲਾਟ ਸਾਹਿਬ ਦਾ ਖਰੀਤਾ (ਕਾਗਜਾਂ ਦੀ ਥੈਲੀ) ਦਿੱਤਾ। ਮਹਾਂਰਾਜੇ ਨੇ ਬੜੀ ਖੁਸੀ
ਨਾਲ ਸਭ ਕੁਛ ਲੈ ਕੇ ਸਰਕਾਰ ਕੰਪਨੀ ਦੀ ਕ੍ਰਿਪਾ ਦਾ ਧੰਨਬਾਦ ਕੀਤਾ ਔਰ ਆਖਿਆ
ਕਿ ਮੈਂ ਬਹੁਤ ਸੱਚੇ ਦਿਲ ਨਾਲ ਗ੍ਰੀਮੈਂਟ ਅੰਗ੍ਰੇਜੀ ਸਾਥ ਦੋਸਤੀ ਮੁਹੱਬਤ ਕਾਇਮ ਰੱਖ
ਣ ਨੂੰ ਤਿਆਰ ਹਾਂ ਨਪੋਲੀਅਨ ਬੂਨਾਪਾਰਟ ਆਦਿਕਾਂ ਦੀ ਤਰਫੋਂ ਜਰਾ ਫਿਕਰ ਨ ਕਰੋ
।। —— ।ਹੁਣ ਜਦ ਮਹਾਂਰਾਜੇ ਨੇ ਗਵਰੀਮੈਂਟ ਅੰਗ੍ਰੇਜੀ ਦੇ ਕਾਗਜਾਂ ਤੇ ਵਕੀਲ ਦੀ
ਆਂ ਗੱਲਾਂ ਤੋਂ ਏਹ ਬਾਤ ਸਮਝ ਕਰ ਲੀਤੀ ਕਿ ਅੰਗ੍ਰੇਜ ਹੱਦ ਬੰਨ ਕਾਯਮ ਕਰਨਾ ਜਰੂ
ਰ ਚਾਹੁੰਦੇ ਹਨ ਤਾਂ ਫੁਰਿਆ ਕਿ ਹੱਦ ਬੰਨਣੇ ਤੋਂ ਪਹਿਲੇ ੨ ਜਮਨਾ ਤੀਕਰ ਫਿਰ ਕੇ ਉਧਰ
ਦੇ ਰਈਸਾਂ ਤੋਂ ਅਪਣੀ ਤਾਬੇਦਾਰੀ ਜੈਲਦਾਰੀ ਲਿਖਾ ਲਈਏ। ਤਾਂ ਫੇਰ ਜਮਨਾ ਦਰ
ਯਾ ਹੱਦ ਕਾਯਮ ਹੋ ਜਾਵੇਗੀ। ਏਹ ਦਲੀਲ ਅੱਕੀ ਪਲ੍ਹਾਹੀ ਹੱਥ ਪਾਉਣ ਵਾਲ੍ਹੀ
ਠਹਿਰਾ ਕੇ ਮਹਾਂਰਾਜੇ ਨੇ ਅਜੀਜੁੱਦੀਨ ਆਪਣੇ ਸੈਕਰਟਰੀ (ਖਾਸ ਮਾਤਬਰ) ਮੁਨ
ਸੀ ਨੂੰ ਵਕੀਲ ਦੇ ਸਾਥ ੨ ਧੀਰੇ ੨ ਪਿੱਛੇ ੨ ਆਉਣ ਦਾ ਹੁਕਮ ਦੇ ਕੇ ਆਪ ਸਤਲੁਜੋਂ ਪਾਰ
ਉਤ੍ਰ ਫੀਰੋਜਪੁਰ ਦੇ ਰਈਸਾਂ ਤੋਂ ਨਜਰਾਨਾ ਲੈ ਕੇ ਜੈਲਦਾਰੀ ਲਿਖਵਾ ਲਈ। ਕਰਨੈਲ
ਕਰਮ ਚੰਦ ਨੂੰ ਭੇਜ ਕੇ ਫਰੀਦਕੋਟ ਦੀ ਰਿਆਸਤ ਫਤੇ ਕਰ ਦੀਵਾਨ ਚੰਦ ਨੂੰ ਓਥੋਂ ਦਾ ਹਾ
ਕਮ ਬਣਾ ਦਿੱਤਾ। —— ।ਮਿਟਕਾਫ ਸਾਹਿਬ ਨੂੰ ਤਾਂ ਮਹਾਂਰਾਜੇ ਦੀ ਏ
ਹ ਚਾਲ ਜੋਰ ਜੁਲਮ ਦੀ ਬਹੁਤ ਬੁਰੀ ਲੱਗੀ। ਝਬਦੇ ਰੋਤਾਂ ਨੇ ਉਨ੍ਹਾਂ ਨੂੰ ਲਿਖੇ ਪਰ ਮਹਾਂਰਾਜ

Digitized by Panjab Digital Library | www.panjabdigilib.org

੩੫੨ ਘੇਸਲੇ ਹੋ ਰਹੇ ਮਟਕਾਫ ਸਾਹਿਬ ਨੂੰ ਤਾਂ ਫਰੀਦਕੋਟੋਂ ਪਿਛਾਹਾਂ ਮੋੜਕੇ ਹੁਕਮ ਦਿੱਤਾ ਕੇ ਆਪ ਅੰਮ੍ਰਿਤਸਰ ਚੱਲਕੇ ਠਹਿਰੋ ਮੈਂ ਦਸ ਦਿਨ ਤਕ ਉਥੇ ਆਕੇ ਸੁਆਲਾਂ ਦੇ ਜੁਆਬ ਦੇਵਾਂਗਾ। —ਵਕੀਲ ਤਾਂ ਮੁੜ ਸਤਲੁਜੋਂ ਪਾਰ ਹੋ ਫਤੇਆਬਾਦ ਜਾ ਉਤਰਿਆ ਤੇ ਮਹਾਰਾਜੇ ਨੇ ਮਲੇਰਕੋਟਲੇ ਪਹੁੰਚ ਕੇ (ਸੋਈ ਫਥੇਜੇ ਛਣਦੀ ਚੱਬੇ) ਕੋਟਲੇ ਦੇ ਨਵਾਬ ਅਤਾਉੱਲਾਖਾਂ ਤੋਂ ਇਕ ਲੱਖ ਰੁਪਯਾ ਨਜ਼ਰਾਨਾ ਮੰਗ ਲਿਆ, ਜੋ ਉਸਨੇ ਆਪਣਾ ਇਲਾਕਾ ਨਾਭੇ, ਪਟਿਆਲੇ ਪਾਸ ਗੈਹਣੇ ਰੱਖਕੇ ਪੂਰਾ ਕੀਤਾ ਤੇ ਜਾਨ ਬਚਾਈ।

ਮਹਾਰਾਜੇ ਨੇ ਅੰਬਾਲੇ ਉਤਰ ਕੇ ਬਹੁਤ ਹੱਥ ਪੈਰ ਮਾਰੇ, ਗੰਡਾਸਿੰਘ ਸਾਫੀ ਨੂੰ ਉਥੋਂ ਦਾ ਸੂਬਾ ਬਣਾ ਕੇ ਪੰਜ ਹਜ਼ਾਰ ਸਿਪਾਹ ਨਾਲ ਉਤਾਰ ਦਿੱਤਾ, ਉਥੋਂ ਦੀ ਸਰਦਾਰਨੀ ਦਯਾ ਕੌਰ ਦਾ ਇਲਾਕਾ ਖੋਹਕੇ ਕੁੱਛ ਆਪਣੇ ਪਾਸ ਰੱਖਿਆ ਤੇ ਬਾਕੀ ਨਾਭੇ ਵਾਲੇ ਰਾਜੇ ਨੂੰ ਦੇ ਦਿੱਤਾ। ਸਾਹਨੇਵਾਲ, ਚਾਂਦਪੁਰ, ਧਾਰੀ, ਬਹਿਰਾਮਪੁਰ ਉਥੋਂ ਦੇ ਮਾਲਕਾਂ ਤੋਂ ਖੋਹਕੇ ਦੀਵਾਨ ਮੁਹਕਮਚੰਦ ਨੂੰ ਤੇ ਛਲੌਂਦੀ ਵਾਲੀ ਰਾਮਕੌਰ ਦਾ ਪਰਗਣਾ ਖੁਰਦੀਨ ਸਰਦਾਰ ਜੋਧਸਿੰਘ ਕਲਸੀਏ ਨੂੰ, ਰਹੀਮਾਬਾਦ, ਦੂਕੋਟ, ਮਾਛੀਵਾੜਾ ਸਰਦਾਰ ਫਤੇਸਿੰਘ ਆਲੂਵਾਲੀਏ ਨੂੰ ਦੇਕਰ ਆਪ ਮਹਾਰਾਜ ਲਖਨੌਰ ਜਾ ਉਤਰੇ। ਉਥੇ ਹੀ ਬਾਬਾ ਸਾਹਿਬ ਸਿੰਘ ਬੇਦੀ ਉਤਰਿਆ ਹੋਇਆ ਸੀ, ਉਸ ਨੂੰ ਵਿੱਚ ਲੈਕੇ ਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ ਨਾਲ ਪੱਗ ਬਦਲੀ, ਧਰਮ ਦੇ ਭਾਈ ਬਣੇ, ਲਿਖ ਦਿਤਾ ਕੇ ਇੱਕ ਦੂਸਰੇ ਦਾ ਦਿੱਲੋਂ ਸਹਾਇਕ ਤੇ ਦੋਸਤ ਬਣਾ ਰਹੇਗਾ। — ਸਰਦਾਰ ਕਰਮਸਿੰਘ ਨਿਰਮਲੇ ਤੋਂ ਨਜ਼ਰਾਨਾ ਲੈਕੇ ਇੱਕ ਘੋੜਾ ਭੀ (ਜੋ ਬਹੁਤ ਚੰਗਾ ਸੀ) ਮੰਗਿਆ, ਉਸਨੇ ਨਾਂਹ ਕੀਤੀ ਤਾਂ ਮਹਾਰਾਜਾ ਨੇ ਜ਼ੋਰ ਨਾਲ ਲੈ ਲਿਆ। ਤਦ ਉਸਨੇ ਗੁੱਸੇ ਹੋਕੇ ਆਖਿਆ ਰਣਜੀਤਸਿੰਘਾ ਅੱਜ ਤੂੰ ਚੰਮ ਦੇ ਦੰਮ ਚਲਾ ਲੈ (ਮੁੱਛਾਂ ਉੱਤੇ ਹੱਥ ਫੇਰ ਕੇ) ਫੇਰ ਜੇ ਤੈਨੂੰ ਮੈਂ ਸਤਲੁਜੋਂ ਐਧਰ ਆਵਣ ਦਿੱਤਾ ਤਾਂ ਤੂੰ ਮੈਨੂੰ ਨਿਰਮਲਾ ਨਾ ਜਾਣੀ ਕੋਈ ਹੋਰ ਆਖੀਂ। —— ਫੇਰ ਸਰਕਾਰ ਨੇ ਉਸ ਦੇਸ ਦੇ ਸਭ ਸਿੱਖਾਂ ਸਰਦਾਰਾਂ ਤੋਂ ਤਾਬੇਦਾਰੀ ਮਨਾ ਕੇ ਏਹ ਭੀ ਲਿਖਵਾ ਲੀਤਾ ਕੀ ਕੇ ਅਸੀ ਸਰਕਾਰ ਲਾਹੌਰ ਦੇ ਬਖਸ਼ੇ ਹੋਏ ਇਲਾਕੇ ਦੇ ਜਾਗੀਰਦਾਰ, ਤਾਬੇਦਾਰ ਹਾਂ। ਜੱਦਪਿ ਏਹੋ ਜੇਹੇ ਪੱਕੇ ਥਾਨਾਂ ਨੂੰ ਬੰਨ੍ਹਕੇ ਸਰਕਾਰ ਨੇ ਲਾਹੌਰ ਵਲ ਵਾਗ ਫੇਰੀ ਤੇ ੨੨ ਮੱਘਰ ਸੰ: ੧੮੬੫ ਬਿ: ਨੂੰ ਅੰਮ੍ਰਿਤਸਰ ਪਹੁੰਚ ਗਏ। ਪਰ ਜਦ ਅੰਗ੍ਰੇਜ਼ੀ ਵਕੀਲ ਮਟਕਾਫ ਸਾਹਿਬ ਨਾਲ ਆਪਣਾ ਰ ਹੱਦ ਬੰਨਾ ਕਾਯਮ ਕਰਣ ਦੀ ਚਰਚਾ ਹੋਣ ਲੱਗੀ

Digitized by Panjab Digital Library | www.panjabdigilib.org

ਜਿਸ ਮੇਂ ਸਰਕਾਰ ਤਾਂ ਜਮਨਾ ਹੱਦ ਠਹਿਰਾਉਣ ਦਾ ਹਠ ਕਰ ਰਹੇ ਥੇ ਤੇ ਫਕੀਰ ੨੫੩
ਸਤਲੁਜ ਉਤੇ ਅੜਿਆ ਬੈਠਾ ਸੀ। ਛੇਕੜ ਮਹਾਰਾਜੇ ਦਾ ਹਠ ਤੇ ਪ੍ਰਤਾਪ ਦੇਖਕੇ
ਗਵਰਨਮਿੰਟ ਅੰਗ੍ਰੇਜ਼ੀ ਨੇ ਬੀ ਏਹ ਸਲਾਹ ਕਰ ਲਈ ਕੇ ਜਿਥੋਂ ਤਕ ਸਿੰਘਾਂ ਦੇ
ਰਾਜ ਦਾ ਬੰਨਾ ਹੈ ਓਥੋਂ ਤਕ ਹੱਦ ਠਹਿਰ ਜਾਵੇ। —— ।। ਪ੍ਰਭੂ (ਘਰ ਦੇ ਭੇਤ ਨੇ
ਰਾਵਣ ਮਾਰਿਆ ਸੁਇਨੇ ਦੀ ਲੰਕ ਲੁਟਾਈ।।) ਸਿੱਖ ਪੰਥ ਵਿੱਚ ਹੀ ਫੂਟ ਪੈ ਗਈ
ਜਿਸ ਦਾ ਕਾਰਣ ਰਿਆਸਤ ਪਟਿਆਲੇ ਦੇ ਬ੍ਰਿਤਾਂਤ ਵਿੱਚ ਲਿਖ ਆਏ ਹਾਂ ਏਥੇ ਸਿਰਫ
ਏਤਨਾ ਹੀ ਕਾਰਣ ਸਮਝੋ (ਜੋ ਊਹ ਪੌਣ ਤਰਫਰ ਪ੍ਰਟ ਭਰੇ ਤਿਸ ਆਗੇ ਕਿਆ ਇਕ
ਵਿਚਾਰੇ।।) ਜਿਸ ਮਹਾਰਾਜੇ ਰਣਜੀਤ ਸਿੰਘ ਤੋਂ ਸਰਕਾਰ ਕੰਪਨੀ ਤ੍ਰੈ ਖਾਂਦੀ ਸੀ
ਤੇ ਕਾਬਲ ਦੇ ਬਾਦਸ਼ਾਹ ਥਰ ਥਰ ਪਏ ਕੰਬਦੇ ਸੇ ਓਸੇ ਤੋਂ ਫੂਲ ਕੇ ਰਜਿਆਂ ਦਾ ਦ
ਹਿਲ ਜਾਣਾ ਕੁਛ ਬੜੀ ਬਾਤ ਨਹੀਂ। ਜੱਦੀਪ ਸਰਕਾਰ ਖਾਲਸੇ ਨੇ ਦੋ ਵਾਰੀ ਫੂਲ
ਕਿਆਂ ਦੇ ਬੁਲਾਏ ਹੋਏ ਔਰ ਤੀਜੀ ਵਾਰੀ ਆਪ ਜ਼ਿਲੇ ਅੰਬਾਲੇ ਮੇਂ ਪਹੁੰਚ ਕੇ ਓਨਾਂ
ਦਾ ਕੁਛ ਨੁਕਸਾਨ ਨਹੀਂ ਕੀਤਾ ਜੀ ਸਗੋਂ ਦੂਜਿਆਂ ਦਾ ਰਾਜ ਖੋਹ ਕੇ ਓਨਾਂ ਨੂੰ ਦੇ ਆਏ
ਸੇ ਪਰ ਓਨਾਂ ਨੂੰ ਏਹੋ ਤ੍ਰੈ ਹੋ ਰੈਹਾ ਸੀ ਕੇ ਕਦੇ ਨਾ ਕਦੇ ਏਹ ਸ਼ੇਰ ਸਾਨੂੰ ਬੀ ਖੂੰਦੇਗਾ। —
ਕੁਛ ਤਾਂ ਏਸ ਖਿਆਲ ਮੈਂ ਬਾਕੀ ਖੁਫੀਆ ੨ ਸਰਕਾਰ ਕੰਪਨੀ ਦੇ ਦੂਤਾਂ ਦੇ ਪ੍ਰੇਰੇ ਹੋਏ
ਪਹਿਲੇ ਬੀ ਰਜੀਡੰਟ ਦਿੱਲੀ ਨਾਲ ਗਿਟਣ ਗਿਟਣ ਸਰਕਾਰ ਕੰਪਨੀ ਦੀ ਛਤ੍ਰ ਛਾ
ਯਾ ਹੇਠ ਰਹਿਣ ਦੀ ਠਹਿਰਾ ਆਏ ਸੇ ਹੁਣ ਜਦ ਕਰਮ ਸਿੰਘ ਨਿਰਮਲੇ ਨੇ ਬ
ਹੁਤ ਚਾਈਆ ਚੁੱਕਿਆ ਤੇ ਹੋਰ ਅਨੇਕ ਸਰਕਾਰਾਂ ਨੇ ਮਿਲਾ ਕਰ ਫੂਲ ਕੇ ਰਾਜੇ ਬੀ ਪ੍ਰੇ
ਰ ਲੀਤੇ। ਏਨਾਂ ਸਭਨਾਂ ਨੇ ਕਸਬ ਸਿਆਣੇ ਕੱਠੇ ਹੋ ਕਰ ਏਹੋ ਮਤਾ ਮਤਾਇਆ ਕੇ ਇੰਗ
ਦੀ ਸਰਣ ਲਏ ਬਿਨਾ ਹੁਣ ਸਾਡੇ ਰਾਜ ਰਹਿਣੇ ਔਖੇ ਹਨ। ਸਰਕਾਰ ਖਾਲਸਾ
ਤਾਂ ਹੈ ਜਾਤੇ ਸਰਕਾਰ ਕੰਪਨੀ ਤਪਾ ਵਿੱਕ ਹੈ ਸੋ ਤਪਾ ਵਿਕ ਨਾਲ ਕੋਈ ਦਿਨ ਤੁਰਾਂ
ਗੇ ਤਾਂ ਤੇ ਸਰਕਾਰ ਕੰਪਨੀ ਦੀ ਸਰਣ ਲੈਣੀ ਚੰਗੀ ਹੈ। —— ।। ਏਹੋ ਮਿਥ ਕੇ
ਦਿੱਲੀ ਜਾ ਕਰ ਸਟੀਨ ਸਾਹਿਬ ਬਹਾਦੁਰ ਰਜੀਡੰਟ ਪਾਸ ਦਰਖ੍ਵਾਸਤ ਕਰ ਕੇ
ਏਹ ਆਖਿਆ ਕੇ ਤੁਸੀਂ ਆਪਣੀ ਚਰਨੀ ਲਾ ਕੇ ਸਾਨੂੰ ਮਹਾਰਾਜੇ ਲਾਹੌਰ ਦੇ ਪੰਜੇ
ਵਿਚੋਂ ਬਚਾ ਲਓ ਨਹੀਂ ਤਾਂ ਓਹ ਸਾਡੇ ਲਹੂ ਹੁਣੇ ਪੀ ਛੱਡੇਗਾ। —— ।। ਅੰਗ੍ਰੇਜ਼ਾਂ
ਪਹਿਲੇ ਹੀ ਏਸ ਗੱਲ ਦੇ ਸਗਨ ਮਨਾ ਰਹੇ ਸੇ ਬੜੀ ਖੁਸ਼ੀ ਨਾਲ ਏਨਾਂ ਦੀ ਦਰਖ੍ਵਾ

੩੫੪ ਸਤ ਮਨਜ਼ੂਰੀ ਵਾਸਤੇ ਕਲਕੱਤੇ ਭੇਜੀ ਗਈ॥ — ॥ਏਧਰ ਮਹਾਂਰਾਜ ਬਹਾਦੁਰ ਤਾਂ
ਓਸ ਜ਼ੋਰ ਉੱਤੇ ਕੁੱਦ ਰਹੇ ਸਨ ਜੋ ਹੱਦ ਬੰਨਣੀ ਬਾਪ ਆਏ ਸੇ ਹੁਣ ਇੱਕ ਤਾਂ ਰਾਜ
ਆਂ ਤੇ ਸਰਦਾਰਾਂ ਦੇ ਮਿਲ ਜਾਣੇ ਕਰ ਸਰਕਾਰ ਕੰਪਨੀ ਤੇਜ ਹੋ ਗਈ ਦੂਜੇ ਸਹਿਨਸ਼ਾ
ਹ ਨਿਪੋਲੀਅਨ ਬੂਨਾਪਾਰਟ ਦੇ ਗੁਜ਼ਰ ਜਾਣੇ ਦੀ ਖ਼ਬਰ ਓਸੇ ਸਮੇ ਆ ਜਾਣੇ ਕਰ ਓ
ਧ੍ਰੋਂ ਨਿਰਭੈ ਹੋਕੇ ਮਹਾਂਰਾਜੇ ਉੱਤੇ ਜ਼ੋਰ ਪਾ ਦਿੱਤਾ ਏਸ ਕਰਕੇ ਇੱਕ ਕਤਈ ਫੈਸਲਾ ਲਿ
ਖ ਕੇ ਭੇਜ ਦਿੱਤਾ ਜੋ ਮਟਕਾਫ਼ ਸਾਹਿਬ ਨੇ ਮਹਾਂਰਾਜੇ ਦੇ ਪੇਸ਼ ਕਰਕੇ ਜਵਾਬ ਮੰਗਿਆ॥
ਓਸ ਵਿੱਚ ਏਹ ਸੀ ਇੱਕ ਤਾਂ ਪਹਿਲੇ ਦਿਨ ਤੋਂ ਸਤਲੁਜ ਦੇ ਬਾਏਂ ਪਾਸੇ ਦਾ ਮੁਲਕ ਹ
ਮੇਸ਼ ਦਿੱਲੀ ਦੇ ਮਾਤਹਿਤ ਰੈਹਾ ਹੈ ਤਾਂ ਤੇ ਵਾਲੀ ਲਾਹੌਰ ਨੂੰ ਏਸ ਉਤੇ ਹੱਥ ਪਾਉਣ
ਦਾ ਕੋਈ ਹੱਕ ਨਹੀ ਦੂਜੇ ਏਧਰ ਦੇ ਰਾਜੇ ਸਰਦਾਰ ਸਭ ਸਰਕਾਰ ਕੰਪਨੀ ਦੀ ਛਾ
ਯਾ ਵਿੱਚ ਰਹਿਣ ਵਾਸਤੇ ਦਰਖ਼ਾਸਤ ਕਰ ਚੁੱਕੇ ਹਨ॥ ਤੀਜੇ ਸੰ: ੧੮੦੫ ਈ: ਵੇ
ਆਪ ਸਰਕਾਰ ਲਾਹੌਰ ਨੇ ਲਾਰਡ ਲੇਕ ਸਾਹਿਬ ਨੂੰ ਆਖਿਆ ਸੀ ਕਿ ਤੁਸਾਡੇ ਸਾਡੇ
ਵਿੱਚ ਸਤਲੁਜ ਹੱਦ ਰਹੇਗੀ॥ ਹੁਣ ਓਸ ਆਪਣੇ ਬਚਨ ਤੋਂ ਮੁੱਕਰਨਾ ਚੰਗਾ ਨ
ਹੀ॥ ਤਾਂ ਤੇ ਸਤਲੁਜ ਦੇ ਏਸ ਤਰਫ਼ ਅਪਣਾ ਦਖ਼ਲ ਉਠਾ ਲੈਣਾ ਹੀ ਮਹਾਂਰਾਜ
ਨੂੰ ਚੰਗਾ ਹੈ ਨਹੀ ਤੇ ਜੰਗ ਕਰੇਂ॥ — ॥ਏਹ ਫੈਸਲਾ ਸੁਣ ਕੇ ਮਹਾਂਰਾਜੇ ਦੇ ਸੂ
ਰਬੀਰ ਸਰਦਾਰਾਂ ਨੂੰ ਬੀ ਬੀਰ ਰਸ ਜਾਗ ਉੱਠਿਆ ਤੇ ਮਹਾਂਰਾਜੇ ਨੂੰ ਬੀ ਸਤਲੁਜ
ਜਮਨਾ ਦੇ ਵਿੱਚ ਵਾਲੇ ਦੇਸ ਉੱਤੋਂ ਕਬਜ਼ਾ ਉਠਾ ਲੈਣਾ ਮੁਸ਼ਕਲ ਹੋ ਗਿਆ ਏ
ਸ ਕਰਕੇ ਮਹਾਂਰਾਜੇ ਨੇ ਗਵਰਮਿੰਟ ਅੰਗ੍ਰੇਜ਼ੀ ਨਾਲ ਏਸ ਮਾਮਲੇ ਬਦਲੇ ਜੰਗ
ਕਰਨ ਦੀ ਤਿਆਰੀ ਆਰੰਭ ਦਿੱਤੀ॥ — ॥ਹਰ ਤਰਫ਼ ਤੋਂ ਫੌਜਾਂ ਨੂੰ ਅੰਮ੍ਰਿਤ
ਸਰ ਜਮਾ ਹੋਣ ਦਾ ਹੁਕਮ ਹੋ ਗਿਆ ਦੀਵਾਨ ਮੁਹਕਮ ਚੰਦ ਨੂੰ ਕਾਂਗੜੇ ਵਲੀਓਂ
ਬੁਲਾ ਕੇ ਚਾਰ ਹਜ਼ਾਰ ਫੌਜ ਦੇ ਸਾਥ ਫਲੌਰ ਉਤਾਰ ਦਿੱਤਾ॥ ਗੋਬਿੰਦ ਗੜ੍ਹ ਦੇ ਬੁਰ
ਜਾਂ ਉੱਤੇ ਤੋਪਾਂ ਚੜ੍ਹਾ ਦਿੱਤੀਆਂ ਸਭ ਸਾਮੱਗ੍ਰੀ ਜੰਗ ਦੀ ਤੇ ਦਾਣਾ ਘਾਸ ਜਮਾ ਹੋ
ਣ ਦਾ ਹੁਕਮ ਹੋ ਗਿਆ ਹਰ ਏਕ ਜਗਾ ਫੌਜਾਂ ਨੂੰ ਗੋਲੀ ਬਾਰੂਦ ਵੰਡ ਕੇ ਅੰਗ੍ਰੇਜ਼
ਨਾਲ ਸਖ਼ਤ ਲੜਾਈ ਕਰਨ ਵਾਸਤੇ ਉਤਸ਼ਾਹ ਦੇਕੇ ਕਾਇਮ ਕੀਤਾ ਗਿਆ॥ —
ਓਸੇ ਸਮੇ ਫੂਲ ਕੇ ਰਾਜਿਆਂ ਦੀ ਦਰਖ਼ਾਸਤ ਮਨਜ਼ੂਰ ਹੋਕੇ ਕਲਕੱਤੇ ਤੋਂ ਦਿੱਲੀ
ਦੇ ਰਜ਼ੀਡੰਟ ਪਾਸ ਆ ਗਈ ਓਸ ਨੇ ਏਨਾਂ ਰਾਜਿਆਂ ਦੀ ਤੇ ਆਪਣੇ ਵਕੀਲ ਦੀ ਮ

Digitized by Panjab Digital Library | www.panjabdigilib.org

੫੦੦੦
ਦਦਵਾਸਤੇ ਪੰਜ ਹਜ਼ਾਰ ਸਪਾਹ ਤੇ ਤੋਪਖਾਨੇ ਦੇਕੇ ਕਰਨੈਲ ਸਰ ਡੇਵਡ ਆਕ ੩੫੫
ਟਰਲੂਨੀ ਨੂੰ ਲੁੱਦੇਹਾਣੇ ਠਹਿਰਨ ਲਈ ਭੇਜ ਦਿੱਤਾ ਜਿਸਦੇ ਆਉਣ ਦੀ ਫੂਲ
ਕੇ ਰਾਜਿਆਂ ਨੇ ਬਹੁਤ ਖੁਸ਼ੀ ਮਨਾਈ। ਤੇ ਰਾਜੇ ਭਾਗ ਸਿੰਘ ਨੇ ਆਪਣੇ ਇਲਾਕੇ
ਵਿੱਚ ਲਿਆ ਕੇ ਲੁੱਦੇਹਾਣੇ ਝੰਡਾ ਗਡਵਾ ਦਿੱਤਾ। ਐਸੇ ਬਿਰ ਲਗਣ ਚੰਗੀ ਜਾ
ਇਤ ਓਹ ਝੰਡਾ ਖੜਾ ਹੋਯਾ ਫੇਰ ਨਾ ਹੱਲਿਆ ਸਗੋਂ ਦਿਨ ਦਿਨ ਨਵੇਂ ੨ ਮੁਲਕ ਫਤੇ ਕਰ
ਰੈਹਾ ਹੈ। ———

ਅੰਗ੍ਰੇਜੀ ਫੌਜ ਦਾ ਲੁੱਦੇਹਾਣੇ ਆ ਜਾਣਾ ਤੇ ਫੂਲਕੇ ਰਾਜੇ ਔਰ ਮੋਣ ਦਾ ਬੀਏ ਸ
ਰਦਾਰਾਂ ਦਾ ਫਿਰਾਹੂੰ ਨੇ ਹੋਣਾ ਸੁਣਕੇ ਮਹਾਂਰਾਜੇ ਨੇ ਅਫਸੋਸ ਤਾਂ ਕੀਤਾ ਪਰ ਆਪ
ਣੀ ਬਹਾਦੁਰ ਖਾਲਸਾ ਕੌਮ ਸੂਰਬੀਰ ਸਪਾਹ ਦੇ ਭਰੋਸੇ ਪਰ ਜਰਾ ਬੀ ਡਰ ਨਾ ਮੰ
ਨਿਆ। ——— ।।ਅਜੇ ਝਗੜਾ ਹੋ ਹੀ ਰੈਹਾ ਸੀ। ਅੰਮ੍ਰਿਤਸਰ ਵਿੱਚ ਅਕਾਲੀ
ਆਂ ਨੇ ਇੱਕ ਹੋਰ ਹੀ ਫੁੰਲ ਖੜਾ ਦਿੱਤਾ। ਅੰਗ੍ਰੇਜੀ ਵਕੀਲ ਦੇ ਸਾਥੀ ਜੋ ਮੁਸਲਮਾਂ
ਨ ਸਪਾਹੀ ਸੇ ਓਨਾਂ ਨੇ ਆਪਣੇ ਧਰਮ ਤੇ ਰਵਾਜ ਮੂਜਬ ਮੁਹੱਰਮ ਦੇ ਮਹੀਨੇ ਤਾਜੀ
ਆ ਕੱਢਿਆ ਹਸਨ ਹੁਸੈਨ ਤੇ ਮਰਸੀਹੇ ਬੋਲਦੇ ਹੋਏ ਅੰਗ੍ਰੇਜ਼ੀ ਬਾਜੇ ਬਜਾਉਂਦੇ
ਦਫਨਾਉਣ ਵਾਸਤੇ ਬਾਹਰ ਨੂੰ ਲਈ ਜਾਂਦੇ ਜਦਾਂ ਅਕਾਲੀਆਂ ਦੇ ਡੇਰੇ ਕੋਲ ਦੀ ਲੰ
ਘੇ ਤਾਂ ਅਕਾਲੀ ਸਿੰਘ ਜੋ ਪਰਲੇ ਦਰਜੇ ਦੇ ਜਾਹਲ ਤੇ ਬੇਗ਼ਮ ਜਿੱਦ ਬਾਦ ਦੇ ਭਰੇ
ਹੋਏ ਹੁੰਦੇ ਹਨ ਓਨਾਂ ਨੂੰ ਸਿੰਘਾਂ ਦੇ ਰਾਜ ਵਿੱਚ ਮੁਸਲਮਾਨਾਂ ਦੀ ਰਸਮ ਹੋਣੀ ਬਹੁਤ ਬੁ
ਰੀ ਲੱਗੀ ਬਿਨਾ ਸੋਚੇ ਸਮਝੇ ਅਕਾਲ ੨ ਕਰਕੇ ਆ ਪਏ। ਕਿਸੇ ਨੇ ਆਖਿਆ ਨਿਹੰਗ
ਸਿੰਘ ਜੀ ਤੁਸੀ ਸੋਚ ਬਿਚਾਰ ਕੇ ਕੁਛ ਅਕਲ ਦੀ ਗੱਲ ਕਰੋ। ਅਕਾਲੀ ਬੋਲੇ
ਸੋਚ ਬਿਚਾਰ ਤੇ ਅਕਲ ਕੌਣ ਕੁੱਤੀ ਹੁੰਦੀ ਹੈ ਜੋ ਨਿਹੰਗਾਂ ਸਿੰਘਾਂ ਦੇ ਨੇੜੇ ਆਵੇ।
ਓਹ ਬਿਚਾਰੇ ਬਥੇਰਾ ਹੰਬ ਜੋੜ ਰਹੇ ਪਰ ਭੰਗ ਦੇ ਅਮਲ ਵਿੱਚ ਹੰਕਾਰ ਦੇ ਭਰੇ ਹੋ
ਏ ਨਿਹੰਗ ਨਾਹੀ ਟਲ੍ਹੇ ਤਾਜੀਏ ਨੂੰ ਤੋੜ ਫੋੜ ਕੇ ਮੁਸਲਮਾਨਾਂ ਉੱਤੇ ਡੰਡਾ ਸੋਟਾ ਬਰ
ਸਾ ਦਿੱਤਾ। ਤੇ ਬੰਦੂਕਾਂ ਮਾਰੀਆਂ। ——— ।।ਪਹਿਲੇ ਤਾਂ ਮੁਸਲਮਾਨ
ਸਪਾਹੀ ਦਬੇ ਰਹੇ ਓੜਕ ਜਦ ਨਿਹੰਗ ਓਨਾਂ ਦੇ ਕੰਧੇ ਹੀ ਚੜ੍ਹਦ ਗਏ। ਤਾਂ ਓਨਾਂ ਨੇ
ਬੀ ਆਪਣੀ ਕਵਾਇਦ ਨਾਲ ਬੰਦੂਕਾਂ ਦੀ ਬਾੜ੍ਹ ਝਾੜਨੀ ਸ਼ੁਰੂ ਕਰ ਦਿੱਤੀ। ਫੇਰ ਹੋ
ਰ ਅਕਾਲੀ ਹੱਲਾ ਕਰਕੇ ਆ ਪਏ ਸੋਟੇ ਪਰ ਸੋਟ ਬਰਸਣ ਲੱਗਾ। ਤਲਵਾਰ

Digitized by Panjab Digital Library | www.panjabdigilib.org

੩੫੬ ਨਾਲ ਤਲਵਾਰ ਖੜਕ ਪਈ ਗੁੰਥਮ ਗੁੰਥੇ ਹੋ ਪਏ। ਜੇ ਕਦਿ ਅਕਾਲੀ ਸਿੰਘ ਓਨਾਂ ਤੋਂ ਦੂੰਗੁਣੇ ਤਿੰਗੁਣੇ ਸੇ ਪਰ ਓਹ ਸਿਪਾਹੀ ਕੁਵਾਇਦ ਸਿੱਖੇ ਹੋਏ ਹਿੰਦੁਸਤਾਨੀ ਪਠਾਣ ਆਪਣੇ ਕਾਇਦੇ ਦੀ ਐਸੀ ਲੜਾਈ ਲੜੇ ਅਕਾਲੀ ਭਜਾ ਦਿੱਤੇ। —

ਤਦੋਂ ਨੂੰ ਮਹਾਰਾਜੇ ਰਣਜੀਤ ਸਿੰਘ ਬੀ ਗੋਬਿੰਦ ਗੜ੍ਹ ਵਿਚੋਂ ਘੋੜਾ ਭੁਜਾ ਕੇ ਆਪਣੀ ਠੇਲ ਲੜਾਈ ਬੰਦ ਕਰਾ ਕੇ ਮਟਕਾਫ ਸਾਹਿਬ ਦੇ ਤੰਬੂ ਵਿੱਚ ਚਲੇ ਗਏ ਜਿਥੇ ਓਹ ਬਡੇ ਜੋਸ਼ ਨਾਲ ਲੋਹਾ ਲਾਖਾ ਹੋਯਾ ਬੈਠਾ ਸੀ ਮਹਾਰਾਜੇ ਨੇ ਬਹੁਤ ਦਾਨਾਈ ਦੀਆਂ ਗੱਲੀਆਂ ਕਰਕੇ ਵਕੀਲ ਨੂੰ ਮਸਾਂ ੨ ਠੰਢਾ ਕੀਤਾ ਤੇ ਨਿਹੰਗਾਂ ਦੀਆਂ ਬੇਸਮਝੀਆਂ ਅਨੇਕ ਕਹਾਣੀਆਂ ਸੁਣਾ ਕੇ ਉਸ ਨੂੰ ਹੱਸਾ ਦਿੱਤਾ ਅਨੇਕ ਨਿਹੰਗ ਕੈਦ ਕਰਕੇ ਜੇਲਖਾਨੇ ਭੇਜ ਅੰਗ੍ਰੇਜ਼ੀ ਸਪਾਹੀਆਂ ਦੀ ਬਹਾਦੁਰੀ ਓਨਾਂ ਦੇ ਸਾਮਣੇ ਬਹੁਤ ੨ ਸੁਣਾ ਕੇ ਓਨਾਂ ਨੂੰ ਇਨਾਮ ਦੇਣਾ ਚਾਹਿਆ ਜੋ ਵਕੀਲ ਸਾਹਿਬ ਨੇ ਬੀ ਹਰਜੇ ਦੇ ਤੌਰ ਦਿਵਾ ਦਿੱਤਾ। ਨਿਹੰਗਾਂ ਦੇ ਮੂੰਹ ਰਖਣੇ ਉੱਤੇ ਜਾ ਜਵਾਬ ਦੇ, ਬੜੀ ਮੁਸਕਲ ਨਾਲ ਮਹਾਰਾਜੇ ਨੇ ਏਸ ਵਿਗਾੜੇ ਨੂੰ ਬਣਾਯਾ ਵਕੀਲ ਵਾਤੇ ਓਨਾਂ ਸਿਪਾਹੀਆਂ ਦਾ ਰਾਜੀਨਾਮਾ ਲੀਤਾ। ਓਸ ਦਿਨ ਤੋਂ ਅਪਣੀ ਫੌਜ ਨੂੰ ਬੀ ਅੰਗ੍ਰੇਜ਼ੀ ਕੁਵਾਇਦ ਸਿਖਣੇ ਦਾ ਹੁਕਮ ਦਿੱਤਾ। —

ਏਸ ਦੰਗੇ ਤੋਂ ਪਿੱਛੋਂ ਮਹਾਰਾਜੇ ਬਹਾਦੁਰ ਨੇ ਅਪਣੇ ਬਡੇ ੨ ਪਯਾਰੇ ਅਕਲਮੰਦ ਦੂਰ ਅੰਦੇਸ਼ ਅਹਿਲਕਾਰਾਂ ਤੇ ਸਰਦਾਰ ਫਤੇ ਸਿੰਘ ਆਲੂਵਾਲੀਏ ਆਦਿਕ ਦੋਸਤਾਂ ਨਾਲ ਸਲਾਹ ਕੀਤੀ ਕੇ ਹੁਣ ਅੰਗ੍ਰੇਜ਼ੀ ਵਕੀਲ ਨਾਲ ਸੱਤਾਬੀ ਫੈਸਲਾ ਹੋ ਜਾਣਾ ਚੰਗਾ ਹੈ।

ਕੋਈ ਭਾਂਬੜ ਨਾ ਮੱਚ ਪਏ। ਓੜਕ ਸਭ ਨੇ ਏਸ ਮੁਆਮਲੇ ਦੇ ਸਰਬ ਪ੍ਰਕਾਰ ਨਫੇ ਨੁਕਸਾਨ ਦੇਖ ਕੇ ਤੇ ਜੰਗ ਦੀ ਤਾਕਤ ਤੋਲ ਕੇ ਏਹੋ ਪੱਕ ਪਕਾਯਾ ਕੇ ਜੰਗ ਕਰਨਾ ਚੰਗਾ ਨਹੀਂ ਸੁਲਾ ਕਰਨੀ ਚੰਗੀ ਹੈ ਕਿਓਂਕੇ ਅਜੇ ਤਕ ਸਰਕਾਰ ਲਾਹੌਰ ਦਾ ਅਪਣੇ ਮੁਲਕ ਵਿੱਚ (ਪੰਜਾਬ) ਬੀ ਪੂਰਾ ੨ ਬੰਦੋਬਸਤ ਅਮਨ ਚੈਨ ਨਹੀਂ ਹੋਯਾ ਮਤਕ ਦੇ ਪੰਜਾਬ ਦੇ ਹੀ ਸਿੱਖ ਸਰਦਾਰ ਬਿਗੜ ਬੈਠਣ ਜਿਨਾਂ ਨੂੰ ਮਹਾਰਾਜ ਦਾ ਪ੍ਰਤਾਪ ਅਜੇ ਤਕ ਤਾਪ ਚੜ੍ਹਾ ਰਹੇ ਹੈਂ ਤੇ ਨਿਰਜ ਪਹੁਚਾ ਹੈ ਜੈਸੇ ਸਤਲੁਜ ਪਾਰ ਦੇ ਰਾਜੇ ਸਰਦਾਰ ਅੰਗ੍ਰੇਜ਼ਾਂ ਨਾਲ ਜਾ ਮਿਲੇ ਏਹ ਬੀ ਜਾ ਮਿਲਣ ਅਜੇ ਤਾਂ ਸਰਕਾਰ ਨੂੰ ਕਸ਼ਮੀਰ ਪਸ਼ਾਵਰ ਕਾਬੁਲ ਤਕ ਮੁਲਕ ਫਤੇ ਕਰਨੇ ਵਾਸਤੇ ਪਏ ਹਨ ਏਥੋਂ ਫਤੇ ਹੋਈ ਪਿੱਛੋਂ ਫੇਰ ਓਧਰ ਦੇਖਾ ਜਾਏਗਾ। ਛੇਕੜ ਏਹੋ ਠਹਿਰੀ ਕੇ ਸਤਲੁਜ ਪਾਰ ਦਾ ਇਲਾਕਾ ਜਾਵੇ ਤਾਂ ਜਾਵੇ ਪਰ ਹੁਣੇ ਜੰਗ ਨਾ

ਕਰੋ। ਮਹਾਂਰਾਜੇ ਨੇ ਓਸੇ ਦਿਨ ਸਤਲੁਜ ਪਾਰ ਦੀ ਫੌਜ ਆਪਣੀ ਬੁਲਾ ਲਈ ਤੇ ਅੰਗ੍ਰੇ ੩੫੭
ਜ਼ੀ ਵਕੀਲ ਦਾ ਮਸੌਦਾ ਮਨਜ਼ੂਰ ਕਰਕੇ ੨੫ ਅਪ੍ਰੈਲ ਸੰ: ੧੮੦੯ ਈ: ਬੈਸਾਖ ਸੰ:
੧੮੬੬ ਬਿ: ਕੋ ਦੋਹਾਂ ਸਰਕਾਰਾਂ ਵਿੱਚ ਦੋਸਤੀ ਦਾ ਮਾਮੂਲਾ ਕਾਇਮ ਹੋਕੇ ਅਹਿਦਨਾ
ਮਾ ਅਰਥਾਤ ਨਿਜਮ ਪੱਤ੍ਰ ਲਿਖਿਆ ਗਿਆ ਜਿਸ ਵਿੱਚ ਏਹ ਸ਼ਰਤਾਂ ਤੈ ਹੋਈਆਂ ਕੇ "ਦਰਯਾ
ਸਤਲੁਜ ਦੇ ਦਹਿਣੇ ਪਾਸੇ ਸਰਕਾਰ ਅੰਗ੍ਰੇਜ਼ੀ ਨੂੰ ਮਹਾਂਰਾਜੇ ਦੀ ਹੱਦ ਦੇ ਅੰਦ੍ਰ ਕਿਸੇ ਤ
ਰਾਂ ਦਾ ਦਖ਼ਲ ਨਾ ਦੇਣਾ ਹੋਵੇਗਾ ਔਰ ਨਾ ਮਹਾਂਰਾਜੇ ਨੂੰ ਸਤਲੁਜ ਤੋਂ ਬਾਏਂ ਪਾਸੇ ਕਿਸੇ ਪ੍ਰਕਾ
ਰ ਦਾ ਇਖ਼ਤਿਆਰ ਹੋਵੇਗਾ। ਜੋ ਇਲਾਕਾ ਸਤਲੁਜ ਦੇ ਬਾਏਂ ਕਨਾਰੇ ਯਾ ਜਾਗੀਰਦਾਰ ਮ
ਹਾਂਰਾਜੇ ਦੇ ਹਨ ਓਨ੍ਹਾਂ ਉੱਤੇ ਸਿਵਾਇ ਮਾਮਲਾ ਵਸੂਲੀ ਦੇ ਹੋਰ ਕਿਸੇ ਤਰਾਂ ਦਾ ਇਖ਼ਤਿਆਰ ਹ
ਸਲ ਮਹਾਂਰਾਜੇ ਕੋ ਨ ਹੋਗਾ। —— ਔਰ ਏਨਾਂ ਦੋਹਾਂ ਸਰਕਾਰਾਂ ਦੀ ਆਪਸ ਮੇਂ ਹਮੇ
ਸ਼ਾ ਮਿਤ੍ਰਚਾਰੀ ਮੁਹੱਬਤ ਬਣੀ ਰਹੇਗੀ। —— ।।ਏਸ ਵਿੱਚ ਜੇ ਕੋਈ ਫ਼ਰਕ ਪਾਵੇਗਾ
ਤਾਂ ਏਹ ਨਿਜਮ ਪੱਤ੍ਰ ਨਿਕੰਮਾ ਹੋਕੇ ਨਮੇ ਸਿਰੇ ਫੇਰ ਲਿਖਾ ਜਾਏਗਾ। —— ।।ਏਸ
ਵਿੱਚ ਕੋਈ ਸੰਸਾ ਨਹੀਂ ਕੇ ਏਹ ਨਿਜਮ ਪੱਤ੍ਰ ਤੇ ਹੱਦਬੰਦੀ ਕਾਇਮ ਹੋਣਾ ਸਬ ਲਾਰਡ ਮਟਕਾਫ਼
ਸਾਹਿਬ ਦੀ ਦਾਨਾਈ ਤੇ ਧੀਰਜਤਾਈ ਦਾ ਪ੍ਰਤਾਪ ਹੋਯਾ। ਫੇਰ ਹਮੇਸ਼ ਏਸ ਦੋਸਤੀ ਦੇ ਬ੍ਰਿਛ
ਨੂੰ ਦੋਹਾਂ ਸਰਕਾਰਾਂ ਨੇ ਨਿਹਾਯਤ ਸੱਚੇ ਦਿਲ ਨਾਲ ਪਾਲਕੇ ਬਹੁਤ ਸੁਖਦਾਈ ਫਲ ਪਾਏ।
ਤੇ ਇੱਕ ਦੂਸਰੇ ਦਾ ਸ਼ੁਕਰਗੁਜ਼ਾਰ ਸਹਾਯਕ ਬਨਿਆ ਰਿਹਾ।

ਹੁਣ ਏਸ ਨਿਜਮ ਪੱਤ੍ਰ ਹੋਏ ਪਿੱਛੋਂ ਮਹਾਰਾਜੇ ਨੇ ਆਪਣੇ ਰਾਜ ਦੀਆਂ ਹੱਦਾਂ ਦਾ ਬੰਦੋਬਸਤ ਕੀ
ਤਾ। ਫਲੌਰ ਦੀ ਸਰਾਂ ਜੋ ਸ਼ੇਰ ਸ਼ਾਹ ਬਾਦਸ਼ਾਹ ਨੇ ਸੰ: ੧੬੦੩ ਬਿ: ਵਿੱਚ ਬਣਵਾਈ ਸੀ
ਮਹਾਂਰਾਜੇ ਨੇ ਕਿਲੇ ਦੇ ਢੰਗ ਪਰ ਰਚਕੇ ਦੀਵਾਨ ਮੁਹਕਮ ਚੰਦ ਨੂੰ ਜੋ ਓਸ ਦੇਸ ਦਾ ਸੂਬਾ ਸੀ
ਬਹੁਤ ਸਾਰੀ ਫੌਜ ਤੇ ਤੋਪਖਾਨੇ ਸਮੇਤ ਓਥੇ ਉਤਾਰ ਦਿੱਤਾ ਓਸ ਨੇ ਫਲੌਰ ਵਾਲੇ ਸਰਦਾਰ ਧ
ਰਮ ਸਿੰਘ ਦਾ ਸਬ ਇਲਾਕਾ ਛੀਨਕੇ ਓਸ ਨੂੰ ਓਥੋਂ ਕੱਢ ਛੱਡਿਆ ਓਹ ਵਿਚਾਰਾ ਗੁਜ਼ਾਰੇ ਵਾਸਤੇ
ਮਹਾਰਾਜੇ ਦੇ ਪਿੱਛੇ ਬਹੁਤ ਫਿਰਿਆ ਪਰ ਕੁਛ ਨਾ ਮਿਲਿਆ। ਓਸੇ ਤਰਾਂ ਗੋਬਿੰਦ ਗੜ੍ਹ ਦੀ
ਤਕੜਾਈ ਕਰਕੇ ਓਥੇ ਬੀ ਫੌਜ ਤੇ ਜੰਗੀ ਸਾਮਾਨ ਜਮਾ ਕਰ ਦਿੱਤਾ। ——

ਜੱਦਪਿ ਏਨਾਂ ਦੋਹਾਂ ਸਰਕਾਰਾਂ ਦੀ ਆਪਸ ਮੇਂ ਲਿਖਾ ਪੜ੍ਹੀ ਹੋਕੇ ਦੋਸਤੀ ਬੀ ਠਹਿਰ ਗ
ਈ ਸੀ ਪਰ ਤਾਂ ਬੀ ਬਹੁਤ ਬਰਸ ਤਕ ਮਹਾਂਰਾਜੇ ਸੇਂਧੀਏ ਤੇ ਜਸਵੰਤ ਰਾਉ ਹੁਲਕਰ
ਔਰ ਅਮੀਰ ਖਾਂ ਰੁਹੇਲੇ ਆਦਿਕ ਹਿੰਦੁਸਤਾਨੀ ਰਈਸਾਂ ਦੇ ਦਿਲ ਵਿੱਚ ਏਹ ਹੁੱਬ ਬਣੀ

Digitized by Panjab Digital Library | www.panjabdigilib.org

ਰਹੀ ਕਿ ਕਦੇ ਖਾਲਸਾ ਜੀ ਸਿਰ ਉਠਾਕੇ ਤਾਂ ਅੰਗ੍ਰੇਜਾਂ ਨੂੰ ਹਿੰਦੁਸਤਾਨ ਵਿਚੋਂ ਕੱਢ ਛੱਡੀਏ
ਇਸੇ ਉਮੈਦ ਉੱਤੇ ਓਹ ਅਪਣੇ ਵਕੀਲ ਬੀ ਲਾਹੌਰ ਦੇ ਦਰਬਾਰ ਵਿੱਚ ਭੇਜਦੇ ਰਹੇ ਪਰ ਮਹ
ਹਾਂਰਾਜੇ ਨੂੰ ਸਰਕਾਰ ਅੰਗ੍ਰੇਜੀ ਦੇ ਬਿਰੁੱਧ ਕਦੇ ਸੁਪਨੇ ਵਿੱਚ ਬੀ ਖਿਆਲ ਨ ਫੁਰਿਆ ਸਗੋਂ ਦਿਨ
ਦਿਨ ਗਹਿਰੀ ਪ੍ਰੀਤ ਦੋਹਾਂ ਸਰਕਾਰਾਂ ਦੀ ਹੁੰਦੀ ਗਈ।।

ਸੰ: ੧੮੬੬ ਬਿ: ਕੋ ਗੋਰਖੀਆਂ ਦੇ ਜਰਨੈਲ ਅਮਰ ਸਿੰਘ ਨੇ ਫੇਰ ਪਹਾੜੀ ਰਾਜਿਆਂ ਨੂੰ ਜਿ
ਤ ਕੇ ਕਿਲਾ ਕਾਂਗੜਾ ਆ ਘੇਰਿਆ ਰਾਜੇ ਸੰਸਾਰ ਚੰਦ ਨੇ ਪਹਿਲੇ ਤਾਂ ਸਰਕਾਰ ਲਾਹੌਰ ਨੂੰ ਇਸ
ਵਾਇਦੇ ਪਰ ਬੁਲਾ ਭੇਜਿਆ ਕਿ ਆਪ ਮੇਰੇ ਰਾਜ ਵਿੱਚੋਂ ਗੋਰਖੀਆਂ ਨੂੰ ਕੱਢ ਦੇਓ ਤਾਂ ਕਿਲਾ ਕਾਂ
ਗੜੇ ਦਾ ਮੈਂ ਆਪ ਕੋ ਦੇ ਦੇਵਾਂਗਾ ਓਧਰ ਅਮਰ ਸਿੰਘ ਥਾਪੇ ਨੂੰ ਆਖਿਆ ਕਿ ਕਿਲਾ ਕਾਂਗੜੇ ਦਾ
ਮੇਥੋਂ ਤੂੰ ਲੈ ਲੈ ਮੇਰੇ ਹੋਰ ਰਾਜ ਵਿੱਚੋਂ ਤੂੰ ਅਪਣੀ ਫੌਜ ਉਠਾ ਲੈ। ਇਸ ਗੱਲੋਂ ਮਹਾਂਰਾਜੇ ਨੇ ਏ
ਸ ਲੂਣ ਹਰਾਮ ਰਾਜੇ ਉੱਤੇ ਗੁੱਸੇ ਹੋਕਰ ਗੋਰਖੀਆਂ ਤੇ ਰਾਜੇ ਦੀ ਫੌਜ ਨੂੰ ਬਜੰਗ ਸ਼ਿਕਸਤ ਦੇਕੇ
੨੪ ਅਗਸਤ ਸੰ: ੧੮੦੯ ਈ: ਕੋ ਕਿਲ੍ਹੇ ਕਾਂਗੜੇ ਪਰ ਅਪਣਾ ਦਖਲ ਕਰਕੇ ਮਲਕਾ ਕਰ
ਦੇ ਕਿਲੇ ਵਿੱਚ ਬੀ ਗੋਰਖੀਆਂ ਨੂੰ ਚਲਦੇ ਕੀਤਾ ਇਸ ਵਾਰੀ ਸਿੰਘਾਂ ਦੇ ਹੱਥੋਂ ਗੋਰਖੀਏ ਬਹੁ
ਤ ਮਾਰੇ ਕੁੱਟੇ ਗਏ ਤੇ ਸਤਲੁਜ ਪਾਰ ਜਾ ਰਹੇ ਜੋ ਫੇਰ ਸੰ: ੧੮੧੪॥੧੫ ਈ: ਮੇਂ ਸਰ ਡੇਵਿਡ
ਆਕਟਰਲੋਨੀ ਸਾਹਿਬ ਨੇ ਬੜੇ ਬੜੇ ਜੰਗ ਕਰਕੇ ਗੰਗਾ ਪਾਰ ਉਤਾਰ ਛੱਡੇ ਫੇਰ ਕਦੇ ਨਾ ਆ
ਏ।। ।ਮਹਾਂਰਾਜੇ ਨੇ ਕਿਲਾ ਕਾਂਗੜਾ ਲੈਕੇ ਸਰਦਾਰ ਦੇਸਾ ਸਿੰਘ ਮਜੀਠੀਏ
ਨੂੰ ਚੰਬਾ ਨੂਰਪੁਰ ਸ਼ਾਹਪੁਰ ਕੋਟਲਾ ਜਸਰੋਟਾ ਬਸੋਹਲੀ ਮਾਨਕੋਟ ਜਸਵਾਨ ਸੀਬਾ
ਗੁਲੇਰ ਕਹਿਲੂਰ ਮੰਡੀ ਸੁਕੇਤ ਕੁੱਲੂ ਦਾਤਾਰਪੁਰ ਇਨ੍ਹਾਂ ਰਿਆਸਤਾਂ ਦਾ ਸੂਬਾ ਬਣਾ ਦਿੱਤਾ
ਸਰਦਾਰ ਬਘੇਲ ਸਿੰਘ ਦੀ ਰੰਡੀ ਸਰਦਾਰਨੀ ਰਾਮ ਕੌਰ ਦਾ ਦੋ ਲਖ ਰੁਪਏ ਦਾ ਇਲ
ਕਾ ਤੇ ੨੪ ਲਾਖ ਦਾ ਖਜਾਨਾ ਹਰਿਆਣੇ ਭੂਰੀਏ ਦੇ ਕਿਲੇ ਸਮੇਤ ਤੇ ਪੰਜ ਬੂਰੇ ਆਦਿਕ ਸਬ ਸ
ਮਾਨ ਉਸ ਤੋਂ ਛੀਨਕੇ ਦੋ ਪਿੰਡ ਗੁਜਾਰੇ ਵਾਸਤੇ ਦੇ ਦਿੱਤੇ ਉਸ ਨੇ ਓਹ ਬੀ ਨ ਲਏ ਰੋਂਦੀ ਪਿੱਟ
ਦੀ ਲੁਦੇਹਾਣੇ ਚਲੀ ਗਈ। ਗਾਦਰ ਮਿਟ ਨੇ ਪ੍ਰਗਣਾ ਖੁਰਦੀਨ ਜੋ ਉਸੇ ਦੇ ਧਨੀ ਦਾ ਓਨ
ਤੋਂ ਛੀਨਕੇ ਮਹਾਂਰਾਜ ਸਰਦਾਰ ਜੋਧ ਸਿੰਘ ਕਲਸੀਏ ਨੂੰ ਸੰ: ੧੮੬੪ ਬਿ: ਕੋ ਦੇ ਆਏ
ਸਨ ਓਹੋ ਉਸ ਨੂੰ ਦਿਵਾ ਦਿੱਤਾ।।

ਸਰਕਾਰ ਨੇ ਸੰ: ੧੮੬੬ ਬਿ: ਕੋ ਹੋਲੀਆਂ ਅੰਮ੍ਰਿਤਸਰ ਖੇਲਕੇ ਦੀਵਾਨ ਭਵਾਨੀ ਦਾਸ ਨੂੰ
ਫੌਜ ਦੇਕਰ ਜੰਮੂੰ ਫਤੇ ਕਰਨ ਵਾਸਤੇ ਭੇਜਿਆ ਕਿਉਂਕਿ ਤਰਦੋਂ ਉਥੇ ਦੇ ਡੀਡੋ ਸਿੰਘ ਡੋਗਰੇ ਮਸ

ਹੋਰ ਧਾੜਵੀ ਸੂਰਬੀਰਾਂ ਨੇ ਸਾਰੇ ਦੇਸ ਵਿੱਚ ਬੂ ਉਜਾੜ ਛੱਡੀ ਸੀ ਇੱਕ ਮਹੀਨਾ ਤੋਂ ਪਿਛੋਂ ਫਨੀ ੩੫੯
ਦਾਸ ਨਲੂਆ ਲੜ੍ਹੀਆ ਫੇਰ ਨੱਠਕੇ ਪਹਾੜੀਂ ਜਾ ਬੜਿਆ ਜੰਮੂ ਦਾ ਇਲਾਕਾ ਜਬਤ ਕਰ ਸੌਂਚ
ਗੜ੍ਹ ਵਿੱਚ ਥਾਣਾ ਬੈਠਾ ਆਯਾ।। ——
ਹੁਣ ਤੱਤੋ ਭੁਕੜੀ ਚੁਣਨ ਉੱਤੇ ਲੱਕ ਬੰਨਕੇ ਮਹਾਂਰਾਜੇ ਨੇ ਸੰ: ੧੮੬੭ ਬਿ: ਬੈਸਾਖ ਕੋ ਜੋਧ
ਸਿੰਘ ਵਜੀਰਾਬਾਦੀਆ ਮਰ ਗੈਆ ਉਸ ਦੀ ਮੁਕਾਣ ਦੇ ਬਹਾਨੇ ਉਥੇ ਜਾਕੇ ਉਸ ਦਾ ਇਲਾ
ਕਾ ਖੋਸਣਾ ਚਾਹਿਆ ਉਸ ਦੇ ਬੇਟੇ ਗੰਡਾ ਸਿੰਘ ਨੇ ਇੱਕ ਲਾਖ ਰੁਪਯਾ ਨਜਰਾਨਾ ਦੇਕਰ ਆਪ
ਨੂੰ ਜਾਗੀਰਦਾਰ ਮਹਾਰਾਜੇ ਦਾ ਲਿਖਕੇ ਇਲਾਕਾ ਬਚਾਯਾ।। —— ।।ਏਦੂੰ ਅੰਗੇ ਚਨ
ਬ ਦਰਿਆ ਲੰਘਕੇ ਸਾਹਿਬ ਸਿੰਘ ਭੰਗੀ ਗੁਜਰਾਤ ਵਾਲੇ ਨੂੰ ਜਲਾਲਪੁਰ ਦੇ ਕਿਲੇ ਵਿੱਚ
ਜਾ ਘੇਰਿਆ ਉਹ ਨੱਠਕੇ ਇਸਲਾਮਗੜ੍ਹ ਦੇ ਕਿਲੇ ਵਿੱਚ ਜਾ ਬੜਿਆ।। ਮਹਾਂਰਾਜੇ ਨੇ ਉਥੋਂ ਬੀ
ਜਾ ਕੱਢਿਆ ਉਹ ਤਾਂ ਕਿਲੇ ਮੰਗਲਾ ਵਿੱਚ ਜਾ ਬੈਠਾ ਤੇ ਮਹਾਂਰਾਜੇ ਨੇ ਫਕੀਰ ਅਜੀਜੁੱਦੀਨ ਨੂੰ ਫੌ
ਜ ਦੇਕਰ ਗੁਜਰਾਤ ਉੱਤੇ ਕਬਜਾ ਕਰਨ ਵਾਸਤੇ ਭੇਜ ਦਿੱਤਾ।। —— ।।ਜੱਦਪਿ ਸਾਹਿਬ
ਸਿੰਘ ਦੀ ਫੌਜ ਜੋੜੀ ਉਥੇ ਸੀ।। ਇੱਕ ਦਿਨ ਲੜੀ ਪਰ ਅਜੀਜੁੱਦੀਨ ਨੇ ਉਸ ਦੇ ਕਾਰਦਾਰਾਂ ਨੂੰ
ਫੜ ਲੈਆ ਕਿਲੇ ਪਰ ਕਬਜਾ ਕਰਕੇ ਸਾਹਿਬ ਸਿੰਘ ਦਾ ਖਜਾਨਾ ਤੇ ਮਾਲ ਅਸਬਾਬ ਸਭ ਮ
ਹਾਰਾਜੇ ਪਾਸ ਜਲਾਲਪੁਰ ਲੈ ਆਯਾ ਜਿਸ ਤੋਂ ਮਹਾਂਰਾਜੇ ਨੇ ਬਹੁਤ ਖੁਸੀ ਹੋਕੇ ਅਜੀਜੁੱਦੀ
ਨ ਨੂੰ ਕੀਮਤੀ ਖਿਲਤ ਤੇ ਉਸ ਦੇ ਭਾਈ ਨੂੰ ਗੁਜਰਾਤ ਦੀ ਕਾਰਦਾਰੀ ਬਖਸੀ।। ——
ਉਸੇ ਸਮੇ ਸਾਹੀ ਵਕੀਲ ਨੇ ਆਕਰ ਖਬਰ ਦਿੱਤੀ ਕੇ ਸਾਹ ਜਮਾਂ ਕਾਬਲ ਦੇ ਬਾਦਸਾਹ ਨੂੰ ਉਸ
ਦੇ ਵਜੀਰ ਫਤੇ ਮਹੰਮਦ ਖਾਂ ਨੇ ਅੰਧਾ ਕਰਕੇ ਤਖਤ ਉੱਤੋਂ ਉਤਾਰ ਦਿੱਤਾ ਉਹ ਆਪਣੀ ਜਾਨ ਦੇ
ਬਚਾਉ ਵਾਸ੍ਤੇ ਨੱਠਕੇ ਰਾਵਲ ਪਿੰਡੀ ਮਹਾਂਰਾਜੇ ਦੀ ਸਰਣ ਆ ਗੈਆ ਹੈ।। ਏਹ ਖਬਰ ਸੁਣ
ਕੇ ਮਹਾਂਰਾਜੇ ਨੇ ਉਸ ਦੀ ਦਸਾ ਉੱਤੇ ਬਹੁਤ ਅਫਸੋਸ ਕੀਤਾ ਤੇ ਪਚਾਸ (੫੦) ਰੁਪਏ ਰੋਜ ਉਸ ਦੇ ਖਰ
ਚ ਵਾਸ੍ਤੇ ਮੁਕੱਰਰ ਕਰਕੇ ਉਥੇ ਹੀ ਉਸ ਦੀ ਰੱਖਿਆ ਕਰਨੇ ਦਾ ਹੁਕਮ ਭੇਜ ਦਿੱਤਾ।। ——
।।ਹੁਣ ਜਲਾਲਪੁਰ ਖੋਸਾਬ ਦੀ ਤਰਫ ਨੂੰ ਕੂਚ ਕਰਕੇ ਸਰਕਾਰ ਨੇ ਸਾਹਿਬ ਸਿੰਘ ਤੋਂ
ਕਿਲਾ ਮੰਗਲਾ ਬੀ ਛੁਡਾਉਣਾ ਚਾਹਿਆ ਪਰ ਉਸ ਦੀ ਸਰਦਾਰਨੀ ਰਾਜ ਕੌਰ ਮਹਾਂਰਾ
ਜੇ ਦੀ ਸਕੀ ਭੂਆ ਨੇ ਅਰਜੀ ਲਿਖੀ ਕੇ "ਵਰੀ ਜਾਂ ਹੁਣ ਮੇਰੇ ਪਤੀ ਵਿੱਚੋ ਕੋਈ ਬਾਕੀ
ਬਰਬਾਦੀ ਦੀ ਕਸਰ ਨਹੀ ਰਹੀ ਤੂੰ ਸਰਦਾਰ ਦੇ ਬੁਢਾਪੇ ਵੱਲੀ ਦੇਖਕੇ ਮੇਰੇ ਮੂੰਹ ਨੂੰ ਗੁਰੂ ਦੇ ਵਾਸਤੇ ਬੇ
ਹ ਪ੍ਰਗਣਾ ਤੇ ਕਿਲਾ ਤਾਂ ਸਾਡੇ ਪਾਸ ਰਹਿਣ ਦੇਹ।। —— ।।ਮਹਾਂਰਾਜੇ ਨੇ ਆਪਣੀ

Digitized by Panjab Digital Library | www.panjabdigilib.org

੩੯੦ ਢੂੰਢੀ ਦੇ ਲਿਹਾਜ ਨੂੰ ਓਥੋਂ ਹਟ ਕੇ ਖੁਸ਼ਾਬ ਵੱਨੀ ਬਾਗ ਫੇਰੀ ਕੱਛੀ ਦੇ ਕਿਲੇਦਾਰ ਫਤੇ ਖਾਂ
ਤੋਂ ਸਜੀਗਾ ਕਿਲਾ ਛੁਡਾ ਕਰ ਉਸ ਨੂੰ ਤਾਂ ਕੈਦ ਕਰ ਕੇ ਮਹਾਰਾਜੇ ਨੇ ਕਾਂਗੜੇ ਦੇ ਕਿਲੇ ਵਿੱਚ
ਭੇਜ ਦਿੱਤਾ ਕਿਲਾ ਤੇ ਦੇਸ ਉਸ ਦਾ ਆਪ ਸਾਂਭ ਲੀਤਾ।— ।।ਉਸੇ ਥਾਂ ਸਰਕਾਰ ਨੇ ਅਤ੍ਰ
ਸਿੰਘ ਧਾਰੀ ਨੂੰ ਫੌਜ ਸਮੇਤ ਭੇਜ ਕੇ ਕਿਲਾ ਸਾਹੀਵਾਲ ਤੇ ਖੁਸ਼ਾਬ ਬੀ ਫਤੇ ਕਰ ਲਏ

ਸ਼ਾਹ ਸੁਜਾ ਦੀ ਮੁਲਾਕਾਤ

।।— ।।ਅਜੇ ਮਹਾਰਾਜ ਖੁਸ਼ਾਬ ਹੀ ਥੇ ਕਾਬਲ ਤੇ ਸ਼ਾਹ ਸੁਜਾ ਬਾਦਸ਼ਾਹ ਜੋ ਜ਼ਮਾਨ
ਸ਼ਾਹ ਦੇ ਪਿੱਛੋਂ ਤਖਤ ਬੈਠਾ ਸੀ ਵਜ਼ੀਰਾਂ ਤੋਂ ਹਾਰ ਕੇ ਮਹਾਰਾਜੇ ਨੂੰ ਆ ਮਿਲਿਆ। ਮਹਾਰਾ
ਜੇ ਨੇ ਉਸ ਦਾ ਬਹੁਤ ਆਦਰ ਕੀਤਾ। ੧੨੦੦) ਰੁਪਯਾ ਮਿਜਮਾਨੀ ਦਿੱਤਾ। ਓਥੋਂ ਓਹ
ਰਾਵਲਪਿੰਡੀ ਆਪਣੇ ਭਾਈ ਜਮਾਨ ਸ਼ਾਹ ਨੂੰ ਮਿਲ ਕੇ ਫੇਰ ਅਟਕ ਦੇ ਕਿਨਾਰੇ ਚਲਾ ਗਿ
ਆ ਓਥੋਂ ਦੇ ਪਹਾੜੀ ਲੋਕਾਂ ਨੂੰ ਕੱਠੇ ਕਰ ਕੇ ਸ਼ਾਹ ਮਹੀਮਦ ਖਾਂ ਸੂਬੇ ਤੋਂ ਪਸੌਰ ਜਾ ਛੁਡਾ
ਈ ਪਰ ਛੀ ਮਹੀਨੇ ਬੀ ਨਾ ਪਏ ਫਤੇ ਖਾਂ ਵਜ਼ੀਰ ਦੇ ਭਾਈ ਮਹੰਮਦ ਅਜੀਮ ਖਾਂ ਨੇ ਕਾ
ਬਲ ਤੋਂ ਆ ਕੇ ਸ਼ਾਹ ਸੁਜਾ ਨੂੰ ਮਾਰ ਕਰ ਫੇਰ ਅਟਕੋਂ ਪਾਰ ਉਤਾਰ ਦਿੱਤਾ।—
ਹੁਣ ਭਿੰਬਰ ਵਾਲੇ ਸੁਲਤਾਨ ਖਾਂ ਨੂੰ ਅਧੀਨ ਕਰਨ ਲਈ ਮਹਾਰਾਜੇ ਨੇ ਫਕੀਰ ਨੂੰ ਭੇ
ਜ ਕਰ ਆਪ ਤਿਲਾਗੋਗ ਦੇ ਕਿਲੇ ਨੂੰ ਜਾ ਘੇਰਿਆ ਓਹ ਕਿਲਾ ਬਹੁਤ ਉੱਚਾ ਤੇ ਠਾਡ੍ਰਾ ਸੀ
ਓਥੋਂ ਦੇ ਪਠਾਣ ਆਕੀ ਹੋ ਬੈਠੇ। ਸਰਕਾਰ ਨੇ ਸੈਦ ਸ਼ਾਹ ਦੇ ਚੋਏ ਦਾ ਪਾਣੀ ਜੇੜ੍ਹਾ ਸ਼ਹਿਰ
ਤੇ ਕਿਲੇ ਵਿੱਚ ਜਾਂਦਾ ਸੀ ਬੰਦ ਕਰ ਅੰਨ ਘਾਸ ਬੀ ਅੰਦਰ ਜਾਣੋ ਰੋਕ ਲਿਆ ਪਠਾਣਾਂ ਨੇ
ਅੱਠ ਦਿਨ ਬੀ ਨਾ ਕੱਟੇ ਭੁੱਖੇ ਤ੍ਰਿਹਾਏ ਮਰਦੇ ਸਰਕਾਰ ਦੇ ਪੈਰੀਂ ਆ ਪਏ ਚਾਰ ਹਜਾਰ (੪੦੦੦) ਰੁ
ਪਯਾ ਚੱਟੀ ਲੈ ਕੇ ਛੱਡੇ। ਓਥੋਂ ਭਿੰਬਰ ਵਾਲੇ ਨੂੰ ਈਨ ਮਨਾ ਕੇ ਤੇ ਪਲਵਲ ਦਾ ਕਿਲਾ ਗੁ
ਲਾਬ ਸਿੰਘ ਤੋਂ ਛੁਡਾ ਕਰ ਅਜੀਜੁੱਦੀਨ ਬੀ ਆ ਗਿਆ।—

ਸ਼ਾਹ ਜਮਾਂ ਦੀ ਮੁਲਾਕਾਤ।

ਉਸ ਦੇਸ ਦੇ ਰਈਸਾਂ ਨੂੰ ਫਤੇ ਕਰ ਕੇ ਮਹਾਰਾਜ ਰਾਵਲਪਿੰਡੀ ਵੱਨੀ ਆਏ ਤਾਂ ਜ਼ਮਾਨ
ਸ਼ਾਹ ਅੰਧਾ ਆ ਮਿਲਿਆ ਉਸ ਨੂੰ ਅੰਨ੍ਹਾ ਹੋਯਾ ਦੇਖ ਕੇ ਮਹਾਰਾਜੇ ਨੇ ਬਹੁਤ ਤਰਸ ਖਾ
ਧਾ ਤੇ ਹਾਹੁਕਾ ਲੀਤਾ ਉਸ ਨੂੰ ਗੁਜ਼ਾਰੇ ਵਾਸਤੇ ਸੱਠ ਹਜਾਰ ਦਾ ਪਰਗਣਾ ਭੇਰਾ ਦੇ ਕੇ
ਸਰਕਾਰ ਲਾਹੌਰ ਵੱਨੀ ਚੱਲੇ ਆਏ।—
ਖਬਰ ਆਈ ਕਿ ਬੁੱਧ ਸਿੰਘ ਫੈਜੁੱਲਾਪੁਰੀਆ ਜਲੰਧਰ ਵਾਲਾ ਖਿਰਾਜ ਨਹੀਂ ਦਿੰਦ
ਹੁਕਮ ਹੋਯਾ ਕਿ ਦੀਵਾਨ ਮੁਹਕਮ ਚੰਦ ਤੇ ਸਰਦਾਰ ਫਤੇ ਸਿੰਘ ਆਹਲੂਵਾਲੀਆ ਔਰ
ਜੋਧ ਸਿੰਘ ਰਾਮਗੜ੍ਹੀਆ ਜਾ ਕੇ ਉਸ ਨੂੰ ਜਲੰਧਰੋਂ ਕੱਢ ਕਰ ਉਸ ਦਾ ਮਾਲ ਮੁਲਕ

Digitized by Panjab Digital Library | www.panjabdigilib.org

ਜਬਤ ਕਰ ਲੈਣਾ। ਉਨਾਂ ਨੇ ਤੁਰਤ ਜਲੰਧਰ ਜਾ ਘੇਰੀ ਬੁੱਧ ਸਿੰਘ ਬੜੀ ਜੋਗੀਲ਼ ੨੬੩
ਝਾਈ ਕਰ ਨੱਠ ਕੇ ਸਤਲੁਜੋਂ ਪਾਰ ਅਪਣੇ ਓਧਰ ਦੇ ਇਲਾਕੇ ਵਿੱਚ ਚਲਾ ਗਿਆ ਮੁਲ
ਕ ਓਸ ਦਾ ਮੁਹਕਮ ਚੰਦ ਨੇ ਜਲੰਧਰ ਹੈਬਤਪੁਰ ਪੱਟੀ ਪੁਰਾਣੇ ਕਿਲੇ ਓਸਦੇ ਜਬਤ
ਕਰਕੇ ਸਰਕਾਰੀ ਇਲਾਕੇ ਵਿੱਚ ਮਿਲਾ ਲੀਤੇ ਤੇ ਖਜਾਨਾ ਅਸਬਾਬ ਲਾਹੌਰ ਪੁਚਾ
ਦਿੱਤਾ ਜੋ ਕਈ ਲਾਖ ਦਾ ਸੀ।—— ।।ਮਹਾਰਾਜੇ ਨੇ ਓਸ ਟਹਿਲ ਬਦਲੇ ਮੁਹਕਮ
ਚੰਦ ਨੂੰ ਤਲਵਾੜੇ ਦਾ ਪਰਗਣਾ ਜਾਗੀਰ ਤੇ ਇੱਕ ਹਾਥੀ ਸੁਇਨੇ ਦੇ ਹੌਦੇ ਵਾਲਾ ਕੀਮਤੀ
ਖਿਲਤ ਬਖਸਿਆ।——
ਸੰ:੧੮੬੭ਬਿ: ਦੇ ਮਾਘ ਵਿੱਚ ਸਾਹਜਾਦੇ ਖੜਗ ਸਿੰਘ ਦਾ ਬਿਆਹ ਜੈਮੱਲ ਸਿੰਘ ਘਨੱ — ਸਾਹਜਾਦੇ ਖੜਗ ਸਿੰਘ ਦਾ ਬਿਆਹ।
ਈਏ ਦੀ ਬੇਟੀ ਚੰਦ ਕੌਰ ਨਾਲ ਫਤੇਗੜ੍ਹ ਵਿੱਚ ਬੜੀ ਧੂਮ ਧਾਮ ਦਾ ਤੀਹ ਲੱਖ ਰੁਪਿਆ ਖਰਚ
ਕੇ ਕੀਤਾ ਤਿੰਨ ਲੱਖ ਤੰਬੋਲ ਆਯਾ ਇਸ ਬਿਆਹ ਵਿੱਚ ਸਾਰੀ ਪੰਜਾਬ ਦੇ ਸਰਦਾਰ ਤੇ ਲਾ
ਰਡ ਅਕਟਰਲੂਨੀ ਸਾਹਿਬ ਬੀ ਸੇ। ਲਾਰਡ ਸਾਹਿਬ ਨੂੰ ਸਰਕਾਰ ਨੇ ਹੋਲੀਆਂ ਖਿਡਾਕੇ
ਬਿਦਾ ਕੀਤਾ।——
ਸੰ:੧੮੦੮ਬਿ: ਮੇਂ ਮਹਾਰਾਜੇ ਨੇ ਚੌਥੀ ਵਾਰੀ ਮੁਲਤਾਨ ਉੱਤੇ ਫੇਰ ਚੜ੍ਹਾਈ ਕੀਤੀ ਮੁਜੱਫ਼ — ਮੁਲਤਾਨ ਉੱਤੇ ਚੌਥੀ ਚੜ੍ਹਾਈ
ਖਾਂ ਸੂਬਾ ਓਥੋਂ ਦਾ ਬਹੁਤ ਦਿਨ ਲੜਿਆ ਦੋਨੋਂ ਤਰਫੋਂ ਰਾਤ ਦਿਨੇ ਪੰਦ੍ਰਾਂ ਦਿਨ ਤੋਪਾਂ ਦੀ ਅੱਗ
ਬਰਸਦੀ ਰਹੀ ਮਹਾਰਾਜੇ ਦੇ ਕਈ ਸਰਦਾਰ ਅਤੇ ਸਿੰਘ ਧਾਰੀ ਆਦਿਕ ਮਾਰੇ ਗਏ। ਨਿ
ਹਾਲ ਸਿੰਘ ਅਟਾਰੀ ਵਾਲਾ ਹਰੀ ਸਿੰਘ ਨਲੂਆ ਜਖਮੀ ਹੋਏ ਹੋਰ ਬਹੁਤ ਆਦਮੀ
ਆਂ ਦਾ ਨੁਕਸਾਨ ਹੋਯਾ ਮੁਜੱਫਰ ਖਾਂ ਦੀ ਫੌਜ ਬੀ ਜਾਨ ਤੋੜ ਕੇ ਲੜਦੀ ਰਹੀ। ਮਹਾਰਾ
ਜੇ ਨੇ ਕਈ ਵਾਰੀ ਗੁੱਸੇ ਹੋਕੇ ਸਿੰਘਾਂ ਦਾ ਹੱਲਾ ਕਰਾਯਾ ਤੋਪਾਂ ਦੀ ਬਾੜ੍ਹ ਝਾੜੀ ਤੇ ਭੰਗੀ
ਆਂ ਵਾਲੀ ਤੋਪ ਬੀ ਡਾਹੀ ਪਰ ਕਿਲੇ ਦਾ ਕੁਛ ਨ ਖੁੱਸਿਆ।— ਮੁਜੱਫ਼ਰ ਖਾਂ ਨੇ ਖਲਕਤ ਨੂੰ
ਕਲੇਸ ਹੁੰਦਾ ਦੇਖਕੇ ਅਪਣੇ ਵਕੀਲ ਸਰਕਾਰ ਪਾਸ ਭੇਜ ਕੇ ਆਖਿਆ ਜਦੋਂ ਤਕ ਮੈਂ
ਖਿਰਾਜ ਨ ਭੇਜਾਂ ਤਦੋਂ ਤਕ ਮੇਰੇ ਕਿਸੇ ਸਬੰਧੀ ਨੂੰ ਗਹਿਣੇ ਰੱਖ ਲਓ ਪਰ ਖਲਕਤ
ਨੂੰ ਕਸਟ ਨ ਦੇਓ। ਮਹਾਰਾਜ ਤਾਂ ਅੱਗੇ ਹੀ ਅੱਕੇ ਬੈਠੇ ਸੇ ਤੁਰਤ ਮੰਨ ਗਏ।— ਓਸ
ਦੇ ਸਾਲ੍ਹੇ ਅਬੂ ਬਕਰ ਨੂੰ ਜਾਬ ਲੈਕੇ ਲਾਹੌਰ ਵੱਲ ਮੁੜ ਆਏ।— ।।ਏਸੇ ਸਾਲ ਸ
ਰਕਾਰ ਨੇ ਅੰਗ੍ਰੇਜੀ ਸਪਾਹੀ ਪੂਰਬੀਏ ਨੌਕਰ ਰੱਖਕੇ ਕੁਵਾਇਦ ਅੰਗ੍ਰੇਜੀ ਅਪਣੀ ਫੌਜ
ਨੂੰ ਸਿਖਾਉਣੀ ਸੁਰੂ ਕੀਤੀ।—— ।।ਚਾਰ ਮਹੀਨੇ ਗੁਜਰੇ ਜਾਂ ਫੇਰ ਬੀ ਮੁਲਤਾਨ ਨੋਂ ਤੋਂ

Digitized by Panjab Digital Library | www.panjabdigilib.org

੩੬੯ ਖਿਰਾਜ ਨਾਂ ਆਯਾ ਤਾਂ ਸਰਕਾਰ ਨੇ ਚਾਰ ਪਲਟਣਾਂ, ਤੋਪਖਾਨਾ ਦੇ ਕੇ ਸਰਦਾਰ ਦਲਸਿੰਘ ਨੂੰ ਉਧਰ ਤੋਰ ਕੇ ਹੁਕਮ ਦਿੱਤਾ ਕੇ ਪਹਿਲੇ ਇਲਾਕੇ ਅੱਠ ਣੂਵਾਨੇ ਨੂੰ ਤੇ ਉੱਚ ਨੂੰ ਫਤੇ ਕਰਕੇ ਆਪਣੇ ਕਬਜ਼ੇ ਕਰਣਾ, ਫੇਰ ਮੁਲਤਾਨ ਦੇ ਨਵਾਬ ਤੋਂ ਪੰਜਾਹ ਹਜ਼ਾਰ (੫੦੦੦੦) ਰੁਪਯਾ ਲੈ ਕੇ ਅਬੂਬਕਰ ਖਾਂ ਨੂੰ ਛੁੱਡਣਾ। ਸਰਦਾਰ ਦਲਸਿੰਘ ਨੇ ਏਹੋ ਕੰਮ ਕੀਤਾ। ਇਲਾਕੇ ਅੱਠ ਣੂਵਾਨੇ ਤੇ ਉੱਚ ਨੂੰ ਫਤੇ ਕਰ, ਮੁਲਤਾਨ ਜਾ ਪਹੁੰਚਿਆ ਤਾਂ ਨਵਾਬ ਨੇ ਰੁਪਯਾ ਦੇ ਕੇ ਅਬੂਬਕਰ ਖਾਂ ਨੂੰ ਛੁਡਾ ਲੀਤਾ। ਉਥੋਂ ਮੁੜ ਕੇ ਕੋਟ ਕਮਾਲੀਏ ਨੂੰ ਫਤੇ ਕਰ, ਬਹੁਤ ਰੁਪਯਾ ਲੈ ਕੇ ਲਾਹੌਰ ਆਯਾ ਤਾਂ ਮਹਾਰਾਜੇ ਨੇ ਉਸ ਨੂੰ ਜਾਗੀਰ ਬਖਸ਼ੀ। — ਉਧਰ ਮੁਹਕਮਚੰਦ ਨੇ ਮਹਾਰਾਜੇ ਦੇ ਹੁਕਮ ਨਾਲ ਸ਼ੁਜਾਹਾਬਾਦ ਜਾ ਕੇ ਉਥੋਂ ਦੇ ਕਿਲੇ ਉੱਤੇ ਚੇਤ ਦੇ ਮਹੀਨੇ ਕਈ ਹੱਲੇ ਕੀਤੇ ਪਰ ਫਤੇ ਨਾ ਹੋਯਾ, ਹਾਰ ਕੇ ਮੁੜ ਆਯਾ।

ਨੱਕੇ ਤੇ ਵਜ਼ੀਰਾਬਾਦ ਦੇ ਇਲਾਕੇ ਲੈਣੇ

ਏਸੇ ਸਾਲ ਵਜ਼ੀਰਾਬਾਦੀਏ ਜੋਧਸਿੰਘ ਦੇ ਬੇਟੇ ਗੰਡਾਸਿੰਘ ਤੇ ਅਮੀਰਸਿੰਘ ਨੂੰ ਦਸ ਹਜ਼ਾਰ ਦਾ ਇਲਾਕਾ ਜਾਗੀਰ ਵਿੱਚ ਛਡ ਕੇ ਹੋਰ ਸਭ ਜ਼ਬਤ ਕਰ ਲਿਆ। ਏਸੇ ਤਰਾਂ ਨਕਈ ਸਰਦਾਰਾਂ ਨਾਲ ਕੀਤੀ, ਥੋੜੀ ੨ ਜਾਗੀਰ ਉਨ੍ਹਾਂ ਪਾਸ ਛਡ ਕੇ ਬਾਕੀ ਸਭ ਮੁਲਕ ਉਨ੍ਹਾਂ ਦਾ ਸ਼ਾਹਜ਼ਾਦੇ ਖੜਗਸਿੰਘ ਨੂੰ ਜਾਗੀਰ ਵਿਚ ਦੇ ਦਿੱਤਾ। ਇਕ ਕਾਂਨ੍ਹਸਿੰਘ ਪਾਸ ਹੀ ਬਹਿੜਵਾਲ ਦਾ ਪਰਗਣਾ ਰਿਹਾ।

ਪਹਾੜੀ ਰਾਜਿਆਂ ਤੇ ਖਿਰਾਜ ਲੈਣਾ

ਓਵੇਂ ਹੀ ਮਹਾਰਾਜੇ ਨੇ ਦੀਵਾਨ ਭਵਾਨੀਦਾਸ ਤੇ ਮੀਏਂ ਮੋਟੇ ਨੂੰ ਜੋ ਇੱਕ ਬਹਾਦਰ ਡੋਗਰਾ ਸੀ ਚਾਰ ਪਲਟਨਾਂ ਦੇ ਤੋਪਖਾਨੇ ਦੇ ਕੇ ਪਹਾੜੀ ਰਾਜਿਆਂ ਤੋਂ ਕਰ ਲੈਣੇ ਭੇਜਿਆ। ਮੰਡੀ ਤੋਂ ੫੦ ਹਜ਼ਾਰ, ਕੁੱਲੂ ਤੋਂ ੭੦ ਹਜ਼ਾਰ, ਸੁਕੇਤ ਤੋਂ ੭ ਹਜ਼ਾਰ, ਏਸੇ ਤਰਾਂ ਹੋਰ ਸਭਨਾਂ ਰਾਜਿਆਂ ਤੋਂ ਕਰ ਲੈ ਕੇ ਸਰਦਾਰ ਦਯਾਸਿੰਘ ਤੇ ਗੁਰਬਖਸ਼ਸਿੰਘ ਤੋਂ ਕਿਲਾ ਫੀਰੋਜ਼ਵਾਲਾ, ਤੇ ਮਹੀਉਲਦੀਨਪੁਰ ਛੁਡਾ ਕੇ ਲਾਹੌਰ ਨੂੰ ਆਂਵਦਿਆਂ ਹੋਯਾ, ਸਰਕਾਰ ਦੇ ਹੁਕਮ ਨਾਲ, ਨਿਧਾਨਸਿੰਘ ਹਠੂ, ਜੈਸਿੰਘ ਘਨੱਯੇ ਦੇ ਬੇਟੇ ਨੂੰ ਦੇਸ ਦੇ ਕੇ ਜਾ ਪਹੁੰਚਿਆ ਕੇ ਮੁਲਤਾਨ ਦੀ ਮੁਹਿੰਮ ਵਿੱਚ ਸਰਕਾਰ ਦੀ ਮਦਦ ਕਿਓਂ ਨਹੀਂ ਕੀਤੀ।

੧ ਏਹ ਓਹ ਉੱਚ ਨਹੀਂ ਜਿਸ ਦਾ ਹਾਲ ਸ਼ੰਗਾਰ ਦੇ ਬ੍ਰਿਤਾਂਤ ਵਿਚ ਹੋ ਚੁਕਾ ਹੈ। ਏਹ ਉਚ ਬਹਾਵਲਪੁਰ ਦੇ ਰਾਜ ਵਿੱਚ ਹੈ ਏਥੇ ਸੱਯਦ ਬੁਖਾਰੀ ਗਿਲਾਨੀ ਬਸਦੇ ਹਨ ਏਹ ਲੋਗ ਉਥੋਂ ਦੇ ਰਾਜੇ ਸਨ ਆਪਣੇ ਇਲਾਕੇ ਵਿਚ ਏਨਾਂ ਨੇ ਕੋਈ ਹਿੰਦੂ ਨਹੀਂ ਛੱਡਿਆ ਸੀ।

ਈ ਇਕ ਮਹੀਨਾਂ ਤਾਂ ਉਹ ਲੜਿਆ ਓੜਕ ਉਸਨੂੰ ਜਿੱਤਕੇ ਕੈਦ ਕਰ, ਉਸ ਦਾ ਸਬ ਇਲਾ ੩੬੯
ਕਾ ਹਾਜੀਪੁਰ ਆਦਿਕ ਜ਼ਬਤ ਕਰ ਲਿਆ। —— ਏਹੋ ਸਲੂਕ ਦੁਆਬੇ ਦ
ਨਾਬ ਵਿਚ ਸਰਦਾਰ ਬੁਧਸਿੰਘ ਹੱਲੋਵਾਲੀਏ ਨਾਲ ਕੀਤਾ, ਉਸਨੂੰ ਕੈਦ ਕਰ ਉਸ
ਦਾ ਮੁਲਕ ਜ਼ਬਤ ਕਰ ਲਿਆ, ਛੇਕੜ ਨੂੰ ਇਕ ਮਹੀਨੇ ਪਿੱਛੋਂ ਉਸ ਦੀ ਮਾਈ ਦੇ ਅ
ਨਤ ਮਾਦਰ ਕਰਨੇ ਪਰ ਮਹਾਰਾਜੇ ਨੇ ਬਿਜਵਾੜ ਵਿਚ ਇਕ ਲੱਖ ਦੀ ਜਾਗੀਰ ਉ
ਸ ਨੂੰ ਦੇਕੇ ਛਡ ਦਿਤਾ, ਤਰੇਂਗੀ ਬੇਦੀ ਜਮੀਤਾਸਿੰਘ ਤੇ ਮੋਲਕਰਾਜ ਦੀ ਸਫਾਰਸ਼
ਨਾਲ ਨਿਧਾਨਸਿੰਘ ਹਠੂ ਨੂੰ ਛਡਕੇ ਬਹੁਤ ਥੋੜਾ ਗੁਜ਼ਾਰਾ ਦੇਣ ਲੱਗੇ ਤਾਂ ਉਹ
ਕਸ਼ਮੀਰ ਦੇ ਸੂਬੇ ਫਤੇਖਾਂ ਪਾਸ ਜਾ ਰਿਹਾ।

ਏਸੇ ਸਾਲ ਵਿਚ ਭਿੰਬਰ ਵਾਲੇ ਸੁਲਤਾਨਖਾਂ ਨੇ ਆਪਣੇ ਭਾਈ ਇਸਮਾਈਲ ਭਿੰਬਰ ਦੀ ਚੜ੍ਹਾਈ
ਖਾਂ ਦਾ ਇਲਾਕਾ ਜੋਰੋ ਜੋਰੀ ਖੋਹ ਲੀਤਾ। ਉਸਨੇ ਮਹਾਰਾਜ ਦੇ ਪੈਰ ਆ ਫੜੇ ਤਾਂ
ਮਹਾਰਾਜੇ ਨੇ ਮੁਹਕਮਚੰਦ ਨੂੰ ਸ਼ਾਹਜ਼ਾਦੇ ਖੜਗਸਿੰਘ ਨਾਲ ਚਾਰ ਪਲਟਨਾਂ,
ਪੰਜ ਸੌ ਅਸਵਾਰ, ਇਕ ਤੋਪਖਾਨਾ ਦੇ ਕੇ ਭਿੰਬਰ ਪਰ ਚੜ੍ਹਾ ਭੇਜਿਆ। ਦੋ ਦਿਨ ਤੋ
ਪਾਂ ਦੇ ਗੋਲੇ ਬਰਸੇ, ਤੀਜੇ ਦਿਨ ਭਿੰਬਰ ਦੀ ਫੌਜ ਤਲਵਾਰਾਂ ਸੂਤ ਕੇ ਆ ਪਈ ਭਾ
ਰੀ ਘਮਸਾਨ ਪਾਯਾ ਸਿੰਘਾਂ ਦੇ ਪੈਰ ਉਖੇੜ ਸਿੱਟੇ, ਸੱਤ ਕੋਹ ਭਜਾਈ ਆਏ, ਪੰਜਵੇਂ
ਦਿਨ ਫੇਰ ਸਿੰਘ ਕਰੀਚੀ ਫੜਕੇ ਜਾ ਪਏ, ਪਠਾਣੀਆਂ ਦੇ ਤੂੰਬੇ ਉਡਾ ਛੱਡੇ, ਸੁਲਤਾ
ਨਖਾਂ ਕਿਲੇ ਵਿਚ ਘਿਰ ਗਿਆ, ਬਾਹਰਲਾ ਦੇਸ ਸਾਰਾ ਸਿੰਘਾਂ ਨੇ ਲੁਟ ਪੁਟ ਲੀਤਾ
ਛੇਕੜ ਦੇਸ ਦੀ ਦੁਰਦਸ਼ਾ ਹੁੰਦੀ ਸੁਣਕੇ ਉਸਨੇ ੪੦ ਹਜ਼ਾਰ ਰੁਪਯਾ ਸਾਲਾਨਾ
ਦੇਣਾ ਕਰਕੇ ਜਾਨ ਬਚਾਈ। ਅਤੇ ਇਸਮਾਈਲਖਾਂ ਦਾ ਇਲਾਕਾ ਮੋੜ ਦਿਤਾ
ਸੰਮਤ ੧੮੬੯ ਬਿ: ਵਿੱਚ ਖਬਰ ਆਈ ਕੇ ਮਹਮੂਦ ਸ਼ਾਹ ਪੰਦ੍ਰਾਂ ੧੫ ਵੀਹ ੨੦
ਹਜ਼ਾਰ ਅਸਵਾਰ ਲੈਕੇ ਕਾਬਲੋਂ ਚੜ੍ਹ ਆਯਾ ਹੈ। ਮਹਾਰਾਜੇ ਨੇ ਵਕੀਲ ਭੇਜਕੇ
ਪੰਜਾਬ ਵਿਚ ਆਉਣ ਦਾ ਸਬਬ ਪੁਛਿਆ ਤਾਂ ਉਸਨੇ ਆਖਿਆ ਅਟਕ ਦੇ ਆਰਪਾਰ ਬਾਦਸ਼ਾਹ ਕਾਬਲ ਦੀ ਮੁਲਾਕਾਤ
ਵਾਲੇ ਜਿਨ੍ਹਾਂ ਜਿਨ੍ਹਾਂ ਲੋਕਾਂ ਨੇ ਸ਼ਾਹਸੁਜਾ ਨੂੰ ਮਦਦ ਦਿੱਤੀ ਸੀ, ਮੈਂ ਉਨ੍ਹਾਂ ਨੂੰ ਸਜ਼ਾ ਦੇ
ਣ ਆਯਾ ਹਾਂ, ਤੁਸਾਂਨੂੰ ਕੁਛ ਨਹੀਂ ਆਖਦਾ। ਤੌ ਬੀ ਮਹਾਰਾਜ ਉਧਰ ਨੂੰ ਕੂਚ ਕਰਕੇ
ਪਿੰਡਦਾਦਨਖਾਂ ਦੇ ਪਾਸ, ਨਿਮਕ ਦਾ ਖਾਣਾ ਦੇਖਦੇ ਹੋਏ, ਰਾਵਲਪਿੰਡੀ ਮਹਮੂਦ
ਸ਼ਾਹ ਨੂੰ ਜਾ ਮਿਲੇ। ਦੋਹਾਂ ਪਾਸਿਆਂ ਤੋਂ ਤੋਹਫੇ ਦਿੱਤੇ ਲਿਤੇ, ਦੋਸਤੀ ਰੱਖਣੇ ਦੀ ਲਿਖਤ

Digitized by Panjab Digital Library | www.panjabdigilib.org

੭੦ ਪਾਕੇ ਮਹਾਰਾਜ ਤਾਂ ਲਾਹੌਰ ਆ ਗਏ ਤੇ ਓਹ ਪਸ਼ਾਵਰ ਦੇ ਹਾਕਮਾਂ ਨੂੰ ਸਜ਼ਾ ਦੇਕੇ ਕਾਬਲ ਨੂੰ ਚਲਿਆ ਗਿਆ। —— ਏਸੇ ਸਾਲ ਮੁਹਕਮਚੰਦ ਗੁਜਰਾਤੋਂ ਉਤ੍ਰ ਦਿਸ਼ਾ ਦੇ ਪਹਾੜੀ ਰਾਜਪੂਤਾਂ ਤੋਂ ਚਾਲੀ ਹਜ਼ਾਰ ਰੁਪਯਾ ਖਿਰਾਜ ਲੈਕੇ ਆਯਾ ਤੇ ਦੇਸਾ ਸਿੰਘ ਮਜੀਠੀਏ ਨੇ ਕਿਲਾ ਕਟਲੋਰ ਦਾ (ਜੋ ਕਦੇ ਕਿਸੇ ਤੋਂ ਫਤੇ ਨਹੀਂ ਹੋਯਾ ਸੀ)

ਕਿਲੇ ਕਟਲੋਰ ਦੀ ਫਤੇ ਪਾਈ

ਸਰਕਾਰ ਦੇ ਹੁਕਮ ਅਨੁਸਾਰ, ਗੁਲੇਰ ਦੇ ਵਜ਼ੀਰ ਧਯਾਨ ਸਿੰਘ ਸੂਰਬੀਰ ਤੇ ਅੱਠਾਂ ਦਿਨਾਂ ਵਿੱਚ ਬੜੀ ਕੋਸ਼ਿਸ਼ ਨਾਲ ਫਤੇ ਕਰ ਲੀਤਾ, ਜਿਸ ਬਦਲੇ ਸਤਹਜ਼ਾਰ ਦੀ ਜਾਗੀਰ ਉਸ ਨੂੰ ਮਹਾਰਾਜ ਨੇ ਤ੍ਰੈਲੋਕਨਾਥ ਵਿਚ ਦਿੱਤੀ ਜੋ ਹੁਣ ਏਸੇ ਦੀ ਸੰਤਾਨ ਪਾਸ ਰਹੀ, ਬਲਕੇ ਉਸੇ ਜਾਗੀਰ ਵਿਚ ਉਥੇ ੩੨ ਗੀਤਸਾਹਿਬ ਖੁਲਦੇ ਹਨ ਜਿਨ੍ਹਾਂ ਦਾ ਭੋਗ ਹਰ ਮਹੀਨੇ ਸਰਦਾਰ ਦਯਾਲ ਸਿੰਘ (ਪੋਤ੍ਰਾ ਸਰਦਾਰ ਦੇਸਾ ਸਿੰਘ ਦਾ) ਹੁਣ ਭੀ ਪਵਾਉਂਦਾ ਹੈ। —— ਏਸੇ ਸਾਲ ਜਦ ਜਮਾਦਾਰ ਨੂੰ ਸਰਕਾਰ ਨੇ ਡੇਉਢੀ ਬਖਸ਼ੀ ਤਾਂ ਖਬਰ ਆਈ ਕੇ ਭਿੰਬਰ ਵਾਲੇ ਸੁਲਤਾਨਖਾਂ ਨੇ ਆਪਣੇ ਭਾਈ ਇਸਮਾਈਲਖਾਂ ਨੂੰ ਕਤਲ ਕਰਕੇ ਉਸਦਾ ਇਲਾਕਾ ਫੇਰ ਦੱਬ ਲੀਤਾ। ਫੇਰ ਮਹਾਰਾਜੇ ਨੇ ਭਾਈ ਰਾਮ ਸਿੰਘ ਨੂੰ ਚਾਰ ਪਲਟਣਾ ਦੇਕੇ ਅਤੇ ਦੋ ਸੌ ਅਸਵਾਰ ਤੇ ਇਕ ਤੋਪਖਾਨਾ ਦੇਕੇ ਸ਼ਾਹਜ਼ਾਦੇ ਖੜਗ ਸਿੰਘ ਦੀ ਕਮਾਨ ਹੇਠ ਤੋਰਿਆ। ਜਦ ਫੌਜ ਭਿੰਬਰ ਪਹੁੰਚੇ ਤਾਂ ਸੁਲਤਾਨਖਾਂ ਐਸਾ ਜ਼ੋਰ ਦੇਕੇ ਲੜਿਆ ਜੋ ਕਈ ਵਾਰੀ ਸਿੰਘਾਂ ਦੇ ਛੱਕੇ ਛੁਟੇ ਫੇਰ ਮੁਹਕਮਚੰਦ ਭੀ ਗੁਜਰਾਤ ਵਾਲੀ ਫੌਜ, ਤਿੰਨ ਪਲਟਨਾਂ ਲੈਕੇ ਜਾ ਪਹੁੰਚਿਆ ਏਸਦੀ ਚਾਲ ਨਾਂ ਚੱਲਕੇ ਸੁਲਤਾਨਖਾਂ ਨੇ ਤਾਬੇਦਾਰੀ ਮੰਨ ਲਈ। ਮੁਹਕਮਚੰਦ ਉਸਨੂੰ ਏਸ ਵਾਇਦੇ ਪਰ ਲਾਹੌਰ ਲੈ ਆਯਾ ਕੇ ਤੈਨੂੰ ਮਹਾਰਾਜੇ ਤੋਂ ਬਖਸ਼ਾ ਦੇਵਾਂਗਾ ਭਲਾ ਮਹਾਰਾਜ ਤੱਛਕ ਨਾਗ ਕਿਸਦੇ ਮੰਤ੍ਰ ਹੇਠ ਆਉਂਦੇ ਸੇ, ਦੀਵਾਨ ਦੀ ਇੱਕ ਨਾ ਮੰਨੀ ਅਤੇ ਸੁਲਤਾਨਖਾਂ ਨੂੰ ਕੈਦ ਕਰਕੇ ਉਸਦੇ ਇਲਾਕੇ ਉਤੇ ਕਬਜ਼ਾ ਕਰ ਲਿਆ ਏਸੇ ਵਾਰੀ ਭਿੰਬਰ ਤੋਂ ਆਉਂਦੇ ਹੋਏ ਕੋਟਜੀ, ਅਖਨੂਰ ਤੇ ਰਜੌਰੀ ਦੇ ਰਈਸਾਂ ਨੂੰ ਫੜ ਲਿਆਏ ਸੇ, ਉਹ ਭੀ ਕੈਦ ਕਰ ਲਏ ਤੇ ਉਨ੍ਹਾਂ ਦੇ ਪਰਗਣੇ ਸਰਕਾਰ ਨੇ ਕੌਰ ਖੜਗਸਿੰਘਜੀ ਨੂੰ ਜਾਗੀਰ ਵਿਚ ਦੇ ਦਿੱਤੇ। —— ੨੧ ਕਤਕ ਸੰ: ੧੮੬੯ ਬਿ: ਨੂੰ

ਰਿਆਸਤ ਭਿੰਬਰ ਦੀ ਜ਼ਬਤੀ

ਸਰਦਾਰ ਜੈਮਲ ਸਿੰਘ ਕਨ੍ਹੱਯਾ (ਸ਼ਾਹਜ਼ਾਦੇ ਖੜਗ ਸਿੰਘ ਦਾ ਸਹੁਰਾ) ਗੁਜ਼ਰ ਗਿਆ ਤਦ ਮੁਕਾਣ ਦੇਣ ਦੇ ਬਹਾਨੇ ਮਹਾਰਾਜਾ ਨੇ ਭਾਈ ਰਾਮ ਸਿੰਘ ਨੂੰ ਭੇਜਕੇ ਉਸਦਾ

ਜੈਮਲਸਿੰ: ਕਨ੍ਹੱਯੇ ਦੀ ਜ਼ਬਤੀ

Digitized by Panjab Digital Library | www.panjabdigilib.org

ਖਜ਼ਾਨੇ ਦਾ ੨੨ ਲੱਖ ਰੁਪਯਾ ਤੇ ਹੋਰ ਜੋ ਬਹੁਤ ਸਾਰਾ ਰੁਪਯਾ ਅੰਮ੍ਰਿਤਸਰ ਦੇ ਸਾਹੂ ੩੭੧
ਕਾਰਾਂ ਨੂੰ ਕਰਜ਼ਾ ਦਿੱਤਾ ਹੋਯਾ ਸੀ ਉਹ ਬੀ ਉਗਰਾਹ ਕੇ ਸਬ ਮਾਲ ਮੁਲਕ ਉਸਦਾ ਜ਼
ਬਤ ਕਰ ਲਿਆ, ਪਰੰਤੂ ਜਦ ਤਿੰਨ ਮਹੀਨੇ ਪਿੱਛੋਂ ਜੈਮਲ ਸਿੰਘ ਦੀ ਸਰਦਾਰਨੀ ਦੇ ਬੇ
ਟਾ ਪੈਦਾ ਹੋ ਗਿਆ ਤਾਂ ਸਰਕਾਰ ਨੇ ਉਸਦੇ ਨਾਮ ੧੫ ਹਜ਼ਾਰ ਦੀ ਜਾਗੀਰ ਮਾਫ਼ ਕੀਤੀ।
ਉਸੇ ਮਹੀਨੇ ਸਰਦਾਰ ਦਲ ਸਿੰਘ ਬਸੋਲੀ ਨੂਰਪੁਰ, ਜਸਰੋਟੇ ਤੇ ਖ਼ਿਰਾਜ ਲੈਕੇ ਆਯਾ
ਤੇ ਮਹਾਰਾਜ ਭੀ ਨੂਰਪੁਰ ਤਕ ਹੋਕੇ ਅੰਮ੍ਰਿਤਸਰ ਆ ਗਏ। ਰਾਣੀ ਸਦਾ ਕੌਰ ਮਹਾਰਾਜੇ
ਦੀ ਸੱਸ ਸ਼ਾਹਜ਼ਾਦੇ ਸ਼ੇਰ ਸਿੰਘ ਤੇ ਤਾਰਾ ਸਿੰਘ ਨੂੰ (ਜੋ ਉਸਦੇ ਪਾਸ ਹੀ ਰਿਹਾ ਕਰਦੇ ਸੇ)
ਨਾਲ ਲੈਕੇ ਮਹਾਰਾਜੇ ਨੂੰ ਮਿਲਨ ਆਈ ਮਹਾਰਾਜ ਨੇ ਸ਼ੇਰ ਸਿੰਘ ਨੂੰ ਗੋਦ ਵਿਚ ਲੈ
ਕੇ ਬਹੁਤ ਪਯਾਰ ਦਿਤਾ ਤੇ ਜਾਗੀਰ ਬਖਸ਼ੀ।

> ਕੌਰ ਸ਼ੇਰ ਸਿੰ: ਨੂੰ ਜਾਗੀਰ ਮਿਲਣੀ

ਏਸੇ ਸਮੇ ਮਹਮੂਦ ਸ਼ਾਹ ਦੇ ਵਜ਼ੀਰ ਫ਼ਤੇ ਮੁਹੰਮਦ ਖ਼ਾਂ ਨੇ ਕਸ਼ਮੀਰ ਦੇ ਸੂਬੇ ਅਤਾ ਮੁਹੰਮ
ਦ ਖਾਂ ਉੱਤੇ ਚੜ੍ਹਾਈ ਕਰਨ ਦੀ ਤਯਾਰੀ ਕਰਕੇ ਮਹਾਰਾਜੇ ਤੋਂ ਭੀ ਮਦਦ ਲੈਣ ਵਾਸਤੇ
ਆਪਣੇ ਵਕੀਲ ਦੀਵਾਨ ਗੁੰਦਨ ਮੱਲ ਨੂੰ ਲਾਹੌਰ ਭੇਜਿਆ, ਉਹ ਤੋਹਫ਼ੇ ਲੈਕੇ ਮਹਾਰਾ
ਜ ਨੂੰ ਆ ਮਿਲਿਆ ਤੇ ਅਰਜ਼ ਕੀਤੀ ਕਿ ਅਤਾ ਮਹੰਮਦ ਖਾਂ ਕਸ਼ਮੀਰ ਦਾ ਸੂਬਾ ਜੋ ਕਾ
ਬਲ ਦਾ ਨੌਕਰ ਸੀ (ਜਿਸਨੇ ਸ਼ਾਹ ਕਾਬਲ ਦੇ ਵਿਰੋਧੀ ਸ਼ਾਹ ਸੁਜਾ ਨੂੰ ਪਸ਼ੌਰ ਵਿਚ ਦ
ਖਲ ਕਰਾ ਦਿੱਤਾ ਸੀ ਤੇ ਹੁਣ ਤਾਂਈ ਉਸਨੂੰ ਆਪਣੇ ਪਾਸ ਰੱਖਿਆ ਹੋਯਾ ਹੈ) ਸੁਤੰਤ੍ਰ ਹੋ
ਬੈਠਾ ਹੈ ਏਸ ਮੁਹਿੰਮ ਵਿਚ ਆਪ ਮਦਦ ਦੇਓ ਤਾਂ ਚੰਗਾ ਹੈ ਕਯੋਂਕੇ ਆਪ ਦੀ ਤੇ ਸ਼ਾਹ ਕਾ
ਬੁਲ ਦੀ ਦੋਸਤੀ ਕਾਯਮ ਰਹਣ ਵਾਸਤੇ ਲਿਖਾ ਪੜ੍ਹੀ ਭੀ ਹੋ ਚੁਕੀ ਹੈ ਹੁਣ ਦੋਬਾਰੇ ਉਸੇ ਲਿ
ਖਤ ਨੂੰ ਪੱਕੀ ਕਰਨ ਲਈ ਵਜ਼ੀਰ ਫ਼ਤੇ ਮੁਹੰਮਦ ਖਾਂ ਆਪ ਨੂੰ ਮਿਲਨ ਆਂਵਦਾ ਹੈ। ਮਹਾ
ਰਾਜੇ ਨੇ ਬੜੀ ਖ਼ੁਸ਼ੀ ਨਾਲ ੧੨ ਹਜ਼ਾਰ ਸਿਪਾਹ ਵਜ਼ੀਰ ਦੀ ਮਦਦ ਲਈ, ਦੀਵਾਨ ਮੁਹ
ਕਮ ਚੰਦ ਦੀ ਕਮਾਨ ਹੇਠ ਕਸ਼ਮੀਰ ਵਲ ਭੇਜੀ ਅਤੇ ਮਨੋਂ ਹੋਰ ਹੀ ਰਾਜਨੀਤਿ (ਪੁਲੀ
ਟੀਕਲ) ਦੀ ਚਾਲ ਖੇਡੀ, ਮੁਹਕਮ ਚੰਦ ਨੂੰ ਸਮਝਾ ਦਿਤਾ ਕੇ ਸ਼ਾਹ ਸੁਜਾ ਜੋ ਸੂਬੇ ਕਸ਼
ਮੀਰ ਪਾਸ ਹੈ ਉਸਨੂੰ ਕਿਸੇ ਤਰਾਂ ਲਾਹੌਰ ਲੈ ਆਵਣਾ ਅਤੇ ਏਸ ਕਾਰਜ ਦੀ ਸਿਧੀ ਵਾ
ਸਤੇ ਦਲ ਸਿੰਘ ਨੂੰ ਭੀ ਨੂਰਪੁਰ ਤੋਂ ਬੁਲਾ ਕੇ ਕਸ਼ਮੀਰ ਜਾਣ ਦਾ ਹੁਕਮ ਦਿਤਾ।

> ਕਾਬਲ ਦੇ ਵਜ਼ੀਰ ਨੂੰ ਕਸ਼ਮੀਰ ਦੀ ਮੁਹਿੰਮ ਵਿਚ ਮਦਦ ਦੇਣੀ

੧ ਦਸੰਬਰ ਸੰ: ੧੮੧੨ ਈ: ਮੁਤਾਬਿਕ ਸੰ: ੧੮੬੯ ਬਿ: ਨੂੰ ਮਹਾਰਾਜਾ ਤੇ ਵਜ਼ੀਰ ਦੀ ਮੁ
ਲਾਕਾਤ ਹੋਕੇ ਜਿਹਲਮ ਦੇ ਕਿਨਾਰੇ ਫ਼ੈਸਲਾ ਹੋਯਾ ਕੇ ਜੋ ਮੁਲਕ ਫ਼ਤੇ ਹੋਊ ਉਸਦਾ ਤੀਜਾ

੩੭੨ ਹਿੱਸਾ ਦਰਬਾਰ ਲਾਹੌਰ ਨੂੰ ਭੇਜ ਮਦਦ ਦਾ ਫਲ ਮਿਲੇਗਾ। — ਜਦ ਏਹ ਖਬਰ ਸ਼ਾਹ ਸੁਜਾ ਦੀ ਬੇਗਮ ਨੂੰ (ਜੋ ਓਦੋਂ ਤੁਲੰਬੇ ਵਿਚ ਸੀ) ਹੋਈ ਤਦ ਓਹ ਬਹੁਤ ਡਰੀ ਤੇ ਸੋਚਣ ਲਗੀ ਜੋ ਮਤ ਕਿਤੇ ਮੇਰੇ ਬਾਦਸ਼ਾਹ ਨੂੰ ਅਤਾ ਮੁਹੰਮਦ ਖਾਂ ਸਮੇਤ, ਵਜ਼ੀਰ ਫਤੇ ਮੁਹੰਮਦ ਖਾਂ ਖੋਹ ਕੇ ਕਾਬਲ ਲੈ ਜਾਵੇ ਤੇ ਦੁਰਦਸ਼ਾ ਕਰਕੇ ਮਾਰ ਸਿਟੇ। ਏਹ ਸੋਚ ਕੇ ਬੇਗਮ ਨੇ ਮਹਾਰਾਜੇ ਪਾਸ ਆਪਣਾ ਵਕੀਲ ਭੇਜ ਕੇ ਇਕਰਾਰ ਕੀਤਾ ਕੇ ਜੇਕਰ ਤੁਸੀਂ ਸਾਡੇ ਬਾਦਸ਼ਾਹ ਨੂੰ ਵਜ਼ੀਰ ਦੀ ਕੈਦ ਤੋਂ ਬਚਾ ਕੇ ਸਾਨੂੰ ਮਿਲਾ ਦੇਓ ਤਾਂ ਮੈਂ ਇਕ ਅਮੋਲਕ ਰਤਨ (ਕੋਹਨੂਰ ਹੀਰਾ) ਆਪ ਨੂੰ ਦੇਵਾਂਗੀ। ਏਹ ਸੰਦੇਸਾ ਸੁਣ ਕੇ ਮਹਾਰਾਜ ਤਾਂ ਬਾਗ ਬਾਗ ਹੋ ਗਏ ਤੇ ਦੀਵਾਨ ਨੂੰ ਲਿਖ ਭੇਜਿਆ ਜੇ ਜਿਓਂ ਤਿਓਂ ਹੋ ਸਕੇ ਸ਼ਾਹ ਸੁਜਾ ਨੂੰ ਲਾਹੌਰ ਲੈ ਆਉਣਾ।

ਏਧਰੋਂ ਰਜੌਰੀ ਦੇ ਰਾਜੇ ਅਗਰ ਖਾਂ ਤੇ ਭਿੰਬਰ ਦੇ ਰਾਜੇ ਸੁਲਤਾਨ ਖਾਂ ਨੂੰ ਮਹਾਰਾਜੇ ਨੇ ਲਾਹੌਰ ਦੀ ਕੈਦ ਤੋਂ ਛਡ ਦਿਤਾ ਤੇ ਓਨ੍ਹਾਂ ਕੋਲੋਂ ਰਸਦ, ਭਾਰ ਬਰਦਾਰੀ ਦੇ ਪਹੁੰਚਾਵਣ ਵਿਚ ਮਦਦ ਦੇਣ ਦਾ ਇਕਰਾਰ ਕਰਾ ਕੇ ਓਨ੍ਹਾਂ ਦਾ ਰਾਜ ਓਨ੍ਹਾਂ ਨੂੰ ਮੋੜ ਦਿਤਾ।

ਜਦ ਏਹ ਫੌਜ ਪੀਰ ਪੰਜਾਲ ਪਰ ਪਹੁੰਚੀ ਤਾਂ ਬਰਫ ਪੈਣ ਲਗ ਪਈ। ਇਸ ਵੇਲੇ ਵਜ਼ੀਰ ਦੀ ਫੌਜ ਤਾਂ ਅਗੇ ਚਲੀ ਗਈ ਕਿਓਂ ਕੇ ਓਹ ਬਰਫਾਂ ਵਿਚ ਫਿਰਨ ਗਿਝੀ ਹੋਈ ਸੀ, ਪਰੰਤੂ ਪੰਜਾਬੀਆਂ ਨੂੰ ਅੱਗੇ ਜਾਣਾ ਮੌਤ ਹੋਯਾ। ਹੁਣ ਮੁਹਕਮ ਚੰਦ ਨੂੰ ਏਹ ਸੋਚ ਲੱਗੀ ਕੇ ਵਜ਼ੀਰ ਮਤ ਕਿਤੇ ਅੱਗੇ ਜਾ ਕੇ ਸ਼ਾਹ ਸੁਜਾ ਨੂੰ ਫੜ ਲੈ ਜਾਵੇ। ਦੀਵਾਨ ਨੇ ਰਜੌਰੀ ਦੇ ਰਾਜੇ ਨੂੰ ਪੰਜੀ ਹਜ਼ਾਰ ਦੀ ਜਾਗੀਰ ਦੇਣੀ ਕਰਕੇ ਇਕ ਹੋਰ ਐਸਾ ਸੁਖੱਲਾ ਰਸਤਾ ਲਭ ਲਿਆ ਜਿਥੋਂ ਦੀ ਵਜ਼ੀਰ ਨਾਲੋਂ ਇਕ ਦਿਨ ਪਹਿਲੇ ਸਿੱਖਾਂ ਦੀ ਫੌਜ ਕਸ਼ਮੀਰ ਵਿਚ ਜਾ ਪਹੁੰਚੀ। ਏਹ ਦੇਖ ਕੇ ਵਜ਼ੀਰ ਹੱਕਾ ਬੱਕਾ ਰਹ ਗਿਆ। ਫੇਰ ਤਾਂ ਦੋਹਾਂ ਫੌਜਾਂ ਨੇ ਸ਼ੇਰਪੁਰ ਉਤੇ (ਜਿਥੇ ਸੂਬੇ ਕਸ਼ਮੀਰ ਦੀ ਫੌਜ ਜਮਾਂ ਸੀ) ਲੜਾਈ ਜਾ ਪਾਈ। ਤਿੰਨ ਦਿਨ ਤਾਂ ਕਸ਼ਮੀਰੀ ਫੌਜ ਲੜੀ, ਚੌਥੇ ਦਿਨ ਸਿੰਘ ਭਗੌਤੇ ਸੂਤ ਕੇ ਜਾ ਪਏ, ਪਠਾਣਾਂ ਦੀਆਂ ਪੱਜੀਆਂ ਉਡ ਗਈਆਂ ਅਬਦੁਲ ਸਮੁੰਦ ਖਾਂ ਸੂਬੇਦਾਰ ਦਾ ਭਤੀਜਾ ਮਾਰਿਆ ਗਿਆ, ਸੂਬਾ ਨੱਠ ਕੇ ਸ਼ੇਰਗੜ੍ਹੀ ਦੇ ਕਿਲੇ ਵਿਚ ਜਾ ਵੜਿਆ, ਵਜ਼ੀਰ ਨੇ ਦੀਵਾਨ ਮੁਹਕਮ ਚੰਦ ਨੂੰ ਕਿਲਾ ਘੇਰਨ ਦਾ ਹੁਕਮ ਦਿੱਤਾ। ਸਿੰਘ ਓਸੇ ਕਿਲੇ ਨੂੰ ਘੇਰ ਬੈਠੇ। ਜੱਦਪਿ ਬਰਫ ਤੇ ਡਾਢੀ ਠੰਢੀ ਤਿੱਖੀ ਪੌਣ ਨੇ ਸਿੱਖਾਂ ਨੂੰ ਬੇਹੋਸ਼ ਕਰ ਦਿੱਤਾ ਪਰ ਸਿੱਖਾਂ ਨੇ ਕਿਲੇ ਦਾ ਘੇਰਾ ਤੇ ਜੰਗ ਨਾ ਛਡਿਆ। ਅਤਾ ਮੁਹੰਮਦ ਖਾਂ ਸੂਬੇ ਨੇ ਹੋਰ ਕਿਸੇ ਤਰਾਂ ਆਪਣਾ ਬਚਾਉ ਹੁੰਦਾ ਨਾਂ ਦੇਖ ਕੇ

ਕਸ਼ਮੀਰ ਉਪਰ ਹੱਲਾ ਤੇ ਫਤਹ

Digitized by Panjab Digital Library | www.panjabdigilib.org

ਮੁਹਕਮਚੰਦ ਪਾਸ ਏਹ ਸਨੇਹਾ ਭੇਜ ਦਿੱਤਾ ਕੇ ਜੇਕਰ ਤੁਸੀਂ ਸਾਡੀ ਬਾਂਹ ਫੜੋ ਤੇ ਵਜ਼ੀਰ
ਦੇ ਹੱਥ ਮੈਨੂੰ ਨਾ ਪਾਓ ਤਾਂ ਸ਼ਾਹਸੁਜਾ ਸਮੇਤ ਮੈਂ ਤੁਹਾਡੇ ਪਾਸ ਆਜਾਵਾਂ, ਤੇ ਕਿਲਾ ਅਟਕ
ਦਾ ਜੋ ਅਜੇ ਮੇਰੇ ਕਬਜ਼ੇ ਵਿੱਚ ਹੈ ਸੋ ਸਰਕਾਰ ਲਾਹੌਰ ਨੂੰ ਦੇ ਦੇਵਾਂਗਾ। ਦੀਵਾਨ ਤਾਂ ਏਹ
ਗੱਲ ਚਾਂਹੁੰਦਾ ਹੀ ਸੀ, ਬੜੀ ਖੁਸ਼ੀ ਨਾਲ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ ਤੇ ਮਹਾਰਾ
ਜੇ ਨੂੰ ਸਭ ਹਵਾਲ ਲਿਖ ਭੇਜਿਆ। ਜਾਂ ਵਜ਼ੀਰ ਨੂੰ ਏਹ ਖਬਰ ਹੋਈ ਤਾਂ ਉਸਨੇ ਬਹੁਤ ਕ
ਚੀਰੀਆਂ ਵੱਟੀਆਂ, ਓੜਕ ਜਦ ਕੁਛ ਪੇਸ਼ ਨਾ ਗਈ ਤਾਂ ਦੀਵਾਨ ਤੋਂ ਆਪਣੇ ਬੈਰੀ ਮੰ
ਗੇ ਤਾਂ ਦੀਵਾਨ ਨੇ ਆਖਿਆ ਮੈਂ ਮਹਾਰਾਜ ਦੇ ਹੁਕਮ ਬਿਨਾ ਨਹੀਂ ਦੇ ਸਕਦਾ। ਏਹ ਉਤ੍ਰ ਟ
ਕੇ ਵਰਗਾ ਸੁਣਕੇ ਵਜ਼ੀਰ ਬਹੁਤ ਤੜਫਿਆ ਤੇ ਮਹਾਰਾਜੇ ਨੂੰ ਬਹੁਤ ਕੁਛ ਲਿਖਿਆ
ਪਰ ਮਹਾਰਾਜੇ ਨੇ ਇੱਕ ਨਾ ਮੰਨੀ, ਓੜਕ ਵਜ਼ੀਰ ਚੁਪ ਕਰ ਰਿਹਾ। ਉਧਰੋਂ ਸ਼ਾਹਬੇਗਮ
ਨੇ ਮਹਾਰਾਜ ਨੂੰ ਬਾਰਬਾਰ ਲਿਖਿਆ ਕੇ ਦੇਖਣਾ ਮੇਰਾ ਖਾਵੰਦ ਸ਼ਾਹਸੁਜਾ ਸਾਡੇ ਵੈਰੀ ਵ
ਜ਼ੀਰ ਦੇ ਹੱਥ ਨਾ ਫੜਾ ਦੇਣਾ ਅਤੇ ਜਦ ਬਾਦਸ਼ਾਹ ਲਾਹੌਰ ਆਵੇਗਾ ਤਦ ਮੈਂ ਉਸ ਪਾ
ਸੋ ਕੋਹਨੂਰ ਹੀਰਾ ਲੈ ਦੇਵਾਂਗੀ। —— ਹੁਣ ਇੱਕ ਤਾਂ ਕੋਹਨੂਰ ਹੀਰਾ ਲੈਣ ਦਾ
ਲਾਲਚ, ਦੂਜੇ ਸ਼ਰਨ ਆਏ ਦੀ ਪਾਲਣਾ, ਤੀਜਾ ਅਟਕ ਦਾ ਕਿਲਾ ਲੈਣ ਦਾ ਖਿਆਲ ਕ
ਰਕੇ ਮਹਾਰਾਜੇ ਨੇ ਮੁਹਕਮਚੰਦ ਨੂੰ ਲਿਖਿਆ ਕੇ ਅਤਾਮੁਹੰਮਦ ਖਾਂ ਤੋਂ ਅਟਕ ਦੇ ਕਿਲੇ
ਦਾਰ ਦੇ ਨਾਮ ਹੁਕਮ ਲਿਖਾ ਦੇਓ ਜੋ ਉਹ ਕਿਲਾ ਸਾਡੇ ਕਬਜ਼ੇ ਕਰ ਦੇਵੇ ਤੇ ਇਕ ਲੱਖ
ਦੀ ਜਾਗੀਰ ਅਤਾਮੁਹੰਮਦ ਖਾਂ ਨੂੰ ਦਿੱਤੀ ਜਾਊਗੀ। ਦੀਵਾਨ ਨੇ ਮਹਾਰਾਜੇ ਦਾ ਏਹ ਹੁਕਮ
ਅਤਾਮੁਹੰਮਦ ਖਾਂ ਨੂੰ ਦਿਖਾ ਕੇ ਉਸ ਤੋਂ ਅਟਕ ਦੇ ਕਿਲੇਦਾਰ ਦੇ ਨਾਮ ਖਤ ਲਿਖਵਾ ਦਿਤਾ
ਕੇ ਅਟਕ ਦਾ ਕਿਲਾ ਸਰਕਾਰ ਲਾਹੌਰ ਦੇ ਹਵਾਲੇ ਕਰ ਦੇਓ।

ਅਟਕ ਦਾ ਕਿਲਾ ਕਬਜ਼ੇ ਕੀਤਾ

ਏਧਰ ਤਾਂ ਫਕੀਰ ਅਜ਼ੀਜ਼ੁਦੀਨ ਨੂੰ ਇਕ ਲੱਖ ਰੁਪਯਾ ਨਕਦ ਤੇ ਚਾਰ ਪਲਟਣਾਂ, ਇਕ
ਤੋਪਖਾਨਾ ਅਤੇ ਅਤਾਮੁਹੰਮਦ ਦਾ ਖਤ ਦੇਕੇ ਕਿਲੇ ਅਟਕ ਉੱਤੇ ਕਬਜ਼ਾ ਕਰਨ ਨੂੰ ਤੋ
ਰਿਆ ਤੇ ਏਸਨੇ ਜਾਕੇ ਕਬਜ਼ਾ ਕਰ ਲਿਆ। —— ਉਧਰੋਂ ਦੀਵਾਨ ਮੁਹਕਮਚੰਦ
ਸ਼ਾਹਸੁਜਾ ਤੇ ਅਤਾਮੁਹੰਮਦ ਖਾਂ ਨੂੰ ਨਾਲ ਲੈ ਕੇ ਲਾਹੌਰ ਆ ਗਿਆ। ਮਹਾਰਾਜੇ ਨੇ
ਕੰਵਰ ਖੜਗ ਸਿੰਘ ਨੂੰ ਸ਼ਾਹਸੁਜਾ ਦੀ ਪੇਸ਼ਵਾਈ (ਅਗਵਾਨੀ) ਵਿੱਚ ਭੇਜ ਕੇ ਬੜੇ
ਆਦਰ ਤੇ ਇੱਜ਼ਤ ਨਾਲ ਲਿਆਕੇ ਇਕ ਚੰਗੀ (ਮੁਬਾਰਕ) ਹਵੇਲੀ ਵਿਚ ਉਤਾਰਿਆ
।ਮਹਾਰਾਜੇ ਦੇ ਏਸ ਚਾਲੇ ਨੂੰ ਦੇਖਕੇ ਵਜ਼ੀਰ ਨੇ ਕਸ਼ਮੀਰ ਫਤੇ ਹੋਈ ਦੀ ਖੁਸ਼ੀ ਤਾਂ ਕੀ

Digitized by Panjab Digital Library | www.panjabdigilib.org

੩੭੪ ਮਨਾਉਣੀ ਸੀ ਸਗੋਂ ਹੈਰਾਨ ਹੋਕੇ ਏਹ ਆਖਣਾ ਕਿ ਜੱਟ ਬੱਚਾ ਸਭ ਤੋਂ ਪ੍ਰਬਲ ਹੋ ਗਈ। —— ਏਧਰ ਮਹਾਰਾਜੇ ਨੇ ਮੁਹਿੰਮ ਫਤੇ ਕਰਨ ਦੇ ਮਗਰੋਂ, ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਭੇਜ ਕੇ ਉਨ੍ਹਾਂ ਪਹਾੜੀ ਰਾਜਿਆਂ ਤੋਂ ਜੇਹੜੇ ਪੀਰ ਪੰਜਾਲ ਤੋਂ ਭੱਜ ਆਏ ਸੇ

ਪਹਾੜੀ ਰਾਜਿਆਂ ਤੋਂ ਚੱਟੀ ਲਈ

ਫੇਰ ਦੇ ਨਾਲ ਚੱਟੀ ਲਈ। ਨੂਰਪੁਰੀਏ ਤੋਂ ੫੦ ਹਜ਼ਾਰ, ਸੁਕੇਤ ਵਾਲੇ ਤੋਂ ੨੦ ਹਜ਼ਾਰ, ਮੰਡੀ ਵਾਲੇ ਤੋਂ ੩੦ ਹਜ਼ਾਰ, ਚੰਬੇ ਵਾਲੇ ਤੋਂ ੫੦ ਹਜ਼ਾਰ ਜਸਰੋਟੀਏ ਤੋਂ ੫੦ ਹਜ਼ਾਰ, ਹਰੀਪੁਰੀਏ ਤੋਂ ੧੫ ਹਜ਼ਾਰ, ਏਸੇ ਤਰਾਂ ਹੋਰ ਸਭਨਾਂ ਤੋਂ ਭੀ ਚੱਟੀ ਲਈ।

ਫੇਰ ਜਦ ਦੋ ਮਹੀਨੇ ਪਿੱਛੋਂ ਸ਼ਾਹ ਸੁਜਾ ਤੇ ਉਸ ਦੀ ਬੇਗਮ ਤੋਂ ਮਹਾਰਾਜੇ ਨੇ ਕੋਹਨੂਰ ਹੀਰਾ ਮੰਗਿਆ ਤਾਂ ਉਨ੍ਹਾਂ ਦਾ ਮਨ ਭਰਮਾ ਗਿਆ ਤੇ ਫਰੇਬ ਉੱਤੇ ਫਰੇਬ ਕਰਨ ਲਗੇ ਤਦ ਮਹਾ

ਕੋਹਨੂਰ ਹੀਰਾ ਲੈਣਾ

ਰਾਜੇ ਨੇ ਬੇਗਮ ਦੇ ਲਿਖੇ ਹੋਏ ਖਤ ਦਿਖਾ ਕਰ ਤੱਦੀ ਕੀਤੀ। ਜਦ ਫੇਰ ਭੀ ਉਨ੍ਹਾਂ ਨੇ ਕੋਹਨੂਰ ਹੀਰਾ ਨਾ ਦਿੱਤਾਂ ਤਾਂ ਮਹਾਰਾਜੇ ਨੇ ਖਾਣਾ ਦਾਣਾ ਬੰਦ ਕਰ ਦਿੱਤਾ ਤੇ ਆਖ ਭੇਜਿਆ ਜੇ ਬਾਦਸ਼ਾਹ ਤੇ ਬੇਗਮ ਹੁਣ ਕੋਈ ਦਿਨ ਨਿਰਾਹਾਰ ਰੋਜ਼ੇ ਰੱਖਣ। ਜਦ ਦੋ ਦਿਨ ਭੁੱਖੇ ਰਹੇ ਤੇ ਲੱਗੇ ਪ੍ਰਾਣ ਨਿਕਲਣ ਤਦ ਬੇਗਮ ਨੇ ਆਖਿਆ ਖੁਦਾਵੰਦ (ਫਸ ਗਏ ਤਾਂ ਫਟਕਣ ਕੇਹਾ) ਜਾਨ ਨਾਲ ਹੀ ਜਹਾਨ ਹੈ ਭੁੱਖੇ ਪਏ ਕਿਓਂ ਤੜਫਦੇ ਹੋ, ਫੇਰ ਭੀ ਤਾਂ ਕਿਸੇ ਨੇ ਖੋਹ ਹੀ ਲੈਣਾ ਹੈ, ਏਸੇ ਜਟ ਦੇ ਮੱਥੇ ਮਾਰ ਛੱਡੋ, ਇਤਿਆਦਿਕ ਬੇਗਮ ਬਹੁਤ ਕਹ ਰਹੀ ਪਰ ਬਾਦਸ਼ਾਹ ਨੇ ਚਾਰ ਦਿਨ ਨਿਕੰਮਾ ਹਠ ਰਖਿਆ, ਓੜਕ ਜਦ ਅਤੀ ਦੁਖੀ ਹੋਯਾ ਤਾਂ ਮਹਾਰਾਜੇ ਨੂੰ ਆਪਣੇ ਪਾਸ ਬੁਲਾ, ਅੱਖੀਆਂ ਭਰ ਹਾਹੁਕੇ ਲੈ ਕੇ ਓਹ ਰਤਨ ਕੋਹਨੂਰ ਜਿਸ ਦੇ ਸਮਾਨ ਦੁਨੀਆਂ ਉੱਤੇ ਕੋਈ ਦੂਜਾ ਰਤਨ ਦੇਖਿਆ ਸੁਣਿਆ ਨਹੀਂ ਸੀ ਮਹਾਰਾਜੇ ਦੇ ਅਗੇ ਰੱਖ ਦਿੱਤਾ। ੧ ਜੂਨ ਸੰ:੧੮੧੩ ਈ: ਮੁਤਾਬਿਕ ਸੰ:੧੮੭੦ ਬਿ: ਨੂੰ ਮਹਾਰਾਜੇ ਨੇ ਉਸ ਰਤਨ ਨੂੰ ਬੜੇ ਅਦਬ ਨਾਲ ਚੁੱਕ ਕੇ ਪਰਮੇਸ਼੍ਵਰ ਦਾ ਧੰਨਬਾਦ ਕੀਤਾ ਤੇ ਬਹੁਤ ਖੁਸ਼ੀ ਹੋਕੇ ਸ਼ਾਹ ਤੋਂ ਉਸ ਦਾ ਮੁਲ ਪੁੱਛਿਆ। ਸ਼ਾਹ ਨੇ ਆਖਿਆ ਏਸ ਦਾ ਮੁਲ ਤਾਂ ਥੱਪੜ ਹੈ, ਜਿਸ ਨੇ ਮਾਰਿਆ ਖੋਹ ਲੀਤਾ ਮੇਰੇ ਵਡਿਆਂ ਨੇ ਦਿੱਲੀ ਵਾਲੇ ਮੁਗਲਾਂ ਤੋਂ ਖੋਹਿਆ ਸੀ ਹੁਣ ਤੂੰ ਮੈਥੋਂ ਖੋਹਿਆ ਹੈ ਤੈਥੋਂ ਕੋਈ ਹੋਰ ਖੋਹ ਲਏਗਾ। ਏਹ ਗਲ ਸੁਣ ਕੇ ਮਹਾਰਾਜੇ ਨੇ ਬਹੁਤ ਪ੍ਰਸੰਨ ਹੋ ਕੇ ਪੰਜਾਹ ਹਜ਼ਾਰ ੫੦੦੦੦ ਦੀ ਜਾਗੀਰ ਤੇ ਪੰਜਾਹ ਹਜ਼ਾਰ ੫੦੦੦੦ ਨਕਦ ਸ਼ਾਹ ਨੂੰ ਹੋਰ ਦਿੱਤਾ ਤੇ ਸਾਰੇ ਸ਼ਹਰ ਵਿੱਚ ਰੋਸ਼ਨੀ ਕਰਾਈ। ਏਸ ਹੀਰੇ ਦੇ ਲੈਣ ਬਾਬਤ ਅਨੇਕ ਮੁਸਲਮਾਨ ਮੁਸੰਨਫਾਂ ਨੇ ਮਹਾਰਾਜ ਦੀ ਜਬਰੀ ਲਿਖੀ ਹੈ।

ਦੇਖੋ ਸਫਾ ੩੮੮ ਤਵਾਰੀਖ ਅੰਗ੍ਰੇਜ਼ੀ ਸੱਯਦ ਮੁਹੰਮਦ ਲਤੀਫ ਦਾ ਓਹ ਲਿਖਦਾ ਹੈ ੩੭੫
ਕਿ ਮਹਾਰਾਜੇ ਰਣਜੀਤ ਸਿੰਘ ਨੇ ਸਾਰੀ ਉਮਰ ਵਿੱਚ ਸਿਵਾਏ ਏਹ ਜੀਤਾਂ ਲੈਣ ਦੇ ਹੋ
ਰ ਕੋਈ ਕੰਮ ਜ਼ੁਲਮ ਦਾ ਨਹੀਂ ਕੀਤਾ।) ਹੁਣ ਸੋਚੋ ਜਦ ਇਕ ਗੈਰ ਮਤ ਵਾਲਾ ਏਸ
ਤਰਾਂ ਲਿਖਦਾ ਹੈ ਤਾਂ ਕੌਣ ਕਹ ਸਕਦਾ ਹੈ ਕੇ ਮਹਾਰਾਜੇ ਨੇ ਜ਼ੁਲਮ ਕੀਤੇ ਹਨ। ਫੇਰ ਜੀ
ਤਾਂ ਲੈਣ ਦਾ ਤਾਂ ਕੋਈ ਜ਼ੁਲਮ ਹੀ ਨਹੀਂ ਕਿਉਂਕੇ ਇੱਕਨਾਂ ਉਸਦੀ ਜਿੰਦਗਾਨੀ ਬਖਸ਼ਾਉਣ ਦੇ
ਬਦਲੇ ਲੀਤਾ ਸੀ ਜੇ ਮਹਾਰਾਜ ਉਸਨੂੰ ਨਾਂ ਬਚਾਉਂਦੇ ਤਾਂ ਖਬਰ ਹੈ ਕੇ ਕੇਹੜੀ ਦੁਰਗਤੀ
ਨੂੰ ਪਹੁੰਚਦਾ ਦੂਸਰੇ ਸ਼ਾਹ ਬੇਗਮ ਅਰਥਾਤ ਪਟਰਾਣੀ ਦੇ ਲਿਖੇ ਹੋਏ ਇਕਰਾਰ ਮੂ
ਜਬ ਲੀਤਾ ਸੀ, ਏਹ ਕਿਸੇ ਤਰਾਂ ਭੀ ਮਹਾਰਾਜੇ ਦਾ ਜ਼ੁਲਮ ਨਹੀਂ ਹੋ ਸਕਦਾ।
ਏਸ ਦੇ ਬਾਦ ਖਬਰ ਆਈ ਕੇ ਰਾਜਾ ਬੀਰ ਸਿੰਘ (ਜਿਸ ਉੱਪਰ ਕਸ਼ਮੀਰ ਦੀ ਮੁਹਿੰਮ ਵਿਚੋਂ
ਚਲੇ ਆਉਣੇ ਕਰ ੫੦ ਹਜ਼ਾਰ ਰੁਪਯਾ ਚੱਟੀ ਹੋਈ ਸੀ) ਅੰਗ੍ਰੇਜ਼ਾਂ ਵਲ ਚਲਾ ਗਿ
ਆ ਹੈ। ਏਹ ਸੁਣਕੇ ਮਹਾਰਾਜੇ ਨੇ ਉਸਦਾ ਮੁਲਕ ਨੂਰਪੁਰ ਆਦਿਕ ਜ਼ਬਤ ਕਰ
ਲੀਤਾ। ਏਸੇ ਸਾਲ ਹਜ਼ੂਰੀ ਬਾਗ ਤੇ ਬਾਰਾਂਦਰੀ ਸੰਗੇ ਮਰਮਰ ਦੀ ਬਣੀ।

ਨੂਰਪੁਰੇ ਦੀ ਜ਼ਬਤੀ ਤੇ ਹਜ਼ੂਰੀ ਬਾਗ ਬਨਨਾ।

(ਜਿਸ ਪਰ ਬਿਪਤਾ ਪੈਣੀ ਹੋਵੈ ਤਾਂਕੀ ਸੁਧ ਬੁਧ ਪਹਿਲੇ ਜੈਹੈ।) ਹੁਣ ਸ਼ਾਹ ਸ਼ੁਜਾਉਲ
ਮੁਲਕ ਉੱਤੇ ਤੀਜੀ ਵਾਰੀ ਫੇਰ ਤੇਣੀ ਨੇ ਪਲਾਣ ਆ ਪਾਯਾ ਪਹਿਲੇ ਤਾਂ ਵਜ਼ੀਰਾਂ ਨਾਲ
ਬਿਗਾੜ ਕੇ ਬਾਦਸ਼ਾਹੀ ਦੇ ਤਖਤੋਂ ਜਿੱਦਿਆ, ਫੇਰ ਬੇਇੱਜ਼ਤ ਤੇ ਨਿਰਗੰਲਾ ਕਰਾਕੇ ਕੋਹਨੂ
ਰ ਹੀਰਾ ਖੁਹਾ ਦਿਤਾ ਹੁਣ ਖਾਂਦੇ ਪੀਦੇ ਨੂੰ ਭਾਵੀ ਨੇ ਐਸੀ ਪੁੱਠੀ ਭੁਵਾਲੀ ਦੇਕੇ ਮਤਿ
ਫਾਵੀ ਕੀਤੀ ਜੋ ਆਪਣੇ ਅਹਿਮਕ ਮੁਸਾਹਿਬਾਂ ਦੇ ਆਖੇ ਲੱਗ ਕੇ ਮੁਹੰਮਦ ਅਜ਼ੀਮ
ਖਾਂ ਕਸ਼ਮੀਰ ਦੇ ਸੂਬੇ ਨਾਲ ਗਾਲ ਪਾਲ ਕਰ ਲਈ ਉਸਨੂੰ ਲਿਖਯਾ ਕੇ ਤੂੰ ਲਾਹੌਰ
ਉੱਪਰ ਧਾਵਾ ਕਰ, ਅਸੀਂ ਸਭ ਮੁਸਲਮਾਨਾਂ ਨੂੰ ਤੇਰੀ ਵਲ ਕਰ ਰੱਖਯਾ ਹੈ, ਰਣਜੀਤ
ਸਿੰਘ ਨੂੰ ਮਾਰਕੇ ਦੀਨ ਦੀ ਬਾਦਸ਼ਾਹੀ ਬਣਾ ਲਵਾਂਗਾ — ਏਹ ਖਤ ਜਦ ਗੁਜਰਾਂਵਾਲੇ
ਫੜਿਆ ਗਿਆ ਤਾਂ ਮਹਾਰਾਜ ਲੋਲੇ ਲਾਲ ਹੋਕੇ ਬੋਲੇ ਜੋ ਗੁਰੂ ਜੀ ਦਾ ਠੀਕ ਕਥਨ ਹੈ
ਕੇ ਤੁਰਕ ਸਰਪ ਦਾ ਵਿਸਾਹ ਨਹੀਂ। ਏਹ ਦੁੱਧ ਪਿਆਉਣ ਵਾਲੇ ਨੂੰ ਭੀ ਡੰਗ ਮਾਰਨੋਂ ਨ
ਹੀਂ ਟਲਦੇ। — ਬਾਦਸ਼ਾਹ ਤਾਂ ਉਸ ਖਤੋਂ ਮੁੱਕਰ ਗਿਆ ਆਸੀ ਪਰ ਉਸ ਦੇ
ਕਾਜ਼ੀ ਸ਼ੇਰ ਮੁਹੰਮਦ ਖਾਂ ਨੇ (ਜਿਸਦਾ ਲਿਖਯਾ ਹੋਯਾ ਓਹ ਖਤ ਸੀ) ਧਮਕਾਉਣੇ ਤੋਂ
ਸੱਚ ਸੱਚ ਬਕ ਦਿੱਤਾ ਮਹਾਰਾਜੇ ਨੇ ਫੇਰ ਭੀ ਆਪਣੇ ਘਰ ਆਏ ਦੀ ਲਾਜ ਤੇ

ਸ਼ਾਹ ਸ਼ੁਜਾ ਦੀ ਵਿਪਤਾ

੩੭੬ ਦਗਾ ਪਾਲੀ, ਸਿਰਫ ਕਾਜ਼ੀ ਨੂੰ ਤਿੰਨ ਮਹੀਨੇ ਕੈਦ, ਸ਼ਾਹ ਨੂੰ ਪੰਜੀ ਹਜ਼ਾਰ (੨੫੦੦੦) ਡੰਨ ਲਗਾ ਕੇ ਗੱ
ਲ ਮੇਟ ਛੱਡੀ। (ਕਟੀ) ਜੇਕਰ ਐਸਾ ਕੰਮ ਕੋਈ ਹਿੰਦੂ ਕਰਦਾ ਤਾਂ ਮੁਸਲਮਾਨ ਹਾਕਮ
ਉਸਦਾ ਮਾਸ ਚੀਲਾਂ ਨੂੰ ਖੁਆਉਂਦਾ, ਤੇ ਉਸਦੇ ਸਾਥੀ ਹਾਥੀ ਤੋਂ ਚਿਰਵਾਉਂਦਾ, ਕਿਉਂਕੇ ਮੁਹ
ਮਦੀ ਹਾਕਮ ਤਾਂ ਬਿਨਾ ਗੁਨਾਹ ਭੀ ਹਿੰਦੂਆਂ ਨੂੰ ਫਨਾਹ ਕਰਦੇ ਸੇ। ਭਲਾ (ਜੌ ਊਪੌਣ
ਪਰਬਤੈਂ ਹਿਲਾਵੈ। ਤਿਸ ਆਗੇ ਕਹਾ ਤ੍ਰਿਣ ਠਹਿਰਾਵੈ।) ਜੇਹੜੇ ਖੁਦਾ ਨਾਲ ਹੀ ਸਿੱ
ਦ ਬੰਨ੍ਹ ਕੇ ਉਸਦੇ ਰਚੇ ਹੋਏ ਲਿੰਗ ਨੂੰ ਭੰਗ ਕਰਨੋਂ ਨਹੀਂ ਹਟਦੇ ਤਾਂ ਦੱਸੋ ਖਾਂ ਹਿੰਦੂ ਵਿ
ਚਾਰੇ ਉਨ੍ਹਾਂ ਅਗੇ ਕੇਹੜੇ ਬਾਗ ਦੀ ਮੂਲੀ ਹਨ।

ਇਸੇ ਸਾਲ ਜਦ ਜਹਾਂਦਾਦਖਾਂ ਅਟਕ ਦੇ ਕਿਲੇਦਾਰ ਨੇ ਕਿਲੇ ਅਟਕ ਪਰ ਸਰਕਾਰ ਲਾ
ਹੌਰ ਦਾ ਦਖਲ ਕਰਾ ਦਿੱਤਾ ਤੇ ਸਰਕਾਰ ਨੇ ਉਸਦੀ ਪਿਨਸ਼ਨ ੩) ਰੋਜ਼ ਲਾ ਦਿੱਤੀ ਤਾਂ ਵਜ਼ੀ
ਰ ਮੁਹੰਮਦਖਾਂ ਦੇ ਤਨ ਮਨ ਨੂੰ ਐਸੀ ਅੱਗ ਲੱਗੀ ਜੋ ਆਪਣੇ ਛੋਟੇ ਭਾਈ ਮੁਹੰਮਦ ਅਜ਼ੀ
ਮਖਾਂ ਨੂੰ ਕਸ਼ਮੀਰ ਦਾ ਹਾਕਮ ਬਣਾ ਕੇ ਆਪ ਅਟਕ ਦਾ ਕਿਲਾ ਆ ਘੇਰਿਆ।

ਏਹ ਸੁਣ ਕੇ ਮਹਾਰਾਜ ਬਹੁਤ ਘਬਰਾਏ ਤੇ ਕਰਮਚੰਦ ਚਾਹਿਲ, ਕਰਨੈਲ ਗੌਂਸਖਾਂ,
ਦੀਵਾਨ ਮੁਹਕਮਚੰਦ ਆਦਿਕ ਸਰਦਾਰਾਂ ਨੂੰ ਫੌਜ ਸਮੇਤ ਤੋਰ ਕੇ ਛੇਤੀ ਪਹੁੰਚਣ ਦਾ ਹੁਕ
ਮ ਦਿੱਤਾ। ਉਧਰ ਜੱਦਾਪਿ ਕਿਲੇ ਅੰਦਰੋਂ ਸਿੰਘ ਲੜਦੇ ਤਾਂ ਰਹੇ ਪਰ ਭੁੱਖ ਨੇ ਹੈਰਾਨ ਕਰ
ਘੱਤੇ ਸੇ, ਅੱਠੀਂ ਪਹਿਰੀਂ ਸਿਰਫ ਅੱਧ ੨ ਸੇਰ ਕੱਚੇ ਦੀ ਇੱਕ ੨ ਰੋਟੀ ਮਿਲਦੀ ਸੀ।

ਅਟਕ ਦਾ ਜੰਗ

੨੩ ਵੈਸਾਖ ਸੰ: ੧੮੭੧ ਬਿ: ਨੂੰ ਮੁਹਕਮਚੰਦ ਫੌਜ ਲੈ ਕੇ ਜਾ ਪਹੁੰਚਿਆ, ਕੁਛ ਰਸਦ
ਭੀ ਚੋਰੀ ਛੱਪੇ ਅੰਦਰ ਪੁਚਾਈ, ਦੀਵਾਨ ਨੇ ਆਖਿਆ ਤੁਸੀਂ ਘੇਰਾ ਚੁੱਕ ਲਓ, ਅਸੀਂ ਕਿਲਾ
ਖਾਲੀ ਕਰਾ ਦਿੰਦੇ ਹਾਂ। ਵਜ਼ੀਰ ਕਹੇ ਪਹਿਲੇ ਕਿਲਾ ਖਾਲੀ ਕਰੋ। ਏਸੇ ਤਰਾਂ ਪੰਦ੍ਰਾਂ ਦਿਨ ਬੀ
ਤ ਗਏ, ਥੋੜੀ ੨ ਲੜਾਈ ਭੀ ਹੁੰਦੀ ਰਹੀ। ਤੇਦੇਂ ਨੂੰ ਦੋਸਤ ਮੁਹੰਮਦਖਾਂ ਭੀ ਫੇਰ ਸਾਰੇ ਮੁ
ਲਖੱਯੇ ਕਾਬੁਲ ਤੋਂ ਲੈ ਕੇ ਆ ਪੁੱਜਿਆ ਫੇਰ ਤਾਂ ਪਠਾਣ ਭੂਹੇ ਹੋ ਗਏ ਤੇ ਐਸੇ ਮੱਛਰੇ ਜੋ
ਫੌਜ ਖਾਲਸੇ ਦੇ ਗਲ ਆ ਪਏ। ਇਧਰ ਦੀਵਾਨ ਬਹਾਦੁਰ ਨੇ ਆਪਣੀ ਫੌਜ ਨੂੰ ਚਹੁੰ ਥਾਂਈ
ਕਰ ਦਿੱਤਾ ਅੱਧੀ ਤਾਂ ਪਿੱਛੇ ਮਦਦ ਨੂੰ ਰੱਖੀ ਤੇ ਅੱਧੀ ਵਿਚੋਂ ਅਸਵਾਰੀ ਫੌਜ ਦਾਹਿਣੇ ਵਧਾ
ਦਿੱਤੀ। ਜਦ ਪਠਾਣ ਉਧਰ ਝੁਕੇ ਤਾਂ ਚਾਰ ਪਲਟਣਾਂ, ਦੋ ਤੋਪਖਾਨੇ ਖੱਬੇ ਪਾਸੇ ਵਧਾ ਕੇ
ਜਮਾ ਦਿੱਤੇ। ੭ ਜੇਠ ਨੂੰ ਜੰਗ ਤੇ ਖੂਪ ਖੂਬ ਕੜਕ ਪਏ। ਜੇਹੜੇ ਪਠਾਣ ਗਾਜ਼ੀ ਬਨ ਕੇ
ਸ਼ਹੀਦੀ ਲੈਣ ਆਏ ਹੋਏ ਕਈ ਕੋਹਾਂ ਫਿਰ ਬੈਠੇ ਸੇ, ਜਦ ਉਨ੍ਹਾਂ ਉੱਤੇ ਤੋਪਾਂ ਬੰਦੂਕਾਂ ਦੀ ਜੋਰੇ

Digitized by Panjab Digital Library | www.panjabdigilib.org

ਜ਼ੋਰ ਅੱਗ ਬਰਸੀ ਤੇ ਬਾਰੂਦ ਝੜੀ ਤਾਂ ਉਹ ਵੈਰ ਖੱਟੇ ਕਰਾਕੇ ਇੱਕ ਮੀਲ ਪਿੱਛੇ ਹਟ ਖੜੋਤੇ। ੩੨੨
ਪਰ ਫੇਰ ਦੋਸਤ ਮੁਹੰਮਦ ਖਾਂ ਦੀ ਮਦਦ ਦੇ ਨਾਲ ਗਾਜੀਆਂ ਨੇ ਅਲੀ ੨ ਬੋਲਕੇ ਐਸੀ
ਦੱਬ ਦਿੱਤੀ ਜੋ ਖਾਲਸਾ ਜੀ ਹਰਨੇ ਹੋਣ ਲੱਗਾ। ਕਿਉਂਕਿ ਗੌਸ ਖਾਂ ਨਿਮਕ ਹਰਾਮ ਦੀਨ ਦਾ
ਪੱਖ ਧਰਕੇ ਤੋਪਾਂ ਦੇ ਗੋਲੇ ਅਸਮਾਨ ਵੱਲ ਮਾਰਦਾ ਰਿਹਾ ਤੇ ਜਦ ਕਰਮਚੰਦ ਕਰਨੈ
ਲ ਨੇ ਫਿਤੂਰ ਕੀਆ ਤਾਂ ਸਗੋਂ ਰਲਾਉਣੋਂ ਹੀ ਛੱਡ ਬੈਠਾ। ਪਰੰਤੂ ਸ਼ਾਬਾਸ਼ ਹੈ ਦੀਵਾਨ ਬਹਾਦਰ
ਨੂੰ ਜੋ ਆਪੇ ਥੱਤੀ ਦੇਣ ਲਗ ਪਿਆ, ਮਨਸੂਰੀ ਪੈਸਿਆਂ ਦੇ ਗਰਾਫ ਐਸੇ ਭੁਰ ਭਰ ਕੇ ਮਾ
ਰੇ ਜੋ ਪਠਾਣਾਂ ਦੇ ਮੂੰਹ ਫੇਰ ਦਿਤੇ। ਦੂਜੀ ਤਰਫੋਂ ਕਰਮਚੰਦ ਦੀ ਫੌਜ ਭੀ ਜਾਨ ਤੋੜ
ਕੇ ਲੜੀ। ਜੱਦਯਾਪਿ ਬੇਅੰਤ ਪਠਾਣ ਮਾਰੇ ਪਰ ਉਹ ਸ਼ਹੀਦ ਹੋਣ ਲਈ ਪਤੰਗਾਂ ਵਾਂ
ਗ ਤਲਵਾਰ ਰੂਪੀ ਦੀਵੇ ਹੇਠ ਆਉਣੋਂ ਨਾਂ ਟਲੇ। ਖਾਲਸੇ ਨੇ ਭੀ ਜ਼ੋਰ ਦੇਕੇ ਤੀਰ ਤੁਫੰਗਾਂ
ਦੀ ਐਸੀ ਬਰਖਾ ਕੀਤੀ ਜੋ ਤੁਰਕਾਂ ਦੇ ਛੱਕੇ ਛੁਡਾ ਘੱਤੇ। ਜਦ ਦੀਵਾਨ ਨੇ ਜ਼ਰਾ ਕ ਵੈਰੀ
ਢਿਚਲੇ ਹੋਏ ਦੇਖੇ ਤਾਂ ਹੱਲਾ ਕਰਾ ਦਿੱਤਾ। ਸਿੰਘਾਂ ਦਾ ਹੱਲਾ ਤਾਂ ਅੱਲਾ ਨੂੰ ਭੀ ਟੱਲਾ ਮਾ
ਰਦਾ ਸੀ, ਤਲਵਾਰਾਂ ਸੂਤ ਕੇ ਵੈਰੀਆਂ ਦੇ ਗਲ ਜਾ ਪਏ। ਇਸ ਵਕਤ ਦੋਹਾਂ ਪਾਸਿਆਂ ਦੇ
ਸੂਰਬੀਰਾਂ ਨੇ ਡਾਢੇ ਚੰਗੇ ਜੌਹਰ ਕੱਢੇ। ਲੋਥਾਂ ਦੇ ਸਥਾਰ ਅਤੇ ਲਹੂ ਦੇ ਝੁਲਾਰ ਕਰ
ਘੱਤੇ। ਪਠਾਣਾਂ ਨੂੰ ਇੱਕ ਤਾਂ ਸਿਖਰ ਦੋਪਹਿਰ, ਜੇਠ ਦੀ ਕਹਿਰ ਧੁੱਪ ਸਾੜੇ, ਦੂਜੇ ਆਦ
ਮੀਆਂ ਦੇ ਸਿਘਾਟ ਦੀ ਗਰਮੀ ਤਾੜੇ, ਤੀਜੇ ਪਹਾੜ ਦੀ ਤਪਾਣ, ਚੌਥੇ ਤੋਪਾਂ ਬੰਦੂਕਾਂ ਦੀ ਅੱ
ਗ ਦਾ ਸਾੜ, ਬਾਕੀ ਗਰਦ ਤੇ ਧੂੰਏ ਦੇ ਗੁਬਾਰ ਨੇ ਨੱਕ ਦਮ ਲੈ ਆਂਦਾ, ਜਿਸ ਤੋਂ ਘਬਰਾ
ਕੇ ਬੂਰੇ ਕੱਟਿਆਂ ਵਾਂਗੂ ਹੌਂਕਣ ਲਗ ਪਏ ਤੇ ਘਰਕ ਉੱਠੇ। ਬਿਨਾ ਮਾਰੇ ਮਰਨ ਨੂੰ
ਤੱਯਾਰ ਹੋ ਪਏ, ਕਿਉਂਕਿ ਉਹ ਤਾਂ ਬਰਫਾਨੀ ਦੇਸ ਦੇ ਦੁੰਬੇ ਸਨ, ਮਾਰੇ ਤਪਸ਼ ਦੇ ਹਬਸ
ਪਏ। ਇਧਰ ਜੱਟਾਂ ਸਿੰਘਾਂ ਨੇ ਤਾਂ ਵੈਸਾਖ ਜੇਠ ਦੇ ਗਾਹ, ਭਾਦ੍ਰੋਂ ਦੇ ਜੋਤੇ ਅਤੇ ਗੁਡਾਈ
ਆਂ ਗਾਖ ਰੱਖੀਆਂ ਸਨ, ਜਿਉਂ ਜਿਉਂ ਧੁੱਪ ਲੱਗੇ ਤਿਉਂ ੨ ਪੰਗਰ ਪੰਗਰ ਕੇ ਲੜਨਾ।
ਅਕਾਲ ੨ ਦੀ ਗੜਗੱਜ ਪਾਉਂਦੇ ਹੋਏ ਜਦ ਅੱਗੇ ਨੂੰ ਵਧੇ ਤਾਂ ਪਠਾਣਾਂ ਨੇ ਪਿੱਠ ਦਿਖਾਈ
ਤਿੱਨਾ ਕੋਹਾਂ ਵਿੱਚ ਸਿੰਘਾਂ ਨੇ ਬਹੁਤ ਸਾਰਾ ਜਵਾਰ ਵਾਂਗੂ ਸਥਾਰ ਪਾਯਾ, ਪਰ ਦੀਵ
ਨ ਜੀ ਨੇ ਬਹੁਤ ਪਿੱਛੇ ਪੈਣਾ ਚੰਗਾ ਨਾ ਸਮਝਕੇ ਮੁੜ ਕਿਲੇ ਨੂੰ ਘੇਰੀ ਬੈਠੇ ਹੋਏ ਪਠਾ
ਣਾਂ ਨੂੰ ਆ ਘੇਰਿਆ। ਵੇਖੀਏ ਤਾਂ ਉਹ ਭੀ ਵਜ਼ੀਰ ਨੇ ਚੰਗੇ ਲੜਾਏ। ਪਰੰਤੂ ਹੋਰ ਕੁਮ
ਕ ਨਾਂ ਪਹੁੰਚਣੇ ਕਰ ਛੇਕੜ ਉੱਠ ਨੱਠੇ, ਵਜ਼ੀਰ ਨੇ ਬਥੇਰੀ ਤਦਬੀਰ ਕੀਤੀ ਪਰ

ਕਿਲੇ ਅਟਕ ਦੀ ਲੜਾਈ

Digitized by Panjab Digital Library | www.panjabdigilib.org

੩੭੨ ਉਨ੍ਹਾਂ ਨੇ ਕਾਈ ਤਕਰੀਰ ਨਾ ਮੰਨੀ, ਵਹੀਰ ਘੱਤ ਗਏ। ੧੩ ਜੇਠ ਨੂੰ ਦੀਵਾਨ ਮੁਹਕਮਚੰਦ ਨੇ ਫਤੇ ਦੇ ਨਗਾਰੇ ਵਜਾ, ਝੰਡੇ ਝੁਲਾ, ਅਟਕ ਦੇ ਕਿਲੇ ਵਿੱਚ ਜਾ ਡੇਰਾ ਲਾਯਾ, ਰਸਤ ਦੇ ਊਟ ਘਾਲ ਦਿੱਤੇ, ਤ੍ਰੈ ਮਹੀਨੇ ਪਿੱਛੋਂ ਕਿਲੇ ਵਿਚਲੇ ਸਿੰਘਾਂ ਨੇ ਰੱਜ ਕੇ ਪ੍ਰਸਾਦ ਛਕਿਆ। ਕੁਛ ਫੌਜ ਸਮੇਤ ਕਿਲਾ ਅਟਕ ਦਾ ਸਰਦਾਰ ਅਮਰ ਸਿੰਘ ਮਜੀਠੀਏ ਤੇ ਸਾਉਣ ਸਿੰਘ ਨੂੰ ਸੌਂਪ ਕੇ ਦੀਵਾਨ ਤੇ ਕਰਮਚੰਦ ਆਪ ਬਾਕੀ ਦੀ ਫੌਜ ਲੈ ਕੇ ੭ ਹਾੜ੍ਹ ਨੂੰ ਲਾਹੌਰ ਆ ਗਏ। ਸਰਕਾਰ ਨੇ ਏਸ ਫਤੇ ਦੀ ਖੁਸ਼ੀ ਵਿੱਚ ਕਰਮਚੰਦ ਨੂੰ ੨੫ ਹਜ਼ਾਰ ਦੀ ਤੇ ਦੀਵਾਨ ਮੁਹਕਮਚੰਦ ਨੂੰ ਇੱਕ ਲੱਖ ਰੁਪਏ ਦੀ ਜਾਗੀਰ ਬਖਸ਼ੀ ਤੇ ਹੋਰ ਸਭਨਾਂ ਨੂੰ ਜਥਾਜੋਗ ਇਨਾਮ ਦੇ ਕੇ ਗੌਂਸਖਾਂ ਤੋਂ ਦਸ ਹਜ਼ਾਰ ਚੱਟੀ ਲੀਤਾ।

ਕਸ਼ਮੀਰ ਤੇ ਚੜ੍ਹਾਈ

ਜਦ ਅਟਕ ਦਾ ਜੰਗ ਜਿੱਤ ਕੇ ਸਿੰਘਾਂ ਦੇ ਹੌਸਲੇ ਵਧੇ ਹੋਏ ਦੇਖੇ ਤਾਂ ਸਰਕਾਰ ਨੇ ਲਗਦੇ ਹੱਥ ਕਸ਼ਮੀਰ ਉੱਤੇ ਭੀ ਚੜ੍ਹਾਈ ਕਰ ਦਿੱਤੀ। ਸ਼ਾਹਜ਼ਾਦੇ ਖੜਗ ਸਿੰਘ ਨੂੰ ਹੁਕਮ ਹੋਯਾ ਕੇ ਫੌਜਾਂ ਸਮੇਤ ਸ਼ਾਹਸੁਜਾ ਬਾਦਸ਼ਾਹ ਨੂੰ ਨਾਲ ਲੈ ਕੇ ਸਿਆਲਕੋਟ ਜਾ ਉਤਰੇ। ਮਹਾਰਾਜੇ ਦੇ ਹੁਕਮ ਨਾਲ ਹੋਰ ਭੀ ਸਭ ਸਰਦਾਰ ਆਪਣੀ ੨ ਫੌਜ ਲੈ ਕੇ ਉਥੇ ਪਹੁੰਚ ਪਏ। ਸਰਕਾਰ ਨੇ ਭੀ ਅੰਮ੍ਰਿਤਸਰ, ਜ੍ਵਾਲਾਮੁਖੀ ਦਰਸ਼ਨ ਕਰ ਮੁੜ ਫੌਜਾਂ ਦੀ ਹਾਜ਼ਰੀ ਸਿਆਲਕੋਟ ਵਿੱਚ ਆ ਲਈ। ੨੨ ਕੱਤਕ ਸੰ: ੧੮੭੧ ਬਿ: ਨੂੰ ਉਥੋਂ ਤੁਰ ਕੇ ਜਦ ਜਿਹਲਮ ਟੱਪੇ ਤਾਂ ਖਬਰ ਲੱਗੀ ਕੇ ਬਰਫ ਨੇ ਕਸ਼ਮੀਰ ਦੇ ਸਭ ਰਸਤੇ ਰੋਕ ਲੀਤੇ ਹਨ ਤੇ ਵਜ਼ੀਰ ਫਤੇਖਾਂ ਅਟਕ ਵਨੀ ਆਉਂਦਾ ਹੈ। ਮਹਾਰਾਜੇ ਨੇ ਕਸ਼ਮੀਰ ਜਾਣਾ ਛੱਡ ਕੇ ਕੌਰ ਸਾਹਿਬ ਨੂੰ ਤਾਂ ਅਟਕ ਵਨੀ ਤੋਰਿਆ ਤੇ ਸ਼ਾਹਸੁਜਾ ਨੂੰ ਲਾਹੌਰ ਦੇ ਰਾਹ ਪਾਯਾ। — ਸਰਦਾਰ ਦਲ ਸਿੰਘ ਨੂੰ ਚਾਰ ਪਲਟਨਾਂ ਇੱਕ ਤੋਪਖਾਨਾ ਦੇ ਕੇ ਕਿਲਾ ਮਖੱਡ ਦਾ (ਜੋ ਕਾਲੇ ਬਾਗਾਂ ਪਾਸ ਹੈ) ਫਤੇ ਕਰਨ ਲਈ ਤੋਰਿਆ। ਏਸ ਨੇ ਉਥੇ ਜਾ ਕੇ ਚਾਰ ਦਿਨ ਜੰਗ ਕਰ ਕੇ ਨਵਾਬ ਦਾਦਨ ਖਾਂ ਤੋਂ ਕਿਲਾ ਛੁਡਾ ਕੇ ਆਪਣਾ ਦਖਲ ਕਰ ਲਿਆ। ਤੇ ਸਰਕਾਰ ਏਧਰ ਰੁਹਤਾਸ, ਚੋਏ ਸਾਹਿਬ ਦਾ ਇਸ਼ਨਾਨ ਤੇ ਟਿੱਲੇ ਬਾਲ ਗੁਦਾਈ ਉੱਤੇ ਜੋਗੀਆਂ ਦੇ ਦਰਸ਼ਨ ਕਰ ਮੁੜ ਲਾਹੌਰ ਆ ਬਿਰਾਜੇ। —— ਏਧਰ ਸ਼ਾਹ ਸੁਜਾ ਜਦ ਜਿਹਲਮੋਂ ਮੁੜ ਕੇ ਲਾਹੌਰ ਨੂੰ ਆ ਰਿਹਾ ਸੀ ਤਾਂ ਰਸਤੇ ਵਿੱਚ ਏਸ ਉਪਰ ਡਾਕਾ ਪਿਆ। ਜਿਸ ਦਾ ਭਰਮ ਏਸ ਨੇ ਸਿੰਘਾਂ ਉਪਰ ਰੱਖਿਆ, ਪਰੰਤੂ ਜਦ ਕੋਮ ਚੱਠੇ ਦੇ ਧਾੜਵੀ ਫੜੇ ਗਏ ਤਾਂ ਖਾਸ ਬਾਦਸ਼ਾਹ ਦੇ ਨੌਕਰ ਮੀਰ ਅਬਦੁਲ ਹਸਨ ਦਾ ਹੀ ਕਸੂਰ ਪਾਯਾ ਗਿਆ।

ਸ਼ਾਹਸੁਜਾ ਦਾ ਡਾਕਾ

Digitized by Panjab Digital Library | www.panjabdigilib.org

ਜੱਦਪਿ ਉਸ ਨਿਮਕਹਰਾਮ ਗੁਲਾਮ ਦੇ ਕਈ ਗੁਨਾਹ ਜੈਸੇ ਪਹਿਲੇ ਬੀ ਬਾਦਸ਼ਾਹ ਨੇ ਬ ੩੨੯
ਖਸ਼ੇ ਸੇ ਏਹ ਭੀ ਤੈਸੇ ਹੀ ਬਖਸ਼ ਦਿੱਤਾ ਪਰ ਉਸ ਬਦਜਾਤ ਨੇ ਆਪਣਾ ਦੁਸ਼ਟ ਸੁਭਾਵ
ਨਾਂ ਛਡਿਆ ਮਹਾਰਾਜੇ ਨਾਲ ਕੀਨਾ ਦੂਸ਼ੀ ਕਰਕੇ ਏਹ ਨਿਸਚੇ ਕਰਾ ਦਿੱਤਾ ਕੇ ਜੋ ਨੇ ਅਣ
ਲਕ ਰਤਨ ਬੇਸ਼ੁਮਾਰ ਦਿੱਲੀ ਤੋਂ ਨਾਦਰਸ਼ਾਹ ਤੇ ਅਹਮਦਸ਼ਾਹ ਲੈ ਗਏ ਸੀ ਓਹ ਸਭ
ਸ਼ਾਹਸ਼ੁਜਾ ਦੀ ਸ਼ਾਹ ਬੇਗਮ ਪਾਸ ਹਨ ਏਹ ਸੁਣਕੇ ਮਹਾਰਾਜੇ ਨੇ ਭੀ ਲੋਭ ਲਹਰ
ਦੀ ਗਹਿਰ ਵਿੱਚ ਪੈਕੇ ਭਾਈ ਰਾਮਸਿੰਘ ਨੂੰ ਭੇਜ ਕਰ ਤੀਮੀਆਂ ਦ੍ਵਾਰਾ ਬੇਗਮ ਦੀ ਤ
ਲਾਸ਼ੀ ਕਰਾਈ ਤਾਂ ਬਹੁਤ ਕੀਮਤੀ ਰਤਨ ਲੱਭੇ। ਇਸ ਤਲਾਸ਼ੀ ਤੋਂ ਬਾਦਸ਼ਾਹ ਤੇ ਬੇਗ
ਮ ਬਹੁਤ ਡਰ ਗਏ ਤੇ ਸੋਚਿਆ ਕੇ ਅਜੇ ਤਾਂ ਸਾਡੇ ਪਾਸ ਬਹੁਤ ਕੁਛ ਹੈ ਜੇ ਕਦੇ ਮਹਾਰਾਜੇ
ਨੇ ਫੇਰ ਸਿਪਾਹਸ਼ਾਹੀ ਕਰ ਕੱਢੀ ਤਾਂ ਕੂੜਾ ਫਕਾ ਛਡੂ, ਇਸ ਗਲ ਨੂੰ ਸੋਚਕੇ ਨਿਕਲ
ਜਾਣ ਦੀ ਪੱਕ ਠਾਨ ਲਈ, ਉਨਕ ਇਕ ਫਕੀਰ ਤੇ ਕਿਸ਼ਨਚੰਦ ਖੱਤ੍ਰੀ ਦੀ ਮਾਰਫਤ ਘੋ
ੜਿਆਂ ਦੀ ਡਾਕ ਦ੍ਵਾਰਾ ਭੇਸ ਬਦਲਕੇ, ਅਤੇ ਪਹਰੇ ਵਾਲਿਆਂ ਨੂੰ ਲਾਲਚ ਦੇਕੇ ਹੋਲੀ
ਆਂ ਦੇ ਦਿਨਾਂ ਵਿਚ ਚੱਲ ਨਿਕਲੀ ਅਤੇ ਆਪਣਾ ਨਕਦੀ ਮਾਲ ਲੈਕੇ ਲੁੱਦੇਹਾਣੇ-
ਜਾ ਪਹੁੰਚੀ ਸਰਕਾਰ ਅੰਗ੍ਰੇਜ਼ੀ ਨੇ ਡੇਢ (੧੫੦੦) ਹਜ਼ਾਰ ਰੁਪਯਾ ਮਹੀਨਾ ਬੇਗਮ ਦਾ ਲਾ ਦਿੱਤਾ।
ਏਹ ਖਬਰ ਸੁਣਕੇ ਜਦਪਿ ਮਹਾਰਾਜੇ ਨੇ ਸ਼ਾਹਸ਼ੁਜਾ ਦੀ ਤਕੜਾਈ ਤਾਂ ਰੱਖੀ ਪਰ ਉਸ ਨੇ ਦੋ
ਮਹੀਨੇ ਭੀ ਨਾਂ ਕੱਟੇ, ਸਿਪਾਹੀਆਂ ਨਾਲ ਠੀਕ ਤੁੱਪ ਕਰਕੇ, ਮੁਬਾਰਕ ਹਵੇਲੀ ਦੇ ਫਰਾਸ਼
ਖਾਨੇ ਦੀ ਕੰਧ ਪਾੜਕੇ, ੧੪ ਬੈਸਾਖ ਸੰ: ੧੮੭੨ ਬਿ: ਨੂੰ, ਆਪਣੇ ਦੋ ਬੇਟੇ ਤੇ ਦੋ ਨੌਕਰਾਂ
ਸਮੇਤ ਅੰਧੇਰੀ ਰਾਤ ਨੂੰ (ਬਦਰ ਰੋਂ) ਮਹਾਂਰੀ ਦੀ ਮੋਰੀ ਥਾਣੀ, ਬਹੁਤ ਭਾਰੀ ਕਸ਼ਟ ਪਾਕੇ
ਭਾਟੀ ਦਰਵਾਜ਼ਿਓਂ ਬਾਹਰ ਹੋਏ ਦੇਖੋ ਜਾਨ ਦਾ ਡਰ, ਓਹ ਅਤਰ ਭਿੰਨੇ ਅੰਗ ਤੇ ਕ
ਪੜੇ ਅੱਜ ਸ਼ਹਰ ਦੀ ਗੰਦਗੀ ਨਾਲ ਲਿਬੂ ਪਲਿਬੂ ਹੋਏ, ਫੇਰ ਭਾਰੀ ਦੁਖ ਪਾਯਾ ਤੇ ਰਾ
ਵੀ ਦਰਿਆ ਤਰ ਕੇ ਪਾਰ ਹੋਏ ਅਤੇ ਤੂਨੀ ਦੀ ਗਡ ਵਿੱਚ ਬੈਠਕੇ ਮਜਾਂ ਮਜਾਂ ਜੰਮੂ
ਪਹੁੰਚੇ। ਇਧਰ ਮਹਾਰਾਜੇ ਨੇ ਸ਼ਾਹ ਦਾ ਨੱਠ ਜਾਣਾ ਸੁਣਕੇ ਫੌਰਨ ਤਕ ਅਸਵਾਰ
ਦੁੜਾਏ, ਪੱਤਣ ਰੁਕਾਏ ਪਰ ਸ਼ਾਹ ਨਾਂ ਲੱਭਾ। ਉਧਰ ਬਾਦਸ਼ਾਹ ਨੇ ਬੜੇ ਦੁਖਾਂ ਨਾਲ
ਕਸ਼ਤਵਾੜ ਦੇ ਨਵਾਬ ਪਾਸ ਪਹੁੰਚਕੇ, ਚਾਰ ਹਜ਼ਾਰ ਸਿਪਾਹੀ ਭਰਤੀ ਕਰ, ਕਸ਼ਮੀਰ
ਉੱਤੇ ਧਾਵਾ ਤਾਂ ਕੀਤਾ ਪਰ ਓਹੋ ਗੱਲ ਹੋਈ (ਕਰਮਾ ਦੇ ਬਲੀਆ ਰਿੱਧੀ ਖੀਰ ਹੋ ਗਿ
ਆ ਦਲੀਆ।) ਓਥੇ ਬੀਗਾਰ ਪਾਈ ਜੇਹੜੇ ਕਸ਼ਮੀਰ ਦੇ ਰਈਸ ਸ਼ਾਹ ਦੀ ਰਾਹ ਰੱਖਦੇ

ਬੇਗਮ ਦੀ ਤਲਾਸ਼ੀ ਤੇ ਦੌੜਨਾ

ਸ਼ਾਹਸ਼ੁਜਾ ਦਾ ਨੱਠਣਾ

ਸ਼ਾਹਸ਼ੁਜਾ ਦੀ ਹਾਰ

Digitized by Panjab Digital Library | www.panjabdigilib.org

੩੮੦ ਜੇ ਕਿਸੇ ਨੇ ਬਾਂਹ ਨਾਂ ਫੜੀ ਉਲਟੇ ਵੈਰੀ ਹੋ ਗਏ। ਏਹ ਪਹਾੜਾਂ ਵਿੱਚ ਨੱਠ ਨੱਠ ਕੇ ਹੱਡ
ਗੋਡੇ ਤੁੜਾ ਬੈਠਾ। ਕਿਸੇ ਨੇ ਸਚ ਕਿਹਾ ਹੈ। (ਕਬਿੱਤ) "ਬਿਧਿ ਹੋਤ ਕੂਹਰ, ਕ
ਲਪਤਰੁ ਬੂਹਰ, ਪਰਮ ਹੰਸ ਚੂਹਰ, ਕੁਨੀਤ ਪਰਧਾਨੀ ਕੋ। ਬਰਦੀਆ ਸਾਪ ਹੋਤ,
ਬੈਰੀ ਸਮ ਬਾਪ ਹੋਤ, ਪੁੰਨ ਕੀਏ ਪਾਪ ਹੋਤ, ਸਾਂਪ ਹੋਤ ਸਾਈਂ ਕੋ। ਕਾਮਧੇਨ ਗੱਧਾ ਹੋਤ,
ਸੂਰਮਾ ਭਗੱਧਾ ਹੋਤ, ਭੂਪਤਿ ਮੰਗੱਧਾ, ਗਜ ਛੇਰਾ ਹੋਤ ਹਾਥੀ ਕੋ। ਸਿਆਰ ਸਮ ਸੇਰ
ਹੋਤ, ਨਿਧਨੀ ਕੁਬੇਰ ਹੋਤ, ਦਿਨਨ ਕੇ ਫੇਰ ਹੋਤ, ਮੇਰ ਹੋਤ ਰਾਈ ਕੋ।" ਚੌਦਾਂ ਮਹੀਨੇ
ਪਰਬਤਾਂ ਵਿੱਚ ਖੱਜਲ ਖੁਆਰ ਹੋ ਕੇ ਛੇਕੜ ਲੁਧਿਆਣੇ ਅੰਗ੍ਰੇਜ਼ਾਂ ਦੇ ਬੂਹੇ ਜਾ ਡਿੱਗਾ, ਸਰਕਾਰ
ਅੰਗ੍ਰੇਜ਼ੀ ਨੇ ਦਯਾ ਕਰ ਕੇ ੨੨ ਹਜ਼ਾਰ ਪਿਨਸ਼ਨ ਸਾਲਾਨਾ ਕਰ ਦਿੱਤੀ। ਲਾਹੌਰ ਵਿੱ
ਚ ਏਹ ੬੦ ਹਜ਼ਾਰ ਦੀ ਜਾਗੀਰ ਤੇ ਢਾਈ ਸੌ ਰਸਤ ਖਾਂਦਾ ਸੀ।

ਸਿੰਧ ਦੇ ਵਕੀਲ ਆਏ ਹਰੀਪੁਰ ਫਤੇ

ਸੰ: ੧੮੭੩ ਬਿ: ਨੂੰ ਮਹਾਰਾਜੇ ਨੂੰ ਅੰਮ੍ਰਿਤਸਰ ਦੀਪਮਾਲਾ ਦੇ ਮੇਲੇ ਉੱਪਰ ਸਿੰਧੀ ਵ
ਕੀਲਾਂ ਨੇ ਆ ਕਰ ਹਦ ਬੰਦੀ ਤੇ ਅੱਗਾ ਚਾਰੀ ਦੀ ਲਿਖਤ ਪਾਈ ਤੇ ਤੋਹਫੇ ਦੇ, ਖਿਲਤ ਲੈ
ਬਿਦਾ ਹੋਏ। ਤਰੈ ਗੀ ਦੀਵਾਨ ਭਵਾਨੀ ਦਾਸ ਹਰੀਪੁਰ ਦਾ ਕਿਲਾ ਫਤੇ ਕਰ ਆਯਾ, ਮ
ਹਾਰਾਜੇ ਨੇ ਖੁਸ਼ੀ ਦੀ ਸਲਕ ਕਰਾਈ।

ਮੁਲਤਾਨ ਦਾ ਹਾਲ

ਉਸ ਸਮੇ ਮੁਲਤਾਨ ਦੇ ਵਕੀਲ ਨੇ ਖਬਰ ਦਿੱਤੀ ਕੇ ਕਾਬੁਲ ਦਾ ਵਜ਼ੀਰ ਮੁਲਤਾਨ ਉ
ਤੇ ਚੜ੍ਹਾਈ ਕਰਨ ਲਈ ਕਾਲੇ ਬਾਗੀ ਆ ਪਹੁੰਚਿਆ ਹੈ। ਮਹਾਰਾਜੇ ਨੇ ਸਾਹਜ਼ਾਦੇ ਖ
ੜਗ ਸਿੰਘ ਨੂੰ ਚਾਰ ਪਲਟਨਾਂ ਦੇ ਤੋਪਖਾਨੇ ਦੇ ਕੇ ਉਧਰ ਤੋਰ ਦਿੱਤਾ। ਵਜ਼ੀਰ ਏਹ ਸੁਣ
ਕੇ ਪਿੱਛੇ ਮੁੜ ਗਿਆ। — ਪੋਹ ਦੇ ਮਹੀਨੇ ਰਾਜਾ ਅਜਬ ਸਿੰਘ ਜਸਰੋਟੇ ਵਾਲੇ ਦੇ
ਮਰਨੇ ਬਾਦ ਉਸ ਦੇ ਪੁੱਤ੍ਰ ਤੋਂ ਇੱਕ ਲੱਖ ਰੁਪਯਾ ਲੈ ਕੇ ਗੱਦੀ ਉੱਤੇ ਬੈਠਾ ਦਿੱਤਾ।

ਕਸ਼ਮੀਰ ਪਰ ਚੜ੍ਹਾਈ

ਏਸੇ ਸਮੇ ਮਹਾਰਾਜੇ ਨੇ ਤਾਬੇਦਾਰਾਂ ਸਰਦਾਰਾਂ, ਤੇ ਰਾਜਿਆਂ ਦੀ ਫੌਜ ਸਮੇਤ ਕਸ਼ਮੀਰ ਉੱਤੇ
ਚੜ੍ਹਾਈ ਕੀਤੀ। ਦੀਵਾਨ ਮੁਹਕਮਚੰਦ ਜੇਹੇ ਸਿਆਣੇ ਸਿਆਣੇ ਆਦਮੀ ਸਭ ਬਰਜ ਰਹੇ
ਪਰ ਮਹਾਰਾਜੇ ਨੇ ਆਪਣੀ ਜਿੱਦ ਨਾਂ ਛਡੀ ਜਿਸ ਦਾ ਫਲ ਏਹ ਹੋਯਾ ਕੇ ਜਦ ਭਿੰਬਰ
ਹੋ ਕੇ ਰਜੌਰੀ ਪਹੁੰਚੇ ਤਾਂ ਉਥੋਂ ਦੇ ਰਾਜੇ ਅਗਰ ਖਾਂ ਨੇ ਮਨ ਵਿੱਚ ਖੋਟ ਰੱਖ ਕੇ ਉੱਪਰੋਂ ਪ੍ਯਾ
ਰ ਜ਼ਾਹਰ ਕੀਤਾ। ਮਹਾਰਾਜੇ ਦੇ ਪੁੱਛੇ ਤੋਂ ਫੌਜ ਖਾਲਸੇ ਨੂੰ ਖੋਟੇ ਰਸਤੇ ਪਾ ਦਿੱਤਾ। ਅੱਧੀ
ਫੌਜ ਜੋ ਮਹਾਰਾਜੇ ਦੇ ਨਾਲ ਸੀ ਉਸ ਨੂੰ ਤਾਂ ਨੌਸ਼ੇਰੇ ਦੇ ਮੈਦਾਨ ਥਾਣੀ ਪੁਣਛ ਪਹੁੰਚ ਕੇ ਕ
ਸ਼ਮੀਰ ਜਾਣਾ ਦੱਸਿਆ। ਦੂਜੇ ਹਿੱਸੇ ਨੂੰ ਜੋ ਰਾਮਦਯਾਲ ਦੀ ਕਮਾਨ ਵਿੱਚ ਸੀ ਉਸ ਨੂੰ

Digitized by Panjab Digital Library | www.panjabdigilib.org

ਬਹਿਰਾਮਗਲੇ ਹੋਕਰ ਸਪੀਸਨ ਦੇ ਰਸਤੇ ਕਾਸ਼ਮੀਰ ਜਾਣਾ ਬਤਾਯਾ। ਜਦ ਏਹ ਫੌ ੩੮੧
ਜ ਪਹਾੜਾਂ ਦੀਆਂ ਖੱਡਾਂ ਵਿਚ ਖੁਆਰ ਹੁੰਦੀ ਹੋਈ ਬਹਿਰਾਮਗਲੇ ਪੁੱਜੀ ਤਾਂ ਓਥੇ ਜੋ ਕਸ਼
ਮੀਰੀ ਫੌਜ ਦਰ੍ਹਾ ਮਾਰੀ ਬੈਠੀ ਸੀ ਅਚਾਚੇਤ ਭੇਡੂਆਂ ਵਾਂਗੂੰ ਸਿੰਘਾਂ ਨੂੰ ਆ ਚਿਮਟੀ।
ਸੰਮਤ ੧੮੭੨ ਬਿ: ਨੂੰ ਮਾਰਚ ਮਹੀਨੇ ਭਾਰੀ ਜੰਗ ਹੋਯਾ। ਸਿੰਘਾਂ ਨੇ ਚਪੇੜੇ ਵਾਂਙੂ
ਖਿਜ ਕੇ ਓਹ ਭੁਗੇਤਾ ਚਲਾਯਾ ਕੇ ਪਹਾੜਣ ਗੂੰਜ ਉਠਿਆ ਤੇ ਵੈਰੀਆਂ ਨੂੰ ਤੁੰਬ ਕੇ ਸਿੱਟ ਦਿ
ਤਾ। ਬਹਿਰਾਮਗਲੇ ਦੇ ਕਿੱਲੇ ਉੱਤੇ ਆਪਣਾ ਦਖਲ ਕਰਕੇ ਅੱਗੇ ਨੂੰ ਦਬ ਪਏ। ਜਦ ਪੀ
ਰਪੰਜਾਲ ਦੀ ਚੋਟੀ (ਜੋ ਅਤਿ ਉੱਚੀ ਸੀ) ਲੰਘਣੀ ਚਾਹੀ ਤਾਂ ਪਠਾਣਾਂ ਨੇ ਆ ਰੋਕੇ, ਭਾਰੀ
ਭੁਟ ਭੇੜ ਕਰਕੇ, ਉਨ੍ਹਾਂ ਦੇ ਦੰਦ ਤੋੜ, ੨੨ ਜੁਲਾਈ ਨੂੰ ਪੀਰਪੁਰ ਮੁਠ ਭੇੜ ਜਾ ਕੀਤੀ। ਸਿੰ
ਘਾਂ ਦੀ ਤੇਗ ਤਾਂ ਸ਼ਿਵ ਜੀ ਦੀ ਤ੍ਰਿਸੂਲ ਵਾਂਙੂ ਉੱਘੀ ਹੈ। ਪੀਰਪੁਰੇ ਸਪੀਸਨ ਤਕ ਪਠਾ
ਣਾਂ ਨੂੰ ਵੱਢਦੇ ਚਲੇ ਗਏ। ਅਗਲੇ ਦਿਨ ਸਪੀਸਨ ਦੇ ਪਾਸ ਅਮੀਰ ਕਾਬਲ ਦਾ ਭਤੀ
ਜਾ ਫਿਸਕੋਰਖਾਂ ਬੇਸ਼ੁਮਾਰ ਪਠਾਣਾਂ ਨੂੰ ਲੈ ਕੇ ਆ ਜੁੱਟਾ। ਜਾਂ ਦਸ ਪਠਾਣ ਜਾਨਾਂ ਤੋ
ੜ ਕੇ ਲੜੇ ਪਰ ਛੇਕੜ ਸਿੰਘਾਂ ਨੇ ਉਨ੍ਹਾਂ ਦੇ ਛੱਕੇ ਛੁਡਾ ਦਿੱਤੇ। ਪਠਾਣ ਨੱਠਣ ਨੂੰ ਤਯਾਰ
ਹੀ ਸਨ ਕੇ ਕੁਦਰਤੀ ਇਕ ਬਦਲੀ ਆ ਕੇ ਬੂੰਦ ਬਰਸਣ ਲੱਗ ਪਈ। ਪਠਾਣ ਤਾਂ ਘਰ
ਦੇ ਗਿੱਝੇ ਹੋਏ ਸਨ ਉਨ੍ਹਾਂ ਨੂੰ ਤਾਂ ਓਹ ਅੰਮ੍ਰਿਤ ਹੋ ਗਈ, ਪਰ ਸਿੰਘਾਂ ਨੂੰ ਓਸ ਸੀਤ ਨੇ ਐ ਸਿੰਘਾਂ ਦੀ ਹਾਰ
ਸਾ ਜਕੜਿਆ, ਮਾਰੇ ਠੰਢ ਦੇ ਹੱਥ ਪੈਰ ਚੱਲਣੇ ਰਹਿ ਗਏ। ਫੇਰ ਤਾਂ ਪਠਾਣਾਂ ਦੀ ਚੜ੍ਹ
ਮੱਚੀ ਜੇਹੜੇ ਨੱਠਣ ਨੂੰ ਤਯਾਰ ਸੇ ਮਾਰਨ ਨੂੰ ਕੁੱਦ ਪਏ। ਬੇਦਰਦ ਵੈਰੀਆਂ ਨੇ ਚਟਪਟ ਹੀ
ਤਿੰਨਕ ਹਜ਼ਾਰ ਸਿੰਘ ਨੂੰ ਪਾਰ ਬੁਲਾਯਾ। ਏਸ ਜੰਗ ਵਿੱਚ ਜੀਉਣਮੱਲ (ਸ਼ਾਹਜ਼ਾਦੇ
ਖੜਗਸਿੰਘ ਦਾ ਸੇਨਾਪਤੀ ਮਸ਼ਹੂਰ ਬਹਾਦਰ) ਸਰਦਾਰ ਫਤੇਸਿੰਘ, ਕਾਨ੍ਹਸਿੰਘ, ਸੋ
ਭਾਸਿੰਘ, ਦੀਵਾਨਸਿੰਘ, ਮਹੰਮਦਖਾਂ ਆਦਿਕ ਬਡੇ ੨ ਜੋਧੇ ਤੇ ਅਫਸਰ ਮਾਰੇ ਗਏ। ਪਰ
ਤੂ ਸੂਰਮਿਆਂ ਦੇ ਹੌਸਲੇ ਵਿੱਚੇ ਰਹਿ ਗਏ, ਹੱਥ ਪੈਰ ਨਾ ਹਿੱਲੇ।

ਫੇਰ ਤਾਂ ਸਿੰਘ ਦੌੜ ਦੌੜ ਕੇ ਪਹਾੜੀਆਂ ਦੇ ਘਰਾਂ ਵਿੱਚ ਮੱਲੋ ਮਲੀ ਵੜ ਬੈਠੇ। ਦੀਵਾਨ
ਰਾਮਦਯਾਲ ਨੇ ਭੀ ਸ੍ਰੀਨਗਰ ਪਾਸ ਇੱਕ ਪਿੰਡ ਵਿੱਚ ਲੁਕ ਕੇ ਜਾਨ ਬਚਾਈ। ਜਦ ਦਿ
ਨ ਚੜ੍ਹ ਆਯਾ ਤੇ ਵਰਖਾ ਹਟੀ ਤਾਂ ਸਿੰਘਾਂ ਨੂੰ ਹੋਸ਼ ਆਈ ਤੇ ਰਾਮਦਯਾਲ ਨੇ ਸਿੰਘਾਂ ਨੂੰ ਕ
ਠੇ ਕਰਕੇ ਲੁੱਟਮਾਰ ਦਾ ਪ੍ਰਚਾਰ ਕੀਤਾ। — ਉਧਰ: ਮਹਾਰਾਜੇ ਦੇ ਨਾਲ ਦੀ ਫੌਜ ਜੋ
ਪੁਣਛ ਰਜੌਰੀ ਤੇ ਕੇ ਦੇਸ ਉੱਤੇ ਕਬਜ਼ਾ ਕਰਦੀ ਹੋਈ ਮੰਡੀ ਤਕ ਪਹੁੰਚ ਪਈ ਸੀ, ਏਸੇ

Digitized by Panjab Digital Library | www.panjabdigilib.org

੩੮੨ ਬਰਫ਼ ਤੇ ਸੀਤ ਦੀ ਘਟ ਮੇਲੀ ਵਿੱਚ ਫਸ ਕੇ ਤੋਸ਼ੂ ਦੇ ਮੈਦਾਨ ਵਿੱਚ ਉਸਨੇ ਬੀ ਓਹੋ ਮੁਸੀਬਤ ਉਠਾਈ ਜੋ ਸਪੀਸਨ ਵਾਲਿਆਂ ਨੇ ਭੋਗੀ ਸੀ। ਦਲਸਿੰਘ, ਜੋਧਸਿੰਘ ਗੁਰਬਖਸ਼ਸਿੰਘ ਧਾਰੀ ਮਤਸਿੰਘ ਭੜਾਣੀਏ ਜੇਹੇ ਅਨੇਕ ਸਰਦਾਰ, ਦੋ ਹਜ਼ਾਰ ਸਿਪਾਹੀ ਸਮੇਤ ਉਥੇ ਬੀ ਸੀਤ ਦੀ ਬੇਹੋਸੀ ਵਿੱਚ ਮਾਰੇ ਗਏ। ਫੌਜ ਦੀ ਦੁਰਦਸ਼ਾ ਸੁਣ ਕੇ ਮਹਾਰਾਜ ਬਹੁਤ ਘਬਰਾਏ ਤੇ ਆਪਣੀ ਭੁੱਲ ਉੱਤੇ ਪਛੁਤਾਏ। — ਦੀਵਾਨ ਰਾਮਦਿਆਲ ਨੂੰ ਕਢ ਲਿਆਉਣ ਵਾਸਤੇ ਭਾਈ ਰਾਮਸਿੰਘ ਤੇ ਕੁਤਬਦੀਨਖਾਂ ਨੂੰ ਪੰਜ ਹਜ਼ਾਰ ਅਸਵਾਰ ਦੇ ਕੇ ਉਸਦੀ ਕੁਮਕ ਭੇਜਿਆ ਤੇ ਏਧਰ ਹਰੀਸਿੰਘ ਨਲੂਏ ਨੂੰ ਦਸ ਹਜ਼ਾਰ ਫੌਜ ਦੇ ਕੇ ਤੋਸ਼ੂ ਦੇ ਮੈਦਾਨ ਵਾਲੀ ਫੌਜ ਦੀ ਸਹਾਇਤਾ ਲਈ ਭੇਜਿਆ ਤੇ ਆਪ ਵਾਹਗੁਰੂ ਵਾਹਗੁਰੂ ਬੋਲਦੇ ਹੋਏ ਮਹਾਰਾਜ ਨੇ ਲਾਹੌਰ ਆਇ ਦਮ ਲੀਤਾ। — ਸਰਦਾਰ ਹਰੀਸਿੰਘ ਤਾਂ ਤੋਸ਼ੂ ਵਾਲੀ ਫੌਜ ਨੂੰ ਕੱਢ ਲਿਆਯਾ ਪਰ ਭਾਈ ਰਾਮਸਿੰਘ ਜੀ ਤਾਂ ਡਰ ਦੇ ਮਾਰੇ ਬਹਿਰਾਮਗਲਾ ਭੀ ਨਾ ਟੱਪ ਸੱਕੇ ਰਾਮਦਿਆਲ ਨੂੰ ਕਿਥੋਂ ਲਿਆਉਂਦੇ। ਇਸ ਕੁਦਰਤੀ ਕਹਿਰ ਨੇ ਸਬ ਨੂੰ ਕੰਬ ਦਿੱਤਾ। ਰਾਮਦਿਆਲ ਨੇ ਜੋ ਵੈਰੀਆਂ ਦੇ ਮੂੰਹ ਵਿੱਚ ਜਾ ਫਸਿਆ ਸੀ ਆਪਣੀ ਕੁਲ ਦੀ ਲਾਜ ਤੇ ਸੂਰਬੀਰਤਾ ਨਾਂ ਛੱਡੀ, ਜੇਹੜੀ ਫੌਜ ਇੱਕ ਦਿਨ ਮਰੀ ਸੋ ਮਰ ਚੁਕੀ, ਫੇਰ ਤਾਂ ਉਸਨੇ ਫੌਜ ਖਾਲਸੇ ਨੂੰ ਦਲੇਰੀ ਤੇ ਹੌਸਲਾ ਦੇ ਕੇ ਐਸਾ ਧੀਰਜ ਦਾ ਪੁਤਲਾ ਬਣਾ ਲਿਆ ਜੋ ਸਿੰਘਾਂ ਸਾਰੀ ਕਰਕੇ ਕਸ਼ਮੀਰੀ ਲੋਗਾਂ ਨੂੰ ਐਸੇ ਹੱਥ ਦਿਖਾਏ, ਦੇਸ ਵਿੱਚ ਥਰਥੱਲਾ ਪਾ ਦਿੱਤਾ, ਕਿਸੇ ਪਿੰਡ ਵਿੱਚ ਭੇਡ, ਬਕਰੀ ਅੰਨ, ਕਪੜਾ, ਜ਼ਰ, ਜ਼ੇਵਰ, ਮੇਵਾ ਨਾ ਛੱਡਿਆ, ਪਰਬਤੀ ਮਾਣੂਆਂ ਨੂੰ ਸਿੰਘ ਐਸੇ ਫਰੇਸ਼ਤੇ ਹੋ ਕੇ ਚਿਮੜੇ ਜੋ ਅਜੇ ਤੀਕਰ ਨਹੀਂ ਭੁੱਲੇ। ਜਦ ਸੂਬੇ ਕਸ਼ਮੀਰ ਦੀ ਫੌਜ ਬੀ ਹਾਰ ਖੜੇਤੀ ਤੇ ਦੇਸ ਭੀ ਉਜਾੜ ਹੁੰਦਾ ਜਾਏ ਤਾਂ ਸੂਬੇ ਕਸ਼ਮੀਰ ਨੇ ਮਹਾਰਾਜਾ ਲਾਹੌਰ ਦੀ ਕਾਣ ਮੰਨ ਲਈ, ਜਾਂ ਉਸਦੇ ਭੇਜੇ ਹੋਏ ਤੋਹਫ਼ੇ ਲਾਹੌਰ ਪਹੁੰਚ ਪਏ ਤਾਂ ਰਾਮਦਿਆਲ ਨੇ ਉਸਦਾ ਖਿਆਲ ਛੱਡਿਆ।

ਦੀਵਾਨ ਮੁਹਕਮ ਚੰਦ ਦਾ ਮਰਨਾ

੧੫ ਕਤਕ ਸੰ: ੧੮੭੩ ਬਿ: ਨੂੰ ਦੀਵਾਨ ਮੁਹਕਮਚੰਦ ਦੇ ਗੁਜ਼ਰਨੇ ਦਾ ਮਹਾਰਾਜ ਨੇ ਤਾਂ ਅਫ਼ਸੋਸ ਕਰਨਾ ਹੀ ਸੀ ਪਰ ਏਸਦਾ ਸ਼ੋਕ ਸਾਰੀ ਬਾਦਸ਼ਾਹਤ ਨੇ ਮਨਾਯਾ, ਕੌਂਕੇ ਮਹਾਰਾਜੇ ਰਣਜੀਤਸਿੰਘ ਦੀਆਂ ਬਾਹਾਂ ਦੀਵਾਨ ਮੁਹਕਮਚੰਦ ਤੇ ਸਰਦਾਰ ਹਰੀਸਿੰਘ ਗਿਣੇ ਜਾਂਦੇ ਸੇ, ਤੇ ਸੱਚ ਭੀ ਏਹੋ ਹੈ ਕੇ ਜਿਤਨਾ ਮੁਲਕ ਏਹ ਫਤੇ ਕਰ ਗਏ ਸੋ ਕਰ ਗਏ, ਪਿਛੇ ਜਿਸ ਦਿਨ ਤੋਂ ਏਹ ਗੁਜ਼ਰੇ ਫੇਰ ਕੋਈ ਨਵਾਂ ਮੁਲਕ ਯਾ ਪਰਗਨਾ ਫਤੇ ਨਾ ਹੋਯਾ।

Digitized by Panjab Digital Library | www.panjabdigilib.org

।ਸਰਕਾਰ ਨੇ ਮੁਹਕਮਚੰਦ ਦੇ ਪੁੱਤ੍ਰ ਮੋਤੀਰਾਮ ਨੂੰ ਉਸਦੀ ਜਗ੍ਹਾ, ਤੇ ਮੋਤੀਰਾਮ ਦੇ ਬੇਟੇ ਰਾਮ ੩੮੩
ਦਿਆਲ ਨੂੰ ਸੈਨਾਪਤੀ ਬਣਾਯਾ।

ਅੰਗ੍ਰੇਜ਼ੀ ਵਕੀਲ ਦਾ ਮਿਲਾਪ

ਮਹਾਰਾਜਾ ਅੰਮ੍ਰਿਤਸਰ ਦੀਪਮਾਲਾ ਪਰ ਗਏ ਤਾਂ ਓਥੇ ਅੰਗ੍ਰੇਜ਼ੀ ਵਕੀਲ (ਮਯਭੂਲ ਨਬੀਖਾਂ) ਨੇ ਹਾਜ਼ਰ ਹੋਕੇ ਲਾਟ ਸਾਹਿਬ ਗਵਰਨਮੈਂਟ ਅੰਗ੍ਰੇਜ਼ੀ ਦੀ ਤਰਫੋਂ ਅਰਜ਼ ਕੀਤੀ ਕੇ ਜੇਕਰ ਆਪ ਕਹੋ ਤਾਂ ਕਸ਼ਮੀਰ ਫਤੇ ਵਾਸਤੇ ਫੌਜ ਖਾਲਸੇ ਦੀ ਸਹਾਯਤਾ ਲਈ ੧੨ ਹਜ਼ਾਰ ਅੰਗ੍ਰੇਜ਼ੀ ਫੌਜ ਭੇਜੀ ਜਾਵੇ। ਮਹਾਰਾਜੇ ਨੇ ਸਰਕਾਰ ਅੰਗ੍ਰੇਜ਼ੀ ਦੀ ਏਸ ਮਿਹਰਬਾਨੀ ਦਾ ਧੰਨਵਾਦ ਕਰਕੇ ਆਖਿਆ, ਕਸ਼ਮੀਰ ਤਾਂ ਕੀ ਚੀਜ਼ ਹੈ, ਖਾਲਸਾ ਜੀ ਚੀਨ ਮਚੀਨ ਜਿੱਤਣ ਨੂੰ ਸਮਰੱਥ ਹੈ ਜੇ ਲੋੜ ਹੋਊ ਤਾਂ ਕੁਮਕ ਲਈ ਜਾਊ।

ਫੂਲਾ ਸਿੰ: ਦਾ ਪਕੜੇ ਜਾਣਾ।

ਫੂਲਾ ਸਿੰਘ ਅਕਾਲੀ ਜੋ ਰਾਮੂ ਸਿੰਘ ਬੈਰਾੜ, ਅੰਤੂ ਸਿੰਘ ਗਿੱਲ, ਦਲਾ ਸਿੰਘ ਬੈਰੋਗੀ ਏ ਆਦਿਕ ਅਨੇਕ ਨਾਮੀ ੨ ਧਾੜਵੀਆਂ ਨੂੰ ਨਾਲ ਲੈਕੇ ਮੁਲਕ ਨੂੰ ਲੁੱਟਦਾ ਫਿਰਦਾ ਸੀ ਮਹਾਰਾਜੇ ਨੇ ਜ਼ਿੱਚ ਹੋਕੇ ਦੀਵਾਨ ਮੋਤੀ ਰਾਮ ਨੂੰ ਲਿਖਿਆ ਕੇ ਫੂਲਾ ਸਿੰਘ ਨੂੰ ਫੜਕੇ ਲਾਹੌਰ ਭੇਜ ਦੇਓ। ਮੋਤੀਰਾਮ ਨੇ ੧ ਚੇਤ ਸੰ: ੧੮੭੩ ਬਿ: ਨੂੰ ਮੁਕਤਸਰ ਪਾਸ ਫੂਲਾ ਸਿੰਘ ਨੂੰ ਜਾ ਘੇਰਿਆ। ਥੋੜੀ ਜੇਹੀ ਲੜਾਈ ਕਰਕੇ ਫੂਲਾ ਸਿੰਘ ਨੱਠ ਤੁਰਿਆ, ਪਰ ਕੋਟ ਕਪੂਰੇ ਤੋਂ ਫੜਕੇ ਲਾਹੌਰ ਭੇਜਿਆ ਗਿਆ। ਮਹਾਰਾਜ ਨੇ ਉਸਨੂੰ ਸੂਰਬੀਰ ਸਮਝ ਕੇ ਮਾਰਨਾ ਚੰਗਾ ਨਾ ਜਾਣਿਆਂ ਸਗੋਂ ਅਕਾਲ ਰਜਮਟ ਵਿੱਚ ਜਮਾਦਾਰ ਬਣਾਕੇ ਅਟਕ ਦੀ ਮੁਹਿੰਮ ਉੱਤੇ ਭੇਜ ਦਿੱਤਾ, ਜੋ ਅੰਤ ਨੂੰ ਉਧਰੇ ਸ਼ਹੀਦ ਹੋ ਗਿਆ।

ਅੰਗ੍ਰੇਜ਼ਾਂ ਨਾਲ ਗੋਰਖੀਆਂ ਦਾ ਜੰਗ

ਏਸੇ ਸਾਲ ਤੋਂ ਸਰਕਾਰ ਅੰਗ੍ਰੇਜ਼ੀ ਤੇ ਅਮਰ ਸਿੰਘ ਗੋਰਖੀਏ ਦਾ ਕਈ ਮਹੀਨੇ ਟਾਕਰਾ ਲੱਗਾ ਰਿਹਾ। ਮਹਾਰਾਜ ਨੇ ਭੀ ਸਰਕਾਰ ਅੰਗ੍ਰੇਜ਼ੀ ਦੀ ਵਾਂਗੂ ਮਦਦ ਦੇਣੀ ਚਾਹੀ ਸੀ, ਪਰ ਲੋਣੀ ਅਕਟਰ ਨੇ ਗਵਰਨਮੈਂਟ ਦੀ ਵੱਲੋਂ ਆਖਿਆ ਜੋ ਕਿਸੇ ਵੱਡੇ ਜੁੱਧ ਵਿੱਚ ਸਹਾਯਤਾ ਲਵਾਂਗੇ ਹੁਣ ਨਹੀਂ ਲੈਂਦੇ। —

ਦੀਨਾਨਾਥ ਦੀ ਨੌਕਰੀ

ਏਸੇ ਸਾਲ ਹੀ ਪੰਡਿਤ ਦੀਨਾਨਾਥ ਦਿੱਲੀ ਤੋਂ ਆਕੇ ਨੌਕਰ ਹੋਯਾ ਸੀ ਜੋ ਫੇਰ ਆਪਣੀ ਅਕਲ ਤੇ ਇਲਮ ਦੇ ਜ਼ੋਰ ਦੀਵਾਨ ਤੇ ਰਾਜਾ ਬਣ ਗਿਆ।

ਏਸੇ ਸਾਲ ਵਿੱਚ, ਕਸ਼ਮੀਰ ਦੀ ਮੁਹਿੰਮ ਉੱਪਰ ਨਾ ਜਾਣ ਕਰਕੇ ਜੋਧ ਸਿੰਘ ਰਾਮਗੜੀਏ ਦਾ ਇਲਾਕਾ ਜ਼ਬਤ ਹੋਯਾ ਤੇ ਭਿੰਬਰ ਤੇ ਰਜੌਰੀ ਦੇ ਰਾਜਿਆਂ ਨੇ ਜੋ ਦਗਾ ਕਰਕੇ ਮਹਾਰਾਜੇ ਦੀ ਫੌਜ ਨੂੰ ਖੋਟੇ ਰਸਤੇ ਪਾਯਾ ਸੀ ਉਸਦਾ ਬਦਲਾ ਦੀਵਾਨ ਰਾਮ ਦਿਆਲ ਤੇ ਦਲ ਸਿੰਘ ਨੇ ਏਹ ਦਿੱਤਾ ਕੇ ਉਨ੍ਹਾਂ ਦਾ ਸਾਰਾ ਇਲਾਕਾ ਪੀਰਪੰਜਾਲ ਤਕ ਜੰਗ ਕਰਕੇ

Digitized by Panjab Digital Library | www.panjabdigilib.org

੩੨੫ ਫਤੇ ਕਰ ਲਿਆ ਤੇ ਆਪਣੇ ਥਾਣੇ ਬੈਠਾਏ।

ਮੁਲਤਾਨ ਦੀ ਚੜ੍ਹਾਈ

੭ ਚੇਤ੍ਰ ਸੰ: ੧੮੭੩ ਬਿ: ਨੂੰ ਮਹਾਰਾਜੇ ਨੇ ਸ੍ਰਦਾਰ ਫਤੇ ਸਿੰਘ ਆਲੂਵਾਲੀਏ ਆਦਿਕ ਸਰਦਾਰਾਂ ਸਮੇਤ ਮੁਲਤਾਨ ਵੱਲੀ ਕੂਚ ਕੀਤਾ। ਪਾਕਪਟਨ ਗਏ ਤਾਂ ਉਥੋਂ ਵਾਲੇ ਸ਼ੇਖ ਯਾਰ ਮੁਹੰਮਦ ਖਾਂ ਨੇ ਇੱਕ ਤੇਗਾ ਜੜਾਊ ਮੁਠ, ਇੱਕ ਘੋੜਾ ਨਜ਼ਰ ਕਰ ਨੌ ਹਜ਼ਾਰ (੯੦੦੦) ਰੁਪਯਾ ਸਾਲਾਨਾ ਕਰ ਦੇਣਾ ਲਿਖ ਦਿੱਤਾ। — ਏਥੋਂ ਅੱਗੇ ਤੁਰੇ ਤਾਂ ਸੂਬੇਦਾਰ ਕਿਸ਼ਨਦਾਸ ਬਹਾਵਲਪੁਰੀਏ ਦੇ ਵਕੀਲ ਨੇ ਅੱਸੀ ਹਜ਼ਾਰ (੮੦੦੦੦) ਕਰ ਦੋ ਸਾਲ ਦਾ ਪਿਛਲਾ ਦੇ ਕੇ ਅੱਗੇ ਨੂੰ ਸੱਤਰ ਹਜ਼ਾਰ (੭੦੦੦੦) ਸਾਲਾਨਾ ਲਿਖ ਕੇ ਜਾਨ ਬਚਾਈ। ਉਸੇ ਸਮੇ ਤੁਲੰਭਾ, ਲੀਆ, ਨੂਰਪੁਰ ਥਲਾਂ ਦਾ ਫਤੇ ਕਰ ਸ੍ਰਦਾਰ ਫਤੇ ਸਿੰਘ ਨੂੰ ਦਿੱਤਾ।

੧੫ ਚੇਤ ਨੂੰ ਹੜੱਪੇ ਗਏ ਤਾਂ ਉਥੇ ਸੱਯਦ ਮਹਸਨ ਸ਼ਾਹ ਮੁਲਤਾਨ ਦੇ ਵਕੀਲ ਨੇ ਹਾਜ਼ਰ ਹੋਕੇ ਕਈ ਘੋੜੇ ਹਥਿਆਰ ਨਜ਼ਰ ਦੇਕੇ ਅਰਜ਼ ਕੀਤੀ ਜੋ ਇੱਕ ਲੱਖ ੨੦ ਹਜ਼ਾਰ (੧੨੦੦੦੦) ਰੁਪਯਾ ਮਹਾਰਾਜ ਨੇ ਮੰਗਿਆ ਹੈ ਸੋ ੪੦ ਹਜ਼ਾਰ ਹੁਣ ਲਓ ਬਾਕੀ ਦੋ ਮਹੀਨੇ ਨੂੰ ਲੈ ਲੈਣਾ। ਪਰ ਏਹ ਗਲ ਮਹਾਰਾਜੇ ਨੇ ਨਾ ਮੰਨੀ। ਅਹਿਮਦਾਬਾਦ ਦਾ ਕਿਲਾ ਫਤੇ ਕਰ ਸ਼ੁਜਾਂਪਰ ਹੋ, ਸਾਲਵਨ ਦੇ ਮੁਕਾਮ ਉਤਰਕੇ, ਮੁਲਤਾਨ ਵੱਲੀ ਫੌਜ ਤੋਰੀ। ਜਿਸ ਵਿੱਚ ਨਿਹੰਗ ਫੂਲਾ ਸਿੰਘ ਤੇ ਹਰੀ ਸਿੰਘ ਨਲੂਏ ਜੇਹੇ ਬਹਾਦ੍ਰਾਂ ਨੇ ਜਾਂਦਿਆਂ ਸਾਰ ਮੁਲਤਾਨ ਦੇ ਅੱਧੇ ਪਾਸੇ ਲੁੱਟ ਮਚਾ ਦਿੱਤੀ, ਛੇਕੜ ਨਵਾਬ ਨੇ ਏਸ ਧੱਕੜ ਪੰਥ ਤੋਂ ਡਰਕੇ ਭਵਾਨੀ ਦਾਸ ਦੇ ਰਾਹੀਂ ਅੱਸੀ ਹਜ਼ਾਰ (੮੦੦੦੦) ਦੇ ਕੇ ਬਾਕੀ ਦਾ ਉਧਾਰ ਕੀਤਾ ਤਾਂ ਖਿਆਲ ਛੁਡਾਯਾ।

ਮਨਕੇਰੇ ਪਰ ਚੜ੍ਹਾਈ

ਏਸ ਦੇਸ ਦੇ ਰਈਸਾਂ ਜ਼ਿਮੀਦਾਰਾਂ ਤੋਂ ਨਜ਼ਰਾਨੇ ਲੈਕੇ ਮਨਕੇਰੇ ਵਲ ਬਾਗ ਚੁੱਕੀ ਤੇ ਸੁਜਾਨਰਾਇ ਨੂੰ ਉਥੋਂ ਦੇ ਨਵਾਬ ਪਾਸ ਭੇਜ ਕੇ ਸਵਾ ਲੱਖ (੧੨੫੦੦੦) ਰੁਪਯਾ ਮੰਗਿਆ। ਭਲਾ ਉਸ ਨੇ ਏਤਨਾ ਰੁਪਯਾ ਕਿੱਥੋਂ ਦੇਣਾ ਸੀ, ਆਪਣੇ ਵਿੱਤ ਮੂਜਬ ੨੦ ਹਜ਼ਾਰ (੨੦੦੦੦) ਰੁਪਯਾ ਰਾਇ ਪੰਡੀਦਾਸ ਦੇ ਹੱਥੀਂ ਭੇਜ ਦਿੱਤਾ। ਏਸ ਪਰ ਮਹਾਰਾਜੇ ਨੇ ਗੁੱਸੇ ਹੋ ਕਰ ਉਸ ਦੀ ਸੋਧਣਾ ਦਾ ਹੁਕਮ ਦਿੱਤਾ। (ਇੱਕ ਕਰੇਲਾ ਦੂਜੇ ਨਿੰਮ ਚੜ੍ਹਿਆ। ਇੱਕ ਬਾਂਦਰ ਦੂਜੇ ਬਿੱਛੂ ਲੜਿਆ) ਫੂਲਾ ਸਿੰਘ ਜੇਹੇ ਭੁਜੰਗੀ ਛੜਾਪ ਛੜਪ ਸੁੱਖੇ ਛਕ ਕੇ ਕੁੱਦ ਪਏ। ਦੇਸ ਵਿੱਚ ਥਰਥੱਲਾ ਪਾ ਦਿੱਤਾ, ਤੁਰਕਾਨੀ ਤੋਬਾ ਤੋਬਾ ਕਰ ਉੱਠੀ। ਮੁਹੰਮਦਪੁਰ, ਖਾਂਨਗੜ੍ਹ, ਕੋਟ ਮੁਹੰਮਦ ਆਦਿਕ ਕਈ ਕਿਲੇ ਤੋਪਾਂ ਧਰਕੇ ਫਤੇ ਕਰ ਲਏ। ਓੜਕ ਨਵਾਬ ਸ਼ੇਰ ਮੁਹੰਮਦ ਖਾਂ ਨੇ ਮਹਾਰਾਜੇ ਦੇ ਚਰਨ ਆ ਫੜੇ ਤੇ ਪੰਜਾਹ ਹਜ਼ਾਰ (੫੦੦੦੦) ਨਕਦ ਦਿੱਤਾ ਅਤੇ ਬਾਕੀ ਵਿੱਚ ਰਾਜ

Digitized by Panjab Digital Library | www.panjabdigilib.org

ਪਿੰਡੀਦਾਸ ਨੂੰ ਜਾਮਨ ਦੇ ਕੇ ਜਾਨ ਬਚਾਈ। ਮਹਾਰਾਜ ਨੇ ਭੀ ਪਿੱਛੇ ਨੂੰ ਵਾਗ ਫੇਰੀ। ੩੮੫
ਫੇਰ ਅਹਿਮਦਖਾਂ ਸਿਆਲ ਤੇ ਸੰਜਰ ਰੱਜਬ ਅਲੀਖਾਂ ਉੱਚ ਵਾਲੇ ਦਾ ਖਚਰਊ ਦੇਖਕੇ ਝੰਗ ਤੇ ਉੱਚ ਦ ਜਬਤੀ
ਦੋਹਾਂ ਦੇ ਇਲਾਕੇ ਜਬਤ ਕਰ ਲਏ ਤੇ ਇਕ ਲਖ ੬੦ ਹਜਾਰ [੧੬੦੦੦੦] ਸਾਲਾਨਾ ਲੈਣਾ ਕਰਕੇ
ਸੁਖਦਿਆਲ ਖੱਤ੍ਰੀ ਨੂੰ ਇਜਾਰੇ ਪਰ ਦੇ ਦਿੱਤੇ, ਅਤੇ ਸੁਜਾਨਰਾਯ ਨੂੰ ਓਥੋਂ ਦਾ ਹਾਕਮ ਕੀ
ਤਾ। —— ੭ ਜੇਠ ਨੂੰ ਮਹਾਰਾਜੇ ਨੇ ਲਾਹੌਰ ਪਹੁੰਚ ਕੇ ਭਾਈ ਰਾਮਸਿੰਘ ਦੇ ਘਰ ਰਾਮਸਿੰ: ਦੀ ਜਬਤੀ
ਦੀ ਜ਼ਬਤੀ ਕੀਤੀ, ਕਯੋਂਕੇ ਏਸ ਨੇ ਸ਼ਾਹਸੁਜਾ ਦੀ ਬੇਗਮ ਤੋਂ ਵੱਢੀ ਲਈ ਸੀ। ਦੋ ਲੱਖ
ਦਾ ਮਾਲ ਤਾਂ ਭਾਈ ਰਾਮਸਿੰਘ ਦੇ ਘਰੋਂ ਨਿਕਲਿਆ ਤੇ ਉੱਤਮਚੰਦ ਸ਼ਾਹੂਕਾਰ ਦੇ ਘਰੋਂ
(ਜਿਸ ਨਾਲ ਏਸ ਦਾ ਲੈਣ ਦੇਣ ਸੀ) ਤਲਾਸ਼ੀ ਵਿੱਚ ਇੱਕ ਲੱਖ [੧੦੦੦੦੦] ਨੰਕਦ, ਢਾਈ ਲਖ [੨੫੦੦੦੦]
ਦੀਆਂ ਹੁੰਡੀਆਂ, ਚਾਰ ਲੱਖ [੪੦੦੦੦੦] ਦਾ ਹੀਰਾ ਮੋਤੀ (ਜੋ ਰਾਮਸਿੰਘ ਨੇ ਸ਼ਾਹਜ਼ਾਦੇ ਖੜਗ
ਸਿੰਘ ਤੋਂ ਪੜ੍ਹਾਉਣ ਦੇ ਸਮੇ ਘੂਰ ਘੂਰ ਕੇ ਲੀਤਾ ਸੀ) ਨਿਕਲਿਆ। ਜੋ ਏਹ ਸਬ ਮ
ਹਾਰਾਜੇ ਨੇ ਜ਼ਬਤ ਕਰ ਲਿਆ।

੧੫ ਮਾਘ ਸੰ: ੧੮੭੩ ਬਿ: ਨੂੰ ਬਸੰਤ ਪੰਚਮੀ ਦੇ ਦਿਨ ਮਹਾਰਾਜੇ ਨੇ ਇੱਕ ਵੱਡਾ ਦਰ
ਬਾਰ ਕਰਕੇ (ਜਿਸ ਵਿੱਚ ਸਾਰੀ ਪੰਜਾਬ ਦੇ ਰਈਸ, ਰਾਜੇ ਸੇ) ਟਿੱਕੇ ਖੜਗਸਿੰਘ ਨੂੰ ਰਾ ਟਿਕੇ ਖੜਗਸਿੰਘ ਨੂੰ ਰਾਜ
ਜ ਗੱਦੀ ਉੱਪਰ ਬੈਠਾ ਕੇ ਸਭ ਤੋਂ ਨਜਰਾਂ ਦਿਵਾਈਆਂ। — ਏਸ ਦਰਬਾਰ ਵਿਚ ਅ
ਜੀਤਸਿੰਘ ਜੰਮੂ ਵਾਲਾ ਨਾ ਆਯਾ, ਜਿਸ ਬਦਲੇ ਉਸ ਦਾ ਮੁਲਕ ਤਾਂ ਜ਼ਬਤ ਕਰ ਲਿ
ਆ ਪਰ ਪੰਜ ਹਜ਼ਾਰ [੫੦੦੦] ਦੀ ਜਾਗੀਰ ਗੁਜਾਰੇ ਵਾਸਤੇ ਰਹਣ ਦਿਤੀ।

੩ ਫਗਣ ਨੂੰ ਖਬਰ ਆਈ ਕੇ ਮਖੱਡ ਦੇ ਕਿਲੇ ਵਿੱਚ ਸਰਦਾਰ ਦਲਸਿੰਘ ਨੂੰ ਫੌਜ ਸਮੇ ਮਖਡ ਤੇ
ਤ ਪਠਾਣਾਂ ਨੇ ਘੇਰ ਰੱਖਿਆ ਹੈ। ਏਸ ਵਾਸਤੇ ਸਰਦਾਰ ਫਤੇਸਿੰਘ ਮਾਨ ਤੇ ਸਰਦਾਰ ਹ ਅਟਕ
ਰੀਸਿੰਘ ਨਲੂਆ ਫੌਜ ਦੇਕੇ ਉਧਰ ਭੇਜੇ। — ਦੂਜੀ ਖਬਰ ਲੱਗੀ ਜੋ ਪਠਾਣੇ ਦੀ ਖਰਾਬੀ
ਅਟਕ ਦੇ ਮੁਲਖੱਯੇ ਨੇ ਅਹਮਦਖਾਂ ਨਵਾਬ ਨੂੰ ਆਪਣਾ ਸਰਦਾਰ ਬਣਾ ਕੇ, ਮਹਾਰਾ
ਜੇ ਦੇ ਕਾਰਦਾਰ ਮਾਰ ਕੇ ਕੱਢ ਛੱਡੇ ਹਨ, ਤੇ ਸ: ਸਾਉਣਸਿੰਘ ਭਾਲਣ ਕੇ ਸ਼ਹੀਦ ਹੋ
ਗਿਆ ਹੈ ਤੇ ਹੁਕਮਾਸਿੰਘ ਕਿਲੇ ਅਟਕ ਵਿੱਚ ਘਿਰ ਰਿਹਾ ਹੈ। ਏਸ ਦੇ ਇੰਤਜ਼ਾ
ਮ ਵਾਸਤੇ ਮਹਾਰਾਜੇ ਨੇ ਅਮਰਸਿੰਘ ਮਜੀਠੀਏ ਨੂੰ (ਜਿਸ ਦੇ ਤੀਰ ਕਣੂਏ ਵਿਚੋਂ
ਪਾਰ ਹੁੰਦੇ ਸੇ) ਤੇ ਫੂਲਾਸਿੰਘ ਅਕਾਲੀ ਤੇ ਦੀਵਾਨ ਮੋਤੀਰਾਮ ਨੂੰ ਫੌਜ ਦੇ ਕੇ ਤੋਰਿਆ
ਗਏ ਨਾ ਦੋਹਾਂ ਫੌਜਾਂ ਨੇ ਦੋਹੀਂ ਥਾਂਈਂ ਜਾਕੇ ਪਠਾਣਾਂ ਦੀ ਬੁਰੀ ਦੁਰਦਸ਼ਾ ਕੀਤੀ, ਕਈਕ

Digitized by Panjab Digital Library | www.panjabdigilib.org

੧੮੬ ਜੀਉਂਦੇ ਹੀ ਫੜਕੇ ਫੂਕ ਦਿੱਤੇ, ਬਹੁਤੇ ਮਰੇ ਹੋਏ ਸਾੜ ਘੱਤੇ ਜਿਸ ਤੋਂ ਤ੍ਰਾਸ ਮੰਨ ਕੇ ਸਬ ਪਠਾਣ ਤਿੱਤ੍ਰ ਬਟੇਰੇ ਹੋ ਗਏ। —— ੨੧ ਸਾਉਣ ਸੰ: ੧੮੭੪ ਬਿ: ਨੂੰ ਮਹਾਰਾਜੇ ਨੇ ਦਲੇ ਅਸਰ ਨੂੰ ਪਹਾੜੀ ਰਾਜਿਆਂ ਤੋਂ ਕਰ ਵਸੂਲ ਕਰਨ ਭੇਜਿਆ, ਪਿੱਛੋਂ ਆਪ ਬੀ ਮਾਧੋਪੁਰ ਜਾ ਉਤਰੇ। ਓਥੋਂ ਨਹਿਰ ਕੱਢ ਕੇ ਅੰਮ੍ਰਿਤਸਰ ਵਿਚ ਪਾਉਣ ਦਾ ਤਰੱਦਦ ਕਰਾਯਾ। ਪਰਗਣੇ ਨੂਰਪੁਰ ਦੇ ਚੌਧਰੀਆਂ ਦੀ ਅਰਜ਼ ਮੰਨ ਕੇ ਓਥੋਂ ਦੇ ਰਾਜੇ ਬੀਰਸਿੰਘ ਦਾ ਕਸੂਰ ਮਾਫ਼ ਕਰ, ਉਸ ਨੂੰ ਸਤਲੁਜ ਦੇ ਪਾਰੋਂ ਬੁਲਾ ਕੇ ਰਾਜ ਸੌਂਪ ਦਿੱਤਾ। ਚੰਬਾ, ਮੰਡੀ ਆਦਿਕ ਜਿਨ੍ਹਾਂ ਨੇ ਅਸੂ ਨੂੰ ਕਰ ਨਹੀਂ ਦਿੱਤਾ ਸੀ ਉਨ੍ਹਾਂ ਤੋਂ ਜ਼ੋਰ ਨਾਲ ਲੀਤਾ ਗਿਆ। ਫੇਰ ਜਲਾਮੁਖੀ ਦੇ ਮੰਦਰ ਉੱਪਰ ਸੁਇਨਾ ਚੜ੍ਹਨ ਦਾ ਹੁਕਮ ਦੇ ਕੇ ਲਾਹੌਰ ਆ ਬਿਰਾਜੇ।

ਪਹਾੜਾਂ ਦਾ ਜੰਗ

ਕੁੱਲੂ ਦਾ ਰਾਜ ਦੇਣਾ

ਏਸੇ ਸਮੇ ਕੁੱਲੂ ਵਾਲਾ ਬਿਕ੍ਰਮਾਸੇਨ ਰਾਜਾ ਮਰ ਗਿਆ ਤਾਂ ਉਸ ਦੇ ਬੇਟੇ ਠਾਕੁਰ ਰਸੈਨ ਤੋਂ ਇੱਕ ਲੱਖ ਰੁਪਯਾ ਨਜ਼ਰ ਲੈ ਕੇ ਰਾਜ ਤਿਲਕ ਦੇ ਦਿੱਤਾ। — ਦੀਵਾਨ ਮੋਤੀਰਾਮ ਤੇ ਸ੍ਰਦਾਰ ਧੰਨਾ ਸਿੰਘ ਮਲਵਈ ਬਹਾਵਲਪੁਰ ਤੋਂ ਕਰ ਦਾ ਰੁਪਯਾ ਲੈ ਕੇ ਆਏ। ਤੇ ਭਿੰਬਰ ਦੇ ਨਵਾਬ ਫਤੇਖਾਂ ਨੂੰ ਸਰਦਾਰ ਫਤੇਸਿੰਘ ਆਲੂਵਾਲੀਆ ਕੈਦ ਕਰ ਲਿਆਯਾ। —— ਦੀਵਾਨ ਮੋਤੀਰਾਮ, ਭਵਾਨੀਦਾਸ, ਸ: ਹਰੀਸਿੰਘ ਨਲੂਆ ਜਦ ਮੁਲਤਾਨ ਤੋਂ ਕਰ ਲੈਣ ਗਏ ਤਾਂ ਸਿੱਖਾਂ ਦੇ ਹੱਥੋਂ ਤੰਗ ਆ ਕੇ ਨਵਾਬ ਜੰਗ ਮੰਡ ਬੈਠਾ। ਸਿੱਖਾਂ ਆਪਣੇ ਇਲਾਕੇ ਵਿਚੋਂ ਮਾਰ ਕੇ ਕੱਢ ਦਿੱਤੇ। ਏਸ ਵਿਚ ਫੌਜ ਦੇ ਅਫ਼ਸਰ ਭਵਾਨੀਦਾਸ ਦਾ ਕਸੂਰ ਪਾਯਾ ਗਿਆ ਜਿਸ ਬਦਲੇ ਭਵਾਨੀਦਾਸ ਤੋਂ ਦਸ ਹਜ਼ਾਰ (੧੦੦੦੦) ਰੁਪਯਾ ਚੱਟੀ ਦਾ ਮਹਾਰਾਜ ਨੇ ਲੀਤਾ।

ਮੁਲਤਾਨ ਦਾ ਜੰਗ

ਫੇਰ ਖਬਰ ਆਈ ਕਿ ਹਜ਼ਾਰੇ ਦੇ ਪਠਾਣਾਂ ਨੇ ਸ: ਹੁਕਮਾ ਸਿੰਘ ਨੂੰ ਕਿਲੇ ਵਿਚ ਘੇਰ ਕੇ ਨੱਕ ਦਮ ਕਿਆ ਹੋਇਆ ਹੈ। ਜੋ ਮਹਾਰਾਜੇ ਨੇ ਸ਼ਾਹਜ਼ਾਦੇ ਸ਼ੇਰਸਿੰਘ ਨੂੰ ਹਰੀਸਿੰਘ ਆਦਿਕ ਕਈ ਸਰਦਾਰ ਤੇ ਫੌਜ ਦੇ ਕੇ ਚੜ੍ਹਾਯਾ। ਉਧਰ ਹਜ਼ਾਰੇ ਦੇ ਨਵਾਬ ਸੇਰਮੁਹੰਮਦਖਾਂ ਨੇ ਚੀਲ ਦਲੂਪ ਜ਼ਾਹਰ ਕਰ ਕੇ ਬੇਅੰਤ ਮੁਲਖੱਯਾ ਕੱਠਾ ਕਰ ਲਿਆ, ਤੇ ਬਹੁਤ ਜੰਗ ਹੋਏ, ਪਰੰਤੂ ਸ਼ੇਰਸਿੰਘ ਦੀ ਅਤਅੰਤ ਲੜਾਕੀ ਫੌਜ ਨੇ ਤੋਪਾਂ ਬੰਦੂਕਾਂ ਦੀ ਫੈਰ ਨਾਲ, ਗਾਜ਼ੀਆਂ ਤੇ ਜਹਾਦੀਆਂ ਦੇ ਝੁੰਡ, ਧੂੰਏਂ ਦੇ ਬੱਦਲਾਂ ਵਾਂਗੂ ਛਿੰਨ ਘੱਤੇ। ਨਵਾਬ ਮੁਹੰਮਦਖਾਂ, ਹਰੀਸਿੰਘ ਦੇ ਹੱਥੋਂ ਮਾਰਿਆ ਗਿਆ। ਉਸ ਦੇ ਪੁੱਤ੍ਰ ਅਹਮਦਖਾਂ ਨੇ ਸ਼ਾਹਜ਼ਾਦੇ ਸ਼ੇਰਸਿੰਘ ਦੇ ਪੈਰ ਆ ਫੜੇ। ਸ਼ਾਹਜ਼ਾਦੇ ਨੇ ੨੫ ਹਜ਼ਾਰ (੨੫੦੦੦) ਡੰਡ, ਇਕ ਲੱਖ (੧੦੦੦੦੦)

ਖਰਚ ਫੌਜ ਦਾ ਲੈ ਲਿਆ ਤੇ ਅੱਗੇ ਨੂੰ ੫੦ ਹਜ਼ਾਰ ਸਾਲਾਨਾ ਲੈਣਾ ਕਰਕੇ ਉਸਨੂੰ ਗੱਦੀ ੩੮੭
ਦਿੱਤੀ, ਤੇ ਆਪ ਲਾਹੌਰ ਆ ਗਏ।

ਏਧਰ ਜਿਸ ਦਿਨ ਤੋਂ ਮਹਾਰਾਜੇ ਦੀ ਫੌਜ ਮੁਲਤਾਨ ਤੋਂ ਹਾਰ ਆਈ ਸੀ, ਉਦੋਂ ਤੋਂ ਹੀ ਮਹਾਰਾਜੇ ਦਾ ਧਿਆਨ ਉਧਰ ਹੀ ਰਹਿੰਦਾ ਸੀ, ਸੋ ਜਦ ਸ਼ਾਹਜ਼ਾਦਾ ਸ਼ੇਰ ਸਿੰਘ ਜਿੱਤ ਕੇ ਆਯਾ ਤਾਂ ਹੁਣ ਸ਼ਾਹਜ਼ਾਦੇ ਖੜਗ ਸਿੰਘ ਨੂੰ ੨੫ ਹਜ਼ਾਰ ਫੌਜ ਦੇ ਕੇ ਮੁਲਤਾਨ ਵਲ ਤੋਰਿਆ ਅਤੇ ਜੋਧ ਸਿੰਘ ਕਲਸੀਆ, ਫਤੇ ਸਿੰਘ ਆਹਲੂਵਾਲੀਆ, ਫਤੇ ਸਿੰਘ ਮਾਨ, ਮਿਸਰ ਦੀਵਾਨ ਚੰਦ, ਹਰੀ ਸਿੰਘ ਨਲੂਆ ਨਾਲ ਭੇਜੇ। ਉਧਰ ਮੁਜ਼ੱਫਰ ਖਾਂ ਨੇ ਦੀਨ ਮਜ਼ਹਬ ਦਾ ਜੰਗ ਹੋਣਾ ਜ਼ਾਹਰ ਕਰਕੇ ਬਹੁਤ ਮੁਲਖੱਯਾ ਕੱਠਾ ਕਰ ਲੀਤਾ। ਮੁਲਤਾਨ ਫਤਹ

੧੭ ਫਗਣ ਨੂੰ ਖਾਲਸੇ ਨੇ ਮੁਲਤਾਨ ਨੂੰ ਮੋਰਚੇ ਜਾ ਲਾਏ, ਨਵਾਬ ਨੇ ਸ਼ਹਰ ਦੇ ਦਰਵਾਜ਼ੇ ਬੰਦ ਕਰਕੇ ਤੋਪ ਦਾ ਜਵਾਬ ਤੋਪ ਦਿੰਦਾ ਰਿਹਾ। —— ਇਕ ਦਿਨ ਬੜੇ ਤੜਕੇ ਬੇਸ਼ੁਮਾਰ ਗਾਜ਼ੀ ਸ਼ਹੀਦ ਹੋ ਕੇ ਬਹਿਸ਼ਤ ਜਾਣ ਲਈ ਅਚਾਨਕ ਸਿੰਘਾਂ ਉੱਤੇ ਆ ਪਏ ਜੱਦਪਿ ਉਨ੍ਹਾਂ ਨੇ ਸੱਤ ਕੁ ਸੌ ਸਿੰਘ ਦਾ ਘਾਣ ਤਾਂ ਲਾਹ ਘੱਤਿਆ ਪਰ ਉਹ ਭੀ ਤਿੰਨ ਕੁ ਹਜ਼ਾਰ (ਗਾਜਰਾਂ ਵਾਂਙੂ) ਖੇਤ ਵਿਚ ਨਾ ਜਾਣੇ ਪਾਏ। ਸਿੰਘਾਂ ਨੇ ਤੋਪਾਂ ਬੰਦੂਕਾਂ ਦੇ ਅੱਗੇ ਰੱਖ ਕੇ ਬਹਿਸ਼ਤ ਪਹੁੰਚਾ ਛਡੇ। ਕੋਟ ਐਸਾ ਪੱਕਾ ਸੀ ਕੇ (ਜ਼ਮਜ਼ਮ ਨਾਮੀ) ਭੰਗੀਆਂ ਵਾਲੀ ਤੋਪ, ਕਣੇਖਾਂ ਪਟਿਆਲੇ ਵਾਲੀ, ਰਾਮਬਾਣ, ਦੁੰਬੇਖਾਂ, ਦਲਬਿਡਾਰ ਆਦਿਕ ੧੨ ਤੋਪਾਂ ਵੱਡੀਆਂ ਤੇ ੨੪ ਛੋਟੀਆਂ ਦਿਨੇ ਰਾਤ ੧੧ ਦਿਨ ਚਲੀਆਂ ਰਹੀਆਂ, ਤਾਂ ਹੀ ਮਸਾਂ ੨ ਚਾਰ ਕੁ ਜਾਗਾ ਤੋਂ ਸ਼ਹਰਪਨਾਹ ਢੱਠੀ ਅਤੇ ੧੩ ਫਰਵਰੀ ਸੰ: ੧੮੭੫ ਬਿ: ਨੂੰ ਖਾਲਸੇ ਨੇ ਸ਼ਹਰ ਵਿੱਚ ਕਹਰ ਦਾ ਪੈਰ ਪਾਯਾ, ਅਫਸਰ ਬਥੇਰਾ ਹੀ ਬਰਜਦੇ ਰਹੇ ਪਰ ਸਿੰਘ ਲੁੱਟ ਮਾਰ ਕਰਨੋਂ ਕਿੱਥੇ ਟਲਨ, ਫੇਰ ਤਾਂ ਛੋਟੀਆਂ ਮੋਟੀਆਂ ਸਭ ਤੋਪਾਂ ਕਿਲੇ ਨੂੰ ਤਾਹ ਕੇ ਜੌ ਸੌ ਗੋਲਾ ਇੱਕ ਇਕ ਥਾਂ ਮਾਰਿਆ, ਪਰ ਕੀ ਮਜਾਲ ਜੋ ਕਿਲਾ ਕਿਤੋਂ ਹਿਲ ਜਾਵੇ ਭਾਵੇਂ ਕਿਲੇ ਵਿੱਚ ਬਹੁਤ ਥੋੜ੍ਹੀ ਫੌਜ ਸੀ ਪਰ ਉਸ ਪਰਮ ਲੜਾਕੀ ਤੇ ਨਿਮਕ ਹਲਾਲ ਨੇ ਤਿੰਨ ਮਹੀਨੇ ਤਕ ਕਿਲਾ ਨਾਂ ਟੁੱਟਣ ਦਿੱਤਾ। ਮਹਾਰਾਜੇ ਦਾ ਘੜੀ ੨ ਏਹੋ ਹੁਕਮ ਆਵੇ ਜੋ ਕਿਲਾ ਫਤੇ ਕਰਕੇ ਆਵਣਾ, ੬ ਪਲਟਣਾਂ, ਦੋ ਤੋਪਖਾਨੇ ਜਿਣਸੀ ਲਾਹੌਰੋਂ ਹੋਰ ਭੇਜੇ ਅਤੇ ਹੋਰ ਹਰ ਪ੍ਰਕਾਰ ਦੀ ਮਦਦ ਪਹੁੰਚਦੀ ਰਹੀ। ਜੱਦਪਿ ਕਿਲੇ ਦੀ ਬਾਕੀ ਤਾਂ ਚਾਰ ਜਗਾ ਤੋਂ ਸਿੰਘਾਂ ਨੇ ਢਾਹੀ ਪਰ ਅੱਟੀ ਦੇ ਤੋਟੇ ਜੋ ਕਿੰਨਿਆਂ ਜੁੱਗਾਂ ਦੇ ਜੰਮੇ

੩੮੮ ਫੀਮ, ਭੰਗ, ਪੋਸਤ, ਦਾਰੂ
ਪਏ ਸੋ ਨਾ ਹਿੱਲੇ। ਓੜਕ ਕਨੂਨ ਨੂੰ ਵੱਡੇ ਤੜਕੇ, ਪੰਜ ਤੂਰ ਛਕ, ਸੁਚੇਤੇ ਤਾੜ, ਅਠ
ਦਾਸੋ ਸੋਧ, ਗੁਰੂ ਦਾ ਧਿਆਨ ਧਰ, ਸ਼ਹੀਦ ਹੋਣਾ ਮਥ ਕੇ ਸਭ ਸਿੰਘ ਇੱਕੋ ਵਾਰੀ ਅਕਾਲ
ਅਕਾਲ ਬੋਲ ਕੇ ਕਿਲੇ ਉੱਤੇ ਜਾ ਪਏ, ਅੰਦਰ ਵਾਲਿਆਂ ਨੇ ਬਥੇਰੇ ਗਿਰਾਏ ਪਰ ਪੌੜੀਆਂ
ਧਰ ਕੇ ਐਉਂ ਚੜ੍ਹ ਗਏ ਜੀਕੂੰ ਕੈਂਪਰੀ ਨੀਂਵੀਂ ਹੋ ਜਾਂਦੀ ਹੈ। ਸਭ ਤੋਂ ਪਹਿਲੇ ਸਾਧੂ ਸਿੰਘ
ਨਿਹੰਗ ਨੇ ਕੋਟ ਉੱਤੇ ਝੰਡਾ ਜਾ ਝੁਲਾਇਆ, ਫੇਰ ਤਾਂ ਸਭ ਟੱਪ ਪਏ ਤੇ ਕਿੰਗਰੇ ੨ ਫਿਰ ਗ
ਏ। ਤੋਪ ਬੰਦ ਹੋ ਗਈ। ਹੁਣ ਤਲਵਾਰਾਂ ਉਪਰ ਜੋਰ ਆ ਗਿਆ, ਸਿੰਘਾਂ ਨੇ ਦਰਵਾਨਾ
ਨੂੰ ਮਾਰ ਕੇ ਦਰਵਾਜਾ ਖੋਲ ਦਿੱਤਾ, ਫੇਰ ਤਾਂ ਕੀ ਸੀ ਜੋ ਖਾਲਸੇ ਅਗੇ ਅੜਿਆ ਸੋਈ
ਝੜਿਆ। ਹਜਾਰਾਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਸੰਸਾਰ ਥੀਂ ਪਾਰ ਕੀਤਾ।

ਕਿਲਾ ਟੁਟਦਿਆਂ ਸਾਰ ਹੀ ਬਹਾਦਰ ਮੁਜੱਫਰ ਖਾਂ, ਆਪਣੇ ਪੁੱਤ੍ਰਾਂ, ਭਤੀਜਿਆਂ, ਮੁਸਾ
ਹਿਬਾਂ ਅਤੇ ਦੋ ਸੌ ਪਠਾਣ ਗਰਾਂਡੀਲ ਸਮੇਤ, ਸਬਜ਼ ਪੁਸ਼ਾਕੇ ਤੇ ਸੰਜੋਏ ਪਹਿਨੇ ਹੋਏ,
ਮਹਿਲਾਂ ਵਿਚੋਂ ਨਿਕਲ, ਸ਼ੇਰ ਵਾਂਙੂ ਗੱਜ ਕੇ ਖੇਤ ਵਿੱਚ ਆ ਖੜੋਤਾ ਤੇ ਸਿੰਘਾਂ ਨੂੰ ਗੁ
ਰੂ ਦੀ ਸੌਂਹ ਪਾ ਕੇ ਤੇਗ ਦੀ ਲੜਾਈ ਮੰਗੀ, ਸਿੰਘਾਂ ਨੂੰ ਤਾਂ ਏਹ ਗੱਲ ਰੱਬ ਦੇਵੇ, ਝੱਟ ਹੀ ਮੰਨ
ਗਏ। ਕਹਾਵਤ ਹੈ ਕਿ ਮਹਾਰਾਜੇ ਖੜਗ ਸਿੰਘ ਨੇ ਤੇ ਫਤੇ ਸਿੰਘ ਆਲੂਵਾਲੀਏ ਨੇ ਮੁ
ਜ਼ੱਫਰ ਖਾਂ ਨਾਲ ਹੱਥ ਕਰਨਾ ਚਾਹਿਆ ਪਰ ਦੂਜੇ ਅਫਸਰਾਂ ਨੇ ਰੋਕ ਲਏ। ਹਰੀ ਸਿੰਘ
ਨਲੂਆ, ਮਿਸਰ ਦੀਵਾਨ ਚੰਦ, ਦੀਵਾਨ ਰਾਮ ਦਿਆਲ, ਫਤੇ ਸਿੰਘ ਮਾਨ, ਸ਼ਾਮ ਸਿੰਘ
ਅਟਾਰੀ ਵਾਲਾ ਤੇ ਹੋਰ ਸੰਧਾਵਾਲੀਏ ਆਦਿਕ ਨਾਮੀ ੨ ਸਰਦਾਰ ਬੀਰ ਰਸ ਦੇ ਭਰੇ
ਹੋਏ ਪਠਾਣਾਂ ਨਾਲ ਜੁੱਟ ਪਏ। ਦੁੰਦ ਜੁੱਧ ਕਰ ਕਰ ਸੂਰਮਿਆਂ ਨੇ ਭਾਰੀ ਭਟਭੇੜ ਕੀ
ਤਾ। ਜਦ ਮੁਜ਼ੱਫਰ ਖਾਂ ਦੇ ਭਾਈ ਭਤੀਜੇ ਸਭ ਸ਼ਹੀਦ ਹੋ ਗਏ ਤਾਂ ਸ਼ਾਹਨਿਵਾਜ਼ ਖਾਂ
ਹੱਕ ਨਿਵਾਜ਼ ਖਾਂ, ਤੇ ਨਿਵਾਜ਼ ਖਾਂ ਏਹ ਤਿੰਨੇ ਬੇਟੇ ਨਵਾਬ ਦੇ ਬਹੁਤ ਲੜੇ, ਜਾਂ ਸ਼ਾਹਨਿ
ਵਾਜ਼ ਖਾਂ ਨੇ ਕਈ ਸਿੰਘ ਥਾਂ ਰੱਖੇ ਤਾਂ ਜਰਨੈਲ ਹਰਸਾ ਸਿੰਘ ਜੋ ਲਕੜੀ ਦਾ ਮਸ਼ਹੂ
ਰ ਖਿਲਾਰੀ ਸੀ ਸ਼ਾਹਨਿਵਾਜ਼ ਖਾਂ ਨਾਲ ਜਾ ਜੁੱਟਿਆ। ਦੋਹਾਂ ਨੇ ਬਹੁਤ ਦਾਉ ਘਾਉ
ਕੀਤੇ, ਬਹੁਤ ਅੱਛੇ ਲੜੇ, ਓੜਕ ਜਦ ਸਿੰਘ ਨੇ ਦਾਣ ਕਰ ਕੇ ਪਠਾਣ ਨੂੰ ਜ਼ਿਮੀ ਪਰ
ਮਾਰਿਆ ਤਾਂ ਨਵਾਬ ਦਾ ਭਤੀਜਾ ਖੈਰੁੱਲਾ ਖਾਂ ਕੁੱਦ ਕੇ ਆਇਆ, ਪਰ ਦੀਵਾਨ ਚੰਦ ਨੇ ਓ
ਸਨੂੰ ਰਸਤੇ ਵਿੱਚ ਹੀ ਵਿੰਨ੍ਹ ਲਿਆ। ਏਸੇ ਤਰਾਂ ਮੁਜ਼ੱਫਰ ਖਾਂ ਨੇ ਬੀ ਧੰਨਾ ਸਿੰਘ ਮੋੜ੍ਹ ਦੇ
ਹੱਥੋਂ ਖਿਜਰੀ ਦਰਵਾਜੇ ਪਾਸ ਸ਼ਹੀਦੀ ਪਾਈ। — ਬਸ ਨਵਾਬ ਦੇ ਮਰਣ ਦੀ ਹੀ

Digitized by Panjab Digital Library | www.panjabdigilib.org

ਦੇਰ ਸੀ ਸਿੰਘ ਤਾਂ ਫਤੇ ਦਾ ਜੈਕਾਰਾ ਗਜਾ ਕੇ ਲੁੱਟਣ ਉੱਠ ਪਏ, ਤਿੰਨ ਦਿਨ ਸ਼ਹਿਰ ਤੇ ਸ਼ਾ ੩੮੯
ਹੀ ਮਕਾਨ ਐਸੇ ਲੁੱਟੇ ਜੋ ਕਿਸੇ ਦੇ ਕੁਛ ਨਾਂ ਛੱਡਿਆ। ਸ਼ਾਹਜ਼ਾਦੇ ਖੜਗਸਿੰਘ ਨੇ ਮੁਜ਼ੱਫ
ਰਖਾਂ ਦੇ ਦਫਤ੍ਰੀ ਹਰੀਚੰਦ ਤੇ ਰਮਜਾਨ ਖਜ਼ਾਨਚੀ ਤੋਂ ਬੀਜਕ ਤੇ ਕੁੰਜੀਆਂ ਲੈ ਕੇ ਬੜੇ
ਕੀਮਤੀ ਕਪੜੇ, ਹਥਿਆਰ, ਬਰਤਨ, ਸੁਇਨੇ, ਚਾਂਦੀ ਜਵਾਹਰਾਤ ਦੇ ਸੰਦੂਕ ਭਰੇ ਭਰ
ਏ ਬੜੀ ਤਕੜਾਈ ਨਾਲ ਲਾਹੌਰ ਨੂੰ ਤੋਰ ਦਿੱਤੇ। ਇਸ ਥਾਂ ਤੋਂ ਕਈ ਕਰੋੜ ਦਾ ਮਾਲ ਮਤਾ
ਤੇ ੫੦ ਪੰਜਾਹ ਲੱਖ ਦਾ ਮੁਲਕ ਸਰਕਾਰ ਖਾਲਸੇ ਦੇ ਹੱਥ ਆਇਆ।

ਮੁਲਤਾਨ ਤੋਂ ਆਉਂਦੇ ਹੋਏ ਸ਼ਾਹਜਹਾਂਬਾਦ ਦਾ ਕਿਲਾ ਫਤੇ ਕਰ ਚਾਰ ਲੱਖ ਦਾ ਮਾਲ ਉ
ਥੋਂ ਭੀ ਲੈ ਲਿਆ ਜਦ ਬੜੀ ਧੂਮ ਧਾਮ ਨਾਲ ਲਾਹੌਰ ਆਏ ਤਾਂ ਇਸ ਖੁਸ਼ੀ ਵਿਚ ਅੱਠ
ਦਿਨ ਜਲਸੇ, ਤਮਾਸ਼ੇ ਹੁੰਦੇ ਰਹੇ। ਲਾਹੌਰ, ਅੰਮ੍ਰਿਤਸਰ ਰੌਸ਼ਨੀ ਕਰਾਈ ਗਰੀਬਾਂ ਨੂੰ
ਬਹੁਤ ਧਨ ਵੰਡਿਆ। ਜਿਸ ਤਰਾਂ ਹੁਣ ਸਰਕਾਰ ਅੰਗ੍ਰੇਜ਼ੀ ਲੜਾਈ ਨੂੰ ਫਤੇ ਕਰ ਕੇ
ਫੌਜ ਨੂੰ ਤਮਗੇ ਵੰਡਦੀ ਹੈ ਇਸੇ ਤਰਾਂ ਮਹਾਰਾਜਾ ਸਰਕਾਰ ਖਾਲਸੇ ਨੇ ਸੋਨੇ ਦੇ ਕੰਗਣ,
ਬੁਧਕੀਆਂ, ਵਾਲੇ, ਜਿਗਾ, ਕਲਗੀ ਸਿਰਪੇਚ, ਬੰਦੀਲਾ, ਬੰਦੀਆਂ, ਦੁਸ਼ਾਲੇ, ਘੋੜੇ,
ਹਥਿਆਰ, ਜਾਗੀਰਾਂ ਬਖਸ਼ੀਆਂ। — ਮੁਜ਼ੱਫਰਖਾਂ ਦੇ ਦੋ ਬੇਟੇ ਸਰਫਰਾਜ਼ਖਾਂ
ਤੇ ਜ਼ੁਲਫਕਾਰਖਾਂ ਜੋ ਫੜੇ ਆਏ ਸੇ, ਮਹਾਰਾਜੇ ਨੇ ਉਨ੍ਹਾਂ ਨੂੰ ਸ਼ਰਕਪੁਰ ਤੇ ਨੌਲੱਖੇ ਦਾ ਪ੍ਰ
ਗਣਾ ਜਗੀਰ ਦੇ ਕੇ ਆਪਣੇ ਪਾਸ ਰੱਖਿਆ। — ਬਾਬੂ ਬਾਜਸਿੰਘ ਨੂੰ ਮੁਲਤਾਨ
ਦੀ ਕਿਲੇਦਾਰੀ ਤੇ ਫੌਜਦਾਰੀ, ਅਤੇ ਸੁਖਦਿਆਲ ਖੱਤ੍ਰੀ ਨੂੰ ਦੀਵਾਨੀ ਕਾਰ ਸੌਂਪੀ। ਜਮਾਦਾ
ਰ ਖੁਸ਼ਾਲਸਿੰਘ ਨੂੰ ਮੁਜ਼ੱਫਰਗੜ੍ਹ, ਸ਼ਾਮਸਿੰਘ ਅਟਾਰੀਵਾਲੇ ਨੂੰ ਖਾਂਨਗੜ੍ਹ ਦਾ ਪ
ਰਗਣਾ ਤੇ ਫਤੇਸਿੰਘ ਆਲੂਵਾਲੀਏ ਨੂੰ ਤੁਲੰਭਾ ਬਖਸ਼ਿਆ।

ਮੀਆਂ ਭੀਡੋ ਨਾਮ ਡੋਗਰਾ ਜਿਸ ਦੇ ਗੀਤ ਹੁਣ ਤਕ ਗਾਵੀਦੇ ਹਨ, ਇਕ ਬੜਾ ਸੂਰਬੀ
4-93 ਰ ਮਸ਼ਹੂਰ ਧਾੜਵੀ ਸੀ ਤੇ ਦੋ ਹਜ਼ਾਰ ਡਾਕੂ ਉਸ ਦੇ ਨਾਲ ਰਿਹਾ ਕਰਦਾ ਸੀ, ਉਸ ਦੇ ਫ
ੜਨ ਵਾਸਤੇ ਕਈ ਉਪਾਇ ਕੀਤੇ ਪਰ ਉਸ ਨੇ ਡਾਹ ਨਾ ਦਿੱਤੀ ਓੜਕ ਮਹਾਰਾਜੇ ਨੇ (ਲੋ
ਹੇ ਨੂੰ ਲੋਹਾ ਕੱਟਦਾ ਹੈ ਇਹ ਸਮਝ ਕੇ) ਡੋਗਰਿਆਂ ਦੀ ਫੌਜ ਭਰਤੀ ਕਰ ਕੇ ਉਸ ਦੇ
ਫੜਨ ਦਾ ਕੰਮ ਮੀਏ ਮੋਟੇ ਨੂੰ ਸੌਂਪਿਆ। — ਉਸੇ ਭਰਤੀ ਵਿਚ ਕਿਸ਼ੋਰਾਸਿੰਘ ਡੋਗ
ਰਾ ਆਪਣੇ ਤਿੰਨਾ ਪੁੱਤ੍ਰਾਂ ਸੁਚੇਤਸਿੰਘ, ਗੁਲਾਬਸਿੰਘ, ਧਿਆਨਸਿੰਘ ਸਮੇਤ ਭੀ ਨੌਕ
ਰ ਹੋ ਗਿਆ। ਪੰਜ ਮਹੀਨੇ ਪਿੱਛੋਂ ਜਦ ਮਹਾਰਾਜੇ ਨੇ ਡੋਗਰੀ ਫੌਜ ਦੀ ਹਾਜ਼ਰੀ ਲਈ—

ਸ਼ਾਹਜਹਾਂ ਬਾਦ ਦਾ ਕਿਲਾ ਫਤੇ ਕੀਤਾ

ਡੋਗਰਿਆਂ ਦਾ ਜ਼ਿਕਰ

Digitized by Panjab Digital Library | www.panjabdigilib.org

੩੮੦ ਤਾਂ ਇਨ੍ਹਾਂ ਦੀ ਕਿਸਮਤ ਵਾਲਿਆਂ ਨੂੰ ਬਣਦੇ ਤਣਦੇ ਛੈਲ ਤੇ ਹੋਣਹਾਰ ਲਾਇਕ ਸ
ਮਝੂ ਕੇ ਜਿਓਣਾ ਸਿੰਘ ਨੂੰ ਤਾਂ ਜਮਾਦਾਰ ਬਣਾ ਦਿੱਤਾ ਤੇ ਉਸਦੇ ਤਿੰਨਾਂ ਪੁੱਤ੍ਰਾਂ ਨੂੰ ਆਪਣੀ
ਅਰਦਲ ਵਿੱਚ ਰਖ ਲਿਆ। ਭਾਵੇਂ ਇਹ ਤਿੰਨੇ ਭਾਈ ਮਹਾਰਾਜ ਦੀ ਸੇਵਾ ਤਨੋ ਮਨੋ
ਹੋ ਕੇ ਹੀ ਕਰਦੇ ਸੇ ਪਰੰਤੂ ਧਿਆਨ ਸਿੰਘ ਦੀ ਦਾਨਾਈ ਤੇ ਚਤੁਰਾਈ ਨੇ ਮਹਾਰਾਜ ਦਾ ਮ
ਨ ਮੋਹ ਲਿਆ ਸੀ। ਇਸੇ ਕਰਕੇ ਥੋੜ੍ਹੇ ਹੀ ਦਿਨਾਂ ਮਗਰੋਂ ਮਹਾਰਾਜ ਨੇ ਖੁਸ਼ੀ ਹੋ ਕੇ ਦ
ਸ ਹਜ਼ਾਰ ਦੀ ਜਾਗੀਰ ਤੇ ਡੇਉੜੀ ਦੀ ਜਮਾਦਾਰੀ ਧਿਆਨ ਸਿੰਘ ਨੂੰ ਬਖਸ਼ ਦਿੱਤੀ।

**ਪਸ਼ਾਵਰ ਫਤਹ**

੨੦ ਨਵੰਬਰ ਸੰ: ੧੮੭੫ ਬਿ: ਨੂੰ ਜਦ ਇਹ ਖਬਰ ਅਪੜੀ ਕਿ ਕਾਬੁਲ ਦੇ ਵਜ਼ੀਰ ਫਤੇ ਮੁ
ਹੰਮਦ ਖਾਂ ਨੂੰ ਸ਼ਾਹਜ਼ਾਦੇ ਕਾਮਰਾਨ ਨੇ ਉਸ ਦੀਆਂ ਅੱਖਾਂ ਵਿੱਚ ਸਿੱਕਾ ਨਿਚੋੜ, ਲੂਣ ਪਾ
ਇ, ਅੰਧਾ ਕਰਕੇ ਕੈਦ ਕਰ ਦਿੱਤਾ ਹੈ ਤੇ ਤਖਤ ਆਪ ਸਾਂਭ ਲਿਆ ਹੈ ਤਦ ਮਹਾਰਾਜ
ਬੋਲੇ ਕਿ ਵਜ਼ੀਰ ਨੇ ਆਪਣਾ ਕੀਤਾ ਪਾਯਾ, ਕਿਉਂਕਿ ਉਸਨੇ ਜ਼ਮਾਨ ਸ਼ਾਹ ਨੂੰ ਅੰਨ੍ਹਾਂ ਕੀਤਾ ਸੀ
ਅਤੇ ਫੇਰ ਸੁਣਿਆ ਕਿ ਮੁਹੰਮਦ ਅਜ਼ੀਮ ਖਾਂ ਕਸ਼ਮੀਰ ਦੇ ਸੂਬੇ ਨੇ ਆਪਣੇ ਭਾਈ ਜੱਬਰ
ਖਾਂ ਨੂੰ ਕਸ਼ਮੀਰ ਦਾ ਹਾਕਮ ਕਰ, ਕਾਮਰਾਨ ਨੂੰ ਕਾਬਲੋਂ ਕੱਢ ਕੇ ਅਯੂਬ ਖਾਂ ਨੂੰ ਤਖਤ
ਬੈਠਾਇ ਦਿੱਤਾ ਹੈ। —— ਕਾਬਲ ਦੀ ਫੁੱਟ ਦਾ ਇਸ ਪ੍ਰਕਾਰ ਹਾਲ ਸੁਣ ਕੇ ਮਹਾਰਾਜੇ
ਨੇ ਪਸ਼ੌਰ ਕਾਬੂ ਕਰਨ ਦਾ ਚੰਗਾ ਸਮਾ ਜਾਣ ਕੇ ਫੌਜ ਚੜ੍ਹਾ ਦਿੱਤੀ।
ਪਸ਼ੌਰ ਦੇ ਰਈਸਾਂ ਨੂੰ ਆਪਣੇ ਬਣਾ ਕਰ ੧੬ ਮੱਘਰ ਸੰ: ੧੮੭੫ ਬਿ: ਨੂੰ ਮਹਾਰਾਜ
ਅਟਕ ਨੂੰ ਲੰਘ ਤੁਰੇ। ਜੱਦਪਿ ਪਠਾਣਾਂ ਨੇ ਮੁਕਾਬਲਾ ਤਾਂ ਕੀਤਾ ਪਰ ਥੋੜ੍ਹੇ ਚਿਰ ਵਿੱ
ਚ ਹੀ ਉਡ ਪੁਡ ਗਏ। ੨੧ ਮੱਘਰ ਨੂੰ ਵਾਹਗੁਰੂ ਬੋਲ ਕੇ ਪਸ਼ਾਵਰ ਵਿੱਚ ਦਾਖਲ
ਜਾ ਹੋਏ। ਉਥੋਂ ਦਾ ਸੂਬਾ ਯਾਰ ਮੁਹੰਮਦ ਖਾਂ ਤਾਂ ਸੁਣਦਿਆਂ ਹੀ ਨੱਸ ਗਿਆ ਤੇ ਬਾਕੀ ਦੇ
ਫੀਰੋਜ਼ ਖਾਂ ਤੇ ਖੁੜਕ ਆਦਿਕ ਰਈਸ, ਚੌਧਰੀ ਮਹਾਰਾਜੇ ਨੂੰ ਨਜ਼ਰਾਂ ਲੈ ਕੇ ਆ ਮਿਲੇ।
ਫੇਰ ਉਥੋਂ ਦਾ ਸੂਬਾ ਜਹਾਂਦਾਦ ਖਾਂ ਨੂੰ ਬਣਾ ਜਾ ਤੇ ਇਲਾਕੇ ਦਾ ਬੰਦੋਬਸਤ ਕਰ, ੧੬ ਤੋ
ਪਾਂ ਬਹੁਤ ਚੰਗੀਆਂ ਤੇ ਹੋਰ ਬਹੁਤ ਅਸਬਾਬ ਲੈ ਕੇ ਲਾਹੌਰ ਨੂੰ ਗਏ।
ਅਜੇ ਅਟਕ ਭੀ ਨਹੀਂ ਟੱਪੇ ਸੇ ਕਿ ਯਾਰ ਮੁਹੰਮਦ ਖਾਂ ਨੇ ਯੂਸਫ਼ਜ਼ਈ, ਬਾਰਕਜ਼ਈ ਪ
ਠਾਣਾਂ ਦੀ ਮਦਦ ਲੈ ਕੇ ਮੁੜ ਪਸ਼ਾਵਰ ਆ ਮਾਰਿਆ, ਜਹਾਂਦਾਦ ਖਾਂ ਨਗਾਰੇ ਦੇ ਪਹਾੜ
ਵਲ ਨੱਠ ਗਿਆ। —— ਇਸ ਗੱਲੋਂ ਮਹਾਰਾਜੇ ਨੇ ਗੁੱਸੇ ਹੋ ਕੇ ਯਾਰ ਮੁਹੰਮਦ ਖਾਂ
ਦੇ ਵਕੀਲ ਦਾਮੋਦਰ ਮਲ ਤੇ ਨੂਰ ਅੱਲਾ ਖਾਂ ਨੂੰ (ਜੋ ਸੁਲਾ ਤੇ ਤਾਬੇਦਾਰੀ ਦਾ ਸੰਦੇਸਾ —

Digitized by Panjab Digital Library | www.panjabdigilib.org

ਲੈਕੇ ਆਏ ਸੇ) ਬਹੁਤ ਖਿਜਕਨਾ, ਤੇ ਸ਼ਾਹਜ਼ਾਦੇ ਖੜਕ ਸਿੰਘ ਦੀ ਕਮਾਨ ਵਿੱਚ ਸ੍ ੩੮੧
ਦਾਰ ਦਲਸਿੰਘ ਵਲਾਇਤਾਰ, ਤੇ ਮਿਸਰ ਦੀਵਾਨਚੰਦ ਨੂੰ ਪੰਜ ਪਲਟਨਾਂ, ਦੇ ਤੋਪਖਾਨੇ
ਦੇਕੇ ਯਾਰਮੁਹੰਮਦਖਾਂ ਦਾ ਸਿਰ ਤੋੜਨ ਲਈ ਹੁਕਮ ਦਿੱਤਾ। — ਜਦ ਏਹੋ ਫੌਜ ਬ
ੜੀ ਤੇਜ਼ੀ ਨਾਲ ਅੱਗ ਦੀ ਲਾਟ ਵਾਂਗੂ ਪਸ਼ਾਵਰ ਵਲ ਝੁਕੀ ਤਾਂ ਯਾਰਮੁਹੰਮਦਖਾਂ ਨੇ ਡ
ਰਕੇ ਝਟਪਟ ਹੀ ੫੦ ਪੰਜਾਹ ਹਜ਼ਾਰ ਦੀ ਹੁੰਡੀ, ਪੰਜਾਹ ਘੋੜੇ ਅਮੋਲਕ ਨਜ਼ਰ ਭੇਜ
ਕੇ ਅੱਗੇ ਨੂੰ ਇੱਕ ਲੱਖ ਰੁਪਯਾ ਸਾਲਾਨਾ ਦੇਣਾ ਲਿਖ ਦਿੱਤਾ। ਮਹਾਰਾਜੇ ਨੇ ਏਹ ਮ
ਨਜ਼ੂਰ ਕਰ ਲਿਆ ਤੇ ਪਸ਼ਾਵਰ ਦੀ ਸੂਬੇਦਾਰੀ ਦਾ ਖਿਲਤ ਭੇਜ ਦਿੱਤਾ। ਆਪ ਪੰਜੇ ਸਾ
ਹਿਬ ਦਾ ਦਰਸ਼ਨ ਕਰਕੇ ਰਾਵਲਪਿੰਡੀ ਆ ਠਹਿਰੇ।

ਜਿਨ੍ਹਾਂ ਦਿਨਾਂ ਵਿੱਚ ਪਿਸ਼ੌਰ ਵਿੱਚ ਖਟਪਟੀ ਹੋ ਰਹੀ ਸੀ ਤਾਂ ਸ਼ਾਹਸੁਜਾ ਦੇ ਮਨ ਵਿੱਚ ਭੀ ਪਿਸ਼ੌ
ਰ ਲੈਣ ਦੀ ਰੀਝ ਆ ਗਈ ਤੇ ਏਸੇ ਉਬਾਲ ਵਿੱਚ ਲੁਦੇਹਾਣੇ ਤੋਂ ਚਲ ਕੇ ਸ਼ਾਹਪੁਰ ਜਾਪ
ਹੁੰਚਿਆ, ਤਦ ਸ਼ਾਹਪੁਰ ਦੇ ਸਿੰਘਾਂ ਨੇ ਹੀ ਉਸ ਨੂੰ ਮਾਰ ਨਠਾਯਾ, ਅਜੇ ਮਹਾਰਾਜੇ ਦੀ ਵੱਲੋਂ
ਸ: ਦਲਸਿੰਘ ਫੌਜ ਲੈਕੇ ਸ਼ਾਹਪੁਰ ਪੁੱਜਾ ਭੀ ਨਹੀਂ ਸੀ ਕੇ ਖਬਰ ਆ ਗਈ ਜੋ ਸ਼ਾਹਸੁ
ਜਾ ਮੁੜ ਲੁਦੇਹਾਣੇ ਜਾ ਵੜਿਆ ਹੈ।

ਸ਼ਾਹਸੁਜਾ ਦਾ ਹੱਲਾ ਕਰਨਾ।

ਏਸੇ ਸਾਲ ਸ੍ਰਦਾਰ ਦੇਸਾ ਸਿੰਘ ਮਜੀਠੀਏ ਨੇ ਮਹਾਰਾਜੇ ਦੇ ਹੁਕਮ ਅਨੁਸਾਰ ਪਰਬਤੀ
ਰਾਜਿਆਂ ਤੋਂ ਕਰ ਲੈਣਾ ਅਰੰਭ ਕੀਤਾ। ਬਿਲਾਸਪੁਰੀਏ ਨੇ ਆਪਣਾ ਇਲਾਕਾ ਸਤਲੁਜੋਂ
ਆਰ ਪਾਰ ਹੋਣੇ ਕਰ ਇਨਕਾਰ ਕੀਤਾ। ਸ੍ਰਦਾਰ ਨੇ ਰਾਜੇ ਸੰਸਾਰਚੰਦ ਨੂੰ ਨਾਲ ਲੈਕੇ, ਸ
ਤਲੁੱਜ ਪਾਰ ਦੇ ਤਿਨ ਕਿਲੇ (ਪਚਰੌਤਾ, ਮਕਾਲਗੜ੍ਹ, ਬਨੌਲੀ) ਜਿੱਤ ਕੇ ਬਿਲਾਸ
ਪੁਰ ਜਾ ਘੇਰਿਆ ਉਸ ਨੇ ਸਰਕਾਰ ਅੰਗ੍ਰੇਜ਼ੀ ਪਾਸ ਹਾਲ ਦੁਹਾਈ ਪਾਈ ਤਾਂ ਗਵਰਨਮਿੰਟ
ਅੰਗ੍ਰੇਜ਼ੀ ਨੇ ਮਹਾਰਾਜੇ ਪਾਸੋਂ ਏਸ ਵਧੀਕੀ ਦਾ ਸਬਬ ਪੁੱਛਿਆ। ਮਹਾਰਾਜੇ ਨੇ ਜਵਾਬ
ਦਿੱਤਾ, ਕੇ ਮੈਨੂੰ ਏਸ ਦੀ ਖਬਰ ਨਹੀਂ ਹੋਈ, ਅੱਗੇ ਨੂੰ ਐਸਾ ਨਹੀਂ ਹੋਵੇਗਾ।

ਬਿਲਾਸਪੁਰ ਦਾ ਹਾਲ।

(ਹੋਵੇਗਾ ਦਯਾਲ ਤਬ ਦੇਵੇਗਾ ਬੁਲਾਇ ਕੇ) ਜਦ ਕਿਸੇ ਦੀ ਕਿਸਮਤ ਚੰਗੀ ਹੁੰਦੀ ਹੈ ਤਾਂ
ਘਰੋਂ ਬੁਲਾ ਕੇ ਰਬ ਦਿੰਦਾ ਹੈ। ਏਸੇ ਸਾਲ ਜੱਬਾਰਖਾਂ ਸੂਬੇ ਕਸ਼ਮੀਰ ਦਾ ਦੀਵਾਨ ਪੰਡਿ
ਤ ਬੀਰਬਲ ਉਸ ਨਾਲ ਗੁੱਸੇ ਹੋਕੇ ਮਹਾਰਾਜੇ ਨੂੰ ਆ ਮਿਲਿਆ ਤੇ ਕਸ਼ਮੀਰ ਦੇ ਲੈ ਦੇਣ
ਦਾ ਪੱਕਾ ਵਾਇਦਾ ਕਰਕੇ, ਭਿੰਬਰ, ਰਜੌਰ ਆਦਿਕ ਰਾਜਿਆਂ ਤੋਂ ਭੀ ਚਿੱਠੀਆਂ ਮੰਗਵਾ
ਦਿੱਤੀਆਂ। ਏਸ ਹਾਲ ਨੂੰ ਜਾਣਕੇ ਮਹਾਰਾਜ ਤਾਂ ਗਦ ਗਦ ਹੋ ਗਏ ਤੇ ੮ ਬੈਸਾਖ ਸੰਮਤ

ਕਸ਼ਮੀਰ ਫਤੇ ਹੋਣਾ

Digitized by Panjab Digital Library | www.panjabdigilib.org

੩੮੨ ੧੮੭੬ ਬਿ: ਨੂੰ ਆਪਣੇ ਤਾਬੇਦਾਰਾਂ ਸਰਦਾਰਾਂ ਤੇ ਰਾਜਿਆਂ ਨੂੰ ਹੁਕਮਨਾਮੇ ਲਿਖ ਕੇ ਆਪਣੀ ਸਭ ਫੌਜ ਸਮੇਤ ਵਜ਼ੀਰਾਬਾਦ ਪਹੁੰਚੇ। ਏਧਰੋਂ ਮਿਸਰ ਦੀਵਾਨ ਚੰਦ ਜ਼ਫਰ ਜੰਗ ਨੂੰ ਦਸ ਹਜ਼ਾਰ ਫੌਜ ਦੇ ਕੇ ਸ਼ਾਹਜ਼ਾਦੇ ਖੜਗ ਸਿੰਘ ਨਾਲ ਤੋਰਿਆ, ਉਧਰ ਰਾਜੇ ਰਜੌਰੀ ਤੇ ਭਿੰਬਰ ਆਦਿਕ ਨੂੰ ਲਿਖਿਆ ਕੇ ਬਾਰਬਰਦਾਰੀ ਰਸਦ ਦੀ ਮਦਦ ਦੇ ਕੇ ਫੌਜ ਖਾਲਸੇ ਨੂੰ ਆਪਣੇ ੨ ਇਲਾਕੇ ਤੋਂ ਰਾਖੀ ਨਾਲ ਲਿਆਉਣਾ। — ੧੪ ਵੈਸਾਖ ਨੂੰ ਮਹਾਰਾਜ ਨੇ ਵਜ਼ੀਰਾਬਾਦ ਪਹੁੰਚ ਕੇ ਸਭ ਫੌਜ ਦੇਖੀ। — ਉਧਰ ਜਦ ਭਿੰਬਰ ਵਾਲੇ ਆਗਰਖਾਂ ਦੇ ਰਾਜ ਵਿੱਚ ਖਾਲਸਾ ਆ ਪਹੁੰਚਿਆ ਤਾਂ ਉਹ ਸਿੰਘਾਂ ਦੀ ਸਿਆਸਤੋਂ ਤੇ ਬਿਗੜ ਬੈਠਾ, ਓੜਕ ਨੱਸ ਗਿਆ ਤਾਂ ਉਸ ਦੇ ਬੇਟੇ ਰਹੀਮੁੱਲਾ ਖਾਂ ਨੂੰ ਗੱਦੀ ਪਰ ਬੈਠਾ ਕੇ ਆਪਣਾ ਮਦਦਗਾਰ ਬਣਾ ਲਿਆ।

੭ ਜੇਠ ਨੂੰ ਜਦ ਖਾਲਸਾ ਜੀ ਬਾਹਿਰਾਮਗਲਾ ਟੱਪਿਆ ਤਾਂ ਮੀਰ ਮੁਹੰਮਦ ਖਾਂ ਪੁਣਛ, ਤੇ ਮੁਹੰਮਦ ਅਲੀ ਖਾਂ ਸ਼ੋਪੀਨ ਦੇ ਹਾਕਮਾਂ ਨੇ ਥੋੜੀ ਜੇਹੀ ਲੜਾਈ ਕਰਕੇ ਹੀ ਤਾਬੇਦਾਰੀ ਮੰਨ ਲਈ। — ਫੇਰ ਦੀਵਾਨ ਚੰਦ ਮਿਸਰ ਨੇ ਫੌਜ ਦੇ ਤਿੰਨ ਹਿੱਸੇ ਕਰ ਦਿਤੇ। ਇਕ ਹਿੱਸੇ ਨੂੰ ਤਾਂ ਪੀਰਪੰਜਾਲ ਦੇ ਰਸਤੇ ਛੋਟੀਆਂ ਤੋਪਾਂ ਤੇ ਥੋੜਾ ਵਾਜਬੀ ਸਾਮਾਨ ਦੇ ਕੇ ਤੋਰਿਆ, ਦੂਜੇ ਹਿੱਸੇ ਨੂੰ ਦੂਸਰੇ ਰਾਹ ਪਾਇਆ, ਤੀਜੇ ਨੂੰ ਆਪਣੇ ਨਾਲ ਲੈ ਕੇ ਉਸ ਰਾਹ ਗਏ

ਮੈਦਾਨ

ਜਿਥੋਂ ਦੀ ਅਕਬਰ ਬਾਦਸ਼ਾਹ ਕਸ਼ਮੀਰ ਗਿਆ ਸੀ। ਇਨ੍ਹਾਂ ਤਿੰਨਾਂ ਹੀ ਫੌਜਾਂ ਨੇ ਵਾਦੀ ਵਿੱਚ ਕੱਠੇ ਹੋਣ ਦਾ ਇਕਰਾਰ ਕਰ ਲਿਆ। — ਜਦ ਬਹੁਤ ਉੱਚੇ ਪੀਰਪੰਜਾਲ ਪਰਬਤ ਨੂੰ ਲੰਘ ਕੇ ਫੌਜ ਬਹਿਰੀਨਾਗ ਵਿਚ ਉਤਰੀ ਤਾਂ ਅੱਗੋਂ ਜੋ ਪਠਾਣੀ ਫੌਜ ਦਰਮਾਰੀ ਬੈਠੀ ਸੀ, ਅੱਚਾਚੇਤ ਅਲੀ ੨ ਕਰਕੇ ਆ ਪਈ। ਸਾਰਾ ਦਿਨ ਦੋਹਾਂ ਪਾਸਿਆਂ ਤੋਂ ਤੀਰ ਤੁਫੰਗ ਦਾ ਜੰਗ ਹੁੰਦਾ ਰਿਹਾ, ਛੇਕੜ ਥੋੜੇ ਜੇਹੇ ਦਿਨ ਰਹੇ ਸਿੰਘਾਂ ਨੇ ਵਾਹਿਗੁਰੂ ਬੋਲ ਕੇ, ਖੰਡੇ ਧੂਹ ਲਏ ਤੇ ਖਟਾਖਟ ਜਾ ਖੋਭੇ, ਪੰਜ ਘੜੀ ਤਾਂ ਉਹ ਚੰਗੀ ਖੜਕੀ ਜੋ

ਕਸ਼ਮੀਰ ਦਾ ਜੰਗ

ਰਹੇ ਨਾਮ ਰੱਬ ਦਾ, ਲੋਥਾਂ ਦੇ ਢੇਰ ਤੇ ਲਹੂ ਦੇ ਨਾਲੇ ਵਹਿ ਤੁਰੇ। ਓੜਕ ਪਠਾਣ ਨੱਠ ਤੁਰੇ ਤੇ ਸਿੰਘ ਉਨ੍ਹਾਂ ਦਾ ਡੇਰਾ ਡੰਡਾ ਲੁੱਟ ਕੇ ਅੱਗੇ ਨੂੰ ਵਧੇ। ਇਸ ਜਿੱਤ ਦੀ ਖਬਰ ਸੁਣ ਕੇ ਸਰਕਾਰ ਖਾਲਸਾ ਜੀ ੧੭ ਹਾੜ ਨੂੰ ਕਸ਼ਮੀਰ ਦੇ ਮੈਦਾਨ ਵਿੱਚ ਆਣ ਉੱਤਰੇ।

੧੦ ਜੇਠ ਨੂੰ ਉਧਰ ਦੂਜੇ ਹਿੱਸੇ ਦੀ ਫੌਜ ਨੇ ਅਲੀ ਦੀ ਸਰਾਇ ਪਾਸ ਜੰਗ ਜਾ ਜਿੱਤਿਆ।

੧੩ ਜੇਠ ਨੂੰ ਤਿੰਨੇ ਲਸ਼ਕਰ (ਵਾਦੀ) ਮੈਦਾਨ ਵਿੱਚ ਇਕੱਠੇ ਜਾ ਹੋਏ। —

Digitized by Panjab Digital Library | www.panjabdigilib.org

ਉਧਰੋਂ ਜੱਬਾਰਖਾਂਨ ਸੂਬਾ ਕਸ਼ਮੀਰ ਦਾ ਭੀ ਬਹੁਤ ਸਾਰੀ ਫੌਜ ਤੇ ਤੋਪਖਾਨੇ ਲੈਕੇ ਸੋਪੀ ੩੮੩
ਨ ਦੇ ਨਜੀਕ ਆ ਉਤਰਿਆ। ਖਾਲਸੇ ਨੇ ਭੀ ਝੰਡੇ ਤੇ ਮੋਰਚੇ ਵਧਕੇ ਜਾ ਲਾਏ। ਕਈ
ਦਿਨ ਦੋਹਾਂ ਪਾਸਿਆਂ ਤੋਂ ਤੋਪ ਬੰਦੂਕ ਚੱਲਦੀ ਰਹੀ, ਓੜਕ ੨੦ ਹਾੜ੍ਹ ਨੂੰ ਅੰਮ੍ਰਿਤ ਵੇਲੇ
ਮਿਸਰ ਦੀਵਾਨਚੰਦ, ਹਰੀਸਿੰਘ ਨਲੂਏ ਆਦਿਕ ਸਰਦਾਰਾਂ ਨਿਸ਼ਾਨ ਝੁਲਾਏ,
ਮਾਰੂ ਵਜਾਏ, ਕਦਮ ਵਧਾਏ ਪਠਾਣਾਂ ਨਾਲ ਬੜਾ ਭਾਰੀ ਭਟਭੇੜ ਕਰਦੇ ਹੋਏ ਅੱ
ਗੇ ਨੂੰ ਵਧਦੇ ਚਲੇ ਗਏ, ਕਈ ਕੋਹਾਂ ਵਿੱਚ ਧਰਤੀ ਲਹੂ ਲੁਹਾਣ ਹੋ ਗਈ ਤੇ ਲੋਥਾਂ ਦੇ
ਢੇਰਾਂ ਉਪਰ ਢੇਰ ਲਗ ਗਏ। — ਭਾਵੇਂ ਪਹਿਲੇ ਤਾਂ ਪਠਾਣਾਂ ਨੇ ਹਿੰਮਤ ਕਰਕੇ ਸਿ
ਖਾਂ ਨੂੰ ਪਿੱਛੇ ਹਟਾ ਕੇ ਤੇ ਦੋ ਤੋਪਾਂ ਭੀ ਲੈ ਲਈਆਂ, ਪਰ ਜਦ ਮਹਾਰਾਜੇ ਦੇ ਹੁਕਮ ਨਾਲ
ਸਰਦਾਰਾਂ ਨੇ ਹੱਲਾਸ਼ੇਰੀ ਦਿੱਤੀ ਤਾਂ ਸਿੰਘ ਦਲੇਰ ਤੇ ਹੌਸਲੇ ਵਾਲੇ ਹੋ ਗਏ ਜੋ ਪਹਿਲੇ
ਤਾਂ ਗੋਲੇ ਗੋਲੀਆਂ ਨਾਲ ਪਠਾਣਾਂ ਦੇ ਆਹੂ ਲਾਹੇ, ਹੱਥੋ ਹੱਥੀ ਤੇ ਫੇਰ ਤਲਵਾਰਾਂ ਨਾਲ
ਕਈ ਹਜਾਰਾਂ ਨੂੰ ਪਾਰ ਬੁਲਾਯਾ। ਪਠਾਣ ਮਾਨੋ ਐਸੇ ਭੰਗ ਪੀਕੇ ਸੁੱਤੇ ਹਨ ਜੋ ਹੁਣ ਤਕ
ਅੰਗ ਨਹੀਂ ਫੜਕਿਆ। ਇਸ ਜੰਗ ਵਿੱਚ ਵਜ਼ੀਰ ਫਤੇਖਾਂ ਦਾ ਬੇਟਾ ਮਹਿਰੋਲਖਾਂ, ਤੇ
ਅਮੀਰ ਖੁਰਮਖਾਂ, ਅਬਦੁਲ ਸਮੁੰਦਖਾਂ, ਬਖਸ਼ੀ ਜਾਨ ਮੁਹੰਮਦਖਾਂ ਆਦਿਕ ਵਡੇਰ
ਸਰਦਾਰ ਮਾਰੇ ਗਏ। ਜੱਬਾਰਖਾਂ ਆਪ ਭੀ ਸਖਤ ਜ਼ਖਮੀ ਹੋਯਾ। ਬਾਕੀ ਦੇ ਪਠਾਣ
ਜਾਨ ਬਚਾ ਨੱਸ ਦੌੜੇ ਤੇ ਸ਼ੇਰਸ਼ਾਹ ਦੇ ਕਿਲੇ ਵਿੱਚ ਜਾ ਘੁਸੇ। ਦੂਜੇ ਦਿਨ ਖਾਲਸੇ ਨੇ
ਪਠਾਣਾਂ ਨੂੰ ਉਥੋਂ ਭੀ ਜਾ ਕੱਢਿਆ। ਜੱਬਾਰਖਾਂ ਡਰਦਾ ਮਾਰਿਆ ਕਾਬਲ ਵੱਲੋਂ ਦੌੜ
ਗਿਆ। —— ੫ ਪੰਜ ਸਾਂਉਣ ਸੰ: ੧੮੭੬ ਬਿ: ਨੂੰ ਮਹਾਰਾਜੇ ਨੇ ਕਸ਼ਮੀਰ
ਉੱਪਰ ਕਬਜ਼ਾ ਕਰ ਲਿਆ। ਫੇਰ ਮਹਾਰਾਜੇ ਨੇ ਮਿਸਰ ਦੀਵਾਨਚੰਦ ਨੂੰ ਉਥੋਂ ਦੇ ਇੰ
ਤਜ਼ਾਮ ਦਾ ਕੰਮ ਸਪੁਰਦ ਕੀਤਾ ਤੇ ਬਾਕੀ ਫੌਜਾਂ ਨੂੰ ਪਿੱਛੇ ਮੁੜਨ ਦਾ ਹੁਕਮ ਦੇ ਕੇ ਆ
ਪ ਅਜ਼ੀਮਗੜ੍ਹ ਦਾ ਕਿਲਾ ਫਤੇ ਕਰਦੇ ਹੋਏ ਲਾਹੌਰ ਆ ਗਏ। ਤਿੰਨ ਦਿਨ ਜਲਸੇ
93 ਹੁੰਦੇ ਰਹੇ, ਗਰੀਬਾਂ ਨੂੰ ਬਹੁਤ ਦੌਲਤ ਵੰਡੀ, ਅਤੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰ,
ਨਜ਼ਰ ਭੇਟਾ ਦੇ ਕੇ ਦਰਬਾਰ ਉੱਤੇ ਸੁਇਨਾ ਚੜ੍ਹਾਨੇ ਦਾ ਹੁਕਮ ਦਿੱਤਾ। ਫੌਜਾਂ ਨੂੰ ਕੜੇ,
ਕੰਠੇ, ਬੁਧਕੀਆਂ ਇਨਾਮ ਬਖਸ਼ੇ।
ਉਧਰ ਦੀਵਾਨਚੰਦ ਤੇ ਦੀਵਾਨ ਮੋਤੀਰਾਮ ਨੇ ਬੀਰਬਲ ਦੀ ਸਹਾਇਤਾ ਨਾਲ ਕਸ਼ਮੀਰ ਦਾ
ਬੰਦੋਬਸਤ ਕਰਕੇ, ੩੫ ਲੱਖ ਸਾਲਾਨਾ ਲੈਣਾ ਕਰਕੇ ਕਸ਼ਮੀਰ ਦਾ ਮੁਲਕ ਪੰਡਿਤ

Digitized by Panjab Digital Library | www.panjabdigilib.org

੩੯੪ ਬੀਰਬਲ ਨੂੰ ਦੇ ਦਿੱਤਾ ਅਤੇ ੧੦ ਦਸ ਲੱਖ ਰੁਪਯਾ ਸਾਲ ਦਾ ਲੈਣਾ ਕਰਕੇ ਸੂਬਾ ਫ਼ਤੇ ਦੇ ਕਾਰਖਾਨੇ ਜਵਾਹਰ ਮੱਲ ਨੂੰ ਸੌਂਪ ਕੇ ਆਪ ਲਾਹੌਰ ਨੂੰ ਚਲੇ ਆਏ। —

ਕਸ਼ਮੀਰ ਦੇ ਨਾਲ ਲਗਦੀਆਂ ਪੁਣਛ, ਰਜੌਰੀ, ਦਰਬੀਰ ਆਦਿਕ ਮੁਲਕਾਂ ਦੇ ਫ਼ਤੇ ਕਰਨ ਵਾਸਤੇ ਸਰਦਾਰ ਹਰੀ ਸਿੰਘ ਨਲੂਆ, ਦਲ ਸਿੰਘ, ਦੀਵਾਨ ਭਵਾਨੀ ਦਾਸ ਜੋ ਮੁਕੱਰਰ ਕੀਤੇ ਗਏ ਸੇ ਓਹ ਭੀ ਸਭ ਨੂੰ ਤਾਬੇਦਾਰੀ ਮਨਾ ਕੇ ਮੁੜ ਲਾਹੌਰ ਆ ਗਏ।

ਮੁਲਤਾਨ ਦਾ ਦੌਰਾ

ਇਸ ਸਾਲ ਦੁਸਹਿਰਾ ਬੜੀ ਧੂਮ ਧਾਮ ਨਾਲ ਹੋਯਾ। ਦੁਸਹਿਰਾ ਪੂਜ ਕੇ ਸੰ: ੧੮੭੭ ਬਿ: ਨੂੰ ਮਹਾਰਾਜੇ ਨੇ ਮੁਲਤਾਨ ਵੱਲ ਚੱਕਰ ਲਾਯਾ। ਜਦ ਮੁਲਤਾਨ ਪਹੁੰਚੇ ਤਾਂ ਮਲੂਮ ਹੋਯਾ ਕੇ ਸ਼ਾਮ ਸਿੰਘ ਪਸ਼ੌਰੀਏ ਨੇ (ਜਿਸ ਨੂੰ ਸਾਢੇ ਪੰਜ ਲੱਖ ਰੁਪਏ ਪਰ ਮੁਲਤਾਨ ਦਾ ਇਲਾਕਾ ਠੇਕੇ ਦਿੱਤਾ ਹੋਯਾ ਸੀ) ਜ਼ੁਲਮ ਕਰਕੇ ਪਰਜਾ ਤੋਂ ਬਹੁਤ ਰੁਪਯਾ ਇਕੱਠਾ ਕੀਤਾ ਹੈ। ਮਹਾਰਾਜੇ ਨੇ ਉਸ ਨੂੰ ਤਾਂ ਕੈਦ ਕਰ ਲਿਆ ਤੇ ਸਾਉਣ ਮੱਲ ਅਕਾਲਗੜ੍ਹ ਦੇ ਖੱਤਰੀ ਨੂੰ ਢਾਈ ਸੌ ਰੁਪਏ ਮਹੀਨੇ ਦਾ ਨੌਕਰ ਕਰਕੇ, ਹਿਸਾਬ ਕਿਤਾਬ ਤੇ ਖਜ਼ਾਨੇ ਦਾ ਅਫ਼ਸਰ ਬਣਾ ਦਿੱਤਾ, ਅੱਤੇ ਭਾਈ ਬੁੱਧਣ ਹਜ਼ਾਰੀ ਨੂੰ ਮੁਲਤਾਨ ਦਾ ਸੂਬਾ ਬਣਾਯਾ। ———

ਕਸ਼ਮੀਰਾ ਸਿੰਘ ਤੇ ਮੁਲਤਾਨਾ ਸਿੰਘ ਦਾ ਜਨਮ

ਉਸੇ ਸਮੇ ਖਬਰ ਪਹੁੰਚੀ ਕੇ ਰਾਣੀ ਦਯਾ ਕੌਰ ਤੇ ਰਤਨ ਕੌਰ ਦੇ ਘਰ ਸ਼ਾਹਜ਼ਾਦੇ ਪੈਦਾ ਹੋਏ ਹਨ। ਇਸ ਖੁਸ਼ੀ ਵਿੱਚ ਮਹਾਰਾਜਾ ਨੇ ਬਹੁਤ ਦੌਲਤ ਵੰਡੀ। ਦਯਾ ਕੌਰ ਦੇ ਪੁੱਤ੍ਰ ਦਾ ਨਾਮ ਕਸ਼ਮੀਰਾ ਸਿੰਘ ਤੇ ਰਤਨ ਕੌਰ ਦੇ ਪੁੱਤ੍ਰ ਦਾ ਨਾਮ ਮੁਲਤਾਨਾ ਸਿੰਘ ਰੱਖਯਾ ਕਿਉਂਕੇ ਉਸੇ ਸਾਲ ਕਸ਼ਮੀਰ ਤੇ ਮੁਲਤਾਨ ਫ਼ਤੇ ਹੋਏ ਸਾਨ। ਬੜੇ ਉਤਸ਼ਾਹ ਨਾਲ ਹੋਲੀਆਂ ਭੀ ਮੁਲਤਾਨ ਵਿੱਚ ਹੀ ਮਨਾਈਆਂ, ਮੁਲਤਾਨੀ ਲੋਕਾਂ ਨੂੰ ਫ਼ਾਇਦਾ ਪਹੁੰਚਾਣ ਲਈ ਐਤਨਾ ਰੁਪਯਾ ਖਰਚਿਆ ਜੋ ਲੋਗ ਮਾਲਦਾਰ ਹੋ ਗਏ।

ਬਹਾਵਲਪੁਰ ਤੋਂ ਖਿਰਾਜ, ਮਨਕੇਰੇ ਤੋਂ ਪੰਗੀ ਘੋੜੀ ਆਈ

ਫੇਰ ਬਹਾਵਲਪੁਰ ਤੋਂ ਕਰ ਲੈਣ ਵਾਸਤੇ ਸਰਦਾਰ ਬੁਧ ਸਿੰਘ ਤੇ ਹਰਦੇਵਾ ਸਿੰਘ ਨੂੰ ਭੇਜਿਆ। ਨਵਾਬ ਨੇ ਡੇਢ ਲੱਖ ਦੇ ਕੇ ੫੦ ਹਜ਼ਾਰ ਦੀ ਕਿਸ਼ਤ ਕਰ ਦਿੱਤੀ।

ਅਸਰ ਦੀਵਾਨ ਚੰਦ ਮਨਕੇਰੇ ਦੇ ਨਵਾਬ ਤੋਂ ਕਰ ਲੈ ਕੇ ਓਹ ਘੋੜੀ ਭੀ (ਖੁਰਕੀ ਦੇ ਕੇ) ਲੈ ਆਯਾ ਜਿਸ ਦੇ ਲੈਣ ਵਾਸਤੇ ਵਜ਼ੀਰ ਕਾਬੁਲ ਤੇ ਮਹਾਰਾਜਾ ਰਣਜੀਤ ਸਿੰਘ ਕਈ ਵਾਰੀ ਜਤਨ ਕਰ ਚੁੱਕੇ ਸੇ। — ਕਹਿੰਦੇ ਹਨ ਉਸ ਘੋੜੀ ਜੈਸੀ ਸੁਢੌਲ ਡੰਗਰ ਕੋਈ ਘੋੜੀ ਨਹੀਂ ਸੀ ਤੇ ਨਾਂ ਹੀ ਕੋਈ ਉਸ ਵਰਗੀ ਚਲਾਕ ਤੇ ਸੋਹਣੀ ਸੀ। ਮਹਾਰਾਜਾ ਜੋ ਘੋੜੀ ਲੈ ਕੇ ਐਡੇ ਖੁਸ਼ ਹੋਏ ਜਾਣੋਂ ਕਾਬੁਲ ਹੀ ਫ਼ਤੇ ਕਰ ਲਿਆ। ਉਸ ਉੱਤੇ ਸਦਾ ਚੜ੍ਹਦੇ

ਬਹੁਤ ਦੌਲਤ ਗਰੀਬਾਂ ਨੂੰ ਵੰਡੀ ਤੇ ਮਿਸਰ ਜੀ ਨੂੰ ਜਾਗੀਰ ਬਖਸ਼ੀ ਅਤੇ ਉਸ ਘੋੜੀ ਦਾ ਨਾਮ ਸੁਫੈਦ ਪਰੀ ਰੱਖਿਆ। —— ਉਸੇ ਸਮੇ ਜਮਾਦਾਰ ਖੁਸ਼ਹਾਲ ਸਿੰਘ ਨੇ ਡੇਰੇ ਇਸਮਈਲ ਖਾਂ, ਡੇਰੇ ਗਾਜ਼ੀ ਖਾਂ ਪਹੁੰਚ ਕਰ ੧੨ ਦਿਨ ਜੰਗ ਕੀਤਾ ਤੇ ਉਥੋਂ ਦੇ ਸੂਬੇ ਜ਼ਮਾਨ ਖਾਂ ਨੂੰ ਜੋ ਕਾਬਲ ਵਲੋਂ ਸੀ, ਉਥੋਂ ਕੱਢ ਕੇ ਆਪਣੇ ਹਾਕਮ ਬੈਠਾਏ ਤੇ ਦੇਸੀ ਰਈਸਾਂ ਤੋਂ ਕਰ ਲੈ ਕੇ ਲਾਹੌਰ ਹਾਜ਼ਰ ਆ ਹੋਯਾ। ੧੮੭੯

ਇਸੇ ਸਾਲ ਮਹਾਰਾਜੇ ਨੇ ਧਿਆਨ ਸਿੰਘ ਨੂੰ ਰਾਜਗੀ ਦਾ ਖਿਤਾਬ, ਤੇ ਜੰਮੂ ਜਾਗੀਰ ਦੇਣੀ ਚਾਹੀ ਪਰ ਉਸ ਨੇ ਏਹ ਦੋਵੇਂ ਗੱਲਾਂ ਆਪਣੇ ਵੱਡੇ ਭਾਈ ਗੁਲਾਬ ਸਿੰਘ ਨੂੰ ਦਿਵਾ ਕੇ, ਜੰਮੂ ਵੱਲ ਡੀਡੋ ਨਾਮੀ ਧਾੜਵੀ ਦੇ ਫੜਨ ਦੀ ਟਹਿਲ ਸੌਂਪੀ, ਕਯੋਂਕਿ ਹਮੇਸ਼ ਇੱਕ ਹਜ਼ਾਰ ਧਾੜਵੀ ਨਾਲ ਲੈ ਕੇ ਡੀਡੋ, ਲਾਹੌਰ ਦੇ ਰਾਜ ਵਿਚ ਲੁੱਟ ਮਾਰ ਕਰਦਾ ਸੀ ਤੇ ਕਾਬੂ ਨਹੀ ਚੜ੍ਹਦਾ ਸੀ। ਗੁਲਾਬ ਸਿੰਘ ਨੇ ਇੱਕ ਪਹਾੜੀਏ ਤੋਂ ਦਗੇ ਨਾਲ ਡੀਡੋ ਨੂੰ ਮਰਵਾ ਕੇ ਲਾਹੌਰ ਭੇਜ ਦਿੱਤਾ ਅਤੇ ਅਗਰ ਖਾਂ ਰਜੌਰੀ ਵਾਲਾ ਜੋ ਬਾਗੀ ਬਣ ਰਿਹਾ ਸੀ ਉਸ ਨੂੰ ਬੰਨ੍ਹ ਕੇ ਲੈ ਆਯਾ। ਇਸ ਟਹਿਲ ਬਦਲੇ ਮਹਾਰਾਜੇ ਨੇ ੧੨ ਹਜ਼ਾਰ ਦੀ ਜਾਗੀਰ ਮੁਲਕ ਕਸ਼ਮੀਰ ਵਿੱਚੋਂ ਉਸ ਨੂੰ ਹੋਰ ਬਖਸ਼ੀ।

ਗੁਲਾਬ ਸਿੰਘ ਨੂੰ ਜਾਗੀਰ ਤੇ ਡੀਡੋ ਦਾ ਮਰਨਾ

ਫੱਗਣ ਸੰਮਤ ੧੮੭੭ ਬਿ: ਨੂੰ ਮਿਸਟਰ ਮੋਰਕ੍ਰਾਫਟ ਸਾਹਿਬ (ਜਿਸ ਨੇ ਬਹੁਤ ਵਲਾਯਤਾਂ ਦੇਖੀਆਂ ਸਨ) ਬੁਖਾਰੇ ਨੂੰ ਜਾਂਦਾ ਹੋਯਾ ਜਦ ਲਾਹੌਰ ਪਹੁੰਚਿਆ ਤਾਂ ਮਹਾਰਾਜੇ ਨੇ ਉਸ ਨੂੰ ਆਦਰ ਨਾਲ ਪਰਾਹੁਣਾ ਰੱਖਿਆ ਤੇ ਨਾਲੇ ਆਪਣੀ ਫੌਜ ਦਿਖਾਈ। ਫੌਜ ਦੇਖ ਕੇ ਉਹ ਦੰਗ ਹੋ ਗਿਆ। ਫੇਰ ਉਸ ਨੇ ਮਹਾਰਾਜੇ ਨੂੰ ਅਨੇਕ ਦੇਸ਼ਾਂ ਤੇ ਵਲਾਯਤਾਂ ਦੀਆਂ ਗੱਲਾਂ ਸੁਣਾਈਆਂ ਜਿਸ ਪਰ ਖੁਸ਼ ਹੋ ਕਰ ਮਹਾਰਾਜੇ ਨੇ ਆਪਣੇ ਅਧੀਨ ਰਜਵਾੜੀ ਬਾਦਸ਼ਾਹਾਂ ਤੇ ਆਪਣੇ ਕਾਰਦਾਰਾਂ ਵੱਲ ਉਸ ਦੀ ਸਹਾਇਤਾ ਵਾਸਤੇ ਸਨਦ ਲਿਖ ਦਿੱਤੀ। ਜਦ ਏਹ ਫਰੰਗੀ ਕਾਂਗੜੇ, ਜ੍ਵਾਲਾਮੁਖੀ, ਮੰਡੀ, ਕੁੱਲੂ, ਕਸ਼ਮੀਰ, ਲੱਦਾਖ, ਲਾਸੇ, ਤਿੱਬਤ ਆਦਿਕ ਮੁਲਕਾਂ ਦਾ ਸੈਲ ਕਰਦਾ ਹੋਯਾ ਸ਼ਾਹਤੂਸ ਦੇ ਦੇਸ ਵਿੱਚ ਪਹੁੰਚਿਆ ਤਾਂ ਉਥੋਂ ਦੇ ਵਜ਼ੀਰ ਅਤੇ ਸ਼ਾਹਜ਼ਾਦੇ ਨੈਲੋਡ ਨਾਮੀ ਨਾਲ ਮੁਲਾਕਾਤ ਕਰਕੇ, ਸਰਕਾਰ ਖਾਲਸੇ ਦੀਆਂ ਗੱਲਾਂ ਉਪਮਾ ਸਹਿਤ ਸੁਣਾਈਆਂ, ਜਿਸ ਕਰਕੇ ਖੁਸ਼ ਹੋ ਕੇ ਸ਼ਾਹਜ਼ਾਦੇ ਨੇ ਇੱਕ ਮੁਰਾਸਲਾ ਮਹਾਰਾਜੇ ਰਣਜੀਤ ਸਿੰਘ ਦੇ ਨਾਮ ਇਸ ਤਰਾਂ ਦਾ ਲਿਖ ਕੇ ਉਸੇ ਫਰੰਗੀ ਨੂੰ ਦੇ ਦਿਤਾ ਕੇ ਸਾਡੀ ਤੁਹਾਡੀ ਅੱਜ ਤੋਂ ਪੱਕੀ ਦੋਸਤੀ ਹੋਈ ਹੈ, ਜੇਕਰ ਤੁਸੀਂ ਆਗਯਾ ਦੇਓ ਤਾਂ ਸਾਡੇ

ਸੈਲੀ ਫ੍ਰੰਗੀ ਦਾ ਔਣਾ।

Digitized by Panjab Digital Library | www.panjabdigilib.org

੩੯੬ ਰੂਸੀ ਸੌਦਾਗਰ ਪੰਜਾਬ ਵਿੱਚ ਜਾਯਾ ਕਰਨ ਤੇ ਪੰਜਾਬੀ ਸੌਦਾਗਰ ਰੂਸ ਵਿੱਚ ਆਯਾ ਕਰਨਾ। — ਏਹ ਮੁਰਾਸਲਾ ਲੈਕੇ ਆਉਂਦਾ ਹੋਯਾ ਮੋਰਕ੍ਰਾਫਟ ਸਾਹਿਬ ਊਦਖੋਏਮੂ ਕਾਮ ਪਰ ਤਪ ਚੜ੍ਹਨੇ ਕਰ ਮਰ ਗਿਆ। ਉਪਰਲਾ ਬ੍ਰਿਤਾਂਤ ਉਸਦੇ ਸਫਰਨਾਮੇ ਵਿੱਚ ਲਿਖਿਆ ਹੋਯਾ ਹੈ, ਉਸਨੇ ਏਹ ਭੀ ਲਿਖਯਾ ਹੈ ਕੇ ਕਸ਼ਮੀਰ ਗੰਧਕ ਦੀ ਖਾਣ ਉੱਪਰ ਵਸਦਾ ਹੈ ਸੋ ਇਕ ਦਿਨ ਸੜ ਜਾਏਗਾ।

ਹਜ਼ਾਰੇ ਦਾ ਸਰ ਹੋਣਾ ਰਾਮਦਯਾਲ ਦਾ ਮਰਨਾ

ਮਾਘ ਸੰਮਤ ੧੮੭੭ ਬਿ: ਨੂੰ ਹਜ਼ਾਰੇ ਦੇ ਮੁਲਕ ਵਿੱਚ ਫੇਰ ਬਹੁਤ ਰੌਲਾ ਜਾਗਯਾ ਅੱਤੇ ਜਿਤਨੇ ਕਾਰਦਾਰ ਲਾਹੌਰ ਦੇ ਉਥੇ ਸੇ ਪਠਾਣਾਂ ਨੇ ਸਭ ਮਾਰ ਕੇ ਕੱਢ ਦਿੱਤੇ। — ਏਦੂੰ ਦੋ ਸਾਲ ਪਹਿਲੇ ਭੀ ਹਜ਼ਾਰੇ ਵਿੱਚ ਗਦਰ ਮਚਿਆ ਸੀ ਤੇ ਮੁਹਕਮਸਿੰਘ ਆਦਿਕ ਬਹੁਤ ਆਦਮੀ ਮਹਾਰਾਜੇ ਦੇ ਮਾਰੇ ਗਏ ਸੇ। ਇਸ ਜੰਗ ਵਿੱਚ ਹੁਕਮਾਸਿੰਘ ਚਿਮਨੀ ਫੌਜ ਲੈਕੇ ਗਿਆ ਤਾਂ ਸੀ ਪਰ ਦੰਦ ਭੁਨਾ ਕੇ ਚਲਿਆ ਆਯਾ, ਓੜਕ ਸ਼ਾਹਜ਼ਾਦੇ ਸ਼ੇਰਸਿੰਘ ਤੇ ਦੀਵਾਨ ਰਾਮਦਿਆਲ ਨੇ ਸਰ ਕਰਕੇ ਧਮਤੌਰ, ਗੁਲਢੇਰੀ ਪਲਕੀ ਆਦਿਕ ਕਿਲਿਆਂ ਦੇ ਨੁਵਾਬਾਂ ਤੋਂ ਚੱਟੀ ਲੈਕਰ ਅੱਗੇ ਨੂੰ ਖਿਰਾਜ ਲੈਣਾ ਲਿਖਾ ਲਿਆਏ ਸੇ। —

ਹੁਣ ਫੇਰ ਜਾਂ ਓਹੋ ਪਠਾਣ ਕੁੱਦ ਪਏ ਤਾਂ ਮਹਾਰਾਜੇ ਨੇ ਸਰਦਾਰ ਫਤੇਸਿੰਘ ਆਲੂਵਾਲੀਏ ਤੇ ਰਾਣੀ ਸਦਾਕੌਰ ਨੂੰ ਹੁਕਮ ਦਿੱਤਾ ਕੇ ਓਹ ਆਪਣੀ ੨ ਫੌਜ ਲੈ ਜਾਕਰ ਹਜ਼ਾਰੇ ਦਾ ਬੰਦੋਬਸ੍ਤ ਕਰਨਾ। —— ਰਾਣੀ ਸਦਾਕੌਰ ਨੇ ਜਾਂਦਿਆਂ ਹੀ ਕਤਲਾਮ ਦਾ ਹੁਕਮ ਦਿੱਤਾ ਜਿਸ ਪਰ ਖਿਝਕੇ ਸਾਰੇ ਮੁਲਕ ਦੇ ਪਹਾੜੀ ਪਠਾਣ ਹੱਥਿਆਰ ਫੜ ਖੜੇ ਤੇ ਅਤੇ ਚੌਰੇਂ ਤਰਫਾਂ ਤੋਂ ਆ ਚਿੰਮੜੇ। ਫਸਾਦ ਵਧਦਾ ਦੇਖਕੇ ਮਹਾਰਾਜੇ ਨੇ ਕੌਰ ਸ਼ੇਰਸਿੰਘ ਨੂੰ ਤੇ ਦੀਵਾਨ ਰਾਮਦਯਾਲ ਨੂੰ ੧੨ ਹਜ਼ਾਰ ਫੌਜ ਦੇ ਕੇ ਫੇਰ ਤੋਰਿਆ ਏਨ੍ਹਾਂ ਨੇ ਪਹਿਲੇ ਤਾਂ ਜਾ ਕੇ ਪਠਾਣਾਂ ਨੂੰ ਬਹੁਤ ਸਮਝਾਯਾ ਪਰ ਜਦ ਓਹ ਨਾ ਟਲੇ ਤਾਂ ਸ਼ਾਹਜ਼ਾਦੇ ਨੇ ਭੀ ਧਾਵਾ ਧਰ ਲਿਆ, ਅਨੇਕ ਮੁਸਲਮਾਨਾਂ ਦੀਆਂ ਲੋਥਾਂ ਤੇ ਜੀਉਂਦੇ ਅੱਗ ਵਿੱਚ ਪਾਕੇ ਫੂਕ ਸਿੱਟੇ। ਫੇਰ ਤਾਂ ਕਾਫਰ ਹੋਕੇ ਮਰਣੇ ਤੋਂ ਡਰਦੇ ਮਾਰੇ ਨੱਠ ਤੁਰੇ। ਅਗੇ ਦਰੀਯਾ ਆਉਣੇ ਕਰ ਘੇਰੇ ਗਏ, ਫੇਰ ਤਾਂ ਸਿੰਘਾਂ ਨੇ ਦੋ ਪਹਿਰ ਧਾੜੀ ਕਰਕੇ ਸਥਾਰ ਲਾਹ ਸਿੱਟੇ। ਏਤਨੇ ਨੂੰ ਰਾਤ ਪੈ ਗਈ ਤਾਂ ਸਭ ਸਰਦਾਰ ਪਿੱਛੇ ਨੂੰ ਮੁੜ ਆਏ ਪਰ ਰਾਮਦਿਆਲ ਨਾਂ ਮੁੜਿਆ ਤੇ ਚੰਦ ਦੇ ਚਾਨਣੇ ਭੀ ਲੜਦਾ ਰਿਹਾ, ਓੜਕ ਉਥੇ ਹੀ ਸ਼ਹੀਦ ਹੋਗਿਆ।

Digitized by Panjab Digital Library | www.panjabdigilib.org

ਦੂਸਰੇ ਦਿਨ ਗੁੱਸਾ ਖਾਕੇ ਰਾਮਦਿਆਲ ਦਾ ਬਦਲਾ ਲੈਣ ਲਈ ਕੌਰ ਸ਼ੇਰਸਿੰਘ ਨੇ ਆਪ ਤੇਗ ਧੂਹ ਲਈ। ਜਦ ਦੁਸ਼ਮਣਾਂ ਦੀ ਬਹੁਤ ਦੁਰਦਸ਼ਾ ਹੋਈ ਤਾਂ ਸ਼ਸਤ੍ਰ ਸਿੱਟਕੇ ਹੱਥ ਜੋੜ ਖੜੇ ਹੋ ਗਏ। — ਗੁਲਦੇਰੀ, ਪਲਕੀ, ਧਮਤੋਰ ਦੇ ਨਵਾਬ ਤੇ ਰਈਸ ਸਭ ਪਕੜੇ ਗਏ, ਕੁੱਛ ਤਾਂ ਚੱਟੀ ਭਰ ਕੇ ਛੁੱਟ ਗਏ ਬਾਕੀ ਦੇ ਕੈਦੀ ਹੋਕੇ ਨਾਲ ਆਏ। ਦੇਸ਼ ਤਾਂ ਫਤੇ ਹੋ ਗਿਆ ਪਰ ਰਾਮਦਿਆਲ ਦੇ ਮਰਨੇ ਨੇ ਏਸ ਖੁਸ਼ੀ ਨੂੰ ਢੱਕ ਦਿੱਤਾ। ਰਾਮਦਿਆਲ ਦੇ ਬਾਪ ਮੋਤੀਰਾਮ ਨੇ ਪਿਆਰੇ ਪੁਤ੍ਰ ਦੇ ਵਿਜੋਗ ਵਿੱਚ ਕਸ਼ਮੀਰ ਦੀ ਸੂਬੇਦਾਰੀ ਛੱਡਕੇ ਕਾਸ਼ੀ ਵਿੱਚ ਨਿਵਾਸ ਕਰਨ ਦੀ ਤਿਆਰੀ ਕਰ ਲਈ ਸੀ ਪਰੰਤੂ ਮਹਾਰਾਜੇ ਨੇ ਉਸਨੂੰ ਪ੍ਰੇਮ ਦੇ ਪੱਟ ਵਿੱਚ ਲਪੇਟਕੇ ਰੱਖ ਹੀ ਲਿਆ। ੩੬੭

ਮੋਤੀਰਾਮ ਦੇ ਸੂਬੇਦਾਰੀ ਛੱਡਣੇ ਕਰ ਹਰੀਸਿੰਘ ਨਲੂਏ ਨੂੰ ਕਸ਼ਮੀਰ ਦਾ ਸੂਬਾ ਬਣਾਯਾ ਜਿਸਨੇ ਆਸੇ ਪਾਸੇ ਦੇ ਕਈ ਰਾਜੇ ਫਤੇ ਕਰਕੇ ਆਪਣੇ ਨਾਮ ਦਾ ਸਿੱਕਾ ਚਲਾਯਾ। ਤੇ ਓਹ ਸਿੱਕਾ ਹੁਣ ਤਕ (ਹਰੀਸਿੰਘੀਆ ਰੁਪਯਾ) ਦਸ ਆਨੇ ਵਾਲਾ ਮਸ਼ਹੂਰ ਹੈ। ਕਸ਼ਮੀਰ ਵਿੱਚ ਏਸ ਸ੍ਰਦਾਰ ਦਾ ਐਸਾ ਦਬਦਬਾ ਬੈਠਾ ਸੀ ਜੋ ਖਾਸ ਕਸ਼ਮੀਰ ਦੇ ਸਿਵਾ ਸਰਹੱਦੀ ਰਾਜੇ ਬੀ ਸਭ ਕੰਬ ਉੱਠੇ ਸੇ। —— ਇਸ ਪ੍ਰਕਾਰ ਦੀਆਂ ਖਬਰਾਂ ਸੁਣਕੇ ਮਹਾਰਾਜ ਬਹੁਤ ਪ੍ਰਸੰਨ ਹੁੰਦੇ ਸੇ, ਇਕ ਦਿਨ ਦਰਬਾਰ ਵਿੱਚ ਹਰੀਸਿੰਘ ਦੀ ਵਡਿਆਈ ਕਰਕੇ ਬੋਲੇ ਕੇ ਜੇਕਰ ਸ: ਹਰੀਸਿੰਘ ਚਾਹੇ ਤਾਂ ਚੀਨ ਨੂੰ ਫਤੇ ਕਰ ਸੱਕਦਾ ਹੈ ਪਰ ਸਰਦੀ ਜਾਣ ਨਹੀਂ ਦੇਂਦੀ। —— ਮਹਾਰਾਜ ਦੀ ਏਹ ਅਵਾਜ ਡੋਗਰਿਆਂ ਦੇ ਦਿਲ ਵਿੱਚ ਤਾਰ ਵਾਂਗੂ ਫਿਰ ਗਈ, ਕਿਉਂਕੇ ਓਨਾਂ ਨੂੰ ਆਪਣੇ ਬਲ ਦਾ ਹੰਕਾਰ ਸਾ ਤੇ ਓਹ ਕਿਸੇ ਸਿੰਘ ਸਰਦਾਰ ਦੀ ਵਡਿਆਈ ਸੁਣ ਨਹੀਂ ਸੱਕਦੇ ਸੇ। ਹੇ ਪਾਠਕੋ ਜੇਕਰ ਸੱਚ ਪੁੱਛੋ ਤਾਂ ਜਿਸ ਦਿਨ ਤੋਂ ਡੋਗਰੇ ਵਧੇ ਤੇ ਮਹਾਰਾਜ ਏਨਾਂ ਦੀ ਗੱਲ ਮੰਨਣ ਲੱਗੇ, ਉਸੇ ਦਿਨ ਤੋਂ ਲਾਹੌਰ ਦੇ ਦਰਬਾਰ ਵਿੱਚੋਂ ਅਮਨ ਜਾਂਦਾ ਰਿਹਾ, ਕਿਉਂਕੇ ਡੋਗਰੇ ਆਪ ਨੂੰ ਰਘੁਬੰਸੀ ਰਜਪੂਤ ਸਮਝਕੇ ਜੱਟਾਂ ਸਿੰਘਾਂ ਨੂੰ ਫਤੇ ਬੁਲਾਉਣੀ ਤੇ ਓਨਾਂ ਦੀ ਬਾਦਸ਼ਾਹਤ ਕਰਨੀ ਚੰਗੀ ਨਹੀਂ ਸਮਝਦੇ ਸੇ, ਅੰਤ ਨੂੰ ਓਹੋ ਕਰ ਦਿਖਾਈ।

ਹਰੀਸਿੰਘ ਕਸ਼ਮੀਰ ਦਾ ਸੂਬਾ

੯੩

ਇਕ ਦਿਨ ਗੱਲਾਂ ਕਰਦਿਆਂ ਰ ਧਿਆਨਸਿੰਘ ਨੇ ਮਹਾਰਾਜੇ ਦੇ ਦਿਲ ਵਿੱਚ ਏਹ ਗੱਲ ਜਮਾ ਦਿੱਤੀ ਕੇ ਸ: ਹਰੀਸਿੰਘ ਨੂੰ ਜੈਸਾ ਜੰਗ ਜਿੱਤਣ ਦਾ ਢੰਗ ਆਉਂਦਾ ਹੈ ਓਹੋ ਜੇਹਾ ਇੰਤਜਾਮ ਨਹੀਂ ਕਰ ਸੱਕਦਾ, ਏਸ ਗਲ ਪਰ ਮਹਾਰਾਜੇ ਨੇ ਫੇਰ ਮੋਤੀਰਾਮ ਨੂੰ

੩੯੮ ਕਸ਼ਮੀਰ ਭੇਜ ਦਿੱਤਾ ਤੇ ਹਰੀ ਸਿੰਘ ਨਲੂਏ ਨੂੰ ਲਾਹੌਰ ਬੁਲਾ ਲਿਆ।

ਕੌਰ ਨੌਨਿਹਾਲ ਸਿੰਘ ਦਾ ਜਨਮ

੭ ਫੱਗਣ ਸੰ: ੧੮੭੭ ਬਿ: ਨੂੰ ਕੌਰ ਖੜਕ ਸਿੰਘ ਦੇ ਘਰ, ਜੈਮਲ ਸਿੰਘ ਕਨ੍ਹੱਯੇ
ਦੀ ਬੇਟੀ ਰਾਣੀ ਚੰਦ ਕੌਰ ਦੇ ਢਿੱਡੋਂ ਕੌਰ ਨੌਨਿਹਾਲ ਸਿੰਘ ਪੈਦਾ ਹੋਯਾ। ਸਰਕਾਰ ਨੇ ਪੋਤ੍ਰੇ
ਦੀ ਖੁਸ਼ੀ ਵਿੱਚ ਬਹੁਤ ਦੌਲਤ ਵੰਡੀ। —— ਏਸੇ ਸਾਲ ਕੌਰ ਸ਼ੇਰ ਸਿੰਘ ਨੂੰ ਮਨਕੇ
ਰੇ ਤੇਂ ਅਤੇ ਜਮਾਦਾਰ ਖੁਸ਼ਾਲ ਸਿੰਘ ਨੂੰ ਪਰਬਤੀ ਰਾਜਿਆਂ ਤੋਂ ਕਰ ਲੈਣ ਭੇਜਿਆ ਜੋ ਤਿੰ
ਨ ਮਹੀਨੇ ਵਿੱਚ ੯ ਲੱਖ ੬੫ ਹਜ਼ਾਰ ਦੀ ਰਕਮ ਲੈ ਕੇ ਆਏ।

ਕੌਰ ਸ਼ੇਰ ਸਿੰਘ ਨੂੰ ਜਾਗੀਰ ਮਿਲਣੀ

ਸ਼ਾਹਜ਼ਾਦੇ ਸ਼ੇਰ ਸਿੰਘ ਦੀ ਲਾਇਕੀ ਦਾ ਨਕਸ਼ਾ ਤਾਂ ਪਹਿਲੇ ਹੀ ਮਹਾਰਾਜੇ ਦੇ ਦਿਲ ਵਿੱਚ
ਕਾਇਮ ਸੀ ਹੁਣ ਜਾਗੀਰ ਦੇਣ ਦੀ ਇੱਛਿਆ ਕਰਕੇ ਆਪਣੀ ਸੱਸ ਰਾਣੀ ਸਦਾ ਕੌਰ ਵ
ਲ ਲਿਖਿਆ ਕਿ ਕੌਰ ਸ਼ੇਰ ਸਿੰਘ ਤੇਰਾ ਦੋਹਿਤ੍ਰਾ ਲਾਇਕ ਹੋ ਗਿਆ ਹੈ, ਤੈਨੂੰ ਚਾਹੀਦਾ ਹੈ
ਕਿ ਆਪਣਾ ਅੱਧਾ ਇਲਾਕਾ ਏਸ ਨੂੰ ਜਾਗੀਰ ਵਿਚ ਦੇ ਦੇ। ਰਾਣੀ ਨੇ ਜਵਾਬ ਦਿੱਤਾ ਤੇਰਾ
ਬੀ ਤਾਂ ਪੁੱਤ੍ਰ ਹੈ ਕੋਈ ਇਲਾਕਾ ਏਸ ਨੂੰ ਤੂੰ ਹੀ ਦੇ ਦੇ। ਮਹਾਰਾਜਾ ਨੇ ਏਹ ਗੱਲ ਦਿਲ ਵਿ
ਚ ਰੱਖ ਕੇ ਦੋ ਮਹੀਨੇ ਮਗਰੋਂ ਰਾਣੀ ਨੂੰ ਲਿਖਿਆ ਕਿ ਮੈਂ ਤੁਹਾਡੇ ਨਾਲ ਕੋਈ ਘਰ ਦੀ ਸਲਾਹ
ਕਰਨੀ ਹੈ, ਲਾਹੌਰ ਆਓ। ਓਹ ਵਿਚਾਰੀ ਭੋਲੀ ਚਿੜੀ ਮਹਾਰਾਜੇ ਦੇ ਕਪਟ ਰੂਪੀ ਜਾਲ
ਨੂੰ ਨਾ ਸਮਝੀ ਤੇ ਫਸ ਗਈ। ਜਦ ਲਾਹੌਰ ਆਈ ਤਾਂ ਮਹਾਰਾਜੇ ਨੇ ਉਸ ਨੂੰ ਕੈਦ ਕਰ
ਲਿਆ ਤੇ ਉਸ ਦਾ ਸਾਰਾ ਇਲਾਕਾ ਜ਼ਬਤ ਕਰਕੇ, ਉਸੇ ਵਿਚੋਂ ਬਟਾਲੇ ਦਾ ਪਰਗਨਾ
ਕੌਰ ਸ਼ੇਰ ਸਿੰਘ ਨੂੰ ਦੇ ਦਿੱਤਾ। ਏਸ ਛਲ ਬਲ ਤੋਂ ਮਹਾਰਾਜੇ ਦਾ ਬੜਾ ਅਪਜਸ ਹੋਯਾ।
ਘਰ ਘਰ ਏਹੋ ਚਰਚਾ ਚੱਲ ਪਈ ਕਿ ਦੇਖੋ ਜੀ ਮਹਾਰਾਜੇ ਨੇ ਕੇਡੀ ਕ੍ਰਿਤਘਨਤਾ ਕੀਤੀ
ਹੈ। ਜਿਸ ਰਾਣੀ ਨੇ ਮਦਦ ਤੇ ਸਲਾਹ ਦੇ ਕੇ ਏਸ ਨੂੰ ਐਸ ਦਰਜੇ ਤਕ ਪਹੁੰਚਾਯਾ ਹੈ, ਉਸੇ
ਨਾਲ ਦਗਾ ਕਮਾਯਾ ਸੂ। ਏਸ ਨੇ ਤਾਂ ਏਸ ਕਹਾਵਤ ਨੂੰ ਪੂਰਾ ਕੀਤਾ (ਅੰਮਾ ਜੇ ਮੈਂ ਥਾਣੇ
ਦਾਰ ਹੋਵਾਂ ਤਾਂ ਪਹਿਲਾਂ ਤੇਰੇ ਚਿੱਤੜ ਸੇਕਾਂ।) ਏਸ ਕਰਤੂਤ ਤੋਂ ਸਬਨਾਂ ਸਿੰਘਾਂ ਸਰ
ਦਾਰਾਂ ਦੇ ਦਿੱਲ ਮਹਾਰਾਜੇ ਵੱਲੋਂ ਫਿਰ ਗਏ। — ਇਕ ਮਜਾਣੀ ਦਾ ਪਰਗਣਾ ਤੇ ਕਿਲਾ
ਜੋ ਰਾਣੀ ਦੀ ਗੋਲੀ ਹਰੋ ਨਾਮੀ ਦੇ ਕਬਜ਼ੇ ਸੀ ਜਦ ਉਸ ਦਾ ਕਬਜ਼ਾ ਛੁਡਾਉਣ ਲਈ ਫੌਜ
ਭੇਜੀ ਤਾਂ ਉਸ ਵਿਚਾਰੀ ਗੋਲੀ ਨੇ ੧੫ ਦਿਨ ਲੜਾਈ ਕੀਤੀ ਤੇ ਮਿਸਰ ਦੀਵਾਨ ਚੰਦ ਦੀ ਫੌ
ਜ ਨੂੰ ਮਾਰ ਕੇ ਪੋਲੀ ਕਰ ਘੱਤਿਆ। ਜਦ ਹੋਰ ਕੋਈ ਵਾਹ ਨਾ ਲੱਗੀ ਤਾਂ ਉਸ ਨਿਰਦਈ ਬ੍ਰਾਹ
ਮਣ ਨੇ ਰਾਣੀ ਸਦਾ ਕੌਰ ਦਾ (ਜੋ ਉਸੇ ਪਾਸ ਕੈਦ ਸੀ) ਅੰਨ ਜਲ ਬੰਦ ਕਰ ਦਿੱਤਾ ਚੋਥੇ

Digitized by Panjab Digital Library | www.panjabdigilib.org

ਦਿਨ ਜਦ ਵਿਚਾਰੀ ਅਤਿਸੈ ਦੁਖੀ ਹੋਈ ਤਾਂ ਉਸਨੇ ਆਪਣੀ ਨਿਮਕਹਲਾਲ, ਸੇਰਦਿਲ ੩੯੯
ਟਹਿਲਣ ਨੂੰ ਲਿਖਾਯਾ ਕਿ ਮੈਂ ਗਊ ਹੁਣ ਕਸਾਈਆਂ ਦੇ ਵੱਸ ਪਈਹਾਂ, ਇਨ੍ਹਾਂ ਪਾਪੀਆਂ
ਨੂੰ (ਜਿਨ੍ਹਾਂਦੇ ਰਾਜੇਦਾ ਰਾਜ ਧੁੰਦ ਦੇ ਬੱਦਲਾਂ ਵਾਂਗੂ ਥੋੜ੍ਹੇ ਹੀ ਦਿਨਾਂ ਵਿੱਚ ਉਡ ਜਾਣਾਹੈ)
ਕਿਲਾ ਦੇ ਦੇਣਾ ਚਾਹਿੰਦੇ ਹਨ ਕਿ ਚਿੱਠੀ ਉਪਰ ਮੁਹਿਰ ਲਾਉਣ ਲੱਗਿਆਂ ਰਾਣੀ ਨੇ ਕਾਗ
ਜ਼ ਨੂੰ ਨਮ ਦੇਣ ਲਈ ਤਿਨ ਵਾਰੀ ਜ਼ੁਬਾਨ ਫੇਰੀ ਪਰ ਕਾਗਜ਼ ਨੂੰ ਸਿੱਲ ਨਾਂ ਹੋਣੀ
ਓੜਕ ਰਾਣੀਦੇ ਹੰਝੂਆਂ ਦੇ ਪਾਣੀ ਦੀ ਨਮ ਨਾਲ ਮੁਹਿਰ ਲੱਗੀ।

ਰਾਣੀ ਦੀ ਮੁਹਿਰਵਾਲੀ ਚਿੱਠੀ ਪੜ੍ਹਕੇ ਰਾਣੀ ਦੇ ਕਾਰਦਾਰ ਤੇ ਹਰੇਗੋਲੀ ਭੁੱਬਾਂ ਮਾਰਕੇ
ਰੋਂਦੇ ਹੋਏ ਬਾਹਰ ਨਿਕਲ ਖੜੋਤੇ ਅਤੇ ਕਿਲਾ ਮਿਸਰ ਦੇ ਹਵਾਲੇ ਕੀਤਾ। ਸ਼ਸਤ੍ਰ, ਤੋ
ਪਾਂ, ਖਜ਼ਾਨਾ ਆਦਿਕ ਬਾਦਸ਼ਾਹੀ ਸਾਮਾਨ (ਜੋ ਖਾਲਸੇ ਸਰਦਾਰਾਂ ਨੇ ਸਰਹਿੰਦ, ਦਿ
ਲੀ ਲਾਹੌਰ ਤੋਂ ਲੁਟਕੇ) ਕਿੱਲੇ ਵਿੱਚ ਜਮਾ ਕੀਤਾਸੀ, ਸਭ ਲਾਹੌਰ ਪਹੁੰਚ ਗਿਆ
ਅਤੇ ਫੌਜ ਨੇ ਮੁਕੇਰੀਆਂ ਨੂੰ ਐਸਾ ਲੁੱਟਿਆ ਜੋ ਕਿਸੇਦੇ ਘਰ ਅੰਨ, ਵਸਤ੍ਰ, ਬਰਤਨ
ਕੁਛ ਨਾਂ ਛੱਡਿਆ। ਰਾਣੀ ਸਦਾਕੌਰ ਹਾਹੁਕੇ ਲੈਂਦੀ ਹੋਈ, ਅੰਮ੍ਰਿਤਸਰ ਕੈਦ ਵਿੱਚ ਰ
ਹਿਕੇ ਥੋੜ੍ਹੇ ਹੀ ਚਿਰ ਵਿੱਚ ਗੁਜ਼ਰ ਗਈ। ਫੇਰ ਮਹਾਰਾਜੇ ਨੇ ਜਦ ਸਤਲੁਜੋਂ ਪਾਰ ਰਾ
ਣੀ ਸਦਾਕੌਰ ਦੇ ਇਲਾਕੇ ਉੱਤੇ ਕਬਜ਼ਾ ਕਰਨਾ ਚਾਹਿਆ ਤਾਂ ਸਰਕਾਰ ਅੰਗ੍ਰੇਜ਼ੀ ਨੇ ਟਕੇ
ਵਰਗਾ ਜਵਾਬ ਦਿੱਤਾ।

੩ ਚੇਤ ਸੰਮਤ ੧੮੭੮ ਬਿ: ਨੂੰ ਮਹਾਰਾਜੇ ਨੇ ਮਨਕੇਰੇ ਨੂੰ ਫਤੇ ਕਰਨ ਲਈ ਕੂਚ ਕੀ
ਤਾ। ਹਰੀਸਿੰਘ ਨਲੂਏ ਤੇ ਦਲਸਿੰਘ ਨਹਰਣੀ ਨੂੰ ਪੰਦ੍ਰਾਂ ਹਜ਼ਾਰ ਸਿਪਾਹ ਦੇ ਕੇ ਅੱਗੇ ਤੋ ਭੁੱਖਰ ਦਾ ਕਿਲਾ ਫਤੇ
ਰਿਆ, ਤੇ ਹੁਕਮ ਦਿੱਤਾ ਕਿ ਪਹਿਲੇ ਭੁੱਖਰ ਦਾ ਕਿਲਾ ਫਤੇ ਕਰਨਾ। ਇਨ੍ਹਾਂ ਨੇ ਜਾਂਦਿਆਂ ਹੀ
ਕਿਲੇ ਭੁੱਖਰ ਨੂੰ ਜਾ ਘੇਰਿਆ। ਰਾਜਾ ਨਾਨਕਚੰਦ ਜੋ ਮਨਕੇਰੇ ਵਲੋਂ ਉਥੇ ਹਾਕਮ ਸੀ
ਘਬਰਾਕੇ ਨੱਠ ਗਿਆ। ਹਰੀਸਿੰਘ ਜੀ ਨੇ ਉਥੇ ਆਪਣੇ ਥਾਣੇ ਬੈਠਾਕੇ ਆਪ ਮਨਕੇ ਮਨਕੇਰਾ ਫਤਹ
ਰੇ ਵੱਲ ਵਾਗ ਚੁੱਕੀ। ਇਧਰੋਂ ਮਹਾਰਾਜੇ ਨੇ ਵੀ ਫੌਜਾਂ ਤੇ ਤੋਪਖਾਨੇ ਆਦਿਕ ਲੈਕੇ, ਅੱਠਣੂ
ਵਾਣੇ ਪਾਸੋਂ ਸਿੰਧ ਦਰੀਆ ਲੰਘ ਕੇ, ਖਾਨਗੜ੍ਹ, ਲਈਆ, ਮਾਝੀਗੜ੍ਹ, ਆਦਿਕ ਕਿ
ਲੇ ਫਤੇ ਕਰਦੇ ਹੋਏ ਮਨਕੇਰੇ ਦੇ ਚੁਫੇਰੇ ਡੇਰੇ ਆ ਲਾਏ। ਹੁਕਮ ਦੇ ਕੇ ਤੋਪਾਂ ਡਾਹ ਦਿੱ
ਤੀਆਂ, ੨੫ ਦਿਨ ਬਰਾਬਰ ਤੋਪ ਚੱਲੀ, ਸਰਕਾਰ ਨੇ ਵਡੀਆਂ ੨ ਤੋਪਾਂ ਭੀ ਡਾਹੀਆਂ ਪ
ਰ ਕਿਲੇ ਦੀ ਚੱਪਰ ਨਾਂ ਹੱਲੀ, ਅੰਦਰੋਂ ਕੋਈ ਨਾਂ ਮਰੇ, ਬਾਹਰੋਂ ੪੦-੫੦ ਰੋਜ਼ ਮਰ ਜਾਣ

੪੦੦ ।ਇੱਕ ਤਾਂ ਪਾਣੀ ਦੀ ਟੋਟ ਤੇ ਦੂਸਰੇ ਫੌਜ ਦੀ ਮੌਤ ਨੇ ਮਹਾਰਾਜੇ ਦਾ ਦਿਲ ਧੜਕਾ ਦਿੱਤਾ। ਤਦ ਮਹਾਰਾਜੇ ਨੇ ਹਰੀ ਸਿੰਘ ਆਦਿਕ ਹਠੀਆਂ ਤਪੀਆਂ ਸਿੰਘਾਂ ਤੋਂ ਅਰਦਾਸ ਕਰਾਈ ਕੇ ਮੀਂਹ ਬਰਸੇ। ਕੁਦਰਤ ਨਾਲ ਇੱਕ ਬੱਦਲੀ ਆ ਕੇ ਐਸੀ ਬਰਖਾ ਹੋਈ ਜੋ ਟੋਭੇ ਕਿਆਰ ਭਰ ਗਏ। ਫੇਰ ਤਾਂ ਨਵਾਬ ਨੂੰ ਫਿਕਰ ਪੈ ਗਿਆ ਕੇ ਜਿੰਨ੍ਹਾਂ ਦੀ ਅਰਦਾਸ ਰੱਬ ਮੰਨਦਾ ਹੈ ਉਨ੍ਹਾਂ ਨਾਲ ਮੇਰੀ ਕੀ ਵੱਟੀ ਦੀ ਹੈ। ਸਿੰਘਾਂ ਨੂੰ ਤਾਂ ਖੁਸ਼ੀ ਹੋ ਗਈ ਤੇ ਮੁਸਲਮਾਨ ਢਹਿਲ ਗਏ। ਦੂਸਰੇ ਦਿਨ ਹੀ ਗੁਰੂ ਦੇ ਪ੍ਰੇਰੇ ਹੋਏ ਨਵਾਬ ਦੇ ਦੋ ਕਾਰਦਾਰ ਮਹਾਰਾਜੇ ਨੂੰ ਆ ਮਿਲੇ ਤੇ ਕਿੱਲਾ ਟੁੱਟਣ ਦਾ ਭੇਤ ਆ ਦੱਸਿਆ। ਨਵਾਬ ਨੇ ਏਹ ਖਬਰ ਸੁਣ ਕੇ ਸੁਲ੍ਹਾ ਦਾ ਸਨੇਹਾ ਭੇਜ ਦਿੱਤਾ ਮਹਾਰਾਜ ਤਾਂ ਚਾਹੁੰਦੇ ਹੀ ਸੇ ਝੱਟ ਮੰਨ ਗਏ। ਨਵਾਬ ਨੇ ਮਿਲ ਕੇ ਕਿਲਾ ਤੇ ਮਨਕੇਰਾ ਲੁੱਟਣੋਂ ਬਚਾ ਲਿਆ ਤੇ ਮਹਾਰਾਜ ਨੇ ਉਸ ਦੀ ਫੌਜ ਨਿਮਕ ਹਲਾਲ ਸਮਝ ਕੇ ਨਾਂ ਤੋੜੀ ਸਗੋਂ ਆਪਣੀ ਨੌਕਰ ਕਰ ਲਈ। ਨਵਾਬ ਨੂੰ ਡੇਰੇ ਇਸਮਾਈਲ ਖਾਂ ਦਾ ਇਕ ਲੱਖ ਦਾ ਪਰਗਨਾ ਜਾਗੀਰ ਦਿੱਤਾ। ਤੇ ਉਸ ਦਾ ਮੁਲਕ ਖਾਲਸੇ ਨੂੰ ਏਸ ਤਰਾਂ ਵੰਡ ਦਿੱਤਾ ਜੋ ਹਮੀਰ ਸਿੰਘ ਸੰਧਾਂਵਾਲੀਏ ਨੂੰ ਮਨਕੇਰੇ ਦਾ ਹਾਕਮ ਬਣਾਯਾ ਤੇ ਖਾਨਗੜ੍ਹ, ਲਾਹੀਆ, ਭੱਖਰ, ਤਿੰਨ ਪਰਗਣੇ ਰਾਜ ਕੌਰ ਖੱਤ੍ਰੀ ਨੂੰ ਠੇਕੇ ਉੱਪਰ ਦੇ ਦਿੱਤੇ ਅੱਤੇ ਆਪ ਬਹਾਵਲਪੁਰ ਵਲ ਕਦਮ ਉਠਾਯਾ।

ਬਹਾਵਲ ਪੁਰੋਂ ਕਰ ਲੈਣਾ।

ਮਹਾਰਾਜੇ ਨੇ ਬਹਾਵਲ ਖਾਂ ਨੂੰ ਕਹਿ ਭੇਜਿਆ ਕੇ ੨੦ ਲੱਖ ਦਾ ਮੁਲਕ ਤੇਰੇ ਪਾਸ ਹੈ ਸੋ ਢਾਈ ਲੱਖ ਸਾਲਾਨਾ ਤੂੰ ਖਾਲਸੇ ਨੂੰ ਦੇਆ ਕਰ, ਨਹੀਂ ਤਾਂ ਜੰਗ ਕਰ। ਉਸ ਨੇ ਡਰ ਦੇ ਮਾਰੇ ਪੰਜ ਲੱਖ ਰੁਪਯਾ ਦੋ ਸਾਲ ਦਾ ਕਰ ਜੋ ਮਹਾਰਾਜੇ ਨੇ ਮੰਗਿਆ ਸੀ ਗੱਡੇ ਲੱਦ ਕੇ ਭੇਜਾ ਦਿੱਤਾ।

ਅਟਕ ਦਾ ਸੁਧਾਰ ਤੇ ਹਰੀ ਸਿੰਘ ਨੂੰ ਜਾਗੀਰ

ਫੱਗਣ ਸੰਮਤ ੧੮੭੯ ਬਿ: ਨੂੰ ਅਟਕ ਦੇ ਮੁਲਖੱਯਾਂ ਨੇ ਫੇਰ ਦੁੰਦ ਉਠਾ ਕੇ ਉਥੋਂ ਦੇ ਹਾਕਮ ਅਮਰ ਸਿੰਘ ਮਜੀਠੀਏ ਨੂੰ ਕਤਲ ਕਰ ਕੇ ਹੋਰ ਬਹੁਤ ਉਪੱਦ੍ਰਵ ਬੀ ਕੀਤੇ। ਮਹਾਰਾਜੇ ਨੇ ਉਨ੍ਹਾਂ ਦੇ ਸੋਧਣ ਲਈ ਮਿਸਰ ਦੀਵਾਨ ਚੰਦ ਨੂੰ ਘੱਲਿਆ, ਪਰੰਤੂ ਜਦ ਉਸ ਤੋਂ ਕੁਛ ਨਾ ਸਰਿਆ ਤਾਂ ਹਰੀ ਸਿੰਘ ਨਲੂਏ ਨੂੰ ਚੜ੍ਹਾਯਾ। ਏਸ ਨੇ ਜਾਂਦਿਆਂ ਹੀ ਆਪਣੇ ਪ੍ਰਤਾਪ ਦੀ ਐਸੀ ਤੇਜ਼ ਪੌਣ ਚਲਾਈ ਜੋ ਪਠਾਣ ਛੱਛਿਆਂ ਦੇ ਪੱਤ੍ਰਾਂ ਵਾਂਗੂੰ ਉਡ ਪੁੱਡ ਗਏ, ਏਹੋ ਜੇਹੇ ਕਈ ਕੰਮਾਂ ਤੋਂ ਖੁਸ਼ੀ ਹੋ ਕੇ ਮਹਾਰਾਜ ਨੇ ਹਰੀ ਸਿੰਘ ਨੂੰ ਕਸ਼ਮੀਰ ਦੇ ਮੁਲਕ ਵਿੱਚ ਪਖਲੀ, ਧਮਤੌਰ ਦੋ ਪਰਗਣੇ ਜਾਗੀਰ ਬਖਸ਼ੇ। — ਏਨ੍ਹਾਂ ਹੀ ਦਿਨਾਂ ਵਿੱਚ ਸਗਾਂਵਿ ਸਾਲਾ ਵਾਲੇ ਨਵਾਬ ਨੇ ਦੰਗਾ ਕੀਤਾ ਸੀ, ਜਿਸ ਨੂੰ ਦੀਵਾਨ ਕ੍ਰਿਪਾ ਰਾਮ ਤੇ ਹਰੀ ਸਿੰਘ ਸ੍ਰਦਾਰ

ਨੇ ਜਾ ਕੇ ਐਡਾ ਨੱਪਿਆ ਜੋ ਨੱਕ ਨਾਲ ਲਕੀਰਾਂ ਕਢ, ਪੰਜਾਹ ਹਜ਼ਾਰ ਚੱਟੀ ਲੈ ਕੇ ਛੱਡਿਆ।
॥ ——— ਏਸੇ ਸਾਲ ਫਰਾਂਸ ਦੀ ਵਲਾਇਤ ਥੀਂ ਫਰਾਂਸੀਸੀ ਫੌਜੀ (ਵੈਂਤੂਰਾ, ੪੦੧
ਆਲਜੂ, ਅਵੀਟੇਬਲ, ਕੋਰਟ, ਏਹ ਚਾਰੇ (ਜੋ ਨੇਪੋਲੀਅਨ ਬੋਨਾਪਾਰਟ ਦੇ ਫੌਜੀ
ਅਫਸਰ ਸੇ) ਬੋਨਾਪਾਰਟ ਦੇ ਮਰੇ ਤੋਂ, ਉਸਦੀ ਬਾਦਸ਼ਾਹੀ ਭੰਗ ਹੋ ਜਾਣੇ ਕਰ, ਰਿਜ਼ਕ
ਵਾਸਤੇ ਲਾਹੌਰ ਆਏ। ਮਹਾਰਾਜੇ ਨੇ ਬੜੇ ਆਦਰ ਤੇ ਸਿਤਕਾਰ ਨਾਲ ਤਿੰਨ ਸ਼ਰਤਾਂ
(ਗੋਮਾਸ ਨਾ ਖਾਣਾ ੧, ਤਮਾਕੂ ਨਹੀਂ ਪੀਣਾ ੨, ਦਾੜ੍ਹੀ ਨਹੀਂ ਮੁਨਾਉਣੀ ੩) ਕਰ ਕੇ ਰੱਖ
ਲਏ। ਅਨਾਰਕਲੀ ਵਜ਼ੀਰਖਾਂ ਦੀ ਸਰਾਂਇ ਪਾਸ ਉਨ੍ਹਾਂ ਨੂੰ ਜਗਾ ਦਿਤੀ, ਜਿੱਥੇ ਉਨ੍ਹਾਂ ਨੇ ਕੋ
ਠੀਆਂ, ਬਾਗ, ਸੜਕਾਂ ਬਣਾ ਕੇ ਚੰਗੀ ਰੌਣਕ ਕਰ ਲਈ।

ਫਰਾਂਸੀਸੀਆਂ ਦਾ ਆਵਣਾ

ਏਨਾਂ ਚੌਹਾਂ ਅਫਸਰਾਂ ਨੇ ਪੰਜਾਹ ਹਜ਼ਾਰ ਫੌਜ ਨੂੰ ਫਰਾਂਸੀਸੀ ਕੁਵਾਇਦ ਐਸੀ ਸਿਖਾਈ
ਜੋ ਦੇਖ ਕੇ ਅੰਗ੍ਰੇਜ਼ ਭੀ ਹੱਕੇ ਬੱਕੇ ਰਹ ਗਏ। ਏਨਾਂ ਨੂੰ ਦੋ ਦੋ ਹਜ਼ਾਰ ਦੇ ਲਗਭਗ ਤਨਖਾ
ਹ, ਤੇ ਹੋਰ ਜਾਗੀਰਾਂ ਵੱਖਰੀਆਂ ਮਿਲਦੀਆਂ ਸੇ।

ਪੋਹ ਸੰ: ੧੮੮੦ ਬਿ: ਨੂੰ ਖਬਰ ਆਈ ਕੇ ਮੁਹੰਮਦ ਅਜ਼ੀਮਖਾਂ ਜੋ ਫਤੇ ਮੁਹੰਮਦ ਖਾਂ ਦੇ
ਪਿੱਛੋਂ ਕਾਬਲ ਦੀ ਗੱਦੀ ਉੱਪਰ ਬੈਠਾ ਹੈ, ਉਹ ਬਹੁਤ ਜ਼ੋਰ ਫੜ ਗਿਆ ਹੈ ਤੇ ਹੁਣ ਸਿੱਖਾਂ ਤੋਂ
ਅਟਕ ਤਕ ਮੁਲਕ ਛੁਡਾਉਣ ਵਾਸਤੇ ਆਉਂਦਾ ਹੈ ਤੇ ਉਸਦੇ ਨਾਲ ਮੁਲਖੱਯਾ ਇਕੱਠਾ
ਹੋ ਰਿਹਾ ਹੈ। ਏਹ ਸੁਣ ਕੇ ਮਹਾਰਾਜੇ ਨੇ ਪਹਿਲੇ ਤਾਂ ਮਿਸਰ ਦੀਵਾਨ ਚੰਦ ਨੂੰ ਤੋਰਿਆ ਤੇ ਫੇ
ਰ ਉਸਦੀ ਕੁਮਕ ਵਿੱਚ ਜਰਨੈਲ ਇਲਾਹੀ ਬਖਸ਼ ਨੂੰ ਤੋਪਖਾਨਾ, ਤੇ ਫੂਲਾ ਸਿੰਘ ਨੂੰ
ਚਾਰ ਪਲਟਨਾਂ ਦੇ ਕੇ ਭੇਜਿਆ। ਪਿੱਛੋਂ ਬਸੰਤ ਪੂਜ ਕੇ ਮਹਾਰਾਜ ਆਪ ਭੀ ਬੜਾ ਭਾਰੀ
ਦਲ ਲੈ ਕੇ ਉਧਰੇ ਤੁਰ ਪਏ। ਮੁਸਲਮਾਨਾਂ ਦੇ ਦੰਦ ਕੁਛ ਤਾਂ ਸਿੰਘਾਂ ਨੇ ਤੋੜ ਹੀ ਛੱਡੇ ਸੇ,
ਮਹਾਰਾਜੇ ਦੀ ਅਵਾਈ ਸੁਣ ਕੇ ਹੀ ਪਹਾੜਾਂ ਵਿੱਚ ਜਾ ਵੜੇ। ਅਜ਼ੀਮਖਾਂ ਤਾਂ ਗਜ਼ਨੀ
ਦੀ ਖਰਾਬੀ ਸੁਣ ਕੇ ਉਧਰ ਨੂੰ ਨੱਸ ਗਿਆ ਤੇ ਮਹਾਰਾਜਾ ਲਾਹੌਰ ਆ ਗਏ।

ਏਸੇ ਸਾਲ ਪਖੱਲੀ ਤੇ ਧਮਤੌਰ ਦੇ ਜ਼ਿਮੀਦਾਰਾਂ ਨੇ ਐਸਾ ਊਧਮ ਮਚਾਇਆ ਜੋ ਡੇਢ ਕ ਸੌ
ਸਿੰਘ ਮਾਰ ਮੁਕਾਇਆ। ਜਿਸਦਾ ਬਦਲਾ ਸ: ਹਰੀ ਸਿੰਘ ਨਲੂਏ ਨੇ ਐਸਾ ਦਿਤਾ ਕੇ ਇੱ
ਕੇ ਵਾਰੀ ਤਿੰਨ ਹਜ਼ਾਰ ਦਾ ਸਥਾਰ ਕਰ ਘੱਤਿਆ। ਓੜਕ ਉਹ ਚਰਨੀ ਆ ਪਏ ਤਾਂ ਸਰਦਾਰ
ਬਹਾਦਰ ਨੇ ਉਨਾਂ ਤੋਂ ਚੱਟੀਆਂ ਲੈ, ਲਿਖਤ ਕਰਵਾ ਲਈ। ਉਹ ਐਸੇ ਡਰੇ ਕੇ ਹੁਣ ਤਾਂਈ
ਉਨਾਂ ਦੀ ਸੰਤਾਨ ਆਪਣੇ ਬਾਲਕਾਂ ਨੂੰ (ਹਰੀ ਸਿੰਘ ਨਲੂਆ ਆਯਾ) ਕਹ ਕੇ ਡਰਾਂਉਂਦੀ ਹੈ

ਪਖੱਲੀ ਤੇ ਧਮਤੌਰ ਦਾ ਫਸਾਦ

Digitized by Panjab Digital Library | www.panjabdigilib.org

੪੦੨ ਗਢਜ਼ੀਰਾਬਾਦ ਮਹਾਰਾਜੇ ਪਾਸ ਖਬਰ ਆਈ ਕੇ ਇਲਾਕੇ ਅਟਕ ਦੇ ਪਠਾਣਾਂ ਨੇ ਦਰਬਾਰ
ਕਾਬੁਲ ਦੀ ਚੁੱਕ ਨਾਲ ਮਹਾਰਾਜ ਦੇ ਕਾਰ ਦਾਰ ਮਾਰ ਘੱਤੇ ਹਨ ਤੇ ਰੋਜ਼ ਰੋਜ਼ ਉਪੱਦ੍ਰ ਕਰ
ਰੇਹਨ, ਦਸ ਹਜ਼ਾਰ ਗਾਜ਼ੀ ਤੇ ਜਹਾਦੀ ਠੇਰੀ ਦੇ ਪਹਾੜ ਵਿੱਚ ਹੈ (ਜੋ ਅਟਕੋਂ ੧੫ ਕੋਸ ਹੈ)
ਤੇ ੧੫ ਹਜ਼ਾਰ ਪਠਾਣ ਨੁਸ਼ਹਿਰੇ ਕੱਠ ਕਰੀ ਬੈਠਾ ਹੈ ਅਤੇ ਮੁਹੰਮਦ ਅਜ਼ੀਮ ਖਾਂ ਭੀ ਬਹੁ
ਤ ਸਾਰੀ ਫੌਜ ਤੇ ਤੋਪਖਾਨਾ ਲੈ ਕੇ ਜਲਾਲਾਬਾਦ ਨੂੰ ਲੰਘ ਕਰ, ਪਸ਼ਾਵਰ ਵਲ ਆਰਿਹਾ
ਹੈ ਤੇ ਉਸ ਤੋਂ ਡਰਦਾ ਸੂਬਾ ਯਾਰ ਮੁਹੰਮਦ ਖਾਂ ਯੂਸਫਜ਼ਈਆਂ ਦੇ ਪਹਾੜ ਵਲ ਦੌੜ ਗਿ
ਆ ਹੈ। ਅਤੇ ੧੩ ਮਾਘ ਸੰਮਤ ੧੮੮੦ ਬਿ: ਨੂੰ ਮਹੰਮਦ ਅਜ਼ੀਮ ਖਾਂ ਨੇ ਪਸ਼ੌਰ ਵਿੱਚ ਦਾ
ਖਲ ਹੋ ਕੇ ਏਹ ਢੰਢੋਰਾ ਫੇਰ ਦਿੱਤਾ ਹੈ ਕੇ ਦੀਨ ਮਜ਼੍ਹਬ ਦਾ ਜੰਗ ਸਿੱਖਾਂ ਕਾਫਰਾਂ ਨਾਲ ਹੋਵੇ
ਗਾ ਜਿਨ੍ਹਾਂ ਨੇ ਦੀਨ ਇਸਲਾਮ ਦਾ ਇੱਕ ਵੱਡਾ ਬਾਦਸ਼ਾਹੀ ਹਿੱਸਾ ਰੋਕ ਲੀਤਾ ਹੈ। ਇਸ ਵਾ
ਸਤੇ ਹਰ ਇੱਕ ਮੁਸਲਮਾਨ ਦਾ ਫਰਜ ਹੈ ਕੇ ਸ਼ਾਹੀ ਲਸ਼ਕਰ ਦੇ ਨਾਲ ਰਲ ਕੇ ਦੀਨ ਇਸ
ਲਾਮ ਦੀ ਮਦਦ ਵਿੱਚ ਆਪਣਾ ਲਹੂ ਡੋਲ੍ਹੇ ਜੋ ਐਸਾ ਕਰੇ ਗਾ ਸੋ ਬਹਿਸ਼ਤ ਨੂੰ ਜਾਏਗਾ।
ਅਤੇ ਏਸ ਢੰਢੋਰੇ ਨੂੰ ਸੁਣ ਕੇ ਬੇਸ਼ੁਮਾਰ ਪਠਾਣ ਆਪਣੇ ਦੀਨ ਉੱਤੇ ਜਾਨ ਕੁਰਬਾਨ ਕਰਨ

ਅਟਕ ਪਰ ਪਠਾਣਾਂ ਦਾ ਜੰਗ

ਲਈ ਆ ਕੱਠੇ ਹੋਏ ਹੈਂ। — ਏਹ ਖਬਰ ਸੁਣ ਕੇ ਮਹਾਰਾਜ ਨੇ ਸ਼ਾਹਜ਼ਾਦੇ ਸ਼ੇਰ ਸਿੰ
ਘ ਦੇ ਨਾਲ ਹਰੀਸਿੰਘ ਨਲੂਆ, ਦੀਵਾਨ ਕ੍ਰਿਪਾਰਾਮ, ਸ੍ਰਦਾਰ ਅਤਰ ਸਿੰਘ, ਧੰਨਾ ਸਿੰਘ,
ਆਦਿਕ ਬਹੁਤ ਰ ਫੌਜ ਦੇ ਕੇ ਉਧਰ ਤੋਰੇ।

੧ ਯੂਸਫਜ਼ਈ ਇੱਕ ਪਠਾਣਾਂ ਦਾ ਗੋਤ ਹੈ ਜਿਸ ਤਰਾਂ ਜੱਟਾਂ ਵਿੱਚ ਸਿੱਧੂ, ਗਿੱਲ, ਭੁੱਲਰ, ਦੁਲਟ,
ਧਾਲੀਵਾਲ, ਚਾਹਿਲ ਆਦਿਕ ਗੋਤ ਹਨ ਏਸੇ ਤਰਾਂ ਪਠਾਣਾਂ ਦੀਆਂ ਕਿਸਮਾ ਹਨ ਜੈਸੇ ਹਿੰਦੂਆਂ
ਵਿੱਚ ਜੱਟ ਬਹੁਤੇ ਹਨ ਤੈਸੇ ਮੁਸਲਮਾਨਾ ਵਿੱਚ ਪਠਾਣ ਬਹੁਤੇ ਹਨ। ਅਟਕ ਦੇ ਕਿਨਾਰੇ ਦੇ ਪਸ਼ਾਵ
ਰ ਦੇ ਇਲਾਕੇ ਵਿੱਚ ਯੂਸਫਜ਼ਈ ੧੪ ਲੱਖ ਤੋਂ ਭੀ ਬਹੁਤਾ ਹੈ। ਪਸ਼ਾਵਰੋਂ ਢੱਕੇ ਤਕ ਅਫਰੀਦੀ ਬਹੁ
ਤੇ ਹਨ, ਢਕੇ ਤੋਂ ਪਟੀਕੋਟ ਤਕ ਮਾਮੰਦ ਬਹੁਤ ਹਨ। ਖਿਸਪਲਾਕ ਦੇ ਦਰੇ ਤੋਂ ਦਰੇ ਛਿਨਵਾਰੀ ਤੀਰਾ
ਹ ਤਕ ਕੌਮ ਖੋਰੇ ਛਿਨਵਾਰੀ ਬਹੁਤ ਹੈ। ਦੂਜੇ ਪਾਸੇ ਖਿਸਪਲਾਕ ਦੇ ਦਰੇ ਤੋਂ ਇਸਾਰਗ ਪਹਾੜ ਦੇ ਦ
ਰੇ ਤਕ ਪਜੀਰੀ ਬਹੁਤ ਹੈਂ। ਗਿਰਦੀ ਤੋਂ ਕੰਜੇ ਤਕ ਕੌਮ ਫਸੀਹ ਹੈ ਜਿਸ ਵਿੱਚ ਜਲਾਲਾਬਾਦ ਭੀ ਹੈ
ਦਰੇ ਜਲਾਲਾਬਾਦੋਂ ਕੋਹ ਲੁਕਮਾਨ ਤੇ ਕੁਨਰ ਤਕ ਕੁਨਰਸੀਆ ਕੌਮ ਬਹੁਤ ਹੈ। ਕੱਜੇ ਤੋਂ ਜਾਂਦੇ ਇਸ
ਪਲਾਂਗ ਤਕ ਜਾਂਦਾ ਹੈ। ਇਸਾਰਗ ਤੋਂ ਕਾਬਲ ਤਕ ਕੋਰੀ ਹੈ ਜਿਨ੍ਹਾਂ ਵਿੱਚੋਂ ਕੌਰੀ ਦੁਰਾਨੀ ਆਮੀਰ
ਕਾਬਲ ਦੇ ਹਨ। ਇਲਾਕੇ ਤੋਰਵਰੀ ਤੋਂ ਲੈ ਕੇ ਜਾਕਿਸ੍ਤਾਨ ਤਕ ਤਿੰਨਾ ਕੌਮਾਂ (ਜਾਗੀ, ਜੈਮਸ੍ਤੁ, ਜੈਮ
ਸੁਦਾਦ) ਹਨ। ਟਿਲਬਲੀਦ, ਬੁਲੈ ਦਖੇਮ ਤੋਂ ਪਰੇ ਗਜ਼ਨੀ ਤਕ ਕੌਮ ਦਜੀਰਾਂ ਦੀ ੧੦ ਲਖ ਬੰਦੂਕਚੀ
ਏਹ ਕੌਮ ਸਾਰੇ ਪਠਾਣਾਂ ਵਿੱਚੋਂ ਲੜਾਕੀ ਹੈ। ਏਸੇ ਦੇਸ ਵਿੱਚ ਇਲਾਕਾ ਖੋਸਤ ਦਾਵਾ ਹੈ ੪੦ ਕੋਹ ਚੌੜਾ ਤੇ
੨੦੦ ਦੋ ਸੌ ਕੋਹ ਲੰਬਾ ਹੈ ਏਥੇ ਕੌਮ ਜਾਜੀ ਬਸਦੀ ਹੈ। ਜਲਾਲਾਬਾਦ ਤੋਂ ਅਲੀਖੇਲਾਂ ਤਕ ਤੋਰਤੋਂ ਕੋਹ

Digitized by Panjab Digital Library | www.panjabdigilib.org

ਗਏ ਉਨ੍ਹਾਂ ਨੇ ਅਟਕ ਲੰਘ ਕੇ ਜਹਾਂਗੀਰ ਦੇ ਕਿਲੇ ਨੂੰ ਜਾ ਘੇਰਿਆ, ਏਥੇ ਭਾਰੀ ਘਮਸਾਣ ੪੦੩
ਮੱਚਿਆ, ਚੂੰਕਿ ਸਿੰਘ ਜਿੱਤ ਗਏ ਤੇ ਪਠਾਣ ਹਾਰੇ। ਇਸ ਹਾਰ ਤੋਂ ਖਿਜਕੇ ਸਵਾਤ, ਬੁਨੇਰ,

ਜਹਾਂਗੀਰ ਦਾ ਕਿਲਾ ਫਤਹ

ਅਫਰੀਦ, ਖਟਕ, ਆਦਿਕ ਮਕਾਨਾਂ ਦਾ ਕਈ ਲੱਖ ਪਠਾਣ ਜੋ ਨੋਗੀ ਦੀ ਪਹਾੜੀ ਉੱਤੇ, ਸ਼ਹੀ
ਦ ਹੋ ਜਾਣ ਦੀ ਮਨਸ਼ਾ ਧਾਰਕੇ ਕੱਠੇ ਹੋ ਰਿਹਾ ਸੀ, ਬੱਦਲਾਂ ਵਾਂਗੂ ਗੱਜ ਗੱਜ ਕੇ ਇੱਕੇ ਵਾਰੀ
ਟੁੱਟ ਪਿਆ। ਉਧਰੋਂ ਮੁਹੰਮਦ ਅਜ਼ੀਮ ਖਾਂ ਭੀ ਬਹੁਤ ਸਾਰੀ ਫੌਜ ਤੇ ਮੁਲਖੱਯਾ ਲੈਕੇ ਪਸ਼ੌ
ਰ ਤੋਂ ਕੜਕ ਨਿਕਲਿਆ। — ਇਸ ਖਬਰ ਨੂੰ ਸੁਣਕੇ ੧੪ ਫੱਗਣ ਸੰਮਤ ੧੮੮੦
ਬਿ: ਨੂੰ ਮਹਾਰਾਜਾ ਆਪ ਭੀ ਲਾਹੌਰੋਂ ਚੜ੍ਹ ਬੈਠੇ, ਫੇਰ ਤਾਂ ਬਾਕੀ ਦੇ ਰਾਜੇ ਤੇ ਸਰਦਾਰ ਭੀ ਆਪ
ਣੀ ਆਪਣੀ ਫੌਜ ਲੈਕੇ ਚੱਲ ਪਏ। ਸਾਹਿਜ਼ਾਦੇ ਖੜਗ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ
ਡੱਬਲ ਕੂਚ ਕਰਨ ਦਾ ਹੁਕਮ ਹੋਯਾ। ਜਦ ਮਹਾਰਾਜ ੧ ਚੇਤ ਸੰ: ੧੮੮੦ ਬਿ: ਨੂੰ ਅਟਕ
ਪਰ ਪਹੁੰਚੇ ਤਾਂ ਦੀਨ ਦਾ ਪੱਖ ਕਰਕੇ ਸਬ ਮੁਸਲਮਾਨ ਮਲਾਹ ਬੇੜੀਆਂ ਲੈਕੇ ਕਿਸੇ ਪਾਸੇ
ਨੂੰ ਖਿਸਕ ਗਏ। — ਚੂੰਕਿ ਮਹਾਰਾਜੇ ਨੇ ਸਤਗੁਰੂ ਦਾ ਧਿਆਨ ਧਰ ਅਰਦਾਸ ਕਰ ਆ
ਪਣਾ ਘੋੜਾ ਅਟਕ ਦਰੀਆ ਵਿੱਚ ਠੇਲ ਦਿੱਤਾ। ਸਬ ਸਰਦਾਰ ਮਨਾ ਕਰਦੇ ਹੀ ਰਹੇ ਪਰ
ਮਹਾਰਾਜ ਝੱਟ ਅੱਧ ਵਿੱਚ ਜਾ ਖੜੇ ਤੇ ਫੇਰ ਤਾਂ ਸਾਰਾ ਲਸ਼ਕਰ ਪਾਰ ਹੋਣ ਲਗਾ। ਜਦ ਪੰ
ਜ ਕ ਸੌ ਆਦਮੀ ਰਹ ਗਿਆ ਤੇ ਹੋਰ ਸਬ ਲਸ਼ਕਰ ਪਾਰ ਹੋ ਗਿਆ ਤਾਂ ਮਹਾਰਾਜ ਨੇ ਭੀ ਆ
ਪਣਾ ਘੋੜਾ ਪਾਰ ਕਰ ਲਿਆ। ਮਹਾਰਾਜ ਦੇ ਪਾਰ ਹੋਣ ਦੀ ਹੀ ਦੇਰ ਸੀ ਕੇ ਦਰੀਆ ਐਸਾ
ਉਛਲਿਆ ਕੇ ਜੇਹੜੇ ਪੰਜ ਕ ਸੌ ਆਦਮੀ ਵਿੱਚ ਸੈ ਓਹ ਸਬ ਰੁੜ੍ਹ ਗਏ। ਇਸ ਗੱਲ ਤੋਂ ਮ
ਹਾਰਾਜ ਦੀ ਵੱਡੀ ਕਰਾਮਾਤ ਮੰਨੀ ਗਈ। ਮੁਸਲਮਾਨ ਤਵਾਰੀਖਾਂ ਵਾਲਿਆਂ ਨੇ ਭੀ ਲਿਖਿਆ
ਹੈ ਕੇ ਰਣਜੀਤ ਸਿੰਘ ਨੂੰ ਦਰੀਆਵਾਂ ਨੇ ਰਾਹ ਦਿੱਤਾ, ਅੱਤੇ ਧਰਤੀ ਨੇ ਰਤਨ ਉਗਲ ਦਿੱਤੇ ਸ
ਨ। ਅਰਥਾਤ ਐਸਾ ਸੰਜੋਗ ਬਣ ਜਾਂਦਾ ਰਿਹਾ ਕੇ ਜੋ ਕੁਛ ਮਹਾਰਾਜ ਚਾਹੁੰਦੇ ਰਹੇ ਸੋ
ਅਕਸਰ ਹੋ ਜਾਂਦਾ ਰਿਹਾ ਹੈ। ਕਿਓਂਕੇ ਮਹਾਤਮਾ ਦਾ ਕਥਨ ਹੈ ਜੋ ਐਸੀ ਕੋਈ ਚੀਜ਼ ਔਖੀ

ਚੋਗਿਰਦੇ ਕੌਮ ਮੱਸੇਜ਼ਈ ਹੈ। ਟੱਲ ਸੇਂ ਕੁਰਮ ਪਵਾੜ ਕੋਤਲ ਤਕ ਤੋਰੀ ਕੌਮ ਹੈ ਏਹ ਵੱਡੀ ਬਹਾ
ਦਰ ਕੌਮ ਹੈ ਏਨ੍ਹਾਂ ਨੇ ਕਦੇ ਕਿਸੇ ਨੂੰ ਮਾਮੂਲਾ ਨਹੀ ਦਿੱਤਾ। ਕੁਰਮ ਦੇ ਦੂਜੇ ਪਾਸੇ ਬ੍ਰਾਹਮਾ ਦੇ ਪਹਾੜੋਂ ਲੈਕੇ
ਮੱਸੇਜ਼ਈ ਤੋਂ ਕਾਬੁਲ ਤਕ ਸਨਵਾਰੀ ਕੌਮ ਹੈ। ਪਿਵਾੜ ਕੋਤਲ ਤੋਂ ਗਜ਼ਨੀ ਤਕ ਕੌਮ ਮੰਗਲ ਹੈ।
ਪਸ਼ਾਵਰ ਤੇ ਕੁਹਾਟ ਦੇ ਵਿਚਕਾਰ ਕੌਮ ਫਰੀਦੀ ਬਹੁਤੀ ਹੈ। ਤੀਰਾਹ ਤੋਂ ਅਲੀਖੇਲ ਤਕ ਮਿਸਤੀ
ਲੋਗ ਹਨ ਏਹ ਸਬ ਸੁੰਨੀ ਹਨ। ਟੱਲੋਂ ਤੇ ਬੰਨੂ ਨੀਲਾਹ ਤਕ ਖਟਕ ਖੇਲ ਤੇ ਖਟਕ ਹੈਂ ਹੋਰ ਬ੍ਰਹਮਜ਼ਈ
ਸੱਦੂਜ਼ਈ ਕਰਈ, ਮਰਈ ਕੌਮਾ ਕੁਹਾਟ ਤੋਂ ਅਲੀਖੇਲਾਂ ਤਕ ਹਨ ਜਿਨ੍ਹਾਂ ਵਿੱਚ ਔਧੇ ਸ਼ੀਆ ਹਨ।

Digitized by Panjab Digital Library | www.panjabdigilib.org

੪੦੪ ਨਹੀਂ ਜਿਸ ਨੂੰ ਆਦਮੀ ਦਿਲ ਲਾ ਕੇ ਕਰੇ ਤੇ ਉਹ ਨਾ ਹੋਵੇ, ਅਰਥਾਤ ਹੋ ਜਾਂਦੀ ਹੈ, ਸੋ ਫਤੀਜਾ
ਲੀਆ ਜਾਣਾ ਕੋਈ ਆਸਚਰਜ ਨਹੀਂ ਕਹਾਵਤ ਹੈ ਕੇ ਏਸ ਵੇਲੇ ਇੱਕ ਸਿਪਾਹੀ ਦਾ ਪਾਲਕ
ਬਕਰਾ ਭੀ ਮਹਾਰਾਜੇ ਦੇ ਨਾਲ ਹੈ ਅਟਕ ਫਤੀਜਾ ਲੀਆ ਜਾਸੀ ਜਿਸ ਦਾ ੧੧ ਰੋਜ਼ ਮਹਾਰਾ
ਜੇ ਨੇ ਮੁਕੱਰਰ ਕਰ ਦਿੱਤਾ।

ਅਟਕ ਲੰਘ ਕੇ ਮਹਾਰਾਜੇ ਨੇ ਫੌਜ ਦੇ ਤਿੰਨ ਹਿਸੇ ਕੀਤੇ ਅਤੇ ਤਿੰਨਾਂ ਦੀ ਵੰਡ ਏਸ ਤਰਾਂ ਪਾਈ ਕੇ
ਇੱਕ ਹਿੱਸਾ (੮ ਪਲਟਨਾਂ, ਦੋ ਤੋਪਖਾਨੇ ਦਾ) ਜਰਨੈਲ ਵੈਂਤੂਰ ਤੇ ਅਲਾਰਡ ਸਾਹਿਬ ਨੂੰ ਦੇ ਕੇ
ਮੁਹੰਮਦ ਅਜ਼ੀਮ ਖਾਂ ਦਾ ਰਾਹ ਰੋਕਣ ਵਾਸਤੇ ਨੁਸ਼ਹਿਰੇ ਵੱਲ ਤੋਰਿਆ। ਦੂਸਰਾ ਹਿੱਸਾ ਮਦਦ ਵਾ
ਸਤੇ ਪਿੱਛੇ ਰੱਖਿਆ। ਤੀਸਰਾ ਹਿੱਸਾ ਫੌਜ ਦਾ ਸਰਦਾਰ ਹਰੀ ਸਿੰਘ ਨਲੂਏ, ਮਿਸਰ ਦੀਵਾਨ ਚੰਦ
ਅਮੀਰ ਸਿੰਘ, ਹਰਸਾ ਸਿੰਘ ਆਦਿਕ ਸੂਰਬੀਰਾਂ ਨੂੰ ਦੇ ਕੇ ਟੇਰੀ ਦੀ ਤਰਫ ਭੇਜਿਆ ਅਤੇ ਆ
ਪ ਭੀ ਹਾਥੀ ਉੱਪਰ ਸਵਾਰ ਹੋ ਕੇ ਫੌਜ ਦੇ ਪਿੱਛੇ ਟੁਰ ਗਏ। ਮਹਾਰਾਜੇ ਨੇ ਆਪਣੇ ਹਾਥੀ ਜੇਹੇ
ਕਈ ਹਾਥੀ ਸਜਵਾ ਕੇ ਫੌਜ ਦੇ ਪਿੱਛੇ ਲਾ ਰੱਖੇ ਸੇ, ਜਿਨਾਂ ਕਰ ਕੇ ਏਹ ਨਹੀਂ ਸੀ ਮਾਲੂਮ ਹੋ ਸਕਦਾ
ਜੋ ਕੇਹੜੇ ਹਾਥੀ ਪਰ ਮਹਾਰਾਜ ਹੈਂ। ਸਰਕਾਰ ਨੇ ਫੌਜ ਨੂੰ ਹੁਕਮ ਦਿੱਤਾ ਕੇ ਦੂਰ ਦੂਰ ਦੀ ਗਲਵੱ
ਢੀ ਦੇ ਕੇ ਟੇਰੀ ਦੇ ਪਿੱਛੇ ਜਾ ਖੜੋਵੋ, ਜੇਕਰ ਵੈਰੀ ਅੱਗੇ ਵਧੇ ਤਾਂ ਤੁਸਾਂ ਪਿੱਛੋਂ ਪੈਣਾ ਤੇ ਜੇ ਉਹ
ਪਿੱਛੇ ਹਟੇ ਤਾਂ ਪਿੱਠ ਉੱਪਰ ਚੜ੍ਹ ਜਾਣਾ। ਏਹ ਹੁਕਮ ਦੇ ਕੇ ਮਹਾਰਾਜਾ ਨੇ ੧੩ ਚੇਤ੍ਰ ਸੰ: ੧੮੮੧
ਬਿ: ਨੂੰ ਸਿਖਰ ਦੁਪਹਿਰੇ ਲੜਾਈ ਸ਼ੁਰੂ ਕਰ ਦਿੱਤੀ। ਅਕਾਲੀਆਂ ਦੇ ਕੁਮੇਦਾਨ ਸਤਿਗੁਰ
ਸਹਾਈ ਸਿੰਘ ਨੂੰ ਤੇ ਕਰਨੈਲ ਮਹਾਂ ਸਿੰਘ ਨੂੰ ਹੱਲਾ ਕਰਨ ਦਾ ਹੁਕਮ ਦੇ ਕੇ, ਖੱਬੇ ਪਾਸੇ ਤੋਪਖਾ
ਨਾ ਧਰ ਦਿੱਤਾ। ਜਦ ਏਹ ਦੋਵੇਂ ਬਹਾਦਰ ਫੌਜ ਸਮੇਤ ਧਾਵਾ ਕਰ ਕੇ ਬੜੀ ਕਠਨਾਈ ਨਾਲ
ਟੇਰੀ ਪਹਾੜ ਦੇ ਅੱਧ ਉੱਤੇ ਪਹੁੰਚੇ ਤਾਂ ਅੱਗੋਂ ਪਠਾਣ ਅਲੀ ਅਲੀ ਕਰ ਕੇ ਆ ਪਏ, ਗੋਲੀਆਂ
ਤੀਰਾਂ ਦਾ ਭਾਰੀ ਮੀਂਹ ਬਰਸਿਆ। ਭਾਵੇਂ ਪਠਾਣ ਉੱਪਰੋਂ ਪੱਥਰ ਰੋੜ੍ਹ ਰੋੜ੍ਹ ਕੇ ਭੀ ਬਹੁਤ ਸਿੱਖਾਂ
ਦਾ ਨੁਕਸਾਨ ਕਰ ਰਹੇ ਸੇ ਤਾਂ ਭੀ ਸਿੰਘ ਮਰਦੇ ਲੜਦੇ ਅੱਗੇ ਨੂੰ ਹੀ ਵਧਦੇ ਸੇ। ਏਤਨੇ ਨੂੰ ਇੱ
ਕ ਗਾਜ਼ੀ ਨੇ ਅੱਗੇ ਵਧ ਕੇ ਅਜੇਹਾ ਦੁਗਾੜਾ ਸਤਿਗੁਰ ਸਹਾਈ ਸਿੰਘ ਉੱਤੇ ਜੋੜ ਕੇ ਮਾਰਿਆ
ਜੋ ਮੱਥੇ ਨੂੰ ਫੋੜ ਕੇ ਖੋਪਰੀ ਨੂੰ ਚੂਰ ਚੂਰ ਕਰ ਗਿਆ। ਏਸੇ ਤਰਾਂ ਇਕ ਹੋਰ ਜਹਾਦੀ ਨੇ ਦੌੜ ਕੇ
ਕਰਨੈਲ ਮਹਾਂ ਸਿੰਘ ਨੂੰ ਖੰਡਾ ਮਾਰ ਕੇ ਖੰਡ ਸਿੱਟਿਆ। ਏਨਾਂ ਦੋਹਾਂ ਸੂਰਬੀਰ ਸਰਦਾਰਾਂ ਦੇ
ਸਿਖਾਂ ਨੂੰ ਹਾਰ ਹੋਣੀ
ਮਰਨੇ ਕਰ ਫੌਜ ਖਾਲਸੇ ਦੇ ਪੈਰ ਹੱਲ ਗਏ, ਦਿਲ ਧੜਕ ਗਏ। ਫੇਰ ਤਾਂ ਪਠਾਣਾਂ ਦੀ ਚੜ੍ਹ
ਮੱਚੀ ਅਲੀ ਦੇ ਕਰ ਕੇ ਆ ਪਏ, ਇੱਕ ਦੂਨੇ ਚਹੁੰ ਦੇ ਨੂੰ ਖਪਾਇਆ, ਸਿੱਖਾਂ ਨੂੰ ਭੱਜਦਿਆਂ ਰਾਹ

Digitized by Panjab Digital Library | www.panjabdigilib.org

ਨਾਂ ਲੱਭਾ, ਦੋ ਢਾਈ ਕੋਹ ਸਿੱਖਾਂ ਨੂੰ ਪਠਾਣ ਦੱਬੀ ਆਏ, ਬੇਅੰਤ ਸਿੱਖ ਮਾਰੇ ਗਏ। ਫੇਰ ਤਾਂ ਪਠਾ ੪੦੫
ਣ ਠੇਰੀ ਤੋਂ ਉਤਰਕੇ ਮੈਦਾਨ ਵਿਚ (ਜਿਥੇ ਫੂਲਾਸਿੰਘ ਅਕਾਲ ਰਜਮਟ ਦੇ ਚਾਰ ਕੁ ਹਜ਼ਾਰ ਅਸ
ਵਾਰਾਂ ਸਮੇਤ ਖੜਾ ਸੀ) ਆ ਟਹਿਰੇ। ਫੂਲਾਸਿੰਘ ਨੇ ਬੜਾ ਭਾਰੀ ਜੰਗ ਮਾਰਿਆ, ਅਕਾਲੀ
ਆਂ ਨੇ ਅਕਾਲ ਦ ਗਜਾਕੇ ਬਹੁਤ ਆਹੂ ਲਾਹੇ, ਦੂਜੇ ਪਾਸਿਓਂ ਹਰੀਸਿੰਘ ਨਲੂਏ ਨੇ ਧਾਵਾ
ਧਰ ਲਿਆ, ਮੁਸਲਮਾਨੀ ਫੌਜ ਦੇ ਪੈਰ ਹੱਲਣ ਵਾਲੇ ਹੋਏ ਹੀ ਸੀ ਕੇ ਇੱਕ ਗਾਜ਼ੀ ਨੇ ਤਾਜ਼ੀ
ਨੂੰ ਛੇੜ ਕੇ ਜਾਨਬਾਜ਼ੀ ਕਰ ਦਿਖਾਈ, ਕੇ ਫੂਲਾਸਿੰਘ ਜੋ ਇਧਰ ਉਧਰ ਦੌੜਦਾ ਫਿਰਦਾ ਸੀ
ਤੇ ਸਿੰਘਾਂ ਨੂੰ ਜੋਸ਼ ਦੇਕੇ ਤਾੜ ਰਿਹਾ ਸੀ ਉਸ ਦੇ ਸੰਗ ਆ ਜੁੜਿਆ। ਦੋਹਾਂ ਦੇ ਐਸੇ ਇਕੱਠੇ ਵਾ
ਰ ਹੋਏ ਜੋ ਦੋਹਾਂ ਦੇ ਸਿਰ ਧੜਾਂ ਥੀਂ ਵੱਖਰੇ ਹੋ ਗਏ। ਫੂਲਾਸਿੰਘ ਦਾ ਚੜ੍ਹਨਾ ਤਾਂ ਸਿੰਘਾਂ
ਨੂੰ ਕਾਲੇ ਸੱਪ ਦਾ ਲੜਨਾ ਹੋ ਗਿਆ, ਮਾਰਨਾ ਮਰਨਾ ਸਭ ਭੁੱਲ ਗਏ, ਖੜੋਣਾ ਭੀ ਔ
ਖਾ ਹੋ ਗਿਆ ਤੇ ਨੱਠਣ ਨੂੰ ਲੱਕ ਬੰਨ ਲਿਆ।

ਮਹਾਰਾਜ ਜੋ ਟਿੱਬੀ ਪਰ ਦੂਰ ਪਿੱਛੇ ਚੜ੍ਹੇ ਹੋਏ ਦੇਖ ਰਹੇ ਸੇ ਸਿੰਘਾਂ ਦਾ ਇਹ ਹਾਲ ਦੇਖ
ਕੇ ਬਹੁਤ ਸੋਕਾਤੁਰ ਹੋ ਗਏ ਤੇ ਪਾਸ ਖੜੇ ਕਾਦਰਬਖਸ਼ ਚੌਧਰੀ ਨੂੰ ਜੋ ਇੱਕ ਪੁਰਾਣਾ ਤੇ ਸਿ
ਆਣਾ ਆਦਮੀ ਸੀ ਪੁੱਛਿਆ ਕੇ ਐਸ ਵੇਲੇ ਕੀ ਉਪਾਇ ਕਰਨਾ ਚਾਹੀਦਾ ਹੈ। ਉਸ ਨੇ ਆ
ਖਿਆ, ਏਸੇ ਤਰਾਂ ਇੱਕ ਵਾਰੀ ਸਿਕੰਦਰ ਦੀ ਫੌਜ ਭੀ ਹੱਲ ਖਲੋਤੀ ਸੀ ਤਾਂ ਉਹ ਹਾਥੀ ਤੋਂ ਉਤਰ
ਘੋੜੇ ਪਰ ਸਵਾਰ ਹੋ ਜਦ ੫੦ ਕਦਮ ਦੁਸ਼ਮਨਾਂ ਵੱਲ ਵਧਿਆ ਸੀ ਤਾਂ ਉਸ ਦੀ ਫੌਜ ਤੇ
ਅਫ਼ਸਰਾਂ ਨੇ ਇਹ ਜਾਣਿਆ ਜੋ ਬਾਦਸ਼ਾਹ ਲੜਨ ਚੱਲਿਆ ਹੈ ਇਹ ਮਨ ਵਿੱਚ ਧਾਰਕੇ ਆ
ਪਣਾ ਜੀਵਣਾ ਨਿਸਫਲ ਸਮਝ ਕੇ ਮੁੜ ਫੌਜ ਐਸੀ ਟੁੱਟ ਕੇ ਲੜੀ ਜੋ ਵੈਰੀਆਂ ਉ
ਤੇ ਫਤੇ ਪਾ ਗਈ ਸੀ।— ਮਹਾਰਾਜੇ ਨੇ ਇਹ ਗੱਲ ਸੁਣਕੇ ਝੱਟ ਪੱਟ ਘੋੜੇ ਪਰ ਅਸ
ਵਾਰ ਹੋ, ਅੱਸੀ ਕਦਮ ਅੱਗੇ ਵਧਕੇ, ਆਪਣੀ ਫੌਜ ਨੂੰ ਲਲਕਾਰਾ ਮਾਰਕੇ ਹੱਲਾ ਕਰਨ
ਦਾ ਹੁਕਮ ਦਿੱਤਾ। ਮਹਾਰਾਜੇ ਦਾ ਲਲਕਾਰਾ ਸੁਣਕੇ ਸਿੰਘਾਂ ਵਿੱਚ ਫੇਰ ਜਾਨ ਪੈ ਗਈ ਤੇ
ਕਰੀਚੀ ਵੱਟ ਕੇ ਘਟ ਦੀ ਘਟ ਇੱਕੋ ਵਾਰੀ ਪਠਾਣਾਂ ਪਰ ਉਲਟ ਪਈ। ਉਧਰ ਅਕਾਲੀ
ਜੋ ਨੱਠੇ ਜਾਂਦੇ ਸੇ ਉਨ੍ਹਾਂ ਦੇ ਰੋਕਣ ਵਾਸਤੇ ਨਜੀਬਾਂ ਵਾਲੀ ਫੌਜ ਨੂੰ ਹੁਕਮ ਦਿੱਤਾ ਤੇ ਆਖਿਆ
ਜੇਕਰ ਨਾਂ ਰੁਕਣ ਤਾਂ ਉਨ੍ਹਾਂ ਨੂੰ ਭੀ ਪਠਾਣਾਂ ਦੇ ਨਾਲ ਹੀ ਤੋਪ ਧਰ ਕੇ ਉਡਾ ਦੇਵੋ। ਇਸ ਹੁਕਮ
ਨੇ ਤੇ ਮਹਾਰਾਜੇ ਦੇ ਅੱਗੇ ਵਧਣ ਨੇ ਐਡਾ ਅਸਰ ਕੀਤਾ ਜੋ ਸਿੰਘਾਂ ਨੇ ਜਾਨ ਨੂੰ ਤਲੀ ਉਪਰ
ਧਰ ਲਿਆ, ਫੇਰ ਤਾਂ ਅਕਾਲੀਆਂ ਦੀ ਪਲਟਨ ਨੇ ਭੀ ਮੁੜ ਕੇ ਘਮਸਾਣ ਆ ਪਾਇਆ, ਇਸ ਨੂੰ

Digitized by Panjab Digital Library | www.panjabdigilib.org

੪੦੬ ਸੁਣਕੇ ਠੇਰੀ ਦੇ ਪਿਛਲੇ ਪਾਸੇ ਵਾਲੀ ਫੌਜ ਨੇ ਜੋ ਪਹਿਲੇ ਹੀ ਭੇਜ ਰੱਖੀ ਸੀ ਠੇਰੀ ਉਤੇ ਚੜ੍ਹਕੇ ਹੱਲਾ ਕਰ ਦਿੱਤਾ। ਫੇਰ ਤਾਂ ਘੇਰੇ ਵਿਚ ਆਏ ਹੋਏ ਪਠਾਣਾਂ ਨੂੰ ਜਾਨ ਬਚਾਉਣੀ ਮੁਸ਼ਕਿਲ ਹੋਈ, ਥੋੜਾ ਚਿਰ ਤਾਂ ਬੜੇ ਜ਼ੋਰ ਸ਼ੋਰ ਨਾਲ ਲੜੇ ਤੇ ਭੁਫੱਕੜਾਂ ਵਾਂਗੂ ਉੱਛਲ ਕੇ ਸਿੰਘਾਂ ਉਪਰ ਪਏ, ਛੇਕੜ ਜਦ ਸਿੰਘ ਭੀ ਸ਼ਹੀਦ ਹੋਣਾ ਠਾਨ ਕੇ ਹੱਥੀ ਉੱਤਰ ਪਏ ਤੇ ਤੇਗੋ ਤੇ ਚਮਕਾਏ ਤਾਂ ਤੁਰਕਾਂ ਦਾ ਪੈਰ ਹੱਲ ਖੜੋਤਾ। ਸਿੰਘਾਂ ਨੇ ਇਕੋ ਵਾਰੀ ਸਤਿ ਸ੍ਰੀ ਅਕਾਲ ਦੀ ਧੁਨ ਕਰਕੇ ਐਸੀ ਤੇਗ ਬਾਹੀ ਜੋ ਪਠਾਣਾਂ ਦਾ ਰੰਡ ਮੁੰਡ ਕਰ ਦਿਤਾ, ਜਵਾਰ ਵਾਂਗੂ ਵਾਢੀ ਪਾਕੇ ਸਥਾਰ ਕਰ ਘੱਤੇ, ਪਠਾਣਾਂ ਨੂੰ ਭਜਦੇ ਹੋਏ ਰਾਹ ਨਾਂ ਲੱਭਾ, ਜਿੱਧਰ ਜਿਸਦਾ ਮੂੰਹ ਹੋਯਾ ਉਧਰੇ ਦੌੜ ਗਿਆ, ਸਿੰਘਾਂ ਨੇ ਪਠਾਣਾਂ ਨੂੰ ਢੂੰਡ ਢੂੰਡ ਕੇ ਕਤਲ ਕੀਤਾ। ਜੇਹੜੇ ਬਾਕੀ ਬਚੇ ਉਹ ਇੱਕ ਪਹਾੜੀ ਦੀ ਉਟ ਵਿਚ ਕੱਠੇ ਹੋਕੇ ਅੱਠ ਪਹਿਰ ਤਕ ਮੁਹੰਮਦ ਅਜ਼ੀਮ ਖਾਂ ਨੂੰ ਉਡੀਕਦੇ ਰਹੇ ਪਰ ਜਦ ਉਨ੍ਹਾਂ ਨੇ ਇਹ ਸੁਣ ਲਿਆ (ਕਿ ਮੁਹੰਮਦ ਅਜ਼ੀਮ ਨੂੰ ਫਤੂਰਾਸਾਹ ਬਦਾਲੀ ਫੌਜ ਨੇ ਅੱਗੇ ਨਹੀਂ ਆਵਣ ਦਿੱਤਾ, ਅਤੇ ੬ ਥੇੜੀਆਂ ਜੋ ਉਸਨੇ ਸਾਡੀ (ਠੇਰੀ ਵਾਲਿਆਂ ਦੀ) ਮਦਦ ਨੂੰ ਮੁਲਖੱਜੇ ਦੀਆਂ ਭੇਜੀਆਂ ਸਨ ਉਹ ਭੀ ਸਿੰਘਾਂ ਨੇ ਤੋਪਾਂ ਮਾਰ ਕੇ ਡੋਬ ਛੱਡੀਆਂ ਹਨ) ਤਾਂ ਨਿਰਾਸ ਹੋਕੇ ਜਿੱਧਰ ਜਿਸਦਾ ਮੂੰਹ ਹੋਯਾ ਉਧਰੇ ਹੀ ਤੁਰ ਗਏ

ਪਠਾਣਾ ਉਪਰ ਫਤਹ

ਉਧਰ ਮੁਹੰਮਦ ਅਜ਼ੀਮ ਖਾਂ ਨੇ ਠੇਰੀ ਦੀ ਦੁਰਦਸ਼ਾ ਸੁਣਕੇ ਪਿੱਛੇ ਨੂੰ ਬਾਗ ਫੇਰ ਲਈ। ਇਸ ਜੰਗ ਵਿੱਚ ਬੜੇ ੨ ਨਾਮੀ ੨ ਰਈਸ ਪਠਾਣ, ਨੌਰੋਜ਼ ਖਾਂ, ਫੀਰੋਜ਼ ਖਾਂ, ਮੁਹੰਮਦ ਬਖਸ਼ ਖਟਕ, ਤੇ ਮਿਰਜ਼ਾ ਜਾਫਰ ਬੇਗ ਆਦਿਕ (ਜਿਨ੍ਹਾਂ ਦੇ ਭਰੋਸੇ ਅਜ਼ੀਮ ਖਾਂ ਚੜ੍ਹ ਕੇ ਆਯਾ ਸੀ) ਸਭ ਮਾਰੇ ਗਏ। ਲਿਖਿਆ ਹੈ ਕੇ ਏਸ ਜੰਗ ਵਿੱਚ ੨੦ ਹਜ਼ਾਰ ਪਠਾਣ ਤੇ ਛੀ ਹਜ਼ਾਰ ਸਿੰਘ ਕੰਮ ਆਏ। ਫੂਲਾ ਸਿੰਘ ਦੀ ਸਮਾਧ ਹੁਣ ਤਕ ਉਥੇ ਹੈ।

ਮਹਾਰਾਜੇ ਨੇ ਅੱਗੇ ਵਧਕੇ ਮਸ਼ੂ ਨਗਰ ਤਕ ਸਭ ਮੁਲਕ ਮੱਲ ਲਿਆ। ੨ ਚੇਤ੍ਰ ਸੰ: ੧੮੮੧ ਬਿ: ਨੂੰ ਪਸ਼ਾਵਰ ਵਿੱਚ ਦਾਖਲ ਹੋ ਗਏ, ਖੈਬਰ ਬਾਸਤਕ ਆਦਿ ਸਾਰਾ ਮੁਲਕ ਸਿੰਘਾਂ ਨੇ ਲੁੱਟ ਮਾਰ ਕੇ ਬਰਬਾਦ ਕਰ ਦਿੱਤਾ। ਉਸੇ ਸਮੇ ਪਸ਼ਾਵਰ ਦੇ ਸੂਬੇ ਯਾਰ ਮੁਹੰਮਦ ਖਾਂ ਨੇ ਢੇਰ ਸਾਰੀ ਜਵਾਹਰਾਤ ਤੇ ਪੰਜਾਹ ਘੋੜੇ ਨਜ਼ਰ ਦਿੱਤੇ। ਏਨ੍ਹਾਂ ਵਿਚ ਉਹ ਗੌਹਰਬਾਰ ਨਾਮੀ ਘੋੜਾ ਭੀ ਸੀ ਜਿਸਦੇ ਬਦਲੇ ਮਹਾਰਾਜ ਪੰਜੀ (੨੫) ਹਜ਼ਾਰ ਦੀ ਜਾਗੀਰ ਦੇ ਰਹੇ ਸੇ ਤੇ ਉਸਨੇ ਮੰਨੀ ਨਹੀਂ ਸੀ। ਉਸ ਘੋੜੇ ਨੂੰ ਲੈਕੇ ਮਹਾਰਾਜਾ ਬਹੁਤ ਖੁਸ਼ ਹੋਏ। ਫੇਰ ਯਾਰ ਮੁਹੰਮਦ ਖਾਂ ਤੋਂ ਪਿਛਲਾ ੧ ਲਖ ੨੫ ਹਜ਼ਾਰ ਕਰ ਲੈਕੇ, ਪਸ਼ਾਵਰ ਦੀ ਸੂਬੇਦਾਰੀ ਫੇਰ ਉਸੇ ਨੂੰ ਦੇ ਦਿਤੀ।

Digitized by Panjab Digital Library | www.panjabdigilib.org

ਅਤੇ ਆਪ ੧੫ ਵੈਸਾਖ ਸੰ:੧੮੮੧ ਬਿ: ਨੂੰ ਲਾਹੌਰ ਆ ਬਿਰਾਜੇ। ੪੦੭
ਇਸ ਫਤੇ ਦੀ ਖੁਸ਼ੀ ਵਿੱਚ ਮਹਾਰਾਜ ਨੇ ਅੰਮ੍ਰਿਤਸਰ ਜਾ ਕੇ ੨੫ ਹਜ਼ਾਰ ਰੁਪਯਾ ਗੁਰੂ ਗ੍ਰੰਥ ਸਾਹਿਬ ਦੀ ਭੇਟਾ ਕੀਤਾ ਤੇ ਅੰਮ੍ਰਿਤਸਰ, ਲਾਹੌਰ ਦੋਹਾਂ ਸ਼ਹਿਰਾਂ ਵਿੱਚ ਰੌਸ਼ਨੀ ਕਰਾਈ, ਜਲਸੇ ਕਰਾਏ, ਅਤੇ ਆਪ ਹਾਥੀ ਪਰ ਸਵਾਰ ਹੋ ਕੇ ਬਾਜ਼ਾਰਾਂ ਵਿੱਚ ਫਿਰੇ, ਗਰੀਬਾਂ ਨੂੰ ਬਹੁਤ ਦੌਲਤ ਵੰਡੀ। — ਅੰਮ੍ਰਿਤਸਰ ਦੀ ਸ਼ਹਰਪਨਾਹ ਤਯਾਰ ਹੋਣ ਦਾ ਹੁਕਮ ਦੇ ਕੇ ਸਭਨਾਂ ਸਰਦਾਰਾਂ ਨੂੰ ਆਖਿਆ ਕੇ ਗੁਰੂ ਦੀ ਨਗਰੀ ਦੀ ਟਹਿਲ ਕਰੋ। ਸਰਦਾਰ ਫਤੇ ਸਿੰਘ ਆਲੂਵਾਲੀਏ ਨੇ ਇੱਕ ਹਜ਼ਾਰ ਰਾਜ ਤੇ ਮਜ਼ੂਰ ਦਿੱਤਾ, ਤੇ ਦਲ ਸਿੰਘ, ਦੇਸਾ ਸਿੰਘ ਆਦਿਕ ਸਰਦਾਰਾਂ ਨੇ ਭੀ ਬਹੁਤ ਟਹਿਲ ਕਰੀ, ਬਾਕੀ ਖਾਈ ਤੇ ਕੋਟ ਮਹਾਰਾਜੇ ਨੇ ਇੱਕ ਬਰਸ ਦੇ ਅੰਦਰ ੨ ਪੂਰਾ ਕਰਵਾ ਲਿਆ।

ਖੁਸ਼ੀ ਮਨਾਈ

ਉਸੇ ਸਾਲ ਜਦ ਰਾਜਾ ਸੰਸਾਰਚੰਦ ਮਰ ਗਿਆ ਤਾਂ ਉਸਦੇ ਬੇਟੇ ਅਨਰੁੱਧਚੰਦ ਤੋਂ ਇੱਕ ਲੱਖ ਰੁਪਯਾ ਨਕਦ ਲੈ ਕੇ ਉਸਨੂੰ ਗੱਦੀ ਦਿੱਤੀ, ਅਤੇ ਇੱਕ ਲੱਖ ਦਾ ਉਸਨੇ ਉਧਾਰ ਕੀਤਾ।

ਸੰਸਾਰ ਚੰਦ ਦਾ ਮਰਨਾ

ਰਾਮਾਨੰਦ ਸੇਠ ਜੋ ਸਾਰੇ ਪੰਜਾਬ ਵਿੱਚ ਮਸ਼ਹੂਰ ਸੀ ਇਸੇ ਸਾਲ ਸ੍ਰੀ ਅੰਮ੍ਰਿਤਸਰ ਜੀ ਵਿੱਚ ਗੁਜ਼ਰ ਗਿਆ। (ਇਸਨੂੰ ਮਹਾਰਾਜ ਬਾਬਾ ਜੀ ਆਖਿਆ ਕਰਦੇ ਸੇ।) ਜਦ ਇਸਦੇ ਘਰ ਮੁਕਾਣ ਲਾਹੁਣ ਗਏ ਤਾਂ ਸੇਠਾਣੀ ਨੂੰ ਆਖਿਆ "ਮਾਈ ਜੀ ਮੇਰੇ ਬਾਬੇ ਦੇ ਹੋਰ ਤਾਂ ਕੋਈ ਪੁੱਤ੍ਰ ਹੈ ਹੀ ਨਹੀਂ ਮੈਨੂੰ ਉਹ ਪੁੱਤ੍ਰ ਆਖਿਆ ਕਰਦੇ ਸੇ" ਸੇਠਾਣੀ ਨੇ ਇਸ ਰਮਜ਼ੋਂ ਤੋਂ ਮਹਾਰਾਜੇ ਦਾ ਮਤਲਬ ਸਮਝ ਕੇ ਅੱਠ ਲੱਖ ਰੁਪਯਾ ਨਕਦ ਦੇ ਕੇ ਆਖਿਆ ਕੇ "ਤੇਰੇ ਹੀ ਘਰੋਂ ਕਮਾਯਾ ਹੈ ਨਾ" ਮਹਾਰਾਜੇ ਨੇ ਉਹ ਰੁਪਯਾ ਲਾਹੌਰ ਸ਼ਹਰ ਦੇ ਕੋਟ, ਖਾਈ ਉੱਪਰ ਖਰਚਿਆ, ਸੇਠਾਣੀ ਨੇ ਭੀ ਖੁਸ਼ੀ ਮਨਾਈ ਕਿਉਂਕੇ ਉਸ ਪਾਸ ਬਹੁਤ ਰੁਪਯਾ ਜੋ ਬਾਕੀ ਸੀ ਉਹ ਮਹਾਰਾਜ, ਮਾਈ ਦੇ ਲਿਹਾਜ਼ ਕਰਕੇ ਛੱਡ ਆਏ ਸੇ। ਸੇਠਾਣੀ, ਤੇ ਸੇਠਾਣੀ ਦੇ ਦੋਹਤ੍ਰੇ ਬੱਦ੍ਰੀਦਾਸ ਨੇ ਭੀ ਹੋਰ ਬਹੁਤ ਦੌਲਤ ਧਰਮ ਅਰਥ ਖਰਚੀ। ——

ਰਾਮਾਨੰਦ ਸੇਠ ਦਾ ਮਰਨਾ

ਇਸੇ ਸਾਲ ਮਿਸਰ ਦੀਵਾਨ ਚੰਦ ਜੋ ਲਾਹੌਰ ਦਰਬਾਰ ਦਾ ਥੰਮ ਸੀ ਕਾਲ ਵੱਸ ਹੋ ਗਿਆ, ਮਹਾਰਾਜੇ ਨੇ ਬੜਾ ਸ਼ੋਕ ਮਨਾਯਾ ਤੇ ਉਸਦੇ ਭਾਈ ਸੁਖਦਿਆਲ ਨੂੰ ਦੀਵਾਨ ਬਨਾਯਾ। ਇਸੇ ਸਾਲ ਮਹਾਰਾਜੇ ਨੇ ਪਹਾੜੀ ਰਾਜਿਆਂ ਤੋਂ ਡੇਉਢਾ ਕਰ ਉਗਰਾਹਿਆ ਜੋ ਫਕੀਰ ਅਜ਼ੀਜ਼ੁੱਦੀਨ ਜਾ ਕੇ ਮੰਡੀ ਤੋਂ ੬੦ ਹਜ਼ਾਰ, ਸੁਕੇਤ ਤੋਂ ੧੦ ਹਜ਼ਾਰ, ਕੁੱਲੂ ਤੋਂ ਛੇ ੬ ਹਜ਼ਾਰ, ਚੰਬੇ ਤੋਂ ੪੫ ਹਜ਼ਾਰ ਉਗਰਾਹ ਕੇ ਹਾਜ਼ਰ ਹੋਯਾ। ——

ਦੀਵਾਨ ਚੰਦ ਦਾ ਮਰਨਾ

ਦੁਸਹਿਰਾ ਪੂਜ ਕੇ ਜਦ ਮਹਾਰਾਜ ਵਜ਼ੀਰਾਬਾਦ ਗਏ ਤਦ

Digitized by Panjab Digital Library | www.panjabdigilib.org

੪੦੮ ਖਬਰ ਆਈ ਕਿ ਯੂਸਫਜ਼ਈ ਪਠਾਣਾਂ ਨੇ ਭਾਰੀ ਦੰਗਾ ਕਰਕੇ ਦਰਬੰਦ ਦਾ ਕਿਲਾ ਸਿੰਘਾਂ ਤੋਂ ਛੁਡਾ ਲਿਆ ਹੈ ਤੇ ਸਿੰਘ ਬਹੁਤ ਮਾਰੇ ਗਏ ਹਨ। ਮਹਾਰਾਜੇ ਨੇ ਏਹ ਖਬਰ ਸੁਣ ਕੇ ਸਰਦਾਰ ਹਰੀ ਸਿੰਘ ਨੂੰ ਫੌਜ ਦੇ ਕੇ ਅੱਗੇ ਤੋਰਿਆ ਤੇ ਆਪ ਭੀ ਪਿੱਛੋਂ ਉਧਰ ਨੂੰ ਹੀ ਕੂਚ ਕਰ ਦਿੱਤਾ। ਸ: ਹਰੀ ਸਿੰਘ ਨੇ ੨ ਕੱਤਕ ਨੂੰ ਉਥੇ ਪਹੁੰਚ ਪਠਾਣਾਂ ਦੀ ਦੁਰਦਸ਼ਾ ਕਰ, ਦਰਬੰਦ ਦਾ ਕਿਲਾ ਛੁਡਾ ਲਿਆ। ਏਤਨੇ ਨੂੰ ਮਹਾਰਾਜ ਭੀ ਅਟਕ ਦੇ ਕਿਨਾਰੇ ਜਾ ਫਿਰੇ, ਮੁਲਖੱਯੇ ਦੀਆਂ ਹਰੀਆਂ ੨ ਝੰਡੀਆਂ ਜੋ ਨਜ਼ਰ ਆਈਆਂ ਤਾਂ ਪਾਰ ਹੋ ਕੇ ਖਾਲਸੇ ਦਾ ਹੱਲਾ ਕਰਾ ਦਿੱਤਾ, ਚਾਰ ਘੰਟੇ ਤਾਂ ਪਠਾਣ ਲੜੇ, ਓੜਕ ਨੱਸ ਤੁਰੇ। ਘੋੜ ਚੜ੍ਹੇ ਸਿੰਘਾਂ ਨੇ ੧੫ ਕੋਹ ਪਿੱਛਾ ਕੀਤਾ, ਬਹੁਤ ਪਠਾਣ ਫੜੇ ਤੇ ਮਾਰੇ। ਦੂਸਰੇ ਦਿਨ ਗੜ੍ਹੀ ਲਕਵਾਹ ਦੀ ਫਲ ਬਾਗ ਚੁੱਕੀ। ਪਸ਼ੌਰ ਦੇ ਸੂਬੇ ਯਾਰ ਮੁਹੰਮਦ ਖਾਂ ਨੇ ਹਾਜ਼ਰ ਹੋ ਕੇ ਯੂਸਫਜ਼ਈ ਪਠਾਣਾਂ ਦੀ ਸਿਫਾਰਸ਼ ਕੀਤੀ ਤੇ ਲਿਖ ਦਿੱਤਾ ਕਿ ਫੇਰ ਕਦੇ ਦੰਗਾ ਨਾਂ ਕਰਨਗੇ ਤੇ ਹਮੇਸ਼ ਮਹਾਰਾਜ ਦੇ ਤਾਬੇਦਾਰ ਰਹਨਗੇ। ੧੮ ਮੱਘਰ ਨੂੰ ਮਹਾਰਾਜ ਨੇ ਪੰਜੇ ਸਾਹਿਬ ਦਾ ਦਰਸ਼ਨ ਕੀਤਾ ਤੇ ੨੨ ਮੱਘਰ ਨੂੰ ਮੁੜ ਲਾਹੌਰ ਆ ਗਏ। —— ੧੮ ਚੇਤ੍ਰ ਸੰ: ੧੮੮੨ ਬਿ: ਨੂੰ ਮਹਾਰਾਜੇ ਨੇ ਦੀਵਾਨ ਮੋਤੀਰਾਮ ਨੂੰ (ਜਿਸ ਦੀਆਂ ਬੁਰਿਆਈਆਂ ਬਹੁਤ ਚਿਰ ਤੋਂ ਸੁਣ ਰਹੇ ਸੇ) ਬੁਲਾਇ ਕਰ, ਸਰਕਾਰੀ ਰੁਪਯਾ ਖਾ ਜਾਣਾ, ਤੇ ਕਸ਼ਮੀਰ ਦੇ ਲੋਕਾਂ ਪਰ ਜ਼ੁਲਮ ਕਰਨਾ ਸਾਬਤ ਕਰਕੇ ੮੦ ਅੱਸੀ ਹਜ਼ਾਰ ਰੁਪਯਾ ਚੱਟੀ ਲੀਤਾ ਅਤੇ ਉਸਦੇ ਪੁੱਤ੍ਰ ਕਿਰਪਾਰਾਮ ਨੂੰ (ਜੋ ਬੁਲਾਏ ਤੇ ਭੀ ਦਰਬਾਰ ਦੇ ਜੰਗ ਵਿਚ ਨਹੀਂ ਆਯਾ ਸੀ) ਕੈਦ ਕਰ ਦਿੱਤਾ।

ਕਸ਼ਮੀਰ ਦਾ ਸੂਬਾ ਪਹਿਲੇ ਤਾਂ ਭੀਮਾ ਸਿੰਘ ਨੂੰ ਕੀਤਾ, ਫੇਰ ਗੁਰਮੁਖ ਸਿੰਘ ਤੇ ਚੂਨੀਲਾਲ ਨੂੰ ੨੭ ਲੱਖ ੫੦ ਹਜ਼ਾਰ ਰੁਪਏ ਦੇ ਠੇਕੇ ਪਰ ਦੇ ਦਿੱਤਾ, ਪਰੰਤੂ ਜਦ ਉਨ੍ਹਾਂ ਤੋਂ ਕੰਮ ਨਾ ਚੱਲਿਆ ਤਾਂ ਮੋਰਾਂ ਕੰਜਰੀ ਦੀ ਸਿਫਾਰਸ਼ ਨਾਲ ਕਿਰਪਾਰਾਮ ਨੂੰ ਫੇਰ ਕਸ਼ਮੀਰ ਦਾ ਸੂਬਾ ਬਣਾ ਦਿੱਤਾ। —— ਏਸੇ ਸਮੇ ਫਤੇ ਸਿੰਘ ਆਹਲੂਵਾਲੀਆ ਮਹਾਰਾਜੇ ਦੀ ਤਿੱਖੀ ਨਿਗਾਹ ਦੇਖ ਕੇ, ਅੰਗ੍ਰੇਜ਼ਾਂ ਵੱਲ ਸਤਲੁਜੋਂ ਪਾਰ, ਆਪਣੇ ਇਲਾਕੇ ਜਗਰਾਵਾਂ, ਈਸੜੂ ਵਿਚ ਚਲਾ ਗਿਆ। ਪ੍ਰੰਤੂ ਜਦ ਦੇਖਿਆ ਕਿ ਅੰਗ੍ਰੇਜ਼ਾਂ ਨੇ ਕੁਛ ਮਦਦ ਨਹੀਂ ਦਿੱਤੀ ਤਾਂ ਫੇਰ ਆਪੇ ਹੀ ਕਪੂਰਥਲੇ ਵਿੱਚ ਆ ਗਿਆ। —— ੧੬ ਵੈਸਾਖ ਨੂੰ ਮਹਾਰਾਜੇ ਨੇ ਦੁਆਬੇ ਦਾ ਦੌਰਾ ਕੀਤਾ ਤੇ ਊਨੇ ਸਾਹਿਬ ਦੇ ਬਾਬੇ ਸਾਹਿਬ ਸਿੰਘ ਬੇਦੀ ਨੂੰ ੫ ਪੰਜ ਹਜ਼ਾਰ ਰੁਪਯਾ ਚੜ੍ਹਾਯਾ। ਫੇਰ ਜ੍ਵਾਲਾ ਮੁਖੀ ਚਲੇ ਗਏ ਉਥੇ ਭੀ ਰੁਪਯਾ ਚੜ੍ਹਾਯਾ। ਫੇਰ ਕਿਲਾ ਤਾਰਾਗੜ੍ਹ

ਪਸ਼ੌਰ ਵਿਚ ਅਮਨ

ਮੋਤੀਰਾਮ ਦੀਵਾਨ ਤੇ ਚੱਟੀ

ਕ੍ਰਿਪਾਰਾਮ ਕਸ਼ਮੀਰ ਦਾ ਸੂਬਾ

Digitized by Panjab Digital Library | www.panjabdigilib.org

ਤੇ ਕੁਟਲੇਹਰ ਦਾ ਫਤੇ ਕਰਨ ਲਈ ਧੰਨਾ ਸਿੰਘ ਮਲਵਈ ਨੂੰ ਭੇਜਿਆ। ਤਾਰਾਗੜ੍ਹੀਏ ਤੇ ੪੦੯
ਤਾਂ ਚੌਬੇ ਵਾਲੇ ਨੇ ੨੫ ਹਜ਼ਾਰ ਰੁਪਯਾ ਦੇਵਾ ਕੇ ਸੁਲਾਹ ਕਰਾ ਦਿੱਤੀ ਸੀ ਪਰ ਕੁਟਲੇਹਰ ਦਾ
ਕਿਲਾ ਜੋ ਬਹੁਤ ਉੱਚੇ ਪਹਾੜ ਉਪਰ ਰਾਜੇ ਜਸਵਾਲੀਏ ਸ਼ਮਸ਼ੇਰ ਸਿੰਘ ਦਾ ਸੀ ਉਹ ਬੜੀ
ਕਠਨਾਈ ਨਾਲ ਫਤੇ ਹੋਯਾ। ੨੦ ਹਜ਼ਾਰ ਦੀ ਜਾਗੀਰ ਉਸ ਪਾਸ ਰਹਿਣ ਦਿੱਤੀ ਬਾਕੀ
ਸਾਰਾ ਮੁਲਕ ਜ਼ਬਤ ਕਰ ਲਿਆ।

ਸੰ: ੧੮੮੩ ਬਿ: ਨੂੰ ਡੇਹਰੇ ਇਸਮਾਈਲ ਖਾਂ ਦਾ ਨਵਾਬ ਅਹਮਦ ਖਾਂ ਮਰ ਗਿਆ ਤਾਂ ਕੌਰ ਸ਼ੇਰ ਸਿੰਘ ਨੇ ਬੰਨੂੰ ਫਤੇ ਕਰਨਾ
ਮਹਾਰਾਜੇ ਨੇ ਉਸ ਦੇ ਪੁਤ੍ਰ ਸ਼ਾਹਨਿਵਾਜ਼ ਖਾਂ ਨੂੰ ਗੱਦੀ ਦੇਣ ਵਾਸਤੇ ਕੌਰ ਖੜਗ ਸਿੰਘ ਨੂੰ ਭੇ-
ਜਿਆ, ਏਨ੍ਹਾਂ ਨੇ ਜਾਕੇ ਨਵਾਬ ਦੇ ਪੁੱਤ੍ਰ ਤੋਂ ੨੫ ਹਜ਼ਾਰ ਲੈ ਕਰ ਉਸ ਨੂੰ ਗੱਦੀ ਉੱਤੇ ਬਿਠਾਯਾ
ਅਤੇ ਆਂਵਦੇ ਹੋਏ ਬੰਨੂੰ ਨੂੰ ਭੀ ਫਤੇ ਕਰਦੇ ਆਏ। —— ਏਸੇ ਸਾਲ ਜਰਨੈਲ
ਵੈਂਤੂਰੇ ਸਾਹਿਬ ਦਾ ਵਿਆਹ ਲੁਦੇਹਾਣੇ ਇੱਕ ਮੇਮ ਨਾਲ ਬੜੀ ਧੂਮ ਧਾਮ ਦਾ ਹੋਯਾ। ਵੈਂਤੂਰੇ ਦਾ ਵਿਆਹ
ਦਸ ਹਜ਼ਾਰ ਤੰਬੋਲ ਮਹਾਰਾਜੇ ਨੇ ਤੇ ੨੦ ਹਜ਼ਾਰ ਰੁਪਯਾ ਤੰਬੋਲ ਫੌਜ ਨੇ ਦਿੱਤਾ।

ਏਸੇ ਸਮੇਂ ਦੀਵਾਨ ਗੰਗਾ ਰਾਮ ਦੇ ਮਰੇ ਬਾਦ ਸਰਕਾਰੀ ਮੁਹਿਰ ਦੀਨਾ ਨਾਥ ਨੂੰ ਮਿਲੀ। ਤੁਰਦੇ
ਹੀ ਗੰਡਗੜ੍ਹ ਦੇ ਨਵਾਬ ਦੇ ਚੁੱਕਣੇ ਕਰ ਉਥੋਂ ਦੇ ਜ਼ਿਮੀਦਾਰਾਂ ਨੇ ਬੜਾ ਗਦਰ ਪਾਯਾ, ਉਥੋਂ
ਦੇ ਹਾਕਮ ਅੱਬਾਸ ਖਾਂ ਖਟਕ ਨੂੰ ਕੈਦ ਕਰ ਲੀਤਾ, ਮਹਾਰਾਜ ਦੇ ਸਰਦਾਰ ਮਾਰ ਸਿੱਟੇ। ਤਦ ਗੰਡਗੜ੍ਹ ਦਾ ਫਸਾਦ
ਮਹਾਰਾਜੇ ਨੇ ਸ: ਹਰੀ ਸਿੰਘ ਨਲੂਏ ਨੂੰ ਚੜ੍ਹਾਯਾ। ਗੰਡਗੜ੍ਹ ਪਾਸ ਮੁਲਖੱਯਾ ਬਹੁਤ
ਲੜਿਆ। ਛੇਕੜ ਸਰਦਾਰ ਨੇ ਹੱਲਾ ਕਰਾ ਕੇ ਫਤੇ ਪਾਈ, ਬਹੁਤ ਮਾਰੇ, ਬਾਕੀ ਬੰਨ੍ਹ ਲਏ,
ਅੱਬਾਸ ਖਾਂ ਖਟਕ ਨੂੰ ਛੁਡਾ ਦਿੱਤਾ। ਏਥੋਂ ਅੱਗੇ ਸਰਦਾਰ ਬਹਾਦਰ ਨੇ ਸਿਰੀਕੋਟ ਦੇ ਕਿਲੇ
ਨੂੰ ਜਾ ਘੇਰਿਆ, ਉਥੇ ਪਠਾਣ ਪੰਦ੍ਰਾਂ ਦਿਨ ਤਕ ਲੜੇ ਓੜਕ ਕਿਲਾ ਛੱਡ ਕੇ ਨੱਸ ਗਏ। ਏਨ੍ਹਾਂ
ਕਿਲਿਆਂ ਦੀ ਫਤੇ ਹੋਈ ਤੋਂ ਮਹਾਰਾਜੇ ਨੇ ਬੜੀ ਖੁਸ਼ੀ ਮਨਾਈ। —— ਸਰਦਾਰ ਹਰੀ ਸਿੰਘ ਨੂੰ
ਹੁਕਮ ਭੇਜਿਆ ਕਿ ਯਾਰ ਮੁਹੰਮਦ ਖਾਂ ਤੋਂ ਕਰ ਲੈਕੇ ਆਵੋ। ਜਦ ਸਰਦਾਰ ਉਧਰ ਤੁਰਿਆ ਤੇ
ਏਧਰੋਂ ਸ਼ਾਹਜ਼ਾਦਾ ਸ਼ੇਰ ਸਿੰਘ ਭੀ ਫੌਜ ਲੈ ਕੇ ਅਟਕ ਪਰ ਪਹੁੰਚਾ ਤਾਂ ਯਾਰ ਮੁਹੰਮਦ ਖਾਂ ਪਸ਼ੌਰ ਤੇ ਕਰ
ਪਸ਼ੌਰ ਦੇ ਸੂਬੇ ਨੇ ਇੱਕ ਲੱਖ ਦੀ ਹੁੰਡੀ ਲਾਹੌਰ ਭੇਜ ਦਿੱਤੀ।

ਏਸੇ ਸਾਲ ਸ਼ਰੀਫ ਮੁਹੰਮਦ ਖਾਂ ਬਹਾਵਲਪੁਰੀਏ ਨਵਾਬ ਦੇ ਮਰੇ ਬਾਦ ਉਸ ਦੇ ਵਾਰਸ ਤੋਂ
੨੫ ਹਜ਼ਾਰ ਰੁਪਯਾ ਲੈਕੇ ਗੱਦੀ ਦਿੱਤੀ। ਅਤੇ ਹਾਫਜ਼ ਅਹਮਦ ਖਾਂ ਡੇਰੇ ਇਸਮਾਈਲ ਖਾਂ
ਦੇ ਮਰੇ ਬਾਦ ਉਸ ਦੇ ਵਾਰਸ ਤੋਂ ੧੦ ਹਜ਼ਾਰ ਲੀਤਾ, ਅਤੇ ਮੰਡੀ ਵਾਲੇ ਰਾਜੇ ਜ਼ਾਲਮ ਸੈਨ ਦੇ

Digitized by Panjab Digital Library | www.panjabdigilib.org

੪੧੦ ਮਰੇ ਬਾਦ ਉਸਦੇ ਬੇਟੇ ਸੁਚੇਤਸੈਨ ਤੋਂ ੫੦ ਹਜ਼ਾਰ ਲੈਕੇ ਗੱਦੀ ਪਰ ਬੈਠਾਯਾ।
ਏਸੇ ਸਾਲ ਮਹਾਰਾਜਾ ਬੀਮਾਰ ਹੋਗਏ, ਹਕੀਮ ਅਜ਼ੀਜ਼ਦੀਨ ਤੇ ਅਨਾਯਤਸ਼ਾਹ ਦਾ ਇਲਾ-
ਮਹਾਰਾਜ ਦੀ ਬੀਮਾਰੀ ਜ ਹੁੰਦਾ ਰਿਹਾ। ਲੁਦੇਹਾਣੇ ਤੋਂ ਡਾਕਟਰ ਭੀ ਬੁਲਾਏ ਗਏ ਸੇ ਪਰ ਉਨਾਂ ਦੀ ਦਵਾਈ ਮਹਾਰਾ-
ਜੇ ਨੇ ਖਾਧੀ ਨਹੀਂ ਸੀ। ਥੋੜੇ ਦਿਨਾਂ ਬਾਦ ਇਸ਼ਨਾਨ ਕਰਕੇ ਬਹੁਤ ਪੁੰਨਦਾਨ ਕੀਤਾ, ਪਾਠ, ਪ੍ਰ-
ਯੋਗ ਭੀ ਬਹੁਤ ਹੋਏ। —— ਚੇਤ ਸੰ:੧੮੮੪ ਬਿ: ਨੂੰ ਅਹਮਦ
ਨਾਮੀ ਇੱਕ ਸੱਯਦ ਵੱਡਾ ਭਾਰੀ ਜ਼ਿੱਦੀ ਬਾਦੀ ਪੜ੍ਹਿਆ ਹੋਯਾ ਹਿੰਦੁਸਤਾਨ ਵਿਚੋਂ ਪਸ਼ੌਰ
ਵਲ ਗਿਆ ਤੇ ਉਸਨੇ ਯੂਸਫਜ਼ਈ ਆਦਿਕ ਕੌਮਾਂ ਦੇ ਪਠਾਣਾਂ ਨੂੰ ਚੁੱਕ ਕੇ ਹੈਦਰੀ ਝੰਡਾ ਖ-
ਪਿਸ਼ਾਵਰ ਦਖਲ ਕਰਾਈ ੜਾ ਕਰ ਦਿੱਤਾ ਅਰਥਾਤ ਦੀਨ ਮਜ਼੍ਹਬ ਦਾ ਜੰਗ ਠਾਣ ਦਿੱਤਾ। ਮਹਾਰਾਜੇ ਨੇ ਉਨ੍ਹਾਂ ਫਸਾਦੀ-
ਆਂ ਦੇ ਸਿਰ ਤੋੜਨ ਵਾਸਤੇ ਸ੍ਰਦਾਰ ਬੁਧਸਿੰਘ, ਤੇ ਅਤਰਸਿੰਘ ਸੰਧਾਂਵਾਲੀਆ ਚਾਰ ਪ-
ਲਟਨਾਂ ਦੋ ਤੋਪਖਾਨੇ ਦੇਕੇ ਭੇਜੇ। — ਖਬਰ ਮਿਲੀ ਕੇ ਯਾਰਮੁਹੰਮਦਖਾਂ ਦੇ ਪਾਸ ਇੱਕ
ਲੇਲੀ ਨਾਮ ਘੋੜੀ ਹੈ ਜੋ ਪੌਣ ਨੂੰ ਭੀ ਜਿੱਤਣ ਵਾਲੀ ਹੈ ਅਤੇ ਗੁਣਾਂ ਦੀ ਗੁਥਲੀ ਹੈ। ਉਸਦੇ
ਲੈਣ ਵਾਸਤੇ ਬੜੇ ੨ ਬਾਦਸ਼ਾਹ ਜਤਨ ਕਰ ਰਹੇ ਹਨ, ਤੇ ਫਤੇਅਲੀਸ਼ਾਹ ਫਰਾਂਸ ਦਾ ਬਾਦਸ਼ਾ-
ਹ ਤਾਂ ੫੦ ਹਜ਼ਾਰ ਨਕਦ ਤੇ ੧੦ ਹਜ਼ਾਰ ਦੀ ਜਾਗੀਰ ਹਮੇਸ਼ ਵਾਸਤੇ ਦੇਂਦਾ ਹੈ ਪਰ ਉਹ ਘੋੜੀ
ਨਹੀਂ ਮਿਲਦੀ। ਅੱਤੇ ਇੱਕ ਅਜੇਹੀ ਹੀ ਅਮੋਲਕ ਘੋੜੀ ਸ਼ੀਰੀਂ ਨਾਮ ਕਰਕੇ ਮੁਲਤਾਨ
ਦੇ ਸੂਬੇ ਮੁਹੰਮਦਖਾਂ ਦੇ ਭਾਈ ਸ਼ੇਰਮੁਹੰਮਦਖਾਂ ਪਾਸ ਹੈ। ਮਹਾਰਾਜ ਤਾਂ ਲੇਲੀ ਤੇ ਸ਼ੀਰੀ
ਦਾ ਹਾਲ ਸੁਣਕੇ ਮਜਨੂੰ ਤੇ ਫਰਿਹਾਦ ਬਣ ਗਏ। ਸ੍ਰਦਾਰ ਬੁੱਧਸਿੰਘ ਨੂੰ ਏਨਾਂ ਘੋੜੀ-
ਆਂ ਵਾਸਤੇ ਖਰੀ ਤੱਦੀ ਲਿਖ ਭੇਜੀ। ਤੇ ਸ਼ਾਹਜ਼ਾਦੇ ਸ਼ੇਰਸਿੰਘ, ਰਾਜੇ ਗੁਲਾਬਸਿੰਘ, ਸੁਰੇ-
ਤਸਿੰਘ, ਤੇ ਜਰਨੈਲ ਵੰਤੂਰਾ ਸਾਹਿਬ ਨੂੰ ਫੌਜ ਦੇਕੇ ਤੋਰਿਆ ਤੇ ਆਖਿਆ, ਜਿਸ ਤਰਾਂ ਹੋਵੇ
ਘੋੜੀਆਂ ਲੈਕੇ ਆਉਣਾ। — ਏਹ ਖਬਰ ਸੁਣਦੇ ਸਾਰ ਯਾਰਮੁਹੰਮਦਖਾਂ ਤਾਂ ਲੇਲੀ
ਘੋੜੀ ਸਮੇਤ ਪਸ਼ੌਰ ਛੱਡਕੇ ਸੱਯਦ ਅਹਿਮਦ ਜਹਾਦੀ ਨੂੰ ਜਾ ਮਿਲਿਆ। ਅਤੇ ਮਹਾ-
ਰਾਜੇ ਦੇ ਇਲਾਕੇ ਵਿੱਚ ਲੁੱਟ ਮਾਰ ਮਚਾ ਦਿਤੀ, ਕਾਰਦਾਰ ਵੱਢ ਸਿੱਟੇ, ਕਿਲੇ ਹੈਦਰ ਵਿੱਚ
੧੫ ਦਿਨ ਸ੍ਰਕਾਰੀ ਫੌਜ ਘੇਰੀ ਰਹੀ। ਜਦ ਸੰਧਾਂਵਾਲੀਏ ਅਟਕੋਂ ਪਾਰ ਅਕੋੜੇ ਪਹੁੰਚੇ
ਤਾਂ ਬੇਗਿਣਤ ਹਰੀਆਂ ੨ ਝੰਡੀਆਂ ਨਜ਼ਰ ਆਈਆਂ, ਏਹ ਵੇਖਦੀ ਰਹੇ ਸਨ ਕੇ ਅਲੀ ੨
ਕਰਕੇ ਚੌਹਾਂ ਤਰਫਾਂ ਤੋਂ ਮੁਸਲਮਾਨ, ਏਨਾਂ ਉੱਪਰ ਟੁੱਟ ਪਏ। ਸਿੰਘਾਂ ਨੇ ਬੀ ਖਬਰਦਾਰ ਹੋ-
ਕੇ ਸੈਂਕੜਿਆਂ ਨੂੰ ਤਲਵਾਰ ਪਾਣੀ ਚਖਾਯਾ, ਪਰ ਉਹ ਟਿੱਡੀ ਦਲ ਮੁੱਕਣ ਵਿੱਚ ਨਾ ਆਵੇ

ਓੜਕ ਹੱਲਾ ਕਰਕੇ ਇੱਕੇ ਵਾਰੀ ਜਾ ਪਏ ਤੇ ੪੦੦ ਚਾਰਸੌ ਊਠ ਰਸਤ ਦਾ ਲੱਦਿਆ ਹੋਇਆ ਲੈ ੫੧੧
ਕੇ ਕਿਲੇ ਅੰਦਰ ਵਿੱਚ ਜਾ ਵੜੇ। ਅੱਗੇ ਸਿੰਘ ਕਈਆਂ ਦਿਨਾਂ ਦੇ ਭੁੱਖੇ ਸੇ, ਲੰਗਰ ਛਕ
ਕੇ ਗਦ ਗਦ ਹੋ ਗਏ। ਭਾਵੇਂ ਸ਼ਾਹਜ਼ਾਦੇ ਸ਼ੇਰਸਿੰਘ ਵਾਲੀ ਫੌਜ ਬੀ ਨੇੜੇ ਜਾ ਪਹੁੰਚੀ ਸੀ
ਪਰ ਇਸਦੀ ਖਬਰ ਕਿਲੇ ਵਾਲਿਆਂ ਨੂੰ ਨਾ ਹੋਈ। ਸਰਦਾਰ ਬੁੱਧਸਿੰਘ ਬਹਾਦਰ ਨੇ
ਆਪਣੇ ਸਰਦਾਰਾਂ ਤੇ ਸਿਪਾਹੀਆਂ ਨੂੰ ਵੰਗਾਰ ਕੇ ਆਖਿਆ, ਖਾਲਸਾ ਜੀ ਕਿਲੇ ਅੰਦਰ
ਛਪ ਰਹਿਣਾ ਤੇ ਭੁੱਖੇ ਮਰਨਾ, ਅਤੇ ਨਾਤਾਕਤ ਹੋਕੇ ਤੁਰਕਾਂ ਦੇ ਹੱਥੋਂ ਭੇਡਾਂ ਬੱਕਰੀਆਂ ਵਾਂਗ
ਗਲ ਕਟਾਉਣੇ ਸਿੰਘਾਂ ਦਾ ਧਰਮ ਨਹੀਂ ਸਿੰਘਾਂ ਦਾ ਧਰਮ ਲੜਕੇ ਮਰਜਾਣਾ ਹੈ ਤੁਸੀਂ
ਆਪਣੇ ਨਾਮ ਨੂੰ ਵੱਟਾ ਨਾ ਲਾਓ, ਨਾਮ ਦੀ ਲਾਜ ਪਾਲੋ ਤੇ ਸੂਰਮਤਾਈ ਦਿਖਾਓ ਤੇ ਕਿਲੇ
ਤੋਂ ਬਾਹਰ ਹੋਕੇ ਲੜ ਮਰੋ, ਜਿਸ ਤੋਂ ਸ਼ਹੀਦੀ ਦਰਜਾ ਤੇ ਜਸ ਪ੍ਰਾਪਤ ਹੋਵੇ। ਇਹ ਜੋਸ਼ ਦੀ
ਆਂ ਗੱਲਾਂ ਸੁਣਕੇ ਸਿੰਘਾਂ ਨੇ ਝਟ ਪਟ ਤਲਵਾਰਾਂ ਖਿੱਚ, ਕਿਲੇ ਤੋਂ ਬਾਹਰ ਹੋ, ਹੱਲਾ ਕ
ਰ ਦਿੱਤਾ। ਬਿਜਲੀਆਂ ਵਾਂਗਰ ਸ਼ਮਸ਼ੇਰਾਂ ਚਮਕਾਕੇ ਉਹ ਕਾਟਾ ਕੀਤਾ ਜੋ ਜਹਾਦੀ
ਟੋਟੇ ੨ ਹੋਕੇ ਡਿੱਗ ਪਏ ਇਕ ਝਮਕਾਰੇ ਵਿੱਚ ਲੋਥਾਂ ਦੇ ਢੇਰ ਲਾ ਦਿੱਤੇ। ਯਾਰ ਮੁਹੰਮ
ਦਖਾਂ ਤੇ ਸੱਯਦ ਅਹਿਮਦ ਨੱਸ ਕੇ ਪਹਾੜਾਂ ਵਿੱਚ ਜਾ ਵੜੇ, ਬਾਕੀ ਸਭ ਤਿੱਤਰ ਬਿੱਤਰ ਹੋ ਗਏ
ਸਰਦਾਰ ਬੁੱਧਸਿੰਘ ਨੇ ਪਸ਼ਾਵਰ ਵਿੱਚ ਝੰਡਾ ਜਾ ਝੁਲਾਇਆ। ਤੀਜੇ ਦਿਨ ਸ਼ਾਹਜ਼ਾਦਾ ਸ਼ੇਰ
ਸਿੰਘ ਭੀ ਆਪਣੇ ਲਸ਼ਕਰ ਸਮੇਤ ਪਸ਼ਾਵਰ ਜਾ ਪਹੁੰਚਿਆ। ਫੇਰ ਤਾਂ ਉਥੇ ੮ ਮਹੀਨੇ ਡੇ
ਰਾ ਰੱਖ ਕੇ ਇਰਦ ਗਿਰਦ ਦੇ ਸਭ ਨਾਮੀ ੨ ਮੁਸਲਮਾਨ ਮਾਰੇ ਬੰਨ੍ਹੇ, ਖੂਬ ਬਦਲੇ ਲਏ
ਓੜਕ ਸੁਲਤਾਨ ਮੁਹੰਮਦ ਖਾਂ ਨੇ ਆਪਣੀ ਅਕਲ ਨਾਲ, ਆਪਣੇ ਭਾਈ ਪਾਸੋਂ ਸ਼ੀਰੀਂ ਨਾ
ਮ ਘੋੜੀ ਦਿਵਾ ਕੇ ਸ਼ਾਹਜ਼ਾਦੇ ਨੂੰ ਖੁਸ਼ ਕਰ ਲਿਆ। ਸ਼ਾਹਜ਼ਾਦੇ ਨੇ ਸੁਲਤਾਨ ਮੁਹੰਮਦ
ਖਾਂ ਤੋਂ ਤਿੰਨ ਲੱਖ ਰੁਪਯਾ ਸਾਲਾਨਾ ਲੈਣਾ ਕਰਕੇ ਪਸ਼ਾਵਰ ਦਾ ਮੁਲਕ ਉਸਦੇ ਸਪੁ
ਰਦ ਕਰ ਦਿੱਤਾ। ਯਾਰ ਮੁਹੰਮਦ ਖਾਂ ਦੀ ਲੈਲੀ ਘੋੜੀ ਤਾਂ ਹੱਥ ਨਾਂ ਆਈ ਪਰ ਉਸਦੇ ਹੋਰ
ਅਨੇਕ ਕੋਤਲ ਘੋੜੇ, ਘੋੜੀਆਂ, ਇੱਕ ਪੁਤ੍ਰ, ਦੋ ਭਤੀਜੇ ਬੰਨ੍ਹ ਕੇ ਲਾਹੌਰ ਲੈ ਆਂਦੇ।

ਸ਼ੀਰੀ ਨੂੰ ਦੇਖਕੇ ਮਹਾਰਾਜ ਬਹੁਤ ਖੁਸ਼ ਹੋਏ ਤੇ ਸ਼ੇਰ ਮੁਹੰਮਦ ਖਾਂ ਨੂੰ ਦਸ ਹਜ਼ਾਰ ਦੀ ਜਾ
ਗੀਰ ਬਖਸ਼ੀ ਅਤੇ ਬੁੱਧਸਿੰਘ ਨੂੰ ਸਭਨਾਂ ਸਾਥੀ ਸਰਦਾਰਾਂ ਸਮੇਤ ਜਥਾਜੋਗ ਇਨਾ
ਮ ਬਖਸ਼ਿਆ। —— ਇਸੇ ਸਮੇ ਮਹਾਰਾਜੇ ਨੇ ਗਵਰਨਰ ਜਨਰਲ ਸਾਹਿ
ਬ ਬਹਾਦਰ ਦੇ ਪਾਸ, ਬਾਦਸ਼ਾਹ ਲੰਦਨ ਦੇ ਵਾਸਤੇ ਚੰਗੇ ੨ ਤੋਹਫੇ ਜਿਨ੍ਹਾਂ ਵਿੱਚ ਪਸ਼ਮੀਨੇ ਦ

ਲਾਟਸਾਹਬ ਨੂੰ ਤੋਹਫੇ ਭੇਜਣੇ

Digitized by Panjab Digital Library | www.panjabdigilib.org

੫੧੨ ਤੰਬੂ, ਕਨਾਤ, ਸਾਏਬਾਨ, ਕਾਰਚੋਬੀ ਸੁਨੈਹਰੀ ਚੋਬਾਂ ਕਲੀਚੇ ਬਿਛਾਈ ਸਮੇਤ ਅਦਭੁਤ ਸਨ, ਦੀਵਾਨ ਮੋਤੀਰਾਮ ਤੇ ਫਕੀਰ ਅਜ਼ੀਜ਼ੁਦੀਨ ਨੂੰ ਦੇਕੇ ਸ਼ਿਮਲੇ ਭੇਜੇ। ਜੋ ਲਾਟ ਸਾਹਿਬ ਬਹਾਦਰ ਨੇ ਬੜੀ ਖੁਸ਼ੀ ਨਾਲ ਦਰਬਾਰ ਮੁਕਰਰ ਕਰਕੇ ਲੀਤੇ ਅਤੇ ਮਹਾਰਾਜੇ ਦਾ ਧੰਨਵਾਦ ਕਰਕੇ ਆਖਿਆ ਜੋ ਏਹ ਤੋਹਫੇ ਜ਼ਰੂਰ ਬਾਦਸ਼ਾਹ ਪਾਸ ਪਹੁੰਚ ਜਾਣਗੇ।

ਸ੍ਰਦਾਰ ਹਰੀਸਿੰ: ਦਾ ਕਲਕਤੇ ਜਾਣਾ

ਅਠਕੌਂਸਲੀ ਕਲਕੱਤੇ ਤੋਂ ਮਹਾਰਾਜੇ ਪਾਸ ਦਰਖਾਸਤ ਆਈ ਕੇ ਅਸੀਂ ਸ੍ਰਦਾਰ ਹਰੀਸਿੰਘ ਨਲੂਏ ਨੂੰ ਦੇਖਣਾ ਚਾਹੁੰਦੇ ਹਾਂ ਮਹਾਰਾਜੇ ਨੇ ਬੜੀ ਖੁਸ਼ੀ ਨਾਲ ਸ੍ਰਦਾਰ ਹਰੀਸਿੰਘ ਨੂੰ ਗੁੱਜਰਸਿੰਘ ਜੇਹੇ ਸੋਣੇ ੨ ਕਈ ਹੋਰ ਸ੍ਰਦਾਰ ਨਾਲ ਦੇਕੇ ਕਲਕੱਤੇ ਭੇਜ ਦਿੱਤਾ। ਏਨਾਂ ਦੇ ਕਲਕੱਤੇ ਜਾਣੇ ਕਰ ਬੜੀ ਧੂਮ ਧਾਮ ਹੋਈ ਜਿਤਨੇ ਦਿਨ ਓਥੇ ਰਹੇ ਕਲਕਤੇ ਵਿੱਚ ਗਊ ਬਧ ਨਾ ਹੋਯਾ। ਫੇਰ ਮਹਾਰਾਜੇ ਦੀ ਤਰਫੋਂ ਵਕੀਲ ਬਣਕੇ ਗੁੱਜਰਸਿੰਘ ਓਥੇ ਹੀ ਰਿਹਾ।

ਅੰਗ੍ਰੇਜ਼ੀ ਵਕੀਲ ਆਯਾ

ਸ੍ਰਦਾਰ ਹਰੀਸਿੰਘ ਜਦ ਕਲਕੱਤੇ ਤੋਂ ਮੁੜਕੇ ਆ ਗਿਆ ਤਾਂ ਓਦੂੰ ਥੋੜੇ ਦਿਨ ਪਿੱਛੋਂ ਵੈਸਰਾਇ ਹਿੰਦ ਦੀ ਤਰਫੋਂ ਬੜੇ ੨ ਅਮੋਲਕ ਤੋਹਫੇ ਲੈਕੇ ਕਪਤਾਨ ਵੇਡਸਾਹਿਬ ਮਹਾਰਾਜੇ ਪਾਸ ਆਯਾ। ਮਹਾਰਾਜੇ ਨੇ ਅੰਮ੍ਰਿਤਸਰ ਵੱਡੀ ਖੁਸ਼ੀ ਦਾ ਦਰਬਾਰ ਕਰਕੇ ਓਹ ਤੋਹਫੇ ਲਏ, ਅਤੇ ਸ੍ਰਕਾਰ ਅੰਗ੍ਰੇਜ਼ੀ ਦਾ ਮੋਨੇ ਤਨੇ ਧੰਨਵਾਦ ਕੀਤਾ। ਦੂਸਰੇ ਦਿਨ ਮਹਾਰਾਜ ਨੇ ਰਾਮਬਾਗ ਦੇ ਬੂਹੇ ਅੱਗੇ ਬੈਠਾਕੇ ਆਪਣੀ ਸਾਰੀ ਫੌਜ ਦਿਖਾਈ ਫੌਜ ਸਾਰਾ ਦਿਨ ਲੰਘਦੀ ਰਹੀ ਪਰ ਤਾਂ ਭੀ ਮੁੱਕਣ ਵਿੱਚ ਨਾਂ ਆਈ। ਵਕੀਲ ਦੇਖਕੇ ਹੱਕਾ ਬੱਕਾ ਰਹ ਗਿਆ ਕ੍ਯੋਂਕੇ ਇੱਕ ਤਾਂ ਸੋਨਾ ਹੀ ਸੋਨਾ ਨਜ਼ਰ ਆਯਾ, ਦੂਜੇ ਏਹ ਜਾਣਿਆ ਜੇ ਜਿਸਦੀ ਏਥੇ ਹੀ ਐਤਨੀ ਫੌਜ ਹੈ, ਬਾਕੀ ਹੋਰ ਨਾਂ ਸ਼ਹਿਰਾਂ ਤੇ ਲਾਹੌਰ ਵਿੱਚ ਖਬਰੇ ਕਿਤਨੀ ਕੁ ਹੋਵੇਗੀ। ਮਹਾਰਾਜੇ ਨੇ ਪੰਜ ਹਜ਼ਾਰ ਰੁਪਯਾ ਨਕਦ, ਪੰਜ ਸੌ ਬੂਧਕੀ ਦੋ ਸੌ ਕਿਸ਼ਤੀ ਮੇਵੇ ਮਿਠਾਈ ਦੀ ਦੇਕੇ ਵਕੀਲ ਨੂੰ ਰੁਖਸਤ ਕੀਤਾ। ਵਕੀਲ ਨੇ ਜਦ ਵਲਾਇਤ ਜਾਕੇ ਮਹਾਰਾਜੇ ਦਾ ਹਾਲ ਚਾਲ ਸੁਣਾਯਾ ਤਾਂ ਸਭ ਨੇ ਅਚੰਭਾ ਮੰਨਿਆ। ——

ਜੰਮੂਵਾਲਿਆਂ ਦੀ ਤਰੱਕੀ

ਏਸੇ ਸਮੇ ਲਾਹੌਰ ਦੇ ਸਾਰੇ ਦਰਬਾਰੀਆਂ ਵਿੱਚੋਂ ਡੋਗਰਿਆਂ ਉੱਤੇ ਬਹੁਤ ਮਿਹਰਬਾਨੀ ਹੋਈ ਪਹਿਲੇ ਤਾਂ ਗੁਲਾਬਸਿੰਘ ਤੇ ਧਯਾਨਸਿੰਘ ਦੋਵੇਂ ਭਾਈ ਜਮਾਦਾਰ ਖੁਸ਼ਾਲਸਿੰਘ ਦੀ ਫੌਜ ਵਿੱਚ ਘੋੜ ਚੜ੍ਹੇ ਹੋਏ ਸੇ, ਫੇਰ ਮਹਾਰਾਜੇ ਦੇ ਅਰਦਲੀ ਬਣੇ, ਹੁਣ ਮਹਾਰਾਜੇ ਨੇ ਏਨ੍ਹਾਂ ਨੂੰ ਬਣਦੇ ਤਣਦੇ ਦੇਖਕੇ ਧਯਾਨਸਿੰਘ ਨੂੰ ਤਾਂ ਡੇਉੜ੍ਹੀ ਦੇ ਦਿੱਤੀ ਤੇ ਗੁਲਾਬਸਿੰਘ ਨੂੰ ਜੰਮੂ ਦਾ ਇਲਾਕਾ ਜਾਗੀਰ ਵਿੱਚ ਦਿੱਤਾ ਅਤੇ ਸੁਚੇਤਸਿੰਘ ਨੂੰ ਫੌਜ ਦਾ ਅਫਸਰ ਕਰ ਦਿੱਤਾ, ਫੇਰ ਥੋੜੇ ਦਿਨਾਂ ਪਿੱਛੋਂ ਹੀ ਏਨ੍ਹਾਂ ਤਿੰਨਾਂ ਭਾਈਆਂ ਨੂੰ ਰਾਜੇ-

Digitized by Panjab Digital Library | www.panjabdigilib.org

ਰਣਜੀਤਦੇਓ ਦੇ ਖਾਨਦਾਨ ਵਿੱਚੋਂ ਸਮਝਕੇ ਰਾਜਾ ਪਦ ਬਖਸ਼ਿਆ। ਉਪਰੰਤ ਧਿਆਨਸਿੰਘ ਨੂੰ ੪੧੩
ਵਡੇ ਵਜ਼ੀਰ (ਵਜ਼ੀਰਆਜ਼ਮ) ਦਾ ਹੁੱਦਾ ਦੇਕੇ ਕੁੱਲ ਇਖਤਿਆਰਾਤ ਦੇ ਦਿੱਤੇ ਅਤੇ ਉਸਦੇ ਪੁੱਤ੍ਰ
ਹੀਰਾਸਿੰਘ ਨੂੰ ਜੋ ਅਜੇ ੧੨ ਬਰਸ ਦਾ ਹੀ ਸੀ ਬਚਾ ਹੀ ਆਖਣ ਲਗ ਪਏ, ਅਤੇ ਉਸ ਨੂੰ ਦਰਬਾਰ
ਵਿੱਚ ਸੁਇਨੇ ਦੀ ਕੁਰਸੀ ਪਰ ਬਿਠਾਕੇ ਅੱਖੀਆਂ ੨ ਗੱਲਾਂ ਸੁਣ ੨ ਹੱਸਦੇ ਰਹਿੰਦੇ। ਛੇਕੜ ਨੂੰ
ਉਸਦੀ ਮੁਹੱਬਤ ਵਿੱਚ ਆਕੇ ਉਸਨੂੰ ਭੀ ਰਾਜੇ ਦਾ ਖਿਤਾਬ ਦਿੱਤਾ ਅਤੇ ਰਾਜੇ ਅਨਰੁੱਧ ਚੰ
ਦ ਕਟੋਚੀਏ ਨੂੰ ਫੁਰਮਾਇਸ਼ ਕੀਤੀ ਕੇ ਤੂੰ ਆਪਣੀ ਭੈਣ ਦੀ ਸ਼ਾਦੀ ਰਾਜੇ ਹੀਰਾਸਿੰਘ ਨਾ
ਲ ਕਰ ਦੇਹ ਪਰ ਉਸਨੇ ਏਹਨਾਂ ਨੂੰ ਆਪਣੇ ਨਾਲੋਂ ਛੋਟੀ ਜ਼ਾਤ ਵਾਲੇ ਸਮਝਕੇ ਸਾਕ ਨਾਂ
ਦਿੱਤਾ। ਏਸ ਪਰ ਮਹਾਰਾਜਾ ਨਾਰਾਜ਼ ਹੋਗਏ ਤੇ ਕਈ ਤਰਾਂ ਉਸਦੇ ਨੁਕਸਾਨ ਕਰਨ ਲੱਗੇ
ਤਦ ਉਹ ਆਪਣੀ ਭੈਣ ਸਮੇਤ ਸਤਲੁਜੋਂ ਪਾਰ ਚਲਾ ਗਿਆ, ਗਵਰਨਮਿੰਟ ਨੇ ਉਸਦੀ
ਕੁਛ ਸਹਾਇਤਾ ਨਾਂ ਕੀਤੀ ਫੇਰ ਅਨਰੁੱਧ ਚੰਦ ਨਦੌਣ ਵਿੱਚ ਆਕੇ ਗਮ ਨਾਲ ਹੀ ਮਰ
ਗਿਆ। ਏਸਦੇ ਮਰਨੇ ਬਾਦ ਏਸਦੇ ਚਾਚੇ ਫਤੇ ਚੰਦ ਪਾਸ ਕੇਵਲ ੨੦ ਹਜ਼ਾਰ ਦੀ ਜਾਗੀ
ਰ ਛੱਡ ਕੇ ਹੋਰ ਸਬ ਇਲਾਕਾ ਮਹਾਰਾਜੇ ਨੇ ਜ਼ਬਤ ਕਰ ਲਿਆ।

ਸੰਮਤ ੧੮੮੫ ਬਿ: ਭਾਦ੍ਰੋਂ ਦੇ ਮਹੀਨੇ ਲਾਹੌਰ, ਅੰਮ੍ਰਿਤਸਰ ਵਿੱਚ ਵੱਡੀ ਬਵਾ ਪਈ ਜਿਸ
ਵਿਚ ਬੁਧਸਿੰਘ ਸਿੰਧਾਂਵਾਲੀਏ ਜੇਹੇ ਕਈ ਸਰਦਾਰ ਬਹਾਦਰ ਮਰਗਏ ਮਹਾਰਾਜ ਨੇ ਬੜਾ
ਸ਼ੋਕ ਕੀਤਾ ਅੰਮ੍ਰਿਤਸਰ ਵਿੱਚ ਜੱਗ, ਹੋਮ ਕਰਾਏ। ਏਹ ਹੈਜ਼ਾ ੧ ਲੱਖ ੪੮ ਹਜ਼ਾਰ ਨੂੰ ਖਾ
ਕੇ ਗਿਆ। ਹੀਗਜਤੀ ਪੰਨੂ ਪੁਜ ਦੀ ਦਵਾਈ ਨੇ ਹਜ਼ਾਰਾਂ ਨੂੰ ਬਚਾ ਛੱਡਿਆ। ਏਸੇ ਸਾਲ
ਕਸ਼ਮੀਰ ਵਿੱਚ ਐਤਨੇ ਭੁਚਾਲ ਆਏ ਜੋ ਹਜ਼ਾਰਾਂ ਮਕਾਨ ਡਿੱਗੇ ਤੇ ਬਹੁਤ ਆਦਮੀ ਮਰੇ
।। — ਏਸੇ ਸਾਲ ਖਬਰ ਆਈ ਕੇ ਸੱਯਦ ਅਹਮਦ ਜਹਾਦੀ ਨੇ (ਜੋ ਇੱਕਵਾਰੀ ਦੌੜ
ਗਿਆ ਸੀ) ਹੁਣ ਫੇਰ ਜਹਾਦੀ ਤੇ ਗਾਜ਼ੀਆਂ ਦਾ ਲਸ਼ਕਰ ਕੱਠਾ ਕਰਕੇ ਪਸ਼ਾਵਰ ਦੇ
ਇਲਾਕੇ ਵਿੱਚ ਭਾਰੀ ਗਦਰ ਮਚਾਯਾ ਹੈ ਤੇ ਸਰਕਾਰੀ ਕਾਰਦਾਰਾਂ ਨੂੰ ਅਫਰਾ ਦਫੜੀ ਪਾਕੇ
ਕਿਲੇ ਕਾਦੇਖਾਂ ਉੱਤੇ ਕਬਜ਼ਾ ਕਰ ਲਿਆ ਹੈ ਤੇ ਪਸ਼ਾਵਰ ਭੀ ਮੱਲਿਆ ਚਾਹੁੰਦਾ ਹੈ। ਏਹ ਸੁ
ਣਕੇ ਮਹਾਰਾਜੇ ਨੇ ਸ਼ਾਹਜ਼ਾਦੇ ਸ਼ੇਰਸਿੰਘ, ਵੈਂਤੂਰਾ ਸਾਹਿਬ, ਅਲਾਰਡ ਸਾਹਿਬ ਨੂੰ ਲਸ਼
ਕਰ ਦੇਕੇ ਉਧਰ ਭੇਜਿਆ। ਏਨ੍ਹਾਂ ਨੇ ਅਟਕ ਲੰਘਕੇ ਮਾਲੂਮ ਕੀਤਾ ਕੇ ਪਸ਼ਾਵਰ ਅਜੇ ਸੁ
ਲਤਾਨ ਮੁਹੰਮਦ ਖਾਂ ਦੇ ਕਬਜ਼ੇ ਵਿੱਚ ਹੈ। — ਸ਼ਾਹਜ਼ਾਦੇ ਨੇ ਉਸ ਤੋਂ ਨਜ਼ਰਾਨਾ ਮੰਗਾ ਭੇਜਿ
ਆ। ਪਰ ਦੀਵਾਨ ਧਨਪਤਰਾਯ ਜੋ ਪਹਿਲੇ ਫੌਜ ਲੈਕੇ ਨਜ਼ਰਾਨਾ ਲੈਣ ਗਿਆ ਹੋਯਾ ਸੀ ਉਸ

ਹੈਜ਼ਾ ਤੇ ਕਸ਼ਮੀਰ ਦਾ ਭੂਚਾਲ

ਸੱਯਦ ਅਹਮਦ ਦਾ ਗਦਰ

Digitized by Panjab Digital Library | www.panjabdigilib.org

੭੧੪ ਨੇ ਸ਼ਾਹਜ਼ਾਦੇ ਦੀ ਚਿੱਠੀ ਪਹੁੰਚਣ ਤੋਂ ਪਹਿਲੇ ਹੀ ਪਸ਼ਾਵਰ ਉਪਰ ਕਬਜ਼ਾ ਕਰ ਲਿਆ ਸੀ
ਇਸ ਲਈ ਸੁਲਤਾਨ ਮੁਹੰਮਦ ਖਾਂ ਨੇ ਜਵਾਬ ਦਿੱਤਾ ਕੇ ਜਦ ਤੁਹਾਡੇ ਦੀਵਾਨ ਨੇ ਮੈਥੋਂ ਪਸ਼ਾ-
ਵਰ ਹੀ ਖੋਹ ਲਿਆ ਹੈ ਤਾਂ ਮੈਂ ਨਜ਼ਰਾਨਾਂ ਕਿੱਥੋਂ ਦੇਵਾਂ। ਸ਼ਾਹਜ਼ਾਦੇ ਨੇ ਦੀਵਾਨ ਦੀ ਇਸ ਚਾ-
ਲਾਕੀ ਉੱਪਰ ਗੁੱਸੇ ਹੋਕੇ ਉਸਨੂੰ ਫੜ ਮੰਗਾਯਾ ਤੇ ਕੋਰੜੇ ਮਰਵਾ ਕੇ, ਕੈਦ ਕਰਕੇ ਲਾਹੌਰ
ਭੇਜ ਦਿੱਤਾ। ਅਤੇ ਉਸਦਾ ਮਾਲ ਮੁਲਕ ਸਭ ਜ਼ਬਤ ਕਰ ਲਿਆ।

ਫੇਰ ਸ਼ਾਹਜ਼ਾਦੇ ਨੇ ਵੈਂਤੂਰੇ ਸਾਹਿਬ ਨੂੰ ਫੌਜ ਸਮੇਤ ਭੇਜ ਕੇ ਨਜ਼ਰਾਨਾਂ ਭੀ ਵਸੂਲ ਕਰ ਲਿ-
ਆ ਤੇ ਨਾਲੇ ਯਾਰ ਮੁਹੰਮਦ ਖਾਂ ਦੇ ਕੋਲਮੇ ਨੂੰ ਬੀਨ ਕੇ ਐਸਾ ਤੰਗ ਕੀਤਾ ਜੋ ਉਸਨੇ ਤਿੰਨ ਮ-
ਹੀਨੇ ਦੇ ਅੰਦਰ ਲੈਲੀ ਘੋੜੀ ਦੇ ਦੇਣ ਦਾ ਇਕਰਾਰ ਕਰਕੇ ਕੋਲਮਾ ਛੁੜਾਯਾ।

ਜਦ ਇਹ ਨਜ਼ਰਾਂ ਲੈਕੇ ਲਾਹੌਰ ਆਏ ਤਾਂ ਲੈਲੀ ਘੋੜੀ ਦੇ ਮਿਲਣ ਦਾ ਇਕਰਾਰ ਸੁਣਕੇ
ਮਹਾਰਾਜ ਬਹੁਤ ਖੁਸ਼ ਹੋਏ। —— ਮਹਾਰਾਜ ਨੂੰ ਖਬਰ ਮਿਲੀ ਕੇ ਰਾਜੇ ਸੰਸਾਰਚੰ-
ਦ ਦੀ ਦੂਸਰੀ ਰਾਣੀ ਗੱਦਣ ਨਾਮੀ ਦੇ ਦੋ ਧੀਆਂ ਐਸੀਆਂ ਸੁੰਦਰ ਹਨ ਜੋ ਉਨ੍ਹਾਂ ਦੇ ਸਮਾਨ
ਮਹਾਰਾਜੇ ਦਾ ਬਿਆਹ
ਦੂਸਰੀ ਜ਼ਨਾਨੀ ਜਹਾਨ ਪਰ ਨਹੀਂ ਤੇ ਇੱਕ ਸਤਾਰਾਂ [੧੭] ਵਰਿਹਾਂ ਦੀ ਹੈ ਤੇ ਦੂਸਰੀ ਚੌਦਾਂ [੧੪] ਬਰ-
ਸਾਂ ਦੀ ਹੈ। ਮਹਾਰਾਜੇ ਨੇ ਰਾਣੀ ਨੂੰ ਕਹਾ ਭੇਜਿਆ ਕੇ ਇੱਕ ਲੜਕੀ ਦਾ ਸਾਕ ਰਾਜੇ ਧਯਾਨਸਿੰ-
ਘ ਦੇ ਪੁਤ੍ਰ ਹੀਰਾਸਿੰਘ ਨੂੰ ਦੇਹ। ਰਾਣੀ ਨੇ ਜਵਾਬ ਦਿੱਤਾ ਕੇ ਅਜੇਹੇ ਛੋਟੇ ਖਾਨਦਾਨ ਨੂੰ ਮੈਂ
ਆਪਣੀ ਬੇਟੀ ਨਹੀਂ ਦੇਂਦੀ ਹਾਂ ਜੇਕਰ ਮਹਾਰਾਜ ਆਪਣੇ ਨਾਲ ਸ਼ਾਦੀ ਕਰਨਾ ਚਾਹੁੰਣ
ਤਾਂ ਮੈਂ ਕੋਈ ਉਜ਼ਰ ਨਹੀਂ ਕਰ ਸਕਦੀ, ਪਰ ਉਸ ਵਿੱਚ ਭੀ ਦੋ ਸ਼ਰਤਾਂ ਹਨ, ਇੱਕ ਤਾਂ ਏਹ ਕੇ
ਮਹਾਰਾਜ ਮੇਰੇ ਘਰ ਸੇਹਰੇ ਬੰਨ੍ਹਕੇ ਆਉਣ ਤੇ ਸਾਡੀ ਕੌਮ ਦੇ ਰਿਵਾਜ ਅਨੁਸਾਰ ਬਿਆਹ
ਕਰਨਾ। ਦੂਸਰਾ ਮੇਰੇ ਪੁੱਤ੍ਰ ਜੋਧਬੀਰਚੰਦ ਨੂੰ ਇਸਦੇ ਬਾਪ ਸੰਸਾਰਚੰਦ ਦਾ ਇਲਾਕਾ ਤੇ ਰਾ-
ਜਗੀ ਦਾ ਖਿਤਾਬ ਦੇ ਦੇਣਾ। - ਪਹਿਲੇ ਤਾਂ ਮਹਾਰਾਜ ਚੁੱਪ ਕਰ ਰਹੇ ਪਰ ਜਦ ਉਨ੍ਹਾਂ ਦੀ ਤਾਰੀ-
ਫ ਸੁਣੀ ਤਾਂ ਦੋਵੇਂ ਗੱਲਾਂ ਮੰਨ ਗਏ। ਸੇਹਰੇ ਬੰਨ੍ਹਕੇ ਦੋਹਾਂ ਨੂੰ ਬਿਆਹ ਲਿਆਏ ਤੇ ਉਨ੍ਹਾਂ ਦੇ ਭ-
ਈ ਜੋਧਬੀਰਚੰਦ ਨੂੰ ਨਦੌਣ ਦਾ ਇਲਾਕਾ ਦੇਕੇ ਰਾਜਗੀ ਦਾ ਖਿਤਾਬ ਬਖਸ਼ਿਆ।

ਉਧਰ ਯਾਰ ਮੁਹੰਮਦ ਖਾਂ ਨੇ ਜੋ ਲੈਲੀ ਘੋੜੀ ਭੇਜਣ ਦਾ ਤਿੰਨ ਮਹੀਨੇ ਦਾ ਇਕਰਾਰ ਕੀਤਾ
ਸੀ, ਸੋ ਛੇ ਮਹੀਨੇ ਬੀਤ ਗਏ ਪਰ ਉਹ ਘੋੜੀ ਨਾਂ ਆਈ। ਤਦ ਮਹਾਰਾਜੇ ਨੇ ਜੇਠ ਸੰ:੧੮੮੫
ਲੈਲੀ ਘੋੜੀ ਮੰਗਾਣੀ
ਬਿ: ਨੂੰ ਜਰਨੈਲ ਵੈਂਤੂਰੇ ਸਾਹਿਬ ਨੂੰ ੪ ਪਲਟਨਾਂ ਦੇ ਤੋਪਖਾਨੇ ਦੇਕੇ ਭੇਜਿਆ। ਜਦ ਏਹ ਅ-
ਟਕ ਪਾਰ ਹੋਯਾ ਤਾਂ ਅੱਗੇ ਸੱਯਦ ਅਹਮਦ ਖਾਂ ਜਹਾਦੀ ਤੇ ਯਾਰ ਮੁਹੰਮਦ ਖਾਂ ਦੀ ਲੜਾਈ ਹੋ

ਰਹੀ ਸੀ, ਬਲਕੇ ਕਿਲਾ ਉਧਾਨ ਤੇ ਧਧਨ ਜਹਾਦੀਆਂ ਨੇ ਯਾਰਮੁਹੰਮਦਖਾਂ ਤੋਂ ਛੁਡਾ ਕੇ ਉਸਨੂੰ ਬਹੁਤ ਤੰਗ ਕਰ ਰੱਖਿਆ ਸੀ। ਯਾਰਮੁਹੰਮਦਖਾਂ ਨੇ ਵੈਂਤੂਰੇ ਸਾਹਿਬ ਤੋਂ ਮਦਦ ਮੰਗੀ ਤਾਂ ਇਸਨੇ ਆਖਿਆ ਪਹਿਲੇ ਸਾਨੂੰ ਲੈਲੀ ਘੋੜੀ ਦੇਹ ਫੇਰ ਅਸੀਂ ਤੇਰੀ ਮਦਦ ਕਰਾਂਗੇ। ਅਜੇ ਇਸ ਗੱਲ ਦਾ ਉਸਨੇ ਕੁਛ ਜਵਾਬ ਨਹੀਂ ਦਿੱਤਾ ਸੀ ਕੇ ਜਹਾਦੀਆਂ ਨੇ ਉਸ ਪਰ ਹੱਲਾ ਕਰ ਦਿੱਤਾ ਅਤੇ ਯਾਰਮੁਹੰਮਦਖਾਂ ਨੂੰ ਮਾਰਕੇ ਪਸ਼ਾਵਰ ਉੱਪਰ ਆ ਕੁੱਦੇ, ਖਾਲਸੇ ਨੇ ਅੱਗੋਂ ਰੋਕਿਆ, ਉਥੇ ਬੜਾ ਭਾਰੀ ਜੰਗ ਹੋਯਾ, ਦੋਹਾਂ ਪਾਸਿਆਂ ਤੋਂ ਕੁਛ ਕਸਰ ਬਾਕੀ ਨਾਂ ਰਹੀ, ਲੋਥਾਂ ਦੇ ਢੇਰ ਲੱਗ ਗਏ, ਛੇਕੜ ਸਿੰਘਾਂ ਅੱਗੇ ਪਠਾਣ ਪਾਣੀ ਹੋ ਤੁਰੇ। ਸੱਯਦ ਸਾਹਿਬ ਤਾਂ ਬੌਹੋਂ ਕ ਸੌ ਜਹਾਦੀਆਂ ਦੀ ਸ਼ਾਦੀ ਹੂਰਾਂ ਨਾਲ ਕਰਾਕੇ (ਅੱਗ ਲੱਗੀ ਕੁੱਤਾ ਭੂਨੀਏ) ਪਹਾੜੀਂ ਝੀਂਜਾ ਵੜੇ ਅਤੇ ਸਾਹਿਬ ਬਹਾਦਰ ਨੇ ਪਸ਼ਾਵਰ ਵਿੱਚ ਦਾਖਲ ਹੋਕੇ ਯਾਰਮੁਹੰਮਦਖਾਂ ਦਾ ਸਭ ਮਾਲ ਮਤਾ ਲੈਲੀ ਘੋੜੀ ਸਮੇਤ ਸਾਂਭ ਲਿਆ ਅਤੇ ਉਥੋਂ ਦੀ ਸੂਬੇਦਾਰੀ ਯਾਰ ਮੁਹੰਮਦਖਾਂ ਦੇ ਛੋਟੇ ਭਾਈ ਸੁਲਤਾਨਮੁਹੰਮਦਖਾਂ ਨੂੰ ਸੌਂਪ ਕੇ ਲਾਹੌਰ ਆ ਗਏ। ਲੈਲੀ ਘੋੜੀ ਲੈਕੇ ਮਹਾਰਾਜ ਬਹੁਤ ਖੁਸ਼ ਹੋਏ ਤੇ ਵੈਂਤੂਰੇ ਸਾਹਿਬ ਨੂੰ ਇਕ ਅਮੋਲਕ ਖਿਲਤ, ਮੋਤੀਆਂ ਦੀ ਮਾਲਾ, ਬੀਸੋ ੨੦੦੦੦ ਹਜ਼ਾਰ ਦੀ ਜਾਗੀਰ ਬਖਸ਼ੀ।

ਵੈਂਤੂਰੇ ਸਾਹਿਬ ਦੇ ਚਲੇ ਆਵਣ ਦੇ ਪਿੱਛੋਂ ਸੱਯਦ ਅਹਿਮਦ ਨੇ ਪਸ਼ਾਵਰ ਉੱਪਰ ਫੇਰ ਹੱਲਾ ਕਰ ਦਿਤਾ, ਸੁਲਤਾਨਮੁਹੰਮਦਖਾਂ ਨੇ ਪਹਿਲੇ ਤਾਂ ਲੜਾਈ ਕੀਤੀ ਪਰ ਜਦ ਜਾਣਿਆ ਕੇ ਫੌਜ ਥੋੜੀ ਹੈ, ਇਸ ਨਾਲ ਪੂਰਾ ਨਹੀਂ ਪੈਂਦਾ ਤਾਂ ਤਾਬੇਦਾਰੀ ਮੰਨ ਲਈ।

ਹੁਣ ਸੱਯਦ ਸਾਹਿਬ ਨੇ (ਉਸੇ ਖੰਡ ਸੇਹਾ ਸਮਝਕੇ) ਕਸ਼ਮੀਰ ਆਦਿਕ ਮੁਲਕਾਂ ਦੀ ਮੁਸਲਮਾਨ ਰਯਤ ਨੂੰ (ਜੋ ਸਿੰਘਾਂ ਦੀ ਤਾਬੇਦਾਰ ਰਹਿਣਾ ਨਹੀਂ ਚਾਹੁੰਦੀ ਸੀ) ਸੀਖ ਸੀਖਕੇ ਐਸਾ ਉਭਾਰ ਦਿੱਤਾ ਜੋ ਵੈਸਾਖ ਸੰ: ੧੮੮੭ ਬਿ: ਨੂੰ ਇੱਕ ਦੇਸ ਦਾ ਦੇਸ ਕੱਠਾ ਹੋਕੇ, ਸਿੰਘਾਂ ਤੋਂ ਮੁਲਕ ਛੁਡਾਉਣ ਲਈ, ਅਟਕੋਂ ਉਤਰ ਆਯਾ। ਮਹਾਰਾਜੇ ਨੇ ਸੁਣਦੇ ਸਾਰ ਜਰਨੈਲ ਅਲਾਰਡ ਸਾਹਿਬ ਤੇ ਸਰਦਾਰ ਹਰੀਸਿੰਘ ਨਲੂਏ ਨੂੰ ਬਹੁਤ ਸਾਰੀ ਫੌਜ ਦੇਕੇ ਭੇਜਿਆ। ਇਨ੍ਹਾਂ ਨੇ ਜਾਂਦਿਆਂ ਹੀ ਲੜਾਈ ਛਿੜ ਦਿੱਤੀ, ਮੁਲਖੱਯਾ ਤਾਂ ਇੱਕੋ ਲੜਾਈ ਕਰਕੇ ਨੱਠ ਤੁਰਿਆ। ਜੇਹੜੇ ਪਿੰਡਾਂ ਦੇ ਪਿੰਡ ਤੀਮੀ ਆਦਮੀ ਗਾਜ਼ੀ ਤੇ ਜਹਾਦੀ ਹੋਕੇ ਢੋਲ ਬਜਾਏ ੨ ਸ਼ਾਦੀਆਂ ੨ ਝੰਡੀਆਂ ਲੈਕੇ ਆਏ ਸੇ ਸਿੰਘਾਂ ਨੇ ਤੇਗਾਂ ਸੂਤ ੨ ਕੇ ਸਭਨੂੰ ਸਿੱਧੇ ਕਰ ਲਿਆ ਪਰ ਸੱਯਦ ਸਾਹਿਬ (ਸ਼ਾਹਪੇਸ਼ੀਨੇਣ) ਫੇਰ ਭੀ ਸ੍ਵਾਤਾਂ ਵਿੱਚ ਜਾ ਲੁਕਿਆ।

ਸਯਦ ਅਹਮਦ ਦਾ ਪਸ਼ੌਰ ਲੈ ਕੇ ਕਸ਼ਮੀਰ ਦੀ ਆਸ਼ਾ

੪੧੬ ਜਦ ਏਹ ਫੇਰ ਸੁਲਤਾਨ ਮੁਹੰਮਦ ਖਾਂ ਨੂੰ ਪਸ਼ੌਰ ਵਿੱਚ ਕਾਯਮ ਕਰਕੇ ਮੁੜੇ ਤੇ ਅਜੇ ਰਾਵਲਪਿੰਡੀ ਹੀ ਪਹੁੰਚੇ ਸੇ, ਤਾਂ ਉਧਰ ਸੱਯਦ ਅਹਮਦ ਨੇ ਆਪਣਾ ਖ਼ਿਤਾਬ ਖਲੀਫਾ ਮਸ਼ਹੂਰ ਕਰਕੇ, ਮੁਲਖਯੇ ਨੂੰ ਫੇਰ ਇਕੱਠਾ ਕਰਕੇ ਪਸ਼ੌਰ ਆ ਮਾਰਿਆ। ਸੁਲਤਾਨ ਮੁਹੰਮਦ ਖਾਂ ਨੇ ਭੀ (ਏਹ ਸੋਚਕੇ ਜੋ ਇਸੇ ਤਰਾਂ ਲੜੀਦਾ ਰਹੀਦਾ ਸ਼ਾਇਦ ਸਿੰਘਾਂ ਤੋਂ ਮੁਲਕ ਛੁਟ ਜਾਵੇ ਤਾਂ ਪਸ਼ੌਰ ਮੇਰੇ ਹੀ ਪਾਸ ਰਹਜਾਊ) ਤਿੰਨ ਹਜ਼ਾਰ ਰੁਪਯਾ ਮਹੀਨਾ ਸੱਯਦ ਨੂੰ ਕਰ ਦੇਣਾ ਲਿਖ ਦਿੱਤਾ। ਸੱਯਦ ਨੇ ਭੀ ਆਪਣੇ ਨਾਮ ਦਾ ਅਹਮਦਸ਼ਾਹੀ ਸਿੱਕਾ ਚਲਾ ਕੇ ਬਹੁਤ ਥਾਂਈ ਆਪਣੇ ਕਾਰਦਾਰ ਬੈਠਾ ਦਿੱਤੇ। — ਏਹ ਹਾਲ ਸੁਣਕੇ ਤਾਂ ਮਹਾਰਾਜ ਨੂੰ ਗੁੱਸਾ ਚੜ੍ਹਿਆ ਤੇ ਉਸਦਾ ਸੱਤਿਆਨਾਸ ਕਰਣ ਲਈ ਆਪ ਚੜ੍ਹ ਬੈਠੇ। ੨੩ ਕੱਤਕ ਸੰ: ੧੮੮੮ ਬਿ: ਨੂੰ ਜਦ ਅਟਕ ਲੰਘਕੇ ਪਸ਼ੌਰ ਦੇ ਨੇੜੇ ਪਹੁੰਚੇ ਤਾਂ ਉਹ ਫੇਰ (ਖੇਤ ਦੇ ਰਾਖੇ ਆਏ ਤੋਂ ਮਿਰਗਾਂ ਵਾਂਗੂੰ) ਦੌੜਕੇ ਕਿਧਰੇ ਝਾੜੀਂ ਪਹਾੜੀਂ ਜਾ ਲੁਕਿਆ, ਜਦ ਸਾਹਮਣੇ ਕਿਸੇ ਨੇ ਮੁਕਾਬਲਾ ਨਾ ਕੀਤਾ ਤਾਂ ਮਹਾਰਾਜ ਭੀ ਲਾਹੌਰ ਮੁੜ ਆਏ। — ਦੋ ਮਹੀਨੇ ਭੀ ਨਾ ਗੁਜ਼ਰੇ ਸੇ ਕੇ ਸੱਯਦ ਨੇ ਫੇਰ ਪਸ਼ੌਰ ਨੂੰ ਆਪਣੇ ਕਬਜੇ ਕਰ ਲਿਆ। ਮਹਾਰਾਜੇ ਨੇ ਏਹ ਵਿਚਾਰਿਆ ਜੋ ਏਹ ਖਲੀਫਾ ਤਾਂ ਖੇਡ ਪਿਆ ਕਰਦਾ ਹੈ। ਸੋ ਉਸਦੀ ਬਾਲ ਲੀਲਾ ਸਮਝਕੇ ਹਰੀ ਸਿੰਘ ਨਲੂਏ ਨੂੰ ਉਸਦੇ ਸੁਧਾਰਣ ਦਾ ਹੁਕਮ ਦਿੱਤਾ। ਸਰਦਾਰ ਬਹਾਦਰ ਨੇ ਫੌਜ ਸਮੇਤ ਕਿਲੇ ਅਟਕ ਵਿਚ ਡੇਰਾ ਜਮਾ ਕੇ ਥਾਂਉਂ ਥਾਂਈ ਫਿਰਤੂ (ਗਸ਼ਤੀ) ਫੌਜ ਖਿਲਾਰ ਦਿੱਤੀ ਅਤੇ ਨਾਮੀ ਦ ਪਠਾਣ ਤੇ ਕਾਜ਼ੀ, ਮੁਲਾਣੇ ਸਬ ਫੜ ਮੰਗਾਏ ਅਤੇ ਉਨ੍ਹਾਂ ਨੂੰ ਤੰਗ ਕਰਕੇ ਆਖਿਆ, ਤੁਸੀਂ ਸੱਯਦ ਅਹਿਮਦ ਦੀ ਬਾਬਤ ਏਹ ਫਤੂਵਾ ਦੇਦੇਉ ਜੋ ਉਹ ਵਹਾਬੀ ਮਤ ਰੱਖਦਾ ਹੈ। (ਜੋ ਗੱਦਾਰ ਸੱਤੀ ਵੀਹੀ ਸੌ) ਉਨ੍ਹਾਂ ਨੇ ਉਸੇ ਤਰਾਂ ਕੀਤਾ ਜਿਸਤੋਂ ਸਾਰੇ ਦੇਸ ਦੇ ਲੋਗ ਉਸਦੇ ਵੈਰੀ ਬਣ ਗਏ। ਤਦ ਉਹ ਮੁਜ਼ੱਫਰਾਬਾਦ ਦੇ ਪਹਾੜ ਨੂੰ ਨੱਠ ਗਿਆ। ਉਧਰ ਜਾਕੇ ਭੀ ਲੁੱਟਮਾਰ ਕਰਕੇ ਹਜ਼ਾਰੇ ਦੇ ਮੁਲਕ ਵਿੱਚ ਰੌਲਾ ਜਾ ਪਾਯਾ। ਤਦ ਸ਼ਾਹਜ਼ਾਦੇ ਸ਼ੇਰ ਸਿੰਘ ਤੇ ਜਰਨੈਲ ਅਲਾਰਡ ਸਾਹਿਬ ਨੇ ਚਾਰ ਪਲਟਨਾਂ, ਇੱਕ ਰਸਾਲਾ, ਦੋ ਤੋਪਖਾਨੇ ਲੈ ਜਾਕਰ ਦੁਸ਼ਮਣ ਦੀ ਐਸੀ ਦੁਰਦਸ਼ਾ ਕੀਤੀ ਜਿਸਤੋਂ ਉਹ ਮੂੰਹ ਵਿੱਚ ਘਾਹ ਲੈਕੇ ਛੁੱਟੇ। ਓੜਕ ਸੱਯਦ ਅਹਮਦ ਤੇ ਉਸਦਾ ਵਜ਼ੀਰ ਮੁਹੰਮਦ ਇਸਮਾਈਲ ਦੋਵੇਂ ਕਤਲ ਕੀਤੇ ਗਏ ਅਤੇ ਉਨ੍ਹਾਂ ਦੇ ਸਿਰ ਲਾਹੌਰ ਭੇਜੇ ਗਏ। ਫੇਰ ਤਾਂ ਅਮਨ ਠੰਢ ਪੈ ਗਈ ਅਮਨ ਅਮਾਨ ਹੋ ਗਿਆ।

ਏਧਰ ਤਾਂ ਇਸ ਤਰਾਂ ਬਿਪਦੀ ਤੇ ਉਧਰੋਂ ਜੀ ਤੋਂ ਮਹਾਰਾਜ ਨੇ ਵਲਾਯਤ ਦੇ ਬਾਦਸ਼ਾਹ ਵਾਸਤੇ

ਮਹਾਰਾਜੇ ਦਾ ਪਸ਼ੌਰ ਜਾਣਾ

ਵਹਾਬੀ ਜੋ ਪੀਰਾਂ ਪੈਗੰਬਰਾਂ ਦੀ ਕਰਾਮਾਤ ਨੂੰ ਨਾ ਮੰਨੇ।

੧੧

ਲਾਟ ਸਾਹਿਬ ਬਹਾਦੁਰ ਪਾਸ ਕਲਕੱਤੇ ਭੇਜੇ ਸੇ ਜਦ ਉਹ ਲਾਰਡ ਅਮਹੈਰਟ ਸਾਹਿਬ ਬਹਾ- ੪੧੭
ਦੁਰ ਦੇ ਹੱਥੀਂ ਮਹਾਰਾਣੀ ਦੀ ਖਿਦਮਤ ਵਿੱਚ ਪਹੁੰਚੇ ਤਾਂ ੨੮ ਜਨੂ: ਸੰ: ੧੮੨੮ ਪ੍ਰਬਿ: ਨੂੰ ਦ
ਰਬਾਰ ਸਮੇਤ ਸ਼ਾਹ ਇੰਗਲੈਂਡ ਨੇ ਬਹੁਤ ਖੁਸ਼ੀ ਮਨਾਈ ਤੇ ਮਹਾਰਾਜੇ ਰਣਜੀਤਸਿੰਘ
ਦਾ ਧੰਨਿਆਵਾਦ ਕੀਤਾ। — ਹੁਣ ਉਨ੍ਹਾਂ ਤੋਹਫਿਆਂ ਦੇ ਬਦਲੇ ਸ਼ਾਹ ਇੰਗਲੈਂਡ ਦੀ ਤਰ
ਫੋਂ ਬੀ ਪੰਜ ਘੋੜੇ ਵਲਾਯਤੀ ਅਮੋਲਕ, ਇਕ ਮੁਰਾਸਲਾ ਜਿਸ ਵਿਚ ਮਹਾਰਾਜੇ ਦੀ
ਮਿਹਰਬਾਨੀ ਤੇ ਯਾਦਗੀਰੀ ਦਾ ਧੰਨਿਆਵਾਦ ਸੀ, ਲਫਟੈਨ ਬਰਨਸ ਸਾਹਿਬ, ਕਈ
ਅੰਗ੍ਰੇਜ਼ਾਂ ਸਮੇਤ ਮਹਾਰਾਜੇ ਵਾਸਤੇ ਲੈ ਕੇ ਆਯਾ। ਜਦ ਸਿੰਧ ਦੇ ਰਸਤੇ ਆਯਾ ਤਾਂ
ਏਨ੍ਹਾਂ ਦੇ ਚਿੱਟੇ ੨ ਚੇਹਰੇ ਦੇਖ ੨ ਲੋਗ ਹੈਰਾਨ ਹੁੰਦੇ ਸੇ। ਕਰਾਚੀ ਤੋਂ ਲੈ ਕੇ ਮੁਲਤਾਨ ਤਕ
ਜਿੱਥੇ ੨ ਉਤਰਦੇ ਆਏ ਉਥੇ ੨ ਦੇਖਣ ਵਾਲਿਆਂ ਦਾ ਮੇਲਾ ਭਰਦਾ ਰਿਹਾ। ਕਿਉਂਕਿ ਉਨ੍ਹਾਂ
ਪਹਿਲੇ ਕਦੇ ਕੋਈ ਅੰਗ੍ਰੇਜ਼ ਕਿਸੇ ਨੇ ਨਹੀਂ ਦੇਖਿਆ ਸੀ। ਮਹਾਰਾਜੇ ਨੇ ਵੈਂਤੂਰੇ ਸਾਹਿਬ
ਨੂੰ ਬਹਾਵਲਪੁਰੋਂ ਡੇਢ ਲੱਖ ਰੁਪਯਾ ਖਿਰਾਜ ਲਿਆਵਣ ਵਾਸਤੇ ਫੌਜ ਦੇ ਕੇ ਤੋਰਿਆ ਹੋ
ਰ ਜਦ ਅੰਗ੍ਰੇਜ਼ੀ ਮੋਤਬਰਾਂ ਦਾ ਆਵਣਾ ਸੁਣਿਆ ਕਿ ਉਹ ਬਹਾਵਲਪੁਰ ਦੇ ਇਲਾਕੇ
ਵਿੱਚ ਆ ਵੜਿਆ ਹੈ ਤਦ ਉਸ ਨੂੰ ਆਦਰ ਨਾਲ ਲਿਆਉਣ ਲਈ ਦੀਵਾਨ ਅਜੁੱਧਿਆ-
ਨਾਥ ਤੇ ਸਰਦਾਰ ਲੈਣਾ ਸਿੰਘ ਮਜੀਠੀਆ ਭੇਜੇ, ਉਧਰ ਨਵਾਬ ਬਹਾਵਲਖਾਂ ਬਹਾਵ
ਲਪੁਰੀਏ ਨੇ ਬੀ ਉਰੇ ਪਿੰਡ ਜਾ ਕੇ ਸਾਹਿਬ ਦੀ ਅਗਵਾਨੀ ਕੀਤੀ। ਬਰਨਸ ਸਾਹਿਬ
ਨੇ ਗਵਰਨਮਿੰਟ ਦੀ ਤਰਫੋਂ ਨਵਾਬ ਨੂੰ ੧ ਪਸਤੌਲ, ੧ ਜੇਬ ਘੜੀ ਆਦਿਕ ਤੋਹਫੇ ਦਿ
ਤੇ ਅਤੇ ਬੜੀ ਖੁਸ਼ੀ ਨਾਲ ਗੱਲਾਂ ਬਾਤਾਂ ਕਰ ਕੇ ਆਪਸ ਵਿੱਚ ਦੋਸਤੀ ਕਾਯਮ ਕਰ
ਲਈ। ਨਵਾਬ ਨੇ ਲਫਟੈਨ ਸਾਹਿਬ ਨੂੰ ਦੋ ਘੋੜੇ ਅਦਭੁਤ ਸੋਨੇ ਚਾਂਦੀ ਦੀ ਸਾਜ਼ਾਂ ਸ
ਮੇਤ, ੧ ਬਾਜ਼, ੧ ਬੰਦੂਕ ਤੇ ਨੇਦਾਰ, ਦੋ ਹਜ਼ਾਰ ਰੁਪਯਾ ਨਕਦ ਦੇ ਕੇ ਬਿਦਾ ਕੀਤਾ। ਜ
ਦ ਵਕੀਲ ਉਥੋਂ ਤੁਰ ਕੇ ਮਹਾਰਾਜੇ ਦੀ ਹੱਦ ਵਿੱਚ ਆਯਾ ਤਾਂ ਸਰਦਾਰ ਲਹਿਣਾ ਸਿੰਘ ਤੇ
ਦੀਵਾਨ ਅਜੁੱਧਿਆ ਨਾਥ ਮਹਾਰਾਜੇ ਦੀ ਤਰਫੋਂ ਵਕੀਲ ਸਾਹਿਬ ਨੂੰ ਜਾ ਮਿਲੇ ਅਤੇ
ਬੜੇ ਪ੍ਰੇਮ ਨਾਲ, ਮੁਲਤਾਨ, ਸ਼ੁਜਾਬਾਦ ਆਦਿਕ ਕਿਲੇ ਤੇ ਸ਼ਹਿਰ ਦਿਖਾਉਂਦੇ ਹੋਏ
ਜਦ ਛਾਂਗੇ ਮਾਂਗੇ ਪਹੁੰਚੇ ਤਾਂ ਸਰਦਾਰ ਸ਼ਾਮ ਸਿੰਘ ਤੇ ਫਕੀਰ ਨੂਰਦੀਨ ਬੀ ਮਹਾਰਾਜੇ
ਵੱਲੋਂ ਵਕੀਲ ਸਾਹਿਬ ਨੂੰ ਜਾ ਮਿਲੇ। ਬਹੁਤ ਖਾਤਰ ਕਰ ਕੇ ਨਾਲ ਲੈ ਆਏ, ਹਰ ਇੱਕ
ਸਦਰ ਮੁਕਾਮ ਪਰ ਜਾਂਦਾ ਤੋਪਾਂ ਦੀ ਸਲਾਮੀ ਕਰਦੇ ਤੇ ੧੧ ਸੌ ਰੁਪਯਾ ਖਰਚ ਲਿਗ

ਮਹਾਰਾਜੇ ਪਾਸ ਵ ਲਾਯਤ ਦੀ ਤੋਹਫੇ ਆਵਣੇ

੪੧੮ ਰਦਾ ਦੇਂਦੇ ਆਏ। — ਤਿੰਨ ਸਾਵਣ ਨੂੰ ਲਹੌਰ ਆਏ ਤਾਂ ਰਾਜਾ ਗੁਲਾਬਸਿੰਘ ਤੇ ਫਕੀਰ ਅਜੀਜੁੱਦੀਨ ਇੱਕ ਰਸਾਲਾ, ਦੋ ਕੰਪਨੀਆਂ ਲੈਕੇ ਤਿੰਨ ਕੋਹ ਅੱਗੇ ਜਾ ਮਿਲੇ, ਬੜੀ ਇੱਜ਼ਤ ਨਾਲ ਲਿਆਕੇ ਜਰਨਲ ਅਲਾਰਡ ਸਾਹਿਬ ਦੀ ਕੋਠੀ ਉਤਾਰਾ ਦਿੱਤਾ, ਇੱਕੀ ਸੌ ਰੁਪਯਾ ਨਕਦ ਹੋਰ ਸਬ ਸਾਮਾਨ ਬਹੁਤ ਚੰਗਾ ੨ ਮਹਾਰਾਜ ਦੀ ਤਰਫੋਂ ਰੋਜ ਪਹੁੰਚਦਾ ਰਿਹਾ। ੮ ਸਾਉਣ ਸੰ:੧੮੮੮ ਬਿ: ਨੂੰ ਮਹਾਰਾਜ ਦੀ ਮੁਲਾਕਾਤ ਵਾਸਤੇ ਵਕੀਲ ਸਾਹਿਬ ਆਏ ਤਾਂ ਅਨਾਰਕਲੀ ਤੋਂ ਕਿਲੇ ਤਕ ਲਾਹੌਰ ਦੀ ਫੌਜ, ਦੋਰੰਗੀ ਪਾਸੀਂ, ਸੋਨੇ ਚਾਂਦੀ ਦੀ ਮਨ੍ਹੀ ਹੋਈ ਬਰਦੀ ਪਾਹਿਨੇ ਖੜੀ ਸੀ। ਬਜਾਰਾਂ ਤੇ ਕੋਠਿਆਂ ਉੱਤੇ ਭੀ ਮਹਾਰਾਜ ਦੇ ਹੁਕਮ ਅਨੁਸਾਰ ਸ਼ਿਹਰੀ ਮਰਦ, ਔਰਤਾਂ ੨ ਗਹਿਣੇ ਕਪੜੇ ਪਾਹਿਨੇ ਹੋਏ, ਬੇਸ਼ੁਮਾਰ ਖੜੇ ਦੇਖ ਰਹੇ ਸੇ ਅਤੇ ਕਈ ਥਾਂਈਂ ਰਸਤੇ ਵਿੱਚ ਨਾਚ ਮੁਜਰੇ ਹੋ ਰਹੇ ਸੇ। ਸ਼ੋਇਨੇ ਦੀ ਅੰਬਾਰੀ ਵਾਲੇ ਹਾਥੀ ਉੱਤੇ ਵਕੀਲ ਸਾਹਿਬ ਨੂੰ ਬੜੀ ਧੂਮ ਧਾਮ ਨਾਲ, ਧੀਰੇ ਧੀਰੇ, ਅਹਿਲਕਾਰ ਲੈ ਆਏ। ਲਫਟੈਨ ਬਰਨਸ ਸਾਹਿਬ ਵਕੀਲ ਤੇ ਕਪਤਾਨ ਵੇਡ ਸਾਹਿਬ ਆਦਿਕ ਜਿਤਨੇ ਅੰਗ੍ਰੇਜ਼ ਓਥੇ ਸੇ ਸਬ ਸ਼ਹਰ ਦੀ ਬਸੋਂ ਤੇ ਰੌਣਕ ਨੂੰ ਦੇਖ ੨ ਅਚੰਭੇ ਹੁੰਦੇ ਸੇ। ਏਧਰ ਮਹਾਰਾਜੇ ਦੇ ਦਰਬਾਰ ਵਿੱਚ ਜੋ ਹਜ਼ੂਰੀ ਬਾਗ ਵਿੱਚ ਸਜਾਇ ਰੱਖਿਆ ਸੀ, ਸਬ ਸ੍ਰਦਾਰ, ਅਹਿਲਕਾਰ, ਫੌਜੀ ਅਫਸਰ, ਰਾਜੇ, ਰਈਸ, ਬੜੇ ਬੜੇ ਕੀਮਤੀ ਪੁਸ਼ਾਕੇ, ਸਿਰਪੇਚ, ਜਿਗਾ, ਕਲਗੀ, ਕੰਗਣ, ਕੈਂਠੇ ਪਾਹਿਨੇ ਹੋਏ ਆਪਣੇ ੨ ਕਾਜ ਦੇ ਪਰ ਬੈਠੇ ਸੇ। ਦੋ ਘੰਟੇ ਤਕ ਸਾਹਿਬ ਭੀ ਆ ਗਏ। ਰਾਜਾ ਧ੍ਯਾਨਸਿੰਘ ਤਾਂ ਬਾਗ ਦੇ ਬੂਹੇ ਵਿੱਚ ਆ ਮਿਲਿਆ ਤੇ ਮਹਾਰਾਜਾ ਨੇ ਫਰਸ਼ ਪਰ ਚਰਨ ਲੱਗੇ ਦਾ ਦਸਤਪੰਜਾ ਲੀਤਾ ਤੇ ਬਾਹੋਂ ਫੜਕੇ ਆਪਣੇ ਪਾਸ ਚਾਂਦੀ ਦੀ ਕੁਰਸੀ ਪਰ ਬਿਠਾਇ ਲਿਆ। ੧੧ ਤੋਪਾਂ ਦੀ ਸਲਾਮੀ ਹੋਈ। ਲਫਟੈਨ ਬਰਨਸ ਸਾਹਿਬ ਨੇ ਪਹਿਲੇ ਤਾਂ (ਸ਼ਾਹ ਇੰਗਲੈਂਡ) ਵਲਾਯਤ ਦੇ ਬਾਦਸ਼ਾਹ ਦੀ ਤਰਫੋਂ ਮਹਾਰਾਜੇ ਦੀ ਸੁੱਖ ਸਾਂਦ ਪੁੱਛੀ, ਫੇਰ ਵਜ਼ੀਰ ਹਿੰਦ ਮਲਕੋਲਮ ਸਾਹਿਬ ਦੀ ਵੱਲੋਂ ਸੁੱਖ ਸਾਂਦ ਪੁੱਛਕੇ ਵਜ਼ੀਰ ਆਜ਼ਮ ਇੰਗਲਿਸਤਾਨ ਦਾ ਖਰੀਤਾ (ਥੈਲੀ ਜ਼ਰੀ ਦੀ ਮੜ੍ਹੀ ਹੋਈ) ਮਹਾਰਾਜੇ ਦੇ ਅੱਗੇ ਰੱਖਿਆ ਤੇ ਨਾਲੇ ਤੋਹਫਿਆਂ ਦਾ ਜ਼ਿਕਰ ਕੀਤਾ। ਮਹਾਰਾਜੇ ਨੇ ਬੜੀ ਖੁਸ਼ੀ ਨਾਲ ਉਸ ਥੈਲੀ ਦੀ ਮੁਹਿਰ ਆਪ ਤੋੜਕੇ, ਮੁਰਾਸਲਾ ਫਕੀਰ ਅਜੀਜੁੱਦੀਨ ਨੂੰ ਦੇ ਦਿੱਤਾ, ਉਸਨੇ ਝੱਟ ਪਟ ਫਾਰਸੀ ਤਰਜੁਮਾ ਕਰਕੇ ਬੜੀ ਉੱਚੀ ਸੁਰ ਨਾਲ ਸਬ ਨੂੰ ਸੁਣਾਯਾ। ਇਸਨੂੰ ਸੁਣਕੇ ੬੦ ਫੈਰ ਤੋਪਾਂ ਦੀ ਸਲਾਮੀ ਕੀਤੀ ਗਈ। —

Digitized by Panjab Digital Library | www.panjabdigilib.org

ਅੰਗ੍ਰੇਜ਼ ਤਾਂ ਸ਼ਹਰ ਤੇ ਫੌਜ ਦੀ ਮਾਯਾ ਨੂੰ ਹੀ ਦੇਖਕੇ ਸੋਚਾਂ ਵਿੱਚ ਪਏ ਹੋਏ ਸੇ ਹੁਣ ਮਹਾ ੪੧੯
ਰਾਜੇ ਦੇ ਦਰਬਾਰ ਦੀ ਦੌਲਤ ਸਜਧਜ ਦੇਖ ਦੇਖ (ਜਿੱਥੇ ਸੈਂਕੜੇ ਰਾਜੇ ਸਰਦਾਰ-
ਜੜਾਊ ਜਿਗਾ ਕਲਗੀਆਂ ਪਹਿਨੇ ਹੋਏ ਇੱਕ ਤੋਂ ਇੱਕ ਚੜ੍ਹਦੇ, ਕੁੰਡੇ ਮੁਛਹਿਰੇ, ਲੰਬੇ
ਦਾੜ੍ਹੇ, ਸਿੱਧੇ ਦਸਤਾਰਾਂ ਵਾਲੇ ਜੋ ਸਰਦ ਰੁਤ ਦੇ ਤਾਰਿਆਂ ਵਾਂਗੂ ਝਲਕਾਰੇ ਮਾਰਦੇ ਹੋਏ
ਪੂਰਨ ਚੰਦ੍ਰਮਾਂ ਰੂਪ ਮਹਾਰਾਜ ਦੇ ਚੁਫੇਰੇ ਪਰਵਾਰੇ ਬੈਠੇ ਸੇ) ਨੇੜ੍ਹ ਹੀ ਠੱਡੇ ਰਹਗਏ
ਤੇ ਏਨ੍ਹਾਂ ਸੋਚਾਂ ਵਿੱਚ ਪੈਗਏ ਜੋ ਰੱਬ ਨੇ ਸਾਰੇ ਬ੍ਰਹਮੰਡ ਦੀ ਮਾਯਾ ਦਾ ਮੇਘ ਏਥੇ ਹੀ ਬਰ
ਸਾ ਦਿੱਤਾ ਹੈ ਕਿਓਂਕਿ ਮਹਾਰਾਜ ਦੇ ਦਰਬਾਰ ਦੀ ਛਬ ਤੇ ਦਬਦਬਾ ਤਾਂ ਸਿਕੰਦ੍ਰ ਤੇ ਇੰਦ੍ਰ
ਦੇ ਦਰਬਾਰ ਨੂੰ ਭੀ ਮਾਤ ਕਰ ਰਿਹਾ ਸੀ, ਏਸ ਵਕਤ ਮਹਾਰਾਜ ਆਪਣੀ ਪੂਰੀ ਉੱਨਤੀ
ਵਿੱਚ ਸੀ। ——— ਬਰਨਸ ਸਾਹਿਬ ਨੇ ਜੋ ਮਹਾਰਾਜੇ ਦੇ ਸ਼ਾਹਜ਼ਾਦਿਆਂ
ਵਾਸਤੇ ਅਸ੍ਚਰਜ ਕ ਖਿਲੌਨੇ, ਜੇਬ ਘੜੀਆਂ, ਪਸਤੌਲ, ਦੁਨਾਲੀਆਂ ਬੰਦੂਕਾਂ ਆ
ਦਿਕ ਤੋਹਫੇ ਲਿਆਂਦੇ ਸੇ ਓਹ ਸਬ ਅੱਗੇ ਧਰ ਦਿੱਤੇ ਅਤੇ ਆਖਿਆ ਕੇ ਚਾਰ ਘੋੜੀਆਂ, ਇੱ ਤੋਹਫੇ ਆਏ
ਕ ਘੋੜਾ ਅੰਗ੍ਰੇਜ਼ੀ ਕਾਠੀਆਂ ਸਮੇਤ ਸ਼ਾਹ ਇੰਗਲੈਂਡ ਦੀ ਤਰਫੋਂ, ਅਤੇ ਇੱਕ ਬੱਘੀ ਸਰ
ਜਾਨ ਮੈਲਕੋਲਮ ਸਾਹਿਬ ਵਜ਼ੀਰ ਦੀ ਤਰਫੋਂ ਹਜ਼ੂਰ ਵਾਸਤੇ ਆਏ ਹਨ। ਉਨ੍ਹਾਂ ਘੋੜਿਆਂ
ਦੇ ਰੰਗ ਢੰਗ ਸੁੰਦ੍ਰਤਾਈ ਨੂੰ ਦੇਖਕੇ ਮਹਾਰਾਜੇ ਨੇ ਬਹੁਤ ਖੁਸ਼ੀ ਹੋਕਰ ਸ਼ਾਹ ਇੰਗਲਿਸ੍ਤਾ
ਨ ਦੀ ਮਿਹਰਬਾਨੀ ਤੇ ਯਾਦਗੀਰੀ ਦਾ ਮਨੋ ਤਨੋ ਧੰਨਬਾਦ ਕੀਤਾ ਫੇਰ ਦਰਬਾਰ ਬਰ
ਖ਼ਾਸਤ ਹੋਯਾ। ੧੬ ਦਿਨ ਲਫਟੈਟ ਬਰਨਸ ਸਾਹਿਬ ਨੂੰ ਰੱਖ ਕੇ ਮਹਾਰਾਜੇ ਨੇ ਸੈਰ,
ਸ਼ਿਕਾਰ, ਨਾਚ, ਮੁਜਰੇ, ਫੌਜ ਦੀ ਕੁਵਾਯਦ, ਹਾਥੀ ਘੋੜੇ, ਸੰਮਨ ਬੁਰਜ ਆਦਿਕ ਮਕਾਨ
ਦਿਖਾਏ ਫੇਰ ਵੱਖਰੇ ਬੈਠ ਬੈਠ ਮਹਾਰਾਜੇ ਨੇ ਵਕੀਲ ਨਾਲ ਗੱਲਾਂ ਕਰ ਕ ਉਸਨੂੰ ਪੱਕਾ
ਦੋਸਤ ਬਣਾ ਲਿਆ ਜਿਸ ਕਰਕੇ ਉਸਨੇ ਸਾਰਾ ਗੂੜ੍ਹ ਅਭਿਪ੍ਰਾਯ ਇੰਗਲਿਸ੍ਤਾਨ ਦਾ ਮ
ਹਾਰਾਜਾ ਸਾਹਿਬ ਨੂੰ ਕਹ ਸੁਣਾਯਾ। — ਇੱਕ ਦਿਨ ਮਹਾਰਾਜੇ ਨੇ ਵਕੀਲ ਨੂੰ ਅੱਸੀ ਸੁੰ
ਦਰ ਇਸਤ੍ਰੀਆਂ (ਜੋ ਹੂਰਾਂ ਜੈਸੀਆਂ ਅਤੀ ਸੁੰਦਰ, ਸੁਹਿਆਰਾਂ, ਕਸ਼ਮੀਰਨਾਂ, ਪਹਾ
ੜਨਾਂ, ਮਨਮੋਹਣੀਆਂ ਅੰਦਰ ਰੱਖੀਆਂ ਹੋਈਆਂ ਸਾਨ) ਦੀ ਕੁਵਾਇਦ ਤੀਰੰਦਾਜ਼ੀ
ਸ਼ਸਤ੍ਰ ਬਿਦਿਆ ਦਿਖਾਈ। ਏਨ੍ਹਾਂ ਵਿਚੋਂ ਜੋ ਦੋ ਜਥੇਦਾਰਨੀਆਂ ਸਾਨ ਓਹ ਤਾਂ ਸਰਮੁੱਚ ਦੀ
ਆਂ ਹੀ ਪਰੀਆਂ ਸਾਨ ਉਨ੍ਹਾਂ ਦੇ ਚੰਦ ਜੇਹੇ ਚਿਹਰੇ ਦੇਖਕੇ ਫਰੰਗੀ ਦਾ ਮਨ ਚਕੋਰ ਵਾਂਗੂ
ਮੋਹਿਆ ਗਿਆ, ਪਰ ਸ਼ਰਮ ਲਾਜ ਕਰਕੇ, ਧੀਰਜ ਰੱਖਕੇ ਪੁੱਛਿਆ ਕੇ ਏਹੋ ਜੇਹੀ ਫੌਜ-

Digitized by Panjab Digital Library | www.panjabdigilib.org

੪੨੦ ਤੁਹਾਡੇ ਪਾਸ ਕਿਤਨੀਕ ਹੈ। ਮਹਾਰਾਜੇ ਨੇ ਕਿਹਾ ਬਹੁਤ ਹੈ, ਕੱਲ ਨੂੰ ਵੇਖ ਲੈਣੀ। ਦੂਸਰੇ ਦਿਨ ਸਾਰੇ ਸ਼ਹਰ ਦੀਆਂ ਕੰਜਰੀਆਂ ਤੇ ਮੁੰਡਿਆਂ ਨੂੰ ਬਣਾ ਤਣਾ ਕੇ ਤੀਰ ਕਮਾਣਾ ਫੜਾ ਕੇ ਲੈਸ ਕਰ ਕੱਢਿਆ। ਸਾਹਿਬ ਵੇਖ ਕੇ ਚੁੱਪ ਦਾ ਚੁੱਪ ਰਿਹਾ। ਫੇਰ ਮਹਾਰਾਜ ਨੇ ਆਪਣਾ ਖਜ਼ਾਨਾ ਦਿਖਾਯਾ ਜਿਸ ਵਿਚ ਕੋਹਨੂਰ ਆਦਿਕ ਹੋਰ ਬਹੁਤ ਕੀਮਤੀ ਰਤਨ ਸੇ। ਇਕ ਹੀਰਾ ਚੌਦਾਂ ਰੁਪਏ ਭਰ ਤੋਲ ਵਿਚ ਸੀ ਏਸ ਪਰ ਕਈਆਂ ਬਾਦਸ਼ਾਹਾਂ ਦੇ ਨਾਉਂ ਖੋਦੇ ਹੋਏ ਸਨ। ਫੇਰ ਜ਼ੇਵਰ ਤੇ ਸ਼ਸਤ੍ਰ ਦੇਖਾਏ। ਏਸੇ ਤਰਾਂ ਆਪਣਾ ਸਾਮਾਨ ਦਿਖਾਇ ਦਿਖਾਇ, ਜੰਗਾਂ ਜੁੱਧਾਂ ਦੇ ਬ੍ਰਿਤਾਂਤ ਸੁਣਾਇ ਕੇ ਫੌਜ ਦੀ ਬਹਾਦਰੀ ਐਸੀ ਨਿਸਚੇ ਕਰਾਈ ਜੋ ਉਹ ਜਾਣ ਗਿਆ ਕੇ ਫੌਜ ਖਾਲਸੇ ਦਾ ਮੁਕਾਬਲਾ ਕਰਨੇ ਜੋਗਾ ਕੋਈ ਨਹੀਂ।

੪ ਭਾਦ੍ਰੋਂ ਨੂੰ ਮਹਾਰਾਜੇ ਨੇ ਲਫਟੈਨ ਗਵਰਨਰ ਬਰਨਸ ਸਾਹਿਬ ਨੂੰ ਇਕ ਕੀਮਤੀ ਘੋੜਾ ਸਾਜ ਸਮੇਤ, ਇਕ ਅੰਗੂਠੀ ਹੀਰੇ ਦੀ ਹੋਰ ਬਹੁਤ ਕੁਛ ਦੇ ਕੇ ਬਿਦਾ ਕੀਤਾ। ਉਸ ਨੇ ਦੋ ਦਿਨ ਕਪੂਰਥਲੇ ਠਹਿਰ ਕੇ ਸ਼ਿਮਲੇ ਵੈਸਰਾਇ ਬੈਂਟਕ ਸਾਹਿਬ ਨੂੰ ਲਾਹੌਰ ਦਾ ਸਾਰਾ ਬ੍ਰਿਤਾਂਤ ਸੁਣਾਯਾ ਤੇ ਫੇਰ ਕਲਕੱਤੇ ਆਣਕੇ ਕੌਂਸਲੀ ਵਿਚ ਜਾ ਦੱਸਿਆ।

ਮਹਾਰਾਜੇ ਦਾ ਪ੍ਰਤਾਪ

ਹੁਣ ਵਾਹਗੁਰੂ ਦੀ ਕ੍ਰਿਪਾ ਨਾਲ ਖਾਲਸੇ ਦੇ ਬਹੁਤ ਉੱਚਾਈ ਪਰ ਝੂਲਦੇ ਹੋਏ ਝੰਡੇ ਦੀ ਚਮਕ ਦੁਨੀਆਂ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਸਭਨਾਂ ਬਾਦਸ਼ਾਹਾਂ ਨੂੰ ਨਜ਼ਰ ਆਉਣ ਲੱਗੀ ਤੇ ਮਹਾਰਾਜਾ ਸ਼ੇਰਿ ਪੰਜਾਬ ਦੇ ਪ੍ਰਤਾਪ ਦਾ ਸੂਰਜ ਚਮਕਾਰੇ ਮਾਰਨ ਲੱਗ ਪਿਆ। ਮੁਲਤਾਨ, ਕਸ਼ਮੀਰ, ਪਸ਼ੌਰ ਜੇਹੇ ਬਡੇ ਕਠਿਨ ਦੇਸ ਜਦ ਮਹਾਰਾਜੇ ਨੇ ਸੁਧਾਰ ਲਏ ਅਤੇ ਸਿੰਧ, ਲੱਦਾਖ, ਕਾਬਲ, ਕੰਧਾਰ ਉੱਤੇ ਦੰਦ ਰੱਖਿਆ ਤਾਂ ਦੂਰ ਦੂਰ ਦੇ ਬਾਦਸ਼ਾਹ ਭੀ ਦੋਸਤੀ ਰੱਖਣ ਲਈ (ਮੁਰਾਸਲੇ) ਪ੍ਰੇਮ ਪੱਤ੍ਰ ਲਿਖਣ ਲੱਗ ਗਏ ਸੱਤਾਂ ਵਲਾਯਤਾਂ ਵਿਚ ਖਾਲਸੇ ਦੇ ਜੰਗ, ਸ਼ਮਸ਼ੇਰ ਦੀ ਧਾਂਕ ਪੈ ਗਈ।

ਸੰ: ੧੮੭੩ ਬਿ: ਤੋਂ ਲੈ ਕੇ ਕਈ ਵਕੀਲ ਨਜ਼ਾਮ ਹੈਦਰਾਬਾਦ ਦੱਖਣ ਤੇ ਅਮੀਰ ਹੈਦਰਾਬਾਦ ਸਿੰਧ, ਅਤੇ ਸ਼ਾਹਜ਼ਾਦੇ ਕਾਮਰਾਨ ਹੇਰਾਤ ਵਾਲੇ ਦੇ ਤੋਹਫੇ ਮਹਾਰਾਜੇ ਬਹਾਦਰ ਪਾਸ ਆਏ ਅਤੇ ਉਨ੍ਹਾਂ ਨੂੰ ਏਧਰੋਂ ਭੇਜੇ ਗਏ। ਸੰ: ੧੮੮੬ ਬਿ: ਨੂੰ ਬਲੋਚਸਤਾਨ ਤੋਂ ਤੋਹਫੇ ਆਏ। ਸੰ: ੧੮੮੭ ਬਿ: ਨੂੰ ਮਹਾਰਾਜੇ ਸੰਧੀਏ ਗਵਾਲੀਅਰ ਵਾਲੇ ਨੇ ਆਪਣੇ ਬੇਟੇ ਦੀ ਸ਼ਾਦੀ ਉੱਪਰ ਮਹਾਰਾਜੇ ਨੂੰ ਬੁਲਾਯਾ, ਮਹਾਰਾਜ ਆਪ ਤਾਂ ਨਾ ਗਏ (ਕਿਉਂਕਿ ਜਦ ਸ਼ਾਹਜ਼ਾਦੇ ਖੜਗ ਸਿੰਘ ਦਾ ਬਿਆਹ ਹੋਯਾ ਸੀ ਤਾਂ ਉਸ ਨੂੰ ਬੁਲਾਯਾ ਸੀ ਤਾਂ ਸੰਧੀਆ

ਨਹੀਂ ਆਯਾ ਸੀ ) ਪਰ ਅਹਿਲਕਾਰ ਭੇਜ ਦਿੱਤੇ। ੪੩੧
ਸੰ: ੧੮੮੮ ਬਿ: ਨੂੰ ਜਦ ਸ਼ਾਹ ਇੰਗਲਿਸਤਾਨ ਦੇ ਤੋਹਫੇ ਮਹਾਰਾਜੇ ਨੂੰ ਆਏ ਤਾਂ ਸ਼ਾਹ ਰੂ
ਸ ਨੇ ਭੀ ਮਹਾਰਾਜੇ ਨਾਲ ਦੋਸਤੀ ਪਾਉਣ ਵਾਸਤੇ ਚਿੱਠੀ (ਮੁਰਾਸਲਾ) ਲਿੱਖੀ ਅਤੇ
ਅਮੀਰ ਕਾਬੁਲ ਦੀ ਰਾਹੀਂ ਸ਼ਾਹ ਰੂਮ ਦੇ ਭੀ ਖਤ ਆਏ। ਇਸ ਸਮੇ ਮਹਾਰਾਜੇ ਦੀ ਤਾ
ਕਤ ਬਹੁਤ ਵਧ ਗਈ ਸੀ ਕਿਉਂਕੇ ੧ ਲੱਖ ਸਿਪਾਹੀ ਤਾਂ ਸਿਰਫ ਪੈਦਲ ਹੀ ਸੀ ਜੋ ਈਨ
ਦੇ ਪਾਈਦ ਬੇੜ੍ਹਿਆਂ ਵਿੱਚ ਸੀ ਤੇ ੫੦ ਪੰਜਾਹ ਹਜ਼ਾਰ ਖੁੱਲ੍ਹੀ ਪੈਦਲ ਸੀ। ਅਤੇ ਖਾਸ
ਵਾਰੀ ਫੌਜ ੩੨ ਹਜ਼ਾਰ ਈਨ ਦੀ ਸੀ ਤੇ ੧੪ ਹਜ਼ਾਰ ਖੁੱਲ੍ਹੀ ਸੀ। ਤਿਨੇਂ ਸੈ ਚੁਰਾਸੀ ੩੮੪ ਤੋਪਾਂ
ਜੰਗ ਵਿੱਚ ਜਾਣ ਵਾਲੀਆਂ ਸਨ ਤੇ ਚਾਰ ਸੌ ਦੇ ਲਗ ਭਗ ਦੂਜੀਆਂ ਸਨ ਅਤੇ
੭੨ ਗੁਬਾਰੇ ਚਾਰ ਹਜ਼ਾਰ ੪੦੦੦ ਜੰਬੂਰੇ ਜੰਗ ਵਿੱਚ ਜਾਣ ਵਾਲੇ ਸੇ। ਏਸ ਤੋਂ ਸਿਵਾਇ ਰਿ
ਆਸਤਾਂ ਤੇ ਸਰਦਾਰਾਂ ਦੀ ਫੌਜ ਭੀ ਸੀ ਜੋ ਜ਼ਰੂਰਤ ਦੇ ਸਮੇ ਲਈ ਜਾਂਦੀ ਸੀ।
ਓਧਰ ਲਫਟੈਂਟ ਬਰਨਸ ਸਾਹਿਬ ਤੋਂ ਮਹਾਰਾਜੇ ਦੀ ਮਹਿਮਾਂ ਸੁਣਕੇ ਵੈਸਰਾਇ ਹਿੰਦ
ਲਾਟ ਬਿੰਟਕ ਸਾਹਿਬ ਨੂੰ ਮਹਾਰਾਜੇ ਦੇ ਮਿਲਣ ਦੀ ਇੱਛਿਆ ਹੋ ਗਈ ਤੇ ਮਨ ਵਿੱਚ ਏਹ
ਚਕਚੌਂਧੀ ਲੱਗ ਗਈ ਜੋ ਕੀ ਸਬਬ ਹੈ ਕੇ ਜੋਹਨੂੰ ਅੰਗ੍ਰੇਜ਼ ਜਾਂਦਾ ਹੈ ਓਹੋ ਮਹਾਰਾਜੇ
ਦੀ ਤਾਰੀਫ ਕਰਦਾ ਹੈ ਏਸਨੂੰ ਮੈਂ ਆਪ ਅਜ਼ਮਾਵਾਂਗਾ। — ਫੇਰ ਏਸੇ ਸਮੇ ਜਦ ਲਾਟ
ਸਾਹਿਬ ਨੂੰ ਏਹ ਮਲੂਮ ਹੋਯਾ ਕੇ ਸ਼ਾਹ ਰੂਸ ਦੀ ਤਰਫੋਂ ਭੀ ਮਹਾਰਾਜ ਪਾਸ ਚਿੱਠੀ ਆਈ
ਲਾਟ ਸਾਹਿਬ ਦਾ ਔਣਾ
ਹੈ ਤਦ ਤਾਂ ਲਾਟ ਸਾਹਿਬ ਰਹ ਨਾ ਸੱਕਿਆ ਤੇ ਲੁਦੇਹਾਨੇ ਤੋਂ ਕਪਤਾਨ ਵੈਡ ਸਾਹਿਬ ਨੂੰ
ਮਹਾਰਾਜੇ ਪਾਸ ਭੇਜਕੇ ਮੁਲਾਕਾਤ ਕਰਨ ਦੀ ਮਨਸਾ ਪ੍ਰਗਟ ਕੀਤੀ ਜੋ ਮਹਾਰਾਜੇ ਨੇ
ਮਨਜ਼ੂਰ ਕਰ ਲਈ ਅਤੇ ਸਤਲੁਜ ਦੇ ਕਿਨਾਰੇ ਕਸਬੇ ਰੋਪੜ ਪਾਸ ਮੁਲਾਕਾਤ ਹੋਣੀ
ਠਹਿਰ ਗਈ। ਮਹਾਰਾਜੇ ਨੇ ਨਾਲ ਲੈ ਜਾਣ ਵਾਲੀ ਚੰਗੀ ਫੌਜ ਸਜਾ ਲਈ ਤੇ ਲਾਟ
ਸਾਹਿਬ ਨੇ ਭੀ ਚੁਣਦੀ ਫੌਜ ਦੇ ਦੋ ਦਸਤੇ, ਦੋ ਤੋਪਖਾਨੇ ਬੁਲਾ ਲਏ। ਓਧਰ ਸਤਲੁ
ਜ ਦੇ ਪੂਰਬ ਵੱਲੀ ਲਾਟ ਸਾਹਿਬ ਦਾ ਤੰਬੂ ਤੇ ਏਧਰ ਪੱਛੋਂ ਵੱਲ ਕਾਠਗੜ੍ਹ ਪਾਸ ਮਹਾ
ਰਾਜੇ ਦਾ ਖੇਮਾ ਲਾਲ ਬਨਾਤ ਦਾ ਸੂਹੇ ਬੱਦਲ ਵਾਂਗੂ ਝਲਕਾਰੇ ਮਾਰਦਾ ਖੜਾ ਹੋ ਗਿ
ਆ। ਭਾਦ੍ਰੋਂ ੧੦ ਸੰ: ੧੮੮੮ ਬਿ: ਨੂੰ (ਵੈਸਰਾਇ ਹਿੰਦ) ਲਾਟ ਸਾਹਿਬ ਰੋਪੜ ਆ
ਉਤਰਿਆ। ਮਹਾਰਾਜ ਨੇ ਭੀ ਦੁਸਹਿਰੇ ਦਾ ਮੇਲਾ ਅੰਮ੍ਰਿਤਸਰ ਰਾਮਬਾਗ ਵਿੱਚ ਬ
ੜੀ ਧੂਮ ਧਾਮ ਨਾਲ ਕਰਕੇ ੩ ਕੱਤਕ ਨੂੰ ਬਹੁਤ ਸਜ ਧਜ ਕੇ ਰੋਪੜ ਦੇ ਸਾਹਮਣੇ ਹੀ

Digitized by Panjab Digital Library | www.panjabdigilib.org

੪੨੨ ਕਾਠਗੜ੍ਹ ਡੇਰਾ ਜਾ ਲਗਾ। ਜਦ ਲਾਟ ਸਾਹਿਬ ਦੀ ਤਰਫੋਂ ਕਪਤਾਨ ਵੈਡ ਸਾਹਿਬ ਮਹਾਰਾਜੇ ਨੂੰ ਲਿਆਉਣ ਵਾਸਤੇ ਅੰਮ੍ਰਿਤਸਰ ਗਿਆ ਸੀ ਤਾਂ ਓਦੋਂ ਮਹਾਰਾਜੇ ਦੇ ਨਾਲ ੧੦ ਦਸ ਹਜ਼ਾਰ ਅਸਵਾਰ ਤੇ ਸੱਠ (੬੦੦੦੦) ਹਜ਼ਾਰ ਪੈਦਲ ਸਿਪਾਹੀ ਤੇ ਦੋ ਤੋਪਖਾਨੇ ਸੇ। ਵੈਸਰਾਇ ਹਿੰਦ ਦੀ ਵੱਲੋਂ ਪਹਿਲੇ ਮੇਜਰ ਜਰਨਲ ਅਮਜੀ ਸਾਹਿਬ, ਤੇ ਵੱਡਾ ਸਿਕੱਤ੍ਰ ਵਡੇਰ ਉਹਦੇ ਵਾਲੇ ਸਾਹਿਬਾਂ ਸਮੇਤ ਮਹਾਰਾਜੇ ਦਾ ਕੁਸ਼ਲ ਆਨੰਦ ਪੁੱਛਣ ਵਾਸਤੇ ਆਏ। ਫੇਰ ਮਹਾਰਾਜੇ ਨੇ ਸ਼ਾਹਜ਼ਾਦੇ ਖੜਗ ਸਿੰਘ ਨੂੰ ਲਾਟ ਸਾਹਿਬ ਪਾਸ ਕੁਸ਼ਲ ਆਨੰਦ ਪੁੱਛਣ ਭੇਜਿਆ। ਏਸ ਦੇ ਨਾਲ ਜੀਂਦ ਵਾਲਾ ਰਾਜਾ ਸੰਗਤ ਸਿੰਘ, ਰਾਜਾ ਗੁਲਾਬ ਸਿੰਘ, ਸ੍ਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਹਰੀ ਸਿੰਘ ਨਲੂਆ, ਅਤਰ ਸਿੰਘ ਸੰਧਾਂਵਾਲੀਆ ਆਦਿਕ ਭੀ ਗਏ। ਉਧਰੋਂ ਚੀਫ ਸਿਕੱਤ੍ਰ ਤੇ (ਕਮਾਂਡਰ ਇੰਚੀਫ) ਸੈਨਾਪਤੀ ਸ਼ਾਹਜ਼ਾਦੇ ਨੂੰ ਅੱਗੇ ਆ ਕੇ ਬੜੇ ਅਦਬ ਦੇ ਨਾਲ ਲੈ ਗਏ। ਲਾਟ ਸਾਹਿਬ ਨੇ ਉੱਠ ਕੇ ਸ਼ਾਹਜ਼ਾਦੇ ਨਾਲ ਹੱਥ ਮਿਲਾਇਆ ਤੇ ਮੁਹੱਬਤ ਨਾਲ ਆਪਣੇ ਸੱਜੇ ਪਾਸੇ ਸੋਨੇ ਦੀ ਕੁਰਸੀ ਪਰ ਬਿਠਾਇਆ ਅਤੇ ਮਹਾਰਾਜੇ ਦੇ ਆਵਣ ਦਾ ਧੰਨਵਾਦ ਕੀਤਾ। ਫੇਰ ਸੁੱਖ ਸਾਂਦ ਪੁੱਛ ਕੇ ਸਭਨਾਂ ਸਰਦਾਰਾਂ ਨੇ ੧੧ ਯਾਰਾ ਦ ਸੈ (੧੧੦੦੦) ਲਾਟ ਸਾਹਿਬ ਦਾ ਸਿਰ ਵਾਰਨਾ ਕੀਤਾ। ਲਾਟ ਸਾਹਿਬ ਨੇ ਸਭ ਨੂੰ ਖਿਲਤ ਦਿੱਤੇ ਅਤੇ ਰੁਖਸਤ ਕੀਤਾ।

ਮੁਲਾਕਾਤ ਦੀ ਤੱਯਾਰੀ ਕਰਨੀ

ਏਧਰ ਬਾਬੇ ਸਾਹਿਬ ਸਿੰਘ ਬੇਦੀ ਜੈਸੇ ਅਨੇਕ ਲੋਕਾਂ ਨੇ ਮਹਾਰਾਜ ਦੇ ਦਿਲ ਵਿੱਚ ਧੜਕਾ ਪਾਉਣਾ ਚਾਹਿਆ ਤੇ ਆਖਿਆ ਕੇ ਮਹਾਰਾਜ ਏਹ ਫਰੰਗੀ ਦੂਰੰਗੀ ਹਨ, ਏਨ੍ਹਾਂ ਨੇ ਏਸੇ ਤਰਾਂ ਅੱਗੇ ਕਈ ਰਾਜੇ ਮਹਾਰਾਜੇ ਕਾਬੂ ਕਰ ਲਏ ਹਨ, ਨਾ ਜਾਣੀਏ ਹੁਣ ਕੀ ਗੱਲ ਹੈ, ਤੁਹਾਨੂੰ ਏਥੇ ਮਿਲਣਾ ਵਾਜਬ ਨਹੀਂ, ਜੇ ਮਿਲਣਾ ਹੀ ਹੈ ਤਾਂ ਅੰਮ੍ਰਿਤਸਰ ਚੱਲ ਕੇ ਮਿਲੋ। ਭਾਂਵੇ ਉਨ੍ਹਾਂ ਨੇ ਇਸ ਪ੍ਰਕਾਰ ਦੀਆਂ ਕਈ ਗੱਲਾਂ ਕਹੀਆਂ ਪਰ ਮਹਾਰਾਜਾ ਸ਼ੇਰੇ ਦਿਲ ਨੇ ਕੁਛ ਪ੍ਰਵਾਹ ਨਾਂ ਕੀਤੀ।

੧੪ ਕੱਤਕ ਨੂੰ ਲਾਟ ਸਾਹਿਬ ਵੱਲੋਂ ਅੰਮ੍ਰਿਤ ਵੇਲੇ ਅੰਗ੍ਰੇਜ਼ੀ ਵਕੀਲ ਮਹਾਰਾਜੇ ਨੂੰ ਲੈਣ ਆ ਗਏ। ਮਹਾਰਾਜ ਤੱਯਾਰ ਹੋਏ ਤਾਂ ਤੁਰਮ ਵੱਜਿਆ, ਸੈਂਗਾਲੀਬ ਵਾਜੇ ਵੱਜੇ। ਮਹਾਰਾਜੇ ਦੇ ਹੁਕਮ ਅਨੁਸਾਰ ਪਹਿਲੇ ਜਨਰਲ ਅਲਾਰਡ ਸਾਹਿਬ ਅੱਠ ਸੈ ਚੁਣਵੇਂ ਅਸਵਾਰ, ਸਨੱਧ ਬੱਧ ਲੈ ਕੇ ਪੁਲੋਂ ਪਾਰ ਜਾ ਖੜੋਤਾ। ਫੇਰ ਖਾਸ ਮਹਾਰਾਜ ਦੀ ਅੜਦਲ ਦਾ ਤਿੰਨ ਹਜ਼ਾਰ ਘੋੜ ਚੜ੍ਹਾ ਰਵਾਨੇ ਹੋਇਆ। ਫੇਰ ਦਰਬਾਰੀ ਫੌਜੀ ਅਫਸਰ

Digitized by Panjab Digital Library | www.panjabdigilib.org

ਚਾਰ ਹਜ਼ਾਰ ਦੇ ਲਗ ਭਗ ਬੜੇ ੨ ਕੀਮਤੀ, ਬਸੰਤੀ ਰੰਗ ਪਸ਼ਮੀਨੇ ਦੇ ਪੁਸ਼ਾਕੇ, ਭਾਂਤਿ
ਭਾਂਤਿ ਦੇ ਜ਼ੇਵਰ ਸੁਇਨੇ ਦੇ ਜੜ੍ਹਾਊ ਤੇ ਕਲਗੀਆਂ, ਸਿਰਪੇਚ ਆਦਿਕ ਲਿਬਾਸ ਧਾਰਨ ਕ
ਰ, ਤੀਰਾਂ ਦੇ ਭੱਥੇ ਲੈ, ਦਾੜ੍ਹੀਆਂ ਸਵਾਰ, ਮੁੱਛਾਂ ਨੂੰ ਕੁੰਡਲ ਪਾ, ਸਨੱਧ ਬੱਧ ਹੋਕੇ ਸ਼ੁਕਾ ਸ਼ੁ
ਕ ਹੋ ਆਏ। ਮਹਾਰਾਜੇ ਨੇ ਭੀ ਬਾਦਸ਼ਾਹੀ ਲਿਬਾਸ ਪਹਿਨਕੇ ਅਮੋਲਕ ਰਤਨਾਂ ਦੀ
ਮਾਲਾ, ਕੰਠ, ਕੋਹਨੂਰ ਹੀਰਾ ਭੁਜਾ ਪਰ ਸਜਾਕੇ ਕਲਗੀ ਜਿਗਾ ਪਹਿਨੀ ਤੇ ਤੁਰਰਾ
ਝੁਲਾਇ, ਕੁਛ ਛਕ ਛਕਾਇ, ਅਰਦਾਸੇ ਸੁਧਾਇ, ਬੜੇ ੨ ਸਰਦਾਰਾਂ ਸਮੇਤ ਪਰ
ਬਤਾਂ ਜੈਸੇ ਹਾਥੀਆਂ ਉੱਤੇ ਚੜ੍ਹਕੇ ਧੀਰੇ ੨ ਦਰੀਆ ਵੱਲ ਚੱਲੇ। ਜਦ ਪੁਲ ਉੱਤਰੇ
ਤਾਂ ਸੂਰਜ ਭੀ ਚੜ੍ਹ ਆਯਾ, ਏਸ ਸਮੇ ਸੂਰਜ ਦੀਆਂ ਕਿਰਨਾਂ, ਦਰਿਆ ਦੀਆਂ ਲਹਿਰਾਂ
ਅਤੇ ਉਸ ਰਤਨ ਜੜਤ ਸੁਇਨੇ ਦੇ ਬੱਦਲ ਦਾ ਝਲਕਾਰਾ ਐਸੀ ਅਨੋਖੀ ਛਬ
ਦਿਖਾਇ ਰਿਹਾ ਸੀ ਜੋ ਇੱਕ ਰੱਬ ਦਾ ਨੂਰ ਹੀ ਨੂਰ ਨਜ਼ਰ ਆ ਰਿਹਾ ਸੀ। ਜਿਨ੍ਹਾਂ ਨੇ ਉ
ਹ ਜਲੂਸ ਦੇਖਿਆ ਹੈ ਉਨ੍ਹਾਂ ਦਾ ਚਿੱਤ ਫੇਰ ਕਿਸੇ ਜਲਸੇ ਦੇ ਦੇਖਣੇ ਨੂੰ ਨਹੀਂ ਚਾਹਿਆ।
ਸਾਰੀ ਫੌਜ ਦਰੀਆ ਉਤਰਕੇ ਦੋਹੀਂ ਪਾਸੀਂ ਦਰੇਸੀ ਨਾਲ ਖੜ੍ਹੀ ਹੋ ਗਈ। ਮਹਾਰਾਜ ਭੀ
ਸਲਾਮੀ ਲੈਂਦੇ ਹੋਏ ਧੀਰੇ ਧੀਰੇ ਗਵਰਨਰ ਦੇ ਤੰਬੂ ਵੱਲ ਚੱਲੇ। ਉਧਰ ਲਾਰਡ ਔਂਟ
ਕ ਸਾਹਿਬ ਬਹਾਦਰ ਵੈਸਰਾਇ ਹਿੰਦ ਆਪ ਹਾਥੀ ਪਰ ਅਸਵਾਰ ਹੋ ਮਹਾਰਾਜੇ ਸ਼ੇਰੇ
ਪੰਜਾਬ ਦੀ ਅਗਵਾਨੀ ਨੂੰ ਆਯਾ। ਜਦ ਦੋਨੋਂ ਹਾਥੀ ਕੱਠੇ ਹੋਏ ਤਾਂ ਮਹਾਰਾਜੇ ਨੇ ਇੱ
ਕ ਸੇਉ ਲਾਟ ਸਾਹਿਬ ਨੂੰ ਆਪਣੇ ਹੱਥ ਵਿੱਚੋਂ ਦਿੱਤਾ ਅਤੇ ਇੱਕ ਆਪਣੇ ਹੱਥ ਵਿੱਚ ਹੀਰ
ਹਿਣ ਦਿੱਤਾ। ਸੇਉ ਲੈਕੇ ਲਾਟ ਸਾਹਿਬ ਬਹੁਤ ਖੁਸ਼ ਹੋਯਾ। ਫੇਰ ਦੋਹਾਂ ਨੇ ਆਪਸ ਵਿੱ
ਚ ਹੱਥ ਮਿਲਾਕੇ ਕੁਸ਼ਲ ਆਨੰਦ ਪੁੱਛੀ, ਜਦ ਲਾਟ ਸਾਹਿਬ ਨੇ ਮਹਾਰਾਜੇ ਦਾ ਹੱਥ ਫ
ੜਿਆ ਤਾਂ ਮਹਾਰਾਜ ਟੱਪ ਕੇ ਉਸੇ ਦੇ ਪਾਸ ਜਾ ਬੈਠੇ। ਫੇਰ ਤਾਂ ਲਾਟ ਸਾਹਿਬ ਗਦ ਗ
ਦ ਹੋ ਗਿਆ। ਦੋਵੇਂ ਚੰਦ ਸੂਰਜ ਇੱਕ ਕਾਲੇ ਮੇਘ ਉੱਤੇ ਬੈਠਕੇ ਗੱਲਾਂ ਕਰਦੇ ਹੋਏ ਧੀ
ਰੇ ਧੀਰੇ ਦਰਵਾਜ਼ੇ ਪਾਸ ਪਹੁੰਚੇ ਤਾਂ ਦੋਵੇਂ ਬਾਦਸ਼ਾਹ ਉਤਰ ਖੜ੍ਹੇ ਤੇ ਮਹਾਰਾਜੇ ਦੇ ਹੁਕ
ਮ ਅਨੁਸਾਰ ਜਦ ਸਬ ਸਰਦਾਰ ਦਰਬਾਰ ਵਿੱਚ ਜਾ ਬੈਠੇ ਤਾਂ ਮਹਾਰਾਜਾ ਤੇ ਵੈਸਰਾਇ
ਹਿੰਦ ਹੱਥ ਵਿੱਚ ਹੱਥ ਪਾਏ ਹੋਏ, ਦਰਬਾਰੀ ਖੇਮੇ ਦੇ ਅੰਦਰ ਜੜ੍ਹਾਊ ਕੁਰਸੀਆਂ ਉੱਤੇ ਜਾ
ਬਿਰਾਜੇ। ਲਾਟ ਸਾਹਿਬ ਨੇ ਮਹਾਰਾਜੇ ਨੂੰ ਆਪਣੇ ਸੱਜੇ ਪਾਸੇ ਬਿਠਾਯਾ। ਫੇਰ ਖੁਸ਼ੀ
ਦੀ ਝਲਕ ਹੋਈ। ਮਹਾਰਾਜ ਨੂੰ ਅੰਗ੍ਰੇਜ਼ੀ ਤੇ ਲਾਟ ਸਾਹਿਬ ਨੂੰ ਪੰਜਾਬੀ ਬੋਲੀ ਦਾ ਮਤ

Digitized by Panjab Digital Library | www.panjabdigilib.org

੮੨੪ ਲਬ ਸਮਝਾਵਣ ਲਈ ਦੋਹਾਂ ਦੇ ਵਿੱਚਕਾਰ ਫਕੀਰ ਅਜੀਜੁੱਦੀਨ ਤੇ ਕਪਤਾਨ ਵੈਡ ਸਾਹਿਬ ਦੋਨੋਂ ਦੁਭਾਸੀਏ ਖੜੇ ਹੋਏ ਪਹਿਲੇ ਅਨੇਕ ਤਰਾਂ ਦੀਆਂ ਗੱਲਾਂ ਬਾਤਾਂ ਹੋਈਆਂ ਫੇਰ ਲਾਟ ਸਾਹਿਬ ਨੇ ਮਹਾਰਾਜੇ ਦੀ ਸਿਪਾਹਗੀ ਦਲੇਰੀ ਤੇ ਸਜਧਜ ਬਹੁਤ ਸਲਾਹੀ ਮਹਾਰਾਜੇ ਨੇ ਅੰਗ੍ਰੇਜ਼ੀ ਕੁਵਾਯਦ ਦੀ ਸਫਾਈ ਉੱਚਾਰੀ ਫੇਰ ਮਹਾਰਾਜੇ ਨੇ ਗਿਆਰਾਂ ਸੌ (੧੧੦੦) ਬਧਕੀ ਸੁਇਨੇ ਦੀ ਲਾਟ ਸਾਹਿਬ ਦਾ ਸਿਰਵਾਰਨਾ ਕੀਤੀ ਤੇ ਲਾਟ ਸਾਹਿਬ ਨੇ ਭੀ ਓਤਨੀ ਹੀ ਦੌਲਤ ਮਹਾਰਾਜੇ ਉੱਪਰੋਂ ਵਾਰੀ ਫੇਰ ਮਹਾਰਾਜ ਨੇ ਆਪਣੇ ਹਰਾਇਕ ਸਰਦਾਰ ਦੀ ਮਹਿਮਾ ਤੇ ਲਾਯਕੀ ਸੁਣਾਕੇ ਇੱਕ ਇੱਕ ਕਰਕੇ ਲਾਟ ਸਾਹਿਬ ਨਾਲ ਮੁਲਾਕਾਤ ਕਰਾਈ ਸਾਹਿਬ ਬਹਾਦੁਰ ਨੇ ਸਬ ਨਾਲ ਹੱਥ ਮਿਲਾਇ ੨ ਸਲਾਮ ਲਈ ਫੇਰ ਲਾਟ ਸਾਹਿਬ ਨੇ ਭੀ ਏਸੇ ਤਰਾਂ ਬੜੇ ਬੜੇ ਉਹਦੇਦਾਰ ਇੱਜ਼ਤ ਵਾਲੇ ਅੰਗ੍ਰੇਜ਼ ਮਹਾਰਾਜੇ ਪਾਸ ਪੇਸ਼ ਕੀਤੇ।

ਏਹ ਦਰਬਾਰ ਬਹੁਤ ਅਦਭੁਤ ਸਜ ਰਿਹਾ ਸੀ ਇਕ ਪਾਸੇ ਲੇਤੀਆਂ, ਮੇਜਾਂ ਭਾਂਤਿ ੨ ਦੇ ਰੇਸ਼ਮੀ ਕਪੜੇ, ਕੀਮਤੀ ਫੁੱਲ, ਨਾਜ਼ਕ ਬਰਤਨਾਂ ਉੱਪਰ ਸਜਾਇਕੇ ਤਾਰੀਆਂ ਵਾਂਗੂ ਪ੍ਰਕਾਸ਼ ਰਹੀਆਂ ਸਨ ਤੇ ਓਨ੍ਹਾਂ ਦੇ ਪਾਸ ਹੀ ਬੜੇ ੨ ਦਰਸਨੀ ਅਕਲ, ਇਲਮ ਦੇ ਭਰੇ ਹੋਏ ਲਾਲ ੨ ਚਿਹਰਿਆਂ ਵਾਲੇ ਅੰਗ੍ਰੇਜ਼ ਸੁਭਾਇਮਾਨ ਸੇ ਦੂਜੇ ਪਾਸੇ ਸੂਰਬੀਰ ਸਿੰਘ, ਕੁੰਡੇ ਮੁਛਹਿਰੇ, ਸਜੀਲੇ ਦਾੜ੍ਹੇ, ਰੰਗੀਲੇ ਪੁਸ਼ਾਕੇ, ਰਸੀਲੇ ਨੇਤ੍ਰ, ਬੀਰਰਸ ਤੇ ਸਿੰਗਾਰ ਰਸ ਦੇ ਛਕੇ ਹੋਏ, ਦੇਵਤਿਆਂ ਵਾਂਗੂ ਛਬ ਦੇ ਰਹੇ ਸੇ ਸਬ ਦੇ ਵਿਚਕਾਰ ਮਹਾਰਾਜਾ ਤੇ ਲਾਟ ਸਾਹਿਬ ਪ੍ਰਤੱਖ ਸੂਰਜ ਚੰਦ ਵਾਂਗੂ ਬੈਠੇ ਗੱਲਾਂ ਕੱਥਾਂ ਕਰ ੨ ਮੁਸਕਰਾਉਂਦੇ ਹੋਏ ਸਭਾ ਨੂੰ ਸੋਭਾ ਦੇ ਰਹੇ ਸੇ ਗੱਲਾਂ ਬਾਤਾਂ ਕਰਕੇ ਉੱਠਣ ਦੇ ਵੇਲੇ ਲਾਟ ਸਾਹਿਬ ਦੀ ਤਰਫੋਂ ਓਸ ਦੇ ਸਿਕੱਤ੍ਰਾਂ ਨੇ ੫੧ ਕਿਸ਼ਤੀਆਂ ਕਿਸਮ ੨ ਦੇ ਗੈਹਣੇ, ਕਪੜੇ ਜਵਾਹਰਾਤ ਦੀਆਂ, ਤੇ ਇੱਕ ਤਲਵਾਰ ਜੜਾਊ ਮੁੱਠ ਦੀ, ਦੋ ਘੋੜੇ ਸਾਮਾਨ ਸਮੇਤ, ਇੱਕ ਹਾਥੀ ਮੁਲਕ ਬ੍ਰਮਾਂ ਦਾ ਸੋਨੇ ਦੇ ਹੌਦੇ ਤੇ ਝੂਲਾਂ ਵਾਲਾ ਮਹਾਰਾਜ ਦੀ ਨਜ਼ਰ ਕੀਤਾ ਅਤੇ ੨੧ ਕਿਸ਼ਤੀਆਂ ੧ ਘੋੜਾ ਅਮੋਲਕ ਸਾਮਾਨ ਸਮੇਤ ਸਾਹਜਾਦੇ ਖੜਗ ਸਿੰਘ ਨੂੰ ਦਿਤਾ ਅਤੇ ਇੱਕ ਇੱਕ ਖਿਲਤ ਹਰਾਇਕ ਸਰਦਾਰ ਨੂੰ ਦੇਕੇ ਦਰਬਾਰ ਬਰਖਾਸਤ ਕੀਤਾ ਮਹਾਰਾਜੇ ਨੇ ਦੋ ਹਜ਼ਾਰ ਰੁਪਯਾ ਖਿਲਤ ਉਠਾਉਣ ਵਾਲਿਆਂ ਨੂੰ ਦਿੱਤਾ ਖੇਮੇ ਤੋਂ ਬਾਹਰ ਤਕ ਲਾਟ ਸਾਹਿਬ ਮਹਾਰਾਜੇ ਨੂੰ ਬਿਦਾ ਕਰਨ ਆਏ ਤਾਂ ਮਹਾਰਾਜੇ ਨੇ ਆਪਣੇ ਕੋਤਲ ਘੋੜੇ ਲਾਟ ਸਾਹਿਬ ਨੂੰ ਦਿਖਾਏ, ਜਿਨ੍ਹਾਂ ਨੂੰ ਓਸਨੇ ਬਹੁਤ ਹੀ ਸਲਾਹਿਆ। ਅੰਗ੍ਰੇਜ਼ੀ ਫੌਜ ਦੀ ਸਲਾਮੀ ਲੈਂਦੇ ਹੋਏ ਮਹਾਰਾਜਾ ਦਰਿਆ ਲੰਘਕੇ ਡੇਰੇ ਆ ਗਏ, ਤੇ ਤਿੰਨ

Digitized by Panjab Digital Library | www.panjabdigilib.org

ਕਲਮਦਾਨ ਕਸ਼ਮੀਰੀ ਬਹੁਤ ਸੁੰਦਰ ਰਤਨ ਜੜਤ (ਇਕ ਲਾਟ ਸਾਹਿਬ ਲਈ ਦੂਜਾ ਉ ੪੨੫
ਸਦੀ ਮੇਮ ਵਾਸਤੇ, ਤੀਜਾ ਚੀਫ ਸਕੱਤ੍ਰ ਨੂੰ) ਫਕੀਰ ਅਜ਼ੀਜ਼ੁਦੀਨ ਦੇ ਹਥ ਭੇਜੇ ਜਿੰਨ੍ਹਾਂ ਨੂੰ ਦੇ
ਖਕੇ ਓਹ ਬਹੁਤ ਖੁਸ਼ੀ ਹੋਏ। — ਦੂਜੇ ਦਿਨ ਲਾਟ ਸਾਹਿਬ ਬਹਾਦਰ ਮਹਾਰਾਜ ਦੀ ਮੁ
ਲਾਕਾਤ ਨੂੰ ਆਏ ਟਿੱਕਾ ਖੜਗਸਿੰਘ ਤੇ ਕੌਰ ਸ਼ੇਰਸਿੰਘ ਪਾਰ ਤੀਕਰ ਅਗਵਾਨੀ ਨੂੰ
ਗਏ ਪੁਲੋਂ ਉਤਰਦੇ ਲਾਟ ਸਾਹਿਬ ਦੀ ਫੌਜ ਖਾਲਸੇ ਨੇ (ਜੋ ਦੋਹੀਂ ਪਾਸੀਂ ਦਰੋਸ਼ ਬੰਨ੍ਹੀ
ਖੜੀ ਸੀ) ਸਲਾਮੀ ਲਈ, ਮੰਗਲੀਕ ਵਾਜੇ ਵੱਜੇ, ਤੰਬੂ ਨੂੰ ਮਹਾਰਾਜ ਬੀ ਜਾ ਪਹੁੰ
ਚੇ, ਲਾਟ ਸਾਹਿਬ ਦੇ ਹੱਥ ਨਾਲ ਹੱਥ ਮਿਲਾ ਕੇ ਕੁਸ਼ਲ ਆਨੰਦ ਪੁੱਛਿਆ, ਲਾਟ ਸਾਹਿ
ਬ ਮਹਾਰਾਜੇ ਦੇ ਹਾਥੀ ਪਰ ਜੀਆ ਬੈਠਾ ਦੇਦੇ ਬਾਦਸ਼ਾਹ ਝਾਕਾ ਦੀਦਾਰ ਲੈਂਦੇ ਹੋਏ
ਉਸ ਤੰਬੂ ਦੇ ਨੇੜੇ ਆ ਉਤਰੇ ਜਿਸਦੇ ਦੂਰ ਤਕ ਮਖਮਲੀ ਸਾਏਬਾਨ, ਜ਼ਰੀਕਜੜਤ
ਸੋਨੇ ਚਾਂਦੀ ਦੀਆਂ ਚੋਬਾਂ ਉੱਤੇ ਰੇਸ਼ਮ ਤੇ ਜ਼ਰੀ ਦੀਆਂ ਡੋਰਾਂ ਨਾਲ ਤਣੇ ਹੋਏ ਸੇ ਤੇ ਹੇਠਾਂ ਸੁ
ਲਤਾਨੀ ਬਨਾਤ ਤੇ ਕਸ਼ਮੀਰੀ ਗਾਲੀਚੇ ਵਿਛ ਰਹੇ ਸੇ। ਫੇਰ ਲਾਟ ਸਾਹਿਬ ਦਾ ਹੱਥ ਫੜ
ਕੇ ਉਸ ਤੰਬੂ ਦੇ ਅੰਦਰ ਲੈ ਗਏ ਜਿਸ ਵਿਚ ਅਦਭੁਤ ਸਾਮਾਨ ਦੇ ਸਹਿਤ ਦੋ ਕੁਰਸੀਆਂ
ਸੋਨੇ ਦੀਆਂ ਸਨ ਤੇ ਜਿਨ੍ਹਾਂ ਵਿੱਚ ਐਸੇ ਅਮੋਲਕ ਰਤਨ ਜੜੇ ਹੋਏ ਸੇ ਜੋ ਸੂਰਜ ਨੂੰ ਭੀ
ਮਾਤ ਕਰਦੇ ਸਨ। ਹੋਰ ਹੀਰੇ ਮੋਤੀ ਨੀਲਮਾਂ ਦੇ ਅਨੇਕ ਝਾੜਾਂ ਕਰਕੇ ਓਹ ਤੰਬੂ ਸਜ
ਰਿਹਾ ਸੀ, ਤੇ ਏਡਾ ਵੱਡਾ ਸੀ ਜਿਸ ਵਿਚ ਹਜ਼ਾਰ ਆਦਮੀ ਬੈਠ ਸਕਦਾ ਸੀ। ਮਹਾਰਾਜੇ
ਨੇ ਲਾਟ ਸਾਹਿਬ ਨੂੰ ਬਡੇ ਪ੍ਰੇਮ ਨਾਲ ਸੱਜੇ ਪਾਸੇ ਕੁਰਸੀ ਉੱਪਰ ਬਿਠਾਯਾ। ਫੇਰ ਇਕ ਤਰਫ
ਲਾਟ ਸਾਹਿਬ ਦੇ ਮੁਸਾਹਿਬ ਤੇ ਇੱਕ ਪਾਸੇ ਮਹਾਰਾਜੇ ਦੇ ਸਰਦਾਰ ਬੈਠ ਗਏ।
ਪਹਿਲੇ ਮਹਾਰਾਜੇ ਦੇ ਸ੍ਰਦਾਰਾਂ ਨੇ ਬਾਰੀ ੨ ਉੱਠ ਉਠਕੇ ਵੈਸਰਾਇ ਹਿੰਦ ਤੇ ਮਹਾਰਾਜੇ ਦੇ
ਅੱਗੇ ਨਜ਼ਰਾਂ ਰੱਖੀਆਂ ਤੇ ਕਪਤਾਨ ਵੈਡ ਸਾਹਿਬ ਹਰ ਇੱਕ ਦਾ ਨਾਮ ਲੈ ਲੈ ਕੇ ਸਿਫਤ ਕ
ਰਦਾ ਗਿਆ। ਫੇਰ ਚੀਫ ਸਕੱਤ੍ਰ ਸਾਹਿਬ ਨੇ ਹਰ ਏਕ ਅੰਗ੍ਰੇਜ਼ ਅਫਸਰਾਂ ਦਾ ਨਾਮ ਤੇ
ਉਹਦਾ ਔਹਦਾ ਬੋਲ ਬੋਲ, ਮਹਾਰਾਜੇ ਦੇ ਪੇਸ਼ ਕੀਤਾ ਮਹਾਰਾਜੇ ਨੇ ਸਭ ਨਾਲ ਹੱਥ ਮਿਲਾਇ
ਮਿਲਾਇ ਕੁਸ਼ਲ ਆਨੰਦ ਪੁੱਛੀ। ਫੇਰ ਅਤਰ ਪਾਨ ਵਰਤਾਯਾ, ਹੂਰਾਂ ਪਰੀਆਂ ਦੇ ਨਾ
ਚ ਮੁਜਰੇ ਰੰਗ ਰਾਗ ਹੋਏ। ਫੇਰ ੧੦੧ ਕਿਸ਼ਤੀ ਪਸ਼ਮੀਨੇ ਤੇ ਪੰਜਾਬ ਦੇ ਬਸਤ੍ਰ, ਜ਼ੇ
ਵਰ ਤੇ ਕਈ ਪ੍ਰਕਾਰ ਦੇ ਜਵਾਹਰਾਤ ਦੀ, ੧ ਤਲਵਾਰ, ੧ ਕਮਾਣ, ਦੋ ਘੋੜੇ ਅਮੋਲਕ
ਸਾਜ ਸਮੇਤ, ੧ ਹਾਥੀ ਸੋਨੇ ਦੇ ਸਾਜ ਸਮੇਤ ਮਹਾਰਾਜੇ ਵੱਲੋਂ ਲਾਟ ਸਾਹਿਬ ਨੂੰ ਤੋਹਫੇ

Digitized by Panjab Digital Library | www.panjabdigilib.org

੪੨੯ ਦਿੱਤੇ ਗਏ ਜੋ ਬੜੀ ਖ਼ੁਸ਼ੀ ਨਾਲ ਉਸ ਨੇ ਲੈ ਕੇ ਮਹਾਰਾਜ ਦਾ ਧੰਨਿਆਬਾਦ ਕੀਤਾ। ਫੇਰ ਬਾਕੀ ਦੇ ਸਭ ਮੁਸਾਹਿਬਾਂ ਨੂੰ ਖਿਲਤ ਤੋੜੇ ਜਥਾ ਜੋਗ ਦੇ ਕੇ ਦਰਬਾਰ ਬਰਖ਼ਾਸਤ ਕੀਤਾ। ਮਹਾਰਾਜ ਦਰਵਾਜ਼ੇ ਤਕ ਲਾਟ ਨੂੰ ਬਿਦਾ ਕਰਨ ਆਏ। ਸ਼ਾਹਜ਼ਾਦਾ ਖੜਗ ਸਿੰਘ ਤੇ ਸ਼ੇਰ ਸਿੰਘ ਵੈਸਰਾਇ ਦੇ ਨਾਲ ਗਏ। ਦੂਸਰੇ ਦਿਨ ਮਹਾਰਾਜੇ ਨੇ ਲਾਟ ਸਾਹਿਬ ਦੇ ਜਲਸੇ ਵਿਚ ਸਭਨਾ ਸਰਦਾਰਾਂ ਸਮੇਤ ਮੇਮਾਂ ਦਾ ਨਾਚ ਦੇਖਿਆ। ਹੋਰ ਕਈ ਪ੍ਰਕਾਰ ਦੇ ਰਾਗ ਰੰਗ ਖ਼ੁਸ਼ੀਆਂ ਹੋਈਆਂ। ਅਗਲੇ ਦਿਨ ਲਾਟ ਸਾਹਿਬ ਨੇ ਫ਼ੌਜ ਖਾਲਸੇ ਦੀ ਕੁਵਾਯਦ ਦੇਖੀ। ਫੇਰ ਰਾਤ ਨੂੰ ਸਭਨਾਂ ਅਫ਼ਸਰਾਂ ਸਮੇਤ ਲਾਟ ਸਾਹਿਬ ਮਹਾਰਾਜੇ ਦੀ ਸਭਾ ਵਿੱਚ ਆਏ। ਏਸ ਜਲਸੇ ਵਿੱਚ ਭਾਂਤ ਭਾਂਤ ਦੇ ਰਾਗ ਰੰਗ ਹੋਏ ਤੇ ਕੀਮਤੀ ਸ਼ਰਾਬਾਂ ਉਡਾਈਆਂ ਗਈਆਂ, ਪਿਆਲਾ ਭਰ ਭਰ ਕੇ ਭੈਰਵੀ ਚੱਕ੍ਰ ਪੂਰਾ ਕੀਤਾ। ਰਾਤ ਦੇ ਇੱਕ ਵਜੇ ਲਾਟ ਸਾਹਿਬ ਆਪਣੇ ਡੇਰੇ ਨੂੰ ਗਏ।

ਅੰਗ੍ਰੇਜ਼ੀ ਨਾਚ

੧੭ ਕਤਕ ਨੂੰ ਅੰਮ੍ਰਿਤ ਵੇਲੇ ਲਾਟ ਸਾਹਿਬ ਨੇ ਆਪਣੀ ਫ਼ੌਜ ਤੇ ਨੇਜ਼ੇਬਾਜ਼ੀ ਘੋੜ ਦੌੜ ਦਾ ਆਨੰਦ ਦਿਖਾਯਾ। ਫੇਰ ਤੋਪਖਾਨੇ ਨੇ ਨਿਸ਼ਾਨੇ ਉਡਾਏ, ਅੰਗ੍ਰੇਜ਼ੀ ਅਫ਼ਸਰਾਂ ਨੇ ਜੰਗ ਦੇ ਕਰਤਬ ਦਿਖਾਏ। ਫੇਰ ਮਹਾਰਾਜੇ ਦੇ ਸਰਦਾਰਾਂ ਵਿੱਚੋਂ ਸਭ ਤੋਂ ਪਹਿਲੇ ਰਾਜੇ ਧਿਆਨ ਸਿੰਘ ਨੇ ਘੋੜਾ ਦੌੜਾਇ ੨ ਅਸਵਾਰੀ ਦੇ ਕਰਤਬ ਦਿਖਾਏ, ਨਿਸ਼ਾਨੇ ਮਾਰੇ, ਨਿੰਬੂ ਕੱਟੇ। ਫੇਰ ਉਸੇ ਤਰਾਂ ਰਾਜੇ ਗੁਲਾਬ ਸਿੰਘ, ਤੇ ਸੁਚੇਤ ਸਿੰਘ ਨੇ ਹੱਥ ਦਿਖਾਏ। ਫੇਰ ਹੋਰ ਫ਼ੌਜੀ ਅਫ਼ਸਰਾਂ ਨੇ ਅਜੇਹੇ ਕਰਤਬ ਦਿਖਾਏ ਜੋ ਅੰਗ੍ਰੇਜ਼ ਹੱਕੇ ਬੱਕੇ ਰਹ ਗਏ। ਸਭ ਤੋਂ ਪਿੱਛੋਂ ਮਹਾਰਾਜੇ ਨੂੰ ਭੀ ਬੀਰ ਰਸ ਨੇ ਉਮੰਗਾ ਦਿੱਤੀ ਤੇ ਮੈਦਾਨ ਵਿਚ ਸਿਰ ਤੋੜ ਘੋੜਾ ਦੌੜਾ ਕੇ, ਪਹਿਲੇ ਤਾਂ ਨੇਜ਼ੇ ਨਾਲ ਕਿੱਲੇ ਪੁੱਟੇ, ਸੈਫ਼ ਨਾਲ ਨਿੰਬੂ ਚੀਰੇ। ਫੇਰ ਇੱਕ ਗੜਵਾ ਪਿੱਤਲ ਦਾ ਮੈਦਾਨ ਵਿੱਚ ਰੱਖ ਕੇ, ਘੋੜਾ ਦੌੜਾਉਂਦੇ ਹੋਏ ਉਸ ਉੱਤੇ ਤਲਵਾਰ ਦੇ ਧੱਪਲੇ ਨਾਲ ਇੱਕ ਇੱਕ ਵਾਰੀ ਤਿੱਨ ਤਿੱਨ ਲੀਕਾਂ ਖਿੱਚ ੨ ਕੇ ਇੱਕ ਬੂਟਾ ਚਿੱਤ੍ਰ ਦਿੱਤਾ। ਜਿਸ ਨੂੰ ਦੇਖ ਕੇ ਕੁੱਲ ਰਈਸ ਤੇ ਲਾਟ ਸਾਹਿਬ ਅਸਚਰਜ ਹੋ ਰਹੇ ਤੇ ਵਾਹ ਵਾਹ ਦੀ ਧੁਨੀ ਨਾਲ ਆਕਾਸ਼ ਭਰ ਗਿਆ। ਫੇਰ ਸਰਦਾਰ ਅਮਰ ਸਿੰਘ ਮਜੀਠੀਏ ਜੈਸੇ ਸਰਦਾਰਾਂ ਨੇ ਕੜਾਹੇ ਤੇ ਦਰਖਤਾਂ ਵਿੱਚੋਂ ਤੀਰ ਪਾਰ ਕੱਢ ਕੱਢ ਦਿਖਾਏ। ਜਰਨੈਲ ਹਰਸਾ ਸਿੰਘ ਨੇ ਮੰਜੇ ਉਪਰ ਬੈਠ ਕੇ, ਕਾਉਂ ਨੂੰ ਮੰਜੇ ਹੇਠ ਛੱਡ ਕੇ ਗਤਕੇ ਦੀ ਫੁਰਤੀ ਨਾਲ ਮਾਰ ਦਿਖਾਯਾ। ਐਹੋ ਜੇਹਾ ਹੁਨਰ ਵਾਲਾ ਹੋਰ ਕੋਈ ਆਦਮੀ ਮਹਾਰਾਜੇ ਪਾਸ ਨਹੀਂ ਸੀ। ਲਾਟ ਸਾਹਿਬ ਨੇ ਬਹੁਤ ਪ੍ਰਸੰਨ ਹੋ ਕੇ ਆਖਿਆ ਮਹਾਰਾਜੇ

Digitized by Panjab Digital Library | www.panjabdigilib.org

ਦੀ ਫੌਜ ਦੀ ਬਹਾਦਰੀ ਤੇ ਚਾਲਾਕੀ ਜਿਨੀਕ ਅਸੀਂ ਸੁਣਦੇ ਸਮਝਦੇ ਸਾਂ ਉਦੂੰ ਦੂਣੀ ੪੨੧
ਤਯਾਰੀ ਵਿੱਚ ਹੈ। — ਉਸੇ ਦਿਨ ਸੰਝ ਵੇਲੇ ਮਹਾਰਾਜੇ ਨੇ ਲਾਟ ਸਾਹਿਬ ਨਾਲ
ਅੰਤ ਦੀ ਮੁਲਾਕਾਤ ਕੀਤੀ। ਦੋ ਤੋਪਾਂ ਅੱਠਾਂ ੨ ਘੋੜਿਆਂ ਸਮੇਤ ਤੇ ਇਕ ਲੋਹੇ ਦਾ ਪੁਲ ਕੈਂ
ਚੀਆਂ ਵਾਲਾ (ਜੋ ਜਿਸ ਵੇਲੇ ਚਾਹੀਏ ਦਰੀਯਾ ਉਪਰ ਧਰ ਲਈਏ) ਮਹਾਰਾਜੇ ਨੂੰ
ਲਾਟ ਸਾਹਿਬ ਨੇ ਦਿੱਤਾ। ਦੋਵੇਂ ਬਾਦਸ਼ਾਹ ਮਿਲ ਜੁਲ ਕੇ ਬਿਦਾ ਹੋਏ। ਤੁਰਦਿਆਂ ਹੋਯਾਂ
ਮਹਾਰਾਜੇ ਨੇ ਚੀਫ ਸਕੱਤ੍ਰ ਨੂੰ ਏਹ ਗੱਲ ਆਖੀ ਕੇ ਸਿੰਧ ਦੇ ਮੁਲਕ ਨੂੰ ਸ੍ਰਕਾਰ ਅੰਗ੍ਰੇਜ਼ੀ
ਤੇ ਸ੍ਰਕਾਰ ਖਾਲਸਾ ਰਲ ਕੇ ਫਤੇ ਕਰਨ ਤਾਂ ਚੰਗਾ ਹੈ। ਪਰ ਉਸ ਨੇ ਏਸ ਗੱਲ ਦਾ ਜਵਾਬ
ਕੁਛ ਨਾ ਦਿੱਤਾ। ———— ॥ ੨੨ ਮੱਘਰ ਨੂੰ ਮਹਾਰਾਜ ਰੋਪੜੋਂ ਕੂ
ਚ ਕਰਕੇ ਕਪੂਰਥਲੇ ਆ ਉਤਰੇ। ੨੮ ਨੂੰ ਲਾਹੌਰ ਪਹੁੰਚੇ ਤਾਂ ਨਵਾਬ ਪੀਰੋਲਖਾਂ ਸੂ ਕੰਧਾਰੋਂ ਤੋਹਫੇ ਆਵਣੇ
ਬੇ ਕੰਧਾਰ ਦਾ, ਵਕੀਲ ਮੀਰ ਅਖੁਰਮਸ਼ਾਹ ਮਹਾਰਾਜੇ ਵਾਸਤੇ ਤੋਹਫੇ ਲੈਕੇ ਆਯਾ।
ਮਹਾਰਾਜੇ ਨੇ ਬੜੀ ਖੁਸ਼ੀ ਨਾਲ ਲੈ ਲਏ ਤੇ ਉਸ ਨੂੰ ਖਿਲਤ ਦੇ ਕੇ ਰੁਖਸਤ ਕੀਤਾ।
ਏਸੇ ਸਾਲ ਜਦ ਦੀਵਾਨ ਦੀਨਾਨਾਥ ਨੇ ਲਿਖਿਆ ਕੇ ਸਾਦਕ ਮੁਹੰਮਦ ਖਾਂ ਡੇਰੇ ਗਾਜ਼ੀਖਾਂ ਵਾ
ਲਾ ਦੋ ਬਰਸ ਹੋਏ ਖਿਰਾਜ ਨਹੀਂ ਦਿੰਦਾ। ਤਦ ਮਹਾਰਾਜੇ ਨੇ ਵੰਤੂਰਾ ਸਾਹਿਬ ਨੂੰ
ਫੌਜ ਦੇਕੇ ਉਧਰ ਭੇਜਿਆ ਤੇ ਹੁਕਮ ਦਿਤਾ ਕੇ ਬਹਾਵਲਪੁਰੋਂ ਬੀ ਕਰ ਲੈਂਦੇ ਆਉਣਾ।
ਜਦ ਵੰਤੂਰਾ ਸਾਹਿਬ ਚੜ੍ਹਿਆ ਤਾਂ ਨਵਾਬ ਤਾਂ ਕਿਧਰੇ ਨੱਠ ਗਿਆ ਤੇ ਸਾਹਿਬ ਨੇ ਉਸ ਦਾ
ਛੀ ਲੱਖ ਦਾ ਮੁਲਕ ਜ਼ਬਤ ਕਰ ਲਿਆ, ਫੇਰ ਬਹਾਵਲਪੁਰੋਂ ਜਾ ਕੇ ਕਰ ਲਿਆ। ਉਸੇ
ਥਾਂ ਜਦ ਸਾਹਿਬ ਨੇ ਸੁਣਿਆ ਕੇ ਅੰਗ੍ਰੇਜ਼ਾਂ ਨੇ ਜਨਰਲ ਪੋਟਿੰਜਰ ਸਾਹਿਬ ਨੂੰ ਸਿੰਧ ਮੁਲ
ਕ ਵੱਲ ਭੇਜਿਆ ਹੈ ਤਦ ਮਹਾਰਾਜੇ ਤੋਂ ਸਿੰਧ ਸ਼ਿਕਾਰਪੁਰ ਫਤੇ ਕਰਨ ਲਈ ਆਗਿਆ ਮੰਗੀ
ਪਰ ਮਹਾਰਾਜੇ ਨੇ ਅੰਗ੍ਰੇਜ਼ਾਂ ਨਾਲ ਬਿਗਾੜ ਕਰਨਾ ਅੱਛਾ ਨਾ ਸਮਝ ਕੇ ਵੰਤੂਰੇ ਸਾਹਿਬ
ਨੂੰ ਲਾਹੌਰ ਬੁਲਾ ਲੀਤਾ। — ਫੇਰ ਸੂਬੇ ਕਸ਼ਮੀਰ ਦੀ ਬਹੁਤ ਖਰਾਬੀ ਸੁਣ ਕੇ ਮਹਾਰਾ
ਜੇ ਨੇ ਪਹਿਲੇ ਤਾਂ ਉਥੇ ਕੌਰ ਸ਼ੇਰਸਿੰਘ ਨੂੰ ਭੇਜਿਆ, ਜਾਂ ਉਸ ਤੋਂ ਚੰਗਾ ਬੰਦੋਬਸਤ ਨਾ ਹੋਯਾ
ਤਾਂ ਜਮਾਦਾਰ ਨੂੰ ਘੱਲਿਆ। ਉਸ ਨੇ ਕਸ਼ਮੀਰ ਵਿਚ ਅਜੇਹਾ ਜ਼ੁਲਮ ਕੀਤਾ, ਜੋ ਜਿੱਥੇ ਅੱਠ ਹਜ਼ਾ
ਰ ਕਾਰਖਾਨਾ ਪਸ਼ਮੀਨੇ ਦਾ ਸੀ ਉਥੇ ਇੱਕ ਹਜਾਰ ਰਹਿ ਗਯਾ। ਉਸ ਦੇ ਉਜਾੜੇ ਹੋਏ ਕਸ਼ਮੀ
ਰੀ ਲੋਗ ਅੰਮ੍ਰਿਤਸਰ, ਲੁਦੇਹਾਣੇ, ਲਖਨਊ, ਕਲਕਤੇ ਤਕ ਚਲੇ ਗਏ ਜੋ ਹੁਣ ਤਾਂਈ ਉ
ਥੇ ਬਸਦੇ ਹਨ। ਇਸ ਜ਼ੁਲਮ ਬਦਲੇ ਮਹਾਰਾਜੇ ਨੇ ਜਮਾਦਾਰ ਨੂੰ ਨੌਕਰੀ ਤੋਂ ਹਟਾ ਕੇ ਕਸ਼

Digitized by Panjab Digital Library | www.panjabdigilib.org

੪੨੯ ਮੀਰ ਦਾ ਸੂਬਾ ਮੀਹਾਂ ਸਿੰਘ ਨੂੰ ਕੀਤਾ। ਉਸੇ ਸਮੇ ਬੰਨੂੰ ਟਾਂਕ, ਚਨੋਟ ਤੋਂ ਖਿਰਾਜ ਲੈਕੇ
ਕੌਰ ਖੜਗ ਸਿੰਘ ਜੀ ਲਾਹੌਰ ਆ ਗਏ ਤੇ ਸ੍ਰਦਾਰ ਹਰੀ ਸਿੰਘ ਅਟਕ ਦੇ ਬਾਗੀ ਪਠਾਣਾਂ
ਦੀ ਗਰਦਨ ਭੰਨ ਕੇ ਆ ਗਿਆ।

(ਅਕਾਲੀਆਂ ਦਾ ਦੰਗਾ।)

ਉਸੇ ਸਾਲ ਕਪਤਾਨ ਵੇਡ ਸਾਹਿਬ ਲਾਟ ਸਾਹਿਬ ਦਾ ਏਹ ਸਨੇਹਾ ਲੈਕੇ ਆਯਾ ਕੇ ਸ੍ਰਕਾਰ
ਅੰਗ੍ਰੇਜ਼ੀ ਚਾਹੁੰਦੀ ਹੈ ਜੋ ਦਰੀਆ ਸਿੰਧ ਦੇ ਰਸਤੇ ਕਾਬੁਲ, ਕੰਧਾਰ, ਪਸ਼ੌਰ, ਤਕ ਅੰਗ੍ਰੇਜ਼ੀ
ਸੌਦਾਗਰੀ ਹੋਣ ਦੀ ਆਪ ਆਗਯਾ ਦੇਵੋ ਤਾਂ ਚੰਗਾ ਹੈ ਮਹਾਰਾਜੇ ਨੇ ਉਦੋਂ ਤਾਂ ਨਾ ਮੰਨੀ ਪ
ਰ ਜਦ ਅੰਗ੍ਰੇਜ਼ਾਂ ਨੇ ਸਿੰਧ ਦੇ ਅਮੀਰਾਂ ਤੋਂ ਏਹੋ ਗਲ ਮਨਜ਼ੂਰ ਕਰਾ ਲਈ ਤਾਂ ਮਹਾਰਾਜ
ਨੂੰ ਭੀ ਮੰਨਣੀ ਪਈ। —— ਤਦੋਂ ਹੀ ਲਫਟੈਨ ਵਰਨਸ ਸਾਹਿਬ ਜੋ ਪਹਿਲੇ ਲੰਦਨੋ ਤੇ
ਤੋਫੇ ਲੈਕੇ ਆਯਾ ਸੀ ਕਾਬੁਲ, ਕੰਧਾਰ, ਬਲਖ, ਬੁਖਾਰੇ ਵਲ ਸੈਲ ਕਰਨ ਚੱਲੇ ਨੂੰ ਫੀਰੋ
ਜ਼ਪੁਰ ਪਾਸ ਅਕਾਲੀਆਂ ਸਿੰਘਾਂ ਨੇ ਲੁਟ ਲਿਆ ਤੇ ਉਸਨੂੰ ਬਹੁਤ ਤੰਗ ਕੀਤਾ। ਮਹਾ
ਰਾਜੇ ਨੇ ਖਬਰ ਸੁਣਕੇ ਜਮਾਦਾਰ ਨੂੰ ਉਸਦੀ ਮਦਦ ਲਈ ਭੇਜਿਆ। ਉਸ ਬ੍ਰਾਹਮਣ ਨੇ ਅ
ਕਾਲੀਆਂ ਦੀ ਬਹੁਤ ਦੁਰਦਸ਼ਾ ਕੀਤੀ ਤੇ ਸਾਹਿਬ ਨੂੰ ਲਾਹੌਰ ਲੈ ਆਯਾ। ਮਹਾਰਾਜੇ ਨੇ
ਉਸਨੂੰ ਰਾਹਦਾਰੀ ਦਾ ਪਰਵਾਨਾ ਦੇਕੇ ਬੜੀ ਖਾਤਰ ਨਾਲ ਤੋਰਿਆ।
ਏਸ ਅੰਗ੍ਰੇਜ਼ ਨੇ ਆਪਣੇ ਸਫਰਨਾਮੇ ਵਿੱਚ ਮਹਾਰਾਜੇ ਦੀ ਬਹੁਤ ਉਪਮਾ ਲਿਖੀ ਹੈ ਤੇ ਏ
ਹ ਭੀ ਲਿਖਿਆ ਹੈ ਕੇ ਏਹ ਮਹਾਰਾਜਾ ਜਿਤਨਾ ਇਖਤਿਆਰ ਰੱਖਦਾ ਹੈ ਉਤਨਾ ਵਰਤਦਾ ਨ
ਹੀਂ, ਗਰੂਰਤ ਤਾਂ ਏਸ ਵਿੱਚ ਪੈਦਾ ਹੀ ਨਹੀਂ ਹੋਈ, ਸਾਰੇ ਹਿੰਦੁਸਤਾਨ ਦੇ ਰਈਸਾਂ ਤੋਂ ਏਸ ਦੇ
ਖਿਆਲ ਬਹੁਤ ਵਧਕੇ ਹਨ। ਕਿਸੇ ਦੂਜੇ ਦੀ ਸਹਾਯਤਾ ਤੇ ਲਿਖੇ ਪੜ੍ਹੇ ਤੋਂ ਬਿਨਾ
ਬਾਦਸ਼ਾਹੀ ਦਾ ਕਾਰ ਚਲਾਉਣਾ ਏਸੇ ਦਾ ਹੀ ਕੰਮ ਹੈ।

(ਸ਼ਾਹਸ਼ੁਜਾ ਦੀ ਖਰਾਬੀ)

ਸੰ:੧੮੮੯ ਬਿ: ਨੂੰ ਸ਼ਾਹਸ਼ੁਜਾ ਨੇ ਸਿੰਧ ਦੇ ਅਮੀਰਾਂ ਦੀ ਮਦਦ ਨਾਲ, ਕੰਧਾਰ, ਕਾਬਲ ਲੈ
ਣ ਦੀ ਤਯਾਰੀ ਕਰ, ਸ਼ਿਕਾਰਪੁਰ ਥੀਂ ਮਹਾਰਾਜੇ ਨੂੰ ਲਿਖਿਆ ਕੇ ਜੇ ਤੁਸੀਂ ਮੇਰੀ ਸਹਾਯਤਾ
ਕਰੋ ਤਾਂ ਮੈਂ ਕਾਬੁਲ ਲੈਕਰ ਕਸ਼ਮੀਰ, ਮੁਲਤਾਨ, ਪਸ਼ੌਰ ਏਹ ਤਿੰਨੇ ਤੁਹਾਨੂੰ ਲਿਖ ਦੇਵਾਂ
ਗਾ, ਫੇਰ ਕਦੇ ਕੋਈ ਟੰਟਾ ਨਾ ਰਹੂ, ਮਹਾਰਾਜੇ ਨੇ ਉਸਨੂੰ ਮਦਦ ਦੇਣੀ ਚਾਹੀ ਸੀ ਪਰ ਉਸ
ਨੇ ਆਪਣੇ ਖਾਸ ਦਰਬਾਰ ਵਿੱਚ ਏਹ ਆਖਿਆ ਕੇ ਸਿੱਖਾਂ ਕਾਫਰਾਂ ਨੂੰ ਮਾਰਨਾ ਦੀਨ ਇਸ
ਲਾਮ ਦਾ ਕੰਮ ਹੈ। (ਗਲ ਆਖਦੀ ਹੈ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਦੇਸੋਂ ਕੱਢਦੀ ਹਾਂ) ਏਹ
ਗਲ ਮਹਾਰਾਜੇ ਨੇ ਭੀ ਵਕੀਲ ਦ੍ਵਾਰਾ ਸੁਣ ਲਈ ਫੇਰ ਤਾਂ ਮਹਾਰਾਜ ਨੇ ਮਦਦ ਦੇਣ ਦੀ

Digitized by Panjab Digital Library | www.panjabdigilib.org

ਥਾਂ ਸਗੋਂ ਉਲਟਾ ਦੋਸਤਮੁਹੰਮਦਖਾਂ ਨੂੰ ਸੀਖ ਛੱਡਿਆ ਉਸਨੇ ਸਾਰੇ ਦੇਸ ਵਿੱਚ ਢੋਂਡੀ ਢਿ ੪੨੯
ਗਾਇ ਦਿੱਤੀ ਕੇ ਸਾਹਸੁਜਾ ਈਸਾਈ ਬਣਕੇ ਹੁਣ ਤੁਹਾਨੂੰ ਬੇਈਮਾਨ ਕਰਨ ਆਯਾ ਹੈ ਇ
ਹ ਢੰਢੋਰਾ ਸੁਣਕੇ ਸਾਹਸੁਜਾ ਦਾ ਜੀ ਜੀਵੇਰੀ ਹੋ ਗਿਆ ਕੰਧਾਰ ਦੇ ਪਾਸ ਮੁਲਖੱਜੇ ਨੇ
ਸਾਹਸੁਜਾ ਦਾ ਡੇਰਾ ਡੰਡਾ ਲੁੱਟ ਪੁੱਟਕੇ ਸਾਫ ਕਰ ਦਿੱਤਾ, ਸਾਹਸੁਜਾ ਮਸਾਂ ਨ ਲੁਦੇਹਾਣੇ ਪਹੁੰ
ਚਗਿਆ ਦੇਖੋ ਗੱਲ ਕੱਢੀ ਦਾ ਫਲ, ਸੈਂਕੜੇ ਖੂਨ ਕਰ ਕਰਾ ਕੇ ਕਲੇਸ਼ ਪਾਯਾ।
ਏਸੇ ਸਾਲ ਕੌਰ ਖੜਗਸਿੰਘ ਜੀ ਸੱਖਰੋਂ ਖਿਰਾਜ ਲੈਣ ਗਏ ਤਾਂ ਉਥੋਂ ਦਾ ਹਕਮ ਸਲੂਕਖਾਂ
ਨੱਠ ਗਿਆ, ਕੌਰ ਸਾਹਿਬ ਨੇ ਉਸਦਾ ਸਾਰਾ ਇਲਾਕਾ ਡੇਢ ਲੱਖ ਰੁਪਏ ਸਾਲਾਨਾ ਪਰ ਫਤੂਰੇ
ਸਾਹਿਬ ਨੂੰ ਠੇਕੇ ਪਰ ਦੇ ਦਿੱਤਾ। — ਜਨਰਲ ਅਲਾਰਡ ਸਾਹਿਬ ਨੇ ਵਲਾਯਤ ਜਾਣਲ
ਈ ਛੁੱਟੀ ਲਈ ਤਾਂ ਮਹਾਰਾਜੇ ਨੇ ੩੫ ਹਜ਼ਾਰ ਦਾ ਪਸ਼ਮੀਨਾ, ੧੦ ਹਜਾਰ ਨਕਦ ਉਸਨੂੰ ਇਨਾ
ਮ ਬਖਸ਼ਿਆ। —— ਸੰ: ੧੮੯੦ ਬਿ: ਨੂੰ ਮਹਾਰਾਜੇ ਨੇ ਗੁਲਬਹਾਰਨਾਮੀ ਇੱਕ ਕੋਠ
ਰੀ ਅੰਮ੍ਰਿਤਸਰ ਵਿਚੋਂ ਸੋਹਣੇ ਬਨ ਕੇ ਬਣਾਈ ਬਹੁਤ ਧਨ ਵੰਡਿਆ। — ਰਾਜੇ ਅਨਰੁੱਧ
ਚੰਦ ਦੇ ਬੇਟੇ ਨੂੰ ਰਾਜੇ ਸੁਚੇਤਸਿੰਘ ਦੀ ਸਿਫਾਰਸ਼ ਨਾਲ ਕਾਂਗੜੇ ਵਿੱਚ ੫੦ ਹਜ਼ਾਰ ਦੀ ਜਾਗੀ
ਰ ਦਿੱਤੀ। — ਭਾਦੋਂ ਵਿੱਚ ਮਹਾਰਾਜ ਬੀਮਾਰ ਹੋ ਗਏ ਤੇ ਡਰ ਡਰ ਉੱਠਿਆ ਕਰਨ, ਲੋਕਾਂ
ਨੇ ਆਖਿਆ ਤੁਸਾਂ ਮੁਸਲਮਾਨੀ ਬਣਾਈ ਹੈ ਏਸ ਕਰਕੇ ਕਲੇਸ਼ ਹੈ, ਮਹਾਰਾਜੇ ਨੇ ਬਚਨ ਮੰਨ
ਕੇ ਭਾਈ ਦੇਵਾਸਿੰਘ ਆਤਮਾਸਿੰਘ ਤੋਂ ਦੂਜੀਵਾਰੀ ਅੰਮ੍ਰਿਤ ਛਕਿਆ ਤੇ ੧੧ ਹਜ਼ਾਰ ਰੁਪਯਾ
ਤਨਖਾਹ ਦਾ ਗਰੀਬਾਂ ਨੂੰ ਵੰਡਿਆ। ਏਸੇ ਤਰਾਂ ਬ੍ਰਾਹਮਣਾਂ ਨੇ ੫੧ ਇਕਵੰਜਾ ਤੋਲੇ ਸੋਨੇ ਦਾ ਪੁ
ਤਲਾ ਬਣਾ ਕੇ ਪੰਜ ਹਜ਼ਾਰ ਰੁਪਯਾ ਨਕਦ ਨਾਲ ਧਰਕੇ ਇੱਕ ਬ੍ਰਾਹਮਣ ਨੂੰ ਦਿਵਾਯਾ ਅ
ਤੇ ਉਸਦਾ ਕਾਲਾ ਮੂੰਹ ਕਰ, ਕਾਲੇ ਘੋੜੇ ਪਰ ਚੜ੍ਹਾਇ, ਕਾਲੇ ਕਪੜੇ ਪਹਿਰਾਇ, ਛਨਿੱ
ਛਰਵਾਰ ਨੂੰ ਸ਼ਹਿਰ ਤੋਂ ਬਾਹਰ ਕਢਵਾ ਦਿੱਤਾ। —— ਏਸੇ ਸਮਯ ਮਹਾਰਾਜੇ ਨੂੰ ਸੁਪਨ
ਹੋਯਾ ਕੇ ਗੁਰੂ ਅਰਜਨ ਸਾਹਿਬ ਦੀ ਬਾਉਲੀ ਬੰਦ ਕਰਕੇ ਤੁਰਕਾਂ ਨੇ ਉੱਪਰ ਕੋਠੇ ਪਾ ਰੱਖੇ ਹਨ
ਜੇ ਜਦ ਉਸ ਬਾਉਲੀ ਦਾ ਜਲ ਪੀਵੇਂਗਾ ਤਦ ਰਾਜ਼ੀ ਹੋਵੇਂਗਾ ਮਹਾਰਾਜੇ ਨੇ ਓਹ ਮਹੱਲਾ ਢਾ
ਇ ਕੇ ਜਦ ਜਲ ਪੀਤਾ ਤਾਂ ਰਾਜੀ ਹੋਏ, ਕਈ ਆਖਦੇ ਹਨ ਕੇ ਏਹ ਗੱਲ ਇੱਕ ਸਿੱਖ ਨੇ ਆਖੀ ਸੀ
ਏਹ ਬਾਉਲੀ ਡੱਬੀ ਬਾਜ਼ਾਰ ਲਾਹੌਰ ਵਿੱਚ ਹੈ।
ਚੇਤ ਸੰ: ੧੮੯੧ ਬਿ: ਨੂੰ ਭਵਾਨੀਦਾਸ ਮਹਕਮੇ ਮਾਲ ਦੇ ਗੁਜਰਨੇ ਮਗਰੋਂ ਪੰਡਿਤ ਦੀਨਾਨਾ
ਥ ਨੂੰ ਦੀਵਾਨ ਬਣਾਯਾ। —— ਗੜ੍ਹੀ ਫੁੱਲਾਸਾਹਾਂ (ਜੋ ਬੰਨੂੰ ਵਲ ਹੈ ਓਥੇ) ਦੇ ਜ਼ਿਮੀਦਾ

ਸੰਖਰ ਲੈਣਾ ਗੁਲਬਹਾਰ ਨੂੰ ਬਣਾਵਣਾ।

ਮਹਾਰਾਜ ਦੀ ਬੀਮਾਰੀ।

Digitized by Panjab Digital Library | www.panjabdigilib.org

੪੨੦ ਰਾਂਨੇ ਗਦਰ ਮਚਾ ਕੇ ਸਰਕਾਰੀ ਕਾਰਦਾਰ ਮਾਰ ਸਿੱਟੇ ਮਹਾਰਾਜੇ ਦੇ ਹੁਕਮ ਨਾਲ ਰਾਜੇ ਸੁ
ਚੇਤ ਸਿੰਘ ਨੇ ਉਨ੍ਹਾਂ ਦੀ ਐਸੀ ਭੁਗਤ ਸਵਾਰੀ ਜੋ ਹਾੜੇ ਕੱਢ ਕੇ ਪੈਰੀਂ ਆ ਪਏ।

ਪਸ਼ਾਵਰ ਦਾ ਗਦਰ

ਇਸੇ ਸਮੇ ਯੂਸਫਜ਼ਈ ਤੇ ਬਾਰਕਜ਼ਈਆਂ ਨੇ ਪਸ਼ਾਵਰ ਦੇ ਗਿਰਦੇ ਵੱਡਾ ਗਦਰ ਮਚਾਯਾ ਮਹਾਰਾਜੇ ਨੇ ਕੌਰ ਨੌਨਿਹਾਲ ਸਿੰਘ ਦੇ ਨਾਲ ਸ: ਹਰੀ ਸਿੰਘ ਨਲੂਆ ਦੇ ਕੇ ਹੁਕਮ ਦਿੱਤਾ ਕੇ ਐਤਕੀ ਇਨ੍ਹਾਂ ਪਠਾਣਾਂ ਦਾ ਪੱਕਾ ਬੰਦੋਬਸਤ ਕਰਕੇ ਆਉਣਾ, ਜਨਰਲ ਵੈਂਤੂਰਾ ਸਾਹਿਬ ਤੇ ਕੋਰਟ ਸਾਹਿਬ ਨੂੰ ਭੀ ਉਨ੍ਹਾਂ ਦੇ ਨਾਲ ਹੀ ਤੋਰਿਆ। ਜਦ ਏਹ ਅਟਕ ਲੰਘੇ ਤਾਂ ਪਸ਼ਾਵਰ ਦੇ ਬਾਰਕਜ਼ਈ ਸਰਦਾਰਾਂ ਨੇ ਆਪਣੇ ਮਾਲ, ਧਨ, ਟੱਬਰ ਸਭ ਮਚਨੀ ਦੇ ਮੁਕਾਮ ਵਿੱਚ ਜਿੱਥੇ ਸਿੰਘਾਂ ਨੂੰ ਜਾਣਾ ਔਖਾ ਸੀ ਭੇਜ ਦਿੱਤਾ, ਆਪ ਛੜੇ ਸਿਪਾਹੀ ਮਰਨ ਮਾਰਨ ਉੱਤੇ ਹੋ ਬੈਠੇ। ਉਸੇ ਸਮਯ ਪਸ਼ਾਵਰ ਵਿੱਚ ਪਲ ਪਲ ਪਿੱਛੋਂ ਘੋੜਿਆਂ ਉੱਤੇ ਕਾਠੀਆਂ ਪੈਂਦੀਆਂ ਸਨ। ਜਦ ਕੋਈ ਕਹਿ ਦਿੰਦਾ ਕੇ ਸਿੰਘ ਆਏ ਤਾਂ ਪਠਾਣ ਆਪਣੇ ੨ ਸਿਰਾਂ ਉੱਤੇ ਕਾਠੀਆਂ ਚੁੱਕ ਕੇ ਘੋੜਿਆਂ ਵੱਲ ਦੌੜਦੇ, ਜਦ ਕੋਈ ਆਖਦਾ ਕੇ ਅਜੇ ਨਹੀਂ ਆਏ ਤਾਂ ਉਤਾਰ ਕੇ ਘਰਾਂ ਨੂੰ ਤੁਰ ਪੈਂਦੇ। ਇਤਨੇ ਨੂੰ ਗੁਲਾਮ ਖਾਂ ਪਸੌਰ ਵਾਲੇ ਦੇ ਸ਼ੀਆ ਜ਼ਾਤੀ ਦੇ ਧੜੇ ਨੇ (ਜੋ ਬਾਰਕਜ਼ਈ ਸੁੱਨੀਆਂ ਦੀ ਹਕੂਮਤ ਤੇਂ ਦੁਖੀ ਸੇ) ਤੇ ਦੀਵਾਨਾਂ ਨੇ ਸਰਦਾਰ ਹਰੀ ਸਿੰਘ ਨੂੰ ਏਹ ਲਿਖ ਭੇਜਿਆ ਕੇ ਅਸੀਂ ਸਰਕਾਰ ਲਾਹੌਰ ਦੇ ਬਣ ਕੇ ਰਹਣ ਵਿੱਚ ਰਾਜ਼ੀ ਹਾਂ। ਤਦ ਸਰਦਾਰ ਨੇ ਸੁਲਤਾਨ ਮੁਹੰਮਦ ਖਾਂ ਪਸ਼ਾਵਰ ਦੇ ਹਾਕਮ ਬਾਰਕਜ਼ਈ ਨੂੰ ਲਿਖ ਭੇਜਿਆ ਕੇ ਆਪ ਸਭ ਲੋਗ ਸ਼ਹਰ ਛੋੜ ਕੇ ਮਰਦਾਨ ਖਾਂ ਦੇ ਬਾਗ ਵਿੱਚ ਜਾ ਉਤਰੋ, ਕਯੋਂਕੇ ਸ਼ਾਹਜ਼ਾਦਾ ਸਾਹਿਬ ਸ਼ਹਰ ਦੇਖਣਾ ਚਾਂਹੁੰਦੇ ਹਨ। (ਤਾਰਵੰਜੀ ਤੇ ਰਾਗ ਬੁਝਿਆ) ਜਦ ਖਾਲਸੇ ਦੀ ਫੌਜ ਨੇੜੇ ਗਈ ਤਾਂ ਉਹ ਘੋੜੇ ਦੌੜਾ ਕੇ ਪਹਾੜੀਂ ਜਾ ਵੜੇ। ਗਜ਼ਰ

ਸਰਦਾਰ ਹਰੀ ਸਿੰਘ ਪੰਦ੍ਰਾਂ ਹਜ਼ਾਰ ਫੌਜ ਨਾਲ ਸ਼ਹਰ ਵਿੱਚ ਜਾ ਵੜਿਆ। ਤਦ ਹਾਜੀ ਖਾਂ ਦੀ ਫੌਜ ਦੇ ਘੱਟੇ ਜਾਨਾਂ ਤੋੜ ਕੇ ਲੜੀ, ਪਰ ਸਿੰਘਾਂ ਨੇ ਲੀਰਾਂ ੨ ਕਰ ਸਿੱਟੀ।

ਭਾਵੇਂ ੧੫ ਵੈਸਾਖ ਸੰ: ੧੮੯੨ ਬਿ: ਨੂੰ ਪਸ਼ਾਵਰ ਉੱਪਰ ਮਹਾਰਾਜੇ ਦਾ ਕਬਜ਼ਾ ਹੋ ਗਿਆ ਸੀ ਪਰ ਤਾਂ ਭੀ ਇਸ ਦੇਸ ਨੂੰ ਬਦਜ਼ਾਤਾਂ ਦੀ ਬਸਤੀ ਸਮਝ ਕੇ ਮਹਾਰਾਜੇ ਨੇ ਫੌਜ ਦੇ ਕੇ ਸ਼ਾਹਜ਼ਾਦੇ ਕਸ਼ਮੀਰਾ ਸਿੰਘ ਨੂੰ ਤੇ ਸ: ਤੇਜਾ ਸਿੰਘ ਨੂੰ ਭੀ ਭੇਜਿਆ, ਫੇਰ ੨੪ ਵੈਸਾਖ ਨੂੰ ਮਹਾਰਾਜਾ ਆਪ ਭੀ ਪਸ਼ਾਵਰ ਜਾ ਪਹੁੰਚੇ। ਉਧਰ ਪਸ਼ਾਵਰ ਤੋਂ ਦੂਰ ੨ ਤਕ ਖੈਬਰ ਦੇ ਗਲੇ ਤੋੜੀ ਸ: ਹਰੀ ਸਿੰਘ ਤੇ ਵੈਂਤੂਰੇ ਨੇ ਪਠਾਣਾਂ ਨੂੰ ਦਲ ਮਲ ਕੇ ਮੁਲਕ ਆਪਣੇ ਉਹੀ

Digitized by Panjab Digital Library | www.panjabdigilib.org

ਕਬਜੇ ਕਰ ਲਿਆ। ਉਧਰੋਂ ਹਰਕਨਸਾਹਿਬ ਭੀ ਬਾਲਾਸਾਰ ਦਾ ਕਿਲਾ ਫਤੇ ਕਰਕੇ ਪਸ਼ਾਵ ੪੩੧
ਰ ਆ ਗਿਆ। —— ਹੁਣ ਸੁਲਤਾਨ ਮੁਹੰਮਦਖਾਂ ਨੇ ਕਹਿ ਭੇਜਿਆ ਕੇ ਪਸ਼ਾਵਰ ਤਾਂ
ਕਾਬਲੀਆਂ ਦਾ ਹੈ। ਜੇਕਰ ਤਾਂ ਮਹਾਰਾਜ ਮੇਰੇ ਪਾਸੋਂ ਅੱਗੇ ਵਾਂਗੂ ਇੱਕ ਲੱਖ ਰੁਪਯਾ ਸਾਲ
ਦਾ ਲੈਕੇ ਬਣਾਈ ਰੱਖਣ ਤਾਂ ਵਾਹ ਵਾਹ ਨਹੀਂ ਤਾਂ ਮੈਂ ਭੀ ਖਾਲਸੇ ਨੂੰ ਸੁਖ ਦੀ ਨੀਂਦ ਨਾ ਸੌਣ ਦੇ
ਵਾਂਗਾ, ਏਸ ਗੱਲੋਂ ਭੜਕ ਕੇ ਮਹਾਰਾਜੇ ਨੇ ਪਹਿਲੇ ਓਸੇ ਨੂੰ ਸਿੱਧਾ ਕਰਨ ਵਾਸ੍ਤੇ ਫੌਜ ਭੇਜੀ,
ਮੁਹੰਮਦਖਾਂ ਭੀ ਪਠਾਣਾਂ ਨੂੰ ਲੈਕੇ ਮੈਦਾਨ ਵਿਚ ਆਣ ਲੱਥਾ। ਮਿਸਰ ਸੁਖਦਿਆਲ ਦੀ ਫੌਜ
ਬਹੁਤ ਲੜੀ। ਏਹ ਲੜਾਈ ਸੁਣਕੇ ਦੋਸਤ ਮੁਹੰਮਦਖਾਂ ਨੂੰ ਤਾਂ ਸਣਕੰਪਣੀ ਲੱਗ ਉੱਠੀ। ਫੌ
ਜ ਲੈਕੇ ਜਲਾਲਾਬਾਦ ਨੂੰ ਕੂਚ ਕਰ ਦਿੱਤਾ, ਕਈ ਹਜ਼ਾਰ ਗਾਜ਼ੀ ਤੇ ਜਹਾਦੀ ਦੀਨ ਮਜ਼ਬ ਦਾ
ਜੁੱਧ ਸਮਝਕੇ ਇਕੱਠੇ ਆ ਹੋਏ। ਜਦ ਸੀਕਾਨ ਦੇ ਮੁਕਾਮ ਖੈਬਰ ਦੇ ਪਾਸ ਪਹੁੰਚਿਆ ਤਾਂ ਮਹਾਰਾ
ਜੇ ਦੇ ਹੁਕਮ ਅਨੁਸਾਰ ਖਾਲਸਾ ਭੀ ਨਾਕੇ ਘਾਟ ਮੱਲ ਕੇ ਤੱਯਾਰ ਹੋ ਬੈਠਾ। ਏਧਰੋਂ ਫਕੀਰ ਅ
ਜ਼ੀਜ਼ੁਦੀਨ ਤੇ ਮਿਸਟਰ ਹਰਕਨਸਾਹਿਬ ਵਕੀਲ ਬਣਕੇ ਦੋਸਤ ਮੁਹੰਮਦਖਾਂ ਪਾਸ ਗਏ ਤੇ ਸਮ
ਝਾਯਾ ਕੇ ਮਹਾਰਾਜੇ ਤੋਂ ਤਾਂ ਅੱਜ ਅੰਗ੍ਰੇਜ਼ ਭੀ ਭੈ ਖਾਂਦੇ ਹਨ ਤੁਸੀਂ ਭੀ ਲੜਾਈ ਨਾ ਕਰੋ, ਜੇਕਰ ਦੇ
ਅੱਪੀ ਫੌਜ ਭੀ ਖਾਲਸੇ ਦੀ ਏਧਰ ਆ ਗਈ ਤਾਂ ਤੁਹਾਨੂੰ ਬਹੁਤ ਨੁਕਸਾਨ ਪਹੁੰਚਾਊ। ਤਾਂਤੇ ਭਲਾ
ਏਹੀ ਹੈ ਕੇ ਤੁਸੀਂ ਈਨ ਮੰਨ ਲਵੋ। ਏਹ ਗੱਲ ਸੁਣਕੇ ਪਠਾਣ ਭੂਹੇ ਹੋ ਗਿਆ ਤੇ (ਚਿੜੀ ਬਾਂਦਰ
ਦੀ ਕਹਾਣੀ ਵਾਂਗੂ) ਸਗੋਂ ਦੋਹਾਂ ਵਕੀਲਾਂ ਨੂੰ ਕੈਦ ਕਰ ਲਿਆ। ਫੇਰ ਤੀਜੇ ਦਿਨ ਖਬਰ ਨਹੀਂ
ਜੀ ਵਿੱਚ ਕੀ ਆਈ ਬੁਲਾਕੇ ਆਖਿਆ, ਜੇਕਰ ਮਹਾਰਾਜਾ ਇੱਕ ਲੱਖ ਰੁਪਏ ਦੇ ਠੇਕੇ ਪਰ ਸਾਨੂੰ
ਪਸ਼ੌਰ ਲਿਖ ਕੇ ਦੇ ਜਾਵੇ ਤਾਂ ਅਸੀਂ ਫੌਜ ਮੋੜ ਲੈਂਦੇ ਹਾਂ ਤੇ ਤੁਹਾਨੂੰ ਭੀ ਛੱਡ ਦੇਂਦੇ ਹਾਂ ਨਹੀਂ ਤਾਂ ਅ
ਟਕ ਦੇ ਉਰੇ ਤਾਂ ਸਿੱਖਾਂ ਦਾ ਬੀਜ ਨਾਂ ਰਹਣ ਦੇਵਾਂਗੇ। ਫਕੀਰ ਬੋਲਿਆ ਏਸ ਘਮੰਡ ਨਾਲ ਤਾਂ ਕੁ
ਛ ਨਹੀਂ ਮਿਲਦਾ, ਕੀ ਅੱਗੇ ਖਾਲਸਾ ਵੰਗਾਂ ਪਾਹਿਨੀ ਬੈਠਾ ਹੈ ਜੋ ਤੇਰੇ ਡ੍ਰੂਮ ਡਰਾਵੇ ਨੂੰ ਮੰਨ ਜਾਊ।
ਮਹਾਰਾਜੇ ਨੇ ਵਕੀਲਾਂ ਦਾ ਕੈਦ ਹੋਣਾ ਸੁਣਕੇ ਫੌਜ ਦਾ ਹੱਲਾ ਕਰਾ ਦਿੱਤਾ ਤਿੰਨ ਪਹਰ ਭਾਰੀ ਘ
ਮਸਾਣ ਮੱਚਿਆ, ਸੈਂਕੜੇ ਘੋੜੇ ਜੁਆਨ ਮੈਦਾਨ ਵਿੱਚ ਰਹੇ, ਰਾਤ ਪਈ ਤਾਂ ਦੋਸਤ ਮੁਹੰਮਦਖਾਂ ਰਾਤੋ
ਰਾਤ ਕਾਬਲ ਵੱਲ ਨੱਠ ਗਿਆ। ਮਹਾਰਾਜੇ ਨੇ ਪਸ਼ਾਵਰ ਦੀ ਹੱਦ ਉੱਤੇ ਇਕ ਵੱਡਾ ਅਟੁੱਟ ਕਿ
ਲਾ ਬਣਾਉਣ ਦਾ ਹੁਕਮ ਦੇਕੇ ਓਹ ਕੰਮ ਸ: ਹਰੀਸਿੰਘ ਨਲੂਏ ਨੂੰ ਸੌਂਪਿਆ ਅਤੇ ਓਥੋਂ ਦਾ ਦੀਵ
ਾਨੀ ਕੰਮ ਰਾਜੇ ਗੁਲਾਬਸਿੰਘ ਦੇ ਸਪੁਰਦ ਕੀਤਾ ਅਤੇ ਜੰਗੀ ਕੰਮ ਓਟੈਪਲਸਾਹਿਬ ਨੂੰ (ਜਿਸ
ਨੂੰ ਲੋਗ ਅਬੂਤਬੇਲਾ ਆਖਦੇ ਸੇ) ਸੌਂਪਕੇ ਆਪ ਕੋਰ ਨੌਨਿਹਾਲਸਿੰਘ ਸਮੇਤ ਲਾਹੌਰ ਆ

Digitized by Panjab Digital Library | www.panjabdigilib.org

੮੩੨ ਗਏ। ਤੇ ਸੁਲਤਾਨ ਮੁਹੰਮਦ ਖਾਂ ਨੂੰ ਤਿੰਨ ਲੱਖ ਦਾ ਮੁਲਕ ਕੋਹਾਟ ਫੇਨੀ ਦੇ ਆਏ।
ਏਹ ਮੁਹਿੰਮ ਕੌਰ ਨੌਨਿਹਾਲ ਸਿੰਘ ਦੀ ਤਜਵੀਜ਼ ਨਾਲ ਫਤੇ ਹੋਣੇ ਕਰ ਮਹਾਰਾਜੇ ਨੇ ਉਸ ਨੂੰ ਇੱ
ਕ ਲੱਖ ਰੁਪਏ ਦੀ ਜਾਗੀਰ ਬਖਸ਼ੀ। —— ਏਸੇ ਸਾਲ ਮਹਾਰਾਜੇ ਨੇ ਇੰਗਲਿਸਤਾਨ

ਤੋਹਫੇ ਭੇਜਨੇ ਤੇ ਫੌਜ ਕਰਮ

ਦੇ ਬਾਦਸ਼ਾਹ ਵਾਸਤੇ ਬੜੇ ੨ ਅਮੋਲਕ ਤੋਹਫੇ ਦੇ ਕੇ ਸਰਦਾਰ ਗੁੱਜਰ ਸਿੰਘ ਤੇ ਗੋਬਿੰਦ ਜਸ ਨੂੰ ਕਲ
ਕਤੇ ਭੇਜਿਆ ਤੇ ਆਪਣੀ ਫੌਜ ਦੇ ਘੋੜਿਆਂ ਨੂੰ ਨਿਸ਼ਾਨ (ਨੰਬਰ) ਲਾਉਣ ਦਾ ਹੁਕਮ ਦਿੱਤਾ। ਫੇਰ
ਜਦ ਮਹਾਰਾਜਾ ਬਟਾਲੇ ਪਹੁੰਚੇ ਤਾਂ ਸ਼ਾਹਜ਼ਾਦੇ ਸ਼ੇਰ ਸਿੰਘ ਦੇ ਬੇਟੇ ਕੌਰ ਪ੍ਰਤਾਪ ਸਿੰਘ ਨੇ ਮਹਾਰਾ
ਜੇ ਨੂੰ ਅੱਗੋਂ ਆ ਕੇ ਲੀਤਾ, ਅਤੇ ਇੱਕ ਹਾਥੀ ਦੋ ਘੋੜੇ ਸਾਜ ਸਮੇਤ, ਹਜ਼ਾਰਾਂ ਸੌ ਰੁਪਯਾ ਨਕਦ, ਇਕ
ਸੌ ਇੱਕ ਕਿਸ਼ਤੀ ਮੇਵੇ ਤੇ ਜਵਾਹਰਾਤ ਦੀ ਨਜ਼ਰ ਕੀਤੀ, ਕ੍ਯੋਂਕੇ ਬਟਾਲਾ ਉਸਦੀ ਜਾਗੀਰ ਸੀ।
ਮਹਾਰਾਜੇ ਨੇ ਪੋਤ੍ਰੇ ਨੂੰ ਲਾਇਕ ਦੇਖਕੇ ਗੋਦੀ ਵਿੱਚ ਬੈਠਾਇ ਲਿਆ ਤੇ ਬਹੁਤ ਪਯਾਰ ਨਾਲ ਇੱਕ
ਅਮੋਲਕ ਖਿਲਤ ਤੇ ਮੋਤੀਆਂ ਦਾ ਕੈਂਠਾ ਬਖਸ਼ਿਆ। — ।ਫੇਰ ਜਦ ਮਹਾਂਰਾਜ ਸਿਆਲਕੋਟ
ਗਏ। ਤਾਂ ਸ਼ਾਹਜ਼ਾਦੇ ਕਸ਼ਮੀਰਾ ਸਿੰਘ ਪਸ਼ੌਰਾ ਸਿੰਘ ਨੇ ਬਹੁਤ ਭੇਟਾ ਦਿੱਤੀ। ਸਰਕਾਰ ਬਾਬੇ ਦੀ
ਬੇਰ ਗੁਰਦੁਆਰੇ ਨਜ਼ਰ ਭੇਟ ਤੇ ਸੁਇਨਾ ਚੜ੍ਹਨ ਦਾ ਹੁਕਮ ਦੇਕੇ ਜੇਹਲਮ ਜਾ ਉੱਤਰੇ। —— ।ਏਸੇ
ਸਮੇਂ ਮਹਾਂਰਾਜੇ ਨੇ ਆਪਣੇ ਮਾਮੇ ਦੇ ਪੋਤ੍ਰੇ ਰਾਜੇ ਸੰਗਤ ਸਿੰਘ ਜੀਂਦ ਵਾਲੇ ਦਾ ਬੇਔਲਾਦ ਮਰਨ
ਸੁਣਕੇ ਬੜਾ ਸ਼ੋਕ ਕੀਤਾ। ਲਾਹੌਰ ਆਏ ਤਾਂ ਕਪਤਾਨ ਵੇਡ ਸਾਹਿਬ ਨੇ ਲੁੱਦੇਹਾਣੇ ਤੋਂ ਆਕੇ ਅ
ਰਜ਼ ਕੀਤੀ ਕੇ ਨੁਵਾਬ ਬਹਾਵਲਪੁਰੀਏ ਨੇ ਅੰਗ੍ਰੇਜ਼ੀ ਸਰਕਾਰ ਦਾ ਪਰਣਾ ਲੈ ਲੀਤਾ ਅੱਜ
ਤੋਂ ਬਹਾਵਲਪੁਰ ਸਲ੍ਹ ਆਪ ਦਾ ਕੋਈ ਵਾਸਤਾ ਨਹੀਂ ਰਹਾ। ਮਹਾਂਰਾਜ ਅੰਦ੍ਰੋਂ ਤਾ ਬਬੇਰਾ ਸੜੇ
ਭੁੱਜੇ ਪਰ ਬੋਲੇ ਕੁਝ ਨਾ ਕ੍ਯੋਂਕੇ ਬਹਾਵਲਪੁਰ ਸਤਲੁਜੋਂ ਪਾਰ ਸੀ। ਏਹ ਬਾਤ ਸੁਣਕੇ ਸਰ
ਦਾਰ ਹਰੀ ਸਿੰਘ ਤੇ ਸ਼ਾਹਜ਼ਾਦੇ ਸ਼ੇਰ ਸਿੰਘ ਨੇ ਅੰਗ੍ਰੇਜ਼ਾਂ ਨਾਲ ਲੜਨ ਦਾ ਬੀੜਾ ਚੁੱਕਣਾ ਚਾ
ਹਿਆ ਪਰ ਮਹਾਰਾਜੇ ਨੇ ਡੋਗਰਿਆਂ ਦੀ ਸਲਾਹ ਬਰਤੀਆਂ ਰਮਾ ਨਾ ਦਿੱਤੀ। ਸੱਚ ਹੈ ਕਾਇ
ਰ ਦੇ ਸਾਥ ਸੂਰਮਾ ਭੀ ਕਾਇਰ ਹੋ ਜਾਂਦਾ ਹੈ ਯਥਾ ਕਬਿੱਤੁ। ਜਾਈਏ ਨ ਤਹਾਂ ਜਹਾਂ ਸੰਗਤ
ਕੁਸੰਗ ਹੋਇ ਕਾਇਰ ਕੇ ਸੰਗ ਸੂਰ ਭਾਗੇ ਪਰ ਭਾਗੇ। ਗੇਹੀ ਕੀ ਸੰਗਤ ਤੈ ਸਨੇਤੇ ਉਦਾ
ਸੀਨ ਹੋਤ ਮਾਯਾ ਕੇ ਸੰਗ ਮਨ ਪਾਗੇ ਪਰ ਪਾਗੇ। ਬਾਸ ਨਾਤੇ ਫੂਲਨ ਸੁਵਾਸ ਨਾ ਫੂਲੇ ਲਨਕੀ
ਕਾਮਨੀ ਕੇ ਸੰਗ ਕਾਮ ਜਾਗੇ ਪਰ ਜਾਗੇ। ਕਾਜਰ ਕੀ ਕੋਠਰੀ ਮੇਂ ਅਨੇਕ ਸਿਆਣੇ ਪੈਠ ਦੇ
ਖੇ ਏਕ ਰੇਖ ਕਾਜਰ ਕੀ ਲਾਗੇ ਪਰ ਲਾਗੇ। —
ਸਾਉਣ ਸੰ: ੧੮੯੩ ਬਿ: ਕੋ ਰਾਜੇ ਗੁਲਾਬ ਸਿੰਘ ਨੂੰ ਅਧਰੰਗ ਹੋਇਆ ਉਸ ਨੂੰ ਪਸ਼ਾਵਰੋਂ

Digitized by Panjab Digital Library | www.panjabdigilib.org

ਬੁਲਾਕੇ ਫਤੂਰੇ ਨੂੰ ਭੇਜਿਆ। — ।।ਸਰਾਧਾਂ ਵਿੱਚ ਮਹਾਰਾਜੇ ਨੂੰ ਬੀ ਅਧਰੰਗ ਦੀ ਬੀ ੪੨੩
ਮਾਰੀ ਹੋਕੇ ਜੀਭ ਬੰਦ ਹੋਗਈ ਦਸੈਹਰੇ ਦੀਆਂ ਨਜਰਾਂ ਵਜੀਰ ਧਿਆਨ ਸਿੰਘ ਨੇ ਰਾਂ
ਦੀ ਦੇ ਬੰਗਲੇ ਵਿੱਚ ਬੈਠਕੇ ਲਈਆਂ। —— ੨੮ ਅਸੂ ਕੋ ਰਾਣੀ ਲਛਮੀ ਫੀਰੋਜ
ਪੁਰ ਵਾਲੀ ਬੇਉਲਾਦ ਮਰੀ ਤਾਂ ਅੰਗ੍ਰੇਜਾਂ ਨੇ ਉਸਦਾ ਰਾਜ ਸਾਂਭਕੇ ਓਥੇ ਛਾਉਣੀ ਆਬ
ਕੀਤੀ ਤਾਂ ਸਾਹਜਾਦੇ ਸ਼ੇਰ ਸਿੰਘ ਨੇ ਉਠਾਉਣ ਲਈ ਲੜਾਈ ਦੀ ਤਿਆਰੀ ਕੀਤੀ ਤੋ ਗਰਮਾਂ
ਨੇ ਸਲਾਹ ਛਾਹ ਦਿੱਤੀ ਓਸੇ ਸਮੇ ਕਹਿਉਠੇ ਕੇ ਹੁਣ ਪੰਜਾਬ ਬੀ ਅੰਗ੍ਰੇਜ ਲੈ ਲੈਣਗੇ। —
ਸਿਆਣੇ ੨
ਮਹਾਰਾਜੇ ਨੇ ਰਾਜੀ ਹੋਕੇ ਬਹੁਤ ਧਨ ਗ੍ਰੀਬਾਂ ਨੂੰ ਬੰਡਿਆ, ਦੀਪਮਾਲਾ ਔਮ੍ਰਿਤਸਰ ਕੀਤੀ।
੨੩ ਕੱਤਕ ਕੋ ਵਜੀਰ ਜੋਰਾਵਰ ਸਿੰਘ ਲੱਦਾਖ ਤੇ ਤਿੱਬਤ ਫਤੇ ਕਰਕੇ ਹਾਜਰ ਆਯਾ ਓਥੋਂ
ਦੇ ਤੋਹਫੇ ਪੋਸਤੀਨ ਆਦਿਕ ਦੇਕੇ ਲਾਂਬੇ ਲੋਗ ਪੇਸ ਕੀਤੇ ਜੋ ਫੜੇ ਓਥੋਂ ਫੜ ਆਏ ਸੇ। ਓਨਾਂ ਦੀ
ਰਹਿਤ ਬਹਿਤ ਮਜਾਹਬ ਦਾ ਹਾਲ ੧੩੩ ਸਫੇ ਦਾ ਨੋਟ ਦੇਖੋ। —— ।।ਮਹਾਰਾਜੇ ਨੇ ਵਜੀ
ਰ ਦੀ ਹਿੰਮਤ ਉੱਤੇ ਖੁਸੀ ਹੋਕੇ ਜੰਗੀਰ ਖਿਲਤ ਬਖਸੇ ਓਸ ਨੇ ਅਰਜ ਕੀਤੀ ਸੱਚੇ ਪਾਤਸਾਹ
ਜੇ ਹੁਕਮ ਹੋਵੇ ਤਾਂ ਚੀਨ ਫਤੇ ਕੀਤੀ ਜਾਵੇ। ਮਹਾਰਾਜੇ ਨੇ ਹੱਸਕੇ ਆਖਿਆ ਤੇਰੇ ਜੇਹੇ ਬਹਾਦੁਰਾਂ
ਉੱਤੇ ਭਾਰੀ ਭਰੋਸਾ ਹੈ ਪਰ ਅਜੇ ਸਮਾਂ ਨਹੀਂ। — ਗਰਮੀ ਵਿੱਚ ਲਾਂਬੇ ਲੋਗਾਂ ਨੂੰ ਔਖੇ ਹੁੰ
ਦੇ ਦੇਖਕੇ ਲਾਸੇ ਵਿੱਚ ਪਹੁੰਚਾ ਦਿੱਤਾ। —— ।।ਤਦੋਂ ਹੀ ਜਨਰਲ ਅਲਾਰਡ ਸਾਹਿਬ
ਨੇ (ਜੋ ਛੁੱਟੀ ਗਿਆ ਸੀ) ਫਰਾਂਸ ਤੋਂ ਆਕੇ ਫਰਾਂਸ ਵਾਲੇ ਬਾਦਸਾਹ ਦੇ ਖਤ ਤੇ ਤੋਹਫੇ ਪੇਸ ਕੀਤੇ
ਜੋ ਕੇ ਮਹਾਰਾਜੇ ਨੇ ਬੀ ਓਸਦੇ ਹੱਥ ਤੋਹਫੇ ਭੇਜੇ ਸੇ। —— ।।ਸਾਹਿਜਾਦਾ ਖੜਗ ਸਿੰਘ
ਤੇ ਕੌਰ ਨੌਨਿਹਾਲ ਸਿੰਘ ਦੌਰਾ ਕਰਦੇ ਹੋਏ ਜਾਂ ਦਰਿਆ ਸਿੰਧ ਕਨਾਰੇ ਪੁੱਜੇ ਤਾਂ ਮੁਲਤਾਨ
ਦੇ ਸੂਬੇ ਨੇ ਏਨਾਂ ਦੀ ਸਹਿ ਨਾਲ ਕਿਲਾ ਕਾਨ ਤੇ ਇਲਾਕਾ ਢੂਇ ਜਹਾਨ ਸਿੰਧ ਮੁਲਕ ਫਤੇ
ਤੇ ਕੀਤਾ। ਜੋ ਅੰਗ੍ਰੇਜਾਂ ਕੋਹ ਫੇਰ ਛੱਡੇ ਗਏ। —— ।।ਫਗਣ ਸੰ: ੧੮ ਦੇ ੩ ਦਿਨ੍ਹਾਂ ਨੂੰ
ਕੌਰ ਨੌਨਿਹਾਲ ਸਿੰਘ ਦਾ ਬਿਆਹ ਸਰਦਾਰ ਸਾਮ ਸਿੰਘ ਅਟਾਰੀ ਵਾਲੇ ਦੀ ਬੇਟੀ
ਨਾਨਕੀ ਨਾਲ ਅਜੇਹਾ ਬਡਾ ਕੀਤਾ ਜਿਸ ਦੇ ਬਰਾਬਰ ਪੰਜਾਬ ਵਿੱਚ ਤਾਂ ਕਿਸ ਕਰਨਾ
ਸੀ ਸਾਰੇ ਹਿੰਦ ਵਿੱਚ ਨਹੀਂ ਹੋਇਆ। — ।।ਜਮਨਾ ਤੇ ਅਟਕ ਅੰਦਰ ਦੇ ਸਬ ਰਾਜੇ ਸਰਦ
ਰ ਸਾਹੂਕਾਰ ਭੈਰੂ ਵਾਲੀਅਰ ਇੰਦੌਰ ਨਾਭਾ ਪਟਿਆਲਾ ਜੀਂਦ ਕੈਥਲ ਬਲਮਗ
ੜ ਧੌਲਪੁਰ ਭਰਤਪੁਰ ਕਾਬਲ ਕੰਧਾਰ ਗਜਨੀ ਬਹਾਵਲਪੁਰ ਸਿੰਧ ਦੇ ਅਮੀਰ
ਕੋਈ ਆਪ ਕਿਨਾਂ ਦੇ ਅਹਿਲਕਾਰ ਤੇ ਬੋਲ ਲੈਕੇ ਆਏ। ਸਰਕਾਰ ਅੰਗ੍ਰੇਜੀ ਵੱਲੋਂ ਲਾ

Digitized by Panjab Digital Library | www.panjabdigilib.org

੪੩੪ ਰਤਸਰਹਿਨਰੀਫੈਨਸਾਹਿਬਬਹਾਦੁਰਤੇਕਪਤਾਨਵੈਡਸਾਹਿਬਲੁਦੇਹਾਣੇਵਾਲਿਆਂ
੧੧੦੦੦
ਨੇ॥੨੪ਫੱਗਣਕੋਤੇਬੋਲਲੀਤਾ॥ਸਭਤੋਂਪਹਿਲੇਗਿਆਰਾਂਹਜਾਰਰੁਪਿਆ॥ਸਰਕਾਰਅੰਗ੍ਰੇ
ਜ਼ੀਦਾਲੀਤਾ॥ਫੇਰਸਵਾਲਖਵਜੀਰਧਿਆਨਸਿੰਘਦਾ॥ਫੇਰਇਕਦਿਨ੨ਹਜਾਰਰਾਜਾਗੁਲਾ
ਬਸਿੰਘਸੁਚੇਤਸਿੰਘਮਿਸਰਰੂਪਲਾਲਆਦਿਕਬਹੁਤਸਰਦਾਰਾਂਨੇਪੰਜਾਹ੨ ਤੇ ਪੰਝੀ੨
ਹਜਾਰਦਿੱਤਾ॥ਪੰਜਾਹਲੱਖਪੈਂਹਠਹਜਾਰਤਾਂਓਸੇਘੜੀਨਗਦਆਗਿਆਬਾਕੀਏਤਨਾਹੀਮੰ
ਨਤਾਂਦਾਰੈਹਾ॥ਫੇਰਹਰਇਕਨੌਕਰਨੇਖੁਸੀਹੋਕੇਇੱਕ੨ਮਹੀਨਾਦਿੱਤਾ॥ਏਹਬਿਆਹਜਲਸਾਅੰ
ਮ੍ਰਿਤਸਰਹੋਯਾ,ਏਹਸਹਿਰਾਂਵਿੱਚਬਹੁਤਸੀਰਨੀਤੇਦੌਲਤਬੰਡੀ॥ਹਰਏਕਨੌਕਰਨੂੰਪੁਸਾਕੀ
ਬੰਦੀਲਸਮੇਤਬਖਸੀ॥੨੬ਫੱਗਣਨੂੰਬਡੀਧੂਮਧਾਮਦੀਜੰਨਚੜ੍ਹੀ।ਜਿਸਵਿੱਚਪੰਜਲੱਖ
ਆਦਮੀਦੀਭੀੜਭਾੜਤੇਸਤਾਰਾਂਸੈਹਾਥੀਰਥਾਂਗੱਡੀਆਂਊਂਟਗੱਡੇਕੌਣਗਿਣੇ॥ਅਟਾਰੀਦੇ
ਪੰਜ੨ਕੋਹਚੁਫੇਰੇਖਲਕਤਦਾਤਾਂਤਾਬੰਧਾਗਿਆ।ਪੰਦ੍ਰਾਂ੨ਬੀਸ੨ਕੋਹਤਕਖੇਤੀਦਾਨਾਮਨਿਸਾਨ
ਨਾਰਿਹਾ।ਤਿੰਨਸੈਬਾੜਘਾਸਲਕੜੀਦਾਐਸਾਸੀਜਿਨਾਂਵਿੱਚਹਜਾਰ੨ਗੱਡਾਰਾਤਦਿਨੇਚੱਲ
ਰਿਹਾਸੀ।ਰਸਦਦੇਥਾਂਪੜਥਾਂਢੇਰਲੱਗੇਪਏਸੇ॥ਸੱਤਸੈਤਾਇਫਕੰਜਰੀਆਂਦਾਸੀਜੋਦਿੱਲੀ
ਲਖਨਊਵਿੱਚੋਂਚੁਣੇਹੋਏਆਏਸੇ॥ਬਾਕੀਰਾਗੀਰਬਾਬੀਢਾਡੀਕਲਾਵੰਤਸਾਰੰਗੀਢੋਲਾਂਵਾਲੇ
ਲੋਅੰਤਸੇਸਭਨੂੰਰਸਦਬਿਦਾਈਮਿਲੀ॥ਜੰਨਚੜ੍ਹੀਤਾਂਡਫੜਿਆਂਢੋਲਾਂਤੋਪਾਂਦੇਕੜਕਾਟਵਿੱਚ
ਕੰਨਪਈਸੁਣਾਈਨਹੀਂਦਿੰਦੀਸੀ॥ਦਰਬਾਰਮੰਝਾਟੇਕਕੇਚੜ੍ਹੇਤਾਂਅੱਗੇ੨ਤਖਤਰਵਾਂਉਤੇਪਰੀ
ਆਂਟਾਰੀ੨ਨਚਦੀਆਂਜਾਂਦੀਆਂਸਨ।ਫੁਲਵੜੀਮਹਿਲਮਾੜੀਆਂਸੁਇਨੇਚਾਂਦੀਦੇਬਰਕਾਂਨਾਲ
ਜੜੇਹੋਏ।ਓਦੂੰਪਿੱਛੇਕੋਤਲਘੋੜੇਸੁਇਨੇਚਾਂਦੀਦੇਸਾਜਾਂਨਾਲਮੜ੍ਹੇਹੋਏਕਲੋਲਕਰਦੇਜਾਂਦੇਸੇ॥
ਫੇਰਅੜਦਲਦਾਰਸਾਲਾ।ਇਕਰੰਗਕਮਖਾਬਦੀਵਰਦੀ।ਮੁਕੇਸੀਕਲਗੀਆਂਸਿਰਪੇਚਕੜੇ
ਕੈਂਠੇਤੇਗਲਾਂਵਾਲੇਪਹਿਨੇਹੋਏ।ਓਦੂੰਮਗਰਹਾਥੀਆਂਦੀਕਤਾਰ।ਚਾਰ੨ਹਾਥੀਬਰੋਬਰਾਬਰ
ਸੁਇਨੇਚਾਂਦੀਦੇਹੌਦੇਜਰਦੋਜੀਝੂਲਘੰਟਿਆਂਦੀਘਨਘੋਰਚਲੇਚਲੇਬਧੇਬਧੇਦੀਆਵਾਜ
ਹੋਰਹੀਸੀ।ਓਦੂੰਮਗਰਹਰਏਕਰਾਜੇਦੀਫੌਜਜੁਦੀ੨ਸਜੀਹੋਈ॥ਅਟਾਰੀਤਿਨਕੋਹਰਹੀਤਾਂ
ਥੇਰ੨ਉੱਤੇਤੋਪਾਂਦੀਸਲਕਫੌਜਦੀਸਲਾਮੀਹੋਈਅਕਾਸਗੂੰਜਉਠਿਆ॥ਮਹਾਰਾਜੇਨੇਬੜੇ੨
ਰਾਜੇਸਰਦਾਰਾਂਦੇਹੌਦਿਆਂਵਿੱਚਰੁਪਏਬੁਧਕੀਆਂਦੇਤੋੜੇਸਿੱਟਣਲਈਰਖਵਾਦਿੱਤੇਸੇ॥ਮਹਾਂ
ਰਾਜਾਤੇਲਾਟਸਾਹਿਬਹਾਥੀਉੱਤੋਂਮੁਹਿਰਾਂਸਿਟਦੇਹੋਏਸਰਦਾਰਸਿਆਮਸਿੰਘਦੇਦਰਵਾਜੇਪਹੁੰ
ਚੇਤਾਂਓਸਨੇ੧੦੧ਮੁਹਿਰ੫ਘੋੜੇਸੋਨੇਚਾਂਦੀਦੀਆਂਕਾਠੀਆਂਤੇਜੇਵਰਾਂਵਾਲੇਮਹਾਂਰਾਜੇਦੀ

Digitized by Panjab Digital Library | www.panjabdigilib.org

ਨਜਰ ਕੀਤੇ ੫੧ ਮੁਹਿਰਾਂ ਦੇ ਘੋੜੇ ਕੌਰ ਖੜਗ ਸਿੰਘ ਦੀ ਇੱਕ ਇੱਕ ਘੋੜਾ ਗਿਆਰਾਂ ੨ ਮੁਹਿਰਾਂ ੪੩੫
ਸੇਰ ਸਿੰਘ ਆਦਿਕ ਸਭ ਸਾਹਜਾਦਿਆਂ ਨੂੰ ਨਜਰ ਦਿੱਤੀ।— ।ਜਦ ਮਿਲਣੀ ਹੋਈ
ਤੋਪਾਂ ਕੜਕੀਆਂ ਗੋਲੇ ਚੱਲੇ ਆਤਸਬਾਜੀ ਉਡੀ ਅਨਾਰ ਝੜੇ ਬੁਰਜ ਉਡੇ ਹਵਾਈਆਂ ਛਾਈ
ਆਂ ਚਾਦਰਾਂ ਫੁਰੀਆਂ ਚੰਦ ਸੂਰਜ ਚੜ੍ਹਾਏ ਜਿਮੀ ਅਸਮਾਨ ਤੇ ਜੋਮਣੀ ਹੋ ਗਿਆ ਬਾਗ ਫੁਲਵਾ
ੜੀ ਲੁੱਟੀ ਗਈ।ਨਾਮੀ ਰਾਜੇ ਤੇ ਸਰਦਾਰ ਤੇ ਲਾਟ ਸਾਹਿਬ ਸਮੇਤ ਮਹਾਂਰਾਜ ਸਆਮ ਸਿੰਘ ਦੇ ਘਰ
ਗਏ।ਮਹਾਂਰਾਜੇ ਦੀ ਪੁਸਾਕ ਜੇਵਰ ਕੈਠਾ ਮਾਲਾ ਰਤਨ ਜੜਤ ਤਾਰਿਆਂ ਵਾਂਗੂ ਝਲਕਤੇ ਕੋਹਨੂਰ
ਡੌਲੇ ਉਤੇ ਚੰਦ੍ਰਮਾਂ ਜੈਸੀ ਛਬ ਦੇ ਰੈਹਾ ਸੀ।ਪੰਜੇ ਸਾਹਜਾਦੇ ਤੇ ਰਾਜੇ ਹੀਰਾ ਸਿੰਘ ਜੇਹੇ ਅਨੇਕ ਰ
ਜਿਆਂ ਦੇ ਪੁੱਤ੍ਰ ਹੀਰੇ ਮੋਤੀਆਂ ਨਾਲ ਮੜ੍ਹੇ ਹੋਏ ਅਧਿਭੁਤ ਸੋਭ ਰਹੇ ਸੇ। ੯ ਬਜੇ ਰਾਤ ਨੂੰ ਦੂਲੋ ਦੁਲ੍ਹ
ਨ ਦੇ ਫੇਰੇ ਹੋਏ ਮੁਬਾਰਕਾਂ ਦੀ ਆਵਾਜ ਬ੍ਰਹਮੰਡ ਵਿਚ ਭਰ ਗਈ।ਇਸਤ੍ਰੀਆਂ ਦੇ ਗੀਤ ਚਿੱ
ਤ ਨੂੰ ਚੁਰਾ ਰਹੇ ਸੇ ਸਾਰੀ ਰਾਤ ਮਹਾਂਰਾਜ ਦੀ ਮਜਲਸ ਵਿੱਚ ਭੁੰਤ ਭੁੰਤ ਦੀ ਅੰਗੂਰੀ ਸਰਾਬ
ਤੇ ਕੌਫਤੇ ਕਬਾਬ ਨਾਚ ਹੋਏ।ਪ੍ਰਮਾਨੰਦ ਦੀ ਝੜੀ ਲਗੀ ਰਹੀ।ਓਸ ਸਮੇ ਦੀ ਬਿਭੂਤੇ ਰਚਨਾਂ ਨੂੰ
ਦੇਖਕੇ ਲਾਟ ਸਾਹਿਬ ਤੇ ਹੋਰ ਅੰਗ੍ਰੇਜ ਰਾਜੇ ਮਹਾਂਰਾਜੇ ਸਭ ਹੱਕੇ ਬੱਕੇ ਹੋ ਰਹੇ ਸੇ। ਅੰਮ੍ਰਿਤ ਵੇ
ਲੇ ਆਪੋ ਆਪਣੇ ਡੇਰੇ ਗਏ।ਬਾੜ੍ਹ ਦਾ ਬੰਦੋਬਸਤ ਕਰਕੇ ਖਲਕਤ ਨੂੰ ਤੀਨਾਂ ਕੋਹਾਂ ਵਿੱਚ ਫੌਜ
ਦੇ ਕੋਟ ਅੰਦਰ ਘੇਰ ਕੇ ਚਾਰ ਦਰਵਾਜੇ ਰੱਖੇ ਬ੍ਰਾਹਮਣ ਫਕੀਰ ਨੂੰ ਪੰਜ ਰੁਪਯੇ ਦੂਜੇ ਲੋਗਾਂ
ਨੂੰ ਦੋ ਦੋ ਰੁਪਯੇ ਨਾਨਕ ਸਾਹੀ ਦੇਕਰ ਨਿਕਾਲਦੇ ਗਏ।ਕਹਿੰਦੇ ਹਨ ਇੱਕ ਫਕੀਰ ਤੂੰਬੇ ਵਿੱਚ
ਕੀੜੇ ਪਾ ਲਿਆਯਾ, ਜੀ ਜੀ ਪ੍ਰਤੀ ਮੰਗਣ ਲੱਗਾ ਸਰਦਾਰ ਹਰੀ ਸਿੰਘ ਨੇ ਸਭ ਕੀੜੇ ਛੁਡ
ਕੇ ਓਸ ਦਾ ਤੂੰਬਾ ਬੁਧਕੀਆਂ ਨਾਲ ਭਰ ਦਿਤਾ ਏਹ ਗੱਲ ਸੁਣ ਕੇ ਮਹਾਂਰਾਜ ਬਹੁਤ ਖੁਸ ਹੋਏ ਬਾਈ
ਲਾਖ ਰੁਪਯਾ ਬਾੜ੍ਹ ਦੀ ਖੈਰਾਯਤ ਹੋਰ ਡੂਮ ਕੰਜਰੀਆਂ ਭੰਡ ਨਕਲੀਏ ਖੁਸਰੇ ਜੋ ਬੇਸੁਮਾਰ
ਆਏ ਸੇ ਗਿਆਰਾਂ ਰੁਪਏ ਤੋਂ ਲੈ ਕੇ ਸੌ ਸੌ ਤਕ ਜੀ ਜੀ ਪ੍ਰਤੀ ਜਥਾ ਜੋਗ ਓਨ੍ਹਾਂ ਨੂੰ ਦਿੱਤੇ।ਬਾਕੀ ਜਾਂਵੀ
ਆਂ ਜਾਈਆਂ ਦਾ ਸਭ ਖਰਚ ਪਾ ਕੇ ਇੱਕ ਕਰੋੜ ਬਹੱਤ੍ਰ ਲਾਖ ਰੁਪਯਾ ਏਸ ਬਿਆਹ ਉਤੇ ਮਹਾਂਰਾ
ਜੇ ਦਾ ਖਰਚ ਹੋਯਾ ਸੋ ਏਹ ਤਾਂ ਬੋਲ ਤੇ ਦਾਤ ਦਾਇਆ ਗਿਆ।ਜਦ ਖੱਟ ਉੱਤੇ ਬੈਠੇ ਤਾਂ ੧੦੧ ਘੋੜਾ ੧੦੧
ਗਊ ੧੦੧ ਮੈਂਸ ੧੦੧ ਊਂਟ ੧੧ ਹਾਥੀ ਸੁਇਨੇ ਚਾਂਦੀ ਦੇ ਜੇਵਰਾਂ ਕਾਠੀਆਂ ਹੌਦਿਆਂ ਝੁੱਲਾਂ ਨਾਲ
ਸਜੇ ਹੋਏ ੫੧ ਹਜਾਰ ਦੇ ਬਰਤਨ ੫੧ ਹਜਾਰ ਕੇ ਜੇਵਰ ੫੧ ਹਜਾਰ ਦੇ ਬਸਤ੍ਰ ਛਾਈ ੨॥ ਲੱਖ
ਦਾ ਹੀਰਾ ਮੋਤੀ ੫੧ ਹਜਾਰ ਨਕਦ ਬਾਕੀ ਸਭ ਰਾਜਿਆਂ ਸਰਦਾਰਾਂ ਨੂੰ ਖਿਲਤ ਲਾਟ ਸਾਹਿਬ ਨੂੰ
ਗਿਆਰਾਂ ਹਜਾਰ ਦੀ ਖਿਲਤ ਸਭ ਸਾਹਜਾਦਿਆਂ ਤੇ ਦੂਲੋ ਨੂੰ ਪੁਸਾਕੀਆਂ ਜੇਵਰ ਇੱਕ ੨ ਛਟੀ ਜੁੜ

Digitized by Panjab Digital Library | www.panjabdigilib.org

੪੩੬ ਹਰਾਤ ਦੀ ਜੜੀ ਹੋਈ ਇਸੇ ਤਰਾਂ ਬਹੁਤ ਕੁਛ ਸਰਦਾਰ ਸ਼ਾਮ ਸਿੰਘ ਨੇ ਦਿੱਤਾ। ਉਸ ਰਾਤ ਨੂੰ ਬੀ ਅਤੀਆ
ਨੰਦ ਦਾ ਚੰਦ ਪ੍ਰਕਾਸ਼ਮਾਨ ਜੋ ਦੂਰ ਦੂਰ ਤੋਂ ਮਸ਼ਹੂਰ ਕੰਜਰੀਆਂ ਆਈਆਂ ਸਨ, ਨਚਦੀਆਂ ਗਾਉਂਦੀਆਂ
ਸਭ ਦੇ ਮਨ ਚੁਰਾਉਂਦੀਆਂ ਪਰਚਾਉਂਦੀਆਂ ਕਾਮ ਕਟਾਛ ਚਲਾਉਂਦੀਆਂ ਰਹੀਆਂ, ਪਿਆਲਾ ਅੰਗੂਰੀ ਸ਼
ਰਾਬ ਦਾ ਚਲਦਾ ਰਿਹਾ, ਉਸ ਸਮੇ ਦਾ ਆਨੰਦ ਕਥਨ ਤੋਂ ਬਾਹਰ ਹੈ। ਦੂਸਰੇ ਦਿਨ ਬਿਦਾ ਹੋਏ ਦੂਲਹ ਨੂੰ
ਸੁਇਨੇ ਦੀ ਪਾਲਕੀ ਵਿਚ ਚੜ੍ਹਾ ਕੇ ਸਰਦਾਰ ਸ਼ਾਮ ਸਿੰਘ ਨੇ ਅਤੀ ਆਜਜ਼ੀ ਦੇ ਸਾਥ ਅਖੀਆਂ ਭਰ ਕੇ
ਹੱਥ ਜੋੜ ਮਹਾਰਾਜ ਅੱਗੇ ਆਪਣੀ ਗ਼ਰੀਬੀ ਤੇ ਮਹਾਰਾਜ ਦੀ ਗ਼ਰੀਬ ਨਿਵਾਜ਼ੀ ਪ੍ਰਗਟ ਕੀਤੀ, ਮਹਾਰਾ
ਜ ਬੀ ਜੰਞੀ ਪਾ ਕੇ ਉਸ ਤੋਂ ਬਿਦਾ ਹੋ ਲਾਟ ਸਮੇਤ ਲਾਹੌਰ ਸ਼ਾਲਾਮਾਰ ਬਾਗ਼ ਆ ਉਤਰੇ, ਪੰਜ ਦਿਨ ਐਸੇ ਟ
ਸੁਖ ਤੇ ਰਾਗ ਰੰਗ ਦਿਖਾਏ ਜੋ ਲਾਟ ਸਾਹਿਬ ਨੂੰ ਸਾਰੀ ਉਮਰ ਨਹੀਂ ਭੁੱਲੇ ਹੋਣਗੇ। ਸਭ ਨੂੰ ਹੋਲੀਆਂ
ਖਿਡਾਈਆਂ, ਦਰਬਾਰ ਦੇ ਰਾਗ ਰੰਗ ਨਾਚ ਮੁਜਰੇ ਹੁੰਦੇ ਰਹੇ। ੩ ਚੇਤ੍ਰ ਨੂੰ ਲਾਹੌਰ ਦੇ ਨਾਮੀ ਬਾਗ਼ ਤੇ
ਮਕਾਨ ਦਿਖਾਏ। ੪ ਨੂੰ ਆਪ ਉਸ ਦੇ ਤੰਬੂ ਵਿੱਚ ਮੁਲਾਕਾਤ ਬਾਜ਼ਦੀਦ ਕੀਤੀ ਤਰਾਂ ਤਰਾਂ ਦੇ ਗੁਲਝ
ਟਾਲੇ ਪ੍ਰਸ਼ਨ ਰਾਜ ਨੀਤੀ ਦੇ ਕਰੇ ਜਿਨ੍ਹਾਂ ਦੇ ਉੱਤ੍ਰ ਕੁਛ ਤਾਂ ਲਾਟ ਸਾਹਿਬ ਤੇ ਉਸ ਦੇ ਸਿਕੱਤ੍ਰਾਂ ਨੇ ਸੋਚ ਸੋਚ
ਕੇ ਦਿੱਤੇ ਕੁਛ ਵਿੱਚੇ ਰਹੇ। ਅਣਪੜ੍ਹ ਜੱਟ ਮਹਾਰਾਜੇ ਦੀ ਅਕਲ ਤੇ ਰਾਜ ਨੀਤੀ ਮਾਯਾ ਦੇ ਚਮਤ
ਕਾਰੇ ਦੇਖ ਕੇ ਸਭ ਅੰਗ੍ਰੇਜ਼ ਹੱਕੇ ਬੱਕੇ ਰਹਿ ਗਏ, ਜਿਨ੍ਹਾਂ ਨੇ ਓੜਕ ਏਹੋ ਆਖਿਆ ਕਿ ਏਹ ਕੋਈ ਦੇਵ
ਤਾ ਯਾ ਅਵਤਾਰ ਹੈ। ਲਾਟ ਨੇ ੧ ਹਾਥੀ, ੮ ਘੋੜੇ, ੧ ਬੰਦੂਕ ਦੋਨਾਲੀ ੧ ਇਕਨਾਲੀ ੧ ਪਿਸਤੌਲ ਪ
ਕਿਸਤੀਆਂ ਜਵਾਹਰਾਤ ਦੀਆਂ ਤੋਹਫ਼ੇ ਮਹਾਰਾਜੇ ਨੂੰ ਦਿੱਤੇ। ਆਪਣੇ ਤੋਪਖ਼ਾਨੇ ਦੀ ਕੁਵਾਇਦ ਦਿ
ਖਾਈ, ਗੋਲਅੰਦਾਜ਼ਾਂ ਨੇ ਚਾਰ ਸੌ ਗਜ਼ ਉੱਤੇ ਨਿਸ਼ਾਨੇ ਉਡਾਏ, ਦੌੜੇ ਜਾਂਦੇ ਘੋੜੇ ਲਿਬੇ ਪਾਏ, ਤੋਪਾਂ ਦੇ ਟੁੱ
ਕੜੇ ਟੁੱਕੜੇ ਵੱਖਰੇ ਕਰ ਕਰ ਛਿਨ ਭਰ ਵਿੱਚ ਫੇਰ ਜੋੜ ਕੇ ਦੌੜਾ ਕੇ ਲੈ ਗਏ। ਇਸ ਸਿਤਮ ਨੂੰ ਦੇਖ ਕੇ
ਮਹਾਰਾਜ ਬੀ ਦੰਗ ਹੋਏ। ਲਾਟ ਨੇ ਰਿੰਝ ਰਿੰਝ ਕੇ ਉਨ੍ਹਾਂ ਤੋਪਾਂ ਦੀ ਮਹਿਮਾ ਸੁਣਾਈ ਕਿ ਏਹ ਤੋਪਾਂ
ਪਹਾੜ ਦੀ ਲੜਾਈ ਚੜ੍ਹਾਈ ਵਿੱਚ ਕੰਮ ਦਿੰਦੀਆਂ ਹਨ। ਜਿਨ੍ਹਾਂ ਦਾ ਇੱਕ ਇੱਕ ਟੁਕੜਾ ਜੁਦਾ ਕਰ
ਕੇ ਜਿੱਥੇ ਚਾਹੇ ਆਦਮੀ ਲੈ ਜਾਏ। — ।ਮਹਾਰਾਜੇ ਨੇ ਬਾਰਾਂ ਸੌ ਰੁਪਿਆ ਅੰਗ੍ਰੇਜ਼ੀ ਗੋਲਅੰਦਾਜ਼
ਨੂੰ ਇਨਾਮ ਦਿੱਤਾ ਹੋਰ ਫ਼ੌਜ ਦੀ ਕੁਵਾਇਦ ਦੇਖੀ। —— ।। ੫ ਚੇਤ੍ਰ ਨੂੰ ਮਹਾਰਾਜੇ ਨੇ ਆਪਣੀ ੧੮
ਹਜ਼ਾਰ ਫ਼ੌਜ ਦੀ ਕੁਵਾਇਦ ਜੋ ਅੰਗ੍ਰੇਜ਼ੀ ਅਫ਼ਸਰਾਂ ਨੇ ਸਿਖਾਈ ਸੀ ਲਾਟ ਸਾਹਿਬ ਨੂੰ ਦਿਖਾਈ
ਸਿੰਘੀ ਫ਼ੌਜ ਦੀ ਕੁਵਾਇਦ ਤੇ ਵਰਦੀ ਜੋ ਸੁਇਨੇ ਚਾਂਦੀ ਦੀ ਮੜ੍ਹੀ ਹੋਈ ਦਰੇਸੀ ਤੇ ਸਫ਼ਾਈ ਦੇ
ਖਰੇ ਅਚੰਭਾ ਮੰਨ ਗਏ। ਫੇਰ ਘੁੜਨਾਲੀ ਤੋਪਾਂ ਦੀ ਕੁਵਾਇਦ ਦੇਖਾ ਕੇ ਚਮੜੇ ਦੀਆਂ ਤੋਪਾਂ ਜਿਨ੍ਹਾਂ
ਸਭ ਅੰਗ੍ਰੇਜ਼
ਦਸਾਂ ਦਸਾਂ ਨੂੰ ਇਕੋ ਇਕ ਆਦਮੀ ਬੁੱਕਲ ਵਿੱਚ ਉਠਾ ਕੇ ਬਿਖੜੇ ਪਹਾੜਾਂ ਉੱਤੇ ਲੈ ਜਾ ਸਕਦਾ ਸੀ

Digitized by Panjab Digital Library | www.panjabdigilib.org

ਚਲਵਾਕੇਨਿਸਾਨੇਉਡਵਾਕੇਦਿਖਾਏ।ਜਿਸਨੂੰਦੇਖਕੇਲਾਟਸਾਹਿਬਨੂੰਤਾਂਆਪਣੀਆਂਤੋਪਾਂ ੪੨੧
ਦੇਕਰਤੱਬਦਾਸਬਗੁਮਾਨਭੁੱਲਗਿਆਅਤੇਅਚਰਜਹੋਕੇਪੁਛਿਆ,ਏਹਚਮਦੀਆਂਤੋਪਾਂਕਿਥੋਂ
ਆਈਆਂਹਨ।ਮਹਾਂਰਾਜੇਨੇਉਨਾਂਦਾਪੈਦਾਕਰਤਾਸਰਦਾਰਲੈਣਾਸਿੰਘਮਜੀਠੀਆਦਿਖਾ
ਦਿਤਾ।ਸਾਹਿਬਨੇਬਹੁਤਖੁਸੀਹੋਕੇਅਪਣੀਜੇਬਘੜੀਸਰਦਾਰਨੂੰਬਖਸੀ,ਫੇਰਸਰਦਾਰ
ਨੇਬੀਅਪਣੀਬਣਾਈਹੋਈਘੜੀਦਿਖਾਈਜੇੜ੍ਹੀਤਾਰੀਕਮਹੀਨਲਗਨਸਗਨਸਬਆ
ਪੇਪਈਦਸਦੀਸੀ,ਲਾਟਸਾਹਿਬਉਸਘੜੀਨੂੰਦੇਖਕੇਵਾਹਵਾਹਕਹਿੰਦਾਰਿਹਾ।ਵਚੇਤ੍ਰਨੂੰਲਾ
ਟਸਾਹਿਬਦੀਮੇਮਹੋਰਅਨੇਕਮੇਮਾਂਸਮੇਤਸੰਮਨਬੁਰਜਵਿਚਮਹਾਰਾਣੀਨਕੈਣਦੀਮੁਲਾ
ਕਾਤਨੂੰਗਈਜਿਸਦੇਪੋਤ੍ਰੇਦਾਬਿਆਹਸੀ।ਮਹਾਰਾਣੀਹੋਰਸਭਨਾਂਰਾਣੀਆਂਸਮੇਤਮਹਿ
ਲਦੇਦਰਵਾਜੇਤਕਆਕੇਉਨਾਂਨੂੰਲੈਗਈਤੇਸੁਇਨੇਚਾਂਦੀਦੀਆਂਕੁਰਸੀਆਂਉਤੇਬੈਠਾਈਆਂ
ਅਤਰਲਾਏਹੈਸੀਖੁਸੀਨਾਲਵਲਾਇਤਦਾਰਵਾਜਪੁਛਿਆਦੱਸਿਆ।ਰਾਣੀਆਂਦੇਸੁੰਦ੍ਰਸਰੂਪਤੇਗੈ
ਹਣੇਕਪੜੇਦੇਖਕੇਮੇਮਾਂਅਚਰਜਹੁੰਦੀਆਂਸਨ।ਰਾਣੀਆਂਮੇਮਾਂਦੇਰੂਪਤੇਪਹਿਰਾਵੇਦੇਖਦੇਖਆ
ਨੰਦਹੋਹੋਆਖਦੀਆਂਸਨ।ਅੜੀਓਤੁਸਾਡਾਦੇਸਤੇਤੁਸੀਂਧੰਨਹੋਜੇੜ੍ਹੀਆਂਅਪਣੇਖਸਮਾਂਨਾ
ਲਖੁੱਲੇਮੂੰਹਦੁਨੀਆਂਦੇਦਦਾਰਤੇਸੈਲਕਰਦੀਆਂਫਿਰਦੀਆਂਹੋ।ਅਸੀਂਤਾਂਕੈਦੀਬੰਦੇਹਾਂ
ਜੇਕਦੇਮਹਿਲਾਂਵਿਚਮਹਾਂਰਾਜਆਏਦਰਸਨਪਾਏਖੁਸੀਹੋਈਨਹੀਤਾਂਜਿੰਦੜੀਹਾਹੁਕਿਆਂ
ਨਾਲਪਈਸੁਕਦੀਰਹੀ।ਕਿਉਂਕਿਪੁਰਸਬਿਨਾਂਤ੍ਰੀਮਤਨੂੰਮਹਿਲਮਾੜੀਆਂਬੀਬੰਧਨਾੜੀਆਂ
ਵਾਂਗੂੰਡਰਾਉਂਦੇਹਨ।ਪਰਸਾਡੇਮਹਾਂਰਾਜੇਨੇਤ੍ਰਸਾਨੂੰਸਬਸੁਖਦੇਰੱਖੇਹਨ।ਅਸੀਂਬੀਉਨਾਂਨੂੰਹੀ
ਨਿਰਪੁਰਾਪ੍ਰਮੇਸੁਰਮੰਨਕੇਧਿਆਉਂਦੀਆਂਤੇਭਲਾਮਨਾਉਂਦੀਆਂਹਾਂ ਕਿਉਂਕੇਭਰਤਾਹੀਇਸ
ਤ੍ਰੀਦਾਪ੍ਰਮੇਸੁਰਹੈ।। — ।।ਏਹੋਜੇਹੀਆਂਅਨੇਕਗੱਲਾਂਕੱਥਾਂਕਰਕੇਫੇਰਮਾਈਨਕੈਣਨੇ
ਗੋਲੀਆਂਤੋਂਗਿੱਧਾਪਵਾਕੇਪੰਜਾਬਦੇਗੀਤਸੁਣਵਾਏ।। — ।।ਮਹਾਂਰਾਜੇਦੇਮਹਿਲਾਂ
ਵਿਚਸਬਦੇਸਾਂਦੀਆਂਇਸਤ੍ਰੀਆਂਸਨ।ਦੱਤੂਰਾਹਰਕਨਅਬੂਤਬਲੇਆਦਿਕਅੰਗ੍ਰੇਜ
ਦੀਆਂਮੇਮਾਂਅੰਗ੍ਰੇਜੀਪੰਜਾਬੀਚੰਗੀਬੋਲਦੀਆਂਸਨ।ਓਹੀਪਾਜੀਸਮਝਾਉਂਦੀਆਂਰ
ਹੀਆਂ।ਫੇਰਰਾਣੀਨਕੈਣਨੇਮਹਿਲਦਿਖਾਮੇਮਾਂਨੂੰਖੁਸਕਰਨਲਈਸਾਦੀਕ ਮੇਵੇਪ
ਦਾਰਬਫਕਾਪੰਜਾਬਦੇਕੱਪੜੇਗੈਹਣੇਆਦਿਕਚੰਗੇਚੰਗੇਤੋਹਫੇਦੇਕੇਬਡੇਪਿਆਰਜਿਤਲਾ
ਕੇ ਬਿਦਾਕੀਤਾ।। — ।।ਰਾਣੀਆਂਦੇਬ੍ਰਿਤਾਂਤਮੇਮਾਂਤੋਂਸੁਣਕੇਲਾਟਬੋਲਿਆ,ਏਹਪੰ
ਜਾਬੀਲੋਗਅਪਣੇਖਾਸਕਿਸੇਮਤਮਜਾਜਦੇਪੱਕੇਨਹੀ।ਗੁਰੂਗੋਬਿੰਦਸਿੰਘਨੇਖਾਲਸਾਪੰ

੪੩੮ ਬ ਬਹੁਤ ਖੁਲਾਸਾ ਰਚਿਆ ਹੈ ਪਰ ਏਹ ਸਿੰਘ ਅਜੇ ਤਕ ਹਿੰਦੂ ਮਤ ਨੂੰ ਛੋੜ ਨਹੀਂ ਸਕੇ। ਜਦ ਏਸ ਦੇਸ਼ ਵਿ
ਚ ਅੰਗ੍ਰੇਜ਼ੀ ਰਾਜ ਹੋਵੇਗਾ ਤਾਂ ਸੌ ਬਰਸ ਦੇ ਅੰਦਰ ਏਹ ਸਭ ਲੋਗ ਅੰਗ੍ਰੇਜ਼ੀ ਤਰੀਕੇ ਪਰ ਆ ਜਾਣਗੇ
ਹ ਦੀਰਘ ਦ੍ਰਿਸ਼ਟੀ ਲਾਟ ਸਾਹਿਬ ਦੀ ਹੁਣ ਸਫਲ ਹੋ ਰਹੀ ਹੈ।—
ਓਸੇ ਸਮੇਂ ਲਾਟ ਦੇ ਹੁੰਦੇ ਹੀ ਸਰਦਾਰ ਪੀਰ ਮਹੰਮਦ ਖਾਂ ਸੁਲਤਾਨ ਮਹੰਮਦ ਦਾ ਭਾਈ ਓਸ ਨਾਲੋਂ ਨਾ
ਰਾਜ ਹੋ ਕੇ ੧੨ ਹਜ਼ਾਰ ਅਸਵਾਰ ਬਾਰਕਜ਼ਈਆਂ ਦਾ ਲੈ ਕੇ ਲਾਹੌਰ ਮਹਾਰਾਜੇ ਪਾਸ ਆ ਗਿਆ ਕੋਹ
ਲੰਾ ਨੂਰ ਘੋੜਾ ਜਿਸ ਦੀ ਚਾਹ ਦੋਸਤ ਮਹੰਮਦ ਖਾਂ ਰਖਦਾ ਸੀ ਇਕ ਖੁਰਾਸਾਨੀ ਜੜਾਊ ਤਲਵਾਰ ਦਸ
ਹਜ਼ਾਰ ਕੀਮਤ ਦੀ ਮਹਾਰਾਜੇ ਦੀ ਨਜ਼ਰ ਕੀਤੀ। ਓਸ ਨੇ ਜੰਗ ਲਈ ਮਦਦ ਮੰਗੀ। ਮਹਾਰਾ
ਜੇ ਨੇ ਦੋਹਾਂ ਭਾਈਆਂ ਵਿਚ ਮੇਲ ਕਰਾ ਦਿਤਾ।— ੧੮ ਚੇਤ ਨੂੰ ਮਹਾਰਾਜੇ ਨੇ ਲਾਟ ਸਾਹਿ
ਬ ਨੂੰ ੧ ਹਾਥੀ ੫ ਘੋੜੇ ਚਾਂਦੀ ਸੋਨੇ ਦੇ ਸਾਜ ਸਮੇਤ ੧ ਤਲਵਾਰ ਜੜਾਊ ਕਈ ਦੁਸਾਲੇ ਕਸ਼ਮੀ
ਰੀ ਤੇ ਖਿਲਤ ਦੂਜੇ ਅੰਗ੍ਰੇਜ਼ਾਂ ਨੂੰ ਦੇ ਕੇ ਬਿਦਾ ਕੀਤਾ। ਬਿਦਾ ਹੋਣ ਸਮੇਂ ਸਭਾ ਵਿਚ ਖੜੇ ਹੋ ਕੇ ਜਦ ਲਾ
ਟ ਸਾਹਿਬ ਨੇ ਮਹਾਰਾਜੇ ਦੇ ਗੁਣਾਂ ਦੀ ਬਹੁਤ ਲੰਬੀ ਚੌੜੀ ਮਹਿਮਾ ਬਰਨਨ ਕੀਤੀ ਤਾਂ ਮਹਾਰਾਜ
ਬੋਲੇ ਏਹ ਤਾਂ ਨਿਰੀ ਪੁਰੀ ਵਾਹਿਗੁਰੂ ਦੀ ਕ੍ਰਿਪਾ ਹੈ ਨਹੀਂ ਤਾਂ ਮੈਂ ਕਿਆ ਚੀਜ਼ ਹਾਂ ਜਿਸ ਦੀ ਆਪ ਬ
ਡਿਆਈ ਕਰਦੇ ਹੋ ਏਹ ਸਭ ਤੁਸੀਂ ਦੁਆ ਕਰਦੇ ਹੋ ਜੋ ਸ਼ਾਦੀ ਗ਼ਮੀ ਦੇ ਸਮੇਂ ਮੇਰੇ ਪਾਸ ਪੁੱਜ ਪੈਂਦੇ ਹੋ।
ਏਸੇ ਲਈ ਮੈਂ ਸਰਕਾਰ ਅੰਗ੍ਰੇਜ਼ੀ ਨੂੰ ਅਪਣੀ ਸਹਾਇਕ ਪਰਮ ਮਿੱਤ੍ਰ ਮੰਨਦਾ ਹਾਂ। ਏਹ ਗੱਲ ਸੁਣ
ਕੇ ਲਾਟ ਬੜਾ ਖੁਸ਼ੀ ਹੋਇਆ ਸ਼ਾਹਜ਼ਾਦਾ ਸ਼ੇਰ ਸਿੰਘ ਤੇ ਰਾਜਾ ਗੁਲਾਬ ਸਿੰਘ ਓਸ ਨੂੰ ਸਤਲੁਜ ਤਕ
ਛਡਣ ਗਏ।— । ਕੌਰ ਸਾਹਿਬ ਦੇ ਬਿਆਹ ਤੋਂ ਜਾਂਦੇ ਹੀ ਸਰਦਾਰ ਹਰੀ
ਸਿੰਘ ਨਲੂਏ ਨੇ ਹੱਲਾ ਕਰ ਕੇ ੭ ਵੈਸਾਖ ਸੰ: ੧੮੯੪ ਬਿ: ਨੂੰ ਜਮਰੌਦ ਕਾਬਲੀਆਂ ਤੋਂ ਛੁਡਾ ਲਈ
ਤਾ ਏਹ ਸੁਣ ਕੇ ਦੋਸਤ ਮਹੰਮਦ ਖਾਂ ਅੱਗ ਦਾ ਭਬੂਕਾ ਹੋ ਕੇ ਚੜ੍ਹ ਆਇਆ ਤੇ ਦੇਸ ਵਿਚ ਢੰਡੋਰਾ ਫੇਰਿ
ਤਾ ਕਿ ਅਤ ਕੀ ਸ਼ਿਫ਼ ਦੀਨ ਮਜ਼ਹਬ ਦਾ ਜੰਗ ਕਾਫ਼ਰਾਂ ਸਿਖਾਂ ਨਾਲ ਮੈਂ ਕਰਨਾ ਹੈ ਭਿਸਤ ਦੇ ਦਰ
ਵਾਜ਼ੇ ਖੁੱਲਣਗੇ ਜੋ ਕੋਈ ਦੀਨਦਾਰ ਦੀਨ ਇਸਲਾਮ ਵਾਸਤੇ ਮਾਰੇ ਮਰੇਗਾ ਸੋ ਬਿਨਾ ਪੁਛੇ ਭਿ
ਸਤ ਜਾਇਗਾ।— । ਏਹ ਢੌਂਡੀ ਸੁਣ ਸੁਣ ਬੇਅੰਤ ਪਠਾਣ ਗਾਜ਼ੀ ਬਣ ਕੇ ਗਾਜ਼ੀ ਤੇ ਜਹਾ
ਦੀ ਬਣ ੨ ਅਪਣੇ ੨ ਘਰਾਂ ਤੋਂ ਖਰਚ ਸ਼ਸਤ੍ਰ ਲੈ ਕੇ ਸਿੰਘਾਂ ਨਾਲ ਜੂਝਣ ਲਈ ਅਲੀ ੨ ਪੁਕਾ
ਰਦੇ ਤੇ ਢੋਲ ਮਾਰਦੇ ਚਲੇ ਆਏ। ਹਾਜ਼ੀ ਖਾਂ ਕਾਕੜ ਦਸ ਹਜ਼ਾਰ ਮੁਲਖਈਏ ਨੂੰ ਲੈ ਕੇ ਜਮਰੌ
ਦ ਆ ਉਤਰਿਆ।— ੧੩ ਕੱਤਕ ਨੂੰ ਤਿੰਨ ਪਹਿਰ ਭਾਰੀ ਜੰਗ ਹੋਇਆ ਸਿੱਖ ਜਿੱਤੇ। ੧੪ ਨੂੰ ਤੀਹ
ਹਜ਼ਾਰ ਪਠਾਣ ਹੋਰ ਆ ਪਹੁੰਚਿਆ ਤੇ ਦੂਜੇ ਪਾਸਿਓਂ ਹਾਜ਼ੀ ਖਾਂ ਉੱਠ ਪਿਆ ਦੋ ਪਹਿਰ ਤਕ ਤਾਂ ਜ਼ੋਰੋ

ਲਾਟ ਦੀ ਵਿਦਾਈ

ਹਰੀ ਸਿੰਘ ਨਲੂਏ ਨੇ ਜਮਰੌਦ ਮੱਲਣੀ ਤੇ ਭਾਰੀ ਜੰਗ ਕਰਨਾ।

Digitized by Panjab Digital Library | www.panjabdigilib.org

ਜ਼ੋਰ ਜੁੱਧ ਲੱਗ ਰਿਹਾ ਜੱਦਪਿ ਸਿੰਘਾਂ ਨੇ ਬੇਅੰਤ ਪਠਾਣ ਮਾਰੇ ਪਰ ਅਤਅੰਤ ਬਹੁਤਿਆਂ ਨੇ ਚੁਫੇ ੪੩੮
ਰੋਂ ਦੱਬ ਚੜ੍ਹ ਕਰ ਸਿੰਘਾਂ ਨੂੰ ਕਿਲੇ ਵਿੱਚ ਵਾੜ ਦਿੱਤਾ। ਏਹ ਖ਼ਬਰ ਸੁਣ ਕੇ ਜੱਦਪਿ ਮਹਾਰਾਜੇ ਨੇ
ਸਿਧਾਂ ਵਾਲੀਏ ਤੇ ਅਟਾਰੀ ਵਾਲੇ ਸਰਦਾਰਾਂ ਨੂੰ ਬਹੁਤ ਸਾਰੀ ਸੈਨਾ ਦੇ ਕੇ ਛੇਤੀ ਜਮਰੌਦ ਜਾਣ ਦਾ
ਹੁਕਮ ਦਿੱਤਾ ਔਰ ਪਸ਼ੌਰ ਦੀ ਫੌਜ ਨੂੰ ਬੀ ਓਥੇ ਪਹੁੰਚਣ ਦਾ ਹੁਕਮ ਗਿਆ ਪੰਜਵੇਂ ਦਿਨ ਆਪ ਬੀ
ਮਹਾਰਾਜੇ ਨੇ ਓਧਰੇ ਕੂਚ ਕਰ ਦਿੱਤਾ ਪ੍ਰੰਤੂ ੧੬ ਕੱਤਕ ਨੂੰ ਸਰਦਾਰ ਬਹਾਦੁਰ ਨੇ ਕਿਲੇ ਵਿਚੋਂ ਨਿ
ਕਲ ਕੇ ਅਜੇਹੀ ਕਰੜੀ ਲੜਾਈ ਲੜੀ ਤੜੀ ਦੇ ਕੇ ਪਠਾਣਾਂ ਦੇ ਪੰਜੇ ਉਡਾ ਛੱਡੇ। ਕਈ ਬੜੇ ਬੜੇ
ਨਾਮੀ ਪਠਾਣ ਮਾਰੇ ਗਏ ਤੇ ਬਹੁਤ ਸਾਰੇ ਫੜੇ ਆਏ। ਸਿੰਘਾਂ ਨੇ ਦਬਦਬਾ ਬੈਠਾਉਣ ਲਈ
ਤੀਹ ਕੁ ਮੁਰਦੇ ਤੇ ਦਸ ਕੁ ਪਠਾਣ ਜਿਉਂਦੇ ਬੰਨ ਕੇ ਚਿਖਾ ਵਿੱਚ ਸਿੱਟ ਕੇ ਚੀਕਾਂ ਮਾਰਦੇ ਹੋਏ ਅਧ
ਜਲੇ ਕਰ ਕੱਢੇ। ਜਿਸ ਤੋਂ ਪਠਾਣਾਂ ਨੂੰ ਏਹ ਨਿਸਚਾ ਹੋ ਗਿਆ ਕਿ ਸਿੰਘ ਕਾਫਰ ਕਰ ਕੇ ਮਾਰ
ਦੇਹਨ ਸਬਰ ਦੇ ਨੰਸ ਖੜੇ ਤੋ। —— ॥ ਓਧਰ ਜਿਸ ਦਿਨ ਸਿੰਘ ਜਮਰੌਦ ਦੇ ਕਿਲੇ
ਵਿੱਚ ਘੇਰੇ ਗਏ ਸੇ ਓਹ ਹਾਲ ਸੁਣ ਕੇ ਪਸਾਵਰ ਦੇ ਪਠਾਣ ਬੀ ਕੁੰਦ ਉਂਠੇ। ਜਦ ਸਰਦਾਰ ਹਰੀ
ਸਿੰਘ ੧੬ ਕੱਤਕ ਦੀ ਫਤੇ ਪਾ ਕੇ ਪਸ਼ੌਰ ਦਾ ਬੰਦੋਬਸਤ ਕਰਨ ਪਸ਼ੌਰ ਗਿਆ ਤਾਂ ਪਿੱਛੇ ਦੋਸਤ ਮ
ਹੰਮਦ ਖਾਂ ਨੇ ਸੱਠ ਹਜ਼ਾਰ ਪਠਾਣ ਨਾਲ ਦਰਾ ਖੈਬਰ ਲੰਘ ਕੇ ਕਿਲੇ ਜਮਰੌਦ ਵਿੱਚ ਸਿੰਘਾਂ ਨੂੰ
ਆ ਘੇਰਿਆ ਤੇ ਤੋਪਾਂ ਦੀ ਅੱਗ ਬਰਸਾਉਣੀ ਸ਼ੁਰੂ ਕਰ ਦਿੱਤੀ। ਕਈ ਕੋਹ ਤਕ ਕਿਲੇ ਦੇ ਚੁਫੇਰੇ
ਗਾਜ਼ੀਆਂ ਤੇ ਜਹਾਂਦੀਆਂ ਨਾਲ ਪਹਾੜ ਕਾਲੇ ਹੀ ਕਾਲੇ ਪਏ ਦਿਸਦੇ ਸਨ। ਜਾਣੋ ਬੱਦਲ ਉ
ਡੇ ਹੋਏ ਗੌਰਹੇ ਹਨ। ਸਿੰਘਾਂ ਦੀ ਡਾਕ ਤੇ ਰਸਦ ਬੰਦ ਕਰ ਦਿੱਤੀ। ਪ੍ਰੰਤੂ ਸਰਦਾਰ ਹਰੀ ਸਿੰਘ
ਦੇ ਪੁੜੈਲੇ ਮਹਾਂ ਸਿੰਘ ਨੇ ਖਾਲਸੇ ਨੂੰ ਧੀਰਜ ਦੇ ਕੇ ਐਸੇ ਢੰਗ ਨਾਲ ਅੜੇ ਤੋਪ ਬੰਦੂਕ ਦੀ
ਲੜਾਈ ਕਾਇਮ ਰੱਖੀ। ਕਿ ਧਰੌਂ ਬੈਰੀਆਂ ਨੂੰ ਅੰਦਰ ਬੜਨ ਨਾ ਦਿੱਤਾ ਤੇ ਇੱਕ ਇੱਕ ਰੋਟੀ ਅੱਠੀਂ
ਪਹਿਰੀਂ ਹਰ ਏਕ ਸਿੰਘ ਨੂੰ ਦਿੰਦਾ ਰੈਹਾ। — ॥ ਏਹ ਖ਼ਬਰ ਸੁਣ ਕੇ ੨੧ ਕੱਤਕ ਨੂੰ ਸਰਦਾਰ ਹਰੀ
ਸਿੰਘ ਪਸ਼ੌਰ ਵਾਲੀ ਫੌਜ ਲੈ ਕੇ ਜਦ ਬਿਜਲੀ ਵਾਂਗੀ ਪਠਾਣਾਂ ਉੱਤੇ ਜਾ ਪਿਆ ਤਾਂ ਕਿਲੇ ਵਿੱਚੋਂ ਬੀ
ਸਿੰਘ ਨਿਕਲ ਖੜੇ ਤੋ। ਫੇਰ ਤਾਂ ਦੋਹਾਂ ਪਾਸਿਆਂ ਤੋਂ ਤੋਪਾਂ ਬੰਦੂਕਾਂ ਦੀ ਓਹ ਛੂਟ ਹੋਈ ਜੋ ਧੂਏਂ ਨੇ ਸੂਰ
ਜ ਦੀ ਜੋਤ ਮੰਦ ਕਰ ਦਿੱਤੀ। ਜੱਦਪਿ ਸਿੰਘਾਂ ਨੇ ਬਬੇਰਾ ਜ਼ੋਰ ਦੇ ਕੇ ਜਾਨਾਂ ਤੋੜ ਤੋੜ ਲੜਾਈ ਕੀਤੀ
ਤੇ ਹਰੀ ਸਿੰਘ ਆਦਿਕ ਸਰਦਾਰਾਂ ਨੇ ਬੀ ਤੀਰਾਂ ਦੀ ਬੁਛਾੜ ਨਾਲ ਬੇਅੰਤ ਪਠਾਣ ਪਛਾੜ ਸਿੱਟੇ
ਪਰ ਓਹ ਮੱਕੜੀ ਦਲ ਕਿਥੇ ਮੁੱਕੇ ਓੜਕ ਸਰਦਾਰ ਨੇ ਸੋਚਿਆ ਜੇ ਅੱਜ ਆਣੀ ਕਿਲੇ ਵਿੱਚ
ਰਹਿ ਗਏ ਤਾਂ ਦੋਸਤ ਮਹੰਮਦ ਖਾਂ ਨੇ ਹੱਲਾ ਕਰ ਕੇ ਕੱਲ ਨੂੰ ਇੱਕ ਸਿੰਘ ਜੀਉਂਦਾ ਨਹੀਂ ਛੱਡਣਾ

੪੪੦ ਤਾਂ ਤੇ ਆਜੀ ਕੋਲੋਂ ਪਹਿਲਾਂ ਹੱਲਾ ਕਰੀਏ ਏਹੋ ਗੁਰਮਤ ਕਰਕੇ ਹੱਲਾ ਕਰ ਦਿੱਤਾ। —— ਅਤੇ
ਆਪ ਖੀ ਤਲਵਾਰ ਸੂਤ ਕੇ ਅੱਗੇ ਤੋਂ ਤੁਰਿਆ। ਉਸ ਸਮੇ ਇੱਕ ਤਾਂ ਦਸ ਕੁ ਹਜਾਰ ਸਿੰਘ ਦਾ ਹੱਲਾ
ਹੋ ਪਿਆ ਦੂਜੇ ਕਈ ਪਸਤੋ ਬੋਲਣ ਵਾਲੇ ਸਿੰਘਾਂ ਨੇ ਪਠਾਣੀ ਭੇਖ ਧਾਰ ਕੇ ਮੁਲਖਈਏ ਦੇ ਦਲ
ਵਿੱਚ ਏਹ ਰੌਲਾ ਪਾ ਦਿੱਤਾ ਕੇ ਲਾਹੌਰ ਫੌਜ ਆ ਪਹੁੰਚੀ ਜਿਸ ਤੋਂ ਢਿਲੇ ਹੋਕੇ ਪਠਾਣ ਪਿੱਛੇ ਨੂੰ ਮੁ
ੜ ਪਏ ਉਨਾਂ ਦਾ ਪੈਰ ਪਿਛਾਹਾਂ ਪੈਂਦਾ ਤੇ ਸਿੰਘਾਂ ਦਾ ਪਿੱਛੇ ਪੈਣਾ ਲੋਥ ਉੱਤੇ ਲੋਥ ਚੜ੍ਹ ਗਈ ਸਿੰ
ਘਾਂ ਨੇ ਪੂਰਾਂ ਦੇ ਪੂਰ ਲਾ ਸਿੱਟੇ ਨੱਠਦੇ ਹੋਏ ਪਠਾਣਾਂ ਨੂੰ ਰਾਹ ਨ ਲੱਭੇ ਜੰਦੀ ਪਰ ਰਾਤ ਪੈ ਗਈ ਪਰ
ਤੰਬੀ ਅਲੀ ਮਸੀਤ ਤਕ ਸਿੰਘ ਉਨਾਂ ਦਾ ਪਿੱਛਾ ਦਬਾਈ ਗਏ। ਜੇਕਰ ਉਸ ਵਕਤ ਸਿੰਘ ਲੁੱਟ
ਦਾ ਮਾਲ ਚੱਕਣ ਵਿੱਚ ਨ ਰੁਕਦੇ ਤੇ ਹਰੀ ਸਿੰਘ ਬੀ ਮੁੜ ਪੈਂਦਾ ਤਾਂ ਤਾਂ ਫਤੇ ਲੈ ਲੀਤੀ ਸੀ ਪਰ
ਭਾਵੀ ਕਿਥੂ ਟਲੇ ਸਿੰਘ ਤਾਂ ਲੁੱਟ ਦੇ ਲੋਭ ਵਿੱਚ ਲਪਟ ਪਏ ਤੇ ਸਰਦਾਰ ਬਹਾਦੁਰ ਫੌਜ ਦੇ ਹਟ
ਕਣਾਂ ੨ ਆਪਣੀ ਅੜਦਲ ਦੀ ਫੌਜ ਨਾਲ ਅੱਗੇ ਨੂੰ ਹੀ ਵਧਦਾ ਚਲਾ ਗਿਆ। —— ।।ਜਾਂ ੨
ਰੰਦ ਦੇ ਰਾਸਤੇ ਵਿੱਚ ਪਠਾਣਾਂ ਨੇ ਸਿੰਘਾਂ ਨੂੰ ਲੁੱਟ ਉੱਤੇ ਲੇਟਣ ਹੋਏ ਵੇਖਿਆ ਤਾਂ ਮੁੜ ਹੱਲਾ ਕਰ
ਕੇ ਸਰਦਾਰ ਨੂੰ ਜੋ ਉਦੋਂ ਡੂਢਕ ਸੌ ਆਦਮੀ ਨਾਲ ਜੀ ਅਲੀ ੨ ਕਰ ਕੇ ਆ ਘੇਰਿਆ ਜੰਦੀ ਪਏ
ਨੂੰ ਜੋਧਿਆਂ ਨੇ ਬੇਅੰਤ ਵੈਰੀ ਤਲਵਾਰ ਦੇ ਘਾਟ ਖਾਰ ਉਤਾਰੇ ਪਰ ਜਹਾਂਨ ਉਲਟੇ ਨੂੰ ਕੀ ਕਰਨ
ਜਮੋਂ ਹੀ ਸਰਦਾਰ ਤੀਰਾਂ ਨਾਲ ਪਠਾਣਾਂ ਨੂੰ ਚੀਰਦਾ ਹੋਇਆ ਅੱਗੇ ਨੂੰ ਜਾ ਰਿਹਾ ਸੀ ਇੱਕ ਪਾਪੀ
ਪਠਾਣ ਨੇ ਪਛਾਣ ਕੇ ਲਾਂਭ ਉੱਤੋਂ ਦੁਗਾੜਾ ਕੱਸ ਕੇ ਛਾਤੀ ਵਿੱਚ ਜੜ ਦਿੱਤਾ ਜਿਸ ਦੇ ਲਗਦੇ
ਹੀ ਓਹ ਜੋਧਾ ਘੋੜੇ ਦੀ ਗਰਦਨ ਉੱਤੇ ਅੱਗੇ ਨੂੰ ਮੂੰਧੇ ਮੂੰਹ ਹੋ ਪਿਆ। —— ।ਘੋੜਾ ਐਸਾ ਸਿਆ
ਣਾ ਉਥੋਂ ਹੀ ਪਿੱਛੇ ਨੂੰ ਲੈ ਮੁੜਿਆ ਤਦੋਂ ਨੂੰ ਸਰਦਾਰ ਦੇ ਪੁੱਤ੍ਰੇ ਲੇਆਂ ਹਾਂ ਸਿੰਘ ਨੇ ਜੋ ਉਸੇ ਦੀ ਤ੍ਰਾ
ਲ੍ਹ ਵਿੱਚ ਸੀ ਜਾ ਸੰਭਾਲਿਆ। —— ।ਹਰੀ ਸਿੰਘ ਦੇ ਸਾਬਹੀ ਸਭ ਸਿੰਘਾਂ ਨੂੰ ਦੁਗਾੜਾ ਵੱਜ
ਗਿਆ ਛਾਤੀ ਧੜਕ ਉੱਠੀ ਹੌਸਲੇ ਹਾਲ ਗਏ। ਚਿਹਰੇ ਚਿੱਟੇ ਹੋ ਪਏ ਪਰ ਸਾਵਾਸੇ ਆਹਾਂ ਸਿੰ
ਘ ਦੇ ਉਸ ਨੇ ਪੁਕਾਰ ਕੇ ਆਖਿਆ ਖਾਲਸਾ ਜੀ ਧੀਰਜ ਰੱਖੋ। ਸਤਗੁਰੂ ਨੇ ਹੱਥ ਦੇ ਕੇ ਸਿੰਘ
ਉਹਾਂ ਨੂੰ ਰੱਖ ਲੀਤਾ ਜਰਾ ਕ ਜਖਮ ਆਯਾ ਹੈ ਹੁਣੇ ਤੁਸਾਡੇ ਨਾਲ ਗੱਲਾਂ ਕਰਨਗੇ। ਏਹ ਆ
ਵਾਜ ਸਿੰਘਾਂ ਦੇ ਹੌਸਲੇ ਫੇਰ ਵਧਾ ਗਈ। ਚੌਗੁਣੇ ਹੋ ਗਏ।। —— ।।ਏਧਰ ਜਦ ਉਸ ਨੇ ਆ
ਪਣੇ ਤੰਬੂ ਵਿੱਚ ਲੇ ਜਾ ਕੇ ਸਰਦਾਰ ਨੂੰ ਬਿਸਤ੍ਰ ਉੱਤੇ ਲਿਟਾਯਾ ਤਾਂ ਤਿੰਨ ਵਾਰੀ ਮਾਰ ਮਾਰ ਬੋ
ਲਿਆ ਮਾਂਹ ਸਿੰਘ ਨੇ ਅਨੇਕ ਘੋੜੇ ਗਊਆਂ ਪੁਸਾਕੀਆਂ ਹੀਰ ਮੋਤੀ ਸੁਇਨਾ ਚਾਂਦੀ ਲੱ
ਖਾਂ ਰੁਪਏ ਦਾ ਮਾਲ ਸਰਦਾਰ ਦੇ ਹੱਥੋਂ ਸਭ ਪੁੰਨ ਕਰਾ ਦਿੱਤਾ। —— ।।ਘੜੀ ਹੋਰ ਸ੍ਵਾਸ

Digitized by Panjab Digital Library | www.panjabdigilib.org

ਆਏ ਫੇਰ ਤਾਂ ਜੋਧਾ ਐਸੀ ਸੌਣੀ ਸੁੱਤਾ ਅਜੇ ਤੀਕ ਰ ਕਰਵਟ ਨਹੀਂ ਲੀਤੀ ੨੭ ਕੱਤਕ ਸੰ: ੧੮੮੪ ੪੪੧
ਬਿ: ਕੇ ਸੱਚ ਖੰਡ ਵਿੱਚ ਜਾ ਨਿਵਾਸ ਕੀਤਾ। ਪਿੱਛੋਂ ਮਹਾਂ ਸਿੰਘ ਨੇ ਐਡੀ ਦਲੇਰੀ ਤੇ ਅਕਲ ਕੀਤੀ
ਜਦੋਂ ਤਕ ਲਾਹੌਰ ਦੀ ਫੌਜ ਨਾ ਪੁੱਗੀ ਬਾਪ ਦਾ ਮਰਨਾ ਪ੍ਰਗਟ ਨਾ ਕੀਤਾ ਪੇਟ ਝਾੜ ਕੇ ਤੇਲ ਦੇ ਕੜਾ
ਹੇ ਵਿੱਚ ਪਾ ਛੱਡਿਆ ਪਹਿਰੂ ਅਪਣੇ ਮਾਤਬਰ ਰੱਖੇ ਬਾਹਰ ਏਹੋ ਆਖਦਾ ਰਿਹਾ ਅੱਜ ਸਰਦਾਰ
ਬਹਾਦਰ ਨੇ ਤਰੀ ਪੀਤੀ ਹੈ। ਅੱਜ ਇੱਕ ਫੁਲਕਾ ਛਕਿਆ ਹੈ। ਅੱਜ ਦੋ ਮੰਡੇ ਖਾਧੇ ਸਨ। ਪਰਸੋਂ ਨੂੰ
ਬਾਹਰ ਬੈਠਣ ਗੇ। ਏਸ ਹੌਸਲੇ ਨਾਲ ਸਿੰਘ ਕਿਲੇ ਵਿੱਚ ਅੜੇ ਰਹੇ ਤੇ ਪਠਾਣ ਦੜੇ ਰਹੇ। ਕਿਓਂ
ਕਿ ਪਠਾਣ ਹਰੀ ਸਿੰਘ ਦੇ ਦਬਦਬੇ ਦੇ ਛਿੜੇ ਹੋਏ ਭੇਡਾਂ ਵਾਂਗੂ ਸਿਰ ਨਹੀਂ ਉਠਾਂਦੇ ਸੇ। ਬਲਕਿ ਅ
ਜੇ ਤਕ ਕੀ ਰ ਉਸ ਦਾ ਨਾਮ ਲੈ ਲੈ ਆਯਾ ਹਰੀਆ ਰ ਤੇ ਨੂੰ ਪਿਆ ਨੇ ਹਰੀਆ ਐਉਂ ਕਹਿ ਕਹਿ ਅਪਣੇ
ਬਾਲਕਾਂ ਤੇ ਪਸੂਆਂ ਨੂੰ ਡਰਾਉਂਦੇ ਰਹਿੰਦੇ ਹਨ। —— ।ਸਰਦਾਰ ਮਹਾਂ ਸਿੰਘ ਸਰਦਾਰ ਦੀ
ਲੋਥ ਦੇ ਆਸਰੇ ਖਾਲਸੇ ਨੂੰ ਐਉਂ ਆਖ ਆਖ ਕੇ ਲੜਾਉਂਦਾ ਰਿਹਾ ਕੇ ਤੁਸੀਂ ਓਨ ਕੇਹਰੀ ਸ਼ੇਰਾਂ ਦੇ
ਪੁੱਤ ਹੋ ਜੇਹੜੇ ਜੀ ਗਲਾਂ ਵਿੱਚ ਰਹਿ ਰਹਿ ਸਾਰਾ ਪੰਤ ਛਕ ਛਕ ਕਾਬਲ ਤੇ ਦਿੱਲੀ ਦੀ ਦੋ ਬਾਦ
ਸਾਹੀਆਂ ਗਰਕ ਕਰ ਕੇ ਅਪਣੀ ਬਾਦਸਾਹੀ ਕਾਇਮ ਕਰ ਫਤੇ ਦਾ ਡੰਕਾ ਬਜਾ ਗਏ। —
ਫੇਰ ਓਨਾਂ ਦੇ ਸਿਰ ਉੱਤੇ ਸਿਵਾਏ ਗੁਰੂ ਕੇ ਹੋਰ ਕੋਈ ਰਾਜਾ ਨਹੀਂ ਸੀ ਤੇ ਸਾਡੀ ਪਿੱਠ ਪਾਲਣ ਵਾ
ਲਾ ਤਾਂ ਪਰਤੱਖ ਸੱਚਾ ਪਾਤਸਾਹ ਰਣਜੀਤ ਸਿੰਘ ਹੈ ਤਕੜੇ ਹੋ ਤੁਸਾਡੀ ਕੁਮਕ ਫੌਜ ਆਈ
ਖੜੀ ਹੈ। — ।ਓਧਰ ਜਦ ਹਰੀ ਸਿੰਘ ਜੋਧੇ ਦੇ ਗੁਜਰੇ ਦੀ ਖਬਰ ਮਹਾਂਰਾਜ ਪਾਸ ਗਈ
ਤਾਂ ਦਾਤਣ ਕਰਦੇ ਸਨ ਰਾਜੇ ਧਿਆਨ ਸਿੰਘ ਨੂੰ ਗਰਦਿਸ਼ ਮਾਰਿਆ ਕੋਹਕੇ ਓਸ ਨੇ ਦੋ ਦਿਨ ਮਹਾਂਰਾ
ਜ ਨੂੰ ਦੱਸਿਆ ਨਹੀਂ ਸੀ। — ।ਓਸ ਸੂਰਬੀਰ ਬਾਲ ਸਖਾਈ ਪ੍ਰੇਮ ਪਿਆਰੇ ਦਾ ਮਰਨਾ ਸੁਣ
ਕੇ ਇੱਕ ਵਾਰੀ ਤਾਂ ਮਹਾਂਰਾਜ ਅਜੇਹੇ ਬੇਚੈਨ ਹੋਏ ਗਸੀ ਪੈ ਗਈ ਫੇਰ ਹੋਸ ਆਈ ਤਾਂ (ਹਾਇ ਭਰਾ
ਵੀਆਂ ਬਾਂਹ ਭੱਜ ਗਈ ੨) ਐਉਂ ਕਹਿ ਕੇ ਭੁੱਬਾਂ ਮਾਰ ੨ ਐਸੇ ਰੋਏ ਜੋ ਹਿਚਕੀ ਬੱਝ ਗਈ।
ਓਸ ਦਿਨ ਪੰਗਤ ਨਾ ਬੈਠੀ ਪਸਾਦ ਨਾ ਛਕਿਆ ਲੰਗਰ ਬੰਦ ਰਿਹਾ। ਹਜੂਰ ਵੈਰਾਗ ਦੇ ਰਹੇ। ਹਰੀ ਸਿੰ
ਘ ਨੂੰ ਮਹਾਂਰਾਜੇ ਨੇ ਤਾਂ ਰੋਣਾ ਹੀ ਸੀ ਕਿਓਂ ਕਿ ਬੀਰੇ ਦੀਆਂ ਸਨ। ਓੜਕ ਮਹਾਂਰਾਜੇ ਨੇ ਓਸੇ ਘੜੀ
ਰਾਜੇ ਧਿਆਨ ਸਿੰਘ ਗੁਲਾਬ ਸਿੰਘ ਸੁਚੇਤ ਸਿੰਘ ਨੂੰ ਜਮਰੌਦ ਵੱਲ ਨੀ ਤੋਰਿਆ ਤੇ ਆਖਿਆ ਕੇ ਮੈਨੂੰ
ਬੀ ਪਹੁੰਚਿਆ ਲਓ। ਅਤੇ ਕਿਤੇ ਓਸ ਜੋਧੇ ਦਾ ਮਰਨਾ ਸੁਣ ਕੇ ਪਠਾਣ ੧ ਸਾਂਵਰ ਮਾਰ ਲੈਣਾ। ਐਂਹੀ
ਕਰੀ ਕੱਢੀ ਮਿਹਨਤ ਰਾਇਗਾਂ ਜਾਏ। ਜਦੋਂ ਪਿ ਫਤੇ ਖਾਂ ਨੂੰ ਜਾਰ ਨੇ ਮੁਲਖਈਏ ਨੂੰ ਕੱਠਾ ਕਰ
ਕੇ ਰਾਜਿਆਂ ਨੂੰ ਆ ਰੋਕਿਆ ਪਰ ਫੌਜ ਖਾਲਸੇ ਨੇ ਮੁਲਖਈਏ ਦੀਆਂ ਧੱਜੀਆਂ ਉਡਾਈਆਂ।

ਫਤੇ ਖਾਂਦੇ ਕਿਲਾ ਗਿਆਸ ਉੱਤੇ ਕਬਜਾ ਕਰਕੇ ਜਦ ਏਹ ਫੌਜ ਸਮੇਤ ਜਮਰੌਦ ਪੁਜੇ ਤਾਂ ਓਥੋਂ ਦੀ ਫੌਜ ਨੂੰ ਜਾਨ ਪਈ ਜਾਣੋਂ ਸੁਕਦੀ ਖੇਤੀ ਨੂੰ ਬੱਦਲ ਬਰਸਆ ਤਦੋਂ ਹੀ ਮਾਂਹਾਂ ਸਿੰਘ ਨੇ ਹਰੀ ਸਿੰਘ ਦਾ ਮਰਨਾ ਪ੍ਰਗਟ ਕਰਕੇ ਬੜਾ ਭਾਰੀ ਬਿਰਲਾਪ ਕੱਢਿਆ ਜਿਸ ਦੇ ਸਾਥ ਰਾਜਾ ਧਿਆਨ ਸਿੰਘ ਆਦਿਕ ਸਭ ਸਰਦਾਰ ਸਿਰੋਂ ਪੈਰੋਂ ਨੰਗੇ ਰੋਂਦੇ ਹੋਏ ਗਏ ਉਸ ਦੀ ਸਮਾਧ ਥੀਮ ਹਾਰਾਜੇ ਨੇ ਉਸੇ ਕਿਲੇ ਵਿੱਚ ਬਣਵਾਈ ਜੋ ਹੁਣ ਤਕ ਕਾਇਮ ਹੈ। ਜਨਰਲ ਵੈਂਤੂਰੇ ਸਾਹਿਬ ਨੂੰ ਹੋਰ ਫੌਜ ਦੇਕੇ ਜਮਰੌਦ ਛੱਡ ਕਰ ਪਹਿਲੀ ਫੌਜ ਜੋ ਬਹੁਤ ਕਸ਼ਟ ਵਿੱਚ ਰਹੀ ਸੀ ਪਸ਼ਾਵਰ ਲੈ ਆਂਦੀ ਮਹਾਂਰਾਜੇ ਨੇ ਪਸ਼ਾਵਰ ਪਹੁੰਚ ਕੇ ਜਦ ਮਾਂਹਾਂ ਸਿੰਘ ਦੀ ਕਰਣੀ ਸੁਣੀ ਤਾਂ ਬਹੁਤ ਖੁਸ਼ੀ ਹੋਕੇ ਓਸ ਨੂੰ ਹਰੀ ਸਿੰਘ ਦੇ ਥਾਂ ਸਰਦਾਰ ਕਰਨਾ ਚਾਹਿਆ ਪਰ ਡੋਗਰਿਆਂ ਨੇ (ਜੋ ਕਿ ਹਮੇਸ਼ ਸਿੰਘਾਂ ਦਾ ਦਰਜਾ ਵਧਣ ਵਿੱਚ ਰਾਜੀ ਨਹੀਂ ਸੇ) ਨਾ ਹੋਣ ਦਿੱਤਾ ਸਗੋਂ ਉਲਟੀ ਪੱਟੀ ਪੜ੍ਹਾਕੇ ਮਹਾਂਰਾਜੇ ਨੂੰ ਸਰਦਾਰ ਹਰੀ ਸਿੰਘ ਦੇ ਬੇਟੇ ਅਰਜਨ ਸਿੰਘ ਨਾਲ ਬਿਗਾੜ ਕਰ ਉਸ ਦਾ ਸਬ ਮਾਲ ਮੁਲਕ ਕਰੋੜ ਰੁਪਏ ਦਾ ਖਜਾਨਾ ਹੀਰੇ ਮੋਤੀ ਜਬਤ ਕਰਾ ਦਿੱਤਾ। ਬੱਸ ਹਰੀ ਸਿੰਘ ਦਾ ਮਰਨਾ ਤੇ ਉਸ ਦੇ ਮਾਲ ਮੁਲਕ ਦੀ ਜਬਤੀ ਔਰ ਡੋਗਰਿਆਂ ਦਾ ਮਹਾਂਰਾਜੇ ਦੇ ਮੂੰਹ ਚੜ੍ਹਨਾ ਲਾਹੌਰ ਦੀ ਬਾਦਸ਼ਾਹੀ ਦਾ ਸੱਤਿਆਨਾਸ ਕਰ ਗਿਆ ਕਿਉਂਕਿ ਓਸੇ ਦਿਨ ਤੋਂ ਸਭ ਸਿੰਘਾਂ ਸਰਦਾਰਾਂ ਦੇ ਦਿਲ ਇਸ ਗੱਲੋਂ ਮੁਰਝਾ ਗਏ। ਕਿ ਜਦ ਹਰੀ ਸਿੰਘ ਜੈਸੇ ਬਾਇਕ ਸੂਰਬੀਰਾਂ ਦੀ ਸੰਤਾਨ ਨਾਲ ਏਹ ਸਲੂਕ ਮਹਾਂਰਾਜੇ ਨੇ ਕੀਤਾ ਤਾਂ ਅਸੀ ਕਿਉਂ ਪਚ ਪਚ ਮਰਦੇ ਹਾਂ ਸਾਡੇ ਪਿੱਛੋਂ ਬੀ ਏਹੋ ਹਾਲ ਹੋਣਾ ਹੈ।। — ।ਏਹ ਸੋਚ ਕੇ ਫੇਰ ਕਦੇ ਕਿਸੇ ਸਿੰਘ ਸਰਦਾਰ ਨੇ ਮਹਾਂਰਾਜੇ ਦੇ ਕੰਮ ਵਿੱਚ ਤਨ ਨਾ ਦਿੱਤਾ। ਓਸੇ ਦਿਨ ਤੋਂ ਲਾਹੌਰ ਦੇ ਰਾਜ ਦੀ ਹੇਠੀ ਹੋਣ ਲੱਗ ਪਈ ਜੋ ਅੰਤ ਨੂੰ ਖਾਲਸੇ ਦਾ ਰਾਜ ਖੋਹ ਕੇ ਡੋਗਰੇ ਆਪਣਾ ਬਣਾ ਬੈਠੇ।।—

ਸਰਦਾਰ ਹਰੀ ਸਿੰਘ ਇੱਕ ਗਊ ਲਵੇਰੀ ਤੇ ੫੧ ਅਭਿਆਗਤਾਂ ਨੂੰ ਭੋਜਨ ਪ੍ਰਸਾਦਿ ਰੋਜ ਪੁੰਨ ਕਰਕੇ ਪ੍ਰਸਾਦਿ ਛਕਦਾ ਬੇਅੰਤ ਵੈਰੀ ਜੰਗ ਵਿੱਚ ਬੜੇ ੨ ਜੋਧੇ ਏਸ ਨੇ ਆਪਣੇ ਹੱਥ ਨਾਲ ਮਾਰੇ ਸੇ। ੨੧ ਜਖਮ ਏਸ ਨੂੰ ਸਨ ਲੱਖਾਂ ਰੁਪਏ ਦਾਨ ਕੀਤੇ ਅਕਾਲ ਬੁੰਗੇ ਸਭ ਸੁਇਨਾ ਓਸੇ ਦਾ ਚੜ੍ਹਾਯਾ ਹੋਯਾ ਹੈ। ਪੂਰਾ ਬ੍ਰਿਤਾਂਤ ਸਰਦਾਰ ਦਾ ਚੌਥੇ ਹਿੱਸੇ ਵਿੱਚ ਹੈ।।—

ਅਜੇ ਸਰਕਾਰ ਪਸ਼ੌਰ ਵਿਚ ਹੀ ਸਨ ਦੋਸਤ ਮਹੰਮਦ ਖਾਂ ਨੇ ਹਰੀ ਸਿੰਘ ਦੀ ਸ਼ਹੀਦੀ ਸੁਣ ਕੇ ਬੇਅੰਤ ਪਠਾਣਾਂ ਨੂੰ ਲੈਕੇ ਹੱਲਾ ਕਰ ਦਿੱਤਾ।। — ।ਏਧਰੋਂ ਮਹਾਂਰਾਜੇ ਨੇ ਖਾਲਸੇ ਨੂੰ ਵੰਗਾਰਿਆਂ ਤਾਂ ਸਭ ਸਰਦਾਰ ਫੌਜ ਸਮੇਤ ਕੁੱਦ ਪਏ। ਰਾਜਾ ਗੁਲਾਬ ਸਿੰਘ ਆਦਿਕ ਤਿੰਨੇ ਭਾਈ ਔਰ

Digitized by Panjab Digital Library | www.panjabdigilib.org

ਜੋਰਦੇਕੇਲਸ਼ੈਨੇਜੇਪਠਾਣਾਂਦੇਛੱਕੇਛੁਡਾਦਿੱਤੇਦਰੇਖੈਬਰਤਕਮਾਰਦੇਹੀਚਲੇਗਏ।— ੫੫੩
ਲਾਹੂਦੇਪਿਆਰੇਲੋਥਾਂਦੇਸਬਾਰਕਰਕੱਢੇਗਏਹਅਤਅੰਤਭਾਰੀਜੰਗਹੋਏਯਾਸੈਂਕੜੇਜਹਾ
ਦੀਤੇਗਾਜੀਫੜ੨ਕੇਸਿੰਘਾਂਨੇਫੂਸਤੇਕੱਪੜਿਆਂਵਿੱਚਲਪੇਟ੨ਤੇਲਪਾਪਾਅੱਗਲਗਾ
੨ਜਿਉਂਦੇਹੀਤੜਫਾ੨ਜਲਾਦਿੱਤੇ।ਜਿਸਤੋਂਐਡਾਡਰਤੇਦਹਿਲਪਠਾਣਾਂਨੇਮੰਨਿਆਫੇਰਕਦੇ
ਸਿੰਘਾਂਦੇਸਾਮਣੇਨਾਹੋਏ।ਤੇਦੋਸਤਮਹੰਮਦਖਾਂਨੇਬੀਮਹਾਂਰਾਜੇਨਾਲਸੁਲਾਕਰਲੀ
ਤੀ।ਇਸਫਤੇਦੀਯਾਦਗੀਰੀਇਸੇਰਣਭੂਮੀਵਿੱਚਮਹਾਂਰਾਜੇਨੇਫਤੇਗੜ੍ਹਨਾਮਕਿਲਾ
ਬਣਵਾਯਾਜੋਅਜੇਤੀਕਰਹੈ।ਖੈਬਰਦੇਦੱਰੇਤਕਸਾਰਾਮੁਲਕਖਾਲਸੇਦੇਕਬਜੇਕਰਾਇਸ
ਦੇਬੰਦੋਬਸਤਰੱਖਣਲਈਰਾਜੇਗੁਲਾਬਸਿੰਘਨੂੰਤੇਜਨਰਲਐਵੀਟੇਬਲਸਾਹਿਬਨੂੰ
ਇਥੇਛੱਡਕੇ੨੭ਜੇਠਸੰ:੧੮੮੨ਬਿ:ਕੋਮਹਾਂਰਾਜਲਾਹੌਰਆਬਿਰਾਜੇ।—ਪਿੱਛੋਂਰਾ
ਜੇਓਰਾਂਬੀਪਠਾਣਾਂਨਾਲਅਜੇਹੀਕੀਤੀਜੋਚੂੰਕਰਨਜੋਗੇਨਾਛੱਡੇ।ਅਪਣੀਆਂਸਭਈਂ
ਮੰਨਲਈਆਂ।—

੧੮ਹਾੜ੍ਹਨੂੰਮਹਾਂਰਾਜੇਨੈਪਾਲਵੱਲੋਂਅਧਿਭੁਤਤੋਹਫੇਲੈਕੇਸਰਦਾਰਕਾਲੋਜੀਆਦਿਕਨੈਪਾ
ਲਦੇਮੁਸਾਹਿਬਲਾਹੌਰਆਏ।ਮਹਾਂਰਾਜੇਨੇਇਨਾਂਦੀਬੜੀਇਜਤਟਹਿਲਕਰਾਈ।ਅਪ
ਣੀਬਿਭੂਤਿਦਿਖਾਈ।ਪੰਦ੍ਰਾਂਦਿਨਰੱਖਕੇਅਪਣੀਤਰਫੋਂਤੇਮਹਾਂਰਾਜੇਨੈਪਾਲਵਾਸਤੇਤੇ
ਖਿਲਤਇਨਾਂਨੂੰਦੇਕੇਬਿਦਾਕੀਤਾ।—

ਏਸੇਸਾਲਅਮੀਰਰੁਸਤਮਖਾਂਸਿੰਧੀਦੇਚੁੱਕੇਹੋਏਬਹਿਰਾਮਖਾਂਮਜਾਰੀਆਦਿਕਰਬੀ
ਸਾਂਨੇਉਸਮੁਲਕਦੇਮੁਸਲਮਾਨਬਹਿਕਾਕੇਅਪਣੇਪਿੱਛੇਲਾਲੀਤੇ।ਦੇਸਵਿੱਚਗਦ੍ਰ
ਮਚਗਿਆ।ਸਰਕਾਰਨੇਮੁਲਤਾਨਦੇਸੂਬੇਸਾਉਣਮੱਲਨੂੰਧਮਕੀਦਾਪੱਤ੍ਰਲਿਖਿਆ।
ਕੇਤੇਰੀਸੁਸਤੀਨੇਮੁਸਲਮਾਨਬਿਗਾੜੇਹਨਤੂੰਹੀਸੁਧਾਰ।ਏਹਸੁਣਕੇਓਹਥੰਡੀਸੇਰ
ਦਿਲਅਪਣਾਤੋਪਖਾਨਾਤੇਦਲਲੈਕੇਚੜ੍ਹਬੈਠਾ।ਰਿਰੀਆਂਪਿੰਡਪਾਸਬੈਠਕੇਮੁ
ਸਲਮਾਨਗਾਨੇਬੰਨ੨ਢੋਲਮਾਰਦੇਹੋਏਗਾਜੀਤੇਜਹਾਦੀਬਣ੨ਜੂਝਣਆਏ।
ਮੁਲਤਾਨਉੱਤੇਹੱਲਾਕਰਨਦੀਤਿਆਰੀਵਿੱਚਕੱਠੇਹੋਰਹੇਸਨ।ਜਾਂਦੀਵਾਨਦੇਤੋਪਖਾ
ਨੇਦੀਆਂਗਰਜੀਗਾਜਚੱਲੇਤਾਂਓਹਗਾਂਢਣੀਧਾੜ੍ਹਖਿਸਕੀ।ਫੇਰਤਾਂਸਿੰਘਤਲਵਾ
ਰਾਂਸੂਤਕਇਨਾਂਦੇਮੋਢੀਚੜ੍ਹਬੈਠੇਬੇਅੰਤਕਤਲਕੀਤੇਬਾਕੀਮੂੰਹਵਿੱਚਘਾਹਲੈਛੁੱਟੇ।
ਬਹਿਰਾਮਖਾਂਰੁਸਤਮਖਾਂਆਦਿਕਪੰਦ੍ਰਾਂਰਈਸਫੜੇਗਏ।ਮਹਾਂਰਾਜੇਨੇਖੁਸੀਹੋਕੇਦੀਵਾਨ

Digitized by Panjab Digital Library | www.panjabdigilib.org

੪੪੪ ਦੀਵਾਨ ਸਾਉਣ ਮੱਲ ਨੂੰ ਬਹਾਦੁਰੀ ਦਾ ਖਤਾਬ ਤੇ ਖਿਲਤ ਭੇਜਿਆ। ਅਧਿਕ ਹਾਲ ਸਾਉਣ ਮੱਲ ਦਾ ਚੌਥੇ ਹਿੱਸੇ ਵਿੱਚ ਹੈ।।—

ਜੇਹੜਾ ਲਫਟੈਣ ਬਰਨਸ ਸਾਹਿਬ ਸਾਹ ਲੰਡਨ ਵੱਲੋਂ ਸੰ: ੧੮੮੮ ਬਿ: ਕੇ ਤੋਹਫੇ ਲੈ ਕੇ ਲਾਹੌਰ ਆਯਾ ਸੀ। ਹੁਣ ਓਹੋ ਵਕੀਲ ਹੋਕੇ ਜਾਂ ਕਾਬਲ ਗਿਆ ਦੋਸਤ ਮਹੀਮਦ ਖਾਂ ਨੇ ਉਸ ਨੂੰ ਆਖਿਆ ਕਿ ਮੈਂ ਤਾਂ ਤੁਸਾਡੇ ਨਾਲ ਤਦ ਦੋਸਤੀ ਕਰਦਾ ਹਾਂ ਜੇ ਤੁਸੀਂ ਪਹਿਲੇ ਮੈਨੂੰ ਮਦਦ ਦੇਕੇ ਪਸਾਵਰ ਤੇ ਕਸਮੀਰ ਸਿੱਖਾਂ ਤੋਂ ਛੁਡਾ ਦੇਵੋ। ਸਾਹਿਬ ਬੋਲਿਆ ਸਾਡੀ ਲਿਖਾ ਪੜੀ ਸਰਕਾਰ ਖਾਲਸੇ ਨਾਲ ਦੋਸਤੀ ਦੀ ਹੋ ਚੁੱਕੀ ਹੈ। ਇਸ ਕਰਕੇ ਅਸੀਂ ਏਹ ਨਹੀਂ ਕਰ ਸਕਦੇ।।—

ਉਸ ਨੇ ਅੰਗ੍ਰੇਜਾਂ ਨੂੰ ਕਰੋਧ ਚੜ੍ਹਾਉਣ ਲਈ ਰੂਸੀ ਵਕੀਲ ਕਪਤਾਨ ਵੈਕੋਚ ਸਾਹਿਬ ਕੋ (ਜੋ ਜਰਨੈਲ ਕੌਂਸਲ ਦਾ ਮਿੰਬਰ ਸੀ) ਕਾਬਲ ਵਿੱਚ ਬੁਲਾ ਲੀਤਾ। ਉਸ ਦੀ ਬੜੀ ਖਾਤਰ ਇੱਜਤ ਤੇ ਅੰਗ੍ਰੇਜੀ ਵਕੀਲ ਦੀ ਨਿਰਾਦਰੀ ਕੀਤੀ।।— ।।ਇਸ ਨਿਰਾਦਰੀ ਦਾ ਫਲ ਉਸ ਨੂੰ ਦੇਣ ਲਈ ਗਵਰਮਿੰਟ ਅੰਗ੍ਰੇਜੀ ਨੇ ਪਹਿਲੇ ਮਹਾਂਰਾਜੇ ਨੂੰ ਅਪਣਾ ਮਦਦਗਾਰ ਤੇ ਸਲਾਹਕਾਰ ਬਣਾ ਲੈਣ ਵਾਸਤੇ ਮਹਾਂਰਾਜੇ ਪਾਸ ਮਿਸਟਰ ਮੇਗਨਾਟਨ ਸਾਹਿਬ ਚੀਫ ਸਿਕੱਤ੍ਰ ਗਵਰਮਿੰਟ ਹਿੰਦ ਕਪਤਾਨ ਵੈਡ ਸਾਹਿਬ ਅਜੰਟ ਲੁੱਧੇਹਾਣੇ ਦਾ ਕਪਤਾਨ ਆਸਬੋਰਨ ਸਾਹਬ ਡਾਕਟਰ ਡਰਮੌਂਡ ਸਾਹਿਬ ਕਪਤਾਨ ਮੈਕਗ੍ਰੀਗਰ ਸਾਹਿਬ ਭੇਜੇ।।—

ਤਦੋਂ ਮਹਾਂਰਾਜ ਦੌਰੇ ਵਿੱਚ ਦੀਨਾਨਗਰ ਸਨ। ਉਨਾਂ ਵਕੀਲਾਂ ਦੀ ਪੇਸਵਾਈ ਵਿੱਚ ਮਹਾਂਰਾਜੇ ਨੇ ਅਪਣੇ ਪੋਤੇ ਪ੍ਰਤਾਪ ਸਿੰਘ ਨੂੰ ਜੋ ਓਦੋਂ ਸਾਢੇ ਸੱਤ ਬਰਸਾਂ ਦਾ ਸੀ ਭੇਜਿਆ। ਜਦ ਓਹ ਤਿੰਨ ਕੁ ਸੌ ਅਸਵਾਰ ਤੇ ਸਰਦਾਰ ਸਾਮ ਸਿੰਘ ਸਮੇਤ ਆਕੇ ਅੰਗ੍ਰੇਜਾਂ ਨੂੰ ਮਿਲਿਆ ਤਾਂ ਓਹ ਇਸ ਨੂੰ ਅਤਯੰਤ ਸੁੰਦਰ ਚੁਸਤ ਚਾਲਾਕ ਭੋਲੀ ਭਾਲੀ ਮਨਮੋਹਣੀ ਸੂਰਤ ਜੜਾਊ ਜੇਵਰਾਂ ਨਾਲ ਜੜਿਆ ਹੋਯਾ ਕਮਖਾਬ ਦੀ ਪੁਸਾਕ ਨਿੱਕੇ ੨ ਹਥਿਆਰ ਢਾਲ ਤਲਵਾਰ ਭੱਥਾ ਕਮਾਣ ਪੇਟੀ ਸਜਾਏ ਹੋਏ ਮਿਲਣੇ ਦਾ ਢੰਗ ਸਮੇਂ ੨ ਸਿਰ ਬਾਤ ਦਾ ਪੂਰਾ ੨ ਜਵਾਬ ਦੇਣ ਦਾ ਢੰਗ ਦੇਖਕੇ ਅਚਰਜ ਰਹਿ ਗਏ। ਫੇਰ ਤਾਂ ਓਹ ਪੰਜੇ ਸਾਹਿਬ ਏਸੇ ਦੀਆਂ ਭੋਲੀਆਂ ੨ ਮਿੱਠੀਆਂ ਸੱਚੀਆਂ ਕਰਾਰੀਆਂ ਗੱਲਾਂ ਸੁਨਣ ਵਿੱਚ ਹੀ ਲੈਟਨ ਹੋ ਗਏ। ਬਾਰੀ ਬਾਰ ਪਯਾਰ ਕਰਨ ਗੋਦੀ ਲੈਣ ਪੁੱਛ ੨ ਹੱਸ ੨ ਫਾਵੇ ਹੋਣ। ਹਸਦੇ ਹਸਾਉਂਦੇ ਜਦ ਦੀਨਾਨਗਰ ਦੇ ਨੇੜੇ ਆਏ ਤਾਂ ਕੌਰ ਸਾਹਿਬ ਨੇ ਬੜੇ ਪਯਾਰ ਤੇ ਜੁਗਤੀ ਨਾਲ ਵਕੀਲਾਂ ਤੋਂ ਆਗਯਾ ਮੰਗੀ ਕਿ ਮੈਂ ਆਪ ਦੇ ਪਹੁੰਚਣ ਦੀ ਖਬਰ ਮਹਾਰਾਜੇ ਨੂੰ ਦੇਵਾਂ।— ।।ਮੇਗਨਾਟਨ ਸਾਹਿਬ

ਨੇ ਸਾਹਜਾਦੇ ਨੂੰ ਤੋਰਨ ਸਮੇ ਇੱਕ ਘੜੀ ਸੋਨੇ ਦੀ ਫੈਸਨਦਾਇ ਫੁੱਲਾਂ ਦਿੱਤੀ। ਜੋ ਸਾਹਜਾਦੇ ੪੪੫
ਨੇ ਖੜੇ ਹੋਕੇ ਬੜੀ ਨਿੰਮ੍ਰਤਾ ਨਾਲ ਲੈ ਖੁਸੀ ਹੋ ਲਾਟ ਸਾਹਿਬ ਦਾ ਧੰਨਿਆਬਾਦ ਕਰਕੇ ਆਖਿਆ
ਕੇ ਜਦ ਤੁਸੀਂ ਮੁੜ ਲਾਟ ਸਾਹਿਬ ਪਾਸ ਜਾਓ ਤਾਂ ਮੇਰੀ ਸਲਾਮ ਕਹਿਕੇ ਆਖਣਾ ਕੇ ਸਾ
ਹਜਾਦੇ ਸੇਰ ਸਿੰਘ ਦੇ ਬੇਟੇ ਪ੍ਰਤਾਪ ਸਿੰਘ ਨੂੰ ਆਪ ਆਪਣੀ ਬਾਦਸਾਹੀ ਦਾ ਹਮੇਸ ਦੋਸਤ
ਵੇਖਿਆ ਕਰੋ ਏਹ ਕਹਿੰਦਾ ਹੀ ਸਾਹਿਬ ਨਾਲ ਹੱਥ ਮਿਲਾ ਫੁਰਤੀ ਕਰਕੇ ਆਪਣੇ ਸੋਹ
ਣੇ ਘੋੜੇ ਦੀ ਪਿੱਠ ਉੱਤੇ ਆ ਅੱਡੀ ਲਗਾ ਬਾਗ ਉਠਾ ਉਡਾ ਗਿਆ ੨ ਸਾਹਿਬ ਵਿਚਾਰੇ ਗ
ਟਰ ੨ ਵੇਖਦੇ ਹੀ ਰਹਿਗਏ ਜਿਨਾਂ ਦੇ ਮਨ ਚੋਰੇ ਗਏ।——— ।ਪਿੱਛੋਂ ਆਪਸ ਮੇਂ ਓਸ
ਦੀ ਸੁੰਦ੍ਰਤਾਈ ਧੀਰਜਤਾ ਤੇਜ ਬੁੱਧੀ ਹਾਜਰ ਜਵਾਬੀ ਦਲੇਰੀ ਚਲਾਕੀ ਆਦਿਕ ਗੁਣਾਂ
ਦੀ ਬੜੇ ਚਿਰ ਤਕ ਮਹਮਾਂ ਕਰਦੇ ਰਹੇ। ਕਪਤਾਨ ਆਸਬੋਰਨ ਨੇ ਆਪਣੀ ਯਾਦਗੀਰੀ
ਦੀ ਕਤਾਬ ਵਿਚ ਲਿਖਿਆ ਹੈ ਕੇ ਓੜੇ ਉਚੇ ਦਮਾਗ ਵਾਲਾ ਹੌਸਲੇ ਤੇ ਖੁਸੀ ਦਾ ਗੁਬਲਾ ਅਤੀ
ਸੁੰਦ੍ਰ ਅਕਲ ਦਾ ਪੁਤਲਾ ਸਿਗ ਜੈਸੇ ਵਡੇ ੨ ਨੇਤ੍ਰ ਕੁਦਰਤੀ ਲਾਲ ੨ ਪਤਲੇ ੨ ਹੋਠ ਗੋਲ
ਗੋਲ ਜੋਤ ਦਾ ਭਰਿਆ ਹੋਯਾ ਚੌੜਾ ਮੱਥਾ ਚੰਦ ਜੈਸਾ ਚਿਹਰਾ ਕੁੰਢਾ ਨੱਕ ਕੁੰਦਨ ਜੇਹਾ ਰੰਗ
ਦੂਜੇ ਦੇ ਦਿਲ ਦੀ ਬੁੱਝਣ ਵਾਲਾ ਕਦ੍ਰਦਾਨ ਮਰਯਾਦਾ ਦੀ ਬੋਲ ਚਾਲ ਤੇਜ ਸੁਭਾਵ ਅ
ਨੇਕ ਨੇਕ ਖਸਲਤਾਂ ਦਾ ਭਰਿਆ ਹੋਯਾ ਕੋਠਾ ਐਸਾ ਲੜਕਾ ਅੱਜ ਤਕ ਮੈਂ ਕੋਈ ਕਿਤੇ ਨਹੀਂ
ਦੇਖਿਆ। ਬੁਰਜੀ ਉਤੇ ਬੈਠੇ ਗੱਲਾਂ ਕਰਦੇ ਨੂੰ ਮੈਂ ਪੁਛਿਆ ਕੇ ਤੁਸਾਡੀ ਏਹੋ ਤੋੜੇਦਾਰ ਬੰਦੂਕ ਸੰ
ਚ ਮੁੱਚ ਦੀ ਹੈ ਯਾ ਖੇਲਣ ਦੀ ਹੈ ਏਹ ਸੁਣ ਓਸਨੇ ਗੁੱਸਾ ਖਾ ਨੇਤ੍ਰ ਚੜ੍ਹਾ ਫੁਰਤੀ ਨਾਲ ਖ
ੜੋ ਹੋ ਚੱਟ ਪੱਟ ਬੰਦੂਕ ਭਰ ਕੇ ਆਖਿਆ ਕੇ ਲਓ ਜੀ ਹੁਣ ਫੁਰਮਾਓ ਕਿਸ ਨੂੰ ਨਿਸਾਨਾ ਕਰਾਂ।
ਏਹ ਮੇਰੇ ਸਾਥੀ ਅਸਵਾਰ ਤਾਂ ਸਭ ਸਰਕਾਰ ਕੰਪਨੀ ਦੇ ਦੋਸਤ ਹਨ। ਕੋਈ ਸਰਕਾਰ ਅੰਗ੍ਰੇ
ਜੀ ਦਾ ਵੈਰੀ ਦੱਸੋ ਦੇਖੋ ਫੇਰ ਮੈਂ ਓਸ ਨੂੰ ਕਿਥੋਂ ਕੁ ਥੱਲੇ ਕੇਗਿਰਦਾ ਹਾਂ। ਮੈਂ ਹੱਸ ਹੱਸ ਕੇ ਆ
ਖਿਆ ਕਾਕਾ ਜੀ ਤੁਸੀਂ ਸੌ ਗਜ ਉੱਤੇ ਨਿਸਾਨਾ ਮਾਰ ਸਕਦੇ ਹੋ। ਯਾ ਨਹੀਂ। ਸਾਹਜਾਦਾ
੧੭ ਗਰਦਨ ਫੇਰਕੇ ਬੋਲਿਆ। ਸਾਹਬ ਜੀ ਤੁਸੀ ਛੇਤੀ ਨਾਲ ਮੈਨੂੰ ਕੋਈ ਸਰਕਾਰ ਕੰਪ
ਨੀ ਦਾ ਵਿਰੋਧੀ ਦਿਖਾਓ ਤਾਂ ਫੇਰ ਮੇਰਾ ਤਮਾਸਾ ਦੇਖੋ ਦੋ ਸੌ ਗਜ ਉਤੇ ਓਸਨੂੰ ਕਿੱਕੁ ਉਡਾ
ਉਂਦਾ ਹਾਂ। ਜੇ ਚੱਲਦੇ ਗਾਏ ਹੋਯਾ ਹੀ ਨਾ ਦਿੱਸੇ ਤਾਂ ਮੈਂ ਬੰਦੂਕ ਕਾਹ ਨੂੰ ਫੜਨੀ ਹੈ।——
ਏਤਨੀ ਸੁਣਦੇ ਹੀ ਸਭ ਸਾਹਿਬਾਂ ਨੇ ਹੱਸ ੨ ਕਰ ਹੱਸ ਕੇ ਲੋਟਣ ਹੋ ਹੋ ਸਾਹਜਾਦੇ
ਨੂੰ ਉਠਾਕੇ ਛਾਤੀ ਨਾਲ ਲਾ ਲਿਆ ਤੇ ਪਿਆਰ ਕਰ ੨ ਅਤੀ ਅਨੰਦ ਹੋ ਸੁਬਾਰ ਦਿੱਤਾ।——

Digitized by Panjab Digital Library | www.panjabdigilib.org

੪੪੬ ਏਹ ਸਾਰੀ ਕਥਾ ਅੰਗ੍ਰੇਜੀ ਵਿਚੋਂ ਸਾਰੀ ਉਰਦੂ ਦੀ ਤਵਾਰੀਖ ਦੇ ਵਰਕ ਸਫੇ ਉਤੇ ਹੈ॥-
ਦੂਜੇ ਦਿਨ ਸਾਹਜ਼ਾਦੇ ਸ਼ੇਰ ਸਿੰਘ ਤੇ ਰਾਜੇ ਸੁਚੇਤ ਸਿੰਘ ਨੇ ਵਕੀਲਾਂ ਨੂੰ ਲੈ ਜਾ ਕੇ ਨਹਰ ਕਨ
ਰੇ ਬੰਗਲੇ ਵਿਚ ਉਤਾਰਿਆ॥ ੨੭ ਹਾੜ੍ਹ ਸੰ: ੧੮੯੫ ਬਿ: ਨੂੰ ਮਹਾਂਰਾਜੇ ਦੀ ਮੁਲਾਕਾਤ ਹੋਈ
ਲਾਰਡ ਆਕਲੈਂਡ ਸਾਹਿਬ ਵੱਲੋਂ ਵਕੀਲਾਂ ਨੇ ਏਹ ਤੋਹਫੇ ਨਜ਼ਰ ਕੀਤੇ ੧ ਤਸਵੀਰ ਬਾਦਸਾਹ
ਇੰਗਲੈਂਡ ਦੀ ਰਤਨ ਜੜਤ ਚੌਖਟੇ ਵਿਚ ੧ ਪਸਤੌਲ ਸੁਨਹਿਰੀ ਕਾਰ ਵਾਲਾ ੧ ਤਲਵਾਰ ਜ
ੜਾਊ ਮੁੱਠੇ ਵਾਲੀ ਘੋੜੇ ਅਰਬੀ ਕਲਸੇ ਨੇ ਚਾਂਦੀ ਦੇ ਸਾਜ ਸਮੇਤ ਤੀਜੇ ਦਿਨ ਵਕੀਲਾਂ ਨੇ ਤਿੰਨ
ਗੱਲਾਂ ਆਖੀਆਂ (੧) ਚਾਹੋ ਆਪ ਸੁਤੰਤ੍ਰ ਚਾਹੋ ਅੰਗ੍ਰੇਜੀ ਫੌਜ ਦੀ ਮਦਦ ਲੈ ਕੇ ਕਾਬਲ
ਨੂੰ ਫਤੇ ਕਰੋ ਦੋਸਤ ਮਹੰਮਦ ਖਾਂ ਨੂੰ ਤਖਤੋਂ ਉਤਾਰ ਕੇ ਸਾਹ ਸੁਜਾ ਨੂੰ ਬੈਠਾ ਦਿਓ ਕਿਉਂਕਿ ਉਸ ਨੇ ਰੂ
ਸੀ ਵਕੀਲ ਬੁਲਾ ਲੀਤਾ ਜਿਸ ਤੋਂ ਬਹੁਤ ਖਰਾਬੀ ਹੋਵੇਗੀ॥ (੨) ਜੇ ਆਪ ਕਾਬਲ ਫਤੇ ਨਹੀਂ ਕ
ਰਦੇ ਤਾਂ ਅੰਗ੍ਰੇਜੀ ਫੌਜ ਨੂੰ ਪੰਜਾਬ ਵਿਚ ਦੀ ਰਾਹ ਦੇਵੋ॥ (੩) ਸਿੰਧ ਦਾ ਮੁਲਕ ਜਿਤਨਾ ਆਪ ਨੇ
ਮੱਲਿਆ ਹੈ ਉਹ ਸਰਕਾਰ ਅੰਗ੍ਰੇਜੀ ਨੂੰ ਮੋੜ ਦੇਵੋ॥ ਮਹਾਂਰਾਜ ਬੋਲੇ ਸਿੰਧ ਦੇ ਮੁਲਕ ਵਿੱ
ਚੋਂ ਛੀ (੬੦੦੦੦੦) ਲਾਖ ਰੁਪਿਆ ਖਿਰਾਜ ਦਾ ਆਉਂਦਾ ਹੈ॥ ਉਹ ਖਾਲਸੇ ਦੇ ਖਜ਼ਾਨੇ ਵਿਚ ਜਾਂ ਸਰਕਾਰ
ਅੰਗ੍ਰੇਜੀ ਦਾਖਲ ਕਰਦੇ ਰਹਿਣ ਮੁਲਕ ਉਤੇ ਕਬਜ਼ਾ ਲੈਣ ਬਾਕੀ ਕਾਬਲ ਮੁਲਕ ਫ
ਤੇ ਕਰਨਾ ਮਨਜ਼ੂਰ ਹੈ॥ —
ਫੇਰ ੧ ਸਾਉਣ ਸੰ: ੧੮੯੫ ਬਿ: ਨੂੰ ਏਨਾਂ ਤਿੰਨਾਂ ਸਰਕਾਰਾਂ ਵਿਚ ਇਕ ਲਿਖਤ ਹੋ ਗਈ॥ ਸ
ਾਹ ਸੁਜਾ ਨੇ ਦੋਹਾਂ ਸਰਕਾਰਾਂ ਦਾ ਅਹਿਸਾਨਮੰਦ ਹੋ ਕੇ ਇਸ ਮਦਦ ਬਦਲੇ ਸਿੰਧ ਦਾ ਮੁਲਕ ਅੰ
ਗ੍ਰੇਜ਼ਾਂ ਨੂੰ ਤੇ ਮਹਾਂਰਾਜੇ ਨੂੰ ਦੋ ਲਾਖ ਰੁਪਿਆ ਸਾਲਾਨਾ ਖਿਰਾਜ ਤੇ ੫੦ ਘੋੜੇ ਖੱਚਰ ਅਰਬੀ ਦੇਣੇ
ਲਿਖ ਦਿੱਤੇ॥ ——— ॥ਏਸੇ ਸਮੇਂ ਸਰਕਾਰ ਲਾਹੌਰ ਆਏ ਤਾਂ ਰਾਣੀ ਨਕੈਣ ਸੁਰ
ਗਬਾਸ ਹੋਈ॥ ਜਿਸ ਦੀ ਪਰਚਾਉਣੀ ਨੂੰ ਕਪਤਾਨ ਵੇਡ ਸਾਹਿਬ ਆ ਕੇ ਏਹ ਗੱਲ ਠਹਿਰਾ ਗਿ
ਆ ਕਿ ਸਾਹ ਸੁਜਾ ਨੂੰ ਮਦਦ ਦੇਣ ਤੋਂ ਪਹਿਲੇ ਸਰਕਾਰ ਖਾਲਸੇ ਦੀ ਤੇ ਲਾਟ ਆਕਲੈਂਡ ਸਾਹਿ
ਬ ਦੀ ਮੁਲਾਕਾਤ ਹੋ ਕੇ ਇਕ ਸਲਾਹ ਠਹਿਰ ਜਾਣੀ ਚਾਹੀਏ॥ ਸੋ ਮਹਾਂਰਾਜੇ ਨੇ ਮੰਨ ਲ
ਈ ਮੁਲਾਕਾਤ ਫੀਰੋਜ਼ਪੁਰ ਹੋਣੀ ਠਹਿਰੀ॥ ਸਭ ਤਰਾਂ ਦੇ ਸਾਮਾਨ ਤੇ ਲਸਕਰ ਤੋਪ
ਖ਼ਾਨੇ ਦੀ ਮੁਲਾਕਾਤ ਵਾਂਗੂ ਕੱਠੇ ਹੋ ਗਏ ੧੧ ਪੋਹ ਸੰ: ੧੮੯੫ ਬਿ: ਕੋ ਮਹਾਂਰਾਜ ਕ
ਸੂਰ ਜਾ ਉਤਰੇ . ਤੇ ਸਾਮ੍ਹਣੇ ਕੈਂਪ ਵਿਚ (ਜੋ ਸਤਲੁਜ ਦੇ ਦਹਿਣੇ ਪਾਸੇ ਬੜੇ ੨ ਤੰਬੂ ਸਾਏ
ਬਾਨ ਲਗ ਰਹੇ ਸੇ) ਜਾ ਸਲਾਮੀ ਲਈ॥ ਲਾਟ ਵੱਲੋਂ ਮਹਾਂਰਾਜੇ ਦੀ ਕੁਸਲ ਆਨੰਦ ਪੁੱਛਣ ਤੇ

Digitized by Panjab Digital Library | www.panjabdigilib.org

ਖੇਚਲ ਹੋਈ ਦੀ ਮਾਫੀ ਮੰਗਣੀ ਮੇਗਨਾਟਣ ਸਾਹਿਬ ਆਯਾ - ਮਹਾਂਰਾਜੇ ਵੱਲੋਂ ਸਾਹਜਾ ੫੮੭
ਦਾ ਖੜਗ ਸਿੰਘ ਲਾਟ ਪਾਸ ਗੈਆ ੧੭ ਪੋਹ ਨੂੰ ਮਹਾਂਰਾਜ ਲਾਟ ਸਾਹਿਬ ਦੇ ਡੇਰੇ ਗਏ ਤਾਂ
ਬੜੀ ਧੂਮ ਧਾਮ ਦੀ ਰੋਪੜ ਵਾਂਗੂ ਮੁਲਾਕਾਤ ਹੋਈ (ਸਵਾਇ ਪਿਛਲੀਆਂ ਰਸਮਾਂ ਦੇ ਇਕ ਤ
ਸਵੀਰ ਇਸ ਮਹਾਂਰਾਣੀ ਦੀ ਜੋ ਹੁਣ ਲੰਡਨ ਦੇ ਤਖਤ ਉੱਤੇ ਹੈ) ਰਤਨ ਜੜਤ ਚੌਖਟੇ ਵਿੱਚ
ਜੜੀ ਹੋਈ ਮਹਾਂਰਾਜੇ ਨੂੰ ਲਾਟ ਨੇ ਦਿੱਤੀ॥ ੧੮ ਨੂੰ ਲਾਟ ਸਾਹਿਬ ਮਹਾਂਰਾਜੇ ਦੇ ਡੇਰੇ ਆਏ॥
ਖਿਲਤ ਤੋੜੇ ਦਿੱਤੇ ਗਏ ਮਹਾਰਾਜੇ ਦੀ ਬਿਭੂਤੀ ਰੀਤਿ ਮਰਯਾਦਾ ਬੰਦੋਬਸਤ ਦੇਖ ਕੇ ਲਾਟ ਸਾਹਿਬ
ਅਚੰਭਾ ਮੰਨ ਕੇ ਬਹੁਤ ਖੁਸੀ ਹੋਯਾ ਲੇਡੀਆਂ ਤੇ ਲਾਟ ਸਾਹਿਬ ਸਮੇਤ ਮਹਾਂਰਾਜੇ ਨੇ ਅੰਗ੍ਰੇਜਾਂ ਨੂੰ ਆਪ
ਣੀ ਮੀਰ ਮਜਲਸ ਦਾ ਉਹ ਪ੍ਰਮਾਨੰਦ ਭੁਗਾਯਾ ਜੋ ਸਾਰੀ ਉਮਰ ਨਹੀਂ ਭੁੱਲੇ ਹੋਣਗੇ॥ ਅੰਗੂਰੀ
ਸਰਾਬ ਦਾ ਪਿਆਲਾ ਤੇ ਪਰੀਆਂ ਦੇ ਨਾਚ ਨਖਰੇ ਖੁਸੀ ਹਸੀ ਦੇ ਬਿਲਾਸ ਦੋ ਬਜੇ ਰਾਤ ਤਕ ਚਲ
ਦੇ ਰਹੇ॥ ੧੯ ਪੋਹ ਨੂੰ ਮਹਾਰਾਜੇ ਨੇ ਸਭ ਸਰਦਾਰਾਂ ਸਮੇਤ ਜਾ ਕੇ ਪਹਿਲੇ ਅੰਗ੍ਰੇਜੀ ਫੌਜ ਦੇ ਕ
ਰਤੱਬ ਦੇਖੇ ਫੇਰ ਦੋ ਬਜੇ ਰਾਤ ਤਕ ਲਾਟ ਸਾਹਿਬ ਦੀ ਮਜਲਸ ਦਾ ਆਨੰਦ ਲੁੱਟਿਆ॥ ਮਹਾਂਰਾਜੇ
ਨੇ ਪਿਆਰ ਤੇ ਮੁਹੱਬਤ ਨਾਲ ਰਾਜ ਕਾਜ ਦੇ ਅਨੇਕ ਪ੍ਰਸੰਗ ਕਹਿ ਸੁਣ ਕੇ ਲਾਟ ਨੂੰ ਆਖਿਆ ਜੋ ਦਿਨ
ਅੱਜ ਮੇਰੇ ਕਈ ਮੁਸਾਹਿਬ ਮੈਨੂੰ ਆਉਣ ਨਹੀਂ ਦਿੰਦੇ ਸੇ ਕਹਿੰਦੇ ਸੇ ਅੰਗ੍ਰੇਜਾਂ ਨੇ ਅਨੇਕ ਰਾਜੇ ਏ
ਸੇ ਤਰਾਂ ਮਿਲਣ ਦੇ ਬਹਾਨੇ ਬੁਲਾ ਕੇ ਕਿਧਰੇ ਰਲਾ ਛੱਡੇ ਪਰ ਮੈਨੂੰ ਤਾਂ ਸਰਕਾਰ ਅੰਗ੍ਰੇਜੀ ਪਰ ਐ
ਤਭਰੋਸਾ ਹੈ ਕਲਕੱਤੇ ਬੀ ਚਲਿਆ ਜਾਵਾਂ ਤਾਂ ਬੀ ਮੈਂ ਨਹੀਂ ਡਰਦਾ॥ ਏਹ ਸੱਚੀ ਸਫਾਈ ਦੀਆਂ
ਬਾਤਾਂ ਸੁਣ ਕੇ ਲਾਟ ਸਾਹਿਬ ਬਹੁਤ ਖੁਸੀ ਹੋਏ॥ ੨੦ ਨੂੰ ਲਾਟ ਸਾਹਿਬ ਨੇ ਫੌਜ ਖਾਲਸੇ ਦੀ ਕੁ
ਵਾਇਦ ਤੇ ਜੰਗੀ ਹੁੰਨਰ ਦੇਖੇ ਤਾਂ ਹੱਕੇ ਬੱਕੇ ਰਹਿ ਕੇ ਆਖਿਆ ਸਿਖੀ ਫੌਜ ਬੀ ਕੁਛ ਅੰਗ੍ਰੇਜੀ ਫੌਜ
ਤੋਂ ਘੱਟ ਨਹੀਂ॥ ਜਦ ਦੋਵੇਂ ਪਾਤਸਾਹ ਇਕ ਦੂਸਰੇ ਤੋਂ ਬਿਦਾ ਹੋਣ ਲੱਗੇ ਤਾਂ ਮਹਾਂਰਾਜੇ ਬੋਲੇ
ਦੇਖੋ ਭਾਈਆ ਜੀ ਮੈਂ ਦੋ ਵਾਰੀ ਤੁਸਾਡੇ ਰਾਜ ਵਿੱਚ ਮੁਲਾਕਾਤ ਨੂੰ ਆਯਾ ਕਦੇ ਤੁਸੀਂ ਬੀ ਸਾਡੇ
ਵੱਲ ਤਾਂ ਮੇਰੀ ਪ੍ਰਜਾ ਆਪ ਨੂੰ ਦੇਖ ਕੇ ਖੁਸੀ ਮਨਾਵੇ॥ ਇਸ ਭਾਈਆ ਜੀ ਬੋਲੀ ਉੱਤੇ ਖੁਸੀ ਹੋ
ਕੇ ਲਾਟ ਨੇ ਓਸੇ ਵਕਤ ਲਾਹੌਰ ਦੇਖਣਾ ਮੰਨ ਲੀਤਾ॥ ——

ਮਹਾਰਾਜੇ ਦੇ ਸਾਥ ਹੀ ਲਾਟ ਸਾਹਿਬ ਤਿੰਨ ਦਿਨ ਅੰਮ੍ਰਿਤਸਰ ਡੂਸੂ ਕਰ ਚੌਥੇ ਦਿਨ ਸਾਲਾ
ਮਾਰ ਬਾਗ ਵਿੱਚ (ਜਿੱਥੇ ਅਲੋਕਕ ਰਚਨਾ ਕੀਤੀ ਹੋਈ ਸੀ) ਜਾ ਉੱਤਰੇ ਝਾੜ੨ ਪੱਤੇ੨ ਨਾਲ
ਫਾਨੂਸ ਫਲ ਫੂਲ ਬਨਾਵਟੀ ਲਟਕ ਰਹੇ ਸੇ ਕੇਵੜੇ ਗੁਲਾਬ ਦੇ ਛਿੜਕਾਉ ਨਹਿਰਾਂ ਫੁਹਾਰੇ
ਤਰਾਂ੨ ਦੇ ਚਲ ਰਹੇ ਸੇ ਮਖਮਲੀ ਕਮਖਾਬ ਦੇ ਚੰਦੋਏ ਸੁੱਚੇ ਮੋਤੀਆਂ ਤੇ ਚੂਨੀਆਂ ਸਬਜਾਂ

Digitized by Panjab Digital Library | www.panjabdigilib.org

੫੪੮ ਦੀਆਂ ਝਾਲਰਾਂ ਲੜੀਆਂ ਝੂਲਦੀਆਂ ਹੋਈਆਂ ਮਨ ਨੂੰ ਝੁਲਾ ਰਹੀਆਂ ਸਨ ਭੂਮੀ ਕਾਲੀਨ ਕਸ਼
ਮੀਰੀ ਗਲੀਚੇ ਵਿਛੇ ਹੋਏ ਅਚਰਜ ਛਬ ਦੇ ਰਹੇ ਸੇ। — ।ਸਭ ਸਿਖ ਸਰਦਾਰ ਬੜੇ ੨ ਕੀਮ
ਤੀ ਪੁਸ਼ਾਕੇ ਜੇਵਰ ਜਿਗਾ ਕਲਗੀਆਂ ਸਿਰ ਪੇਚ ਮੋਤੀਆਂ ਦੇ ਲੜੇ ਤੁਗਲੁ ਬਾਲੁ ਕੈਂਠੇ ਕੀਰ
ਟ ਪਹਿਨੇ ਹੋਏ ਕੁੰਢੇ ਮੁਛਹਿਰੇ ਬੰਕੇ ਦਾੜ੍ਹੇ ਦੇਵਤਿਆਂ ਜੈਸੇ ਸੁੰਦਰ ਸਰੂਪ ਸਸਤ੍ਰਾਂ ਨਾਲ ਝੱਕੜ
ਕ ਦਰਬਾਰ ਵਿੱਚ ਇਕ ਪਾਸੇ ਅਤੀ ਸੁੰਦਰ ਛਬ ਛਾ ਰਹੇ ਸੇ। ਦੂਜੇ ਪਾਸੇ ਅੰਗ੍ਰੇਜ਼ੀ ਅਫਸਰ ਕੋਤੇ
ਆਪ ਫਰਾਂ ਫਰੰਗੀਆਂ ਮੇਮਾਂ ਨਾਲ ਸੁਹਾ ਰਹੇ ਸੇ ਸਭ ਦੇ ਵਿੱਚ ਕਾਰ ਰਤਨ ਜੜਤ ਸੁਇਨੇ ਦੀ
ਆਂ ਕੁਰਸੀਆਂ। ਉਤੇ ਤਖਤ ਦੀ ਜਗਾਂ ਮਹਾਂਰਾਜ ਤੇ ਲਾਟ ਸਾਹਿਬ ਬੈਠੇ ਹੂਰਾਂ ਪਰੀਆਂ
ਦੇ ਨਾਚ ਨਖਰੇ ਦੇਖਦੇ ਸਨ। ਕੁਛ ਤਾਂ ਓਹ ਸਭ ਨੂੰ ਮਸਤ ਕਰ ਰਹੀਆਂ ਸਨ ਬਾਕੀ ਦੁਬਾਰੇ ਤਿਬਾਰੇ
ਦੀ ਅੰਗੂਰੀ ਸਰਾਬ ਪ੍ਰਮਾਨੰਦ ਵਿੱਚ ਗਲਤਾਨ ਕਰ ਰਹੀ ਸੀ। ਏਸ ਜਲਸੇ ਵਿੱਚ ਮਹਾਂਰਾਜ
ਦੀ ਉਦਾਰਤਾ ਤੇ ਵੇਖੋ ਅੰਗ੍ਰੇਜ਼ਿਆਂ ਦੇ ਸਰੂਪ ਜੋ ਅਤੀ ਅਨੂਪ ਸਨ ਦੇਖ ੨ ਲੇਡੀਆਂ ਲਲਚਾ ਰ
ਹੀਆਂ ਸਨ ਤੇ ਅੰਗ੍ਰੇਜ਼ ਹੱਕੇ ਬੱਕੇ ਥੇ ਜੱਦਾਪਿ ਕਈ ਜਲਸੇ ਏਹੋ ਜੇਹੇ ਹੋਏ ਪਰ ਅੰਤ ਦੇ ਜਲਸੇ
ਨੇ ਧਰਤੀ ਉੱਤੇ ਹੀ ਬੈਕੁੰਠ ਤੇ ਇੰਦ੍ਰ ਪੁਰੀ ਪਰਤੱਖ ਦਿਖਾ ਛੱਡੀ ਜਿਸ ਪਰ ਕਿਸੇ ਹੱਤਿਆਰੇ ਦੀ ਅਜੇ
ਹੀ ਤੇਜ਼ੀ ਨਜ਼ਰ ਲੱਗੀ ਪਲ ਨਾ ਪਿਆ ਓਸੇ ਰਾਤ ੨੭ ਪੋਹ ਮਹਾਂਰਾਜੇ ਨੂੰ ਲਕਵੇ ਦੀ ਐਡੀ ਬ
ੜੀ ਬੀਮਾਰੀ ਬਿਆਪੀ ਜਬਾਨ ਡਾਕੀ ਗਈ ਰੂਪ ਕਰੂਪ ਹੋ ਗਏ ਅਗਲੇ ਦਿਨ ਮਹਾਂਰਾਜੇ ਨੇ ਅਸ
ਰੇ ਨਾਲ ਜੈਸੀ ਚਾਹੀਦੀ ਸੀ ਓਹੋ ਜੇਹੀ ਸੇਵਾ ਬਿਦਾਈ ਲਾਟ ਸਾਹਿਬ ਦੀ ਕਰਾਈ। ਲੋਗ ਤਾਂ
ਏਹੋ ਲੈ ਉਠੇ ਥੇ ਕੇ ਅੰਗ੍ਰੇਜ਼ਾਂ ਹੀ ਕੁਛ ਕਰ ਦਿੱਤਾ ਪਰ ਏਹ ਝੂਠ ਸੀ ਸਗੋਂ ਲਾਟ ਸਾਹਿਬ ਦਾ ਮਨ
ਫਟ ਗਿਆ ਮਹਾਂਰਾਜ ਦੀ ਬੀਮਾਰੀ ਦੇਖ ਕੇ ਭਾਰੀ ਅਫਸੋਸ ਕੀਤਾ। — ।ਲਾਟ ਦੇ ਬਿ
ਦਾ ਹੋਏ ਪਿੱਛੋਂ ਜਦ ੨੮ ਪੋਹ ਨੂੰ ਅੰਗ੍ਰੇਜ਼ੀ ਫੌਜ ਕਾਬਲ ਨੂੰ ਜਾਣ ਵਾਲੀ ਆਈ ਤਾਂ ਛੀ ਹਜ਼ਾਰ
ਸਿੱਖ ਸਮੇਤ ਮਹਾਂਰਾਜੇ ਨੇ ਕੌਰ ਸਾਹਿਬ ਨੂੰ ਅੰਗ੍ਰੇਜ਼ੀ ਫੌਜ ਦੀ ਮਦਦ ਵਾਸਤੇ ਤੋਰ ਕੇ ਵੈਡ ਸਾਹਿ
ਬ ਨੂੰ ਆਖਿਆ ਜੇ ਖਾਲਸੇ ਜੀ ਦੇ ਸਾਮਣੇ ਕਿਸੇ ਨੇ ਭੀ ਹੱਤਿਆ ਕੀਤੀ ਤਾਂ ਖਬਰ ਨਹੀਂ ਸਿੱਖ ਕੀ
ਕਰ ਬੈਠਣਗੇ। ਫੇਰ ਸਾਡੇ ਜੁੰਮੇ ਨਹੀਂ। ਨਾਲੇ ੧੧ ਲੱਖ ਰੁਪਇਆ ਸਿੰਧ ਦੇ ਮੁਲਕ ਬਾਬਤ ਅਹਿ
ਦਨਾਮੇ ਵਿੱਚ ਲਿਖਾ ਗਿਆ ਹੈ। ਖਾਲਸੇ ਦੇ ਖਜਾਨੇ ਵਿੱਚ ਜਮਾ ਕਰ ਦੇਓ। ਵੈਡ ਸਾਹਿਬ ਦੇ ਲਿ
ਖੇ ਤੋਂ ਏਸ ਦਾ ਏਹ ਉਤ੍ਰ ਲਾਟ ਸਾਹਿਬ ਵੱਲੋਂ ਆਯਾ ਕੇ ਜਦ ਫੌਜ ਕਾਬਲੋਂ ਮੁੜੇਗੀ ਤਦ ਦਿੱਤਾ
ਜਾਊ। ਏਹ ਸੁਣ ਕੇ ਮਹਾਂਰਾਜੇ ਨੇ ਲਾਲ ਨੇਤ੍ਰ ਕਰ ਕੇ ਲਿਖਾਯਾ ਕੇ ਜੋ ਕੁਛ ਲਿਖਾ ਗਿਆ ਹੈ
ਸੋ ਹੁਣੇ ਭੇਜੋ ਨਹੀਂ ਸਭ ਅਹਿਦ ਟੁੱਟੇ ਸਮਝੋ। ਏਸ ਧਮਕੀ ਨਾਲ ਪੰਜ ਲੱਖ ਤਾਂ ਓਸੇ ਘੜੀ

Digitized by Panjab Digital Library | www.panjabdigilib.org

ਅੰਗ੍ਰੇਜਾਂ ਨੇ ਭੇਜ ਦਿੱਤੇ ਬਾਕੀ ਇੱਕ ਮਹੀਨੇ ਪਿੱਛੋਂ। —— ।।ਓਧਰ ਜਦ ੯੦੦੦ ਸਪਾਹ ਖ੪੯
ਅੰਗ੍ਰੇਜੀ ਤੇ ਕੁਛ ਅਪਣੀ ਰੱਖਕੇ ਸਿੰਧ ਦੇ ਰਸਤੇ ਸਾਹ ਸੁਜਾ ਕੰਧਾਰ ਦੇ ਨੇੜੇ ਪਹੁੰਚਿਆ ਤੋਂ
ਏਹ ਫੌਜ ਬੀ ਲਾਹੌਰੋਂ ਤੁਰਕੇ ਓਸ ਨੂੰ ਜਾ ਮਿਲੀ ਤਾਂ ੨੫ ਵੈਸਾਖ ਨੂੰ ਕੰਧਾਰ ਉੱਤੇ ਦਖਲ ਕਰ
ਕੇ ੨੯ ਨੂੰ ਗਜਨੀ ਜਾ ਮਾਰੀ ਬਾਰਕਜਈ ਸਰਦਾਰ ਥੋੜੀ੨ ਲੜਾਈ ਕਰਕੇ ਨੱਸਦੇ
ਰਹੇ। ੧੯ ਸਾਉਣ ਕੋ ਕਾਬਲ ਫਤੇ ਕਰ ਸਾਹ ਸੁਜਾ ਨੂੰ ਤਖਤ ਬੈਠਾਕੇ ਕੌਰ ਜੀ ਲਾਹੌਰ ਆ
ਗਏ। —— ।।ਏਧਰ ਮਹਾਂਰਾਜੇ ਦੀ ਬੀਮਾਰੀ ਬਹੁਤ ਬਧ ਗਈ ਬੇਅੰਤ ਪਾਠ ਪੂਜਾ ਪੁਰ
ਯੋਗ ਕਰਾਏ। ਘਟੀ ਨੂੰ ਕੌਣ ਬਧਾਏ। ਓੜਕ ਜਦ ਮਹਾਂਰਾਜੇ ਨੇ ਅਪਣਾ ਅੰਤ ਸਮਾਂ ਨੇੜੇ
ਆਯਾ ਦੇਖਿਆ ਤਾਂ ਸਾਰੇ ਮੁਸਾਹਿਬਾਂ ਦੇ ਰੋਬਰੂ ਰਾਜ ਦੇ ਸਬ ਮਾਮਲੇ ਸਾਹਜਾਦੇ ਖੜਗ ਸਿੰ
ਘ ਦੇ ਇਖਤਿਆਰ ਦੇਕੇ ਸੂਬੇ ਕਾਸਮੀਰ ਮੁਲਤਾਨ ਪਸਾਵਰ ਨੂੰ ਪਰਵਾਨੇ ਲਿਖ ਭੇਜੇ ਵਜੀ
ਰ ਧਿਆਨ ਸਿੰਘ ਦੀ ਬਾਂਹ ਸਾਹਜਾਦੇ ਨੂੰ ਓਸ ਦੀ ਵਜੀਰ ਨੂੰ ਫੜਾਕੇ ਕਈ ਲਾਖ ਰੁਪਯਾ ਨਕ
ਦ ਦੋ ਲਾਖ ਮਣ ਕਣਕ ਹੋਰ ਬਸਤ੍ਰ ਭਾਂਡੇ ਗਊਆਂ ਬਹੁਤ ਗਰੀਬਾਂ ਨੂੰ ਤੇ ਬ੍ਰਾਹਮਣਾਂ ਫਕੀਰਾਂ
ਸਿੱਖਾਂ ਕਾਜੀਆਂ ਮੁਲਾਣਿਆਂ ਨੂੰ ਥੈਲੇ। ਦੇਵਾਲਿਆਂ ਧਰਮਸਾਲਾ ਗੁਰਦੁਆਰੇ ਮਸੀਤਾਂ ਵਿ
ਚ ਸਮਗ੍ਰੀ ਲਾਲ ਬਹੁਤ ਕੁਛ ਦਿੱਤਾ। ਫੇਰ ਦਵਾਈਆਂ ਹਟਾਕੇ ਮਹਾਂਰਾਜੇ ਨੇ ਅਪਣਾ ਮ
ਨ ਸਤਗੁਰਾਂ ਦੇ ਚਰਨਾਂ ਵਿੱਚ ਜੋੜ ਦਿੱਤਾ ਸੁਖਮਨੀ ਦਾ ਪਾਠ ਹੁੰਦੇ ਰਹੇ। — ।।ਰਾਜੇ ਧਿਆਨ
ਸਿੰਘ ਨੇ ਅਨਾਥਾਂ ਗਰੀਬਾਂ ਨੂੰ ਦੇਣ ਲਈ ਦਸ ਲਾਖ ਰੁਪਏ ਦਾ ਚੌੜਾ ਬਣਾ ਛਾਈ ਲੱਖ ਦਾ ਪਲ
ਸੀਨਾ ਉੱਤੇ ਵਿਛਾ ਮਹਾਂਰਾਜੇ ਨੂੰ ਓਸ ਉੱਤੇ ਲਿਟਾਕੇ ਐਸਾ ਸੁਲਾਯਾ ਜੋ ਫੇਰ ਪਾਸਾ ਨਾ ਲੀਤਾ।
ਕੋਹਨੂਰ ਹੀਰਾ ਮਹਾਂਰਾਜੇ ਦੀ ਯਾਦਗੀਰੀ ਦੁਨੀਆਂ ਉੱਤੇ ਰਹਿਣ ਵਾਸਤੇ ਅੰਮ੍ਰਿਤਸਰ ਦ
ਰਬਾਰ ਸਾਹਿਬ ਵੀਬ ਸਾਹਿਬ ਦੇ ਸੁਨਹਿਰੀ ਬੰਗਲੇ ਵਿੱਚ ਜੜਾਕੇ ਰੱਖਣ ਲਈ ਸਬ ਨੇ
ਸਲਾਹ ਦਿੱਤੀ ਪਰ ਜਦ ਰਾਜੇ ਧਿਆਨ ਸਿੰਘ ਤੇ ਜਮਾਂਦਾਰ ਖੁਸਹਾਲ ਸਿੰਘ ਦੀ ਮਰਜੀ
ਜਗਨਨਾਥ ਭੇਜਣ ਦੀ ਦੇਖੀ ਤਾਂ ਮਿਸ੍ਰ ਬੇਲੀ ਰਾਮ ਤੋਸੇਖਾਨੀਏ ਨੇ ਆਖਿਆ ਕੇ ਏਹ ਚੀਜ ਤ
ਖਤ ਤਾਜ ਦੀ ਹੈ ਪੁੰਨ ਕਰਨ ਦੀ ਨਹੀ ਸੋ ਹੁਣ ਮਹਾਂਰਾਜੇ ਖੜਗ ਸਿੰਘ ਦੇ ਹੁਕਮ ਬਿਨਾ ਮੈਂ
ਨਹੀਂ ਦੇ ਸਕਦਾ। —— ।।ਏਤਨੇ ੧੫ ਹਾੜ ਵੀਰਵਾਰ ਬਦੀ ਏਕਾਦਸੀ ਸੰ: ੧੮੯੬ ਬਿ:
ਤੇ ੨੭ ਜੂਨ ਸੰਨ ੧੮੩੯ ਈ: ਕੋ ਛੀ ਘੜੀ ਦਿਨ ਰਹੇ ਮਹਾਂਰਾਜ ਤਾਂ ਏਸ ਅਸਾਰ ਸੰਸਾਰ ਤੋਂ
ਕੂਚ ਕਰਕੇ ਸੱਚਖੰਡ ਮੇਂ ਜਾ ਬਿਰਾਜੇ ਲਾਹੌਰ ਵਿੱਚ ਅੰਧੇਰ ਛਾਗਿਆ ਘਰ੨ ਕਰਨਾਰਮੇ
ਆਂ ਤੇ ਬੂਤਾਲੇ ਹਟਤਾਲ ਹੋ ਗਈ ਸਬ ਨੂੰ ਵੈਰਾਗ ਹੋ ਪਿਆ ਮਹਿਲਾਂ ਵਿੱਚੋਂ ਦੂਸੱਲੂ ਕੂਕਾਂ ਨਿ

Digitized by Panjab Digital Library | www.panjabdigilib.org

੫੫੦ ਕਲੂ ਕੇ ਅੰਗਾ ਦੀਆਂ ਲਾਟਾਂ ਵਾਂਗੂ ਸਬ ਦੇ ਦਿਲਾਂ ਨੂੰ ਝੂਲਸ ਰਹੀਆਂ ਸਨ। ਜੋਂ ਦੀਪ ਹੁਝਕੀ
ਝੋਰੇ ਰੋਂਦੇ ਹੋਏ ਸਬਨਾਂ ਸਰਦਾਰਾਂ ਦੀਆਂ ਘੱਗਾਂ ਬੈਠ ਗਈਆਂ ਪਰ ਰਾਜੇ ਧਿਆਨ ਸਿੰਘ ਨੂੰ ਤਾਂ
(ਜੋ ਐਸੇ ਮਹਾਂਰਾਜੇ ਨੂੰ ਆਪਣਾਂ ਪਰਤੱਖ ਪ੍ਰਮੇਸ੍ਰ ਮੰਨਦਾ ਸੀ) ਪਲ ਪਲ ਉਤੇ ਦੰਦਣ ਪੈਂਦੀ
ਸੀ। ਕੋਈ ਕਿਸੇ ਨੂੰ ਧੀਰਜ ਦੇਣ ਵਾਲਾ ਨਹਿ ਸਬ ਦੇ ਪਿੰਡੇ ਉਸ ਸੋਗ ਨੇ ਸੁਕਾ ਦਿੱਤੇ। ਬਿ
ਨਾ ਹਾਹਾਕਾਰ ਤੇ ਰੋਣ ਕੁਰਲਾਉਣ ਦੇ ਹੋਰ ਕੁਛ ਨਹੀ ਸੁਝਦਾ ਸੀ। ਤੇ ਪਛਤਾ ੨ ਕੇ ਐਹੋ ਆ
ਖਦੇ ਸੇ — ਕਬਿੱਤੁ ॥ ਏਰੇ ਜਮ ਰਾਜ ਤੈਂ ਅਕਾਜ ਕਹਾਂ ਕੀਨੋਂ ਆਜ ਭੂਪਨ ਸਿਰਤਾਜ ਛੀ
ਨ ਛਿਨ ਹੂੰ ਮੇ ਲੈ ਗਯੋ। ਟਾਰਨ ਸਕਤ ਜੋ ਸਹਾਰਨ ਕਠਨ ਅਤਿ ਸਭ ਹੀ ਨਰ ਨਾਰਿਨ ਕੋ ਦਾਰੁ
ਨ ਦੂਖ ਦੈ ਗਯੋ। ਏਰੇ ਨਿਰਦਈ ਦਈ ਮਾਰੇ ਕਾਲ ਕੰਟਕ ਤੂੰ ਜੰਬੂ ਦੀਪ ਹੂੰ ਕੋ ਦੇਖ ਦੀਪਕ ਬੁ
ਝੈ ਗਯੋ। ਗਯਾਨਹਾਰ ਦੇਸੁ ਹਾਇ ਦੇਸਨ ਬਦੇਸਨ ਅਸੇਸਨ ਮੇਂ ਅੰਧ ਧੁੰਦ ਅੰਧਕਾਰ ਭਯਾਨ
ਕ ਮਚੈ ਗਯੋ ॥੧॥ ਕੋਊ ਚੀਰ ਫਾਰੇ ਫਟਕਾਰੇ ਤਨ ਭੀਤਨ ਸੋਂ ਬਾਰ ਸੀਸ ਪਾਰੈ ਗਾਰੈਂ ਈਸ
ਕੋ ਦਿਵੈ ਰਹੀ। ਪੀਟ ਪੀਟ ਹਾਰੈ ਨ ਸੰਭਾਰੈਂ ਸੁਧ ਅੰਗਨ ਕੀ ਨੈਣਨ ਤੇ ਡਾਰੈਂ ਜਲ ਦੈਣ
ਨ ਪਟੈ ਰਹੀ। ਹਾਇ ਮਹਾਂਰਾਜ ਆਜ ਜੀਵਨੋ ਅਕਾਜ ਹਮੇਂ ਊਠ ਗਯੋ ਬਾਜ ਰਾਜ ਜਾਹਿ ਸੋ
ਭੁਗੈ ਰਹੀ। ਸਗਰ ਬਜਾਰਨ ਅਗਾਰਨ ਮੇਂ ਗਯਾਨ ਹੀਰੀ ਸਹਿਰ ਸਗਾਰ ਕੂਕੈਂ ਕਹਿਰ ਬ
ਜੈ ਰਹੀ ॥੨॥ ਕੀਨੋ ਤੈ ਪਿਆਨ ਮਹਾਂਰਾਜੇ ਰਣਜੀਤ ਸਿੰਘ ਕੌਣ ਰਣਜੀਤ ਤੇਰੇ ਹੇਕ
ਤਾ ਤੁਰਕਾਨ ਕੀ। ਕੌਨ ਪੂਰੈ ਆਸ ਦ੍ਵਜ ਦੀਨਨ ਪ੍ਰਬੀਨਨ ਕੀ ਕੌਣ ਧਰੈ ਟੇਕ ਗੁਰੂ ਗ੍ਰੰਥ
ਪੰਥ ਬਾਨੇ ਕੀ। ਭਾਗ ਗਯੋ ਸਿੰਘਨ ਪੰਜਾਬ ਕਾ ਸੁਹਾਗ ਟਰਯੋ ਪਰਯੋ ਹੈ ਕੁਭਾਗ ਪਾਛੈ ਬ
ਲਤੀਨ ਕਾਨੇ ਕੀ। ਛਾਇਗੀ ਅਧੀਰਤਾ ਬਿਲਾਇਗੀ ਸੋ ਬੀਰਤਾ ਪਲਾਇ ਗਈ ਧੀ
ਰਤਾ ਤਯਾ ਮਹਿ ਦੂਵਨੇ ਕੀ ॥੩॥ ਸ੍ਵਯਾ ॥ ਹੋ ਲੈ ਉਦਾਸ ਨਿਰਾਸ ਭਏ ਸਭ ਭੂਲ ਬਿਲਾਸ
ਗਏ ਸਬ ਹੀ ਕੋ। ਰੋਵਤ ਹੈ ਪਰਜਾ ਪੁਜਨੀ ਸਰਦਾਰ ਦਿਵਾਨ ਵਜੀਰ ਤਹੀ ਕੋ। ਲਾਗ
ਬਿਰਾਗ ਰਹਯੋ ਅਨੁਰਾਗ ਬਚਯੋ ਸੁਖ ਭਾਗ ਦਹਯੋ ਦੁਖ ਪੀ ਕੋ। ਕਾਜ ਸੁਹਾਤ ਨ ਰਾਜ
ਕਿਸੈ ਮਹਾਂਰਾਜ ਚੜੇ ਸਿਰਤਾਜ ਮਹੀ ਕੋ ॥੪॥ ਜੋ ਨਿਜ ਹੀ ਭੁਜ ਕੇ ਬਲ ਤੇ ਗਹਿ
ਖੱਗ ਲਯੋ ਇਹੁ ਰਾਜ ਮਹੀ ਨੋ। ਤਯੋ ਪਰਲੋਕ ਸਜੀਤਨ ਕੇ ਹਿਤ ਜੋ ਮਹਾਂਰਾਜ ਹਿ
ਕੋ ਮਨ ਕੀਨੋ। ਤੌ ਜਸ ਧੁੰਦ ਭਿਵਾਇ ਚੜੇ ਦਲ ਪੁੰਨ ਪ੍ਰਤਾਪ ਹਿ ਕੇ ਲਹਿ ਪੀਨੋ। ਇਤ
ਰਾਜ ਸਿੰਘਾਸਨ ਦੈ ਸੁਤ ਕੋ ਉਤ ਜਾਇ ਪੁਰਿੰਦ੍ਰ ਆਸਨ ਲੀਨੋ।
ਮਹਾਂਰਾਜੇ ਰਣਜੀਤ ਸਿੰਘ ਦੇ ਪ੍ਰਲੋਕ ਜਾਣ ਦਾ ਸੋਕ ਦਾ ਗਮ ਜੋ ਇਸ ਲੋਕ ਵਿੱਚ ਹੋਯਾ

Digitized by Panjab Digital Library | www.panjabdigilib.org

ਸੋਕ ਬਨੋਤੋਂ ਬਾਹਰ ਹੋਇਆ ਸਾਰੀ ਰਾਤ ਅਤੀ ਦੁੱਖ ਤੇ ਕੁਰਲਾਟ ਵਿੱਚ ਗੁਜਰੀ ਦਿਨ ਚੜ੍ਹੇ ਗੰਗਾ ੪੫੧
ਜਲ ਤੇ ਅੰਮ੍ਰਿਤ ਨਾਲ ਇਸ਼ਨਾਨ ਕਰਾ ਬਾਦਸ਼ਾਹੀ ਬਸਤ੍ਰ ਸ਼ਸਤ੍ਰ ਜੇਵਰ ਪਹਿਨਾ ਅਤ੍ਰ ਸੈਂਤ ਤ
ਕਰ ਬਿਬਾਨ ਵਿੱਚ ਪਾ ਪੜ੍ਹਦਾ ਭਨਾ ਸਭ ਜਨਾਨੀਆਂ ਨੂੰ ਅੰਤ ਦਾ ਦਰਸ਼ਨ ਕਰਾ ਦਿੱਤਾ ਜੋ ਸਿਰ ਖੋਹ
੨ ਪਿੱਟ ੨ ਲਹੂ ਲੁਹਾਣੇ ਹੋ ਹੋ ਕੇ ਹੋਰ ਤਾਂ ਅੰਦਰ ਹੋ ਗਈਆਂ ਪਰ ਇੱਕ ਕਟੋਚਣ ਮਤਾਬ ਕੌਰ
ਦੂਜੀ ਰਾਜ ਦੇਈ ਨੂਰਪੁਰ ਵਾਲੀ ੩ ਹਰਦੇਈ ਚੰਦ ਵਲ ੪ ਦੇਬਣੋ ਭਾਉ ਸਿੰਬੇ ਵਾਲੀ ਏ
ਹ ਚਾਰੇ ਰਾਣੀਆਂ ਤੇ ਹਰੀ ਭਨੀ ਚੈਨਣੋ ਜਵਾਹਰੀ ਚੈਬੋ ਸੋਣੀ ਚੰਪਾ ਕਲੀ ਏਹ ਸੱਤੇ ਗੋ
ਲੀਆਂ ਅੰਤਲੀਆਂ ਸੈ ਭਰਤਾਰ ਪਾਸ ਖੁਲ੍ਹੇ ਦਿਦਾਰ ਚਿਰਕੀ ਪੁਸਾਕ ਤੇ ਸਿੰਗਾਰ ਧਾਰ ਕੇ
ਬੈਠ ਰਹੀਆਂ ਉਨਾਂ ਸਤੀਆਂ ਨੇ ਰਾਜੇ ਧਿਆਨ ਸਿੰਘ ਤੇ ਮਹਾਂਰਾਜੇ ਖੜਗ ਸਿੰਘ ਕੌਰ ਜੀ
ਨੂੰ ਬੈਠਕੇ ਮਹਾਂਰਾਜੇ ਦੇ ਚਰਨ ਉੱਤੇ ਹੱਥ ਰਖਾ ਪੋਥੀਆਂ ਪੜ੍ਹਾ ਏਹ ਨੇਮ ਧਰਮ ਕਰਾਯਾ ਕੇ
ਅਸੀ ਇੱਕ ਮੁੱਠ ਰਹਿਕੇ ਰਾਜ ਕਾਜ ਕਰਾਂਗੇ ਤੇ ਅਮਨ ਰੱਖਾਂਗੇ ਰਾਜੇ ਧਿਆਨ ਸਿੰਘ ਨੂੰ
ਏਹ ਸੌਂਹ ਕਰਾਈ ਕੇ ਮੈਂ ਏਨਾਂ ਦੋਹਾਂ ਬਾਪ ਬੇਟੇ ਵਿੱਚ ਬਿਰੋਧ ਨਾ ਹੋਣ ਦੇਵਾਂਗਾ।
ਫੇਰ ਜੋੜ੍ਹ ਬਿਬਾਨ ਬਿਸਵ ਕਰਮਾਂ ਜੇਹ ਚੜ੍ਹਾਨੇ ਮੋਤੀਆਂ ਦੇ ਗੁੱਛੇ ਸੁੱਚੇ ਤਿੱਲੇ ਤੇ ਫੁੱਲਾਂ ਨਾ
ਲ ਸਜਾਯਾ ਸੀ ਬੜੇ ੨ ਸਿੱਖਾਂ ਸਰਦਾਰਾਂ ਨੇ ਹਾਹੁਕੇ ਲੈਂਦੇ ਤੇ ਰੋਂਦੇ ਹੋਏ ਉਠਾ ਲੀਤਾ ਆ
ਪਣੇ ਪ੍ਰਮ ਪਿਆਰੇ ਮਹਾਂਰਾਜੇ ਨੂੰ ਲੈ ਕੇ ਨੰਗੇ ਪੈਰੀ ਚਿਖਾ ਦੀ ਤਰਫ ਚਲ ਪਏ। ਰਾਣੀਆਂ
ਤੇ ਗੋਲੀਆਂ ਬੂਬਕੀਆਂ ਰੁਪਏ ਪੰਜ ਰਤਨ ਲੁਟਾਉਂਦੀਆਂ ਬਿਬਾਣ ਦੇ ਪਿੱਛੇ ੨ ਹੋਰ
ਸਰਦਾਰ ਦੋਹੀਂ ਪਾਸੀਂ ਸੁਇਨੇ ਚਾਂਦੀ ਦੇ ਫੁੱਲ ਤੇ ਮੁਹਿਰਾਂ ਬਰਸਾਉਂਦੇ ਰਬਾਬੀ ਅੱਗੇ ੨
ਸਬਦ ਪੜ੍ਹਦੇ ਚੱਲੇ। ਪੰਜੇ ਛੋਟੀਏ ਸਾਹਜਾਦੇ ਤੇ ਕੌਰ ਜੀ ਚੌਰ ਕਰਦੇ ਹਾਹੁਕੇ ਭਰਦੇ ਸੇ
ਵਾਹਗੁਰੂ ਦਾ ਉਚਾਰ ਤੇ ਗਮੀ ਦੇ ਬਾਜੇ ਵਜਦੇ ਹੋਏ ਜਦ ਕਿਲੇ ਅੰਦਰੋਂ ਨਿਕਲੇ ਤੋਪਾਂ ਦੀ
ਸਲਕ ਫੌਜ ਦੀ ਸਲਾਮੀ ਹੋਈ। ਏਹ ਖਬਰ ਰਾਤ ੨ ਦੇਸ ਵਿੱਚ ਧੁੰਮ ਗਈ ਸੀ ਹੁੰਮਹੁ
ਮਾ ਕੇ ਖਲਕਤ ਹੰਝੂਆਂ ਨਾਲ ਰਾਹ ਛਿੜਕਦੀ ਚਲੀ ਆਈ ਹੱਟੀਆਂ ਹੜਤਾਲ ਪਾ
ਵਾਂ ਵਿੱਚ ਸੁੰਨਮਸਾਣ ਸਤੀਆਂ ਨੂੰ ਤੇ ਮਹਾਂਰਾਜੇ ਦੇ ਅੰਤ ਦੀ ਅਸਵਾਰੀ ਦੇਖਣ ਲਈ
੫੨ ਇਕੱਲਾ ਹੌਰ ਦੇ ਦਸ ਲਾਹੌਰ ਸਭ ਨਰ ਨਾਰੀ ਜਾਰ ਜਾਰ ਰੋਂਦੇ ਕੁਰਲਾਉਂਦੇ ਆ ਕੱਠੇ
ਹੋਏ ਅੱਗੇ ੨ ਬਾਰੀ ਗਾਰਦ ਪਿੱਛੇ ੨ ਪਲਟਨੇ ਸੋਕ ਦੀ ਬੰਧ ਬਣੀ ਜਾ ਰਹੀ ਸੀ। ਓ
ਸ ਵਕਤ ਹਿੰਦੂ ਮੁਸਲਮਾਨ ਕੋਈ ਸਖਤ ਦਿਲ ਐਸਾ ਨਹੀਂ ਸੀ ਜੋ ਨੇਤ੍ਰ ਬਹਾ ਕੇ ਰਾਮ
ਦਾ ਪੁਤਲਾ ਨਾ ਬਣਾ ਹੋਵੇ ਫੇ ਜਦੋਂ ਕੇ ਮਹਾਂਰਾਜੇ ਨੂੰ ਸਬਮਜਨ ਬਾਂਵਲੇ ਆਪਣਾ ਪ੍ਰਾਪਿਆ

Digitized by Panjab Digital Library | www.panjabdigilib.org

੪੫੨ ਰਾ ਮਾਲਕ ਮੰਨਦੇ ਸੇ ਤੇ ਮਹਾਂਰਾਜ ਬੀ ਸਭ ਨੂੰ ਇੱਕੋ ਜੇਹਾ ਮੰਨਦੇ ਰਹੇ ਸਨ। — ।ਹੁਣ ਜੋ
ਤ੍ਰਾ ਹਜੂਰੀ ਬਾਗ ਲੋਕਾਂ ਨੂੰ ਅਸੋਕ ਕਰਦਾ ਹੁੰਦਾ ਮਹਾਂਰਾਜੇ ਦੀ ਅੰਤਮ ਅਸਵਾਰੀ ਓਥੋਂ ਅ
ਈ ਤਾਂ ਓਹ ਬੀ ਹੈਰਾਨ ਪ੍ਰੇਸ਼ਾਨ ਲੋਕਾਂ ਦੀ ਖਾਨ ਹੋ ਬੈਠਾ ਪੱਤੇ ੨ ਡਾਲੀ ੨ ਤੇ ਮੁਰਝਾ ਕਰ ਮਰਨਾ
ਸੰਚ ਗੀ ਊਨਾ ਬੂਨ ਸੁਣਾ ਰਿਹਾ ਸੀ। ਫੁੱਲ ਕੁਮਲ੍ਹਾ ਗਏ ਭੌਰਾਂ ਤੇ ਚਮਨ ਅਪਣੇ ਸਿਰ ਉੱਤੇ
ਘੱਟਾ ਪਾ ਰਹੇ ਸਨ। ਭੁਹਾਰਿਆਂ ਦਾ ਰੋਂਦਿਆਂ ੨ ਹਲ੍ਹਕ ਸੁੱਕ ਗਿਆ। ਝਰਨੇ ਹੰਝੂ ਬਹਾਉਂਦੇ ਹੋ
ਏ ਸਿਲ ਪੱਥਰ ਹੋ ਪਏ। ਜਾਨਵਰ ਪਰ ਸੰਵਾਰਨ ਦੇ ਬਹਾਨੇ ਆਪਣੇ ਤਨ ਦੇ ਬਾਲ੍ਹ ਪੁੱਟ ਰਹੇ
ਸਨ। ਘੋੜੇ ਘਾਸ ਦਾਣੇ ਤੋਂ ਮੂੰਹ ਮੋੜ ਖੜੇ ਗਊ ਬੈਲ ਸਿਰ ਸਿੰਙ ਖੜੋ ਕਰਨਾ ਰਸਤੇ ਕਲੇਸ਼
ਨੇ ਤਾਂ ਜਾਣੋ ਓਸੇ ਦਿਨ ਤੋਂ ਓਥੇ ਛਾਉਣੀ ਆ ਪਾਈ। — ।ਓੜਕ ਸਭ ਨੇ ਰੋਂਦੇ ਕੁਰਲਾਂਦੇ ਚੰਨ
ਣ ਦੀ ਚਿਖਾ ਜੋ ਛੀ ਫੁੱਟ ਉੱਚੀ ਪੰਜ ਗਜ਼ ਲੰਬੀ ਚੌੜੀ ਸੀ ਓਸ ਪਾਸ ਜਾ ਉਤਾਰਿਆ। ਪੌੜੀ
ਲਾ ਕੇ ਸਰਦਾਰਾਂ ਨੇ ਮਹਾਂਰਾਜੇ ਦੀ ਦੇਹ ਜਾਂ ਉੱਤੇ ਪਾਈ ਤਾਂ ਦੇਸ ਰੀਤਿ ਅਨੁਸਾਰ ਬਿਬਾਨ ਲੁੱਟਿਆ
ਗਿਆ। ਫੇਰ ਚਾਰੇ ਰਾਣੀਆਂ ਮਹਾਂਰਾਜੇ ਦੇ ਸਿਰ ਪਾਸ ਤੇ ਗੋਲੀਆਂ ਪੈਰਾਂ ਪਾਸ ਹੋ ਬੈਠੀਆਂ
ਰਾਜੇ ਧਿਆਨ ਸਿੰਘ ਨੇ ਹੱਥ ਜੋੜ ਕੇ ਸਤੀਆਂ ਨੂੰ ਆਖਿਆ ਮਹਾਂਰਾਜੇ ਖੜਗ ਸਿੰਘ ਤੇ ਕੌਰ ਜੀ
ਦੇ ਭਲੇ ਵਾਸਤੇ ਕੋਈ ਬਚਨ ਕਰੋ ਓਹ ਚੁੱਪ ਰਹੀਆਂ ਸਿਆਣੇ ੨ ਓਸੇ ਸਮੇਂ ਕਹਿ ਉੱਠੇ ਕਿ ਹੁਣ
ਏਹ ਰਾਜ ਨਹੀਂ ਰਹੇਗਾ। — ।ਫੇਰ ਇੱਕ ਛੱਪਰ ਤੇਲ ਫੁਲੇਲ ਨਾਲ ਤਰ ਫੁੱਲਾਂ ਦਾ ਲੱਦ
ਆ ਹੋਯਾ ਸਤੀਆਂ ਉੱਤੇ ਪਾ ਕੇ ਖੜਗ ਸਿੰਘ ਨੇ ਛਪਾਛੱਪ ਚੁਫੇਰੇ ਲੰਬੂ ਫੇਰ ਦਿੱਤਾ ਅਤੇ ਤੇਲ ਫੁ
ਲੇਲ ਦੇ ਸਿਸੇ ਮੁਧਾਏ ਭਾਂਬੜ ਦੇ ਸਾਥ ਹੀ ਲੋਗਾਂ ਦੀ ਭੁੱਬਾਂ ਨਿਕਲ ਗਈਆਂ ਧਾਹਾਂ ਮਾਰ
ਮਾਰ ਅਕਾਸ਼ ਬੀ ਰੁਆ ਦਿੱਤਾ ਰਾਜੇ ਧਿਆਨ ਸਿੰਘ ਨੇ ਜਿਸ ਨੂੰ ਮਹਾਂਰਾਜੇ ਨੇ ਸਿਪਾਹੀ ਤੋਂ ਵ
ਜੀਰ ਤੇ ਰਾਜਾ ਕੀਤਾ ਸੀ ਚਿਤਾ ਵਿੱਚ ਪੈਣਾ ਚਾਹਿਆ ਪਰ ਲੋਗਾਂ ਨੇ ਫੜ ਰੱਖਿਆ ਤਦੋਂ ਨੂੰ ਇੱਕ
ਜੋੜਾ ਕਬੂਤਰਾਂ ਦਾ ਜਿਨ੍ਹਾਂ ਨੂੰ ਮਹਾਂਰਾਜ ਨਿੱਤ ਆਪ ਫਰਸ਼ ਉੱਤੇ ਚੋਗਾ ਤੇ ਪਿਆਰ ਦਿੰਦੇ ਹੁੰਦੇ
ਸੇ ਉੱਡਦਾ ਹੋਯਾ ਸਭ ਦੇ ਵੇਖਦਿਆਂ ੨ ਧੜੰਮ ਚਿਤਾ ਵਿੱਚ ਪੈ ਕੇ ਸਤੀ ਹੋ ਗਿਆ। ਓਸ ਸਮੇ
ਮਹਾਂਰਾਜੇ ਨੂੰ ਕੇਵਲ ਮਾਤ ਲੋਕ ਹੀ ਨਹੀਂ ਰੋਯਾ ਇੰਦ੍ਰ ਆਦਿਕ ਦੇਵਤਾ ਬੀ ਬਦਲੀਆਂ
ਪੜਦਾ ਲੈ ਕੇ ਗੜ ਗੜਾਟ ਕਰ ਟੱਪ ਟੱਪ ਹੰਝੂ ਸਿੱਟ ਕੇ ਰੋਏ। ਕਿਉਂ ਕੇ ਮਹਾਂਰਾਜ ਦੇ ਸਮੇਂ ਜੱ
ਗ ਹੋਮ ਦਾਨ ਬਹੁਤ ਹੁੰਦੇ ਸੇ ਜਿਸ ਤੋਂ ਦੇਵਤਿਆਂ ਨੂੰ ਲਾਭ ਪਹੁੰਚਦਾ ਸੀ। ਓਦੋਂ ਅਚਾਚੇਤ
ਇੱਕ ਪਲਕਾਰੇ ਵਿੱਚ ਬੱਦਲ੍ਹ ਹੋ ਕੇ ਬੂੰਦਾ ਬਰਸ ਜਾਣ ਤੋਂ ਸਭ ਖਲਕਤ ਨੱਕੀ ਬੱਕੀ ਹ
ਹਿਗਈ। ਬਸ ਏਸ ਤਰਾਂ ਓਸ ਬਾਦਸ਼ਾਹ ਸ਼ੇਰ ਪੰਜਾਬ ਨੂੰ (ਜਿਸ ਦੇ ਸਿੱਕੇ ਦੀ ਦਬਦਬੇ

Digitized by Panjab Digital Library | www.panjabdigilib.org

ਤੇ ਨਾੜੀ ਹੁਕਮ ਨੇ ਇੱਕ ਵਾਰੀ ਤਾਂ ਜਿਮੀ ਅਸਮਾਨ ਕੰਬਾ ਛੱਡੇ ਸਨ।) ਛਿਨਕ ਮੇਂ ਛਾਰ ਕਰ ੪੫੩
ਕੇ ਸਿਟ ਆਏ।— ਦੋਹਰਾ। ਹਾਹ ਧਰ ਧਰ ਆਇਕੇ ਬਲੀ ਬਡੇ ਬਡ ਬਾਇ। ਕਾਲ ਬਲੀ
ਨੇ ਗਿਆਨ ਹਰਿ ਦੀਨੇ ਖਾਕ ਮਿਲਾਇ।—
ਮਹਾਰਾਜੇ ਰਣਜੀਤ ਸਿੰਘ ਦੀ ਖੱਬੀ ਅੱਖ ਤਾਂ ਸੀਤਲਾ ਛਕ ਗਈ ਸੀ ਪਰ ਸੱਜੀ ਬਹੁ
ਤ ਵੱਡੀ ਤੇਜ ਵਾਲੀ ਸੀ ਬਲ ਦਾ ਤਨ ਦਾ ਪਤਲਾ ਕੱਦ ਦੇ ਛੋਟਾ ਮੱਧਾ ਕੁਦਰਤੀ ਨੂਰ ਦੇ ਜਹੂ
ਰ ਦਾ ਭਰਿਆ ਹੋਇਆ। ਲੰਬੀ ਦਾੜ੍ਹੀ ਕਿੰਨੇ ਮਣਹਿ ਰੇ ਲੰਬੀਆਂ ਬਾਹਾਂ ਉੱਚੇ ਮੋਢੇ ਕਣਕ
ਜੈਸਾ ਰੰਗ ਕੋਈ ਦਸਤਾਂ ਦਾ ਦਾਗ ਸੀ। ਜਦ ਪਿ ਪੜ੍ਹਿਆ ਕੁਛ ਨਹੀਂ ਸੀ ਪਰ ਚੁਸਤ
ਚਲਾਕ ਦਾਨਾ ਐਸਾ ਸੀ ਪੜ੍ਹੇ ਹੋਏ ਭੀ ਉਸ ਅੱਗੇ ਕੰਨਾਂ ਨੂੰ ਹੱਥ ਲਾ ਜਾਂਦੇ ਸੇ। ਬਹਾਦੁਰ
ਤੇ ਦਲੇਰ ਐਸਾ ਸੀ ਗੋਲੀਆਂ ਤੀਰਾਂ ਦੀ ਬਰਖਾ ਹੁੰਦੀ ਦੇ ਸਾਮ੍ਹਣੇ ਚਲਾ ਜਾਂਦਾ।—
ਸਵਾਰੀ ਸ਼ਿਕਾਰ ਚੰਗੇ ਘੋੜੇ ਸਸਤ੍ਰ ਦਾ ਬਹੁਤ ਸ਼ੌਕ ਸੀ। ਸੂਰਬੀਰ ਆਦਮੀਆਂ ਦੇ ਰੱਖਣ ਦਾ ਤਾਂ
ਅੰਤ ਪਿਆਰਾ ਸੀ ਚਾਹੇ ਕੋਈ ਚੋਰ ਖੂਨੀ ਧਾੜਵੀ ਆਕੇ ਸੱਚ ਕਹਿ ਦੇਂਦਾ ਮਹਾਰਾਜ ਉਸ ਨੂੰ ਸ
ਜਾ ਨਹੀਂ ਦਿੰਦੇ ਸੇ। ਸਗੋਂ ਖਿਲਤ ਦੇ ਹੁੰਦਾ ਦੇਕੇ ਕਿਸੇ ਆਕੀ ਮੁਲਕ ਵਲ ਨੀ ਭੇਜ ਛੱਡਦੇ।—
ਸ਼ੱਤ੍ਰ ਨੂੰ ਆਬਾਦ ਵੈਰੀ ਨੂੰ ਬਰਬਾਦ ਕਰਨ ਦਾ ਏਸ ਨੂੰ ਕਮਾਲ ਖਿਆਲ ਸੀ। ਜਦ ਪਿ ਏਹ ਮਹਾ
ਰਾਜ ਰਾਗ ਰੰਗ ਨਾਚ ਮੁਜਰੇ ਦੇਖਦੇ ਹੋਏ ਹਸੀ ਖੁਸ਼ੀ ਵਿੱਚ ਅੱਠੇ ਪਹਿਰ ਰਹਿੰਦੇ ਸੇ ਪ੍ਰੰਤੂ ਰਾ
ਜ ਕਾਜ ਨੂੰ ਕੂੰਜਾਂ ਦੇ ਆਂਡਿਆਂ ਵਾਂਙੂ ਛਿਨ ਭਰ ਨਹੀਂ ਵਿਸਾਰਦੇ ਸੇ ਅਤੇ ਨ ਕਦੇ ਕਿਸੇ ਕੰਮ ਵਿੱਚ
ਧੋਖਾ ਖਾਧਾ ਸੀ। ਏਸ ਮਹਾਰਾਜੇ ਦੇ ਅਨੇਕ ਚਰਿਤ੍ਰ ਅਦਭੁਤ ਹਨ ਜਿਨਾਂ ਵਿੱਚੋਂ ਚਾਰ ਪੰਜ ਏ
ਥੇ ਦਸਦੇ ਹਾਂ।—(੧) ਇੱਕ ਵਾਰੀ ਸ਼ਿਕਾਰ ਸਮੇਂ ਕੱਲਾ ਹੀ ਕਿਸੇ ਜੱਟ ਦੇ ਖੇਤਾਂ ਵਿੱਚ ਜਾ
ਵੜਿਆ ਬਿਨਾ ਜਾਣੇ ਓਹ ਗਾਲ੍ਹੀ ਦਿੰਦਾ ਹੋਇਆ ਸਲੰਗ ਲੈਕਰ ਮਾਰਨ ਆਇਆ ਅੱਗੋਂ ਦ
ਆਪ ਪਿੱਛੇ ਦ ਜੱਟ ਉਸੇ ਦੇ ਖੇਤ ਵਿੱਚ ਫਿਰਦੇ ਤੇ ਗਾਲਾਂ ਸੁਣ ਦ ਹਸਦੇ ਰਹੇ ਤਦੋਂ ਨੂੰ ਫੌਜ
ਆ ਗਈ ਜੱਟ ਸਮਝਾ ਕੇ ਚੁੱਪ ਹੋ ਗਿਆ ਮਹਾਰਾਜੇ ਨੇ ਆਖਿਆ ਹੁਣ ਉਸੇ ਤਰਾਂ ਗਾਲ੍ਹਾਂ ਕੱ
ਢ ਨਹੀਂ ਤਾਂ ਮਾਰਾਂਗਾ।—। ਜੱਟ ਬੋਲਿਆ ਸੱਚ ਆਖਦੇ ਹਨ ਕੇ ਕਾਣੇ ਦੀ ਇੱਕ ਰਗ ਵਧੀ
ਕ ਹੁੰਦੀ ਹੈ। ਦੇਖੋ ਯਾਰੋ ਨਾਲੇ ਮੇਰਾ ਖੇਤ ਉਜਾੜਿਆ ਨਾਲੇ ਹੁਣ ਰੈਨ ਜਹਾਦ ਆਖਦਾ ਹੈ ਮੈਨੂੰ
ਗਾਲ੍ਹੀ ਕੱਢੋ। ਨਾ ਅਸੀਂ ਕਿਸੇ ਕੰਜਰ ਨੂੰ ਗਾਲ੍ਹੀ ਦਿੰਦੇ ਫਿਰਦੇ ਹਾਂ ਏਹੋ ਜੇਹੀਆਂ ਹੋਰ
ਗੱਲਾਂ ਉਸ ਦੀਆਂ ਸੁਣ ਦ ਹਸਦੇ ਰਹੇ। ਅੰਤ ਨੂੰ ਓਹੋ ਖੂਹ ਉਸ ਨੂੰ ਮਾਫ਼ ਕਰ ਆਏ।—
(੨) ਇੱਕ ਦਿਨ ਲਾਹੌਰ ਦੀ ਇੱਕ ਗਲੀ ਵਿੱਚ ਦੋ ਲੀਏ ਤਾਂ ਇੱਕ ਬੁੱਢੀ ਨੇ ਦੂਜੀ ਨੂੰ ਆ

Digitized by Panjab Digital Library | www.panjabdigilib.org

੪੫੫੪ ਖ੍ਯਾਦੇਖਕੁੜੇਰਣਜੀਤਕਾਣਾਜਾਂਦਾਮਹਾਰਾਜੇਨੇਓਸੇਥਾਂਖੜੇਹੋਓਸਨੂੰਬੁਲਾਕੇਆਖ੍ਯਾ।ਮਾਈਜੀਇੱਕਵਾਰੀਓਦੋਂਫੇਰਆਖਬੋਲਕੇਕਦੇਕਦੇਨਿੱਕੇਹੁੰਦੇਨੂੰਲਾਡਵਿੱਚਮੇਰੀਮਾਂਆਖ੍ਯਾਕਰਦੀਵਾਅੱਜਤੈਥੋਂਸੁਣਿਆਹੈ।ਹੋਰਕੋਈਮੈਨੂੰਸੁਣਾਕੇਆਖਨਹੀਂਸਕਦਾ।ਓਹਤਾਂਵਿਚਾਰੀਲੱਜਤਹੋਕੇਫੇਰਨਾਕਹਿਸੱਕੀਪਰਮਹਾਰਾਜਪੰਜਸੌਰੁਪੱਯਾਓਸਨੂੰਦੇਆਏ।——

(੩)ਫੇਰਕਿਸੇਸਮੇਪਾਲਕੀਵਿੱਚਕਿਸੇਗਲੀਲੰਘੇਤਾਂਇੱਕਬੁੱਢੀਛੋਤੀਨਾਲਤਵਾਚੁੱਕਲਿਆਈਤੇਆਖ੍ਯਾਵਰੀਜਾਂਏਸਨੂੰਉਂਗਲੀਛੁਹਾਦੇ।ਜਾਂਮਹਾਰਾਜੇਨੇਕਾਰਨਪੁੱਛ੍ਯਾਤਾਂਓਨਆਖ੍ਯਾਧੋਲਤੀਜਾਂਮੈਂਸੁਣਿਆਹੈਰਾਜੇਪਾਰਸਹੁੰਦੇਹਨ।ਪਾਰਸਦੇਛੂਹੇਲੋਹਾਸੁਇਨਾਹੋਜਾਂਦਾਹੈ।ਮਹਾਰਾਜੇਨੇਓਸਤਵੇਦੇਬਰਾਬਰਸੁਇਨਾਓਸਤੋਲ੍ਹੀ।ਮਹੇਸਬੁੱਢੀਨੂੰਦੇਕੇਆਖ੍ਯਾਰਾਜੇਏਦਾਂਦੇਪਾਰਸਹੁੰਦੇਹਨ।——(੪)ਇੱਕਬ੍ਰਾਹਮਣਨੇਸੌਰੁਪਏਦਾਸਵਾਲਕੀਤਾਤੇਪੰਡਿਤਮਧੁਸੂਦਨਨੇਓਸਦੀਸਪਾਰਸਕੀਤੀ।ਮਹਾਰਾਜਪੰਜਰੁਪਏਦੇਣਲੱਗੇ।ਓਨੇਨਾਲਏਕਈਵਾਰੀਮਹਾਰਾਜੇਨੇਆਖ੍ਯਾਕੇਸਾਥੋਂਏਸਨੇਪੰਜਰੁਪਏਤੋਂਬੱਧਲੈਣੇ।ਓੜਕਪੰਡਤਮਧੁਸੂਦਨਦੇਤਰਕਕਰਨੇਪਰਮਹਾਰਾਜੇਨੇਇੱਕਗਾਗਰਵਿੱਚਪੰਜਰੁਪਏਦੂਜੀਵਿੱਚ੫੦ਰੁਪਏਤੀਜੀਵਿੱਚ੧੦੦ਚੌਥੀਵਿੱਚ੫੦੦ਪਾਕੇਮੂੰਹਬੰਦਕਰਾਰੱਖੀਆਂ।ਓਸਬ੍ਰਾਹਮਣਨੂੰਆਖ੍ਯਾਇੱਕਚੁੱਕਲੈਹ।ਓਨੇਪੰਜਵਾਲੀਚੁੱਕੀ।ਲੋਗਅਚਰਜਮੰਨਗਏ।ਫੇਰਅਟਕਦਰਯਾਦਾਰਾਹਦੇਣਾਮਸਹੂਰਹੈ।ਹੋਰਬੀਏਹੋਜੇਹੀਆਂਅਨੇਕਬਾਤਾਂਤੇਕਰਾਮਾਤਾਂਪਰਸਿੱਧਹਨ।——

ਜੱਦੀਪਏਹਮਹਾਰਾਜਅਨਪੜ੍ਹਸੀਪ੍ਰੰਤੂਇਲਮਦੀਕਦਰਬਹੁਤਕਰਦਾਤੇਆਪਣੇਮਗਜਤੋਂਅਜੇਹੀਆਂਸ੍ਯਾਣਫਦੀਆਂਗੱਲਾਂਕੱਢਦਾਜੋਬਡੇ੨ਪੜ੍ਹੇਹੋਏਅਕਲਮੰਦਸੁਣਕੇਹੱਕੇਬੱਕੇਰਹਿਜਾਂਦੇ।ਸਾਰੇਰਾਜਕਾਜਦੇਕਾਗਜਆਪਸੁਣਕੇਹੁਕਮਲਿਖਾਉਂਦਾ।ਮਜਾਲਨਹੀਂਸੀਕੋਈਮੁਨਸ਼ੀਬੱਧਘੱਟਅੱਖਰਲਿਖੇ।ਨਿਆਇਕਾਰੀ(ਸਾਮਡੂਸੀਐਸਾਸੀ।ਇੱਕਸਿੱਖਨੇਦਾਰੂਦੇਅਮਲਵਿੱਚਇੱਕਮੁਸਲਮਾਨਮਾਸਕੀਨੂੰਸੂਰਦਾਮਾਸਛੁਹਾਦਿੱਤਾ।ਓਸਨੂੰਭਾਰੀਸਜਾਦਿੱਤੀ।ਏਸੇਕਰਕੇਏਸਮਹਾਰਾਜੇਦੇਰਾਜਵਿੱਚਹਿੰਦੂਮੁਸਲਮਾਨਸਭਆਪਣੇਧਰਮਮਜਹਬਵਿੱਚਖੁਸੀਤੇਕਾਇਮਸਨ।ਸ਼ੇਰਬੱਕਰੀਇੱਕਘਾਟਪਾਣੀਪੀਂਦਾਸੀ।——

ਪਹਿਲੇਜੋਢਾਈ੨ਪਾਉਖਿਚੜੀਥਾਂਪਰਥਾਂਸਿੱਝਾਂਦੀਸੀਤੇਆਪਸਮੇਂਪਏਲੜ੨ਮਰਦੇਸੇਫੇਰਗਿਲਜੇਆਉਂਦੇਤਾਂਸਰਦਾਰਾਂਤੇਪ੍ਰਜਾਨੂੰਤੱਤੀਆਂਤਉੜੀਆਂਲੈਕੇਨੱਠਣਾਪੈਂਦਾ।ਨਿੱਤਭਾਜੜਪਈਰਹਿੰਦੀ।ਓਨਾਂਦੁੱਖਾਂਤੋਂਪੰਜਾਬਨੂੰਬਚਾਉਣਲਈਮਹਾਰਾਜੇਨੇਅਨੇਕਾਂ

ਜਲਦਾਰਾਂ ਨੂੰ ਭੰਨ ਤੋੜ ਕੇ ਇੱਕ ਬਾਦਸ਼ਾਹੀ ਖਾਲਸੇ ਦੀ ਕਾਇਮ ਕਰੀ ਜਿਸ ਤੇ ਮੁਲਕ ਦਾ ਬਹੁਤਾ ੫੫੫
ਉਤੇ ਪੰਥ ਖਾਲਸੇ ਦੀ ਉੱਨਤੀ ਬਹੁਤ ਹੋਈ ਕਿਉਂਕੇ ਏਸ ਮਹਾਰਾਜੇ ਨੂੰ ਜਰਾ ਭੀ ਅਭਿਮਾਨ ਨਹੀਂ ਸੀ
ਸਭ ਕੁਛ ਅਕਾਲ ਪੁਰਖ ਦਾ ਮੰਨਦਾ ਸੀ॥—— ॥ਏਹ ਮਹਾਰਾਜ ਬੜੇ ਤੜਕੇ ਜਾਗਦੇ ਪਹਿਲੇ
ਦਾਤਣ ਕਰਦੇ ਨੂੰ ਮੁਖਬਰੀ ਦੇ ਮਹਿਕਮੇ ਦਾ ਮੁਣਸ਼ੀ ਰਪੋਟ ਸੁਣਾਉਂਦਾ ਫੇਰ ਪੰਜ ਬੀੜ ਤੇ ਸ੍ਰੀ ਗ੍ਰੰਥ
ਸਾਹਿਬ ਦਾ ਪਾਠ ਸੁਣਦੇ। ਓਸ ਰੀਬੀ ਨੂੰ ਦੋ ਅਰਜਾਂ ਮਾਫਸਨ ਉਦੂੰ ਪਿੱਛੋਂ ਰਤਨ ਚੰਦ ਦੋਗਾ ਦੀਰ
ਪੋਟ ਦਸਦਾ ਫੇਰ ਹਰ ਏਕ ਕਿਸਮ ਦੇ ਬਕਾਏ ਦੀ ਫਰਦ ਸੁਣ ਕੇ ਸੂਰਜ ਚੜ੍ਹਨੇ ਤੋਂ ਪਹਿਲੇ ਸ਼ਿਕਾਰ
ਯਾ ਸੈਲ ਨੂੰ ਜਾਂਦਾ ਦੋ ਘੰਟੇ ਫਿਰ ਕੇ ਦਰਬਾਰ ਵਿੱਚ ਆ ਬੈਠਦੇ। ਪਹਿਲੇ ਬਾਹਰ ਤੋਂ ਮਿਲਣ ਲਈ ਆਏ
ਏਹੋ ਏਹੋ ਲੋਗ ਵਾਰੀ ੨ ਮਿਲਦੇ ਜਥਾ ਜੋਗ ਉਨਾਂ ਦੀ ਨਿਸਾ ਕਰ ਕੇ ਫੇਰ ਮੁਖਬਰ ਦੇ ਕਥਨ ਦੀ ਪੂਰੀ
ਪਾਉਂਦੇ ਅਨੇਕ ਕਾਰਦਾਰਾਂ ਦੀ ਛੇਤ ਝਾੜਦੇ ਤੇ ਗੁਪਤ ਗੁਨਾਹ ਉਨਾਂ ਦੇ ਉਨਾਂ ਨੂੰ ਸੁਨਾ ਕੇ ਜੋ ਜੋ ਮਹਾਂ
ਜ ਚੱਟੀ ਬੋਲੀ ਜਾਂਦੇ ਤੇ ਓਹ ਓਹ ਰਤਨਾ ਪਰੀ ਰਤਨਾ ਸਿੰਹਰਾ ਆਦਿਕ (ਭਈਏ) ਅੜ੍ਹਦਲੀ ਚਟਾਚੱਟ
ਚੱਟੀ ਉਗਾਹੀ ਜਾਂਦੇ ਫੇਰ ਬਾਕੀ ਵਾਲਿਆਂ ਵੱਲ ਮੂੰਹ ਫੇਰਦੇ। ਕਿਉਂਕੇ ਮੁਲਕੀ ਮਾਮੂਲੇ ਤੋਂ ਬਿਨਾਂ
ਮਹਾਰਾਜੇ ਦੇ ਲੰਗਰ ਦਾ ਤੇ ਸਰਦਾਈ ਦਾ ਖਰਚ ਜਿਸ ਨੂੰ ਅਫੋਰਈ ਬੋਲਦੇ ਸੇ ਜਥਾ ਜੋਗ ਸ੍ਵਾਬ
ਪਿੱਛੋਂ ਸਭਨਾਂ ਸਰਦਾਰਾਂ ਤੇ ਰਾਜਿਆਂ ਤੋਂ ਲੀਤਾ ਜਾਂਦਾ॥— ॥ਫੇਰ ਮੁਕੱਦਮੇ ਅਪੀਲਾਂ ਪੇਸ਼ ਹੋ ਕੇ
ਚੱਟੀਆਂ ਲਈ ਜਾਂਦੇ। ਏਸੇ ਤਰਾਂ ਗਿਆਰਾਂ ਬਜਦੇ ਨੂੰ ਰੋਜ ਦੋ ਢਾਈ ਲੱਖ ਰੁਪਿਆ ਲੈ ਉੱਠਦੇ ਜਿਨ੍ਹਾ
ਲਿਖੇ ਪੜ੍ਹੇ ਆਪਣੀ ਸਾਰੀ ਬਾਦਸ਼ਾਹੀ ਦੇ ਸਰਦਾਰਾਂ ਕਾਰਾਂ ਕਾਰਦਾਰਾਂ ਫੌਜੀ ਅਫਸਰਾਂ ਤੇ ਪੈਂਚਾਂ
ਦੇ ਨਾਮ ਸਭ ਮਹਾਰਾਜੇ ਨੂੰ ਯਾਦ ਸੇ। ਮਹਾਰਾਜੇ ਦੀ ਏਸ ਯਾਦਗੀਰੀ ਤੋਂ ਸਭ ਲੋਗ ਕੁਰਬਾਨ
ਤੇ ਅਚਰਜ ਹੁੰਦੇ ਸੇ॥— ॥ਕਾਰਦਾਰ ਜੋ ਜੋ ਜੁਲਮ ਜੋਰ ਤੇ ਬਾਹੀਆਂ ਲੈ ਲੈ ਦੌਲਤ ਕੱਠੀ
ਕਰਦੇ ਤੇ ਓਹ ਤੇ ਓਹ ਮਹਾਰਾਜ ਉਨਾਂ ਨੂੰ ਚੱਟੀ ਮੂੰਹੇ ਨਚੋੜ ਕੇ ਫੇਰ ਕਿਤੇ ਦੇ ਦਿੰਦੇ। ਤੀਜੇ ਪਹਿਰ ਸਭਨਾਂ
ਕਾਰਖਾਨਿਆਂ ਵਿੱਚ ਫਿਰ ਨਿਕਲਦੇ। ਫੌਜ ਦੀ ਦਰੇਸੀ ਸਫਾਈ ਦੇਖਣ ਦਾ ਬਹੁਤ ਧਿਆਨ ਰੱਖਦੇ।
ਆਪਣਾ ਭੇਤ ਕਿਸੇ ਨੂੰ ਕਦੇ ਨਹੀਂ ਦਿੱਤਾ ਸੀ ਤੇ ਨਾ ਕਿਸੇ ਦੇ ਵਸ ਵਿੱਚ ਚਲਦੇ। ਚੜ੍ਹਾਈ ਦੀ ਤਿਆਰੀ
ਕਿਧਰੇ ਹੁੰਦੀ ਚੜ੍ਹ ਕਿਧਰੇ ਜਾਂਦੇ। ਜਿਸ ਪਾਸ ਬਹੁਤ ਦੌਲਤ ਕੱਠੀ ਹੋਈ ਦੇਖਦੇ ਕਿਸੇ ਨਾ ਕਿਸੇ ਬਹਾ
ਨੇ ਉਸ ਤੋਂ ਕਢਾ ਲੈਂਦੇ। ਜੈਸੇ ਇੱਕ ਵਾਰੀ ਸਰਦਾਰ ਹਰੀ ਸਿੰਘ ਨਾਲ ਪਾਸਾ ਖੇਲ ਕੇ ਆਪਣਾ ਆ
ਪਹਾਰ ਕਰ ਹੱਥ ਪੈਰ ਬੰਧਾ ਬੈਠੇ ਮੋਰਾਂ ਕੰਜਰੀ ਨੂੰ ਬੁਲਾ ਕੇ ਬੜੇ ਪ੍ਰੇਮ ਨਾਲ ਆਖਿਆ ਤੂੰ ਜੋ ਮੈਨੂੰ ਆਪ
ਣੇ ਪ੍ਰਾਣਾਂ ਜੈਸਾ ਪਿਆਰਾ ਆਖਿਆ ਕਰਦੀ ਹੈਂ ਤਾਂ ਸੱਤ ਲੱਖ ਰੁਪਿਆ ਦੇ ਕੇ ਸਰਦਾਰ ਬਹਾਦੁਰ ਦੇ
ਬੰਧਨੇ ਤੋਂ ਮੈਨੂੰ ਛੁਡਾ ਲੈ। ਹਾਸੋ ਮੋਰਾਂ ਨੂੰ ਦੇਣਾ ਹੀ ਪਿਆ। ਏਸੇ ਤਰਾਂ ਰਾਣੀਆਂ ਤੋਂ ਭੀ ਰੁਪਿਆ ਕ

Digitized by Panjab Digital Library | www.panjabdigilib.org

੪੫੬ ਛਾਲੈਂਦੇ ਸਨ। ਰਾਮਨੰਦ ਸਾਹੂਕਾਰ ਨੇ ਸਰਕਾਰ ਦੇ ਘਰੋਂ ਰੁਪਯਾ ਖੱਟਿਆ, ਜਾਂ ਓਹ ਬੇਔਲਾਦ ਮਰ
ਨ ਲੱਗਾ ਆਪ ਉਸ ਦੇ ਸਿਰ ਹੇਠ ਗੋਡਾ ਜਾ ਦਿੱਤਾ ਬਾਬਾ ੨ ਕਹਿਕੇ ਰੋਣ ਲੱਗਾ ਪਏ ਪੁੱਤ੍ਰ ਬਣ ਬੈਠੇ
ਏਸ ਮਹਾਂਰਾਜੇ ਦੀਆਂ ਐਸੀ ਕੁਛ ਅਲੌਕਕ ਲੀਲਾ ਸੀ ਜੋ ਕਿਸੇ ਬਾਦਸ਼ਾਹ ਦੀ ਕਦੇ ਨਹੀਂ ਹੋਈ
ਮਹਾਂਰਾਜੇ ਰਣਜੀਤ ਸਿੰਘ ਦੇ ਅੱਠ ਪੁੱਤ੍ਰ ਤੇ ੨੨ ਰਾਣੀਆਂ ਸਨ। ਜੱਦੀ ਪਾਇ ਇੱਕ ਖੜਗ ਸਿੰਘ ਤੋਂ
ਬਿਨਾ ਹੋਰ ਸਭਨਾਂ ਨੂੰ ਲੋਗ ਬਣਾਵਟੀ ਬੇਟੇ ਆਖਦੇ ਤੇ ਕਦੇ ੨ ਮਹਾਂਰਾਜੇ ਬੀ ਆਖ ਬੈਠਦੇ ਕੇ ਅਸੀ
ਤਾਂ ਘਰ ਦੇ ਢਾਈ ਜੀਉ ਹਾਂ। ੧ ਮੈਂ ੧ ਖੜਗ ਸਿੰਘ ਅੱਧਾ ਬਾਲਕ ਕੌਰ ਨੌਨਿਹਾਲ ਸਿੰਘ ਪਰ ਪੁੱ
ਤ੍ਰ ਅਪਣੇ ਹੋਰਨਾਂ ਨੂੰ ਬੀ ਮੰਨਦੇ ਸੇ। (੧) ਰਾਣੀ ਮਤਾਬ ਕੌਰ ਜੈ ਸਿੰਘ ਘਨੱਯੇ ਦੀ ਪੋਤ੍ਰੀ ਜੋ ਸੰ:
੧੮੫੨ ਵਿੱਚ ਬ੍ਯਾਹੀ ਤੇ ਸੰ: ੧੮੭੨ ਬਿ: ਵਿੱਚ ਮਰੀ। ਮਹਾਂਰਾਜਾ ਸ਼ੇਰ ਸਿੰਘ ਤੇ ਤਾਰਾ ਸਿੰਘ
ਉਸ ਦੇ ਪੁੱਤ੍ਰ ਸਨ। ੨ ਰਾਣੀ ਦਤਾਰ ਕੌਰ ਨਕੈਣ ਰਣ ਸਿੰਘ ਨਕਈ ਦੀ ਧੀ ਮਹਾਂਰਾਜੇ ਖੜ
ਗ ਸਿੰਘ ਦੀ ਮਾਈ ਜੋ ਸੰ: ੧੮੮੪ ਬਿ: ਵਿੱਚ ਗੁਜ਼ਰ ਗਈ। (੩) ਰੂਪ ਕੌਰ ਜੈ ਸਿੰਘ ਕੋਟ ਸੈਦ
ਮਹਿਮੂਦ ਵਾਲੇ ਦੀ ਪੁਤ੍ਰੀ ਜੋ ਸੰ ੧੮੩੫ ਬਿ: ਕੋ ਸ੍ਵਰਗ ਬਾਸ ਹੋਈ। (੪) ਰਾਣੀ ਰਜ ਬੰਸੋਕਾ
ਜੋ ਸੰਸਾਰ ਚੰਦ ਦੀ ਬੇਟੀ ਜੋ ਸੰ: ੧੮੮੧ ਬਿ: ਵਿੱਚ ਕਾਲੁ ਕਰ ਗਈ। (੫) ਉਸੇ ਦੀ ਸਕੀ
ਭੈਣ ਮਤਾਬ ਕੌਰ ਮਹਾਂਰਾਜ ਨਾਲੁ ਸਤੀ ਹੋਈ। (੬) ਲਛਮੀ ਦੇਸਾ ਸਿੰਘ ਬੜ ਪੱਗੀਏ ਦੀ
ਬੇਟੀ ਸੰ: ੧੮੨੪ ਬਿ: ਕੋ ਹਰਦੁਆਰ ਜਾ ਮਰੀ। (੭) ਰਾਮ ਦੇਵੀ ਕੌਰ ਸਿੰਘ ਦੀ ਧੀ। (੮) ਸਰ
ਦਾਰ ਕਰਮ ਸਿੰਘ ਛੀਨੇ ਦੀ ਬੇਟੀ ਹਰ ਦੇਈ। (੯) ਰਾਣੀ ਗੁਲ ਬਹਾਰ ਜੋ ਅੰਮ੍ਰਿਤਸਰੋਂ ਬੜੀ ਧੂਮ
ਧਾਮ ਨਾਲ ਸੇਹਰੇ ਬੰਨਕੇ ਮੁਸਲਮਾਨੀ ਬ੍ਯਾਹੀ ਸੀ ਓਹ ੧ ਹਜ਼ਾਰ ਤਿੰਨ ਸੌ ਅੱਸੀ ਰੁਪੱਯੇ ਸਾ
ਲਾਨਾ ਪਿਨਸਨ ਲੈਂਦੀ ਹੋਈ ੧੯੧੨ ਬਿ: ਕੋ ਗੁਜ਼ਰੀ। (੧੦) ਰਾਣੀ ਜਿੰਦ ਕੌਰ ਚਾਚਰ ਪਿੰ
ਡ ਵਾਲੇ ਮੰਨਾ ਸਿੰਘ ਔਲਖ ਜੱਟ ਦੀ ਬੇਟੀ ਅਭਾਗ ਮਹਾਂਰਾਜੇ ਦਲੀਪ ਸਿੰਘ ਦੀ ਮਾਈ ਸੀ
ਏਹ ੧੦ ਸੇਹਰੇ ਬੰਨਕੇ ਬ੍ਯਾਹੀਆਂ ਸਨ ਬਾਕੀ ਸਿੱਖੀ ਧਰਮ ਦੇ ਅਨੁਸਾਰ ਕਰੀਆਂ ਸਨ। ੧
ਰਾਣੀ ਦੇਵੀ ਵਜ਼ੀਰ ਚੰਬੇ ਦੀ ਬੇਟੀ—੨ ਰਤਨ ਕੌਰ ੩ ਦਯਾ ਕੌਰ ਏਹ ਦੋਵੇਂ ਸਾਹਿਬ ਸਿੰਘ ਗੁ
ਜਰਾਤ ਵਾਲੇ ਦੀਆਂ ਸਰਦਾਰਨੀਆਂ ਸਨ। ਸੰ: ੧੮੬੮ ਬਿ: ਕੋ ਉਸ ਦੇ ਬੇਔਲਾਦ ਮਰੇ ਪਿੱ
ਛੋਂ ਉਸ ਦੀ ਜੈਗੀਰ ਸਮੇਤ ਏਨਾਂ ਨੂੰ ਮਹਾਂਰਾਜੇ ਨੇ ਆਪ ਸਾਂਭ ਲੀਤਾ ਤੇ ਇੱਕ ਲਾਖ ਦੀ ਜੈ
ਗੀਰ ਵੀ ਏਨਾਂ ਪਾਸ ਰਹੀ। — ।। ਦਯਾ ਕੌਰ ਤਾਂ ਸੰ: ੧੯੦੦ ਬਿ: ਵਿੱਚ ਗੁਜ਼ਰ ਗਈ। ਰਤ
ਨ ਕੌਰ ੮੦੦) ਰੁਪਯਾ ਪਿਨਸਨ ਛਕ ਕੇ ੧੯੩੫ ਬਿ ਕੋ ਗੁਜ਼ਰੀ। (੪) ਜੈ ਸਿੰਘ ਚੈਨਪੁਰੀ
ਏ ਦੀ ਬੇਟੀ ਚੰਦ ਕੌਰ ਸੰ: ੧੮੮੭ ਬਿ: ਵਿੱਚ ਮਰੀ। (੫) ਮਤਾਬ ਕੌਰ ਮੰਨੇ ਵਾਲੀ ੧੯੦੦)

ਪਿਨਸਨ ਲੈਕੇ ੧੮੩੫ ਬਿ: ਵਿੱਚ ਮਰੀ। (੬) ਰਤਨ ਕੌਰ ਸੁਭਾ ਸਿੰਘ ਮਲਵਈ ਦੀ ਬੇਟੀ (੧੪੪੦) ਪਿਨਸਨ ਪਾਕੇ ਸੰ: ੧੯੨੭ ਬਿ: ਕੋ ਮਰੀ। (੭) ਗੁਲਾਬ ਕੌਰ ਜਗਰੇਉਵਛੀ ਸੰ: ੧੮੯੬ ਬਿ: ਕੋ ਗੁਜਰ ਗਈ। (੮) ਰਾਣੀ ਭਰੀ ਸੁਧ੍ਯਕ੍ਰ ਚੰਦ ਮੰਡੀ ਵਾਲੇ ਦੀ ਬੇਟੀ (੧੦੦੮੫।।।≡) ਪਿਨਸਨ ਪਾਕੇ ੧੯੩੨ ਵਿੱਚ ਕਾਲਵਸ ਹੋਈ। ਏਸ ਪਾਸ ੬ ਹਜਾਰ ਦੀ ਜੇਗੀਰ ਬੀ ਸੀ। (੯) ਮੇਰਨੋ ਬਜਰੂੜ ਵਾਲੀ (੭੨੦੦) ਪਿਨਸਨ ਲੈਕੇ ੧੯੪੭ ਵਿਚ ਮਰੀ। (੧੦) ਦੱਖਣੋ ਗੁਗਾੜੀ ਵਾਲੀ। (੧੧) ਦੌਲੀ ਚੰਬੇ ਵਾਲੀ (੧੮੦੦) ਪਿਨਸਨ ਲੈਂਦੀ ਹੋਈ ੧੯੩੯ ਬਿ: ਕੋ ਮਰੀ। (੧੨) ਮਤਾਬ ਕੌਰ ਗਾਦੜੀ ਵਾਲੀ। (੧੩) ਰਵੇਲੀ। (੧੪) ਰੂਪ ਪਤੀ। (੧੫) ਆਸ ਕੌਰਾ। (੧੬) ਸਮਾਂ ਕੌਰ ਦੁਆਬੇ ਵਾਲੇ ਦੀਵਾਨ ਦੀ ਬੇਟੀ। (੧੭) ਦੇਵਕੀ ਅਤੋਪਿੰਡ ਵਾਲੀ ਅਜੇ ਤਕ (੨੫੨੦) ਪਿਨਸਨ ਲੈਂਦੀ ਹੈ। ਏਨਾਂ ਤੋਂ ਬਿਨਾਂ ਜੇਬੋ ਕਸਮੀਰਨ ਜੀਤੀ ਪਠਾਣੀ ਜਿੰਦ ਬੜੀ ਮਨਕੇਰੇ ਵਾਲੀ ਜਿੰਦ ਕੋ ਛੋਟੀ ਮੁਲਤਾਨਣ ਏਹ ਮੁਸਲਮਾਨੀਆਂ ਸਨ। —— ।।ਹੋਰ ਮਹਾਂਰਾਜੇ ਦੀ ਸੰਤਾਨ ਦਾ ਬ੍ਰਿਤਾਂਤ ਚੌਥੇ ਹਿੱਸੇ ਵਿੱਚ ਸਰਦਾਰਾਂ ਦੇ ਸਾਮਲ ਲਿਖਾ ਹੈ। ——

।।ਹੁਣ ਮਹਾਂਰਾਜੇ ਦੇ ਗੁਜਰੇ ਤੋਂ ਚੌਥੇ ਦਿਨ ਫੁੱਲ ਚੁਣਕੇ ਪਾਲਕੀ ਵਿੱਚ ਰੀਗਾਜੀ ਨੂੰ ਰਸੇ ਤਰਾਂ ਦੇ ਸਮਾਜ ਤੇ ਧੂੰਮ ਧਾਮ ਨਾਲ ਤੋਰੇ ਜੈਸ ਓਹ ਜਿਊਂਦੇ ਜੀ ਗਏ ਸੇ। ਬਜਾਰਾਂ ਤੇ ਗਲੀਆਂ ਵਿਚੋਂ ਫੁੱਲਾਂ ਦੀ ਬਰਖਾ ਅਤਰ ਦੇ ਛਿੜਕਾਉ ੧੦੧ ਤੋਪ ਦੀ ਸਲਾਮੀ ਹੋਈ। ਏਸੇ ਤਰਾਂ ਨਾਲ ਪਟਿਆਲੇ ਸਲਾਮੀ ਹੁੰਦੀ ਗਈ ਗੰਗਾ ਦੇ ਬ੍ਰਾਹਮਣਾਂ ਨੂੰ ਬਹੁਤ ਧਨ ਦਿੱਤਾ ਮਹਾਂਰਾਜੇ ਦੀ ਧਰਮਸਾਲ ਦੇ ਰਜਾਏ ਹੋਏ ਬ੍ਰਾਹਮਣ ਤੇ ਪੁਜਾਰੀ ਅਜੇ ਤਕ ਡਿਕਾਰ ਮਾਰ ਰਹੇ ਹਨ। ——

# ਮਹਾਰਾਜੇ ਖੜਗ ਸਿੰਘ ਦਾ ਬ੍ਰਿਤਾਂਤ।।

।।ਜਦ ਮਹਾਂਰਾਜਾ ਖੜਗ ਸਿੰਘ ਅਪਣੇ ਬਾਪ ਦੀ ਕਿਰੀਆ ਕਰਮ ਕਰਾਕੇ ਬ੍ਰਾਹਮਣਾਂ ਦੇ ਦੱਸੇ ਹੋਏ ਮਹੂਰਤ ਨਾਲ ਜਲਸਾ ਤੇ ਦਰਬਾਰ ਕਰਕੇ ਗੱਦੀ ਬੈਠਾ ਸਬ ਸਰਦਾਰਾਂ ਨੇ ਨਜਰਾਂ ਦਿੱਤੀਆਂ ਖਿਲਤ ਪਾਇਆ ਰਾਜ ਦੇ ਕਾਜ ਕਰਨ ਲੱਗਾ। ਏਹ ਗੱਲ ਸਬ ਕਹਿੰਦੇ ਹਨ ਜੋ ਬਧਿਆਸੋ ਘਾਟਿਆ ਬਸੰਤ ਦੀ ਬਹਾਰ ਦੇ ਪਤਝਾੜ ਕਰਨੇ ਨੂੰ ਸਿਸਰ ਤਿਆਰ ਹੈ। ਪਰ ਬਤੀ

Digitized by Panjab Digital Library | www.panjabdigilib.org

੪੫੮ ਨਦੀਆਂ ਨਾਲਿਆਂ ਵਾਂਗੂ ਜਿਕੂੰ ਸਿੰਘਾਂ ਦੀ ਬਾਦਸ਼ਾਹੀ ਬਹੁਤ ਛੇਤੀ ਚੜ੍ਹ ਗਈ ਸੀ ਓਸੇ ਤਰਾਂ
ਸ਼ੀਘਰ ਉਤਰਨਾ ਹੋਯਾ ਕਿਉਂਕਿ ਮਰਦ ਦੀ ਮਾਯਾ ਬਿਰਛ ਦੀ ਛਾਯਾ ਸਾਬਤ ਹੀ ਜਾਂਦੀ ਹੈ। ਇਸੇ ਹੋ
ਣਹਾਰ ਨੂੰ ਚਿਤਾਰ ਕੇ ਸਰਕਾਰ ਕਦੇ ੨ ਉਚਾਰਦੇ ਹੁੰਦੇ ਕੇ ਪੰਜ ਬਰਸ ਤਾਂ ਮੇਰੀ ਮੜ੍ਹੀ ਰਾਜ ਕਰੇ
ਗੀ ਫੇਰ ਕੋਈ ਬੀਲਾ ਇਕੋ ਹੋਊ ਤਾਂ ਸੰਭਾਲ ਲਊ ਨਹੀਂ ਤਾਂ ਸਿਕੰਦਰ ਦਾਰਾ ਦਲੀਪ ਜੇਹੇ ਕਿੱਥੇ ਹਨ
ਭਾਈਆ ਜੀ (ਸਦਾ ਨ ਬਾਗੀ ਬੁਲਬੁਲ ਬੋਲੇ ਸਦਾ ਨ ਬਾਗ ਬਹਾਰਾਂ। ਆਪੇ ਜੂੰਨੀ ਸਦਾ ਨ
ਰਹਿਵੇ ਸਦਾ ਨ ਸੰਗਤ ਯਾਰਾਂ।) ਸਿਆਣੇ ਦੀ ਸਿੱਖਯਾ ਆਉਲੇ ਦਾ ਖਾਧਾ ਪਿੱਛੋਂ ਸੁਆਦ ਦਿੰਦੇ ਹਨ
ਨੀਤਿ ਧਰਮ ਨਾਲ ਰਾਜ ਵਧਦਾ ਹੈ ਅਨੀਤਿ ਨਾਲ ਘਟਦਾ ਹੈ ਜਿਕੂੰ ਇੱਕ ਮੁੱਠ ਹੋਕੇ ਮੁਲਕ ਮੱਲ
ਯਾ ਸੀ ਤਿਕੂੰ ਸਿੰਘਾਂ ਨੇ ਆਪਸ ਵਿੱਚ ਫਟ ਕੇ ਖਾ ਛੱਡਿਆ ਜੇਹੜੀ ਬਾਦਸ਼ਾਹੀ ਮਹਾਰਾਜੇ ਰਣਜੀ
ਤ ਸਿੰਘ ਨੇ ਬੜੇ ੨ ਕਲੇਸ਼ ਸਹਿ ਕੇ ਤੇ ਬੇਅੰਤ ਸਿਦਕੀ ਸੂਰਬੀਰ ਸਿੰਘਾਂ ਦਾ ਲਹੂ ਸਿੰਜ ਕੇ ਹਰੀ ਭਰੀ
ਕਰੀ ਸੀ ਓਸ ਦੇ ਮਰਨ ਸਾਰ ਬਦਰੰਗ ਹੋ ਗਈ ਜੇਹੜੇ ਲੋਗ ਖੰਬੀ ਖਾਂ ਓਸ ਸ਼ੇਰ ਪੰਜਾਬ ਦੇ ਸਾ
ਮ੍ਹਣੇ ਸਾਬਤ ਸਾਹ ਨਹੀਂ ਲੈਂਦੇ ਸੇ ਹੁਣ ਓਨਾਂ ਦੇ ਅਸਮਾਨ ਕਤੂਰੇ ਭੌਣ ਲੱਗ ਪਏ। ਇੱਕ ਦੂਸਰੇ
ਦੀ ਖਰਾਬੀ ਕਰਨ ਉੱਤੇ ਲੱਕ ਬੰਨ੍ਹ ਬੈਠ ਰਾਜ ਵਿੱਚ ਧੜੇ ਬੱਝ ਗਏ। ਮਹਾਰਾਜੇ ਨੂੰ ਅਪਣੀ ਸੋਂਹ
ਭੁੱਲ ਗਈ ਵਜੀਰ ਨੇ ਅਪਣੇ ਨੇਮ ਧਰਮ ਖੂਹ ਵਿੱਚ ਸਿੱਟ ਦਿੱਤੇ ਮਹਾਰਾਜੇ ਖੜਗ ਸਿੰਘ ਦੀ ਤੁੱਛ
ਅਕਲ ਤੇ ਸੂਧੇ ਪਣੇ ਨੇ ਰਾਜ ਦੀ ਬਾਗ ਨਿਭਾਗ ਗੋਲਿਆਂ ਦੇ ਹੱਥ ਫੜਾ ਦਿੱਤੀ। ਸਰਦਾਰ ਚੇਤ
ਸਿੰਘ ਟਹਿਲੂਆ ਮਹਾਰਾਜੇ ਦਾ ਜੋ ਹੁਕਮ ਚਾਹੇ ਚਲਾਵੇ। ਮਹਾਰਾਜ ਬੀ ਓਸੇ ਦੀ ਮੰਨਣਾ ਓ
ਚੰਦ੍ਰੇ ਨੇ ਰਾਜੇ ਧਿਆਨ ਸਿੰਘ ਤੇ ਮਹਾਰਾਜੇ ਵਿੱਚ ਅਜੇਹੇ ਛੂਹੇ ਛੱਡੇ ਅੰਠੀ ਖੰਡ ਕਰ ਦਿੱਤੇ ਆਪੇ
ਹੁਕਮ ਦੇਣ ਲੱਗ ਪਿਆ ਤੇ ਵਜੀਰ ਹੋਣਾ ਚਾਹਿਆ ਮੂਰਖ ਨੇ ਏਹ ਨ ਸੋਚਿਆ ਕੇ ਹਾਥੀ ਦਾ ਪੂਲਾ
ਣ ਬੱਕਰੀ ਨਹੀਂ ਚੁੱਕ ਸਕਦੀ। ਰਾਜੇ ਧਿਆਨ ਸਿੰਘ ਨੇ ਕੰਮ ਚਲਾਉਣ ਦੇ ਅਨੇਕ ਉਪਾ
ਇ ਕੀਤੇ ਪ੍ਰੰਤੂ ਜਦ ਓਸ ਨਿਕਰਮਣ ਨੇ ਮਹਾਰਾਜੇ ਨੂੰ ਵਜੀਰ ਨਾਲ ਗੱਲ ਬਾਤ ਕਰਨੋ ਬੀ ਬੰ
ਦ ਕਰ ਦਿੱਤਾ ਤਾਂ ਵਜੀਰ ਨੇ ਅਪਣੇ ਭਾਈ ਗੁਲਾਬ ਸਿੰਘ ਦੀ ਸਲਾਹ ਨਾਲ ਕੌਰ ਨੌਨਿਹਾਲ
ਸਿੰਘ ਨੂੰ ਜੋ ਮਹਾਰਾਜੇ ਖੜਗ ਸਿੰਘ ਦਾ ਬੇਟਾ ਪੂਰਾ ੨ ਜੁਆਨ ਤੇ ਪ੍ਰਤਾਪੀ ਪੁਰਖ ਅਕਲ ਦਾ ਕੋਟ
ਸੀ ਜਿਸ ਨੂੰ ਮਹਾਰਾਜ ਰਣਜੀਤ ਸਿੰਘ ਬੀ ਆਖਯਾ ਕਰਦੇ ਕੇ ਏਹ ਮੇਰੇ ਪਿੱਛੋਂ ਕੁਝ ਕੰਮ ਚ
ਲਾਏ ਤਾਂ ਚਲਾਏ ਪਸ਼ਾਵਰੋਂ ਬੁਲਾਕੇ ਅਪਣਾ ਸਹਾਇਕ ਬਣਾ ਲੀਤਾ ਜਦ ਕੌਰ ਸਾਹਿਬ ਤੇ
ਕੌਰ ਦੀ ਮਾਈ ਦੀ ਸਿਖਾਵਟ ਦੇ ਜਲ ਨੂੰ ਬੀ ਚੇਤ ਸਿੰਘ ਦੀ ਚਿਕਣਾਈ ਚੜ੍ਹਾਈ ਹੋਈ ਨੇ
ਮਹਾਰਾਜੇ ਨੂੰ ਛਹਿਣ ਨਾ ਦਿੱਤਾ ਤਾਂ ਵਜੀਰ ਤੇ ਕੌਰ ਜੀ ਇੱਕ ਮੁੱਠ ਹੋਕੇ ਕੰਮ ਚਲਾਉਣ ਲੱਗ ਪਏ

Digitized by Panjab Digital Library | www.panjabdigilib.org

ਫੇਰ ਤਾਂ ਚੇਤ ਸਿੰਘ ਨੇ ਮਹਾਂਰਾਜੇ ਨੂੰ ਐਸੀ ਖੋਟੀ ਪੱਟੀ ਪੜ੍ਹਾਈ ਕੌਰ ਜੀ ਨਾਲ ਬੀ ਬੋਲਣੋਂ ਹਟਾ ਦਿੱਤਾ ੪੪੯
ਹੁਣ ਦੋ ਧੜੇ ਖੜ੍ਹੇ ਹੋ ਗਏ। ਜਾਂ ਸਿਆਣੇ ੨ ਸਰਦਾਰ ਗੁਰਮਤਾ ਕਰਕੇ ਸਭ ਕੌਰ ਜੀ ਦੇ ਅਨੁਸਾਰ ਹੋ
ਤੁਰੇ ਤਾਂ ਚੇਤ ਸਿੰਘ ਨੂੰ ਭਾਰੀ ਅੱਗ ਭੜਕੀ। ਉਸ ਦੇ ਸਿਖਾਏ ਹੋਏ ਲਾਈ ਲੱਗ ਮਹਾਂਰਾਜੇ ਨੇ ਲੁ
ਦੇਹਾਣੇ ਵਾਲ੍ਹੇ ਕਪਤਾਨ ਵੇਡ ਸਾਹਿਬ ਨੂੰ ਬੁਲਾ ਲੀਤਾ ਤੇ ਉਸ ਦੀ ਸਲਾਹ ਬਰਤਣ ਲੱਗ ਪਿਆ
ਰਾਜੇ ਧਿਆਨ ਸਿੰਘ ਦੇ ਧੜੇ ਨੇ ਏਹ ਤੇਤਕੜਾ ਉਡਾਯਾ ਕੇ ਮਹਾਂਰਾਜ ਖੜਗ ਸਿੰਘ ਅੰਗ੍ਰੇਜਾਂ ਨੂੰ
ਆਪਣੇ ਸਹਾਇਕ ਬਣਾਉਣ ਲਈ ਖਿਰਾਜ ਲਿਖਕੇ ਦੇਣ ਲੱਗੇ ਹਨ। ਫੇਰ ਤਾਂ ਏਸ ਗੱਲੋਂ
ਜੀ ਓਹ ਜੀ ਚੇਤ ਸਿੰਘ ਦਾ ਵੈਰੀ ਬਣ ਗਿਆ। ਕੌਰ ਜੀ ਤੇ ਕੌਰ ਦੀ ਮਾਈ ਨੇ ਹੱਥ ਜੋੜ੍ਹ ੨ ਕਈ
ਵਾਰੀ ਮਹਾਂਰਾਜੇ ਨੂੰ ਸਮਝਾਯਾ ਕੇ ਤੁਸੀਂ ਦੋ ਮਹੀਨੇ ਚੇਤ ਸਿੰਘ ਨੂੰ ਪਾਰ ਘੱਲ ਦੇਓ ਗੱਲ ਠੰਢੀ
ਪੈ ਜਾਊ ਪਰ ਚੇਤ ਸਿੰਘ ਉਸ ਨੂੰ ਏਹੋ ਆਖੇ ਤੇਰੀ ਜਾਨ ਮੇਰੇ ਰੱਖੀ ਹੋਈ ਹੈ।।— ।।ਓੜਕ ਡੋਗ
ਰਿਆਂ ਨੇ ਜਦ ਕੋਈ ਚਾਲ ਸੂਤ ਪੈਂਦੀ ਨਾ ਦੇਖੀ ਤਾਂ ਇੱਕ ਦਿਨ ਸਵੇਰੇ ਹੀ ਕੌਰ ਜੀ ਦੇ ਨਾਲ ਅੰਦ੍ਰ
ਜਾਕੇ ਇੱਕ ਚੇਤ ਸਿੰਘ ਦੇ ਵਾਰ ਕਰ ਕਰ ਦਿੱਤੇ। ਐਸਾ ਬੋਲੀ ਭਾਸ ਤੋਂ ਸੇਖਾਨੀਆਂ ਬੀ ਓਸੇ ਦਿਨ
ਖਬਰ ਨਹੀ ਕਿਧਰ ਚਲਾ ਗਿਆ। ਉਸ ਤ੍ਰੈਧਾ ਵਿੱਚ ਡੋਗਰੇ ਨਿਮਕ ਹਰਾਮ ਮਹਾਂਰਾਜੇ ਨੂੰ ਬੀ ਚੇਤ
ਸਿੰਘ ਦੇ ਸਾਥ ਹੀ ਰਲਾਉਣ ਲੱਗੇ ਸੇ ਸੋ ਕੌਰ ਤੇ ਕੌਰ ਦੀ ਮਾਈ ਨੇ ਬਚਾਯਾ।।—

ਮਹਾਂਰਾਜ ਖੜਗ ਸਿੰਘ ਬਹੁਤ ਡਰਾਕੁਲ ਤੇ ਸਿਧਰਾ ਪੁਧਰਾ ਆਦਮੀ ਸੀ ਓਸੇ ਘੜੀ ਸੱਸ਼ਮ
ਉੱਤੋਂ ਉੱਠਕੇ ਚੁੱਪ ਚਾਪ ਲੁਹਾਰੀ ਦਰਵਾਜੇ ਆਪਣੀ ਹਵੇਲੀ ਵਿੱਚ ਜਾ ਰਿਹਾ ਫੇਰ ਮਰਕੇ ਨਿਕਲ੍ਹਿ
ਆ ਰਾਜ ਕਾਜ ਦੇ ਧੰਦੇ ਓਸ ਨੇ ਸਭ ਛੱਡ ਦਿੱਤੇ ਵਜੀਰ ਤੇ ਕੌਰ ਜੀ ਕਰਦੇ ਰਹੇ। ਕੌਰ ਜੀ ਦਾ ਧੂ
ਤਾਪ ਦਬਦਬਾ ਇਤਨਾ ਸਭ ਨੂੰ ਪਸਿੰਦ ਸੀ ਕਿਉਂਕਿ ਓਹ ਸਭਨੀ ਗੱਲੀਂ ਸੰਪੂਰਨ ਮਹਾਂਰਾ
ਜੇ ਰਣਜੀਤ ਸਿੰਘ ਤੋਂ ਬੀ ਚੰਗੇ ਸੁਚੇਤ ਸਨ। ਇੱਕ ਬਰਸ ਦਿਨ ਵਿੱਚ ਹੀ ਕੌਰ ਜੀ ਨੇ ਐਸਾ ਸਿੱ
ਕਾ ਦਬਦਬਾ ਸਭ ਉੱਤੇ ਪਾਯਾ ਤੇ ਸਭ ਕੰਮ ਆਪਣੇ ਹੱਥ ਵਿੱਚ ਲੀਤੇ ਜਿਸ ਤੇ ਡੋਗਰਿਆਂ ਨੂੰ ਅਜੇ
ਹੋ ਪਿਸੂ ਪਏ ਮੂੰਹੋਂ ਸੁੱਕੇ ਤੇ ਐਦੇ ਕੌਰ ਨੂੰ ਚੋੜ ਕਰਨ ਦੇ ਫਿਕਰ ਵਿੱਚ ਦਾਉ ਘਾਉ ਸੋਚਣ ਲੱਗ
ਪਏ। ਤਦੋਂ ਨੂੰ ਮਹਾਂਰਾਜੇ ਖੜਗ ਸਿੰਘ ਨੇ ਇੱਕ ਸਾਲ ਭਰ ਗਮ ਦੇ ਵਿੱਚ ਬੀਮਾਰ ਰਹਿਕੇ ੨੧
ਕੱਤਕ ਸੰ: ੧੮੯੭ ਬਿ: ਕੋ ੩੮ ਬਰਸ ਦੀ ਉਮਰ ਵਿੱਚ ਸੱਚ ਖੰਡ ਦਾ ਰਾਹ ਲੀਤਾ। ਜਦ ਕੌਰ
ਜੀ ਤੇ ਸਾਰੇ ਸਰਦਾਰ ਰਾਵੀ ਕਿਨਾਰੇ ਮਹਾਂਰਾਜੇ ਨੂੰ ਸਾੜ ਕੇ (ਜਿਸ ਨਾਲ ਦੋ ਰਾਣੀਆਂ ਤੇ ਨੌਂ ਦਾਹਿ
ਲਣਾਂ ਸਤੀ ਹੋਈਆਂ ਸਨ।) ਸੁਨ੍ਹ ਕਿਲ੍ਹੇ ਦੇ ਦਰਵਾਜੇ ਅੱਗੇ ਆ ਖੜ੍ਹੇ ਹੋਏ ਤੇ ਮਹਾਂਰਾਜੇ ਖੜਗ
ਸਿੰਘ ਦੇ ਅੰਤ ਦੇ ਸਫਰ ਦੀਆਂ ਤੋਪਾਂ ਚੱਲੀਆਂ। ਓਸ ਧਮਕ ਨਾਲ ਦਰਵਾਜੇ ਦਾ ਛੱਜਾ ਟੁੱਟਕੇ

ਅਜੇਹੇ ਖੰਬਰ ਪਏ ਜੋ ਚਿੱਤ ਕਰ ਗਏ।

੪੬੦ ਅਚਰੇਤ ਕੌਰ ਜੀ ਤੇ ਮੀਏਂ ਊਧਮ ਸਿੰਘ ਨੂੰ ਅਜੇਹੇ ਖੰਬਰ ਪਏ ਜੋ ਚਿੱਤ ਕਰ ਗਏ। ਦਿਨ ਧਿਆਨ ਸਿੰਘ
ਊਧਮ ਸਿੰਘ ਤਾਂ ਤੁਰਤ ਫੁਰਕ ਦਿੱਤਾ ਤੇ ਕੌਰ ਜੀ ਦੀ ਲੋਥ ਅੰਦਰ ਲੈ ਜਾਕੇ ਤਿੰਨ ਦਿਨ ਧਿਆਨ ਸਿੰਘ
ਘ ਨੇ ਆਪਣੇ ਪਹਿਰੇ ਵਿਚ ਰੱਖਿਆ ਏਹੋ ਆਖਦਾ ਰਿਹਾ ਅੱਜ ਤਰੀ ਪੀਤੀ ਹੈ ਅੱਜ ਫੁਲਕਾ ਛਕਿਆ ਹੈ
ਜਦ ਚੰਗੀ ਤਰਾਂ ਡੋਗਰਿਆਂ ਨੇ ਖਜ਼ਾਨਾ ਸ਼ਾਹੀ ਆਪਣੇ ਕਾਬੂ ਕਰ ਲੀਤਾ ਤੇ ਮੁਕੇਰੀਆਂ ਤੋਂ ਸ਼ਾਹਜ਼ਾ
ਦੇ ਸ਼ੇਰ ਸਿੰਘ ਨੂੰ ਬੁਲਾ ਲਿਆ ਤਾਂ ਕੌਰ ਦਾ ਮਰਨਾ ਜ਼ਾਹਰ ਕੀਤਾ— ਖਲਕਤ ਵਿੱਚ ਤਾਂ ਏਹੋ
ਗੱਲ ਧੁੰਮ ਗਈ ਸੀ ਕੇ ਮਹਾਂਰਾਜੇ ਖੜਗ ਸਿੰਘ ਨੂੰ ਹਕੀਮ ਤੋਂ ਜ਼ਹਿਰ ਦੇਵਾ ਕੇ ਔਰ ਕੌਰ ਜੀ ਤੇ
ਡਰਕੇ ਡੋਗਰਿਆਂ ਨੇ ਸ਼ੇਰ ਸਿੰਘ ਨੂੰ ਗੱਦੀ ਦੇਣ ਲਈ ਬਿਨਾ ਢਾਹ ਕੇ ਪੱਟੀ ਮੇਸ ਕਰ ਛੱਡੀ ਕੌਰ
ਕੌਰ ਜੀ ਨੇ ਡੋਗਰਿਆਂ ਦੀ ਬਦਨੀਤੀ ਤੇ ਖੁਟਾਈ ਦੇਖ ਕੇ ਰਾਜ ਦੇ ਸਭ ਧੰਦੇ ਆਪਣੇ ਹੱਥ ਵਿੱਚ ਲੈਕ
ਰ ਏਹ ਠਾਣ ਲਈ ਸੀ ਕੇ ਸਿੰਘਾਂ ਦੀ ਬਾਦਸ਼ਾਹੀ ਵਿੱਚ ਪਹਾੜੀਆਂ ਦਾ (ਜੇੜ੍ਹੇ ਸਾਰੇ ਗੁਰੂ ਸਾਹਿਬ ਨਾਲ
ਦਗੇ ਕਰਦੇ ਰਹੇ ਹਨ) ਇਖਤਆਰ ਨ ਹੋਣਾ ਚਾਹੀਏ। — ।ਕੌਰ ਦੇ ਚਾਲੇ ਹੋਣ ਤੋਂ ਪਹਿਲੇ ਹੀ
ਨਿਮਕ ਹਰਾਮ ਵਜ਼ੀਰ ਨੇ ਆਪਣੀ ਚਾਲ ਦਗੇ ਦੀ ਕਰ ਕੇ ਕੌਰ ਨੂੰ ਹੀ ਚੌੜ ਕਰ ਕੇ ਲੂਣ ਹਰਾਮੀ

ਵਿਖਾਈ।

ਏਹ ਕੌਰ ਨੌ ਨਿਹਾਲ ਸਿੰਘ ਬਡਾ ਸੂਰਬੀਰ ਸਿਪਾਹੀ ਸਖੀ ਮਰਦ ਰਾਜ ਨੀਤੀ ਦਾ ਪੂਰਾ ਪੂਰਾ
ਧੀ ਪੁਰਖ ਸੀ ਪਰ ਉਸ ਨੂੰ ਮੌਤ ਨੇ ਕੁਛ ਨ ਕਰਨ ਦਿੱਤਾ ਏਸ ਕੌਰ ਨੇ ਕੰਮ ਬੀ ਚੰਗੇ ੨ ਕੀਤੇ ਸਨ।
ਅਕਾਲ ਬੁੰਗੇ ਤੇ ਦਰਬਾਰ ਦੇ ਵਿੱਚਕਾਰ ਤੇ ਪਰਕਰਮਾ ਆਲੂਵਾਲੀਆਂ ਦੇ ਬੁੰਗੇ ਤਕ ਸਭ ਪੱਥ
ਰ ਏਸੇ ਦਾ ਲਗਵਾਯਾ ਹੋਯਾ ਹੈ। ਤਰਨਤਾਰਨ ਦੇ ਤਲਾਉ ਦੀ ਪ੍ਰਕਰਮਾ ਏਸੇ ਨੇ ਬਣਵਾਈ
ਬਲਕੇ ਉਥੋਂ ਦੇ ਦਰਬਾਰ ਤੇ ਪ੍ਰਕਰਮਾ ਔਰ ਅੰਮ੍ਰਿਤਸਰ ਦੀ ਸਾਰੀ ਪ੍ਰਕਰਮਾ ਵਾਸਤੇ ਕਈ ਲੱਖ
ਰੁਪਏ ਦਾ ਪੱਥਰ ਸੰਗੇਮਰਮਰ ਜੋਧਪੁਰ ਤੋਂ ਕੌਰ ਜੀ ਨੇ ਮੰਗਵਾਯਾ ਸੀ ਜੋ ਮਰੇ ਤੋਂ ਉੱਡ ਪੁੱਡ
।ਹੁਣ ਜੰਦਾਂ ਕੌਰ ਜੀ ਦੀ ਮਾਈ ਰਾਣੀ ਦੇ
ਗਿਆ।—

ਦੇ ਕੌਰ ਆਪਣੇ ਲਾਇਕ ਪਤੀ ਤੇ ਪੁੱਤ੍ਰ ਦੇ ਮਰਨੇ ਕਰ ਅਧਮਰੀ ਪਈ ਸੀ ਪਰ ਜਦ ਵਜ਼ੀਰ ਦੀ
ਕੁਚਾਲ ਦਾ ਹਾਲ ਸੁਣਿਆ ਤਾਂ ਧੀਰਜ ਧਾਰ ਕੇ ਉਸ ਨੇ ਏਹ ਚਾਲ ਕੀਤੀ ਸੰਧਾਂ ਵਾਲੀਆਂ
ਸਰਦਾਰਾਂ ਨੂੰ (ਜੇੜ੍ਹੇ ਪਹਿਲੇ ਹੀ ਵਜ਼ੀਰ ਦੇ ਵੈਰੀ ਤੇ ਸ਼ੇਰ ਸਿੰਘ ਨੂੰ ਛੀਂਬੇ ਦਾ ਪੁੱਤ੍ਰ ਆਖਿਆ ਕਰ
ਦੇ ਸੇ) ਬੁਲਾਕੇ ਆਪਣੇ ਬਣਾਏ ਕਰ ਮਸ਼ਹੂਰ ਕਰਾ ਦਿੱਤਾ ਕੇ ਮੇਰੀ ਨੂੰਹ ਨੂੰ ਗਰਭ ਹੈ ਜੇ ਉਸ ਦੇ ਘਰ
ਵਾਹਿਗੁਰੂ ਨੇ ਪੁੱਤ੍ਰ ਬਖਸ਼ਿਆ ਤਾਂ ਓਹੋ ਤਖਤ ਦਾ ਮਾਲਕ ਹੋਊ ਉਤਨਾ ਚਿਰ ਰਾਜ ਕਾਜ ਮੇਰੇ ਹੱ
ਥ ਵਿੱਚ ਰਹੇ। ਸੰਧਾਂ ਵਾਲੀਏ ਤਾਂ ਵਾਹਿਗੁਰੂ ਕਹਿਕੇ ਚੰਟ ਪੱਟ ਪਟਰਾਣੀ ਦੇ ਧੜੇ ਚੜ ਖੜੋਤੇ

Digitized by Panjab Digital Library | www.panjabdigilib.org

ਹੋਰ ਸਿੰਘ ਸਰਦਾਰ ਬੀ ਮੰਨ ਗਏ। ਬਾਕੀ ਵਜ਼ੀਰ ਨੂੰ ਬੁਲਾ ਕੇ ਰਾਣੀ ਨੇ ਏਹ ਦਮ ਦਿੱਤਾ ਜੇ ਕੌਰ ਦੀਕ ੪੬੧
ਣੀ ਨੂੰ ਕਾਫ਼ੀ ਜੇ ਮੀਤਾਂ ਤੇਰੇ ਪੁੱਤ੍ਰ ਹੀਰਾ ਸਿੰਘ ਨੂੰ ਮੈਂ ਗੋਦ ਪਾ ਕੇ ਰਾਜ ਤਿਲਕ ਦੇ ਦੇਵਾਂਗੀ। ਜੇ ਪੁੱਤ੍ਰ ਹੋ
ਜਾਤਾਂ ਬੀ ਤੁਸੀਂ ਵਜ਼ੀਰ ਬਣੇ ਰਹੋਗੇ। ਇਸ ਚਾਲ ਨਾਲ ਰਾਣੀ ਵਜ਼ੀਰ ਤੋਂ ਬਾਜ਼ੀ ਲੈ ਗਈ। ਵਜ਼ੀ
ਰ ਤੱਕਦਾ ਹੀ ਰਿਹਾ ਰਾਣੀ ਆਪੇ ਬਾਦਸ਼ਾਹ ਬਣ ਬੈਠੀ ਜੋ ਵਜ਼ੀਰ ਨੂੰ ਬੀ ਔਖੇ ਸੌਖੇ ਹੋ ਕੇ ਮੰਨਣੀ
ਲੱਗੀ ਤੇ ਸ਼ੇਰ ਸਿੰਘ ਨੂੰ ਪੁੱਠੇ ਪੈਰੀਂ ਜਾਣਾ ਪਿਆ। —

।ਜਦ ਰਾਜਾ ਧਿਆਨ ਸਿੰਘ ਨੇ ਆਪਣੀ ਚਾਲ ਭੋੜੀ ਪਈ ਦੇਖੀ ਤਾਂ ਛੁੱਟੀ ਲੈ ਕੇ ਜੰਮੂੰ ਜਾ ਬੈਠਾ ਤੇ
ਰਿਆਸਤ ਵਿੱਚ ਚਕਚੂੰਧਰਾਂ ਛੱਡ ੨ ਕੇ ਲੱਗਾ ਖਰਾਬੀਆਂ ਕਰਨ। ਸ਼ੇਰ ਸਿੰਘ ਨੂੰ ਬੀ ਸਰਦਿਆ
ਰਿਹਾ ਤੇ ਅੰਗ੍ਰੇਜ਼ਾਂ ਨੂੰ ਲਾਹੌਰ ਦੀ ਫੂਟ ਦਾ ਹਾਲ ਲਿਖੇ। ਫੌਜੀ ਅਫ਼ਸਰਾਂ ਨੂੰ ਭੜਕਾ ਕੇ ਆਖਿਆ ਖਾਲ
ਸਾ ਜੀ ਕੋਈ ਮਰਦ ਤੁਸਾਡੇ ਸਿਰ ਉੱਤੇ ਹੋਊ ਤਾਂ ਓਹ ਜੰਗਾਂ ਵਿਚ ਤੁਸਾਡੀ ਸੂਰਬੀਰਤਾ ਦੇਖ ਕੇ ਮੁੱਲ
ਪਾਊ ਅੰਦਰ ਬੈਠੀ ਜਨਾਨੀ ਨੇ ਕੀ ਕਦਰ ਪਾਉਣੀ ਹੈ। ਸੰਧਾਂਵਾਲੀਏ ਲੁੱਟੀ ਜਾਂਦੇ ਹਨ। ਤੁਸਾਡ
ਕੀ ਬਣਿਆ। — ।ਏਹੋ ਜੇਹੇ ਖੋਟੇ ਮੰਤ੍ਰ ਸਿਖਾ ਕੇ ਸਭ ਨੂੰ ਅਣੀ ਖੰਡ ਕਰ ਕੇ ਸ਼ੇਰ ਸਿੰਘ ਤੋਂ ਇੱਕ
ਰੁਪਯਾ ਨਾਲੀ ਬਾਧਾ ਦੇਣਾ ਕਰ ਕੇ ਫ਼ੌਜ ਨੂੰ ਆਪਣੀ ਬਣਾ ਲੀਤਾ। — ।ਏਹ ਬਾਤ ਨੂੰ ਵੇਖ ਕੇ ਸ਼ਾਹ
ਜ਼ਾਦੇ ਸ਼ੇਰ ਸਿੰਘ ਨੂੰ ਬਟਾਲੇ ਤੋਂ ਬੁਲਾ ਲਿਆ ਓਹ ਸ਼ਾਲਾਮਾਰ ਬਾਗ਼ ਵਿੱਚ ਆ ਉਤ੍ਰਿਆ ਉਸ ਦੇ ਮੁ
ਸਾਹਿਬ ਜੁਵਾਲਾ ਸਿੰਘ ਆਦਿਕਾਂ ਨੇ ਫ਼ੌਜਾਂ ਵਿੱਚ ਫਿਰ ਕੇ ਲਾਲਚ ਦੇ ਕਰ ਸਭ ਅਫ਼ਸਰ ਫ਼ੌਜੀ
ਸ਼ੇਰ ਸਿੰਘ ਨੂੰ ਮਿਲਾ ਦਿੱਤੇ। — ੨੩ ਪੋਹ ਸੰ: ੧੮੯੮ ਬਿ: ਕੋ ਅੰਮ੍ਰਿਤ ਵੇਲ੍ਹੇ ਬੁੱਧੂ ਦੇ ਆਵੇ ਪਾਸ
੬੦ ਹਜ਼ਾਰ ਸਪਾਹ ਤੇ ੧੫੦ ਤੋਪ ਨੇ ਸ਼ਾਹਜ਼ਾਦੇ ਸ਼ੇਰ ਸਿੰਘ ਦੀ ਸਲਾਮੀ ਲੈ ਕੇ ਉਸ ਦੇ ਸਾਥ ਹੀ ਕਿ
ਲੇ ਵੱਲ ਸਾਉਣ ਦੇ ਬੱਦਲ੍ਹਾਂ ਵਾਂਗੂੰ ਫ਼ੌਜ ਚੜ੍ਹ ਆਈ। — ।ਏਧਰ ਸੰਧਾਂਵਾਲੀਏ ਤੇ ਰਾਜ
ਗੁਲਾਬ ਸਿੰਘ ਕੁਸ਼ਾਲ ਸਿੰਘ ਜਮਾਂਦਾਰ ਏਨਾਂ ਆਪਣੀ ਫ਼ੌਜ ਕਿਲ੍ਹੇ ਅੰਦਰ ਬੁਲਾ ਲਈ। ਕਿਉਂ
ਕਿ ਏਹ ਤਿੰਨੇ ਧਿਰਾਂ ਰਾਣੀ ਵੱਲ ਸਨ। ਤੋਪਾਂ ਦੀ ਅੱਗ ਦੋਹਾਂ ਪਾਸਿਆਂ ਤੋਂ ਬਰਸਣ ਲੱਗੀ। ਸ਼ਾਹੀ
ਮਸੀਤ ਵਿੱਚੋਂ ਰਾਜੇ ਗੁਲਾਬ ਸਿੰਘ ਦਾ ਮੋਰਚਾ ਜੀਤ ਸ਼ੇਰ ਸਿੰਘ ਨੇ ਫ਼ੌਜ ਨੂੰ ਬਰਤਾ ਦਿੱਤਾ ਤਿੰਨ ਦਿਨ
ਤੋਪ ਬੰਦੂਕ ਚਲਦੀ ਰਹੀ। ਸੰਧਾਂਵਾਲੀਏ ਬਹਾਦੁਰਾਂ ਨੇ ਕਈ ਵਾਰੀ ਬਾਹਰ ਦੀ ਫ਼ੌਜ ਨੂੰ ਭਾਜ
ਪਾਈ। ਸੈਂਕੜੇ ਆਦਮੀ ਮਾਰੇ। ਮਾਸ ਮਿੱਟੀ ਦੀ ਲੜਾਈ ਲੱਗੀ ਰਹੀ ਪਰ ਸਰਦਾਰ ਜੁਵਾਲਾ ਸਿੰਘ
ਸ਼ੇਰ ਸਿੰਘ ਦੇ ਮੁਸਾਹਿਬ ਨੇ ਜਾਨ ਤੋੜ ਕੇ ਅਜੇਹੀ ਫ਼ੌਜ ਲੜਾਈ ਤੋਪਾਂ ਜੋੜ ਕੇ ਮਾਰੀਆਂ ਪੱਛਮੀ
ਦਰਵਾਜ਼ਾ ਤੋੜ ਘੱਤਿਆ ਤੇ ਸ਼ਾਹੀ ਮਸੀਤ ਦੇ ਮਿਨਾਰਿਆਂ ਉੱਤੇ ਨਿੱਕੀਆਂ ਤੋਪਾਂ ਚੜ੍ਹਾ ਕੇ ਕਿਲ੍ਹੇ ਵਾਲਿਆਂ
ਜੇਹੇ ਤੰਗ ਕੀਤੇ ਜਿਸ ਤੋਂ ਹਾਰ ਕੇ ਉਨ੍ਹਾਂ ਕਿਲਾ ਛੱਡਣ ਦਾ ਸਨੇਹਾ ਭੇਜ ਦਿੱਤਾ। — ।ਗੁ ਦਰਬ

Digitized by Panjab Digital Library | www.panjabdigilib.org

੪੯੨ ਨਾਲ ਉਸੇ ਘੜੀ ਧਿਆਨ ਸਿੰਘ ਜੰਮੂੰ ਆ ਗਿਆ। ਉਸ ਨੇ ਲੜਾਈ ਬੰਦ ਕਰਾਕੇ ਏਹ ਲਿਖਤ ਕਰ
ਕਰਾ ਦਿੱਤੀ ਕੇ ਰਾਣੀ ਚੰਦ ਕੌਰ ਪੰਜਾਬ ਦਾ ਤਖਤ ਸਾਹਜਾਦੇ ਸੇਰ ਸਿੰਘ ਨੂੰ ਦੇਵੇ ਤੇ ਸੇਰ ਸਿੰਘ ਓ
ਸਨੂੰ ੧੬ ਲਖ ਦੀ ਜੰਗੀਰ ਜੰਮੂੰ ਦੇ ਗਿਰਦੇ ਦੇ ਦੇਵੇ ਜਿਸ ਦਾ ਬੰਦੋਬਸਤ ਰਾਣੀ ਦੀ ਤਰਫੋਂ ਰਾਜੇ
ਗੁਲਾਬ ਸਿੰਘ ਦੇ ਹੱਥ ਵਿੱਚ ਰਹੇ।— ।ਬੱਸ ਏਹੋ ਗੱਲ ਮੰਨੀ ਗਈ। ਸੇਰ ਸਿੰਘ ਦਾ ਕਿਲੇ
ਵਿੱਚ ਦਖਲ ਹੋ ਗਿਆ ਅਤ੍ਰ ਸਿੰਘ ਅਜੀਤ ਸਿੰਘ ਸੰਧਾਂ ਵਾਲੀਏ ਨੱਠ ਕੇ ਸਤਲੁਜੋਂ ਪਾਰ ਚਲੇ
ਗਏ। ਲੈਣਾ ਸਿੰਘ ਕੈਦ ਹੋਯਾ, ਡੋਗਰਿਆਂ ਨੇ ਖਿਦਦੀਆਂ ਉਲਾਂਹੁਦੀਆਂ ਦੋਹਾਂ ਧਿਰਨੀ ਹੋਕੇ ਮਨ
ਭਾਏ ਚੰਮ ਦੇ ਦੰਮ ਚਲਾਏ। ਇੱਕ ਭਾਈ ਤਾਂ ਸੇਰ ਸਿੰਘ ਦਾ ਤੇ ਦੂਜਾ ਰਾਣੀ ਦਾ ਮੁਖਤਾਰ ਬਣ ਬੈ
ਠਾ ਕਹੌਤੀ ਬਿੱਲੀ ਨੇ ਚੂਹਿਆਂ ਤੋਂ ਕੰਨ ਤੁੜਾਏ।— ।ਗੁਲਾਬ ਸਿੰਘ ਨੇ ਰਾਣੀ ਚੰਦ ਕੌਰ ਨੂੰ ਆ
ਖਿਆ ਜੋ ਕੁਛ ਕਿਲੇ ਅੰਦਰ ਰਹੇਗਾ ਉਹ ਸਬ ਤੈਥੋਂ ਸੇਰ ਸਿੰਘ ਖੋਹ ਲਊ ਤੂੰ ਕੱਢ ਕੇ ਅਪਣੀ ਜੰਗੀ
ਰ ਵਿੱਚ ਭੇਜ ਦੇਹ। ਆਪ ਗਊ ਗੀਤਾ ਸਾਲਗਰਾਮ ਸਿਵ ਚੌਹਾਂ ਦੀ ਸੌਂਹ ਪਾਈ ਕੇ ਮੈਂ ਤੇਰੀ ਚੀਜ
ਦੀ ਰਖਵਾਲੀ ਕਰੂੰਗਾ। ਖਿਆਨਤ ਨਾ ਕਰੂੰਗਾ। ਰਾਤ ਦੀ ਗਿੱਚੀ ਪਿੱਛੇ ਮੱਤਾ ਦੇਉ ਰਦੀ ਨਾਬ
ਣੀ ਫਲੀਏ ਪਹਾੜੀ ਦੇ ਧੋਖੇ ਵਿੱਚ ਆ ਕੇ ਸਬ ਖਜਾਨਾ ਕਢ ਦਿੱਤਾ। ਕਰੋੜਾਂ ਰੁਪਯੇ ਦਾ ਹੀਰੇ
ਮੋਤੀ ਨੀਲਮ ਸੁਇਨੇ ਚਾਂਦੀ ਦੇ ਊਂਟ ਗੱਡੇ ਕੰਚਰਾਂ ਹਾਥੀ ਲੱਦ ਕੇ ਗੁਲਾਬ ਸਿੰਘ ਨੇ ਜੰਮੂੰ ਟੋਰ
ਭੇਜ ਦਿੱਤੇ। ਚੰਗੀ ਚੀਜ ਕੋਈ ਨਾ ਛੱਡੀ। ਏਨਾਂ ਡੋਗਰਾਂ ਨਾਲ ਸਿੰਘਾਂ ਦੀ ਬਾਦਸਾਹੀ ਲੁੱਟ ਪੁੱਟ
ਕੇ ਡੋਗਰਿਆਂ ਨੇ ਬਰਬਾਦ ਕਰ ਘੱਤੀ। ਕਿਉਂਕੇ ਇੱਕ ਭਾਈ ਕਢਾਉਣ ਵਾਲਾ ਦੂਜਾ ਕੱਢਣ ਵਾਲਾ
(ਸੁੰਨੀ ਭੈਣੀ ਪਈ ਲੁੰਡੀਆ)" — ।ਫਿਰ ਕ ੧ ਮਾਘ ਨੂੰ ਮਹਾਂਰਾਜੇ ਸੇਰ ਸਿੰਘ ਨੇ ਤਖਤ ਬੈਠ
ਕੇ ਰਾਜੇ ਧਿਆਨ ਸਿੰਘ ਨੂੰ ਵਜੀਰ ਬਣਾ ਸਬ ਸਰਦਾਰਾਂ ਤੋਂ ਨਜਰਾਂ ਲਈਆਂ ਤੇ ਓਨਾਂ ਨੂੰ ਇਨਾਮ
ਦਿੱਤੇ। ਸਪਾਹੀ ਪ੍ਰਤੀ ੧) ਤਨਖਾਹ ਵਧਾ ਦਿੱਤੀ।— ।ਮਹਾਂਰਾਜੇ ਸੇਰ ਸਿੰਘ ਨੇ ਮੁਲਕ ਦਾ
ਬੰਦੋਬਸਤ ਤਾਂ ਅਜੇਹਾ ਕੀਤਾ ਜੋ ਕਦੇ ਕਿਸੇ ਨਹੀਂ ਕੀਤਾ ਸੀ। ਪਰ ਸਿੱਖੀ ਫੌਜ ਐਸੀ ਮੱਛਰੀ
ਪਹਿਲੇ ਤਾਂ ਓਨਾਂ ਕਿਲਾ ਫਤੇ ਕਰ ਲਿਆ ਸੇਰ ਸਿੰਘ ਦਾ ਜਰਾ ਡਰ ਨਾ ਮੰਨਿਆ ਕਿਲਾ ਤੇ ਸਹਿਰ ਕ
ਰਦਾਰਾਂ ਦੇ ਘਰ ਐਸੇ ਲੁੱਟੇ ਕਿਸੇ ਦੇ ਕੁਛ ਨਾ ਛੱਡਿਆ। ਜੇੜ੍ਹਾ ਅੱਗੋਂ ਆ ਕੜਿਆ ਉਸੇ ਨੂੰ ਤੇਗ ਦਾ
ਭੱਛ ਕੀਤਾ। ਜਦ ਕਈ ਅਫਸਰ ਫੋਕਸ ਸਾਹਿਬ ਜੈਸੇ ਮਾਰ ਸੁੱਟੇ ਤੇ ਦਿਨ ੨ ਫੌਜ ਵਿਗੜਦੀ
ਜਾਂਦੀ ਦੇਖੀ। ਤਾਂ ਜਨਰਲ ਕੋਰਟ ਸਾਹਿਬ ਜੋ ਦਰਬਾਰ ਲਾਹੌਰ ਦਾ ਬਡਾ ਖੈਰਖ੍ਵਾਹ ਲਾਇ
ਕ ਫਰੰਗੀ ਸੀ ਚੁੱਪ ਚਾਪ ਚਲਾ ਗਿਆ।— ।ਉਸ ਸਮੇ ਅਜੇਹੀ ਪੌਣ ਫਿਰੀ ਜੋ ਕੜੇ
ਗੁਰੂ ਕੇ ਲਾਲ ਰਾਤ ਦਿਨ ਭਜਨ ਕਰਦੇ ਤੇ ਪਰਾਏ ਮਾਲ ਨੂੰ ਬੁਰੀ ਵਸਤੂ ਸਮਝਦੇ ਸੇ ਓਹੀ ਅਤੇ

ਲੁੱਟ ਜੁਗਾਦ ਲੁੱਟ ਘਸੋਲਣ ਲੱਗ ਪਏ। ਓਸੇ ਚੰਦ੍ਰੀ ਪੌਣ ਦਾ ਕਸ਼ਮੀਰ ਪਸ਼ਾਵਰ ਕਾਬਲ ਦਿ ੪੬੨
ਰ ਥੀ ਫੌਜ ਨੂੰ ਏਹੋ ਝੋਲਾ ਵੱਗ ਗਿਆ॥ — ॥ਕਾਬਲੀਏ ਦੇ ਕਈ ਅਫਸਰ ਕਾਬਲ ਵਿਚ ਵੱਢ
ਸਿੱਟੇ। ਕਸ਼ਮੀਰ ਵਿਚ ਓਥੋਂ ਦੇ ਸੂਬੇਦਾਰ ਮੀਹਾਂ ਸਿੰਘ ਨੂੰ ਬੁਰਛਿਆਂ ਨੇ ਮਾਰ ਕੇ ਉਸ ਦੀ ਘਰ ਬੱਘੀ
ਲੁੱਟ ਲਈ। ਪਸ਼ਾਵਰ ਵਿਚੋਂ ਜਨਰਲ ਅਬੂਤਬੇਲੇ ਸਾਹਿਬ ਨੇ ਭੱਜ ਕੇ ਤਲੰਗਿਆਂ ਤੋਂ ਜਾਨ ਬਚਾ
ਈ ਓਰ ਜਲਾਲਾਬਾਦ ਜਾ ਵੜਿਆ। ਏਸੇ ਤਰਾਂ ਜਿੱਥੇ ਕਿਥੇ ਦਸ ਬੀਸ ਚੋਬਰ ਕੱਠੇ ਹੋਣ ਲੁੱਟਾਂ
ਰ ਦਾ ਹੀ ਜਿਕਰ ਪਏ ਕਰਨ। ਸੈਂਕੜੇ ਸਰਦਾਰ ਵੱਢ ਕੇ ਘਰ ਉਨਾਂ ਦੇ ਲੁੱਟ ਲਏ। ਸਾਰੇ ਦੇਸ ਵਿੱ
ਬੁਰਛੇਗਰਦੀ ਮੱਚ ਗਈ ਬਾੜ ਖੇਤੀ ਨੂੰ ਖਾਣ ਉੱਠ ਪਈ ਮਹਾਂਰਾਜ ਸੇਰ ਸਿੰਘ ਤੇ ਵਜੀਰ ਧਿਆ
ਨ ਸਿੰਘ ਜਮੇ ਦੀ ਕੁਚਾਲ ਦੇਖ ਕੇ ਹੈਰਾਨ ਪਰੇਸਾਨ ਹੋ ਆਪਣੀ ਜਬਾਨ ਬੰਦ ਕਰ ਜਾਨ ਬਚਾ ਬੈਠੇ
ਰਹੇ॥ —— ॥ਜੱਦਪਿ ਉਸ ਖਰਾਬੀ ਦੇ ਸੁਧਾਰ ਵਾਸਤੇ ਅੰਗ੍ਰੇਜਾਂ ਨੇ ਬਾਰਾਂ ਹ ਫੌਜ ਦਾ ਸੁਧਾਰ
ਜਾਰ ਫੌਜ ਆਪਣੀ ਮਹਾਂਰਾਜੇ ਨੂੰ ਦੇਣੀ ਚਾਹੀ ਪਰ ਮਹਾਂਰਾਜੇ ਨੇ ਏਹ ਸੋਚ ਕੇ ਨ ਸਦਾਈ ਕੇ
ਜੇ ਮੈਂ ਅੰਗ੍ਰੇਜੀ ਫੌਜ ਮੰਗਾ ਲਈ ਤਾਂ ਏਹ ਬੁਰਛੇ ਹੰਕਾਰੇ ਹੋਏ ਮੇਰੀ ਜਾਨ ਲੈ ਛੱਡਣਗੇ। ਫੇਰ
ਐਸੀ ਦਾਨਾਈ ਦੀ ਚਾਲ ਚੱਲੀ ਮਹਾਂਰਾਜੇ ਨੇ ਆਪ ਹਮੇਸ ਫੌਜ ਵਿਚ ਜਾ ਕੇ ਬੈਠਣਾ ਸੁਰੂ ਕਰ
ਦਿੱਤਾ। ਪਹਿਲੇ ਤਾਂ ਪਿਆਰ ਤੇ ਖੁਸੀ ਦੀਆਂ ਮਿੱਠੀਆਂ ਪਿਆਰੀਆਂ ਗੱਲਾਂ ਕਰ ੨ ਉਨਾਂ ਨਾਲ ਇੱਕ
ਮਿੱਕ ਹੋ ਗਿਆ। ਫੇਰ ਬਾਦਸਾਹਾਂ ਤੇ ਮੁਲਕਾਂ ਦੀਆਂ ਕਹਾਣੀਆਂ ਸੁਣਾ ੨ ਹੁੰਨਰ ਖੇਲਾਂ ਜੋ ਅਨੇਕ ਪ੍ਰਕਾ
ਰ ਦੇ ਮਹਾਂਰਾਜ ਜਾਣਦੇ ਸੇ ਦਿਖਾ ੨ ਮੁਹੱਬਤ ਦਾ ਸਰਬਤ ਪਿਲਾ ੨ ਬਿਗੜੀ ਹੋਈ ਫੌਜ ਨੂੰ ਆਪਣੇ
ਹੱਥ ਉੱਤੇ ਲੈ ਆਂਦਾ। ਫੇਰ ਫੌਜ ਨੂੰ ਚੰਗੇ ੨ ਕੰਮ ਸਿਖਾਉਣ ਲੱਗ ਪਿਆ। ਜੇੜ੍ਹੇ ਆਦਮੀ ਇੱਕ
ਜੁੰਡੀ ਦੇ ਯਾਰ ਦੇਖੇ ਉਹ ਕਿਧਰੇ ੨ ਕੰਮ ਉੱਤੇ ਭੇਜ ਕੇ ਨਖੇੜ ਸਿੱਟੇ। ਆਪਣੀ ਹਿਕਮਤ ਤੇ ਰਾਜਨੀ
ਤੀ ਦੇ ਦਾਓਆਂ ਨਾਲ ਫੌਜ ਤਾਂ ਅਜੇਹੀ ਸਿਧੀ ਤੀਰ ਕੀਤੀ ਜੋ ਉਸੇ ਦੀ ਆਗਿਆਕਾਰ ਚੇਲੀ
ਬਣ ਗਈ। ਫੇਰ ਜਿਉਂ ੨ ਉਸ ਦੀ ਈਨ ਝੱਲਦੀ ਗਈ ਤਿਉਂ ੨ ਅੰਗ੍ਰੇਜੀ ਕਾਨੂੰਨ ਦੇ ਸੰਗਲਾਂ
ਵਿੱਚ ਐਸੀ ਜਕੜੀ ਜੋ ਕਾਇਦੇ ਤੋਂ ਬਾਹਰ ਕੰਨ ਨਾ ਹਲਾ ਸੱਕੇ। ਫੇਰ ਧੀਰੇ ੨ ਛਾਉਣੀ ਵਿੱਚੋਂ ਬੁ
ਰਛੂ ਉਤਾਰ ਕੇ ਆਪਣੇ ਮੁਖ ਬਾਰ ਛੱਡ ਦਿੱਤੇ। ਲੁੱਚੇ ਲਫਰ ਪੁਰਾਣੇ ਪਾਪੀ ਹੰਕਾਰੀ ਸਭ ਹ
ਟਾ ਕੇ ਉਨਾਂ ਦੇ ਥਾਂ ਨਵੀਂ ਭਰਤੀ ਕਰ ਲਈ॥ —— ॥ਏਹ ਮਹਾਂਰਾਜ ਅਕਲ ਦਾ ਪੂਤਲਾ
ਬਲ ਦਾ ਭੰਡਾਰ ਅਤੀ ਸੁੰਦਰ ਜੁਆਨ ਹਸਮੁਖ ਤੇਜ ਦਾ ਪੁੰਜ ਐਸਾ ਸੀ ਥੋੜੇ ਹੀ ਦਿਨਾਂ ਵਿੱਚ ਉਸ ਦਾ
ਦਬਦਬਾ ਨਾਦਰ ਸਾਹ ਨਾਲੋਂ ਬੀ ਵੱਧ ਬੈਠ ਗਿਆ। ਫੌਜ ਤੇ ਪਰਜਾ ਸਬ ਡਰਦੀ ਮਾਰੀ ਥਰ
੨ ਪਈ ਕੰਬੇ। ਫੇਰ ਤਾਂ ਜਾਂ ਪਿਆਰ ਦੇ ਬਸ ਆ ਗਏ ਤਾਂ ਅੰਗ੍ਰੇਜ ਤੇ ਕਾਬਲੀਏ ਬੀ ਡਰ ਮੰਨਣ ਲੱਗ

Digitized by Panjab Digital Library | www.panjabdigilib.org

੪੬੪ ਮਹਾਰਾਜੇ ਦੀ ਕੁਰਜਈ
ਚੇਲੇ ਬਿਗੜੇ ਤਾਂ ਗੁਰੂ ਨੇ ਸੁਧਾਰੇ ਗੁਰੂ ਬਿਗੜੇ ਨੂੰ ਕੌਣ ਸੁਧਾਰੇ। ਹੁਣ ਲਾਹੌਰ ਦੀ ਗੱਦੀ ਦੇ ਭੈੜੇ
ਭਾਗਾਂ ਨੇ ਮਹਾਰਾਜੇ ਸ਼ੇਰ ਸਿੰਘ ਨੂੰ ਅਜੇਹੀ ਚੰਦ੍ਰੀ ਬਾਦੀ ਪਾਈ ਰਾਤ ਦਿਨੇ ਵਿਸੇ ਬਿਕਾਰਾਂ ਸ਼ਿਕਾਰਾਂ
ਵਿੱਚ ਹੀ ਰਹੇ। ਥੋੜ੍ਹੀ ਥੋੜ੍ਹੀ ਰੋਗੀ ਬਦਲੇ ਬੀ ਕਿਸੇ ਦੀ ਲੱਤ ਕਿਸੇ ਦੀ ਬਾਂਹ ਨੱਕ ਹੱਥ ਕਟਵਾਏ
ਦਾ ਅਨੇਕਾਂ ਦੀਆਂ ਗਿੱਟੇ ਪਾਸੋਂ ਨਾੜਾਂ ਕਟਾਕੇ ਨਿਕਾਰੇ ਕਰ ਦਿੰਦਾ ਜਿਸ ਨੂੰ ਸਤੂੰ ਕੱਢਣੀਆਂ ਆ
ਖਦੇ ਸੇ। ਪੰਜ ਸੱਤ ਨਿਆਉਂ ਬੀ ਅਜੇਹੇ ਕੀਤੇ ਦੂੰਧੋਂ ਪਾਣੀ ਵੱਖਰੇ ੨ ਕਰ ਦਿਖਾਏ। ਜਿਸ ਕਰਕੇ
ਚੋਰੀ ਤੇ ਝਗੜੇ ਕਰਨੋਂ ਤਾਂ ਲੋਗ ਉੱਕੇ ਹੀ ਛੱਡ ਬੈਠੇ। ਪੰਜਾਬ ਵਿੱਚ ਅਮਨ ਅਮਾਨ ਹੋ ਗਿਆ। ਕੋ
ਈ ਕਿਸੇ ਦੀ ਚੀਜ਼ ਨਾ ਛੇੜਦਾ। ਬਾਢੀਖੋਰੇ ਕਾਰਦਾਰ ਬੀ ਬੁਰੇ ਲਾਚਾਰ ਕਰ ੨ ਮਾਰੇ। ਬਾਗੀ ਲੋਗ
ਜੋ ਕੈ ਨਿੱਤ ਪਥਾੜੇ ਪਾਈ ਰੱਖਦੇ ਸੇ ਐਸੇ ਸਿੱਧੇ ਕੀਤੇ ਕਿਸੇ ਦੇਸ ਵਿਚ ਬੀ ਕੋਈ ਬਾਗੀ ਨਾ ਰਿਹ
ਾ। ਏਸ ਮਹਾਰਾਜੇ ਦੀ ਅਕਲ ਤੇ ਧਾਕ ਨੇ ਚੋਰ ਤਾਂ ਸਭ ਸੂਈ ਦੇ ਨੱਕੇ ਥਾਣੀ ਕੱਢ ਦਿਖਾਏ। ਇ
ਕ ਵਜ਼ੀਰ ਧਿਆਨ ਸਿੰਘ ਉੱਤੇ ਏਸ ਦਾ ਦਬਾਉ ਨਾ ਪਿਆ। ਉਸ ਨੇ ਆਪਣੇ ਚੋਮਦੇ ਨੀਅ ਚਲਾ
ਕੇ ਸਿੱਖਾਂ ਸਰਦਾਰਾਂ ਨੂੰ ਬਹੁਤ ਦੁਖ ਦਿੱਤੇ ਜੇੜ੍ਹਾ ਉਸ ਨੂੰ ਰੋਜ਼ ਜੈ ਦੇਵ ਕਰਨ ਨਾ ਆਵੇ ਉਸੇ ਨੂੰ ਕਿਸੇ
ਨਾ ਕਿਸੇ ਬਹਾਨੇ ਮਹਾਰਾਜੇ ਤੋਂ ਸਜ਼ਾ ਦਿਵਾ ਛੱਡੇ। ਸਰਦਾਰ ਜੁਦਾਲਾ ਸਿੰਘ ਜੋ ਮਹਾਰਾਜੇ ਦਾ ਸ਼ਿ
ਕਾਰੀਆਂ ਯਾਰ ਤੇ ਅੱਵਲ ਦਰਜੇ ਦਾ ਮੁਸਾਹਿਬ ਸੂਰਬੀਰ ਸੀ ਉਸ ਨੇ ਧਿਆਨ ਸਿੰਘ ਨੂੰ ਜੈ
ਦੇਵ ਨਾ ਕੀਤੀ ਉਸ ਨੂੰ ਹੁਕਮ ਅਦੂਲੀ ਤੇ ਸੰਧਾਂਵਾਲੀਆਂ ਨਾਲ ਮੇਲ ਰੱਖਣ ਦੇ ਇਲਜ਼ਾਮ ਦੇਕੇ
ਕੈਦ ਕਰ ਸ਼ੇਖੂਪੁਰੇ ਦੇ ਕਿਲੇ ਵਿੱਚ ਸਿੱਟ ਕੇ ਮਾਰ ਘੱਤਿਆ। ਓਥੋਂ ਸਭ ਸਰਦਾਰਾਂ ਨੂੰ ਐਸਾ ਡਰ ਬੈ
ਠਾ ਸਭੇ ਧਿਆਨ ਸਿੰਘ ਦੀਆਂ ਪੂਣੀਆਂ ਵੱਟਣ ਲੱਗ ਪਏ ਤੇ ਮਹਾਰਾਜ ਬੀ ਐਡਾ ਨਿਰਦਈ
ਹੋਯਾ ਜਿਸ ਨੂੰ ਵਜ਼ੀਰ ਬੁਰਾ ਠਹਿਰਾਵੇ+ ਜੇੜ੍ਹਾ ਸ਼ੇਰ ਸਿੰਘ ਨਿੱਤ ਫਰਦੀ ਕਸ ਕੇ ਫੌਜ ਦੀ ਕੁਵਾ
ਇਦ ਆਪ ਲੈਂਦਾ ਤੇ ਸਾਰੇ ਮੁਲਕ ਦੇ ਕਾਗਜ਼ ਸੁਣਦਾ ਤੀਸ ੨ ਝਗੜੇ ਨਿਬੇੜ ਕੇ ਰੋਟੀ ਖਾਂਦਾ
ਪਕੜੇ ਪੋਟਿਆਂ ਦੀਆਂ ਲੱਤਾਂ ਨੱਕ ਹੱਥ ਬਢਾਕੇ ਮੈਦਾਨ ਵਿੱਚ ਸਿੱਟ ਰੱਖਦਾ ਜਿਸ ਦੇ ਤੇਜ ਨੇ ਇ
ਕ ਵਰੀ ਸਾਰੀ ਖਲਕਤ ਕੰਬਾ ਦਿੱਤੀ ਸੀ ਹੁਣ ਉਸੇ ਨੂੰ ਭਾਵੀ ਨੇ ਐਸੀ ਪੁੱਠੀ ਭਵਾਲ੍ਹੀ ਦਿੱਤੀ
ਪੁੱਠੇ ਰਾਹ ਪੈ ਤੁਰਿਆ ਰਾਜ ਕਾਜ ਪਠਤਿੱਠ ਪਰਜਾ ਸਾਏ ਚੁੱਲੇ ਨਿਆਉਂ ਪਰਖਾਤੇ ਵਿੱਚ ਭਾਵੇਂ ਹੋ
ਰ ਕੁਝ ਬੀ ਹੋਵੇ ਆਪਣੇ ਰਾਗ ਰੰਗ ਨਾਚ ਮੁਜਰੇ ਦੇਖਣ ਵਿੱਚ ਤੇ ਸ਼ਰਾਬ ਕਬਾਬ ਉਡਾਣੇ ਵਿੱਚ
ਫਰਕ ਨਾ ਆਵੇ। ਜਦੋਂ ਏਹ ਅੰਧਾਧੁੰਦ ਮੱਚੀ ਤਾਂ ਡੋਗਰਿਆਂ ਦੀ ਗੁੱਡੀ ਐਸੀ ਅਸਮਾਨ ਚੜ੍ਹੀ
ਅੰਤ ਨੂੰ ਓਹੋ ਹੋਈ ਜੋ ਮਦਾਂਧ ਰਾਜਿਆਂ+ (ਤੇ ਵਜ਼ੀਰਾਂ) ਦੀ ਦੁਰਦਸ਼ਾ ਹੁੰਦੀ ਹੈ।। — ।।ਉਸੇ ਸਮੇ ਅੰਗ੍ਰੇਜ਼ੀ ਫੌਜਾਂ
ਕਾਬਲ ਨਾ ਤੁਰ ਜਾਣਾ ਸੀ ਕਿਉਂਕੇ ਜਦ ੧੮੯੫ ਬਿ: ਨੂੰ ਮਹਾਰਾਜੇ ਰਣਜੀਤ ਸਿੰਘ ਦੀ ਸਹਾ

Digitized by Panjab Digital Library | www.panjabdigilib.org

ਇਸ ਨਾਲ ਅੰਗ੍ਰੇਜ਼ ਸ਼ਾਹ ਸੁਜਾਹਉਲ ਨੂੰ ਕਾਬਲ ਦੇ ਤਖ਼ਤ ਉੱਤੇ ਬੈਠਾ ਕੇ ਉਸ ਦੀ ਮਦਦ ਵਾਸਤੇ ੪੬੫
ਅਪਣੀ ਫ਼ੌਜ ਉਸ ਪਾਸ ਛੱਡ ਆਏ ਸੇ ਤੇ ਦੋਸਤ ਮਹੰਮਦ ਖਾਂ ਨੂੰ ਫੜ ਕੇ ਕਲਕੱਤੇ ਲੈ ਗਏ ਸੇ।
ਪਿੱਛੋਂ ਉਸ ਦੇ ਬੇਟੇ ਅਲੀ ਅਕਬਰ ਖਾਂ ਨੇ ਮੁਲਖਈਏ ਦੇ ਜ਼ੋਰ ਨਾਲ ਸ਼ਾਹ ਸੁਜਾ ਨੂੰ ਕਤਲ ਤੇ ਅੰ
ਗ੍ਰੇਜ਼ਾਂ ਨੂੰ ਕੈਦ ਕਰ ਬੁਰਾ ਦੁਖ ਦੇ ਰੱਖਿਆ ਸੀ ਮੇਮਾਂ ਤੇ ਸਾਹਿਬ ਲੋਕਾਂ ਤੋਂ ਗੋਹੇ ਚੁਗਾ ਕੇ ਹੀਆਂ ਮ
ਤਪਣਾ ਕਰਦੇ। ਨਾਲੇ ਅੰਗ੍ਰੇਜ਼ੀ ਫ਼ੌਜ ਬੀ ਦਗੇ ਨਾਲ ਖੂਨੀ ਬਰਫ਼ ਦੇ ਰਸਤੇ ਪਾ ਕੇ ਮਾਰ ਸੁੱ
ਟੀ। — ਹੁਣ ਉਹ ਬਦਲੇ ਪਠਾਣਾਂ ਤੋਂ ਲੈਣ ਵਾਸਤੇ ਅੰਗ੍ਰੇਜ਼ਾਂ ਨੇ ਪਹਿਲੇ ਮਹਾਰਾਜੇ ਸ਼ੇਰ
ਸਿੰਘ ਨੂੰ ਅਪਣਾ ਸਹਾਇਕ ਕਰ ਲੈਣ ਲਈ ਮੁਲਾਕਾਤ ਕਰਨੀ ਠਹਿਰਾਈ ਜਿਸ ਵਿੱਚ ਆਪ
ਤਾਂ ਮਹਾਰਾਜ ਰਾਜੇ ਧਿਆਨ ਸਿੰਘ ਦੇ ਆਖੇ ਲੱਗ ਕੇ ਨਾ ਗਏ ਅਪਣੇ ਬੇਟੇ ਪ੍ਰਤਾਪ ਸਿੰਘ ਨੂੰ ਧਿ
ਆਨ ਸਿੰਘ ਨਾਲ ਭੇਜਿਆ। ਤਾ: ੧੮ ਦਿਸੰ: ਕੋ ਫ਼ੀਰੋਜ਼ਪੁਰ ਜਾ ਕੇ ਏਹ ਮਿਲੇ ਪਹਿਲੇ ਤਾਂ
ਲਾਟ ਸਾਹਿਬ ਗੁੱਸੇ ਹੋਯਾ ਕਿ ਮਹਾਰਾਜ ਕਿਉਂ ਨਹੀਂ ਆਏ ਪਰ ਫੇਰ ਜਦ ਕੌਰ ਸਾਹਿਬ ਨਾਲ ਗੱ
ਲਾਂ ਹੋਈਆਂ ਤੇ ਕੌਰ ਜੀ ਦਾ ਅਤੀ ਸੁੰਦਰ ਸਰੂਪ ਬਣੇ ਨੈਣ ਚੰਗਾ ਸੁਭਾਵ ਖਿੜੀ ਹੋਈ ਮੋਹਣੀ
ਸੂਰਤ ਦੇਖੀ ਔਰ ਹਾਜ਼ਰ ਜੁਵਾਬ ਸੁਣੇ ਤਾਂ ਬਹੁਤ ਖੁਸ਼ੀ ਹੋਯਾ, ਜਾਣੋ ਕੌਰ ਜੀ ਨੇ ਮੋਹਣੀ
ਮੰਤ੍ਰ ਪਾ ਲੀਤਾ, ਸਭ ਰਸਮਾਂ ਮੁਲਾਕਾਤ ਦੀਆਂ ਬਰਤ ਕੇ ਲਾਟ ਸਾਹਿਬ ਨੇ ਅਪਣੇ ਲਿਕਚ
ਰ ਅਰਥਾਤ ਬਿਆਨ ਵਿੱਚ ਕੌਰ ਜੀ ਦੀ ਸ਼ੋਭਾ ਬਹੁਤ ਸਰਾਹੀ, ਤੇ ਏਹ ਬੀ ਆਖਿਆ ਕਿ ਸਿ
ਖੀ ਫ਼ੌਜ ਅੰਗ੍ਰੇਜ਼ੀ ਫ਼ੌਜ ਤੋਂ ਕੁਛ ਘਾਟ ਨਹੀਂ, ਕੌਰ ਜੀ ਦੀ ਤਸਵੀਰ ਵਿਲਾਯਤ ਭੇਜੀ। ਏ
ਸ ਮੁਲਾਕਾਤ ਨੇ ਦੋਹਾਂ ਸਰਕਾਰਾਂ ਵੱਲੋਂ ਦੋਸਤੀ ਬਹੁਤ ਪੱਕੀ ਕਰ ਦਿੱਤੀ। ਲਾਟ ਸਾਹਿਬ ਦੇ ਲਿ
ਖੇ ਮੂਜਬ ਇੱਕ ਤਾਂ ਮਹਾਰਾਜੇ ਨੇ ਕੈਦੀ ਅੰਗ੍ਰੇਜ਼ਾਂ ਨੂੰ ਦੁਖ ਦੇਣੋਂ ਪਠਾਣ ਹਟਾਏ। ਦੂਜੇ ਅੰਗ੍ਰੇ
ਜ਼ੀ ਫ਼ੌਜ ਨੂੰ ਅਪਣੇ ਮੁਲਕ ਵਿੱਚ ਦੀ ਰਾਹ ਤੇ ਮਦਦ ਦੇ ਕੇ ਛੇਤੀ ਕਾਬਲ ਪੁਚਾਯਾ। ਤੀ
ਜੇ ਰਾਜੇ ਗੁਲਾਬ ਸਿੰਘ ਨੂੰ ਅਪਣੀ ਫ਼ੌਜ ਦੇ ਕੇ ਅੰਗ੍ਰੇਜ਼ੀ ਫ਼ੌਜ ਦੀ ਸਹਾਇਤਾ ਤੇ ਝਗੜੇ
ਨਬੇੜਨ ਲਈ ਭੇਜਿਆ ਚੌਥੇ ਜਾਮਨ ਹੋ ਕੇ ਦੋਸਤ ਮੁਹੰਮਦ ਖਾਂ ਨੂੰ ਅੰਗ੍ਰੇਜ਼ਾਂ ਤੋਂ ਛੁਡਾ ਕੇ ਪਠ
ਣਾਂ ਦੇ ਹੱਥ ਫੜਾਯਾ ਤੇ ਅੰਗ੍ਰੇਜ਼ ਔਰ ਮੇਮਾਂ ਪਠਾਣਾਂ ਤੋਂ ਛੁਡਾ ਕੇ ਅੰਗ੍ਰੇਜ਼ਾਂ ਨੂੰ ਸੌਂਪੇ। —
ਏਨਾਂ ਗੱਲਾਂ ਨੂੰ ਮਹਾਰਾਜੇ ਸ਼ੇਰ ਸਿੰਘ ਦਾ ਜਸ ਤੇ ਦੋਹਾਂ ਬਾਦਸ਼ਾਹਾਂ ਉੱਤੇ ਅਹਿਸਾਨ ਹੋਯਾ।
ਦੇਖੋ ਲੇਡੀ ਸੇਲ ਸਾਹਿਬਾ ਦਾ ਬਹੁਤ ਇਕਰਾਰ ਜੋ ਪਾਰਲੀਮਿੰਟ ਵਿੱਚ ਉਸੇ ਸਾਲ ਲੀਤਾ ਗਿ
ਆ ਸੀ। ——

ਜਦੋਂ ਤੋਂ ਰਾਜਿਆਂ ਨੇ ਮਹਾਂ ਪਾਪ ਹੋ ਕੇ ਲਾਹੌਰ ਦੀ ਬਾਦਸ਼ਾਹੀ ਵਿੱਚ ਜੇਹੜੇ ਪਾਪ ਨਹੀਂ ਕਰਨੇ ਸੇ

ਲਾਟ ਏਲਨਬਰਾ ਸਾਹਿਬ ਦੀ ਮੁਲਾਕਾਤ।

ਮਦਦ ਦੇਣੀ ਅੰਗ੍ਰੇਜ਼ਾਂ ਨੂੰ ਮਹਾਰਾਜੇ ਨੇ

Digitized by Panjab Digital Library | www.panjabdigilib.org

੪੬੬ ਗਾਸੇ ਓਥੀ ਕਰੇ ਤੇ ਅਨੇਕ ਸਰਦਾਰ ਸਾਹੂਕਾਰ ਮਾਰਕੇ ਖਪਾ ਛੱਡੇ ਔਰ ੧੬ ਜੇਠ ਸੰ:੧੮੦੦ ਨੂੰ

ਡੋਗਰਿਆਂ ਦੀ ਬਦਨੀਤੀ

ਰਾਣੀ ਚੰਦ ਕੌਰ ਗੋਲੀਆਂ ਤੋਂ ਮਰਵਾ ਦਿੱਤੀ। ਓੜਕ ਏਹ ਥਾਪ ਲਈ ਕਿ ਜੇ ਕਦੇ ਸ਼ੇਰ ਸਿੰਘ ਬੀ ਸਾਡੇ ਅੱਗੇ ਕੁਛ ਆਕੜ ਕਰੇਗਾ ਤਾਂ ਅਸੀਂ ਏਸ ਨੂੰ ਬੀ ਖੜਗ ਸਿੰਘ ਤੇ ਕੌਰ ਨੌਨਿਹਾਲ ਸਿੰਘ ਦਾ ਸਾਥੀ ਕਰਕੇ ਕਿਸੇ ਹੋਰ ਸਾਹਜ਼ਾਦੇ ਨੂੰ ਤਖ਼ਤ ਬੈਠਾ ਲਵਾਂਗੇ। —— (ਦਿਲ ਦਾ ਦਿਲ ਸਾਖੀ ਹੁੰਦਾ ਹੈ) ਜਦ ਰਾਜਾ ਧਿਆਨ ਸਿੰਘ ਫੌਜੀ ਅਫਸਰਾਂ ਨੂੰ ਹੱਥ ਵਿੱਚ ਲੈਕੇ ਮਹਾਰਾਜੇ ਦੇ ਕੰਮ ਬੀ ਆਪੇ ਕਰਨ ਲੱਗ ਪਿਆ ਤਾਂ ਮਹਾਰਾਜ ਨੂੰ ਬੀ ਓਸਦੇ ਇਖਤਿਆਰ ਘਟਾਉਣ ਦਾ ਖ਼ਿਆਲ ਕੁਛ ਆਯਾ। ਨਾਲੇ ਭਾਈ ਰਾਮ ਸਿੰਘ ਤੇ ਜਮਾਂਦਾਰ ਨੇ ਏਹ ਸਲਾਹ ਦਿੱਤੀ ਕਿ ਡੋਗਰਿਆਂ ਦੇ ਦੰਦ ਤੋੜਨ ਲਈ ਏਨਾਂ ਦੇ ਵੈਰੀ ਸੰਧਾਂਵਾਲੀਏ ਸਮਰੱਥ ਹਨ। ਕੁਦਰਤ ਨਾਲ ਓਸੇ ਸਮੇਂ ਸਰਦਾਰ ਅੰਮ੍ਰਿਤਸਰ ਗਏ ਤਾਂ ਦਰਬਾਰ ਸਾਹਿਬ ਦੇ ਗ੍ਰੰਥੀ ਚੰਚਲ ਸਿੰਘ ਨੇ (ਜੋ ਇੱਕ ਅਰਜ਼ ਮਨ ਲੈਣ ਦਾ ਇਖਤਿਆਰ ਰੱਖਦਾ ਸੀ) ਸੰਧਾਂਵਾਲੀਆਂ ਦੇ ਗੁਨਾਹ ਦੀ ਮਾਫ਼ੀ ਮੰਗੀ।

ਸੰਧਾਵਾਲੀਆਂ ਦਾ ਦੋਸ਼ ਮੁਆਫ਼

ਮਹਾਰਾਜੇ ਨੇ ਓਸੇ ਦਿਨ ਲੈਣਾ ਸਿੰਘ ਨੂੰ ਕੈਦੋਂ ਛੱਡ ਦਿੱਤਾ, ਅਤਰ ਸਿੰਘ ਅਜੀਤ ਸਿੰਘ ਪਾਰ ਤੇ ਬੁਲਾ ਲੀਤੇ। ਓਨਾਂ ਬੀ ਗੁਰੂ ਗ੍ਰੰਥ ਸਾਹਿਬ ਉੱਤੇ ਹੱਥ ਰੱਖਕੇ ਸੌਂਹ ਖਾਧੀ ਤੇ ਲਿਖ ਦਿੱਤਾ ਕਿ ਅਸੀਂ ਮਹਾਰਾਜੇ ਸ਼ੇਰ ਸਿੰਘ ਦੇ ਤੇ ਏਸ ਦੀ ਉਲਾਦ ਦੇ ਕਦੇ ਵਿਰੋਧੀ ਨਾ ਹੋਵਾਂਗੇ। —

ਜਦ ਕਿ ਮਹਾਰਾਜੇ ਨੇ ਤਾਂ ਜੋ ਬਹੁਤ ਸਾਫ਼ ਦਿਲ ਆਦਮੀ ਸੀ ਓਨਾਂ ਦੇ ਕੌਲ ਕਰਾਰ ਉੱਤੇ ਭਰੋਸਾ ਕਰਕੇ ਓਨਾਂ ਦੇ ਗੁਨਾਹ ਮਾਫ਼ ਕਰ ਜਾਗੀਰਾਂ ਦੇ ਦਿੱਤੀਆਂ ਅਪਣੇ ਖ਼ਾਸ ਮੁਸਾਹਿਬ ਬਣਾ ਲਏ ਪਰ ਓਨਾਂ ਅਵੈੜਿਆਂ ਨੇ ਭੈੜਪਣਾਂ ਨਾ ਛੱਡਿਆ, ਉੱਤੋਂ ਤਾਂ ਮਹਾਰਾਜੇ ਦੇ ਮਿੱਤ੍ਰ ਅੰਦ੍ਰੋਂ ਅਪਣੇ ਨੇਮ ਧਰਮਾਂ ਨੂੰ ਖੂਹ ਵਿੱਚ ਸਿੱਟ ਕੇ ਮਿੱਤ੍ਰਧ੍ਰੋਹੀ ਬਣ ਬੈਠੇ, ਅਤਰ ਸਿੰਘ ਤਾਂ ਓਸੇ ਦਿਨ ਤੋਂ ਊਨੇ ਪਿੰਡ ਬੇਦੀ ਸਾਹਿਬਾਂ ਪਾਸ ਰਹਿਕੇ ਹਮੇਸ਼ ਲੈਣਾ ਸਿੰਘ ਤੇ ਅਜੀਤ ਸਿੰਘ ਨੂੰ ਏਹੋ ਲਿਖਦਾ ਰਹਾ ਕਿ ਜਦੋਂ ਤਕ ਤੁਸੀਂ ਸ਼ੇਰ ਸਿੰਘ ਨੂੰ ਨਹੀਂ ਮਾਰਦੇ ਤਦੋਂ ਤਕ ਅੰਨ ਨਹੀਂ ਖਾਂਦੇ ਗੋਹਾ ਖਾਂਦੇ ਹਾਂ। ਤੇ ਓਨਾਂ ਚੰਦਰਿਆਂ ਨੇ ਬੀ ਥੋੜੇ ਹੀ ਦਿਨਾਂ ਵਿੱਚ ਅਜੇਹੇ ਚੂਹੇ ਛੱਡੇ ਬਾਦਸ਼ਾਹ ਤੇ ਵਜ਼ੀਰ ਦੇ ਨੇਹ ਦੀ ਡੋਰੀ ਕੱਟ ਕੇ ਅੱਠੀ ਖੰਡ ਕਰ ਕੱਢੀ। ਇੱਕ ਨੂੰ ਦੂਜੇ ਦਾ ਵੈਰੀ ਬਣਾ ਦਿੱਤਾ।

ਸੰਧਾਂਵਾਲੀਆਂ ਦੀ ਕਰਤੂਤ

ਹੁਣ ਰਾਜੇ ਧਿਆਨ ਸਿੰਘ ਨੇ ਹੋਰ ਕਿਸੇ ਤਰਾਂ ਅਪਣੀ ਦਾਲ ਗਲਦੀ ਨਾ ਦੇਖੀ ਤਾਂ ਸੰਧਾਂਵਾਲੀਆਂ ਨਾਲ ਜੋੜ ਲਾਕੇ ਕਪਟ ਦੀ ਦੋਸਤੀ ਬਣਾ ਲਈ ਓਨਾਂ ਬੀ ਉੱਪਰੋਂ ੨ ਮਿੱਤ੍ਰਚਾਰਾ ਰੱਖਿਆ। ਏਹ ਤਾਂ ਦੋਵੇਂ ਧਿਰਾਂ ਦਗੇ ਦੇ ਭੜੋਲੇ ਕਪਟ ਦੇ ਕਠੋਲੇ ਤੇ ਮਹਾਰਾਜ ਸਾਫ਼ ਦਿਲ ਨਿਸ਼ਪਾਪ ਸਨ। ਓੜਕ ਓਸੇ ਚੰਡਾਲ ਚੌਕੜੀ ਨੇ ਏਹ ਠਹਿਰਾਈ ਕਿ ਸ਼ੇਰ ਸਿੰਘ ਨੂੰ ਮਾਰ



Digitized by Panjab Digital Library | www.panjabdigilib.org

ਕੇ ਦਲੀਪ ਸਿੰਘ ਨੂੰ ਗੱਦੀ ਬੈਠਕਰ ਖੁੱਲ੍ਹੇ ਦਿਲ ਰਾਜ ਕਰੀਏ। ਸੰਧਾਂਵਾਲੀਆਂ ਨੇ ਅਧ ੪੬੧
ਰਮ ਕਰਕੇ ਵਜੀਰ ਤੇ ਬਾਦਸਾਹ ਨੂੰ ਐਸਾ ਭੜਕਾਯਾ ਦੋਹਾਂ ਤੋਂ ਲਿਖਤਾਂ ਕਰਾ ਲੀਤੀਆਂ।
ਔਰ ਇੱਕ ਦੀ ਲਿਖਤ ਦੂਸਰੇ ਨੂੰ ਮਾਰਨ ਦੀ ਦੇਖਾਕਰ ਪੱਕੇ ਬੈਰੀ ਆਪਸ ਮੇਂ ਕਰ ਦਿੱਤੇ।—
ਹੁਣ ਬਾਦਸਾਹ ਤਾਂ ਵਜੀਰ ਦਾ ਮਰਨਾ ਸਮਝ ਬੈਠਾ ਤੇ ਵਜੀਰ ਬਾਦਸਾਹ ਨੂੰ ਚਲਾ ਚੁੱਕਾ ਓਹ
ਪਾਪੀ ਦੋਹਾਂ ਨੂੰ ਪਾਰ ਬੁਲਾਉਣਾ ਮਥ ਬੈਠੇ। ਓੜਕ ੧ ਅੱਸੂ ਸ਼ੁੱਕਰਵਾਰ ਸਵੇਰੇ ਹੀ ਮਹਾਂਰਾਜ
ਸਾਹ ਬਿਲਾਵਲ ਦੇ ਮਕਾਨ ਉੱਤੇ ਬਾਰੀ ਵਿੱਚ ਬੈਠੇ ਮੱਲਾਂ ਦਾ ਘੋਲ ਦੇਖ ਰਹੇ ਸੇ ਤੇ ਕੌਰ ਪ੍ਰ
ਤਾਪ ਸਿੰਘ ਨੂੰ ਅੱਸੂ ਦੀ ਸੰਕ੍ਰਾਂਤ ਸਮਝ ਕੇ ਪੁੰਨ ਦਾਨ ਕਰਣ ਦਾ ਹੁਕਮ ਦਿੱਤਾ। ਓਹ ਭੜ੍ਹਾ
ਣੀਆਂ ਦੇ ਬਾਗ ਵਿੱਚ ਗਊਆਂ ਦਾਨ ਤੁਲਾਦਾਨ ਕਰ ਰਿਹਾ ਸੀ। ਏਹ ਦੋਵੇਂ ਬਾਪ ਬੇਟਾ ਓਸ
ਮੌਤ ਤੋਂ ਅਚੇਤ ਸੇ ਜੇੜ੍ਹੀ ਏਨਾਂ ਦੇ ਸਿਰ ਉੱਤੇ ਲੌਂਦੀ ਸੀ, ਤਦੋਂ ਨੂੰ ਸੰਧਾਂਵਾਲੀਏ ਕੁਲਘਾ
ਤੀ ਅਪਣੀ ਫੌਜ ਸਮੇਤ ਹਾਜਰੀ ਦੇਣ ਦੇ ਬਹਾਨੇ ਚਲੇ ਆਏ, ਲੈਹਣਾ ਸਿੰਘ ਚੰਡਾਲ ਤਾਂ ਕੌਰ
ਜੀ ਵਨੀ ਗਿਆ ਤੇ ਅਜੀਤ ਸਿੰਘ ਕਾਲ੍ਹੇ ਮੂੰਹ ਵਾਲ੍ਹੇ ਨਿਮਕ ਹਰਾਮ ਨੇ ਮਹਾਂਰ
ਜੇ ਅੱਗੇ ਹਾਜਰ ਹੋ ਮੱਥਾ ਟੇਕ ਕੇ ਅਰਜ ਕੀਤੀ ਕੇ ਸਰਕਾਰ ਫੌਜ ਹਾਜਰ ਹੈ ਹਾਜਰੀ ਲੈ
ਲਓ, ਫੇਰ ਬੋਲਿਆ ਦੇਖੋ ਮਹਾਂਰਾਜ ਏਹ ਅੰਗ੍ਰੇਜੀ ਬੰਦੂਕ ਦੋਨਾਲੀ ਕੇਹੀ ਸੋਹਣੀ ਹੈ। ਦੋ
ਦਾਸੌ ਰੁਪਏ ਨੂੰ ਕਲਕੱਤੇ ਤੋਂ ਆਈ ਹੈ, ਓਸ ਸਾਫ ਦਿਲ ਮਹਾਂਰਾਜੇ ਨੇ ਤਾਂ ਅਪਣੀ ਮੌਤ ਰੂ
ਪੀ ਬੰਦੂਕ ਨੂੰ ਫੜਕੇ ਦੇਖਣ ਲਈ ਹੱਥ ਪਸਾਰਿਆ ਤੇ ਓਸ੍ਨੇ ਪਿੱਛੋਂ ਦੋਏ ਘੋੜੇ ਦਬਾ ਕਢੇ।
ਓਹ ਕਹਿਰ ਦਾ ਦੁਗਾੜਾ ਮਹਾਂਰਾਜੇ ਬਹਾਦੁਰ ਦੀ ਛਾਤੀ ਵਿੱਚ ਪਿਆ। ਏਤਨਾ ਕਹਿ ਕਰ
(ਓਹ ਏਹ ਕੀ ਦਗਾ ਹੋਯਾ ਏਹ ਕੀ ਗਜਬ ਹੋਯਾ) ਕੁਰਸੀ ਉੱਤੋਂ ਡਿਗ ਪਿਆ; ਬੁੱਧ ਸਿੰ:
ਨਿਮਕ ਹਲਾਲ ਮਹਾਂਰਾਜ ਦਾ ਤੇਗ ਸੂਤ ਕੇ ਕੁੱਦ ਪਿਆ ਦੋ ਆਦਮੀ ਸੰਧਾਂਵਾਲੀਆਂ ਦੇ
ਬੱਢੇ। ਤਿੰਨ ਜਖਮੀ ਕੀਤੇ, ਜਾਂ ਅਜੀਤ ਸਿੰਘ ਨੂੰ ਹੱਥ ਚਲਾਯਾ ਤਾਂ ਬਾਰੀ ਦੀ ਚੁਗਾਠ ਨਾ
ਲ ਲੱਗਕੇ ਤਰਵਾਰ ਦੋ ਟੋਟੇ ਹੋ ਗਈ ਤੇ ਆਪ ਅਪਣੇ ਮਾਲਕ ਦਾ ਸਾਥੀ ਹੋਯਾ। ਅਜੀ
ਤ ਸਿੰਘ ਨੇ ਮਹਾਂਰਾਜੇ ਦਾ ਸਿਰ ਵੱਢ ਕੇ ਕੇਸਾਂ ਤੋਂ ਫੜ੍ਹ ਕੌਰ ਪ੍ਰਤਾਪ ਸਿੰਘ ਵਨੀ ਬਾਗ ਉਠ
ਈ। ——— ।। ਓਧਰ ਕੌਰ ਪ੍ਰਤਾਪ ਸਿੰਘ ਛੀ ਤੁਲਾਦਾਨ ਤੇ ੨੧ ਗਊਆਂ ਪੰਜ ਹਜ
ਰ ਰੁਪਯਾ ਨਕਦ ਗਯਾਰਾ ਹਜਾਰ ਮਣ ਅੰਨ ੨੧ ਪੁਸਾਕੀਆਂ ਜੇਵਰਾਂ ਸਮੇਤ ਗਰੀ
ਬਾਂ ਨੂੰ ਬ੍ਰਾਹਮਣਾਂ ਨੂੰ ਦੇ ਚੁੱਕਾ ਸੀ, ਬਾਕੀ ਸੱਤਮੀ ਸੋਨੇ ਚਾਂਦੀ ਦੀ ਤੁਲਾ ਉੱਤੇ ਬੈਠਾ ਸੀ, ਤਦੋਂ
ਨੂੰ ਲਹਿਣਾ ਸਿੰਘ ਜੱਲਾਦ ਨੇ ਨੰਗੀ ਤਲਵਾਰ ਲਾਲ ਨੇਤ੍ਰ ਜਮ ਦੀ ਸੂਰਤ ਜਾ ਦਿਖਾਈ

ਬਾਦਸਾਹ ਤੇ ਵਜੀਰ ਦਾ ਕਤਲ

Digitized by Panjab Digital Library | www.panjabdigilib.org

੫੬੮ ਦਿਤੀ, ਸਾਹਜਾਦੇ ਪਾਸ ਨ ਕੋਈ ਸਸਤ੍ਰ ਧਾਰੀ ਆਦਮੀ ਤੇ ਨ ਸਸਤ੍ਰ ਸੀ, ਬ੍ਰਮਣ ਬਥੇਰੇ ਸੋਮ
ਓਸ ਨਿਕਾਰੀ ਮੰਗਤੀ ਜਾਤ ਤੋਂ ਕੁਛ ਨ ਬਣਿਆਈ, ਖਾਲੀ ਹੱਥ ਬਿਚਾਰੇ ਜੀਭਾਣੇ ਬਾਲਕ
ਨੇ ਉਸ ਕਸਾਈ ਦੀ ਖੋਟੀ ਨਿਗਾਹ ਦੇਖ ਕੇ ਛੇਤੀ ਨਾਲ ਹੱਥ ਜੋੜ ਗਲ ਵਿੱਚ ਪੱਲਾ ਪਾ ਪੈਰਾਂ
ਉੱਤੇ ਡਿਗ ਕੇ ਆਖਿਆ, ਚਾਚਾ ਜੀ ਰਾਜ ਤੁਸੀ ਕਰੋ ਮੈਂ ਤੁਸਾਡਾ ਗੁਲਾਮ ਹੋ ਕੇ ਰਹਾਂਗਾ ਚਾਚਾ ਜੀ
ਸਰਣ ਪਏ ਬੇਗੁਨਾਹ ਬਾਲਕ ਨੂੰ ਸੂਰਬੀਰ ਨਹੀਂ ਮਾਰਦੇ ਹੁੰਦੇ ਪਰ ਉਸ ਨਿਰਦਈ ਚੰਡਾਲ
ਨੇ ਇੱਕ ਨ ਸੁਣੀ ਤਲਵਾਰ ਮਾਰ ਕੇ ਸਿਰ ਕੱਟ ਲਿਆ, ਕੇਸਾਂ ਤੋਂ ਫੜ ਘੋੜੇ ਪਰ ਚੜ੍ਹ ਸਹਿਰ ਦੀ
ਤਰਫ ਬਾਗ ਫੇਰੀ ਅੱਗੋਂ ਅਜੀਤ ਸਿੰਘ ਟੱਕਰ ਪਿਆ ਦੋਨੋਂ ਬਾਪ ਬੇਟੇ ਦਾ ਸਿਰ ਲਟਕਾਉਂ
ਦੇ, ਲਹੂ ਟਪਕਾਉਂਦੇ ਖੁਸੀ ਦੇ ਗੀਤ ਗਾਉਂਦੇ ਸਹਿਰ ਨੂੰ ਆਏ, ਤਾਂ ਦਰਵਾਜੇ [illegible]ਈਆਂ ਹਟ
ਤਾਲ ਆਸਮਾਨ ਬਦਰੰਗ ਆਦਮੀ ਜਰਦ ਅਗਿ ਹਾਹਾਕਾਰ ਕਰਦੇ ਪਾਏ, ਰਾਜਾ ਧਿਆਨ ਸਿੰ
ਘ ਕਿਲੇ ਵੱਲੋਂ ਆਪਣੀ ਹਵੇਲੀ ਨੂੰ ਜਾ ਰਿਹਾ ਸੀ, ਫਤੇ ਬੁਲਾਂਦੇ ਦੇ ਸਿਰ ਦਿਖਾ ਆਖਿਆ, ਲਓ
ਰਾਜਾ ਜੀ ਅਸੀਂ ਤਾਂ ਤੁਸਾਡੇ ਵੈਰੀਆਂ ਦਾ ਤੁਸਾਂ ਦੇ ਕਹੇ ਮੂਜਬ ਕੰਮ ਕਰ ਆਏ, ਹੁਣ ਮੇਰੇ, ਦਲੀਪ
ਸਿੰਘ ਨੂੰ ਤਖਤ ਬੈਠਾਓ ਵਜੀਰ ਨੇ ਹੈਰਾਨ ਹੋ ਕੇ ਆਖਿਆ, "ਈਹੇ ਛੇ ਕਰੂਦ ਨਾਹੱਕ ਖੂਨ ਕੀਏ
ਕੀਤਾ" ਜਾਲਮ ਬੋਲੇ ਤੁਸੀ ਏਹ ਖਿਆਲ ਨ ਕਰੋ ਪਿੱਛੇ ਮੁੜੋ, ਓਹ ਤਾਂ ਮੁੜਨਾ ਨਹੀ ਚਾਹੁੰਦਾ
ਸੀ ਪਰ ਕੀ ਕਰੇ ਮੁੜਨਾ ਪਿਆ, ਕਿਲੇ ਅੰਦਰ ਵੜਦਿਆਂ ਹੀ ਅਜੀਤ ਸਿੰਘ ਨੇ ਡੋਗਰੇ ਸਪਾ
ਹੀ ਰੋਕ ਦਿੱਤੇ, ਅੱਗੇ ਜਾ ਕੇ ਲੇਹਣੇ ਸਿੰਘ ਬੋਲਿਆ ਰਾਜਾ ਜੀ ਰਾਣੀ ਚੰਦ ਕੌਰ ਕਿੱਥੇ ਮਾਰੀ
ਸੀ, ਏਹ ਸੁਣਦੇ ਸਾਰ ਧਿਆਨ ਸਿੰਘ ਕੰਬਿਆ, ਆਪਣਾ ਪਾਪ ਯਾਦ ਆਯਾ ਤੇ ਪਿਛਾਹਾਂ ਦੇਖਿਆ
ਤਾਂ ਆਪਣਾ ਸਿਪਾਹੀ ਕੋਈ ਨ ਦਿਸਆਯਾ, ਦੋ ਪੈਰ ਚੱਲ ਕੇ ਅਜੀਤ ਸਿੰਘ ਬੋਲਿਆ, ਰਾਜਾ ਜੀ ਦ
ਲੀਪ ਸਿੰਘ ਦਾ ਵਜੀਰ ਕੌਣ ਹੋਊ, ਓਹਨੇ ਆਖਿਆ "ਮੁੱਜੇ ਰੱਖੋ ਤਾਂ ਤੁਸੀ ਮਰਜੀ" ਤਾਈ ਗੁਰ
ਮੁਖ ਸਿੰਘ ਗਿਆਨੀ ਬੋਲਿਆ, ਬਲਟੇਹਨਾ ਲਯਾ ਤਾਂ ਕੜਛ ਪੁਰਾਣਾ ਕਿਸ ਰੱਖਣਾ, ਏਸ ਰ
ਮਜ ਨੂੰ ਸਮਝ ਕੇ ਅਜੀਤ ਸਿੰਘ ਨੇ ਅੱਖ ਮਾਰੀ ਤਾਂ ਉਸ ਦੇ ਆਦਮੀ ਨੇ ਪਿੱਛੋਂ ਕਰਾਬੀਨ ਛੋੜ ਦਿ
ਤੀ ਧਿਆਨ ਸਿੰਘ ਦੜ ਜਮੀਨ ਉੱਤੇ ਡਿਗ ਪਿਆ ਓਦੇ ਪੁੜ ਵਲ ਨੇ ਤਲਵਾਰ ਖੈਂਚੀ ਪਰ ਜਾ
ਲਮਾਂ ਨੇ ਉਸ ਦੇ ਬੀ ਦੋ ਟੁਕੜੇ ਕਰ ਕੱਢੇ ਅਜੀਤ ਸਿੰਘ ਨੇ ਘੋੜੇ ਉੱਤੋਂ ਉਤ੍ਰ ਵਜੀਰ ਦੇ ਚਾਰ ਟੁਕੜੇ
ਕਰ ਕੂੜ ਦੇ ਖਾਨੇ ਦੀ ਖਾਈ ਵਿੱਚ ਸਿੱਟ ਦਿੱਤਾ, ਹੁਣ ਵਗੇ ਬਾਜ ਤੁੱਰਛ ਬੁੰਧੀ ਅਜੀਤ ਸਿੰਘ ਜੀ
ਨੇ ਪੰਜਾਬ ਦੇ ਲਾਇਕ ਬਾਦਸਾਹ ਤੇ ਦਾਨਸਮੰਦ ਵਜੀਰ ਨੂੰ ਮਾਰ ਕੇ ਬੜੀ ਖੁਸੀ ਨਾਲ ਰਾਣੀ ਜਿੰਦ
ਕੌਰ ਨੂੰ ਜਾ ਬਧਾਈ ਦਿੱਤੀ, ਮਹਿਲ ਵਿੱਚੋਂ ਦਲੀਪ ਸਿੰਘ ਨੂੰ ਗੋਦੀ ਚੁੱਕ ਕੇ ਲਿਆ ਕਰ ਤਖਤ ਉੱਤੇ

1 ਚੰਦਕੌਰ ਨੂੰ ਮਰਵਾਣੇ ਲੇਹਣਾ ਸਿੰਘ ਨੇ ਸਬ ਫਸਾਦ ਦੂਰ ਕਰਨ ਲਈ ਅਨਿੰਦ ਪਕੜ ਕੇ ਆਪਣੀ ਰਾਣੀ ਕਰ ਲੈਣੇ ਪਰ

ਮਹਾਂਰਾਜੇ ਸੇਰਸਿੰਘ ਦੇ ਲਹੂ ਦਾ ਤਿਲਕ ਕਰ ਪੰਜਾਬ ਦਾ ਬਾਦਸਾਹ ਬਣਾ ਦਿੱਤਾ। ਨਾਲੀ ਬਾਦਸਾ ੪੯੮
ਹੀ ਤੇ ਅਪਣੀ ਵਜ਼ੀਰੀ ਬਣਾ ਲੈਣ ਦੀ ਖੁਸੀ ਵਿੱਚ ਬੰਦੋਬਸਤ ਕਰਨਾ ਭੁੱਲ ਕੇ ਸੰਧਾਂਵਾਲੀਏ ਤਾਂ
ਰਾਰਯਾਰੀ ਦੀ ਸਭਾ ਜਮਾ ਕਰ ਸਰਾਬ ਪੀਣੇ ਤੇ ਨਾਚ ਦੇਖਣੇ ਵਿੱਚ ਮਸਤ ਹੋ ਬੈਠੇ, ਸਰਦਾਰਾਂ ਨੇ ਆ
ਖਿਆ, ਜੋ ਕੁਛ ਕਰਣਾ ਸੀ ਸੋ ਤਾਂ ਕਰ ਕੱਢਿਆ ਹੁਣ ਤੁਸੀ ਮਹਾਂਰਾਜੇ ਦਲੀਪ ਸਿੰਘ ਨੂੰ ਸਾਥ ਲੈ ਕੇ
ਫੌਜਾਂ ਵਿੱਚ ਚੱਲੋ ਤੇ ਅਫਸਰਾਂ ਨੂੰ ਇਨਾਮ ਦੇ ਦੇ ਕੇ ਅਪਣੇ ਬਣਾਓ, ਲੈਹਣਾ ਸਿੰਘ ਗਿੱਝ ਕੇ ਬੋ
ਲਿਆ (ਭੂਪ ਬਿਨਾ ਕਰੇ ਕੌਨ ਲਰਾਈ।) ਸਰਦਾਰ ਜੀ ਅਸੀ ਏਹ ਕੰਮ ਫੌਜ ਦੇ ਭਰੋਸੇ ਉੱਤੇ ਨਹੀਂ
ਕੀਤਾ ਅਪਣੀਆਂ ਭੁਜਾਂ ਦੇ ਭਰੋਸੇ ਕੀਤਾ ਹੈ।——

ਮਹਾਂਰਾਜਾ ਸੇਰਸਿੰਘ ਅਤੀ ਸੁੰਦਰ ਕੁੰਦਨ ਦੇ ਰੰਗ ਗੋਲ੍ਹ ਚਿਹਰਾ ਬਹੁਤ ਬੜੇ ੨ ਨੇਤ੍ਰ ਗੌਰ ਗਿਰਦ ਮਹਾਂਰਾਜ ਸ਼ੇਰ ਸਿੰਘ ਦੇ ਗੁਣ
ਦਾੜ੍ਹੀ ਕੁੰਡੇ ਮੁੱਛਾਂ ਹੇਠੇ ਚੌੜੀ ਛਾਤੀ ਨਿਹਾਯਤ ਜੋਰ ਵਾਲ਼ਾ ਕੱਦਾਵਰ ਸਿਰ ਪੈਰ ਤੋਂ ਇੱਕੋ ਜੇਹਾ ਪੂ
ਰੇ ਦਾ ਪੈਰਾਂ ਸੀ। ਅਕਲ ਦਾ ਧਨੀ ਬੀ ਐਡਾ ਸੀ ਜੋ ਨਵਾਂ ਕੰਮ ਦੇਖ ਲੈਂਦਾ ਉਹ ਆਪ ਕਰ ਦਿਖਾਉਂ
ਦਾ; ਅਨੇਕ ਤਰਾਂ ਦੇ ਮੰਤ੍ਰ, ਜੰਤ੍ਰ, ਤੰਤ੍ਰ, ਹੁੰਨਰ, ਦਾਰੂਆਂ, ਕੁਸਤੇ ਕਰਨੇ ਉਸ ਨੂੰ ਆਉਂਦੇ ਸਨ। ਪੰਜਾਬ ਵਿ
ਚ ਕੁੜਤੇ ਪਜਾਮੇ ਪਹਿਰਨ ਦੀ ਰਸਮ ਉਸੇ ਤੋਂ ਨਿਕਲੀ ਹੈ।—— ।।ਸੂਰਬੀਰ ਦਲੇਰ ਐ
ਸਾ ਸੀ ਇੱਕ ਵਾਰੀ ਹਜਾਰੇ ਦੇ ਨੁਵਾਬ ਮੁਹੰਮਦ ਅਮੀਨ ਖਾਂ ਨੇ (ਜੋ ਸਾਰੇ ਦੇਸ ਵਿੱਚ ਧੁੰਮਿਆ ਹੋ
ਯਾ ਜੋਰਾਵਰ ਜੋਧਾ ਸੀ) ਜੰਗ ਦੇ ਸਮੇ ਅੱਗੇ ਵਧ ਕਰ ਲਲਕਾਰ ਮਾਰਿਆ, ਕੇ ਕੋਈ ਸਿੰਘ
ਮੇਰੇ ਸਾਥ ਇਕੱਲਾ ਮੈਦਾਨ ਵਿੱਚ ਨਿਕਲੇ। ਉਸ ਦੇ ਉੱਜੇਹੇ ਪਠਾਣ ਤੋਂ ਡਰਦਾ ਜਦ ਹੋਰ ਕੋਈ
ਸਿੰਘ ਨਾ ਅੱਗੇ ਵਧਿਆ ਤਾਂ ਏਹੋ ਮਹਾਂਰਾਜ ਹਾਥੀ ਉੱਤੋਂ ਟੱਪ ਪਏ, ਢਾਲਾਂ ਤਲਵਾਰਾਂ ਨਾਲ੍ਹ ਦੋਵੇਂ
ਖੂਬ ਲੜੇ। ਓੜਕ ਉਸ ਮੁਨਾਰੇ ਜੈਸੇ ਨੂੰ ਦੋ ਧੜ ਕਰ ਸਿੱਟਿਆ, ਫੇਰ ਤਾਂ ਏਸ ਦਾ ਐਡਾ ਹੋਸਲਾ ਖੁੱ
ਲ੍ਹਿਆ, ਅਨੇਕ ਪਠਾਣ ਏਸੇ ਤਰਾਂ ਲੜ ਕਰ ਕੇ ਝਾੜੇ, ਤਾਂਹੀ ਮਹਾਂਰਾਜੇ ਰਣਜੀਤ ਸਿੰਘ ਨੇ ਏਸ ਨੂੰ ਸ
ਬਾਜ਼ੇ ਤੇ ਜੈਗੀਰ ਦਿੱਤੀ ਸੀ।— ।।ਹਾਇ ਅਫਸੋਸ ਐਸੇ ਲਾਇਕ ਬਹਾਦੁਰ ਬਾਦਸ਼ਾਹ ਨੂੰ ਏ
ਨੰ ਦਗੇਬਾਜ਼ ਜ਼ਾਲਮਾਂ ਨੇ ਧੋਖਾ ਦੇ ਕੇ ਮਾਰ ਸੁੱਟਿਆ ਜਿਸ ਪਾਪ ਦਾ ਫਲ ਉਨਾਂ ਨੂੰ ਬੀ ਪ੍ਰਮੇਸ਼੍ਰ ਨੇ
ਹੱਥੋ ਹੱਥੀ ਦਿੱਤਾ।——

ਬਾਕੀ ਸਫਾ ੧੦੦੨ ਦਾ

ਹਾਜ਼ੀ ਕਰ ਲਿਆ ਸੀ ਪਰ ਰਾਜੇ ਗੁਲਾਬ ਸਿੰਘ ਨੇ ਏਹ ਖਿਆਲ ਕਰ ਕੇ ਜੋ ਜੇਕਰ ਏਹ ਰਾਣੀ ਬਣ ਜਾਵੇ ਤਾਂ ੧੯ ਲੱਖ
ਦੀ ਏਸ ਦੀ ਜਾਗੀਰ ਤੇ ਕਰੋੜਾਂ ਰੁਪਏ ਦਾ ਖਜਾਨਾ ਜੋ ਮੇਰੇ ਪਾਸ ਹੈ ਏਹ ਸਭ ਸ਼ੇਰਸਿੰਘ ਨੂੰ ਮੋੜ ਕੇ ਦੇਣਾ ਪਏਗਾ ਏਸ ਕਰਕੇ
ਚੰਦ ਕੌਰ ਨੂੰ ਸਿਖਾ ਕੇ ਕਰੇਵਾ ਕਰਨੋਂ ਹਟਾ ਦਿੱਤਾ। (ਐਸੀ ਖੂਬੀ ਮਤ, ਪਿਛੋ ਪਛੁਤਾਈ ਜਬ ਨਾਦਾਨੀ) ਤਦ ਨੂੰ ਕੌਰ ਨੌ ਨਿ
ਹਾਲ ਸਿੰਘ ਦੀ ਰਾਣੀ ਦੇ ਬੇਟਾ ਜੰਮਿਆ, ਡੋਗਰਿਆਂ ਨੇ ਸੇਰਸਿੰਘ ਨੂੰ ਏਹ ਸਲਾਹ ਦੇ ਕੇ ਜੋ ਮਤ ਕਿਦਰੇ ਸਿੱਖ ਸਰਦਾਰ
ਏਸੇ ਨੂੰ ਬਾਦਸ਼ਾਹੀ ਦੇਣ ਦਾ ਯਤਨ ਕਰਨ ਪਰ ਹਾਜ਼ੀ ਕਰ ਲਿਆ ਸੇਰਸਿੰਘ ਤਾਂ ਦਲੀਲ ਕਰਦਾ ਰਿਹਾ ਤੇ ਡੋਗਰਿਆਂ ਨੇ ਦਾਸੀ
ਤੋਂ ਮਹੁਰਾ ਦਿਵਾ ਕੇ ੮ ਦਿਨ ਦੇ ਨੂੰ ਪਾਰ ਬੁਲਾਯਾ ਤੇ ਚੰਦ ਕੌਰ ਨੂੰ ਪਾਖਾਨੇ ਵਿੱਚ ਚਾਰ ਗੋਲੀਆਂ ਤੋਂ ਮਰਵਾ ਕੇ ਬਦਨਾਮੀ ਦੇ ਖਾਤੇ ਵਿੱਚ ਸਿਟਾ ਦਿੱਤਾ

ਬ੍ਰਿਤਾਂਤ

# ਮਹਾਰਾਜਾ ਦਲੀਪ ਸਿੰਘ ਦਾ

।।ਏਧਰ ਸੰਧਾਂਵਾਲੀਏ ਤਾਂ ਇਉਂ ਇਕ ਬਾਦਸ਼ਾਹ ਤੇ ਦਾਨਾਈ ਦੇ ਪੁੰਜ ਵਜ਼ੀਰ ਨੂੰ ਕਤਲ ਕਰ ਚਾਰ
ਬਰਸ ਦੇ ਬਾਲਕ ਦਲੀਪ ਸਿੰਘ ਨੂੰ ਤਖਤ ਬੈਠਾ ਅਪਨੇ ਵਜ਼ੀਰ ਹੋਣੇ ਦੇ ਘਮੰਡ ਵਿੱਚ ਬੇ ਫਿ
ਕਰ ਬੈਠ ਰਹੇ।।ਉਧਰ ਰਾਜਾ ਹੀਰਾ ਸਿੰਘ ਧਿਆਨ ਸਿੰਘ ਦਾ ਪੁੱਤ੍ਰ ਪਹਿਲੇ ਤਾਂ ਏਹ ਖਬਰ ਸੁਣ
ਵੈਸਾਰ ਬੇਹੋਸ਼ ਹੋ ਕੇ ਡਿੱਗ ਪਿਆ ਚੀਕਾਂ ਮਾਰ ੨ ਰੋਇਆ ਅੱਗੀ ਵਾਂਗੂੰ ਤੜਫਦੇ ਨੂੰ ਉਸ ਦੇ ਚਾਚੇ
ਰਾਜੇ ਸੁਚੇਤ ਸਿੰਘ ਨੇ ਸਮਝਾ ਬੁਝਾ ਕੇ ਆਖਿਆ, ਰੋਣਾਂ ਤਾਂ ਤ੍ਰੀਮਤਾਂ ਦਾ ਕੰਮ ਹੈ ਜੇ ਤੂੰ ਚੰਗਾ ਪੁੱਤ੍ਰ
ਹੈ ਤਾਂ ਬਾਪ ਦਾ ਬੈਰ ਲੈ।— ।।ਏਹੋ ਗੱਲ ਕਰਕੇ ਚਾਚਾ ਭਤੀਜਾ ਦੋਵੇਂ ਰਾਜੇ ਲਾਲ ਸਿੰਘ ਪਾਸ ਆ
ਏ।।ਉਸ ਨੂੰ ਸਾਥ ਲੈ ਕੇ ਹੀਰਾ ਸਿੰਘ ਨੇ ਅਬੂਤਬੇਲੇ ਵਾਲੀ ਸਿੰਘਾਂ ਦੀ ਫੌਜ ਵਿੱਚ ਜਾ ਸਿਪਾਹ ਨੂੰ
ਪ੍ਰੇਟ ਵਿੱਚ ਜਮਾ ਸਰਦਾਰਾਂ ਨੂੰ ਬੁਲਾ ਅਪਣੀ ਤਲਵਾਰ ਖਾਲਸੇ ਅੱਗੇ ਸੁੱਟ ਕੇ ਪਹਿਲੇ ਤਾਂ ਰੋ
ਰੋ ਕਰ ਅਪਣਾ ਦੁੱਖ ਤੇ ਸੰਧਾਂਵਾਲੀਆਂ ਦੇ ਜ਼ੁਲਮ ਸੁਣਾਏ।ਫੇਰ ਹੱਥ ਜੋੜ ਗਲ ਵਿੱਚ ਪੱਲਾ
ਪਾ ਪ੍ਰਣਾਮ ਕਰ ਆਖਿਆ, ਖਾਲਸਾ ਜੀ ਮੈਂ ਅਨਾਥ ਤੁਸਾਡੀ ਸਰਣ ਹਾਂ; ਯਾ ਤਾਂ ਮੈਨੂੰ ਏਸੇ
ਤਲਵਾਰ ਨਾਲ ਹੁਣੇ ਮੁਕਾ ਛੱਡੋ ਨਹੀਂ ਤਾਂ ਜਿਨ੍ਹਾਂ ਬੇਈਮਾਨਾਂ ਨਿਮਕ ਹਰਾਮਾਂ ਨੇ ਖਾਲਸੇ ਦੇ ਬਾ
ਦਸ਼ਾਹ ਤੇ ਵਜ਼ੀਰ ਨੂੰ ਗਾਜਰਾਂ ਵਾਂਗੂੰ ਵੱਢ ਸੁੱਟਿਆ, ਉਨ੍ਹਾਂ ਤੋਂ ਬਦਲਾ ਲੈ ਦੇਓ ਤਾਂ ਮੈਂ ਤੁਸਾਡਾ
ਅਹਿਸਾਨ ਕਦੇ ਨਾ ਭੁੱਲਾਂਗਾ।— ।।ਏਸ ਬਾਤ ਨੇ ਸਿੰਘਾਂ ਦੇ ਦਿਲ ਬਦਾ ਦਿੱਤੇ ਸੰਧਾਂਵਾਲੀ
ਆਂ ਦੇ ਦਗੇ ਤੇ ਹੰਕਾਰ ਔਰ ਮਹਾਂ ਪਾਪ ਨੇ ਸਿੰਘਾਂ ਨੂੰ ਅੰਤ ਰੋਹ ਚੜ੍ਹਾ ਦਿੱਤਾ।ਉਸੇ ਘੜੀ ਤਿਆ
ਰੀ ਦੇ ਹੁਕਮ ਕਰ ਦਿੱਤੇ।ਫੇਰ ਤਾਂ ਸਾਉਣ ਦੇ ਬੱਦਲਾਂ ਵਾਂਗੂੰ ਫੌਜ ਮਾਰੂ ਬਾਜੇ ਬਜਾਉਂਦੀ ਹੋ
ਈ ਕਿਲੇ ਵਲੀ ਉਮੰਡ ਆਈ, ਅੱਗੇ ੨ ਰਾਜਾ ਹੀਰਾ ਸਿੰਘ ਪਿੱਛੇ ਅਬੂਤਬੇਲਾ ਤੇ ਵੈਤੂਰਾ
ਸਾਹਿਬ ਆਦਿਕ ਸਬ ਅਫਸਰ ਚੱਲ ਪਏ।ਸੰਝ ਸਮੇਂ ਜਾ ਕਿਲੇ ਨੂੰ ਤੋਪਾਂ ਲਾਈਆਂ।ਸੰ
ਧਾਂਵਾਲੀਏ ਤਾਂ ਸ਼ਰਾਬੀ ਹੋਏ ਬੇਹੋਸ਼ ਪਏ ਸੇ, ਪਰ ਉਨ੍ਹਾਂ ਦਾ ਕਾਰਦਾਰ ਮਹਿਰ ਘਸੀਟਾ
ਜੋ ਗਿਣਤੀ ਦਾ ਸੂਰਬੀਰ ਮਹਾਰਾਜੇ ਨੇ ਮਾਲੀ ਤੋਂ ਸਰਦਾਰ ਕੀਤਾ ਸੀ, ਅੜ ਅਪਣੀ ਫੌ
ਜ ਨੂੰ ਸਾਰੀ ਰਾਤ ਲੜਾਉਂਦਾ ਰਿਹਾ।— ।।ਬਾਹਰ ਤੋਂ ਰਾਜੇ ਸੁਚੇਤ ਸਿੰਘ ਤੇ ਰਾਇਕੇ
ਸ਼ੀ ਸਿੰਘ ਨੇ ਸ਼ਾਹੀ ਮਸੀਤ ਦੇ ਮੀਨਾਰਾਂ ਉੱਤੇ ਹਲਕੀਆਂ ਤੋਪਾਂ, ਜੰਬੂਰੇ ਚੜ੍ਹਾ ਕੇ ਕਿਲੇ

Digitized by Panjab Digital Library | www.panjabdigilib.org

ਅੰਦਰ ਵੈਰੀਆਂ ਦਾ ਫਿਰਨਾ ਤੁਰਨਾ ਬੰਦ ਕਰ ਦਿੱਤਾ, ਜਦ ਕਿ ਅਜੀਤ ਸਿੰਘ ਤੇ ਲਹਿਣਾ ਸਿੰਘ ਨੇ ਭੀ ਜਾਗ ਕੇ ਗੋਲਾ ਅੰਦਾਜ਼ਾਂ ਨੂੰ ਇਨਾਮ ਦੇਣਾ ਕਰ ਬਹੁਤ ਲੜਾਇਆ ਪਰ ਤੋੜੇ ਨੂੰ ਬਹਰਦੀਆਂ ਤੋਪਾਂ ਨੇ ਅਨੇਕ ਜਗ੍ਹਾ ਤੋਂ ਕਿਲੇ ਦੀ ਕੰਧ ਢਾਹ ਸਿੱਟੀ ਸੀ ਤੇ ਅੰਦਰ ਦੀ ਫੌਜ ਬੀ ਅੱਧੀ ਮਰ ਚੁੱਕੀ ਸੀ। ਜੇ ਪਹਿਲਾਂ ਹੀ ਹੀਰਾ ਸਿੰਘ ਵਾਂਗੂ ਫੌਜ ਨੂੰ ਆਪਣੀ ਬਣਾ ਲੈਂਦੇ ਤਾਂ ਕੁਛ ਬਣ ਬੀ ਜਾਂਦਾ ਪਰ (ਟੋਆ ਪੁਟਦੇ ਨੂੰ ਖਾਤਾ ਤਿਆਰ ਹੈ) ਜ਼ਾਲਮਾਂ ਦੀ ਉਮਰ ਥੋੜੀ ਹੁੰਦੀ ਹੈ ਜੇਹਾ ਉਨ੍ਹਾਂ ਕੀਤਾ ਤੇਹਾ ਪਾਇਆ ਭੇੜੇ ਨੇ ਗੀਦੀ ਹੋਕੇ ਮਰੇ ਅਜੀਤ ਸਿੰਘ ਤਾਂ ਸੁਬਰੇਦੀ ਧਰਮਸਾਲਾ ਪਾਸੋਂ ਕੋਟ ਉੱਤੋਂ ਲੱਜ ਨਾਲ ਉਤਰਦਾ ਹੋਇਆ ਕਾਦਰਬਖਸ਼ ਸਿਪਾਹੀ ਨੇ ਵੱਢ ਸਿਟਿਆ। ਲਹਿਣਾ ਸਿੰਘ ਤੇ ਮਾਹਿਰ ਪਸੀਟਾ ਗੰਦੀ ਮੋਰੀ ਥਾਣੀ ਨਿਕਲਦੇ ਹੋਏ ਉਸੇ ਥਾਂ ਗਿੱਦੜਾਂ ਵਾਂਗੂ ਕੁੱਟੇ ਗਏ। ਰਾਜੇ ਹੀਰਾ ਸਿੰਘ ਨੇ ਫਤੇ ਪਾ ਕੇ ਕਿਲੇ ਵਿਚ ਆਪਣਾ ਦਖਲ ਕਰ ਲਿਆ। ਜਦ ਕਿ ਖਾਲਸੇ ਨੇ ਕਿਲੇ ਤੇ ਸ਼ਹਿਰ ਵਿੱਚ ਲੁੱਟ ਦਾ ਹੱਥ ਬਹੁਤ ਮਾਰਿਆ ਪਰ ਹੀਰਾ ਸਿੰਘ ਨੇ ਛੇਤੀ ਨਾਲ ਬੰਦੋਬਸਤ ਕਰਕੇ ਢੰਢੋਰਾ ਫੇਰ ਦਿੱਤਾ ਕਿ "ਰਾਜ ਦਲੀਪ ਸਿੰਘ ਦਾ ਵਜ਼ੀਰੀ ਹੀਰਾ ਸਿੰਘ ਦੀ" ਫੇਰ ਅਜੀਤ ਸਿੰਘ ਤੇ ਲਹਿਣਾ ਸਿੰਘ ਦੇ ਲੱਤੀਂ ਰੱਸੇ ਪਵਾ ਕੇ ਪਹਿਲੇ ਤਾਂ ਸ਼ਹਿਰ ਵਿਚ ਘਸੀਟ ਕਢਾਈ ਫੇਰ ਟੁਕੜੇ ੨ ਕਰ ਲਾਹੌਰ ਦੇ ਸਭਨਾਂ ਦਰਵਾਜ਼ਿਆਂ ਅੱਗੇ ਖਿੱਚਾਂ ਨਾਲ ਟੰਗਾ ਕੇ ਚੀਲ੍ਹਾਂ ਕਾਵਾਂ ਨੂੰ ਖੁਵਾ ਦਿੱਤੇ। ਉਨ੍ਹਾਂ ਦੇ ਘਰ ਬਾਰ ਜ਼ਬਤ ਕਰਕੇ ਸਭ ਸਫਾਈ ਕਰ ਕੱਢੀ। ਮਿਸਰ ਬੇਲੀ ਰਾਮ ਤੇ ਗੁਰਮੁਖ ਸਿੰਘ ਗਿਆਨੀ ਜੇਹੇ ਉਨ੍ਹਾਂ ਦੇ ਆਦਮੀ ਬੜੀ ਦੁਰਦਸ਼ਾ ਕਰਕੇ ਮਾਰੇ। —— ਰਾਜਾ ਹੀਰਾ ਸਿੰਘ ਨੇ ਫੌਜ ਦੀ ਤਨਖਾਹ ਪਿਛਲੀ ਦਾਮ ਦਾਮ ਦੇ ਕੇ ਅੱਗੇ ਨੂੰ ਹਰੇਕ ਬੰਦੂਕ ਪਤੀ ੧੨) ਬਾਰਾਂ ਰੁਪਏ ਮਹੀਨਾ ਵਧਾ ਦਿੱਤੀ। ਇਸ ਕਰਕੇ ਫੌਜ ਤਾਂ ਖੁਸ਼ ਹੋ ਗਈ ਪਰ ਮਹਾਰਾਜੇ ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਨੇ (ਜੋ ਆਪ ਵਜ਼ੀਰੀ ਚਾਹੁੰਦਾ ਸੀ) ਨਾਰਾਜ਼ ਹੋ ਕੇ ਰਾਣੀ ਜਿੰਦ ਕੌਰ ਨੂੰ ਸਿਖਾ ਕੇ ਵਜ਼ੀਰ ਨਾਲ ਲੜਾ ਦਿੱਤਾ। — ਰਾਜੇ ਹੀਰਾ ਸਿੰਘ ਦਾ ਗੁਰੂ ਤੇ ਸਲਾਹਕਾਰ ਪੰਡਤ ਜੱਲ੍ਹਾ ਜੋ ਜ਼ੁਬਾਨ ਦਾ ਬਹੁਤ ਫੂਹੜ ਤੇ ਸਿੱਖ ਧਰਮ ਦਾ ਵਿਰੋਧੀ, ਅਹਿਮਕਾਂ ਦਾ ਸਰਦਾਰ ਸੀ ਉਸ ਨੇ ਦੋ ਚਾਰ ਵਾਰੀ ਦਰਬਾਰ ਵਿਚ ਹੀ ਜਵਾਹਰ ਸਿੰਘ ਤੇ ਰਾਣੀ ਜਿੰਦ ਕੌਰ ਦਾ ਨਾਮ ਲੈ ਲੈ ਕੇ ਅਜੇਹੀਆਂ ਭੈੜੀਆਂ ਜ਼ੁਬਾਨਾਂ ਬੋਲੀਆਂ ਜਿਸ ਤੇ ਸਭ ਸਿੱਖ ਸਰਦਾਰ ਉਸਦੇ ਵਿਰੋਧੀ ਬਣ ਗਏ। —— ਹੁਣ ਜਦ ਰਾਜੇ ਹੀਰਾ ਸਿੰਘ ਦਾ ਧਿਆਨ ਫੌਜ ਦੀ

ਹੀਰਾ ਸਿੰਘ ਦੀ ਫਤੇ ਤੇ ਜ਼ਾਲਮੀ ਤੇਹਾ।

੪੭੨ ਤਨਖਾਹ ਤੇ ਰਾਜ ਦੇ ਕੰਮਾਂ ਵੱਲ ਆਯਾ ਤਾਂ ਉਨ ਸਾਰੇ ਰਾਜਿਆਂ, ਤੇ ਜੰਗੀਰਦਾਰਾਂ, ਕਾਰਦਾਰਾਂ, ਸੂਬੇਦਾ
ਰਾਂ ਵੱਲ ਹੁਕਮ ਨਾਮੇ ਲਿਖਾਏ ਕਿ ਮਾਮੂਲੇ ਤੇ ਖਿਰਾਜ ਦਾ ਰੁਪਯਾ ਜਿਸ ਵੱਲ ਜਿਤਨਾ ਹੈ ਭੇਜ ਦੇ
ਵੇ। ਰਾਜੇ ਸੁਚੇਤ ਸਿੰਘ ਵੱਲੀ ਪੰਜ ਲੱਖ ਤੇ ਰਾਜੇ ਗੁਲਾਬ ਸਿੰਘ ਵੱਲ ਦਸ ਲੱਖ ਬਾਕੀ ਸੀ। ਵਜ਼ੀ
ਰ ਨੇ ਸੋਚਿਆ ਜੇ ਪਹਿਲੇ ਅਪਣਿਆਂ ਤੋਂ ਲਈਏ ਤਾਂ ਦੂਜੇ ਆਪੇ ਡਰਕੇ ਦੇ ਦੇਣਗੇ। ਜਾਂ ਏਨ ਪਹਿ
ਲੇ ਸੁਚੇਤ ਸਿੰਘ ਤੋਂ ਮੰਗਿਆ ਓਹ ਅੱਗੇ ਹੀ ਭਤੀਜੇ ਦੇ ਅਧੀਨ ਹੋਕੇ ਰਹਿਣਾ ਨਹੀਂ ਚਾਹੁੰਦਾ ਸੀ
ਅੱਗੋਂ ਚਿਹ ਚੜ੍ਹਕੇ ਬਹੁਤ ਸਾਰੇ ਸਰਦਾਰਾਂ ਨੂੰ ਜੋ ਜੱਲੇ ਦੇ ਕੱਬਪਣੇ ਤੋਂ ਸੜੇ ਹੋਏ ਸੇ, ਅਪਣੇ ਸਾਥੀ
ਬਣਾਕੇ ਹੀਰਾ ਸਿੰਘ ਨਾਲ਼ ਦੋ ਹੱਥ ਕਰਣ ਵਾਲਾ ਬਣ ਬੈਠਾ। ਕਿਉਂਕਿ ਓਹ ਸਾਰੀ ਘੋੜਚੜ੍ਹੀ
ਫੌਜ ਦਾ ਜਰਨੈਲ ਸੀ।। —— ।। ਓਧਰ ਏਹ ਭੇਤ ਪਾਕੇ ਹੀਰਾ ਸਿੰਘ ਨੇ ਸਭ ਅਫਸਰਾਂ ਨੂੰ ਬੁ
ਲਾ ਬੜੀ ਨਿੰਮ੍ਰਤਾ ਤੇ ਆਜਜ਼ੀ ਨਾਲ਼ ਆਖਿਆ, ਖਾਲਸਾ ਜੀ ਮੈਂ ਤਾਂ ਤੁਸਾਡਾ ਟਹਿਲੂਆ ਹਾਂ, ਆਪੇ ਤੁਸੀਂ
ਮੈਨੂੰ ਏਹ ਟਹਿਲ ਸੌਂਪੀ ਹੈ, ਅਪਣੇ ਹੱਥੀਂ ਦਰਖਤ ਲਗਾਕੇ ਦੂਜੇ ਤੋਂ ਕਟਾਉਣਾ ਤੁਸਾਂ ਨੂੰ ਸਿੱਖੀ ਧਰ
ਮ ਤੇ ਦਾੜ੍ਹੀ ਦੀ ਲਾਜ ਨਹੀਂ ਰੋਕਦੀ।। —— ਆਹ ਲਓ ਤਲਵਾਰ ਮੈਨੂੰ ਆਪੇ ਵੱਢ ਛੱਡੋ। ਪਲਟ
ਣਾਂ ਦੇ ਅਫਸਰਾਂ ਨੇ ਤਾਂ ਏਸ ਮਾਮੂਲੇ ਦੀ ਬੇਖਬਰੀ ਪ੍ਰਗਟ ਕਰਕੇ ਆਖਿਆ ਅਸੀਂ ਤੇਰੇ ਹੁਕਮ ਵਿ
ਚ ਹਾਂ ਹੁਣੇ ਆਖੇਂ ਤਾਂ ਸੁਚੇਤ ਸਿੰਘ ਦਾ ਸਿਰ ਤੇਰੇ ਅੱਗੇ ਲਿਆ ਧਰੀਏ, ਉਨਾਂ ਦੀ ਰਾਇ ਦੇਖਕੇ ਅ
ਸਵਾਰੀ ਫੌਜ ਦੇ ਅਫਸਰ ਬੀ ਅਪਣੇ ਕੌਲ ਕਰਾਰ ਜੇਹੜੇ ਉਨਾਂ ਨੇ ਸੁਚੇਤ ਸਿੰਘ ਨਾਲ਼ ਕੀਤੇ ਸੇ ਖੂਹ
ਵਿੱਚ ਸਿੱਟਕੇ (ਕਾਉਂ ਕਾਵਾਂ ਦੇ ਭਰਾਉ ਭਰਾਵਾਂ ਦੇ।) ਬਣ ਬੈਠੇ।। —— ।। ਹੁਣ ਹੀਰਾ ਸਿੰਘ ਨੇ ਫੌਜ
ਫਿਰੀ ਦੇਖਕੇ ਹੁਕਮ ਦਿੱਤਾ ਜੇ ਸਵੇਰੇ ਮੇਰੇ ਵੈਰੀ ਸੁਚੇਤ ਸਿੰਘ ਨੂੰ ਤੁਸੀਂ ਵੱਢ ਘੱਤੋ ਤਾਂ ਇੱਕ ੨ ਬੂੰਦ
ਕੀ ਸਪਾਹੀ ਪਰਤੀ ਤੇ ਅਫਸਰਾਂ ਨੂੰ ਕੜੇ ਕੈਂਠੇ ਦੇਵਾਂਗਾ। ਏਸ ਲੋਭ ਨੇ ਤਾਂ ਫੌਜ ਨੂੰ ਨੀਂਦ ਨਾ ਪੈਣ ਦਿਤੀ
ਗਜਲ ਵਜਦੀ ਨਾਲ਼ ਸੁਚੇਤ ਸਿੰਘ ਨੂੰ ਮੀਆਂ ਬੱਡੇ ਦੀ ਖਾਨਗਾਹ ਵਿੱਚ ਜਾ ਘੇਰਿਆ। ਓਹ ਬੇ
ਬੇਰਾ ਪੱਲੂ ਫੇਰ ਰਿਹਾ ਸਿੰਘਾਂ ਨੇ ਇੱਕ ਨ ਸੁਣੀ ਤੋਪਾਂ ਧਰਕੇ ਖਾਨਗਾਹ ਉਡਾ ਛੱਡੀ, ਜਾਂ ਓਸ ਨੇ ਜਾਨ
ਬਚਦੀ ਨ ਦੇਖੀ ਤਾਂ ਮੈਦਾਨ ਵਿੱਚ ਆਕੇ ਉੱਚੀ ਆਵਾਜ਼ ਨਾਲ਼ ਆਖਿਆ ਸਿੰਘੋ ਤੁਸਾਨੂੰ ਤੁਸਾਡੇ ਗੁਰੂ
ਦੀ ਸੌਂਹ ਹੈ ਜੇ ਤੋਪ ਬੰਦੂਕ ਚਲਾਓ ਤੇਗ ਦੇ ਹੱਥ ਦੇਖੋ ਦਿਖਾਓ। ਤੁਸਾਡੀ ਸਿੰਘੀ ਤੇ ਮੇਰੀ ਰਾਜਪੂਤੀ
ਪਰਖੀ ਜਾਵੇ। ਫੇਰ ਤਾਂ ਤੋਪ ਬੰਦੂਕ ਬੰਦ ਕਰਕੇ ਸਿੰਘ ਬੀ ਖੰਡੇ ਖੈਂਚਕੇ ਕੁੱਦ ਪਏ। ਰਾਜਾ ਸੁਚੇਤ
ਸਿੰਘ ਰਾਇ ਕੇਸਰੀ ਸਿੰਘ ਬਸੰਤ ਸਿੰਘ ਨਿਹਾਲ ਸਿੰਘ ਜਬਰ ਸਿੰਘ ਆਦਿਕ ਅੱਸੀ ਸੱਤ ਡੋਗ
ਰੇ ਸ਼ੇਰਾਂ ਵਾਂਗੂ ਗੱਜ ਗੱਜ ਕੇ ਮੈਦਾਨ ਵਿੱਚ ਆ ਜੁੱਟੇ। ਘੰਟ ਤਾਂ ਦੋਹੀਂ ਪਾਸੀਂ ਕੋਈ ਨਹੀਂ ਸੀ ਨਿੱਤੜ ਨਿੱਤੜ
ਕੇ ਚੰਗੀ ਚੰਗੀ ਖੜਕਾਈ। ਸਭ ਰਜਪੂਤ ਹਥਿਆਰਾਂ ਦੇ ਵਾਰ ਕਰਕੇ ਸ਼ਹੀਦ ਹੋ ਗਏ। — ਸੁਚੇਤ ਸਿੰਘ

ਲੋਕਾਂ ਤੋਂ ਖਿ
ਰਾਜ ਮੰਗਣੇ
ਨਾਲ ਵਿਗੜੀ

ਰਾਜੇ ਸੁਚੇਤ
ਸਿੰਘ ਦਾ ਜੂ
ਝਣਾ।

Digitized by Panjab Digital Library | www.panjabdigilib.org

ਨੇ ੩ ਕੇਸਰੀ ਸਿੰਘ ਨੇ ੫ ਬਸੰਤ ਸਿੰਘ ਨੇ ੧੩ ਨਿਹਾਲ ਸਿੰਘ ਨੇ ੧੭ ਸਿੰਘ ਸ਼ਹੀਦ ਕੀਤੇ।——
ਏਧਰੋਂ ਬੀਰਮ ਸਿੰਘ ਛਾਪੇ ਨੇ ੫ ਹਰਸਾ ਸਿੰਘ ਜਰਨੈਲ ਨੇ ੭ ਰਣਜੋਰ ਸਿੰਘ ਮਜੀਠੀਏ ਨੇ ੮ ਸ਼ੀ
ਰ ਸਿੰਘ ਨੇ ੩ ਏਸੇ ਤਰਾਂ ਹੋਰ ਸਿੰਘਾਂ ਨੇ ਤੋਰਗਾਰੇ ਬੰਦੇ। ਦੁਇਕ ਸੌ ਬਹਾਦੁਰ ਦੋਹਾਂ ਪਾਸਿਆਂ ਤੋਂ ਮੈਦਾਨ ਵਿੱ
ਚ ਰਹੇ। ਹਾਹਾਕਾਰ ਮੱਚ ਗਈ। ੧੧ ਸਤੀਆਂ ਰਾਇ ਕੇਸਰੀ ਸਿੰਘ ਨਾਲ ੧੫ ਰਾਜੇ ਸੁਚੇਤ ਸਿੰਘ ਨਾਲ ੫
ਬਸੰਤ ਸਿੰਘ ਨਾਲ ਏਸੇ ਤਰਾਂ ਸਬ ਤੋਗਮਾਂ ਨਾਲ ਔਰਤਾਂ ਜਲ ਮਰੀਆਂ। ਰਾਜਾ ਹੀਰਾ ਸਿੰਘ ਸੰ
ਕੇ ਚਾਚੇ ਦਾ ਤੇ ਹੋਰ ਸਬੰਧੀਆਂ ਦੇ ਸਿਰ ਵੇਖਕੇ ਅੰਦਰੋਂ ਤਾਂ ਹਿਰਾਸਿਆ ਤੇ ਬਾਹਰੋਂ ਦੰਦੀਆਂ ਵਿਖਾਕੇ ਹੱਸਿਆ
ਅਪਣੇ ਫਾਇਦੇ ਮੂਜਬ ਫ਼ੌਜ ਨੂੰ ਇਨਾਮ ਬਖ਼ਸ਼ਿਆ।——
ਉਸ ਸਮੇ ਸੱਚ ਮੁੱਚ ਦੇ ਸ਼ੇਰਾਂ ਫੰਗੂ ਸਿੰਘਾਂ ਤੋਂ ਡਰਦੇ ਸਬ ਲੋਗ ਥਰ ਥਰ ਕੰਬਦੇ ਹੋਏ ਤ੍ਰਾਹਿ ਤ੍ਰਾਹਿ ਕਰ
ਰਹੇ ਸੇ। ਕਿਓਂਕੇ ਬੁਰਛੇ ਅਜੇਹੇ ਭੂਹੇ ਆਫ਼ਰੇ ਸੇ ਕੋਈ ਕੁਛ ਦੇਕੇ ਭਾਵੇਂ ਕਿਸੇ ਨੂੰ ਮਰਵਾ ਸਿੱਟੇ ਉਹ ਨਹੀ
ਟਲਦੇ ਸੇ। ਉਨਾਂ ਦਿਨਾਂ ਵਿੱਚ ਹੀ ਕੌਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਇੱਕ ਤੋਪਖਾਨਾ ਚਾਰ ਹ
ਜਾਰ ਸਿਪਾਹੀ ਨਾਲ ਲੈ ਕੇ ਸਿਆਲਕੋਟ ਵਿੱਚ ਆ ਕੀ ਹੋ ਬੈਠੇ ਸੇ। ਉਨਾਂ ਨੂੰ ਸਿੱਧੇ ਕਰਨ ਲਈ,
ਵਜ਼ੀਰ ਨੇ ਰਾਜੇ ਗੁਲਾਬ ਸਿੰਘ ਨੂੰ ਫ਼ੌਜ ਦੇਕੇ ਭੇਜਿਆ। ਜਾਂ ਰਾਜੇ ਨੇ ਸਿੱਖੀ ਫ਼ੌਜ ਉਨਾਂ ਨਾਲ ਲੜ
ਦੀ ਨਾ ਦੇਖੀ ਤਾਂ ਸਾਮ ਦਾਮ ਦੀ ਚਾਲ ਨਾਲ ਉਨਾਂ ਤੋਂ ਕਿਲਾ ਛੁਡਾਕੇ ਉਨਾਂ ਨੂੰ ਫੜਨਾ ਚਾਹਿਆ ਤਾਂ ਉਹ ਦੋਵੇਂ
ਭਾਈ ਭੱਜਕੇ ਸਤਲੁਜੋਂ ਪਾਰ ਚਲੇ ਗਏ। ਫੇਰ ਕਸ਼ਮੀਰਾ ਸਿੰਘ ਤਾਂ ਭਾਈ ਬੀਰ ਸਿੰਘ ਨੌਰੰਗਾਬ
ਾਦ ਵਾਲੇ ਪਾਸ ਆ ਰਿਹਾ, ਕਿਓਂਕੇ ਉਥੇ ਅਤਰ ਸਿੰਘ ਸੰਧਾਂਵਾਲੀਏ ਜੇਹੇ ਬਹੁਤ ਸਰਦਾਰ ਦਰਬਾਰ ਲਾ
ਹੌਰ ਦੇ ਵਿਰੋਧੀ ਕੱਠੇ ਹੋ ਰਹੇ ਸਨ, ਉਨਾਂ ਨੇ ਭਾਈ ਬੀਰ ਸਿੰਘ ਤੋਂ (ਜਿਸ ਨੂੰ ਸਬ ਖਾਲਸਾ ਮੰਨਦਾ ਪੂ
ਜਦਾ ਸੀ।) ਫ਼ੌਜ ਨੂੰ ਏਹ ਲਿਖਵਾ ਭੇਜਿਆ ਕੇ ਖਾਲਸਾ ਜੀ ਏਹ ਲਾਹੌਰ ਗੁਰੂ ਖਾਲਸੇ ਦੀ ਗੱਦੀ ਹੈ
ਏਥੇ ਮੋਨਾਂ ਕੋਨਾਂ ਜਬੇਦਾਰ ਨਾ ਚਾਹੀਏ। ਤੁਸੀ ਏਸ ਮਨਮਤੀਏ ਨੂੰ ਦੂਰ ਕਰਕੇ ਅਤਰ ਸਿੰਘ ਸੰਧਾਂਵਾਲੀ
ਏ ਨੂੰ ਜੋ ਸਰਕਾਰ ਦੀ ਕੁਲ ਵਿੱਚੋਂ ਹੈ ਜਬੇਦਾਰ ਕਰ ਲਓ।—— ਏਹ ਬ੍ਰਿਤਾਂਤ ਸੁਣ ਕੇ ਹੀਰਾ ਸਿੰਘ
ਦੇ ਸਾਹ ਸੁੱਕ ਗਏ। ਤੇ ਘਬਰਾਕੇ ਏਹ ਚਾਲ ਚੱਲੀ। ਅਫ਼ਸਰਾਂ ਨੂੰ ਕੱਠੇ ਕਰ ਬੜੀ ਦੀਨਤਾ ਨਾਲ
ਆਖਿਆ ਕੇ ਖਾਲਸਾ ਜੀ ਤੁਸੀਂ ਸੁਣਿਆ ਹੋਊ ਕੇ ਅਤਰ ਸਿੰਘ ਅੰਗ੍ਰੇਜਾਂ ਨਾਲ ਗੰਢ ਤ੍ਰੁਪ ਕਰਕੇ ਭਾ
ਈ ਬੀਰ ਸਿੰਘ ਦੀ ਫ਼ੁਰਮਾਇਸ਼ ਨਾਲ ਲਾਹੌਰ ਦਾ ਵਜ਼ੀਰ ਹੋਣਾ ਚਾਹੁੰਦਾ ਹੈ। ਹੁਣ ਏਹ ਲਓ
ਮੀ ਤਲਵਾਰ ਆਪੇ ਮਾਰ ਘੱਤੋ ਦੂਜੇ ਤੋਂ ਕਿਉਂ ਮਰਵਾਂਉਂਦੇ ਹੋ। ਯਾ ਮੈਨੂੰ ਕੁਛ ਜੇਗੀਰ ਗੁਜਾਰੇ ਲਈ
ਦੇਕੇ ਅਪਣੇ ਹੱਥੀ ਕਿਧਰੇ ਤੋਰ ਛੱਡੋ ਫੇਰ ਆਪ ਬੀ ਏਥੋਂ ਜਾਂਣ ਦੀ ਤਿਆਰੀ ਰੱਖੋ ਕਿਉਂਕਿ ਜਦ ਓ
ਹ ਅੰਗ੍ਰੇਜਾਂ ਦੇ ਜੋਰ ਨਾਲ ਭਾਈ ਜੀ ਨੂੰ ਵਿੱਚ ਬਹਾਨਾ ਦੇਕੇ ਆਪੇ ਵਜ਼ੀਰ ਬਣੇਗਾ ਤਾਂ ਤੁਸਾਂ ਨੂੰ ਬੀ ਓ

ਕੌਰ ਕਸ਼ਮੀਰਾ ਸਿੰਘ ਪਸ਼ੌਰਾ ਸਿੰਘ ਦਾ ਭਾਜਾ।)

੪੭੪ ਸਨੇ ਸਰਦਾਰੀ ਕਦੋਂ ਕਰਨ ਦਿੱਤੀ ਹੀਰਾ ਸਿੰਘ ਦੀ ਦੀਨਤਾ ਦੇਖ ਕੇ ਸਿੰਘ ਤਾਂ ਅਜੇਹੇ ਮੋਮ ਹੋਏ ਜੋ
ਸਭ ਏਹੋ ਕਹ ਉੱਠੇ ਕਿ ਭਾਈ ਸਾਹਿਬ ਫਕੀਰ ਆਦਮੀ ਰਾਜ ਕਾਜ ਦਾ ਕੀ ਜਾਣਨ ਔਰਾ ਲਗਦ
ਹੈ, ਭਲਾ ਅਸੀਂ ਐਡੇ ਕੀ ਮੂਰਖ ਹਾਂ ਜੋ ਇਕ ਫਕੀਰ ਦੇ ਆਖੇ ਲਗ ਕੇ ਉਸ ਨਿਮਕਹਰਾਮ ਕੁ
ਲ ਘਾਤੀ ਨੂੰ ਵਜੀਰ ਬਣਾ ਲਵਾਂਗੇ। ਸਗੋਂ ਅਸੀਂ ਤਾਂ ਉਸ ਦੇ ਲਹੂ ਦੇ ਤਿਹਾਏ ਬੈਠੇ ਹਾਂ ਤੁਸੀਂ
ਹੁਕਮ ਦੇਉ ਤਾਂ ਉਸ ਪਾਪੀ ਦਾ ਸਿਰ ਕਸ਼ਮੀਰਾ ਸਿੰਘ ਸਮੇਤ ਹੁਣ ਤੇਰੇ ਅੱਗੇ ਲਿਆ ਰੱਖਦੇ
ਹਾਂ। —— ਜਦ ਹੀਰਾ ਸਿੰਘ ਨੇ ਸਿੱਖਾਂ ਤੋਂ ਇਹ ਗਲ ਸੁਣੀ ਤਾਂ ਉਸੇ ਵਕਤ ਮੀਏਂ ਲਾਭ
ਸਿੰਘ ਨੂੰ ਨਜੀਬਾਂ ਵਾਲੀ ਫੌਜ ਦੇ ਕੇ ਤੋਰ ਦਿੱਤਾ, ਫੌਜੀ ਸਰਦਾਰਾਂ ਨੇ ਭਾਈ ਬੀਰ ਸਿੰਘ ਨੂੰ

ਭਾਈ ਬੀਰ ਸਿੰਘ ਪਰ ਚੜ੍ਹਾਈ

ਜਾ ਕੇ ਬਹੁਤ ਸਮਝਾਯਾ ਕੇ ਤੁਸੀਂ ਖਾਲਸੇ ਦੇ ਪੂਜਨੀਕ ਸੰਤ ਹੋ, ਜਿਸ ਕਰਕੇ ਪੰਥ ਵਿਚ ਖਰ
ਬੀ ਨਾ ਵਧੇ ਉਹ ਗੱਲ ਕਰੋ। ਅਤਰ ਸਿੰਘ ਨੂੰ ਫੜਾ ਦੇਉ ਯਾ ਆਪਣੇ ਡੇਰੇ ਤੋਂ ਕੱਢ ਦੇਉ ਜਿ
ਥੇ ਉਸ ਦਾ ਜੀ ਚਾਹੇ ਚਲਾ ਜਾਵੇ। ਅਸੀਂ ਬੀ ਏਸ ਨੂੰ ਨਹੀਂ ਫੜਦੇ ਏਹੋ ਇਕ ਮਹੁਰੇ ਦਾ ਮ
ਲ੍ਹਾ ਹੈ। ਏਸੇ ਤਰਾਂ ਦੋ ਦਿਨ ਤਕ ਅਨੇਕ ਸਿੱਖ ਸਾਧੂ ਭਾਈ ਜੀ ਨੂੰ ਸਮਝਾ ਰਹੇ ਪਰ ਉਸ ਨੇ
ਉਹ (ਫੱਕਰ ਦੇ ਤਿੰਨੇ ਪੱਤੇ ਰੱਖੇ) ਹਠ ਨਾ ਛੱਡਿਆ। ਅਤੇ ਅਤਰ ਸਿੰਘ ਨੇ ਭੀ ਕਿਸੇ ਦੀ ਨਾ
ਮੰਨੀ ਉਥੇ ਹੀ ਰਿਹਾ ਕਿਓਂਕੇ ਉਸ ਨੂੰ ਏਹ ਭਰੋਸਾ ਸੀ ਕੇ ਭਾਈ ਜੀ ਕਰਾਮਾਤੀ ਹਨ ਏਸ ਕ
ਰਕੇ ਅਸੀਂ ਜੋ ਪੰਦ੍ਰਾਂ ਸੋਲਾਂ ਹਜਾਰ ਸਿੱਖ ਹਾਂ ਵੈਰੀਆਂ ਨੂੰ ਮਾਰ ਕੇ ਲਾਹੌਰ ਦੇ ਮਾਲਕ ਹੋ
ਜਾਵਾਂਗੇ। ਏਸੇ ਘਮੰਡ ਵਿਚ ਫੌਜ ਦੇ ਵਕੀਲ ਸਰਦਾਰ ਗੁਲਾਬ ਸਿੰਘ ਕਲਕਤੀਏ ਨੂੰ
ਤੇ ਬਘਾ ਸਿੰਘ ਮਰਾਹੀਏ ਨੂੰ ਮਾਰ ਸਿਟਿਆ। ਫੇਰ ਤਾਂ ਮੀਏ ਲਾਭ ਸਿੰਘ ਨੇ ਗੁੱਸੇ ਵਿਚ
ਆ ਕੇ ਤੋਪ ਸ਼ੁਰੂ ਕਰਾ ਦਿੱਤੀ। ਭਾਈ ਸਾਹਿਬ ਪਾਸ ਭੀ ਜਵਾਹਰ ਸਿੰਘ ਨਲੂਏ ਆਦਿਕ
ਬਡੇ ੨ ਜੋਧੇ ਸੋਲਾਂ ਸਤਾਰਾਂ ਹਜਾਰ ਸ਼ਸਤ੍ਰਧਾਰੀ ਸੇ ਪਰ ਭਾਈ ਜੀ ਨੇ ਅੱਗੋਂ ਹੱ
ਥ ਚੁੱਕਣ ਦੀ ਆਗਿਆ ਨਾ ਦਿੱਤੀ ਏਹੋ ਆਖਦੇ ਰਹੇ ਕੇ ਅਸਾਂ ਏਸ ਮਲੇਛ ਪੰਥ ਉੱਤੇ ਅੱਠ
ਬਲਦਾਂ ਦਾ ਸੁਹਾਗਾ ਫੇਰਨਾ ਹੈ ਸਿੰਘਾਂ ਨਾਲ ਸਿੰਘ ਨਹੀਂ ਲੜਾਉਣੇ। ਓਦੋਂ ਭਾਈ ਬੀਰ
ਸਿੰਘ ਆਪਣੇ ਡੇਰੇ ਸਮੇਤ ਤੂਤਾਂ ਵਾਲੇ ਪਿੰਡ ਪਰਗਣੇ ਕਸੂਰ ਸਤਲੁਜ ਕਿਨਾਰੇ ਉਤਾਰੇ
ਆ ਹੋਯਾ ਸੀ, ਜਦ ਉਧਰ ਨੂੰ ਫੌਜ ਢੁਕੀ ਤਾਂ ਅਤਰ ਸਿੰਘ ਤੇ ਕੌਰ ਕਸ਼ਮੀਰਾ ਸਿੰਘ ਆਦਿਕ
ਨਾਮੀ ਨਾਮੀ ਸਿੰਘ ਤਾਂ ਅੱਗੇ ਹੋ ਕੇ ਜੂਝ ਮੂਏ ਬਾਕੀ ਨੱਠ ਗਏ। ਭਾਈ ਜੀ ਦੇ ਜੀਵ ਨੂੰ ਤੋਪ ਦਾ
ਗੋਲਾ ਉਡਾ ਕੇ ਬੈਕੁੰਠ ਨੂੰ ਲੈ ਗਿਆ, ਦੇਹ ਦਰਿਆ ਦੀ ਭੇਟ ਹੋਈ। ਰਾਜਿਆਂ ਵਰਗਾ ਸਾਰਾ
ਸਾਮਾਨ ਲੁਟ ਗਿਆ। ਭਾਈ ਬੀਰ ਸਿੰਘ ਦਾ ਉੱਡਣਾ ਹੀ ਸਿੰਘਾਂ ਦੀ ਬਾਦਸ਼ਾਹੀ ਨੂੰ ਉੱਡਾ ਗਿਆ

Digitized by Panjab Digital Library | www.panjabdigilib.org

।ਰਾਜੇ ਹੀਰਾ ਸਿੰਘ ਨੇ ਅਤਰ ਸਿੰਘ ਤੇ ਕਸ਼ਮੀਰਾ ਸਿੰਘ ਦਾ ਸਿਰ ਵੇਖ ਕੇ ਫੌਜ ਨੂੰ ਇਨਾਮ ਦੇਣਾ ੪੭੫
ਚਾਹਿਆ ਪਰ ਫੌਜ ਨੇ ਨਿਕੰਮੀ ਲੜਾਈ ਸਮਝ ਕੇ ਇਨਾਮ ਨਾ ਲਿਆ।

ਏਸ ਸਮੇਂ ਹਰਾਇਕ ਸਿੰਘ ਨੇ ਆਪਣੇ ਆਪ ਨੂੰ ਸੁਤੰਤਰ ਬਾਦਸ਼ਾਹ ਮੰਨ ਕੇ ਲੁੱਟ ਮਾਰ ਉੱਤੇ ਲੱਕ
ਬੰਨ੍ਹ ਰੱਖਿਆ ਸੀ, ਸਰਦਾਰ ਸਾਹੂਕਾਰ ਫੌਜ ਤੋਂ ਡਰਦੇ ਹਰ ਹਰ ਕਰਦੇ ਕਿਸੇ ਤਿਲੰਗੇ ਅੱਗੇ
ਖੁਲ੍ਹਾ ਸਾਹ ਭੀ ਨਹੀਂ ਲੈਂਦੇ ਸੇ ਕਿਉਂਕਿ ਜਿਸ ਨੂੰ ਦਸ ਇਕੱਠੇ ਹੋ ਕੇ ਜਾ ਘੇਰਦੇ ਉਸੇ ਦਾ ਧਨ ਫੌਜ ਦੀ ਧਕਾਸ਼ਾਹੀ
ਤਨ ਲੈ ਛੱਡਦੇ। ਹੀਰਾ ਸਿੰਘ ਨਾਮ ਮਾਤ੍ਰ ਹੀ ਹਾਕਮ ਸੀ। ਉਸੇ ਵੇਲੇ ਦੇ ਕਰਤੱਬਾਂ ਦਾ ਨਾਂਮ
ਹੁਣ ਤਕ ਸਿੱਖਾ ਸ਼ਾਹੀ ਤੇ ਬੁਰਛੇ ਗਰਦੀ ਮਸ਼ਹੂਰ ਹੈ। — ਜਦ ਫੌਜ ਦੀ ਤਨਖਾਹ ਵਧ
ਗਈ ਤੇ ਕਾਰਦਾਰ ਸੂਬੇ ਮਾਮੂਲਾ ਦੇਣੋਂ ਢਿੱਲੇ ਪੈ ਗਏ ਤਾਂ ਵਜ਼ੀਰ ਨੇ ਜੱਲ੍ਹੇ ਪੰਡਿਤ ਨੂੰ ਸ਼ਾਹੀ
ਦਾ ਹਿਸਾਬ ਸੌਂਪਣਾ। ਜਦ ਉਸ ਨੇ ਬਹੁਤ ਸਾਰਾ ਰੁਪਯਾ ਲੈਣਾ ਵਧੀਕ ਬਾਕੀ ਕੱਢ ਕੇ ਫਿਹਰਿਸਤ ਪੇਸ਼
ਕੀਤੀ ਤਾਂ ਸਭ ਕਾਰਦਾਰ ਤੇ ਰਾਜੇ ਉਸ ਦੇ ਵੈਰੀ ਬਣ ਬੈਠੇ।

ਏਸੇ ਸਾਲ ਮੁਲਤਾਨ ਦਾ ਸੂਬਾ ਸਾਵਣ ਮੱਲ ਇਕ ਸਪਾਹੀ ਦੇ ਹਥੋਂ ਮਾਰਿਆ ਗਿਆ ਤਾਂ ਉਸ
ਦਾ ਪੁੱਤ੍ਰ ਮੂਲਰਾਜ ਸੂਬਾ ਹੋਯਾ। ਉਸ ਵਲ ੬੦ ਲੱਖ ਰੁਪਯਾ ਬਾਕੀ ਸੀ ਜਿਸ ਵਿਚੋਂ ਬ
ੜਾ ਤੰਗ ਕਰ ਕਰ ਕੇ ੩ ਤਿੰਨ ਲੱਖ ਲਿਆ। ਏਸੇ ਤਰ੍ਹਾਂ ਹੋਰਨਾਂ ਤੋਂ ਕੁਛ ਕੁਛ ਉਗਰਾਹਣਾ
ਤਾਂ ਸਹੀ ਪਰ ਸਾਰੇ ਵੈਰੀ ਬਣਾ ਲਏ। — ਉਸੇ ਸਮੇਂ ਕੌਰ ਪਸ਼ੌਰਾ ਸਿੰਘ ਜੋ ਸੁਰਦੇ ਕਾਫੇ
ਅੰਗ੍ਰੇਜ਼ਾਂ ਪਾਸ ਨਜ਼ਰਬੰਦ ਸੀ, ਉਥੋਂ ਕਿਸੇ ਤਰ੍ਹਾਂ ਨਿਕਲ ਕੇ ਲਾਹੌਰ ਆ ਗਿਆ। ਫੌਜ ਨੇ
ਆਪੇ ਉਸ ਦੀ ਸਲਾਮੀ ਲੈ ਲੀਤੀ। ਏਸ ਗੱਲੋਂ ਖਿਝ ਕੇ ਹੀਰਾ ਸਿੰਘ ਨੇ ਕੌਰ ਜੀ ਨੂੰ ਪਕੜ
ਨਾ ਚਾਹਿਆ ਪਰ ਉਸ ਨੇ ਸਿਆਲਕੋਟ ਜਾ ਕੇ ਸਭੋਂ ਸ਼ਾਹੀ ਕਾਰਦਾਰਾਂ ਨੂੰ ਖੂਬ ਤੰਗ ਕੀਤਾ। ਫੇ
ਰ ਰਾਜੇ ਗੁਲਾਬ ਸਿੰਘ ਨੇ ਫੌਜ ਲੈ ਜਾ ਕੇ ਮਸਾਂ ੨ ਸਿਆਲਕੋਟ ਉਸ ਥੀਂ ਛੁਡਾਯਾ ਤੇ ਕੰਵਰ
ਆਂਦਾਲੇ ਦਾ ਪਰਗਣਾ ਜਾਗੀਰ ਵਿਚ ਦਿੱਤਾ। — ਜਦ ਰਾਜੇ ਗੁਲਾਬ ਸਿੰਘ ਨੇ ਭੀ
ਬਾਕੀ ਦਾ ਰੁਪਯਾ ਨਾ ਦਿੱਤਾ ਤਾਂ ਖਾਲਸੇ ਦੀ ਚੜ੍ਹਾਈ ਹੋ ਪਈ। ਇਕ ਦਿਨ ਤਾਂ ਰੋਗਾ ਲ ਰਾਜਾ ਲਾਹੌਰ ਪਕੜ ਆਯਾ
ੜਿਆ, ਦੂਜੇ ਦਿਨ ਹਾਰ ਹੁੰਦੀ ਵੇਖ ਕੇ ਆਪੇ ਫੌਜ ਖਾਲਸੇ ਵਿਚ ਆ ਗਿਆ। ਫੌਜ ਉਸ
ਨੂੰ ਨਜ਼ਰਬੰਦ ਕਰ ਕੇ ਲਾਹੌਰ ਲੈ ਆਈ। ਰਾਹ ਵਿਚ ਉਸ ਨੇ ਸਿਪਾਹੀਆਂ ਨੂੰ ਮਿਠੀਆਂ ਦੇ ਗੱਲਾਂ
ਕਰਾ ਕੇ ਅਜੇਹਾ ਮੋਹ ਕੀਤਾ ਜੋ ਸਾਰੇ ਉਸੇ ਦੇ ਹੀ ਬਣ ਗਏ। ਹੀਰਾ ਸਿੰਘ ਨੇ ਫੌਜ ਫਿਰੀ ਹੋ
ਈ ਵੇਖ ਕੇ ਟੇਬੂ ਲਿਖਵਾ ਕੇ ਉਸੇ ਵੇਲੇ ਲਾਹੌਰੋਂ ਕੱਢ ਦਿੱਤਾ। ਹੁਣ ਕੁਛ ਤਾਂ ਰਾਜੇ ਗੁਲਾਬ
ਸਿੰਘ ਦੀ ਚੁੱਕ ਨੇ ਤੇ ਕੁਛ ਜੱਲ੍ਹੇ ਪੰਡਿਤ ਦੇ ਸਤਾਏ ਹੋਏ ਫੌਜੀ ਅਫਸਰਾਂ ਨੇ ਰਾਜੇ ਹੀਰਾ ਸਿ

Digitized by Panjab Digital Library | www.panjabdigilib.org

੪੭੬ ਖ ਨੂੰ ਲਿਖ ਭੇਜਿਆ ਕਿ ਜੇਕਰ ਤੈਂ ਵਜ਼ੀਰੀ ਕਰਨੀ ਹੈ ਤਾਂ ਜੱਲੇ ਨੂੰ ਲਾਹੌਰੋਂ ਕੱਢ ਛੱਡ। ਹੀਰਾ ਸਿੰਘ ਨੇ
ਅੰਤੀ ਬੇਸਮਝੀ ਦਾ ਹਠ ਕੀਤਾ ਵਜ਼ੀਰੀ ਛੱਡਣੀ ਮੰਨੀ, ਪਰ ਉਸ ਨੂੰ ਨਾ ਛੱਡਿਆ। ਉਲਟਾ ਭਾਈ ਨੇ ਆ
ਜੋ ਸੀ ਪੂੰਜੀ ਭੁਰਕਣੀ ਦਿੱਤੀ। ਇੱਕ ਦਿਨ ਆਪਣਾ ਤੇ ਸਰਕਾਰੀ ਖ਼ਜ਼ਾਨਾ ਲੈ ਕੇ ਆਪਣੇ ਸਾਥੀਆਂ ਸਣੇ
ਤ ਜੰਮੂ ਵੱਲ ਨੂੰ ਉੱਠ ਤੁਰਿਆ। ਪਿੱਛੋਂ ਸਰਦਾਰ ਜਵਾਹਰ ਸਿੰਘ ਦੇ ਪ੍ਰੇਰੇ ਹੋਏ ਖ਼ਾਲਸੇ ਨੇ ਲਾਹੌਰੋਂ ਅੱਠ
ਕੋਹ ਇੱਕ ਬਾਘਬੱਚੇ ਨਾਮੀ ਨਗਰ ਦੇ ਪਾਸ ਜਾ ਘੇਰਿਆ। ਜਦੋਂ ਜਦੋਂ ਸਿੰਘ ਉਸ ਦੇ ਨੇੜੇ ਢੁੱਕਣ ਤੋਂ ਰਹਿ
ਮੁਹਿੰਮ ਰੁਪਏ ਏਸ ਖ਼ਿਆਲ ਨਾਲ ਸਿੱਟਦਾ ਗਿਆ ਕਿ ਸਿੰਘ ਮਾਇਆ ਉੱਤੇ ਉਲਝ ਜਾਣਗੇ ਮੈਂ ਨਿਕਲ
ਜਾਵਾਂਗਾ ਪਰ ਮੌਤ ਨੇ ਜਾਣ ਨਾ ਦਿੱਤਾ ਸਿੱਖ ਸਰਦਾਰ ਬਹੁਤ ਕਹਿੰਦੇ ਰਹੇ ਕਿ ਤੂੰ ਅਜੇ ਬੀ ਜੱਲੇ ਨੂੰ ਫੜਾ ਦੇ ਵ
ਜ਼ੀਰ ਬਣਿਆ ਰਹੁ ਪਰ ਜਾਂ ਉਸ ਨੇ ਇੱਕ ਨਾ ਮੰਨਿਆ ਤਾਂ ਖ਼ਾਲਸੇ ਦਾ ਹੱਲਾ ਹੋਇਆ ਐਸਾ ਤੇ ਉ
ਬੀ ਜਸਪ੍ਰਤੀ ਦਿਖਾ ਦਿਖਾ ਅਨੇਕਾਂ ਨੂੰ ਮਾਰ ਕੇ ਸ਼ਹੀਦ ਹੋਏ। — ਸੋਹਨ ਹੀਰਾ ਸਿੰਘ ਜਿਸ ਨੇ ਛੋਟੀ
ਧਰਮ ਪਾਲਿਆ ਜਾਨ ਦਿੱਤੀ ਪਰ ਸ਼ਰਣ ਆਏ ਬ੍ਰਾਹਮਣ ਨੂੰ ਨਾ ਦਿੱਤਾ। ਉਨ੍ਹਾਂ ਦਾ ਮਾਲ ਧਨ ਖ਼ਾਲਸਾ
ਲੁੱਟ ਲਿਆਇਆ। ——

ਜਵਾਹਰ ਸਿੰਘ ਨੇ ਰਾਜੇ ਹੀਰਾ ਸਿੰਘ ਦਾ ਸਿਰ ਲਾਹੌਰੀ ਦਰਵਾਜ਼ੇ, ਲਾਭ ਸਿੰਘ ਦਾ ਮੋਰੀ, ਸੋਹਣ
ਸਿੰਘ ਦਾ ਦਿੱਲੀ ਦਰਵਾਜ਼ੇ ਏਸੇ ਤਰ੍ਹਾਂ ਹੋਰ ਬੜੇ ਬੜੇ ਡੋਗਰਿਆਂ ਦੇ ਸਿਰ ਥਿੜਾਂ ਨਾਲ ਟੰਗਾ ਦਿੱਤੇ। ——
ਅਤੇ ਪੰਡਿਤ ਜੱਲੇ ਦਾ ਸਿਰ ਅਕਾਲੀਆਂ ਨੇ ਸ਼ਹਿਰ ਵਿੱਚ ਘਸੀਟ ਘਸੀਟ ਕੇ ਬੀਦਹੱਟੀ ਮੰਗਾ ਕੇ ਕੁ
ਤਿਆਂ ਨੂੰ ਖੁਲ੍ਹ ਛੱਡਿਆ। ਏਹ ਸਭ ਖ਼ਰਾਬੀ ਜੱਲੇ ਦੀ ਭੈੜੀ ਜ਼ਬਾਨ ਨੇ ਕਰਾਈ। ——

।ਹੁਣ ਜਦ ਅਸੀਂ ਏਹ ਗੱਲ ਸੋਚਦੇ ਹਾਂ ਕਿ ਖ਼ਾਲਸੇ ਦੀ ਬਾਦਸ਼ਾਹੀ ਨੂੰ ਮਿਟੀਆਮੇਟ ਕਰਨੇ ਵਿੱਚ ਕਿ
ਸ ਦਾ ਦੋਸ ਹੈ। ਜੰਦਾਂ ਦੀ ਪ ਸੀ ਧਾਂਵਲੀਏ ਤੇ ਡੋਗਰੇ ਭਾਰੀ ਦੋਸੀ ਪ੍ਰਤੀਤ ਹੁੰਦੇ ਹਨ। ਪਰ ਤਾਂ ਬੀ ਸਭ ਤੋਂ
ਅਧਿਕ ਡੋਗਰਿਆਂ ਦਾ ਹੀ ਦੋਸ਼ ਸਾਬਤ ਹੈ ਕਿਉਂਕਿ ਜੇ ਕਦੇ ਮਹਾਰਾਜੇ ਸ਼ੇਰ ਸਿੰਘ ਤੇ ਰਾਜੇ ਧਿਆਨ ਸਿੰ
ਘ ਦੇ ਕਤਲ ਸਮੇਂ ਡੋਗਰੇ ਸੰਧਾਂਵਾਲੀਆਂ ਨੂੰ ਹੀ ਬਣੇ ਰਹਿਣ ਦਿੰਦੇ ਤਾਂ ਬਾਦਸ਼ਾਹੀ ਕਦੇ ਨ ਡੁੱਬ ਨ
ਜਾਂਦੀ। ਸੰਧਾਂਵਾਲੀਏ ਜਿਹੇ ਭੀ ਤੇ ਬੁਰਿਆ। ਤਾਂ ਠੀਕ ਸੇ ਪਰ ਡੋਗਰਿਆਂ ਵਾਂਙੂ ਦਿਲੋਂ ਏਸ ਬਾਦਸ਼ਾ
ਹੀ ਦੇ ਵੈਰੀ ਨਹੀਂ ਸੇ। — ਜੇ ਕਰ ਪੁੱਛੋ ਤਾਂ ਸਿੱਖਾਂ ਦੀ ਬੇ ਇਲਮੀ ਤੇ ਬੇ ਇਤਫ਼ਾਕੀ ਔਰ ਡੋਗਰਿਆਂ
ਦੀ ਖ਼ੁਦਗ਼ਰਜ਼ੀ ਨੇ ਏਹ ਬਾਦਸ਼ਾਹੀ ਘੱਟੇ ਮਿਲਾਈ। ਜਿਤਨੀ ਸੂਰਬੀਰਤਾ ਸਿੱਖਾਂ ਵਿੱਚ ਹੈ ਜੇ
ਕਦੇ ਵਿੱਦਿਆ ਤੇ ਇਤਫ਼ਾਕ ਏਹ ਦੋ ਗੁਣ ਹੋਰ ਬੀ ਹੁੰਦੇ, ਤਾਂ ਜ਼ਰੂਰ ਸਿੱਖਾਂ ਦੀ ਬਾਦਸ਼ਾਹੀ ਹਮੇਸ਼ਾ
ਚਲਦੀ ਰਹਿੰਦੀ। ——

ਹੁਣ ਜਵਾਹਰ ਸਿੰਘ ਨੇ ਵਜ਼ੀਰ ਹੋ ਕੇ ਸਾਰੇ ਕੰਮਾਂ ਤੋਂ ਸ੍ਰੇਸ਼ਟ ਕੰਮ ਫ਼ੌਜ ਦੀ ਖ਼ੁਸ਼ੀ ਲੈਣੀ ਸਮਝੀ

Digitized by Panjab Digital Library | www.panjabdigilib.org

ਰੁਪਯਾਂ ਤਾਂ ਉਦੋਂ ਖਜ਼ਾਨੇ ਵਿੱਚ ਕੋਈ ਨਹੀਂ ਸੀ, ਸੁਇਨੇ ਚਾਂਦੀ ਦੇ ਭਾਂਡੇ ਤੇ ਗਹਿਣੇ ਔਰ ਹਾਥੀਆਂ [illegible]
ਘੋੜਿਆਂ ਦੇ ਸਾਮਾਨ ਵੇਚ ਵਟ ਕਰ ਕੈਂਠੇ ਬਣਵਾ ਕੇ ਫ਼ੌਜ ਨੂੰ ਦੇ ਕਰ ਅਪਣੀ ਬਣਾ ਲੀਤਾ। ਰਾਜੇ ਗੁ-
ਲਾਬ ਸਿੰਘ ਦੀ ਤਿੰਨ ਕਰੋੜ ਰੁਪਯਾਂ ਬਾਕੀ ਸੀ ਉਹ ਲੈਣ ਵਾਸਤੇ ਸ੍ਯਾਮ ਸਿੰਘ ਅਟਾਰੀ ਵਾਲ਼ੇ
ਤੇ ਜਰਨੈਲ ਮੇਵਾ ਸਿੰਘ ਮਜੀਠੀਆ ਫਤੇ ਸਿੰਘ ਮਾਨ ਫ਼ੌਜ ਸਮੇਤ ਜਵਾਹਰ ਸਿੰਘ ਨੇ ਭੇਜੇ। ਜਾ-
ਓਹਾਂ ਇੱਕ ਲੜਾਈ ਤਾਂ ਰਾਜੇ ਗੁਲਾਬ ਸਿੰਘ ਨੇ ਜ਼ੋਰੋ ਜ਼ੋਰ ਕੀਤੀ ਜਿਸ ਵਿੱਚ ਸਰਦਾਰ ਫਤੇ ਸਿੰ-
ਘ ਮਾਨ ਜੈਸੇ ਕਈ ਜੋਧੇ ਮਾਰੇ ਗਏ। — ।।ਫਤੇ ਸਿੰਘ ਮਾਨ ਦੇ ਮਰਨੇ ਨੇ ਸਿੰਘਾਂ ਨੂੰ ਐਸਾ ਰੋਹ ਚੜ੍ਹਾ-
ਯਾ, ਜੰਮੂੰ ਵਿੱਚ ਵੜ ਕੇ ਲੁੱਟ ਮਾਰ ਮਚਾ ਦਿੱਤੀ। ਹੁਣ ਰਾਜੇ ਨੇ ਹੋਰ ਕਿਸੇ ਜਾਂ ਨ ਛੁਟਦੀ ਨਾ ਦੇਖ ਕੇ ਖਾ-
ਲਸੇ ਤੋਂ ਮਾਫ਼ੀ ਮੰਗ ਲਈ, ਤੇ ਤਿੰਨ ਲਾਖ ਰੁਪਯਾ ਤਾਂ ਉਸੇ ਘੜੀ ਲਾਹੌਰ ਨੂੰ ਤੋਰਸਾ ਤੇ ਏਦੂੰ ਵਾਂਕ
ਫੌਜ ਦੇ ਪੰਚਾਂ ਖਤੂ ਪੰਚਾਂ ਨੂੰ ਬਾਜ਼ੀ ਦੇ ਕੇ ਅਪਣੇ ਬਣਾ ਲਯਾ ਤੇ ਨਜ਼ਰ ਬੰਦ ਦੇ ਤੌਰ ਫੌਜ ਨਾਲ ਲਾ-
ਹੌਰ ਆ ਗਿਆ। —

ਏਸੇ ਸਮੇ ਮਹਾਰਾਜੇ ਦਲੀਪ ਸਿੰਘ ਦੀ ਕੁੜਮਾਈ ਅਟਾਰੀ ਵਾਲੇ ਚਤਰ ਸਿੰਘ ਦੀ ਬੇਟੀ ਤੇਜ ਕੌਰ
ਨਾਲ ਹੋ ਗਈ। ਇਸ ਜਲਸੇ ਵਿੱਚ ਰਾਜੇ ਗੁਲਾਬ ਸਿੰਘ ਨੇ ਚੰਗਾ ਬੰਦੋਬਸਤ ਕੀਤਾ ਜਿਸ ਤੇ ਖੁਸ਼ੀ ਹੋ-
ਕੇ ਰਾਣੀ ਜਿੰਦਾਂ ਨੇ ਰਾਜੇ ਨੂੰ ਵਜ਼ੀਰ ਕਰਨਾ ਚਾਹਿਆ, ਪਰ ਉਸ ਨੇ ਪਿਛਲੇ ਵਜ਼ੀਰਾਂ ਦੀ ਦੁਰਦਸ਼ਾ
ਹੋਈ ਤੇ ਲਾਹੌਰ ਦਾ ਰਾਜ ਛਿਪਦਾ ਸੂਰਜ ਦੇਖ ਕੇ ਵਜ਼ੀਰ ਹੋਣਾ ਨਾ ਮੰਨਿਆ ਤੇ ਰੁਪਯਾ ਭੇਜ ਦੇਣ ਦਾ
ਇਕਰਾਰ ਕਰ ਕੇ ਜੰਮੂੰ ਚਲਾ ਗਿਆ। —

ਹੁਣ ਲੁਹਾੜੀ ਪੇਚ ਰਾਜੇ ਗੁਲਾਬ ਸਿੰਘ ਨੇ ਏਧਰ ਤਾਂ ਕੌਰ ਪਸ਼ੌਰਾ ਸਿੰਘ ਨੂੰ ਲਾਹੌਰ ਦਾ ਤਖਤ
ਲੈ ਦੇਣ ਦਾ ਲਾਲਚ ਦੇ ਕੇ ਭੜਕਾ ਕਰ ਫ਼ੌਜ ਖਾਲਸੇ ਨਾਲ ਮਿਲਾ ਦਿੱਤਾ ਤੇ ਉਧਰ ਜਵਾਹਰ ਸਿੰਘ
ਨੂੰ ਏਹ ਪੱਟੀ ਪੜ੍ਹਾਈ ਕਿ ਜਦੋਂ ਤਕ ਪਸ਼ੌਰਾ ਸਿੰਘ ਤਖਤ ਦਾ ਵਾਰਸ ਬੈਠਾ ਹੈ ਤਦੋਂ ਤਕ ਤੂੰ ਆਪ ਨੂੰ
ਵਜ਼ੀਰ ਨਾ ਸਮਝ ਤੇ ਅਪਣੇ ਭਣੇਵੇਂ ਨੂੰ ਬਾਦਸ਼ਾਹ ਹੋਯਾ ਨਾ ਖਿਆਲ ਕਰ ਤਾਂ ਤੇ ਏਸ ਕੰਡੇ ਨੂੰ ਕੱਢ
ਦੇਹ। — ।।ਉਸ ਤੇ ਗਰੇ ਪਾਪੀ ਦੀ ਏਸ ਗੱਲ ਦਾ ਮਤਲਬ ਏਹ ਸੀ। ਜੇ ਪਸ਼ੌਰਾ ਸਿੰਘ ਜੋਰ ਫੜ੍ਹ-
ਕੇ ਜਵਾਹਰ ਸਿੰਘ ਏਸ ਨੂੰ ਮਰਵਾਵੇ ਤੇ ਉਸ ਤੇ ਖਿਜ ਕੇ ਪੰਥ ਖਾਲਸਾ ਜਵਾਹਰ ਸਿੰਘ ਦਾ ਸਿਰ
ਖੰਡੇ ਤਾਂ ਫੇਰ ਮੈਂ ਸੁਤੰਤ੍ਰ ਵਜ਼ੀਰੀ ਕਰਾਂ। — ।।ਉਤ੍ਰਕ ਉਸ ਦੇ ਏਸ ਸਿਖਾਉਣੇ ਨੇ ਉਹੋ ਭਾਂਬੜ ਬਾ-
ਲ ਦਿਖਾਯਾ। ਸਿੰਘਾਂ ਨਾਲ ਜੋੜ ਲਾ ਕੇ ਪਸ਼ੌਰਾ ਸਿੰਘ ਕੁੱਪੂ ਦੇ ਅਵੈ ਜਰਨਲ ਅਬੂਤਬੇਲੇ ਦੇ
ਬੰਗਲੇ ਵਿੱਚ ਆ ਉਤਰਿਆ, ਜਾਂ ਫ਼ੌਜੀ ਅਫਸਰ ਉਸ ਨੂੰ ਮਿਲਣ ਗਏ, ਤਾਂ ਜਵਾਹਰ ਸਿੰਘ ਨੇ ਪੰਜ-
੨ ਰੁਪਏ ਦਾ ਵੱਧ ਸਿਪਾਹੀ ਪ੍ਰਤੀ ਦੇਣਾ ਕਰ ਕੇ ਉਧਰੋਂ ਫ਼ੌਜ ਨੂੰ ਫੇਰ ਲੀਤਾ ਤੇ ਦੋਵੇਂ ਕੌਰ ਸਾਹਿਬ ਨੇ

Digitized by Panjab Digital Library | www.panjabdigilib.org

੪੭੮ ਸਿਆਲਕੋਟ ਜਾ ਮੱਲਿਆ। ਜਦ ਨਜੀਬਾਂ ਵਾਲੀ ਫੌਜ ਉਥੋਂ ਕੱਢਣ ਗਈ ਤਾਂ ਕੌਰ ਜੀ ਨੇ ਛਾਪੇ
ਮਾਰ ਮਾਰ ਫੌਜ ਦੇ ਅਜੇਹੇ ਦੰਦ ਖੱਟੇ ਕੀਤੇ ਜਿਸ ਤੋਂ ਹਾਰ ਮੰਨਕੇ ਸਰਦਾਰਾਂ ਨੇ ਨੇਮ ਧਰਮ ਕਰ
ਸਿਆਲਕੋਟ ਦਾ ਕਿਲਾ ਉਸ ਤੋਂ ਛੁਡਾਇਆ। ਕੌਰ ਜੀ ਕਣੀਆਂ ਵਾਲੇ ਜਾ ਰਹੇ।
ਇਕ ਦਿਨ ਰਾਜੇ ਗੁਲਾਬ ਸਿੰਘ ਦਾ ਖਜ਼ਾਨਾ ਦੋ ਪਲਟਣਾਂ ਛੇ ਤੋਪਾਂ ਸਮੇਤ ਜਾਂਦਾ ਸੁਣਕੇ
ਕੌਰ ਬਹਾਦੁਰ ਨੇ ਦੋ ਸੌ ਆਦਮੀ ਨਾਲ ਉਨਾਂ ਉਤੇ ਰਾਤ ਨੂੰ ਛਾਪਾ ਮਾਰਿਆ ਦੋ ਤੋਪਾਂ ਅਤੇ
ਕਈ ਪੇਟੀਆਂ ਖੋਹ ਲਿਆਏ। ਇਸ ਗੱਲੋਂ ਰੰਜ ਮੰਨਕੇ ਰਾਜੇ ਨੇ ਕੌਰ ਜੀ ਦੇ ਫੜਨ ਵਾਸਤੇ
ਫੌਜ ਚੜ੍ਹਾਈ। ਇਕ ਦਿਨ ਤਾਂ ਕੌਰ ਜੀ ਲੜੇ ਤੇ ਦੂਜੇ ਦਿਨ ਨਿਹੰਗ ਬਣਕੇ ਨਿਕਲ ਗ
ਏ। ਫੇਰ ਸਾਰੇ ਹੀ ਸੂਰਬੀਰ ਅਟਕ ਦੇ ਕਿਨਾਰੇ ਇਕੱਠੇ ਜਾ ਹੋਏ ਅਤੇ ਐਸੀ ਹਿੰਮਤ ਕੀਤੀ
ਕੇ ਅਟਕ ਦਾ ਕਿਲਾ ਜਾ ਮੱਲਿਆ ਅਤੇ ਉਥੋਂ ਦੀ ਸਿੱਖੀ ਫੌਜ ਭੀ ਆਪਣੀ ਕਰ ਲਈ।
ਅਤੇ ਹੋਰ ਬਹੁਤ ਸਾਰੇ ਪਠਾਣ ਨੌਕਰ ਰੱਖਕੇ ਕਈ ਰਈਸ ਭੀ ਉਥੋਂ ਦੇ ਆਪਣੀ ਵੱਲ ਕ
ਰ ਲਏ। — ਏਹ ਖਬਰ ਸੁਣਕੇ ਜਵਾਹਰ ਸਿੰਘ ਨੂੰ ਭਾਰੇ ਪਿੱਸੂ ਪਏ ਜੇਹੜੀ ਪਹਿ
ਲੇ ਫੌਜ ਗਈ ਸੀ ਉਸਨੇ ਕੌਰ ਨੂੰ ਮਹਾਰਾਜੇ ਦਾ ਪੁੱਤ੍ਰ ਸਮਝਕੇ ਉਸ ਪਰ ਗੋਲੀ ਦਾਗਣੀ
ਨਾ ਚਾਹੀ। ਫੇਰ ਸਰਦਾਰ ਛਤਰ ਸਿੰਘ, ਤੇ ਫਤੇਖਾਂ ਟਿਵਾਣੇ ਨੂੰ ਆਪਣੇ ਦੋਸਤ ਸਮਝ
ਕੇ ਭੇਜਿਆ, ਏਹ ੧੭ ਦਿਨ ਲੜੇ ਪਰ ਬਣਿਆ ਕੁਛ ਨਾਂ। ਓੜਕ ਏਨਾਂ ਦੁਸ਼ਟਾਂ ਨੇ ਜਵਾ
ਹਰ ਸਿੰਘ ਦਾ ਲਿਖਿਆ ਸੁਨੇਹਾ ਦਿੱਤਾ ਕੇ ਪਿਛਲੀ ਜਾਗੀਰ ਤੋਂ ਸਿਵਾਇ ਇੱਕ ਲੱਖ
ਦੀ ਜਾਗੀਰ ਹੋਰ ਸਿਆਲਕੋਟ ਲੈ ਲਓ ਤੇ ਦਰਬਾਰ ਲਾਹੌਰ ਵਿਚ ਤੁਹਾਡੀ ਬਾਦਸ਼ਾਹੀ
ਇੱਜ਼ਤ ਹੋਇਆ ਕਰੇਗੀ, ਏਹੋ ਜੇਹੇ ਲਾਲਚ ਦੇਕੇ, ਸੌਹਾਂ ਸੁਗੰਧਾਂ ਖਾ ਖਾ ਕੌਰ ਜੀ ਨੂੰ ਮਨਾ
ਲਿਆ। ੧੬ ਭਾਦ੍ਰੋਂ ਸੰ: ੧੯੦੧ ਬਿ: ਨੂੰ ਕਿਲਾ ਅਟਕ ਛੱਡਕੇ ਕੌਰ ਜੀ ਉਨ੍ਹਾਂ ਦੇ ਨਾਲ
ਚਲੇ ਆਏ। ਪੰਜੇ ਸਾਹਿਬ ਆਉਣ ਤਕ ਤਾਂ ਉਨ੍ਹਾਂ ਕੌਰ ਜੀ ਦੀ ਬਹੁਤ ਇੱਜ਼ਤ ਤੇ ਖਾਤ
ਰ ਕੀਤੀ ਜਦ ਜਵਾਹਰ ਸਿੰਘ ਦਾ ਤੀਜਾ ਖਤ ਕੌਰ ਦੇ ਖਪਾ ਦੇਣ ਦਾ ਉਨ੍ਹਾਂ ਨੂੰ ਗਿਆ
ਤਾਂ ਉਨ੍ਹਾਂ ਨੇ ਆਪਣੇ ਨੇਮ ਧਰਮ ਖੂਹ ਵਿੱਚ ਪਾਕੇ, ਦਗੇ ਨਾਲ ਫੜ, ਕੌਰ ਜੀ ਨੂੰ ਮੁੜ
ਅਟਕ ਦੇ ਕਿਲੇ ਲੈ ਜਾਕਰ, ਕਾਲੇ ਬੁਰਜ ਵਿਚ, ੭ ਅਸੂ ਨੂੰ ਕਤਲ ਕਰ ਸਿਟਿਆ
ਕੌ: ਪਸ਼ੌਰਾ ਸਿੰਘ ਦਾ ਕਤਲ ।। ਇਸ ਖੁਸ਼ੀ ਵਿਚ ਜਵਾਹਰ ਸਿੰਘ ਨੇ ਪੰਜਾਹ ਹਜ਼ਾਰ ਦੀ ਜਾਗੀਰ ਫਤੇਖਾਂ ਨੂੰ ਦਿੱਤੀ
ਅਤੇ ਅੰਮ੍ਰਿਤਸਰ ਲਾਹੌਰ ਵਿੱਚ ਰੌਸ਼ਨੀ ਕਰਾਈ।
ਏਹ ਖਬਰ ਸੁਣਕੇ ਖਾਲਸੇ ਦੀ ਫੌਜ ਦੇ ਨੇਤ੍ਰ ਲਹੂ ਲੁਹਾਣ ਹੋ ਗਏ, ਅਜੇਹੀ ਤੜਮਨ

ਨੂੰ ਲੱਗੀ ਕੇ ਗੁਰਮਤਾ ਕਰਕੇ ਟੁਮਾਣੇ ਨੂੰ ਜਾਗੀਰ ਦੇਣ ਦਾ ਤੇ ਕੌਰ ਪਸ਼ੌਰਾ ਸਿੰਘ ਨੂੰ ਮਰਵਾਉ ੪੭੯
ਣ ਦਾ ਕਾਰਣ ਪੁੱਛਣ ਲਈ ਜਵਾਹਰ ਸਿੰਘ ਨੂੰ ਛਾਉਣੀ ਵਿੱਚ ਬੁਲਾ ਭੇਜਿਆ, ਵਜ਼ੀਰ
ਡਰ ਗਿਆ ਤੇ ਬਥੇਰੇ ਟਾਲੇ ਵਾਲੇ ਕੀਤੇ ਓੜਕ ਜਦ ਖਾਲਸਾ ਜ਼ਿਦ ਚੜ੍ਹਿਆ ਦੇਖਿਆ
ਤਾਂ ਫੌਜ ਦੇ ਪੈਂਚਾਂ ਨੂੰ ਕੁਛ ਦੇਕੇ ਜਾਨ ਛੁਡਾਉਣ ਲਈ ਮੋਹਰਾਂ, ਹੀਰੇ, ਮੋਤੀ ਨਾਲ ਲੈਕਰ
ਆਪਣੇ ਭਣੇਵੇਂ ਮਹਾਰਾਜੇ ਦਲੀਪ ਸਿੰਘ ਸਮੇਤ, ਹਾਥੀ ਉਪਰ ਚੜ੍ਹ, ਸੰਝ ਸਮੇ ਫੌਜ
ਵਿਚ ਗਿਆ। ਰਾਣੀ ਜਿੰਦਾਂ ਭੀ ਉਸਦੀ ਸਹਾਇਤਾ ਵਾਸਤੇ ਪਾਲਕੀ ਵਿੱਚ ਪਿੱਛੇ ਰਗ
ਈ, ਹਿੰਮਤ ਤੇ ਅਕਲ ਤਾਂ ਬਥੇਰੀ ਕੀਤੀ ਪਰ ਮੌਤ ਨੇ ਕੋਈ ਨ ਚੱਲਣ ਦਿੱਤੀ, ਓੜਕ
ਜਾਨ ਦਾ ਬਦਲਾ ਜਾਨ ਦੇਣੀ ਪਈ, ਸੱਚ ਹੈ ਜੋ ਕਰੇ ਸੋ ਭਰੇ। ਪਹਿਲੇ ਤਾਂ ਰਾਜ ਦੇ ਮੂਜ
ਬ ਫੌਜ ਨੇ ਸਲਾਮੀ ਲਈ ਫੇਰ ਤਿਲੰਗਿਆਂ ਤੇ ਅਕਾਲੀਆਂ ਨੇ ਹਾਥੀ ਨੂੰ ਘੇਰਕੇ ਏਤਨਾ
ਹੀ ਪੁੱਛਿਆ ਪਸ਼ੌਰਾ ਸਿੰਘ ਕਿਉਂ ਮਰਵਾਇਆ ਤੇ ਟੁਮਾਣੇ ਨੂੰ ਜਾਗੀਰ ਕਿਉਂ ਦਿੱਤੀ ਹੈ, ਇਸ
ਦਾ ਜਵਾਬ ਭੀ ਕਿਸੇ ਨੇ ਨ ਸੁਣਿਆ ਤੇ ਦਲੀਪ ਸਿੰਘ ਨੂੰ ਕੁੱਛੜ ਵਿੱਚੋਂ ਖੋਹਕੇ ਜਵਾਹ
ਰ ਸਿੰਘ ਨੂੰ ਸੰਗੀਨਾਂ ਨਾਲ ਵਿੰਨ੍ਹਕੇ ਮਾਰ ਸਿੱਟਿਆ। ਦੌਲਤ ਫੌਜ ਚੁੱਕ ਲਈ। ਰਾਣੀ

ਜਵਾਹਰ ਸਿੰਘ ਮਾਰਿਆ

ਜਿੰਦਕੌਰ ਸਾਰੀ ਰਾਤ ਇਕ ਤੰਬੂ ਵਿੱਚ ਰੋਣ ਪਾਉਂਦੀ ਤੇ ਫੌਜ ਦੇ ਜ਼ੁਲਮ ਉੱਤੇ ਹੱਥ ਮਲਦੀ
ਰਹੀ। ਦਿਨ ਚੜ੍ਹੇ ਭਾਈ ਦੀ ਲੋਥ ਲੈਕੇ ਫੂਕਣ ਲੱਗੀ ਤਾਂ ਜਵਾਹਰ ਸਿੰਘ ਦੀਆਂ ਦੋ ਸਰ
ਦਾਰਨੀਆਂ ਚਾਰ ਗੋਲੀਆਂ ਸਤੀ ਹੋਣ ਲਈ ਲੱਖਾਂ ਰੁਪਏ ਦੇ ਜੜਾਊ ਗਹਣੇ ਕਪੜੇ ਪ
ਹਿਨਕੇ ਦੌਲਤ ਵੰਡਦੀਆਂ ਹੋਈਆਂ ਆ ਗਈਆਂ ਉਨ੍ਹਾਂ ਨੂੰ ਦੇਖਕੇ ਸਾਰਾ ਸ਼ਹਿਰ ਤ੍ਰਾਹ
ਤ੍ਰਾਹ ਕਰ ਰਿਹਾ ਸੀ, ਪਰ ਤਲੰਗਿਆਂ ਨੂੰ ਤਦੋਂ ਭੀ ਦਯਾ ਨਾ ਆਈ, ਲੋਭ ਤੇ ਹੰਕਾਰ ਨੇ ਐਸੀ
ਪਟਮੇਲੀ ਦੀ ਧੁੰਧ ਚੜ੍ਹਾਈ ਜੋ ਸਤੀਆਂ ਨੂੰ ਭੀ ਉੱਤਣ ਪੁੱਤਣ ਲਿਆ। ਉਹ ਵਿਚਾਰੀ
ਆਂ ਬਦਅਸੀਸਾਂ ਦਿੰਦੀਆਂ ਹੋਈਆਂ ਆਪਣੇ ਪਤੀ ਨਾਲ ੨੨ ਅੱਸੂ ਸੰ:੧੯੦੧ ਨੂੰ
ਸੜ ਮਰੀਆਂ।

ਜਵਾਹਰ ਸਿੰਘ ਦੇ ਮਰੇ ਪਿੱਛੋਂ ਰਾਣੀ ਨੇ ਕਈ ਲਾਇਕ ੨ ਸਰਦਾਰਾਂ ਨੂੰ ਵਜ਼ੀਰ ਬਣਨ
ਚਾਹਿਆ ਪਰ ਫੌਜ ਤੋਂ ਡਰਦੇ ਕਿਸੇ ਨ ਮੰਨਿਆ ਕਿਉਂਕੇ ਉਦੋਂ ਫੌਜ ਵਿੱਚ ਜੇਹੜੇ ਪੈਂਚ ਬਣੇ
ਹੋਏ ਸੇ ਉਨ੍ਹਾਂ ਦੇ ਹੁਕਮ ਨਾਲ ਸਭ ਕਾਰਬਾਰ ਹੁੰਦਾ ਸੀ। ਜੋ ਕੋਈ ਉਨ੍ਹਾਂ ਦੀ ਗੱਲ ਮੋੜਦਾ
ਉਹੋ ਮਾਰਿਆ ਜਾਂਦਾ। ਜਦ ਮਹਾਰਾਣੀ ਜਿੰਦਕੌਰ ਨੇ ਪੈਂਚਾਂ ਦੇ ਅਨੁਸਾਰ ਹੋਕੇ ਇੱਕ ਸਾਲ ਰਾ
ਜ ਤਾਂ ਕੀਤਾ ਪਰ ਪੂਰਾ ਨਾ ਪਾਟਿਆ ਕਿਉਂਕੇ ਉਸ ਨੇ ਮਨ ਵਿੱਚ ਏਹੋ ਥਾਪ ਰੱਖਿਆ ਸੀ ਕੇ ਜੋ

Digitized by Panjab Digital Library | www.panjabdigilib.org

੪੮੦ ਤਕ ਏਨਾਂ ਬੁਰਛਿਆਂ ਦਾ ਸਤਿਆਨਾਸ ਕਰਕੇ ਅਪਣੇ ਭਾਈ ਦਾ ਬੈਰ ਮੈਂ ਨਹੀਂ ਲੈਂਦੀ, ਤਦੋਂ ਤਕ ਮੇਰਾ
ਅੰਨ ਖਾਣਾ ਬੁਰੀ ਵਸਤੂ ਹੈ। ਤਾਂਹੀ ਤੀਮੀ ਦੀ ਮੱਤ ਗਿੱਚੀ ਪਿੱਛੇ ਕਹੀ ਹੈ ਅਰਥਾਤ ਜੱਟ ਨੂੰ ਤੇ
ਤੀਮੀ ਨੂੰ ਪਿੱਛੋਂ ਸਮਝ ਆਉਂਦੀ ਹੈ। ਉਸ ਭੋਲੜੀ ਨੇ ਏਹ ਨਾ ਸੋਚਿਆ, ਕੇ ਫੌਜ ਮਰੀ ਤੋਂ ਮੈਨੂੰ ਕਿਸ ਨੇ
ਰਾਜ ਕਰਨ ਦੇਣਾ ਹੈ। ਕਦੇ ਹੱਥ ਪੈਰ ਕਟਾਕੇ ਬੀ ਕੋਈ ਬਚਿਆ ਹੈ। ਹੁਣ ਰਾਣੀ ਦੇ ਸਲਾਹਕਾਰ
ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਦੋਵੇਂ ਬ੍ਰਾਹਮਣ ਥੇ ਜਿਸ ਜਾਤ ਤੋਂ ਹੀ ਕਦੇ ਭਲਾ ਨਹੀਂ ਹੋਇਆ। ਉਨ੍ਹਾਂ ਨੇ
ਨੇਕ ਸਲਾਹ ਕਦੋਂ ਦੇਣੀ ਸੀ ਉਹ ਚਾਹੁੰਦੇ ਬੀ ਏਹੋ ਮਥਦੇ ਰਹੇ ਕਿਵੇਂ ਸਿੰਘਾਂ ਦਾ ਜੋਰ ਟੁੱਟੇ ਤਾਂ ਅਸੀਂ
ਸੁਤੰਤ੍ਰ ਰਾਜ ਕਰੀਏ। ਸੱਚ ਹੈ (ਮੁੰਡੇ ਰਾਵਲ ਰੰਨਾਂ ਤਿਨੇ ਉਜਾੜੇ ਦਾ ਬੀਜਨਾ) ਰਾਵਲ ਨਾਮ ਮੰਗਤੇ ਦਾ
ਹੈ ਸੋ ਬ੍ਰਾਹਮਣ ਤੋਂ ਬੱਧ ਮੰਗਤਾ ਕੌਣ ਹੈ। ਏਥੇ ਤਾਂ ਤਿੰਨੇ ਰਲੇ ਹੋਏ ਸੇ, ਫੇਰ ਕਿਉਂ ਨਾ ਬਾਦਸ਼ਾਹੀ ਦਾ ਬੇੜਾ
ਗਰਕ ਹੋਂਦਾ। --- ।ਹੁਣ ਰਾਣੀ ਤੇ ਰਾਣੀ ਦੇ ਮੰਤ੍ਰੀ ਤਾਂ ਫੌਜ ਦੇ ਵੈਰੀ ਥੇ ਹੀ ਪਰ ਉਹ ਛਿੱਟੇ ਹੋਏ ਬੁਰਛੇ
ਬੀ ਸਿਰਕਾਰ ਦਾਰ ਨੂੰ ਬਖਤਾਵਰ ਦੇਖਣ ਉਸੇ ਦੇ ਗਲ ਜਾ ਪੈਣਾ। ਕੁਛ ਨਾ ਕੁਛ ਲੈ ਛੱਡਣਾ। ਨਾ ਦੇਵੇ
ਤਾਂ ਜਾਨ ਸਮੇਤ ਜਾਏ। ।ਇਸ ਪ੍ਰਕਾਰ ਲਾਹੌਰ ਦੀ ਖੇਡ ਵਿਚਲ੍ਹੀ ਹੋਈ ਦੇਖਕੇ ਸਰਕਾਰ ਅੰਗ੍ਰੇਜੀ ਨੇ ਬੀ
ਤੇਜਾ ਸਿੰਘ ਜੇਹੇ ਦੁਫਸਲੇ ਸਰਦਾਰਾਂ ਨੂੰ ਸਰ ਦੇਣੀ ਸ਼ੁਰੂ ਕਰ ਦਿੱਤੀ। ਕਿਉਂਕੇ ਫਰੰਗੀ ਠੀਕ ਸਮਝਦੇ
ਥੇ ਸੋ ਹੁਣ ਸਾਨੂੰ ਜਰੂਰ ਕਦੇ ਨ ਕਦੇ ਸਿੰਘਾਂ ਨਾਲ੍ਹ ਭੁਟ ਭੇੜ ਕਰਨਾ ਪਊ। ਤਾਂਹੀ ਜੰਗੀ ਸਾਮਾਨ ਜਮਾਂ ਤੇ
ਹੱਦਾਂ ਦੀ ਤਕੜਾਈ ਲੜਾਈ ਦੀ ਤਿਆਰੀ ਕਰਨ ਲੱਗ ਪਏ ਸੇ। ——
ਹੁਣ ਲਾਹੌਰ ਦੇ ਅਹਿਲਕਾਰਾਂ ਤੇ ਰਾਣੀ ਨੇ ਫੌਜ ਦੇ ਹੱਥੋਂ ਦੁਖੀ ਹੋਕੇ ਜਦ ਦੇਖਿਆ ਕੇ ਹੋਰ ਕਿਵੇਂ ਏਨਾਂ ਬੁਰ
ਪੰਚਾਇਤ ਛਿਆਂ ਤੋਂ ਸਾਡੀ ਜਿੰਦ ਨਹੀਂ ਛੁਟਦੀ, ਏਨਾਂ ਦੀ ਛਿੱਦੀ ਪਤਲੀ ਫਰੰਗੀਆਂ ਤੋਂ ਕਰਾਈਏ ਤਾਂ ਏਹ ਵਸ
ਵਿੱਚ ਆਉਣਗੇ। ੨੬ ਪੋਹ ਸੰ: ੧੯੦੨ ਬਿ: ਕੋ ਸਾਲਾਮਾਰ ਬਾਗ ਵਿੱਚ ਸਭਾ ਕਰਕੇ ਦੀਵਾਨ ਦੀਨਾ
ਨਾਥ ਨੇ ਖੜੇ ਹੋ ਫੌਜੀ ਅਫਸਰਾਂ ਤੇ ਪੰਚਾਂ ਵੱਨੀ ਮੂੰਹ ਕਰਕੇ ਇੱਕ ਅਜੇਹਾ ਰੋਹ ਚੜ੍ਹਾਉਣ ਵਾਲ੍ਹਾ ਲੰਬਾ
ਚੌੜਾ ਬਖਿਆਣ ਸੁਣਾਕੇ ਆਖਿਆ ਕੇ ਦੇਖੋ ਖਾਲਸਾ ਜੀ, ਏਨਾਂ ਫਰੰਗੀਆਂ ਨੇ ਕੇਹੀ ਮਨਮਤ ਤੇ ਹੰਕ
ਾਰ ਦੀ ਭਰੀ ਹੋਈ ਅਨੀਤ ਦਾ ਚਾਲਾ ਫੜਿਆ ਹੈ। ਤੁਸਾਂ ਨੂੰ ਚੰਗੀ ਤਰਾਂ ਖਬਰ ਹੈ ਸੰ: ੧੮੬੫ ਬਿ:
ਨੂੰ ਜੇੜ੍ਹੀਆਂ ਸਰਤਾਂ ਹੋਕੇ ਦੋਹਾਂ ਸਰਕਾਰਾਂ ਵੱਲੋਂ ਲਿਖਤਾਂ ਪੈਈਆਂ ਸਨ ਹੁਣ ਏਨਾਂ ਉਹ ਸਭ ਛਿੱਕੇ
ਰੱਖਕੇ ਫਰੇਬ ਦੀ ਖੇਡ ਅਰੰਭ ਦਿੱਤੀ (੧) ਇੱਕ ਤਾਂ ਅਨੰਦਪੁਰੀਏ ਸੋਢੀਆਂ ਦੀ ਜੰਗੀਰ ਦਾ ਥੇ
ਦੇ ਬਸਤ ਰੱਖਣਾ ਪਹਿਲੇ ਹਮੇਸ਼ ਵਾਸਤੇ ਲਿਖਕੇ ਸਰਕਾਰ ਖਾਲਸੇ ਨੂੰ ਦੇ ਚੁੱਕੇ ਸੋ। ਹੁਣ ਥੋੜ੍ਹੇ ਚਿ
ਰ ਤੋਂ ਫੇਰ ਅਪਣੇ ਹੱਥ ਲੈਕੇ ਉਨਾਂ ਨੂੰ ਬਹੁਤ ਦੁਖੀ ਕਰ ਰੱਖਿਆ ਹੈ। ਉਹ ਖਾਲਸੇ ਦੇ ਗੁਰੂ ਹਨ। ——
(੨) ।ਫੀਰੋਜਪੁਰ ਵਾਲ੍ਹੇ ਸਰਦਾਰ ਦੀ ਜਾਇਦਾਦ ਜੰਗੀਰ ਉਸ ਦੇ ਬੇਉਲਾਦ ਮਰੇ ਤੋਂ ਜੋ ਸਰਕਾਰ

Digitized by Panjab Digital Library | www.panjabdigilib.org

ਖਾਲਸੇ ਦਾ ਹੱਕ ਸੀ ਓਹ ਬੀ ਫਰੰਗੀਆਂ ਨੇ ਮੱਲ ਕੇ ਛਾਉਣੀ ਪਾ ਲਈ। (੩) ਰਾਜਾ ਸੁਚੇਤ ਸਿੰ ੪੮੧
ਘ ਜੋ ਬਾਈ ਲਾਖ ਰੁਪਯਾ ਫੀਰੋਜਪੁਰ ਦੇ ਬੰਕ ਵਿੱਚ ਜਮਾ ਕਰਾ ਆਯਾ ਸੀ, ਸੋ ਬੀ ਦੇਣ ਵਿਚ ਟਾ
ਲ੍ਹੇ ਵਲ੍ਹੇ ਹੀ ਪਏ ਕਰਦੇ ਹਨ। (੪) ਮੌੜ ਪਿੰਡ ਜੋ ਮਹਾਂਰਾਜੇ ਰਣਜੀਤ ਸਿੰਘ ਨੇ ਰਾਜੇ ਨਾਭੇ ਵਾ
ਲੇ ਪਾਸੋਂ ਅਪਣੇ ਮੁਸਾਹਿਬ ਧੰਨਾ ਸਿੰਘ ਮੌੜ ਨੂੰ ਦੇ ਵਕੇ ਓਸ ਦੇ ਬਦਲੇ ਦੇ ਪਰਗਣੇ ਪੱਖੋ ਵਾ
ਤੇ ਦਹਿੜੂ ਮਹਾਂਰਾਜੇ ਨੇ ਨਾਭੇ ਵਾਲ੍ਹੇ ਨੂੰ ਦਿੱਤੇ ਹੋਏ ਹਨ। ਹੁਣ ਅੰਗ੍ਰੇਜਾਂ ਨੇ ਰਾਜੇ ਨੂੰ ਸਿਖਾ ਕੇ ਧੰਨਾ
ਸਿੰਘ ਤੋਂ ਮੌੜ ਖੁਹਾ ਲੀਤਾ। ਓਹ ਬੀ ਖਾਲਸੇ ਦੇ ਹੀ ਖੁੰਸ੍ਯਾ ਸਮਝੋ। —(੫) ਜੋੜੇ ਦੋ ਪਿੰਡ
ਲੁੰਦੇ ਹਾਣੇ ਪਾਸ ਸਰਕਾਰ ਖਾਲਸੇ ਦੇ ਹਨ। ਹੁਣ ਓਨਾਂ ਉੱਤੇ ਬੀ ਏਸ ਬਹਾਨੇ ਨਾਲ ਕੇ ਏਥੇ
ਸਾਡੇ ਚੋਰ ਲੁਕੇ ਬੈਠੇ ਹੋਏ ਹਨ। ਦਖਲ ਕਰ ਲੀਤਾ। — (੬) ਜੋ ਕੁ ਮੁਲਕ ਸਤਲੁਜੋਂ ਪਾ
ਰ ਚੌਦਾਂ ਲਾਖ ਦਾ ਸਰਕਾਰ ਖਾਲਸੇ ਦਾ ਹੈ ਓਸ ਵਿੱਚ ਬੀ ਪੈਰ ਅੜਾਉਂਦੇ ਜਾਂਦੇ ਹਨ। —
(੭) ਜੋ ਹੱਦਾਂ ਉੱਤੇ ਲੋੜ ਤੋਂ ਬੰਧ ਫੌਜ ਨਾ ਰੱਖਣ ਦੀ ਸਰਤ ਹੈ। ਸੋ ਬੀ ਰੱਖਣ ਲੱਗ ਪਏ।
। ਬਾਕੀ ਹੋਰ ਏਹੋ ਜੇਹੇ ਅਨੇਕ ਕੰਮ ਅਪਣੇ ਨਿਜਾਮ ਪੱਤ੍ਰ ਤੋਂ ਬਧ ਕੇ ਅਜੋਗ ਕਰਦੇ ਹੋਏ ਸਿ
ਰ ਚੜ੍ਹਦੇ ਆਉਂਦੇ ਹਨ। — ਭਾਈ ਖਾਲਸਾ ਜੀ ਏਨਾਂ ਠੱਗੇ ਮੂੰਹਾਂ ਵਾਲਿਆਂ ਨੇ ਏਸੇ ਜੇਹੇ ਬੈਠ
੨ ਪੈਰ ਪਸਾਰ ਕੇ ਅਨੇਕ ਰਾਜਿਆਂ ਦੇ ਰਾਜ ਏਸੇ ਫਰੇਬ ਦੀ ਚਾਲ ਨਾਲ ਲੈ ਲੀਤੇ ਹਨ। ਹੁਣ
ਓਸੇ ਖੰਡ ਸੈਨਾ ਏਥੇ ਮਾਰਨਾ ਚਾਹੁੰਦੇ ਹਨ, ਪਰ ਏਹ ਨਹੀਂ ਸੋਚਦੇ ਏਥੇ ਸੌਂਹੇ ਨਹੀਂ ਸਿੰਘ ਹਨ।
ਅਸੀਂ ਬੀ ਓਨਾਂ ਨੂੰ ਬਹੁਤ ਬਾਰੀ ਲਿਖ ਚੁੱਕੇ ਹਾਂ ਕੇ ਤੁਸੀਂ ਰੱਸੀ ਦੇ ਭੁਲਾਖੇ ਸੱਪ ਨੂੰ ਹੱਥ ਨਾ ਪਾਓ
ਨੂੰਹੇਂ ਦਹੀ ਦੇ ਧੋਖੇ ਕਪਾਹ ਖਾ ਜਾਉਗੇ, ਸਿੰਘਾਂ ਦੀਆਂ ਜਾੜ੍ਹਾਂ ਵਿਚੋਂ ਮਾਸ ਕੌਣ ਲੈ ਸਕਦਾ ਹੈ।
ਪਰ ਓਨਾਂ ਅਪਣੀ ਚਾਲ ਨਹੀਂ ਛੱਡੀ। ਹੁਣ ਅਸੀਂ ਏਹ ਸੋਚਾਂ ਲੀਯਾ ਦੀ ਸੋਚ ਨਹੀਂ ਕਰਦੇ
ਪੋਹ ਪੈ ਜਾਣ ਤੋਂ ਡਰਦੇ ਹਾਂ। ਜੇਕਰ ਖਾਲਸਾ ਜੀ ਹੁਣੇ ਓਨਾਂ ਦਾ ਇਲਾਜ ਨਾ ਕਰੂ ਤਾਂ ਕੱਲ
ਨੂੰ ਪੰਜਾਬ ਓਨਾਂ ਕਦੋਂ ਛੱਡੀ। ਤਾਂ ਤੇ ਅੱਜੋ ਓਨਾਂ ਦੇ ਦੰਦ ਤੋੜ ਕੇ ਮੂੰਹ ਮੋੜੇ ਜਾਣ ਤਾਂ ਹੀ ਚੰਗਾ ਹੈ
ਨਹੀਂ ਤਾਂ ਫੇਰ ਭਾਰੀ ਖਰਾਬੀ ਹੋਊ। ਏਹੋ ਜੇਹੀਆਂ ਝੂਠ ਸੱਚ ਬਾਪੇ ਦੀਆਂ ਸੁਣਾ ਕੇ ਰੋਹ ਚੜ੍ਹਾ
ਕੇ ਫੇਰ ਇੱਕ ਕਾਗਜ ਅਨੇਕ ਮੁਹਰਾਂ ਤੇ ਦਸਤਖਤਾਂ ਵਾਲਾ ਫਾਰਸੀ ਲਿਖਿਆ ਹੋਯਾ ਸਿੰਘਾਂ
ਨੂੰ ਦਿਖਾ ਕੇ ਆਖਯਾ, ਕੇ ਏਹ ਮੋਹਰਨਾਮਾ ਸੰਮਤੀ ਪੱਤ੍ਰ ਪਾਰ ਦੇ ਰਾਜਿਆਂ ਤੇ ਸਰਦਾਰਾਂ ਵੱਲੋਂ
ਆਯਾ ਹੈ ਓਹ ਬੀ ਸਬ ਅੰਗ੍ਰੇਜਾਂ ਤੋਂ ਦੁਖੇ ਹੋਏ ਤੁਸਾਡੇ ਹੋਣ ਨੂੰ ਤਿਆਰ ਬੈਠੇ ਹਨ। —
। ਹੁਣ ਜਿਨਾਂ ਸਿੰਘਾਂ ਨੂੰ ਜੰਗ ਕਰਨ ਦੀ ਬਾਦੀ ਪੈ ਸਾਥੀ ਰਹੀ ਸੀ, ਏਹ ਗੱਲਾਂ ਸੁਣਦੇ ਸਾਰ ਜੰਗ
ਕਰਨ ਦੀ ਉਮੰਗ ਨਾਲ ਮੁੱਛਾਂ ਉੱਤੇ ਹੱਥ ਫੇਰ ਕੇ ਸੇਰਾਂ ਵਾਂਗੂ ਭਬਕ ਉੱਠੇ, ਗੱਜ ੨ ਕੇ ਬੋਲੇ ਕੇ ਓਹ

Digitized by Panjab Digital Library | www.panjabdigilib.org

੪੮੨ ਕੌਣ ਵਿਚਾਰੇ ਫਰੰਗੀ ਗੜ੍ਹੇ ਦੂਰੋਂ ਗਏ ਹੋਏ ਜੋ ਸਿੰਘਾਂ ਦੇ ਸਾਹਮਣੇ ਹੋਣ, ਖਾਲਸਾ ਜੀ ਹੁਣੇ ਉਨ੍ਹਾਂ ਦੀਆਂ
ਕੁਚਾਲਾਂ ਤੇ ਬਦੀਕੀਆਂ ਦਾ ਸੁਆਦ ਅਜੇਹਾ ਚਖਾਵੇਗਾ ਜੋ ਫੇਰ ਕਦੇ ਏਧਰ ਮੂੰਹ ਕਰਕੇ ਭੀ ਨਾ ਸੌਣ
ਗੇ। — ਏਤਨਾ ਕਹਿ ਕਰ ਤੇ ਬੁਲਾ ਪੈਂਚਾਂ ਨੇ ਜਾਂ ਖਾਲਸੇ ਨੂੰ ਗੱਲਾਂ ਸੁਣਾ ਕੇ ਬੀਰ ਰਸ ਚੜ੍ਹਾਯਾ
ਤਾਂ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ, ਲੱਗੇ ਜੈਕਾਰੇ ਗੱਜਣ ਤੇ ਅੰਤ ਸੁੱਖੇ ਤੇ ਕੜਾਹ ਪ੍ਰਸ਼ਾਦ
ਗੁਰਮਤੇ ਕਰਨੇ
ਛਿੱਕਣ, ਰਾਤ ਦਿਨੇ ਏਹੋ ਗੁਰਮਤੇ ਪਏ ਹੋਣ ਕਿ ਖਾਲਸੇ ਜੀ ਦੀ ਚੰਗੀ ਢੰਗ ਸੁੱਝੀ ਹੈ, ਫਰੰਗੀਆਂ
ਨੂੰ ਲਿਤਾੜਕੇ, ਉਨ੍ਹਾਂ ਦੇ ਖਜ਼ਾਨੇ ਤੇ ਹਿੰਦੁਸਤਾਨ ਦੀ ਦੌਲਤ ਲੁੱਟਕੇ, ਬੇੜੀਆਂ ਭਰਕੇ, ਗੱਠੀ
ਆਂ ਕਰਕੇ ਲਿਆਵਾਂਗੇ। ਦੂਜਾ ਕਹੇ ਅਸਾਂ ਲਿਤਾੜਨ ਕੋਲੋਂ ਛੱਡਣੀ ਹੈ ਉਥੇ ਗੀ ਅਨਛੋਹ ਮੇਮੀਆਂ
ਨੂੰ ਲਿਆਵਾਂਗੇ। — ਉਧਰ ਬੜੇ ਬੜੇ ਢਿੱਡਾਂ ਵਾਲੇ ਦਰਬਾਰੀਆਂ ਨੇ ਏਹ ਖੁਸ਼ੀ ਮਨਾਈ ਕਿ ਹੁਣ ਏ
ਸ ਪੁਰਾਣੀ ਫੌਜ ਦੀ (ਜੇਹੜੀ ਸਾਨੂੰ ਜੀਉਣ ਨਹੀਂ ਦਿੰਦੀ ਸੀ) ਫਰੰਗੀਆਂ ਤੋਂ ਕੁੰਡੀ ਕਟਾ ਕੇ ਫੇਰ ਹੋ
ਰ ਨਵੀਂ ਫੌਜ ਭਰਤੀ ਕਰ ਲਵਾਂਗੇ, ਜੇਹੜੀ ਸਾਡੇ ਘਰਾਂ ਦੇ ਕੰਮ ਭੀ ਪਈ ਕਰੂਗੀ, ਕਿਉਂਕਿ ਅੰਗ੍ਰੇਜ਼ ਬ
ਡੇ ਸਿਆਣੇ ਤੇ ਪੜ੍ਹੇ ਹੋਏ ਹਨ, ਜੋ ਗਾਹਾ ਖਰਚਾ ਉਨ੍ਹਾਂ ਨੂੰ ਦੇਕੇ ਆਪਣੀ ਬਾਦਸ਼ਾਹੀ ਤੇ ਸਰਦਾਰੀ
ਆਂ ਫੇਰ ਕਾਇਮ ਰੱਖ ਲਵਾਂਗੇ। ਇਤਿਆਦਿਕ ਮਨਸੂਬੇ ਕਰ ਕਰ ਘਰ ਪਏ ਖਿਆਲੀ ਪੁਲ
ਉ ਪੱਕਣ। "ਪੰਜਾਬ ਦੀ ਫੁੱਟ ਕਿਆ ਮਜ਼ੇਦਾਰ ਹੈ" ਭਲਾ ਭਲੀ ਗੇ ਤਾਂ ਆਹਿਮਕ ਹੁੰਦੇ ਹੀ ਹ
ਨ, ਅਹਿਲਕਾਰਾਂ ਮੂਰਖਾਂ ਨੇ ਭੀ ਏਹ ਨਾ ਸੋਚਿਆ ਕਿ ਪੰਛੀ ਦੇ ਖੰਭਾਂ ਵਾਂਗੂੰ ਫੌਜ ਤਾਂ ਸਾਡੇ ਹੱਥ ਪੈਰ
ਤੇ ਬਦਨੀ ਤਾਕਤ ਹੈ ਏਨ੍ਹਾਂ ਬਿਨਾਂ ਬੇਟ ਹੋਏ ਅਸੀ ਨਿਕੰਮੇ ਹੋ ਜਾਂਵਾਂਗੇ, ਸੱਚ ਮੁੱਚ ਉਨ੍ਹਾਂ ਤਾਂ ਉ
ਹੋ ਕੀਤੀ ਜੀਕੂੰ ਕਿਸੇ ਬੇਅਕਲ ਜੱਟ ਨੇ ਪਾਣ ਵਿਚੋਂ ਤੀਲਾ ਮੁਕਾਉਣ ਨੂੰ ਖੰਧਾ ਚੁੱਕ ਵਾਹਿਆ।
ਅਹਿਲਕਾਰਾਂ ਤੇ ਫੌਜ ਦੀ ਚੜ੍ਹਾਈ ਕਰਨੀ
ਅਤੇ ਕਮਲ਼ੇ ਗਟਵਾਣੀਏ ਨੇ ਪਚੂਨ ਦੀ ਹੱਟੀ ਵਿਚੋਂ ਬਿੱਲੀ ਕੱਢਣ ਲਈ ਦੂੰਹ ਦਾਰੂ ਕੀਤਾ ਸੀ।
ਉਸੇ ਸਮੇਂ ਰਾਣੀ ਜਿੰਦ ਕੌਰ ਨੇ ਮਿਸਰ ਲਾਲ ਸਿੰਘ ਨੂੰ ਵਜ਼ੀਰ ਤੇ ਮਿਸਰ ਤੇਜਾ ਸਿੰਘ ਨੂੰ (ਸੈ
ਨਾਪਤੀ) ਜੰਗੀ ਲਾਟ ਬਣਾ ਕੱਢਿਆ ਪਰ ਏਹ ਨ ਸਮਝਿਆ ਕਿ ਜਦ ਕਿਸੇ ਕੌਮ ਨੂੰ ਜਾਂਦਿਆਂ
ਅੱਗੋਂ ਗ਼ਾਮਣ ਮਿਲੇ ਤਾਂ ਉਹ ਕੰਮ ਨਹੀਂ ਹੁੰਦਾ ਤਾਂ ਮੈਂ ਏਹ ਮਣਸ਼ੌਣਾ ਕਿਉਂ ਕਰਦੀ ਹਾਂ, ਭਾਵੀ
ਨੇ ਅਤਿਵਾਦੀ ਕਰ ਦਿੱਤੀ। — ਹੁਣ ਦਰਬਾਰ ਲਾਹੌਰ ਦੀ ਪ੍ਰੇਰੀ ਹੋਈ ਫੌਜ ਨੇ ਜਦ ਜੰ
ਗ ਲਈ ਖਰਚ ਮੰਗਿਆ ਤਾਂ ਉਸ ਸਬਜ਼ ਕਦਮੀ ਨੇ ਆਖਿਆ ਮੈਂ ਉੱਜੜੀ ਕਿੱਥੋਂ ਖਰਚ ਦੇਵਾਂ,
ਖਜ਼ਾਨਿਆਂ ਵਿਚ ਤਾਂ ਚੂਹੇ ਪਏ ਕਲੋਲ ਕਰਦੇ ਹਨ, ਤੁਸਾਡੀਆਂ ਤਲਬਾਂ ਨੇ ਸਾਨੂੰ ਪੱਟ ਛੱਡਿ
ਆ ਹੈ, ਪਾਰ ਦਾ ਮੁਲਕ ਫਰੰਗੀਆਂ ਨੇ ਮੱਲ ਲੀਤਾ ਹੈ ਜੇ ਛੁਡਾਓ ਤਾਂ ਤਲਬਾਂ ਪਾਓ।
ਸਿੰਘ ਵਿਚਾਰੇ ਲਾਜ ਦੇ ਮਾਰੇ ਆਪਣੇ ਗਹਿਣੇ, ਬਾਟੀਆਂ ਗੋਹਣੇ ਰੱਖ ਦੇ ਥੋੜਾ ਬਹੁਤਾ ਖਰਚ

Digitized by Panjab Digital Library | www.panjabdigilib.org

ਲੈਕੇ ਅਰਦਾਸ ਕਰ ਕਰ ਅੰਗ੍ਰੇਜਾਂ ਨਾਲ ਜੁੱਧ ਕਰਣ ਲਈ ੨੧ ਮੱਘਰ ਸੰਮਤ ੧੯੦੨ ਬਿ: ਨੂੰ ਬਾਜੇ ੪੯੩
ਗਾਜੇ ਨਾਲ ਚੜ੍ਹ ਬੈਠਾ।— ।।ਦਸ [੧੦] ਪਲਟਣਾਂ ਚਾਰ ਹਜਾਰ [੪੦੦੦] ਅਸਵਾਰ ਬੱਤੀ [੩੨] ਤੋਪਾਂ ਸਰਦਾਰ ਰਣਜੋ
ਧ ਸਿੰਘ ਮਜੀਠੇ ਵਾਲੇ ਦੀ ਕਮਾਨ ਵਿੱਚ ਲੁੱਦੇਹਾਣੇ ਵੱਲ ਗਈਆਂ।— ।।ਦਸ ਹਜਾਰ [੧੦੦੦੦] ਅਸਵਾਰ
ਸੱਤ ਪਲਟਣਾਂ ਬਿਆਸੀ [੮੨] ਤੋਪਾਂ ਮਿਸਰ ਲਾਲ ਸਿੰਘ ਦੇ ਤਾਬੇ ਹੋਕੇ ਫੀਰੋਜਪੁਰ ਵੱਲੀ ਚੱਲੀਆਂ
ਬਾਕੀ ਨੂੰ ਢੋ ਸੈ ਤੋਪ ਤੇ ਚਾਲੀ ਹਜਾਰ [੪੦੦੦੦] ਦੇ ਲਗਭਗ ਫੌਜ ਜਿਸ ਵਿੱਚ ਈਨ ਦੀ ਬੇੜੀ ਸੀ ਦਸ ਹਜਾਰ [੧੦੦੦੦]
ਅਸਵਾਰ ੪ ਪਲਟਣਾਂ ਖਾਸ ਤੇਜ ਸਿੰਘ ਦੀਆਂ ਸਨ। ਓਹ ਸਭ ਤੇਜ ਸਿੰਘ ਦੀ ਕਮਾਨ ਵਿੱਚ ਹਰੀ
ਕੇ ਪੱਤਣ ਨੂੰ ਹੋਈਆਂ। ਕੁੱਲ ਭੀੜ ਭਾੜ ਸੱਠ ਹਜਾਰ ਵਿੱਚੋਂ ਲੜਾਕੀ ਚਾਲੀ ਹਜਾਰ ਸੀ।।—
੨੧ ਮਘਰ ਨੂੰ ਜਰਨੈਲ ਲਾਲ ਸਿੰਘ ਈਸੜੂ ਵਾਲੇ ਤੇ ਜਰਨੈਲ ਬੁੱਧ ਸਿੰਘ ਨੇ ਦਸ ਕੁ ਹਜਾਰ [੧੦੦੦੦]
ਸਪਾਹ ਨਾਲ ਸਤਲੁਜੋਂ ਪਾਰ ਹੋ ਅੰਗ੍ਰੇਜੀ ਲੈਨ ਡੋਰੀ ਜੋ ਅੱਗੇ ਬੱਧੀ ਆਉਂਦੀ ਸੀ ਲੁੱਟ ਲਈ।।
ਪਾਣੀ ਦੀ ਢਾਬ ਜਿਸ ਨੂੰ ਅੰਗ੍ਰੇਜ ਰੋਕਣਾ ਚਾਹੁੰਦੇ ਸੇ, ਸਿੰਘ ਰੋਕ ਬੈਠੇ।— ।।ਹੁਣ ਜੰਗ
ਦਾ ਬ੍ਰਿਤਾਂਤ ਸੂਰੂ ਕਰਨੇ ਤੋਂ ਪਹਿਲਾਂ ਸਾਨੂੰ ਏਥੇ ਏਹ ਗੱਲ ਬੀ ਜਰੂਰ ਦੱਸਣੀ ਪਈ ਕੇ ਏਹ ਜੋ ਅੰ
ਗ੍ਰੇਜਾਂ ਦੀ ਛੇੜ ਛਾੜ ਨੇ ਕਰਾਯਾ ਕੇ ਸੁਤੇ ਹੋਏ ਸਿੰਘਾਂ ਨੇ ਆਪੋ ਜਾ ਪਹਾੜ ਨੂੰ ਟੱਕਰ ਲਾਈ ਸਾਡੇ ਧਿਆਂ
ਨ ਵਿੱਚ ਤਾਂ ਜੰਗ ਦੀਆਂ ਦੋਹਾਂ ਧਿਰਾਂ ਦਾ ਕਸੂਰ ਹੈ ਕਿਉਂਕੇ ਮਹਾਰਾਜੇ ਰਣਜੀਤ ਸਿੰਘ ਦੇ ਗੁਜਰੇ ਪਿੱਛੋਂ ਲਾ
ਹੌਰ ਦੇ ਦਰਬਾਰ ਵਿੱਚ ਦਿਨ ੨ ਨਿਰਬਲਤਾ ਤੇ ਖਰਾਬੀ ਹੁੰਦੀ ਦੇਖਕੇ ਅੰਗ੍ਰੇਜ ਤਾਂ ਅਜੇ ਜੁਗਤ ਜੁਗ
ਤ ਨਾਲ ਇਲਮ ਤੇ ਅਕਲ ਦੇ ਜੋਰ ਦਾਨਾਈ ਦੀ ਚਾਲ ਚਲਦੇ ਹੋਏ ਲਾਹੌਰ ਦੇ ਘਰ ਨੂੰ ਧੀਰੇ ਧੀਰੇ
ਫੜਨ ਲਈ ਚੂਹੇ ਫੰਧ ਹੀ ਰਹੇ ਸੇ ਪਰ ਵਜੀਰ ਜਵਾਹਰ ਸਿੰਘ ਨੇ ਦੀਵਾਨ ਦੀਨਾ ਨਾਥ ਮਿਸਰ ਲਾਲ
ਸਿੰਘ ਦੀਵਾਨ ਅਜੁਧਿਆ ਪ੍ਰਸਾਦਿ ਜਨਰਲ ਲਾਲ ਸਿੰਘ ਆਦਿਕ ਆਪਣੇ ਦੋਸਤਾਂ ਦੀ ਸਲਾ
ਹ ਨਾਲ ਜੁਰਜ ਬ੍ਰਾਂਨ ਡਕ ਦੇ ਅਫਸਰ ਨੂੰ ਲੁੱਦੇਹਾਣੇ ਤੇ ਲਾਲ ਸਿੰਘ ਈਸੜੂ ਵਾਲੇ ਨੂੰ ਫੀਰੋਜਪੁਰ
ਅੰਗ੍ਰੇਜੀ ਫੌਜ ਦੇ ਫੜਨ ਲਈ ਫੌਰਨ ਕਾਇਮ ਕਰ ਦਿੱਤਾ ਪੂਰਬੀਆਂ ਨੂੰ ਆਖਿਆ ਕੇ ਤੁਸੀ ਹਿੰਦੂ
ਅਸੀਂ ਹਿੰਦੂ ਏਸ ਗਊ ਬਧ ਕਰਨ ਵਾਲੀ ਕੌਮ ਦੀ ਸਹਾਇਤਾ ਕਰਨੇ ਕਰ ਤੁਸਾਨੂੰ ਬੀ ਹੱਤਿਆ ਲਗ
ਦੀ ਹੈ। ਸਾਥੋਂ ਤੁਸੀਂ ਬਾਰਾਂ ਰੁਪਏ ਨਾਲੀ ਲਓ, ਰਲ ਮਿਲਕੇ ਏਨਾਂ ਨੂੰ ਹਿੰਦੁਸਤਾਨ ਵਿੱਚੋਂ ਕੱਢੀਏ।
ਪੂਰਬੀਏ ਏਸ ਲੋਭ ਉੱਤੇ ਰਾਜੀ ਹੋਕੇ ਮੰਨ ਗਏ ਤੇ ਸੈਂਕੜੇ ਲਾਹੌਰ ਆਕੇ ਚੋਰੀ ੨ ਲਿਖਤਾਂ ਪਾਕਰ
ਗੰਗਾ ਜਲੀਆਂ ਚੁੱਕ ਕੇ ਏਹ ਵਾਇਦਾ ਕਰ ਗਏ ਕੇ ਜਦ ਸਿੰਘੀ ਫੌਜ ਫੀਰੋਜ਼ਪੁਰ ਦਬਾ ਕਰਨੇ
ਆਊ ਤਾਂ ਅਸੀ ਅੰਗ੍ਰੇਜੀ ਮੇਗਜੀਨ ਨੂੰ ਅੱਗ ਦੇਕੇ ਤੁਸਾਡੇ ਸਾਥੀ ਹੋ ਜਾਵਾਂਗੇ।— ।ਜੰਦਾ
ਏਹੋ ਪੱਕ ਪੱਕ ਗਿਆ ਸੀ ਪਰ ਅੰਗ੍ਰੇਜਾਂ ਦੇ ਪੁੰਨਿਅ ਪ੍ਰਤਾਪ ਤੇ ਪ੍ਰਜਾ ਦੇ ਸੁਖਦਾਈ ਭਾਗਾਂ ਨੇ ਲਾਹੌਰ

Digitized by Panjab Digital Library | www.panjabdigilib.org

੪੮੪ ਦੇ ਘਰ ਵਿੱਚ ਹੀ ਚੰਡੀ ਖੜਕਾ ਦਿੱਤੀ, ਜਿਸ ਦੀ ਭੇਟ ਜੁਹਾਰ ਸਿੰਘ ਹੀ ਹੋ ਗਿਆ (ਪਾਪੀ ਕੋ
ਮਾਰਨੇ ਕੋ ਪਾਪ ਮਹਾਂ ਬਲੀ ਹੈ।) —— ।ਜੱਦਪਿ ਅਸੀਂ ਤਾਂ ਸਿੱਖਾਂ ਦੀ ਨੀਤ ਬਦੀ ਕਿਸੇ ਮੂੰਹ ਦੇ
ਸਮਝਦੇ ਸਾਂ ਪਰ ਮਿਸਟਰ ਕਨਿੰਘਮ ਸਾਹਿਬ ਨੇ ਆਪਣੀ ਹਿਸਟਰੀ ਦੇ ੨੯੭ ਸਫੇ ਉੱਤੇ
ਏਸ ਜੰਗ ਦਾ ਕਾਰਨ ਖਾਸ ਕਰਕੇ ਲੁੱਦੇਹਾਣੇ ਦੇ ਏਜੰਟ ਮਿਸਟਰ ਬ੍ਰਾਡਫੁੱਟ ਸਾਹਿਬ ਹੀ
ਦੱਸੇ ਹਨ ਅਤੇ ਉਹ ਅੱਠ ਦਸ ਬਧੀਕੀਆਂ (ਜੇਹੜੀਆਂ ਅਸੀਂ ਬੀ ੧੦੧੫ ਸਫੇ ਉੱਤੇ ਲਿਖ ਆ
ਏ ਹਾਂ) ਦੱਸ ਕੇ ਉਹ ਲਿਖਤਾਂ ਬੀ ਏਜੰਟ ਸਾਹਿਬ ਦੀਆਂ ਦਿਖਾਈਆਂ ਹਨ ਜਿਨਾਂ ਤੋਂ ਬੇਰੋ
ਸਬਬ ਪੇ ਤੇ ਸਿੱਖਾਂ ਨੂੰ ਕ੍ਰੋਧ ਚੜ੍ਹੇ, ਜਿਨਾਂ ਤੋਂ ਖਿਜ ਕੇ ਅਣਪੜ੍ਹ ਬੇਮੁਹਾਰ ਸਿੱਖ ਸਤਲੁਜੋਂ ਪਾਰ ਟੱਪ
ਪਏ।— ।ਫੇਰ ਹਿਸਟਰੀ ਕਨਿੰਘਮ ਦੇ ੩੦੦ ਸਫੇ ਉੱਤੇ ਲਿਖਿਆ ਹੈ ਕਿ ਜਦਪਿ ਲੜਾਈ ਤਾਂ
ਪਹਿਲੇ ਸਿੱਖਾਂ ਵੱਲੋਂ ਹੀ ਹੋਈ ਪਰ ਗਵਰਨਮਿੰਟ ਅੰਗ੍ਰੇਜ਼ੀ ਦੀ ਪਹਿਲੇ ਹੀ ਨੀਤ ਬਦਲੀ ਹੋ
ਈ ਸੀ, ਤਾਂ ਹੀ ਏਨਾਂ ਨੇ ਸਿੱਖਾਂ ਦੀ ਬਾਦਸ਼ਾਹੀ ਬਿਗਾੜਨ ਵਾਲੇ ਚਾਲੇ ਚੱਲਣੇ ਸ਼ੁਰੂ ਕਰ ਰੱਖੇ ਸੇ
ਜੇ ਅੰਗ੍ਰੇਜ਼ਾਂ ਦੀ ਸਾਫ ਨੀਤ ਹੁੰਦੀ ਤਾਂ ਆਪਣੇ ਕੌਲ ਕਰਾਰਾਂ ਦੀ ਜੰਜੀਰ ਨਾ ਤੋੜਦੇ ਕਿਉਂਕਿ ਏਹ
ਤਾਂ ਵਿੱਦਵਾਨ ਸੇ ਆਪਣੀ ਦਾਨਾਈ ਤੇ ਦੂਰਅੰਦੇਸ਼ੀ ਨਾਲ ਅਣਪੜ੍ਹ ਜਾਹਲਾਂ ਤੋਂ ਕੰਮ ਲੈਂਦੇ ਪਏ ਸਗੋਂ
ਏਨਾਂ ਨੇ ਪ੍ਰਤੱਖ ਤਾਂ ਸ਼ਰਤਾਂ ਕਾਇਮ ਰੱਖੀਆਂ ਤੇ ਅੰਦਰੋਂ ਅੰਦਰ ਦੇ ਹੋਰ ਰੰਗ ਢੰਗ ਦੇ ਮਦਾਰੀਆਂ ਵਾਲੇ
ਸੂਤਰ ਕੱਢ ਦਿਖਾਏ। ਉਹ ਸਬਬ ਬਖੇੜੀਆਂ ਤੇ ਚਲਾਕੀਆਂ ਦੇ ਪੜਦੇ ਕਨਿੰਘਮ ਸਾਹਿਬ ਨੇ ੩੦੧
ਸਫੇ ਉੱਤੇ ਲਿਖੇ ਹਨ। ਜਿਨਾਂ ਦੇ ਦੇਖਣ ਤੋਂ ਆਪੇ ਅੱਖਾਂ ਉੱਘੜ ਪੈਂਦੀਆਂ ਹਨ। ਏਸੇ ਕਰਕੇ ਅਸੀਂ
ਉਹ ਸਬਬ ਨਹੀਂ ਲਿਖਦੇ।—— ।ਇੱਕ ਤਾਂ ਅਸੀਂ ਬੀ ਆਖਦੇ ਹਾਂ ਜੇ ਕਦੇ ਮਿਸਟਰ ਬ੍ਰਾਡਫੁੱਟ
ਸਾਹਿਬ ਬਹਾਦੁਰ ਏਹੋ ਜੇਹੇ ਹੱਥ ਕਿਸੇ ਮਹਾਰਾਜੇ ਦੇ ਸਾਮ੍ਹਣੇ ਕੱਢਦਾ ਤਾਂ ਜ਼ਰੂਰ ਸਿੱਖ ਅੰਗ੍ਰੇਜ਼ਾਂ ਨੂੰ
ਕਲਕੱਤੇ ਪੁਚਾ ਛੱਡਦੇ। ਪਰ ਉਸ ਨੇ ਓਦੋਂ ਚਾਲੇ ਬਦਲੇ ਤੇ ਛੇੜ ਛਾੜ ਕਰਕੇ ਸਿੱਖਾਂ ਨੂੰ ਕ੍ਰੋਧ ਚ
ੜ੍ਹਾਇਆ ਜਦ ਸਿੱਖਾਂ ਦੇ ਘਰ ਦੀ ਤਾਣੀ ਖੁਦ ਹੀ ਉਲਝੀ ਪਈ ਸੀ ਤੇ ਸਿਰ ਉੱਤੇ ਕੋਈ ਮਾਲਿ
ਕ ਨਹੀਂ ਰਿਹਾ ਸੀ। ਜੱਦਪਿ ਸਿੱਖਾਂ ਨੇ ਆਪਣੇ ਘਰ ਵਿੱਚ ਤਾਂ ਚਾਹੇ ਅਨੇਕ ਭੈੜੇ ਚਾਲੇ ਚੱਲੇ ਪਰ
ਅੰਗ੍ਰੇਜ਼ਾਂ ਨਾਲ ਤਾਂ ਕੋਈ ਗੁਪਤ ਪ੍ਰਗਟ ਬੁਰਾਈ ਨਹੀਂ ਕੀਤੀ ਸੀ।—ਸਗੋਂ ਦੋ ਵਾਰੀ ਕਾਬਲ
ਦੇ ਕਲੇਸ਼ ਵਿੱਚ ਫੌਜ ਖਾਲਸੇ ਨੇ ਅੰਗ੍ਰੇਜ਼ਾਂ ਦੀ ਸਹਾਇਤਾ ਕੀਤੀ ਸੀ। ਉਪ੍ਰੰਤ ਜੇ ਦਰਬਾਰ ਲਾ
ਹੌਰ ਦੇ ਪੂਰੇ ਹੋਏ ਸਿੱਖ ਸਤਲੁਜ ਟੱਪ ਖੜੇ ਤਾਂ ਏਹੋ ਇੱਕ ਬਧੀਕੀ ਕੀਤੀ ਤੇ ਸ਼ਰਤ ਤੋੜੀ ਤਾਂ
ਏਸ ਨਾਲ ਹੀ ਏਹ ਕਿਉਂਕਿ ਸਿੱਖ ਅਨਪੜ੍ਹ ਸੇ ਉਨਾਂ ਪ੍ਰਤੱਖ ਬਾਧਾ ਕਰ ਦਿਖਾਇਆ ਤਾਂ ਹੀ ਫੇਰ ਕ ਪ੍ਰਤੱਖ
ਕਰਨ ਵਾਲਿਆਂ ਦੇ ਸਿਰ ਭਾਂਡਾ ਆਣ ਭੱਜਿਆ। ——

Digitized by Panjab Digital Library | www.panjabdigilib.org

ਹੁਣ ਪਹਿਲੇ ਤਾਂ ਅੰਗ੍ਰੇਜ਼ਾਂ ਨੂੰ ਏਹੋ ਖ਼ਿਆਲ ਸੀ ਕਿ ਸਿੱਖਾਂ ਵਿਚ ਸਾਡੇ ਨਾਲ ਲੜਨ ਦੀ ਤਾਕਤ ੧੮੪੫ ਨਹੀਂ ਪਰ ਜਦ ਸਿੱਖ ਸਤਲੁਜ ਟੱਪ ਹੀ ਪਏ ਤਾਂ ਨੁਵਾਬ ਗਵਰਨਰ ਜਨਰਲ ਲਾਰਡ ਹਾਰਡਿੰਗ ਸਾਹਿਬ ਬਹਾਦੁਰ ਨੇ ਕਮਾਂਡਰ ਇਨ ਚੀਫ਼ ਅਰਥਾਤ ਜੰਗੀ ਲਾਟ ਸਰ ਹਿਊਗ ਗਫ਼ ਸਾਹਿਬ ਬਹਾਦੁਰ ਨਾਲ ਅੰਬਾਲੇ ਬੈਠ ਸਲਾਹ ਕਰਕੇ ਪੂਰਬੀ ਰੱਖਣੀ ਫ਼ੌਜ ਤੇ ਜੰਗ ਦੇ ਸਾਮਾਨ ਜੋ ਪਹਿਲੇ ਹੀ ਤਿਆਰ ਬਰ ਤਿਆਰ ਸੇ ਉਨ੍ਹਾਂ ਨੂੰ ਫ਼ੀਰੋਜ਼ਪੁਰ ਤੇ ਲੁਦੇਹਾਣੇ ਜਮਾ ਹੋਣ ਦਾ ਹੁਕਮ ਦਿੱਤਾ ਗਿਆ॥ ੧੯ ਹਜ਼ਾਰ ਅੰਗ੍ਰੇਜ਼ੀ ਸਿਪਾਹ ਤੇ ੬੯ ਤੋਪਾਂ ਮੁਦਕੀ ਪਾਸ ਜਾ ਠਹਿਰੀਆਂ। ੨ ਪੋਹ ਨੂੰ ਲਾਟ ਸਾਹਿਬ ਨੇ ਇੱਕ ਇਸ਼ਤਿਹਾਰ ਦੁਆਰਾ ਸਿੱਖਾਂ ਨੂੰ ਏਹ ਜਤਾਯਾ ਕਿ ਸਾਡੇ ਔਰ ਦਰਬਾਰ ਲਾਹੌਰ ਦੇ ਵਿਚਕਾਰ ਦੋਸਤੀ ਤੇ ਆਪਣੀ ੨ ਹੱਦ ਉੱਤੇ ਖੜੇ ਰਹਿਣ ਦੀ ਲਿਖਤ ਮਿਤੀ ੧੮੬੫ ਬਿ: ਤੇ ਸੰ: ੧੮੦੯ ਈ: ਨੂੰ ਹੋ ਚੁੱਕੀ ਹੈ ਉਨ੍ਹਾਂ ਲਿਖਿਆਂ ਦੇ ਅਨੁਸਾਰ ਅੱਜ ਤੋੜੀ ਕੰਮ ਚਲਦਾ ਰਿਹਾ। ਹੁਣ ਤੁਸੀਂ ਉਨ੍ਹਾਂ ਸ਼ਰਤਾਂ ਨੂੰ ਤੋੜ ਕੇ ਸਾਡੇ ਸਾਥ ਜੰਗ ਕਰਨ ਲਈ ਸਤਲੁਜ ਟੱਪ ਆਏ ਹੋ। ਜੇਕਰ ਅਜੇ ਭੀ ਤੁਸੀਂ ਪਿੱਛੇ ਹਟ ਜਾਓ, ਤਾਂ ਲਾਲੀ ਬਣੀ ਰਹੂ ਨਹੀਂ ਤਾਂ ਫੇਰ ਸਾਨੂੰ ਭੀ ਗਲ ਪੈਣ ਵਾਲਿਆਂ ਨੂੰ ਭਾਰੀ ਸਜ਼ਾ ਦੇਣੀ ਪਊ। ਹੁਣ ਤਾਂ ਸਿਰਫ਼ ਤੁਸਾਡੇ ਏਸ ਕਸੂਰ ਬਦਲੇ ਸਤਲੁਜ ਦੇ ਬਾਰਲੇ ਪਾਸੇ ਜੋ ਲਾਹੌਰ ਦਾ ਇਲਾਕਾ ਹੈ ਓਹੋ ਜ਼ਬਤ ਕੀਤਾ ਜਾਊ ਹੋਰ ਕੁਛ ਨੁਕਸਾਨ ਸਰਕਾਰ ਖ਼ਾਲਸੇ ਦਾ ਨਹੀਂ ਹੋਊ। — ।ਭਲਾ ਢੋਲਾਂ ਦੇ ਕੜਕਾਟ ਵਿਚ ਇਸ਼ਤਿਹਾਰ ਰੂਪੀ ਤੂਤੀ ਦੀ ਆਵਾਜ਼ ਸਿੱਖ ਕੌਣ ਸੁਣਦਾ ਸੀ, ਸਗੋਂ ਏਹ ਕਹਿ ਕੇ ਤੁੱਟ ਪਏ ਕੇ ਲਾਟ ਸਾਹਿਬ ਡਰਦਾ ਮਾਰਿਆ ਇਸ਼ਤਿਹਾਰ ਪਿਆ ਦਿੰਦਾ ਹੈ। —

।ਏਧਰ ਮਿਸਰ ਲਾਲ ਸਿੰਘ ਤੇ ਸਰਦਾਰ ਤੇਜ ਸਿੰਘ ਜਿਤਨੇ ਬੜੇ ਅਫ਼ਸਰ ਥੇ, ਓਹ ਤਾਂ ਚੋਰ ਹੋ ਦਿਲ ਦੇ ਕਾਲੇ ਤੇ ਦਗੇ ਦੇ ਹਿਮਾਲੇ ਥੇ। ਕਿਉਂ ਕੇ ਉਨ੍ਹਾਂ ਦੀ ਏਹੋ ਗੂੜ੍ਹੀ ਇੱਛਿਆ ਸੀ ਕਿ ਕਿਵੇਂ ਫ਼ੌਜ ਖ਼ਾਲਸੇ ਨੂੰ ਹਾਰ ਹੋਵੇ ਤੇ ਏਨ੍ਹਾਂ ਦਾ ਹੰਕਾਰ ਟੁੱਟੇ। ਤਾਂ ਏਹ ਸਾਡੀ ਤਾਬੇਦਾਰੀ ਮੰਨਣ। ਏਧਰ ਪੰਥ ਖ਼ਾਲਸਾ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਦਲ ਮੰਨ ਕੇ ਹਰ ਏਕ ਸਿੱਖ ਏਸ ਜੰਗ ਨੂੰ ਅਪਣਾ ਹੀ ਕੰਮ ਸਮਝਦਾ ਤੇ ਕਿਸੇ ਨੂੰ ਬਹਾਦੁਰੀ ਦਿਖਾਉਣ ਦੀ ਕੋਈ ਲੋੜ ਨਹੀਂ ਰੱਖਦਾ ਸੀ। ਸਾਰੇ ਕੰਮ ਸਿੱਖ ਆਪੇ ਪਏ ਕਰਦੇ। ਗੱਡੇ ਹੱਕਦੇ, ਪੇਟੀਆਂ ਖਿੱਚਦੇ, ਪਾਣੀ ਭਰਦੇ, ਲੰਗਰ ਕਰਦੇ, ਊਠ ਲੱਦਦੇ, ਤੰਬੂ ਗੱਡਦੇ, ਛੋਲੀਆਂ ਪੱਟਦੇ। ਅਰਥਾਤ ਆਪੇ ਮਜ਼ੂਰ ਆਪੇ ਸਰਦਾਰ ਆਪੇ ਸਿਪਾਹੀ ਬਣ ਰਹੇ ਥੇ। ਕਿਉਂ ਕੇ ਹੋਰ ਕੋਈ ਲਾਲਚ ਸਿੱਖਾਂ ਨੂੰ ਨਹੀਂ ਸੀ, ਕੇਵਲ ਅਪਣੇ ਦੇਸ ਤੇ ਰਾਜ ਨੂੰ ਵੈਰੀਆਂ ਤੋਂ ਬਚਾਉਣ ਦਾ ਫ਼ਿਕਰ ਅਤੇ ਜੰਗ ਜਿੱਤਣ ਦਾ ਜੋਸ਼ ਹੋ ਰਿਹਾ ਸੀ।—

Digitized by Panjab Digital Library | www.panjabdigilib.org

੪੮੬ ਕਿਉਂਕਿ ਸਿੱਖਾਂ ਦੀ ਕੌਮ ਵੀ ਸੂਤੇ ਸਿੱਧ, ਨਿਮਕ ਹਲਾਲ, ਹਿੰਮਤ ਦਾ ਪੁਤਲਾ, ਨਿਰਭੈ ਸੂਰਬੀਰ ਸੁਭਾ ਦੀ ਹੈ। ਜਿਸ ਦੇ ਨੌਕਰ ਹੁੰਦੇ ਹਨ ਉਸ ਦੇ ਸਭ ਕੰਮ ਮਨੋ ਤਨੋ ਪਰੇ ਸੰਵਾਰ ਦੇਂਦੇ ਹਨ। ਜੇਹਾ ਕਿ ਹੁਣ ਭੀ ਅੰਗ੍ਰੇਜ਼ੀ ਰਾਜ ਦੀ ਰੱਖਿਆ ਵਾਸਤੇ ਅਪਣੀ ਜਾਨ ਹੀ ਲਾ ਕੇ ਸਿੱਖ ਕੌਮ ਬਹਾਦੁਰੀ ਤੇ ਫ਼ਿਕਰ ਨਾਲ ਅਪਣਾ ਲਹੂ ਵਹਾਉਂਦੀ ਹੈ ਏਹੋ ਜੇਹੀ ਹੋਰ ਦੂਸਰੀ ਕੋਈ ਕੌਮ ਨਹੀਂ ਤਾਹੀਂ ਕਮਾਂਡਰ ਇਨ ਚੀਫ਼ ਲਾਰਡ ਸਰ ਰਾਬਰਟ ਸਾਹਿਬ ਬਹਾਦੁਰ ਨੇ ਸੰ: ੧੮[illegible] ਈ: ਕੋ ਲਾਹੌਰ ਦੇ ਇੱਕ ਬੜੇ ਭਾਰੀ ਦਰਬਾਰ ਵਿੱਚ ਸਿੱਖ ਕੌਮ ਨੂੰ ਹਿੰਦੁਸਤਾਨੀ ਕੌਮਾਂ ਨਾਲੋਂ ਅੱਵਲ ਨੰਬਰ ਦੇ ਕੇ ਅਪਣੇ ਬਿਆਨ ਵਿੱਚ ਖੜ੍ਹੇ ਹੋ ਕਰ ਸਿੱਖਾਂ ਦੀ ਬਹੁਤ ਸਾਰੀ ਬਹਾਦੁਰੀ ਜਿਤਲਾ ਕੇ ਆਖਿਆ ਸੀ ਕਿ ਸਿੱਖ ਕੌਮ ਜੈਸੀ ਨਿਮਕ ਹਲਾਲ ਨਿਰਭੈ ਬਹਾਦੁਰ ਕੌਮ ਹੋਰ ਕੋਈ ਹਿੰਦੁਸਤਾਨ ਵਿੱਚ ਨਹੀਂ। —

ਲਾਲ ਸਿੰਘ ਦੀ ਚਲਾਕੀ

ਹੁਣ ਜਦ ਸਤਲੁਜ ਟੱਪ ਕੇ ਸਿੱਖਾਂ ਦੀ ਫ਼ੌਜ ਨੇ ਫ਼ੀਰੋਜ਼ਪੁਰ ਦੀ ਛਾਉਣੀ ਮਾਰਨੀ ਚਾਹੀ ਤਾਂ ਉਸ ਫ਼ੌਜ ਦੇ ਵੱਡੇ ਅਫ਼ਸਰ ਮਿਸ੍ਰ ਲਾਲ ਸਿੰਘ ਨੇ (ਜਿਸ ਦੀ ਲਿਖਾ ਪੜ੍ਹੀ ਛਾਉਣੀ ਵਾਲੇ ਸਰ ਜਾਨ ਲਿਟਲਕਰ ਸਾਹਿਬ ਤੇ ਕਪਤਾਨ ਨਿਕਲਸ ਨਾਲ ਹੋ ਚੁਕੀ ਸੀ, ਉਨ੍ਹਾਂ ਦੇ ਬਚਾਉਣ ਲਈ।) ਸਿੱਖਾਂ ਨੂੰ ਆਖਿਆ, ਜੇਹੀ ਕ ਹਾਥੀਆਂ ਦੀ ਡਾਰ ਦੇ ਵਿਚ ਵੜਨੇ ਤੋਂ ਸ਼ੇਰਾਂ ਦੀ ਮਹਿਮਾ ਹੁੰਦੀ ਹੈ ਬੱਕਰੀਆਂ ਮਾਰਨੇ ਤੋਂ ਨਹੀਂ ਹੁੰਦੀ। ਤੁਸੀਂ ਏਸ ਨਿੱਕੀ ਜੇਹੀ ਛਾਉਣੀ ਦਾ ਕੀ ਮਾਰਨਾ ਹੈ। ਪਹਿਲੇ ਲਾਟ ਸਾਹਿਬ ਦੇ ਕੈਂਪ ਉੱਤੇ ਹੱਲਾ ਕਰੋ। ਜਿਸ ਤੋਂ ਖਾਲਸੇ ਦੀ ਵਡਿਆਈ ਬੀ ਭਾਰੀ ਹੋਵੇਗੀ। ਸਿੱਖ ਵਿਚਾਰੇ ਭੋਲੇ ਸਾਫ਼ ਦਿਲ ਏਹੋ ਮੰਨ ਗਏ। ਜਿਥੇ ਸਭ ਕੁਛ ਮਿਲਦਾ ਸੀ ਉਥੋਂ ਉਠਾ ਕੇ ਲਾਲ ਸਿੰਘ ਨੇ ਉਥੂੰ ਅੱਗੇ ਦੱਸ ਮੀਲ ਰੇਤੇ ਦੇ ਟਿੱਬਿਆਂ ਵਿੱਚ ਜਿਥੇ ਪਾਣੀ ਭੀ ਔਖਾ ਲੱਭੇ ਫੇਰੂ ਸ਼ਹਿਰ ਪਾਸ ਜਾ ਬਿਠਾਇਆ। —

ਪਹਿਲੀ ਲੜਾਈ ਮੁਦਕੀ ਦੀ।

ਹੁਣ ਉਥੂੰ ਅੱਗੇ ਦਸ [੧੦] ਮੀਲ ਬਾਈ [22] ਤੋਪਾਂ ਚਾਰ ਹਜ਼ਾਰ [੪੦੦੦] ਪੈਦਲ ਦਸ ਹਜ਼ਾਰ ਅਸਵਾਰ ਲੈ ਕੇ ਮੁਦਕੀ ਪਿੰਡ ਜਿੱਥੇ ਅੰਗ੍ਰੇਜ਼ੀ ਫ਼ੌਜ ਸੀ ਜਾ ਮੋਰਚੇ ਕੀਤੇ। — ।ਜੇਹੜੇ ਸਿੱਖ ਸਰਦਾਰ ਉਸ ਜੰਗ ਵਿੱਚ ਸੇ ਓਹ ਆਖਦੇ ਹਨ ਕੇ ਜਦ ਫੇਰੂ ਸ਼ਹਿਰ ਤੋਂ ਤੁਰ ਕੇ ਸਿੱਖ ਮੁਦਕੀ ਪਹੁੰਚੇ ਅਜੇ ਲੰਗਰ ਕਰਨ ਲੱਗੇ ਹੀ ਸੇ, ਰਾਜਾ ਤੇਜ ਸਿੰਘ ਤੇ ਲਾਲ ਸਿੰਘ ਜੋ ਸਿੱਖਾਂ ਦੇ ਵੱਡੇ ਅਫ਼ਸਰ ਪਹਿਲੇ ਹੀ ਅੰਗ੍ਰੇਜ਼ਾਂ ਨੂੰ ਲਿਖ ਕੇ ਦੇ ਚੁਕੇ ਸੇ, ਕੇ ਅਸੀਂ ਫ਼ੌਜ ਲੈ ਕੇ ਆਵਾਂਗੇ ਪਰ ਲੜਾਂਗੇ ਨਹੀਂ। ਉਸੇ ਲਾਲ ਸਿੰਘ ਦੇ ਇਸ਼ਾਰੇ ਨਾਲ ਅੰਗ੍ਰੇਜ਼ੀ ਫ਼ੌਜ ਪੱਟ ਦੀ ਪਟ ਸੰਜੇ ਤੰਬੋਂ ਦੂਰ ਦੂਰ ਦੀ ਗਲ ਵੱਢੀ ਦੇ ਕੇ ਚੜ੍ਹਾ ਕਾਰ ਸਿੱਖਾਂ ਉੱਤੇ ਚੜ੍ਹ ਆਈ। ਪਹਿਲੇ ਤਾਂ ਸਿੰਘ

Digitized by Panjab Digital Library | www.panjabdigilib.org

ਏਹੋ ਜਮਝਦੇ ਰਹੇ ਕੇ ਏਹ ਫੀਰੋਜਪੁਰ ਦੀ ਤਕੜਾਈ ਵਾਸਤੇ ਫੌਜ ਜਾਂਦੀ ਹੈ। ਨੇੜੇ ਆ ਢੁੱਕੀ, ਤਾਂ ਸ- ੪੮੭
ਮਝੇ ਕੇ ਸਾਡੀ ਢੁਕਾਊ ਹੈ। ਕਿਸੇ ਨੂੰ ਰੋਟੀ ਖਾਣੀ ਨਾ ਮਿਲੀ। ਝੱਟ ਪੱਟ ਤਿਆਰ ਹੋਕੇ ਸਿੰਘਾਂ ਨੇ ਤੋਪਾਂ ਚ-
ਲਾ ਦਿੱਤੀਆਂ। ਬੇਸ਼ੱਕ ਤੋਪਾਂ ਪਹਿਲੇ ਸਿੰਘਾਂ ਵੱਲੋਂ ਚੱਲੀਆਂ, ਪਰ ਚੜ੍ਹਕੇ ਅੰਗ੍ਰੇਜ਼ ਆਏ। ——
ਔਰ ਸਰ ਲੇਪਲ ਗ੍ਰੀਫਨ ਸਾਹਿਬ ਲਿਖਦੇ ਹਨ ਕਿ ੧੦ ਦਸੰਬਰ ਤੇ ੨ ਪੋਹ ਨੂੰ ਤਿੰਨ ਬਜੇ ਸਿੰਘ
ਜਾਂ ਕੇ ਤੋਪ ਦਾਗਣ ਲੱਗ ਪਏ। ਤੋਪ ਦੀ ਗੂੰਜ ਸੁਣ ਕੇ ਲਾਰਡ ਹਾਰਡਿੰਗ ਸਾਹਿਬ ਬਹਾਦੁਰ ਵੈਸ-
ਰਾਇ ਹਿੰਦ ਘੋੜਾ ਭਜਾ ਕੇ ਫੌਜ ਵਿੱਚ ਆ ਖੜੋਤਾ, ਤੇ ਜੰਗ ਦੀ ਤਿਆਰੀ ਦਾ ਬਿਗਲ ਬਜਵਾ ਦਿੱ-
ਤਾ। ਦੇ ਪੂਰਬੀਏ ਰੋਟੀ ਕਰਦੇ ਸੇ, ਕਿਨੇ ਖਾਧੀ ਕਿਨੇ ਛੱਡੀ, ੨ ਤਿਆਰ ਹੋਕੇ ਫੌਜ ਜਮ ਗਈ। —
ਲਾਰਡ ਗਫ ਸਾਹਿਬ ਅਸਵਾਰੀ ਫੌਜ ਲੈਕੇ ਅੱਗੇ ਬਧਿਆ, ਪੈਦਲਾਂ ਨੂੰ ਪਿੱਛੇ ਆਉਣ ਦਾ ਹੁ-
ਕਮ ਦਿੱਤਾ। ਜਦ ਸਿੰਘਾਂ ਨੇ ਬੱਦਲਾਂ ਵਾਂਗੂ ਅੰਗ੍ਰੇਜ਼ੀ ਫੌਜ ਪੈਦਲ ਚੜ੍ਹੀ ਆਉਂਦੀ ਦੇਖੀ ਤਾਂ ਐਡੀ
ਤੇਜ਼ੀ ਨਾਲ ਅੱਗ ਬਰਸਾਈ, ਜੋ ਉਸੇ ਥਾਂ ਰੁਕ ਗਈ। ਤਦੋਂ ਨੂੰ ਗਫ ਸਾਹਿਬ ਨੇ ਸਿੰਘਾਂ ਦੇ ਸੱਜੇ
ਪਾਸੇ ਉੱਤੇ ਦੀ ਅਸਵਾਰੀ ਫੌਜ ਨਾਲ ਆ ਕੇ ਘੋੜ ਨਾਲੀ ਤੋਪਾਂ ਦੇ ਗੋਲ੍ਹੇ ਤੇ ਗੋਲੀਆਂ ਦਾ ਮੀਂਹ ਬਰ-
ਸਾ ਦਿੱਤਾ। —— ।ਦੂਜੇ ਪਾਸਿਓਂ ਜਨਰਲ ਮੈਕਸਕਲ ਸਾਹਿਬ ਤੇ ਸਮਿੱਥ ਸਾਹਿਬ ਨੇ ਪੈਦਲ ਫੌ-
ਜ ਸਿੰਘਾਂ ਦੇ ਗਲ ਆ ਪਾਈ। ਘੜੀ ਚਾਰ ਕੁ ਤਾਂ ਤੋਪ ਬੰਦੂਕ ਚੱਲੀ, ਜਦ ਗੋਰਿਆਂ ਨੇ ਮਤਵਾਲੇ
ਹੋਕੇ ਸਿੰਘਾਂ ਉੱਤੇ ਹੱਲਾ ਕਰ ਸਿੰਘੀ ਤੋਪਾਂ ਨੂੰ ਮੇਖਾਂ ਆਣ ਮਾਰੀਆਂ ਤਾਂ ਸਿੰਘਾਂ ਨੂੰ ਬੀਰ ਰਸ ਨੇ ਐਡੀ
ਗਜਬ ਦੀ ਹੁੱਬ ਚੜ੍ਹਾਈ, ਤਲਵਾਰਾਂ ਸੂਤ ਕੇ ਹੱਥੋ ਹੱਥੀ ਹੋ ਪਏ। ਭਲਾ ਫੇਰ ਤੇਗ ਦੀ ਲੜਾਈ ਸਿੰ-
ਘਾਂ ਤੋਂ ਕੌਣ ਜਿੱਤਦਾ। ਗੋਰੇ ਤਾਂ ਸਿੱਧੀ ਕਿਰਚ ਦੀ ਘੋਪ ਮਾਰਨ, ਸਿੰਘ ਦਾ ਝਟੀਤਾ ਤਦੋਂ ਨੂੰ ਕਈਆਂ
ਵਿੱਚ ਦੀ ਫਿਰ ਜਾਏ। ਫੇਰ ਤਾਂ ਦਿਨ ਛਿਪੇ ਕੁਛ ਅੰਧੇਰੇ ਤੇ ਕੁਛ ਧੂੰਏ ਦਾ ਅੰਧਕਾਰ ਛਾ ਗਿਆ।
।ਜਦ ਗੁਲਬਰਟ ਸਾਹਿਬ ਤੇ ਕਮਾਂਡਰ ਇੰਚੀਫ ਗਫ ਸਾਹਿਬ ਨੇ ਦੇਖਿਆ ਕੇ ਸਿੰਘ ਬੜੀ ਤੇਜ਼ੀ
ਤੇ ਤਨਦੇਹੀ ਨਾਲ ਮਾਰੋ ਮਾਰ ਕਰਦੇ ਬਧਦੇ ਹਨ ਤੇ ਸਾਡੀ ਫੌਜ ਦੇ ਪੈਰ ਉਖੜਦੇ ਜਾਂਦੇ ਹਨ। ਤਾਂ
ਬਹੁਤ ਘਬਰਾਏ, ਤੇ ਦਾਉ ਲਾਏ ਪਰ ਕੁਛ ਨਾ ਚੱਲੀ। ਜੇਕਦੇ ਉਸੇ ਤਰਾਂ ਢੰਗ ਪਰ ਚਾਰ ਘੜੀ ਹੋਰ
ਬੀ ਤਕੜਾ ਤਕੜੀ ਦੀ ਝੜੀ ਦਾ ਜੰਗ ਹੁੰਦਾ ਤਾਂ ਸਿੰਘ ਜਿੱਤੇ ਪਏ ਸੇ ਪਰ ਦਗੇਬਾਜ ਮਿਸ੍ਰ ਲਾਲ
ਸਿੰਘ ਅਪਣੇ ਖਾਸ ਚਾਰ ਹਜਾਰ ਅਸਵਾਰ ਨਾਲ ਅਜੇਹਾ ਨੱਸਿਆ ਜਾ ਸਤਲੁਜ ਪਾਰ ਹੋਇਆ।
।ਤਿਸ ਅਫਰਾ ਦਫੜੀ ਵਿੱਚ ਅਜੁੱਧਿਆ ਪ੍ਰਸਾਦਿ ਅਮਰਨਾਥ ਬਖਸੀ
ਧੰਨਾ ਲਾਲ ਜੇਹੇ ਜੋ ਬੜੇ ਬਹਾਦੁਰ ਧੀਰਜੀ ਸਦਾਉਂਦੇ ਸੇ ਸਭ ਨੱਸ ਗਏ। ਤੇ ਜਨਰਲ ਚਤੇ

Digitized by Panjab Digital Library | www.panjabdigilib.org

੪੮ ਸਿੰਘ ਕਾਲੀਆਂ ਵਾਲ੍ਹੇ ਜੇਹੇ ਬਡੇ ੨ ਜੋਧੇ ਸਰਦਾਰ ਬਹੁਤ ਸਾਰੇ ਕੰਮ ਆਏ। ਪਰ ਜਨਰਲ ਰਾਮ ਸਿੰਘ
ਸੁਚੇਤ ਸਿੰਘ ਬੁੱਧ ਸਿੰਘ ਏਹਨਾਂ ਹੱਲੇ ਤੇ ਘੋੜੇ ਭਜਾ ੨ ਫੌਜ ਨੂੰ ਰੋਕ ੨ ਲਲਕਾਰ ਲਲਕਾਰ ਲੜਾਉ
ਦੇ ਰਹੇ। ਕਿਉਂਕਿ ਉਹ ਫੌਜ ਬੀ ਵੈਤੂਰਾ ਸਾਹਿਬ ਵਾਲ੍ਹੀ ਸਧੀ ਹੋਈ ਸੀ, ਨਹੀਂ ਤਾਂ ਸਫਾ ਪਹਿਰ ਰਾਤ
ਜਾਂਦੀ ਰਹੀ ਫੇਰ ਕੁਛ ਤਾਂ ਲਾਟ ਹਾਰਡਿੰਗ ਦੇ ਫਿਰ ਧੂਹ ਕੇ ਮੈਦਾਨ ਵਿੱਚ ਆ ਖੜੇ ਹੋਣ ਨੇ ਤੇ ਕੁਛ ਸਿੰ
ਘਾਂ ਦੇ ਬਡੇ ਅਫਸਰਾਂ ਦੇ ਨੱਠ ਜਾਣੇ ਨੇ ਸਿੰਘਾਂ ਨੂੰ ਹਲ ਚਲੀ ਪਾ ਦਿੱਤੀ। ਲਾਲ੍ਹੇ ਅੰਗ੍ਰੇਜ਼ੀ ਫੌਜ ਦੀ
ਸਤਾ ਬਰੜ ਗਏ। ਤੇ ਕ੍ਰਮਕ ਹੋਰ ਆ ਪੁੱਜੀ। ਏਧਰ ਨਿਖਸਮੇ ਸਿੰਘਾਂ ਦੀ ਕੌਣ ਸਹਾਇਤਾ ਕਰੇ।
ਓੜਕ ਸਿੰਘ ਮੈਦਾਨੋਂ ਤੇ ਨਿਕਲ ਪਏ। ਉਸ ਅਨੇਰੀ ਅੰਧੀ ਰਾਤ ਵਿੱਚ ਕਿਧਰੇ ਸਰਦਾਰ ਕਿਧਰੇ ਸਪਾ
ਹੀ ਗਏ। ਕਿਸੇ ਨੂੰ ਕੁਛ ਨ ਪਤਾ ਲਗਾ। ਉਸ ਵਕਤ ਤਾਂ ਏਹੋ ਹਾਲ ਅੰਗ੍ਰੇਜ਼ੀ ਫੌਜ ਦਾ ਰਿਹਾ
ਸੂਰਜ ਦੀ ਉਭਾਰ ਨਾਲ੍ਹ ਲਾਟ ਗੌਫ ਨੇ ੧੭ ਤੋਪਾਂ ਜੋ ਸਿੰਘ ਛੱਡ ਨੱਸੇ ਸੇ ਮੱਲ ਕੇ ਫਤੇ ਦੀ ਸ
ਲਕ ਕਰਾ ਦਿੱਤੀ। ਏਧਰ ਕੋਈ ਮਾਲਕ ਨਹੀਂ ਸੀ, ਜੋ ਮੈਦਾਨ ਫਿਰ ਲੇਜਾ ਮੱਲਦਾ।——
ਉਸ ਜੰਗ ਵਿੱਚ ਬੇ ਸੁਮਾਰ ਘੋੜੇ ਜ਼ਾਨ ਮਰੇ। ਕਈ ਸਿੰਘ ਤੇ ਗੋਰੇ ਤਾਂ ਜੱਫੋ ਜੱਫੀ ਹੋਏ ਪਏ ਦੇਖੇ।
ਜੱਦ ਸਿੰਘ ਮਰੀ ਤਾਂ ਅੰਗ੍ਰੇਜ਼ੀ ਸਪਾਹ ਬੀ ਬਹੁਤ ਸੀ, ਪਰ ੩੧੫ ਮਰੇ ਤੇ ੬੫੭ ਜਖਮੀ ਪ੍ਰਗਟ ਕੀ
ਤੇ। ਕਿਉਂਕਿ ਫੌਜ ਦੇ ਦਾਹਿਲ ਜਾਣੇ ਤੇ ਥੋੜੇ ਹੀ ਦੱਸੇ ਜਾਂਦੇ ਹਨ। ਸਿੰਘ ਤ੍ਰਿਹਾਈ ਦੇ ਓਥੇ ਰਹੇ। ਭਾਵੇਂ
ਉਹ ਮੈਦਾਨ ਤਾਂ ਅੰਗ੍ਰੇਜ਼ਾਂ ਨੇ ਲੀਤਾ ਪਰ ਸਿੰਘਾਂ ਦੇ ਹੱਥ ਦੇਖਕੇ ਅੰਗ੍ਰੇਜ਼ੀ ਫੌਜ ਦੇ ਦੰਦ ਖੱਟੇ ਹੋ ਗਏ।
ਤਾਂਹੀ ਲਾਟ ਲਿਟਲ ਸਾਹਿਬ ਦੀ ਫੌਜ ਜੋ ਥੱਕ ਵੀ ਤੋਂ ਆ ਰਹੀ ਸੀ, ਉਸ ਦੇ ਪੁੱਜਣ ਤਕ ਜੰਗ ਬੰਦ
ਰੱਖਿਆ।— ਹੁਣ ਏਧਰ ਤਾਂ ੧੨ ਪਲਟਣਾਂ ਤੇ ੧੦ ਹਜਾਰ ਅਸਵਾਰ ੧੦੮ ਤੋਪਾਂ ਜਮਾ ਕਰ
ਕੇ ਫੇਰੂ ਸ਼ਹਿਰ ਪਾਸ ਸਿੰਘਾਂ ਨੇ ਮੋਰਚੇ ਕਾਇਮ ਕੀਤੇ। ਉਧਰ ਲਾਟ ਗਾਫ ਤੇ ਲਾਟ ਹਾਰ
ਡਿੰਗ ਔਰ ਲਾਟ ਲਿਟਲ ਆਦਿਕ ਬਡੇ ੨ ਬਹਾਦੁਰ ਸਾਹਿਬਾਂ ਨੇ ੭੧ ਤੋਪਾਂ ਤੇ ਤੀਸ ਹਜਾਰ
ਸਪਾਹ ਲੈ ਕੇ ੨੧ ਦਸੰਬਰ ਤੇ ੧੧ ਪੋਹ ਨੂੰ ੪ ਬਜੇ ਸੰਝ ਦੇ ਆ ਤੋਪ ਕੜਕਾਈ। ਅੱਗੋਂ ਸਿੰਘ
ਬੀ ਤੋਪ ਦਾ ਜਵਾਬ ਤੋਪ ਵਿੱਚ ਦੇ ਰਹੇ। ਤੇ ਵੈਰੀ ਨੂੰ ਬੋਰਟ ਵਾਲੀ ਪੈਦਲ ਸਿੰਘੀ ਫੌਜ ਨੇ ਖੰਡੇ ਹੱਥੋਂ
ਬਧਕੇ ਐਸੀ ਭਾਰੀ ਤੇਜੀ ਨਾਲ੍ਹ ਬਾੜ੍ਹ ਝਾੜੀ ਅੰਗ੍ਰੇਜ਼ੀ ਫੌਜ ਦੀ ਚੌਕੜੀ ਭੁਲਾ ਦਿੱਤੀ। ਕਪ
ਤਾਨ ਪਰਿੰਗਲ ਤੇ ਹੈਲਨ ਨੇ ਅਪਣੀ ਸਪਾਹ ਦੀ ਦੁਰਦਸਾ ਦੇਖਕੇ ਦੂਜੇ ਪਾਸੇ ਓਂ ਅਸਵਾ
ਰੀ ਫੌਜ ਦਾ ਅਜੇਹਾ ਜੋਰ ਨਾਲ੍ਹ ਹੱਲਾ ਕਰਾਯਾ, ਉਸ ਬਧੀ ਹੋਈ ਸਿੰਘੀ ਫੌਜ ਉੱਤੇ ਬਿਜਲੀ
ਵਾਂਗੂ ਆ ਪਏ। ਅੰਦਰ ਜਾ ਵੜੇ ਛੀ ਤੋਪਾਂ ਛੀਨ ਕੇ ਲੈ ਗਏ। ਉਹ ਪਿੱਛੇ ਜੋ ਚਾਰ ਪਲਟਣਾਂ ਮਾ
ਲਵਾਣੀਆਂ ਸਨ ਉਨ੍ਹਾਂ ਨੇ ਧਾਵਾ ਕਰਕੇ ਅਜੇਹੇ ਰਾਮ ਜੰਗ ਦਾਗੇ ਜਿੰਕੂ ਅੰਗ੍ਰੇਜ਼ੀ ਫੌਜ ਬਧੀ

ਦੂਸਰੀ ਲੜਾਈ

Digitized by Panjab Digital Library | www.panjabdigilib.org

ਆਉਂਦੀ ਸੀ ਪਛਾੜ ਕੇ ਸਿੱਖ ਪੰਥੀ ਤੇ ਅੰਗ੍ਰੇਜ਼ੀ ਤੋਪਾਂ ਬੀਤ ਖਤੋਂ ਲਾਹ ਸਿੱਟੀਆਂ। ਇੱਕ ਤਾਂ ਰਾਤ ੪੮੯
ਬੜੀ ਜਾਂਦੀ ਰਹੀ ਦੂਜੇ ਹਰ ਤਰਫ਼ੋਂ ਅਕਾਲ ੨ ਬੋਲ ਕੇ ਸਿੱਖ ਆਪਣਾ ਸੀ ਸੀ ਟੀ ਟੀ ਕਰਦੀਏ
ਈ ਗੋਲੀਆਂ ਦੀ ਬਰਖਾ ਨੇ ਸੱਜਣ ਦੇ ਛੁਡਾ ਦਿੱਤੇ, ਫੇਰ ਤਾਂ ਅੰਗ੍ਰੇਜ਼ੀ ਫੌਜ ਅਜੇਹੀ ਪ੍ਰੇਸ਼ਾਨ ਹੋ ਕੇ ਭੱ
ਜੀ ਜਰਨੈਲਾਂ ਕਰਨੈਲਾਂ ਨੂੰ ਬੀ ਅਪਣੀ ੨ ਫੌਜ ਦਾ ਪਤਾ ਨ ਲੱਗਾ। ਜੋ ਕਿੱਧਰ ਗਈਆਂ
ਭਟਕਦੇ ਹੋਏ ਘਾਇਲ ਘੂਮ ਰਹੇ ਸੇ। ਏਹ ਬੜੀ ਬਿਪਤਾ ਰਾਤ ਕਿਆਮਤ ਨਾਲੋਂ ਬੀ ਭੈੜੀ ਅੰਗ੍ਰੇਜ਼ਾਂ
ਨੂੰ ਆਈ ਕਿਉਂਕਿ ਏਕ ਭੁੱਖੇ ਤਿਹਾਏ। (੨) ਲੜਦੇ ਹੋਏ ਥੱਕ ਪਏ ਸੇ। (੩) ਤਾੜੀ ਪੌਣ ਦੀ ਸਰ
ਦੀ ਨੇ ਹੱਥ ਪੈਰ ਸੁੰਨ ਕਰ ਦਿੱਤੇ। (੪) ਜਖਮ ਐਸੇ ਆਕੜੇ ਹੱਲਣੋਂ ਚੱਲਣੋਂ ਬੇਰਕਰ ਬਿ
ਠਾਏ। (੫) ਸਿੱਖ ਬੈਰੀ ਸਾਰ ਦਾ ਮੀਂਹ ਬਰਸਾ ਕੇ ਜਾਨ ਲੈ ਰਹੇ ਸੇ। (੬) ਉਸ ਬਿਪਤਾ ਤੇ ਅੰਧੇ
ਰੇ ਦੀ ਅਫਰਾ ਦਫਰੀ ਵਿੱਚ ਅਫਸਰ ਤੇ ਲਾਟ ਬੀ ਕਿਧਰੇ ਮਾਰੇ ਮਾਰੇ ਫਿਰਦੇ ਸੇ। ਸਭ ਨੂੰ ਅਪਣੀ ੨
ਜਾਨ ਦੇ ਬਚਾਉ ਦਾ ਫ਼ਿਕਰ ਸੀ ਕਿਸੇ ਨੂੰ ਕੌਣ ਸੰਭਾਲੇ। ਏਨਾਂ ਦੁਖਾਂ ਦੇ ਘੇਰੇ ਵਿੱਚ ਹਾਹੁਕੇ ਲੈ ਲੈ ਬਿ
ਨਾ ਬਿਸਤ੍ਰ ਤੇ ਵਿਛਣੀ ਲੇਟਦੇ ਹੋਏ ਸੈਂਕੜੇ ਜਖਮੀ ਤੜਫ ੨ ਕੇ ਮਰ ਗਏ। ਜੋ ਬਚੇ ਸੋ ਉਮਰ ਭਰ
ਏਸ ਸਮੇਂ ਨਾ ਭੁੱਲੇ ਹੋਣਗੇ। ——

ਏਧਰ ਸਿੱਖ ਅੰਗੀਠੇ ਸੇਕ ੨ ਸਾਰੀ ਰਾਤ ਤੋਪ ਬੰਦੂਕ ਚਲਾਉਂਦੇ ਰਹੇ ਜਿਧਰ ਹੱਲ ਕਰਦੇ
ਰੁੰਡ ਮੁੰਡ ਬਖੇਰ ਸਿੱਟਦੇ। ਬੇਅੰਤ ਅੰਗ੍ਰੇਜ਼ ਤੇ ਪੂਰਬੀ ਏਸ ਕਾਲ ਰਾਤੜੀ ਦੀ ਬਲੀ ਹੋਏ। ਬਹੁਤ
ਸਾਰੀਆਂ ਤੋਪਾਂ ਤੇ ਜੰਗ ਦਾ ਸਾਮਾਨ ਅੰਗ੍ਰੇਜ਼ਾਂ ਦਾ ਸਿੱਖਾਂ ਦੇ ਹੱਥ ਲੱਗਾ। ——

ਬੁਰੇ ਹਾਲੀ ਰਾਤ ਮੁੱਕੀ ੨੨ ਦਸੰਬਰ ਦਾ ਦਿਨ ਚੜ੍ਹਿਆ ਤਾਂ ਲਾਰਡ ਗੱਫ ਤੇ ਹਾਰਡਿੰਗ ਆਦਿਕ ਬ
ਡੇ ੨ ਅਫਸਰਾਂ ਨੇ ਏਧਰੋਂ ਓਧਰੋਂ ਫੌਜ ਕੱਠੀ ਕਰ ਥੱਕੀ ਮਾਂਦੀ ਪਿੱਛੇ ਕੀਤੀ ਬਿਸਾਮੀ ਹੋਈ ਨੂੰ ਸਿੱਖਾਂ
ਦੇ ਸਾਮਣੇ ਅੜੋ ਲਿਆ ਕੇ ਫੇਰ ਅੱਗ ਬਰਸਾਉਣ ਲਾ ਦਿੱਤੀ। ਇੱਤਫਾਕ ਤੇ ਹਿੰਮਤ ਵਾਲ੍ਹੇ ਸ
ਦਾ ਹੀ ਜਿੱਤਦੇ ਹਨ। ——

ਏਧਰ ਇੱਕ ਤਾਂ ਛੀ ਪਹਿਰ ਦੇ ਲੜਦੇ ਹੋਏ ਸਿੱਖ ਭੁੱਖੇ ਤਿਹਾਏ ਥੱਕ ਕੇ ਹਫ ਖਲੋਤੇ ਸੇ ਦੂਜੇ
ਰਾਤ ਭਰ ਅੱਖ ਨ ਲਗਣੇ ਕਰ ਉਨੀਂਦ੍ਰਿਆਂ ਅਜੇਹੇ ਤੰਗ ਕੀਤੇ ਡਿੰਗ ਡਿੰਗ ਪੈਣ ਲੱਗੇ। ਤੀਜੇ
ਜੇੜ੍ਹੀ ਤੇਜਾ ਸਿੰਘ ਵਾਲ੍ਹੀ ਫੌਜ ਨੇ ਅੰਮ੍ਰਿਤ ਵੇਲ੍ਹੇ ਬਦਲੀ ਕਰਨੀ ਸੀ ਉਸ ਦੀ ਉਡੀਕ ਵਿੱਚ
ਮੋਰਚਿਆਂ ਵਾਲ੍ਹੇ ਸਿੱਖ ਢਿੱਲੇ ਹੋ ਰਹੇ। ਉਧਰੋਂ ਤੇਜਾ ਸਿੰਘ ਫੌਜ ਲੈ ਕੇ ਨ ਪੁੱਜਾ, ਕਿਉਂਕਿ ਉਹ
ਤਾਂ ਸਿੱਖਾਂ ਦੇ ਘਾਤ ਵਿੱਚ ਰਾਜੀ ਸੀ। ਉਸ ਦੀ ਢਿੱਲ ਦੇਖ ਕੇ ਅੰਗ੍ਰੇਜ਼ਾਂ ਦੀ ਚੜ੍ਹ ਮੱਚੀ, ਫੇਰ ਤਾਂ
ਸੇਰ ਹੋ ਕੇ ਹੱਲੇ ਕਰ ੨ ਕਈ ਤੋਪਾਂ ਤੇ ਮੋਰਚੇ ਸਿੱਖਾਂ ਤੋਂ ਛੁਡਾ ਲਏ। ——

Digitized by Panjab Digital Library | www.panjabdigilib.org

੫੮੦ ਤਦੋਂ ਨੂੰ ਰਾਜਨਿਮਕ ਹਲਾਲ ਖਾਲਸਾ ਫੌਜ ਨੇ ਤੇਜਾ ਸਿੰਘ ਦੇ ਹੁਕਮ ਦੀ ਉਡੀਕ ਛੱਡ ਕੇ ਆਪੇ
ਆਪਣੇ ਭਾਈਆਂ ਦੀ ਤੰਗੀ ਤੇ ਮਾਰ ਹੁੰਦੀ ਦੇਖ ਕੇ ਮੋਰਚੇ ਵਿੱਚ ਪਹੁੰਚ ਕਰ ਐਸੀ ਲੜਾਈ ਮਾਰੀ
ਅੰਗ੍ਰੇਜ਼ੀ ਫੌਜ ਦੀ ਬਿਬਸ਼ੂਲਾ ਪੰਤੀ, ਜਦ ਅੰਗ੍ਰੇਜ਼ ਤਾਂ ਘਾਬਰੇ ਤੇ ਫੀਰੋਜ਼ਪੁਰ ਵਲ ਨੱਸਣ ਲੱ
ਗੇ ਤਦੋਂ ਨੂੰ ਤੇਜਾ ਸਿੰਘ ਭੀ ਜਾ ਫਿਰਿਆ, ਜਾਂ ਇਸ ਨੇ ਦੇਖਿਆ ਕਿ ਸਿੰਘ ਅੰਗ੍ਰੇਜ਼ਾਂ ਨੂੰ ਨੱਪੀ ਜਾਂਦੇ ਹਨ।
ਤਾਂ ਆਪਣੀ ਅਸਵਾਰ ਫੌਜ ਨੂੰ ਲੈ ਕੇ ਸਿੰਘਾਂ ਦੇ ਅੱਗੋਂ ਦੀ ਹੋ ਕੇ ਨੱਸ ਖੜੋਤਾ, ਭਾਜ ਪਈ ਤਾਂ ਫੇਰ
ਕੌਣ ਠਹਿਰੇ। ਬਡੇ ੨ ਧੀਰਜੀ ਸਿੰਘ ਆਖਣ ਲੱਗੇ ਕਿ ਇਸ ਕੋੜ੍ਹੀ ਕੁੱਤੇ ਨੂੰ ਕੀ ਨਾਗ ਲੜ ਗਿ
ਆ ਜੋ ਜਿੱਤ ਹੋਈ ਛੱਡ ਨੱਠਾ ਜਾਂਦਾ ਹੈ ਤਾਂ ਭੌਂ ਉਤੇ ਫਤੇ ਲਈ ਪਈ ਸੀ ਜੇ ਥੋੜ੍ਹੀ ਜੇਹੀ ਹੱਲ
ਸੇਰੀ ਦੇ ਕੇ ਫੌਜ ਨੂੰ ਅੱਗੇ ਤੋਰਦਾ ਤਾਂ ਵੈਰੀਆਂ ਦਾ ਕਿਤੇ ਪਤਾ ਨ ਲੱਗਦਾ ਸਭ ਪੱਤਰਾ ਹੋ ਜਾਂਦੇ ਕਿਉਂ
ਕਿ ਇਸ ਵਕਤ ਇੱਕ ਤਾਂ ਅੰਗ੍ਰੇਜ਼ੀ ਫੌਜ ਥੱਕੀ ਮਾਂਦੀ ਘਬਰਾ ਰਹੀ ਸੀ। ਦੂਜੇ ਥੋੜ੍ਹੀ ਤੀਜੇ ਨੌ
ਠਤੁਰਨ ਨੂੰ ਤਿਆਰ ਸੀ ਚੌਥੇ ਮੈਗਜ਼ੀਨ ਅੰਗ੍ਰੇਜ਼ੀ ਮੁੱਕ ਗਿਆ ਸੀ। ਤੇਜਾ ਸਿੰਘ ਨੇ ਭਾਜ ਤਾਂ ਪਾ
ਈ ਪਰ ਸਿੰਘਾਂ ਨੇ ਪਿੜ ਨਾ ਛੱਡਿਆ। ਜਿਸ ਤੋਂ ਘਬਰਾ ਕੇ ਅੰਗ੍ਰੇਜ਼ ਤਾਂ ਫੀਰੋਜ਼ਪੁਰ ਵਲ ਹੋ ਤੁਰੇ
ਤੇ ਸਿੰਘ ਆਪਣੇ ਡੇਰੇ ਆ ਕੇ ਸਤਲੁਜ ਦਾ ਪੁਲ ਬੰਨ੍ਹਣ ਲੱਗ ਪਏ। ਕੁਛ ਦੇਸਰੇ ਹੋ ਕੇ ਪਾਰ ਹੋ।

ਮੈਗਜ਼ੀਨ ਫੁਕਣਾ

ਹੁਣ ਕੁਛ ਤਾਂ ਤੇਜਾ ਸਿੰਘ ਦੇ ਭੇਤ ਦੇਣ ਨੇ ਤੇ ਕੁਛ ਸਿੰਘਾਂ ਨੂੰ ਤਿੰਨ ਦਿੰਨ ਆਲਸ ਵਿੱਚ ਹੋਏ ਦੇ
ਖ ਕੇ ਅੰਗ੍ਰੇਜ਼ ਤਾਂ ਛੱਟ ਪੱਟ ਬੰਦੋਬਸਤ ਕਰ ਮੁੜ ਮੈਦਾਨ ਵਿੱਚ ਆ ਗੱਜੇ। ਜਾਂ ਅੰਗ੍ਰੇਜ਼ੀ ਤੋਪ
ਫੇਰ ਚੱਲੀ ਤਾਂ ਓਹੋ ਸਿੰਘ ੧੨ ਹਜ਼ਾਰ ਪੈਦਲ ਤੇ ਦਸ ਹਜ਼ਾਰ ਅਸਵਾਰ ਛੋਟੀ ਮੋਟੀ ੧੦੩
ਤੋਪ ਲੈ ਜਾ ਕੇ ਐਡੀ ਤੇਜ਼ੀ ਨਾਲ ਜੂੰਟੇ ਜਰਨਾਂ ਡਰੇ ਹੱਲਾ ਕਰ ਕੇ ਅੰਗ੍ਰੇਜ਼ਾਂ ਦੇ ਗਲ ਜਾ ਪਏ
ਜਦ ੧੦੩ ਤੋਪ ਨੂੰ ਕੱਠੀ ਬੱਤੀ ਲੱਗੇ, ਫਰੰਗੀਆਂ ਦੇ ਸਾਹ ਪਏ ਸੁੱਕਣ। ਲਾਰਡ ਗੱਫ ਤੇ ਦੈ
ਸਰਾਇ ਹਾਰਡਿੰਗ ਬੜੀ ਔਖਿਆਈ ਤੇ ਦਾਉ ਖੇਲ ਜਾਨ ਬਚਾਉ ਦੇ ਰਹੇ। ਤਦੋਂ ਨੂੰ ਜਨਰਲ ਮੇ
ਡਾਬ ਸਿੰਘ ਲਾਲ ਸਿੰਘ ਮੇਵਾ ਸਿੰਘ ਆਦਿਕ ਬਹਾਦੁਰ ਤੇਜਾ ਸਿੰਘ ਦੇ ਪੁੱਛੇ ਬਿਨਾ ਹੀ ਅ
ਪਣੀ ੨ ਫੌਜ ਲੈ ਕੇ ਜਾ ਪਹੁੰਚੇ ਤੇ ਸੱਜੇ ਹੱਥੋਂ ਸਾਖੇ ਖਾਂ ਵਾਲ੍ਹੇ ਤੋਪਖਾਨੇ ਦੇ ਪ੍ਰਿਥੀ ਸਿੰਘ ਆ
ਦਿਕ ਗੋਲੰਦਾਜ਼ਾਂ ਨੇ ਅਜੇਹੇ ਨਿਸ਼ਾਨੇ ਮਾਰੇ ਅੰਗ੍ਰੇਜ਼ੀ ਤੋਪਾਂ ਦੇ ਮੂੰਹ ਬੰਦ ਕਰ ਦਿੱਤੇ। ਇਸ ਖ
ਰਾਬੀ ਤੋਂ ਖਿਜ ਕੇ ਫੇਰ ਤਾਂ ਅੰਗ੍ਰੇਜ਼ੀ ਫੌਜ ਭੀ ਮੁੜ ਹੱਲਾ ਕਰ ਕੇ ਆ ਪਈ, ਜੁੱਤ ਵਾਲੇ ਹੋਏ ਗੋਰੇ
ਸਿੰਘਾਂ ਦੇ ਗਲ ਆ ਪਏ, ਦੋ ਘੰਟੇ ਦੋਹਾਂ ਪਾਸਿਆਂ ਤੋਂ ਹੱਥੋ ਹੱਥੀ ਜੁੱਟੋ ਜੁੱਟੀ ਹੋ ਕੇ ਭਾਰੀ ਜੰਗਾ
ਰ ਜੇਹੀ ਬੰਦੀ ਲੋਥਾਂ ਦੇ ਢੇਰ ਲਾ ਦਿੱਤੇ, ਧਰਤੀ ਨੂੰ ਸੁਹਾਗ ਦੀ ਚਾਦਰ ਪਹਿਨਾ ਕੇ ਪੰਜਾਂ ਛੀਆਂ
ਕੋਹਾਂ ਵਿੱਚ ਭਾਰੀ ਕਟਾ ਵੱਢ ਕੀਤੀ। ਤਦੋਂ ਅੰਗ੍ਰੇਜ਼ੀ ਮੈਗਜ਼ੀਨ ਨੂੰ ਭੀ ਅੱਗ ਪੈ ਗਈ। ਤੇ ਫਾਈ ਉੱਨ

Digitized by Panjab Digital Library | www.panjabdigilib.org

;ਸੌ ਅੰਗ੍ਰੇਜ਼ ਅਫ਼ਸਰ ਮਾਰੇ ਗਏ, ਤਾਂ ਤ੍ਰਾਸ ਬਢਕੇ ਕੁਰਲਾਟ ਪੈ ਗਿਆ; ਅੰਗ੍ਰੇਜ਼ੀ ਫ਼ੌਜ ਲੱਗੀ ੪੮੧
ਪਿੱਛੇ ਹਟਣ। ਉਸ ਘੜੀ ਤਾਂ ਏਹ ਖ਼ਿਆਲ ਹੋ ਗਿਆ ਕਿ ਅੱਜ ਕੋਈ ਅੰਗ੍ਰੇਜ਼ ਨ ਬਚੇਗਾ। ਤੇਜਾ
ਸਿੰਘ ਹਾਥੀ ਉੱਤੇ ਬੈਠ ਦੂਰਬੀਨ ਲਗਾਕੇ ਜੰਗ ਦੇਖ ਰਿਹਾ ਸੀ। ਜਦ ਅੰਗ੍ਰੇਜ਼ ਬਹੀਰ ਪਾਂਈ
ਜਾਂਦੇ ਦੇਖੇ, ਤਾਂ ਉਸ ਐਸਾ ਆਖਿਆ ਜੇ ਸਿੰਘ ਜਿੱਤ ਗਏ, ਤਾਂ ਮੈਨੂੰ ਨ ਛੱਡਣਗੇ। ਏਹ ਸੋਚਕੇ ਆਪਣੀ ਅ
ਰਦਲ ਦੇ ਚਾਰ ਹਜ਼ਾਰ ਅਸਵਾਰ ਨਾਲ ਨੱਸ ਖੜੋਤਾ। ਫੇਰ ਤਾਂ ਸਾਰੀ ਅਸਵਾਰੀ ਫ਼ੌਜ ਅੱਠ ਹਜ਼ਾਰ
ਅਸਵਾਰ ਉਸ ਦੇ ਸਾਥ ਘੋੜ ਉਡਾਂਉਦੀ, ਤੇ ਨੱਸ ਚੱਲੋ ਖਾਲਸਾ ਜੀ ਨੱਸ ਚੱਲੋ ਏਹ ਅਵਾਜ਼ ਦਿੰਦਾ ਹੋ
ਯਾ ਦਹਿਣੇ ਤੋਂ ਬਾਵੇਂ ਨੂੰ ਚਲਾ ਆਯਾ; ਧੀਰਜੀ ਸਿਆਣੇ ਸਿੱਖ ਆਖਣ ਲੱਗੇ। ਹਾਇ ਏਹ ਕੀ
ਲੋੜ੍ਹ ਪਿਆ, ਅਸੀ ਤਾਂ ਮਾਰੋ ਮਾਰ ਕਰਦੇ ਅੱਗੇ ਬਧ ਰਹੇ ਸਾਂ; ਤੇ ਵੈਰੀ ਨੱਸੇ ਜਾਂਦੇ ਸਨ। ਏਸ ਸਰ
ਫੋਏ ਬਾਮਣ ਨੂੰ ਸੁੱਕੇ ਅੰਬਰ ਕਿੱਥੋਂ ਬਿੱਜ ਆ ਪਈ। ਜੱਦਪਿ ਕੁਛ ੨ ਸਿੰਘ ਮੁੜਕੇ ਲੜੇ ਬੀ
ਪਰ ਮਨ ਸਭ ਦੇ ਢਹਿ ਗਏ। ਕਿੰਨੇ ਬਹਾਦੁਰੀ ਦੇਖਕੇ ਸ਼ਾਬਾਸ਼ੇ ਦੇਣ ਵਾਲਾ ਸਿਰ ਦਾ ਸਾਈਂ
ਕੋਈ ਨਾ ਰਿਹਾ; ਉਸ ਅੰਧਾਧੁੰਦ ਵਿੱਚ ਦੋਹੀਂ ਪਾਸੀਂ ਕਿਸੇ ਨੇ ਕੁਛ ਨ ਸੋਚਿਆ। ਏਧਰ ਸਿੰਘ ਨੱ
ਸ ਆਏ, ਉਧਰ ਅੰਗ੍ਰੇਜ਼ ਅੱਠ ਮੀਲ ਬੱਧਣੀ ਤਕ ਪਿੱਛੇ ਹਟ ਗਏ। — ਕਨਿੰਘਮ
ਸਾਹਿਬ ਜੋ ਉਸ ਜੰਗ ਵਿੱਚ ਸੀ ਲਿਖਦਾ ਹੈ। "ਜੇਕਰ ਉਸ ਸਮੇਂ ਤੇਜਾ ਸਿੰਘ ਭਾਜ ਨ ਪਾਉਂਦਾ
ਤਾਂ ਜਿਕੂੰ ਸਿੰਘੀ ਫ਼ੌਜ ਜ਼ੋਰ ਸ਼ੋਰ ਨਾਲ ਜਾਨ ਤੋੜ ਕੇ ਲੜਦੀ ਹੋਈ ਅੱਗੇ ੨ ਬਧੀ ਜਾਂਦੀ ਸੀ ਤੇ ਅੰ
ਗ੍ਰੇਜ਼ੀ ਫ਼ੌਜ ਪਿੱਛੇ ਹਟ ਰਹੀ ਸੀ, ਮੈਗਜ਼ੀਨ ਰਸਦ ਆਦਿਕ ਸਭ ਸਾਮਾਨ ਅੰਗ੍ਰੇਜ਼ੀ ਮੁੱਕ ਚੁਕੇ ਸੇ
ਤੇਜਾ ਸਿੰਘ ਖਾਲਸੇ ਨੂੰ ਅੱਗੇ ਬਧਾਈ ਜਾਂਦਾ ਤਾਂ ਜ਼ਰੂਰ ਸਿੱਖ ਜਿੱਤ ਲੈਂਦੇ"। ਏਹੋ ਗੱਲ ਅਨੇਕ
ਜੰਗ ਨਾਮਿਆਂ ਤੋਂ ਸਹੀ ਹੈ। — ਦੋਹਾਂ ਪਾਸਿਆਂ ਦੇ ਤੋਪਖ਼ਾਨੇ ਤੇ ਬਾਦਸ਼ਾਹੀ ਸਾਮਾਨ ਸਭ
ਮੈਦਾਨ ਵਿੱਚ ਸੁੰਨੇ ਹੀ ਖੜੇ ਰਹੇ। — ਜਦ ਸਰਦਾਰ ਪਹਾੜਾ ਸਿੰਘ ਫਰੀਦਕੋਟ ਵਾਲੇ
ਨੇ ਰਣਭੂਮੀ ਵਿੱਚ ਦੋਹਾਂ ਦਲਾਂ ਦੇ ਤੋਪਖ਼ਾਨੇ ਸੁੰਨੇ ਖੜ੍ਹੇ ਤੇ ਮੈਦਾਨ ਖ਼ਾਲੀ ਪਿਆ ਦੇਖਿਆ ਤਾਂ ਅੰਗ੍ਰੇ
ਜ਼ੀ ਅਫ਼ਸਰਾਂ ਨੂੰ ਬੱਧਣੀ ਪਿੰਡ ਜਾ ਆਖਿਆ ਕਿ ਤੁਸੀਂ ਕਿਉਂ ਡਰੇ ਜਾਂਦੇ ਹੋ ਸਿੰਘ ਤਾਂ ਆਪ ਮੈਦਾਨ
ਛੱਡਕੇ ਨੱਠ ਗਏ। ਫੇਰ ਤਾਂ ਅੰਗ੍ਰੇਜ਼ਾਂ ਦੇ ਤਨ ਵਿੱਚ ਬੀ ਜਾਨ ਆ ਪਈ, ਉਸ ਦੇ ਕਹੇ ਉਸੇ ਸਮੇਂ ਮੁੜ ਮੈ
ਦਾਨ ਵਿੱਚ ਆਕੇ ਆਪਣੇ ਤੇ ਸਿੰਘਾਂ ਦੇ ਸਭ ਤੋਪਖ਼ਾਨੇ ਔਰ ਸਾਮਾਨ ਸੰਭਾਲ ਲੀਤੇ। —
। ਉਸ ਦਿਨ ਜੱਦਪਿ ਅੰਗ੍ਰੇਜ਼ਾਂ ਦਾ ਬਹੁਤ ਨੁਕਸਾਨ ਹੋਯਾ, ਪਰ ਮੁੜ ਮੈਦਾਨ ਤੇ ਫਤੇ ਲਭਣੇ ਕਰ
ਸਭ ਨੁਕਸਾਨ ਭੁੱਲ ਗਏ ਤੇ ਹੌਸਲੇ ਬਧ ਗਏ। ਏਸ ਜੰਗ ਵਿੱਚ ਜੱਦਪਿ ਸਾਹ ਮਹੀਮਦ ਨੇ
ਤਾਂ ਚਾਰ ਹਜ਼ਾਰ ਕੁਰਸੀ ਖਾਲੀ ਹੋਈ ਲਿਖੀ ਹੈ। ਪਰ ੬੯੪ ਮਾਰੇ ਤੇ ੧੭੨੧ ਜ਼ਖ਼ਮੀ ਹੋਏ ਤਾਂ

Digitized by Panjab Digital Library | www.panjabdigilib.org

੪੮੨ ਅੰਗ੍ਰੇਜ਼ਾਂ ਨੇ ਭੀ ਲਿਖੇ ਹਨ। ਜਿਨ੍ਹਾਂ ਵਿੱਚ ਮੇਜਰ ਬ੍ਰਾਡਫੁੱਟ ਸਾਹਿਬ ਤੇ ਡੀ, ਆਰ, ਸੀ ਟਾਫ ਸਾਹਿਬ ਅਤੇ ਬ੍ਰਿਗੇਡੀਅਰ ਵਾਲਸ ਸਾਹਿਬ ਆਦਿਕ ੨੬ ॥ ੨੭ ਤਾਂ ਬਡੇ ੨ ਨਾਮੀ ਅਫਸਰ ਸ਼ਹੀਦ ਹੋਏ। —।ਹਿਸਟ੍ਰੀ ਕਨਿੰਘਮ ਦੇ ੩੦੮ ਸਫ਼ੇ ਉੱਤੇ ਲਿਖਿਆ ਹੈ ਕਿ "ਏਦੂੰ ਪਹਿਲੇ ਅੰਗ੍ਰੇਜ਼ਾਂ ਨੇ ਕਦੇ ਐਹੋ ਜੇਹੀ ਬੁਰੀ ਲੜਾਈ ਤੇ ਬਿਪਤਾ ਦੀ ਰਾਤ ਨਹੀਂ ਦੇਖੀ ਸੀ। ਤੇ ਨ ਸਿੱਖਾਂ ਜੇਹੀ ਅਤ੍ਯੰਤ ਸੂਰਬੀਰ ਬਲਵਾਨ ਨਿਰਭੈ ਕੌਮ ਨਾਲ ਵਾਹ ਪਿਆ ਲੱਗਾ ਸੀ," ਸਿੱਖਾਂ ਦੀ ਮਜ਼ਬੂਤੀ ਤਾਂ ਉਨ੍ਹਾਂ ਬਡੀਆਂ ਬਡੀਆਂ ਤੋਪਾਂ ਤੋਂ ਹੀ ਪਈ ਝਲਕਦੀ ਸੀ, ਜਿਨ੍ਹਾਂ ਨੂੰ ਸਿੰਘ ਤਾਂ ਖੂੰਦੇ ਵਾਂਗੂ ਰੇੜ੍ਹੀ ਫਿਰਦੇ ਸੇ। ਤੇ ਅੰਗ੍ਰੇਜ਼ਾਂ ਦੇ ਹੱਥ ਆਈਆਂ ਤੋਪਾਂ ਤੋਂ ਉਠਾਈਆਂ ਭੀ ਨ ਜਾਣ। ਸਿੱਖਾਂ ਦੇ ਕਰਤੱਬ ਦੀ ਮਹਿਮਾ ਭੀ ਅੰਗ੍ਰੇਜ਼ ਏਸੇ ਗੱਲੋਂ ਕਰ ਰਹੇ ਸੇ। ਜੋ ਸਿੱਖਾਂ ਦੀ ਕਿਸੇ ਤੋਪ ਉੱਤੇ ਗੋਲੇ ਦਾ ਨਿਸ਼ਾਨ ਨਹੀਂ ਸੀ। ਅੰਗ੍ਰੇਜ਼ੀ ਤੋਪਾਂ ਤੇ ਨ ਕਿਸੇ ਤਖ਼ਤੇ ਤੋਂ ਲਾਹੀਆਂ ਪਈਆਂ ਸਨ। ਤੇ ਗੋਲੇ ਦੇ ਨਿਸ਼ਾਨ ਬਿਨਾ ਕੋਈ ਖ਼ਾਲੀ ਨਹੀਂ ਸੀ। ਏਹੋ ਬ੍ਰਿਤਾਂਤ ਸਭ ਕਲਕੱਤੇ ਦੇ ਰੇਵਿਊ ਵਾਲੇ ਨੇ ਲਿਖਿਆ ਹੈ। ਦੇਖੋ ਸਫ਼ਾ ੪੮੮ ਜੋ ਦਸੰਬਰ ਸੰ: ੧੮੪੭ ਈ: ਨੂੰ ਛਪਿਆ ਸੀ। — ।ਏਸ ਲੜਾਈ ਵਿੱਚ ਸਿੱਖ ਸਰਦਾਰ ਭੀ ਬਹੁਤ ਸ਼ਹੀਦ ਹੋਏ ਸੇ। ਦੇਖਣ ਵਾਲੇ ਆਖਦੇ ਹਨ ਕਿ ਇੱਕ ੨ ਸਿੰਘ ਪਾਸ ਦੋ ਦੋ ਤਿੰਨ ਤਿੰਨ ਗੋਰੇ ਤੇ ਪੂਰਬੀਏ ਸੁਨਾਅ ਇਕ ਸਿੰਘ ਤੇ ਗੋਰੇ ਤਾਂ ਫੌਜਾਂ ਵੀ ਹੋਏ ਮਰੇ ਪਏ ਸੇ ਤੇ ਪਿੱਠ ਉੱਤੇ ਕਿਸੇ ਸਿੰਘ ਦੇ ਜ਼ਖ਼ਮ ਨਹੀਂ ਸੀ। ਏਸ ਜੰਗ ਵਿੱਚ ਸਿੱਖਾਂ ਦੀ ਬਹਾਦੁਰੀ ਤੇ ਤਾਕਤ ਦੇਖ ਕੇ ਅੰਗ੍ਰੇਜ਼ਾਂ ਨੇ ਬਹੁਤ ਸਾਰੀ ਫੌਜ ਤੇ ਅਫਸਰ ਸੂਰਬੀਰ ਹਿੰਦੁਸਤਾਨ ਵੱਲੋਂ ਸੱਦ ਲਏ। ਨਾਲੇ ਮੇਗਜ਼ੀਨ ਬਹੁਤ ਸਾਰਾ ਮੰਗਾ ਲੀਤਾ।

ਬੱਦੋਵਾਲ ਦਾ ਰਣ

।ਉਸੇ ਸਮੇਂ ਸਰਦਾਰ ਰਣਜੋਧ ਸਿੰਘ ਮਜੀਠੀਏ ਵਾਲੇ ਤੇ ਰਾਜੇ ਅਜੀਤ ਸਿੰਘ ਲਾਡੂਏ ਵਾਲੇ ਨੇ ਫੌਜ ਸਮੇਤ ਫਿਲੌਰ ਜਾ ਕੇ ਲੁਦੇਹਾਣੇ ਅੰਗ੍ਰੇਜ਼ੀ ਫੌਜ ਦੀ ਬੁਰੀ ਅੱਟੀ ਬਾਲ੍ਹੀ ਤੇ ਛਾਉਣੀ ਲੁੱਟ ਪੁੱਟ ਕੇ ਫੂਕ ਦਿੱਤੀ। ਉੱਥੋਂ ਦੀ ਮਦਦ ਵਾਸਤੇ ਲਾਟ ਸਾਹਿਬ ਨੇ ਜਨਰਲ ਸਮਿਥ ਸਾਹਿਬ ਨੂੰ (ਜੋ ਧਰਮਕੋਟੋਂ ਰਸਦ ਤੇ ਮੇਗਜ਼ੀਨ ਪੁਚਾਉਣ ਉੱਤੇ ਸੀ।) ੧੮ ਤੋਪਾਂ ੪ ਪਲਟਣਾਂ ਤਿੰਨ ਰਸਾਲੇ ਦੇ ਕੇ ਤੋਰਿਆ। (ਸਰਦਾਰ ਨਿਹਾਲ ਸਿੰਘ ਆਲੂਵਾਲੀਏ ਦੇ ਕਾਰਦਾਰਾਂ ਨੇ ਜਗਰਾਵਾਂ ਵਿੱਚ ਸੰ: ੧੮੦੫ ਈ: ਦੇ ਅਹਿਦਨਾਮੇ ਅਨੁਸਾਰ ਉਸ ਦੀ ਬਹੁਤ ਸੇਵ ਮਦਦ ਕੀਤੀ।) ਜਦ ਉਹ ੨੧ ਜਨਵਰੀ ਨੂੰ ਉੱਥੋਂ ਲੁੱਦੇਹਾਣੇ ਵੱਲ ਤੁਰਿਆ ਤਾਂ ਸਰਦਾਰ ਰਣਜੋਧ ਸਿੰਘ ਤੇ ਰਾਜੇ ਅਜੀਤ ਸਿੰਘ ਨੇ ਜੋ ਦਸ ਹਜ਼ਾਰ ਸਪਾਹ ਨਾਲ ਬੱਦੋਵਾਲ ਉਤਰੇ ਹੋਏ ਸਨ, ਉਸ ਨੂੰ ਆ ਘੇਰਿਆ, ਤਿੰਨ ਘੰਟੇ ਦੋਹਾਂ ਪਾਸਿਆਂ ਤੋਂ ਜੰਗ ਬਰਸੀ। ਸਮਿਥ ਸਾਹਿਬ ਨੇ ਬਥੇਰੇ ਦਾਉ ਘਾਉ ਕੀਤੇ, ਤੇ ਅੰਗ੍ਰੇਜ਼ੀ ਫੌਜ ਭੀ ਬਹੁਤ ਜਾਨ ਤੋੜ ਕੇ ਲੜੀ ਪਰ ਸਿੱਖਾਂ ਨੇ ਜ਼ੋਰ ਬਸ ਨ ਜਾਪੀ। ਤਾਂ ਦੇਂ ਉਦਣ ਐਨ ਜੰਗ ਵਿੱਚੋਂ ਰਣਜੋਧ ਸਿੰਘ ਭੀ

ਗੀਦੀ ਹੋਕੇ ਨੱਸ ਗਿਆ ਪਰ ਖਾਲਸੇ ਨੇ ਅਪਣਾ ਬਲ ਨਾ ਹਾਰਿਆ, ਕਿਉਂਕੇ ਰਾਜਾ ਅਜੀਤ ਸਿੰਘ ੪੮੩
ਜੋ ਮਸਹੂਰ ਸੂਰਬੀਰ ਮਹਾਰਾਜੇ ਰਣਜੀਤ ਸਿੰਘ ਦੀ ਕੁਲ ਵਿਚੋਂ ਸੀ, ਫੌਜ ਨੂੰ ਵੰਗਾਰ ੨ ਲੜਾ
ਉਂਦਾ ਰਿਹਾ। ਨਾਲ ਹੀ ਸੋਲ੍ਹਾਂ ਤੋਪਾਂ ਨੂੰ ਕੱਲਾ ਬੱਤੀ ਦਿੰਦਾ ਰਿਹਾ। ਉਸ ਦੇ ਗੋਲ੍ਹਿਆਂ ਨੇ ਅਜੇਹੀ ਪਟਮੇ
ਲ੍ਹੀ ਦੀ ਹੇਠਲੀ ਉੱਤੇ ਲਿਆ ਦਿੱਤੀ ਜੋ ਅੰਗ੍ਰੇਜਾਂ ਨੂੰ ਬਿਹਬਲ ਕਰ ਸੁੱਟਿਆ। ਜੇਕਰ ਦੇ ਉਸੇ ਸ
ਮੇਂ ਕਰਨਲ ਕਰਟਨ ਸਾਹਿਬ ਅਸਵਾਰੀ ਫੌਜ ਲੈ ਜਾ ਕਰ ਖੂਹੀ ਕਰਕੇ ਧਰਮਕੋਟੋਂ ਨਾ ਪਹੁੰਚ
ਦਾ ਤਾਂ ਸਮਿਥ ਸਾਹਿਬ ਦਾ ਕਿਤੇ ਪਤਾ ਨ ਲੱਗਦਾ। —— ।ਤਾਂ ਬੀ ਸਿੰਘਾਂ ਨੇ ਮਾਰ ਕੁੱਟ ਕਰ
ਅੰਗ੍ਰੇਜੀ ਫੌਜ ਨੂੰ ਨੱਪ ਕੇ ਲੁੱਦੇਹਾਣੇ ਦੇ ਕਿਲੇ ਵਿੱਚ ਜਾ ਤੁੰਨਿਆ। —— ।ਉਸ ਦਿਨ ੧੨੧ ਅੰ
ਗ੍ਰੇਜ ਸਹੀਦ ਹੋਏ ਤੇ ੧੬੮ ਜਖਮੀ ਹੋਏ। ੭੭ ਗੋਰਿਆਂ ਦਾ ਪਤਾ ਹੀ ਨਾ ਲੱਗਾ। ਸਿੰਘਾਂ ਨੇ ਕਿ
ਥੇ ਖਪਾਏ। ੩੩ ਅੰਗ੍ਰੇਜ ਮਿਸਟਰ ਬਰਨਸ ਅਸਟੰਟ ਵਰਗੇ ਬੰਨ੍ਹੇ ੨ ਕੈਦ ਕਰਕੇ ਲਾਹੌਰ ਭੇਜ
ਦਿੱਤੇ। — ।ਏਸ ਛੋਟੀ ਜੇਹੀ ਫਤੇ ਦੀ ਖੁਸੀ ਨਾਲ ਕੇਵਲ ਸਿੰਘ ਕੌਮ ਹੀ ਧਰਤੀ ਤੋਂ ਗਿਠ ੨
ਉੱਚੀ ਨਹੀਂ ਫਿਰਦੀ ਸੀ, ਸਾਰੀ ਹਿੰਦੂ ਦੇ ਰਈਸ ਖੁਸੀ ਮੰਨਾ ਬੈਠੇ ਸੇ। ਅੰਗ੍ਰੇਜਾਂ ਦੇ ਮੂੰਹ ਸੁਸ
ਕ ਤੇ ਉਦਾਸ ਸੇ, ਤੇ ਪੂਰਬੀਏ ਅਪਣੇ ੨ ਘਰਾਂ ਵੱਲੀ ਤੱਕਣ ਲੱਗ ਪਏ ਸਨ। — ।ਏਧਰ
ਗਵਰਨਰ ਜਨਰਲ ਤੇ ਕਮਾਂਡਰ ਇੰਚੀਫ਼ ਮੇਗਜੀਨ ਦੇ ਫਿਕਰ ਮੇਂ ਜੋ ਦਿੱਲੀ ਆਰੇ ਤੋਂ ਆ
ਰਿਹਾ ਸੀ, ਅੱਡੀਆਂ ਚੁੱਕ ੨ ਉਧਰੇ ਤਕਾਉਂਦੇ ਹੋਏ ਹਜਰਤ ਈਸਾ ਮਸੀਹ ਨੂੰ ਮਨਾ ਰਹੇ ਸੇ ਜੋ
ਕਿਸੇ ਸਿੰਘਾਂ ਦੀ ਲੁੱਟ ਤੋਂ ਬਚਕੇ ਮੇਗਜੀਨ ਸਾਡੇ ਪਾਸ ਆ ਜਾਵੇ। ਜੇ ਕਦੇ ਸਿੰਘ ਓਹ ਮੇਗਜੀ
ਨ ਜਾ ਰੋਕਦੇ ਤਾਂ ਅੰਗ੍ਰੇਜ ਬਿਨਾ ਜੰਗ ਦਿੱਲੀ ਜਾ ਬੜਦੇ। ਕਿਉਂਕੇ ਅੰਗ੍ਰੇਜੀ ਲਸਕਰ ਵਿੱਚ
ਮੇਗਜੀਨ ਉੱਕਾ ਹੀ ਮੁੱਕ ਚੁੱਕਾ ਸੀ। — ।ਪਰ ਐਹੋ ਜੇਹੇ ਦਾਉ ਮਾਰਨੇ ਤਾਂ ਮਾਲਕ ਸੋਚਿਆ
ਕਰਦੇ ਹਨ। ਏਧਰ ਸਿੰਘਾਂ ਦੇ ਮਾਲਕ ਤਾਂ ਉਲਟਾ ਸਿੰਘਾਂ ਦੀ ਹਾਰ ਹੀ ਚਾਹੁੰਦੇ ਸੇ। — ।ਦੇਖੋ
ਏਹ ਖਬਰ ਸੁਣਦੇ ਸਾਰ ਰਾਣੀ ਜਿੰਦਾਂ ਨੇ ਇੱਕ ਪਰਵਾਨਾ ਤਾਂ ਰਾਜੇ ਤੇਜਾ ਸਿੰਘ ਤੇ ਲਾਲ ਸਿੰਘ
ਨੂੰ ਲਿਖਿਆ ਕੇ ਤੁਸੀਂ ਕਿਉਂ ਮੇਰੀ ਗੁਤਨੀ ਬੁਰਛਿਆਂ ਤੋਂ ਪੁਟਾਉਣਾ ਚਾਹੁੰਦੇ ਹੋ। ਕਿਸੇ ਏਨਾਂ ਦਾ ਓ
ਧਰੇ ਨਾਸ ਕਰੋ। ਨਾਲ ਹੀ ਉਸੇ ਘੜੀ ਰਾਜੇ ਗੁਲਾਬ ਸਿੰਘ ਨੂੰ ਜੰਮੂ ਤੋਂ ਬੁਲਾਕੇ ਵਜੀਰ ਬਣਾਕਰ
ਆਖਿਆ ਕੇ ਤੁਸੀਂ ਕਿਸੇ ਤਰਾਂ ਫੌਜ ਨੂੰ ਕਾਬੂ ਕਰੋ, ਨਹੀਂ ਤਾਂ ਏਹ ਜਿੱਤ ਕੇ ਆਈ ਸਾਨੂੰ ਤੁਸਾਨੂੰ ਜੀਉ
ਦੇ ਨ ਛੱਡੇਗੀ। ——

ਜੰਗ ਅਲੀ ਵਾਲਾ।

।ਏਧਰ ਚਾਰ (4) ਪਲਟਣਾਂ ਦੋ ਹਜਾਰ (2000) ਅਸਵਾਰ ਬਾਰਾਂ (12) ਤੋਪਾਂ ਜੋ ਅਜੇ ਉਰਾਰ ਹੀ ਸਨ ਚੱਟਪੱਟ
ਸਤਲੁਜੋਂ ਪਾਰ ਹੋ ਰਣਜੋਧ ਸਿੰਘ ਨੂੰ ਜਾ ਮਿਲੀਆਂ। ਤਦੋਂ ਨੂੰ ਸਮਿਥ ਸਾਹਿਬ ਪਾਸ ਬੀ ਬਾਰਾਂ (12000)

Digitized by Panjab Digital Library | www.panjabdigilib.org

੪੮੪ ਹਜਾਤ ਫੌਜ ਕੱਠੀ ਹੋ ਗਈ। ੨੯ ਜਨਵਰੀ ਨੂੰ ਅਲੀਵਾਲ ਭੂੰਦੜੀ ਪਿੰਡ ਪਾਸ ਮੁਕਾਬਲਾ ਹੋਕੇ ਭਾਰੀ ਜੰਗ ਹੋਯਾ। ਓੜਕ ਜਦ ਰਾਜੇ ਗੁਲਾਬ ਸਿੰਘ ਦੀ ਡੋਗਰੀ ਫੌਜ ਉੱਤੇ ਗੋਰਿਆਂ ਦਾ ਫੌਜ ਨੇ ਜ਼ੋਰ ਪਾਯਾ, ਤੇ ਓਹ ਕਾਇਰ ਹੋਕੇ ਨੱਸ ਖੜੋਤੀ ਤਾਂ ਓਨਾਂ ਦੇ ਨਾਲ ਹੀ ਰਣਜੋਧ ਸਿੰਘ ਬੀ ਭੈੜਾ ਗਿੱਦੜ ਬਣਕੇ ਪਿੱਠ ਦਿਖਾ ਗਿਆ। ਪਰ ਸਾਬਾਸ਼ੇ ਸਿੰਘਾਂ ਦੇ ਜੋ ਅਜੀਤ ਸਿੰਘ ਦੇ ਬੰਗਾਲੇ ਹੋਏ (ਜੇੜ੍ਹਾ ਓਨਾਂ ਦਾ ਅਫਸਰ ਬੀ ਨਹੀਂ ਸੀ।) ਇੱਕ ਵਾਰੀ ਤਾਂ ਟੋਟੇ ਹੋਕੇ ਐਸੇ ਲੜੇ ਜੋ ਅੰਗ੍ਰੇਜ਼ੀ ਫੌਜ ਦੇ ਮੂੰਹ ਮੋੜ ਦਿੱਤੇ। ਛੇਕੜ ਜਦ ਫੀਰ ਸਾਲੇ ਹੋਰ ਅੰਗ੍ਰੇਜ਼ੀ ਧਾਵਾ ਕਰਕੇ ਓਨਾਂ ਉੱਤੇ ਆ ਪਏ, ਤਾਂ ਮਾਲਕ ਬਿਨਾ ਫੌਜ ਕਿਥੋਂ ਤੋੜੀ ਲੜੇ। ਓੜਕ ਬਹੁਤੇ ਸਿੰਘ ਤਾਂ ਅਨੇਕਾਂ ਨੂੰ ਮਾਰਕੇ ਓਸੇ ਥਾਂ ਸ਼ਹੀਦ ਹੋ ਪਏ। ਬਾਕੀ ਹਰਨ ਸਿੰਘ ਹੋ ਏ। ਅੰਗ੍ਰੇਜ਼ੀ ਫੌਜ ਬੀ ਬਡੇ ਜ਼ੋਰ ਸ਼ੋਰ ਤੇ ਸੂਰਬੀਰਤਾ ਨਾਲ ਓਨਾਂ ਦੇ ਪਿੱਛੇ ਅਜੇਹੀ ਹੱਲਾ ਕਰਕੇ ਲੱਗੀ ਪੁਲ ਟੁੱਟ ਜਾਣੇ ਦੇ ਸਬਬ ਦਰਯਾਓਂ ਸਿੰਘਾਂ ਨੂੰ ਠਿੱਲਣਾ ਪਿਆ ਜੋ ਬਹੁਤੇ ਡੁੱਬ ਮੋਏ। ਓਥੋਂ ਦਾ ਹਾਲ ੩੪੮ ਸਫੇ ਉੱਤੇ ਕਨਿੰਘਮ ਸਾਹਿਬ ਜੋ ਓਸ ਜੰਗ ਦੇ ਵਿੱਚ ਸੀ, ਲਿਖਦਾ ਹੈ ਕੇ ਜੱਦਪਿ ਬਹੁਤ ਤਦਬੀਰ ਤੇ ਦਾਨਾਈ ਨਾਲ ਬਚਾ ਬਚਾਕੇ ਅੰਗ੍ਰੇਜ਼ੀ ਫੌਜ ਲੜਾਈ ਗਈ ਸੀ, ਤੋ ਬੀ ਮੈਦਾਨ ਵਿੱਚ ਸਿੰਘਾਂ ਨਲੋਂ ਅੰਗ੍ਰੇਜ਼ੀ ਸਿਪਾਹੀ ਬਹੁਤ ਮਰੇ ਪਏ ਦਿਸਦੇ ਸੇ ਜਿਸ ਤੋਂ ਸਿੰਘਾਂ ਦੀ ਸੂਰਬੀਰਤਾ ਨੂੰ ਸਰਾਹਕੇ ਜਨਰਲ ਸਮਿਥ ਸਾਹਿਬ ਆਦਿਕ ਅੰਗ੍ਰੇਜ਼ ਮੂੰਹ ਵਿੱਚ ਉਂਗਲੀਆਂ ਪਾਕੇ ਆਖਦੇ ਸੇ ਕੇ ਹਾਇ ਅਫਸੋਸ ਜੇ ਕਦੇ ਕੋਈ ਏਨਾਂ ਦੇ ਸਿਰ ਉੱਤੇ ਹੱਥ ਰੱਖਕੇ ਏਨਾਂ ਨੂੰ ਲੜਾਉਂਦਾ ਤਾਂ ਏਨਾਂ ਜੋਧਿਆਂ ਨੂੰ ਜਿੱਤਣ ਵਾਲਾ ਕੌਣ ਜੰਮਿਆ ਸੀ। —— ।ਜੱਦਪਿ ਅਫਸਰਾਂ ਦੀ ਬਦਨੀਤੀ ਨੇ ਸਿੰਘਾਂ ਨੂੰ ਇੱਕ ਬੱਦੋਵਾਲ ਦੇ ਜੰਗ ਬਿਨਾ ਹੋਰ ਸਭ ਜੰਗਾਂ ਹਾਰ ਦਿਵਾਈ, ਪਰ ਤੋ ਬੀ ਓਨਾਂ ਸ਼ੇਰ ਦਿਲ ਜੋਧਿਆਂ ਨੇ ਅੰਗ੍ਰੇਜ਼ਾਂ ਦੇ ਸਾਮ੍ਹਣੇ ਹੋਣੇ ਜਰਾ ਬੀ ਕਦੇ ਝਿੱਜੀ ਨ ਖਾਧੀ। ਕਿਓਂਕੇ ਓਹ ਆਪਣੇ ਪੰਥ ਦੀ ਬਾਦਸ਼ਾਹੀ ਕਾਇਮ ਰੱਖਣ ਦੀ ਤੇ ਜੰਗ ਵਿੱਚ ਰੱਜੇ ਹੋਕੇ ਸ਼ਹੀਦ ਹੋਣ ਦੀ ਪੱਕੀ ਇੱਛਿਆ ਰੱਖਦੇ ਸੇ, ਤਾਂਹੀ ਓਹ ਇੱਕ ਪਾਸੇ ਹਾਰਦੇ ਦੂਜੇ ਪਾਸੇ ਫੇਰ ਬੜੀ ਦਲੇਰੀ ਨਾਲ ਲੱਕ ਬੰਨਕੇ ਆ ਝਟ ਭੇੜ ਕਰਦੇ ਸੇ। —— ।ਬੱਸ ਏਸ ਅੱਲੀਵਾਲ ਦੀ ਫਤੇ ਨੇ ਬੱਦੋਵਾਲ ਦੀ ਹਾਰ ਦਾ ਰੰਜ ਉਤਾਰਕੇ ਅੰਗ੍ਰੇਜ਼ਾਂ ਨੂੰ ਹੌਸਲੇ ਤੇ ਲਾਲੀ ਚੜ੍ਹਾ ਦਿੱਤੀ। ੫੬ ਤੋਪਾਂ ਹੋਰ ਬਹੁਤ ਸਾਮਾਨ ਸਿੰਘਾਂ ਦਾ ਓਥੋਂ ਅੰਗ੍ਰੇਜ਼ਾਂ ਦੇ ਹੱਥ ਲੱਗਾ। ——

ਹੁਣ ਸਤਲੁਜ ਦੇ ਖੱਬੇ ਕਿਨਾਰੇ ਸਭਰਾਉਂ ਪਿੰਡ ਪਾਸ ਸਿੰਘਾਂ ਨੇ ਕੱਠੇ ਹੋਕੇ ਫੇਰ ਮੋਰਚੇ ਬੰਨੇ। ਬਾਂਏਂ ਏਹ ਗੱਲ ਸਿੰਘ ਚੰਗੀ ਤਰਾਂ ਜਾਣ ਬੈਠੇ ਸੇ, ਕੇ ਜੇੜ੍ਹੇ ਬੇਈਮਾਨ ਅਫਸਰ ਹਰ ਵਾਰੀ ਭਜ

ਪਾਕੇ ਸਾਨੂੰ ਦਗਾ ਵਿਚ ਚੁੱਕੇ ਹਨ। ਇਹ ਬੇਸ਼ੀਲ੍ਹ ਚੰਦਰਪਣਾ ਕਰੇ ਬਿਨ ਕਦੋਂ ਟਲਣਗੇ। ਪਰ ਤਾਂ ਵੀ ੪੮੫
(ਇੱਕ ਤਾਂ ਸਿੱਖ ਨਾਮ ਦੀ ਲਾਜ ਪਾਲਣ ਲਈ, ਦੂਜੇ ਇਹ ਖਾਲਸਈ ਕੇਰੋ ਜਰੋਜ ਏਹ ਐਡੀ ਹੱਤਿਆ
ਕਿਉਂ ਕਰਨਗੇ।) ਕਿਉਂਕਿ ਸਿੱਖਾਂ ਨੂੰ ਇਹ ਭਰੋਸਾ ਸੀ, ਜੇ ਸਾਡੇ ਅਫਸਰ ਸਾਨੂੰ ਧੋਖਾ ਨ ਦੇਣ ਤਾਂ ਅਸੀਂ
ਜ਼ਰੂਰ ਜਿੱਤਾਂਗੇ। ਸਾਡੇ ਅੱਗੇ ਫਰੰਗੀ ਕੀ ਚੀਜ਼ ਹਨ। ਇਹੋ ਸਮਝ ਕੇ ਵੀਹ [੨੦੦੦੦] ਹਜ਼ਾਰ ਸਿੱਖ ਜੀ ਜੋ ਅ
ਠਾਟ ਤੋਪਾਂ ਰਿਬੇ ਸਨ ਲੈਕੇ ਜੰਗ ਦੀ ਤਿਆਰੀ ਕਰ ਬੈਠੇ।—— ।।ਉਧਰ ਅੰਗ੍ਰੇਜ਼ ਭੀ ਇਸ ਜੰਗ
ਲਈ ਬੜੇ੨ ਸ਼ਾਨ ਨੂੰ ਬੰਨ ਕੇ ਨਾਮੀ੨ ਇੰਜਨੀਅਰਾਂ ਨੇ ਮੋਰਚੇ ਕਾਇਮ ਕਰ ਸਿੱਖਾਂ ਦੇ ਤਿਹੂੰ ਪਾਸੀਂ
ਤੋਪਾਂ ਬੀੜ ਦਿੱਤੀਆਂ। ਅੰਗ੍ਰੇਜ਼ਾਂ ਪਾਸ ਤਰੇਂ ਦਾਰੂ ਤੇ ਗੋਲੇ ਗੋਲੀਆਂ ਦੇ ਬੋਹਲ ਲੱਗੇ ਸਨ
ਨਾਲੇ ਦਿੱਲੀ ਤੋਂ ਜਿਤਨੀ ਸੀ ਤੋਪਾਂ (ਕਿਲਾ ਤੋੜਕ ਨਾਮੀ ਤੋਪਖਾਨਾ ਆ ਬਹੁੜਿਆ। ਸਰ ਹਿਨਰੀ
ਸਮਿੱਥ ਔਰ ਸਰ ਹਿਊਗ ਗਾਫ ਕਮਾਂਡਰ ਇਨ ਚੀਫ ਆਦਿਕ ਬੜੇ੨ ਅਫਸਰਾਂ ਨੇ ਆਪਣੇ ਬਹਾਦੁ
ਰ ਦਲ ਨੂੰ ਨਵੀਨ ਚੰਦ੍ਰਾਕਾਰ ਕਤਾਰ ਬੰਨ ਕੇ ਤਿਆਰ ਕਰ ਅਜੇਹੇ ਢੰਗ ਨਾਲ ੧੦ ਫਰਵਰੀ ਸਨ
੧੮੪੬ ਈ: ਤੇ ੨੮ ਮਾਘ ਸੰ: ੧੯੦੨ ਬਿ: ਨੂੰ ਅੰਮ੍ਰਿਤ ਵੇਲੇ ਸਿੱਖਾਂ ਉੱਤੇ ਜਾ ਪਾਯਾ, ਤਿੰਨ ਪ
ਦੁਵੱਲੇ ਓਲਿਆਂ ਵਾਂਗੂ ਗੋਲੇ ਬਰਸੇ। ਅੰਗ੍ਰੇਜ਼ਾਂ ਦੇ ਨਾਮੀ ਨਾਮੀ ਗੋਲੰਦਾਜ਼ਾਂ ਨੇ ੧੨੨ ਤੋਪਾਂ ਬਖੇਰ
ਜ਼ੋਰੋ ਜ਼ੋਰ ਚਲਾਈਆਂ ਪਰ ਸਿੱਖ ਨਿਧੜਕ ਖੜੇ ਤੇ ਨਾਮੀ੨ ਤੋਪ ਛੱਡਦੇ ਰਹੇ। ਫੇਰ ਦੋਹਾਂ
ਪਾਸਿਆਂ ਤੋਂ ੫੨ ਹਜ਼ਾਰ ਬੰਦੂਕ ਤੇ ਦੋ ਸੌ ਤੋਪਾਂ ਦੀ ਭਾਰੀ ਅੱਗ ਵਰਸੀ, ਧੂੰਏਂ ਨਾਲ ਅਕਾਸ਼ ਭਰ ਕੇ
ਘਟ ਦੀ ਘਟ ਭਿਆਨਕ ਕਾਲੀ ਰਾਤ ਛਾ ਗਈ, ਸੂਰਜ ਦਿਸਣੋਂ ਰਹਿ ਗਿਆ। ੨੦੦ ਤੋਪ ਨੂੰ ਇੱ
ਕੇ ਵਾਰੀ ਬੱਤੀ ਲੱਗਣੇ ਕਰਕੇ ਉਹ ਧਮਕ ਪੰਜਾਹ੨ ਕੋਹ ਤਕ ਧਰਤੀ ਨੂੰ ਧਮਕਾ ਰਹੀ ਸੀ। ਪਲੀ
ਤੇ ਬਿਜਲੀਆਂ ਨਾਲੋਂ ਵੱਧ ਚਮਕਦੇ ਸੇ। ਸੰਗੀਨਾਂ ਤੇ ਤਲਵਾਰਾਂ ਦੀ ਝਲਕ ਅਚਰਜ ਨਜ਼ਰ
ਆ ਰਹੀ ਸੀ। ਅੰਗ੍ਰੇਜ਼ ਤਾਂ ਚਲਿੱਤ੍ਰੀ ਅਨੇਕ ਪ੍ਰਕਾਰ ਦੇ ਦਾਉ ਘਾਉ ਨਾਲ ਲੜਦੇ ਸੇ। ਤੇ ਸਿੱਖਾਂ
ਨੂੰ ਤਾਂ ਨਿਰੀ ਪੁਰੀ ਅਪਣੀ ਸੂਰਬੀਰਤਾ ਦਾ ਹੀ ਜ਼ੋਰ ਸੀ। ਇੱਕੋ ਵਾਹਿਗੁਰੂ ਬੋਲ ਕੇ ਉਦੇ ਸੀਏ
ਗਈ ਤੋਪਾਂ ਬੀੜ ਕਰ ਅਜੇਹੇ ਨਿਸ਼ਾਨੇ ਅੰਗ੍ਰੇਜ਼ੀ ਤੋਪਾਂ ਦੇ ਮੂੰਹ ਧਰਤੇ ਤਖਤਾਂ ਵਿੱਚ ਮਾਰਦੇ ਰਹੇ
ਜੋ ਅਨੇਕ ਤੋਪਾਂ ਨਿਕੰਮੀਆਂ ਕਰ ਦਿੱਤੀਆਂ। ਓੜਕ ਜਦ ਵੈਰੀ ਵਧੇ ਆਉਂਦੇ ਦੇਖੇ ਤਾਂ ਸੱਤ
ਸ੍ਰੀ ਅਕਾਲ ਬੋਲ ਕੇ ਹੱਲਾ ਕਰ ਜਾ ਪਏ। ਉਨ੍ਹਾਂ ਨੂੰ ਪਿੱਛੇ ਹਟਾ ਕੇ ਕਈ ਤੋਪਾਂ ਭੀ ਅੰਗ੍ਰੇਜ਼ੀ ਖੋਹ ਲਈਆਂ
ਏ, ਤੇ ਨਾਲੇ ਸੱਜੇ ਪਾਸੇ ਅਪਣਾ ਮੋਰਚਾ ਵਧਾ ਲੀਤਾ। ਗਿਆਰਾਂ ਵਜੇ ਤਕ ਬਰਾਬਰ ਦੁਪਾਸਿਓਂ
ਤੋਪਾਂ ਨੇ ਬਿਜਲੀਆਂ ਦੇ ਕੜਕਾਰ ਮਾਤ ਕੀਤੇ ਔਰ ਕਾਲੀ ਤਾੜੀ ਦੇਂਦੇ ਨੱਚੀ ਸੂਰਮਿਆਂ ਦੇ ਅੰਗ
ਅੰਗ ਵਿੱਚ ਉਮੰਗ ਭਰੀ, ਕਾਇਰਾਂ ਦੇ ਬਦਰੰਗ ਤੇ ਦਿਲ ਤੰਗ ਹੋਏ।—— ।।ਏਦੂੰ ਪਿੱਛੋਂ

Digitized by Panjab Digital Library | www.panjabdigilib.org

੫੮੬ ਦੋ ਘੰਟੇ ਤੋਪਾਂ ਬੰਦ ਕਰਕੇ ਪਹਿਲੇ ਰਾਮ ਜੰਗੀਆਂ ਦਾ ਜੰਗ ਲੀਤਾ ਫੇਰ ਸਾਮ੍ਹਣੇ ਸੂਤ ਕੇ ਘੋ
ੜਾਂ ਦੇ ਘਾਣ ਲਾਹੇ, ਪਰ ਤਾਂ ਬੀ ਕਿਧਰੋਂ ਪੈਰ ਨ ਹੱਲਿਆ, ਜਦ ਅੰਗ੍ਰੇਜ਼ੀ ਫੌਜ ਦਾ ਖੱਬਾ ਲੜਾ ਬ
ਰਗੇਡੀਅਰ ਜੋ ਅਸਟੇਸੀ ਸਾਹਿਬ ਦੇ ਤਾਬੇ ਸੀ, ਤੋਪਖਾਨੇ ਸਮੇਤ ਤਿੰਨ ਸੈ ਗਜ ਅੱਗੇ ਬਧਾ
ਤਾਂ ਸਿੰਘ ਕਰੀਰੀ ਖਾ ਕਰ ਐਸੇ ਟੁੱਟ ਕੇ ਪਏ ਅੰਗ੍ਰੇਜ਼ੀ ਫੌਜ ਨੂੰ ਛਿੰਦੀ ੨ ਕਰ ਕੱਢਿਆ, ਪਰ ਜ
ਨਰਲ ਸਰ ਗਾਫਰਟ ਸਾਹਿਬ ਜੋ ਜੁੱਧ ਵਿਦਿਆ ਵਿਚ ਗਿਣਤੀ ਦਾ ਜੋਧਾ ਸੀ ਹੋਰ ਬਹੁਤ ਫੌਜ ਲੈ ਕੇ
ਆ ਧਿਆ, ਉਸ ਦੀ ਸਹਾਇਤਾ ਨਾਲ ਫੌਜ ਫੇਰ ਤਕੜੀ ਹੋ ਗਈ। ਓਹ ਬੀ ਸ਼ੇਰ ਵਾਂਗੂ ਗੱਜਦਾ ਸੀ ਹੋਯਾ
ਤੇ ਲਲਕਾਰੇ ਮਾਰਦਾ ਮੋਰਚਾ ਬਧਾ ਕੇ ਫੇਰ ਸਿੰਘਾਂ ਦੇ ਗਲ ਆ ਧਿਆ, ਸਿੰਘ ਬੀ ਉਸ ਤੋਂ ਨਾਂ ਦਬੇ
ਫੇਰੀ ਦੀਆਂ ਤੋਪਾਂ ਚਲਾਉਂਦੇ ਤੇ ਕਿਲਾ ਬੰਧੇ ਹੋਏ ਸੱਤ੍ਰੂ ਵਲ ਕਦਮ ਬਧਾਯਾ। ਘੁੜਕੀ ਦੀ ਤੋਪ ਬੰਦੂ
ਖਾਂ ਦੀ ਬਾੜ ਝਾੜ ੨ ਕੇ ਐਸੀ ਲੜਾਈ ਲੜੀ, ਜਿਸ ਨੂੰ ਦੇਖ ਕੇ ਅੰਗ੍ਰੇਜ਼ੀ ਅਫਸਰ ਹੱਕੇ ਬੱਕੇ ਹੁੰਦੇ ਸੇ। ਹੁ
ਨਿ ਕੂ ਸਰ ਗਾਫਰਟ ਤੇ ਕਾਟ ਦਾ ਬੀੜਾ ਚੁੱਕ ਕੇ ਆਯਾ ਸੀ ਉਸੇ ਤਰਾਂ ਉਸ ਨੂੰ ਪਿੱਛੇ ਹਟਣਾ ਪਿਆ।
ਓੜਕ ਉਸ ਦੀ ਕ੍ਰਿਮਕ ਤਾਂ ਬਹੁਤ ਫੌਜ ਤੇ ਤੋਪਖਾਨੇ ਆ ਪੁੱਜੇ ਤੇ ਸਿੰਘਾਂ ਦੀ ਸਹਾਇਤਾ ਕਿਨੇ ਨ ਕੀਤੀ।
ਨਾਲੇ ਚਾਰ ਪਲਟਣਾਂ ਤੇ ਛੀ ਰਸਾਲੇ ਤੋਪਖਾਨੇ ਸਮੇਤ ਅਸਟੇਸੀ ਸਾਹਿਬ ਬੀ ਸਜੇ ਹੱਥੋਂ ਬਧ ਕੇ
ਉਸ ਸਿੰਘੀ ਫੌਜ ਉੱਤੇ ਜੋ ਅੱਗੇ ਬਧੀ ਹੋਈ ਲੜ ਰਹੀ ਸੀ, ਆ ਧਿਆ। ਜੰਦਾਂ ਪਿ ਸਿੰਘਾਂ ਦੀਆਂ ੧੭
ਤੋਪਾਂ ਉਸ ਨੇ ਲੈ ਲਈਆਂ, ਪਰ ਦੋਹਾਂ ਪਾਸਿਆਂ ਦੇ ਉਸ ਹੱਲੇ ਨੂੰ ਸਿੰਘਾਂ ਨੇ ਅੱਡੇ ਧੀਰਜ ਤੇ ਜ਼ੋਰ ਨਾਲ
ਲਹੂ ਪਾਣੀ ਇੱਕ ਕਰਕੇ ਰੋਕਿਆ ਜਿਸ ਤੋਂ ਬੜੇ ੨ ਅੰਗ੍ਰੇਜ਼ੀ ਅਫਸਰ ਵਾਹ ਵਾਹ ਕਰ ਉੱਠੇ। ਤੇ ਦੋ
ਬਥੇਰੇ ਹੱਲੇ ਉੱਤੇ ਹੱਲੇ ਅੰਗ੍ਰੇਜ਼ਾਂ ਨੇ ਜ਼ੋਰ ਲਾ ਕੇ ਕੀਤੇ ਪਰ ਸਿੰਘ ਮੈਦਾਨ ਵਿਚੋਂ ਨ ਹੱਲੇ। ਹਲਕੀ
ਆਂ ਤੋਪਾਂ ਝੁਟ ਫੇਰ ਫੇਰ ਕੇ ਸੱਤ੍ਰੂਆਂ ਦੇ ਮੂੰਹ ਫੇਰਦੇ ਰਹੇ। ——— ॥ ਉਸ ਸਮੇ ਇੱਕ ਚੱਪਾ
੨ ਜ਼ਮੀਨ ਪਿੱਛੇ ਸਿੰਘ ਲਹੂ ਲੁਹਾਣ ਖਪਾ ਖੂਨ ਹੁੰਦੇ ਹੋਏ ਸੈ ਸੈ ਸਿੰਘ ਦਾ ਸਿਰ ਦੇਣਾ ਚੰਗਾ
ਜਾਣਦੇ ਸੇ ਪਰ ਪਿੱਛੇ ਇੱਕ ਕਦਮ ਰਖਣਾ ਭਾਰੀ ਦੁਖ ਸਮਝਦੇ ਸੇ। ਉਸ ਦਿਨ ਅਨੇਕ ਵਾਰੀ ਤੋਪਾਂ
ਤੇ ਬੰਦੂਕਾਂ ਦੇ ਜੰਗ ਕਰ ਕਰ ਸਿੰਘ ਤਰਵਾਰੀ ਉੱਤ੍ਰੇ ਔਰ ਗੁੱਥਮ ਗੁੱਥੇ ਹੋਏ ਪਰ ਪਿੱਛੇ ਨ ਹਟੇ।
ਅੰਗ੍ਰੇਜ਼ੀ ਫੌਜ ਤਾਂ ਕਾਇਦੇ ਨਾਲ ਦੋ ਦੋ ਘੰਟੇ ਪਿੱਛੋਂ ਬਦਲਦੀ ਰਹੀ ਤੇ ਸਿੰਘਾਂ ਨਿਖਸਿਆਂ ਨੂੰ ਕੋ
ਣ ਬਦਲਾਵੇ। ਪੰਜ ਬਜੇ ਸਵੇਰ ਤੋਂ ਲੜਨ ਲੱਗੇ ਸੇ, ਸੰਝ ਦੇ ਚਾਰ ਬਜ ਗਏ। ਉਨਾਂ ਦੀ ਦਲੇਰੀ
ਸੂਰਬੀਰਤਾ ਨੂੰ ਦੇਖ ੨ ਅੰਗ੍ਰੇਜ਼ ਤਾਂ ਮੂੰਹ ਵਿੱਚ ਉਂਗਲੀਆਂ ਲੈਂਦੇ ਸੇ। ਤੇ ਕਿਸਮਤ ਧਾਹਾਂ ਮਾਰ
ਰੋ ਰਹੀ ਸੀ। ਪਰ ਬੜੇ ਅਫਸਰ ਦੋਵੇਂ ਬ੍ਰਾਹਮਣ ਲਾਲ ਅੱਖਾਂ ਕਰ ੨ ਭਾਜ ਪਾਉਣ ਨੂੰ ਤਾਂ ਦਾਉ ਤੱਕ
ਦੇ ਸੇ ਤੇ ਸਾਬਾਸ਼ੇ ਕਹਿਣ ਤੋਂ ਡਰ ਰਹੇ ਸੇ। ——— ॥ ਉਧਰ ਫਰੰਗੀ ਤ੍ਰਿਹੁ ਪਾਸਿਆਂ ਤੋਂ ਦੋ ਸੈ ਤੋਪ ਅ

ਨਾਂ ਹਜ਼ਾਰ ਬੰਦੂਕ ਦੀ ਅੱਗ ਬਰਸਾਉਂਦੇ ਹੋਏ ਪੈਰ ਪੈਰ ਅੱਗੇ ਨੂੰ ਬਧ ਰਹੇ ਸੇ। ——
ਐਸੇ ਗਾੜ੍ਹੇ ਜੰਗ ਵਿਚ ਜੁੱਟੇ ਹੋਏ ਸਿੰਘਾਂ ਨਾਲ ਧੋਹ ਕਰਨ ਦਾ ਉਪਾਇ ਤੇਜਾ ਸਿੰਘ ਨੂੰ ਜਦ ਹੋਰ
ਕੋਈ ਨ ਸੁੱਝਿਆ, ਤਾਂ ਜੇੜ੍ਹੀਆਂ ਪਹਿਲੇ ਹੀ ਹਤਿਆ ਕਰਨ ਦੀ ਨੀਉਂ ਰੱਖਕੇ ਸਰੋਂ ਦੀਆਂ ਥੈਲੀਆਂ
ਨਾਲ ਪੇਟੀਆਂ ਭਰ ਰੱਖੀਆਂ ਸਨ ਓਹ ਅੱਗੇ ਕਰ ਦਿੱਤੀਆਂ ਜਾਂ ਦੋ ਦੋ ਚਾਰ ਚਾਰ ਪਲੀਤੇ ਹੰਸੇ ਤੇ
ਥੈਲੀਆਂ ਨਾ ਚੱਲੀਆਂ ਤਾਂ ਗੋਲਅਮਦਾਜ਼ਾਂ ਨੇ ਮਾਲਕਾਂ ਦੀਆਂ ਜਾਨਾਂ ਨੂੰ ਰੋਂਦੇ ਧਰਤੀ ਨਾਲ ਟੁੰਬਕੇ
ਹੂੰਕ ਮਾਰੇ। ਪਰ ਹਿੰਮਤ ਨ ਹਾਰੀ ਤੋਪਾਂ ਨੂੰ ਤਖਤੇ ਉਤਾਰਕੇ ਤਲਵਾਰਾਂ ਖਿਚ ਲਈਆਂ ਤੇ ਹੱਲਾ ਕਰ
ਕੇ ਗੋਰਿਆਂ ਦੇ ਮੋਰਚੇ ਉੱਤੇ ਜਾ ਪਏ। ਓਨ੍ਹਾਂ ਨੂੰ ਦੇਖਕੇ ਹੋਰ ਭੀ ਸਿੰਘ ਹੱਥੋ ਹੱਥੀ ਹੋ ਪਏ। ——
ਜੱਦਪਿ ਅੰਗ੍ਰੇਜ਼ੀ ਦਲ ਭੀ ਤਿੰਨਾਂ ਪਾਸਿਆਂ ਤੋਂ ਧਾਰ ਦੀ ਧਾਰ ਸਾਰ ਦਾ ਮੀਂਹ ਬਰਸਾਉਂਦਾ ਤੇ ਮਾਰ
ਮਾਰ ਦੀ ਗੜ੍ਹਗੱਜ ਪਾਉਂਦਾ ਕ੍ਰਿਚਾਂ ਸੰਗੀਨਾਂ ਬਿਜਲੀਆਂ ਵਾਂਙੂ ਚਮਕਾਉਂਦਾ ਚੜ੍ਹ ਆਯਾ ਪਰ
ਸਿੰਘ ਭੁਜੰਗੀ ਭੀ ਬੀਰ ਰਸ ਤੇ ਰੌਦ੍ਰ ਰਸ ਦੀ ਖੁਮਾਰੀ ਵਿਚ ਜੀਉਣ ਤੋਂ ਹੱਥ ਧੋਕੇ ਖੰਡਾਂ ਵਾਲੇ
ਸੱਪ ਵਾਂਙੂ ਉਡ ਉਡ ਪੈਂਦੇ ਨ ਹਟੇ। ਲਹਿ ਲਹਾਂਦੀ ਸਮਸ਼ੇਰ ਨਾਲ ਵੈਰੀਆਂ ਦੇ ਪ੍ਰਾਣ ਚਟਦੇ ਹੀ
ਰਹੇ। ਜਦ ਅਤੀ ਜ਼ੋਰ ਦੇਕੇ ਸਿੰਘਾਂ ਨੇ ਦੋ ਮੋਰਚੇ ਗੋਰਿਆਂ ਤੋਂ ਛੁਡਾ ਲਏ ਤਾਂ ਤੇਜਾ ਸਿੰਘ ਨੇ ਦੇਖਿਆ ਕੇ
ਅਜੇ ਸਿੰਘ ਜਾਨ ਤਲੀ ਉੱਤੇ ਰੱਖਕੇ ਮਰੀ ਦੇਹੋਣ ਲਈ ਅਤਯੰਤ ਭੂਹੇ ਹੋ ਰਹੇ ਹਨ। ਜੇ ਦੋ ਘੜੀ
ਏਹੋ ਹਾਲ ਹੋਰ ਰੈਹਾ ਤਾਂ ਤੇਗ ਦੀ ਲੜਾਈ ਨਾਲ ਜ਼ਰੂਰ ਸਿੰਘ ਗੋਰਿਆਂ ਨੂੰ ਅੱਗੇ ਧਰ ਲੈਣਗੇ।
ਤਾਂ ਤੇ ਏਨਾਂ ਦਾ ਬੇੜਾ ਗਰਕ ਕਰਕੇ ਹੁਣੇ ਫਤੇ ਕਟੀਏ। ਤਾਂ ਚੰਗਾ ਹੈ। ਕਿਉਂਕੇ ਫੇਰ ਏਨਾਂ ਨੇ ਸਾਡੀ
ਦੁਰਦਸ਼ਾ ਕਰਨੀ ਹੈ। (ਜਾਨ ਨਾਲ ਹੀ ਜਹਾਨ ਤੇ ਇਮਾਨ ਹੈ।) ਕਹਾਵਤ ਹੈ, ਬਾਂਦਰੀ ਦੇ ਪੈਰ ਸ
ੜਨ ਲੱਗੇ ਤਾਂ ਉਸ ਨੇ ਆਪਣੇ ਪੁੱਤ੍ਰ ਨੂੰ ਮਾਰਕੇ ਪੈਰਾਂ ਹੇਠ ਲੈ ਲੀਤਾ ਸੀ।) ਉਸ ਨੇ ਪਿਛਲੀ ਫੌਜ ਦ
ਹਿਣੇ ਬਧਾਕੇ ਸਗੋਂ ਅੱਗੇ ਨੂੰ ਲਿਆਉਣੀ ਸੀ ਤੇ ਆਪਣੀ ਬਹਾਦਰ ਸਿਪਾਹ ਨੂੰ ਹਲਾਸ਼ੇਰੀ ਦੇ
ਣੀ ਸੀ। ਉਲਟਾ ਹਰਦੇਵਾਉਣੀ ਤੇ ਘਾਤ ਕਰਨ ਦੀ ਬਦਨੀਤ ਥਾਪਕੇ ਆਪਣੀ ਅੜ੍ਹਦਲ
ਦੀ ਫੌਜ ਸਮੇਤ ਲੜਦੇ ਹੋਏ ਸਿੰਘਾਂ ਵਿਚੋਂ ਪਿੱਠ ਨੂੰ ਉਠ ਨੱਠਾ, ਤੇ ਜਾਂਦਾ ਜਾਂਦਾ ਜਾਣ ਬੁੱਝਕੇ
ਫੌਜ ਨੂੰ ਡੋਬਣ ਲਈ ਦੋ ਬੇੜੇ ਪੁਲ ਦੇ ਵਿਚਕਾਰੋਂ ਕਟਵਾ ਗਿਆ। —— ॥ ਜਿਥੇ ਮਾਲਕ ਦੀ
ਅਤਯੰਤ ਬਧਕੇ ਐਡੀ ਵੱਡੀ ਖੋਟੀ ਨੀਤ ਹੋਵੇ। ਭਲਾ ਫੇਰ ਸਿਪਾਹ ਵਿਚਾਰੀ ਕਿਵੇਂ ਜਿੱਤੇ। —
ਜਦ ਓਹ ਕਾਲੇ ਮੂੰਹ ਵਾਲਾ ਬਡਾ ਅਫਸਰ ਹੀ ਫੌਜ ਨੂੰ ਭਾਜੜ ਪਾਕੇ ਏਹ ਕਹਿਰ ਕਮਾ ਗਿਆ।
ਤਾਂ ਸਿੰਘ ਤੱਕੇ ਬੱਕੇ ਰਹਿਕੇ ਆਖਣ ਲੱਗੇ ਪਏ। ਏਹ ਨੂੰ ਕੀ ਹੋ ਗਿਆ, ਸਗੋਂ ਆਪਣੀ ਫੌਜ ਨੂੰ
ਅੱਗੇ ਕਰਕੇ ਸਾਨੂੰ ਸਾਹੁ ਦਿਵਾਉਣਾ ਸੀ, ਉਲਟਾ ਧੋਹ ਕਮਾ ਗਿਆ। —— ॥ ਜਦ ਫੌਜ ਦੇ

Digitized by Panjab Digital Library | www.panjabdigilib.org

੪੮੯ ਫੇਰ ਹੱਲੇ ਤਰੋਂ ਉਪਰੋਂ ਤਾਂ ਸਰ ਹਿਊਗਫ ਕਮਾਂਡਰ ਇਨਚੀਫ ਨੇ ਸਿੰਘਾਂ ਉੱਤੇ ਹੱਲੇ ਦਾ ਹੁਕਮ ਦਿੱਤਾ
ਤੇ ਏਧਰੋਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਜੋ ਪਹਿਲੇ ਹੀ ਸ਼ਹੀਦ ਹੋਣ ਲਈ ਸਰਬੰ
ਸ ਦਾਨ ਤੇ ਅਰਦਾਸ ਕਰਕੇ ਸੁਫੈਦ ਪੁਸ਼ਾਕੀ ਪਹਨ ਘੋੜੇ ਆਯਾ ਸੀ, ਖਾਲਸੇ ਦੇ ਅੱਗੇ ਘੋੜਾ
ਫੇਰਕੇ ਹੱਥ ਜੋੜ ਕੇ ਆਖਿਆ ਖਾਲਸਾ ਜੀ ਤੁਸੀ ਬੜੇ ੨ ਜੰਗ ਜਿੱਤੇ ਭੋਗ ਭੋਗੇ ਹੁਣ ਦਸਾਂ ਦਿਨਾਂ ਦੇ
ਜੀਉਣ ਖਾਤਰ ਜੰਗ ਵਿਚੋਂ ਭੱਜ ਕੇ ਸਿੰਘ ਨਾਮ ਨੂੰ ਕਲੰਕ ਨਾ ਲਾਉ, ਸ਼ਹੀਦ ਹੋਕੇ ਸੁਰਗ ਦੇ ਸੁ
ਖ ਭੋਗੋਗੇ, ਨੱਸੇ ਹੋਏ ਭੀ ਨਾ ਬਚੋਗੇ। ਵੈਰੀ ਫੜ ੨ ਬੁਰੇ ਹਾਲ ਕਰ ੨ ਮਾਰਨਗੇ। ਆਪਣੇ ਸਿਮ
ਕ ਦੀ ਸਰਤ ਪਾਲੋ ਨਾਲੇ ਕੁਸੱਤੀ ਬਾਮਣ ਪੂਲੂ ਵੰਡਗਿਆ, ਦਗਾ ਵਿਚ ਤੂੰ ਬਤੂੰ ਬਮਗਨ
ਨਾਲੋਂ ਏਥੇ ਹੀ ਮਾਰਕੇ ਮਰੋ, ਲੋਕ ਪਰਲੋਕ ਸੁਧਾਰੋ ਏਹ ਸਮਾਂ ਫੇਰ ਕਦੇ ਹੱਥ ਨਹੀਂ ਆਵੇਗਾ।
ਇਸ ਸੱਚੇ ਬਹਾਦੁਰ ਧਰਮੀ ਸਰਦਾਰ ਦਾ ਉਪਦੇਸ਼ ਸੁਕਦੀ ਖੇਤੀ ਪਰ ਮੀਂਹ ਪੈਣ ਵਾਂਗੂ ਸਿੰ
ਘਾਂ ਦੇ ਦਿਲਾਂ ਨੂੰ ਹਰੇ ਕਰ ਹੌਸਲਾ ਬਧਾ ਗਿਆ। ਤੇ ਸਰਦਾਰ ਬਹਾਦੁਰ ਭੀ (ਸਾਮ ਸੇਰ ਪੂਰ
ਕੇ ਰਦਾਰ ਦੀ ਅੱਗੇ ਹੋ ਤੁਰਿਆ, ਫੇਰ ਤਾਂ ਸਿੰਘਾਂ ਨੇ ਮੁੜ ਮੈਦਾਨ ਵਿਚ ਉਹ ਤੇਗ ਚਮਕਾਈ ਜੋ
ਇਕ ਵਾਰੀ ਤਾਂ ਫਰੰਗੀਆਂ ਨੂੰ ਅਫੜਾ ਦਫੜੀ ਪਾ ਦਿਖਾਈ। ਓੜਕ ਲਾਟ ਸਾਹਿਬ ਦੇ ਹੁਕਮ
ਨਾਲ ਅੰਗ੍ਰੇਜੀ ਦਲ ਨੇ ਸਮੁੰਦ੍ਰ ਵਾਂਗੂ ਉੱਛਲਕੇ ਉਹ ਲੜਾਈ ਮਾਰੀ ਜੋ ਟੀਪੂ ਸੁਲਤਾਨ ਤੇ ਮਰ
ਹਟਿਆਂ ਨਾਲ ਮਾਰੀ ਸੀ। ਏਧ੍ਰ ਕਿਸੇ ਸਿੰਘ ਨੇ ਭੀ ਪਿੱਠ ਨਾ ਦਿਖਾਈ। ਸਭ ਸਾਮਣੇ ਮੱਥੇ ਅ
ਨੇਕਾਂ ਨੂੰ ਮਾਰ ੨ ਸ਼ਹੀਦ ਹੋਏ। ਸਰਦਾਰ ਸ਼ਾਮ ਸਿੰਘ ਤਲਵਾਰ ਸੂਤੇ ਹੋਏ ਕਿੱਥੇ ਪੈਂਦਾ
੨ ਪੁਕਾਰਦਾ ਹੋਯਾ ਅੰਗ੍ਰੇਜੀ ਦਲ ਵਿਚ ਜਾ ਧਸਿਆ। ਅੰਗ੍ਰੇਜੀ ਸੈਨਾਂ ਦੀ ਬੀਬ ਬੁਲਾ ਕੇ ਬ
ਹੁਤਿਆਂ ਦੇ ਫੇਰ ਕਰ ਆਪ ਭੀ ਪੁਰਜੇ ਪੁਰਜੇ ਹੋਕੇ ਸ਼ਹੀਦਾਂ ਦੀ ਸਰਦਾਰੀ ਪਾਈ, ਖਾਲਸਾ
ਧਰਮ ਵਾਸਤੇ ਉਸ ਨੇ ਆਪਣਾ ਆਪ ਉਸ ਜੁੱਧ ਦੀ ਭੇਟ ਕੀਤਾ। ਹਜਾਰਾਂ ਸਿੰਘਾਂ ਸਮੇਤ
ਬਿਵਾਣਾਂ ਵਿਚ ਬੈਠਕੇ ਗੁਰੂ ਕੀ ਪੁਰੀ ਸੱਚਖੰਡ ਵਿਚ ਜਾ ਨਿਵਾਸ ਲੀਤਾ। —— ॥ਏਸ
ਜੰਗ ਰੂਪੀ ਜੱਗ ਦੀ ਪੂਰਣ ਆਹੂਤੀ ਜਾਣੋ ਏਸੇ ਧਰਮੀ ਜੋਧੇ ਦਾ ਸਿਰ ਹੋਯਾ। ਤੇ ਉਸ ਦਾ
ਡਿਗਣਾ ਹੀ ਸਿੰਘਾਂ ਦੀ ਬਾਦਸ਼ਾਹੀ ਦਾ ਡਿਗ ਡੇਗ ਗਿਆ। ਇੱਕ ਘੰਟਾ ਭਰ ਏਹ ਅੰਤ ਦਾ
ਅਜੇਹਾ ਮਹਾਂਭਾਰ ਭੋਯਾ ਜੋ ਉਸ ਮੁਕਾਬਲੇ ਵਿਚ ਆਏ ਹੋਏ ਅੰਗ੍ਰੇਜ ਸਾਰੀ ਉਮਰ ਨਹੀਂ
ਭੁੱਲੇ ਤੇ ਭੁਲਾਣ ੨ ਉਹਦੇ ਨਾ ਹੋਣਗੇ। —— ॥ਉਨਾਂ ਦੀ ਸੂਰਬੀਰਤਾ ਨੂੰ ਸਲਾਹ ੨ ਕੇ
ਅੰਗ੍ਰੇਜ ਆਖਦੇ ਸਨ ਕੇ ਭਾਈ ਸੂਰਬੀਰ ਸਿੰਘੋ ਹੁਣ ਆਣ ਆਈ ਕਿਓਂ ਮਰਦੇ ਹੋ ਆਣ
ਮਿਲੋ ਲੜਾ ਪਰ ਕਿਸੇ ਸਿੰਘ ਨੇ ਆਣ ਨਾ ਮੰਨੀ, ਸਗੋਂ ਸ਼ਹੀਦੀ ਲੈਣ ਨੂੰ ਹੀ ਅੱਗੇ ਪੈਰ ਧਰਦੇ ਰਹੇ।

Digitized by Panjab Digital Library | www.panjabdigilib.org

ਛੇ ਕਰਕੇ ਅਤੀ ਬਹੁਤਿਆਂ ਨਾਲ ਕੀ ਪੇਸ਼ ਜਾਂਦੀ ਸੀ। ਇੱਕ ੨ ਸਿੰਘ ਉੱਤੇ ਪਚਾਸ ੨ ਆ ਪਏ। — ੪੮੯
ਜਦ ਓਹ ਸਭ ਸ਼ਹੀਦ ਹੋ ਗਏ, ਅੰਗ੍ਰੇਜ਼ਾਂ ਨੇ ਸ਼ਮਸ਼ੇਰ ਤੇ ਬਹਾਦੁਰਾਂ ਦੇ ਜ਼ੋਰ ਪਿੜ ਜਿੱਤ ਲਿਆ।
ਤਾਂ ਜੇੜ੍ਹੇ ਸਿੰਘ ਪਹਿਲੇ ਹੀ ਤੇਜਾ ਸਿੰਘ ਦੇ ਪਿੱਛੇ ਭੱਜ ਤੁਰੇ ਸੇ ਫੇਰ ਓਨਾਂ ਉੱਤੇ ਅੰਗ੍ਰੇਜ਼ੀ ਰਸਾਲੇ
ਤੇ ਪਲਟਣਾਂ ਟੁੱਟ ਪਈਆਂ। ਜਦ ਤਿਨਾਂ ਪਾਸਿਆਂ ਤੋਂ ਘਿਰੇ ਹੋਏ ਪੁਲ੍ਹ ਵੱਲੀ ਝੁਕੇ। ਤਾਂ ਪਿੱਛੇ ਦੋ
ਸੌ ਤੋਪ ਤੇ ਬੇਅੰਤ ਬੰਦੂਕ ਲੱਗੀ, ਓਨਾਂ ਉੱਤੇ ਚੱਲਣਾ। ਅੱਗੇ ਪੁਲ੍ਹ ਟੁੱਟਾ ਪਿਆ ਦੇਖਿਆ, ਤਾਂ ਸਿੰ
ਘ ਦਰਿਆ ਵਿੱਚ ਠਿੱਲ੍ਹ ਪਏ। ਪਿੱਛੋਂ ਪਾਣੀ ਮੇਂ ਗੋਲ੍ਹਿਆਂ ਦੀ ਫੰਡ ਨੇ ਤਿੰਨਕੁ ਮੀਲਾਂ ਵਿੱਚ ਜੋ ਦਰਿ
ਆ ਠਾਠਾਂ ਵਿੱਚ ਰੁੜ੍ਹਾਈ ਜਾਂਦਾ ਸੀ, ਲਹੂ ਤੇ ਮੁਰਦਿਆਂ ਨਾਲ ਭਰ ਦਿੱਤਾ। ਦੇਖੋ ਬਾਮਣ ਦੀ
ਜ਼ਾਤ ਨੂੰ ਫੇਰ ਬੀ ਦਯਾ ਨਾ ਆਈ। ਸਾਹਮਣੇ ਖੜਾ ਡੁੱਬਦੇ ਤੇ ਮਾਰੀਦੇ ਸਿੰਘਾਂ ਨੂੰ ਦੇਖਦਾ ਰਿ
ਹਾ। ਪਰ ਦੋ ਬੇੜੀਆਂ ਪੁਲ੍ਹ ਨਾਲ ਨਾ ਬੰਧਵਾ ਦਿੱਤੀਆਂ। ਭਲਾ ਓਹ ਤਾਂ ਬੇਈਮਾਨ ਹੋ ਗ
ਗਿਆ ਸੀ, ਓਸ ਕਹਿਰ ਦੇ ਸਮੇਂ ਅੰਗ੍ਰੇਜ਼ਾਂ ਬੀ ਐਡੀ ਜ਼ਾਹਿਰ ਦੀ ਅਨੀਤ ਕੀਤੀ ਨੱਠੇ ਜਾਂਦਿ
ਆਂ ਨੂੰ ਮਾਰਨਾ ਮੁਰਦਿਆਂ ਉੱਤੇ ਵਾਰ ਕਰਨਾ ਹੈ। ਬੇਅੰਤ ਘੋੜੇ ਤੇ ਸਿੰਘ ਦਰਿਆ ਵਿੱਚ ਮਾਰ
ਕੇ ਗਰਕ ਕਰ ਦਿੱਤੇ। — ।ਕਨਿੰਗਹਮ ਸਾਹਿਬ ਨੇ ਲਿਖਿਆ ਹੈ, ਕੇ "ਜੱਦਪਿ ਤਦੋਂ
ਸਿੰਘਾਂ ਨੂੰ ਦੋਹੀਂ ਪਾਸੀਂ ਮੌਤ ਦਿਸਦੀ ਸੀ, ਤੇ ਓਨਾਂ ਨਾਲ ਜ਼ੁਲਮੀ ਬੀ ਹੱਦੋਂ ਪਰੇ ਹੋਈ। ਪਰ ਓ
ਨਾਂ ਨੱਕ ਨਾ ਵੱਢਿਆ, ਤੇ ਨਾਂ ਸ਼ਸਤ੍ਰ ਸਿੱਟੇ। ਕਈ ਵਾਰੀ ਓਨਾਂ ਨੂੰ ਲਾਟ ਸਾਹਿਬ ਨੇ ਆਖਿਆ, ਕਿ ਤੁਸੀਂ
ਸ਼ਸਤ੍ਰ ਸਿੱਟ ਕੇ ਅਧੀਨਤਾ ਮੰਨ ਲਓ। ਪਰ ਓਹ ਗੁਰੂ ਕੇ ਲਾਲ ਗੁੱਸੇ ਨਾਲ ਭਰੇ ਹੋਏ ਛਾਤੀ
ਡਾਹ ਕੇ ਲੜਨ ਨੂੰ ਤਾਂ ਦੌੜ ੨ ਅੱਗੇ ਆ ਕੇ ਭੁਅੰਕੜਾਂ ਵਾਂਙੂ ਅੰਗ੍ਰੇਜ਼ੀ ਸਪਾਹ ਦੇ ਤ੍ਰੂਮਲਾਂ ਉੱਤੇ ਪੈਂਦੇ
ਰਹੇ ਪਰ ਤਾਬੇਦਾਰੀ ਨਾ ਮੰਨੀ। ਓਨਾਂ ਦੀ ਦਲੇਰੀ ਤੇ ਬਹਾਦੁਰੀ ਦੇਖ ੨ ਸਭਨਾਂ ਅੰਗ੍ਰੇਜ਼ਾਂ ਦੇ ਮੂੰ
ਹੋਂ ਵਾਹ ਵਾਹ ਪਿਆ ਨਿਕਲਦਾ ਸੀ"। —
ਓੜਕ ੧੧ ਫਰਵਰੀ ਸੰ: ੧੮੪੬ ਈ: ਤੇ ੨੯ ਮਾਘ ਸੰ: ੧੯੦੨ ਬਿ: ਨੂੰ ਅੰਗ੍ਰੇਜ਼ ਜਿੱ
ਤੇ ਸਿੰਘ ਹਾਰੇ। ਕਰੋੜਾਂ ਰੁਪਏ ਦਾ ਮਾਲ ਤੇ ੨੨੦ ਤੋਪਾਂ ਸਭ ਸਾਮਾਨ ਅੰਗ੍ਰੇਜ਼ਾਂ ਦੇ ਹੱਥ ਆਯਾ।
ਜਿਸ ਤਰਾਂ ਪਿਛਲੇ ਜੰਗਾਂ ਵਿੱਚ ਆਧਿਕ ਮਰੇ ਥੋੜ੍ਹੀ ਗਿਣਤੀ ਹੁੰਦੀ ਰਹੀ ਤੈਸੇ ਏਥੇ ਬੀ ਅੰਗ੍ਰੇ
ਜ਼ੀ ਆਦਮੀ ੩੨੦ ਮਰੇ ਤੇ ੨੦੮੩ ਜ਼ਖਮੀ ਹੋਏ ਪ੍ਰਗਟ ਕੀਤੇ ਗਏ। ਸਿੰਘਾਂ ਦੇ ਗਿਣਨ
ਵਾਲਾ ਮਾਲਿਕ ਕੋਈ ਨਹੀਂ ਸੀ। ਤਾਂ ਕਰਕੇ ਗਿਣੇ ਨਹੀਂ ਗਏ। ਜੱਦਪਿ ਅੰਗ੍ਰੇਜ਼ਾਂ ਦੇ ਮੁ
ਕਾਬਲੇ ਵਿੱਚ ਸਿੰਘਾਂ ਦੀ ਬਹਾਦੁਰੀ ਤੇ ਲੜਾਈ ਦੀ ਤਦਬੀਰ ਕੁਛ ਘੱਟ ਨਹੀਂ ਸੀ, ਪ੍ਰੰਤੂ ਅਫ਼ਸ
ਰਾਂ ਦੀ ਬਦਨੀਤੀ ਤੇ ਸਿੰਘਾਂ ਦੇ ਹੰਕਾਰ ਨੇ ਸਿੰਘਾਂ ਨੂੰ ਹਾਰ ਦਿਵਾਈ। ਨਹੀਂ ਤਾਂ ਸਿੰਘਾਂ ਨੂੰ ਜਿੱਤਣ

੫੦੦ ਵਾਲਾ ਕੌਣ ਸੀ ਜੇਹਕ੍ਰ ਸਿੰਘਾਂ ਦੇ ਹੌਸਲੇ ਅਰ ਤਾਕਤ ਫਰ ਸਰੀਰ ਤੇ ਪੂਰੇ ਪੂਰੇ ਕੰਮ ਕਰਨ ਵਾਲੇ ਹੱਥ ਸਨ ਉਨ੍ਹਾਂ ਤੋਂ ਕੰਮ ਲੈਣ ਵਾਲਾ ਕੋਈ ਨਾ ਹੋਵਗਾ। ——

ਹੁਣ ਜੰਗ ਜਿਤ ਕੇ ਗਵਰਨਰ ਜਨਰਲ ਹਾਰਡਿੰਗ ਸਾਹਿਬ ਬਹਾਦੁਰ ਨੇ ੩੦ ਮਾਘ ੧੨ ਫਰਵਰੀ ਨੂੰ ਸਤਲੁਜ ਟੱਪ ਕੇ ਜਦ ਕਸੂਰ ਡੇਰਾ ਲਾਯਾ ਤਾਂ ਖਬਰ ਆਈ ਕਿ ਅੰਮ੍ਰਿਤਸਰ ਬੀ ਹਜ਼ਾਰ ਸਿੰਘ ਜੰਗ ਲਈ ਫੇਰ ਤਿਆਰ ਤੇ ਕੱਠੇ ਹੋਗੇਆ ਔਰ ਰਾਜਾ ਗੁਲਾਬ ਸਿੰਘ ਬੀ ਡੋਗਰੀ ਫੌਜ ਲੈ ਕੇ ਕਾਨੇ ਕਾਛੇ ਪਿੰਡ ਆ ਉਤ੍ਰਿਆ। ਲਾਟ ਸਾਹਿਬ ਨੇ ਵਕੀਲ ਭੇਜ ਕੇ ਰਾਜੇ ਨੂੰ ਪੁੱਛਿਆ ਕਿ ਹੁਣ ਤੂੰ ਕਿਨ੍ਹਾਂ ਵਾ ਹੈਂ। ਉਸ ਨੇ ਆਖਿਆ ਜਿਸ ਦਾ ਸਤੇ ਸਪਾਹੀ ਆਯਾ ਕਰਦੇ ਹਨ। ਜੇ ਤਾਂ ਲਾਟ ਸਾਹਿਬ ਬੁਲਾ ਕੇ ਸਾਡੀਆਂ ਚਾਰ ਬਾਤਾਂ ਸੁਣ ਲਵੇ ਤਾਂ ਚੰਗੀ ਗੱਲ ਹੈ ਨਹੀਂ ਤਾਂ ਜੋ ਹੋਣੀ ਹੈ ਸੋ ਹੋ ਜਾਊ। —— ॥ਏਹ ਬਾਤ ਰਾਜੇ ਦੀ ਸੁਣ ਕੇ ਲਾਟ ਸਾਹਿਬ ਨੇ ਸੋਚਿਆ ਇੱਕ[1] ਤਾਂ ਸਿੰਘ ਦਾ ਟੁਕੜਾ ਖੇਹੀ ਦਾ ਪੈਂਠੀ ਕਮਰ ਕੇ ਦੇਣਗੇ ਦੂਜੇ[2] ਏਹ ਮੁਲਕ ਸਭ ਸਿੰਘਾਂ ਦਾ ਹੈ ਤੀਜੇ[3] ਏਹ ਬੀ [illegible] ਸੁਣਿਆ ਜਾਂਦਾ ਹੈ ਕਿ ਏਹ ਮੂੰਹ ਤਾਂ ਫੇ ਮਸਤੇ ਹੋਏ ਬੁਰਛਿਆਂ ਦੀ ਫੌਜ ਜਾਣ ਬੁੱਝ ਕੇ ਅਫਸਰਾਂ ਨੇ ਮਰਵਾਈ ਹੈ ਹੁਣ ਅਫਸਰ ਅਪਣੀ ਫੌਜ ਲੜਾਉਣਗੇ। ਤਾਂ ਤੇ ਦਰਬਾਰ ਲਾਹੌਰ ਦੀ ਸੁਲਾਤੇ ਮੁਲਾਕਾਤ ਹੋਣੀ ਚੰਗੀ ਹੈ ਰਾਜੇ ਨੂੰ ਮੁਲਾਕਾਤ ਲਈ ਬੁਲਾ ਭੇਜਿਆ। ਮਿਸਰ ਲਾਲ ਸਿੰਘ ਰਾਜਾ ਤੇਜਾ ਸਿੰਘ ਭਾਈ ਰਾਮ ਸਿੰਘ ਜਰਨੈਲ ਚੌਤ ਸਿੰਘ ਰਣਜੋਰ ਸਿੰਘ ਦੀਨਾ ਨਾਥ ਦੀਵਾਨ ਫਕੀਰ ਨੂਰਦੀਨ ਏਨਾਂ ਸਭਨਾਂ ਸਰਦਾਰਾਂ ਨੂੰ ਸਾਥ ਲੈ ਜਾ ਕੇ ਰਾਜੇ ਗੁਲਾਬ ਸਿੰਘ ਨੇ ੩ ਫਗਣ ਸੰ: ੧੯੦੨ ਬਿ: ਕੋ ਕਸਬ ਕਸੂਰ ਲਾਟ ਸਾਹਿਬ ਦੀ ਮੁਲਾਕਾਤ ਕਰਕੇ ਅਰਜ ਕੀਤੀ ਕਿ ਏਹ ਜੋ ਕੁਛ ਖਰਾਬੀ ਜੋਰ ਧਿਙਾਣਾ ਹੋਯਾ ਹੈ, ਸਭ ਫੌਜ ਖਾਲਸੇ ਦੀ ਤਰਫੋਂ ਹੋਈ ਹੈ ਤਾਂ ਹੀ ਦਰਬਾਰ ਲਾਹੌਰ ਨੇ ਫੌਜ ਨੂੰ ਕੋਈ ਮਦਦ ਨਹੀਂ ਦਿੱਤੀ ਸਗੋਂ ਜਾਣ ਬੁੱਝ ਕੇ ਏਨਾਂ ਬੁਰਛਿਆਂ ਨੂੰ ਅਸਾਂ ਮਰਵਾਯਾ ਹੈ ਜੇ ਨਾ ਮਰਵਾਉਂਦੇ, ਤਾਂ ਏਨਾਂ ਬੁਧੀਗਮਾਂ ਨੇ ਸਾਨੂੰ ਨਹੀਂ ਛੱਡਣਾ ਸੀ ਕਿਉਂਕਿ ਓਹ ਸਾਡੇ ਹੁਕਮ ਤੋਂ ਬਾਹਰ ਮਨ ਭਾਈ ਚਾਲ ਚਲ ਰਹੇ ਸੇ, ਸਾਡੇ ਰੋਕੇ ਹੋਏ ਜੰਗ ਕਰਨੋਂ ਬੀ ਓਹ ਅੜ੍ਹਬੀਗੀ ਨਹੀਂ ਰੁਕਦੇ ਸੇ। ਆਪ ਨੂੰ ਪ੍ਰਗਟ ਹੋਗ, ਜੇਕਰ ਕੋਈ ਸਰਦਾਰ ਓਨਾਂ ਨੂੰ ਕਿਸੇ ਗੱਲੋਂ ਰੋਕਦਾ, ਉਸੇ ਨੂੰ ਕਤਲ ਕਰਕੇ ਘਰਬਾਰ ਉਸ ਦੀ ਲੁੱਟ ਲੈਂਦੇ ਸੇ। —— ॥ਹੁਣ ਓਹ ਫਿਟੇ ਹੋਏ ਤਲੰਗੇ ਤਾਂ ਅਪਣੀ ਮਨ ਮੱਤੀ ਸਜਾ ਪਾ ਚੁੱਕੇ। ਮਹਾਂਰਾਜਾ ਦਲੀਪ ਸਿੰਘ ਸੱਤ ਵਰੇ ਦਾ ਬੇਗੁਨਾਹ ਬਾਲਕ ਉਸ ਬਡੇ ਮਹਾਂਰਾਜੇ ਦਾ ਪੁੱਤ੍ਰ ਹੈ ਜੋ ਸਰਕਾਰ ਅੰਗ੍ਰੇਜੀ ਦਾ ਸੱਚੇ ਦਿਲੋਂ ਪਾਸ ਨੇਗੀ ਖੈਰਖ੍ਵਾਹ ਮਿਤ੍ਰ ਸੀ, ਤਾਂ ਤੇ ਜਦੋਂ ਤਕ ਏਹ ਜੁਆਨ ਨਹੀਂ ਹੁੰਦਾ ਤਦੋਂ ਤਕ ਏਸ ਦੀ ਪਾਲਣਾ ਕਰਨੀ ਤੁਸਾਨੂੰ ਬੀ ਜੋਗ ਹੈ। ਤੁਸੀਂ ਸੰ: ੧੮੦੯ ਈ: ਦੇ ਲਿਖੇ ਹੋਏ ਅਪਣੇ

ਅਹਿਦਨਾਮੇ ਅਰਥਾਤ ਨਿਜਮਪੱਤ੍ਰ ਉੱਤੇ ਖੜੇ ਰਹੋ। ਬਲਕੇ ਮਹਾਂਰਾਜੇ ਦੀ ਮਿਤ੍ਰਾਂਚਾਰੀ ਤੇ ਲਿਹਾਜ ਨੂੰ ੫੦੧
ਪਾਲੋ ਤਾਂ ਚੰਗਾ ਹੈ ਨਹੀਂ ਤਾਂ ਸਪਾਹੀਆਂ ਨੂੰ ਅਪਣੇ ਹੱਕ ਉੱਤੇ ਲੜਕੇ ਮਰਣਾ ਕੁਛ ਵਡੀ ਬਾਤ ਨਹੀਂ।
ਏਹ ਕਹਿਕੇ ਲਿਖਤ ਅੱਗੇ ਰਖ ਦਿੱਤੀ। — ।ਹੁਣ ਲਾਟ ਨੇ ਉਪਰਲੀਆਂ ਤਿੰਨਾਂ ਬਾਤਾਂ ਦਾ ਫਲ
ਸੋਚਕੇ ਉਹ ਲਿਖਤ ਪੜ੍ਹਕੇ ਆਖਿਆ, ਏਹ ਲਿਖਤ ਤਾਂ ਸਾਡੇ ਸਿਰ ਮੱਥੇ ਪਰ ਏਸ ਵਿੱਚ ਲਿਖਾਂਗੇ
ਕੇ ਜੋ ਕੋਈ ਬਧੀਕੀ ਕਰੇ ਸੋ ਤਿੰਨ ਕਰੋੜ ਰੁਪਯਾ ਭਰੇ ਤਾਂ ਫੇਰ ਨਮੇ ਸਿਰੇ ਨਿਜਮਪੱਤ੍ਰ ਲਿਖੇ ਜਾਣਗੇ। ਸੋ
ਦਰਬਾਰ ਲਾਹੌਰ ਪੂਰਾ ਕਰੇ। ਕਿਉਂਕੇ ਪਹਿਲੇ ਤੁਸਾਡੇ ਵੱਲੋਂ ਤੇ ਪਹੱਲੀ ਤੇ ਬਧੀਕੀ ਹੋਈ ਹੈ। ਜਿ
ਸ ਕਰਕੇ ਸਰਕਾਰ ਅੰਗ੍ਰੇਜੀ ਦੇ ਮਾਲ ਜਾਨ ਦਾ ਬਹੁਤ ਨੁਕਸਾਨ ਹੋਯਾ, ਤੇ ਸੈਂਕੜੇ ਚੰਗੇ ੨ ਅਫਸ
ਰਾਂ ਦੀ ਜਾਨ ਗਈ। ਉਸਦੇ ਬਦਲੇ ਸਤਲੁਜੋਂ ਪਾਰ ਦਾ ਇਲਾਕਾ ਤੇ ਮੁਲਕ ਦੁਆਬਾ ਜੋ ਸਤਲੁ
ਜ ਬਿਆਸ ਦੇ ਵਿਚਕਾਰ ਸਰਕਾਰ ਲਾਹੌਰ ਦਾ ਹੈ। ਏਹ ਸਬ ਸ੍ਰਕਾਰ ਅੰਗ੍ਰੇਜੀ ਦੇ ਇਲਾਕੇ ਸਾਥ
ਮਿਲਾ ਕਰ ਬਾਕੀ ਡੇਢ ਕਰੋੜ ਰੁਪਯਾ ਨਕਦ ਬਾਬਤ ਖਰਚ ਜੰਗ ਲੈਕੇ ਨਮੇ ਸਿਰੇ ਨਿਜਮਪੱਤ੍ਰ
ਲਿਖਿਆ ਜਾਵੇਗਾ। ਰਾਜੇ ਹੋਰਾਂ ਆਖਿਆ ਮਹਾਂਰਾਜਾ ਦਲੀਪ ਸਿੰਘ ਦੇ ਬੱਚਪਣੇ ਉੱਤੇ ਦਯਾ ਕਰ
ਕੇ ਨਕਦੀ ਵਿੱਚੋਂ ਕੁਛ ਘੱਟ ਕਰੋ। ਓੜਕ ਇੱਕ ਕਰੋੜ ਰੁਪਯਾ ਨਕਦ ਤੇ ਮੁਲਕ ਦੁਆਬਾ ਦੇਣੇ
ਪਰ ਮਾਮਲਾ ਤੈ ਹੋ ਕਰ ੬ ਫੱਗਣ ਕੋ ਲੁਧਿਆਣੀ ਪਿੰਡ ਪਾਸ ਮਹਾਂਰਾਜੇ ਦਲੀਪ ਸਿੰਘ ਨੂੰ ਲੈ
ਜਾ ਕਰ ਲਾਟ ਸਾਹਿਬ ਨੂੰ ਮਿਲਾਯਾ। ਸਾਹਿਬ ਨੇ ਬਹੁਤ ਕ੍ਰਿਪਾ ਕੀਤੀ। ਮਹਾਂਰਾਜੇ ਨੂੰ ਆਪਣੀ
ਗੋਦੀ ਲੈਕੇ ਬਹੁਤ ਪਯਾਰ ਤੇ ਲਾਹੌਰ ਦੀ ਬਾਦਸ਼ਾਹੀ ਕਾਇਮ ਰਹਿਣ ਦੀ ਤਸੱਲੀ ਦੇ ਕਰ ਏਹ
ਇਸ਼ਤਿਹਾਰ ਦੇ ਦਿੱਤਾ ਕੇ "ਅੱਜ ਮਹਾਂਰਾਜੇ ਦਲੀਪ ਸਿੰਘ ਨੇ ਸਾਨੂੰ ਮਿਲਕੇ ਅਪਣੀ ਫੌਜ ਦੀ
ਜਬਰੀ ਤੇ ਅਪਣੀ ਬੇ ਇਖਤਿਆਰੀ ਪ੍ਰਗਟ ਕਰਕੇ ਮਾਫੀ ਮੰਗ ਲਈ। ਏਸ ਵਾਸਤੇ ਅਸੀਂ ਪੰ
ਜਾਬ ਦੀ ਪ੍ਰਜਾ ਨੂੰ ਸੱਚਾ ਭਰੋਸਾ ਦਿੰਦੇ ਹਾਂ ਕੇ ਜਿਕੂੰ ਪਹਿਲੇ ਲਾਹੌਰ ਦੀ ਬਾਦਸ਼ਾਹੀ ਤੇ ਦੋਹਾਂ ਸ੍ਰ
ਕਾਰਾਂ ਵਿੱਚ ਮਿਤ੍ਰਚਾਰੀ ਸੀ ਉਸੇ ਤਰਾਂ ਹੁਣ ਬੀ ਕਾਇਮ ਰਹੂ।" ਜੱਦਪ ਏਹ ਖਬਰ ਸੁਣਕੇ ਪ੍ਰਜਾ ਤੇ
ਸਿੰਘਾਂ ਨੇ ਤਾਂ ਬਹੁਤ ਰਾਜੀ ਹੋਕੇ ਗੁਲਾਬ ਸਿੰਘ ਨੂੰ ਭਾਰੀ ਬੁਧੀਵਾਨ ਤੇ ਸੱਚਾ ਵਜੀਰ ਖਾਲਸੇ ਦਾ ਨਿ
ਸ਼ਚੇ ਕਰ ਲੀਤਾ; ਪਰ ਉਹ ਡੋਗਰਾ ਅਤੇ ਸਿੰਘਾਂ ਦੇ ਪੈਰਾਂ ਨੂੰ ਬਾਹੁੰਦਾ ਰਿਹਾ। ਕਿਉਂਕੇ ਉਹ ਖਾਲਸੇ
ਦੀ ਬਾਦਸ਼ਾਹੀ ਕਾਇਮ ਰਹਿਣ ਉੱਤੇ ਰਾਜੀ ਨਹੀਂ ਸੀ। —— ।ਤਾਂਹੀ ਉਹ ੮ ਫੱਗਣ ਨੂੰ
ਲਾਟ ਸਾਹਿਬ ਨੂੰ ਸਣੇ ਅੰਗ੍ਰੇਜੀ ਫੌਜ ਲਾਹੌਰ ਲੈ ਆਯਾ। ਸਿੰਘਾਂ ਦੇ ਪਹਿਰੇ ਉਠਾ ਕਰ ਅੰਗ੍ਰੇਜੀ
ਬੈਠਾਕੇ ਸਤਲੁਜੋਂ ਪਾਰ ਦੇ ਇਲਾਕੇ ਤੇ ਸਤਲੁਜ ਬਿਆਸਾ ਦੇ ਅੰਦਰ ਪਹਾੜੀ ਮੈਦਾਨੀ ਸਬ ਮੁਲਕ
ਉੱਤੇ ਅੰਗ੍ਰੇਜੀ ਕਬਜਾ ਕਰ ਦਿੱਤਾ। ਬਾਕੀ ਇੱਕ ਕਰੋੜ ਜੋ ਖਰਚ ਜੰਗ ਬਾਬਤ ਨਕਦ ਦੇਣਾ ਕੀਤਾ

Digitized by Panjab Digital Library | www.panjabdigilib.org

੫੦੨ ਸੀ। ਜਦ ਉਹ ਖਜਾਨੇ ਵਿਚੋਂ ਪੂਰਾ ਨਾ ਹੋ ਸਕਿਆ, ਤਾਂ ਰਾਜੇ ਨੇ ਰਾਣੀ ਜਿੰਦਾਂ ਨੂੰ ਲਾਟ ਤੋਂ ਸਲਾਹ ਦੇਵਾ
ਕੇ ਮਾਧੋਪੁਰ ਤੋਂ ਲੈ ਕੇ ਜੰਮੂ, ਕਸ਼ਮੀਰ, ਤਿੱਬਤ, ਲੱਦਾਖ ਤਕ ਸਭ ਪਹਾੜੀ ਮੁਲਕ ਆਪਣੇ ਪੇਟੇ ਪਾ
ਕਰ ਰੁਪਯਾ ਆਪ ਦੇਣਾ ਕਰ ਲੀਤਾ। ਲਾਟ ਸਾਹਿਬ ਨੇ ਬੀ ਏਸ ਨੂੰ ਚਾਲਾਕ ਸਮਝ ਕੇ ਲਾਹੌਰੋਂ ਵੱਖ
ਰੱਖਣ ਦੇਣਾ ਚੰਗਾ ਸਮਝਿਆ, ਤੇ ਨਾਲੇ ਉਸ ਨੂੰ ਆਪਣਾ ਅਹਿਸਾਨਮੰਦ ਠਹਿਰਾ ਲੀਤਾ। ਰਾਜੇ ਗੁ
ਲਾਬ ਸਿੰਘ ਨੇ ਏਹ ਚਾਲ ਐਡੀ ਫਰੇਬ ਤੇ ਆਪਣੇ ਮਤਲਬ ਦੀ ਭਰੀ ਹੋਈ ਕੀਤੀ, ਜੁਗਤ ਨਾਲ
ਲਾਹੌਰ ਦੀ ਬਾਦਸ਼ਾਹੀ ਤੋੜ ਕੇ ਆਪਣੀ ਬਣਾ ਲੀਤੀ, ਤੇ ਰੁਪਯਾ ਬੀ ਅੰਗ੍ਰੇਜ਼ਾਂ ਨੂੰ ਐਸੇ ਢੰਗ ਨਾਲ
ਪੂਰਾ ਕਰ ਦਿੱਤਾ। ਬਾਈ ਲਾਖ ਤਾਂ ਰਾਜੇ ਸੁਚੇਤ ਸਿੰਘ ਵਾਲਾ ਜੋ ਫੀਰੋਜ਼ਪੁਰ ਦੀ ਛਾਉਣੀ ਦੇ ਬੈਂਕ ਵਿੱ
ਚ ਜਮਾਂ ਸੀ, ਕੱਟ ਲਿਆ। ਅੱਠ ਲਾਹੌਰੋਂ ਆਪਣੀ ਜਾਇਦਾਦ ਨਾਲ ਪੂਰਾ ਕਰ ਸੱਤਰ ਲਾਖ ਘਰੋਂ
ਦੇ ਛੱਡਿਆ। ਏਦਾਂ ਹਿੰਗ ਫਟਕੜੀ ਲਾਏ ਬਿਨਾਂ ਹੀ ਅਕਲ ਦੇ ਤਾਣ ਇੱਕ ਕਰੋੜ ਸਾਲਾਨੇ ਦਾ ਮੁਲ
ਕ ਦੌਲਤ ਦੀ ਖਾਣ ਤਾਂ ਠੱਗ ਮਾਰ ਬੈਠਾ। ਮਿਸਰ ਲਾਲ ਸਿੰਘ ਤੇ ਜਾ ਸਿੰਘ ਹੋਰੀ ਚੰਦਰੇ ਨਿਰੇ
ਪੂਰੇ ਕਲੰਕ ਦੇ ਹੀ ਭਾਗੀ ਰਹੇ। ਅੱਖਣ ਤੋਂ ਗੋਲ ਰੋਲ ਲੈ ਗਿਆ। ——
੨੩ ਫੱਗਣ ਨੂੰ ਲਾਟ ਸਾਹਿਬ ਨੇ ਅੰਗ੍ਰੇਜ਼ੀ ਅਫਸਰਾਂ ਦਾ ਦਰਬਾਰ[1] ਕਰ ਕੇ ਹਿੱਪ ਹਿੱਪ ਹੁੱਰੇ ਗ
ਜਾਏ। ੨੫ ਫਰਵਰੀ ਨੂੰ ਦੋਹਾਂ ਸਰਕਾਰਾਂ ਵੱਲੋਂ ਨਵਾਂ ਅਹਿਦਨਾਮਾਂ ਅਰਥਾਤ ਨਿਜਾਮ ਪੱਤ੍ਰ ਲਿ
ਖ ਲਿਖਾ ਕੇ ਜਦ ਲਾਟ ਸਾਹਿਬ ਬਿਦਾ ਹੋਣ ਲੱਗਾ ਤਾਂ ਏਨਾਂ ਦੋਹਾਂ ਬ੍ਰਹਮਣਾਂ ਨੇ ਏਹ ਬੇ ਈਮਾ
ਨੀ ਕੀਤੀ, ਰਾਣੀ ਜਿੰਦਾਂ ਤੋਂ (ਜੋ ਮਹਾਂਰਾਜੇ ਦਲੀਪ ਸਿੰਘ ਦੀ ਸਰਬ੍ਰਾਹ ਥਾਪੀ ਗਈ ਸੀ।)

[1] ਅਹਿਦਨਾਮੇਂ ਵਿਚ ਅੱਗੇ ਲਿਖੀਆਂ ਸਰਤਾਂ ਮਨਜੂਰ ਹੋਈਆਂ ਜਿਨਾਂ ਦਾ ਖੁਲਾਸਾ ਮੁਖਤਸਰ ਏਹ ਹੈ (੧) ਮਹਾਂਰਾਜੇ ਲਾਹੌਰ ਤੇ
ਸਰਕਾਰ ਅੰਗ੍ਰੇਜ਼ੀ ਵਿੱਚ ਹਮੇਸ਼ ਮਿਤ੍ਰਤਾ ਰਹੇਗਾ (੨) ਲਾਹੌਰ ਦੇ ਮਹਾਂਰਾਜੇ ਨੂੰ ਸਤਲੁਜੋਂ ਪਾਰ ਦੇ ਇਲਾਕੇ ਨਾਲ ਦਾਵਾ ਨਾ ਹੋਵੇਗਾ। (੩)
ਪੰਜਾਹ ਲੱਖ ਰੁ
ਬਿਆਸ ਤੇ ਸਤਲੁਜ ਦੇ ਵਿਚਕਾਰ ਦਾ ਮੁਲਕ ਸਭ ਹੱਕ ਹਕੂਕਾਂ ਸਮੇਤ ਸਰਕਾਰ ਅੰਗ੍ਰੇਜ਼ੀ ਨੂੰ ਮਿਲ ਗਿਆ। (੪)
ਪਯਾ ਦੇ ਕੇ ਨਿਜਾਮ ਪੱਤ੍ਰੀ ਰਸੀਦ ਤਸਦੀਕੀ ਦੀ ਮਹਾਂਰਾਜਾ ਸਾਹਿਬ ਲੈਣਾ। (੫) ਜੋ ਸਿਪਾਹ ਜੰਗ ਨੂੰ ਗਈ ਸੀ ਉਹ ਤਨਖਾਹ ਦੇ ਕੇ ਹਟ
ਈ ਜਾਵੇ ਅਤੇ ਜੋ ਜੰਗੀ ਫੌਜ ਰੱਖੀ ਜਾਵੇ ਉਸ ਨੂੰ ਬਡੇ ਮਹਾਂਰਾਜੇ ਦੇ ਵੇਲੇ ਦੀ ਤਨਖਾਹ ਦਿੱਤੀ ਜਾਏ। (੬) ੨੦ ਪਲਟਨਾਂ ੨੧ ਰਸਾਲੇ ਤੋਂ
ਵੱਧ ਹੋਰ ਫੌਜ ਮਹਾਂਰਾਜ ਬਗੈਰ ਸਰਕਾਰ ਅੰਗ੍ਰੇਜ਼ੀ ਦੀ ਸਲਾਹ ਦੇ ਨਾ ਰੱਖੇਗੋ। (੭) ਤੋਪਾਂ ਜੰਗ ਵਿਚੋਂ ਆਈਆਂ ਉਹ ਸਰਕਾਰ
ਅੰਗ੍ਰੇਜ਼ੀ ਦੇ ਕਬਜੇ ਰਹਿਣਗੀਆਂ। (੮) ਸਤਲੁਜ ਤੇ ਰਾਵੀ ਆਦਿਕ ਦਰਯਾਵਾਂ ਦੀ ਸੈਰ ਬਹਿਰੀ ਸਰਕਾਰ ਕੰਪਨੀ ਦੀ ਨਿਗ
ਰਾਨੀ ਵਿੱਚ ਦੁਰੁਸਤ ਹੋਯਾ ਕਰੇਗੀ। ਤੇ ਖਰਚ ਕੱਢ ਕੇ ਬਾਕੀ ਆਮਦਨ ਅੱਧੋ ਅੱਧ ਵੰਡ ਲਈ ਜਾਯਾ ਕਰੇਗੀ। (੯) ਅੰਗ੍ਰੇਜ਼ੀ
ਫੌਜ ਜਦ ਕਿਸੇ ਮੁਲਕ ਨੂੰ ਪੰਜਾਬ ਵਿਚੋਂ ਜਾਏ ਤਾਂ ਰਸਤਾ ਦੇਣਾ ਹੋਵੇਗਾ। (੧੦) ਕੋਈ ਅੰਗ੍ਰੇਜ਼ ਯਾ ਫਰਾਂਸੀਸ ਬਿਨਾਂ ਪੁੱਛੇ ਸਰ
ਕਾਰ ਅੰਗ੍ਰੇਜ਼ੀ ਦੇ ਮਹਾਂਰਾਜ ਨੌਕਰ ਨਾ ਰੱਖਣਗੇ। (੧੧) ਰਾਜੇ ਗੁਲਾਬ ਸਿੰਘ ਨੂੰ ਸੁਤੰਤ੍ਰ ਮਹਾਂਰਾਜਾ ਸਮਝਿਆ ਜਾਏ ਤੇ ਉਸ
ਦੇ ਮੁਲਕ ਉੱਪਰ ਜੋ ਉਸ ਨੂੰ ਦਿੱਤਾ ਗਿਆ ਹੈ ਕਿਸੇ ਤਰਾਂ ਦੀ ਹੱਥ ਚਾਲਾਕੀ ਨਾ ਕੀਤੀ ਜਾਊ। (੧੨) ਜਦ ਕਦੀ ਕੋਈ ਝਗੜਾ ਮ
ਹਾਰਾਜ ਲਾਹੌਰ ਤੇ ਰਾਜੇ ਜੰਮੂ ਦੇ ਵਿੱਚ ਆਏ ਤਾਂ ਉਸ ਦਾ ਫੈਸਲਾ ਸਰਕਾਰ ਅੰਗ੍ਰੇਜ਼ੀ ਕਰੇਗੀ। (੧੩) ਸਰਕਾਰ ਲਾਹੌਰ ਦਾ
ਹੱਦ ਬੰਨਾ ਬਤੌਰ ਅੰਗ੍ਰੇਜ਼ੀ ਦੀ ਸਲਾਹ ਦੇ ਕਿਤੇ ਬਦਲਿਆ ਨਹੀਂ ਜਾਵੇਗਾ। (੧੪) ਸਰਕਾਰ ਲਾਹੌਰ ਦੇ ਘਰੋਗੇ ਕੰਮਾਂ ਵਿੱਚ ਸ
ਰਕਾਰ ਅੰਗ੍ਰੇਜ਼ੀ ਕਦੇ ਦਸਤ ਅੰਦਾਜ ਨਾ ਹੋਵੇਗੀ। (੧੫) ਦੋਹਾਂ ਸਰਕਾਰਾਂ ਦੀ ਪ੍ਰਜਾ ਇੱਕੋ ਜੇਹੀ ਸਮਝੀ ਜਾਊ ਤੇ ਇੱਕ ਦੇ ਗੁਨਾਹੀ ਨੂੰ
ਦੂਸਰਾ ਨਾ ਰੱਖੇਗਾ। ਬਸ ਏਸ ਨਿਜਾਮ ਪੱਤ੍ਰ ਉੱਤੇ ਮਹਾਂਰਾਜੇ ਦਲੀਪ ਸਿੰਘ ਤੇ ਲਾਟ ਸਾਹਿਬ ਦੀ ਮੁਹਰ ੯ ਮਾਰਚ ਸ: ੧੮੪੬ ਨੂੰ ਲਗ ਕੇ

Digitized by Panjab Digital Library | www.panjabdigilib.org

ਜਨ ਸਿਖਾਂ ਸਰਦਾਰਾਂ ਤੋਂ ਚੋਰੀ ਏਂ ਲਾਟ ਸਾਹਿਬ ਪਾਸ ਏਹ ਦਰਖ੍ਵਾਸਤ ਕਰ ਦਿੱਤੀ ਕਿ ਜਦੋਂ ਤਕ ੫੦੩
ਅਸੀਂ ਏਨਾਂ ਬੁਰਛਿਆਂ ਦਾ ਪੱਕਾ ਬੰਦੋਬਸਤ ਨਹੀਂ ਕਰ ਲੈਂਦੇ ਤਦੋਂ ਤੀਕ ਕੁਛ ਅੰਗ੍ਰੇਜ਼ੀ ਫੌਜ ਲਾਹੌ
ਰ ਰਹੇ। ਅੰਗ੍ਰੇਜ਼ ਤਾਂ ਚਾਹੁੰਦੇ ਹੀ ਸੇ। ਕਿ ਕਿਸੇ ਸਾਡੇ ਪੈਰ ਲਾਹੌਰ ਅੜਿਆ ਰਹੇ। ਲਾਟ ਸਾਹਿਬ ਨੇ ਮੰਨ
ਕੇ ਫੌਜ ਨੂੰ ਲਾਹੌਰ ਰਹਿਣ ਦਾ ਹੁਕਮ ਦਿਤਾ। — ।।ਜੰਦੀ ਪੰਜਾਂ ਸਰਦਾਰਾਂ ਨੂੰ ਏਹ ਗੱਲ ਬਹੁਤ ਬੁ
ਰੀ ਲੱਗੀ ਤੇ ਉਨਾਂ ਰਾਣੀ ਨੂੰ ਬੀ ਆਖਿਆ ਕਿ ਤੈਂ ਏਹ ਬੁਰਾ ਜ਼ਹਿਰ ਦਾ ਬ੍ਰਿਛ ਜਮਾਯਾ ਕਿ ਤੇਰੇ ਲੱਗਣਗੇ ਤੇ
ਰੋਏਂਗੀ। ਅੰਗ੍ਰੇਜ਼ ਤਾਂ ਪਿੱਪਲ ਦੇ ਪੇੜ ਵਾਂਗੂ ਜਿੱਥੇ ਪੈਰ ਰੱਖਣਗੇ ਉਸ ਨੂੰ ਖਾ ਕੇ ਆਪ ਹੀ ਰਹਿ
ਜਾਂਦੇ ਹਨ ਪਰ ਉਨਾਂ ਵਿਚਾਰਿਆਂ ਦੀ ਕੌਣ ਸੁਣੇ। ਰਾਣੀ ਤਾਂ ਨਿਮਕ ਹਰਾਮਾਂ ਦੇ ਹੱਥ ਦੀ ਬੁਲਬੁਲ
ਬਣ ਰਹੀ ਸੀ। —— ੨੯ ਫਗਣ ਨੂੰ ਇੱਕ ਵਡਾ ਦਰਬਾਰ ਕਰ ਕੇ ਲਾਟ ਸਾਹਿਬ ਨੂੰ ਬਿਦਾ
ਕੀਤਾ। ੨ ਚੇਤ ਨੂੰ ਅੰਮ੍ਰਿਤਸਰ ਉੱਤ੍ਰ ਕੇ ਲਾਟ ਸਾਹਿਬ ਨੇ ਰਾਜੇ ਗੁਲਾਬ ਸਿੰਘ ਨੂੰ ਮਹਾਰਾਜੇ ਦੀ
ਪਦਵੀ ਦੇ ਕੇ ਇੱਕ ਅਹਿਦਨਾਮਾ ਲਿਖਾ ਲੀਤਾ। ਜਿਸ ਵਿੱਚ ਰਾਜੇ ਨੇ ਲਿਖ ਦਿੱਤਾ ਕਿ ਮੈਂ ਔਰ
ਮੇਰੀ ਸੰਤਾਨ ਹਮੇਸ਼ ਸਰਕਾਰ ਅੰਗ੍ਰੇਜ਼ੀ ਦੇ ਤਾਬੇਦਾਰ ਬਣੇ ਰਹਾਂਗੇ। ਹਰ ਸਾਲ ੧ ਘੋੜਾ ੧੨ ਬੱਕ
ਰੇ ੩ ਦੁਸਾਲੇ ਨਜ਼ਰ ਦਿੰਦੇ ਰਹਿਣਗੇ।। — ।।ਰਾਜੇ ਗੁਲਾਬ ਸਿੰਘ ਨੂੰ ਭਾਰੀ ਡਿਉਢੀ ਖਿਉ
ਣੀ ਕਰ ਕੇ ਆਪਣਾ ਕੰਮ ਬਣਾ ਲੀਤਾ ਤੇ ਜਾ ਸਿੰਘ ਜੇਹੇ ਹੱਥ ਬਠਾਦੇ ਹੀ ਰਹਿ ਗਏ। (ਭਲਾ ਹ
ਥੋਂ ਖੁੰਝੀ ਡੂਮਣੀ ਗਾਵੇ ਤਾਲ ਬੇਤਾਲਾ।) ਪਿੱਛੋਂ ਬਥੇਰਾ ਪਛਤਾਏ, ਫੇਰ ਕੀ ਬਣਨਾ ਸੀ। —
ਹੁਣ ਲਾਹੌਰ ਵਿੱਚ ਸਰ ਹਿਨਰੀ ਲਾਰੈਂਸ ਸਾਹਿਬ ਤਾਂ ਅੰਗ੍ਰੇਜ਼ੀ ਫੌਜ ਤੇ ਲਾਹੌਰ ਦੇ ਮਾਮਲਿਆਂ ਦੀ
ਨਿਗਾਹ ਰੱਖਣ ਲਈ ਰਜ਼ੀਡੰਟ ਹੋਏ, ਤੇ ਮਹਾਰਾਜੇ ਦਲੀਪ ਸਿੰਘ ਦੇ ਗੱਭਰੂ ਹੋਣੇ ਤਕ ਰਾਣੀ
ਜਿੰਦਾਂ ਰਾਜ ਦੀ ਮਾਲਕ ਰਾਜਾ ਲਾਲ ਸਿੰਘ ਵਜ਼ੀਰ ਕਾਇਮ ਹੋਏ। — ।।ਉਸੇ ਸਮੇਂ ਜਦ ਅਹਿ
ਦਨਾਮੇ ਦੇ ਅਨੁਸਾਰ ਰਾਜੇ ਗੁਲਾਬ ਸਿੰਘ ਦੀ ਫੌਜ ਕਸ਼ਮੀਰ ਉੱਤੇ ਦਖਲ ਕਰਨ ਲਈ ਗਈ,
ਤਾਂ ਉਥੇ ਦੇ ਸੂਬੇ ਸ਼ੇਖ ਇਮਾਮੁੱਦੀਨ ਨੇ ਦਖਲ ਨਾ ਦਿੱਤਾ ਜੰਗ ਹੋ ਪਿਆ ਜਿਸ ਬਦਲੇ ਰਜ਼ੀਡੰਟ ਫੌਜ
ਲੈਕੇ ਉਥੇ ਗਿਆ ਤਾਂ ਸ਼ੇਖ ਨੇ ਰਾਜੇ ਲਾਲ ਸਿੰਘ ਦਾ ਮੁਹਿਰੀ ਪਰਵਾਨਾ ਜਿਸ ਵਿੱਚ ਏਹ ਲਿਖਿਆ
ਸੀ (ਕਿ ਰਾਜੇ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਦਖਲ ਨਹੀਂ ਦੇਣਾ) ਸਾਹਿਬ ਨੂੰ ਦਿਖਾ ਕੇ ਆਪਣਾ
ਬਚਾਉ ਕਰ ਲੀਤਾ। ਸਾਹਿਬ ਬਹਾਦੁਰ ਨੇ ਰਾਜੇ ਦਾ ਦਖਲ ਕਾਸ਼ਮੀਰ ਉੱਤੇ ਕਰਾ ਕੇ ਸ਼ੇਖ ਸਮੇਤ
ਲਾਹੌਰ ਆ ਕੇ ਜਾਂ ਏਸ ਮੁਕੱਦਮੇ ਦਾ ਨਿਰਨੇ ਕੀਤਾ, ਭਾਵੇਂ ਵਜ਼ੀਰ ਮੁਕਰ ਆ ਬੀ ਪਰ ਉਸ ਦੇ ਮੁਣਸ਼ੀ
ਪੂਰਨ ਚੰਦ ਰਾਹੋਂ ਵਾਲੇ ਨੇ ਮੰਨ ਲੀਤਾ ਕਿ ਏਹ ਪਰਵਾਨਾ ਜ਼ਰੂਰ ਵਜ਼ੀਰ ਸਾਹਿਬ ਦੇ ਆਖੇ ਮੈਂ ਲਿਖਿਆ
ਸੀ ਤੇ ਏਨਾਂ ਮੁਹਿਰ ਦਸਤਖਤ ਕੀਤੇ ਹਨ। — ।।ਫੇਰ ਤਾਂ ਲਾਲ ਸਿੰਘ ਨੂੰ ਅਪਰਾਧੀ ਠਹਿਰਾ ਕੇ

Digitized by Panjab Digital Library | www.panjabdigilib.org

੫੦੪ ਕਿ ਵਜ਼ੀਰੀ ਤੋਂ ਹਟਾ ਸਾਰੀ ਉਮਰ ਦਾ ਦੇਸ ਨਿਕਾਲਾ ਦੇ ਪਿਨਸਨ ਦੇ ਆਗ੍ਰੇ ਭੇਜ ਦਿੱਤਾ।—
ਰਾਜੇ ਲਾਲ ਸਿੰਘ ਦੇ ਪਿਛੋਂ ਰਾਜਾ ਦੀਨਾ ਨਾਥ ਰਾਜਾ ਤੇਜਾ ਸਿੰਘ ਰਾਜਾ ਸ਼ੇਰ ਸਿੰਘ ਅਟ
ਾਰੀਵਾਲਾ ਫਕੀਰ ਨੂਰੁੱਦੀਨ ਏਨਾਂ ਚਾਰ ਮੈਂਬਰਾਂ ਦੀ ਕੌਂਸਲ ਕਾਇਮ ਹੋ ਕੇ ਰਜ਼ੀਡੰਟ ਦੀ
ਸਲਾਹ ਨਾਲ ਕੰਮ ਹੋਣ ਲੱਗੇ। ਇੱਕ ਤਾਂ ਰਾਣੀ ਨੂੰ ਕੋਈ ਕੁਛ ਪੁੱਛੇ ਨਾਂ ਦੂਜੇ ਕੌਂਸਲੀਆਂ
ਨੇ ਰਜ਼ੀਡੰਟ ਨਾਲ ਮਿਲ ਕੇ ਆਪੇ ਆਪ ਰਾਜੇ ਖਤਾਬ ਲੈ ਲੀਤੇ। ਤੀਜੇ ਅਪਣੇ ਹੇਠ ਸਰਦਾਰ
ਸਮਸ਼ੇਰ ਸਿੰਘ ਸੰਧਾਂਵਾਲੀਆ ਤੇ ਸਰਦਾਰ ਅਤਰ ਸਿੰਘ ਕਾਲੀਆ ਹੇਰਨਾ ਸਰਦਾਰ ਰਣਜੋਰ
ਸਿੰਘ ਭਾਈ ਨਿਧਾਨ ਸਿੰਘ ਏਹ ਚਾਰ ਮੈਂਬਰ ਹੋਰ ਬਣਾ ਲੀਤੇ। ਚੌਥੇ ਦਸ ਹਜ਼ਾਰ ਫੌਜ
ਅੰਗ੍ਰੇਜ਼ੀ ਮਹਾਂਰਾਜੇ ਦੇ ਗਭਰੂ ਹੁੰਦੇ ਤਕ ਪੰਜਾਬ ਵਿੱਚ ਰਖਣ ਲਈ ਹੋਰ ਮੰਗਾ ਲੀਤੀ।—
ਪੰਜਵੇਂ ਰਾਜੇ ਤੇਜਾ ਸਿੰਘ ਨੇ ਤਲਕਾ ਸਿਆਲਕੋਟ ਤੇ ਦੀਨਾ ਨਾਥ ਨੇ ਕਲਾਨੌਰ ਸੁਤੰਤ੍ਰ ਲੈ ਲੀਤਾ।
।। ੩ ਪੋਹ ਸੰ: ੧੯੦੩ ਬਿ: ਨੂੰ ਇੱਕ ਅਹਿਦਨਾਮਾ ਹੋਰ ਲਿਖ ਦਿੱਤਾ ਕਿ ਮਹਾਂਰਾਜੇ ਦੇ ਬਾਇ
ਖਤਿਆਰ ਹੁੰਦੇ ਤਕ ਬਿਨਾ ਸਲਾਹ ਗਵਰਮਿੰਟ ਅੰਗ੍ਰੇਜ਼ੀ ਦੇ ਲਾਹੌਰ ਵਿੱਚ ਕੋਈ ਕੰਮ ਕਰਨੇ ਦਾ
ਕਿਸੇ ਨੂੰ ਇਖਤਿਆਰ ਨਾ ਹੋਵੇਗਾ।—— ।।ਏਹ ਖੁਦਗਰਜ਼ੀ ਤੇ ਕਮਜ਼ੋਰੀ ਦੇ ਕੰਮ ਕੌਂਸਲ ਦੇ
ਕਰੇ ਹੋਏ ਰਾਣੀ ਨੂੰ ਨਾ ਸੁਖਾਏ। ਓਹ ਕੌਂਸਲ ਤੇ ਰਜ਼ੀਡੰਟ ਦੇ ਬਿਰੁੱਧ ਚਾਲੇ ਚੱਲਣ ਲੱਗ ਪਈ
ਕੌਂਸਲ ਤੋਂ ਰਪੋਟ ਕਰਾ ਕੇ ਰਜ਼ੀਡੰਟ ਨੇ ਰਾਣੀ ਨੂੰ ਸੇਖੂਪੁਰ ਦੇ ਕਿਲੇ ਵਿੱਚ ਨਜ਼ਰਬੰਦ ਰਹਿਣ ਲਈ
ਭੇਜ ਦਿੱਤਾ ਮਹਾਂਰਾਜੇ ਨੂੰ ਲਾਹੌਰ ਰੱਖਿਆ।—— ।।ਲਾਰੰਸ ਸਾਹਿਬ ਦੇ ਗਏ ਪਿਛੋਂ ਜਾਂ
ਮਿਸਟਰ ਕਰੀ ਸਾਹਿਬ ਰਜ਼ੀਡੰਟ ਆਯਾ ਤਾਂ ਰਾਣੀ ਜਿੰਦਾਂ ਨੇ ਅਪਣੇ ਮੁਸਾਹਿਬ ਕਾਨ੍ਹ ਸਿੰਘ
ਤੇ ਗੰਗਾ ਰਾਮ ਦੇ ਹੱਥ ਮਿਸਕੋਟ ਦੇ ਖਾਨਸਾਮੇ ਨੂੰ ਜਿੱਥੇ ਸਭ ਅੰਗ੍ਰੇਜ਼ ਕੱਠੇ ਬੈਠ ਕੇ ਖਾਣਾ ਖਾਂਦੇ
ਸੇ ਦੌਲਤ ਦੇਣੀ ਕਰ ਕੇ ਜ਼ਹਿਰ ਦੇਵਾ ਕਰ ਸਭ ਨੂੰ ਮੁਕਾਉਣਾ ਚਾਹਿਆ ਪਰ ਪਾਪ ਗੁੱਝਾ ਨਹੀਂ
ਰਹਾਂ ਲੋਗ ਤਾਂ ਬਨਾਵਟ ਆਖਦੇ ਸੇ ਅੰਗ੍ਰੇਜ਼ਾਂ ਨੇ ਸੱਚ ਠਹਿਰਾ ਕੇ ੨੯ ਚੇਤ੍ਰ ਸੰ: ੧੯੦੫ ਬਿ: ਕੋ
ਇਸ ਗੁਨਾਹ ਬਦਲੇ ਰਾਣੀ ਨੂੰ ਦੇਸ ਨਿਕਾਲਾ ਦੇ ਕੇ ਕਾਂਸੀ ਤੋਂ ਪਰੇ ਚੰਨਾਰ ਗੜ੍ਹ ਦੇ ਕਿਲੇ ਵਿੱਚ
ਭੇਜ ਦਿੱਤਾ ਤੇ ਓਹ ਦੋਵੇਂ ਨੌਕਰ ਫਾਹੇ ਦੇ ਛੱਡੇ।——
ਹੁਣ ਰਾਜੇ ਲਾਲ ਸਿੰਘ ਤੇ ਰਾਣੀ ਜਿੰਦ ਕੌਰ ਨੂੰ ਦੇਸੋਂ ਕੱਢ ਦੇਣ ਨੇ ਫੇਰ ਪੰਜਾਬੀਆਂ ਦੇ ਦਿਲ
ਭੜਕਾ ਦਿੱਤੇ। ਓਸੇ ਸਮੇ ਮੂਲਰਾਜ ਤੋਂ ਕੌਂਸਲ ਨੇ ਤੀਹ ਲੱਖ ਰੁਪਿਆ ਬਾਕੀ ਮੰਗਿਆ ਨਾਲੇ
ਉਸਦੇ ਕੰਮ ਵਿਚ ਦਖਲ ਦੇਣ ਲੱਗ ਪਏ। ਜਿਸਨੇ ਅੱਕ ਕੇ ਅਸਤੀਫਾ ਦੇ ਦਿੱਤਾ ਜੋ ਕੌਂਸਲ
ਨੇ ਮਨਜ਼ੂਰ ਕਰ ਕੇ ਸਰਦਾਰ ਕਾਨ੍ਹ ਸਿੰਘ ਮਾਨ ਨੂੰ ਉਸਦੇ ਥਾਂ ਸੂਬਾ ਕਰ ਕੇ ਦਖਲ ਦੇਣ ਉਹ

Digitized by Panjab Digital Library | www.panjabdigilib.org

ਲਈ ਕੁਛ ਫੌਜ ਅੰਗ੍ਰੇਜ਼ੀ ਸਾਥ ਅਸਟਰਪੀ. ਏ ਐਗਨੂ ਸਾਹਿਬ ਛੋਟਾ ਰਜੀਡੰਟ ਤੇ ਲ ੫੦੫
ਫਟੰਟ ਡਬਲਯੂ. ਏ. ਇੰਡਰਸਨ ਸਾਹਿਬ ਅਫਸਰ ਭੇਜੇ॥ — ॥ਜਦ ਏਹ ਮੁਲਤਾਨ
ਗਏ ਤੇ ਦੀਵਾਨ ਖੜੀ ਪ੍ਰੀਤ ਨਾਲ ਅੱਗੋਂ ਲੈਣ ਗਿਆ ਈਦਗਾਹ ਜਾ ਉਤਰੇ, ਦੂਜੇ ਦਿਨ ਦੀਵਾਨ
ਨੇ ਸੱਚੇ ਦਿਲ ਨਾਲ ਏਨਾਂ ਨੂੰ ਸਾਥ ਲੈ ਜਾਕੇ ਕੁੰਜੀਆਂ ਤਕ ਸਭ ਕੁਛ ਸੌਂਪ ਤਾਂ ਦਿੱਤਾ ਪਰ ਭਾ
ਵੀ ਨੇ ਹੋਰ ਹੀ ਰੰਗ ਖਿੜਾ ਦਿਖਾਯਾ॥ — ॥ਜਦ ਏਹ ਰਲੇ ਮਿਲੇ ਮੁੜ ਦਰਵਾਜ਼ੇ ਪਾਸ
ਆਏ ਤਾਂ ਅਮੀਰ ਚੰਦ ਸਪਾਹੀ ਐਗਨੂ ਸਾਹਿਬ ਦੇ ਘੋੜੇ ਨੇ ਦੂਲੱਤਾ ਮਾਰਿਆ ਉਸ ਨੇ
ਬਰਛੀ ਮਾਰ ਕੇ ਘੋੜੇ ਉੱਤੋਂ ਸੁੱਟ ਦਿੱਤਾ ਐਂਡਰਸਨ ਸਾਹਿ
ਬ ਨੇ ਉਸ ਨੂੰ ਗਾਲ੍ਹ ਕੱਢੀ ਤੇ ਹੱਥ ਚੁੱਕਿਆ ਤਾਂ ਦੂਜੇ ਸਪਾਹੀ ਨੇ ਉਸ ਨੂੰ ਤਲਵਾਰ ਮਾਰੀ॥
ਹੁਣ ਮੂਲਰਾਜ ਤਾਂ ਏਹ ਕੌਤਕ ਅਚਾਨਚੇਤ ਹੋਯਾ ਦੇਖ ਕੇ ਡਰਦਾ ਮਾਰਾ ਦੌੜ ਗਿਆ॥
ਤੇ ਸਰਦਾਰ ਕਾਨ ਸਿੰਘ ਐਗਨੂ ਸਾਹਿਬ ਨੂੰ ਹਾਥੀ ਉੱਪਰ ਪਾ ਕੇ ਡੇਰੇ ਲੈ ਆਯਾ॥ ਫੇਰ
ਤੇ ਸ਼ਹਿਰ ਵਿੱਚ ਰੌਲਾ ਮਚਾ ਰਿਹਾ ਸਭ ਬਾਗੀ ਹੋ ਗਏ॥ ਐਗਨੂ ਸਾਹਿਬ ਨੇ ਜ਼ਖਮ ਬੰ
ਧਵਾ ਕੇ ਸਭ ਹਵਾਲ ਰਜੀਡੰਟ ਨੂੰ ਤੇ ਲਾਟ ਸਾਹਿਬ ਨੂੰ ਲਿਖ ਭੇਜਿਆ॥ ਮੂਲਰਾਜ ਤੋਂ ਏ
ਸ ਕਾਰੇ ਹੋਣ ਦਾ ਜਵਾਬ ਪੁੱਛਿਆ॥ ਤਾਂ ਉਨ ਲਿਖਿਆ ਕੇ ਮੇਰੀ ਫੌਜ ਮੇਰੇ ਥੋਂ ਬਾਗੀ ਹੈ॥ —
ਫੇਰ ਦੀਵਾਨ ਨੇ ਅਪਣੀ ਮਾਈ ਤੋਂ ਸਲਾਹ ਪੁੱਛੀ ਤਾਂ ਉਨ ਆਖਿਆ ਤੈਨੂੰ ਅਸਲੇ ਨੂੰ ਬੀ ਉਨ
ਨਹੀਂ ਛੱਡਣਾ॥ ਤਾਂ ਤੇ ਜੋ ਹੋਣੀ ਸੀ ਸੋ ਹੋ ਗਈ, ਹੁਣ ਮਰਦ ਬਣ, ਮੇਰਾ ਦੁੱਧ ਤੇ ਛੱਤ੍ਰੀ ਧ
ਰਮ ਸਫਲਾ ਕਰ॥ — ॥ਨਾਲੇ ਉਸ ਦੇ ਫੌਜੀ ਅਫਸਰਾਂ ਤੇ ਸ਼ਹਿਰ ਦੇ ਵਡੇਰ ਲੋ
ਕਾਂ ਨੇ ਇੱਕ ਜ਼ਬਾਨ ਹੋ ਪਿੱਛੇ ਮੁੜਨ ਦੀ ਸੌਂਹ ਖਾ ਹਿੰਦੂ ਮੁਸਲਮਾਨ ਜੰਗ ਨੂੰ ਤਿਆਰ ਹੋ ਪ
ਏ॥ ਤੇ ਮੂਲਰਾਜ ਦੇ ਹੱਥ ਜੰਗ ਦਾ ਕੰਗਣਾ ਬੰਨ ਦਿੱਤਾ॥ ਫੇਰ ਇੱਕ ਧਰਮ ਦਾ ਝੰਡਾ ਖੜਾ
ਕਰ ਡੌਂਡੀ ਫੇਰ ਦਿਤੀ॥ ਅੰਦਰਲੇ ਸਿੰਘਾਂ ਦੇ ਸਿਖਾਏ ਹੋਏ ਕਾਨ ਸਿੰਘ ਦੇ ਸਾਥੀ ਬੀ ਬਹੁਤ
ਸਿੰਘ ਅੰਦਰ ਜਾ ਮਿਲੇ॥ — ੧੦ ਵੈਸਾਖ ਨੂੰ ਦੋ ਸੌ ਮਜ਼ਹਬੀ ਸਿੰਘ ਸੱਤ ਸ੍ਰੀ ਅਕਾ
ਲ ਬੋਲਦਾ ਹੋਯਾ ਉਥੇ ਜਾ ਪਹੁੰਚਿਆ॥ ਜਿੱਥੇ ਉਨਾਂ ਦੋਹਾਂ ਜ਼ਖਮੀਆਂ ਦਾ ਰਖਵਾਲਾ ਸਰਦਾ
ਰ ਕਾਨ ਸਿੰਘ ਪੰਜਾਹ ਕੁ ਆਦਮੀਆਂ ਨਾਲ ਬੈਠਾ ਸੀ॥ ਸਰਦਾਰ ਨੇ ਐਗਨੂ ਸਾਹਿਬ ਦੇ
ਘਾਉ ਲਈ ਮਜ਼ਬੀ ਸਿੰਘਾਂ ਅੱਗੇ ਹੱਥ ਜੋੜੇ॥ ਜਦ ਉਹ ਨਾ ਟਲੇ ਦੇਖੇ ਤਾਂ ਸਾਹਿਬ ਨੇ
ਆਖਿਆ, ਸਰਦਾਰ ਜੀ ਕੁਛ ਪਰਵਾਹ ਨਹੀਂ ਸਾਡੇ ਤੁਹਾਡੇ ਮਾਰੇ ਅੰਗ੍ਰੇਜ਼ ਨਹੀਂ ਮੁੱਕ ਜਾਂ
ਦੇ, ਏਥੇ ਬੇਸ਼ੁਮਾਰ ਅੰਗ੍ਰੇਜ਼ ਪਹੁੰਚ ਜਾਣਗੇ॥ ਮੂਲਰਾਜ ਨੂੰ ਏਸ ਦੀ ਦਗੇਬਾਜ਼ੀ ਦਾ ਮਜ਼ਾ

Digitized by Panjab Digital Library | www.panjabdigilib.org

੫੦੬ ਸ਼੍ਰਾਦ ਰਖਾਉਣ ਗੇ ਜਿਸਨੂੰ ਦੇਖ ੨ ਦੁਨੀਆਂ ਪਛੋ ਕੰਬੇਗੀ। ਤਦੋਂ ਨੂੰ ਵੈਰੀਆਂ ਨੇ ਕਾਨ੍ਹਸਿੰਘ ਨੂੰ ਕੈਦ ਕਰਕੇ ਤਲਵਾਰ ਖਿੱਚੀ ਤਾਂ ਓਨਾਂ ਦੇ ਸਭ ਸਿਪਾਹੀ ਨੱਠ ਗਏ। ਗੋਂਦਨ ਸਿੰਘ ਮਜ਼ਬੀ ਨੇ ਦੋਹਾਂ ਅੰਗ੍ਰੇਜ਼ਾਂ ਦੇ ਸਿਰ ਵੱਢ ਕੇ ਮੂਲਰਾਜ ਅੱਗੇ ਜਾ ਰੱਖੇ। ਜਿਸ ਦੇ ਬਦਲੇ ੧ ਹਾਥੀ ੧ ਘੋੜਾ ਤੇ ਪੰਜ ਸੌ ਨਕਦ ਏਸਨੂੰ ਮਿਲਿਆ।

ਏਹ ਖਬਰ ਸੁਣਕੇ ਰਜ਼ੀਡੰਟ ਨੇ ਲਾਲੋਲਾਲ ਹੋ ਕੌਂਸਲ ਦੀ ਸਲਾਹ ਨਾਲ ਰਾਜਾ ਸ਼ੇਰਸਿੰਘ ਅਟਾਰੀਵਾਲਾ, ਸ਼ੇਖ ਇਮਾਮਦੀਨ, ਸਰਦਾਰ ਸ਼ਮਸ਼ੇਰਸਿੰਘ ਸੰਧਾਵਾਲੀਆ, ਅਤਰਸਿੰਘ ਕਾਲਿਆਂਵਾਲਾ ਰਿਆਸਤ ਦੀ ਫੌਜ ਦੇ ਕੇ ਤੋਰੇ ਤੇ ਕਪਤਾਨ ਏਡਵਰਡ ਸਾਹਿਬ ਨੂੰ ਜੋ ਉਸ ਸਮੇਂ ਬੰਨੂ ਵਿੱਚ ਸੀ ਅੰਗ੍ਰੇਜ਼ੀ ਫੌਜ ਦਾ ਕਮਾਨੀਅਰ ਕਰਕੇ ਮੁਲਤਾਨ ਦੇ ਫਤੇ ਕਰਨ ਵਾਸਤੇ ਭੇਜਿਆ। ੬ ਹਾੜ ਸੰਮਤ ੧੯੦੫ ਬਿ: ਨੂੰ ਝਨਾਉਂ ਦੇ ਕਿਨਾਰੇ ਖੇੜੀ ਪਿੰਡ ਪਾਸ (ਜਿੱਥੇ ਹਰੀਰਾਮ ਕਰਨੈਲ ਮੂਲਰਾਜ ਦੀ ਫੌਜ ਲੈਕੇ ਉਤਰ ਰਿਹਾ ਸੀ) ਬੜਾ ਭਾਰੀ ਜੰਗ ਹੋਯਾ। ਕਪਤਾਨ ਏਡਵਰਡ ਦੇ ਨਾਲ ਸੁਜਾਨ ਖਾਂ ਵਾਲੀ ਪਲਟਨ ਤੇ ਕਾਰਟਲੇਂਡ ਸਾਹਿਬ ਵਾਲੀ ਸੂਰਜਮੁਖੀ ਰਜਮੰਟ ਤੇ ਬਾਕੀ ਨਵੀਂ ਭਰਤੀ ਦੀ ਫੌਜ ਤੇ ਬਹਾਵਲਪੁਰੀਏ ਨਵਾਬ ਦੀ ਫੌਜ ਏਹ ਸਭ ਮਿਲਕੇ ੧੦ ਹਜ਼ਾਰ ਸਿਪਾਹ ਇਕੱਠੀ ਹੋ ਗਈ ਸੀ। ੯ ਘੰਟੇ ਖੂਬ ਲੜਾਈ ਰਹੀ, ਓੜਕ ਹਰੀਰਾਮ ਦੀ ਫੌਜ ਨੱਠ ਤੁਰੀ। ੮ ਹਾੜ ਨੂੰ ਸ਼ਾਹਜਹਾਂਬਾਦ ਦਾ ਕਿਲਾ ਸਾਹਿਬ ਨੇ ਜਾ ਛੁਡਾਯਾ। ੧੬ ਹਾੜ ਨੂੰ ਮੁਲਤਾਨੋਂ ਤਿੰਨ ਕੋਹ ਸੂਰਜਗਨ ਪਾਸ ਜਾ ਉਤਰਿਆ। ੧੮ ਨੂੰ ਸ਼ੇਖ ਇਮਾਮਦੀਨ ਭੀ ਆਪਣੀ ਚਾਰ ਹਜ਼ਾਰ ਸਿਪਾਹ ਸਮੇਤ ਕਪਤਾਨ ਪਾਸ ਜਾ ਪਹੁੰਚਿਆ। ੧੯ ਹਾੜ ਨੂੰ ਓਹ ਯਾਰਾਂ ਹਜ਼ਾਰ ਸਿਪਾਹ ਤੇ ੧੦ ਤੋਪਾਂ ਲੈਕੇ ਸ.ਦੋਸ਼ਾਹ ਦੇ ਮੈਦਾਨ ਵਿੱਚ ਮੂਲਰਾਜ ਬੜੀ ਬਹਾਦਰੀ ਨਾਲ ਲੜਿਆ ਜਦੀਪ ੧੮ ਹਜ਼ਾਰ ਸਿਪਾਹ ਤੇ ੨੨ ਤੋਪਾਂ ਅੰਗ੍ਰੇਜ਼ਾਂ ਵਲੋਂ ਸਨ ਪਰ ਮੂਲਰਾਜ ਦੀ ਫੌਜ ਐਸੀ ਜਾਨ ਤੋੜ ਕੇ ਲੜੀ ਜੋ ਅੰਗ੍ਰੇਜ਼ੀ ਫੌਜ ਸੱਤੇ ਸੁਧਾਂ ਭੁਲ ਗਈ ਤਦੋਂ ਨੂੰ ਰਾਤ ਪੈਣੇ ਕਰਕੇ ਮੂਲਰਾਜ ਦੀ ਫੌਜ ਸ਼ਹਿਰ ਵਿੱਚ ਚਲੀ ਗਈ। ਜੇਕਰ ਓਦੋਂ ਮੂਲਰਾਜ ਜ਼ੋਰ ਦਿੰਦਾ ਤਾਂ ਫਤੇ ਪਾ ਲੈਂਦਾ ਪਰ ਸਾਹਬਾਜ਼ ਖਾਂ ਆਦਿਕ ਮੂਲਰਾਜ ਦੇ ਮੁਸਾਹਿਬਾਂ ਨੇ ਜੋ ਅੰਗ੍ਰੇਜ਼ਾਂ ਨਾਲ ਮਿਲੇ ਹੋਏ ਸੇ ਕੁਛ ਨ ਬਣਨ ਦਿੱਤਾ। — ਹੁਣ ਅੰਗ੍ਰੇਜ਼ਾਂ ਨੇ ਮੁਲਤਾਨ ਦਾ ਕਿਲਾ ਅਟੁੱਟ ਸਮਝਿਆ ਤੇ ਫੌਜ ਦੀ ਉਡੀਕ ਵਿੱਚ ਲੜਾਈ ਛੱਡ ਕੇ ਟਿੱਬੀ ਦੇ ਮੁਕਾਮ ਡੇਰਾ ਲਾ ਰੱਖਿਆ।

ਉਸ ਸਮੇਂ ਲਾਰਡ ਡਲਹੌਜ਼ੀ ਨਾਮੀ ਗਵਰਨਰ ਜਨਰਲ ਸੀ ਉਸ ਦੇ ਹੁਕਮ ਨਾਲ ਲਾਰਡ

Digitized by Panjab Digital Library | www.panjabdigilib.org

ਗਫ ਸਾਹਿਬ ਕਮਾਂਡਰ ਇਨਚੀਫ ਹਿੰਦੁਸਤਾਨ ਤੋਂ ਫੌਜ ਲੈਕੇ ਪਹੁੰਚਿਆ ਤੇ ੨੨ ਭਾਦ੍ਰੋਂ ਨੂੰ ਜਦ ਕਰਾਂਚੀ ੫੦੭
ਤੋਂ ਬੀ ਕਮਾਂਡਰ ਇਨਚੀਫ ੯ ਹਜਾਰ ਲੜਾਕੀ ਸਿਪਾਹ ਲੈਕੇ ਆ ਗਿਆ ਤੇ ੩੨ ਹਜਾਰ ਸਿਪਾ
ਹ ਕੱਠੀ ਹੋ ਗਈ ਤਾਂ ੨੬ ਭਾਦ੍ਰੋਂ ਨੂੰ ਜੰਗ ਆਰੰਭ ਦਿੱਤਾ। — ।।ਮੂਲਰਾਜ ਪਾਸ ਚੌਦਾਂ ਹਜਾਰ ਸਿ
ਪਾਹੀ ਤੇ ੧੬ ਤੋਪਾਂ ਸਨ। ਰੋਜ ਤੋਪ ਬੰਦੂਕ ਚਲਦੀ ਰਹੀ। ਪੰਦ੍ਰਾਂ ਸੌ ਮਜਬੀ ਸਿੰਘ ਜਿੱਧਰ ਨੂੰ ਹੱਲਾ
ਕਰਕੇ ਪਏ ਅੰਗ੍ਰੇਜੀ ਸਿਪਾਹ ਦੇ ਲੱਕ ਤੋੜ ਘੱਤੇ। —
ਉਸੇ ਸਮੇ ਦੂਜੇ ਪਾਸੇ ਇੱਕ ਹੋਰ ਊਧਮ ਮੱਚ ਗਿਆ ਜੋ ਮੁਲਕ ਹਜਾਰੇ ਦੇ ਸੂਬੇਦਾਰ ਸਰਦਾਰ
ਚਤ੍ਰ ਸਿੰਘ ਅਟਾਰੀ ਵਾਲ੍ਰੇ ਨੇ ੨੨ ਸਾਉਣ ਨੂੰ ਅੰਗ੍ਰੇਜਾਂ ਦੇ ਵਿਰੁੱਧ ਝੰਡਾ ਖੜਾ ਕਰ ਦਿੱਤਾ। —
ਕਰਨਲ ਕਨਵਰ ਸਾਹਿਬ ਨੂੰ ਕਤਲ ਕਰਕੇ ਅਟਕ ਵੱਨੀ ਤੁਰ ਪਿਆ। — ।।ਜਾਰੇ ਦੇ
ਸ ਵਿੱਚ ਏਸ ਬਖੇੜੇ ਦੀ ਐਡੀ ਅੱਗ ਭੜਕੀ ਜੋ ਸਾਰੀ ਸਿਪਾਹ ਜੇੜ੍ਹੀ ਰਜੀਡੈਂਟ ਨੇ ਹਟਾਈ ਸੀ
ਚਤ੍ਰ ਸਿੰਘ ਵੱਲ ਹੋ ਗਈ। ਰਾਜੇ ਰੌਲਾ ਪੈ ਗਿਆ ਤੇ ਪਸਾਵਰ ਆਦਿਕ ਮਕਾਨਾਂ ਦੀ ਫੌਜ ਬੀ
ਬਿਗੜਕੇ ਚਤ੍ਰ ਸਿੰਘ ਨਾਲ ਜਾ ਮਿਲੀ। ——— ।।ਜਾਰਜ ਲਾਰੈਂਸ ਸਾਹਿਬ ਆਦਿਕ ਕ
ਈ ਅੰਗ੍ਰੇਜ ਉਧਰ ਦੇ ਹਾਕਮ ਸਰਦਾਰ ਚਤ੍ਰ ਸਿੰਘ ਨੇ ਕੈਦ ਕਰ ਲਏ। —
ਅਮੀਰ ਕਾਬੁਲ ਬੀ ਉਸੇ ਦਾ ਸਲਾਹੀ ਹੋ ਬੈਠਾ, ਸਾਰੀ ਪੰਜਾਬ ਵਿੱਚ ਏਹ ਢੋਲ ਵੱਜ ਗਿ
ਆ, ਕਿ, ਜੋ ਕੋਈ ਏਸ ਧਰਮ ਦੇ ਝੰਡੇ ਦਾ ਸਾਥੀ ਹੋਕੇ ਅੰਗ੍ਰੇਜਾਂ ਨੂੰ ਮਾਰੇ ਮਰੇਗਾ। ਉਸ ਨੂੰ
ਗੁਰੂ ਮਹਾਂਰਾਜ ਕੇ ਘਰੋਂ ਬਡੀ ਪਦਵੀ ਮਿਲੇਗੀ। ਏਸ ਰਾਮਰੌਲੇ ਵਿਚ ਪੰਜਾਹ ਹਜਾ
ਰ ਸਿਪਾਹ ਇਕੱਠੀ ਹੋਗਈ। ਤਦੋਂ ਚਤ੍ਰ ਸਿੰਘ ਨੇ ਆਪਣੇ ਪੁੱਤ੍ਰ ਸੇਰ ਸਿੰਘ ਨੂੰ ਜੋ ਲਾਹੌਰ ਵੱਲੋਂ
ਅੰਗ੍ਰੇਜੀ ਫੌਜ ਦੇ ਨਾਲ ਮੁਲਤਾਨ ਤੇ ਗਿਆ ਸੀ, ਮੂਲਰਾਜ ਨਾਲ ਮਿਲਣ ਵਾਸਤੇ ਲਿ
ਖ ਭੇਜਿਆ। ਜਦ ਸੇਰ ਸਿੰਘ ਨੇ ਮੂਲਰਾਜ ਨੂੰ ਮਿਲਣੇ ਦਾ ਸਨੇਹਾ ਦਿੱਤਾ ਤਦ ਪਹਿਲੇ ਤਾਂ ਉਸ
ਨੇ ਖੁਸੀ ਹੋਕੇ ਮੰਨ ਲਿਆ ਪਰ ਜਦ ਸੇਰ ਸਿੰਘ ਫੌਜ ਲੈਕੇ ਕਿਲ੍ਹੇ ਪਾਸ ਜਾ ਉਤਰਿਆ ਤਾਂ
ਅੰਗ੍ਰੇਜਾਂ ਨੇ ਮੂਲਰਾਜ ਤੇ ਸੇਰ ਸਿੰਘ ਦੇ ਨਾ ਮਿਲਣ ਵਾਸਤੇ ਉਹ ਫਰੇਬ ਖੇਡਿਆ ਜਿਸ ਤੋਂ
ਉਸ ਨੂੰ ਏਹ ਸੱਕ ਪੈ ਗਿਆ ਕਿ ਸੇਰ ਸਿੰਘ ਦਗਾ ਕਰਨ ਆਯਾ ਹੈ। ਅਤੇ ਇੱਕ ਚਿੱਠੀ ਅੰ
ਗ੍ਰੇਜਾਂ ਵੱਲੋਂ ਸੇਰ ਸਿੰਘ ਦੇ ਨਾਮ ਲਿਖੀ ਹੋਈ ਏਸ ਮਜਮੂਨ ਦੀ ਕਿ ਜੇੜ੍ਹਾ ਕੰਮ ਤੂੰ ਕਰਨ ਦਾ
ਇਕਰਾਰ ਕਰ ਗਿਆ ਸੈਂ ਉਹ ਛੇਤੀ ਕਰ ਆਏ। ਚਿੱਠੀ ਮੂਲਰਾਜ ਪਾਸ ਪਹੁੰਚੀ। —
ਜਿਸ ਕਰਕੇ ਮੂਲਰਾਜ ਸੇਰ ਸਿੰਘ ਨੂੰ ਦੁਸਮਨ ਸਮਝ ਬੈਠਾ। ਸੇਰ ਸਿੰਘ ਨੇ ਮੂਲਰਾਜ
ਦੀ ਮੱਤ ਫਿਰੀ ਹੋਈ ਦੇਖਕੇ ਚਤ੍ਰ ਸਿੰਘ ਵੱਲ ਕੂਚ ਕਰ ਦਿੱਤਾ। — ।।ਜੇਕਰ ਦੇ ਮੂਲਰਾਜ

Digitized by Panjab Digital Library | www.panjabdigilib.org

੦੮ ਉਸ ਨੂੰ ਮਿਲ ਲੈਂਦਾ, ਤਾਂ ਅੰਗ੍ਰੇਜ਼ ਆਪੇ ਪੰਜਾਬ ਛੱਡ ਜਾਂਦੇ, ਪਰ ਭਾਵੀ ਏਸੇ ਤਰਾਂ ਹੋਣੀ
ਸੀ।। — ।। ਉਸੇ ਸਮੇਂ ਬੰਨੂੰ ਵਿੱਚ ਸਿੱਖਾਂ ਨੇ ਕਰਨੈਲ ਹੋਮਸ ਸਾਹਿਬ ਤੇ
ਫਤੇ ਖਾਂ ਟੁਵਾਣੇ ਨੂੰ ਮਾਰਕੇ ਓਹ ਰੜ੍ਹਕ ਕੱਢੀ, ਜੋ ਉਸ ਨੇ ਕੌਰ ਪਸ਼ੌਰਾ ਸਿੰਘ ਨੂੰ ਦਗ਼ੇ ਨਾਲ੍ਹ
ਕਤਲ ਕੀਤਾ ਸੀ।। — ।। ਓੜਕ ਅੱਸੂ ਨੂੰ ਬਰੇਗੇਡੀਰ ਡੈਂਡਰ ਸਾਹਿਬ ਬੰਬਈ ਦੀ
ਫੌਜ ਲੈ ਕੇ ਮੁਲਤਾਨ ਆ ਪਹੁੰਚਿਆ ਤਾਂ ੧੫ ਅੱਸੂ ਨੂੰ ਜੋਰ ਦੇ ਕੇ ਸਾਉਣ ਮੱਲ ਦਾ ਬਾਗ ਤੇ
ਸਮਸ ਤਬਰੇਜ਼ ਦਾ ਮਕਬਰਾ ਛੁਡਾ ਲੀਤਾ।। ੧੧ ਨੂੰ ਸਿੱਖਾਂ ਦੀਆਂ ਦੋ ਪਲਟਨਾਂ ਨੇ ਦਿ
ਲੀ ਦਰਵਾਜ਼ੇ ਅੰਦਰੋਂ ਨਿਕਲ ਕੇ ਅੰਗ੍ਰੇਜ਼ੀ ਸਿਪਾਹ ਬਹੁਤ ਮਾਰੀ ਤੇ ਬੁਰੇ ਦੰਦ ਖੱਟੇ ਕੀਤੇ
੨੧ ਨੂੰ ਅੰਦਰੋਂ ਭੇਤ ਪਾ ਕੇ ਕਿਲੇ ਵਿੱਚ ਗਾਲ੍ਹ ਦੇ ਗੋਲ੍ਹੇ ਮਾਰ ਕੇ ਮੇਗਜ਼ੀਨ ਨੂੰ ਅੱਗ ਲਾ ਦਿੱਤੀ
ਜਿਸ ਨਾਲ੍ਹ ਪੰਜ ਸੈ ਧਾੜੀ ਉੱਡ ਗਿਆ। ਏਸ ਕਹਿਰ ਨੇ ਜਦੋਂ ਪਿ
ਕਿਲੇ ਵਾਲਿਆਂ ਦੇ ਹਵਾਸ ਉਡਾ ਦਿੱਤੇ ਪਰ ਲੜਦੇ ਰਹੇ। ਫੇਰ ਤਾਂ ਜਦ ੧੯ ਕੱਤਕ ਨੂੰ
ਅੰਗ੍ਰੇਜਾਂ ਨੇ ਸਹਿਰੀਆਂ ਤੋਂ ਦਿੱਲੀ ਦਰਵਾਜ਼ਾ ਖੁਲ੍ਹਵਾ ਲਿਆ ਨਾਲੇ ਖੂੰਨੀ ਬੁਰਜ ਪਾਸੋਂ
ਕੋਟ ਭੰਨ ਕੇ ਸ਼ਹਿਰ ਵਿੱਚ ਆਪਣਾ ਦਖਲ ਕਰ ਲੀਤਾ ਕਹਿੰਦੇ ਹਨ ਉਸ ਦਿਨ ਐਸਾ ਜੋਰ
ਹੋਯਾ, ਗਲੀਆਂ ਬਜਾਰਾਂ ਵਿੱਚ ਮੁਰਦੇ ਉੱਤੇ ਮੁਰਦਾ ਚੜ੍ਹ ਗਿਆ ਤੇ ਲਹੂ ਨਾਲ ਮੋਰੀਆਂ ਭ
ਰ ਗਈਆਂ। ਅੰਗ੍ਰੇਜ਼ੀ ਫੌਜ ਨੇ ਕਿਲੇ ਨੂੰ ਘੇਰ ਕੇ ਸਬ ਚੀਜ਼ ਅੰਦਰੋਂ ਜਾਣੀ ਬੰਦ ਕਰ ਦਿੱਤੀ।
ਤਾਂ ਬੀ ਮੂਲਰਾਜ ਬੜੀ ਬਹਾਦਰੀ ਨਾਲ ਦੋ ਮਹੀਨੇ ਅੰਦਰੋਂ ਲੜਦਾ ਰਿਹਾ, ਓੜਕ ਜਦ ਫੌਜ ਭੁੱ
ਖੀ ਮਰਨ ਲੱਗੀ ਤੇ ਅੰਗ੍ਰੇਜਾਂ ਵੱਲੋਂ ਸੁਨੇਹੇ ਉੱਤੇ ਸੁਨੇਹਾ ਜਾਏ ਕੇ ਤੇਰੇ ਜਾਨ ਮਾਲ ਬਖਸ਼ੇ ਜਾ
ਣਗੇ ਤੂੰ ਮਿਲ ਪਾਹ ਤਾਂ ਉਸ ਨੇ ੨੨ ਜਨਵਰੀ ਸੰ: ੧੮੪੯ ਈ: ਤੇ ੧੧ ਮਾਘ ਸੰ: ੧੯੦੫
ਬਿ: ਕੋ ਆਪਣਾ ਆਪ ਅੰਗ੍ਰੇਜਾਂ ਦੇ ਹਵਾਲੇ ਕਰ ਦਿੱਤਾ ਅੰਗ੍ਰੇਜਾਂ ਨੇ ਕਿਲੇ ਵਿੱਚ ਆਪਣਾ ਦਖ
ਲ ਕਰਕੇ ਉਸ ਨੂੰ ਲਾਹੌਰ ਲਿਆ ਕਰ ਅਪਰਾਧੀ ਠਹਿਰਾ ਕਾਲੇ ਪਾਣੀ ਨੂੰ ਚਲਾ ਦਿੱਤਾ ਜਿੱ
ਥੇ ਓਹ ਬੀਮਾਰ ਹੋ ਕੇ ਗੁਜ਼ਰ ਗਿਆ।। —
।। ਲਾਰਡ ਡਲਹੌਜ਼ੀ ਨੇ ਮੁਲਤਾਨ ਦੀ ਮਦਦ ਬਦਲੇ ਨੁਵਾਬ ਬਹਾਵਲਪੁਰੀਏ ਇੱਕ ਲਾਖ
ਰੁਪਯਾ ਸਾਲ ਦੀ ਪਿਨਸਨ ਤੇ ਉਸ ਦੀ ਫੌਜ ਨੂੰ ਇੱਕ ਲੱਖ ਇਨਾਮ ਬਖਸ਼ਿਆ।। —
।। ਹੁਣ ਮੁਲਤਾਨ ਫਤੇ ਕਰਕੇ ਉਧਰ ਦੀ ਫੌਜ ਬੀ ਸਰਦਾਰ ਚੜ੍ਹਤ ਸਿੰਘ ਵਲੀ ਭੁਕਾਈ। ਏਦੂੰ ਪ
ਹਿਲੇ ੨੮ ਨੁਵੰਬਰ ਸੰ: ੧੮੦੮ ਈ: ਤੇ ੧੬ ਮੱਘਰ ਸੰ: ੧੯੦੫ ਬਿ: ਕੋ ਰਾਮ ਨਗਰ ਪਾਸ ਦ
ਰਿਆ ਝਨਾਂ ਦੇ ਕਨਾਰੇ ਰਾਜੇ ਸ਼ੇਰ ਸਿੰਘ ਨਾਲ੍ਹ ਲਾਰਡ ਗਾਫ ਸਾਹਿਬ ਕਮਾਂਡਰ ਚੀਫ ਦੀ ਭਾਰੀ ਮੁ

Digitized by Panjab Digital Library | www.panjabdigilib.org

ਭੇੜ ਹੋਈ॥— ॥ਜੱਦ ਪਿਛ੍ਹ ਬ੍ਰੇਗਡੀਅਰ ਕੈਮਸਲ ਤੇ ਜਨਰਲ ਕਰਟਨ ਆਦਿਕ ਬੀ ਸਾਜ ੦੫੦ਈ
ਰ ਫੌਜ ਲੈ ਜਾਕੇ ਬੜੇ ਜੋਰ ਨਾਲ ਜਾਨਾਂ ਤੋੜ ਕੇ ਲੜੇ॥ ਪਰ ਇੱਕ ਤਾਂ ਰੇਤਲੀ ਜ਼ਮੀਨ ਵਿੱਚ ਤੋਪਾਂ ਦੇ
ਨ ਫਿਰਨੇ ਕਰ ਨੁਕਸਾਨ ਹੋਇਆ॥ ਦੂਜੇ ਪੈਦਲ ਫੌਜ ਸਿੱਖਾਂ ਦੀ ਅੱਗੇ ਬਧਕੇ ਲੜੀ॥ ਜਾਂ ਉਸ ਉੱਤੇ
ਜੋਰ ਪਿਆ ਉਹ ਪਿੱਛੇ ਹਟਦੀ ਗਈ, ਅੰਗ੍ਰੇਜ਼ੀ ਫੌਜ ਉਸ ਦੇ ਮੋਂਢੇ ਚੜ੍ਹੀ ਗਈ॥ ਐਨ ਮੌਕੇ ਪਰ
ਜਾਕੇ (ਜਿਥੇ ਅਸਵਾਰੀ ਫੌਜ ਤੇ ਪੁੜਨੈਲ ਤੋਪਾਂ ਦਰਿਆ ਦੇ ਕੰਢੇ ਝਾੜ ਵਿੱਚ ਲੀਸੇ ਥਾਂਉਂ ਖੜੀ
ਆਂ ਸਨ॥) ਪੈਦਲ ਸਿੱਖ ਤਾਂ ਦੂਹਲੇ ਹੋ ਗਏ॥ ਘੋੜ ਚੜ੍ਹੇ ਅਚਾਨਕ ਅੰਗ੍ਰੇਜ਼ੀ ਫੌਜ ਦੇ ਗਲ
ਆ ਪਏ॥ ਫੇਰ ਤਾਂ ਤਰਵਾਰ ਤੇ ਬੰਦੂਕ ਅਜੇਹੀ ਚੱਲੀ ਜਿਸ ਦੀਆਂ ਵਾਰਾਂ ਢਾਡੀ ਅੱਜ ਤਕ ਗਾਉਂ
ਦੇ ਹਨ॥ ਜਿਥੋਂ ਅੰਗ੍ਰੇਜ਼ਾਂ ਨੂੰ ਭਾਰੀ ਨੁਕਸਾਨ ਉਠਾਕੇ ਕਈ ਕੋਹ ਪਿੱਛੇ ਹਟਨਾ ਪਿਆ॥ ਕਰਨਲ ਵਿ
ਲਯਮ ਹੈਵਲਾਕ ਔਰ ਜਰਨਲ ਕਰਟਨ ਸਾਹਿਬ ਆਦਿਕ ਬੜੇ ੨ ਅਫਸਰ ਸੂਰਬੀਰ ਬ
ਹੁਤ ਸੀ ਸਿਪਾਹ ਸਮੇਤ ਉਥੇ ਸ਼ਹੀਦ ਹੋ ਗਏ॥ ਜੇ ਉਸ ਦਿਨ ਸਿੱਖ ਪਿੱਛਾ ਦਬਾਈ ਜਾਂਦੇ ਤਾਂ ਲੌ
ਹੌਰ ਦੇ ਕੇ ਸੁਲਾ ਕਰ ਲੈਣ ਨੂੰ ਅੰਗ੍ਰੇਜ਼ ਤਿਆਰ ਸੇ॥ ਪਰ ਜਨਰਲ ਮਾਥੇ ਖਾਂ ਸਹਿਮੂਦ ਖਾਂ ਆਦਿ
ਕ ਮੁਸਲਮਾਨਾਂ ਨੇ ਜੋ ਦੂਲਾ ਮਸਲੇ ਦੀ ਚੂਹੀ ਬਣ ਰਹੇ ਸੇ ਸਿੱਖਾਂ ਨੂੰ ਅੱਗੇ ਵਧਣ ਨਾ ਦਿੱਤਾ॥
ਮਹੀਨੇ ੧੮ ਮੱਘਰ ੨ ਦਸੰਬਰ ਕੋ ਲਾਰਡ ਗਫ ਨੇ ਫੇਰ ਬਹੁਤ ਸੀ ਫੌਜ ਜਮਾ ਕਰਕੇ ਦੋਦ ਦੂਜਾ ਜੰਗ। ਸਾਦੁਲਾਪੁਰ
ਲਾਰਯਾ॥ ਇੱਕ ਤਾਂ ਆਪ ਸੱਜੇ ਹੱਥੋਂ ਸਿੱਖਾਂ ਉੱਤੇ ਪਿਆ॥ ਦੂਜੇ ਜਨਰਲ ਠੈਕਵੈਲ ਸਾਹਿਬ
ਨੇ ੮ ਹਜਾਰ ਸਿਪਾਹ ਨਾਲ ਵਜੀਰਾਬਾਦ ਪਾਸੋਂ ਚਨਾਬ ਲੰਘਕੇ ਅਨੇਕ ਟਾਕਰੇ ਕੀਤੇ॥—
ਤੀਜੇ ਬ੍ਰੇਗਡੀਅਰ ਬਾਲੀ ਸਾਹਿਬ ਨੇ ਦਸ ਹਜਾਰ ਫੌਜ ਨਾਲ ਝਨਾ ਪਾਰੋਂ ਉੱਤੇ ੨ ਆ
ਸਿੱਖਾਂ ਨੂੰ ਦਬਾਯਾ॥ ਚੌਥੇ ਜਨਰਲ ਸਰ ਵਾਲਰ ਸਾਹਿਬ ਅਸਵਾਰੀ ਫੌਜ ਲੈਕੇ ਕਨਾਰੇ
ਦਰਿਆ ਦੇ ਆਯਾ॥— ॥ਏਹੋ ਜੇਹੇ ਜੰਗ ਦੇ ਨਿਰਾਲੇ ਰੰਗ ਢੰਗ ਨਾਲ ਐਸੀ ਬਹਾ
ਦਰੀ ਬੀਤੀ ਤੇ ਜਾਨਾਂ ਤੋੜ ਕੇ ਲੜੇ ਤੇ ਐਸੀ ਝੜਭੜੀ ਦਿਖਾਈ ਸਿੱਖਾਂ ਦੀ ਬੇਬੇ ਬੋਲ ਗਈ॥
ਏਹੋ ਆਖਣ ਲੱਗ ਪਏ ਕੇ ਏਹ ਕਿਥੋਂ ਆ ਕੇ ਫਰੇਸ਼ਤੇ ਸਾਨੂੰ ਚਿਮੜੇ ਹਨ॥ ਰੱਬ ਸਬੱਬਾਂ ਛੇਕ
ੜ ਸੇਰ ਸਿੰਘ ਤੋਂ ਤਾਂ ਰਾਮ ਨਗਰ ਵਿਨੀ ਦਾ ਮੋਰਚਾ ਛੁਡ ਲੀਤਾ॥ ਪਰ ਲਾਲ ਸਿੰਘ ਮਰਾੜੀਆ
ਜਵਾਹਰ ਸਿੰਘ ਨਲੂਆ ਜਰਨਲ ਹਰਸਾ ਸਿੰਘ ਰਾਮ ਸਿੰਘ ਛਾਪਾ ਏਹੋ ਜੇਹੇ ਸਰਦਾਰਾਂ
ਦੇ ਜੰਗ ਨੇ ਜੋ ਰਸੂਲਪੁਰ ਲੜ ਰਹੇ ਸੇ॥— ॥ਹਾਰ ਜਿੱਤ ਤੈਰੀ ਤਰਾਂ ਤਾਂ ਉਘੜ ਕਿ
ਸੇ ਦੀ ਨਾ ਹੋਈ॥ ਪਰ ਸਿੱਖਾਂ ਦੇ ਪੈਰ ਉਖੜ ਗਏ॥ ਸੇਰ ਸਿੰਘ ਬੀ ਲੜਦਾ ਭਿੜਦਾ ਰਿਹਾ॥
ਰਾਤ ਬਤੀਨੰਦੀ ਰਹੀ॥ ਦੋਹੀਂ ਪਾਸੀਂ ਫੌਜਾਂ ਹਫਕੇ ਉੱਡ ਪਈਆਂ॥ ਨੁਕਸਾਨ ਉਟਣੀ ਦੋਹਾਂ

Digitized by Panjab Digital Library | www.panjabdigilib.org

੫੧੦ ਵੱਲੋਂ ਬਹੁਤ ਹੋਇਆ। ਕਈ ਕੋਹ ਵਿੱਚ ਰੁੰਡ ਮੁੰਡ ਪਏ ਰੁਲੇ।।—

ਹੁਣ ਰਾਜੇ ਸ਼ੇਰ ਸਿੰਘ ਨੇ ਅਪਣੇ ਬਾਪ ਚਤਰ ਸਿੰਘ ਨਾਲ ਰਲਕੇ ਜੰਗ ਕਰਨ ਦੀ ਠਾਣਕੇ ਉਧਰ ਨੂੰ ਕੂਚ ਕਰ ਦਿੱਤਾ। ਫਰੰਗੀਆਂ ਨੇ ਚਾਹਿਆ ਕਿ ਏਹ ਦੋਵੇਂ ਕੱਠੇ ਨਾ ਹੋਣ ਤਾਂ ਚੰਗਾ ਹੈ।।— ਜੇ ਕੱਠੇ ਹੋਏ ਤਾਂ ਗਜ਼ਬ ਲਿਆ ਦੇਣਗੇ।।— ।।ਲਾਰਡ ਗਫ ਸਾਹਿਬ ਬਹਾਦੁਰ ਨੇ ਸਿੰਘਾਂ ਦੇ ਘੇਰਨ ਲਈ ਅਪਣੇ ਦਲ ਨੂੰ ਵੰਗਾਰਿਆ ਤੇ ਕਰੜਾ ਹੁਕਮ ਦਿੱਤਾ, ਤੇ ਆਪ ਬੀ ਘੇਰਨ ਵਿੱਚ ਕਾਈ ਕਸਰ ਨਾ ਛੱਡੀ। ਅਤੇ ਜਨਰਲ ਠੈਕ ਵੈਲ ਤੇ ਜਨਰਲ ਵਾਲਟਰ ਆਦਿਕ ਜਰਨੈਲਾਂ ਕਰਨੈਲਾਂ ਨੇ ਬਡੇ ਜੋਰ ਨਾਲ ਹੱਲੇ ਕਰ ੨ ਬਥੇਰੇ ਜਤਨ ਕੀਤੇ, ਪਰ ਸਿੰਘ ਘਿਰੇ ਨਾਂ ਬਲਕੇ ਮੋਗ ਰਸੂਲ ਦੇ ਨੇੜੇ ਭਾਰੀ ਸਿੰਘਾਂ ਸਿੰਘੀ ਦੀ ਮੁਠਭੇੜ ਹੋਈ ਅੰਗ੍ਰੇਜੀ ਫੌਜ ਨੇ ਸਮੁੰਦ੍ਰ ਦੀਆਂ ਲਹਿਰਾਂ ਵਾਂਗੂੰ ਗੱਜ ਗੱਜ ਕੇ ਹੱਲੇ ਕਰ ਸਿੰਘਾਂ ਉੱਤੇ ਬੁਰੇ ਸਾਰ ਦੇ ਮੀਂਹ ਬਰਸਾਏ ਤੇ ਅਪਣੇ ਸਾਰੇ ਚਾਲੇ ਕੀਤੇ ਪਰ ਸਿੰਘ ਨਾਂ ਈ ਰੁਕੇ। ਸ਼ੇਰ ਸਿੰਘ ਨੇ ਜੋ ਲੜਨ ਦੇ ਬਾਰੇ ਦਾਉ ਘਾਉ ਜਾਣਦਾ ਸੀ ਇਕ ਐਸੀ ਜਗਾ ਜੇਹਲਮ ਕਨਾਰੇ ਜਾ ਡੇਰਾ ਲਾਯਾ ਜਿੱਥੋਂ ਪਰਲੋ ਦੇ ਦਿਨ ਤਕ ਬੀ ਕੋਈ ਨਾ ਹਿਲਾ ਸੱਕੇ। ਕਿਉਂਕੇ ਉਥੇ ਕੁਦਰਤੀ ਕਿਲਾ ਟਿੱਬੀਆਂ ਦਾ ਹੈ ਸੀ ਇੱਕ ਪਾਸੇ ਦਰਿਆ ਦੂਜੀ ਤਰਫ ਦੂਰ ਤਕ ਸੰਘਣਾ ਜੰਗਲ ਤੇ ਪਿੰਡ ਸਨ। ਉਥੋਂ ਤਿੰਨ ਕੋਹ ਚੇਲਿਆਂ ਵਾਲੀ ਤੇ ਮੌਜੀਆਂ ਦੇ ਵਿਚਕਾਰ ਮੋਰਚੇ ਕਾਇਮ ਕਰ ਦਿੱਤੇ।।—

ਤੀਜੀ ਲੜਾਈ ਦੀ ਚੇਲੀਆਂ ਵਾਲੀਆਂ ਦੀ

੧੩ ਦਸੰਬਰ ਸ: ੧੮੪੮ ਤੋਂ ਲੈਕੇ ੧੨ ਫਰਵਰੀ ਸ: ੪੯ ਈ: ਤਕ ਦੋ ਮਹੀਨੇ ਦੋਵੇਂ ਦਲ ਮੁਕਾਬਲੇ ਵਿੱਚ ਉਤਰੇ ਰਹੇ।।— ।ਤਦ ਜੋ ਥੋੜੇ ਥੋੜੇ ਜੁੱਧ ਹੁੰਦੇ ਰਹੇ ਉਨਾਂ ਵਿੱਚ ਫਰੰਗੀਆਂ ਦਾ ਬਹੁਤ ਨੁਕਸਾਨ ਹੋਯਾ।।———— ।।ਛੇਕੜ ੧੩ ਫਰਵਰੀ ਤੇ ੧ ਫਗਣ ਨੂੰ ਇੱਕ ਬਡੀ ਭਾਰੀ ਲੜਾਈ ਤ੍ਰੈਮ ਤੜਾਕ ਦੀ ਹੋਕੇ ਕਟਾ ਕੁੱਟ ਮੱਚੀ। ਅੱਧੀ ਰਾਤ ਤਕ ਜੋਧਿਆਂ ਨੇ ਦੋਹਾਂ ਪਾਸਿਆਂ ਤੋਂ ਬਥੇਰੇ ਹੱਥ ਕੀਤੇ ਤੇ ਘਾਣਾਂ ਦੇ ਘਾਣ ਲਾਹੇ ਪਰ ਫਸਤਾ ਵਿੱਚੇ ਰਿਹਾ।।——— ।।ਕਨਿੰਗਹਮ ਸਾਹਿਬ ਲਿਖਦਾ ਹੈ ਕੇ ਮੈਂ ਖਲਵਾੜੇ ਵਿੱਚੋਂ ਮੁੱਠੀ ਭਰਕੇ ਦਿਖਾਉਣ ਵਾਂਗੂੰ ਉਸ ਦਿਨ ਦੇ ਜੰਗ ਦਾ ਇੱਕ ਨਮੂਨਾ ਸਿੰਘਾਂ ਦੀ ਬਹਾਦੁਰੀ ਦਾ ਏਹ ਦਿਖਾਉਨਾ ਹਾਂ।। ਜੋ ੬੩ ਸਿੰਘ ਤਲਵਾਰਾਂ ਸੂਤਕੇ ਅਕਾਲ ੨ ਗਜਾਉਂਦੇ ੪੫ ਦੇ ਗੋਰਿਆਂ ਦੇ ਝੁੰਡ ਉੱਤੇ, ਜੋ ਤੋਪਾਂ ਚਲਾ ਰਿਹਾ ਸੀ, ਆਪਏ। ਉਨਾਂ ਗੋਰਿਆਂ ਨੂੰ ਮਾਰ ਕੁੱਟਕੇ ਭਜਾ ਕਰ ੬ ਤੋਪਾਂ ਬੀ ਖੋਹਦੇ ਦੀਤਰਾਂ ਰੋੜਕੇ ਲੈ ਗਏ।।—— ।ਜਿਨਾਂ ਦੀ ਸ਼ੇਰਾਂ ਵਾਲੀ ਝੁੱਟ ਨੂੰ ਦੇਖਕੇ ਜਨਰਲ ਕੈਂਬਲ ਤੇ ਸਰ ਵਾਲਟਰ ਅਤੇ ਗਿਲਬਰਟ ਜਿਨਾਂ ਬਹਾਦੁਰਾਂ ਨੇ ਚੀਨ ਫਤੇ ਕੀਤੀ ਸੀ, ਹੱਕੇ ਬੱਕੇ ਰਹਿਗਏ।।—

Digitized by Panjab Digital Library | www.panjabdigilib.org

ਫੇਰ ਹਾਥੀਆਂ ਵਾਲੀਆਂ ਤੋਪਾਂ ਅੱਗੇ ਲਿਆ ਕੇ ਬੜੇ ਜੋਰ ਸੋਰ ਨਾਲ ਅੱਧੀ ਰਾਤ ਤੁਕ ਗੋਲ ੫੧੧
ਆਂ ਦਾ ਮੀਂਹ ਬਰਸਾਇਆ ਤੇ ਤੜੀ ਦੇ ਕੇ ਜਾਨਾਂ ਹੀਲ੨ ਬਹੁਤ ਲੜੇ ਪਰ ਫੇਰ ਬੀ ਇੱਕੋ ਇੱਕ
ਨਾ ਹੋਈ।— ।।ਓਦਣ ਸਿੱਖਾਂ ਨੇ ਅਜੇਹੇ ਨਿਸਾਨੇ ਮਾਰੇ, ਅੰਗ੍ਰੇਜੀ ਅਨੇਕ ਤੋਪਾਂ ਦੇ ਮੂੰਹ ਬੰਦ ਕ
ਰ ਦਿੱਤੇ ਕਈ ਤਖਤਾਂ ਤੋਂ ਲਾਹ ਸਿੱਟੀਆਂ। ਕਹਿੰਦੇ ਹਨ ਇੱਕ ਪ੍ਰਿਥੀ ਸਿੰਘ ਜਰਨਲ ਗੋਲਅ
ਦਾਜ ਤੇ ਸੁਲਤਾਨ ਮਹਿਮੂਦ ਰਾਤ ਨੂੰ ਚਮਕਦੇ ਹੋਏ ਆਉਂਦੇ ਗੋਲੇ ਨੂੰ ਗੋਲਾ ਮਾਰ ਕੇ ਪਿੱਛੇ ਨੂੰ ਮੋ
ੜ ਦੇਂਦੇ ਰਹੇ। ਤੇ ਚੁਟਕੀ ਦੇ ਫੇਰ ਨਾਲ ਅੰਤੇ ਸੰਘਣੇ ਗੋਲੇ ਬਰਸਾਏ। ਬੜੇ੨ ਨਾਮੀ ਅੰਗ੍ਰੇਜ ਗੋ
ਲਅੰਦਾਜਾਂ ਦੇ ਹੋਸ਼ ਗੁਆ ਦਿੱਤੇ। ਸ਼ੇਰ ਦੀਨ ਤੇ ਸਰਦਾਰ ਗੁਲਾਬ ਸਿੰਘ ਭਾਗੋਵਾਲੀਆ ਏਹ ਦੋ
ਆਦਮੀ ਅਜੇਹੇ ਕਾਰੇ ਕਰਨ ਵਾਲੇ ਗੋਲੇ ਤੇ ਕੋਹਕ ਬਾਣ ਤੇ ਚਮੜੇ ਦੀਆਂ ਤੋਪਾਂ ਆਦਿਕ ਜੰਗ
ਦੇ ਸਾਮਾਨ ਨਵੇਂ ਨਵੇਂ ਢੰਗ ਦੇ ਪਲੋ ਪਲੀ ਵਿਚ ਤਿਆਰ ਕਰ ਦਿਖਾਉਂਦੇ ਸੇ ਜੋ ਅੱਜ ਤਕ ਕਿਸੇ
ਤੋਂ ਨਹੀਂ ਬਣੇ।— ।।ਏਸ ਜੰਗ ਵਿੱਚ ਬੜੇ੨ ਸਿੱਖ ਸਰਦਾਰ ਮਸਹੂਰ ਜੋਧੇ ਬਹੁਤ ਸਹੀ
ਦ ਹੋਏ, ਉਧਰ ੯੦੨ ਅੰਗ੍ਰੇਜ ਜੂਝੇ ਤੇ ੧੮੫੧ ਜਖਮੀ ਹੋਏ ਅੰਗ੍ਰੇਜੀ ਤਿੰਨ ਰਜਮਟਾਂ ਦਾ
ਕਿਤੇ ਪਤਾ ਨਹੀਂ ਲੱਗਾ। ਸਿੱਖਾਂ ਨੇ ਮਾਰ ਕੇ ਦਰਿਆ ਵਿੱਚ ਹੜ੍ਹਾ ਛੱਡੀਆਂ।—
ਮੌਕੇ ਜਿਸ ਨੂੰ ਮਾਰਿਆ ਵੇਖਦੇ ਸਿੱਖ ਗੁਰਦਾਰਿਆ ਦੀ ਭੇਟਾ ਕਰ ਦਿੰਦੇ ਸੇ।— ।।ਓਧਰੋਂ
ਕਰਨਲ ਵਿਲੀਅਮ ਜਰਨਲ ਹੈਵਲਾਕ ਤੇ ਜਰਨਲ ਕਰਟਨ ਤੇ ਕਰਨਲ ਟਾਈਐਰ ਕਰ
ਨਲ ਨਿਕਲਸ ਆਦਿਕ ਬਹੁਤ ਬੜੇ੨ ਉਹਦੇਦਾਰ ਸੂਰਬੀਰ ਬਹਾਦੁਰ ਅੰਗ੍ਰੇਜ ਸਾਹਿਬ ਹੋ
ਕੇ ਏਸ ਜੰਗ ਦੀ ਭੇਟ ਹੋਏ। ਤਾਂਹੀ ਏਹ ਚੇਲੀਆਂ ਮੌਜੀਆਂ ਦਾ ਜੰਗ ਮਸਹੂਰ ਹੋਇਆ ਤੇ ਦੀ ਓਥੇ
ਅੰਗ੍ਰੇਜਾਂ ਦਾ ਕਤਲ ਗਾੜ੍ਹ ਬਣਿਆ ਹੋਇਆ ਸੀ।—
ਮੁਹਿਮਦ ਲਤੀਫ ੭੦੫ ਸਫੇ ਉੱਤੇ ਲਿਖਦਾ ਹੈ ਕਿ ਜੋ ਹੀ ਕੁਝ ਏਹ ਲੜਾਈ ਲਹੂ ਪਾਣੀ ਇੱਕ
ਕਰਕੇ ਸਿੱਖਾਂ ਨੇ ਮਾਰੀ ਸੀ ਜੇਕਦੇ ਓਹੋ ਜੇਹੀ ਇੱਕ ਹੋਰ ਲੜਦੇ ਤਾਂ ਜਰੂਰ ਫਤੇ ਪਾਉਂਦੇ। ਪ
ਰ ਭਾਵੀ ਨੂੰ ਕੌਣ ਮੋੜੇ। ਏਸ ਜੰਗ ਤੋਂ ਪਹਿਲੇ ਇੱਕ ਮਹੀਨਾ ਅੰਗ੍ਰੇਜਾਂ ਨੇ ਬਥੇਰੇ ਦਾਉ ਪ੍ਯਾ
ਉ ਸਾਮ ਦਾਮ ਭੇਦ ਆਦਿਕ ਚਾਲੇ ਤੇ ਚਲਿੱਤ੍ਰ ਕੀਤਾ। ਪਰ ਜਿਨਾਂ ਸਿੱਖਾਂ ਨੇ ਜੁੱਧ ਵਿੱਚ ਹੀ
ਸਿਰ ਦੇਣ ਨੂੰ ਅਪਣਾ ਦ੍ਰਿੜ੍ਹ ਧਰਮ ਮੰਨ ਰੱਖਿਆ ਸੀ ਓਨਾਂ ਇੱਕ ਬੀ ਨਾ ਮੰਨੀ। ਸਿੱਖ ਵਿ
ਚਾਰੇ ਸਾਗ ਪੱਤ ਗਾਜਰ ਮੂਲੀ ਖਾ ਖਾ ਕੇ ਬੜੀ ਦਲੇਰੀ ਤੇ ਬਹਾਦੁਰੀ ਦੇ ਹੱਥ ਦਿਖਾਉਂਦੇ
ਤੇ ਧਰਮ ਜੁੱਧ ਕਰਦੇ ਰਹੇ। ਕਿਉਂਕੇ ਓਹ ਸਿੱਖ ਨਾਮ ਦੀ ਲਾਜ ਪਾਲਣੀ ਚਾਹੁੰਦੇ ਸੇ।—
।।ਏਸ ਜੰਗ ਵਿੱਚ ਜੁਹਾਰ ਸਿੰਘ ਨਲੂਆ, ਰਾਮ ਸਿੰਘ ਛਾਪਾ, ਜੋਧ ਸਿੰਘ ਛਾਪਾ ਅਰਜਨ

੫੧੨ ਸਿੰਘ ਰੰਘੜ ਨੰਗਲੀਆ, ਰਾਜਾ ਸ਼ੇਰ ਸਿੰਘ, ਚੜ੍ਹਤ ਸਿੰਘ, ਜਰਨੈਲ ਹਰਜਾ ਸਿੰਘ ਬੁਧ ਸਿੰਘ
ਮੇਹਰ ਸਿੰਘ, ਲਾਲ ਸਿੰਘ, ਰੂਪ ਸਿੰਘ ਹਰਦਿੱਤ ਸਿੰਘ ਪਧਾਣੀਆ, ਹਾਕਮ ਰਾਇ ਸਜ
ਲਕੋਟੀਆ, ਜੋਧ ਸਿੰਘ ਮਾਨ, ਜੁਧ ਸਿੰਘ ਛੀਨਾ, ਸ਼ੇਰ ਸਿੰਘ, ਬੂਟਾ ਸਿੰਘ ਕਮਲੇ, ਜੂਲਾ
ਸਿੰਘ, ਫੌਜਦਾਰ ਸਿੰਘ ਪੰਜ ਹੱਥੇ, ਬਦਨ ਸਿੰਘ ਠੇਠਰ, ਬਚਨ ਸਿੰਘ ਤਹਿਤੜ, ਸਮਸ਼ੇਰ
ਸਿੰਘ ਮਾੜੀ ਵਾਲਾ, ਗੰਡਾ ਸਿੰਘ ਮੱਟੂ, ਗੰਜਾ ਸਿੰਘ ਰਸਾਮ, ਨਿਹਾਲ ਸਿੰਘ ਲੰਬਾ, ਕਰਮ ਸਿੰ
ਘ ਫਤੇ ਸਿੰਘ ਉਪੰਦਰੀ, ਮਾਨ ਸਿੰਘ ਮੀਰਪੁਰੀਆ, ਬੁੱਧ ਸਿੰਘ ਸੁੱਧ ਸਿੰਘ ਦੂਦੇ ਸੂਰਤ
ਸਿੰਘ ਮਜੀਠੀਆ, ਲਾਲ ਸਿੰਘ ਮਰਾੜੀਆ, ਗੁਰਦਿੱਤ ਸਿੰਘ ਰਮਾਰੀ ਵਾਲਾ ਨੰਦ ਸਿੰਘ ਰੱ
ਬੂ ਨੰਗਲੀਆ, ਚੰਦਾ ਸਿੰਘ ਗੁਰਦਿੱਤ ਸਿੰਘ ਕਲਾਲ ਵਾਲੀਏ, ਕਾਨ ਸਿੰਘ ਪਧਾਣੀਆ,
ਫਤੇ ਸਿੰਘ ਬਹਿਪੁਰੀਆ, ਬੇਲਾ ਸਿੰਘ ਮੁੱਖਾਂ ਇਤਿਆਦਿਕ ਬੜੇ ੨ ਨਾਮੀ ੨ ਸਰਦਾਰ ਏਸ
ਧਰਮ ਜੁੱਧ ਵਿੱਚ ਤਲਵਾਰਾਂ ਖੋਹ ੨ ਸਭ ਤੋਂ ਅੱਗੇ ਧਧ ੨ ਕੇ ਮਾਰੋ ਮਾਰ ਪੁਕਾਰਦੇ ਹੋਏ ਲਹੂ
ਲੁਹਾਣ ਤੇ ਸਿਰੋਂ ਪਰੇ ਹੋ ਕੇ ਸ਼ਸਤ੍ਰ ਕਰਦੇ ਰਹੇ। ਹਾਰ ਜੀਤ ਪ੍ਰਮੇਸ਼ੁਰ ਦੇ ਹੱਥ ਹੈ। ਦਿਲ ਖੋਲ ਕੇ
ਲੜਨ ਵਿੱਚ ਏਥੇ ਸਿੰਘਾਂ ਨੇ ਕਾਈ ਕਸਰ ਨਹੀਂ ਛੱਡੀ। —— ।ਏਸ ਜੰਗ ਦੇ ਪ੍ਰਸੰਗ ਵਿੱਚ ਸਿੰ
ਘਾਂ ਦੀ ਸੂਰਬੀਰਤਾ ਤੇ ਬਹਾਦੁਰੀ ਦੀ ਮਹਿਮਾ ਅੰਗ੍ਰੇਜ਼ੀ ਤਵਾਰੀਖਾਂ ਵਿੱਚ ਬਹੁਤ ਕਰ ਕੇ
ਛਪੀ ਹੋਈ ਹੈ। ——

ਹੁਣ ਜਦ ਸਰਦਾਰ ਚੜ੍ਹਤ ਸਿੰਘ ਬੀ ਮੁਸਾਫਰ ਫੌਜੀ ਤੀਸ ਕ ਹਜ਼ਾਰ ਸਪਾਹ ਨਾਲ ਆ
ਪੁੱਜਿਆ ਤਾਂ ਉਸ ਦੀ ਸ਼ਾਹੀ ਸਲਾਮੀ ਲਿੱਤੀ ਗਈ, ਤਾਂ ਸਭ ਨੇ ਮਿਲ ਕੇ ਗੁਰਮਤਾ ਕਰ ਗੁਜ
ਰਾਤ ਪਾਸ ਜੰਗ ਕਰਨ ਦੀ ਠਹਿਰਾ ਕੇ ਓਥੇ ਮੋਰਚੇ ਜਾ ਜੜੇ। —— ।ਸਰਦਾਰ ਚੜ੍ਹਤ ਸਿੰਘ
ਜੋ ਦੋਸਤ ਮੁਹੰਮਦ ਖਾਂ ਕਾਬਲੀਏ ਦੇ ਬੇਟੇ ਉਮਰ ਖਾਂ ਨੂੰ ਤਿੰਨ ਹਜ਼ਾਰ ਅਸਵਾਰ ਪਠਾਣਾਂ ਸਮੇਤ
ਅਪਣੀ ਮਦਦ ਵਾਸਤੇ ਲੈ ਆਯਾ ਸੀ। ਸਿੱਖਾਂ ਸਰਦਾਰਾਂ ਨੇ ਉਸ ਨੂੰ ਆਖਿਆ, ਤੈਂ ਬੁਰਾ ਕੀਤਾ ਮੁ
ਸਲਮਾਨ ਸਿੰਘਾਂ ਦਾ ਭਲਾ ਕਦੇ ਨਹੀਂ ਚਾਹੁੰਦੇ। ਏਹ ਸਾਨੂੰ ਦਗਾ ਦੇਣਗੇ ਕਿਉਂਕਿ ਏਨਾਂ ਦੀ ਕਿਤਾ
ਬ ਏਆ ਉਲਆਬਦੀਨ ਦੇ ੩੪੮ ਸਫੇ ਉੱਤੇ ਪੈਗੰਬਰ ਸਾਹਿਬ ਹੁਕਮ ਦਿੰਦੇ ਹਨ ਕੇ ਮੋਮਨੀਨ
ਜੋ ਦੋਸਤੀ ਦੂਸਰੇ ਮਜ਼ਹਬ ਨਾਲ ਦੁਸ਼ਮਨੀ ਦਿਲ ਮੈਂ ਰੱਖੇ। ਫੇਰ ਉਸੇ ਹਦੀਸ ਦੇ ੨੫੨ ਸਫੇ
ਉੱਤੇ ਹੁਕਮ ਹੈ ਕੇ ਕਾਫਰਾਂ ਦੇ ਮਦਦਗਾਰ ਮੋਮਨ ਬੀ ਦੋਜ਼ਖ ਦੀ ਅੱਗ ਵਿੱਚ ਰਹਿਣਗੇ। ਜੋ ਦੇ
ਤਕ ਸਾਰੀ ਖਲਕਤ ਦਾ ਹਿਸਾਬ ਹੋਊ। ਗੈਰ ਮਜ਼ਹਬ ਨੂੰ ਨੁਕਸਾਨ ਪੁਚਾਉਣ ਵਾਲੇ ਹਮੇਸ਼
ਬਹਿਸ਼ਤ ਵਿੱਚ ਰਹਿਣਗੇ। ਗੈਰ ਮਜ਼ਹਬ ਵਾਲਿਆਂ ਦਾ ਮਾਲ ਜਿਸ ਤਰਾਂ ਲਿਆ ਜਾਵੇ ਲੈ ਲਵਾ

ਪਰ ਉਸ ਵਿੱਚੋਂ ਪੰਜਵਾਂ ਹਿੱਸਾ ਸੀਆ ਮਜ਼ਹਬ ਦੇ ਫਕੀਰਾਂ ਨੂੰ ਦੇ ਤੂੰ ਮਾਲ ਸਬ ਹਲਾਲ ਹੈ ਹੋਰ ੫੧੩
ਜੇਕਰ ਤੁਸੀਂ ਕਿਸੇ ਸਬਬ ਨਾਲ ਗੈਰ ਮਜ਼ਹਬ ਕਾਫਰ ਦੇ ਸਹਾਇਕ ਨੌਕਰ ਹੋ ਬੀ ਜਾਓ ਤਾਂ ਭਿ
ਬੇ ਸੀਆ ਮੋਮਨੀਨ ਨੂੰ ਫਾਇਦਾ ਪੁਚਾਓ, ਤਾਂ ਤੁਮਾਰੇ ਗੁਨਾਹ ਬਖਸੇ ਜਾਣਗੇ, ਕਿਉਂਕੇ ਪਾਪ ਦੇ ਬਰ
ਬਰ ਪੁੰਨ ਹੋ ਜਾਊ। ਹੁਣ ਆਪ ਵਿਚਾਰ ਕੇ ਦੇਖੋ ਏਹ ਅਪਣੇ ਪੈਗੰਬਰ ਦੇ ਹੁਕਮ ਨੂੰ ਉਲੰਘ ਕੇ
ਤੁਮਾਰੀ ਸਹਾਇਤਾ ਕਿਕੂੰ ਕਰਨਗੇ। ਫੇਰ ਏਨਾਂ ਦਾ ਹੋਰ ਪੱਕ ਮਸਲਾ ਹੈ ਸਹਿਤ ਲਾ ਕੇ ਭੁਜਾਂ ਨੂੰ ਤਿ
ਲ ਚਮੋੜੀਏ, ਉਨਾਂ ਤਿਲਾਂ ਜਿਤਨੇ ਨੇਮ ਧਰਮ ਕਰਕੇ ਬੀ ਕਾਫਰਾਂ ਨੂੰ ਮਾਰਨ ਵਾਲੇ ਮੋਮਨ ਦੇ ਸਬ ਗੁਨਾ
ਹ ਖੁਦਾ ਬਖਸ ਦਿੰਦਾ ਹੈ। ਜੱਦ ਪਿ ਏਹ ਗੱਲਾਂ ਸੁਣੀਆਂ ਬੀ ਪਰ ਬਿਨਾਸ ਕਾਲੇ ਬਿਪ੍ਰੀਤ ਬੁੱਧੀ ਸ
ਰਦਾਰ ਸ਼ੇਰ ਸਿੰਘ ਨੂੰ ਅਪਣੇ ਪੱਗ ਵੱਟ ਦੋਸਤ ਅਮੀਰ ਕਾਬਲ ਦੀ ਦੋਸਤੀ ਦੇ ਘਮੰਡ ਵਿੱਚ ਇ
ਘਾਂ ਦੀ ਕੋਈ ਨਾ ਸੁੱਝਾ। ਦੂਜਾ ਏਹ ਬੀ ਹੈ ਕੇ ਸਾਫ ਦਿਲ ਆਦਮੀ ਸਬ ਨੂੰ ਸਾਫ ਸਮਝਦਾ ਹੈ।—
ਹੁਣ ਲਾਰਡ ਵਿਹਿਸ ਸਾਹਿਬ ਬੰਬਈ ਹਾਤੇ ਵਾਲੇ ਬੀ ਮੁਲਤਾਨ ਫਤੇ ਕਰਕੇ ਅਪਣੀ ਸੈਨਾ ਸ
ਮੇਤ ਲਾਰਡ ਗਾਫ ਸਾਹਿਬ ਬਹਾਦੁਰ ਸਾਥ ਜਦ ਆ ਮਿਲਿਆ, ਤਾਂ ਏਨਾਂ ਦੋਹਾਂ ਲਾਟਾਂ ਨੇ ਚਾਲੀ ਹਜ਼ਾ
ਰ ਤੋਂ ਅਧਿਕ ਅੰਗ੍ਰੇਜ਼ੀ ਫੌਜ ਤੇ ਦੋ ਇੱਕ ਸੌ ਤੋਪ ਕੱਠੀ ਕਰ ੧੭ ਫਰਵਰੀ ਸ: ੧੮੪੯ ਈ: ਤੇ ੪
ਫੱਗਣ ਸੰ: ੧੯੦੫ ਬਿ: ਨੂੰ ਗਿਆਰਾਂ ਬਜੇ ਸਿੰਘਾਂ ਦੇ ਮੋਰਚੇ ਉੱਤੇ ਹੱਲਾ ਕਰ ਦਿੱਤਾ। ਉਧਰੋਂ ਸਿੰਘ
ਬੀ ਪੰਜਾਹ ਹਜ਼ਾਰ ਉਮਡ ਪਿਆ, ਨੌ ਬਜੇ ਰਾਤ ਜਾਂਦੀ ਤਕ ਗੁਜਰਾਤ ਪਾਸ ਬੜੀ ਭਾਰੀ ਲੜਾ
ਈ ਹੋਈ। ਜਿਸ ਵਿੱਚ ਹਜ਼ਾਰਾਂ ਘੋੜੇ ਜੁਆਨ ਕੰਮ ਆਏ। ਉਸ ਦਿਨ ਅੰਗ੍ਰੇਜ਼ਾਂ ਦਾ ਬਹੁਤ ਨੁਕਸਾਨ
ਹੋਇਆ।— ੨੧ ਫਰਵਰੀ ੯ ਫੱਗਣ ਨੂੰ ਜਦ ਫੇਰ ਸਵੇਰੇ ਹੀ ਜੋਰੋ ਜੋਰ ਲੜਾ
ਈ ਲੱਗੀ, ਦੋ ਪਹਿਰ ਤਕ ਤਾਂ ਦੁਵੱਲੇ ਦੀਆਂ ਤੋਪਾਂ ਨੇ ਹੇਠਲੀ ਉੱਤੇ ਲੈ ਆਂਦੀ। ਇੱਕ ਬਜੇ ਸਿੰਘਾਂ
ਨੇ ਅਜੇਹੀ ਘਮਸੇਲੀ ਦਾ ਹੱਲਾ ਕੀਤਾ, ਅਕਾਲ੨ ਬੋਲਦੇ ਹੋਏ ਤਲਵਾਰਾਂ ਸੂਤ ਕੇ ਜਾ ਪਏ। ਚਾਰ
ਮੀਲ ਤਕ ਅੰਗ੍ਰੇਜ਼ੀ ਫੌਜ ਨੂੰ ਧੱਕ ਕੇ ਪਿਛਾਂਹ ਲੈ ਗਏ। ਪੂਰਬੀਆਂ ਦੀ ਫੌਜ ਨੂੰ ਉਸ ਦਿਨ ਸ
ਵਾੜੀ ਦਾ ਵਰਤ ਸੀ, ਉਨਾਂ ਨੇ ਬੀ ਜੈ ਮਹਾਂ ਬੀਰ੨ ਬੋਲ ਕੇ ਬਥੇਰੇ ਸਿੰਘਾਂ ਦੇ ਹੱਲੇ ਰੋਕੇ। ਪਰ ਰਾਜਾ ੦
ਸ਼ੇਰ ਸਿੰਘ ਬੜੇ੨ ਸਰਦਾਰਾਂ ਸਮੇਤ ਤਲਵਾਰ ਖੰਚ ਕੇ ਫੌਜ ਦੇ ਅੱਗੇ ਮਾਰ੨ ਕਰਦਾ, ਤੇ ਅਪ
ਣੀ ਸੈਨਾ ਬੀ ਗਾਰਦਾ ਹੋਯਾ ਬਧਦਾ ਹੀ ਚਲਾ ਗਿਆ। ਪੂਰਬੀਆਂ ਦੀ ਬੀਬ ਭੁਲਾ ਕੇ ਸਾਰੇ ਕੂ
ਵਾਇਦ ਦੇ ਹੱਥ ਭੁਲਾ ਦਿੱਤੇ। ਐਥੋਂ ਤੀਕੂੰ ਉਨਾਂ ਦੇ ਹੋਸ਼ ਭੁਲਾ ਦਿੱਤੇ ਕੇ ਮਹਾਂ ਬੀਰ ਦੀ ਜੈ ਛੱਡ
ਕੇ ਸ਼ੇਰ ਸਿੰਘ ਦੀ ਜੈ ਬੁਲਾਉਣ ਲੱਗ ਪਏ। ਇੱਕ ਇੱਕ ਸਿੰਘ ਅੱਗੇ ਦਸ੨ ਪੂਰਬੀਏ
ਬੱਕਰੀਆਂ ਵਾਂਗੂੰ ਦੌੜ ਪਏ। ਅੰਗ੍ਰੇਜ਼ੀ ਖਜ਼ਾਨੇ ਦੇ ਨੇੜੇ੨ ਤਾਂ ਸਿੰਘ ਜਾ ਪਏ ਸੇ ਪਰ ਖਬਰ

Digitized by Panjab Digital Library | www.panjabdigilib.org

੫੧੪ ਨਹੀਂ ਸੀ ਕਿ ਏਥੇ ਖਜਾਨਾ ਹੈ, ਨਹੀਂ ਤਾਂ ਹੱਥ ਮਾਰੇ ਬਿਨਾ ਕਦੋਂ ਹਟਦੇ। —— ।ਫੇਰ ਤਾਂ ਲਾਰਡ ਫਹਿਸ ਤੇ ਲਾਰਡ ਗੱਫ ਔਰ ਗਵਰਨਰ ਜਨਰਲ ਲਾਰਡ ਡਲਹੌਜ਼ੀ ਸਾਹਿਬ ਨੇ ਜਰਨੈਲ ਕਰਨੈਲਾਂ ਨੂੰ ਥੰਗਾਰ ਕੇ ਉਹ ਲੜਾਈ ਲੜੀ ਜੋ ਲਾਰਡ ਹਾਰਡਿੰਗ ਨੇ ਪੁਰਤਗਾਲ ਵਿੱਚ ਤੇ ਕਲਾਈਵ ਨੇ ਪਲਾਸੀ ਮੇਂ ਔਰ ਨੈਪੋਲੀਅਨ ਬੋਨਾਪਾਰਟ ਦੇ ਕਾਰਨ ਪ੍ਰਾਇਦੀਪ ਸਪੇਨ ਵਿੱਚ ਹੋਈ ਸੀ। ਅੰਗ੍ਰੇਜ਼ੀ ਫੌਜ ਨੇ ਘਟਾਂ ਵਾਂਗੂ ਉਮਡ ਕੇ ਅਜੇਹੀ ਪਟਮੇਲੀ ਦੇ ਗੋਲ੍ਹੇ ਗੋਲ੍ਹੀਆਂ ਦੀ ਝੜੀ ਲਾਈ ਤੇ ਘਮਸਾਣ ਪਾਇਆ। ਸਿੰਘਾਂ ਦੀਆਂ ਲੋਥਾਂ ਦੇ ਖਲਵਾੜੇ ਲਾ ਦਿੱਤੇ। ਜੱਦਪਿ ਅੰਗ੍ਰੇਜ਼ੀ ਗਜਬ ਦੇ ਗੋਲੇ ਸਿੰਘਾਂ ਦੇ ਰੂੰਈ ਦੀ ਤਰਾਂ ਛਿਛੜੇ ੨ ਕਰਦੇ ਹੋਏ ਤੂੰਬੇ ਉਡਾ ਰਹੇ ਸੇ। ਪਰ ਉਹ ਸੇਰ ਦਿਲ ਸਹੀਦ ਹੋਣਾ ਹੀ ਅਪਣੇ ਵਾਸਤੇ ਚੰਗਾ ਮੰਨ ਕੇ ਭੁਟੱਕੜਾਂ ਵਾਂਗੂ ਉੱਤੇ ੨ ਅੱਗੇ ਨੂੰ ਝੂੰਟਾਂ ਕਰ ੨ ਪੈਂਦੇ ਰਹੇ। —— ।ਉਸ ਸੰਗ੍ਰਾਮ ਵਿੱਚ ਦੋ ਦਿਨ ਸਿੰਘਾਂ ਉੱਤੇ ਬੁਰੇ ਕਹਿਰ ਦੇ ਬੀਤੇ। ਭੁਖੇ ਭੁੱਖ ਤੇ ਤ੍ਰੇਖਾ ਦੇ ਸਤਾਏ ਹੋਏ ਬਿਆਕੁਲ ਹੋ ਹੋ ਡਿਗਦੇ ਸੇ ਪਰ ਹਠ ਨਾ ਛੱਡਿਆ, ਪੇਟੀਆਂ ਨਾਲ ਢਿੱਡਾਂ ਨੂੰ ਕੱਸ ੨ ਬੰਨ ਕੇ ਅੱਗੇ ਨੂੰ ਹੀ ਪੈਰ ਪੁਟਦੇ ਰਹੇ। ———— ।ਜਦ ਲਾਟ ਸਾਹਿਬ ਨੇ ਦੇਖਿਆ ਕਿ ਅੱਜ ਬਿੱਲਕੁੱਲ ਮਰਨ ਮਾਰਨ ਉੱਤੇ ਲੱਕ ਬੰਨ ਕੇ ਸਿੰਘ ਬਧ ਰਹੇ ਹਨ। ਤਾਂ ਫਰੰਗੀ ਦੀ ਦੂਜੀ ਚਾਲ ਚੱਲੀ ਪਠਾਣਾਂ ਦੇ ਕੰਨ ਵਿੱਚ ਐਸਾ ਲੋਭ ਦਾ ਮੰਤ੍ਰ ਫੂਕਿਆ[1], ਓਹ ਬੇਈਮਾਨ ਐਨ ਗਾਹਿ ਗੱਚ ਮੱਚੇ ਹੋਏ ਜੰਗ ਵਿੱਚੋਂ ਨੱਠ ਤੁਰੇ। ਜਦ ਉਸ ਕਟਾ ਵੱਢ ਤੇ ਅੰਧਾਧੁੰਦ ਦੇ ਸਮੇ ਤਿੰਨ ਚਾਰ ਹਜਾਰ ਅਸਵਾਰ ਖਾਲਸੇ ਦੇ ਦਲ ਵਿੱਚ ਦੀ ਨੱਸਿਆ, ਤਾਂ ਗਰਦ ਤੇ ਧੂੰਏਂ ਦੇ ਗਹਿਰ ਗੁਬਾਰ ਵਿੱਚ ਏਹ ਕਿਸੇ ਨਾ ਜਾਣਿਆ ਕਿ ਪਠਾਣ ਹੀ ਭੱਜੇ ਜਾਂਦੇ ਹਨ, ਭਾਜ ਪਈ ਸਮਝ ਕੇ ਇੱਕ ਤੋਂ ਅੱਗੇ ਦੂਜਾ ਦੌੜ ਪਿਆ। ਫੇਰ ਤਾਂ ਸਿੰਘਾਂ ਦਾ ਪੈਰ ਹੱਲਿਆ ਦੇਖ ਕੇ ਅੰਗ੍ਰੇਜਾਂ ਨੇ ਬੀ ਪਿੱਛੋਂ ਦੀ ਹੋ ਕਰ ਅਜੇਹੇ ਧਾਵੇ ਤੇ ਗੋਲ੍ਹਿਆਂ ਦੀ ਫੇਰ ਮਾਰੀ ਤੇ ਪਿੱਛਾ ਦਬਾਯਾ, ਬੇਸੁਮਾਰ ਸਿੰਘ ਦਾ ਗਾਜਰਾਂ ਮੂਲ੍ਹੀਆਂ ਵਾਂਗੂ ਕੁਤਰਾ ਕਰ ਸੁੱਟਿਆ। —— ।ਭੁਲਾ ਫੇਰ ਕੌਣ ਖੜਾ ਹੋਵੇ। ਸਭ ਤਿੱਤ੍ਰ ਬਿੱਤ੍ਰ ਹੋ ਗਏ। ਜਿਧ੍ਰ ਕਿਸੇ ਦਾ ਦਾਉ ਲੱਗਾ, ਭੱਜ ਬੀਰੀ ਹੋ ਗਿਆ, ਜਦ ਸਿੰਘ ਪੱਤ੍ਰਾ ਹੋਏ ਤਾਂ ਤੋਪਾਂ ਸਮੇਤ ਸਭ ਸਮੱਗ੍ਰੀ ਸਿੰ

ਗ

[1] ।ਲੋਗ ਆਖਦੇ ਸੇ ੮ ਲਾਖ ਰੁਪਏ ਦੀਆਂ ਮੁਹਿਰਾਂ ਦਿਤੀਆਂ ਸਨ, ਜੋ ਪਠਾਣਾਂ ਨੇ ਕਾਬਲ ਜਾਕੇ ਪੇਟੀਆਂ ਖੋਲੀਆਂ ਤਾਂ ਮੁਲ੍ਹੰਮਿਆਂ ਦੀਆਂ ਨਿਕਲੀਆਂ ਫੇਰ ਚੋਰ ਦੀ ਮਾਂ ਵਾਂਗੂ ਕੀ ਕਹਿ ਕੇ ਰੋਣਾ ਦਗੇਦਾਰ ਸ ਕੁਕੋਂ ਨ ਦਗਾ ਹੋਵੇ। —— ।ਸੁਣਦੇ ਹਾਂ ਕਿ ਏਹੋ ਗੱਲ ਰਾਜੇ ਪ੍ਰਤਾਪ ਸਿੰਘ ਜੈਪੁਰੀਏ ਨਾਲ ਹੋਈ ਸੀ।। ਜਦ ਉਸ ਨੇ ਸੰ: ੧੮੧੫ ਬਿ: ਵਿੱਚ ਟੋਕੇ ਵਾਲੇ ਨੁਵਾਬ ਨੂੰ ਜੋ ਅੰਗ੍ਰੇਜਾਂ ਤੋਂ ਭੱਜ ਕੇ ਉਸ ਪਾਸ ਆ ਗਿਆ ਤੇ ਉਸ ਨੇ ਫੜਾ ਦਿੱਤਾ। ——

Digitized by Panjab Digital Library | www.panjabdigilib.org

ਖਾਂ ਦੀ ਅੰਗ੍ਰੇਜਾਂ ਦੇ ਹੱਥ ਆ ਗਈ॥ —— ॥ਏਹੋ ਅੰਤ ਦੀ ਲੜਾਈ ਸਿੱਖੀ ਫੌਜ ਦੀ ਜਿਸ ਨੇ ੫੫੫
ਨਾਸਤੀ ਤੇ ਬਾਦਸਾਹੀ ਦੀ ਸਮਾਪਤੀ ਕਰ ਗਈ॥ ਅੰਗ੍ਰੇਜਾਂ ਦੇ ਸਾਮਣੇ ਹੱਥ ਚੁੱਕਣ ਦੀ ਤਾ
ਕਤ ਨਾ ਰਹੀ॥ —॥ਉਨਾਂ ਦੂਸਰ ਦਗੇਬਾਜ ਮੁਸਲਮਾਨਾਂ ਦੀ ਜਾਨ ਨੂੰ ਰੋਂਦੇ ਹੋਏ ਸਰਦਾਰ ਚਤ੍ਰ
ਸਿੰਘ ਸੇਰ ਸਿੰਘ ਨੇ ਅਪਣਾ ਆਪ ਅੰਗ੍ਰੇਜਾਂ ਦੇ ਸਪੁਰਦ ਕਰ ਦਿੱਤਾ॥ — ॥ਜਨਰਲ ਲਾ
ਰੰਸ ਸਾਹਿਬ ਆਦਿਕ ਜੋ ਸਿੰਘਾਂ ਦੀ ਕੈਦ ਵਿੱਚ ਸੇ, ਛੁੱਟਕੇ ਅੰਗ੍ਰੇਜੀ ਫੌਜ ਵਿੱਚ ਆਏ, ਤਾਂ
ਉਨਾਂ ਦੇ ਮਿੱਤ੍ਰਾਂ ਨੇ ਫਤੇ ਦੀ ਖੁਸੀ ਵਿੱਚ ਉਨਾਂ ਨੂੰ ਮਿਲ ੨ ਹਿੱਪ ਹਿੱਪ ਹੁੱਰੇ ਹੁੱਰੇ ਦੇ ਜੈਕਾਰੇ ਗਜਾ
ਏ॥ ———— ॥ਅੰਗ੍ਰੇਜਾਂ ਨੇ ਫਤੇ ਪਾਕੇ ਚਤ੍ਰ ਸਿੰਘ ਸੇਰ ਸਿੰਘ ਸੂਰਤ ਸਿੰਘ ਦੀਵਾਨ ਹਾ
ਕਮ ਰਾਇ ਆਦਿਕ ਨਾਮੀ ੨ ਸਰਦਾਰਾਂ ਨੂੰ ਤਾਂ ਕੈਦ ਕਰਕੇ ਪੂਰਬ ਵਨੀ ਭੇਜ ਦਿੱਤਾ॥ ਬਾਕੀ ਦੇ
ਹੋਰ ਸਬ ਸਰਦਾਰਾਂ ਨੂੰ ਆਪੋ ਆਪਣੇ ਘਰ ਪੁਲਿਸ ਦੀ ਨਿਗਰਾਨੀ ਵਿੱਚ ਬੈਠਣ ਦਾ ਹੁਕਮ
ਦਿੱਤਾ ਔਰ ਰਾਵਲਪਿੰਡੀ ਤਕ ਜਿਥੇ ਕਿਤੇ ਕੋਈ ਸਿੰਘ ਸਿਪਾਹੀ ਲੱਭਾ, ਸਬ ਤੋਂ ਸਸਤ੍ਰ ਲੈ
ਕੇ ਇੱਕ ੨ ਦੋ ੨ ਰੁਪਏ ਖਰਚ ਦੇਕਰ ਘਰਾਂ ਨੂੰ ਚਲਦੇ ਕੀਤੇ॥ ———— ॥ਹੁਣ ਜਦ ਸਿੰਘ
ਨਿਰੇ ਪੁਰੇ ਦਮ ਮਾਰਨ ਤੋਂ ਹੱਥ ਧੋ ਬੈਠੇ ਤਾਂ ਲਾਰਡ ਡਲਹੌਜੀ ਨੇ ਮਾਲੀ ਮੁਲਕੀ ਬੰਦੋਬਸਤ
ਕਰਕੇ ਪੰਜਾਬ ਨੂੰ ਅੰਗ੍ਰੇਜੀ ਅਮਲਦਾਰੀ ਵਿੱਚ ਮੇਲਣ ਦੀ ਮਨਸਾ ਧਾਰ ਕਰ ੨੯ ਮਾਰਚ
ਸੰ: ੧੮੪੯ ਈ: ਤੇ ੧੭ ਚੇਤ੍ਰ ਸੰ: ੧੯੦੬ ਬਿ: ਲਾਹੌਰ ਦੇ ਕਿਲੇ ਵਿੱਚ ਇੱਕ ਬੜਾ ਭਾਰੀ ਦਰ
ਬਾਰ ਕੀਤਾ ਜਿਸ ਵਿੱਚ ਪੰਜਾਬ ਦੇ ਸਬ ਸਰਦਾਰ ਬੁਲਾਏ ਗਏ ਸੇ॥ ਰਜੀਡੰਟ ਸਾਹਿਬ ਦੇ
ਮੀਰ ਮੁਨਸੀ ਸੱਯਦ ਰਜਬਅਲੀ ਖਾਂ ਨੇ ਖੜ੍ਹੇ ਹੋਕੇ ਲਾਟ ਸਾਹਿਬ ਦੀ ਤਰਫੋਂ ਇੱਕ ਇਸ
ਤਿਹਾਰ ਬੜਾ ਲੰਬਾ ਚੌੜਾ ਪੜ੍ਹਕੇ ਸੁਣਾਯਾ ਜਿਸ ਵਿੱਚ ਪਹਿਲੇ ਤਾਂ ਸਰਕਾਰ ਅੰਗ੍ਰੇਜੀ ਵੱਲੋਂ
ਨੇਕੀਆਂ ਤੇ ਸਿੰਘਾਂ ਵੱਲੋਂ ਬਦੀਕੀਆਂ ਜੋ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਤੋਂ ਲੈਕੇ
ਹੋਈਆਂ ਸਨ ਉਹ ਸਬ ਦੱਸੀਆਂ ਫੇਰ ਜਿਨਾਂ ੨ ਬਾਤਾਂ ਤੋਂ ਤੰਗ ਆਕੇ ਅੰਗ੍ਰੇਜ ਪੰਜਾਬ ਦਾ ਬੰ
ਦੋਬਸਤ ਅਪਣੇ ਹੱਥ ਵਿੱਚ ਲੈਣ ਲਗੇ ਸੇ॥ ॥ਉਹ ਖਰਾਬੀਆਂ ਤੇ ਲਾਚਾਰੀਆਂ ਬਤਾਕੇ ਆ
ਖਯਾ, ਕੇ ਹੁਣ ਅੰਗ੍ਰੇਜੀ ਇੰਤਜਾਮ ਹੁਏ ਬਿਨਾਂ ਪੰਜਾਬ ਵਿੱਚ ਅਮਨ ਨਹੀ ਹੋ ਸਕਦਾ, ਕ੍ਯੋਂਕੇ ਗਵਰ
ਨਮਿੰਟ ਅੰਗ੍ਰੇਜੀ ਨੇ ਏਹ ਸਹੀ ਕਰ ਲੀਤਾ ਹੈ ਜਿੱਥੋਂ ਤੀਕ ਪੰਜਾਬ ਵਿੱਚ ਚੰਗਾ ਸਿੱਕਾ ਨਾ ਬੈਠੇ
ਗਾ ਏਹ ਬੁਰਛਿਆਂ ਦੀ ਲੜਾਕੀ ਫੌਜ ਅਪਣੇ ਦੇਸ ਨੂੰ ਸੁਖ ਦੀ ਨੀਂਦ ਨਾ ਸੌਣ ਦੇਵੇਗੀ॥
ਬਲਕੇ ਹਿੰਦੁਸਤਾਨ ਨੂੰ ਬੀ ਜੱਫਾ ਮਾਰਨੋਂ ਨਾ ਟਲੇਗੀ॥ ਏਸ ਵਾਸਤੇ ਅੱਜ ਤੋਂ ਲਾਹੌਰ ਦੀ ਬਾਦ
ਸਾਹੀ ਤੇ ਸਾਰੀ ਪੰਜਾਬ ਜਬਤ ਹੋਕਰ ਅੰਗ੍ਰੇਜੀ ਬਾਦਸਾਹੀ ਦੇ ਸਾਥ ਸਾਮਿਲ ਕੀਤੀ ਜਾਂ

Digitized by Panjab Digital Library | www.panjabdigilib.org

੫੧੯ ਦੀਹੈ। ਔਰ ਮਹਾਂਰਾਜੇ ਦਲੀਪ ਸਿੰਘ ਨੂੰ ਸਰਕਾਰ ਅੰਗ੍ਰੇਜੀ ਅਪਣੇ ਵਸ ਵਿੱਚ ਰੱਖ ਕੇ
ਪੰਜ ਲਾਖ ਰੁਪਿਆ ਸਾਲਾਨਾ ਪਿਨਸਨ ਦੇਵਣਗੇ। ਤੇ ਏਨਾਂ ਨਾਲ ਦੋਸਤੀ ਦਾ ਬਰਤਾਉ ਰੱਖਣਗੇ
ਬਾਕੀ ਮਹਾਂਰਾਜੇ ਸਾਹਿਬ ਦੇ ਸਬੰਧੀਆਂ ਨੂੰ ਜਥਾ ਜੋਗ ਪਿਨਸਨ ਮਿਲੇਗੀ। ਜਾਗੀਰ ਕਿ
ਸੇ ਪਾਸ ਨ ਰਹੂ।। — ।।ਏਹ ਹੁਕਮ ਸੁਣ ਕੇ ਸਭਨਾਂ ਸਿੱਖਾਂ ਸਰਦਾਰਾਂ ਦੇ ਚਿਹਰੇ ਚਿੱਟੇ ਹੋ ਗ
ਏ। ਅੱਖਾਂ ਅੱਗੇ ਗੁਬਾਰ ਛਾ ਗਿਆ। ਅਫਸੋਸ ਦੇ ਹੱਥ ਮਲ ੨ ਉਭੇ ਸਾਹ ਲੈਣ ਲੱਗੇ ਮੂੰਹਾਂ ਉ
ਤੇ ਧੂੜ ਉੱਡ ਪਈ। ਅਨੇਕਾਂ ਦੇ ਨੇਤ੍ਰਾਂ ਵਿਚੋਂ ਅੱਲੋਂ ਅੱਲੀ ਅਉ ਟਪਕ ਪਏ। ਜਾਣੋਂ ਓਨਾਂ ਦੇ ਅਨੇਰਬ
ਰੂਪੀ ਮੋਤੀਆਂ ਦੀ ਮਾਲਾ ਟੁੱਟ ਗਈ। ਇੱਕੋ ਵੇਰੀ ਸਭਨਾਂ ਨੂੰ ਕਾਂਬੇ ਦਾ ਸੰਨਾਟਾ ਛੁੱਟ ਪਿਆ।
ਤੇਜਾ ਸਿੰਘ ਆਦਿਕ ਪੰਜਾਂ ਚਹੁੰ ਨਿਮਕ ਹਰਾਮਾਂ ਤੋਂ ਬਿਨਾਂ ਹੋਰ ਸਭ ਦੇ ਤਨ ਮਨ ਨੂੰ ਮੀਰ ਮੁਣਸੀ
ਦੀ ਅਣਜ ਅੰਗਾਰੀ ਲਾਟ ਫੂੰਕ ਭੂਨ ਗਈ। ਅਨੇਕਾਂ ਨੇ ਤਾਂ ਓਨਾਂ ਜੋਧਿਆਂ ਨੇ ਬਥੇਰੀਆਂ ਲੂ
ਹਰੀਆਂ ਲਈਆਂ ਤੇ ਹੋਣ ਕੱਟੇ ਪਰ ਤਾਂ ਭੀ ਨਾਲ ਕੁਛ ਪੇਸ ਨਾ ਜਾਂਦੀ ਦੇਖ ਕੇ ਆਪਣੇ ਜਿਗ੍ਰ
ਦਾ ਲਹੂ ਘੁੱਟ ਵੱਟ ਗਏ।। — ।।ਫੇਰ ਏਹ ਗੱਲ ਸੁਣਾ ਕੇ (ਕੇ ਜਦੋਂ ਤੀਕਰ ਮਹਾਂਰਾਜਾ ਦਲੀ
ਪ ਸਿੰਘ ਲਾਹੌਰ ਵਿੱਚ ਹਨ ਤਦੋਂ ਤੀਕ ਬਾਗ਼ੀ ਸਾਂਤੀ ਨਹੀਂ ਹੋਣ ਦੇਣਗੇ) ਮਹਾਂਰਾਜੇ ਨੂੰ ਹਿੰ
ਦੁਸਤਾਨ ਵੱਲੀ ਲੈ ਜਾਣ ਵਾਸਤੇ ਬਡੇ ਸਰਦਾਰਾਂ ਤੇ ਲਾਹੌਰ ਦੇ ਅਹਿਲਕਾਰਾਂ ਤੋਂ ਦਸਤਖਤ
ਕਰਾ ਲਏ। ਬਖਸੀ ਭਗਤ ਰਾਮ ਆਦਿਕ ਅਨੇਕਾਂ ਨੇ ਨਹੀਂ ਭੀ ਕੀਤੇ ਸਨ।। —
੧ ਅਪ੍ਰੈਲ ਨੂੰ ਸਰਕਾਰ ਅੰਗ੍ਰੇਜੀ ਨੇ ਆਪਨੇ ਓਸ ਇਨਾਮ ਪੱਤ੍ਰ ਨੂੰ, ਜਿਸ ਵਿੱਚ ਲਿਖਿਆ ਸੀ ਕੇ
ਅਠਾਂ ਬਰਸ ਦੇ ਹੋਏ ਮਹਾਂਰਾਜੇ ਦਲੀਪ ਸਿੰਘ ਨੂੰ ਸੁਤੰਤ੍ਰ ਲਾਹੌਰ ਦਾ ਮਹਾਂਰਾਜਾ ਕੀਤਾ ਜ
ਊ, ਛਿੱਕੇ ਉੱਤੇ ਰੱਖ ਕੇ ਓਸ ਵਿਚਾਰੇ ਬੇਗੁਨਾਹ ਬਾਲਕ ਮਹਾਂਰਾਜੇ ਨੂੰ ਕੈਦੀ ਕਰ ਕੇ ਸਾਹਿਜਾਦੇ
ਸਿਵਦੇਵ ਸਿੰਘ ਸਮੇਤ ਹਿੰਦੁਸਤਾਨ ਵੱਲੀ ਤੋਰ ਕੇ ਫੱਰੁਖਾਬਾਦ ਜਾ ਰੱਖਿਆ।। —
।ਇਧਰ ਇੱਕੇ ਵਕਤ ਐਨ ਅੱਧੀ ਰਾਤ ਦੇ ਸਮੇ ਸਭ ਸਰਦਾਰਾਂ ਨੂੰ ਅੰਗ੍ਰੇਜੀ ਫੌਜ ਨੇ ਹੱਥੋ ਹੱਥੀ ਘਰਾਂ
ਵਿੱਚੋਂ ਜਾ ਫੜਿਆ ਇੱਕ ਨੂੰ ਦੂਜੇ ਦੀ ਖਬਰ ਨਾ ਹੋਣ ਦਿੱਤੀ। ਫੇਰ ਪੰਜਾਬ ਦਾ ਬੰਦੋਬਸਤ ਚੰਗੀ ਤਰਾਂ
ਗਵਰਮਿੰਟ ਅੰਗ੍ਰੇਜੀ ਨੇ ਅਪਣੇ ਹੱਥ ਲੈ ਕੇ ਕਾਇਦੇ ਕਾਨੂਨ ਸਭ ਕਾਇਮ ਕਰ ਪਹਿਲੇ ਹਥਿਆਰ ਲੈ
ਕੇ ਲਾਹੌਰ ਦੀ ਸਿਪਾਹ ਦੇ ਨਾਮ ਕਟ ੨ ਇਨਾਮ ਪਿਨਸਨ ਜਥਾ ਜੋਗ ਦੇ ਕਰ ਸਭ ਨੂੰ ਬਿਦਾ ਕੀਤਾ।।
ਫੇਰ ਸਿੰਘਾਂ ਸਰਦਾਰਾਂ ਤੋਂ ਹਥਿਆਰ ਲੈ ਲਏ। ਤੇ ਜੇੜ੍ਹੇ ੨ ਜੇਹਲਮ ਗੁਜਰਾਤ ਲੜੇ ਸੇ, ਓਨਾਂ ਦੀ
ਆਂ ਜੰਗੀਰਾਂ ਜਾਇਦਾਤਾਂ ਜਬਤ ਕਰ ਕੇ ਓਨਾਂ ਨੂੰ ਪਿਨਸਨਾਂ ਗੁਜਾਰੇ ਦੇ ਕਰ ਘਰੀਂ ਬੈਠਣ ਦਾ
ਹੁਕਮ ਦਿੱਤਾ। ਅੰਤ ਅਨੇਕਾਂ ਨੂੰ ਦੇਸ ਨਿਕਲਾ ਹੋਇਆ।। —

Digitized by Panjab Digital Library | www.panjabdigilib.org

।ਜੰਦ ਦਿਸ਼ੇਸ ਬੰਦੋਬਸਤ ਤੇ ਬਿਹਾਰ ਤੋਂ ਇੱਕਠਾ ਰੀਤ ਤਾਂ ਸਾਰੀ ਪੰਜਾਬ ਵਿਚ ਕਲਾ ਅਲਾਟ ਮੱਚ ੫੧੭
ਜਾ ਪਰ ਕੋਈ ਕੀ ਕਰ ਸਕਦਾ ਸੀ। ਓੜਕ ਭੱਠ ਦੇ ਛੋਲਿਆਂ ਵਾਂਗੂੰ ਤੜਫ ੨ ਕੇ ਸਬ ਠੰਡੇ ਹੋ ਬੈਠ
।ਹੁਣ ਅਸੀਂ ਗਵਰਮਿੰਟ ਅੰਗ੍ਰੇਜ਼ੀ ਦੇ, ਸੱਚੇ ਦਿਲੋਂ ਧੰਨਿਆਬਾਦ ਕਰਕੇ ਸ਼ਾਬਾਸ਼ੇ ਆਖਦੇ
ਹਾਂ ਕਿ ਜਿਸ ਨੇ ਪੰਜਾਬ ਨੂੰ ਬਸ ਵਿਚ ਲੈਕੇ ਫੇਰ ਬੀ ਸਿੰਘਾਂ ਨਾਲ ਓਹ ਜੇਹਾ ਖੋਟਾ ਸਲੂਕ ਨ
ਹੀ ਕੀਤਾ ਜੇਹਾ ਕੁ ਵਿਰੋਧੀਆਂ ਨਾਲ ਬਾਦਸ਼ਾਹ ਕਰਿਆ ਕਰਦੇ ਹਨ। ਸਗੋਂ ਆਪਣੀ ਖਿ
ਆਰੀ ਪ੍ਰਜਾ ਮੰਨਕੇ ਪੰਜਾਬ ਦੀ ਓਹ ਆਬਾਦੀ ਕਰ ਵਿਖਾਈ ਜੋ ਕਦੇ ਨਹੀਂ ਹੋਈ ਸੀ। ਅਤੇ
ਸਿਖਾਂ ਦੇ ਸਬ ਖਾਨਦਾਨ ਬੀ ਜਥਾ ਜੋਗ ਅਮੀਰ ਬਣਾਈ ਰੱਖੇ। ਜਿਨ੍ਹਾਂ ਦਾ ਬ੍ਰਿਤਾਂਤ ਚੌਥੇ
ਹਿੱਸੇ ਵਿੱਚ ਹੈ। ——

ਬਰਤਾਉ ਸਰਕਾਰ ਦਾ ਤੇ ਸਿਖਾਂ ਦਾ

।ਏਥੇ ਏਹ ਗੱਲ ਬੀ ਪਾਈ ਜਾਂਦੀ ਹੈ ਜਿ ਕ੍ਰਿ ਖਾਸ ਕਰਕੇ ਸਿੱਖਾਂ ਉੱਤੇ ਸਰਕਾਰ ਅੰਗ੍ਰੇਜ਼ੀ ਕ੍ਰਿਪਾ
ਦੀ ਨਜ਼ਰ ਨਾਲ ਪ੍ਰਿਤਪਾਲ ਕਰਦੇ ਹੋਏ ਵਡਿਆਈਆਂ ਬਖਸ਼ ਰਹੇ ਹਨ। ਓਸੇ ਤਰਾਂ ਸਿੰਘਾਂ
ਨੇ ਬੀ ਅੱਜ ਤਕ ਸਰਕਾਰ ਦੇ ਕੰਮਾਂ ਵਿੱਚ ਆਪਣਾਂ ਲਹੂ ਡੋਲ ਕੇ ਜਾਂਨ ਦੇਣ ਤਕ ਜ਼ਰਾ ਭਰ
ਫਰਕ ਤੇ ਕਸਰ ਨਹੀਂ ਕੀਤੀ। ਜੈਸੀ ਕੇ ਸਿੰਘ ਕੌਮ ਨੇ ਐਨ ਸੱਚੀ ਖੈਰਖ੍ਵਾਹ ਤੇ ਜਾਨ ਕੁਰਬਾਂ
ਨ ਕਰਨ ਵਾਲੀ ਨਿਮਕ ਹਲਾਲ ਅੰਗ੍ਰੇਜ਼ੀ ਪ੍ਰਜਾ ਆਪ ਨੂੰ ਸਾਬਿਤ ਕਰ ਦਿਖਾਯਾ ਹੈ। ਐਸੀ
ਹੋਰ ਕੋਈ ਕੌਮ ਅੱਜ ਤਕ ਨਹੀਂ ਨਿੱਤਰੀ। ਬਲਕੇ ਜਦ ਸੰ: ੧੯੪੨ ਬਿ: ਕੋ ਸਿੰਘਾਂ ਦਾ ਪੁਰਾਣਾਂ ਬਾ
ਦਸ਼ਾਹ ਦਲੀਪ ਸਿੰਘ ਸਰਕਾਰ ਅੰਗ੍ਰੇਜ਼ੀ ਦੀ ਪ੍ਰਮ ਕ੍ਰਿਪਾ ਤੇ ਭਾਰੀ ਪਰਵਰਸ਼ ਨੂੰ ਭੁੱਲਾ ਕੇ
ਸ਼ਾਹ ਫਰਾਂਸ ਤੇ ਰੂਸ ਦੇ ਪਾਸ ਮਦਦ ਲੈਣ ਦੀ ਇੱਛਿਆ ਧਾਰ ਕੇ ਚਲਾ ਗਿਆ ਸੀ। ਓਹ ਸ
ਮਾਂ ਸਿੰਘਾਂ ਨੂੰ ਜੋਸ਼ ਦੇਕੇ ਜ਼ਰੂਰ ਬਾਗੀ ਕਰਨ ਵਾਲਾ ਤੇ ਸਿੰਘਾਂ ਦੀ ਪ੍ਰੀਖ੍ਯਾ ਦਾ ਸੀ ਪਰ ਸ਼ਾਬਾ
ਸ਼ ਸਿੰਘਾਂ ਦੇ ਜੋ ਕਿ ਓਸ ਵਕਤ ਬੀ ਨਹੀਂ ਡੋਲੇ, ਸਗੋਂ ਆਪਣੀ ਮਿਹਰਬਾਂਨ ਕਦਰਦਾਂਨ ਸਰ
ਕਾਰ ਅੰਗ੍ਰੇਜ਼ੀ ਦੇ ਉਪਕਾਰ ਨਾ ਵਿਸਾਰ ਕੇ ਦਿਲ ਜਾਂਨ ਤੋਂ ਸਰਕਾਰ ਅੰਗ੍ਰੇਜ਼ੀ ਦੇ ਬਣੇ ਰਹੇ,
ਤੇ ਮਹਾਂਰਾਜੇ ਦਲੀਪ ਸਿੰਘ ਦੀ ਚਿੱਠੀ ਜੋ ੨੦ ਜੂਨ ਸ: ੧੮੮੬ ਈਸਵੀ ਦੀ ਲਿਖੀ ਹੋ
ਈ ਇਖਬਾਰਾਂ ਵਿਚ ਛਪ ਕੇ ਮਦਦ ਮੰਗਣ ਲਈ ਸਿੰਘਾਂ ਪਾਸ ਆਈ ਤਾਂ ਸਿੰਘਾਂ ਨੇ ਓਸ
ਦਾ ਕੱਖ ਜਿੰਨਾਂ ਬੀ ਮਾਣ ਨ ਕੀਤਾ ਕੇਵਲ ਸਰਕਾਰ ਅੰਗ੍ਰੇਜ਼ੀ ਦੇ ਅੱਗੇ ਹੀ ਵਿਕੇ ਰਹੇ (ਦੇ
ਖੋ ਓਸ ਚਿਠੀ ਦੇ ਜਵਾਬ ਦਾ ਨੋਟ[1] ਜੋ ਹੇਠਾਂ ਲਿਖਾ ਹੈ। ——) ।ਬਾਕੀ ਜੋ ਜੋ ਸਰਕਾਰ ਅੰਗ੍ਰੇਜ਼ੀ

।[1] ।ਚਿੱਠੀ ਦਾ ਨੋਟ ਜੋ ੩੦ ਅਕਤੂਬਰ ਈ: ਸ: ੧੮੮੬ ਕੋ ਸਿੰਘਾਂ ਵੱਲੋਂ ਮਹਾਂਰਾਜੇ ਦਲੀਪ ਸਿੰਘ ਨੂੰ ਜ
ਵਾਬ ਇਖਬਾਰ ਸਿਵਿਲ ਮਿਲਿਟਰੀ ਗਜ਼ਟ ਵਿਚ ਛਪੀ ਸੀ। —— ।ਅਸੀਂ ਸਾਰਾ ਖਾਲਸਾ ਪੰਥ ਤੇ

Digitized by Panjab Digital Library | www.panjabdigilib.org

੫੧੯ ਦੇ ਟਹਿਲੇ ਮੋਨੇ ਤੋਲੇਂ ਕਰਕੇ ਸਜਾਏ ਹਨ ਤੇ ਆਰਥਿਕ ਵਰਦਾਨ ਕ੍ਰਿਪਾਲੂ ਮਾਤਾ ਮਹਾਰਾਣੀ ਕੈ
ਸਰਾਹਿੰਦ ਵਿਕਟੋਰੀਆ ਨੇ ਸਿੰਘਾਂ ਨੂੰ ਇੱਜਤਾਂ ਪਦਵੀਆਂ ਬਖਸੀਆਂ ਹਨ ਓਹ ਸਭ ਪੰਜਵੇਂ
ਹਿੱਸੇ ਵਿੱਚ ਲਿਖਾਂਗੇ। ਕਿਓਂਕੇ ਪੰਜਾਬ ਲੈਣ ਤੋਂ ਪਿੱਛੋਂ ਜੋ ਜੋ ਤਵਾਰੀਖੀ ਬ੍ਰਿਤਾਂਤ ਸਰਕਾਰ ਦੇ

ਗੁਜਰਾਂ ਵਾਲੇ ਦੇ ਨਿਵਾਸੀ ਜਿਨਾਂ ਨਾਲ ਤੂੰ ਅਪਣੀ ਜਨਮ ਭੂਮੀ ਦਾ ਸਬੰਧ ਸਮਝਦਾ ਹੈਂ ਤੇਰੀ ਓਸ ਚਿੱਠੀ ਦਾ ਜਵਾਬ ਦਿੰਦੇ ਹਾਂ ਜੇੜ੍ਹੀ ੨੦ ਜੂਨ ਸੰ: ੧੮੮੬ ਈ: ਕੋ ਅਖਬਾਰਾਂ ਵਿੱਚ ਛਪ ਕੇ ਅਦਵ ਮੰਗਦੀ ਹੋਈ ਸਾਡੇ ਪਾਸ ਆਈ ਸੀ। —— ''ਪਹਿਲੇ ਤਾਂ ਅੰਗ੍ਰੇਜੀ ਬਾਦਸਾਹੀ ਦਾ ਤੇਰੇ ਬਾਪ ਦੀ ਬਾਦਸਾਹੀ ਨਾਲ ਜਦ ਅਸੀਂ ਮੁਕਾਬਲਾ ਕਰਕੇ ਸਾਫ ਇਨਸਾਫ ਦੀ ਨਿਗਾਹ ਨਾਲ ਵੇਖਦੇ ਹਾਂ, ਤਾਂ ਤੇਰੀ ਚਿੱਠੀ ਸਾਨੂੰ ਪਿਆਰੀ ਨਹੀ ਲੱਗਦੀ, ਤਾਂ ਹੀ ਅਸੀਂ ਏਸ ਦੀ ਕਦਰ ਨਹੀ ਕਰਦੇ। ਤੇਰੀ ਚਿੱਠੀ ਤੋਂ ਸਹੀ ਹੁੰਦਾ ਹੈ ਕੇ ਤੂੰ ਸਰਕਾਰ ਅੰਗ੍ਰੇਜੀ ਨਾਲ ਅਪਣੀ ਬੇਅਕਲੀ ਕਰਕੇ ਗੁੱਸੇ ਹੈਂ। ਤੇਰਾ ਏਹ ਗੁੱਸਾ ਖਾਲਸੇ ਨੂੰ ਜੋਸ਼ ਨਹੀ ਚੜ੍ਹਾ ਸਕਦਾ। ਕਿਉਂਕੇ ਅਸੀਂ ਸਰਕਾਰ ਅੰਗ੍ਰੇਜੀ ਦੇ ਸੱਚੇ ਦੋਸਤ ਹਾਂ। ਸਾਨੂੰ ਏਸ ਦੀ ਮਿਹਰਬਾਨੀ ਤੇ ਇਨਸਾਫ ਉਤੇ ਭਰੀ ਭਰੋਸਾ ਹੈ। ਏਹ ਗੱਲ ਅਸੀਂ ਸੱਚੀ ਆਖਦੇ ਹਾਂ, ਕੁਝ ਵਡਿਆਈ ਤੇ ਖੁਸਾਮਦ ਨਹੀ ਕਰਦੇ। ਤੁਸੀਂ ਆਪਹੀ ਮੁਨਾਸਬੀ ਨਾਲ ਦੇਖੋ ਤੁਮਾਰੇ ਰਾਜ ਵਿੱਚ ਪਰਜਾ ਕੇਹੀ ਸੁਖੀ ਸੀ ਜੇ ਦੋ ਹਰ ਏਕ ਪਿੰਡ ਵਿੱਚ ਤਲਵਾਰ ਦੀ ਧਾਰ ਲਹੂ ਨਾਲ ਤਰੀ ਰਹਿੰਦੀ ਤੇ ਧਾੜਵੀ ਦਿਨ ਧਾੜੇ ਲੁਟਦੇ ਰਹਿੰਦੇ ਸੇ। ਬਿੱਦਿਆ ਦੀ ਐਥੋਂ ਤਕ ਉੱਨਤੀ ਸੀ ਕੇ ਬਿਦਿਆ ਦਾ ਨਾਮ ਲੈਣ ਵਾਲੇ ਨੂੰ ਬੀ ਸਿੰਘ ਗੁਨਾਹੀ ਸਮਝਦੇ ਸੇ। ਔਰ ਮਜਹਬੀ ਪੱਖਪਾਤ ਤੇ ਹੰਕਾਰ ਦੀ ਅੰਧੇਰੀ ਦਾ ਘੱਟਾ ਅੱਖੀਆਂ ਅੱਗੋਂ ਕਦੇ ਬੀ ਘੱਟ ਨਹੀ ਹੁੰਦਾ ਸੀ। ਓਸੇ ਲੁੱਟ ਮਾਰ ਦਾ ਨਾਮ ਸਿੰਘਾਂ ਸਾਹੀ ਤੇ ਬੁਰਛੇਗਰਦੀ ਅੱਜ ਤਕ ਬੋਲੀ ਜਾਂਦੀ ਹੈ। ਕਿਉਂਕੇ ਬਾਦਸਾਹ ਪਰਜਾ ਦੀ ਘਰ ਬੱਬਰੀ ਜੋਰ ਨਾਲ ਲੁੱਟ ਲੈਂਦੇ ਤੇ ਸਿਪਾਹੀ ਖੜ੍ਹੇ ਤੇ ਖੇਤਾਂ ਨੂੰ ਖਸੋਟ ਲੈਂਦੇ ਸੇ। ਕਿਰਸਾਣਾਂ ਦੀ ਕੋਈ ਕੁਝ ਨਾ ਸੁਣਦਾ। ਜੇ ਕੋਈ ਅੱਗੋਂ ਆਕੜਦਾ ਤਾਂ ਦੇ ਫੜੇ ਹੋ ਜਾਂਦਾ। ਗਰੀਬ ਲੋਗ ਸਭ ਬਿਗਾਰ ਵਿਚ ਫੜੇ ਰਹਿੰਦੇ ਓਨਾਂ ਨੂੰ ਮਜਦੂਰੀ ਦੇਣੀ ਤਾਂ ਕਿਤੇ ਰਹੀ, ਰੋਟੀ ਬੀ ਨਹੀ ਦਿੰਦੇ ਸੇ। ਜੇ ਓਹ ਮੰਗਦੇ ਤਾਂ ਜੁੱਤੀਆਂ ਦੀ ਮਾਰ ਪੈਂਦੀ। — ''ਚੋਰ ਧਾੜਵੀ ਥੋੜ੍ਹੇ ੨ ਕਸੂਰ ਬਦਲੇ ਕਤਲ ਕੀਤੇ ਜਾਂਦੇ ਯਾ ਓਨਾਂ ਦੀਆਂ ਟੰਗਾਂ ਬਾਹਾਂ ਕੱਟੀਆਂ ਜਾਂਦੀਆਂ। —— ''ਇਸਤ੍ਰੀਆਂ ਦੇ ਸਤ ਜੋਰ ਨਾਲ ਤੋੜੇ ਜਾਂਦੇ ਸੇ। ਔਰਤਾਂ ਕਈ ਕਈ ਬਜਾਹ ਕੇ ਯਾ ਮੱਲੋ ਮੱਲੀ ਅੰਦਰ ਪਾ ਕੇ ਕੈਦ ਰੱਖੀਆਂ ਜਾਂਦੀਆਂ, ਮੁਸਾਫਰ ਤੇ ਬਾਜਾਰ ਦਿਹੁੰਦੀ ਦੀ ਪਏ ਲੁੱਟੀਦੇ। ਇੱਕ ਪਿਆਦਾ ਬੀ ਬਡੇ ਸਰਦਾਰ ਦੀ ਇੱਜਤ ਲਾਹ ਸਿੱਟਦਾ। ਨਿਆਂ ਉਤਾਂ ਖੰਭ ਲਾ ਕੇ ਉਡ ਗਿਆ ਸੀ, ਜਿਕੂੰ ਮੁਸਲਮਾਨਾਂ ਦੇ ਸਮੇ ਦੀ ਕਹਾਵਤ ਸੀ। (ਸੁਣੋ ਭਾਈ ਗੱਲ ਰਾਹ ਦੀ। ਖਾਧੀ ਜਾਇ ਸੋ ਖਾਓ ਬਾਕੀ ਅਹਿਮਦਸਾਹ ਦੀ।) ''ਏਹੋ ਦਸਾ ਤੁਸਾਡੀ ਬਾਦਸਾਹੀ ਵਿੱਚ ਬਰਤ ਰ

Digitized by Panjab Digital Library | www.panjabdigilib.org

ਤੇ ਸਿਖਾਂ ਦੇ ਵਿਚਕਾਰ ਅਜ ਤਕ ਬਰਤੇ ਹਨ ਜੋ ਏਸ ਪੋਥੀ ਦੇ ਅੰਤ ਵਿੱਚ ਹੀ ਲਿਖਣੇ ਜਰੂ ੫੧੯
ਰੀ ਸਮਝੇ ਗਏ ਹਨ॥—— ॥ਬੱਸ ਹੁਣ ਜੇੜ੍ਹੀ ਮਾਯਾ ਤੇ ਬਾਦਸਾਹੀ ਮਹਾਂਰਾਜੇ ਰ
ਣਜੀਤ ਸਿੰਘ ਨੇ ਬੜੀ ੨ ਮਿਹਨਤ ਤੇ ਸੂਰਬੀਰਤਾ ਨਾਲ਼ ਬੇਅੰਤ ਆਦਮੀਆਂ ਦੇ ਸਿਰ ਕ
ਹੀ ਸੀ॥ (ਜਿਸ ਦੀ ਲਾਠੀ ਉਸ ਦੀ ਮੈਂਸ॥) ॥ਫੇਰ ਤੁਸਾਡੀ ਬਾਦਸਾਹੀ ਦਾ ਲਾਭ ਖੁਸਾਮਦੀ ਲੋਗਾਂ ਨੂੰ
ਹੋਯਾ॥ ਉਨਾਂ ਨੂੰ ਹੀ ਬਡੇ ੨ ਉਹਦੇ ਤੇ ਜੰਗੀਰਾਂ ਮਿਲੀਆਂ ਦੇਖੋ ਜਮਾਂਦਾਰ ਖੁਸਾਲ ਸਿੰਘ, ਰਾਜਾ ਤੇਜਾ
ਸਿੰਘ ਮਿਸ੍ਰ ਬੇਲੀਰਾਮ, ਰਾਜਾ ਲਾਲ ਸਿੰਘ ਮਿਸ੍ਰ ਦੀਵਾਨ ਚੰਦ ਰਾਜਾ ਦੀਨਾ ਨਾਥ ਪੰਡਿਤ ਜੱਲਾ ਇੱਤਆ
ਦਿਕ ਬ੍ਰਾਹਮਣ ਔਰ ਰਾਜਾ ਗੁਲਾਬ ਸਿੰਘ ਰਾਜਾ ਧਿਆਨ ਸਿੰਘ ਰਾਜਾ ਸੁਚੇਤ ਸਿੰਘ ਰਾਜਾ ਹੀਰਾ ਸਿੰਘ
ਰਾਇ ਕੇਸਰੀ ਸਿੰਘ ਆਦਿਕ ਡੋਗਰੇ, ਔਰ ਦੀਵਾਨ ਸਾਉਣ ਮੱਲ ਦੀਵਾਨ ਮੁਹਕਮ ਚੰਦ ਦੀਵਾਨ ਮੋਤੀ ਰਾਮ
ਦੀਵਾਨ ਕ੍ਰਿਪਾ ਰਾਮ ਦੀਵਾਨ ਭਵਾਨੀ ਦਾਸ ਭਗਤ ਰਾਮ ਆਦਿਕ ਮੋਨੇ ਖੱਤ੍ਰੀ ਹੋਰ ਸੇਖ ਇਮਾਮੁੱਦੀਨ ਫਕੀ
ਰ ਅਜੀਜੁੱਦੀਨ ਫਕੀਰ ਨੂਰੁੱਦੀਨ ਗੌਂਲੂ ਮਾਸਕੀ ਤੇ ਮਾਹਿਰ ਧਸੀਟੇ ਜੇਹੇ ਮੁਸਲਮਾਨ ਏਹ ਤਾਂ ਸਭ
ਮੁਲਕਾਂ ਦੇ ਮਾਲਕ ਬਣਾ ਰੱਖੇ ਸੇ ਤੇ ਸਿੰ ॥ਵਿਚਾਰੇ ਜਿਨਾਂ ਨੇ ਅਪਣਾ ਲਹੂ ਬਹਾ ਕੇ ਬੇਅੰਤ ਸਿਰ ਕਟਾ
ਕੇ ਰਾਤ ਦਿਨੇ ਬੰਦੂਕ ਚਲਾ ਕੇ ਬਾਦਸਾਹੀ ਬਣਾਈ, ਉਨਾਂ ਨੂੰ ਨਾ ਜੰਗੀਰ ਤੇ ਨਾਂ ਬਡਾ ਹੁੰਦਾ, ਕੋਰੇ ਘੜੇ ਦੇ
ਚੂਹੇ ਵਾਂਗੂ ਖਾਲੀ ਦੇ ਖਾਲੀ ਰੱਖੇ ਗਏ॥ ਏਹ ਇਨਸਾਫ਼ ਤੇਰੇ ਬਾਪ ਦਾ ਸੀ॥ ਨਹੀਂ ਮਾਲੂਮ ਸਾਡੀ ਕਿਉਂ ਕਦ੍ਰ
ਨਾ ਕੀਤੀ ਗਈ ਤੇ ਕਿਉਂ ਕਰਕੇ ਸਾਨੂੰ ਬੇ ਇਲਮ ਤੇ ਗਰੀਬ ਖਾਲੀ ਮਰਨ ਮਾਰਨ ਨੂੰ ਹੀ ਰੱਖਿਆ ਗਿਆ
ਸੀ॥ ਏਸ ਕਰਕੇ ਸਾਡਾ ਅਫਸੋਸ ਹੈ ਤੁਸਾਡੀ ਬਾਦਸਾਹੀ ਉੱਤੇ॥ ਦੇਖੋ ਸਾਡਾ ਇੱਕੋ ਬਹਾਦੁਰ ਹਰੀ ਸਿੰ
ਘ ਨਲੂਆ ਜਿਸ ਨੇ ਅਨੇਕ ਜੰਗ ਜਿੱਤ ਕੇ ਤੁਸਾਡੀ ਬਾਦਸਾਹੀ ਕਾਇਮ ਕਰਾ ਦਿਖਾਈ ਸੀ ਤੇਰੇ ਬਾ
ਪ ਨੇ ਡੋਗਰਿਆਂ ਦੇ ਆਖੇ ਲੱਗ ਉਸੇ ਨੂੰ ਜਾਣ ਬੁੱਝ ਕਰ ਵੈਰੀਆਂ ਦੇ ਮੂਹ ਅੱਗੇ ਰੱਖ ਕੇ ਮਰਵਾ ਦਿਤਾ॥
ਮਰੇ ਤੋਂ ਫੇਰ ਉਸ ਦਾ ਮੁਲਕ ਤੇ ਖਜਾਨਾ ਜਬਤ ਕਰ ਲੀਤਾ, ਏਸੇ ਤਰਾਂ ਹੋਰ ਬੀ ਸੰਧਾਂਵਾਲੀਏ, ਅਟਾਰੀ
ਵਾਲੇ, ਮਜੀਠੀਏ, ਮਾਨ, ਆਦਿਕ ਜੇੜ੍ਹੇ ੨ ਸੂਰਬੀਰ ਸਿੰਘ ਮੁਲਕ ਫਤੇ ਕਰਦੇ ਰਹੇ॥ ਉਨਾਂ ਵਿੱਚੋਂ ਤੇਰੇ
ਬਾਪ ਨੇ ਕਿਸੇ ਨੂੰ ਨਾ ਬਧਾਯਾ॥ ਸਗੋਂ ਸਿੰਘਾਂ ਦੇ ਪਹਿਲੇ ਮੁਲਕ ਜੇੜ੍ਹੇ ਤੇਰੇ ਦਾਦੇ ਜੋਰ ਮੱਲੇ ਹੋਏ ਸੇ ਤੇਰੇ
ਬਾਪ ਨੇ ਉਹ ਬੀ ਖੋਹ ਲੀਤੇ ਸਨ॥—— ॥ਤੂੰ ਬੀ ਉਸੇ ਦਾ ਪੁੱਤ੍ਰ ਹੈਂ॥ ਓਹੋ ਜੇਹੇ ਸਲੂਕ ਸਿੰਘਾਂ ਨਾਲ ਕਰੇਂਗਾ॥
ਅਸੀਂ ਸੱਚ ਆਖਦੇ ਹਾਂ ਤੁਸਾਡੀ ਬਾਦਸਾਹੀ ਵਿੱਚੋਂ ਹੋਰ ਹੋਰ ਹੀ ਲੋਗ ਰਾਜੇ ਬਣਦੇ ਰਹੇ॥ ਸਿੰਘਾਂ ਨੂੰ
ਕੱਖ ਬੀ ਨਾ ਲੱਭਾ॥ ਬਲਕੇ ਤੇਰੇ ਬਾਪ ਦੇ ਸਤਾਏ ਹੋਏ ਸਤਲੁਜੋਂ ਪਾਰ ਦੇ ਰਈਸਾਂ ਨੇ ਸਰਕਾਰ ਅੰਗ੍ਰੇ
ਜੀ ਦੀ ਸਰਣ ਲਈ ਤਾਂ ਆਰਾਮ ਪਾਯਾ॥ —— ॥ਫੇਰ ਤੂੰ ਦੇਖ ਮਹਾਂਰਾਜੇ ਰਣਜੀਤ ਸਿੰਘ ਦੇ
ਰਾਜ ਦੇ ਪਿਛੋਂ ਜੇੜ੍ਹੇ ਜੁਲਮ ਤੇ ਚੇਤ ਸਿੰਘ ਕੌਰ ਨੌਨਿਹਾਲ ਸਿੰਘ ਮਹਾਂਰਾਜ ਸੇਰ ਸਿੰਘ ਕੌਰ ਪ੍ਰਤਾਪ ਸਿੰਘ

Digitized by Panjab Digital Library | www.panjabdigilib.org

੫੨੦ ਟਵਾਕੇ ਕਸੂਊਠਕੇ ਪੈਦਾ ਕੀਤੀ ਸੀ,ਤੇ ਜਿਸ ਮਹਾਂਰਾਜੇ ਨੇ ਅਪਣੀ ਹਾਰ ਦਾ ਕਦੇ ਨਾਂਉ
ਬੀ ਨਹੀਂ ਸੁਣਿਆ ਸੀ, ਉਸ ਦੇ ਪਰਲੋਕ ਗਏ ਪਿੱਛੋਂ ਥੋੜ੍ਹੇ ਦਿਨਾਂ ਵਿੱਚ ਹੀ ਪੰਦਰ੍ਹਾ ਧੂਹਧੂ
ਦਦੇ ਬੱਦਲ੍ਹ ਹੋ ਗਈ। ਸਿੱਖਾਂ ਦੀ ਆਪਸ ਦੀ ਦੁਬਿਧਾ ਤੇ ਵੈਰ ਬਿਰੋਧ ਨੇ ਓਸ ਇੱਡੇ ਜੇ
ਸੀ ਵਿਭੋ ਤੇ ਠਕਰਾਈ ਦਾ ਨਾਮ ਨਿਸਾਨ ਬੀ ਨ ਛੱਡਿਆ। —— ।ਹੁਣ ਇੱਕ ਕੀਅਸ
ਨਰਸ: ੧੮੫੦ ਈ: ਕੋਮੋਤੀ ਮੰਦਰ ਵਿੱਚ ਬੈਠ ਕੇ ਮਹਾਂਰਾਜੇ ਦਲੀਪ ਸਿੰਘ ਦੀ ਸੰਪਦ
ਸੁਰੇਤ ਸਿੰਘ ਹੀਰਾ ਸਿੰਘ ਜੁਆਹਰ ਸਿੰਘ ਕੌਰ ਪਸੌਰਾ ਸਿੰਘ ਆਦਿਕ ਬਹਾਦਰਾਂ ਦੇ ਖੂੰਨ ਹੁੰਦੇ ਰਹੇ ਹਨ
ਕੀ ਓਹ ਤਵਾਰੀਖਾਂ ਵਿੱਚ ਨਹੀਂ ਝਲਕਦੇ। ਕਯਾ ਓਹ ਜੁਲਮ ਸਾਥੋਂ ਭੁੱਲ ਗਏ ਹਨ। ਓੜਕ ਜਿਨਾਂ ਤੋਗ
ਮਾਂ ਨੂੰ ਬਧਾ ਜਾਸੀ, ਓਹ ਗੁਲਾਬ ਸਿੰਘ ਜੇਹੇ ਪਹਿਲੇ ਖਜਾਂਨੇ ਲੁੱਟਕੇ ਜੰਮੂੰ ਲੈ ਗਏ। ਫੇਰ ਸਿੰਘਾਂ ਦੀ
ਬਾਦਸਾਹੀ ਪੁੱਟ ਕੇ ਅਪਣੀ ਬਣਾ ਬੈਠੇ। —— ।ਹੋਰ ਦੇਖ ਜੇੜ੍ਹੇ ਬ੍ਰਾਹਮਣਾਂ ਦੀ ਗੁੰਡੀ ਅਸਮਾਨ ਚੜ੍ਹਾਈ ਸੀ
ਓਨਾਂ ਹੀ ਬੇਈਮਾਨਾਂ ਨਿਮਕ ਹਰਾਮਾਂ ਨੇ ਸਿੰਘਾਂ ਨੂੰ ਧੋਖੇ ਦੇ ਦੇ ਪਹਿਲੇ ਦਗੇ ਨਾਲ ਜੰਗ ਵਿੱਚ ਮਰਵਾਯਾ ਫੇਰ
ਦਰਿਆ ਵਿੱਚ ਰੋੜ੍ਹਿਆ। ਅਸੀਂ ਤੁਸਾਡੀ ਓਸ ਬਾਦਸਾਹੀ ਨੂੰ ਕਿਕੂੰ ਚੰਗੀ ਮੰਨੀਏ। ਜਿਸ ਵਿੱਚੋਂ ਸਾਨੂੰ ਕੋਈ
ਬੀ ਸੁਖ ਨਹੀਂ ਲੱਭਾ। ਛੇਕੜ ਅਕਾਲ ਪੁਰਖ ਨੇ ਅਪਣੀ ਦੁਖੀ ਪ੍ਰਜਾ ਦੀ ਬੇਨਤੀ ਸੁਣੀ ਤਾਂ ਤੁਸਾਡੀ
ਹਕੂਮਤ ਖੋਕੇ ਅਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਸਰਕਾਰ ਅੰਗ੍ਰੇਜੀ ਜੋ ਅਤੀ ਦਿਆਲੂ ਤੇ ਨਿਆਇਕਾਰੀ ਪ੍ਰਜਾ
ਪਾਲਕ ਹੈ ਏਸ ਦੀ ਪਨਾਹ ਵਿੱਚ ਦੇਕੇ ਰੱਖਯਾ ਕਰ ਲੀਤੀ। ਹੁਣ ਅਸੀਂ ਅਤਯੰਤ ਸੁਖੀ ਹਾਂ ਕਿਉਂਕੇ ਹਾਕ
ਮ ਨਿਆਇਕਾਰੀ ਇਮਾਨਦਾਰ ਹਨ, ਰੇਲ, ਡਾਕ ਖਾਨੇ, ਤਾਰ, ਹਸਪਤਾਲ, ਸਕੂਲ, ਸੜਕਾਂ ਨਹਿਰਾਂ
ਆਦਿਕ ਹਰ ਪ੍ਰਕਾਰ ਦੇ ਸੁਖਦਾਈ ਬਿਹਾਰ ਪ੍ਰਜਾ ਨੂੰ ਪ੍ਰਾਪਤ ਹੋ ਰਹੇ ਹਨ। —— ।ਸਬ ਕੋਈ ਅਪਣੇ
ਮਜਹਬ ਧਰਮ ਦਾ ਪ੍ਰਚਾਰ ਤੇ ਰੁਜਗਾਰ ਖੁੱਲੇ ਦਿਲ ਧਿਆ ਕਰਦਾ ਹੈ। ਹੋਰਾਂ ਦਾ ਜਰਾ ਤੇ ਨਹੀਂ। ਧਾੜ੍ਹਵੀ
ਡਾਕੂ ਕੋਈ ਨਹੀਂ ਰਿਹਾ। ਜਿਥੇ ਜੀ ਚਾਹੇ ਸੁਇਨਾ ਉਛਾਲਦੇ ਚਲੇ ਜਾਂਦੇ ਹਾਂ। ਹੁਣ ਤੂੰ ਆਪੇ ਵੇਖ ਸਾਡੇ ਵਾ
ਸਤੇ ਤੁਸਾਡੀ ਬਾਦਸਾਹੀ ਚੰਗੀ ਸੀ ਕੇ ਅੰਗ੍ਰੇਜੀ ਚੰਗੀ ਹੈ। ਅਜੇਹੀ ਮਿਹਰਬਾਨ ਨਿਰਪੱਖ ਸੁਖਦਾਈ
ਸਰਕਾਰ ਦੇ ਵਿਰੁੱਧ ਹੋਣਾ ਕੇੜ੍ਹੀ ਅਕਲ ਦਾ ਕੰਮ ਹੈ? ।ਤੂੰ ਲਿਖਦਾ ਹੈਂ ਕੇ ਮੈਂ ਆਕੇ ਤੁਸਾਨੂੰ ਅੰਗ੍ਰੇਜੀ ਜੁਲ
ਮਾਂ ਤੋਂ ਬਚਾਵਾਂਗਾ ਤੇ ਗਊ ਬਧ ਹਟਾਵਾਂਗਾ ਫੇਰ ਤੂੰ ਲਿਖਦਾ ਹੈ ਕੇ ਹਰ ਏਕ ਆਦਮੀ ਇੱਕ ਆਨਾ ਮਹੀਨਾ
ਚੰਦਾ ਕਰਕੇ ਮੈਨੂੰ ਸਹਾਇਤਾ ਦੇਵੇ। ਇਹ ਗੱਲ ਬੀ ਤੇਰੀ ਸਾਨੂੰ ਨਹੀਂ ਭਾਉਂਦੀ ਔਰ ਨਾ ਅਸੀਂ ਮੰਨਦੇ ਹਾਂ ਕ
ਯੋਂਕੇ ਜੇੜ੍ਹੇ ਸੁਖ ਅਸੀਂ ਤੇਰੇ ਬਡਿਆਂ ਦੇ ਰਾਜ ਵਿੱਚ ਪਾਏ ਹਨ ਓਹੋ ਜੇਹੇ ਤੇਥੋਂ ਹਾਸਲ ਹੋਣਗੇ। ਸੱਚ ਪੁੱ
ਛੇਂ ਤਾਂ ਜਦ ਕੀੜੀ ਦੀ ਮੌਤ ਆਉਂਦੀ ਹੈ ਤਾਂ ਉਸ ਨੂੰ ਖੰਭ ਲੱਗ ਜਾਂਦੇ ਹਨ। ਤੇ ਉੜ ਖੜ੍ਹੇਂਦੀ ਹੈ ਓਹੋ ਗੱਲ ਤੈਂ ਕੀਤੀ।
ਤੂੰ ਚੰਗੀ ਤਰਾਂ ਜਾਣਦਾ ਹੈਂ ਕੇ ਜਿਨਾਂ ਸੰਧਾਂਵਾਲੀਆਂ ਨੇ ਤੁਸਾਡੀ ਬਾਦਸਾਹੀ ਖੋਈ ਸੀ ਓਨਾਂ ਵਿੱਚੋਂ ਹੀ ਇੱਕ ਅ

Digitized by Panjab Digital Library | www.panjabdigilib.org

ਟਿਕਣਲੱਗਾ।ਪਹਿਲੇਸੁਇਨੇਦੇਜੜਾਊਭੂਖਨਵੇਚੇ,ਜਿਨਾਂਨੂੰਦੇਖਕਰਜੌਹਰੀਲੋਗਅਰ ੫੨੧
ਰਜਹੁੰਦੇਸੇ।ਫਿਰਸੁਇਨੇਚਾਂਦੀਦੇਬਰਤਨਰਾਣੀਆਂਤੇਗੋਲੀਆਂਦੇਗਹਿਣੇਅਤੇ
ਕੀਮਤੀਕੱਪੜੇਵਿਕੇ।ਜੋਅੰਮ੍ਰਿਤਸਰਲਾਹੌਰਦੇਬਾਪਾਰੀਆਂਨੇਤਾਂਨਾਂਲੀਤੇ।ਕਿਉਂਕਿਉਨਾਂ
ਨੂੰਦੇਖਕੇਰੋਣਛੁੱਟਪੈਂਦਾਸੀ।ਦਿੱਲੀ,ਲਖਨਊ,ਕਲਕੱਤੇ,ਬਨਾਰਸਵਾਲੇਲੈਗਏ।
ਫਿਰਜੜਾਊਸਸਤ੍ਰਘੋੜੇਹਾਥੀਆਂਦੇਅਸਬਾਬਹਿੰਦੁਸਤਾਨੀਰਾਜਿਆਂਦੇਵਪਾਰੀਆਂ
ਨੇਖਰੀਦੇ।ਚਾਂਦੀਦਾਬੰਗਲਾਜਿਸਵਿੱਚਬੈਠਕੇਮਹਾਂਰਾਜਦੁਸਹਿਰੇਨੂੰਨਜਰਾਂਲੈਂਦੇ
ਤੇਸਰਦਾਰਾਂਨੂੰਸਿਰੋਪਾਬਖਸ਼ਿਆਕਰਦੇ,ਜਦਓਹਵਿਕਿਆਤਾਂਸਾਰੀਖਲਕਤਭੁੱਬਾਂ
ਮਾਰਮਾਰਕੇਰੋਈ।ਜਾਣੋਂਐਸੇਮਹਾਂਰਾਜਚੜ੍ਹੇਹਨ।ਓੜਕਹੀਰੇ,ਮੋਤੀ,ਤਾਂਮੜਾ,ਲਸਨੀ
ਆਂ,ਪੁਖਰਾਜ,ਨੀਲਮ,ਚੂਨੀਆਂ,ਪੰਨੇ,ਲਾਲ,ਸਬਜੇ,ਜਮੁੱਰਦਆਦਿਕਜੁਆਹਰਾਤ
ਦੇਵੱਖਰੇਵੱਖਰੇਢੇਰਲਾਏਗਏ।ਜਿਨਾਂਵਿੱਚੋਂਕੋਹਨੂਰਤੇਸਾਹਹੀਰਾਚੰਦ੍ਰਮਣੀਚੰਦ੍ਰਕਾਂ
ਤਾਆਦਿਕਨਾਮੀਨਾਮੀਬੜੇਬੜੇਹੀਰੇਜਿਨਾਂਦਾਮੁੱਲਬੀਜੌਹਰੀਆਂਨੇਕਈਕਈਲੱਖਕੱ
ਖਿਆਸੀ,ਓਹਸਭਵਲਾਇਤਮਹਾਰਾਣੀਵਿਕਟੋਰੀਆਪਾਸਭੇਜੇਗਏ।ਹੋਰਏਥੇ
ਵਿਕੇ।—।।ਏਸੇਤਰਾਂਸਾਹੀਸਾਮਾਨਵੇਚਕੇਕਰੋੜਾਂਰੁਪਏਖਜਾਨੇਵਿੱਚਜਮਾਂਕਰ
ਦਿੱਤੇ।—।।ਫੇਰਸਰਜਾਨਲਾਰੈਂਸਸਾਹਿਬਚੀਫਕਮਿਸ਼ਨਰਨੇਪੰਜਾਬਨੂੰ੧੯ਜਿਲਾਂ
ਵੰਡਕੇਜਿਲੇਬਣਾਕਰਬੰਦੋਬਸਤਮਾਲੀਮੁਲਕੀਜੈਸਾਚਾਹੀਦਾਸੀ,ਕੀਤਾ।ਜਿਸਦੇ
ਪ੍ਰਤਾਪਨਾਲਸਭਉਪੱਦ੍ਰਨਾਸਹੋਗਏ।ਪ੍ਰਜਾਅਮਨਚੈਨਨਾਲਬਸਦੀਹੋਈਸਰਕਾ

ਰਾਂਨੇਤੈਨੂੰਅਰਾਮਨਾਲਬੈਠਣਾਸਹਿਕਿਆਅਜੇਹੀਹਵਾਚੜ੍ਹਾਈਜਿਸਦਾਫਲਤੂੰਦਰਬਦਰਖਰ
ਬਹੁੰਦਾਫਿਰਦਾਹੈਂ।ਏਹਜੇੜ੍ਹਾਤੂੰਸਰਕਾਰਅੰਗ੍ਰੇਜੀਤੋਂਬਾਗੀਹੋਜਾਂਦਾਹੈਂਅਕਲਦੀਗੱਲਨਹੀਂਕੀਤੀ
ਸਾਡੇਵਿੱਚੋਂਜੇੜ੍ਹਾਥੋੜ੍ਹੀਅਕਲਬੀਰੱਖਦਾਹੈ,ਓਬੀਤੇਰੀਸਹਾਇਤਾਦਾਨਾਮਨਹੀਂਲਏਗਾ।ਤੂੰਸਾਥੋਂਕੋਈਉ
ਮੇਦਨਾਰੱਖ,ਦੇਸੀਰਾਜਾਬੀਕੋਈਤੇਰੀਚਿਠੀਨਹੀਂਮੰਨਦਾ।ਤਾਂਤੇਅਸੀਂਤੈਨੂੰਸੱਚੇਦਿਲਨਾਲਤੇਰੇਦਰਦੀ
ਹੋਕੇਆਖਦੇਹਾਂ।ਤਵਾਰੀਖਖਾਲਸਾਖੁੱਲੀਹੈ,ਤੂੰਅਪਣੀਬਾਦਸਾਹੀਤੇਅੰਗ੍ਰੇਜੀਬਾਦਸਾਹੀਦੋਵੇਂ
ਸਗੁਣਦੇਖਕੇਚੰਗੀਤਰਾਂਨਿਰਣੇਕਰਸਕਦਾਹੈਂ।ਸੋਨਿਰਣੇਕਰਕੇਤੇਬੁਰੇਖਿਆਲਛੱਡਕਰਸਾਡਾ
ਆਖਿਆਮੰਨ।ਨਾਲਿਤਨਾਂਨੂੰਮੁੜਜਾਹ,ਤੇਮਾਫੀਮੰਗਲੈ।ਹਾਸਾਨੂੰਪੱਕੀਉੱਮੇਦਹੈਕਿਸਰਕਾਰਅੰਗ੍ਰੇਜੀਤੇ
ਰੇਗੁਨਾਹਜਰੂਰਮਾਫਕਰਦੇਵੇਗੀ।—ਔਰਖਰਚਬਸਕਰਲਗੀ।ਜੇਤੂੰਏਹਸਾਡੀਮੱਤਲੈਲਈਤਾਂਤੂੰ
ਸੁਖਪਾਏਂਗਾਤੇਅਸੀਂਬੀਖੁਸੀਮਨਾਵਾਂਗੇ,ਜੇਨਹੀਂਮੰਨੇਗਾਤਾਂਤੂੰਜਾਣਾ।ਪਰਸਾਡੀਵੱਲਫੇਰਕਰਦੇਆ

Digitized by Panjab Digital Library | www.panjabdigilib.org

੫੨੩ ਤੇ ਅੰਗ੍ਰੇਜ਼ੀ ਦੇ ਜੈ ਜੈਕਾਰੇ ਮਨਾਉਂਦੀ ਤੇ ਅਸੀਸਾਂ ਦੇ ਰਹੀ ਹੈ।——

ਮਹਾਰਾਜੇ ਦਲੀਪ ਸਿੰਘਦਾ ਹਾਲ।

ਹੁਣ ਥੋੜਾ ਜੇਹਾ ਹਵਾਲ ਮਹਾਰਾਜੇ ਦਲੀਪ ਸਿੰਘ ਦਾ ਸੁਣੋ। ਜਦ ਸੈਕ ਆਦਮੀਨ
ਲ ਮਹਾਰਾਜ ਨੂੰ ਲਾਹੌਰੋਂ ਤੋਰ ਕੇ ਫਰੁਖਾਬਾਦ ਜਾ ਰੱਖਿਆ, ਉਨਾਂ ਦੇ ਪੜ੍ਹਾਉਣ ਤੇ ਇੰਤਜਾਮ ਰੱ
ਖਣ ਲਈ ਡਾਕਟਰ ਲੋਗਨ ਸਾਹਿਬ ਕਾਇਮ ਹੋਏ। ਉਸ ਨੇ ਧੀਰੇ ੨ ਪੰਜਾਬੀ ਆਦਮੀ
ਹਟਾ ਕੇ ਮਹਾਰਾਜੇ ਪਾਸ ਹਿੰਦੁਸਤਾਨੀ ਰਖ ਦਿੱਤੇ। ਕੋਈ ਪੰਜ ਸੱਤ ਹੀ ਸਿੰਘ ਰਹਾ ਛੀ
ਮਹੀਨੇ ਮਹਾਰਾਜ ਨੂੰ ਮਸੂਰੀ ਦੇ ਪਹਾੜ ਉਤੇ ਰੱਖ ਕੇ ਫੇਰ ਕਲਕੱਤੇ ਲੈ ਗਏ। ਉੜਕ ਈ
ਸਾਈ ਲੋਗਾਂ ਦੀ ਸੰਗਤ ਨੇ ਮਹਾਰਾਜੇ ਨੂੰ ਸ: ੧੮੫੩ ਈ: ਕੋ ਈਸਾਈ ਬਣਾ ਕਰ ਖਾਸ
ਵਲਾਇਤ ਲੰਡਨ ਵਿੱਚ ਪਹੁੰਚਾ ਦਿੱਤਾ। ਸ੍ਰੀ ਮਹਾਰਾਨੀ ਕੈਸਰਹਿੰਦ ਕੁਈਨ ਵਿਕਟੋਰੀਆ
ਨੇ ਉਸ ਦਾ ਬੜਾ ਆਦਰ ਸਤਕਾਰ ਕੀਤਾ। ਫੇਰ ਸ੍ਰੀ ਮਹਾਰਾਣੀ ਜਗਦੇਸ੍ਰੀ ਨੇ ਫਰਜੰ
ਦ ਦਿਲਬੰਦ ਦੀ ਪਦਵੀ ਬਖਸ਼ ਕੇ ਉਸ ਨੂੰ ਸ਼ਾਹੀ ਦਰਬਾਰ ਵਿੱਚ ਤੇ ਖਾਸ ਮਜਲਿਸ
ਵਿੱਚ ਜਿੱਥੇ ਬੜੇ ੨ ਅੰਗ੍ਰੇਜ਼ ਕੱਠੇ ਹੁੰਦੇ ਹਨ ਪੰਜਾਬੀ ਪੁਸ਼ਾਕ ਤੇ ਗਹਣੇ ਬਾਦਸ਼ਾਹੀ ਲ
ਬਾਸ ਪਹਿਨ ਕੇ ਆਉਣ ਦੀ ਆਗਿਆ ਦੇ ਦਿੱਤੀ।——

ਮਹਾਰਾਜੇ ਨੇ ਉਥੇ ਸਫਕ ਨਾਮੇ ਦੇਸ਼ ਵਿੱਚ ਇੱਕ ਬੜਾ ਸਾਰਾ ਇਲਾਕਾ ਖਰੀਦ ਕੇ ਉਥੇ
ਅਪਣਾ ਘਰ ਬਸਣ ਲਈ ਰਚ ਲੀਤਾ ਤੇ ਇੱਕ ਮਿਸਰ ਦੇਸ ਵਿੱਚੋਂ ਬੜੇ ਖਾਨਦਾਨ ਦੀ ਬੇ
ਟੀ ਮੇਮ ਬਿਆਹੀ, ਜਿਸ ਵਿੱਚੋਂ ਚਾਰ ਪੁੱਤ੍ਰ ਦੋ ਧੀਆਂ ਸੰਤਾਨ ਹੋਈ। ਤਦੋਂ ਨੂੰ ਏਧੋਂ ਮਹਾਰਾਜੇ
ਦੀ ਮਾਈ ਰਾਣੀ ਜਿੰਦਾਂ ਜੋ ਸ: ੧੮੫੫ ਈ: ਕੋ ਚੰਡਾਲਗੜ੍ਹ ਦੇ ਕਿਲੇ ਵਿੱਚੋਂ ਅਪਣੇ ਆ
ਤਬਰ ਜਮੀਤੇ ਦੀ ਮਾਰਫਤ ਨੱਠ ਕੇ ਨੈਪਾਲ ਚਲੀ ਗਈ ਸੀ। ਉਸ ਦਾ ਮਨ ਅਪਣੇ ਪੁੱਤ੍ਰ
ਪੋਤ੍ਰੇ ਦੇਖਣ ਨੂੰ ਹੋਯਾ ਤਾਂ ਉਹ ਬੀ ਸ: ੧੮੬੪ ਈ: ਕੋ ਮਹਾਰਾਜੇ ਪਾਸ ਜਾ ਰਹੀ। ਪਰ
ਉਥੇ ਬੀਮਾਰ ਹੋ ਕੇ ਮਰ ਗਈ। ਉਸ ਦੀ ਲੋਥ ਉਸ ਦੇ ਸੇਵਕ ਕਿਸਨ ਸਿੰਘ ਤੇ ਅੱਛਰ ਸਿੰ
ਘ ਨੇ ਬੜੇ ਝਗੜੇ ਨਾਲ ਵਿਲਾਇਤ ਵਿੱਚੋਂ ਲਿਆ ਕੇ ਨਾਸਕ ਸਹਿਰ ਪਾਸ ਗੋਦਾਵਰੀ
ਗੰਗਾ ਕਿਨਾਰੇ ਦਾਹ ਕੀਤੀ। ਉਸ ਦੀ ਸਮਾਧ ਉਥੇ ਹੈ।—— ।ਫੇਰ ਜਦ ਸ:
੧੮੮੭ ਈ: ਕੋ ਮਹਾਰਾਜੇ ਦਲੀਪ ਸਿੰਘ ਸ੍ਰੀ ਮਹਾਰਾਣੀ ਕੈਸਰਹਿੰਦ ਤੋਂ ਆਗਿਆ
ਲੈ ਕੇ ਹਿੰਦੁਸਤਾਨ ਵਿੱਚ ਬਸਣ ਲਈ ਆਉਣ ਲੱਗਾ, ਤਾਂ ਅਪਣਾ ਇਲਾਕਾ ਜਾਇਦਾ
ਦ ਜੋ ਮੁਹਰਾਂ ਖਰਚ ਕੇ ਬਣਾਈ ਸੀ, ਕੌਡੀਆਂ ਦੇ ਮੁੱਲ ਵੇਚ ਕੇ ਤੁਰ ਆਯਾ। ਇੱਕ ਤਾਂ ਓ
ਜੇਹੀ ਚਿੱਠੀ ਨ ਭੇਜੀਆਂ।——

Digitized by Panjab Digital Library | www.panjabdigilib.org

ਦੇ ਮਹਾਂਰਾਜੇ ਨੂੰ ਬੰਬਈ ਜਾਕੇ ਮਿਲਣ ਲਈ ਕਈ ਕ ਪੰਜਾਬੀ ਹੋਛੇ ਸਰਦਾਰਾਂ ਨੇ ਗਵਰਨ ੫੨੩
ਮਿੰਟ ਅੰਗ੍ਰੇਜ਼ੀ ਪਾਸ ਦਰਖਾਸਤਾਂ ਕਰ ਦਿੱਤੀਆਂ।—॥ਦੂਸਰੇ ਜੇੜ੍ਹੇ ਅਨੇਕ ਰਈਸ ਮ
ਸਦਾ ਪੰਜਾਬ ਵਿੱਚ ਆਉਣਾਂ ਨਹੀਂ ਚਾਹੁੰਦੇ ਸੇ ਉਨਾਂ ਨੇ ਲਾਰਡ ਡਫਰਨ ਸਾਹਿਬ ਬਹਾਦੁਰ
ਪਾਸ ਏਹ ਲਿਖ ਭੇਜਿਆ ਕੇ ਜੇਕਰ ਮਹਾਂਰਾਜਾ ਏਥੇ ਆ ਗਿਆ ਤਾਂ ਪੰਜਾਬ ਜਰੂਰ ਬਿਗੜ
ਜਾਊ। ਸੰ: ੧੯੧੪ ਬਿ: ਕੋ ਪੂਰਬੀਏ ਬਿਗੜੇ ਤਾਂ ਸਿੰਘਾਂ ਦੇ ਜੋਰ ਨਾਲ ਸਰਕਾਰ ਨੇ ਸਾਧ
ਲੀਤੇ। ਸਿੰਘ ਬਿਗੜੇ ਬਸ ਵਿਚ ਨਾ ਆਉਣਗੇ।—॥ਏਹ ਓਹੋ ਮਹਾਂ ਸੂਰਬੀਰ ਲੜਾ
ਕੀ ਬਹਾਦੁਰ ਕੌਮ ਹੈ ਜਿਸ ਨੇ ਦਿੱਲੀ ਤੇ ਕਾਬੁਲ ਦੇ ਬਾਦਸ਼ਾਹੀਆਂ ਗਰਕ ਕਰਕੇ ਅਪਣੀ
ਬਾਦਸ਼ਾਹੀ ਬਣਾ ਲਈ ਸੀ। ਏਹੋ ਜੇਹੇ ਤੇਤਕੜੇ ਸੁਣਕੇ ਲਾਟ ਸਾਹਿਬ ਨੇ ਏਹੋ ਗੱਲ ਠੀਕ
ਮੰਨਕੇ ਪੰਜਾਬੀ ਰਈਸਾਂ ਦੀ ਰਾਇ ਲੈਕਰ ਮਹਾਂਰਾਜੇ ਨੂੰ ਅਦਨ ਮੁਲਕ ਵਿੱਚ ਅਟਕਾ ਦਿੱਤਾ
ਉਥੇ ਗਰਮੀ ਖੁਸ਼ਕੀ ਬਹੁਤ ਹੈ ਤਾਂ ਕਰਕੇ ਪਾਰਲਾਮਿੰਟ ਦੀ ਮਨਜੂਰੀ ਆਉਣ ਤਕ ਮਹਾਂਰ
ਜਾ ਤੇ ਉਨਾਂ ਦੀ ਮਹਾਂਰਾਣੀ ਔਰ ਪੁੱਤ੍ਰ ਬੀਮਾਰ ਹੋ ਗਏ।—॥ਉਸੇ ਸਮੇ ਅੰਗ੍ਰੇਜ਼ੀ ਫੌਜ ਮਿਸ੍ਰ
ਦੀ ਜੋ ਮੁਲਕ ਅਬਾਸੀਨ ਨੂੰ ਫਤੇ ਕਰਕੇ ਉਥੇ ਆਈ ਤਾਂ ਮਹਾਂਰਾਜੇ ਨੇ ਅੰਮ੍ਰਿਤ ਛਕਕੇ ਸਿੰਘੀ
ਧਰਮ ਧਾਰ ਲੀਤਾ। ਏਸ ਗੱਲੋਂ ਬੀ ਲਾਟ ਸਾਹਿਬ ਨੂੰ ਅਧਿਕ ਸੰਕ ਹੋ ਗਿਆ। ਹੁਣ ਉਸੇ ਰੋ
ਜ ਵਿੱਚ ਮਹਾਂਰਾਜ ਤਾਂ ਸੱਠਕ ਹਜਾਰ ਰੁਪਯਾ ਕਿਸੇ ਜਿਹਾਜ ਵਾਲੇ ਨੂੰ ਦੇਕੇ ਸ਼ਾਹ ਰੂਸ ਵੱਲੀ
ਚਲੇ ਗਏ। ਜਿੱਥੇ ਇੱਕ ਬੜਾ ਆਦਮੀ ਸ਼ਾਹ ਰੂਸ ਦੇ ਅਖਬਾਰ ਦਾ ਮਾਲਕ ਤੇ ਉਥੋਂ ਦੇ ਦਰਬਾ
ਰ ਦਾ ਮੁਸਾਹਿਬ ਮਹਾਂਰਾਜੇ ਦਾ ਦੋਸਤ ਸੀ। ਉਸ ਨੇ ਇੱਕ ਵਾਰੀ ਤਾਂ ਸ਼ਾਹ ਰੂਸ ਦੇ ਸ਼ਾਹਜਾਦੇ ਨਾ
ਲ ਤੇ ਵਜੀਰ ਨਾਲ ਮੁਲਾਕਾਤ ਕਰਾਈ ਪਰ ਫੇਰ ਉਪਰਤਾਂ ਵਜੀਰ ਤੇ ਓਹ ਦੋਸਤ ਦੋਵੇਂ ਮਰ ਗ
ਏ। ਏਧਰ ਪਾਂਡੀਚਰੀ ਵਿੱਚ ਸਰਦਾਰ ਠਾਕੁਰ ਸਿੰਘ ਸੰਧਾਂਵਾਲੀ
ਆ ਮਹਾਂਰਾਜੇ ਦਾ ਸਹਾਇਕ ਗੁਜਰ ਗਿਆ ਸੱਚ ਹੈ (ਭ੍ਰਾਤੀ ਫਲਿਤੀ ਸਰਬਤ੍ਰ: ਨਚ ਬਿੱਦ
ਆ ਨਚ ਪੌਰਖੰ) ਜੇਕਰ ਦਲੀਪ ਸਿੰਘ ਦੇ ਭਾਗਾਂ ਵਿੱਚ ਬਾਦਸ਼ਾਹੀ ਕਰਨੀ ਹੁੰਦੀ ਤਾਂ ਉਹ ਪ
ਰਵੀ ਬਾਦਸ਼ਾਹੀ ਤੋਂ ਕਿਓਂ ਧੱਕਿਆ ਜਾਂਦਾ। ਹੁਣ ਉਪਰਤਾਂ ਮਹਾਂਰਾਜੇ ਦੇ ਤਿੰਨੇ ਸਹਾਇਕ ਮਰ ਗਏ
ਏਧਰ ਅਦਨ ਤੋਂ ਮੁੜਕੇ ਵਿਲਾਇਤ ਜਾਕਰ ਰਾਣੀ ਤੇ ਇੱਕ ਪੁੱਤ੍ਰ ਵਿਕਟਰ ਦਲੀਪ ਸਿੰਘ ਜੋ
ਬਹੁਤ ਲਾਇਕ ਸਮਝਕੇ ਫੌਜੀ ਜਰਨੈਲ ਕੀਤਾ ਗਿਆ ਸੀ ਸਿਧਾਰ ਗਏ।—॥ਕਈ ਬਰ
ਸ ਤਾਂ ਮਹਾਂਰਾਜੇ ਨੇ ਏਸੇ ਉਦਾਸੀ ਵਿੱਚ ਉਧੇ ਫਿਰਕੇ ਰੂਸ, ਫਰਾਂਸ, ਜਰਮਨ ਅਮਰੀਕਾ ਚੀਨ ਆ
ਦਿਕ ਵਿਲਾਇਤਾਂ ਵਿੱਚ ਸੈਲ ਕੀਤਾ। ਏਧਰ ਬੁਖਾਰੇ ਤਕ ਬੀ ਫਿਰਿਆ ਪਰ ਜਿਨਾਂ ਦਾ ਸਾਂਬ੍ਹ

Digitized by Panjab Digital Library | www.panjabdigilib.org

੫੨੪ ਰਸਾਂ ਨੇ ਮਦਦ ਦੇਣ ਦਾ ਵਾਇਦਾ ਕੀਤਾ ਸੀ ਜਦ ਓਹ ਬੀ ਅਪਣੇ ਬਚਨ ਨਾਂ ਪਾਲਦੇ ਦੇਖੇ ਤਾਂ ਮਹਾਂਰਾਜ ਉਨਾਂ ਤੋਂ ਨਿਰਾਸ ਤੇ ਉਦਾਸ ਹੋ ਤਦੋਂ ਨੂੰ ਇਕ ਚਿੱਠੀ ਜੋ ਪਿੱਛੇ ਨੋਟ ਵਿੱਚ ਦਰਜ ਹੈ ਚਲੀ ਗਈ। ਫੇਰ ਤਾਂ ਬਹੁਤ ਹੀ ਪ੍ਰੇਸ਼ਾਨੀ ਵਿੱਚ ਹੋ ਗਏ।—— ॥ਸ੍ਰੀ ਮਹਾਰਾਣੀ ਕੈਸਰ ਹਿੰਦ ਨੇ ਜੋ ਪ੍ਰਮ ਧਰਮ ਤੇ ਕ੍ਰਿਪਾ ਦੀ ਖਾਣ ਹਨ। ਓਹ ਪਰੇਸ਼ਾਨੀ ਮਹਾਂਰਾਜੇ ਦੀ ਸੁਣ ਕੇ ਬਹੁਤ ਤਰਸ ਖਾਧਾ ਤੇ ਉਨਾਂ ਨੂੰ ਸੁਨੇਹਾ ਭੇਜ ਦਿੱਤਾ ਕੇ ਤੂੰ ਮਾਫੀ ਮੰਗ ਲੈ। ਹਾਂ ਨਾਲੇ ਮਹਾਂਰਾਜੇ ਦਾ ਬਡਾ ਬੇਟਾ ਪ੍ਰਿੰਸ ਵਿਕਟਰ ਦਲੀਪ ਸਿੰਘ ਮਹਾਂਰਾਜੇ ਨੂੰ ਲੈਣ ਚਲਾ ਗਿਆ। ਉਸ ਦੇ ਸਮਝਾਏ ਬੁਝਾਏ ਮਹਾਂਰਾਜੇ ਨੇ ਪਾਰਲਮਿੰਟ ਸਰਕਾਰ ਅੰਗ੍ਰੇਜ਼ੀ ਤੇ ਅਪਣੀ ਭੁੱਲ ਦੀ ਮਾਫੀ ਮੰਗ ਲਈ। ਨਾਲੇ ਪਾਰਲੀਮਿੰਟ ਦੇ ਕਹੇ ਉਨਾਂ ਸਾਰੇ ਮੁਕੱਦਮਿਆਂ ਦਾ ਰਾਜੀਨਾਮਾ ਦੇ ਦਿੱਤਾ। ਜੇਹੜੇ ਉਸ ਨੇ ਅਪਨੀ ਜੱਦੀ ਜਾਇਦਾਦ ਪੰਜਾਬ ਵਿੱਚੋਂ ਲੈਣ ਵਾਸਤੇ ਦਾਵੇ ਦਾਇਰ ਕਰ ਰੱਖੇ ਸੇ। ਇਸ ਕਰਕੇ ਸ੍ਰੀ ਮਹਾਰਾਣੀ ਕੈਸਰ ਹਿੰਦ ਨੇ ਜੋ ਦਯਾ ਦੀ ਮੂਰਤ ਸਭ ਨੂੰ ਸੁਖੀ ਰੱਖਣਾ ਚਾਹੁੰਦੇ ਹਨ। ਮਹਾਂਰਾਜੇ ਦੀ ਭੁੱਲ ਮਾਫ ਕਰ ਕੇ ਉਨਾਂ ਨੂੰ ਫੇਰ ਲੰਡਨ ਵਿੱਚ ਰਹਿਣ ਦੀ ਆਗਯਾ ਦੇ ਦਿੱਤੀ।— ॥ਹੁਣ ਸੰ: ੧੯੫੧ ਬਿ: ਕੋ ਮਹਾਰਾਜੇ ਨੇ ਮੁੜ ਲੰਡਨ ਵਿੱਚ ਆ ਕਰ ਸਰਬ ਪ੍ਰਕਾਰ ਪਹਿਲੇ ਜੈਸੀ ਵਡਿਆਈ ਤੇ ਇੱਜ਼ਤ ਨਾਲ ਬਸ ਕੇ ੯ ਕੱਤਕ ਸੰ: ੧੯੫੦ ਬਿ: ਨੂੰ ਸੁਰਗ ਬਾਸ ਲੀਤਾ।——

ਮਹਾਂਰਾਜੇ ਦਾ ਪਰਲੋਕ ॥ਏਹ ਮਹਾਂਰਾਜ ਬਹੁਤ ਸੁੰਦਰ ਦਰਾਜ਼ ਕੱਦ ਨਿਮ੍ਰ ਸੁਭਾਵ ਧਰਮ ਸੂਰ ਭਗਤ ਸਾਰੀ ਉਮਰ ਪਰਾਧੀਨ ਰਹਿ ਕੇ ਜੀ. ਸੀ. ਐਸ. ਆਈ. ਦੀ ਪਦਵੀ ਪਾ ਕਰ ੫੫ ਬਰਸ ਕੁਛ ਮਹੀਨਾ ਉਮਰ ਭੋਗ ਕੇ ਗੁਜਰ ਗਿਆ।— ॥ਏਸ ਮਹਾਂਰਾਜੇ ਨੂੰ ਮੁਲਕਾਂ ਦੇ ਦੇਖਣ ਦਾ ਬਹੁਤ ਸ਼ੌਕ ਸੀ। ਤਾਂ ਹੀ ਸੈਲ ਨੂੰ ਗਿਆ ਹੋਯਾ ਫਰਾਂਸ ਮੁਲਕ ਦੇ ਪੈਰਸ ਨਾਮੇ ਸ਼ਹਿਰ ਦੀ ਸਰਾਂਇ ਵਿੱਚ ਸਿਰਸਾਮ ਦੀ ਬੀਮਾਰੀ ਵਿੱਚ ਮੁਬਤਲਾ ਹੋ ਕੇ ਪ੍ਰਲੋਕ ਨੂੰ ਚਲਾ ਗਿਆ। ਉਸ ਦੀ ਲੋਥ ਲੰਡਨ ਵਿੱਚ ਲਿਆ ਕੇ ਮਹਿਲ ਅਲਵੀਡਨ ਮੇਂ ਜਿੱਥੇ ਉਸ ਦੀ ਵਡੀ ਰਾਣੀ ਦੱਬੀ ਹੋਈ ਸੀ ਦੱਬੀ ਗਈ। ਤੇ ਏਹ ਗੱਲ ਪੱਥਰ ਪਰ ਉੱਕਰ ਕੇ ਕਬਰ ਉੱਤੇ ਲਾ ਦਿੱਤੀ ਗਈ।— (॥ਦਲੀਪ ਸਿੰਘ ਮਹਾਂਰਾਜ ਵਾਲੀ ਲਾਹੌਰ ਜੀ. ਸੀ. ਐਸ. ਆਈ. ਨੇ ੪ ਸਤੰਬਰ ਸੰ: ੧੮੩੮ ਈ: ਕੋ ਪੈਦਾ ਹੋ ਕੇ ੨੨ ਅਕਤੂਬਰ ਸੰ: ੧੮੯੩ - ਕੋ ਮ੍ਰਿਤੂ ਪਾਈ॥)

॥ਉਸ ਦੇ ਦੋ ਪੁੱਤ੍ਰ ਪ੍ਰਿੰਸ ਵਿਕਟਰ ਦਲੀਪ ਸਿੰਘ ਤੇ ਪ੍ਰਿੰਸ ਫ੍ਰੈਡਰਕ ਔਰ ਬੀਬਾ ਕੈਥਰਾਇਨ ਸੋਫੀ ਤਿੰਨ ਧੀਆਂ ਪਹਿਲੀ ਰਾਣੀ ਵਿੱਚੋਂ ਅਤੇ ਦੂਜੀ ਵਿੱਚੋਂ ਦੋ ਬਾਲਕ ਹਨ। ਏਹ ਸਭ ਲੰਡਨ ਵਿੱਚ ਬਸਦੇ ਹਨ।——

॥ਏਥੇ ਪਰ ਬਾਕੀ ਉਸ ਮਹਾਂਰਾਜੇ ਦੇ ਖਾਨਦਾਨ ਦਾ ਬ੍ਰਿਤਾਂਤ ਤੀਜੇ ਹਿੱਸੇ ਵਿੱਚ ਸਰਦਾਰਾਂ ਨਾਲ ਲਿਖਾਂਗੇ॥

Digitized by Panjab Digital Library | www.panjabdigilib.org

॥ਹੁਣ ਅਸੀ ਪਹਿਲੇ ਸ੍ਰੀ ਅਕਾਲ ਪੁਰਖ ਨੂੰ ਧੰਨਵਾਦ ਕਰਦੇ ਹਾਂ ਜਿਸਦੀ ਕ੍ਰਿਪਾ ਨਾਲ ਏਹ ਰਾਜ ੫੨੫
ਖਾਲਸਾ ਨਾਮ ਤੀਜਾ ਹਿੱਸਾ ੧੨ ਬਾਰਾਂ ਮਿਸਲਾਂ ਦਾ ਬ੍ਰਿਤੰਤ ਨਿਰਬਿਘਨ ਸੁਭ ਸਮਾਪਤ ਹੋਯਾ॥
ਦੂਸਰੇ ਸ੍ਰੀ ਮਹਾਰਾਣੀ ਲੰਡਨੇਸ੍ਵਰੀ ਪ੍ਰਜਾ ਪਾਲਕ ਕੁਈਨ ਵਿਕਟੋਰੀਆ ਕੈਸਰਹਿੰਦ ਤੇ ਬ੍ਰਿ
ਟਿਸ਼ ਗਵਰਮਿੰਟ ਸਰਕਾਰ ਅੰਗ੍ਰੇਜ਼ੀ ਦਾ ਬਾਰਬਾਰ ਧੰਨਵਾਦ ਕਰਦੇ ਹਾਂ ਜਿਸਦੀ ਛਤ੍ਰਛਾਯਾ ਹੇਠ
ਪ੍ਰਜਾ ਨੂੰ ਸੰਪੂਰਨ ਸੁਖ ਪ੍ਰਾਪਤ ਹੋ ਰਹੇ ਹਨ॥ ਅਕਾਲ ਪੁਰਖ ਐਸੀ ਨਿਆਇਕਾਰੀ ਸਰਕਾਰ
ਦਾ ਰਾਜ ਜੁਗੋ ਜੁਗ ਬਣਾਈ ਰੱਖੇ॥ ਫੇਰ ਏਸ ਪੁਸਤਕ ਦੇ ਪਾਠਕਾਂ ਦਾ ਮਨੋਂ ਤਨੋਂ ਧੰਨਵਾਦ
ਕਰਦੇ ਹਾਂ ਜੋ ਪ੍ਰੇਮ ਨਾਲ ਪੜ੍ਹਕੇ ਮੇਰੀ ਏਸ ਬੇਅੰਤ ਮਿਹਨਤ ਨੂੰ ਸਫਲੀ ਤੇ ਭੁੱਲ ਚੁੱਕ ਮਾਫ ਕਰ
ਨਗੇ॥ ਕਿਉਂਕੇ ਏਹ ਗੱਲ ਸਬ ਵਿੱਦਵਾਨ ਸਮਝਦੇ ਹਨ ਕੇ ਤਵਾਰੀਖ ਰਚਨੀ ਤੇ ਸੁੱਧ ਕਰਨੀ
ਅਤਿਅੰਤ ਕਠਨ ਹੈ॥ ਫੇਰ ਓਹੋ ਜੇਹੀ ਜਿਸਦਾ ਪਹਿਲੇ ਕੋਈ ਨਮੂਨਾ ਯਾ ਸਰਞਾ ਬਣਿਆ ਹੋਯਾ
ਨਾ ਹੋਵੇ॥ ਜੇ ਹੈ ਤਾਂ ਦੂਜੇ ਮਜਹਬਾਂ ਵਾਲਿਆਂ ਦੇ ਰਚੇ ਹੋਏ ਹਨ॥ ਜਿਨਾਂ ਨੂੰ ਸਿੱਖਾਂ ਦੇ ਅਸਲ ਰਵਾਜ
ਤੇ ਕਰਮ ਧਰਮ ਦੀ ਕੁਝ ਖਬਰ ਨਹੀਂ॥ ਸਗੋਂ ਉਲਟੇ ਵਿਰੁੱਧ ਤੇ ਝੂਠੇ ਬ੍ਰਿਤਾਂਤ ਲਿਖ ਰੱਖੇ ਹਨ॥
ਏਸ ਕਰਕੇ ਏਸ ਇਤਿਹਾਸ ਗੁਰੂ ਖਾਲਸੇ ਦੇ ਰਚਣ ਵਿੱਚ ਮੈਨੂੰ ਬਹੁਤ ਔਖਾਈ ਤੇ ਮਿਹਨਤ
ਝੱਲਣੀ ਪਈ॥— ॥ਹੁਣ ਮੈਂ ਸਬ ਸੱਜਨਾਂ ਅੱਗੇ ਇੱਕ ਏਹ ਬੇਨਤੀ ਹੋਰ ਕਰਦਾ ਹਾਂ ਜੇ ਕ੍ਰਕੋ
ਈ ਪ੍ਰਸੰਗ ਤੇ ਸਾਲ ਤਾਰੀਖ ਬਿਪਰਜੇ, ਯਾ ਖੰਡਤ ਲਿਖਾ ਗਿਆ ਹੋਵੇ, ਉਸਦੀ ਹਾਲਤਾਂ ਤੇ ਸੁੱ
ਧੀ ਲਿਖਕੇ ਏਸ ਖਾਲਸੇ ਦੇ ਦਾਸ ਗਿਆਨ ਸਿੰਘ ਗਿਆਨੀ ਪਾਸ ਭੇਜਦੇ ਰਹੋ॥ ਸੋ ਕਿਤਾਬ
ਦੇ ਅੰਤ ਮੈਂ ਸੁੱਧੀ ਪੱਤ੍ਰ ਵਿੱਚ ਲਿਖੀ ਜਾਊ॥—

॥ਦੋਹਰਾ॥ ਦਸ ਗੁਰ ਸ੍ਰੀ ਅਕਾਲ ਜੂ ਪੰਥ ਖਾਲਸੇ ਕੇਰ॥ ਕ੍ਰਿਪਾ ਸਹਾਇਤ ਤੇ ਭਯੋ ਪੂਰਨ
ਗ੍ਰੰਥ ਬਡੇਰ॥— ॥ਨੰਭ ਸੌਰ ਖੰਡ ਪ੍ਰਮੈਤਮਾ ਮੱਘ੍ਰ ਤ੍ਰਮ ਰਵਿਵਾਰ॥ ਪੂਰਨ ਪੁਰ ਪੂਰਨ ਕ
ਯੋ ਹਿੱਸਾ ਤ੍ਰਿਤੀ ਉਦਾਰ॥—

1894.

ਸੁਭੰ॥ ਸਮਾਪਤ

॥ਦਸਤਖਤ॥— ॥ਫ਼ਤੇ ਅਲੀ ਕਾਪੀ ਨਵੀਸ ਮੁਲਾਜ਼ਮ ਮਤਬੇ ਗੁਰੂ ਗੋਬਿੰਦ ਸਿੰ
ਘ ਪ੍ਰੇਸ ਬੇਰ ਬਾਬਾ ਨਾਨਕ ਸਾਹਿਬ ਸ਼ਹਿਰ ਸਿਆਲਕੋਟ॥ ॥ਫ਼ਰਵਰੀ ਸ: ੧੮੯੪ ਈ:

Digitized by Panjab Digital Library | www.panjabdigilib.org

੫੨੬

## ॥ ॥ ਆਮਦਨੀ ਮਹਾਂਰਾਜੇ ਰਣਜੀਤ ਸਿੰਘ ਬਹਾਦਰ ਦੇ ਮੁਲਕ ਦੀ। ॥

ਜੋ ਸ: ੧੮੪੪ ਈ: ਕੋ ਅੰਗ੍ਰੇਜ਼ੀ ਹਿਸਾਬ ਅਨੁਸਾਰ ਸਵਾ ਤ੍ਰੈ ਕਰੋੜ ਹੇਠਾਂ ਲਿਖੇ ਬਿਰਵੇ ਨਾਲ ਸੀ। ——

ਵੇਰਵਾ:——

੧੭੯੮੫੦੦੦) ਆਮਦਨੀ ਖਾਲਸਾ ਮਾਮੁਲਾ ਜਮੀਨ। ——

੫੬੫੦੦੦) ਖਿਰਾਜ ਅਰਥਾਤ ਕਰ ਜੋ ਰਾਜਿਆਂ ਨਵਾਬਾਂ ਤੋਂ ਲੀਤਾ ਜਾਂਦਾ।

੨੪੦੦੦੦੦) ਅਸੂਲ ਜਗਾਤ ਆਦਿਕ। ——

੨੦੦੦੦੦) ਜੈਗੀਰ ਧਰਮ ਅਰਥ। ——

੯੫੨੫੦੦੦) ਜੈਗੀਰਾਂ ਸਰਦਾਰਾਂ ਦੀਆਂ। ——

ਕੁੱਲ ਜੋੜ ੩੨੪੭੫੦੦੦)

## ਗਿਣਤੀ ਫ਼ੌਜ ਤੇ ਤੋਪਖਾਨੇ ਆਦਿਕ। ॥

੪੨੦੦੦ ਪੈਦਲ ਸਪਾਹੀ ਈਨਰੇ ਜੋ ੬੦ ਪਲਟਨਾਂ ਸਨ ਤੇ ਇੱਕ ਇੱਕ ਪਲਟਨ ਵਿੱਚ ਅੱਠ ਅੱਠ ਸੌ ਜੁਆਨ ਸੀ। ੫੦੦੦ ਰਾਮਗੋਲ ਅਕਾਲੀ। ੪੫੦੦੦ ਖੁੱਲੇ ਪੈਦਲ ਸਪਾਹੀ। ਕੁੱਲ ਪੈਦਲ ੯੨੦੦੦ ॥—— ॥ ੪੮੦੦ ਅਸਵਾਰ ਕੁਵਾਇਦ ਸਿੱਖੇ ਹੋਏ। ੧੨੦੦੦ ਖੁੱਲੇ ਘੋੜ ਚੜ੍ਹੇ ਸਨ। ੧੫੦੦੦ ਜੈਗੀਰਦਾਰਾਂ ਦੇ ਅਸਵਾਰ। ਕੁੱਲ ਅਸਵਾਰ ੩੧੮੦੦। ਕੁੱਲ ਪੈਦਲ ਤੇ ਅਸਵਾਰੀ ਫੌਜ ੧੨੩੮੦੦

## ਤੋਪਾਂ ਦੀ ਗਿਣਤੀ।

੪੨੮ ਹਲਕੀਆਂ ਤੋਪਾਂ ਮੈਦਾਨ ਜੰਗ ਵਿੱਚ ਜਾਣ ਵਾਲੀਆਂ। ੧੫੬ ਜਿਨਸੀ ਤੋਪਾਂ ਜੰਗਾਂ ਵਿੱਚ ਜਾਣ ਵਾਲੀਆਂ। ੧੭੮ ਕਿਲਿਆਂ ਵਿੱਚ ਰੱਖਤ ਰਹੀਆਂ। —— ਕੁੱਲ ਤੋਪਾਂ ੬੫੫ ਸਨ। ——

Digitized by Panjab Digital Library | www.panjabdigilib.org

# ॥ ਬੰਸਾਵਲੀ ਮਹਾਂਰਾਜੇ ਰਣਜੀਤ ਸਿੰਘ ਬਹਾਦੁਰ ਦੀ॥



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-8215

Digitized by Panjab Digital Library | www.panjabdigilib.org

Digitized by Panjab Digital Library | www.panjabdigilib.org